# ਕੂਕਾ ਲਹਿਰ ਦੇ ਅਮਰ ਨਾਇਕ

## ਭਾਗ - 3


ਲੇਖਕ

ਸੁਵਰਨ ਸਿੰਘ ਵਿਰਕ

ਕਰੀਵਾਲਾ (ਸਿਰਸਾ)



ਪ੍ਰਕਾਸ਼ਕ

ਨਾਮਧਾਰੀ ਸਿੱਖ ਸੰਗਤ

ਗੁਰਦੁਆਰਾ ਸ੍ਰੀ ਭੈਣੀ ਸਾਹਿਬ

## ਲੇਖਕ ਦੀਆਂ ਹੋਰ ਕਿਤਾਬਾਂ

1. ਕੂਕਾ ਲਹਿਰ ਦਾ ਪੰਜਾਬੀ ਸਾਹਿਤ, (2009 ਈ.)
2. ਪੱਛਮੀ ਪੰਜਾਬ ਵਿਚ ਕੁਝ ਦਿਨ, (2012 ਈ.)
3. ਅੱਖੀਂ ਡਿੱਠਾ ਕਿੱਸਾ ਕੀਤਾ (ਸੰਪਾਦਕ) (2013,2018 ਈ.)
4. ਕੂਕਾ ਲਹਿਰ ਦੇ ਅਮਰ ਨਾਇਕ ਭਾਗ - 1 (2017 ਈ.)
5. ਕੂਕਾ ਲਹਿਰ ਦੇ ਅਮਰ ਨਾਇਕ ਭਾਗ - 2 (2019 ਈ.)
6. ਵਿਸ਼ਵੇਂਦਰ - ਸੰਤ ਇੰਦਰ ਸਿੰਘ ਚੱਕਰਵਰਤੀ (ਮਹਾਂ ਕਾਵਿ) - ਸੰਪਾਦਕ (2023 ਈ.)

Biographical Writings/Kuka Movement/Punjab History/
Indian Freedom Movement

ISBN: 978-81-934627-8-2

Kuka Lehar De Amar Nayak Bhag- 3

Brief Life sketches

by

Suwaran Singh Virk
V.P.O. Kariwala
Distt. Sirsa (Haryana)
Ph. 99963-71716

All rights reserved
© Namdhari Sikh Sangat

.

# ਸਮਰਪਣ

ਨਾਮਧਾਰੀ ਜਗਤ ਦੀ ਕੌਮਾਂਤਰੀ ਪਹਿਚਾਨ ਸਥਾਪਿਤ ਕਰਨ ਵਾਲੇ,
ਵਿਕਾਸ ਪੁਰਖ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ
ਮਰਗ ਦਰਸ਼ਕ ਪਾਵਨ ਯਾਦ ਨੂੰ ।

# ਤਤਕਰਾ


‘ਕੂਕਾ ਕਾਰ’ ਦੇ ਮਰਮ ਦੀ ਲੋਅਵਾਨ ਪ੍ਰਾਪਤੀ ........ 1

ਆਪਣੇ ਨਾਇਕਾਂ ਦਾ ਸਿਮਰਨ ਕਰਦਿਆਂ ........ 26

1. ਕੂਕਾ ਲਹਿਰ ਦੇ ਪ੍ਰੇਰਣਾ ਸਰੋਤ- ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ........ 38
2. ਦਸਰਥ ਦੀ ਭਾਵੀ ਹੰਡਾਉਣ ਵਾਲਾ- ਬਾਬਾ ਜੱਸਾ ਸਿੰਘ ........ 65
3. ਗੁਰੂ ਜਨਨੀ ਮਾਤਾ ਸਦਾ ਕੌਰ ........ 80
4. ਨਾਮਧਾਰੀ ਸੰਤ ਖਾਲਸੇ ਦੀ ਮਾਤਾ- ਜਗਤ ਮਾਤਾ ਜੱਸਾਂ ਜੀ ........ 94
5. ਸਬਰ, ਸਿਦਕ ਤੇ ਸਿਰੜ ਦੀ ਮੂਰਤੀ ਬੀਬੀ ਨੰਦਾਂ ........ 111
6. ਜਗਤ ਮਾਤਾ ਫ਼ਤਹਿ ਕੌਰ ਜੀ ........ 134
7. ਨਾਮਧਾਰੀ ਪੰਥ ਦੇ ਰਾਜ ਜੋਗੀ ਸ੍ਰੀ ਮਹਾਰਾਜ ਜੰਗ ਸਿੰਘ ਜੀ ........ 152
8. ਸਤਿਗੁਰੂ ਰਾਮ ਸਿੰਘ ਜੀ ਦਾ ਨਾਨਕਾ ਪਰਿਵਾਰ ਅਤੇ ਮਾਈ ਭੋਲੀ ਲੁਧਿਆਣੇ ਵਾਲੀ ........ 168
9. ਆਪਣੇ ਜਿਹੇ ਆਪ ਮਾਤਾ ਭੁਪਿੰਦਰ ਕੌਰ ਜੀ ........ 192
10. ਸ੍ਰੀ ਮਹਾਰਾਜ ਬੀਰ ਸਿੰਘ ਜੀ ਜੀਵਨ ਅਤੇ ਰਚਨਾ ........ 208
11. ਭਾਈ ਆਤਮਾ ਸਿੰਘ ‘ਆਲੋ ਮੁਹਾਰ’ ........ 225
12. ਕਰਮ-ਜੋਗੀ, ਬਾਬਾ ਹਰਸਾ ਸਿੰਘ ਕੰਗਣ ਪੁਰ ........ 237
13. ਰਹਿਤ-ਮਰਿਆਦਾ ਲਿਆਉਣ ਵਾਲਾ ਭਾਈ ਰਾਇ ਸਿੰਘ ........ 248
14. ਵੇਦਾਂਤ ਤੋਂ ਗੁਰਮਤਿ ਦਾ ਸਫਰ ਮਾਤਾ ਸਾਹਿਬ ਕੌਰ ਪੱਧਰੀ ........ 261
15. ਥਰਾਜਵਾਲਾ ਦੀ ਕੂਕਾ ਬਗਾਵਤ ਅਤੇ ਭਾਈ ਸਮੁੰਦ ਸਿੰਘ ਉਰਫ਼ ਮਸਤਾਨ ਸਿੰਘ ........ 274
16. ਰਣ ਚੰਡੀ, ਕੂਕਾ ਵੀਰਾਂਗਣਾ ਮਾਈ ਇੰਦ ਕੌਰ ਹੰਡਿਆਇਆ ........ 290
17. ਭੂਰਿਆਂ ਵਾਲਿਆਂ ਵਿਚੋਂ ਇਕ ਬਾਬਾ ਕਾਹਨ ਸਿੰਘ ਬਾਜਾ ਖਾਨਾ ........ 305
18. ਸ਼ੇਰ ਦੀ ਗਰਜ ਵਾਲੀ ਮਾਈ ਉੱਤਮੀ ਉਰਫ ਘੁੱਲੀ, ਚੱਕ ਦੇਸ ਰਾਜ ........ 323
19. ਲਾਹੌਰ ਸ਼ਹਿਰ ਦਾ ਪ੍ਰਮੁੱਖ ਕੂਕਾ ਆਗੂ ਭਾਈ ਦੇਵਾ ਸਿੰਘ ........ 340
20. ਗੋਰਾਸ਼ਾਹੀ ਤੇ ਰਜਵਾੜਾਸ਼ਾਹੀ ਦੀ ਚੱਕੀ ਵਿੱਚ ਪਿਸਣ ਵਾਲੇ, ਬਾਬਾ ਸਾਹਿਬ ਸਿੰਘ ਭੰਮਾ ਬਦੀ ਤੇ ਹੋਰ ਕੂਕੇ ........ 349
21. ਗੋਰਾ ਸ਼ਾਹੀ ਦੀਆਂ ਕੜੀਆਂ-ਬੇੜੀਆਂ ’ਚੋਂ ਨਿਕਲ ਜਾਣ ਵਾਲਾ ਸਵਾਮੀ ਤਖਤ ਸਿੰਘ ਗੁੱਜਰਪੁਰਾ ........ 365
22. ਮੁਕਤੀ ਸੰਗਰਾਮ ਦਾ ਪਾਂਧੀ ਭਾਈ ਸੱਦਾ ਸਿੰਘ ਅੰਮ੍ਰਿਤਸਰੀ ........ 378

23. ਗੁਰੂ ਦਰਸ਼ਨਾਂ ਦਾ ਭੌਰਾ ਭਾਈ ਈਸ਼ਰ ਸਿੰਘ ਚੂੰਨ੍ਹੀ ........................ 391
24. ਵਿਦਿਆ ਦਾਤਾ ਅਤੇ ਰੰਗੂਨ ਯਾਤਰੀ :
ਬਾਬਾ ਹਰਨਾਮ ਸਿੰਘ ਨਥਾਣਾ ........................................ 400
25. ਪਿਰ ਦੇਖਨ ਕੀ ਆਸ: ਬਾਬਾ ਸ਼ੇਰ ਸਿੰਘ 'ਗਰੰਥ ਗੜ੍ਹ' .................. 415
26. ਮਾਲਵੇ ਦਾ ਮਾਣ, ਪਰਉਪਕਾਰੀ ਭਾਈ ਸੁੰਦਰ ਸਿੰਘ ਕਲਹਿਰੀ .......... 429
27. ਰੰਗੂਨ ਦਰਸ਼ਨ ਕਰਨ ਵਾਲੇ ਭਾਈ ਸਾਉਣ ਸਿੰਘ ਰੋਡੇ ...................... 440
28. ਕੂਕਾ-ਕਾਰ, ਧੌਂਕਲ ਦਾ ਟੱਲ ਅਤੇ
ਸੰਤ ਨਰਾਇਣ ਸਿੰਘ ਘੋੜੀਆਂ ਵਾਲੇ ........................................ 453
29. ਸ਼ੇਰ ਮਰਦ, ਭਾਈ ਰੰਗੀਲਾ ਸਿੰਘ ਜੰਮੂ ........................................ 469
30. ਕੂਕਾ ਵੀਰਾਂਗਣਾਂ- ਮਾਈ ਅਤਰ ਕੌਰ, ਮਾਈਸਰ ਖਾਨਾ .................... 476
31. ਮਸਤ ਸ਼ੇਰ ਸਿੰਘ ਜੀ ਡੱਫਰਕਿਆਂ ਵਾਲੇ ........................................ 508
32. ਆਦੀ ਕੂਕਾ ਸਿੱਖ ਬਾਬਾ ਵਸਾਵਾ ਸਿੰਘ ਦੁਰਗਾਪੁਰ ........................ 518
33. ਸਿੱਖੀ ਸਿਦਕ ਕੀ ਅਨੂਠੀ ਮਿਸਾਲ: ਮਾਈ ਬੁੱਧਾਂ ਅਤੇ ਪੁੱਤਰ
ਸੰਤ ਗੁਰਮੁੱਖ ਸਿੰਘ ਅਬੁਲ ਖੁਰਾਣਾ ........................................ 527
34. ਸ਼ਾਹ ਦਿਲ, ਸ਼ਾਹ ਹੁਕਮ ਸਿੰਘ ਸਖਾਨਿਆਂ ਵਾਲੇ ............................ 537
35. ਕੈਨੇਡਾ ਵਿੱਚ ਗਏ ਪਹਿਲੇ ਕੂਕਾ ਪ੍ਰਚਾਰਕ-
ਸੰਤ ਸੂਰਜ ਸਿੰਘ ਰੋਡਿਆਂ ਵਾਲੇ ........................................ 549
36. ਸਾਂਦਲ ਬਾਰ ਦੀ ਨਾਬਰੀ ਦਾ ਪਰਤੀਕ-ਭਾਈ ਕਿਸ਼ਨ ਸਿੰਘ ਵਰਨ ...... 563
37. ਯੁੱਗ-ਪੁਰਖ, ਬਾਬਾ ਸੋਹਣ ਸਿੰਘ ਭਕਨਾ ........................................ 574
38. ਬੁਲੰਦ-ਇਰਾਦਾ, ਮਹੰਤ ਹਜਾਰਾ ਸਿੰਘ ਜੀ ਲਾਂਗਰੀ, ਪਮਾਲ ............ 594
39. 'ਘਰ ਘਰ ਰਾਮ ਸਿੰਘ' ਦੇ ਪਰਤੀਕ- ਸੰਤ ਸੁੰਦਰ ਸਿੰਘ ਪੂੰਗਾਂ ਵਾਲੇ... 616
40. ਕਰਨੀ ਦੇ ਪੂਰੇ : ਸੰਤ ਸੁੰਦਰ ਸਿੰਘ ਜੀ "ਮੰਜੀ-ਤੋੜ" .................... 632
41. ਨਾਮ-ਰਸੀਏ ਸੰਤ ਨੱਥਾ ਸਿੰਘ ਜੀ ਪਤੰਗ ਤੇ ਹੋਰ ਸਾਧੂ .................... 646
42. ਮਸਤਾਨਾ ਜੋਗੀ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ ........................ 655
43. ਇਕ ਜਾਗਿਆ ਮਨੁੱਖ :
ਮਸਤਾਨਾ ਟਹਿਲ ਸਿੰਘ "ਬੌਰੀਆਂ ਵਾਲਾ" .................................... 677
44. ਸਰਹੱਦੀ ਦਾ ਕੂਕਾ, ਅਸਲੀ ਬਾਬਾ, ਝੰਡਾ ਸਿੰਘ 'ਕੰਗ' .................... 691
45. ਗੁਰੂ ਕੇ ਲੰਗਰ ਨੂੰ ਸਮਰਪਿਤ ਮਹੰਤ ਜਿਉਣ ਸਿੰਘ ਜੀ, ਅੰਮ੍ਰਿਤਸਰ .. 703
46. ਦੁਆਬੇ ਦੇ ਪਰਮੁੱਖ ਕੂਕਾ ਪ੍ਰਚਾਰਕ-
ਪੰਡਿਤ ਬਸੰਤ ਸਿੰਘ 'ਗੜ੍ਹ ਪਧਾਣਾ' ........................................ 720

47. ਸੇਵਾ, ਸਿਮਰਨ, ਵੈਰਾਗ, ਤਿਆਗ ਦੀ ਮੂਰਤੀ
ਪੰਡਿਤ ਸੰਤ ਜਗਤ ਸਿੰਘ ਜੀ ਖੰਡੂਵਾਲੀਏ ........................................ 736

48. ਨਾਮਧਾਰੀ ਦਰਬਾਰ ਦਾ ਧੜੱਲੇਦਾਰ ਪ੍ਰਧਾਨ:
ਸ. ਲਛਮਣ ਸਿੰਘ ਗਰੰਥ ਗੜ੍ਹ ........................................................ 756

49. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ,
ਭਾਈ ਵਜ਼ੀਰ ਸਿੰਘ ਜੀ .................................................................. 767

50. ਮਹਾਂ-ਤਿਆਗੀ ਆਜ਼ਾਦੀ ਘੁਲਾਟੀਏ:
ਪੰਡਿਤ ਮਨਸਾ ਸਿੰਘ ਕੌਮੀ ............................................................ 786

51. ਉੱਚਿ ਸੁਰਤਿ, ਬਿਰਤ ਵਾਲਾ ਗੁਰਸਿੱਖ,
ਸ. ਤੇਜਾ ਸਿੰਘ ਜੀ ਚੰਦੋਵਾਲੀਆ ................................................... 799

52. ਰਾਜ-ਰਿਖੀ ਸ. ਆਤਮਾ ਸਿੰਘ ਰਾਵਲਪਿੰਡੀ .................................. 816

❊

# 'ਕੂਕਾ ਕਾਰ' ਦੇ ਮਰਮ ਦੀ ਲੋਅਵਾਨ ਪ੍ਰਾਪਤੀ

ਕੂਕਾ ਲਹਿਰ ਦੇ ਅਮਰ ਨਾਇਕ - 1,2,3

ਸੁਮੇਲ ਸਿੰਘ ਸਿੱਧੂ

(ਇਤਿਹਾਸਕਾਰ ਅਤੇ ਡਾਇਰੈਕਟਰ, ਅਦਾਰਾ 23 ਮਾਰਚ)

ਸਧਾਰਨ ਪੰਜਾਬੀਆਂ ਦੀ ਅਸਧਾਰਨ ਕਰਨੀ ਸਦਕਾ ਗ਼ਦਰ ਪਾਰਟੀ ਲਹਿਰ ਤੋਂ ਵੀ ਅੱਧੀ ਸਦੀ ਪਹਿਲਾਂ ਸ਼ੁਰੂ ਹੋਈ ਕੂਕਾ ਜਾਂ ਨਾਮਧਾਰੀ ਲਹਿਰ ਨੇ ਪੰਜਾਬੀ ਇਤਿਹਾਸ ਨੂੰ ਅਗਾਂਹ ਤੋਰਿਆ, ਨਰੋਏ ਪੂਰਨੇ ਪਾਏ, ਨਿੱਗਰ ਰਵਾਇਤਾਂ ਤੋਰੀਆਂ, ਸਾਡੇ ਅਨੁਭਵ ਨੂੰ ਨਿਖਾਰਿਆ, ਸਾਡੀ ਸਿਮਰਤੀ ਨੂੰ ਰੰਗ-ਰੱਤਾ ਕੀਤਾ। ਅਜੋਕਾ ਨਾਮਧਾਰੀ ਭਾਈਚਾਰਾ ਆਪਣੀ ਵਿਲੱਖਣ ਦਿੱਖ, ਭਾਈਚਾਰਕ ਮਰਿਆਦਾ ਅਤੇ ਆਪਣੇ ਮਖ਼ਸੂਸ ਬੋਲਿਆਂ ਹੇਠ ਆਪਣੇ ਇਤਿਹਾਸ, ਸੰਘਰਸ਼ ਅਤੇ ਚੇਤਨਾ ਨੂੰ ਜਿਉਂਦਾ-ਵਗਦਾ ਰੱਖਣ ਦੇ ਆਹਰ ਵਿਚ ਹੈ। ਇਸ ਉੱਦਮ ਵਿਚ ਪੰਜਾਬੀ ਖਿੱਤੇ ਦੀ ਚਲਦੀ-ਫਿਰਦੀ ਟਕਸਾਲ; ਲੋਕ-ਨਾਬਰੀ ਦੀ ਪਰੰਪਰਾ ਨੂੰ ਲੋਕ-ਹਿਤੂ ਸਿਆਸਤ ਵਿਚ ਢਾਲਣ ਵਾਲੇ; ਮੌਲਿਕ ਮਾਰਕਸਵਾਦੀ ਕਾਰਜਕਰਤਾ, ਸਾਹਿਤਕਾਰ, ਚਿੰਤਕ ਅਤੇ ਇਤਿਹਾਸਕਾਰ ਕਾਮਰੇਡ ਸੁਵਰਨ ਸਿੰਘ ਵਿਰਕ 1857 ਦੇ ਵਿਸਾਖ ਤੋਂ ਲੈ ਕੇ ਅਜੋਕੇ ਸਮਿਆਂ ਵਿਚ ਸਾਰਥਕਤਾ ਦੀ ਨਿਰੰਤਰ ਤਲਾਸ਼ ਨੂੰ ਸੇਧ ਸੇਧ ਦੇਣ ਹਿਤ ਚੱਪਾ ਸਦੀ ਤੋਂ ਕੂਕਾ ਲਹਿਰ ਅਤੇ ਨਾਮਧਾਰੀ ਸੰਪਰਦਾਇ ਦੇ ਖੋਜੀ, ਪੇਸ਼ਕਾਰ ਅਤੇ ਸਿਧਾਂਤਕਾਰ ਵਜੋਂ ਕਲਮ ਵਾਹ ਰਹੇ ਹਨ।

ਇਸ ਵਡੇਰੇ ਕਾਰਜ ਨੂੰ ਉਹਨਾਂ ਦੀਆਂ 'ਕੂਕਾ ਲਹਿਰ ਦੇ ਅਮਰ ਨਾਇਕ' ਲੜੀ ਦੀਆਂ ਤਿੰਨ ਜਿਲਦਾਂ ਵਿਚ 150 ਹਸਤੀਆਂ ਉੱਤੇ ਇਕਾਗਰ, ਲਗਭਗ ਬਾਈ-ਤੇਈ ਸੌ ਸਫ਼ਿਆਂ ਦੀ ਭਾਰੀ-ਗਉਰੀ ਚੁਗਾਠ ਵਿਚ ਬੀੜਿਆ ਗਿਆ ਹੈ। ਸਭ ਤੋਂ ਪਹਿਲਾਂ, ਕਿਸੇ ਵੀ ਹੋਰ ਵਾਰਤਾ ਤੋਂ ਪਹਿਲਾਂ, ਕਿਸੇ ਵੀ ਭੂਮਿਕਾ ਤੋਂ ਪਹਿਲਾਂ ਕਹਿਣਾ ਬਣਦਾ ਹੈ ਕਿ ਐਡੇ ਵੱਡੇ ਕਾਰਜ ਦੇ ਸਨਮੁਖ ਹੋਣਾ ਹੀ ਸਾਨੂੰ ਹਲੀਮੀ ਵਿਚ ਲੈ ਆਉਂਦਾ ਹੈ। ਇਹ ਜਿਲਦਾਂ ਕਿਸੇ ਵੀ ਪਾਠਕ ਲਈ ਵੱਡੀ ਵੰਗਾਰ ਦਾ ਸਬੱਬ ਬਣਦੀਆਂ ਹਨ ਕਿ ਕੀ ਉਹ ਅਜਿਹੀ ਲਿਖਤ ਨਾਲ ਦੋ-ਚਾਰ ਹੋਣ ਲਈ ਤਿਆਰ ਹੈ ਜਾਂ ਹੀਰ ਸਿਆਲ ਦੇ ਹੁਸਨ ਦੇ ਦੀਦਾਰ ਦੀ ਤਾਬ ਝੱਲਣ ਤੋਂ ਡੋਲਿਆ ਹੋਇਆ 'ਭੌਰ ਆਸ਼ਕ' ਹੀ ਹੈ? ਤਿੰਨਾਂ ਜਿਲਦਾਂ ਵਿਚੋਂ ਗੁਜ਼ਰਦਿਆਂ ਆਪਣੇ ਅਨੁਭਵ ਵਿਚੋਂ ਆਖਦਾ ਹਾਂ ਕਿ ਇਹਨਾਂ ਜਿਲਦਾਂ ਅੰਦਰ ਰਮੇ ਹੋਏ ਸਮੇਂ

ਦੇ ਨਕਸ਼ ਸਾਡੀ ਸੁਰਤ ਨੂੰ ਆਪਣੇ ਕਮਾਏ-ਹੰਢਾਏ ਸੱਚ ਨਾਲ ਜਗਾਉਂਦੇ ਹਨ। ਬਕੌਲ ਵਾਰਿਸ ਸ਼ਾਹ ਪਾਠਕ ਨਾਲ ਕੂਕਿਆਂ ਦੇ ਜਗਤ ਦੇ ਦਰਸ਼ਨ – 'ਰੂਪ ਜੱਟੀ ਦਾ ਵੇਖ ਕੇ ਜਾਗ ਲੱਧੀ, ਹੀਰ ਘੋਲ ਘੱਤੀ ਕੁਰਬਾਨ ਹੋਈ। ਵਾਰਿਸਸ਼ਾਹ ਨਾ ਥਾਉਂ ਦਮ ਮਾਰਨੇ ਦੀ, ਚਾਰੋਂ ਚਸ਼ਮ ਦੀ ਜਦੋਂ ਘਮਸਾਨ ਹੋਈ।' ਦੇ ਨਿਆਈਂ ਹਨ। ਵਿਰਕ ਜੀ ਦੀ ਇਹ ਘਾਲਣਾ ਸਾਨੂੰ 'ਚਾਰੋਂ ਚਸ਼ਮ ਦੀ ਘਮਸਾਣ' ਹੋ ਲੈਣ ਦਾ ਸਿਦਕੀ ਸੱਦਾ ਦਿੰਦੀ ਹੈ।

ਪੰਜਾਬੀ ਇਤਿਹਾਸ ਨੂੰ ਖੜੋਤ ਵਿਚੋਂ ਕੱਢਣ ਲਈ, ਸਮੇਂ ਨਾਲ ਆਹਢਾ ਲਾਉਣ ਹਿਤ ਪੰਜਾਬੀ ਲੋਕਾਈ ਨੇ ਹਰ ਦੌਰ ਵਿਚ ਮੋਢਾ ਲਾਇਆ। ਪ੍ਰਮੁਖ ਸ਼ਖ਼ਸੀਅਤਾਂ , ਆਗੂਆਂ, ਘੁਲਾਟੀਆਂ, ਸ਼ਹੀਦਾਂ ਦੀਆਂ ਜੀਵਨੀਆਂ ਲਿਖੀਆਂ ਗਈਆਂ, ਸਾਹਿਤ ਰਚਿਆ ਗਿਆ, ਨਾਟਕ ਤੇ ਫਿਲਮਾਂ ਵੀ ਸਾਹਮਣੇ ਆਈਆਂ ਅਤੇ ਵੱਡੇ ਪਾਠਕ-ਦਰਸ਼ਕ ਘੇਰੇ ਵਿਚ ਮਕਬੂਲ ਹੋਈਆਂ। ਇਸ ਵਡੇਰੇ ਸੰਦਰਭ ਵਿਚ ਪੁੱਛਣਾ ਵਾਜਬ ਹੈ ਕਿ ਕੂਕਾ ਲਹਿਰ ਅਤੇ ਨਾਮਧਾਰੀ ਸਮਾਜ ਦੇ ਨਾਇਕਾਂ ਦੀਆਂ ਜੀਵਨੀਆਂ ਸਾਡੇ ਸਾਹਮਣੇ ਅਜਿਹਾ ਕੀ ਪੇਸ਼ ਕਰਦੀਆਂ ਹਨ ਜੋ ਅਸੀਂ ਪਹਿਲੋਂ ਹੀ ਨਹੀਂ ਜਾਣਦੇ? ਸਧਾਰਨ ਤੌਰ 'ਤੇ ਪੰਜਾਬੀਆਂ ਲਈ ਕੂਕਾ ਲਹਿਰ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲਾ ਦੇ ਬੁੱਚੜਵਧ ਦੇ ਸਾਕਿਆਂ ਸਦਕਾ ਅੰਗਰੇਜ਼ ਬਸਤੀਵਾਦੀ ਹਕੂਮਤ ਦੇ ਦਮਨ ਦਾ ਸ਼ਿਕਾਰ ਹੋਣ ਸਦਕਾ ਮਾਂਦੀ ਪੈ ਜਾਣ ਦਾ ਵੇਰਵਾ ਹੈ। ਇਸ ਸਾਦਾ ਗਿਆਨ ਮੁਤਾਬਿਕ ਇਹ ਲਹਿਰ ਪੰਜਾਬ ਦੇ ਇਤਿਹਾਸ ਦਾ ਹਿੱਸਾ ਹੈ ਅਤੇ ਸਾਡੀ ਇਤਿਹਾਸ ਵੱਲ ਉਦਾਸੀਨਤਾ ਦੀ ਗਵਾਹੀ ਵੀ ਹੈ। ਆਪਣੇ ਨਾਇਕਾਂ ਪ੍ਰਤੀ ਅਕੀਦਤ ਅਤੇ ਪ੍ਰਮਾਣਿਕਤਾ ਪ੍ਰਤੀ ਵਚਨਬੱਧਤਾ ਸਦਕਾ ਸੁਵਰਨ ਸਿੰਘ ਵਿਰਕ ਜੀ ਦਾ ਇਹ ਵੱਡਾ ਕੰਮ ਸਾਡੀ ਉਦਾਸੀਨਤਾ ਦੇ ਸਲਾਬ੍ਹੇ ਨੂੰ ਸੀਖ ਲਾਉਂਦਾ ਹੈ। ਇਹ ਸਿਰਫ਼ ਇਤਿਹਾਸ ਦੀ ਪੋਥੀ ਨਹੀਂ ਰਹਿੰਦਾ ਸਗੋਂ, ਸਾਡੇ ਸਮਾਜਕ-ਵਿਚਾਰਧਾਰਕ ਚਲਣ ਵਿਚ ਦਖ਼ਲ ਦਿੰਦਾ ਹੈ। ਸਾਡੇ ਇਤਿਹਾਸ ਦੇ ਖ਼ਾਮੋਸ਼ ਧਾਰੇ ਹਰਕਤ ਵਿਚ ਆਉਂਦੇ ਹਨ ਅਤੇ ਗੁਰਦੇਵ ਸਿੰਘ ਮਾਨ ਮੁਤਾਬਕ, ਵਿਰਕ ਜੀ ਦਾ ਇਹ ਕਾਰਜ ਝੰਗ ਦੇ ਬੇਲਿਆਂ ਵਿਚ ਮੱਝੀਂ ਚਾਰਨ ਵੇਲੇ ਰਾਂਝੇ ਦੀ ਹਸਤੀ ਦੇ ਹਾਣ ਦਾ ਹੈ – 'ਬੂਰੀ ਮੱਝ 'ਤੇ ਬੈਠ ਕੇ ਮੀਆਂ ਰਾਂਝਾ, ਵਾਹੇ ਵੰਝਲੀ ਸੁਰਾਂ ਨਿਰਾਲੀਆਂ ਨੇ। ਰਾਂਝੇ ਦੇ ਇਸ਼ਕ ਥੀਂ ਭਰ ਗਈਆਂ, ਗਲ਼ੀਆਂ ਪਿੰਡ ਦੀਆਂ ਖਾਲਮ ਖਾਲੀਆਂ ਨੇ।' ਇਸ ਪੁਸਤਕ ਲੜੀ ਵਿਚ ਅਨੇਕ ਪ੍ਰਸੰਗਾਂ ਜ਼ਰੀਏ ਬਿਆਨ ਹੋਈ ਵਾਰਤਾ ਦੀ ਸਾਹਿਤਕ ਪੁੱਠ ਜਿਸ ਤਰ੍ਹਾਂ ਇਤਿਹਾਸ ਦੀਆਂ ਕੰਦਰਾਂ ਨੂੰ ਰੌਸ਼ਨ ਕਰਦੀ ਹੈ, ਉਹ ਤਰੀਕਾਕਾਰ ਮੈਨੂੰ ਵਾਰ-ਵਾਰ ਲਾਤੀਨੀ ਅਮਰੀਕੀ ਲੇਖਕ ਐਦੁਆਰਦੋ ਗਲਿਆਨੋ ਦੇ 'The Open

Veins Of Latin America' ਅਤੇ 'Mirrors' ਵੱਲ ਲਿਜਾਂਦਾ ਰਿਹਾ।

ਸੁਖਦੇਵ ਸਿੰਘ ਸਿਰਸਾ ਨੇ ਵਿਰਕ ਜੀ ਦੀ ਇਤਿਹਾਸ-ਪੋਥੀ ਦੀ ਬੁਨਿਆਦ ਉਹਨਾਂ ਦੇ ਨਾਮਧਾਰੀ ਸਾਹਿਤ ਉਤੇ ਕਾਮਿਲ ਦਸਤਰਸ ਵਿਚ ਅੰਗਿਆ ਹੈ। ਵੱਡੀ ਹੈਰਾਨੀ ਹੈ ਕਿ ਸਮਾਜ ਦੇ ਕਿਰਤੀ ਤਬਕਿਆਂ ਵਿਚੋਂ ਉਠੀ ਅਤੇ ਲਗਭਗ ਨਿਰੱਖਰ ਲੋਕਾਂ ਵਿਚ ਪਰਵਾਨ ਚੜ੍ਹੀ ਕੂਕਾ ਲਹਿਰ ਦੇ ਆਗੂ ਆਪਣੇ ਮੌਖਿਕ ਉਚਾਰ ਨੂੰ ਸ਼ਬਦੀ ਜਾਮਾ ਪੁਆਉਣ ਲਈ ਏਨੇ ਸੁਚੇਤ ਸਨ। ਇਸ ਸਦਕਾ ਇਹ ਸਾਹਿਤ ਸਾਡੇ ਅਧਿਐਨ ਹਿਤ ਗੰਭੀਰ ਸਮੱਗਰੀ ਮੁਹੱਈਆ ਕਰਦਾ ਹੈ।ਸੰਨ 2009 ਵਿਚ 'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਦੇ ਪ੍ਰਕਾਸ਼ਨ ਨਾਲ ਵਿਰਕ ਜੀ ਦੀ ਗੰਭੀਰ ਖੋਜ ਸਾਡੇ ਸਾਹਮਣੇ ਆਉਂਦੀ ਹੈ। ਇਸ ਸਾਹਿਤਕ ਪਰੰਪਰਾ ਵਿਚ ਸੰਤ ਸੰਤੋਖ ਸਿੰਘ ਬਾਹੋਵਾਲ ਜੀ ਦਾ ਮਹੱਤਵਪੂਰਨ ਕਾਰਜ 'ਸਤਿਗੁਰੂ ਬਿਲਾਸ' ਵੱਡੀ ਪ੍ਰਾਪਤੀ ਹੈ। ਅੰਗਰੇਜ਼ ਹਕੂਮਤ ਦੀਆਂ ਰਿਪੋਰਟਾਂ; ਪੁਲੀਸ ਅਤੇ ਖ਼ੁਫ਼ੀਆ ਮਹਿਕਮਿਆਂ ਦੇ ਕਾਗਜ਼; ਇੰਡੀਆ ਆਫਿਸ ਲਾਇਬ੍ਰੇਰੀ ਲੰਡਨ ਦੇ ਦਸਤਾਵੇਜ਼; ਬਾਬਾ ਰਾਮ ਸਿੰਘ ਜੀ ਦੇ 'ਹੁਕਮਨਾਮੇ' ਅਤੇ ਚਿੱਠੀਆਂ; ਨਾਮਧਾਰੀ ਲਹਿਰ ਦੇ ਕਾਵਿ-ਇਤਿਹਾਸ, ਗਲਪ-ਇਤਿਹਾਸ ਆਦਿ; ਅਤੇ ਕੂਕਾ ਲਹਿਰ ਬਾਰੇ ਤੁਰੀ ਆਉਂਦੀ ਲੋਕ-ਕੰਠ ਅਤੇ ਲੋਕ-ਚਿੱਤ ਵਿਚ ਮਹਿਫ਼ੂਜ਼ ਸਮੱਗਰੀ ਨੂੰ ਆਪਣੀ ਕਮਾਈ ਹੋਈ, ਰਸਵੰਤ, ਖੁੱਲ੍ਹੀ ਵੇਗਮੱਤੀ ਸਾਹਿਤਕ ਭਾਸ਼ਾ ਵਿਚ ਢਾਲਿਆ ਹੈ।ਇਸ ਜੁਗਤ ਸਦਕਾ ਪੋਥੀ ਦੀ ਆਤਮਾ ਸਾਡੇ ਨੇੜੇ ਆਣ ਢੁਕਦੀ ਹੈ। ਸਾਹਿਤਕ ਰਸ ਸਦਕਾ ਅਸੀਂ ਪੜ੍ਹਤ ਵਿਚ ਖੁਭਦੇ ਹਾਂ ਅਤੇ ਇਸ ਲਗਾਅ ਕਾਰਨ ਇਤਿਹਾਸ ਦੀ ਛੁਹ ਸਾਡੀ ਸੁਰਤ ਨੂੰ ਤੁਣਕੇ ਮਾਰਦੀ ਹੈ।ਮੇਰੀ ਧਾਰਨਾ ਦੀ ਪੁਸ਼ਟੀ ਵਜੋਂ ਵਿਰਕ ਜੀ ਵੱਲੋਂ ਪੁਸਤਕ ਦੇ ਸਾਰ-ਸੰਕਲਪ ਵਜੋਂ 'ਅਮਰ ਨਾਇਕਾਂ' ਦੇ ਪਦ ਦੀ ਵਿਆਖਿਆ ਹਿਤ 'ਲੋਕ ਨਾਇਕ, ਅਟੱਲ ਪਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ' ਵਾਲੇ ਮਜ਼ਮੂਨ ਵੱਲ ਧਿਆਨ ਧਰੋ:

"ਸਮਾਜ ਵਿਅਕਤੀਆਂ ਦਾ ਸਮੂਹ ਹੈ। ਇਤਿਹਾਸ ਸਮਾਜ ਦੀ ਤੋਰ ਪਛਾਨਣ ਦੀ ਕਲਾ ਹੈ। ਲੋਕਾਈ ਦੇ ਦੁਖ ਦਰਦ ਨੂੰ ਆਪਣੇ ਸੀਨੇ ਵਿਚ ਸੰਭਾਲਣ ਵਾਲੇ ਨਾਇਕ ਬਣਦੇ ਹਨ। ਇਹਨਾਂ ਨਾਇਕਾਂ ਵਿਚੋਂ ਕੁਝ ਕੁ ਦੀ ਕੀਰਤੀ, ਸਮੇਂ-ਸਥਾਨ ਦੀਆਂ ਹੱਦਾਂ ਤੋਂ ਪਾਰ ਚਲੀ ਜਾਂਦੀ ਹੈ। ਉਹਨਾਂ ਦੀਆਂ ਪਾਈਆਂ ਪੈੜਾਂ 'ਤੇ ਕਾਫ਼ਲੇ ਅਨੰਤ ਕਾਲ ਤੱਕ ਚਲਦੇ ਰਹਿੰਦੇ ਹਨ। ਆਪਣੇ ਯੁਗ ਦੀਆਂ ਅਗਰਗਾਮੀ ਸ਼ਕਤੀਆਂ ਨਾਲ ਸਾਂਝਾਂ ਪਾਉਣ ਵਾਲੇ ਹੀ ਯੁਗ-ਪੁਰਖ ਅਖਵਾਉਣ ਦੇ ਹੱਕਦਾਰ ਹੁੰਦੇ ਹਨ। ਇਹ ਠੀਕ ਹੈ ਕਿ ਸਮਾਜ ਨੂੰ ਬਦਲਣ ਦੀ ਪ੍ਰਕਿਰਿਆ ਵਿਚ ਵਿਅਕਤੀ ਖੁਦ ਵੀ ਬਦਲਦਾ

ਹੈ। ਉਸ ਦੀ ਕ੍ਰਿਆਸ਼ੀਲਤਾ ਅਤੇ ਆਪਣੇ ਵਾਤਾਵਰਣ ਵਿਚੋਂ ਜੀਵੰਤ ਕਦਰਾਂ ਕੀਮਤਾਂ ਦੀ ਗ੍ਰਹਿਣਸ਼ੀਲਤਾ ਹੀ ਉਸ ਨੂੰ ਯੁਗ-ਬੋਧ ਨਾਲ ਲੈਸ ਕਰਦੀ ਹੈ। ਸਾਡੇ ਇਹ ਨਾਇਕ ਸਮਾਂ ਪਾ ਕੇ ਲੋਕ ਚੇਤਨਾ ਦਾ ਸਜੀਵ ਅੰਗ ਬਣ ਜਾਂਦੇ ਹਨ। ਜਦੋਂ ਜਦੋਂ ਵੀ ਦੁਸ਼ਵਾਰੀਆਂ, ਅਣ-ਸੁਖਾਵੇਂ ਹਾਲਾਤ ਨਾਲ ਸਾਡੇ ਲੋਕ ਦੋ-ਚਾਰ ਹੁੰਦੇ ਹਨ, ਆਪਣੇ ਨਾਇਕਾਂ ਦਾ ਸਿਮਰਨ, ਉਹਨਾਂ ਦੀ ਬਲ-ਬੁੱਧੀ ਵਿਚ ਵਾਧਾ ਕਰਦਾ ਹੈ। ਉਹ ਕਠਿਨ ਪ੍ਰੀਖਿਆਵਾਂ ਵਿਚੋਂ ਸਫਲ ਹੋਣ ਦਾ ਵੱਲ ਸਿੱਖਦੇ ਹਨ।"

ਮਾਰਕਸਵਾਦੀ ਇਤਿਹਾਸ-ਚੇਤਨਾ ਨਾਲ ਲੈਸ ਇਹ ਟੋਟਾ ਸਾਦਾ ਪੰਜਾਬੀ ਵਾਰਤਕ ਦੇ ਰਸ-ਰੰਗ-ਰਮਜ਼ ਦਾ ਵੀ ਅਨੂਠਾ ਨਗ ਹੈ। ਵਿਰਕ ਜੀ ਦੀ ਇਸ ਭਾਸ਼ਾਈ ਸ਼ੈਲੀ ਦੀਆਂ ਜੜ੍ਹਾਂ ਵਿਚ ਸ਼ੇਖੂਪੁਰਾ ਦੀਆਂ ਖੁੱਲ੍ਹੀਆਂ ਚਰਾਂਦਾਂ ਅਤੇ ਮੈਰਿਆਂ ਵਿਚ ਹਨ। ਨਾਲ ਹੀ ਆਪਣੇ ਬਾਲਪਣ ਤੋਂ 'ਸਤਿਜੁਗ' ਵਿਚ ਛਪਦੇ ਸੰਤ ਇੰਦਰ ਸਿੰਘ ਚੱਕਰਵਰਤੀ ਦੇ ਮਜ਼ਮੂਨਾਂ ਦੇ ਵਿਸ਼ੇ, ਨਿਭਾਅ ਅਤੇ ਅਨੁਰਾਗ ਨੇ ਆਪਣੀ ਛਾਪ ਛੱਡੀ:

"ਹੋਰ ਲੇਖਾਂ ਤੋਂ ਇਲਾਵਾ ਚੱਕਰਵਰਤੀ ਜੀ ਦੇ ਲਿਖੇ ਮੁੱਖ ਲੇਖ ਜੋ ਇਨ੍ਹਾਂ ਅੰਕਾਂ ਦੇ ਆਰੰਭ ਵਿਚ ਹੁੰਦੇ ਸਨ, ਆਪਣੇ ਆਪ ਵਿਚ ਨਾਮਧਾਰੀ ਸਾਹਿਤ ਅਤੇ ਇਤਿਹਾਸ ਨੂੰ ਕਥਾ ਕਹਾਣੀ ਦੀ ਸ਼ੈਲੀ ਵਿਚ ਪੇਸ਼ ਕਰਦੇ, ਰਸ ਭਰੀ ਵਾਰਤਕ ਦੇ ਅਨੂਠੇ ਨਮੂਨੇ ਹੁੰਦੇ ਸਨ, ਜਿਨ੍ਹਾਂ ਵਿਚ ਗੁਰਬਾਣੀ ਜਾਂ ਹੋਰ ਕਾਵਿ-ਟੁਕੜੀਆਂ, ਸੋਨੇ ਦੀ ਮੁੰਦਰੀ ਵਿਚ ਨਗਾਂ ਵਾਂਗੂੰ ਜੜੀਆਂ ਹੁੰਦੀਆਂ ਸਨ।"

ਸੋ, ਸੰਤ ਇੰਦਰ ਸਿੰਘ ਚੱਕਰਵਰਤੀ ਸਾਹਿਤਕ ਗੁਣ ਵਾਲੀ ਇਤਿਹਾਸਕਾਰੀ ਦੇ ਪੂਰਨੇ ਪਾ ਰਹੇ ਸਨ ਜੋ ਸਾਡੇ ਨਜ਼ਦੀਕ ਸੁਵਰਨ ਸਿੰਘ ਵਿਰਕ ਨੇ ਇਸ ਪੁਸਤਕ ਲੜੀ ਵਿਚ ਸਾਣ 'ਤੇ ਲਾ ਧਰੇ ਹਨ। ਏਸੇ ਮਜ਼ਮੂਨ ਵਿਚ ਕਥਾ ਸ਼ੈਲੀ ਵਿਚ ਇਤਿਹਾਸ-ਲੇਖਣ ਦੀ ਪਰੰਪਰਾ ਨੂੰ ਪੰਜਾਬੀ ਵਿਚ ਭਾਈ ਵੀਰ ਸਿੰਘ ਅਤੇ ਹਿੰਦੀ ਵਿਚ ਰਾਹੁਲ ਸੰਕਰਤਾਇਨ ਸਥਾਪਤ ਕਰ ਰਹੇ ਸਨ ਅਤੇ ਚੱਕਰਵਰਤੀ ਜੀ ਨੇ "ਸਤਿਗੁਰੂ ਰਾਮ ਸਿੰਘ ਜੀ ਤੇ ਹੋਰ ਕੂਕਾ ਨਾਇਕਾਂ ਬਾਰੇ ਲੰਮੀਆਂ ਕਥਾਵਾਂ, ਰੌਚਕ ਸ਼ੈਲੀ ਵਿਚ ਪ੍ਰਸਤੁਤ ਕੀਤੀਆਂ।" ਇਸੇ ਸੰਦਰਭ ਵਿਚ 'ਮਸਤਾਂ ਦੀਆਂ ਮਜਲਸਾਂ ਦੇ ਸਰਦਾਰ – ਮਹਾਰਾਜ ਗੁਰਦਿਆਲ ਸਿੰਘ ਜੀ' ਨੂੰ ਸਮਰਪਿਤ ਮਜ਼ਮੂਨ ਵਿਚ ਸੰਨ 1920 ਤੋਂ ਸ਼ੁਰੂ ਹੋਏ ਹਫ਼ਤਾਵਾਰ 'ਸਤਿਜੁਗ' ਦੇ ਪ੍ਰਕਾਸ਼ਨ ਦਾ ਪ੍ਰਸੰਗ ਪੰਜਾਬ ਵਿਚ ਇਤਿਹਾਸਕ ਮੁਕਾਮ ਰੱਖਦਾ ਹੈ। 'Kuka Outbreak' ਤਹਿਤ ਦਸਤਾਵੇਜ਼ੀ ਰਿਕਾਰਡ ਲੰਡਨੋਂ ਲਿਆਂਦਾ ਗਿਆ ਅਤੇ 'ਹੱਡਬੀਤੀ' ਸਿਰਲੇਖ ਤਹਿਤ

ਛਾਪਿਆ ਗਿਆ।ਪ੍ਰੈਸ ਅਤੇ ਪ੍ਰਕਾਸ਼ਨ ਦੇ ਜ਼ਰੀਏ ਇਹ ਨਵੇਂ ਢੰਗ ਦੀ ਲੇਖਣੀ ਸੀ ਜਿਸ ਨੂੰ ਮੇਲਿਆਂ, ਦੀਵਾਨਾਂ ਅਤੇ ਹੋਰ ਇਕੱਤਰਤਾਵਾਂ ਵਿਚ ਵੰਡਿਆ ਜਾਂਦਾ ਸੀ ਅਤੇ ਜ਼ੁਬਾਨੀ ਪ੍ਰਚਾਰ ਵੀ ਕੀਤਾ ਜਾਂਦਾ ਸੀ।ਵਿਰਕ ਜੀ 'ਹੱਡਬੀਤੀ' ਵਾਲੀ ਦਸਤਾਵੇਜ਼-ਆਧਾਰਿਤ ਲੇਖਣੀ ਨੂੰ ਇਸ ਤੋਂ ਪਹਿਲਾਂ ਜਾਰੀ ਕਾਵਿ+ਇਤਿਹਾਸ-ਲੇਖਣ ਦੀ ਵੰਨਗੀ, ਗਿਆਨੀ ਗਿਆਨ ਸਿੰਘ ਜੀ ਦੇ 'ਪੰਥ ਪਰਕਾਸ਼' ਦੀ ਪ੍ਰੇਰਨਾ ਅਧੀਨ ਲਿਖੇ ਗਿਆਨੀ ਕਾਲਾ ਸਿੰਘ ਦਾ 'ਨਾਮਧਾਰੀ ਪੰਥ ਪਰਕਾਸ਼' ਤੋਂ ਵਖਰਿਆਉਂਦੇ ਹਨ। ਮੌਖਿਕ ਪਰੰਪਰਾ ਵੀ ਦਸਤਾਵੇਜ਼ੀ ਇਤਿਹਾਸ ਦੇ ਦੌਰ ਵਿਚ ਵੀ ਜਾਰੀ ਸੀ ਅਤੇ ਮਹਾਰਾਜ ਗੁਰਦਿਆਲ ਸਿੰਘ "ਬਿਰਧਾਂ ਤੋਂ ਸੁਣੇ ਬਚਨ, ਨਾਮਧਾਰੀ ਇਤਿਹਾਸ ਸੰਬੰਧੀ ਖੋਜ ਰੋਜ਼ ਲਿਖਦੇ...।" ਸੋ ਇਹ ਲੋਕ-ਕੰਠ ਅਤੇ ਅੱਖੀਂ ਡਿੱਠੇ ਦੀ ਵਾਰਤਾ ਨਾਮਧਾਰੀ ਇਤਿਹਾਸ-ਲੇਖਣ ਧਾਰਾ ਦਾ ਟਕਸਾਲੀ ਅੰਗ ਹੈ ਅਤੇ ਇਹ ਤੱਤ ਵਿਰਕ ਜੀ ਦੇ ਕਾਰਜ ਵਿਚ ਵੀ ਬਰਾਬਰ ਦੀ ਥਾਂ ਰੱਖਦੀ ਹੈ। ਭੈਣੀ ਸਾਹਿਬ ਡੇਰੇ ਦੇ ਕੁਸ਼ਲ ਪ੍ਰਬੰਧਕ ਰਹੇ ਆਪਣੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਵੱਲੋਂ ਪੁਰਾਣੇ ਨਾਮਧਾਰੀ ਸਿੰਘਾਂ ਦੀਆਂ ਸੁਣਾਈਆਂ ਗਾਥਾਵਾਂ ਅਤੇ ਕੂਕਾ ਕੇਂਦਰ ਦੇ ਅਨੁਭਵ ਨੂੰ 'ਅੱਖੀਂ ਡਿੱਠ ਕਿੱਸਾ ਕੀਤਾ' ਵਿਚ ਜਿਲਦਬੰਦ ਕੀਤਾ। ਪੁਸਤਕ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਵਿਰਕ ਜੀ ਆਪਣੇ ਪੁਰਖਿਆਂ ਦੇ ਬਚਨਾਂ ਨੂੰ ਮੁੜ ਤੋਂ ਮਾਣ ਰਹੇ ਹਨ ਅਤੇ ਸਾਡੇ ਤੱਕ ਉਸ ਕੂਕਾ ਜਗਤ ਦੇ ਮਜੀਠੀ ਸਿਦਕ ਦੀ ਵਾਰ ਪੁੱਜਦੀ ਕਰ ਰਹੇ ਹਨ। ਪਾਠਕ ਵਜੋਂ ਕਹਿਣਾ ਬਣਦਾ ਹੈ ਕਿ ਤੁਹਾਡੀ ਘਾਲਿ ਥਾਂਇ ਪਈ ਹੈ ਵਿਰਕ ਜੀ। ਬਾਬਾ ਵਾਰਿਸ ਸ਼ਾਹ ਤੁੱਠੇ ਹਨ ਤੇ ਆਖਦੇ ਹਨ: 'ਜਾਹ ਗੂੰਜ ਤੂੰ ਮੰਗਵਾੜ ਬੈਠਾ, ਬਖ਼ਸ਼ ਲਈ ਹੈ ਸਭ ਤਕਸੀਰ ਤੇਰੀ।'

ਹਜ਼ਰੋ ਸਾਹਿਬ ਦੇ ਬਾਬਾ ਬਾਲਕ ਸਿੰਘ ਜੀ ਤੋਂ ਤੁਰਿਆ ਇਹ ਅੰਦੋਲਨ ਅਗਲੇਰੇ ਪੜਾਅ ਉਤੇ ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ, ਮਹਾਰਾਜ ਬੀਰ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਜੀਵਨੀਆਂ ਰਾਹੀਂ ਸਾਨੂੰ ਕੂਕਾ ਲਹਿਰ ਦੇ ਆਰੰਭ ਹੋਣ ਦੇ ਸੰਦਰਭ, ਸੰਘਰਸ਼, ਸੰਗਠਨ, ਆਗੂ ਜਥਾ ਅਤੇ ਪ੍ਰਮੁਖ ਘਟਨਾਵਲੀਆਂ ਰਾਹੀਂ ਇਹ ਪੁਸਤਕ ਲੜੀ ਨਾਮਧਾਰੀ ਸੰਪਰਦਾਇ ਦੀ ਇਤਿਹਾਸ ਰੇਖਾ ਦੇ ਸਾਹਮਣੇ ਲੈ ਆਉਂਦੀ ਹੈ। ਅਗਲੇਰੇ ਵਿਸਥਾਰ ਵਿਚ 1857 ਦੀ ਵਿਸਾਖੀ ਵੇਲੇ ਦੇ ਪਹਿਲੇ ਪੰਜ ਪਿਆਰੇ; ਸੂਬੇ ਅਤੇ ਨਾਇਬ ਸੂਬੇ; ਜਥੇਦਾਰ, ਮਹੰਤ, ਕਥਾਵਾਚਕ, ਕੀਰਤਨੀਏ, ਆਦਿ ਆਉਂਦੇ ਹਨ। ਕਈ ਅਧਿਐਨ ਕਾਰਜ ਨਾਮਧਾਰੀਆਂ ਨੂੰ ਆਜ਼ਾਦੀ ਸੰਗਰਾਮ ਦੇ ਮੋਢੀ ਵਜੋਂ ਵੇਖਦੇ ਹਨ: ਕਈ

ਇਸ ਲਹਿਰ ਨੂੰ millennial ਰੁਝਾਨ ਵਾਲਾ ਵਰਤਾਰੇ ਵਜੋਂ ਤੇ ਕਈ ਇਸ ਨੂੰ ਸਿੱਖ ਸਮਾਜ ਤੋਂ ਫ਼ਾਸਲੇ 'ਤੇ ਵਿਚਰਨ ਵਾਲੇ ਸੰਪਰਦਾਇ ਵਜੋਂ ਸਥਾਪਤ ਕਰਦੇ ਹਨ। ਹੁਣ ਹਿੰਦੂ ਬਹੁਗਿਣਤੀਵਾਦੀ ਵਿਚਾਰਧਾਰਾ ਤਹਿਤ ਇਸ ਨੂੰ ਸਨਾਤਨ ਪਰੰਪਰਾ ਅਨੁਸਾਰੀ ਮਿਸ਼ਰਿਤ ਸਭਿਆਚਾਰ ਦੀ ਵੰਨਗੀ ਵਜੋਂ ਦਰਸਾਉਣ ਦਾ ਰੁਝਾਨ ਵੀ ਦਿਸਦਾ ਹੈ। ਇਹ ਸਭ ਅਧਿਐਨ ਕਾਰਜ ਆਪੋ ਆਪਣੇ ਨੁਕਤੇ ਉਭਾਰਦੇ ਹਨ, ਪਰ ਕੂਕਾ ਲਹਿਰ ਦੇ ਮਰਮ ਤੱਕ ਲਿਜਾਂਦੇ ਕੇਂਦਰੀ ਸੂਤਰ ਬਾਰੇ ਮੱਤਭੇਦ ਬਣਿਆ ਰਹਿੰਦਾ ਹੈ। ਸੁਵਰਨ ਸਿੰਘ ਵਿਰਕ ਇਸ ਸੰਵੇਦਨਸ਼ੀਲ ਮਾਮਲੇ ਨੂੰ ਸੁਲਝਾਉਂਦੇ ਦਿਸਦੇ ਹਨ ਅਤੇ ਅਨੇਕ ਦਲੀਲਾਂ, ਤੱਥਾਂ ਅਤੇ ਦ੍ਰਿਸ਼ਟਾਂਤਾਂ ਸਦਕਾ ਕੂਕਾ ਲਹਿਰ ਦੇ ਕਿਰਦਾਰ ਦੀ ਸਾਂਝੀ ਤੰਦ ਵਜੋਂ ਇਸ ਦੇ 1857-1907 ਕਾਲ ਖੰਡ ਵਿਚ ਬਸਤੀਵਾਦੀ-ਵਿਰੋਧ ਦਾ ਧੁਰਾ ਹੋਣ ਨੂੰ ਸਥਾਪਦੇ ਹਨ। ਇੰਵ ਵੇਖਿਆਂ ਕੂਕਾ ਲਹਿਰ ਅੰਗਰੇਜ਼-ਸਿੱਖ ਜੰਗਾਂ ਦੀ ਸੈਨਿਕ, ਹਥਿਆਰਬੰਦ ਬਿਰਤੀ ਦੀ ਵਾਹਕ ਵੀ ਹੈ ਅਤੇ ਪ੍ਰਚਾਰ, ਸਮਾਜ ਸੁਧਾਰ, ਜਥੇਬੰਦੀ ਸਦਕਾ ਲੋਕ-ਉਭਾਰ ਦੀ ਤਿਆਰੀ ਵਿਚ ਜੁਟੀ ਹੋਈ ਆਧੁਨਿਕ ਕਿਸਮ ਦੀ ਸਿਆਸਤ ਲਈ ਪਿੜ ਵੀ ਤਿਆਰ ਕਰ ਰਹੀ ਦਿਸਦੀ ਹੈ। ਇਸ ਦੋਹਰੀ ਤਰਜ਼ ਦੀ ਕਰਮਧਾਰਾ ਨੇ ਕੂਕਾ ਲਹਿਰ ਦੇ ਸਾਹਮਣੇ ਹਰ ਇਤਿਹਾਸਕ ਦੌਰ ਵਿਚ ਨਵੀਆਂ ਵੰਗਾਰਾਂ ਖੜ੍ਹੀਆਂ ਕੀਤੀਆਂ।

ਕਹਿਣਾ ਬਣਦਾ ਹੈ ਕਿ ਅੰਗਰੇਜ਼ ਫੌਜ ਨਾਲ ਬਰ ਮੇਚਣ ਲਈ ਯੂਰਪੀਨ ਤਰਜ਼ ਦੀ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਫੌਜ ਦੇ ਅੰਦਰਵਾਰ ਪੰਜਾਬੀ ਸਿਪਾਹੀਆਂ ਵਿਚ ਰਮੀ ਹੋਈ ਪੰਜਾਬੀ ਸੁਰਤ ਦਾ ਅੰਗਰੇਜ਼ ਸਾਮਰਾਜ ਦੇ ਵਰਤਾਰੇ, ਚਰਿੱਤਰ, ਕਾਰਜ ਪ੍ਰਣਾਲੀ ਨਾਲ ਨੇੜੇ ਦਾ ਵਾਹ, ਸੰਪਰਕ ਤੇ ਨਜ਼ਰਸਾਨੀ ਹੋਣ ਸਦਕਾ ਕਿਸੇ ਨਵੀਂ ਚੇਤਨਾ ਜਾਂ ਸਬਕ ਲਈ ਜ਼ਰੂਰੀ ਜ਼ਮੀਨ ਤਿਆਰ ਕਰਦਾ ਹੈ। ਲੋਕ-ਲਾਮਬੰਦੀ ਤੋਂ ਬਿਨਾਂ ਅੰਗਰੇਜ਼ ਸਾਮਰਾਜ ਨਾਲ ਸਿੱਧੀ ਟੱਕਰ ਤੋਂ ਟਾਲ਼ ਕੱਢਣ ਦੇ ਬਾਬਾ ਰਾਮ ਸਿੰਘ ਦੇ ਤਰੀਕਾਕਾਰ, ਜਥੇਬੰਦਕ ਕੁਸ਼ਲਤਾ, ਰਣਨੀਤਕ ਸੰਪਰਕ, ਖ਼ਾਲਸਾਈ ਮਰਿਆਦਾ ਦੀ ਬਹਾਲੀ, ਸਮਾਜ ਅਤੇ ਧਰਮ-ਸੁਧਾਰ ਦੀ ਚੇਤਨਾ, ਕਿਰਤ ਨੂੰ ਮਨੁੱਖੀ ਚਰਿੱਤਰ ਦਾ ਕੇਂਦਰੀ ਧੁਰਾ ਮੰਨਣ ਦੀ ਧਾਰਨਾ - ਇਹ ਸਾਰੇ ਤੱਤ ਅਗਲੇਰੀਆਂ ਲੋਕ ਲਹਿਰਾਂ ਦੇ ਮੌਲਣ ਲਈ ਸਿਆੜ ਕੱਢਦੇ ਹਨ। ਇਸ ਰੁਝਾਨ ਦੀ ਤਰਜਮਾਨੀ ਕਰਦਾ 'ਇਤਿਹਾਸ-ਪੁਰਖ ਬਾਬਾ ਲਹਿਣਾ ਸਿੰਘ 'ਘਰਜਾਖ'' ਵਾਲਾ ਮਜ਼ਮੂਨ ਵੇਖੀਏ:

''ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਿੱਖ ਪੁਨਰ-ਜਾਗਰਣ ਅਤੇ ਆਜ਼ਾਦੀ ਸੰਗਰਾਮ ਵਿੱਢਣ ਲਈ ਸਾਜੇ ਗਏ, ਨਾਮਧਾਰੀ ਜਾਂ ਕੂਕਾ ਪੰਥ ਦੀ ਵਿਸ਼ੇਸ਼ਤਾ

ਇਹ ਸਮਝੀ ਗਈ ਕਿ ਜਿਹਨਾਂ ਲੋਕਾਂ ਦੇ ਹਿਰਦਿਆਂ ਵਿਚ, ਮਹਾਰਾਜਾ ਰਣਜੀਤ ਸਿੰਘ ਦੇ ਸਾਂਝੇ ਪੰਜਾਬੀ ਰਾਜ ਦਾ ਗੌਰਵ ਗੁਆਚਣ ਦਾ ਰੋਸ ਪੈਦਾ ਹੋਇਆ, ਉਹ ਧੀਰੇ-ਧੀਰੇ ਆਪ ਦੇ ਝੰਡੇ ਹੇਠ ਜੁੜਦੇ ਗਏ। ਇਸ ਕਾਰਨ ਸਿੱਖ ਸੈਨਾ, ਜਿਸ ਵਿਚ ਆਪ ਨੇ 1837 ਤੋਂ 1845 ਤੱਕ ਦਾ ਸਮਾਂ ਬਤੀਤ ਕੀਤਾ ਸੀ, ਇਸ ਨਾਲ ਸਬੰਧਿਤ ਬਹੁਤ ਸਾਰੇ ਸੈਨਿਕ ਅਤੇ ਉੱਚ ਅਧਿਕਾਰੀਆਂ ਨੇ ਵੀ ਕੂਕਾ ਅੰਦੋਲਨ ਨਾਲ ਜੁੜਨ ਵਿਚ, ਪੰਜਾਬ ਦੇ ਉੱਜਲ ਭਵਿੱਖ ਦੇ ਦਰਸ਼ਨ ਹੁੰਦੇ ਮਹਿਸੂਸ ਕੀਤੇ।...ਪੰਜਾਬ ਪੁਲਸ ਦੇ ਨਾਂ ਚਿੱਠੀ ਵਿਚ 50 ਕੂਕਾ ਮੁਖੀਆਂ ਦਾ ਜ਼ਿਕਰ ਕਤਿਾ ਗਿਆ ਹੈ...ਏਨੇ ਕੁ ਕੂਕਾ ਮੁਖੀ ਅੰਗਰੇਜ਼ੀ ਰਾਜ ਸਮੇਂ (1849 ਤੋਂ ਬਾਅਦ) ਪੁਲੀਸ ਜਾਂ ਫੌਜ ਵਿਚ ਰਹਿ ਚੁੱਕੇ ਸਨ...ਸੂਬਾ ਬ੍ਰਹਮਾ ਸਿੰਘ ਬਾਰੇ ਵੀ 1857 ਦੇ ਵਿਦਰੋਹ ਵਿਚ ਸ਼ਾਮਿਲ ਹੋਣਾ ਲਿਖਿਆ ਮਿਲਦਾ ਹੈ, ਸੋ ਉਹ ਵੀ ਸਾਬਕਾ ਸੈਨਿਕ ਸਨ।...ਰਾਜ ਖੁੱਸਣ ਤੋਂ ਬਾਅਦ ਨਲਵੇ ਸਰਦਾਰ ਦੇ ਵੰਸ਼ਜਾਂ ਦਾ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਭਰੋਸਾ ਪ੍ਰਗਟ ਕਰਨਾ, ਇਸ ਗੱਲ ਦਾ ਸਬੂਤ ਸੀ ਕਿ ਆਪ ਦਾ ਨਿਸ਼ਾਨਾ ਪੰਜ ਦਰਿਆਵਾਂ ਦੀ ਧਰਤੀ ਤੋਂ ਬਦੇਸ਼ੀ ਹਾਕਮਾਂ ਦਾ ਬਿਸਤਰਾ ਗੋਲ ਕਰਨਾ ਸੀ। ਕੂਕਾ ਲਹਿਰ ਦਾ ਸੰਕਲਪ ਐਸੀ ਰਾਜ ਸੱਤਾ ਦਾ ਸੀ ਜਿਹਦੇ ਤੋਂ ਸਮਾਜ ਦੇ ਨਾ ਸਿਰਫ਼ ਉਪਰਲੇ ਤਬਕੇ ਨੇ, ਸਗੋਂ ਦੱਬਿਆਂ-ਕੁਚਲਿਆਂ ਨੇ ਵੀ ਬੰਧਨ-ਮੁਕਤ ਹੋ ਕੇ ਲਾਭਵੰਤ ਹੋਣਾ ਸੀ।"

ਕੂਕਾ ਲਹਿਰ ਦੇ ਖ਼ਾਲਸਾ ਰਾਜ ਦੀ ਬਹਾਲੀ ਕਰਨ ਵਾਲੇ ਰਾਜਸੀ ਨਿਸ਼ਾਨੇ, ਸਮਾਜਕ ਏਕਤਾ ਅਤੇ ਭਵਿੱਖੀ ਘਾੜ੍ਹਤ ਲਈ ਤਿਆਰ ਹੋਇਆ ਪਹਿਲਾ ਪੂਰ ਪੰਜਾਬ ਦੀ ਆਜ਼ਾਦੀ ਲਈ ਜੋ ਮਜੀਠੀ ਰੰਗ ਦੇ ਬਸਤੀਵਾਦ-ਵਿਰੋਧੀ ਧਾਗੇ ਨਾਲ ਫੁਲਕਾਰੀ ਕੱਢਦਾ ਹੈ ਅਤੇ ਅਗਲੇ ਪੂਰਾਂ ਲਈ ਸਿਆੜ ਕੱਢਦਾ ਹੈ।ਇਹਨਾਂ ਸਿਦਕਧਾਰੀ ਪੁਰਖਾਂ ਦਾ ਬਿਆਨ ਕਰਦਿਆਂ ਵਿਰਕ ਜੀ 19-20ਵੀਂ ਸਦੀ ਦੇ ਪੰਜਾਬ ਦੇ ਇਤਿਹਾਸ, ਭੂਗੋਲ, ਸਮਾਜਚਾਰਾ, ਸਭਿਆਚਾਰ, ਸਾਹਿਤ, ਲੋਕ ਬੋਲੇ, ਆਦਿ ਨੂੰ ਚਿਤਰਦੇ ਜਾਂਦੇ ਹਨ, ਸਿਮਰਤੀਆਂ ਉਲੀਕਦੇ-ਉਘਾੜਦੇ ਜਾਂਦੇ ਹਨ ਕਿ ਸਾਡੇ ਨਜ਼ਦੀਕ ਕੂਕਾ ਲਹਿਰ ਪੰਜਾਬ ਦੀ ਥਿਰ ਹੁੰਦੀ ਜਾਂਦੀ ਕਾਇਆ ਵਿਚ ਨਵੇਂ ਲਹੂ ਦਾ ਸੰਚਾਰ ਕਰਦੀ ਦਿਸਦੀ ਹੈ। ਜਿਥੇ ਕਿਤੇ ਕਿਸੇ ਨਾਇਕ ਬਾਰੇ ਜ਼ਿਆਦਾ ਜਾਣਕਾਰੀ ਹਾਸਲ ਨਹੀਂ ਹੈ,ਉਥੇ ਵੀ ਡਿਸਟ੍ਰਿਕਟ ਗਜ਼ਟੀਅਰ ਵਿਚੋਂ, ਲੋਕ ਸਿਮਰਤੀ ਵਿਚੋਂ, ਸਿੱਖ ਇਤਿਹਾਸ ਵਿਚੋਂ ਢੁਕਵੇਂ ਵੇਰਵੇ ਦੇ ਕੇ ਮੁਕਾਮੀ ਇਤਿਹਾਸ (Local History) ਨੂੰ ਉਘਾੜ੍ਹਦੇ ਹਨ।ਮਿਸਾਲ ਵਜੋਂ ਨਾਮਧਾਰੀ ਸਿੱਖਾਂ ਦੀ 'ਮਸਤਾਨਾ ਪਰੰਪਰਾ' ਦੇ ਮੋਢੀਆਂ ਵਾਲਾ ਰੁਤਬਾ ਰੱਖਣ ਵਾਲੇ 'ਢਾਈਆਂ

ਵਿਚੋਂ ਇਕ – ਸਮਰੱਥ ਪੁਰਖ ਬਾਬਾ ਜਮੀਅਤ ਸਿੰਘ ਕਾਹਨਾ ਕਾਛਾ' ਵਾਲਾ ਮਜ਼ਮੂਨ ਗੰਭੀਰ ਪ੍ਰਾਪਤੀ ਹੈ।

ਕੂਕਾ ਲਹਿਰ ਵਿਚ ਨਾਤੇਦਾਰੀ–ਸਾਕਾਚਾਰੀ ਸੰਬੰਧਾਂ ਦੀ ਸਰਗਰਮੀ ਦਿਸਦੀ ਹੈ।ਹੋਰਾਂ ਦੇ ਨਾਲ 'ਭਾਈ ਆਤਮਾ ਸਿੰਘ ਆਲੋ ਮੁਹਾਰ' ਪੰਜਾਂ ਪਿਆਰਿਆਂ ਵਿਚੋਂ ਇਕ ਸਨ। ਸੰਤ ਨਿਧਾਨ ਸਿੰਘ ਆਲਿਮ ਤੋਂ ਇਲਾਵਾ ਵੇਰਵੇ ਲਗਭਗ ਖ਼ਾਮੋਸ਼ ਹਨ, ਪਰ ਵਿਰਕ ਜੀ ਪੁਰਾਣੇ ਸਾਹਿਤ ਅਤੇ ਮੌਖਿਕ ਬਿਆਨਾਂ ਦੇ ਨਾਲ ਜ਼ਮੀਨੀ ਖੋਜ ਕਾਰਜ ਰਾਹੀਂ ਨਾਮਧਾਰੀ ਲਹਿਰ ਦੇ ਵਿਸਥਾਰਤ ਸਮਾਜਕ ਆਧਾਰ ਦੀ ਇਕ ਹੋਰ ਗੌਲਣਯੋਗ ਪਰਤ – ਸਰਕਾਰੀ ਨੌਕਰੀਸ਼ੁਦਾ, ਅਰੋੜੇ ਖਤਰੀ ਅਤੇ ਪੜ੍ਹੇ ਲਿਖੇ ਸ਼ਹਿਰੀ ਤਬਕੇ – ਸਾਹਮਣੇ ਲਿਆਉਂਦੇ ਹਨ:

"ਝਨਾਂ ਦੇ ਕੰਢੇ ਦਾ ਭਾਈ ਰੁਲਦੂ ਸਿੰਘ ਅਤੇ ਆਲੋ ਮੁਹਾਰ (ਸਿਆਲਕੋਟ) ਦੇ ਦੋ ਹੋਰ ਪਟਵਾਰੀ ਕੂਕੇ – ਇਹ ਸਾਰੀ ਮਹਿਮਾ ਭਾਈ ਆਤਮਾ ਸਿੰਘ ਆਲੋ ਮੁਹਾਰ ਦੀ ਸੀ ਜਿਹਨਾਂ ਨਾ ਸਿਰਫ਼ ਆਪਣੇ ਪਿੰਡ ਵਿਚ, ਸਗੋਂ ਗੁਆਂਢੀ ਜ਼ਿਲ੍ਹਿਆਂ ਦੇ ਅਰੋੜੇ ਖੱਤਰੀਆਂ ਅਤੇ ਪੜ੍ਹੇ ਲਿਖੇ ਸ਼ਹਿਰੀ ਤਬਕੇ ਵਿਚ ਵੀ ਕੂਕੇ ਬਣਾਏ।ਟੇਕ ਸਿੰਘ ਪਟਵਾਰੀ ਜਿਹੇ ਕੱਟੜ ਕੂਕੇ ਹੀ ਆਪਣੀ ਨੌਕਰੀ ਦੀ ਕੀਮਤ 'ਤੇ ਵੀ ਕਹਿ ਸਕਦੇ ਸਨ ਕਿ ਸੱਚਾ ਗੁਰੂ ਤਾਂ ਸਤਿਗੁਰੂ ਰਾਮ ਸਿੰਘ ਹੀ ਹੈ। ਭਾਈ ਆਤਮਾ ਸਿੰਘ ਅਲੋਪ ਰਹਿ ਕੇ ਵੀ ਨਾਮਧਾਰੀ ਇਤਿਹਾਸ 'ਤੇ ਆਪਣੀ ਡੂੰਘੀ ਛਾਪ ਛੱਡਦਾ ਹੈ।"

ਇਸ ਪੁਸਤਕ ਲੜੀ ਵਿਚ ਕੂਕਾ ਲਹਿਰ ਅੰਦਰ ਔਰਤਾਂ ਦੀ ਸਰਗਰਮ ਹਿੱਸੇਦਾਰੀ ਅਨੇਕ ਪੱਧਰਾਂ ਉਤੇ ਦਿਸਦੀ ਹੈ। ਪੰਜਾਬ ਦੇ ਸਮਾਜਕ ਇਤਿਹਾਸ ਵਿਚ ਇਹਨਾਂ ਧਰਮੀ, ਦ੍ਰਿੜ੍ਹ ਅਤੇ ਸੰਗਰਾਮੀ ਔਰਤਾਂ ਦੀ ਗਿਣਤੀ ਅਤੇ ਵੇਰਵੇ ਦੇ ਕੇ ਉਹਨਾਂ ਦੀ ਕਰਨੀ ਨੂੰ ਕੇਂਦਰ ਵਿਚ ਲਿਆਉਣਾ ਇਸ ਉੱਦਮ ਦੀ ਨਿੱਗਰ ਪ੍ਰਾਪਤੀ ਹੈ। ਮਾਈ ਜੁਆਲਾ ਦੇਈ, ਮਾਈ ਗੁਰਦੇਈ ਖੰਨੇ ਵਾਲੀ, ਮਾਈ ਅਤਰੀ, ਮਾਤਾ ਜੀਵਨ ਕੌਰ, ਗੁਰੂ ਜਨਨੀ ਮਾਤਾ ਸਦਾ ਕੌਰ, ਜਗਤ ਮਾਤਾ ਜੱਸਾਂ ਜੀ, ਬੀਬੀ ਨੰਦਾਂ, ਜਗਤ ਮਾਤਾ ਫ਼ਤਹਿ ਕੌਰ ਜੀ, ਮਾਈ ਭੋਲੀ ਲੁਧਿਆਣੇ ਵਾਲੀ, ਮਾਤਾ ਭੁਪਿੰਦਰ ਕੌਰ ਜੀ, ਮਾਤਾ ਸਾਹਿਬ ਕੌਰ ਪੱਧਰੀ, ਮਾਈ ਇੰਦ ਕੌਰ ਹੰਢਿਆਇਆ, ਮਾਈ ਉੱਤਮੀ ਉਰਫ਼ ਘੁੱਲੀ, ਮਾਈ ਅਤਰ ਕੌਰ ਮਾਈਸਰਖਾਨਾ, ਮਾਈ ਬੁੱਧਾਂ, ਮਾਈ ਮਹਾਤਮਾ ਜਾਂ ਸੂਬਾ ਹੁਕਮ ਕੌਰ ਅਤੇ ਹੋਰ ਸਿਦਕੀ ਵੀਰਾਂਗਣਾਵਾਂ ਦਾ ਵਰਨਣ ਸਾਡੇ ਸਿਰ ਵਿਰਕ ਜੀ ਵੱਲੋਂ ਕੀਤਾ ਅਹਿਸਾਨ ਹੈ। ਨਾਮਧਾਰੀ ਪੰਥ ਵਿਚ ਪਹਿਲਾ ਇਸਤਰੀ ਸੂਬਾ ਹੋਣ ਦਾ ਮਾਣ ਬੀਬੀ ਹੁਕਮ ਕੌਰ ਜੀ

ਨੂੰ ਜਾਂਦਾ ਹੈ। ਬਾਬਾ ਰਾਮ ਸਿੰਘ 'ਨਾਰੀ ਨਿੰਦਾ' ਵਾਲੇ 'ਸਭਿਆਚਾਰ' ਤੋਂ ਦੂਰ ਸਨ, ਔਰਤਾਂ ਦੀ ਹਸਤੀ ਦਾ ਸਨਮਾਨ ਬਹਾਲ ਕਰਨ ਹਿਤ ਆਵਾਜ਼ ਬੁਲੰਦ ਕਰਦਿਆਂ ਕੁਰੀਤੀਆਂ ਤਜਣ ਨੂੰ ਨਾਮਧਾਰੀ ਜੀਵਨ ਜਾਚ ਦਾ ਅੰਗ ਬਨਾਉਣ ਵਾਲੇ ਸਨ। ਕੂਕਾ ਲਹਿਰ ਦੇ ਸਮਾਜਕ ਪਸਾਰ ਵਿਚ ਇਕ ਨੁਕਤਾ ਸਾਡਾ ਧਿਆਨ ਖਿੱਚਦਾ ਹੈ ਕਿ ਸਾਦਾ, ਸਮੂਹਿਕ ਅਤੇ ਅੰਤਰਜਾਤੀ ਵਿਆਹਾਂ ਦੀ ਪਰੰਪਰਾ ਵੀ ਸਾਹਮਣੇ ਆਉਂਦੀ ਹੈ ਅਤੇ ਜੱਟਾਂ ਦੀਆਂ ਧੀਆਂ ਦੇ ਰਿਸ਼ਤੇ ਰਾਮਗੜ੍ਹੀਆਂ, ਛੀਂਬਿਆਂ, ਆਦਿ ਵਿਚ ਹੁੰਦੇ ਹਨ। ਔਰਤਾਂ ਨੂੰ ਗੁਰਮੁਖੀ ਵਿਚ ਸਿੱਖਿਅਤ ਕਰਨਾ ਅਤੇ ਸਿੰਘਾਂ ਦੇ ਬਰਾਬਰ ਹੀ ਖਾਲਸਈ ਰਹਿਤ ਮਰਿਆਦਾ ਦੇ ਧਾਰਨੀ ਬਨਾਉਣ ਜਿਹੇ ਕਾਰਜ ਤੋਰਨਾ ਕਿ "ਭੈਣਾਂ ਨੂੰ ਵੀ ਆਪਣੇ ਭਰਾਵਾਂ ਨਾਲ ਮਿਲ ਕੇ ਗੋਰਿਆਂ ਦੇ ਖ਼ਿਲਾਫ਼ ਜੰਗ ਲੜਨ ਲਈ ਤਿਆਰ ਕੀਤਾ ਜਾ ਰਿਹਾ ਹੈ।"

ਇਸ ਰੌਸ਼ਨੀ ਵਿਚ ਦੇਖਿਆਂ 'ਸੂਬਾ ਹੁਕਮੀ' ਇਕ "ਪੜ੍ਹੀ ਲਿਖੀ, ਨਾਮਬਾਣੀ ਵਿਚ ਪਰਪੱਕ. ਕਿਸਾਨ ਪਿਛੋਕੜ ਵਿਚੋਂ ਆਈ, ਮਾਝਾ ਖਿੱਤੇ ਨਾਲ ਸੰਬੰਧਿਤ, ਯੁਵਾ ਅਤੇ ਉਤਸ਼ਾਹੀ" ਔਰਤ ਸੀ। ਇਸ ਚੋਣ ਉੱਤੇ ਪੂਰਾ ਉਤਰਨ ਲਈ: "ਆਪਣਾ ਸਮੁੱਚਾ ਜੀਵਨ, ਗੁਰੂ ਆਸ਼ੇ ਅਨੁਸਾਰ, ਗੁਰਮਤ ਜੀਵਨ ਜਾਚ ਦਾ ਪ੍ਰਚਾਰ ਕਰਦਿਆਂ, ਸਧਾਰਨ ਤੋਂ ਲੈ ਕੇ ਰਾਜ ਦਰਬਾਰਾਂ ਦੀਆਂ ਬੀਬੀਆਂ ਨੂੰ ਸਿੱਖੀ ਵਿਚ ਪਰਪੱਕ ਕਰਨ ਲਈ ਵਕਫ਼ ਕਰ ਦਿੱਤਾ।" ਮਾਈ ਮਹਾਤਮਾ ਦੇ ਲਕਬ ਨਾਲ ਜਾਣੀ ਜਾਂਦੀ ਬੀਬੀ ਹੁਕਮ ਕੌਰ ਦੇ ਕਾਰਜਾਂ ਬਾਰੇ ਪੁਲੀਸ ਰਿਕਾਰਡ ਵੀ ਬੋਲਦਾ ਹੈ। ਇਨ੍ਹਾਂ ਇੰਦਰਾਜਾਂ ਤੋਂ ਵਿਰਕ ਜੀ 19ਵੀਂ ਸਦੀ ਦੇ ਪੰਜਾਬੀ ਸਮਾਜ ਵਿਚ ਇਕ ਪੇਂਡੂ ਕਿਸਾਨੀ ਪਿਛੋਕੜ ਵਾਲੀ ਪ੍ਰਬੁੱਧ ਔਰਤ, ਸੂਬਾ ਹੁਕਮ ਕੌਰ ਦਾ ਜੀਵਨ ਵਰਨਣ ਕਰਦਿਆਂ ਉਸ ਦੀ ਬੌਧਿਕ ਸਿਖਲਾਈ, ਜਨਤਕ ਤੌਰ 'ਤੇ ਕਥਾਕਾਰੀ ਕਰਨਾ ਅਤੇ ਕੂਕਾ ਸੂਬਾ ਹੋਣ ਕਰ ਕੇ ਅੰਦੋਲਨ ਨੂੰ ਲਾਮਬੰਦ ਕਰਦਿਆਂ ਨਜ਼ਰਬੰਦੀ ਹੰਢਾਉਣ ਬਾਰੇ ਸਾਨੂੰ ਵਡਮੁੱਲੀ ਜਾਣਕਾਰੀ ਦਿੰਦੇ ਹਨ:

"ਛੋਟੀ ਉਮਰ ਤੋਂ ਹੀ ਉਸ ਅੰਮ੍ਰਿਤਸਰ ਵਿਚ ਨਿਰਮਲੇ ਸੰਤ ਮਿਸ਼ਰਾ ਸਿੰਘ ਜੀ ਦੇ ਡੇਰੇ ਰਹਿ ਕੇ, ਆਦਿ ਗ੍ਰੰਥ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਵਿਦਿਆ, ਅਰਥ-ਬੋਧ ਅਤੇ ਵੇਦਾਂਤ ਦੀ ਜਾਣਕਾਰੀ ਵੀ ਹਾਸਿਲ ਕੀਤੀ। ਆਪ ਹਰ ਰੋਜ਼ ਬਾਬਾ ਦੀਪ ਸਿੰਘ ਸ਼ਹੀਦ ਦੇ ਬੁੰਗੇ, ਪਰਕਰਮਾ ਵਿਚ ਕਥਾ ਵੀ ਕਰਿਆ ਕਰਦੇ ਸਨ। ਫ਼ਿਰ ਸਤਿਗੁਰੂ ਰਾਮ ਸਿੰਘ ਜੀ ਦੇ 1862 ਈ. ਦੀਵਾਲੀ ਸਮੇਂ ਅੰਮ੍ਰਿਤਸਰ ਦਰਸ਼ਨ ਦੇਣ ਵੇਲੇ, ਬੀਬੀ ਹੁਕਮੀ ਵੀ ਨਾਮ ਦੀ ਦਾਤ ਲੈ ਕੇ ਨਾਮਧਾਰੀ ਸੰਤ ਖਾਲਸੇ ਵਿਚ ਸ਼ਾਮਲ ਹੋ ਗਈ ਅਤੇ ਬਾਕੀ ਜੀਵਨ ਗੁਰਮਤ ਪ੍ਰਚਾਰ ਅਤੇ ਵਿਦੇਸ਼ੀ ਹਕੂਮਤ ਵਿਰੁਧ ਜਨ ਵਿਦਰੋਹ

ਲਾਮਬੰਦ ਕਰਨ ਨੂੰ ਸਮਰਪਿਤ ਕਰ ਦਿੱਤਾ। 1872 ਈ. ਵਿਚ ਇਕ ਪ੍ਰਮੁਖ ਕੂਕਾ ਸੂਬਾ ਦੇ ਤੌਰ 'ਤੇ ਆਪ ਨੂੰ ਪੇਕੇ ਪਿੰਡ ਵਰਿਆਂਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਪਿੰਡ ਵਿਚ ਕਥਾ ਕਰਨੀ, ਕੀਰਤਨ ਕਰਨਾ ਅਤੇ ਸੁਬ੍ਹਾ ਸ਼ਾਮ ਸਤਿਸੰਗ ਦੇ ਅਸਰ ਹੇਠ ਬਹੁਤ ਸਾਰੇ ਲੋਕ, ਨਾਮਧਾਰੀ ਸੰਤ ਖ਼ਾਲਸਾ ਦੇ ਲੜ ਲੱਗ ਗਏ।"

ਗ਼ਦਰੀ ਬੀਬੀ ਗੁਲਾਬ ਕੌਰ ਬਖ਼ਸ਼ੀਵਾਲਾ, ਭਾਬੀ ਦੁਰਗਾਵਤੀ ਅਤੇ ਹੋਰ ਸੰਗਰਾਮੀ ਔਰਤਾਂ ਦੀ ਅਗਵਾਈ ਕਰਨ ਵਾਲੀ ਬੀਬੀ ਹੁਕਮੀ ਨੂੰ ਸਾਡੇ ਸਮਿਆਂ ਵਿਚ ਲੈ ਆਉਣਾ ਵਿਰਕ ਜੀ ਦਾ ਸਥਾਈ ਯੋਗਦਾਨ ਮੰਨਿਆ ਜਾਵੇਗਾ।

ਸਾਮਰਾਜ-ਵਿਰੋਧ ਦੀ ਚੂਲ਼ ਕੂਕਾ-ਲਹਿਰ ਨੂੰ ਇਕਾਗਰਤਾ ਦਿੰਦੀ ਹੈ। ਜਿਸ ਨਾਲ ਸਿੱਖ ਲਹਿਰ ਦੀ ਵਿਰਾਸਤੀ ਚਿੰਨ੍ਹ ਪ੍ਰਣਾਲੀ, ਗਿਆਨ-ਚੇਤਨਾ ਅਤੇ ਸਚਿਆਰ ਕਮਾਉਣ ਦੇ ਉਦੇਸ਼ ਦਾ, 19ਵੀਂ ਸਦੀ ਦੇ ਦੂਜੇ ਅੱਧ ਵਿਚ ਬਸਤੀਵਾਦੀ ਹਕੂਮਤ ਖ਼ਿਲਾਫ਼ ਸੰਘਰਸ਼ ਨੂੰ ਸਾਹਮਣੇ ਰੱਖਦਿਆਂ, ਰਾਜਸੀ-ਵਿਚਾਰਧਾਰਕ ਪਲਟਾਅ ਕੀਤਾ ਗਿਆ। ਕੂਕਾ ਰਹਿਤ ਦੇ ਧਾਰਨੀਆਂ ਨੂੰ ਹਕੂਮਤ ਕੈਰੀ ਅੱਖ ਨਾਲ ਵੇਖਦੀ ਸੀ। ਮਿਸਾਲ ਵਜੋਂ ਮਾਲਵੇ ਦੀਆਂ ਰਿਆਸਤਾਂ ਵਿਚੋਂ ਫ਼ਰੀਦਕੋਟ ਦੀ ਜੇਲ੍ਹ ਵਿਚ ਕੈਦ 'ਭੂਰਿਆਂ ਵਾਲਿਆਂ ਵਿਚੋਂ ਇਕ - ਬਾਬਾ ਕਾਹਨ ਸਿੰਘ ਬਾਜਾ ਖਾਨਾ' ਨੂੰ:

"ਰਾਜੇ ਵੱਲੋਂ ਵਾਰ ਵਾਰ ਕੂਕਾ ਰਹਿਤ ਮਰਿਆਦਾ ਤਿਆਗਣ ਲਈ, ਖੂਹ ਵਿਚੋਂ ਡੋਲ ਨਾਲ ਕੱਢਣ ਦੀ ਜਗ੍ਹਾ ਚਮੜੇ ਦੇ ਬੋਕੇ ਨਾਲ ਉਸ ਵਿਚੋਂ ਕੱਢਿਆ ਪਾਣੀ, ਪੀਣ ਅਤੇ ਸਤਿਗੁਰੂ ਰਾਮ ਸਿੰਘ ਨੂੰ ਆਪਣਾ ਇਸ਼ਟ ਨਾ ਮੰਨਣ ਕਿਹਾ ਜਾਂਦਾ।...ਕੂਕਿਆਂ ਦੀ ਕਿਸੇ ਵੀ ਸਮਾਜਿਕ ਜਾਂ ਧਾਰਮਿਕ ਜਥੇਬੰਦੀ ਵਿਚ ਸ਼ਾਮਿਲ ਹੋਣਾ ਹੀ ਰਾਜ-ਵਿਰੋਧੀ ਗਤੀਵਿਧੀ ਸਮਝਿਆ ਜਾਂਦਾ ਸੀ।...(ਕੂਕੇ)...ਅਰਦਾਸ ਵਿਚ ਜਦੋਂ "ਮਹਾਂ-ਮਲੇਛ ਦਾ ਨਾਸ" ਅਤੇ ਆਪਣੇ "ਸੰਤ ਖਾਲਸੇ ਦੇ ਪਰਕਾਸ਼" ਦੀ ਮੰਗ ਕਰਦੇ ਹਨ ਤਾਂ ਇਸ ਨਾਲ ਉਹ ਆਮ ਲੋਕਾਂ ਵਿਚ ਅੰਗਰੇਜ਼ ਰਾਜ-ਵਿਰੋਧੀ ਜਜ਼ਬਾ ਉਭਾਰਦੇ ਹਨ।"

ਸਾਡੇ ਲਈ ਸਾਫ਼ ਹੁੰਦਾ ਜਾਂਦਾ ਹੈ ਕਿ ਸਾਮਰਾਜ-ਵਿਰੋਧ ਨੂੰ ਆਪਣੇ ਉਤਸ਼ਾਹੀ ਬੋਲਿਆਂ ਸਦਕਾ ਸਿੱਖ ਲਹਿਰ ਦੇ ਟਕਸਾਲੀ ਸੰਘਰਸ਼ੀ ਚਿੰਨ੍ਹ ਪ੍ਰਬੰਧ ਵਿਚ ਢਾਲੇ ਜਾਣ ਦੀ ਕਵਾਇਦ ਜਾਰੀ ਸੀ। ਸਪਸ਼ਟ ਇਹ ਵੀ ਹੈ ਕਿ ਇਨ੍ਹਾਂ ਰਿਆਸਤਾਂ ਦੇ ਰਾਜੇ ਅਤੇ ਅਹਿਲਕਾਰ ਅੰਗਰੇਜ਼-ਪੱਖੀ ਸਨ, ਪਰ ਉਥੋਂ ਦੀ ਜਨਤਾ ਵਿਚ ਕੂਕਾ-ਹਮਦਰਦੀ ਦੀ ਭਾਵਨਾ ਮੌਜੂਦ ਸੀ।

ਇਸੇ ਭਾਵਨਾ ਦਾ ਇਕ ਹੋਰ ਸਰੋਤ ਕੂਕਾ ਕੇਂਦਰ ਭੈਣੀ ਸਾਹਿਬ ਦੇ ਡੇਰੇ

ਦੇ ਬੂਹੇ 'ਤੇ ਅੰਗਰੇਜ਼ ਸਰਕਾਰ ਦੀ ਪੁਲੀਸ ਚੌਂਕੀ (1872-1923) ਸੀ। 'ਸ੍ਰੀ ਮਹਾਰਾਜ ਬੀਰ ਸਿੰਘ ਜੀ - ਜੀਵਨ ਅਤੇ ਰਚਨਾ' ਵਿਚ ਵਿਰਕ ਜੀ ਇਸ ਚੌਂਕੀ ਅਤੇ ਬਾਬਾ ਰਾਮ ਸਿੰਘ ਜੀ ਦੀ ਰੰਗੂਨ ਵਿਚ ਜਲਾਵਤਨੀ ਦੀ ਕਰਕ ਅਤੇ ਰੋਹ ਬਾਰੇ ਦੱਸਦੇ ਹਨ:

"ਆਪਣੇ ਪਰਦੇਸੀ ਪ੍ਰੀਤਮ, ਸਤਿਗੁਰੂ ਰਾਮ ਸਿੰਘ ਜੀ ਦੇ ਮੁੜ ਘਰ ਪਰਤਣ, ਦੇਸ਼ ਵਾਪਸੀ ਲਈ ਕੂਕੇ ਮਸਤਾਨਿਆਂ ਦੇ ਹਉਕੇ, ਹਟਕੋਰੇ ਅਜੇ ਭੈਣੀ ਸਾਹਿਬ ਦੀਆਂ ਫ਼ਿਜ਼ਾਵਾਂ ਵਿਚ ਅਕਸਰ ਸੁਣੇ ਜਾਂਦੇ ਸਨ। ਇਹੋ ਕਾਰਨ ਸੀ ਕਿ ਜਿਸ ਵਾਤਾਵਰਨ ਵਿਚ ਆਪ ਦੀ ਪਰਵਰਿਸ਼ ਹੋਈ ਉਸ ਵਿਚ ਫਰੰਗੀ ਸਰਕਾਰ ਦੀ ਰਾਜ-ਭਗਤੀ ਦੀ ਕੋਈ ਗੁੰਜਾਇਸ਼ ਨਹੀਂ ਸੀ। ਸਥਾਪਿਤ ਸੱਤਾ ਅਤੇ ਗ਼ਲਤ ਕਦਰਾਂ ਕੀਮਤਾਂ ਤੋਂ ਨਾਬਰੀ, ਇਸ ਤਰ੍ਹਾਂ ਆਪ ਦੇ ਸੁਭਾਅ ਦਾ ਅਨਿੱਖੜਵਾਂ ਅੰਗ ਬਣ ਗਈ।"

ਪਹਿਲਾਂ ਖਾਲਸਾ ਰਾਜ ਖੋਹੇ ਜਾਣ ਦਾ ਕਾਲ ਚੱਕਰ, ਫਿਰ ਉਸ ਨੂੰ ਹਾਸਲ ਕਰਨ ਹਿਤ ਲਾਮਬੰਦੀ ਦਾ ਦੌਰ ਅਤੇ ਹੁਣ ਮਲੇਰਕੋਟਲੇ ਦੇ ਸਾਕੇ ਮਗਰੋਂ 'ਪ੍ਰੀਤਮ' ਦੇ 'ਪਰਦੇਸੀ' ਹੋ ਜਾਣ ਦਾ ਸੱਲ ਨਾਮਧਾਰੀ ਪੰਥ ਦੀ ਅੰਤਰੀਵ ਭਾਵਨਾ ਵਿਚ ਬਿਰਹੋਂ-ਵੈਰਾਗ ਦੀ ਤੰਦ ਜੋੜ ਗਿਆ। ਇਹ ਤੰਦ ਸਾਨੂੰ ਇਤਿਹਾਸਕ ਘਟਨਾਵਲੀ, ਸਾਮਰਾਜੀ ਦਮਨ ਅਤੇ ਪੰਜਾਬੀ ਲੋਕਾਈ ਦੇ ਹਿਰਾਵਲ ਦਸਤੇ ਵਾਸਤੇ ਖੜ੍ਹੀ ਹੋਈ ਵੰਗਾਰ ਨਾਲ ਦੋ-ਚਾਰ ਕਰਵਾਉਂਦੀ ਹੈ।

ਸੁਵਰਨ ਸਿੰਘ ਵਿਰਕ ਇਸ ਮੁਕਾਮ ਉਤੇ ਸਾਡੇ ਵੱਡੇ ਸੇਧਗਾਰ ਵਜੋਂ ਲੋੜੀਂਦੇ ਸੰਦਰਭਾਂ ਨੂੰ ਰੌਸ਼ਨ ਕਰਦੇ ਹਨ। ਸਾਨੂੰ ਸੋਝੀ ਦਿੰਦੇ ਹਨ ਕਿ ਕੂਕਾ ਲਹਿਰ ਦੇ ਕੇਂਦਰੀ ਉਦੇਸ਼, ਸੰਗਠਨ ਅਤੇ ਸਰਗਰਮੀ ਦੇ ਸਮਾਨਅੰਤਰ ਅਤੇ ਸਹਿਯੋਗੀ ਧਾਰਾਵਾਂ ਵਗਦੀਆਂ ਰਹੀਆਂ ਹਨ। ਉਦਾਹਰਨ ਵਜੋਂ 'ਮਸਤਾਨਾ ਧਾਰਾ', 'ਖਾੜਕੂ ਧਾਰਾ', 'ਰਾਮ-ਵਿਯੋਗੀਆਂ' ਦੀ ਧਾਰਾ, 'ਰੰਗੂਨ ਦਰਸ਼ਨੀਆਂ' ਦੀ ਧਾਰਾ ਅਤੇ ਭਾਈ ਸੱਦਾ ਸਿੰਘ ਕਬੀਰ ਵਾਲੀ 'ਛੂਤੀਆ ਸ਼ਾਖਾ' ਅਤੇ ਹੋਰ ਅਜਿਹੀਆ ਧਾਰਾਵਾਂ ਜਿਹਨਾਂ ਦਾ ਜ਼ਿਕਰ ਸਾਡੀ ਅਕਾਦਮਿਕ ਇਤਿਹਾਸਕਾਰੀ ਵਿਚ ਅਕਸਰ ਨਹੀਂ ਹੁੰਦਾ। ਉਹਨਾਂ ਵਿਚ ਕੂਕਾ ਲਹਿਰ ਦਾ ਕੇਂਦਰੀ ਚਰਿੱਤਰ, ਨਿਸ਼ਾਨਾ, ਸਰਗਰਮੀ ਅਤੇ ਆਗੂਆਂ ਦਾ ਜ਼ਿਕਰ ਹੁੰਦਾ ਹੈ। 1872 ਵਿਚ ਬਾਬਾ ਰਾਮ ਸਿੰਘ ਦੀ ਜਲਾਵਤਨੀ ਮਗਰੋਂ ਦਾ ਕਾਲ ਖੰਡ ਨਵੇਂ ਆਗੂਆਂ ਨਾਲ ਮੁਸ਼ਕਿਲ ਹਾਲਾਤ ਵਿਚ ਸਰਕਾਰੀ ਦਬਾਅ, ਤਣਾਅ ਅਤੇ ਦਮਨ ਨੂੰ ਝੱਲਦਿਆਂ ਸਾਮਰਾਜ-ਵਿਰੋਧ ਦਾ ਸਭਿਆਚਾਰ ਉਸਾਰਨ ਅਤੇ ਪ੍ਰਸਾਰਨ ਦਾ ਸਵਾਲ ਉੱਭਰਦਾ ਜਾਂਦਾ

ਹੈ। ਇਹਨਾਂ ਜੀਵਨੀਆਂ ਵਿਚ ਨਾਮਧਾਰੀ ਪੰਥ ਦੇ ਸਨਮੁਖ ਅੰਦਰੂਨੀ ਵੰਗਾਰਾਂ ਅਤੇ ਬਾਹਰੀ ਏਕਤਾ ਕਾਇਮ ਰੱਖਣ ਦਾ ਮੁੱਦਾ ਹਾਜ਼ਰ ਰਹਿੰਦਾ ਹੈ। ਪਤਾ ਲਗਦਾ ਹੈ ਕਿ ਇਸ ਖ਼ਿਲਾਅ ਵਿਚ ਨਵੇਂ ਗੱਦੀਦਾਰਾਂ ਵਜੋਂ ਦਾਅਵਾ ਕਰਨ ਲਈ ਕਈ ਮਾਈ-ਭਾਈ ਉਠ ਖੜ੍ਹੇ ਅਤੇ ਬਾਬਾ ਹਰੀ ਸਿੰਘ (1872-1906) ਨੇ ਕਿਸ ਤਰ੍ਹਾਂ ਇਨ੍ਹਾਂ ਚੁਣੌਤੀਆ ਨੂੰ ਨਜਿੱਠਿਆ। ਸਰਕਾਰ ਤੋਂ ਮਨਜ਼ੂਰੀ ਲੈ ਕੇ ਪ੍ਰਚਾਰ ਦੌਰੇ ਕਰਨੇ; ਲੰਗਰ ਦੀਵਾਨ ਲਾਉਣੇ; ਕਥਾ ਕੀਰਤਨ ਤੋਰਨਾ ਅਤੇ ਮੁਹੱਲੇ ਕੱਢਣ ਸਦਕਾ ਸੰਗਤਾਂ ਨੂੰ ਜੋੜ ਕੇ ਵੀ ਰੱਖਣਾ ਉਤੇ ਨਾਲ ਹੀ ਆਪਣਾ ਪ੍ਰਭਾਵ ਵੀ ਸਿੱਧ ਕਰਨਾ। ਇਸ ਸਾਰੇ ਦੌਰ ਵਿਚ ਸੰਤ ਸੰਤੋਖ ਸਿੰਘ ਬਾਹੋਵਾਲ ਨੂੰ ਹਾਲ ਅਹਿਵਾਲ ਲਿਖਣ ਲਈ ਨਾਲ ਰੱਖਣਾ, ਲਿਖੇ ਹੋਏ 'ਤੇ ਨਿਰਖ ਕਰਨੀ ਅਤੇ ਪੋਥੀ ਤਿਆਰ ਕਰਨੀ। ਇਤਾਲਵੀ ਮਾਰਕਸਵਾਦੀ ਦਾਨਿਸ਼ਵਰ ਅੰਤੋਨੀਓ ਗ੍ਰਾਮਸ਼ੀ ਅਨੁਸਾਰ ਪਹਿਲੇ ਦੌਰ ਵਿਚ ਰਾਜ ਸੱਤਾ ਨਾਲ ਸਿੱਧੇ ਟਾਕਰੇ (War of Attrition) ਵਿਚ ਨਾਕਾਮ ਹੋ ਜਾਣ ਪਿਛੋਂ ਨਵੀਂ ਰਣਨੀਤੀ ਤਹਿਤ ਸਭਿਆਚਾਰਕ-ਵਿਚਾਰਧਾਰਕ ਸਫ਼ਬੰਦੀ (War of Position) ਦੇ ਪੈਂਤੜੇ ਵਜੋਂ ਅਪਣਾਇਆ ਗਿਆ।

'ਜੋਟੀਆਂ' ਦੀਆਂ ਧਾਰਨਾਵਾਂ ਅਤੇ ਵਧੇਰੇ ਤੀਖਣ ਰੂਪ ਵਿਚ 'ਹੱਲੇ' ਦੀਆਂ ਧਾਰਨਾਵਾਂ ਨਾਲ ਕਥਾ-ਕੀਰਤਨ ਵਾਲਾ 'ਹੱਲੇ ਦਾ ਦੀਵਾਨ' ਇਸ ਦੌਰ ਦੇ ਕੂਕਾ ਅੰਦੋਲਨ ਦੀ ਮਹੱਤਵਪੂਰਨ ਸੰਸਥਾ ਬਣਦਾ ਤੁਰਿਆ ਗਿਆ। ਦੇਖਣ ਨੂੰ ਸਧਾਰਨ ਧਾਰਮਿਕ ਇਕੱਤਰਤਾ ਪਰ ਤੱਤ ਵਜੋਂ ਕੂਕਾ ਵਿਚਾਰਧਾਰਾ ਨਾਲ ਸੀਖੀ ਹੋਈ ਜੁਗਤ ਬਾਰੇ ਵਿਰਕ ਜੀ 'ਬਹੁ ਆਯਾਮੀ ਪ੍ਰਤਿਭਾ - ਸੰਤ ਨਿਧਾਨ ਸਿੰਘ 'ਆਲਿਮ', 'ਆਸ਼ਕਾਂ ਸਾਦਕਾਂ ਦੇ ਕੀਰਤਨੀਏ - ਸੰਤ ਲਾਲ ਸਿੰਘ ਜੀ 'ਭੂਰੇ ਗਿੱਲ', 'ਹੱਲੇ ਦੇ ਦੀਵਾਨ ਦਾ ਸਿਖਰ - ਜਥੇਦਾਰ ਅਤਰ ਸਿੰਘ ਇੰਦਰ ਮੋਹਣੀਆਂ ਵਾਲੇ' ਅਤੇ ਹੋਰ ਮਜ਼ਮੂਨਾਂ ਵਿਚ ਦਸਦੇ ਹਨ। ਵੰਨਗੀ ਦੇਖੋ:

"ਮਹਾਂ ਪੁਰਖਾਂ ਦੇ ਡੇਰੇ ਦੀਵਾਨ ਸਜਿਆ ਹੋਇਆ ਹੈ। ਸਰਾਧਾਂ ਦੀ ਪੁੰਨਿਆ ਹੈ, ਭਾਦਰੋਂ ਦਾ ਮਹੀਨਾ ਹੈ। ਸੰਗਤ ਬੇਅੰਤ ਜੁੜੀ ਹੋਈ ਹੈ। ਸਾਡਾ ਜਥਾ 'ਆਸਾ ਦੀ ਵਾਰ' ਦਾ ਕੀਰਤਨ ਕਰ ਰਿਹਾ ਹੈ। ਸੰਤ ਨੱਥਾ ਸਿੰਘ ਜੀ ਬੜੇ ਪ੍ਰੇਮ ਨਾਲ ਖਲੋ ਕੇ ਪੜ੍ਹ ਰਹੇ ਹਨ - 'ਰਾਮ ਰਸੁ ਪੀਆ ਰੇ। ਜਿਹ ਰਸ ਬਿਸਰਿ ਗਏ ਰਸ ਅਉਰ

(ਗਉੜੀ ਕਬੀਰ ਜੀ, ਪੰ. 337)

ਠਾਕੁਰ ਜੀ (ਸੰਤ ਕੇਸਰ ਸਿੰਘ ਮੁਹਾਵਾ ਵਾਲੇ) ਮਹਾਰਾਜ ਵੀ ਇਕ ਬੰਨਿਓਂ

ਰਾਰਾ ਰਾਰਾ ਕਰਦੇ ਆ ਜਾਂਦੇ ਹਨ। ਹੱਥਾ ਵਿਚ ਪਊਏ, ਖੜਤਾਲਾਂ ਵਾਂਗ ਵਜਾਉਂਦੇ ਹੋਏ, ਦੀਵਾਨ ਵਿਚ ਨਿਰਤਕਾਰੀ ਕਰ ਰਹੇ ਹਨ। ਹੋਰ ਵੀ ਕਈ ਸਾਧ ਮਸਤਾਨੇ ਹੋ ਜਾਂਦੇ ਹਨ। ਕਿਲਕਾਂ ਵੱਜਦੀਆਂ ਹਨ, ਬੋਲੇ ਹੋ ਰਹੇ ਹਨ, ਸੰਗਤ ਮਹਾਨ ਆਨੰਦ ਵਿਚ ਹੈ, ਲੋਕ ਅਸ਼ ਅਸ਼ ਕਰ ਰਹੇ ਹਨ। ਕਿੰਨਾ ਚਿਰ ਇਹ ਰੰਗ ਬੱਝਾ ਰਿਹਾ, ਦੀਵਾਨ ਦਾ ਭੋਗ ਪੈਂਦਾ ਹੈ।"

'ਸਤਿਜੁਗ' ਦੇ ਸੰਤ ਅੰਕ ਵਿਚ ਪ੍ਰਕਾਸ਼ਿਤ ਉਪਰੋਕਤ ਬਿਆਨ ਨਿਧਾਨ ਸਿੰਘ ਆਲਿਮ ਜੀ ਦਾ ਹੈ। ਵਿਰਕ ਜੀ ਇਥੇ ਸਾਨੂੰ ਸਹਿਜੇ ਹੀ ਨਾਮਧਾਰੀ ਸਾਹਿਤ ਦੇ ਨਗੀਨੇ ਦਿਖਾ ਜਾਂਦੇ ਹਨ। ਇਸ ਪੁਸਤਕ ਲੜੀ ਵਿਚ ਆਪਣੇ ਅਧਿਐਨ ਅਤੇ ਪੇਸ਼ਕਾਰੀ ਦੇ ਨਾਲ ਗੁੰਦ ਕੇ ਵਿਰਕ ਜੀ ਨੇ ਨਾਮਧਾਰੀ ਸਾਹਿਤ ਦੀ ਅਮੀਰ ਪਰੰਪਰਾ ਨੂੰ ਸਿਰਫ਼ ਦਸਤਾਵੇਜ਼ ਜਾਂ ਸਬੂਤ ਵਾਂਗ ਹੀ ਨਹੀਂ ਵਰਤਿਆ ਬਲਕਿ ਉਸ ਦੌਰ ਦੇ ਉਲੇਲ-ਖ਼ਮੀਰ ਨਾਲ ਸਾਨੂੰ ਹੇਲ-ਮੇਲ ਵੀ ਕੀਤਾ ਹੈ:

"ਮਸਤਾਨਿਆਂ ਨੇ ਹੱਸਦਿਆਂ-ਹੱਸਦਿਆਂ, ਕੌਮੀ ਮੁਕਤੀ ਲਈ ਸਿਰ ਵੀ ਵਾਰੇ, ਸਤਿਗੁਰੂ ਜੀ ਦੇ ਵਿਜੋਗ ਵਿਚ, 'ਪਰਦੇਸੀ ਪ੍ਰੀਤਮ' ਨੂੰ ਸਿੱਕਦੇ ਰਹੇ। ਉਹਨਾਂ ਰਾਹਾਂ ਨੂੰ ਵਿੰਹਦੇ ਰਹੇ ਜਿੱਥੋਂ ਉਹ ਪਰਦੇਸ ਗਏ ਸਨ। ਉਹ ਰੋਜ਼ ਸੁਬ੍ਹਾ ਸ਼ਾਮ ਦੇ ਦੀਵਾਨਾਂ ਵਿਚ, ਗੁਆਚੇ ਮਾਹੀ ਨੂੰ ਝਬਦੇ ਮੁੜ ਆਉਣ ਦੀਆਂ, ਵਿਜੋਗੀ ਧੁਨਾਂ ਅਲਾਪਦੇ ਰਹੇ। ਇਕ ਪੂਰਾ ਜੀਵਨ ਹਿਜਰ ਵਿਛੋੜੇ ਦੇ ਧੂੰਏਂ ਨੂੰ ਫੋਲਦਿਆਂ ਬਿਤਾ ਦੇਣਾ, ਕੋਈ ਇਹਨਾਂ ਕੂਕਿਆਂ-ਮਸਤਾਨਿਆਂ ਤੋਂ ਸਿੱਖੇ।"

ਵਿਜੋਗ ਦੀ ਇਸ ਸਮੂਹਿਕ ਧਾਰਾ ਨੂੰ ਪੰਜਾਬ ਵਿਚ ਪ੍ਰਚਲਿਤ ਸੂਫ਼ੀ ਕਲਾਮ ਅਤੇ ਕਿੱਸਾ ਨਾਇਕਾਂ ਦੇ ਪ੍ਰਸੰਗਾਂ ਨਾਲ ਸੰਜੋਗਦਿਆਂ ਕੂਕਾ ਦੀਵਾਨ ਪੇਂਡੂ ਖੇਤਰ ਦੀ ਸਾਂਝੀ ਸਭਿਅਤਾ ਦਾ ਨਿਸ਼ਾਨ ਵੀ ਸਨ। ਇਸ ਸੰਦਰਭ ਵਿਚ ਵਿਰਕ ਜੀ ਨੇ ਆਲਿਮ ਜੀ ਦੇ ਦੀਵਾਨਾਂ ਦੀ ਸਾਰਥਕਤਾ ਇੰਵ ਦਰਸਾਈ ਹੈ:

"ਉਹਨਾਂ ਦੇ ਦੀਵਾਨਾਂ ਦਾ ਆਨੰਦ ਨਾਮਧਾਰੀ ਅਤੇ ਹੋਰ ਸਿੱਖ ਸੰਗਤ ਤੋਂ ਇਲਾਵਾ ਹਿੰਦੂ ਅਤੇ ਮੁਸਲਿਮ ਭਾਈਚਾਰੇ ਵੀ ਮਾਣਦੇ ਸਨ। ਉਹ ਇਸਲਾਮੀ ਅਤੇ ਹਿੰਦੂ ਪੌਰਾਣਿਕ ਗ੍ਰੰਥਾਂ ਦੇ ਵੀ ਗਹਿਰੇ ਵਾਕਿਫ਼ਕਾਰ ਸਨ। ਉਹਨਾਂ ਦੇ ਹੱਲੇ ਦੇ ਦੀਵਾਨ ਦੀਆਂ ਧਾਰਨਾਵਾਂ ਅਤੇ ਗਾਇਨ ਲੋਕ-ਧੁਨਾਂ ਅਤੇ ਲੋਕ-ਸ਼ੈਲੀ ਵਰਗਾ ਹੁੰਦਾ ਸੀ। ਉਹ ਪੜ੍ਹਿਆ ਕਰਦੇ ਸਨ – "ਰਾਧੇ ਭੁੱਲ ਗਈ ਗਗਰੀਆ ਉਠਾਣੀ, ਕਾਹਨ ਤਾਈਂ ਗਊਆਂ ਭੁੱਲੀਆਂ।"

ਇਹੋ ਧੁਨਾਂ ਅਤੇ ਸ਼ੈਲੀ, ਵੈਰਾਗ ਦਾ ਪਹਿਰਾ, ਸ਼ਬਦ ਨੂੰ ਪੁਰਜ਼ੋਰ ਢੰਗ ਨਾਲ

ਪੜ੍ਹਨਾ – ਸੰਗਤਾਂ ਨੂੰ ਮਸਤਾਨੀਆਂ ਹੋਣ ਲਈ ਤੁਣਕਾ ਮਾਰਦਾ ਸੀ, ਪ੍ਰੇਰਨਾ ਦਿੰਦਾ ਸੀ। ਦੀਵਾਨ ਦੀ ਸਫ਼ਲਤਾ ਦਾ ਇਕ ਮਾਪ ਮਸਤਾਨੇ ਹੋਣ ਵਾਲਿਆਂ ਦੀ ਗਿਣਤੀ ਨਾਲ ਵੀ ਅੰਗਿਆ ਜਾਂਦਾ ਸੀ। ਇਸ ਕਿਸਮ ਦੇ ਸੰਗਤੀ ਤੌਰ 'ਤੇ ਵਿਦੇਹ ਹੋਣ ਦੇ ਸਬੱਬ ਭਾਈਚਾਰਕ ਪੰਥਕ ਭਾਵਨਾ ਵੀ ਸਿਰਜਦੇ ਅਤੇ ਅਨੁਭਵ ਨੂੰ ਹੋਰ ਨਿਰਮਲ ਕਰਦੇ। ਫਿਰੰਗੀ ਨਾਲ ਸਿੱਧੀ ਟੱਕਰ ਤੋਂ ਪਹਿਲਾਂ ਵੀ ਲੋਕ ਲਾਮਬੰਦੀ ਹਿਤ ਹੱਲੇ ਦੇ ਦੀਵਾਨ ਇਕ ਮਾਧਿਅਮ ਸਨ, ਪਰ 1872 ਤੋਂ ਬਾਅਦ ਇਸ ਸੰਸਥਾ – ਹੱਲੇ ਦਾ ਦੀਵਾਨ – ਦਾ ਸੋਭਾ ਗਾਣ ਨਾਮਧਾਰੀ ਪੰਥ ਦੀ ਅੰਦਰੂਨੀ ਅਨੁਭਵਕਾਰੀ ਅਤੇ ਬਾਹਰਲੀ ਏਕਤਾ ਨੂੰ ਸਿੰਜਦਾ ਸੀ। ਇਸ ਪਰੰਪਰਾ ਨਾਲ ਜੁੜੇ ਪੁਰਖਾਂ ਦੀ ਮਹਿਮਾ ਲੋਕ ਬਾਣੀ ਵਿਚ ਫੈਲ ਗਈ ਸੀ, ਉਦਾਹਰਣ ਵਜੋਂ ਗ਼ਦਰ ਪਾਰਟੀ ਦੇ ਮੋਢੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੂੰ ਕੂਕਾ ਲਹਿਰ ਨਾਲ ਜੋੜਨ ਵਾਲੇ ਸੰਤ ਕੇਸਰ ਸਿੰਘ ਮੁਹਾਵਾ ਨੂੰ ਮਾਝੇ ਦੀਆਂ ਬੀਬੀਆਂ ਚਰਖਾ ਕੱਤਦਿਆਂ ਸ਼ਬਦ ਪੜ੍ਹਦੀਆਂ – 'ਘਰ ਆ ਜਾ ਬਾਬਾ ਕੇਸਰਾ! ਮੈਂ ਕੇਸਰ ਕੇਸਰ ਕਰਦੀ!'

ਮਾਝੇ ਦੀ ਲੋਕਾਈ ਵਿਚ ਆਦਰਯੋਗ ਹਸਤੀ ਅਤੇ ਸਮਤਾ-ਮੂਲਕ ਸਮਾਜ ਦੇ ਨਿਸ਼ਾਨੇ ਪ੍ਰਤੀ ਸੁਚੇਤ ਬਾਬਾ ਕੇਸਰ ਜੀ ਮਸਤਾਨੇ ਹੋਏ ਨਿਰਤ ਕਰਦੇ, ਆਪਣੇ ਕੱਪੜੇ ਲਾਹ-ਪਾੜ ਦਿੰਦੇ ਅਤੇ ਇਉਂ 'ਸਰਮਦ-ਸਰੂਪ' ਹੋ ਰਹਿੰਦੇ। ਇਕ ਵਾਰ ਬਾਦਸ਼ਾਹੀ ਮਸਜਿਦ ਲਾਹੌਰ 'ਕੇਸਰ ਵਾਹਿਗੁਰੂ – ਵਾਹਿਗੁਰੂ ਕੇਸਰ' ਕਰਦਿਆਂ ਵਹਿਦਤ ਦੇ ਰੰਗ ਵਿਚ ਰੱਤੇ ਹੋਏ ਪੁੱਜੇ ਤਾਂ 'ਅੱਲਾ ਆਇਆ, ਅੱਲਾ ਆਇਆ। ਮੈਂ ਅੱਲਾ, ਮੈਂ ਵਾਹਿਗੁਰੂ' ਦੀ ਮੁਹਾਰਨੀ ਸ਼ੁਰੂ ਕਰ ਦਿੱਤੀ। ਲੋਕਾਂ ਨੇ ਹਜ਼ਰਤ ਮਨਸੂਰ ਹੋਣ ਦੇ ਰੁਤਬੇ ਦੇ ਛੱਡੇ। ਅਜਿਹੇ ਪੁਰਖ ਨੂੰ ਬਾਬਾ ਭਕਨਾ ਜਦੋਂ 'ਧਰਮ-ਨਿਰਪੱਖ, ਅਫ਼ਿਰਕੂ, ਛੂਆ-ਛੂਤ ਦੇ ਵਿਰੋਧੀ, ਜਮਹੂਰੀ ਵਿਚਾਰਾਂ ਦੇ ਧਾਰਨੀ ਅਤੇ ਹਰ ਤਰ੍ਹਾਂ ਦੀਆਂ ਮਜ਼੍ਹਬੀ ਵਲਗਣਾਂ ਤੋਂ ਉਪਰ ਉਠ ਕੇ, ਮਨੁੱਖ ਮਾਤਰ ਦਾ ਭਲਾ ਲੋਚਣ ਵਾਲੇ ਮਹਾਂਪੁਰਖ' ਕਹਿੰਦੇ ਹਨ ਤਾਂ ਕੂਕਾ ਲਹਿਰ ਦੇ ਜੁੜਵੇਂ ਤੱਤ ਵਜੋਂ ਨਵੇਂ ਸਮਾਜ ਦੇ ਸਿਰਜਕ ਹਿਰਾਵਲ ਦਸਤੇ ਦੀ ਨੁਹਾਰ ਦਿਸਣੀ ਸ਼ੁਰੂ ਹੁੰਦੀ ਹੈ। ਵਿਰਕ ਜੀ ਦਾ ਬਿਆਨ ਦੱਸਦਾ ਹੈ ਕਿ ਤਵਾਇਫ਼ਾਂ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਕੂਕਾ ਲਹਿਰ ਵਿਚ ਆਉਂਦੀਆਂ ਹਨ; ਸਿੰਘ ਸਭਾਈ ਮਰਿਆਦਾ ਵਾਲੇ ਨੌਜਵਾਨ ਕੂਕੇ ਬਣਦੇ ਹਨ; ਮੁਸਲਮਾਨ ਵੀ ਕੂਕਾ ਪੰਥ ਵਿਚ ਸ਼ਾਮਿਲ ਹੁੰਦੇ ਹਨ; ਉਦਾਸੀਆਂ, ਨਿਰਮਲਿਆਂ ਅਤੇ ਗੁਲਾਬਦਾਸੀਆਂ ਆਦਿ ਸੰਪਰਦਾਵਾਂ ਵਿਚੋਂ ਵੀ ਕੂਕੇ ਸਜਦੇ ਹਨ। ਇਹ ਸਾਰੀ ਤਫ਼ਸੀਲ ਅਤੇ ਪ੍ਰਸੰਗਲੀਆਂ ਇਹਨਾਂ ਜੀਵਨੀਆਂ ਨੂੰ ਇਕਹਿਰਾ ਬਿਆਨ ਨਹੀਂ ਰਹਿਣ ਦਿੰਦੇ ਸਗੋਂ ਡੇਢ ਸਦੀ ਪੁਰਾਣੇ ਪੰਜਾਬ ਦੀ ਲੈਅ-

ਲਟਕ ਦੇ ਭਰਪੂਰ ਮੰਜ਼ਰ ਬਿਆਨ ਹੁੰਦੇ ਹਨ। ਇਤਿਹਾਸ ਸਾਖੀ ਹੈ ਕਿ ਸ਼ੀਆ ਮੁਸਲਮਾਨ ਜਦੋਂ ਮੁਹੱਰਮ ਵੇਲੇ ਇਮਾਮ ਹਸਨ ਹੁਸੈਨ ਦੀ ਕਰਬਲਾ ਵਿਚ ਸ਼ਹਾਦਤ ਦਾ ਜ਼ਿਕਰ ਕਰਦੇ, ਤਾਜ਼ੀਏ ਨਿਕਲਦੇ ਤਾਂ ਹਾਲ ਤਾਰੀ ਹੋ ਜਾਂਦਾ ਸੀ। ਮੁਸਲਮਾਨ ਔਰਤਾਂ ਜਦੋਂ ਪਿੰਡਾਂ ਵਿਚ ਕਰਬਲਾ ਨਾਲ ਜੁੜੇ ਵੈਰਾਗ ਦੇ ਪੰਜਾਬੀ ਗੀਤ ਛੋਂਹਦੀਆਂ, ਕਾਲੇ ਵਸਤਰ ਪਹਿਨਦੀਆਂ ਅਤੇ ਸੋਗ ਵਿਚ ਵੈਣ ਪਾਉਂਦੀਆਂ ਤਾਂ ਹਿੰਦੂ-ਸਿੱਖ ਘਰਾਂ ਦੀਆਂ ਔਰਤਾਂ ਵੀ ਉਦਾਸ, ਸੋਗਵਾਰ ਰਹਿੰਦੀਆਂ ਅਤੇ ਮੁਸਲਮਾਨ ਔਰਤਾਂ ਦੀ ਦਿਲਬਰੀ ਕਰਦੀਆਂ। ਹੱਲੇ ਦੇ ਦੀਵਾਨ ਅਤੇ ਮੁਹੱਰਮ ਦੇ ਦਿਨਾਂ ਵਿਚ ਵਿਜੋਗ, ਤੜਪ ਅਤੇ ਨਿਹੱਕੇ ਦਮਨ ਦੀ ਪੀੜ ਦੀ ਸਾਂਝੀ ਤੰਦ ਪੰਜਾਬ ਦੇ ਲੋਕ-ਸਭਿਆਚਾਰ ਨੂੰ ਸਮਝਣ ਵਿਚ ਸਾਡੀ ਮਦਦ ਕਰਦੀ ਹੈ। ਪਿੰਡ ਜਾਂ ਇਲਾਕਾਈ ਪੱਧਰ ਦੇ ਵਸੇਬ ਵਿਚ ਸਰਕਾਰ ਦੇ ਫ਼ਰਮਾਬਰਦਾਰਾਂ ਦੇ ਪੇਂਡੂ ਰੁਕਨਾਂ ਨਾਲ ਝੜਪਾਂ ਅਤੇ ਸਿੰਘ ਸਭੀਆਂ ਜਾਂ ਬਾਅਦ ਵਿਚ ਅਕਾਲੀ ਮਰਿਆਦਾ ਵਾਲਿਆਂ ਨਾਲ ਵਾਦ-ਵਿਵਾਦ ਕਿਵੇਂ ਹੁੰਦੇ-ਸੁਲਝਦੇ ਸਨ, ਇਹ ਸਭ ਵਾਰਦਾਤਾਂ ਇਹਨਾਂ ਜੀਵਨੀਆਂ ਰਾਹੀਂ ਸਾਨੂੰ ਜਾਣੂ ਕਰਵਾਉਂਦੀਆਂ ਹਨ। ਅੰਗਰੇਜ਼ ਬਸਤੀਵਾਦ-ਵਿਰੋਧ ਨੂੰ ਕੂਕਾ ਕਾਰ ਦਾ ਧੁਰਾ ਮੰਨਿਆ ਜਾਣਾ ਚਾਹੀਦਾ ਹੈ।

ਇਸ ਧੁਰੇ ਦਾ ਦੂਜਾ ਅਹਿਮ ਵਿਸਥਾਰ 'ਰਾਮ-ਵਿਯੋਗੀ' ਹੋਣ ਦੇ ਦਰਜੇ ਦਾ ਹੈ। ਇਸ ਸਦਕਾ ਨਾਮਧਾਰੀ ਸੰਗਤ ਆਪਣੇ ਵਿਛੜੇ ਪਰਦੇਸੀ ਪ੍ਰੀਤਮ ਦੇ ਬਸਤੀਵਾਦੀ ਦਮਨ ਦੀ ਸਿਮਰਤੀ ਨੂੰ ਜਿਉਂਦਾ ਰੱਖਦੀ ਹਨ। ਹੱਲੇ ਦੇ ਦੀਵਾਨ ਸਮੂਹਿਕ ਵੈਰਾਗ ਦਾ ਮੰਚਣ ਬਣ ਜਾਂਦੇ ਹਨ ਜਿਥੇ ਕਿ ਸਰੋਤੇ ਅਤੇ ਕਥਾਕਾਰ, ਕੀਰਤਨਕਾਰ, ਨਿਰਤਕਾਰ ਇਕ ਸੂਤਰ ਵਿਚ ਬੱਝਦੇ ਹਨ। ਰਾਮ ਕਥਾ ਦੇ ਰਾਮ-ਸੀਤਾ ਬਣਵਾਸ; ਰਾਧਾ-ਕਾਹਨ ਦੇ ਅਨੁਰਾਗ; ਪੰਜਾਬੀ ਕਿੱਸਿਆਂ ਦੀਆਂ ਬਹਾਦਰ, ਸਿਦਕੀ ਨਾਇਕਾਵਾਂ ਸੋਹਣੀ, ਸੱਸੀ, ਹੀਰ ਸਿਆਲ ਦੇ ਬਿਰਹੁੰ, ਇਸ਼ਕ ਤੇ ਵਿਛੋੜੇ ਦੇ ਪ੍ਰਸੰਗਾਂ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਵਿਚ ਗੁੰਦ ਕੇ ਪਹਿਰਾਂ ਬੱਧੀ ਵਜਦ ਵਿਚ ਰਹਿਣਾ - ਕੂਕੇ ਮਸਤਾਨਿਆਂ ਦੀਆਂ ਲੋਕ-ਗੀਤ ਵਾਲੀਆਂ ਧਾਰਨਾਵਾਂ ਅੰਦਰ ਪੰਜਾਬ ਦਾ ਸਾਂਝਾ, ਵਹਿੰਦਾ-ਨੱਚਦਾ ਤਸੱਵਰ - ਸਾਨੂੰ ਚੇਤੰਨ ਕਰਦਾ ਹੈ ਕਿ ਬਸਤੀਵਾਦੀ ਪੰਜਾਬ ਦੇ ਸ਼ਹਿਰਾਂ ਵਿਚ ਪਲ੍ਰਰ ਰਿਹਾ ਅੰਜੁਮਨ-ਇ-ਇਸਲਾਮੀਆ, ਆਰੀਆ ਸਮਾਜ ਅਤੇ ਸਿੰਘ ਸਭਾਵਾਂ ਵਿਚ ਵੰਡਿਆ ਦੱਸਿਆ ਜਾਂਦਾ ਮੁਸਲਮਾਨ, ਹਿੰਦੂ ਅਤੇ ਸਿੱਖ ਪਛਾਣਾਂ ਦਾ ਜ਼ਹਿਰੀਲਾ ਰੌਲਾ ਹੀ ਸਾਰਾ ਇਤਿਹਾਸ ਨਹੀਂ ਹੈ। ਨਾਮਧਾਰੀ ਦੀਵਾਨਾਂ ਵਿਚ ਕੂਕੇ ਮਸਤਨਿਆਂ, ਰਾਮ-ਵਿਯੋਗੀਆਂ ਦਾ ਸਾਮਰਾਜ-ਵਿਰੋਧੀ ਸਾਂਝਾ ਪੰਜਾਬੀ ਪਿੜ ਵੀ ਆਪਣੀ ਭਰਪੂਰ ਹਾਜ਼ਰੀ ਰੱਖਦਾ ਹੈ। ਪੰਜਾਬ ਦੇ ਸਮਾਜਕ

ਇਤਿਹਾਸ-ਲੇਖਣ ਲਈ ਵਿਰਕ ਜੀ ਨੇ ਜੋ ਉੱਦਮ ਕਰ ਵਿਖਾਇਆ ਹੈ, ਉਸ ਤੋਂ ਪੇਸ਼ੇਵਰ ਇਤਿਹਾਸਕਾਰਾਂ ਨੂੰ ਸਿੱਖਣ ਦੀ ਲੋੜ ਹੈ।

ਰਾਮ-ਵਿਯੋਗੀਆਂ ਵਿਚ ਹਿਜਰ ਦੇ ਬਾਣ ਸਹਿਣ ਵਾਲੇ ਪਰ ਪ੍ਰਬੁਧ ਕੂਕੇ ਮਸਤਾਨਿਆਂ ਦੀ ਲੰਬੀ-ਚੌੜੀ ਹਾਜ਼ਰੀ ਹੈ ਤਾਂ ਵਿਰਕ ਜੀ 'ਮਸਤਾਨਾ ਟਹਿਲ ਸਿੰਘ ਬੌਰੀਆਂ ਵਾਲਾ' ਨੂੰ ਨਹੀਂ ਵਿਸਾਰਦੇ ਅਤੇ ਉਸ ਨੂੰ 'ਇਕ ਜਾਗਿਆ ਮਨੁੱਖ' ਹੋਣ ਦਾ ਵੱਡਾ ਦਰਜਾ ਦਿੰਦੇ ਹਨ। 'ਪਿਆਰ ਦਾ ਸਾਕਾਰ ਰੂਪ' ਮਜ਼੍ਹਬੀ ਸਿੱਖ ਪਿਛੋਕੜ ਵਾਲਾ ਟਹਿਲ ਸਿੰਘ 'ਮੀਤ ਵਿਛੋੜੇ ਦੀਆਂ ਸੱਦਾਂ ਲਾਉਂਦਾ, ਸਾਰੀ ਸਾਰੀ ਰਾਤ' ਨਿਭਦਾ! ਉਸ ਦੇ ਬੋਲ, ਹਿਜਰ ਦੀ ਭਾਹ ਵਿਚ ਭਿੱਜ ਕੇ, ਰਸੀਲੇ ਹੋ ਗਏ ਸਨ। ਉਸ ਨੂੰ ਸਿੱਧੀ ਸਾਦੀ ਸ਼ੈਲੀ ਵਿਚ ਲੋਕ ਤਰਜ਼ਾਂ 'ਤੇ ਗਾਉਂਦਿਆਂ ਸੁਣਨ ਲਈ, ਅਨੇਕ ਲੋਕ ਤਰਸਦੇ ਰਹਿੰਦੇ ਸਨ। ਬਾਬਾ ਰਾਮ ਸਿੰਘ ਨੂੰ ਚਿੱਤ ਵਿਚ ਧਾਰ ਕੇ

"ਟੁੱਟ ਜਾਏਂ ਰੇਲ ਗੱਡੀਏ, ਰੱਬ ਜਾਣਦਾ

ਸਾਡੇ ਮੀਤ ਦਾ ਵਿਛੋੜਾ ਪਾਇਆ, ਟੁੱਟ ਜਾਏਂ..."

ਜਾਂ

"ਤੂੰ ਮੈਨੂੰ ਭੁੱਲਦਾ ਨਹੀਂ, ਸੁਣ ਮੀਤ ਵੇ,

ਤੈਂ ਕੀ ਸਿਰ ਪਾ ਲਿਆ ਮੇਰੇ, ਤੂੰ ਮੈਨੂੰ ਭੁੱਲਦਾ ਨਹੀਂ..."

ਅਜਿਹੇ ਸਾਦ-ਮੁਰਾਦੇ ਬੋਲ ਕਿਸ ਸੁਰ-ਸੋਜ਼ ਨਾਲ ਫ਼ਿਜ਼ਾਈਂ ਰਮਦੇ ਹੋਣਗੇ, ਵਿਰਕ ਜੀ ਨੇ ਇਹ ਦੱਸਣਾ ਲਾਜ਼ਮੀ ਜਾਣਿਆ ਹੈ। ਕੂਕਾ ਲਹਿਰ ਦਾ ਮਰਮ ਸਾਂਭੀ ਬੈਠੀ ਇਹ ਲਿਖਤ ਮਹੱਤਵਪੂਰਨ ਹੈ ਕਿਉਂਕਿ ਧੀਦੋ ਰਾਂਝੇ ਦੇ ਸਿਦਕ ਵਾਲੇ ਇਹ "ਪ੍ਰੀਤ ਪਰਵਾਨੇ ਅਤੇ ਮਸਤ ਮਸਤਾਨੇ ਲੋਕ ਲਹਿਰਾਂ ਦਾ ਸ਼ਿੰਗਾਰ ਹੁੰਦੇ ਹਨ।" ਅਜਿਹਾ ਹੀ ਇਕ ਹੋਰ ਮਸਤ ਮਸਤਾਨਾ, ਕਾਮਰੇਡ ਦਲੀਪ ਸਿੰਘ 'ਮਸਤ' ਨਕਸਲਬਾੜੀ ਲਹਿਰ ਵੇਲੇ ਵੀ ਹੋਇਆ ਹੈ ਜਿਸਦਾ ਜ਼ਿਕਰ ਜਸਵੰਤ ਸਿੰਘ ਕੰਵਲ ਦੇ ਨਾਵਲ 'ਐਨਿਆਂ 'ਚੋਂ ਉਠੋ ਸੂਰਮਾ' ਵਿਚ ਆਇਆ ਹੈ। ਟਹਿਲ ਸਿੰਘ ਦੀ ਯਾਦ ਦੇ ਮੌਖਿਕ ਅਤੇ ਲਿਖਤੀ ਸਰੋਤਾਂ ਦੀ ਚਰਚਾ ਕਰਦਿਆਂ ਵਿਰਕ ਜੀ ਧਰਤ-ਧਰਮੀ ਇਤਿਹਾਸ ਲੇਖਣ (History From Below) ਦੇ ਹਵਾਲੇ ਨਾਲ ਮਹੱਤਵਪੂਰਨ ਨੁਕਤੇ ਛੇੜਦੇ ਹਨ।

ਇਕ ਲਿਹਾਜ਼ ਨਾਲ ਵੇਖੀਏ ਤਾਂ ਇਹ ਪੁਸਤਕ ਲੜੀ ਸਧਾਰਨ ਕੂਕਿਆਂ ਤੋਂ ਲੈ ਕੇ ਕੂਕਾ ਸੰਗਠਨ ਅਤੇ ਕੂਕਾ ਆਗੂਆਂ ਤੱਕ ਦੇ ਵੱਡੇ ਅਤੇ ਵੰਨ-ਸੁਵੰਨੇ ਦਾਇਰੇ ਨੂੰ ਬਰਾਬਰ ਦੀ ਗੰਭੀਰਤਾ ਨਾਲ ਦਰਸਾਉਂਦੀ ਹੈ।

ਇਤਿਹਾਸ ਦੇ ਪਹੀਏ ਨਾਲ ਉੱਡਦੀ ਧੂੜ ਦੇ ਉਹਲੇ ਹੋ ਰਹੇ ਲੋਕਾਂ ਨੂੰ ਬੋਲਣ ਲਾਉਣ ਵਾਲੀ ਧਰਤ-ਧਰਮੀ ਇਤਿਹਾਸਕਾਰੀ (History From Below) ਦੀ ਉੱਤਮ ਮਿਸਾਲ ਇਹ ਕਾਰਜ ਕੂਕਾ ਲਹਿਰ ਦੀ ਸਮੂਹਕ ਜੀਵਨੀ (Collective Biography) ਜਾਂ (Prosopography) ਦਾ ਦਰਜਾ ਹਾਸਲ ਕਰਦਾ ਹੈ। ਇਹਨਾਂ ਬਾਂਕੇ, ਵਿਲੱਖਣ ਕਰਤਿਆਂ ਦੇ ਸਾਂਝੇ ਸੂਤਰ, ਉਦੇਸ਼, ਤਾਣੇ-ਬਾਣੇ ਅਤੇ ਅੰਤਰ-ਸੰਬੰਧਾਂ ਰਾਹੀਂ ਅਸੀਂ ਕੂਕਾ ਲਹਿਰ ਦੀ ਪੰਜਾਬੀ ਸਮਾਜ ਅਤੇ ਇਤਿਹਾਸ ਵਿਚ ਨੈਂਅ ਵਗਦੀ ਵੇਖਦੇ ਹਾਂ। ਇਥੇ ਪ੍ਰਮਾਣਿਕਤਾ ਅਤੇ ਕਲਪਨਾਸ਼ੀਲਤਾ ਇਕ-ਦੂਜੇ ਨੂੰ ਨਿਖਾਰਦੇ ਹਨ। ਕੁਝ ਹੱਦ ਤੱਕ ਗ਼ਦਰੀਆਂ ਅਤੇ ਅਕਾਲੀਆਂ ਬਾਬਤ ਅਜਿਹਾ ਕੰਮ ਹੋਇਆ ਮਿਲਦਾ ਹੈ, ਪਰ ਉਹ ਹਜੇ ਘਟਨਾਵਲੀਆਂ, ਦਸਤਾਵੇਜ਼ਾਂ ਅਤੇ ਰਿਪੋਰਟਾਂ ਮੁਤਾਬਿਕ ਤਥ-ਪਰਕਤਾ ਦੀ ਰਾਮਕਾਰ ਵਿਚ ਰਹਿੰਦਾ ਹੈ। ਇਸ ਖੱਪੇ ਨੂੰ ਪੂਰਨ ਹਿਤ ਸਿਮਰਤੀਆਂ, ਸਵੈ-ਜੀਵਨੀਆਂ ਜਾਂ ਮੁਲਾਕਾਤਾਂ ਨੇ ਸਾਨੂੰ ਇਹਨਾਂ ਇਨਕਲਾਬੀਆਂ ਦੇ ਅੰਦਰੂਨੀ ਸੰਸਾਰ ਬਾਰੇ ਜ਼ਿਆਦਾ ਚੇਤੰਨ ਕੀਤਾ ਹੈ। ਸ਼ਚਿੰਦਰਨਾਥ ਸਾਨਿਆਲ ਦਾ 'ਬੰਦੀ ਜੀਵਨ', ਗੁਰਬਖ਼ਸ਼ ਸਿੰਘ ਸ਼ਮਸ਼ੇਰ 'ਝੁਬਾਲੀਆ' ਦਾ 'ਸ਼ਹੀਦੀ ਜੀਵਨ', ਬਾਬਾ ਸੋਹਨ ਸਿੰਘ ਭਕਨਾ ਦੀ 'ਮੇਰੀ ਰਾਮ ਕਹਾਣੀ', ਆਦਿ ਇਸ ਰੁਝਾਨ ਦੀ ਮਿਸਾਲ ਹਨ। 1960ਵਿਆਂ ਦੇ ਅਮਰੀਕਾ ਵਿਚ ਸਿਵਿਲ ਰਾਈਟਸ ਅੰਦੋਲਨ ਦੇ ਜੁਝਾਰੂਆਂ ਨੇ ਆਪਣੀਆਂ ਸਿਮਰਤੀਆਂ, ਸਵੈ-ਜੀਵਨੀਆਂ ਲਿਖ ਕੇ ਮੁੱਖ ਧਾਰਾ ਦੀ ਇਤਿਹਾਸਕਾਰੀ ਦੇ ਸਮਾਨਅੰਤਰ ਆਪਣੇ ਅਨੁਭਵ-ਜਗਤ ਅਤੇ ਸੰਘਰਸ਼ ਦੀ ਗਾਥਾ ਲਿਖੀ ਹੈ।

ਕੂਕਾ ਪੰਥ ਦੇ ਪਹਿਲੇ ਪੂਰ ਤੋਂ ਹੀ ਬਾਬਾ ਜਮੀਅਤ ਸਿੰਘ ਕਾਹਨਾ ਕਾਛਾ ਨਾਲ ਸ਼ੁਰੂ ਹੁੰਦੀ 'ਮਸਤਾਨਾ' ਧਾਰਾ ਫ਼ਰੰਗੀ ਸੱਤਾ ਨਾਲ ਟੱਕਰ ਲੈਣ ਦੀਆਂ ਦੋ ਧੁਰੀਆਂ - ਲੋਕ ਲਾਮਬੰਦੀ ਬਨਾਮ ਸਿੱਧੀ ਟੱਕਰ - ਵਿਚੋਂ ਇਕ ਬਣ ਜਾਂਦੀ ਹੈ। "ਕੂਕਾ ਅੰਦੋਲਨ ਦਾ ਸ਼ਿਰੋਮਣੀ ਸ਼ਹੀਦ - ਭਾਈ ਹੀਰਾ ਸਿੰਘ ਸਕਰੌਦੀ' ਮਜ਼ਮੂਨ ਵਿਚ ਅਸੀਂ ਇਸ ਡੂੰਘੇ ਸਮੱਸਿਆਕਾਰ ਦੇ ਸਨਮੁਖ ਹੁੰਦੇ ਹਾਂ। 'ਸ਼ਹਾਦਤ' ਦੀ ਕਰਮਧਾਰਾ ਬਨਾਮ ਮਜ਼ਬੂਤ ਲੋਕ ਲਾਮਬੰਦੀ ਵਾਲੀ ਕਰਮਧਾਰਾ ਦਾ ਮੰਚਣ ਸਾਨੂੰ ਇਸ ਮਜ਼ਮੂਨ ਰਾਹੀਂ ਹੁੰਦਾ ਦਿਸਦਾ ਹੈ। 'ਸ਼ਹਾਦਤ ਦੇ ਸੰਕਲਪ ਅਤੇ ਇਤਿਹਾਸ ਨੂੰ ਗਤੀਮਾਨ ਰੱਖਣ ਵਾਲੇ ਇਸ ਕਾਰਕ ਬਾਰੇ ਸੁਵਰਨ ਸਿੰਘ ਵਿਰਕ ਦਾ ਜ਼ਰਾ ਤਫ਼ਸੀਲੀ ਬਿਆਨ ਪੜ੍ਹੀਏ:

"ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜੋ ਆਪਣੇ ਅਕੀਦੇ ਦੀ ਸ਼ਹਾਦਤ ਭਾਵ ਗਵਾਹੀ ਆਪਣਾ ਸਿਰ ਦੇ ਕੇ ਦਿੰਦਾ ਹੈ। ਕੋਈ ਬੰਦਾ ਜੋ ਬਚਨ ਮੂੰਹੋਂ ਕੱਢ

ਰਿਹਾ ਹੈ, ਉਸ ਪ੍ਰਤੀ ਉਸਦੀ ਵਫ਼ਾਦਾਰੀ ਕਿਤਨੀ ਕੁ ਹੈ, ਇਸ ਦੀ ਪਰਖ ਲਈ ਪੰਚਾਇਤਾਂ ਜਾਂ ਅਦਾਲਤਾਂ ਵਿਚ ਅਕਸਰ ਗਵਾਹੀਆਂ ਮੰਗੀਆਂ ਜਾਂਦੀਆਂ ਹਨ। ਗਵਾਹੀਆਂ ਦੀਆਂ ਅੱਗੋਂ ਕਈ ਕਿਸਮਾਂ ਹੁੰਦੀਆਂ ਹਨ ਜਿਹਾ ਕਿ ਦਸਤਾਵੇਜ਼ੀ ਗਵਾਹੀ, ਮੌਕੇ ਦੀ ਗਵਾਹੀ, ਘਟਨਾਕ੍ਰਮ ਦੀ ਗਵਾਹੀ, ਇਤਿਆਦਿ। ਕਿਸੇ ਵਿਅਕਤੀ ਦੀ ਕਿਸੇ ਮੁਆਮਲੇ ਵਿਚ ਨਿਰਦੋਸ਼ਤਾ ਸਿੱਧ ਕਰਨ ਲਈ, ਕਈ ਵੇਰ ਕੋਈ ਹੋਰ ਵਿਅਕਤੀ ਪਰ੍ਹੇ ਪੰਚਾਇਤ ਵਿਚ ਉਸ ਦੇ ਹੱਕ ਵਿਚ ਗਵਾਹੀ ਦੇ ਕੇ ਉਸ ਨੂੰ ਮੁਕਤ ਕਰਵਾਉਂਦਾ ਹੈ। ਕਈ ਵੇਰ ਪੰਚਾਇਤਾਂ ਸੰਭਾਵੀ ਮੁਜਰਮ ਤੋਂ ਹੀ ਉਸ ਦੀ ਦੁੱਧ-ਪੁੱਤ ਆਦਿ ਕੀਮਤੀ ਸ਼ੈਆਂ ਦੀ ਗਵਾਹੀ ਜਾਂ ਉਸਦੇ ਇਸ਼ਟ ਦੀ ਗਵਾਹੀ ਮੰਗ ਕੇ ਉਸ ਨੂੰ ਪਾਕ ਕਰ ਦਿੰਦੀਆਂ ਹਨ। ਪ੍ਰੰਤੂ ਗਵਾਹੀਆਂ ਦੀਆਂ ਇਨ੍ਹਾਂ ਸਾਰੀਆਂ ਕਿਸਮਾਂ ਵਿਚੋਂ, ਜਦੋਂ ਕੋਈ ਵਿਅਕਤੀ ਆਪਣੇ ਨਿਸ਼ਾਨੇ ਪ੍ਰਤੀ ਆਪਣੀ ਨਿਸ਼ਠਾ ਸਿੱਧ ਕਰਨ ਲਈ ਸਰੀਰ ਹੀ ਵਾਰ ਦੇਵੇ ਤਾਂ ਇਸ ਨੂੰ ਸਭ ਤੋਂ ਸ੍ਰੇਸ਼ਠ ਗਵਾਹੀ ਜਾਂ ਸ਼ਹਾਦਤ ਕਿਹਾ ਜਾਂਦਾ ਹੈ ਅਤੇ ਅਜਿਹਾ ਕਰਨ ਵਾਲਾ ਸ਼ਹੀਦ ਅਖਵਾਉਂਦਾ ਹੈ। ਇਸੇ ਲਈ ਸ਼ਹੀਦ ਦੀ ਭਾਵਨਾ ਪ੍ਰਤੀ ਕਿਸੇ ਸ਼ੱਕ ਸ਼ੁਬਹੇ ਦੀ ਗੁੰਜਾਇਸ਼ ਨਹੀਂ ਰਹਿੰਦੀ। ਉਸ ਦਾ ਰੁਤਬਾ ਬੁਲੰਦ ਗਿਣਿਆ ਜਾਂਦਾ ਹੈ।

ਇਤਿਹਾਸ ਦੇ ਪਹੀਏ ਨੂੰ ਅਗਲੇਰੀ ਦਿਸ਼ਾ ਵਿਚ ਗਤੀ ਦੇਣ ਲਈ ਸਪਾਰਟਕਸ, ਸੁਕਰਾਤ, ਹਜ਼ਰਤ ਈਸਾ, ਹਸਨ-ਹੁਸੈਨ, ਮਨਸੂਰ, ਸ਼ਮਸ ਤਬਰੇਜ਼, ਗੁਰੂ ਅਰਜਨ ਦੇਵ, ਸੂਫ਼ੀ ਫ਼ਕੀਰ ਸਰਮਦ, ਗੁਰੂ ਤੇਗ ਬਹਾਦਰ ਸਾਹਿਬ, ਦਸਵੇਂ ਪਾਤਸ਼ਾਹ ਦੇ ਚਾਰ ਸਾਹਿਬਜ਼ਾਦਿਆਂ ਅਤੇ ਉਹਨਾਂ ਦੇ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੂੰ ਆਪਣੀਆਂ ਸ਼ਹਾਦਤਾਂ ਦੇਣੀਆਂ ਪਈਆਂ। ਸੱਚ ਹਮੇਸ਼ਾ ਸਾਪੇਖਿਕ ਹੁੰਦਾ ਹੈ ਅਤੇ ਵੇਲੇ ਦੀਆਂ ਕਾਬਜ਼ ਧਿਰਾਂ ਨੂੰ ਜਿਸ ਸੱਚ ਦੀ ਇਹ ਸ਼ਹੀਦ ਪ੍ਰਤੀਨਿਧਤਾ ਕਰਦੇ ਹਨ, ਉਹ ਵਾਰਾ ਨਹੀਂ ਸੀ ਖਾਂਦਾ।...ਇਸੇ ਨਿਸ਼ਚੇ ਤਹਿਤ ਹੀ ਉਹ ਬੇਝਿਜਕ, ਬੇਖ਼ੌਫ਼ ਆਪਣਾ ਸਰੀਰ ਰੂਪੀ ਠੀਕਰਾ, ਜਾਬਰ ਹਾਕਮਾਂ ਦੇ ਸਿਰ ਭੰਨਣ ਲੱਗਿਆਂ ਰਤਾ ਭਰ ਵੀ ਥਿੜਕਦੇ ਨਹੀਂ ਰਹੇ।...ਮਨੁੱਖੀ ਗੌਰਵ ਦੀ ਸਥਾਪਤੀ ਲਈ ਵਿੱਢੇ ਕੂਕਾ ਅੰਦੋਲਨ ਦੇ ਸ਼ਹੀਦਾਂ ਦੀ ਗਿਣਤੀ ਵੀ ਇਕ ਸੈਂਕੜਾ ਤੋਂ ਉੱਪਰ ਹੈ। ਇਹਨਾਂ ਵਿਚੋਂ ਸ਼ਿਰੋਮਣੀ ਸ਼ਹੀਦ ਹੋਏ ਹਨ, ਭਾਈ ਹੀਰਾ ਸਿੰਘ ਜੀ ਸਕਰੌਦੀ ਵਾਲੇ।”

ਦੁਹਰਾਅ ਦੀ ਕੀਮਤ ‘ਤੇ ਫਿਰ ਕਹਿਣਾ ਬਣਦਾ ਹੈ ਕਿ ‘ਸ਼ਹਾਦਤ’ ਦੇ ਵਰਤਾਰੇ ਬਾਰੇ ਅਜਿਹਾ ਸਾਦਾ ਸੰਘਣਾ ਬਿਆਨ, ਅਜੋਕੀ ਵਿਦਵਤਾ ਤੋਂ ਉਲਟ ਸੰਕਲਪਕਾਰੀ ਨੂੰ ਸਾਡੇ ਨੇੜੇ ਲੈ ਆਉਂਦਾ ਹੈ। ਸ਼ਹਾਦਤਾਂ ਦੇ ਦਰਜੇ

ਖੁੱਲ੍ਹਦੇ ਹਨ ਅਤੇ 'ਸ਼ਹੀਦ' ਹੋਣ-ਕਹਾਉਣ ਦਾ ਰੁਤਬਾ ਸਰੀਰ-ਰੂਪੀ ਠੀਕਰਾ, ਜਾਬਰ ਹਾਕਮਾਂ ਦੇ ਸਿਰ ਭੰਨਣ ਵਾਲੇ ਅਡੋਲ ਰਹਿਣ ਵਾਲੇ ਹੀ ਕਮਾਉਂਦੇ ਹਨ। ਇਤਿਹਾਸਧਾਰਾ ਵਿਚ ਅਤੇ ਸਿੱਖ ਲਹਿਰ ਦੇ ਸ਼ਹੀਦਾਂ ਦੀ ਅਗਲੀ ਕੜੀ ਵਜੋਂ ਕੂਕਾ ਲਹਿਰ ਦੇ ਸ਼ਹੀਦਾਂ ਦਾ ਸ਼ਿਰੋਮਣੀ ਹੋਣ ਦਾ ਦਰਜਾ ਭਾਈ ਹੀਰਾ ਸਿੰਘ ਸਕਰੌਦੀ ਤੱਕ ਅੰਗਦੇ ਹਨ। ਵਰਤੀ ਹੋਈ ਸੰਜਮੀ,ਸਨਮਾਨ-ਭਰਪੂਰ ਭਾਸ਼ਾ, ਸੰਕਲਪਕਾਰੀ ਉਤੇ ਸਹਿਜ ਪਕੜ ਅਤੇ ਮਨੁੱਖਾ ਇਤਿਹਾਸ ਦੇ ਢੁਕਵੇਂ ਹਵਾਲੇ ਵਿਰਕ ਜੀ ਦੇ ਇਸ ਵਰਨਣ ਦੀ ਖ਼ਾਸੀਅਤ ਹਨ।

ਕੂਕਾ ਲਹਿਰ ਵਿਚ 'ਮਸਤਾਨਾ ਦਲ' ਬਨਾਉਣ ਵਾਲੇ; ਸਰਦਾਰ ਘਰਾਣੇ ਦੇ ਫਰਜ਼ੰਦ, ਆਪਣੀ ਜਾਇਦਾਦ ਵੇਚ ਕੇ ਭੈਣੀ ਸਾਹਿਬ ਟਿਕਾਣਾ ਕਰਨ ਵਾਲੇ; ਬਲੀ, ਹਠੀਲੇ ਸਿੰਘ, "ਅੰਮ੍ਰਿਤ ਪ੍ਰੇਮ ਮੈ ਜਿਨ੍ਹਾਂ ਕੀ ਦੇਹ ਭਿਜੀ ਹੋਈ ਹੈ", 'ਜਦ ਬੋਲਦੇ ਹੈਂ ਤਾਂ ਮਾਨੋ ਧਰਤੀ ਨਾਲ ਬੋਲਦੀ ਹੈ", - ਅਜਿਹੇ ਮਸਤਾਨੇ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਸਨ, ਜਿਸ ਸਦਕਾ ਕਈ ਵਾਰ ਸੰਗਠਨ ਬਨਾਉਣ ਵਾਲੇ ਸੂਬਿਆਂ ਨਾਲ ਅੜ-ਫਸ ਵੀ ਜਾਰੀ ਰਹੀ। ਇਸ ਸੰਦਰਭ ਵਿਚ ਦੋ ਘਟਨਾਵਾਂ ਗੌਲਣਯੋਗ ਹਨ: ਪਹਿਲਾ, ਆਪਣੀ ਪਤਨੀ ਦੇ ਪਰਾਂਦੇ ਅਤੇ ਸ਼ਿੰਗਾਰ ਦਾ ਵਿਰੋਧ ਕਰਨ ਵਾਲੇ ਹੀਰਾ ਸਿੰਘ ਇਕ ਮੇਲੇ ਦੇ ਇਕੱਠ ਵਿਚ ਉਸ ਦੀ ਗੁੱਤ ਹੀ ਕੱਟ ਕੇ ਬਾਂਸ ਨਾਲ ਬੰਨ੍ਹ ਕੇ ਪ੍ਰਦਰਸ਼ਨ ਵੀ ਕਰਦੇ ਹਨ ਅਤੇ ਸੂਬਾ ਜਵਾਹਰ ਸਿੰਘ ਇਸ ਗੱਲੋਂ ਟੋਕਦੇ ਹਨ। ਤਨਾਤਨੀ ਪੈਦਾ ਹੁੰਦੀ ਹੈ। ਦੂਜਾ, ਸੂਬਾ ਗਿਆਨੀ ਸਿੰਘ ਦੇ ਭਰਾ ਨੂੰ ਕੁੱਟ ਕੇ ਅਧਮੋਇਆ ਕਰਨ 'ਤੇ ਬਾਬਾ ਰਾਮ ਸਿੰਘ ਤੋਂ 'ਡਾਂਗ ਪਰਸਾਦ' ਛਕਣਾ, ਜਿਸ ਬਾਰੇ ਆਪਣੇ ਗੁਨਾਹ ਮੰਨ ਕੇ ਕਿਹਾ ਕਿ ਹੁਣ ਉਨ੍ਹਾਂ ਦੀਆਂ 'ਦੇਹਾਂ ਬੱਜਰ ਕਰ ਦਿੱਤੀਆਂ ਹਨ' ਤਾਂ ਕਿ ਸਾਨੂੰ ਹੁਣ ਕੋਈ ਦੁਨਿਆਵੀ ਅਸਤਰ-ਸ਼ਸਤਰ ਨਾ ਪੋਹੇ। ਕੂਕਿਆਂ ਦੇ ਪ੍ਰਚਾਰ ਦੀ ਧਾਰ ਤਿੱਖੀ ਸੀ, ਗੁਆਚੇ ਖਾਲਸਾ ਰਾਜ ਨੂੰ ਨੈਤਿਕ ਬਲ ਅਤੇ ਸੈਨਿਕ ਤਿਆਰੀ ਨਾਲ ਹਾਸਲ ਕਰਨ ਦਾ ਨਿਸ਼ਾਨਾ ਸੀ, ਅੰਮ੍ਰਿਤਸਰ ਤੇ ਰਾਇਕੋਟ ਦੇ ਬੁਚੜਬੱਧ ਦੇ ਸਾਕੇ ਹੋ ਗੁਜ਼ਰੇ ਸਨ ਤਾਂ 'ਮਸਤਾਨਾ ਦਲ' ਵਾਲਿਆਂ ਨੇ ਕੋਈ ਵੱਡਾ ਸਾਕਾ ਵਰਤਾ ਕੇ, ਲੋਕ-ਚੇਤਨਾ ਨੂੰ ਪ੍ਰਚੰਡ ਕਰਨ ਦਾ ਵਿਲੱਖਣ ਰਾਹ ਚੁਣਿਆ। ਆਪਣੇ ਪੱਧਰ 'ਤੇ ਪੰਜ ਪਿਆਰੇ ਸਾਜੇ ਗਏ ਅਤੇ 'ਧਰਮ ਯੁੱਧ' ਦੀ ਤਿਆਰੀ ਹੋਣ ਲੱਗੀ। ਇਸ ਮੁਕਾਮ ਉਤੇ ਭਿਣਕ ਪੈਣ 'ਤੇ ਸੁਘੜ ਯੋਜਨਾਕਾਰ ਤੇ ਦੂਰ-ਅੰਦੇਸ਼ੀ ਸੂਬਾ ਬ੍ਰਹਮਾ ਸਿੰਘ ਜੋ 1857 ਦੇ ਵਿਦਰੋਹ ਵਿਚ ਸ਼ਾਮਿਲ ਸੀ, ਲਗਾਤਾਰ ਸਿੰਘਾਂ ਨੂੰ ਹਿੰਸਕ ਕਾਰਵਾਈਆਂ ਤੋਂ ਵਰਜ ਰਿਹਾ ਸੀ।

ਇਨ੍ਹਾਂ ਤਿੰਨੇ ਵਰਤਾਰਿਆਂ ਤੋਂ ਸਾਨੂੰ ਨਾਮਧਾਰੀ ਲਹਿਰ ਅੰਦਰ ਕਾਰਜਸ਼ੀਲ ਧਾਰਾਂਵਾਂ ਦੇ ਆਪਸੀ ਤਣਾਅ ਅਤੇ ਰਣਨੀਤਕ ਮਤਭੇਦਾਂ ਨੂੰ ਅਮਲੀ ਪੱਧਰ ਉਤੇ ਲਿਜਾ ਕੇ ਸੰਗੀਨ ਰਣਨੀਤਕ ਸਿੱਟਿਆਂ ਦਾ ਸਾਹਮਣਾ ਕਰਨ ਦੀ ਜਾਣਕਾਰੀ ਮਿਲਦੀ ਹੈ। ਲੋਕ-ਲਾਮਬੰਦੀ ਦੀ ਲੰਮੀ ਤਿਆਰੀ ਦੀ ਰਣਨੀਤੀ ਅੱਧ-ਵਿਚਕਾਰ ਰਹਿ ਗਈ ਅਤੇ ਬਸਤੀਵਾਦੀ ਦਮਨ ਚੱਕਰ ਸਦਕਾ ਕੂਕਾ ਲਹਿਰ ਨੂੰ ਕਾਨੂੰਨ ਦੇ ਪਰਦੇ ਹੇਠ ਧਾਰਮਿਕ ਗਤੀਵਿਧੀਆਂ ਕਰਨ ਤੱਕ ਮਹਿਦੂਦ ਹੋਣਾ ਪਿਆ। ਇਹ ਹੋਣੀ ਅਗਲੇ ਅੰਦੋਲਨਾਂ ਨਾਲ ਵੀ ਵਾਪਰੀ।

ਪਹਿਲਾ, ਸੰਨ 1919 ਵਿਚ ਰੌਅਲੈਟ ਐਕਟ ਖ਼ਿਲਾਫ਼ ਅੰਦੋਲਨ ਜਦੋਂ ਹਿੰਸਕ ਹੋ ਗਿਆ ਤਾਂ ਗਾਂਧੀ ਜੀ ਦੇ ਹੱਥੋਂ ਸੰਗਠਨ ਉਪਰ ਪੂਰਾ ਜ਼ਾਬਤਾ ਨਾ ਹੋਣ ਦੀ ਕਮੀ ਸਾਹਮਣੇ ਆਈ ਅਤੇ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਮਗਰੋਂ ਅੰਦੋਲਨ ਵਾਪਿਸ ਲੈ ਲਿਆ ਗਿਆ। ਇਸ ਖ਼ਿਲਾਅ ਨੂੰ ਭਰਨ ਲਈ ਅੰਦੋਲਨ ਦੌਰਾਨ ਸਰਕਾਰੀ ਦਮਨ ਦੇ ਸ਼ਿਕਾਰ ਲੋਕਾਂ ਨੂੰ ਹਰ ਪਿੰਡ, ਸ਼ਹਿਰ, ਬਸਤੀ ਵਿਚ ਮਿਲ ਕੇ, ਬਿਆਨ ਲਏ ਗਏ ਅਤੇ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ।

ਦੂਜੀ ਘਟਨਾ ਗ਼ਦਰ ਲਹਿਰ ਦੀ ਹੈ, ਜੋ ਕਿ ਹਜੇ ਪ੍ਰਮੁਖ ਤੌਰ ‘ਤੇ ਅਖਬਾਰਾਂ, ਕਵਿਤਾਵਾਂ ਰਾਹੀਂ ਪ੍ਰਚਾਰ ਅਤੇ ਜਥੇਬੰਦੀ ਦੇ ਵਿਸਥਾਰ ਵੱਲ ਹੀ ਸੇਧਿਤ ਸੀ ਅਤੇ ਲਗਾਤਾਰ ਪ੍ਰਗਤੀ ਕਰ ਰਹੀ ਸੀ। 1913 ਵਿਚ ਬਣੀ ਪਾਰਟੀ ਦੇ ਇਸ ਚਿਹਨ ਚੱਕਰ ਵਿਚ ਪਹਿਲੀ ਸੰਸਾਰ ਜੰਗ ਨੇ 1914 ਈਸਵੀ ਵਿਚ ਰਣਨੀਤਕ ਪਾਸਾਰ ਖੋਲ੍ਹੇ। ਜਿਨ੍ਹਾਂ ਅਨੁਸਾਰ ਬਰਤਾਨੀਆਂ ਦੇ ਜੰਗੀ ਰੁਝੇਵੇਂ ਦਾ ਫ਼ਾਇਦਾ ਉਠਾਉਣ ਲਈ, ਹਾਲਤਾਂ ਦੇ ਪਰਪੱਕ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਹਾਲਾਤ ਅਨੁਸਾਰ ਕਮਜ਼ੋਰ ਪਾਰਟੀ ਉੱਤਰੀ ਅਮਰੀਕਾ ਤੋਂ ਪੰਜਾਬ ਵਾਪਸ ਆ ਕੇ ਛਾਉਣੀਆਂ ਅੰਦਰ ਸੈਨਿਕ ਵਿਦਰੋਹ ਕਰਨ ਲਈ ਡਟ ਗਈ। ਜ਼ਮੀਨੀ ਪੱਧਰ ‘ਤੇ ਲੋਕ ਤਿਆਰ ਨਹੀਂ ਸਨ, ਲਿਹਾਜ਼ਾ ਬਹੁਤ ਛੇਤੀ ਗ੍ਰਿਫ਼ਤਾਰੀਆਂ, ਮੁਕੱਦਮੇ, ਫਾਂਸੀਆਂ ਅਤੇ ਜੇਲ੍ਹਾਂ ਦਾ ਦੌਰ ਸ਼ੁਰੂ ਹੋ ਗਿਆ।

ਤੀਜਾ, ਸੰਨ 1928 ਵਿਚ ‘ਆਰਮੀ’ ਤੋਂ ‘ਐਸੋਸੀਏਸ਼ਨ’ ਵਿਚ ਤਬਦੀਲ ਹੋ ਚੁੱਕੇ ਕ੍ਰਾਂਤੀਕਾਰੀਆਂ ਨੇ ਹਿੰਸਾ ਦੀਆਂ ਕਾਰਵਾਈਆਂ ਤਜ ਕੇ ਲੋਕ-ਲਾਮਬੰਦੀ ਦੀ ਸਿਆਸਤ ਦਾ ਲੜ ਫੜ ਲਿਆ ਸੀ। ਪਰ 1928 ਵਿਚ ਸਾਈਮਨ ਕਮਿਸ਼ਨ ਦੇ ਬਾਈਕਾਟ ਦੇ ਸੱਦੇ ‘ਤੇ ਲਾਹੌਰ ਵਿਚ ਖਾੜਕੂ ਮੁਜ਼ਾਹਰੇ ਉਪਰ ਪੁਲੀਸ ਦੇ ਦਮਨ ਤੋਂ ਬਾਅਦ ਲਾਲਾ ਲਾਜਪਤ ਰਾਇ ਦੀ ਮੌਤ ਹੋ ਗਈ ਤਾਂ ਲੋਕ-ਭਾਵਨਾ ਵਿਚ ਉਬਾਲ ਸੀ। ਇਸ ਵੱਤਰ ਨੂੰ

ਅਜਾਈਂ ਨਾ ਜਾਣ ਦੀ ਸਮਝਦਾਰੀ ਤਹਿਤ ਅਪਵਾਦ ਵਜੋਂ ਇੱਕ ਵਾਰਦਾਤ ਅੰਜਾਮ ਦੇਣ ਦਾ ਫ਼ੈਸਲਾ ਹੋਇਆ ਅਤੇ ਸਾਂਡਰਸ ਮਾਰਿਆ ਗਿਆ। ਜਥੇਬੰਦੀ ਰੂਪੋਸ਼ ਹੋ ਗਈ, ਕਾਰਕੁਨ ਖਿੱਲਰ ਗਏ। ਅਸੈਂਬਲੀ ਬੰਬ ਕਾਂਡ ਹੋਇਆ, ਪਰਚਾ ਸੁੱਟਿਆ ਗਿਆ, ਪਰ ਕਿਸੇ ਦੀ ਜਾਨ ਨਾ ਲੈਣ ਵਾਲਾ ਫ਼ੈਸਲਾ ਕਾਇਮ ਰਿਹਾ। ਪਿਛਲੇ ਸਾਂਡਰਸ ਕਾਂਡ ਨਾਲ ਸੰਬੰਧ ਮੁਕੱਦਮੇ ਦੌਰਾਨ ਜੁੜਿਆ ਅਤੇ ਸ਼ਹੀਦ ਸੁਖਦੇਵ, ਰਾਜਗੁਰੂ ਅਤੇ ਭਗਤ ਸਿੰਘ ਫਾਂਸੀ ਝੂਲ ਗਏ। ਕ੍ਰਾਂਤੀਕਾਰੀ ਲਹਿਰ ਠੱਪ ਹੋ ਗਈ।

ਇਹਨਾਂ ਇਤਿਹਾਸਕ ਲਹਿਰਾਂ ਅਤੇ ਸੰਗਠਨਾਂ ਦੇ ਕਾਂਟਾ ਬਦਲਣ ਦਾ ਰਣਨੀਤਕ ਵਿਵੇਚਨ ਕੂਕਾ ਲਹਿਰ ਦੇ ਵਿਸ਼ਲੇਸ਼ਣ ਲਈ ਵਡੇਰੇ ਸਬਕ ਰੱਖਦਾ ਹੈ। ਕੂਕੇ ਸੁਚੇਤ ਹਨ ਕਿ ਅਕਾਲੀ ਗੰਡਾ ਸਿੰਘ ਦਾ ਵਿਦਰੋਹ ਸਿਰੇ ਨਾ ਚੜ੍ਹਿਆ, ਭਾਈ ਮਹਾਰਾਜ ਸਿੰਘ ਦੀ ਹਥਿਆਰਬੰਦ ਬਗ਼ਾਵਤ ਨਾਕਾਮ ਰਹੀ, ਪ੍ਰੇਮਾ ਸਾਜ਼ਿਸ਼ ਕੇਸ ਦੀ ਅਸਫ਼ਲਤਾ ਹੋਈ, ਰਾਣੀ ਜਿੰਦਾਂ ਦੇ ਉਪਰਾਲੇ ਹਰੇ ਨਾ ਹੋਏ ਅਤੇ ਹੋਰ ਛੋਟੇ-ਛੋਟੇ ਉਭਾਰ ਅੰਗਰੇਜ਼ਾਂ ਨੇ ਸਖ਼ਤੀ ਨਾਲ ਦਬਾ ਦਿੱਤੇ। ਪੰਜਾਬ ਦੇ ਨਿਜ਼ਾਮ ਦੀ ਵਾਗ ਡੋਰ ਤਾਂ ਫਰੰਗੀ ਹੱਥ ਹੈ ਈ ਸੀ, ਨਾਲ ਹੀ ਪੰਜਾਬੀ ਸਮਾਜ ਅਤੇ ਲੋਕਾਈ ਦੇ ਨੈਤਿਕ ਸੰਸਾਰ ਵਿਚ ਅੰਗਰੇਜ਼ੀ ਦਖ਼ਲ ਨੇ ਪੰਜਾਬੀਆਂ ਦੇ ਪ੍ਰਵਾਨਿਤ ਨੈਤਿਕ ਢਾਂਚੇ ਨੂੰ ਤਬਾਹ ਕਰਨ ਦੇ ਖ਼ਿਲਾਫ਼ ਇਕੱਠਾ ਹੋਣ ਲਈ ਜ਼ਮੀਨ ਬਣਾ ਦਿੱਤੀ।

ਬਾਬਾ ਰਾਮ ਸਿੰਘ ਦੇ ਸੰਕਲਪੀ ਸੰਸਾਰ ਅੰਦਰ ਸਿੱਖਾਂ ਦੇ ਗੁਆਚੇ ਨੈਤਿਕ ਬਲ ਨੂੰ ਹਾਸਲ ਕਰਨ ਦਾ ਕੇਂਦਰੀ ਸਥਾਨ ਸੀ। 'ਮਲੇਛ ਖ਼ਾਲਸਾ' ਵਾਲੇ ਪਲੀਤ ਸਰਦਾਰਾਂ ਦੇ ਬਰਅਕਸ 'ਸੰਤ ਖ਼ਾਲਸਾ' ਦਾ ਨਾਮਕਰਣ ਇਸ ਪ੍ਰਵਿਰਤੀ ਦੀ ਮਿਸਾਲ ਹੈ। ਤਖ਼ਤ ਹਜ਼ੂਰ ਸਾਹਿਬ (ਨਾਂਦੇੜ) ਵਿਚ ਪ੍ਰਚਲਿਤ ਸਿੱਖ ਰਹਿਤ ਮਰਿਆਦਾ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਰੋਸਾਈ ਹੋਈ ਮੰਨਦਿਆਂ ਹੋਇਆਂ ਇਸ ਨੂੰ ਨਾਮਧਾਰੀ ਪੰਥ ਦੀ ਸ਼ੁੱਧਤਾ ਦੇ ਹਵਾਲੇ ਨਾਲ ਸਹੀ ਸਮਝਿਆ ਅਤੇ ਅਪਣਾਇਆ। ਸਾਦੀ ਭਾਸ਼ਾ ਵਿਚ ਵੱਧ ਤੋਂ ਵੱਧ ਪੇਂਡੂ ਖੇਤਰਾਂ ਦੀ ਲੋਕਾਈ ਨੂੰ ਆਪਣੇ ਉਦੇਸ਼ - ਖ਼ਾਲਸਾ ਰਾਜ ਦੀ ਬਹਾਲੀ, ਇਕਰਸ ਸਤਿਜੁਗੀ ਸਮਤਾ-ਮੂਲਕ ਸਮਾਜ ਸਿਰਜਣਾ - ਨਾਲ ਜੋੜਨ ਲਈ ਦੀਵਾਨ ਲਾਉਣ ਦੀ ਲੰਮੀ-ਚੌੜੀ ਬੁਣਤਰ ਬੁਣੀ। ਰੂਸ, ਨੇਪਾਲ, ਕਸ਼ਮੀਰ ਅਤੇ ਹੋਰ ਰਿਆਸਤਾਂ ਨਾਲ ਰਣਨੀਤਕ ਸੰਪਰਕ ਰੱਖਣ ਲਈ ਸੂਬਾ ਗੁਰਬਚਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਵਰਗੇ ਅਨੁਭਵੀ ਲੋਕ ਨਿਯੁਕਤ ਕੀਤੇ। ਇਹ ਸਭ ਮਨਸੂਬੇ ਵਡੇਰੀ ਲਾਮਬੰਦੀ ਦੀ ਬਿਸਾਤ ਸੀ, ਜੋ ਕਿਸੇ ਢੁਕਵੇਂ ਮੌਕੇ ਹੀ ਹਥਿਆਰਬੰਦ ਵਿਦਰੋਹ ਲਈ ਉਡੀਕ ਕਰ ਰਹੀ ਸੀ।

ਸਾਡੇ ਲਈ ਨੁਕਤਾ ਹੈ ਕਿਅਜਿਹੀ ਸੁਵਿਵਸਥਤ ਮਨਸੂਬਾਬੰਦੀ ਦੇ ਬਰਅਕਸ 'ਮਸਤਾਨਾ ਦਲ' ਦੇ ਤੀਖਣ ਮਨੋਵੇਗ ਸਾਹਮਣੇ ਸਾਰੇ ਬੇਬਸ ਵੀ ਸਨ। ਕੇਂਦਰੀ ਨਿਸ਼ਾਨੇ ਦੇ ਸਮਾਨਅੰਤਰ ਸਾਕਾ ਵਰਤਾਉਣ ਲਈ 'ਸਾਨੂੰ ਗੁਰੂ ਤੇਗ ਬਹਾਦਰ ਸਾਹਿਬ ਹੁਕਮ ਦੇ ਰਹੇ ਹਨ ਕਿ ਧਰਮ ਹੇਤ ਸੀਸ ਦੇਣ ਦਾ ਵਕਤ ਆ ਗਿਆ ਹੈ' ਦੀ ਖ਼ੁਦਮੁਖਤਾਰ ਬਿਰਤੀ ਵੀ ਕਾਰਜਸ਼ੀਲ ਸੀ। ਇਸ ਹਥਿਆਰਬੰਦ ਟੱਕਰ ਦੇ ਸਿੱਟੇ ਕੂਕਾ ਲਹਿਰ ਲਈ ਬਹੁਤ ਢਾਹ ਲਾਉਣ ਵਾਲੇ ਸਾਬਿਤ ਹੋਏ, ਜਿਸ ਸਦਕਾ ਨਵੇਂ ਦੌਰ ਵਿਚ ਰਾਜਸੀ ਨਿਸ਼ਾਨਾ ਬਹੁਤ ਪਿਛਾਂਹ ਜਾ ਪਿਆ। ਬਦਲੇ ਦੌਰ ਵਿਚ ਨਾਮਧਾਰੀ ਸਮਾਜ ਅਤੇ ਕੂਕਾ ਕੇਂਦਰ ਨੂੰ ਜਾਰੀ ਰੱਖਣਾ ਹੀ ਵੱਡੀ ਵੰਗਾਰ ਬਣ ਗਿਆ। 'ਰੁੱਖਾਂ ਦੀ ਜੀਰਾਂਦ ਵਾਲੇ', ਦਿਆਲ-ਪੁਰਖ' ਗੁਰੂ ਹਰੀ ਸਿੰਘ ਜੀ' ਵਾਲੇ ਮਜ਼ਮੂਨ ਵਿਚ ਵਿਰਕ ਜੀ ਇਸ ਕਾਲ ਖੰਡ ਦੇ ਭਰਪੂਰ ਦਰਸ਼ਨ ਕਰਵਾਉਂਦੇ ਹਨ। ਵਿਰਕ ਜੀ ਇਨ੍ਹਾਂ ਨੁਕਤਿਆਂ ਦੀ ਅੱਡਰੀ, ਵਿਸਥਾਰਤ ਨਿਰਖ ਤਾਂ ਨਹੀਂ ਕਰਦੇ, ਪਰ ਸਾਡੇ ਅਗਲੇਰੇ ਅਧਿਐਨ ਵਾਸਤੇ ਜ਼ਮੀਨ ਨੂੰ ਸਵਾਹਰਾ ਜ਼ਰੂਰ ਕਰਦੇ ਹਨ।

ਕੂਕਾ ਲਹਿਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਗਮਨ (1906-1959) ਕਿਸੇ ਨਵੀਂ ਸੱਜਰੀ ਹਵਾ ਦੇ ਬੁੱਲੇ ਦੀ ਨਿਆਈਂ ਹੈ ਜਿਹਨਾਂ ਨੇ :

"ਅੱਧੀ ਸਦੀ ਦੇ ਦਮਨ ਚੱਕਰ ਵਿਚੋਂ, ਨਾਮਧਾਰੀ ਪੰਥ ਨੂੰ ਸਾਬਤ ਸਬੂਤਾ ਬਾਹਰ ਕੱਢ ਲੈਣ ਦਾ ਸਿਹਰਾ, ਅਟੱਲ ਪਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੀਸ 'ਤੇ ਸਜਦਾ ਹੈ। ਜਿਹਨਾਂ ਨੇ ਸਿਖ ਪੁਨਰ-ਜਾਗਰਣ ਵਾਲੀ ਬਾਣੀ, ਬਾਣੇ, ਸਿਮਰਨ, ਸੇਵਾ, ਸੰਗੀਤ ਨਾਲ ਜੋੜਨ ਵਾਲੀ ਗੁਰਮਤਿ ਪਰੰਪਰਾ ਨੂੰ ਆਪਣੇ ਧਾਰਮਿਕ ਖੇਤਰ ਵਿਚ, ਹੋਰ ਵਿਸ਼ਾਲਤਾ ਪਰਦਾਨ ਕੀਤੀ। ਕੂਕਾ ਅੰਦੋਲਨ ਦੇ ਬਸਤੀਵਾਦ, ਸਾਮਰਾਜਵਾਦ ਅਤੇ ਸਾਮੰਤਵਾਦ ਵਿਰੋਧੀ, ਜਮਹੂਰੀ, ਧਰਮ-ਨਿਰਪੱਖ ਖਾਸੇ ਨੂੰ ਬਚਾਉਂਦਿਆਂ, ਹਰ ਰੰਗ ਦੇ ਸੁਤੰਤਰਤਾ ਸੰਗਰਾਮੀਆਂ ਲਈ, ਸ੍ਰੀ ਭੈਣੀ ਸਾਹਿਬ ਦੇ ਬੂਹੇ, ਸੇਵਾ ਸਹਿਯੋਗ ਲਈ ਹਮੇਸ਼ਾ ਖੁਲ੍ਹੇ ਰੱਖੇ।...ਉਹਨਾਂ ਉਨ੍ਹੀਵੀਂ ਸਦੀ ਦੇ ਅੱਧ ਵਿਚ ਚੱਲੇ ਕੂਕਾ ਅੰਦੋਲਨ ਦੀ ਮਹਾਨ ਵਿਰਾਸਤ ਨੂੰ, ਵੀਹਵੀਂ ਸਦੀ ਦੇ ਅੱਧ ਵਿਚ ਇਸ ਦੇ ਮੰਤਕੀ ਨਤੀਜੇ, ਦੇਸ਼ ਸੁਤੰਤਰਤਾ ਤੱਕ ਪੁੱਜਦਿਆਂ ਵੇਖਣ ਦੀ ਖੁਸ਼ੀ ਹਾਸਲ ਕੀਤੀ। ਭਾਵੇਂ ਅਗਲੇ ਕੁਝ ਸਾਲਾਂ ਵਿਚ ਜਦੋਂ ਇਹੋ ਕੌਮੀ ਆਜ਼ਾਦੀ ਦਾ ਫਲ ਸ਼ਹੀਦਾਂ ਦੇ ਸੁਪਨਿਆਂ ਮੁਤਾਬਕ ਆਮ ਲੋਕਾਂ ਤੱਕ ਪੁੱਜਦਾ ਨਾ ਵਿਖਾਈ ਦਿੱਤਾ ਤਾਂ ਕੌਮੀ ਸਰਕਾਰ ਪ੍ਰਤੀ ਉਹਨਾਂ ਦਾ ਮੋਹ ਭੰਗ ਹੋਣਾ ਵੀ ਇਕ ਹਕੀਕਤ ਬਣ ਗਿਆ। ਜਿਸ ਲਈ ਉਹ ਸਮੇਂ-ਸਮੇਂ ਲੋਕ-ਪੱਖੀ ਤਾਕਤਾਂ ਨਾਲ ਵੀ ਸੰਪਰਕ ਸਾਧਦੇ ਰਹੇ।"

ਇਹਨੀ ਦਿਨੀਂ ਪੰਜਾਬ ਵਿਚ ਆਧੁਨਿਕ ਕਿਸਮ ਦੀ ਸਿਆਸੀ ਜਾਗਰਤੀ ਦੀ ਜਾਗ ਲਾਉਣ ਵਾਲੀ ਲਹਿਰ, ਸ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਦੀ ਅਗਵਾਈ ਵਿਚ ਬਾਰ ਐਜੀਟੇਸ਼ਨ ਜਾਰੀ ਸੀ। ਅੰਗਰੇਜ਼ਾਂ ਦੀ ਸੰਗਤ ਵਿਚ ਰਹੇ, ਪਵਿੱਤਰ ਬਾਈਬਲ ਦੇ ਜਾਣਕਾਰ, ਪਟਵਾਰੀ ਵਜੋਂ ਨੌਕਰੀਸ਼ੁਦਾ ਅਤੇ ਬਾਅਦ ਵਿਚ ਕੂਕੇ ਸਜੇ 'ਸੰਤ ਮੰਗਲ ਸਿੰਘ 'ਅਰਸ਼ੀ ਫ਼ਰਿਸ਼ਤਾ' ਨੂੰ ਵਿਰਕ ਜੀ 'ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਲਾਗੇ ਚਾਗੇ ਹੋਏ ਨਾਮਧਾਰੀ ਪਰਚਾਰਕਾਂ...ਵਿਚੋਂ ਸੰਤ ਭਗਤ ਸਿੰਘ ਦਾਤੇਵਾਲੀਏ, ਸੰਤ ਮੰਗਲ ਸਿੰਘ 'ਅਰਸ਼ੀ ਫ਼ਰਿਸ਼ਤਾ' ਅਤੇ ਸੰਤ ਨਿਧਾਨ ਸਿੰਘ 'ਆਲਿਮ' ਹੋਰਾਂ ਨੂੰ ਤਿੰਨ ਸ਼ਿਰੋਮਣੀ ਪਰਚਾਰਕਾਂ ਦੀ ਕਤਾਰ' ਵਿਚ ਰੱਖਦੇ ਹਨ। ਅਰਸ਼ੀ ਫ਼ਰਿਸ਼ਤਾ ਜੀ ਹੀ ਕੂਕਿਆਂ ਦੀ ਕੌਮੀ ਮੁਕਤੀ ਅੰਦੋਲਨ ਨਾਲ ਸਾਂਝ ਪੁਆਉਣ ਦਾ ਜ਼ਰੀਆ ਬਣਦੇ ਹਨ, ਜਦੋਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪ੍ਰੇਰਦੇ ਹਨ। ਇਹ ਵਰਤਾਰਾ ਕੂਕਾ ਸਿੱਖ ਅਤੇ ਕੂਕਾ ਆਗੂਆਂ ਦਰਮਿਆਨ ਨਰੋਏ ਸੰਬੰਧਾਂ ਦੀ ਵੀ ਮਿਸਾਲ ਹੈ। ਬਹਰਹਾਲ ਇਸ ਮਹੱਤਵਪੂਰਨ ਰਾਜਸੀ-ਵਿਚਾਰਧਾਰਕ ਪੁਲਾਂਘ ਸਦਕਾ ਫਰੰਗੀ ਜਾਂ ਬਿੱਲਿਆਂ ਖ਼ਿਲਾਫ਼ ਰੋਹ ਹੁਣ ਬਾਕਾਇਦਾ ਇਕ ਸੰਗਠਿਤ ਅੰਦੋਲਨ ਵਿਚ ਰੰਗ ਵਟਾ ਲੈਂਦਾ ਹੈ। ਧਿਆਨ ਰਹੇ ਕਿ 'ਗੁਆਚੇ ਖ਼ਾਲਸਾ ਰਾਜ ਦੀ ਬਹਾਲੀ' ਦਾ ਬੋਲਾ ਮਾਂਦਾ ਪੈਂਦਾ ਜਾਂਦਾ ਹੈ। ਰਾਜਸੀ ਮਸਲਿਆਂ ਨਾਲ ਨਜਿੱਠਣ ਲਈ 'ਨਾਮਧਾਰੀ ਦਰਬਾਰ' ਦੀ ਸੰਸਥਾ ਸਥਾਪਤ ਕੀਤੀ ਜਾਂਦੀ ਹੈ ਅਤੇ ਹੁਣ ਸਾਰੇ ਮੁਲਕ ਦੀ ਆਜ਼ਾਦੀ ਅਤੇ ਨਿਆਂਕਾਰੀ, ਸਮਤਾ-ਮੂਲਕ ਸਮਾਜ ਦੇ ਸੁਪਨੇ ਨੂੰ ਕੂਕਾ-ਕਾਂਗਰਸ ਦਲ ਦੀ ਸਰਗਰਮੀ ਜ਼ਰੀਏ ਸਾਕਾਰ ਕਰਨ ਦੀ ਜੱਦੋਜਹਿਦ ਜਾਰੀ ਰਹਿੰਦੀ ਹੈ। ਵਿਰਕ ਜੀ ਦੇ ਕਾਰਜ ਤੋਂ ਸੋਝੀ ਆਉਂਦੀ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਾਰਜਕਾਲ ਸਾਡੇ ਤੋਂ ਹੋਰ ਡੂੰਘੇਰੇ ਅਧਿਐਨ ਦੀ ਉਮੀਦ ਕਰਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਕਾਰਜਕਾਲ (1959-2012) ਸੁਤੰਤਰਤਾ ਮਗਰੋਂ ਦੇ ਭਾਰਤ ਦਾ ਹੈ ਜਿਸ ਨੂੰ ਵਿਰਕ ਜੀ 'ਨਾਮਧਾਰੀ ਪੰਥ ਲਈ ਸਰਬ-ਪੱਖੀ ਵਿਕਾਸ ਦਾ ਦੌਰ' ਮਿਥਦੇ ਹਨ:

"ਆਪ ਨੇ ਆਪਣੀ ਪੁਰਾਤਨ ਗੁਰ ਮਰਿਆਦਾ, ਨਾਮਧਾਰੀ ਜੀਵਨ ਜਾਚ ਨੂੰ ਕਾਇਮ ਰੱਖਦਿਆਂ, ਆਧੁਨਿਕ ਗਿਆਨ, ਵਿਗਿਆਨ ਦੇ ਸਰੋਤਾਂ ਤੱਕ ਵੀ ਨਾਮਧਾਰੀਆਂ ਦੀ ਰਸਾਈ ਕਰਵਾਈ।...ਨਤੀਜੇ ਵਜੋਂ ਹੁਣ ਨਾਮਧਾਰੀਆਂ ਦੀ ਪਹਿਚਾਣ, ਸਫਲ ਕਾਸ਼ਤਕਾਰ, ਸਫਲ ਪਸ਼ੂ ਪਾਲਕ, ਸਫਲ ਕਾਰੋਬਾਰੀ, ਗੁਰਮਤਿ ਸੰਗੀਤ ਵਿਚ ਨਿਪੁੰਨ, ਗੁਰਬਾਣੀ ਦੇ ਸ਼ੁੱਧ ਪਾਠੀ, ਸਫਲ ਖਿਡਾਰੀ, ਵੱਖ-ਵੱਖ ਵਿਭਾਗਾਂ ਦੇ ਉਚੇ ਅਹੁਦਿਆਂ ਤੱਕ

ਪੁੱਜਣ ਵਾਲੇ, ਸਾਹਿਤਕ ਜਿਊੜਿਆਂ ਵਜੋਂ ਹੋਣ ਲੱਗੀ।...ਉਹਨਾਂ ਦੇ ਸਮੇਂ...ਪੰਜਾਂ ਹੀ ਮਹਾਂਦੀਪਾਂ ਵਿਚ ਨਾਮਧਾਰੀ ਸਿੱਖ ਪੁੱਜ ਗਏ..."

1947 ਤੋਂ ਬਾਅਦ ਇਕ ਪਾਸੇ ਸਿਰਸਾ ਅਤੇ ਹੋਰ ਥਾਵਾਂ'ਤੇ ਪੱਛਮੀ ਪੰਜਾਬ ਤੋਂ ਆਇਆਂ ਦੇ ਮੁੜ-ਵਸੇਬੇ ਲਈ ਅਲਾਟਮੈਂਟ, ਮੁਕੱਦਮੇ ਅਤੇ ਵਿਕਾਸ ਦਾ ਦੌਰ ਚੱਲਦਾ ਹੈ ਅਤੇ ਦੂਜੇ ਪਾਸੇ ਮੁਲਕ ਵਿਚ ਆਜ਼ਾਦੀ ਸੰਘਰਸ਼ ਵੇਲੇ ਲਿਆ ਬਰਾਬਰੀ ਦਾ ਸਮਾਜ ਸਿਰਜਣ ਦਾ ਸੁਪਨਾ ਤ੍ਰੇੜਿਆ ਜਾਣਾ ਵੀ ਸ਼ੁਰੂ ਹੁੰਦਾ ਹੈ। ਇਸ ਮਰਹਲੇ 'ਤੇ ਕੂਕਾ ਲਹਿਰ ਦੀ ਸਾਰਥਕਤਾ ਦਾ ਸਵਾਲ ਅਹਿਮੀਅਤ ਅਖ਼ਤਿਆਰ ਕਰਦਾ ਹੈ। ਮੁਲਕ ਗ਼ੁਲਾਮ ਸੀ ਤਾਂ ਕੂਕੇ ਪੰਜਾਬ ਦੀ ਸਭ ਤੋਂ ਸਿਦਕੀ, ਸਿਰੜੀ, ਸੰਗਰਾਮੀ ਧਿਰ ਸਨ, ਪੰਜਾਬੀ ਲੋਕਾਈ ਦਾ ਹਿਰਾਵਲ ਦਸਤਾ ਸਨ। ਮੁਲਕ ਦੀ ਆਜ਼ਾਦੀ ਦਾ ਕੋਟ ਖੁਰਨਾ-ਭੁਰਨਾ ਸ਼ੁਰੂ ਹੋਇਆ ਅਤੇ ਲੋਕਤੰਤਰ ਦੇ ਸੰਕਲਪ ਨੂੰ ਬਹੁਗਿਣਤੀਵਾਦ ਵੱਲ ਧੱਕ ਲਿਆ ਗਿਆ ਤਾਂ ਕੂਕਾ ਲਹਿਰ ਕੋਲ ਮੁਲਕ ਨੂੰ ਅਗਵਾਈ ਦੇਣ ਦਾ ਹੁਣ ਕੀ ਨਿਸ਼ਾਨਾ ਹੈ? ਇਕ ਅੰਦੋਲਨ, ਇਕ ਕ੍ਰਾਂਤੀਕਾਰੀ ਕੁਰਬਾਨੀਆਂ ਨਾਲ ਭਰਪੂਰ ਪਰੰਪਰਾ ਹੁਣ ਖ਼ੁਦ ਨੂੰ ਸਮਿਆਂ ਸਾਹਮਣੇ ਨਵਿਆਏ ਜਾਣ ਦੇ ਸਵਾਲਾਂ ਨਾਲ ਦੋ-ਚਾਰ ਹੁੰਦੀ ਦਿਸਦੀ ਹੈ। ਆਪਣੀ ਭਾਈਚਾਰਕ ਏਕਤਾ ਅਤੇ ਵਿਲੱਖਣ ਸੰਪਰਦਾਈ ਪਛਾਣ ਬੇਸ਼ਕ ਬਹੁਤ ਜ਼ਰੂਰੀ ਅਤੇ ਵਾਜਿਬ ਕਾਰਜ ਹਨ, ਕਹਿਣਾ ਸਿਰਫ਼ ਏਨਾ ਹੈ ਕਿ ਯੁਗਸੰਮਤ ਨਰੋਏ ਅਗਰਗਾਮੀ ਸੰਕਲਪ, ਅਗਵਾਈ ਅਤੇ ਉਦੇਸ਼ ਦੀ ਤੰਦ ਨੂੰ ਹਾਸਲ ਕਰਨ ਵੱਲ ਵੀ ਸਾਡੀ ਇਕਾਗਰਤਾ ਬਣੀ ਰਹੇ। ਅਜੋਕਾ ਨਾਮਧਾਰੀ ਅੰਦੋਲਨ ਆਪਣਾ ਮੂਲ ਪਛਾਣਨ ਦੀ ਬੌਧਿਕ ਅਤੇ ਭਾਵਨਾਤਮਕ ਮੁਸ਼ੱਕਤ ਦੇ ਸਵਾਲ ਨੂੰ ਮੁਖ਼ਾਤਿਬ ਹੋਵੇ। ਸੁਵਰਨ ਸਿੰਘ ਵਿਰਕ ਜੀ ਦੇ ਇਸ ਮਹਾਨ ਬੌਧਿਕ ਕਾਰਜ ਦੀ ਅੰਤਰੀਵ ਭਾਵਨਾ ਇਸ ਵਡੇਰੇ ਖ਼ਿਲਾਅ ਨੂੰ ਭਰਨ ਦੀ ਹੈ ਅਤੇ ਅੱਗੇ ਵਧਣ ਲਈ ਮੁਨਾਸਿਬ ਵਿਚਾਰਧਾਰਾ ਦਾ ਗਾਡੀਰਾਹ ਬਨਾਉਣ ਦੀ ਵੀ।

ਸਿੱਖ ਇਤਿਹਾਸ ਵਿਚ ਗਿਆਨੀ ਗਿਆਨ ਸਿੰਘ ਦੇ 'ਪੰਥ ਪਰਕਾਸ਼' ਵਾਂਗ ਵੱਡ-ਆਕਾਰੀ; ਕਰਮ ਸਿੰਘ 'ਹਿਸਟੋਰੀਅਨ' ਦੇ ਪੁਰਾਣੇ ਬਜ਼ੁਰਗਾਂ ਤੋਂ ਇਕੱਤਰ ਮੌਖਿਕ ਬਿਆਨਾਂ ਰਾਹੀਂ ਇਤਿਹਾਸ ਦੇ ਗੁੰਮ ਚਿਹਰੇ ਨੂੰ ਬੋਲ ਦੇਣ ਦਾ ਤਰੀਕਾਕਾਰ ਅਤੇ ਸੋਹਣ ਸਿੰਘ ਸੀਤਲ ਦੇ ਅਨੁਸਾਰੀ ਲਿਖਤ ਵਿਚ ਲੋਕ-ਕੰਠ ਦਾ ਤੱਤ ਨਿਭਾਉਣਾ ਤੇ ਨਿਪੁੰਨ ਢਾਡੀਆਂ ਵਾਂਗ ਪ੍ਰਸੰਗ ਖੜ੍ਹਾ ਕਰਦਿਆਂ ਪਾਠਕ ਨੂੰ ਆਪਣੇ ਬਿਆਨ ਦੇ ਨੇੜੇ ਢੁਕਾ ਲੈਣ ਦੀ ਜੁਗਤ ਨੂੰ ਸੁਵਰਨ ਸਿੰਘ ਵਿਰਕ ਨੇ ਨਿਖਾਰਿਆ-ਵਿਸਥਾਰਿਆ ਹੈ। ਮਾਨਵ ਵਿਗਿਆਨੀ ਕਲਿਫਰਡ ਗੀਅਰਟਜ਼ ਦੀ ਸੰਘਣੀ ਬਿਆਨਕਾਰੀ (Thick

Description) ਦੇ ਨੇੜੇ ਰਹਿੰਦਿਆਂ ਵਿਰਕ ਜੀ ਨੇ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਵਖ਼ਤਾਂ ਮਾਰੇ' ਵਾਂਗ ਕਿਰਦਾਰਾਂ ਦੇ ਪ੍ਰਤਿਕਰਮ ਰਾਹੀਂ ਸਮਾਂ ਉਲੀਕਣ ਅਤੇ ਵਰਿਆਮ ਸਿੰਘ ਸੰਧੂ ਦੀ ਵਾਰਤਕ ਵਾਂਗ ਵਿਸਥਾਰ ਅਤੇ ਬਾਰੀਕ ਵੇਰਵੇ ਜ਼ਰੀਏ ਸਮਾਂ ਬੰਨ੍ਹਣ ਦੀ ਅਟਕਲ ਸਫਲਤਾ ਸੰਗ ਤੋੜ ਚਾੜ੍ਹੀ ਹੈ।ਮਨਮੋਹਨ ਬਾਵਾ ਜਿਵੇਂ ਇਤਿਹਾਸ ਦੀ ਸਮੱਗਰੀ ਨੂੰ ਗਲਪੀ ਜਾਮਾ ਪਹਿਰਾਉਂਦੇ ਹਨ ਉਸੇ ਵਿਧੀ ਮੁਤਾਬਿਕ ਵਿਰਕ ਜੀ ਨੇ ਇਸ ਕਾਰਜ ਨੂੰ ਨਿਬਾਹਿਆ ਹੈ। ਵੱਡੀ ਸਫਲਤਾ ਹੈ ਕਿ ਵਿਰਕ ਜੀ ਨੇ ਕੂਕਾ-ਲਹਿਰ ਦੇ ਰਾਜਸੀ -ਵਿਚਾਰਧਾਰਕ ਸੰਕਲਪ ਨੂੰ ਕੂਕਿਆਂ ਦੇ ਜੀਵਨ-ਸ਼ਿਲਪ ਜਾਂ ਕੂਕਾ-ਕਾਰ ਵਿਚੋਂ ਉਭਾਰਿਆ ਹੈ। ਇਨ੍ਹਾਂ ਵਰਤਾਰਿਆਂ ਨੂੰ ਅਗਲੇਰੇ ਅੰਦੋਲਨਾਂ ਵਿਚ ਵਗਦਿਆਂ ਵੇਖਣਾ ਪੰਜਾਬੀ ਜੁਝਾਰੂ ਪਰੰਪਰਾ ਦੀ ਲਗਾਤਾਰਤਾ ਬਾਰੇ ਵੀ ਸਾਨੂੰ ਚੇਤੰਨ ਕਰਦਾ ਹੈ।

'ਕੂਕਾ ਲਹਿਰ ਦੇ ਅਮਰ ਨਾਇਕ' ਪੁਸਤਕ ਲੜੀ ਦੀਆਂ ਤਿੰਨ ਜਿਲਦਾਂ ਦੇ ਲਗਭਗ 2300 ਸਫ਼ਿਆਂ ਵਿਚਲੇ ਸ਼ਹੀਦ, ਸਿਦਕੀ, ਮਸਤਾਨੇ ਸੱਜਣ ਵਿਰਕ ਜੀ ਰਾਹੀਂ ਅਜੋਕੇ ਕੂਕਾ ਪੰਥ ਨਾਲ ਮੁੜ ਤੋਂ ਗੱਲ ਕਰਨੀ ਚਾਹੁੰਦੇ ਹਨ। ਜੁੜਵੇਂ ਤੌਰ 'ਤੇ ਇਹ ਪੁਸਤਕ ਲੜੀ ਬਿਨਾਂ ਕਿਸੇ ਕੁੜੱਤਣ ਜਾਂ ਮੋਰਚਾਬੰਦੀ ਦੇ, ਪੰਜਾਬ ਦੀ ਇਤਿਹਾਸਕਾਰੀ ਅਤੇ ਤਥਾਕਥਿਤ ਪੰਥਕ 'ਮੁੱਖਧਾਰਾ' ਦੇ ਸਾਹਮਣੇ ਕੂਕਾ ਲਹਿਰ ਦਾ ਨਿੱਗਰ, ਬਹੁ-ਆਯਾਮੀ ਅਤੇ ਸਮਾਨਅੰਤਰ ਸੰਸਾਰ ਸਿਰਜਦੀ ਹੈ; ਬਾਹਾਂ ਖੋਲ੍ਹ ਕੇ ਇਸ ਭਰਪੂਰ ਦੁਨੀਆਂ ਦੇ ਦਰਸ਼ਨ ਕਰਵਾਉਂਦੀ ਹੈ। ਸਾਨੂੰ ਸਬਕ ਦਿੰਦੀ ਹੈ ਕਿ ਪੰਜਾਬ ਦੀ ਗਾਥਾ ਕੂਕਾ ਲਹਿਰ ਦੇ ਜ਼ਿਕਰ ਤੋਂ ਬਿਨਾਂ ਨਾਮੁਕੰਮਲ ਹੈ, ਬਲਕਿ ਪੰਜਾਬ ਦੀ ਆਤਮਾ ਦੇ ਸਹੀ ਦੀਦਾਰ ਕੂਕਿਆਂ ਦੇ ਦਾਇਰੇ ਵਿਚ ਹੁੰਦੇ ਹਨ। ਵਿਰਕ ਜੀ ਦੇ ਪ੍ਰੇਰਨਾ ਸਰੋਤ ਸੰਤ ਇੰਦਰ ਸਿੰਘ ਚੱਕਰਵਰਤੀ ਦਾ ਕਥਨ ਮੇਰੀ ਮਦਦ ਕਰਦਾ ਹੈ:

"ਕੂਕੇ ਦੀ ਵਿਥਿਆ ਵਿਦਿਆ ਦੇ ਅਧੀਨ ਨਹੀਂ, ਕਿਉਂਕਿ ਇਹ ਕੋਈ ਦਾਰਸ਼ਨਿਕ ਫਲਸਫਾ ਨਹੀਂ। ਇਹ ਤੇ ਅਮਲ ਹੈ, ਮਸਤੀ ਹੈ, ਸਰੂਰ ਹੈ। ਇਸ ਨੂੰ ਕੋਈ ਉਹੀ ਬਿਆਨ ਕਰ ਸਕਦਾ ਹੈ, ਜਿਸ ਇਹਨਾਂ ਮਸਤਾਂ ਦੀ ਧੂਣੀ ਲਈ ਗੋਹੇ ਢੋਏ ਹੋਣ।...ਜਿੰਨਾ ਚਿਰ ਕੋਈ ਇਸ ਕੂਕਾ ਕਾਰ ਦਾ ਜਾਣੂ ਨਾ ਹੋਵੇ, ਜੋ ਕਦੀ 'ਨਾਚੁ ਰੇ ਮਨ ਗੁਰ ਕੈ ਆਗੈ' ਪੜ੍ਹਦਾ ਆਪਣੇ ਗੁਰਦੇਵ ਨੂੰ ਰਿਝਾਉਣ ਖਾਤਰ ਥਈਆ ਥਈਆ ਕਰ ਕੇ ਨਾ ਨੱਚਿਆ ਹੋਵੇ, ਓਨਾ ਚਿਰ ਉਸ 'ਤੇ ਕਿਵੇਂ ਮਸਤੀ ਦੀ ਇਨਾਇਤ ਹੋ ਸਕਦੀ ਹੈ।"

ਮੈਨੂੰ ਲਗਦਾ ਹੈ ਕਿ ਇਸ ਬਿਆਨ ਦੀ ਲੋਅ ਵਿਚ ਹੀ ਵਿਰਕ ਜੀ ਨੇ

ਆਪਣੀ ਅਨੁਭਵੀ, ਅਨੁਰਾਗੀ ਤਰਲਤਾ ਨੂੰ ਪ੍ਰਮਾਣਿਕਤਾ ਨਾਲ ਸੀਖ ਕੇ ਇਹ ਇਤਿਹਾਸਕ ਬਿਰਤਾਂਤ ਸਿਰਜਿਆ ਹੈ। ਪੁਸਤਕ ਲੜੀ ਦੇ ਹੋਰ ਗੁਣਾਂ ਦੀ ਲਿਸ਼ਕ ਵਿਚ ਨਾ ਭੁੱਲੀਏ ਕਿ ਢਾਈ ਦਹਾਕੇ ਦੀ ਮੁਸ਼ੱਕਤ ਵਿਚੋਂ ਇਨ੍ਹਾਂ 2300 ਸਫਿਆਂ ਦਾ ਵਜ਼ਨ ਸਾਡੇ ਸਿਰ ਅਹਿਸਾਨ ਹੈ ਅਤੇ ਪੰਜਾਬੀ ਇਤਿਹਾਸਕਾਰੀ, ਸਾਹਿਤਕਾਰੀ ਅਤੇ ਵਿਚਾਰਧਾਰਾ ਲਈ ਨਵੀਂ ਧਰਤੀ ਲੱਭਕੇ ਦਿੰਦਾ ਹੈ। ਸਾਡੇ ਸਾਹਮਣੇ ਵੱਡੀ ਵੰਗਾਰ ਹੈ ਕਿ ਇਸ ਅਨੁਰਾਗੀ ਪ੍ਰਮਾਣਿਕਤਾ ਦੀ ਪੋਥੀ ਦੇ ਮਰਮ ਦਾ ਨਵੇਂ ਵਿਚਾਰਕ-ਰਾਜਨੀਤਕ ਸੰਦਰਭਾਂ ਵਿਚ ਅਨੁਵਾਦ ਕਿਵੇਂ ਤੋੜ ਚਾੜ੍ਹਿਆ ਜਾਏ? ਕੂਕਾ ਲਹਿਰ ਅਧਿਐਨ ਦੀ ਵਸਤੂ ਹੈ ਅਤੇ 'ਕੂਕਾ ਕਾਰ' ਇਸ ਲਹਿਰ ਦਾ ਅਨੁਭਵੀ ਪਹਿਰਨ ਹੈ, ਇਕ ਇਖ਼ਲਾਕੀ ਸੰਜੋਅ ਹੈ ਜਿਹੜੀ ਪੰਜਾਬੀ ਲੋਕਾਈ ਦੇ ਹਿਰਾਵਲ ਦਸਤੇ ਨੇ ਪਹਿਨੀ ਹੋਈ ਹੈ।

ਸੰਪਰਕ: 9464984010

# ਆਪਣੇ ਨਾਇਕਾਂ ਦਾ ਸਿਮਰਨ ਕਰਦਿਆਂ

ਅੰਗਰੇਜ਼ ਬਸਤੀਵਾਦੀਆਂ ਨੇ ਆਪਣੀ ਪਸਾਰਵਾਦੀ ਨੀਤੀ ਦੇ ਤਹਿਤ ਜਿੱਥੇ ਬਾਕੀ ਭਾਰਤੀ ਭੂ ਭਾਗ ਕੋਈ ਦੋ ਸੌ ਵਰ੍ਹੇ ਪਹਿਲਾਂ ਹੜਪ ਲਿਆ ਸੀ। ਪੰਜਾਬ ਤੇ ਉਹਨਾਂ ਦਾ ਮੁਕੰਮਲ ਕਬਜ਼ਾ 29 ਮਾਰਚ 1849 ਈ. ਨੂੰ ਹੋਇਆ ਸੀ ਅਤੇ ਪੰਜਾਬੀ ਸੂਰਬੀਰ ਟਿਕ ਕੇ ਗੁਲਾਮੀ ਦੇ ਜੂਲੇ ਹੇਠਾਂ ਵਗਣ ਵਾਲੇ ਕਦੋਂ ਸਨ। ਉਹਨਾਂ ਨੇ ਅੰਗਰੇਜ਼ਾਂ ਦੁਆਰਾ ਪੰਜਾਬ ਤੇ ਕਬਜ਼ਾ ਕਰਨ ਤੋਂ ਫੌਰਨ ਬਾਅਦ ਤਾਂ ਆਪਣਾ ਤਿੱਖਾ ਪ੍ਰਤੀਕਰਮ ਕਰਨਾ ਹੀ ਸੀ। ਜਦੋਂ ਸਤਲੁਜ ਤੋਂ ਪਾਰ ਲੁਧਿਆਣੇ, ਅੰਬਾਲੇ ਆਦਿ ਥਾਵਾਂ ਤੇ ਬੈਠੇ ਗੋਰੇ ਹਾਕਮ ਪੰਜਾਬ ਨੂੰ ਲਲਚਾਈਆਂ ਨਜ਼ਰਾਂ ਨਾਲ ਤੱਕ ਰਹੇ ਸਨ ਅਤੇ ਆਪਣੇ ਜ਼ਰ ਖਰੀਦਾਂ ਰਾਹੀਂ ਲਾਹੌਰ ਦਰਬਾਰ ਅਤੇ ਇਸ ਦੇ ਆਸੇ ਪਾਸੇ ਇੱਕ ਅਤਿ ਡੂੰਘਾ ਸਾਜਸ਼ੀ ਵਰਤਾਰਾ ਚਲਾ ਰਹੇ ਸਨ ਤਾਂ ਕਿ ਸਮਾਂ ਆਉਣ ਤੇ ਹਜ਼ਾਰਾਂ ਪੰਜਾਬੀਆਂ ਵਿਸ਼ੇਸ਼ ਕਰ ਸਿੰਘਾਂ ਦੀਆਂ ਭਾਰੀ ਕੁਰਬਾਨੀਆਂ ਅਤੇ ਜੱਦੋ ਜਹਿਦ ਬਾਦ ਸਥਾਪਿਤ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਵਾਰਸਾਂ ਦੀ ਸਲਤਨਤ ਦਾ ਖੁਰਾ ਖੋਜ ਮਿਟਾਇਆ ਜਾ ਸਕੇ। ਉਦੋਂ ਰਾਜ ਭਾਵੇਂ ਲਾਹੌਰ ਦਰਬਾਰ ਦਾ ਹੀ ਸੀ ਪਰ ਅੰਗਰੇਜ਼ ਹਾਕਮ ਇਸ ਸਮੇਂ ਤੱਕ ਬਹੁਤ

ਪ੍ਰਭਾਵਸ਼ਾਲੀ ਹੋ ਚੁੱਕੇ ਸਨ।

ਸ਼ਾਇਦ ਇਸੇ ਲਈ ਹਜਰੋਂ ਸਾਹਿਬ (ਜ਼ਿਲ੍ਹਾ ਕੈਂਬਲਪੁਰ ਹੁਣ ਅਟਕ–ਪਾਕਿਸਤਾਨ) ਵਿਖੇ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਲੇ ਸੰਤ–ਅਵਤਾਰ ਗੁਰੂ ਬਾਲਕ ਸਿੰਘ ਜੀ ਪਾਸ, ਜਦੋਂ ਹੋਰ ਪੰਝੀ ਸੈਨਿਕਾਂ ਸਮੇਤ, ਗੁਰੂ ਰਾਮ ਸਿੰਘ ਜੀ, ਆਪ ਦੇ ਦਰਸ਼ਨਾਂ ਲਈ ਜਾਂਦੇ ਹਨ ਤਾਂ ਆਪ ਉਹਨਾਂ ਨੂੰ ਗੁਰਮੰਤਰ ਅਤੇ ਗੁਰਿਆਈ ਦੀ ਦਾਤ ਦੇਣ ਦੇ ਨਾਲ ਨਾਲ ਇਹ ਵੀ ਕਹਿੰਦੇ ਹਨ–

“ਅਬ ਭੈਣੀ ਸਾਹਿਬ ਕੋ ਜਾਵੋ ।
ਛੋਡ ਨੌਕਰੀ ਦੇਗ ਚਲਾਵੋ।”

–ਸੰਤ ਧਿਆਨ ਸਿੰਘ “ਕਾਦਰਾਬਾਦ”

ਉਹਨਾਂ ਦਾ ਭਾਵ ਸੀ ਕਿ ਨਿਕਟ ਭਵਿੱਖ ਵਿੱਚ ਪੰਜਾਬ ਉੱਪਰ ਵੀ ਗੁਲਾਮੀ ਦੀ ਕਾਲੀ ਬੋਲੀ ਰਾਤ ਪੈਣ ਵਾਲੀ ਹੈ। ਆਪ ਜਿਹੇ ਹੋਣਹਾਰ ਗੱਭਰੂਆਂ ਤੋਂ ਹੀ ਧਰਤੀ ਮਾਂ ਨੂੰ ਵੱਡੀਆਂ ਆਸਾਂ ਹੁੰਦੀਆਂ ਹਨ ਕਿ ਇਹ ਸਾਡੀ ਬੰਦ ਖਲਾਸੀ ਕਰਨਗੇ। ਇਸ ਲਈ ਆਤਮਿਕ ਰੰਗ ਵਿੱਚ ਰੰਗੇ ਨਾਅਭਿਆਸੀਆਂ ਨੂੰ ਇੱਕ ਸੰਗਠਨ ਦੇ ਸੂਤਰ ਵਿੱਚ ਪਰੋ ਕੇ ਮਿਸਾਲੀ ਜੀਵਨ ਵਾਲੇ ਪਿਆਰਿਆਂ ਦੀ ਅਗੁਆਈ ਵਿੱਚ ਜੂਝਦੀ ਲੋਕਾਈ ਨੂੰ ਨਾਮਬੰਦ ਕਰਕੇ ਕੰਪਨੀ ਸਰਕਾਰ ਦੀ ਅਥਾਹ ਵਸੀਲਿਆਂ ਦੀ ਮਾਲਕ, ਪਹਾੜ ਜਿੱਡੀ ਤਾਕਤ ਨਾਲ, ਮੱਥਾ ਲਾ ਕੇ ਇਸ ਨੂੰ ਜੜ੍ਹਾਂ ਤੱਕ ਹਲੂਣਿਆ ਜਾ ਸਕਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਬਾਲਕ ਸਿੰਘ ਜੀ ਦੀ ਸਿੱਖਿਆ ਦੇ ਅਨਰੂਪ, ਫੌਜੀ ਅਨੁਸ਼ਾਸਨ ਦੀਆਂ ਮਜ਼ਬੂਰੀਆਂ ਸਦਕਾ, ਸੈਨਿਕ ਨੌਕਰੀ ਛੱਡਣ ਲਈ ਹੋਰ ਪੰਜ ਸਾਲ ਲਾਹੌਰ ਵਿਖੇ ਦਰਬਾਰ ਦੀ ਸੇਵਾ ਵਿੱਚ ਰਹਿਣਾ ਪਿਆ। ਪਰ ਇਸ ਸਮੇਂ ਵਿੱਚ ਵੀ ਆਪ ਅਕਸਰ ਇਹ ਬਚਨ ਕਰਿਆ ਕਰਦੇ ਸਨ ਕਿ ਬਹੁਤ ਜਲਦੀ ਇੱਥੇ ਭਾਵ ਲਾਹੌਰ ਵਿੱਚ ਅੰਗਰੇਜ਼ੀ ਵਾਜੇ ਵੱਜਣਗੇ। ਇਸਤੇ ਆਪ ਨੂੰ ਇੱਕ ਵੇਰ ਮਹਾਰਾਜ ਸ਼ੇਰ ਸਿੰਘ ਦੇ ਅਤਾਬ ਦਾ ਸ਼ਿਕਾਰ ਵੀ ਹੋਣਾ ਪਿਆ ਸੀ। ਪਰ ਸਾਥੀ ਸੈਨਿਕਾਂ ਅਤੇ ਹੋਰ ਰਸੂਖਵਾਨਾਂ ਦੇ ਮਹਾਰਾਜਾ ਤੱਕ ਪਹੁੰਚ ਕਰਨ ਤੇ ਕਿ ਉਹ ਮਸਤਾਨਾ ਜੀ ਤਾਂ ਕੋਈ ਰੱਬੀ ਰੂਹ ਹਨ ਅਤੇ ਜਿਸ ਤਰ੍ਹਾਂ ਕੁਦਰਤ ਉਹਨਾਂ ਨੂੰ ਜਨਾਉਂਦੀ ਹੈ, ਉਸ ਤਰ੍ਹਾਂ ਦੇ ਸਿੱਧੇ ਸਾਧੇ ਬੋਲੇ ਉਹ ਕਰਿਆ ਕਰਦੇ ਹਨ। ਜਿਹਨਾਂ ਦੇ ਗੁਹਜ ਅਰਥ ਵਿਚਾਰਵਾਨਾਂ ਦੇ ਸਮਝਣ ਵਾਲੇ ਹੁੰਦੇ ਹਨ, ਮਹਾਰਾਜ ਨੇ ਆਪ ਨੂੰ ਬੰਦੀ ਖਾਨੇ ਵਿੱਚੋਂ ਰਿਹਾ ਕਰ ਦਿੱਤਾ ਸੀ।

ਲਾਹੌਰ ਦਰਬਾਰ ਅਤੇ ਅੰਗਰੇਜ਼ ਸਰਕਾਰ ਵਿਚਾਲੇ ਦਸੰਬਰ 1845 ਈ. ਵਿੱਚ ਮੁਦਕੀ ਦੀ ਪਹਿਲੀ ਲੜਾਈ ਹੋਈ ਅਤੇ ਫਿਰ 10 ਫਰਵਰੀ 1846 ਈ. ਨੂੰ ਸਭਰਾਵਾਂ ਦਾ ਮੈਦਾਨ ਜੰਗ ਲਈ ਭਖਿਆ ਸੀ। ਜਦੋਂ ਖਾਲਸਾ ਫੌਜ ਲਾਹੌਰ ਤੋਂ ਤੁਰਨ ਲੱਗੀ, ਤਾਂ ਆਪ ਨੂੰ ਕਿਹਾ ਗਿਆ ਕਿ, "ਮਸਤਾਨਾ ਜੀ ਫਤਿਹ ਦੀ ਅਰਦਾਸ ਕਰੋ।" ਆਪ ਨੇ ਚੜ੍ਹਦੇ ਸੂਰਜ ਵੱਲ ਮੂੰਹ ਕਰਕੇ ਅਰਦਾਸ ਕੀਤੀ ਤਾਂ ਘੁਮੇਰਨੀ ਖਾ ਕੇ ਧਰਤੀ 'ਤੇ ਡਿੱਗ ਪਏ। ਬੋਲਾ ਕੀਤਾ ਕਿ ਫਤਿਹ ਖਾਲਸਾ ਜੀ ਤੋਂ ਰੁਸ ਚੁੱਕੀ ਹੈ। ਸਭਰਾਵਾਂ ਦੀ ਲੜਾਈ ਸਮੇਂ ਤਾਂ ਆਪ ਨੇ ਖੁੱਲ੍ਹਮ-ਖੁੱਲ੍ਹਾ ਐਲਾਨ ਕੀਤਾ ਕਿ- ਸਿੱਖ ਫੌਜਾਂ ਦੇ ਪ੍ਰਧਾਨ ਸੈਨਾਪਤੀ, ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ, ਸਭ ਅੰਗਰੇਜ਼ਾਂ ਪਾਸ ਵਿਕੇ ਹੋਏ ਹਨ। ਖਾਲਸਾ ਜੀ ਹਾਰੀ ਹੋਈ ਜੰਗ ਲੜਨ ਜਾ ਰਹੇ ਹੋ! ਤੁਹਾਡੀ ਫੌਜ ਦੇ ਨਕਸ਼ੇ ਪਹਿਲਾਂ ਹੀ ਦੁਸ਼ਮਣ ਦੇ ਹੱਥਾਂ ਵਿੱਚ ਪੁੱਜ ਗਏ ਹਨ। ਇਸ ਤੇ ਆਪ ਨੇ ਬੰਦੂਕ ਸਭਰਾਵਾਂ ਦੇ ਪੱਤਣ ਤੇ ਦਰਿਆ ਵਿੱਚ ਸੁੱਟ ਦਿੱਤੀ ਅਤੇ ਐਲਾਨ ਕੀਤਾ ਕਿ ਸੱਤ ਸਾਗਰੋਂ ਪਾਰ ਆਏ ਵਪਾਰੀਆਂ ਦੀ ਜਮਾਤ ਨਾਲ ਨਜਿੱਠਣ ਲਈ ਹੁਣ ਨਵੇਂ ਰੰਗ ਦੇ ਅਸਤਰ ਸ਼ਸਤਰ ਅਤੇ ਤੌਰ ਤਰੀਕੇ ਸਿਰਜੇ ਜਾਣਗੇ। ਇਤਿਹਾਸ ਗਵਾਹ ਹੈ ਕਿ ਸ. ਸ਼ਾਮ ਸਿੰਘ ਅਟਾਰੀ, ਜਿਹੇ ਸੂਰਮੇ ਜਰਨੈਲ ਬੜੀ ਬਹਾਦਰੀ ਨਾਲ ਜੂਝ ਗਏ, ਪਰ ਸਾਡੇ ਆਪਣਿਆਂ ਦੀ ਗੱਦਾਰੀ ਕਾਰਨ ਫਰੰਗੀਆਂ ਨੂੰ ਜਿੱਤ ਨਸੀਬ ਹੋਈ।

ਸਤਿਗੁਰੂ ਰਾਮ ਸਿੰਘ ਜੀ ਨੇ ਵਿਸਾਖੀ ਸੰਬਤ 1914 ਬਿਕਰਮੀ, ਮੁਤਾਬਿਕ 12 ਅਪ੍ਰੈਲ 1857 ਨੂੰ ਸ਼੍ਰੀ ਦਸ਼ਮੇਸ਼ ਜੀ ਦੁਆਰਾ ਇਸੇ ਦਿਨ ਖਾਲਸਾ ਸਾਜਣ ਤੋਂ ਪੂਰੇ 158 ਵਰੇ ਬਾਅਦ ਸ਼੍ਰੀ ਭੈਣੀ ਸਾਹਿਬ ਵਿੱਚ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕੀਤੀ। ਜਿਹੜਾ ਖਾਲਸਾ ਸਿੱਖ ਅੰਗਰੇਜ਼ ਲੜਾਈਆਂ ਵਿੱਚ ਅਤੇ ਫਿਰ 1857 ਦੇ ਸੈਨਿਕ ਵਿਦਰੋਹ ਸਮੇਂ ਅੰਗਰੇਜ ਸਰਕਾਰ ਦੇ ਹੱਕ ਵਿੱਚ ਭੁਗਤਿਆ ਸੀ ਉਸ ਮਲੇਛ ਖਾਲਸੇ ਤੋਂ ਆਪਣੇ ਖਾਲਸੇ ਨੂੰ ਵੱਖਰਿਆਉਣ ਲਈ ਆਪ ਨੇ ਇਸ ਨੂੰ ਸੰਤ ਖਾਲਸਾ ਕਿਹਾ। ਜੋ ਨਾਮ ਅਧਾਰੀ ਹੋਣ ਕਾਰਨ "ਨਾਮਧਾਰੀ" ਸੀ ਅਤੇ ਪੰਜਾਬ ਦੀ ਧਰਤੀ ਤੋਂ ਗੋਰਿਆਂ ਦੀ ਗੁਲਾਮੀ ਵਿਰੁੱਧ ਪਹਿਲੀ ਕੂਕ ਮਾਰਨ ਕਾਰਨ "ਕੂਕਾ" ਸੀ।

ਪੰਜਾਬੀ ਦਾ ਮੁਹਾਵਰਾ ਹੈ, "ਤਪੋ ਰਾਜ ਤੇ ਰਾਜ ਤੋਂ ਨਰਕ।" 18ਵੀਂ ਸਦੀ ਵਿੱਚ ਅੱਗ ਤੇ ਖ਼ੂਨ ਦਾ ਦਰਿਆ ਤਰ ਕੇ, ਸਿੱਖ ਪਹਿਲਾਂ 12 ਮਿਸਲਾਂ ਦੇ ਰੂਪ ਵਿੱਚ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਇਸ ਧਰਤੀ ਦੇ ਹੁਕਮਰਾਨ ਬਣੇ। ਪਰ ਲਗਾਤਾਰ ਪੌਣੀ ਸਦੀ ਸੱਤਾ ਸੁਖ ਭੋਗਦਿਆਂ ਉਹਨਾਂ ਵਿੱਚ ਹਾਕਮ ਜਮਾਤਾਂ ਵਿੱਚ ਆਉਣ ਵਾਲੀਆਂ ਮਾੜੀਆਂ

ਖ਼ਸਲਤਾਂ ਵੀ ਆ ਗਈਆਂ। ਇੱਕ ਵਿਦੇਸ਼ੀ ਯਾਤਰੀ ਸਿੱਖ ਰਾਜ ਸਮੇਂ ਦੇ ਲਾਹੌਰ ਬਾਰੇ ਲਿਖਦਾ ਹੈ ਕਿ- ਦਿਨ ਛਿਪਣ ਵੇਲੇ ਤੁਹਾਨੂੰ ਲਾਹੌਰ ਦੇ ਬਾਜ਼ਾਰਾਂ ਵਿੱਚ ਫਿਰਨ ਵਾਲਾ ਕੋਈ ਵੀ ਸਿੱਖ ਸਰਦਾਰ ਸੋਫੀ ਨਜ਼ਰ ਨਹੀਂ ਆ ਸਕਦਾ। ਲੜਕੀਆਂ ਜੰਮਦੀਆਂ ਮਾਰ ਦਿੱਤੀਆਂ ਜਾਂਦੀਆਂ ਹਨ। ਮਹਾਰਾਜਾ ਰਣਜੀਤ ਦੀਆਂ ਦਰਜਨਾਂ ਰਾਣੀਆਂ ਸਨ। ਸੱਤ ਪੁੱਤਰਾਂ ਦਾ ਜ਼ਿਕਰ ਮਿਲਦਾ ਹੈ ਪਰੰਤੂ ਕਿਸੇ ਪੁੱਤਰੀ ਦਾ ਕਿਉਂ ਨਹੀਂ? ਗੁਰੂ ਧਾਮਾਂ ਦੇ ਸਰਕਾਰੀ ਜਗੀਰਾਂ, ਗਰਾਂਟਾਂ ਤੇ ਪਲਣ ਵਾਲੇ ਗ੍ਰੰਥੀ, ਪੁਜਾਰੀ ਹਰ ਧਾਰਮਿਕ, ਨੈਤਿਕ, ਸਮਾਜਿਕ ਜਾਂ ਆਚਰਣਿਕ ਗਿਰਾਵਟ ਤੇ ਆਪਣੀਆਂ ਅੱਖਾਂ ਮੀਟੀ ਰੱਖਦੇ ਸਨ।

ਦਸਵੇਂ ਪਾਤਸ਼ਾਹ ਜੀ ਦੇ ਸਮੇਂ ਦੀ ਪ੍ਰਚਲਿਤ ਗੁਰੂ ਮਰਿਆਦਾ ਦੂਰ ਦੱਖਣ ਦੇਸ਼ ਦੇ ਤਖਤ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਵਿੱਚ ਆਪਣੇ ਮੂਲ ਰੂਪ ਵਿੱਚ ਸੁਰੱਖਿਅਤ ਸੀ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਚੰਗੇ ਗਿਆਤਾ ਅਤੇ ਵਿਆਖਿਆਕਾਰ ਭਾਈ ਰਾਏ ਸਿੰਘ ਪਿੰਡ ਮਦੀਹਰ (ਮੁਕਤਸਰ) ਨੂੰ ਇਸ ਲੰਮੀ ਤੇ ਬਿਖਮ ਪੈਦਲ ਯਾਤਰਾ 'ਤੇ ਭੇਜ ਕੇ ਤਿੰਨ ਮਹੀਨੇ ਉੱਥੇ ਕਥਾ ਵਾਰਤਾ ਵਿੱਚ ਬਿਤਾ ਕੇ ਗੁਰੂ ਘਰ ਦੀ ਸਾਰੀ ਰਹਿਤ ਬਹਿਤ ਭਾਈ ਜੀ ਦੁਆਰਾ ਮੰਗਵਾ ਕੇ, ਸਤਿਗੁਰੂ ਰਾਮ ਸਿੰਘ ਜੀ ਨੇ 1863 ਈ. ਵਿੱਚ ਆਪਣੀ ਸੰਗਤ ਲਈ ਜਾਰੀ ਰਹਿਤਨਾਮੇ ਵਿੱਚ ਸ਼ਾਮਿਲ ਕੀਤੀ। ਉਸੇ ਅਨੁਸਾਰ ਨਾਮਧਾਰੀ ਸਿੰਘ ਵੱਡੇ ਤੜਕੇ ਉੱਠ ਕੇ ਸਕੇਸ ਇਸ਼ਨਾਨ ਕਰਕੇ, ਨਿਰਧਾਰਿਤ ਬਾਣੀਆਂ ਦਾ ਪਾਠ ਅਤੇ ਨਾਮ ਸਿਮਰਨ ਕਰਕੇ ਮਰਿਆਦਾ ਨਾਲ ਤਿਆਰ ਕੀਤਾ ਜਲ ਪ੍ਰਸ਼ਾਦ ਛਕਦੇ ਸਨ। ਨਾਮਧਾਰੀ ਜੀਵਨ ਜਾਚ ਤੇ ਸ੍ਰੀ ਹਜ਼ੂਰ ਸਾਹਿਬ ਤੋਂ ਭਾਈ ਰਾਏ ਸਿੰਘ ਦੁਆਰਾ ਲਿਆਂਦੀ ਗੁਰ ਮਰਿਆਦਾ ਦੀ ਛਾਪ ਪ੍ਰਤੱਖ ਦੇਖੀ ਜਾ ਸਕਦੀ ਹੈ।

ਉਸੇ ਪੁਰਾਤਨ ਮਰਿਆਦਾ ਅਨੁਸਾਰ, ਅੱਜ ਵੀ ਤਖਤ ਸ਼੍ਰੀ ਹਜ਼ੂਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਸਵਾ ਪਹਿਰ ਰਾਤ ਰਹਿੰਦੀ ਨਾਲ ਉੱਠਣ ਵਾਲੇ, ਰੋਜ਼ਾਨਾ ਕੇਸਾਂ ਵਿੱਚ ਜਲ ਪਾ ਕੇ ਇਸ਼ਨਾਨ ਕਰਨ ਵਾਲੇ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਨੂੰ ਵੀ ਆਦਿ ਗੁਰੂ ਗ੍ਰੰਥ ਸਾਹਿਬ ਜਿਤਨਾ ਸਤਿਕਾਰ ਦੇਣ ਵਾਲੇ, ਦਾਰੂ ਮਾਸ ਵਰਤਣ ਵਾਲੇ ਜਾਂ ਹੋਰ ਕੁਰਹਿਤੀਏ ਦੇ ਹੱਥੋਂ ਨਾ ਛਕਣ ਵਾਲੇ, ਉਹੋ ਜਿਹੇ ਬਿਬੇਕੀ ਸਿੰਘ ਹਨ, ਜਿਹੋ ਜਿਹੇ ਸੋਧ ਮਰਿਆਦਾ ਦੇ ਧਾਰਨੀ ਨਾਮਧਾਰੀ ਸਿੰਘ ਹੁੰਦੇ ਹਨ। ਇਸੇ ਲਈ ਇੰਸਪੈਕਟਰ ਪੁਲਿਸ ਫਜ਼ਲ ਹੁਸੈਨ ਨੇ 1867 ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਪ੍ਰਬੰਧਕੀ ਕਾਰਜਾਂ ਨੂੰ ਕੁਸ਼ਲਤਾ ਪੂਰਵਕ ਨਿਪਟਾਉਣ ਬਾਅਦ ਕੂਕਿਆਂ ਜਾਂ ਨਾਮਧਾਰੀਆਂ ਦੇ ਇਸ ਨਵੇਂ ਪੰਥ ਬਾਰੇ

ਲਿਖਿਆ ਸੀ- "ਗੁਰੂ ਰਾਮ ਸਿੰਘ ਹਮੇਸ਼ਾ ਹੀ ਆਪਣੇ ਘਰੋਂ ਗਰੀਬਾਂ ਨੂੰ ਰੋਟੀ ਅਤੇ ਕੱਪੜਾ ਦਿੰਦੇ ਰਹਿੰਦੇ ਹਨ ਅਤੇ ਨੇਕ ਉਪਦੇਸ਼ ਦਿੰਦੇ ਹਨ, ਇਸ ਕਾਰਨ ਹੀ ਬਹੁਤ ਸਾਰੀਆਂ ਜਾਤੀਆਂ ਦੇ ਆਦਮੀ ਕੂਕੇ ਬਣ ਗਏ ਹਨ।" ਅਨੰਦਪੁਰ ਦੇ ਮੇਲੇ ਤੇ ਦੋ ਦਿਨਾਂ ਵਿੱਚ ਹੀ ਕੋਈ 50 ਨਵੇਂ ਕੂਕੇ ਬਣੇ। ਸਿੱਖ ਤਖਤਾਂ ਦੇ ਸਰਕਾਰ ਪ੍ਰਸਤ ਪੁਜਾਰੀਆਂ ਨੂੰ ਜਿਹਨਾ ਸਰਕਾਰੀ ਸ਼ਹਿ ਤੇ ਕੂਕਿਆਂ ਦੀ ਤਖਤ ਸਾਹਿਬ ਤੇ ਅਰਦਾਸ ਨਾ ਕੀਤੀ, ਸਤਿਗੁਰੂ ਜੀ ਦਾ ਜਵਾਬ ਫਜ਼ਲ ਹੁਸੈਨ ਦੇ ਸ਼ਬਦਾਂ ਵਿੱਚ ਕਿ- "ਜੇ ਆਪ ਸਿੱਖ ਧਰਮ ਦੇ ਅਸੂਲਾਂ ਤੇ ਅਮਲ ਕਰਨ ਵਾਲੇ ਹੁੰਦੇ ਤਾਂ ਮੇਰੀਆਂ ਸਿੱਖਿਆਵਾਂ ਦੀ ਸਲਾਘਾ ਕਰਦੇ। ਪਰ ਤੁਸੀਂ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦੇ ਵਿਰੁੱਧ ਮਾਸ ਖਾਂਦੇ ਹੋ, ਸ਼ਰਾਬ ਪੀਂਦੇ ਹੋ, ਝੂਠ ਬੋਲਦੇ ਹੋ, ਵਿਭਚਾਰ ਕਰਦੇ ਹੋ, ਕੁੜੀਆਂ ਮਾਰਦੇ ਹੋ ਅਤੇ ਹੋਰ ਕੁਕਰਮ ਕਰਦੇ ਹੋ, ਅਤੇ ਇਸ ਲਈ ਹੀ ਕੂਕੇ ਤੁਹਾਨੂੰ ਸਿੱਖ ਨਹੀਂ ਸਮਝਦੇ। ਕੂਕੇ ਪਰਮਾਤਮਾ ਦੀ ਸਿਫਤ ਗਾਉਂਦੇ ਹੋਏ ਇਤਨੇ ਜੋਸ਼ ਵਿੱਚ ਆ ਜਾਂਦੇ ਹਨ ਕਿ ਉਹਨਾਂ ਨੂੰ ਆਪਣੇ ਕੇਸ ਤੇ ਪਗੜੀਆਂ ਦੀ ਸੁੱਧ ਨਹੀਂ ਰਹਿੰਦੀ।"

-(ਨਾਹਰ ਸਿੰਘ ਐਮ.ਏ

ਨਾਮਧਾਰੀ ਇਤਿਹਾਸ ਦੂਜੀ ਛਾਪ ਪੰਨਾ 107)

ਸੰਨ 1882 ਈਸਵੀ ਵਿੱਚ ਮੌਲਵੀ ਗੁਲਾਮ ਭੀਖ ਜਲੰਧਰੀ ਆਪਣੀ ਉਰਦੂ ਦੀ ਅਣ ਛਾਪੀ ਪੁਸਤਕ- ਤਾਰੀਖ ਵਾਕਰੀ ਵਿੱਚ 142 ਤੋਂ 148 ਸਫੇ ਤੱਕ ਕੂਕਿਆਂ ਬਾਰੇ ਲਿਖਦਾ ਹੈ-

"ਮੈਂ ਖ਼ੁਦ ਭੈਣੀ ਗਿਆ ਔਰ ਦੇਖਾ। ਕੂਕਿਓਂ ਨੇ ਜੋ ਤਾਰੀਖ ਅਖਤਿਆਰ ਕੀਆ ਹੈ, ਵੁਹ ਔਰ ਕੁਝ ਨਹੀਂ ਹੈ, ਵੁਹ ਅਸਲ ਮਜਹਬ ਸਿੱਖੋਂ ਕਾ ਹੀ ਹੈ। ਔਰ ਉਸੇ ਉਨਹੋਂ ਨੇ ਦੁਬਾਰਾ ਰੌਣਕ ਦੀ ਹੈ। ਮੈਲਾਨ ਉਨਕੀ ਤਬੀਅਤ ਕਾ ਅਸਲੀ ਰੁਖ ਸਿੱਖ ਮਜਹਬ ਕੀ ਜਾਨਬ ਹੈ, ਪਰ ਉਨਕੇ ਤਾਰੀਕ ਔਰ ਡੇਢ ਲਾਖ ਆਦਮੀਂਓਂ ਸੇ ਭੀ ਜ਼ਿਆਦਾ ਗਰੋਹ ਕੇ ਇਤਫਾਕ ਸੇ ਇਹ ਭੀ ਇਆ ਹੈ, ਕਿ ਯਹ ਲੋਗ ਗੁਰੂ ਗੋਬਿੰਦ ਸਿੰਘ ਕੇ ਤਾਰੀਕ ਪਰ ਚਲਤੇ ਹੈਂ। ਉਨਕੀ ਜਲਾਨੀਏ ਤਬਾਅ, ਸਖਤ ਗੁਜਰਾਨ, ਨੀਮ ਸਬੀ ਪੰਚਾਇਤੇਂ ਔਰ ਸਿਪਾਹੀ ਯਾਨਾ ਵਜਅ ਕੋ ਦੇਖ ਕਰ ਗੌਰਮਿੰਟ ਪੰਜਾਬ ਕੀ ਨਜ਼ਰ ਉਨਕੇ ਊਪਰ ਹੁਈ, ਔਰ ਉਨਹੋਂ ਨੇ ਉਨਕੇ ਸਰਗਰੋਹ ਕੋ ਨਿਗਾਹ ਮੇਂ ਰਖਾ ਥਾ ।

(ਨਾਹਰ ਸਿੰਘ ਐਮ.ਏ.,ਉਪਰੋਕਤ ਸਫਾ 126)

ਫਜ਼ਲ ਹੁਸੈਨ ਇਹ ਵੀ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜਿਉਂ, ਗੁਰੂ ਰਾਮ ਸਿੰਘ ਵੀ ਹਰ ਫਿਰਕੇ ਅਤੇ ਜਾਤ ਦੇ ਲੋਕਾਂ ਨੂੰ ਇਥੋਂ ਤੱਕ ਕੇ ਮੁਸਲਮਾਨਾਂ ਨੂੰ ਵੀ ਕੂਕਾ ਬਣਾ ਲੈਂਦਾ ਹੈ। ਉਹਨਾਂ ਦੇ ਮੱਤ ਵਿੱਚ ਚੋਰੀ ਯਾਰੀ, ਝੂਠ, ਮਾਸ, ਸ਼ਰਾਬ, ਸਮੇਤ ਹਰ ਨਸ਼ੇ, ਬੇਗਾਨੇ ਹੱਕ ਅਤੇ ਵਿਭਚਾਰ ਦੀ ਸਖਤ ਮਨਾਹੀ ਹੈ।ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਜੰਮਦੀਆਂ ਲੜਕੀਆਂ ਮਾਰਨ, ਲੜਕੀਆਂ ਨੂੰ ਵੇਚਣ, ਵੱਟਾ ਕਰਨ, ਬਾਲ ਵਿਆਹ, ਆਦਿ ਦਾ ਸਖਤੀ ਨਾਲ ਵਿਰੋਧ ਕੀਤਾ। ਅੰਤਰਜਾਤੀ, ਬਿਨਾਂ ਦਾਜ ਦਹੇਜ, ਘੁੰਡ ਪਰਦੇ ਅਤੇ ਲਗਨ ਮਹੂਰਤ ਵਿਚਾਰਿਆਂ ਸੂਹੀ ਰਾਗ ਦੀਆਂ ਲਾਵਾਂ ਦੇ ਉਚਾਰ ਨਾਲ ਆਨੰਦ ਕਾਰਜ ਦੀ ਰੀਤੀ ਅਤੇ ਵਿਧਵਾ ਵਿਆਹ ਨੂੰ ਪ੍ਰਚਾਰਿਆ। ਔਰਤ ਅਤੇ ਮਰਦ ਨੂੰ ਸਮਾਜ ਵਿੱਚ ਹਰ ਖੇਤਰ ਵਿੱਚ ਬਰਾਬਰੀ ਦੇ ਅਧਿਕਾਰ ਦੇ ਕੇ ਆਪਣੇ ਸਮੇਂ ਤੋਂ ਅਗਰਗਾਮੀ ਸੋਚ ਦਾ ਪ੍ਰਗਟਾਵਾ ਕੀਤਾ।

ਨਸ਼ਿਆਂ ਦੇ ਸਮੁੰਦਰ ਵਿੱਚ ਗੋਤੇ ਖਾਂਦਿਆਂ ਨੂੰ ਬਾਹੋਂ ਫੜ ਕੇ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਮੁੜ ਕੇ ਕੀਤੇ ਸੱਦ ਕਾਰਜਾਂ ਸਦਕਾ ਮਨੁੱਖੀ ਭਾਈਚਾਰੇ ਵਿੱਚ ਸਨਮਾਨਯੋਗ ਥਾਂ ਦਿਵਾਇਆ। ਉੜਿਆਂ ਥੁੜਿਆਂ ਦੀ ਬਾਂਹ ਫੜਨ ਦਾ ਉਪਦੇਸ਼ ਦਿੱਤਾ। ਬਿਪਤਾ ਵਿੱਚ ਫਸੇ ਗਰੀਬ ਕਿਸਾਨਾਂ ਨੂੰ ਇੱਕ ਮਣ ਦਾਣੇ ਦੇ ਕੇ ਡੇਢ ਮਨ ਵਸੂਲਣ ਅਤੇ ਕਿਸੇ ਵੀ ਲੋੜਵੰਦ ਨੂੰ ਦਿੱਤੀ ਰਕਮ ਤੇ ਵਿਆਜ ਲਾਉਣਾ ਸਖਤੀ ਨਾਲ ਬੰਦ ਕਰਾ ਕੇ, ਅਜੋਕੇ ਸਮੇਂ ਦੀ ਕਿਸਾਨਾਂ ਦੀ ਕਰਜ ਮੁਕਤੀ ਦਾ ਰਾਹ ਰੋਸ਼ਨ ਕੀਤਾ। ਜਮਹੂਰੀ ਲੀਹਾਂ ਤੇ ਪਿੰਡ ਦੇ ਗੁਰਦੁਆਰੇ ਦਾ ਪ੍ਰਧਾਨ, ਫਿਰ ਇਲਾਕੇ ਦਾ ਜਥੇਦਾਰ, ਫਿਰ ਤਪਿਆਂ ਦੇ ਜਥੇਦਾਰ ਜ਼ਿਲ੍ਹਿਆਂ ਵਿੱਚ ਸੂਬੇ ਕਾਇਮ ਕਰਕੇ ਸੰਗਤ ਅਤੇ ਸਤਿਗੁਰੂ ਜੀ ਵਿਚਾਲੇ ਬੜੇ ਜੀਵੰਤ ਸੰਬੰਧ ਸਥਾਪਿਤ ਹੋ ਗਏ। ਅੰਗਰੇਜ਼ੀ ਮਿੱਲਾਂ ਵਿੱਚ ਬਣੇ ਮਾਲ ਦਾ ਬਾਈਕਾਟ ਅਤੇ ਅੰਗਰੇਜ਼ ਸਰਕਾਰ ਦੁਆਰਾ ਕਾਇਮ ਕੀਤੇ, ਸਿਹਤ, ਸਿੱਖਿਆ, ਨਿਆਂ ਪ੍ਰਣਾਲੀ, ਯਾਤਾ ਯਾਤ ਅਤੇ ਡਾਕਤਾਰ ਆਦਿ ਜਿਹੇ ਅਦਾਰਿਆਂ ਨਾਲ ਮੁਕੰਮਲ ਅਸਹਿਯੋਗ ਕਰਕੇ, ਆਪਣੇ ਬਦਲਵੇਂ ਪ੍ਰਬੰਧ ਇਸ ਤਰ੍ਹਾਂ ਕਾਇਮ ਕਰ ਦਿੱਤੇ, ਜਿਨ੍ਹਾਂ ਵਿੱਚੋਂ ਅੰਗਰੇਜ਼ ਸਰਕਾਰ ਨੂੰ ਸਮਾਨੰਤਰ ਸਰਕਾਰ ਦੇ ਝਉਲੇ ਪੈਣ ਲੱਗ ਪਏ।

14-15 ਕੁ ਸਾਲ ਦਾ ਇਹ ਅਲਪ ਕਾਲ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਿੱਚ ਆਪਣੇ ਮੱਤ ਦੇ ਪ੍ਰਚਾਰ ਲਈ ਮਿਲਿਆ ਸੀ। ਇਸ ਵਿੱਚੋਂ ਵੀ 1863-66 ਈ. ਦੇ ਤਿੰਨ ਚਾਰ ਸਾਲ ਉਹਨਾਂ ਦੇ ਆਪਣੇ ਕੂਕਾ ਕੇਂਦਰ ਭੈਣੀ ਸਾਹਿਬ ਵਿੱਚ ਹੀ ਸਿਮਿਤ ਨਜ਼ਰਬੰਦੀ ਹੇਠ ਗੁਜਰੇ। ਖੋਟੇ ਪਿੰਡ ਵਿੱਚ ਅਨੰਦ ਮਰਿਆਦਾ ਦੇ ਆਰੰਭ ਨੂੰ ਵੀ ਅੰਗਰੇਜ਼ ਸਰਕਾਰ ਕੂਕਾ ਬਗਾਵਤ

ਨਾਲ ਜੋੜ ਕੇ ਵੇਖ ਰਹੀ ਸੀ। ਭੂਟਾਨ, ਨੈਪਾਲ, ਰੂਸ, ਅਫਗਾਨਿਸਤਾਨ, ਜੰਮੂ ਕਸ਼ਮੀਰ, ਹੈਦਰਾਬਾਦ, ਗਵਾਲੀਅਰ, ਲਖਨਊ ਆਦਿ ਗੁਆਂਢੀ ਦੇਸ਼ਾਂ ਤੇ ਦੇਸੀ ਰਿਆਸਤਾਂ ਵੱਲ ਕੂਕਿਆਂ ਦੇ ਸਫੀਰ ਜਾਣੇ, ਕਸ਼ਮੀਰ ਵਿੱਚ ਕੂਕਾ ਰੈਜੀਮੈਂਟ ਬਣਨਾ, ਦੇਸ਼ ਦੇ ਉੱਘੇ ਘਰਾਣਿਆਂ, ਸਰਦਾਰਾਂ, ਜਗੀਰਦਾਰਾਂ ਅਤੇ ਵੇਲੇ ਦੇ ਪ੍ਰਸਿੱਧ ਧਾਰਮਿਕ ਫਿਰਕਿਆਂ, ਉਦਾਸੀ, ਬੈਰਾਗੀ, ਨਿਰਮਲੇ, ਨਿਹੰਗ, ਸੇਵਾ ਪੰਥੀ, ਗੁਲਾਬ ਦਾਸੀਏ ਆਦਿ ਦੇ ਚੋਣਵੇਂ ਲੋਕਾਂ ਦਾ ਧੜਾ ਧੜ ਕੂਕਿਆਂ ਵਿੱਚ ਆਉਣਾ, ਜਿੱਥੇ ਨਾਮਧਾਰੀ ਮੱਤ ਦੇ ਪ੍ਰਚਾਰ ਪ੍ਰਸਾਰ ਲਈ ਸਹਾਇਕ ਹੋਏ, ਉੱਥੇ ਸਰਕਾਰ ਕੂਕਿਆਂ ਦੇ ਸਿਆਸੀ ਨਿਸ਼ਾਨੇ, ਅੰਗਰੇਜ਼ਾਂ ਨੂੰ ਕੱਢ ਕੇ ਆਪਣੇ ਲੋਕਾਂ ਦਾ ਸਮਤਾਂ ਮੂਲਕ ਰਾਜ ਕਾਇਮ ਕਰਨਾ, ਇਸ ਪ੍ਰਤੀ ਬਹੁਤ ਭੈਅ ਭੀਤ ਸੀ। ਉਹ ਕੋਈ ਬਹਾਨਾ ਲੱਭ ਰਹੀ ਸੀ ਕਿ ਕਿਸ ਤਰ੍ਹਾਂ ਨਵੀਂ ਉਭਰਦੀ ਕੂਕਾ ਲਹਿਰ ਨੂੰ ਇਸ ਦੇ ਆਗੂਆਂ ਵਿਸ਼ੇਸ਼ ਕਰ ਸਤਿਗੁਰੂ ਰਾਮ ਸਿੰਘ ਜੀ ਤੋਂ ਨਿਖੇੜਿਆ ਜਾਏ। ਸੰਨ 1871 ਜੂਨ ਵਿੱਚ ਅੰਮ੍ਰਿਤਸਰ, ਜੁਲਾਈ ਵਿੱਚ ਰਾਏਕੋਟ ਅਤੇ ਫਿਰ ਜਨਵਰੀ 1872 ਦੇ ਮਲੇਰ ਕੋਟਲੇ ਦੇ ਬੁੱਚੜ-ਬੱਧ ਸਾਕਿਆਂ ਨੇ ਸਰਕਾਰ ਨੂੰ ਇਹ ਮੌਕਾ ਦੇ ਦਿੱਤਾ।

ਇਹਨਾਂ ਸਾਕਿਆਂ ਵਿੱਚ 100 ਦੇ ਕਰੀਬ ਨਾਮਧਾਰੀ ਸਿੰਘ ਸ਼ਹੀਦ ਹੋਏ। ਕਈ ਕਾਲੇ ਪਾਣੀ ਭੇਜੇ ਗਏ। ਸਤਿਗੁਰੂ ਰਾਮ ਸਿੰਘ ਜੀ ਅਤੇ ਮੁਖੀ ਸੂਬੇ ਜਲਾਵਤਨ ਕਰਕੇ ਵੱਖ ਵੱਖ ਥਾਵਾਂ ਤੋਂ ਕੈਦ ਕਰ ਦਿੱਤੇ। ਕੂਕਿਆਂ ਦਾ ਸਾਰਾ ਫਿਰਕਾ ਬਾਗੀ ਘੋਸ਼ਿਤ ਕਰਕੇ ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦੇ ਇਕੱਠ ਤੇ ਕਾਨੂੰਨੀ ਰੋਕ ਲਾ ਦਿੱਤੀ। ਕੂਕਿਆਂ ਦੇ ਘਰ ਘਾਟ ਢਾਹ ਕੇ ਜਾਇਦਾਦਾਂ ਜਬਤ ਕਰ ਲਈਆਂ ਗਈਆਂ। ਅੰਗਰੇਜ਼ ਸਰਕਾਰ ਅਤੇ ਪੰਜਾਬ ਵਿਚਲੇ ਦੇਸੀ ਰਾਜਿਆਂ ਨੇ ਕੂਕਿਆਂ ਨੂੰ ਤੰਗ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ। 1872 ਤੋਂ 1906 ਈਸਵੀ ਤੱਕ ਸਤਿਗੁਰੂ ਰਾਮ ਸਿੰਘ ਜੀ ਦੇ ਉੱਤਰਾਧਿਕਾਰੀ, ਛੋਟੇ ਭਾਈ, ਗੁਰੂ ਹਰੀ ਸਿੰਘ ਜੀ ਦੇ 34 ਸਾਲ ਗੁਰਦੁਆਰਾ ਭੈਣੀ ਸਾਹਿਬ, ਜਿਸ ਦੇ ਬੂਹੇ ਤੇ 19 ਜਨਵਰੀ 1872 ਤੋਂ ਮਈ 1923 ਤੱਕ ਤਾਜ਼ੀਰੀ ਪੁਲਿਸ ਚੌਂਕੀ ਤਾਇਨਾਤ ਰਹੀ, ਉਸ ਬੰਦੀ ਗ੍ਰਹਿ ਵਿੱਚ ਹੀ ਗੁਜਰੇ। ਸੰਨ 1892 ਤੋਂ ਬਾਅਦ ਆਪ ਨੂੰ ਸੀਮਿਤ ਸਮੇਂ ਲਈ ਸਰਕਾਰੀ ਮਨਜ਼ੂਰੀ ਨਾਲ ਦੌਰਾ ਕਰਨ ਦੀ ਇਜਾਜ਼ਤ ਮਿਲਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਤਾ ਕਾਲ ਦੇ ਪਹਿਲੇ 17 ਸਾਲ ਇਸ ਬੰਦੀ ਖਾਨੇ ਵਿੱਚ ਹੀ ਗੁਜਰੇ। ਹੋਰ ਤੇ ਹੋਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਵਤਾਰ ਧਾਰਨ ਵੇਲੇ 22 ਨਵੰਬਰ 1920 ਈ. ਨੂੰ ਵੀ ਭੈਣੀ ਸਾਹਿਬ ਇਸੇ ਹਾਲਾਤ ਵਿੱਚ ਹੀ ਸੀ।

ਖੋਟਿਆਂ ਦੀ ਅਨੰਦ ਮਰਿਆਦਾ ਕਾਇਮ ਕਰਨ ਬਾਅਦ ਜਦੋਂ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਚ ਨਜਰਬੰਦ ਕਰ ਦਿੱਤਾ ਗਿਆ ਤਾਂ ਆਪ ਨੇ ਸਾਥੀ ਸਿੰਘਾਂ ਨਾਲ ਲੰਮੀ ਸੋਚ ਵਿਚਾਰ ਕਰਕੇ 1865 ਈ. ਤੱਕ ਪੰਜ ਸੂਬਿਆਂ ਦੀ ਪੰਥਕ ਪ੍ਰਚਾਰ ਲਈ ਸਥਾਪਨਾ ਕੀਤੀ। ਸਰਕਾਰ ਨੇ ਇਹਨਾਂ ਨੂੰ ਵੀ ਜੂਹਬੰਦ ਕਰ ਦਿੱਤਾ। ਫਿਰ ਆਪ ਜੀ ਨੇ ਸਤਾਰਾਂ ਸੂਬੇ ਹੋਰ ਥਾਪ ਦਿੱਤੇ। ਅੰਬਾਲੇ ਦਾ ਕਮਿਸ਼ਨਰ ਭੈਣੀ ਸਾਹਿਬ ਸਤਿਗੁਰੂ ਜੀ ਨੂੰ ਇਹ ਦੱਸਣ ਆਇਆ ਕਿ ਇਹਨਾਂ ਸਤਾਰਾਂ ਸੂਬਿਆਂ ਦੇ ਵੀ ਪੰਜਾਬ ਵਿਚ ਸੁਤੰਤਰ ਵਿਚਰਨ ਤੇ ਸਰਕਾਰ ਨੇ ਰੋਕ ਲਾ ਦਿੱਤੀ ਹੈ, ਹੁਣ ਤੁਸੀਂ ਕੀ ਕਰੋਗੇ ? ਸਤਿਗੁਰੂ ਜੀ ਨੇ ਤੁਰਤ ਫੁਰਤ ਜੁਆਬ ਦਿੱਤਾ- "ਸਾਹਿਬ ! ਤੁਸੀਂ ਇਕ ਰਾਮ ਸਿੰਘ ਨੂੰ ਰੋਂਦੇ ਹੋ- ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।" ਵੀਹਵੀਂ ਸਦੀ ਦੇ ਚੜ੍ਹਦਿਆਂ ਹੀ ਪੰਜਾਬ ਵਿਚ ਲੋਕ ਲਹਿਰਾਂ ਦੀ ਕਾਂਗ ਆ ਗਈ ਸੀ। ਪਗੜੀ ਸੰਭਾਲ ਜੱਟਾ, ਗਦਰ ਪਾਰਟੀ, ਰੌਲਟ ਐਕਟ ਵਿਰੁੱਧ ਅੰਦੋਲਨ, ਅਕਾਲੀ, ਬੱਬਰ ਅਕਾਲੀ, ਰਿਆਸਤੀ ਪਰਜਾ ਮੰਡਲ, ਕਾਂਗਰਸ ਅਤੇ ਕਿਰਤੀ ਕਿਸਾਨ ਲਹਿਰਾਂ, ਆਜ਼ਾਦ ਹਿੰਦ ਫੌਜ ਆਦਿ ਇੱਕ ਤੋਂ ਬਾਅਦ ਦੂਜੇ ਅੰਦੋਲਨ ਇਸ ਤਰ੍ਹਾਂ ਚਲੇ ਕਿ 15 ਅਗਸਤ 1947 ਈ. ਨੂੰ ਗੋਰਾਂ ਸ਼ਾਹੀ ਦਾ ਬਿਸਤਰਾ ਗੋਲ ਕਰਕੇ ਹੀ ਦਮ ਲਿਆ। ਵੈਸਾਖੀ 1857 ਈ. ਤੋਂ ਬਾਰ ਦੇ ਕਿਸਾਨਾਂ ਦੇ 1907 ਈ. ਵਾਲੇ ਅੰਦੋਲਨ ਤੱਕ ਤਕਰੀਬਨ ਅੱਧੀ ਸਦੀ ਦੇ ਇਸ ਸਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੀ ਅਗੁਆਈ ਹੇਠ ਚੱਲਣ ਵਾਲਾ ਕੂਕਾ ਅੰਦੋਲਨ ਹੀ ਇਕ ਮਾਤਰ ਅੰਦੋਲਨ ਸੀ, ਜਿਸ ਨੇ ਫਰੰਗੀ ਹਾਕਮਾਂ ਦੀ ਨੀਂਦ ਉਡਾਈ ਰੱਖੀ ਸੀ । ਏਸੇ ਸਮੇਂ ਪੰਜਾਬ ਵਿਚ ਚੱਲਣ ਵਾਲੇ ਧਾਰਮਿਕ ਜਾਂ ਸਮਾਜਿਕ ਸੁਧਾਰ ਅੰਦੋਲਨਾਂ ਦੀ ਬੁਨਿਆਦੀ ਸ਼ਰਤ ਬਰਤਾਨਵੀ ਰਾਜ ਭਗਤੀ ਹੋਇਆ ਕਰਦੀ ਸੀ।

ਇਸ ਸਮੇਂ ਕੂਕਿਆਂ ਦੇ ਖੁਸ਼ੀ ਗਮੀ ਦੇ ਇਕੱਠ ਵੀ ਸਰਕਾਰੀ ਆਗਿਆ ਨਾਲ ਸੀਮਿਤ ਸਮੇਂ ਤੇ ਸੀਮਿਤ ਸੰਖਿਆ ਵਿਚ ਹੁੰਦੇ ਸਨ। ਜੇ ਉਹ ਗੁਰਬਾਣੀ ਦੇ ਸਧਾਰਨ ਜਾਂ ਅਖੰਡ ਪਾਠਾਂ ਦੇ ਭੋਗ, ਹਵਨ ਯੱਗ ਆਦਿ ਕਰਦੇ ਸਨ ਤਾਂ ਵੀ ਸਰਕਾਰ ਇਹਨਾਂ ਇਕੱਠਾਂ ਵਿੱਚੋਂ ਬਗਾਵਤ ਦੀ ਬੂਅ ਸੁੰਘਦੀ ਰਹਿੰਦੀ। ਇਸੇ ਕਾਰਨ ਹੀ ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚੰਡੀ ਦੀ ਵਾਰ ਦੇ ਪਾਠ ਕਰਨ ਅਤੇ ਹਵਨ ਯੱਗ ਆਦਿ ਦੀਆਂ ਕਿਰਿਆਵਾਂ ਬਾਰੇ ਕਿਹਾ ਸੀ ਕਿ ਜਿਹੋ ਜਿਹੀਆ ਬਾਣੀਆਂ ਪੜ੍ਹ ਕੇ ਜੋ ਤਿਆਰੀਆਂ ਮੁਗਲਾਂ ਵਿਰੁੱਧ ਜੰਗ ਛੇੜਨ ਤੋਂ ਪਹਿਲਾਂ ਗੁਰੁ ਗੋਬਿੰਦ ਸਿੰਘ ਕਰਦੇ ਰਹੇ ਸਨ ਉਸੇ ਤਰ੍ਹਾਂ ਦੀਆਂ ਕਾਰਵਾਈਆਂ ਹੁਣ ਗੁਰੂ ਰਾਮ

ਸਿੰਘ ਕਰ ਰਹੇ ਹਨ। ਭਾਵ ਇਹ ਹੈ ਕਿ ਉਹਨਾਂ ਦੇ ਨਿਸ਼ਾਨੇ ਤੇ ਹੁਣ ਅੰਗਰੇਜ਼ ਸਰਕਾਰ ਹੈ ।

ਪਹਿਲਾਂ ਰੰਗੂਨ ਵਿਚ ਅਤੇ ਫਿਰ ਮਰਗੋਈ (ਬ੍ਰਿਟਿਸ਼ ਬਰਮਾਂ (ਹੁਣ ਮਿਆਂਮਾਰ) ਵਿਚ ਕੈਦ ਗੁਰੂ ਰਾਮ ਸਿੰਘ ਜੀ ਪਾਸ ਇਕ ਸੈਂਕੜੇ ਤੋਂ ਵੱਧ ਕੂਕੇ ਭੇਸ ਬਦਲ ਕੇ, ਪੁੱਜ ਦੇ ਰਹੇ ਅਤੇ ਆਪਣੇ ਸਮਾਚਾਰ ਉਹਨਾਂ ਤੱਕ ਪੁਚਾਉਂਦੇ ਅਤੇ ਉਹਨਾਂ ਦੇ ਹੁਕਮਨਾਮੇ ਗੁਰੂ ਹਰੀ ਸਿੰਘ ਜੀ ਜਾਂ ਪੰਜਾਬ ਵਿਚਲੇ ਕੂਕਿਆਂ ਲਈ ਲੈਕੇ ਆਉਂਦੇ। ਸਤਿਗੁਰੂ ਜੀ ਆਪਣੇ ਸੰਪਰਕ ਸੂਤਰਾਂ, ਸੂਬਾ ਬਿਸ਼ਨ ਸਿੰਘ ਕਾਬਲ ਵਾਲਾ ਅਤੇ ਬਾਬਾ ਗੁਰਚਰਨ ਸਿੰਘ ਚੱਕ ਰਾਮਦਾਸ ਦੁਆਰਾ ਰੂਸੀ ਹਾਕਮਾਂ ਨਾਲ ਚਿੱਠੀ ਪੱਤਰੀ ਕਰਕੇ, ਰੂਸੀ ਫੌਜ ਦੀ ਮੱਦਦ ਨਾਲ ਅੰਗਰੇਜ਼ਾ ਨੂੰ ਪੰਜਾਬ ਵਿਚੋਂ ਕੱਢਣ ਦੀਆਂ ਯੋਜਨਾਵਾਂ ਬਣਾਉਂਦੇ ਰਹਿੰਦੇ ਸਨ। ਇਸ ਲਈ ਅੰਗਰੇਜ਼ ਸਰਕਾਰ ਨੇ 1881 ਈ. ਵਿਚ ਢਾਈ ਸੌ ਤੋਂ ਵੱਧ ਕੂਕਿਆਂ ਦੀ ਜ਼ਿਲ੍ਹਾ ਵਾਰ ਇਕ ਸੂਚੀ ਬਣਾਈ ਸੀ, ਜਿਹੜੇ ਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਮਿਲਣ ਜਾ ਸਕਦੇ ਸਨ ਅਤੇ ਇਸ ਲਈ ਇਹਨਾਂ ਤੇ ਵਿਸ਼ੇਸ਼ ਨਿਗਰਾਨੀ ਦੀ ਲੋੜ ਸੀ। ਇਸ ਲਈ ਸਤਿਗੁਰੂ ਜੀ ਪਾਸ ਰੰਗੂਨ/ ਮਰਗੋਈ ਜਾਕੇ ਹੁਕਮਨਾਮੇ ਲਿਆਉਣ ਵਾਲਾ ਹਰ ਕੂਕਾ ਸਾਡੇ ਲਈ ਸੁਤੰਤਰਤਾ ਸੰਗਰਾਮੀ ਹੈ । ਸਤਿਗੁਰੂ ਜੀ ਦੇ ਹੁਕਮਨਾਮਿਆਂ ਬਾਰੇ ਅੰਗਰੇਜ਼ ਸਰਕਾਰ ਦਾ ਆਕਲਨ ਸੀ ਕਿ ਇਹਨਾਂ ਨੂੰ ਪੜ੍ਹ ਕੇ ਪੰਜਾਬ ਵਿਚਲੇ ਕੂਕਿਆਂ ਦਾ ਜੋਸ਼ ਦੂਣ ਸਵਾਇਆ ਹੋਣ ਲਗਦਾ ਹੈ। ਭਾਈ ਲਹੌਰਾ ਸਿੰਘ ਅੰਮ੍ਰਿਤਸਰ ਵਾਲਾ, ਉਨ ਦੀ ਮਾਲਾ ਬਣਾਕੇ ਚਾਰ ਆਨੇ ਰੋਜ਼ ਦੇ ਕਮਾਉਂਣ ਵਾਲਾ ਸਿਖ ਵੀ ਰੇਲ ਅਤੇ ਸਮੁੰਦਰੀ ਜਹਾਜ ਦੇ ਕਿਰਾਏ ਦਾ ਜੁਗਾੜ ਕਰਕੇ ਸਤਿਗੁਰੂ ਜੀ ਪਾਸ ਪਹੁੰਚਦਾ ਹੈ।

ਇਸ ਸਮੇਂ ਸਤਿਗੁਰੂ ਜੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਉਹਨਾਂ ਦੇ ਸਥਾਨ ਤੇ ਬਿਰਾਜਮਾਨ ਗੁਰੂ ਹਰੀ ਸਿੰਘ ਜੀ ਨੂੰ ਉਹਨਾਂ ਦੇ ਨਮਿੱਤ ਵੱਧ ਤੋਂ ਵੱਧ ਸਹਿਜ ਅਤੇ ਅਖੰਡ ਪਾਠ ਕਰਨ ਅਤੇ ਉਹਨਾਂ ਦੁਆਰਾ ਸਥਾਪਿਤ ਸ੍ਰੀ ਭੈਣੀ ਸਾਹਿਬ ਵਿਚਲੇ ਲੋਹ-ਲੰਗਰ, ਸਦਾ ਵਰਤ ਨੂੰ ਇਕ ਇਕ ਰਸ ਚਲਦਾ ਰੱਖਣ ਦੀ ਹਦਾਇਤ ਕਰਦੇ ਹਨ। ਇਸ ਲਈ ਗੁਰੁ ਕੇ ਉਸ ਲੰਗਰ ਵਿਚ ਰਹਿ ਕੇ ਸੇਵਾ ਕਰਨ ਵਾਲੇ, ਪਾਠਾਂ ਵਿਚ ਸੇਵਾ ਨਿਬਾਹੁਣ ਵਾਲੇ, ਗੁਰੁ ਕੇ ਲੰਗਰ ਲਈ ਦੂਰੋਂ ਨੇੜਿਓਂ ਉਗਰਾਹੀ ਕਰਕੇ ਲਿਆਉਂਣ ਵਾਲੇ ਸਾਰੇ ਸਿੰਘ ਮਾਈ ਭਾਈ ਸਾਡੇ ਸਤਿਕਾਰ ਦੇ ਪਾਤਰ ਹਨ। ਜਦੋਂ ਗੁਰੂ ਹਰੀ ਸਿੰਘ ਜੀ ਲੰਮਾ ਸਮਾਂ ਪੰਜਾਬ ਵਿਚ ਦੌਰੇ ਨਹੀਂ ਕਰ ਸਕੇ ਸਨ ਤਾਂ ਬਹੁਤ ਸਾਰੇ ਸਾਧੂ ਸੰਤ ਮਾਨਤਾ ਹੋਣ ਸਦਕਾ ਆਪਣੇ ਆਪ ਨੂੰ ਕੂਕਾ ਕੇਂਦਰ ਦੇ ਸਨਮੁੱਖ ਰੱਖ ਕੇ ਵੇਖਣ ਲੱਗ ਪਏ ਪਰ ਜਿਵੇਂ ਜਿਵੇਂ ਗੁਰੂ ਹਰੀ ਸਿੰਘ ਜੀ

ਸੀਮਿਤ ਸਮੇਂ ਲਈ ਵੀ ਪੰਜਾਬ ਭਰਮਣ ਤੇ ਨਿਕਲੇ ਮੁਕਾਬਲੇ ਦੇ ਡੇਰੇ ਭਰਮ ਨਵਿਰਤ ਹੁੰਦੇ ਗਏ। ਉਸ ਦੌਰ ਵਿਚ ਡੇਰੇ ਵਿਚ ਰਹਿਕੇ ਸੇਵਾ ਕਰਨ ਵਾਲੀਆਂ ਕੁਝ ਮਾਈਆਂ ਵੀ ਆਪਣੀ ਦਲੇਰੀ, ਹਿੰਮਤ ਅਤੇ ਪਹਿਲ ਕਦਮੀ ਸਦਕਾ, ਉਸ ਬਿਖਮ ਕਾਲ ਵਿਚ ਆਪਣੀ ਇਤਿਹਾਸਿਕ ਭੂਮਿਕਾ ਨਿਬਾਹੁਣ ਦੇ ਸਮਰੱਥ ਹੋਈਆਂ ਹਨ। ਉਹਨਾਂ ਨੂੰ ਯਾਦ ਕਰਨਾ ਵੀ ਆਪਣੇ ਇਤਿਹਾਸ ਦੇ ਕਰਜ਼ ਤੋਂ ਮੁਕਤ ਹੋਣ ਜਿਹਾ ਕਾਰਜ ਹੈ। ਗੁਰੂ ਪਰਿਵਾਰ ਨਾਲ ਸੰਬੰਧਿਤ ਮਾਤਾਵਾਂ ਦੀਆਂ ਪੰਥਕ ਸੇਵਾਵਾਂ ਅਤੇ ਵੱਡੀਆਂ ਘਾਲ ਕਮਾਈਆਂ ਸਾਡੇ ਇਤਿਹਾਸ ਦੀ ਨੀਂਹ ਦੀਆਂ ਇੱਟਾਂ ਸਮਾਨ ਹਨ ਜਿਸ ਤੇ ਇਸ ਸ਼ਾਨਦਾਰ ਪੰਥਕ ਇਮਾਰਤ ਦੀ ਉਸਾਰੀ ਸੰਭਵ ਹੋਈ।

ਦੂਰ ਦੁਰੇਡੇ ਇਲਾਕਿਆਂ ਵਿਚ ਬੈਠੇ ਕੱਲੇ ਦੁਕੱਲੇ ਨਾਮਧਾਰੀ ਸਿੰਘ ਵੀ ਆਪਣੇ ਸਤਿਗੁਰੂ ਅਤੇ ਉਸ ਦੀ ਸੰਗਤ ਦੇ ਰੰਗ ਵਿਚ ਰੰਗੇ ਜਾਕੇ, ਅੱਠੇ ਪਹਿਰ ਆਪਣੇ ਇਸ਼ਟ ਦੀ ਯਾਦ ਵਿਚ ਮਖਮੂਰ ਰਹਿਕੇ ਦੁਨਿਆਵੀ ਕਾਰ ਵਿਹਾਰ ਵੀ ਕਰਦੇ ਰਹਿੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਵਿਚ ਅਕਸਰ ਕਿਰਤ ਦੀ ਮਹਿਮਾ ਦਾ ਗੁਣਗਾਨ ਹੁੰਦਾ ਰਹਿੰਦਾ ਸੀ। ਇਸ ਲਈ ਅੰਗਰੇਜ਼ ਸਰਕਾਰ ਦੇ ਬਾਗੀ ਕੂਕੇ, ਆਪਣੀਆਂ ਜਾਇਦਾਦਾਂ ਸਰਕਾਰ ਦੁਆਰਾ ਜ਼ਬਤ ਹੋਣ ਬਾਅਦ ਵੀ ਮਿਹਨਤ ਮਜਦੂਰੀ ਕਰਕੇ ਪਰਸ਼ਾਦਾ ਛਕਣ ਤੋਂ ਗੁਰੇਜ਼ ਨਹੀਂ ਕਰਦੇ ਸਨ। ਕਈ ਸਾਧੂ ਇਤਨੇ ਹਿੰਮਤੀ ਸਨ ਕਿ ਆਪਣੇ ਟਿਕਾਣੇ ਦੇ ਇਰਦ ਗਿਰਦ, ਕੁਝ ਜਗ੍ਹਾ ਵਿਚ ਕਹੀ ਨਾਲ ਗੋਡੀ ਕਰਕੇ ਹੀ ਛਕਣ ਜੋਗੀ ਕਣਕ, ਦਾਲ, ਸਬਜ਼ੀ ਆਦਿ ਪੈਦਾ ਕਰ ਲੈਂਦੇ ਸਨ। ਸੀਮਿਤ ਲੋੜਾਂ ਵਾਲਾ ਆਤਮ ਨਿਰਭਰ ਵਿਅਕਤੀ ਕਿਹੜੇ ਦੁਸ਼ਮਣ ਤੋਂ ਮਾਰ ਖਾਏਗਾ?

ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰਤਾ ਕਾਲ ਵਿਚ ਕੌਮੀ ਮੁਕਤੀ ਅੰਦੋਲਨ ਜੋਰ ਪਕੜਦਾ ਨਜ਼ਰ ਆ ਰਿਹਾ ਹੈ। ਇਸ ਸਮੇਂ ਕੂਕਾ ਲਹਿਰ ਤੋਂ ਪ੍ਰਭਾਵਿਤ ਬਾਬਾ ਸੋਹਣ ਸਿੰਘ ਭਕਨਾ ਪਹਿਲਾਂ 1905-07 ਈ. ਦੇ ਕਿਸਾਨ ਅੰਦੋਲਨ ਵਿਚ ਅਤੇ ਫਿਰ ਗਦਰ ਪਾਰਟੀ ਵਿਚ ਫਿਰ ਕਿਰਤੀ ਕਿਸਾਨ, ਕਮਿਊਨਿਸਟ ਲਹਿਰ ਵਿਚ ਆਪਣੀ ਵਡੇਰੀ ਭੂਮਿਕਾ ਨਿਬਾਹੁੰਦਾ ਹੈ। ਬਹੁਤ ਸਾਰੇ ਕੂਕਾ ਆਗੂ ਅਤੇ ਸਿੱਖ, ਕਾਂਗਰਸ, ਅਕਾਲੀ, ਪਰਜਾ ਮੰਡਲ ਆਦਿ ਲਹਿਰਾਂ ਵਿਚ ਸਰਗਰਮ ਰਹਿੰਦੇ ਹਨ। ਅੰਗਰੇਜ਼ੀ ਰਾਜ ਸਮੇਂ ਕੂਕਾ ਕੇਂਦਰ ਭੈਣੀ ਸਾਹਿਬ ਹਰ ਰੰਗ ਦੇ ਦੇਸ਼ ਭਗਤਾਂ ਲਈ ਸੁਰੱਖਿਅਤ ਟਿਕਾਣਾ ਹੈ। ਭੈਣੀ ਸਾਹਿਬ ਤੋਂ ਛਪਦਾ ਸਪਤਾਹਿਕ ਸਤਿਜੁਗ ਵੇਲੇ ਦੀਆਂ ਸਾਰੀਆਂ ਲੋਕ ਲਹਿਰਾਂ ਅਤੇ ਸ਼ਹੀਦ ਭਗਤ ਸਿੰਘ ਜਿਹੇ ਇਨਕਲਾਬੀਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਾ ਹੈ।

ਇਹ ਗੱਲ ਕਿਤਨੇ ਕੁ ਸੱਜਣਾਂ ਨੂੰ ਪਤਾ ਹੋਵੇਗੀ ਕਿ ਕੈਨੇਡਾ ਵਿਚ ਬਣੇ ਪਹਿਲੇ ਗੁਰਦੁਆਰੇ ਵਿਚ ਆਦਿ ਸ੍ਰੀ ਗੁਰੁ ਗਰੰਥ ਸਾਹਿਬ ਦੀ ਬੀੜ ਅਸਥਾਪਨ ਕਰਨ ਵਾਲਾ ਇਕ ਕੂਕਾ ਸਾਧੂ, ਸੰਤ ਸੂਰਜ ਸਿੰਘ ਪਿੰਡ ਰੋਡੇ (ਮੋਗਾ) ਸੀ। ਇਹ ਬੀੜ ਸੰਤ ਜੀ ਆਪਣੇ ਨਾਲ ਬੜੇ ਅਦਬ ਸਤਿਕਾਰ ਸਹਿਤ ਪੰਜਾਬ ਤੋਂ ਲੈ ਕੇ ਗਏ ਸਨ। ਬੀਬੀ ਅਤਰ ਕੌਰ ਮਾਈਸਰਖਾਨਾ ਜਦੋਂ ਸੂਬਾ ਗੁਰਚਰਨ ਸਿੰਘ ਚੱਕ ਰਾਮ ਦਾਸ 1887 ਈ. ਵਿਚ ਮੁਲਤਾਨ ਵਿਖੇ ਨਜ਼ਰਬੰਦ ਸਨ ਤਾਂ ਉਹਨਾਂ ਦੀ ਖਬਰ ਸੁਰਤ ਲੈਣ ਲਈ ਮੁਲਤਾਨ ਤੱਕ ਪੁੱਜੀ ਸੀ। ਬੀਬੀ ਦੀਆਂ ਅੰਗਰੇਜ਼ ਵਿਰੋਧੀ ਸਰਗਰਮੀਆਂ ਕਾਰਨ ਉਸ ਨੂੰ ਬਹਾਦਰਗੜ੍ਹ (ਪਟਿਆਲਾ) ਕਿਲ੍ਹੇ ਵਿਚ ਨਜ਼ਰਬੰਦ ਰਖਿਆ ਗਿਆ। ਸਤਿਗੁਰੂ ਰਾਮ ਸਿੰਘ ਜੀ ਦੇ ਮਾਮੇ ਹਰੀ ਸਿੰਘ ਦੀ ਨੂੰਹ ਮਾਈ ਭੋਲੀ ਦਾ ਲੁਧਿਆਣੇ ਵਿਚਲਾ ਘਰ ਤਕਰੀਬਨ ਅੱਧੀ ਸਦੀ ਲਈ ਕੂਕਿਆਂ ਦੀ ਬਹੁਤ ਵੱਡੀ ਠਾਹਰ ਬਣਿਆ ਰਿਹਾ। ਸੰਤ ਭਗਵਾਨ ਸਿੰਘ ਅੜਬੰਗੀ ਜਾਂ ਹੋਰ ਕੂਕੇ ਜਦੋਂ ਲੁਧਿਆਣੇ ਦੀ ਕਿਸੇ ਹਵਾਲਾਤ ਜਾਂ ਜੇਲ੍ਹ ਵਿਚ ਡੱਕੇ ਹੁੰਦੇ ਸਨ ਤਾਂ ਉਹਨਾਂ ਲਈ ਲੰਗਰ ਪਾਣੀ ਜਾਂ ਹੋਰ ਰਸਦ ਬਸਤ, ਮਾਈ ਭੋਲੀ ਦੇ ਘਰੋਂ ਹੀ ਜਾਇਆ ਕਰਦੀ ਸੀ।

ਬਹੁਤ ਸਾਰੇ ਕੂਕੇ ਸਾਧੂ ਸੰਤ ਇਸ ਸਮੇਂ ਮਸਤਾਨੀ ਬਿਰਤੀ ਵਿਚ ਵਿਚਰਦੇ ਸਨ, ਉਹਨਾਂ ਦੀ ਇਹ ਵਿਰੱਕਤਤਾ ਵੀ ਵੇਲੇ ਦੀ ਸਰਕਾਰ ਦੇ ਵਿਰੁੱਧ ਇਕ ਵਿਦਰੋਹ ਹੀ ਸੀ। ਉਹ ਅੰਦਰੋਂ ਬਾਹਰੋਂ ਆਪਣੇ ਮੁਰਸ਼ਦ ਦੇ ਰੰਗ ਵਿਚ ਰੰਗੇ ਹੋਏ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਬਿਰਹੇ ਨੂੰ ਇਹਨਾਂ ਸਾਧੂਆਂ ਨੇ ਆਪਣੇ ਹੱਡਾਂ ਨਾਲ ਹੰਡਾਇਆ ਸੀ। ਸੂਫੀ ਕਵੀ ਸ਼ਾਹ ਹੁਸੈਨ ਦੇ ਸ਼ਬਦਾਂ ਵਿਚ:-

"ਮਾਏ ਨੀ ਮੈਂ ਕੈਹਨੂੰ ਆਖਾਂ, ਦਰਦ ਵਿਛੋੜੇ ਦਾ ਹਾਲ ?

ਧੂਆਂ ਧੁਖੇ ਮੇਰੇ ਮੁਰਸ਼ਦ ਵਾਲਾ ਜਾਂ ਫੋਲਾਂ ਤਾਂ ਲਾਲ।

ਗਲੀਏ ਗਲੀਏ ਫਿਰਾਂ ਢੂੰਡੇਂਦੀ ਅਜੇ ਨਾ ਆਇਆ ਲਾਲ।"

ਇਹਨਾਂ ਬਿਰਹੋਂ-ਭੁਅੰਗਮ ਦੇ ਡੰਗਿਆਂ ਦੇ ਸੀਨਿਆਂ 'ਚੋਂ ਉੱਠਦੀ ਹੂਕ ਪੱਥਰਾਂ ਨੂੰ ਮੋਮ ਕਰ ਦਿੰਦੀ ਸੀ। ਇਹ ਜਿਸ ਦੇ ਕੰਨ ਵਿਚ ਚੌ ਅੱਖਰਾ ਭਜਨ ਦਸਦੇ ਉਹ ਲੋਟ ਪੋਟ ਹੋ ਕੇ ਥਈਆ-ਥਈਆ ਕਰਨ ਲਗਦਾ ਸੀ। ਆਪਣੇ ਤਰੀਕੇ ਨਾਲ ਪੰਜਾਬ ਭਰ ਵਿਚ ਵਿਚਰ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਅਮਨ ਏਕਤਾ ਅਤੇ ਸਾਂਝੀਵਾਲਤਾ ਦੇ ਮਿਸ਼ਨ ਦਾ ਪ੍ਰਚਾਰ ਕਰਨ ਵਾਲੇ, ਇਹ ਨਾਮਧਾਰੀ ਸੰਤ ਸਾਡੇ ਇਤਿਹਾਸ ਦੇ ਅਮਰ ਪਾਤਰ ਹਨ।

ਲੇਖਕ, ਕੂਕਾ ਲਹਿਰ ਦੇ ਅਮਰ ਨਾਇਕ ਦਾ ਤੀਸਰਾ ਭਾਗ ਪਾਠਕਾਂ ਦੇ

ਸਨਮੁੱਖ ਕਰਕੇ ਖੁਸ਼ੀ ਅਨੁਭਵ ਕਰ ਰਿਹਾ ਹੈ। ਕਿਸੇ ਵੀ ਲੋਕ ਲਹਿਰ ਦੇ ਕਲੇਵਰ ਵਿਚ ਅਜੇਹੇ ਸੈਂਕੜੇ ਪਾਤਰ ਆਉਂਦੇ ਹਨ, ਜਿਹੜੇ ਆਪਣੀ ਕਠਿਨ ਘਾਲਣਾ ਸਦਕਾ, ਹਵਾ ਦੇ ਉਲਟ ਰੁਖ ਚੱਲਣ ਦੀ ਸਮਰੱਥਾ ਕਾਰਨ, ਲੋਕ ਮਨਾਂ ਤੇ ਆਪਣੀ ਗਹਿਰੀ ਛਾਪ ਛੱਡ ਜਾਂਦੇ ਹਨ। ਉਹ ਜੁਗਨੂਆਂ ਜਿਓਂ ਸਾਡੇ ਚੇਤਿਆਂ ਵਿਚ ਸਦਾ  ਜਗਮਗਾਉਂਦੇ ਰਹਿੰਦੇ ਹਨ। ਉਹਨਾਂ ਦੀ ਕੀਰਤੀ ਦੇ ਬਿਖਰੇ ਕਿਣਕੇ ਹਨ੍ਹੇਰੇ ਭਵਿੱਖ ਰੋਸ਼ਨ ਕਰਦੇ ਹਨ। ਉਹਨਾਂ ਦੀਆਂ ਯਾਦਾਂ ਨੂੰ ਸਹੇਜ ਕੇ, ਅਸੀਂ ਆਪਣੀ ਬੌਧਿਕ ਅਮੀਰੀ ਵਿਚ ਵਾਧਾ ਕਰਦੇ ਹਾਂ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪ੍ਰਤੀ ਕਿਰਤੱਗਤਾ ਦੇ ਭਾਵ ਸ਼ਬਦਾਂ ਵਿਚ ਪਰਗਟ ਨਹੀਂ ਹੋ ਸਕਦੇ। ਉਹਨਾਂ ਦੀ ਮਿਹਰ ਨਜ਼ਰ ਤੋਂ ਬਿਨਾਂ ਇਹ ਕਾਰਜ ਸੰਭਵ ਨਹੀਂ ਸੀ।

ਲੋਕ ਇਤਿਹਾਸਕਾਰ ਪ੍ਰੋ. ਸੁਮੇਲ ਸਿੰਘ ਸਿੱਧੂ ਹੋਰਾਂ ਨੇ ਬੜੀ ਬਰੀਕ ਬੀਨੀ ਨਾਲ ਇਸ ਪੁਸਤਕ ਦੀ ਭੂਮਿਕਾ ਲਿਖੀ ਹੈ ਜਿਸ ਲਈ ਲੇਖਕ ਉਹਨਾਂ ਦਾ ਸ਼ੁਕਰਗੁਜਾਰ ਹੈ।

ਲੇਖਕ ਉਹਨਾਂ ਵੱਡੇ ਨਾਵਾਂ ਵਾਲੇ ਸਮੂਹ ਲੇਖਕਾਂ ਦੀਆਂ ਕਿਰਤਾਂ ਦਾ ਆਭਾਰੀ ਹੈ ਜਿਹਨਾਂ ਤੋਂ ਇਹਨਾਂ ਰਚਨਾਵਾਂ ਲਈ ਲੋੜੀਂਦੀ ਜਾਣਕਾਰੀ ਮਿਲੀ ਹੈ। ਸੰਤ ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ ਕਥਾਵਾਚਕ, ਸ. ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਸ੍ਰੀ ਦਵਿੰਦਰ ਸਿੰਘ ਗਿੱਲ (ਜੀਆ ਨੱਥਾ) ਨਾਲ ਸਮੇਂ ਸਮੇਂ ਸਾਰਥਕ ਵਿਚਾਰ ਵਟਾਂਦਰਾ ਵੀ ਲਾਹੇਵੰਦ ਰਿਹਾ ਹੈ। ਜਲੰਧਰ ਤੋਂ ਛਪਦੇ, ਮਾਸਕ ਪੱਤਰ ਵਰਿਆਮ ਦੇ ਅੰਕਾਂ ਵਿਚ ਇਹ ਲੇਖ ਛਾਪਣ ਲਈ, ਲੇਖਕ ਵਰਿਆਮ ਸੰਪਾਦਕ ਡਾ. ਰਜਵੰਤ ਕੌਰ ਦਾ ਵੀ ਅਭਾਰੀ ਹੈ। ਖਰੜੇ ਦੀ ਟਾਇਪ ਸੈਟਿੰਗ ਤਰਨ ਸਿੰਘ 'ਬੱਲ' ਹੋਰਾਂ ਦੁਆਰਾ ਕੀਤੀ ਗਈ ਤੇ ਪੁਸਤਕ ਦੇ ਆਵਰਣ ਦੀ ਸਜਾਵਟ ਲਈ ਯੁਵਰਾਜ ਸਿੰਘ ਨੇ ਹੱਥ ਵਟਾਇਆ ਹੈ।ਮਿਤੀ: 12 ਅਪ੍ਰੈਲ 2025

ਸੁਵਰਨ ਸਿੰਘ ਵਿਰਕ

ਪਿੰਡ ਤੇ ਡਾਕ: ਕਰੀਵਾਲਾ

ਜਿਲ੍ਹਾ ਸਿਰਸਾ, ਹਰਿਆਣਾ

ਮੋ: 9996371716

# ਕੂਕਾ ਲਹਿਰ ਦੇ ਪ੍ਰੇਰਣਾ ਸਰੋਤ–
# ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਅਬਿਚਲ ਨਗਰ ਵਿਖੇ 1708 ਈ. ਨੂੰ ਨਰ ਨਾਟਕ ਕਰਨ ਤੋਂ ਬਾਅਦ ਕੁਝ ਸਮਾਂ ਪੰਜਾਬ ਵਿਚ ਬਾਬਾ ਬੰਦਾ ਬਹਾਦਰ ਨੇ ਜ਼ਾਲਮ ਹਾਕਮਾਂ ਨੂੰ ਸੋਧਿਆ ਅਤੇ ਪਿੰਡਾਂ ਦਿਆਂ ਕਿਰਤੀਆਂ, ਕਾਮਿਆਂ, ਦਸਤਕਾਰਾਂ ਨੂੰ ਮੁਗਲਾਂ ਦੇ ਥਾਪੇ ਚੌਧਰੀ, ਨਵਾਬ ਆਦਿ ਬਰਤਰਫ਼ ਕਰਕੇ, ਸਰਦਾਰੀਆਂ ਬਖਸ਼ੀਆਂ। ਅਠਾਰ੍ਹਵੀਂ ਸਦੀ ਦੇ ਛੇਵੇਂ ਸਤਵੇਂ ਦਹਾਕੇ ਤੱਕ ਪੰਜਾਬ ਵਿਚ ਗੁਰੂ ਦੇ ਖਾਲਸੇ ਨੇ ਵੱਡੀਆਂ ਕੁਰਬਾਨੀਆਂ ਕੀਤੀਆਂ। ਹਾਕਮਾਂ ਨਾਲ ਅਨੇਕ ਵੱਡੀਆਂ-ਛੋਟੀਆਂ ਟੱਕਰਾਂ ਲਈਆਂ ਅਤੇ ਦੋ ਘੱਲੂਘਾਰਿਆਂ ਵਿੱਚੋਂ ਸਾਬਤ ਨਿਕਲ ਕੇ 1765 ਈ. ਤੱਕ ਪੰਜਾਬ ’ਤੇ ਸਿੱਖਾਂ ਦੀਆਂ ਬਾਰਾਂ ਮਿਸਲਾਂ ਦਾ ਕਬਜ਼ਾ ਹੋ ਗਿਆ। ਭੰਗੀ, ਕੰਨ੍ਹਈਆ, ਰਾਮਗੜ੍ਹੀਆ, ਸ਼ੁੱਕਰਚੱਕੀਆ, ਨੱਕਈ, ਆਹਲੂਵਾਲੀਆਂ, ਸ਼ਹੀਦਾਂ, ਫੂਲਕੀਆਂ, ਡੱਲੇਵਾਲੀਆ, ਨਿਸ਼ਾਨਾਂ, ਕਰੋੜਾ ਸਿੰਘੀਆ, ਸਿੰਘ ਪੁਰੀਆਂ ਮਿਸਲਾਂ ਨੇ ਅਟਕ ਤੋਂ ਜਮਨਾਂ ਤੱਕ ਦਾ ਇਲਾਕਾ ਆਪਣੇ ਤਹਿਤ ਵਿੱਚ ਕਰ ਲਿਆ ਸੀ। ਸੰਨ 1799 ਈ. ਦੀ ਵੈਸਾਖੀ ਨੂੰ ਲਾਹੌਰ ਦੇ ਤਖਤ ਤੇ ਬੈਠ ਕੇ ਰਣਜੀਤ ਸਿੰਘ ਨੇ ਮਹਾਰਾਜੇ ਦੀ ਉਪਾਧੀ ਧਾਰਨ ਕਰ ਲਈ। ਅਠਾਰ੍ਹਵੀਂ ਸਦੀ ਦਾ ਸਮਾਂ ਸਿੱਖਾਂ ਦਾ ਤਾਂ ਜਿਆਦਾ ਤਰ ਜੰਗਾਂ-ਜੁੱਧਾਂ ਅਤੇ ਸ਼ਹੀਦੀ ਸਾਕਿਆਂ ਵਿੱਚ ਹੀ ਬਤੀਤ ਹੋਇਆ ਸੀ। ਜੰਗਜੂ ਖਾਲਸਾ ਬਹੁਤ ਸਮਾਂ ਚੱਲਦਾ ਵਹੀਰ ਬਣਾ ਕੇ ਚੱਕਰਵਰਤੀ ਹੀ ਰਹਿੰਦਾ ਸੀ। ਸੋ ਇਸ ਸਮੇਂ ਵਿਚ ਗੁਰਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਨ ਦਾ ਕਾਰਜ ਕੁਝ ਉਦਾਸੀ, ਨਿਰਮਲੇ, ਸੇਵਾ ਪੰਥੀ ਜਾਂ ਅੱਡਣ ਸ਼ਾਹੀ ਆਦਿਕ ਸਾਧੂ ਸੰਤ ਪੱਛਮੀ ਪੰਜਾਬ ਵਿਚ ਕਰਦੇ ਰਹੇ।

ਇਸ ਤਰ੍ਹਾਂ ਦੀ ਸ੍ਰੀ ਗੁਰੂ ਨਾਨਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਮਤਿ ਮਾਰਗ ਦੀ ਸੋਝੀ ਕਰਾਉਣ ਵਾਲੀ ਇਕ ਜਾਗ੍ਰਿਤ ਅਵਸਥਾ ਵਾਲੀ ਪਹੁੰਚੀ ਹੋਈ ਹਸਤੀ ਸ੍ਰੀ ਗੁਰੂ ਬਾਲਕ ਸਿੰਘ ਜੀ (1785-1862 ਈ.) ਦੀ ਸੀ। ਆਪ ਸ੍ਰੀ ਦਸ਼ਮੇਸ਼ ਜੀ ਦੇ ਰੂਹਾਨੀ ਸਰੂਪ ਤੋਂ ਫੈਜ਼ਯਾਬ ਹੋਏ ਸਨ ਅਤੇ ਅੱਠੇ ਪਹਿਰ ਨਾਮ ਦੇ ਜਾਪ ਜਾਂ ਗੁਰਬਾਣੀ ਪਾਠ ਨਾਲ ਵਾਬਸਤਾ ਰਹਿ ਕੇ ਆਤਮਿਕ ਅਨੰਦ ਦੀ ਅਵਸਥਾ ਵਿੱਚ ਵਿਚਰਦੇ ਸਨ। ਪੋਠੋਹਾਰ ਦੀ ਸੰਗਤ ਵਿਚ ਆਪ ਦੀ ਉੱਚ ਹਸਤੀ ਦੀ ਮਹਿਕ ਦੂਰ-ਦੂਰ ਤੱਕ ਫੈਲ

ਗਈ ਸੀ ਅਤੇ ਫਿਰ ਪੰਜਾਬ ਦੇ ਦੂਜੇ ਭਾਗਾਂ ਵਿਚੋਂ ਵੀ ਨਾਮ ਦੇ ਜਗਿਆਸੀ ਅਤੇ ਅਭਿਆਸੀ ਆਪ ਪਾਸ ਆ ਕੇ, ਆਪਣੇ ਜੀਵਨ ਨੂੰ ਸਕਾਰਥਾ ਕਰਿਆ ਕਰਦੇ ਸਨ। ਆਪ ਦੇ ਦਰਸ਼ਨ ਮਾਤਰ ਨਾਲ ਹੀ ਤੁਪਤ ਰਿਦੇ ਸੀਤਲ ਹੁੰਦੇ ਅਤੇ ਆਪ ਦਾ ਉਪਦੇਸ਼ ਮਨੁੱਖੀ ਹਿਰਦਿਆਂ ਤੇ ਜੰਮੀ ਕੁਹਜ ਕੁਸੱਤ ਦੀ ਕਾਲਖ ਨੂੰ ਧੋ ਕੇ, ਉਹਨਾਂ ਨੂੰ ਮਨੁੱਖਾ ਜੀਵਨ ਦੇ ਅਸਲ ਮੰਤਵ, ਕਿਰਤ-ਵਿਰਤ, ਸੇਵਾ-ਸਿਮਰਨ, ਨੇਕੀ, ਪਰਉਪਕਾਰ ਅਤੇ ਸਾਂਝੀਵਾਲਤਾ ਦੇ ਰਾਹੇ ਪਾਉਂਦਾ ਸੀ। ਇਸੇ ਲਈ ਗਿਆਨੀ ਗਿਆਨ ਸਿੰਘ ਜੀ ਆਪ ਦੇ ਨਿਵਾਸ ਅਸਥਾਨ ਹਜਰੋਂ ਸਾਹਿਬ, ਜ਼ਿਲ੍ਹਾ ਅਟਕ, ਪੱਛਮੀ ਪੰਜਾਬ (ਹੁਣ ਪਾਕਿਸਤਾਨ) ਦੀ ਤੁਲਨਾ, ਅਵਤਾਰੀ ਪੁਰਖ ਸ੍ਰੀ ਰਾਮ ਚੰਦਰ ਜੀ ਦੀ ਅਯੁੱਧਿਆ ਨਗਰੀ ਨਾਲ ਕਰਦੇ ਹਨ-

ਸੰਮਤ ਪਚਾਸੀਏ ਮੈਂ ਹਜ਼ਰੋਂ ਗ੍ਰਾਮ ਮਾਂਹਿ,
ਭਾਈ ਤਾਹਿ ਕੇ ਦੁਕਾਨ ਆਇ ਤਹਾ ਜੋ ਕਈ।
ਯਾਹ ਹੇਤ ਬਾਲਕ ਮ੍ਰਿਗੇਸ਼ ਭੀ ਵਿਸ਼ੇਸ਼ ਤਾਂਹਿ,
ਆਇਕੈ ਦੁਕਾਨ ਕੀਨ ਕ੍ਰਿਤ ਕਰਕੇ ਖਈ।
ਤਾਹ ਕੇ ਪ੍ਰਤਾਪ ਕਰ ਹਜ਼ਰੋਂ ਅਮਾਪ ਵਰ,
ਭਯੋ ਸਮ ਔਧ ਤਰ ਮੰਦਤਾ ਬਿਲੈ ਗਈ।
ਭਏ ਲੋਗ ਵਡਭਾਗੀ ਭਗਤੀ ਮੈ ਮਤਿ ਪਾਗੀ,
ਸੰਤ ਸੰਗ ਮਾਹਿ ਜਾਗੀ ਸੰਤ ਸੇਵ ਹੂ ਠਈ।

(ਪੰਥ ਪ੍ਰਕਾਸ਼ ਦੂਜੀ ਛਾਪ)

ਐਸੇ ਕਲਾਵਾਨ ਅਤੇ ਪ੍ਰਤਾਪੀ ਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼, ਬਤਰੇ ਜ਼ਾਤੀ ਦੇ ਅਰੋੜੇ ਸਿੱਖ ਭਾਈ ਦਿਆਲ ਸਿੰਘ ਜੀ ਅਤੇ ਮਾਤਾ ਭਾਗਭਰੀ ਜੀ ਦੇ ਗ੍ਰਹਿ ਵਿਖੇ, ਫੱਗਣ ਦੀ ਪੂਰਨਮਾਸ਼ੀ ਸੰਮਤ 1841 ਬਿਕਰਮੀ, ਸ਼ੁੱਕਰਵਾਰ ਮਤਾਬਿਕ 11 ਮਾਰਚ, ਸੰਨ 1785 ਈ. ਨੂੰ ਸਰਵਾਲਾ ਨਗਰ ਜ਼ਿਲ੍ਹਾ ਅਟਕ (ਅੰਗਰੇਜ਼ਾਂ ਦੇ ਸਮੇਂ ਕੈਂਪਬੈਲ ਪੁਰ ਜਾਂ ਕੈਮਲਪੁਰ ਵੀ ਆਖਦੇ ਸਨ) ਵਿਖੇ, ਪੱਛਮੀ ਪੰਜਾਬ ਦੇ ਖਿੱਤੇ ਪੋਠੋਹਾਰ ਵਿਖੇ ਹੋਇਆ।[1] ਇਹ ਭੂ ਭਾਗ ਨਦੀਆਂ, ਨਾਲਿਆਂ, ਪਹਾੜੀਆਂ ਆਦਿ ਕਾਰਨ ਆਪਣੇ ਪ੍ਰਾਕਿਰਤਕ ਦ੍ਰਿਸ਼ਾਂ ਨਾਲ ਬੜਾ ਰਮਣੀਕ ਇਲਾਕਾ ਹੈ। ਜਿਥੇ ਪ੍ਰਭੂ ਪਿਆਰਿਆਂ ਨੂੰ ਉਸਦੀ ਕੁਦਰਤ ਵਿਚੋਂ ਹੀ ਉਸ ਕਾਦਰ ਦੇ ਜਲਵੇ ਵੇਖਣ ਨੂੰ ਮਿਲਦੇ ਹਨ। ਆਪ ਦੇ ਮਾਤਾ ਭਾਗ ਭਰੀ ਜੀ ਬਹੁਤ ਸਾਤਵਿਕ ਬ੍ਰਿਤੀ ਦੇ ਸਨ ਜੋ ਨਾਮ ਬਾਣੀ ਨਾਲ ਜੁੜੇ ਹੋਏ ਸਨ ਅਤੇ ਅੱਠੇ ਪਹਿਰ ਸ੍ਰੀ ਗੁਰੂ ਨਾਨਕ ਦੇਵ ਜੀ

ਦੀ ਮੂਰਤੀ ਨੂੰ ਰਿਦੇ ਵਿਚ ਵਸਾਈ ਰੱਖਦੇ ਸਨ। ਬਾਲਕ ਜਨਮ ਤੋਂ ਪਹਿਲੀ ਰਾਤ ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਿਵਯ ਜਯੋਤੀ ਦੇ ਝਲਕਾਰੇ ਮੂਰਤੀਮਾਨ ਹੋਏ ਸਨ। ਮੱਥੇ ਤੇ ਅਲੌਕਿਕ ਨੂਰ, ਗੌਰ ਵਰਣ ਅਤੇ ਤਿੱਖੇ ਨੈਣ ਨਕਸ਼ਾਂ ਵਾਲੇ ਬਾਲਕ ਦੇ ਪ੍ਰਿਥਮ ਦਰਸ਼ਨ ਕਰਨ ਵਾਲੇ ਦਾਈ ਅਤੇ ਹੋਰ ਮਾਈ ਭਾਈ ਵੀ ਧੰਨ-ਧੰਨ ਕਰਨ ਲੱਗੇ। ਕੁਝ ਵਿਦਵਾਨ ਪੰਡਿਤਾਂ ਨੇ ਇਥੋਂ ਤੱਕ ਕਹਿ ਦਿੱਤਾ ਕਿ ਭਾਈ ਦਿਆਲ ਸਿੰਘ ਦੇ ਘਰ ਤਾਂ ਨਿਰੰਜਨੀ ਜੋਤ ਪ੍ਰਗਟ ਹੋਈ ਹੈ। ਇਸ ਈਸ਼ਵਰ ਦੇ ਅਲੌਕਿਕ ਅਵਤਾਰ ਦੀ ਅੰਮ੍ਰਿਤ ਦ੍ਰਿਸ਼ਟੀ, ਮਿੱਟੀ ਨੂੰ ਸੁਇਨਾ ਅਤੇ ਬਿਖ ਨੂੰ ਅੰਮ੍ਰਿਤ ਬਨਾਉਣ ਵਾਲੀ ਹੋਵੇਗੀ।

ਕੁਝ ਲੇਖਕਾਂ ਨੇ ਗੁਰੂ ਬਾਲਕ ਸਿੰਘ ਜੀ ਦਾ ਆਗਮਨ ਉਸੇ ਜ਼ਿਲ੍ਹੇ ਦੇ ਪਿੰਡ ਛੋਈ ਵਿਖੇ ਸੰਨ 1799 ਈ. ਵਾਲੇ ਸਾਲ ਦਾ ਲਿਖਿਆ ਹੈ। ਨਾਮਧਾਰੀ ਸਾਹਿਤਕਾਰ ਅਤੇ ਸਤਿਜੁਗ, ਸਪਤਾਹਿਕ ਪਰਚੇ ਦੇ ਤਦੋਂਕੇ ਸੰਪਾਦਕ, ਸੰਤ ਇੰਦਰ ਸਿੰਘ ਜੀ ਚੱਕਰਵਰਤੀ ਸੰਨ 1931 ਈ. ਵਿੱਚ ਕੈਮਲਪੁਰ, ਹਜਰੋਂ ਸਾਹਿਬ, ਸਰਵਾਲਾ ਛੋਈ ਆਦਿ ਨਗਰਾਂ ਵਿਚ ਇਤਿਹਾਸਿਕ ਖੋਜ ਲਈ ਗਏ ਤਾਂ ਆਪ ਨੂੰ ਦੋ ਇਤਿਹਾਸਿਕ ਹਸਤ ਲਿਖਤ ਪੁਸਤਕ ਪ੍ਰਾਪਤ ਹੋਏ। ਪਹਿਲਾ ਰਾਵਲ ਪਿੰਡੀ ਦੇ ਸਾਂਈ ਜਵਾਹਰ ਜੀ ਦੇ ਖਾਨਦਾਨ ਵਿਚੋਂ ਭਗਤ ਭਾਈ ਬਿਸ਼ਨ ਦਾਸ ਦਾ 1954 ਬਿਕਰਮੀ ਸੰਬਤ ਮੁਤਾਬਿਕ 1897-98 ਈ. ਦਾ ਲਿਖਿਆ ਸੀ ਅਤੇ ਦੂਜਾ ਵੀ ਇਸੇ ਤਰ੍ਹਾਂ ਦਾ ਹਸਤ ਲਿਖਤ ਖਰੜਾ ਸੀ। ਸਾਂਈ ਜਵਾਹਰ ਮੱਲ ਜੀ ਗੁਰੂ ਬਾਲਕ ਸਿੰਘ ਜੀ ਦੇ ਬਹੁਤ ਨਿਕਟ ਵਰਤੀ ਪ੍ਰੇਮੀ ਸਿੱਖ ਸਨ। ਇਸ ਲਈ ਇਨ੍ਹਾਂ ਦੇ ਵੰਸ਼ਿਜ ਦੇ ਲਿਖੇ ਪੁਸਤਕ ਦੀ ਪ੍ਰਮਾਣਿਕਤਾ ਤੇ ਉਂਗਲ ਨਹੀਂ ਰੱਖੀ ਜਾ ਸਕਦੀ। ਇਹਨਾਂ ਦੋਵਾਂ ਲਿਖਤਾਂ ਅਨੁਸਾਰ ਜਨਮ ਸਥਾਨ ਸਰਵਾਲਾ ਅਤੇ ਸਾਲ ਸੰਬਤ ਬਿਕਰਮੀ 1841 ਭਾਵ 1785 ਈ. ਹੀ ਦਰੁਸਤ ਹਨ। ਚੱਕਰਵਰਤੀ ਜੀ ਨੂੰ ਕੈਮਲ ਪੁਰ ਵਿਖੇ ਗੁਰੂ ਬਾਲਕ ਸਿੰਘ ਜੀ ਦੇ ਚਾਚੇ ਦੇ ਪੁੱਤਰ ਭਾਈ ਨਿਹਾਲ ਸਿੰਘ ਜੀ ਦੇ ਸਪੁੱਤਰ ਭਾਈ ਭਾਗ ਸਿੰਘ ਜੀ ਮਿਲੇ ਸਨ। ਇਹ ਗੁਰੂ ਬਾਲਕ ਸਿੰਘ ਜੀ ਦੇ ਹਜਰੋਂ ਚਲੇ ਜਾਣ ਬਾਅਦ ਸਰਵਾਲੇ ਵਾਲੇ ਸਾਂਝੇ ਘਰ ਵਿਚ ਹੀ ਰਹੇ ਸਨ। ਉਹਨਾਂ ਦੇ ਸਰਵਾਲਾ ਛੱਡਣ ਬਾਅਦ ਜ਼ਮੀਨ ਪਿੰਡ ਦੇ ਮੁਸਲਮਾਨ ਮਾਲਕਾਂ ਦੇ ਕਬਜ਼ੇ ਵਿਚ ਆਈ ਸੀ ਕਿਉਂ ਜੋ ਇਥੇ ਹਿੰਦੂ-ਸਿੱਖ ਘਰ ਇਕੋ ਗੁਰੂ ਜੀ ਦਾ ਹੀ ਸੀ। ਪਿੰਡ ਦੇ ਬਿਰਧ ਮੁਸਲਮਾਨ ਸਤਿਕਾਰ ਨਾਲ ਉਸ ਘਰ ਨੂੰ ਭਾਈ ਸਾਹਿਬ ਦਾ ਘਰ ਕਹਿ ਕੇ ਬੁਲਾਇਆ ਕਰਦੇ ਸਨ।[2]

ਤੇਜੱਸਵੀ ਬਾਲਕ ਦੇ ਜਨਮ ਤੋਂ ਬਾਅਦ ਬਾਬਾ ਦਿਆਲ ਸਿੰਘ ਜੀ ਨੇ ਰਾਹੀਆਂ ਪਾਂਧੀਆਂ ਅਤੇ ਲੋੜਵੰਦਾਂ ਵਿਚ ਵੰਡਣ ਲਈ ਅੰਨ ਧੰਨ ਦੇ ਭੰਡਾਰਾਂ ਦੇ ਬੂਹੇ ਖੋਲ੍ਹ ਦਿੱਤੇ। ਕੜਾਹ ਪ੍ਰਸ਼ਾਦਿ ਦੀ ਅੰਮ੍ਰਿਤ ਦੇਗ ਤਿਆਰ ਕਰਕੇ ਪਿੰਡ ਦੀ ਧਰਮਸ਼ਾਲਾ ਵਿੱਚ ਭੇਟ ਚੜ੍ਹਾਈ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਜੋ ਇਸ ਪ੍ਰਕਾਰ ਸੀ-

ਬਿਸਰਿ ਗਈ ਸਭ ਤਾਤਿ ਪਰਾਈ॥

ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ ਰਹਾਉ॥

ਨਾਕੋ ਬੈਰੀ ਨਹੀ ਬਿਗਾਨਾ ਸਗਲ ਸੰਗ ਹਮ ਕਉ ਬਨਿਆਈ॥੨॥

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ
ਬਿਗਸਾਈ॥੩॥੮॥

ਗੁਰਬਾਣੀ ਦੀ ਤੁਕ ਦੇ ਪਹਿਲੇ ਅੱਖਰ ਤੇ ਨਾਮ ਬਾਲਕ ਸਿੰਘ ਰੱਖਿਆ ਗਿਆ। ਬਚਪਨ ਵਿਚ ਹੀ ਆਪ ਆਪਣਾ ਰੰਗ ਜ਼ਾਹਰ ਕਰਨ ਲੱਗ ਪਏ ਸਨ। ਦੁਨਿਆਵੀ ਬਾਲਕਾਂ ਤੋਂ ਆਪ ਦਾ ਸੁਭਾਉ ਵੱਖਰਾ ਸੀ। ਰੋਣਾ ਧੋਣਾਂ ਬੱਚਿਆਂ ਜਿਉਂ ਨਹੀਂ ਕੀਤਾ। ਸਗੋਂ ਸਮਾਧੀ ਲਾ ਕੇ ਗੰਭੀਰ ਮੁਦਰਾ ਧਾਰਨ ਕਰੀ ਰੱਖਦੇ। ਆਪ ਦੀਆਂ ਰਹੱਸਮਈ ਗੱਲਾਂ ਵੱਡਿਆਂ ਲਈ ਬੁਝਾਰਤਾਂ ਸਨ। ਅੱਠਾਂ ਸਾਲਾਂ ਦੀ ਉਮਰ ਵਿੱਚ ਗੁਰਮੁਖੀ ਅਤੇ ਲੰਡੇ ਪੜ੍ਹ ਲਏ। ਮਾਤਾ ਤੋਂ ਚੋਰੀ ਘਰੋਂ ਪਦਾਰਥ ਸਮੱਗਰੀ ਲਿਜਾਕੇ, ਗਰੀਬਾਂ ਵਿੱਚ ਵੰਡ ਦੇਣੀ। ਜਿਵੇਂ-ਜਿਵੇਂ ਵੱਡੇ ਹੁੰਦੇ ਗਏ ਆਪ ਦਾ ਨਾਮ ਬਾਣੀ ਦਾ ਅਭਿਆਸ ਵੱਧਦਾ ਗਿਆ। ਕਈ ਵੇਰ ਸਿਮਰਨ ਵਿੱਚ ਇਤਨੇ ਲੀਨ ਹੋ ਜਾਂਦੇ ਕਿ ਚਾਰ ਪਹਿਰ ਦੀ ਅਖੰਡ ਸਮਾਧੀ ਲੱਗ ਜਾਂਦੀ। ਦੁਨਿਆਵੀ ਟੋਕਾ ਟਾਕੀ ਤੋਂ ਬਚਣ ਲਈ ਅਕਸਰ ਆਪਣਾ ਡੇਰਾ ਮੜ੍ਹੀਆਂ, ਕਬਰਾਂ ਵਿੱਚ ਲਾਈ ਰੱਖਦੇ। ਕਈ ਲੋਕ ਆਖਦੇ ਕਿ ਕਾਰ ਵਿਹਾਰ ਨਹੀਂ ਕਰਦਾ, ਭਾਈ ਦਿਆਲ ਸਿੰਘ ਦਾ ਪੁੱਤਰ ਸਗੋਂ ਕਮਲਾ ਹੋ ਗਿਆ ਹੈ। ਪਰ ਦਿੱਬ ਦ੍ਰਿਸ਼ਟੀ ਵਾਲੇ ਕਹਿੰਦੇ, ਜੀਆਂ ਦੇ ਉਧਾਰ ਦੇ ਜਿਹੜੇ ਕਾਰਜ ਦਿਆਲ ਸਿੰਘ ਦੇ ਪੁੱਤਰ ਨੇ ਕਰਨੇ ਹਨ, ਉਹ ਹੋਰ ਕਿਸੇ ਦੇ ਕਰਨ ਵਾਲੇ ਨਹੀਂ। ਇਹ ਸਾਧਾਰਨ ਬਾਲਕ ਜਾਂ ਦੁਨੀਆਦਾਰ ਨਾਂ ਹੋ ਕੇ, ਕਲੂ ਕਾਲ ਵਿੱਚ ਰੁੜ੍ਹੇ ਜਾਂਦੇ ਲੋਕਾਂ ਨੂੰ ਬਾਹੋਂ ਪਕੜ ਕੇ ਸੁਮਾਰਗ ਤੇ ਤੋਰਨ ਵਾਲਾ ਬਣੇਗਾ। ਸੋ ਜਦੋਂ ਆਪ ਪ੍ਰਭੂ ਰੰਗ ਵਿਚ ਲੀਨ ਹੋ ਕੇ, ਨਾਮ ਅਭਿਆਸ ਵਿੱਚ ਜੁੜਦੇ ਤਾਂ ਖਾਣਾ ਪੀਣਾ, ਸੌਣਾ, ਕੂਣਾ, ਬੋਲਣਾ, ਘਰ-ਘਾਟ, ਮਾਤਾ-ਪਿਤਾ, ਹੱਸਣਾਂ-ਖੇਡਣਾ ਸਭ ਭੁੱਲ ਜਾਂਦਾ। ਬਾਰਾਂ ਸਾਲ ਦੇ ਹੋ ਕੇ ਵੀ ਆਪ ਦੇ ਬਚਪਨ ਦੇ ਕਈ ਕੌਤਕ ਵੱਡਿਆਂ ਨੂੰ ਹੈਰਾਨ ਕਰਨ ਵਾਲੇ ਹਨ।

ਹੁਣ ਆਪ ਦੇ ਪਿਤਾ ਜੀ ਨੇ ਛੋਈ ਪਿੰਡ ਵਿਚ ਇਕ ਦੁਕਾਨ ਕਰ ਲਈ ਸੀ। ਇਸ ਲਈ ਗੁਰੂ ਬਾਲਕ ਸਿੰਘ ਜੀ ਅਕਸਰ ਸਰਵਾਲੇ ਤੋਂ ਛੋਈ ਪਿੰਡ ਜਾਇਆ ਕਰਦੇ ਸਨ, ਇਕ ਦਿਨ ਜਦੋਂ ਆਪ ਵੱਡੇ ਸਵੇਰੇ-ਸਵੇਰੇ ਓਸ ਦਿਸ਼ਾ ਨੂੰ ਜਾ ਰਹੇ ਸਨ ਤਾਂ ਜਿੱਥੇ ਹਰੋ ਨਦੀ ਸਿੰਧ ਦਰਿਆ ਨਾਲ ਸੰਗਮ ਕਰਦੀ ਹੈ, ਇਹ ਅਸਥਾਨ ਬੜਾ ਮਨਮੋਹਕ ਦ੍ਰਿਸ਼ ਪੇਸ਼ ਕਰਦਾ ਹੈ, ਸਾਂਹਵੇਂ ਰਮਣੀਕ ਪਹਾੜ ਨਜ਼ਰ ਆਉਂਦਾ ਹੈ। ਬਾਬਾ ਬਾਲਕ ਸਿੰਘ ਜੀ ਕਾਦਰ ਦੀ ਕੁਦਰਤ ਦੇ ਇਹ ਜਲਵੇ ਵੇਖ ਕੇ ਸਮਾਧੀ ਇਸਥਿੱਤ ਹੋ ਗਏ। ਉਹਨਾਂ ਦੇ ਮਨ ਵਿੱਚ ਅਕਸਰ ਗੁਰੂ ਦਰਸ਼ਨਾਂ ਦੀ ਲੋਚਾ ਉੱਠਦੀ ਰਹਿੰਦੀ ਸੀ ਕਿ ਕਦੋਂ ਉਸ ਮਿਹਰਾਂ ਦੇ ਸਾਂਈਂ ਦੇ ਦਰਸ਼ਨ ਹੋਣਗੇ। ਅੱਜ ਵੈਸਾਖ ਸੁਦੀ ਦਸ, ਸੰਮਤ, 1869 ਬਿ. ਦੇ ਵੱਡਭਾਗੇ ਦਿਨ ਉਹ ਸੁਭਾਗ ਘੜੀ ਆ ਗਈ ਜਦੋਂ ਅਕਾਸ਼ ਵਿਚ ਨੂਰ ਦਾ ਲਿਸ਼ਕਾਰਾ ਪਿਆ ਅਤੇ ਦਸਵੇਂ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਤੇ ਚੜ੍ਹਿਆਂ ਦੇ ਪੰਜ ਸਿੰਘਾਂ ਸਮੇਤ ਨੂਰੀ ਦਰਸ਼ਨ ਹੋਏ। ਵਿਸਮਾਦ ਤਾਰੀ ਹੋ ਗਿਆ। ਗੁਰੂ ਦੀ ਭਾਲ ਸੰਪੂਰਨ ਹੋਈ। ਆਪ ਜੀ ਨੂੰ ਉਸ ਇਲਾਹੀ ਜੋਤ ਨੇ ਨਾਮ ਦਾਨ ਦਾ ਵਰ ਦੇ ਕੇ ਆਪਣਾ ਰੂਪ ਹੀ ਬਣਾ ਦਿੱਤਾ ਅਤੇ ਇਹ ਵੀ ਕਿਹਾ ਕਿ ਤੁਸੀਂ ਗੁਰਸਿੱਖੀ ਦੀ ਕਾਰ ਸੰਭਾਲੋ। ਸਮਾਂ ਪਾ ਕੇ ਜੱਸਾ ਸਿੰਘ ਰਾਮਗੜ੍ਹੀਏ ਨਿਵਾਸੀ ਭੈਣੀ-ਰਾਈਆਂ ਦੇ ਪੁੱਤਰ ਰਾਮ ਸਿੰਘ ਦੇ ਰੂਪ ਵਿੱਚ ਤੁਹਾਡੇ ਪਾਸ ਆਵਾਂਗੇ ਅਤੇ ਆਪਣੀ ਵਸਤ ਸੰਭਾਲ ਲਵਾਂਗੇ। ਅੱਖ ਪਲਕਾਰੇ ਦੇ ਸਮੇਂ ਵਿਚ ਇਹ ਸਾਰਾ ਕੌਤਕ ਵਾਪਰ ਗਿਆ ਅਤੇ ਗੁਰੂ ਬਾਲਕ ਸਿੰਘ ਜੀ ਮਨ ਦੀਆਂ ਮੁਰਾਦਾਂ ਪੂਰੀਆਂ ਹੋਣ ਬਾਅਦ, ਗੁਰੂ ਦਰਸ਼ਨਾਂ ਦੇ ਇਸ ਅਜਬ ਕੌਤਕ ਬਾਅਦ ਆਪ ਚੋਖਾ ਸਮਾਂ ਸਮਾਧੀ ਵਿੱਚ ਲੀਨ ਰਹੇ। ਫਿਰ ਜਦੋਂ ਇਹ ਇਲਾਹੀ ਸਰੂਰ ਥੋੜ੍ਹਾ ਨਰਮ ਹੋਇਆ ਤਾਂ ਛੋਈ ਜਾ ਕੇ ਪਿਤਾ ਜੀ ਨੂੰ ਇਹ ਸਾਰਾ ਕੌਤਕ ਦੱਸਿਆ। ਹੁਣ ਬਿਰਤੀ ਇਲਾਹੀ ਰੰਗ ਵਿਚ ਹੋਰ ਵਧੇਰੇ ਰੰਗੀ ਗਈ। ਚੁਅੱਖਰੇ ਨਾਮ ਅਭਿਆਸ ਦਾ ਰਟਨ ਪੈ ਗਿਆ ਅਤੇ ਗੁਰਬਾਣੀ ਦੇ ਪਠਨ ਪਾਠਨ ਅਤੇ ਅਰਥ ਬੋਧ ਵਿਚ ਬਿਰਤੀ ਲੱਗੀ ਰਹਿੰਦੀ। ਇਸ ਅਲੌਕਿਕ ਦ੍ਰਿਸ਼ਟਾਂਤ ਦਾ ਪਰਛਾਂਵਾਂ ਅਗਲੇ ਸਾਰੇ ਜੀਵਨ ’ਤੇ ਫੈਲਿਆ ਹੋਇਆ ਹੈ। ਆਪ ਅਕਸਰ ਬਚਨ ਕਰਿਆ ਕਰਦੇ ਸਨ ਕਿ ਕਲੂ ਕਾਲ ਦਾ ਭਿਆਨਕ ਸਮਾਂ ਹੈ। ਜੀਆਂ ਦਾ ਉਧਾਰ ਕਰਨ ਲਈ ਨਾਮ ਦਾ ਗੱਫਾ ਵਰਤਾਉਣ ਲਈ ਠਾਕੁਰ ਜੀ (ਸਤਿਗੁਰੂ ਰਾਮ ਸਿੰਘ ਜੀ) ਆਉਣਗੇ। ਅਸੀਂ ਤਾਂ ਉਹਨਾਂ ਦੀ ਵਸਤ ਦੇ ਰਾਖੇ ਬੈਠੇ ਹਾਂ, ਉਹ ਆਉਣਗੇ ਅਤੇ ਆਪਣੀ ਵਸਤ ਸੰਭਾਲਣਗੇ।

ਹੁਣ ਕਿਉਂਕਿ ਆਪ ਦੇ ਵੱਡੇ ਭਾਈ ਮੰਨਾ ਸਿੰਘ ਜੀ ਨੇ ਹਜਰੋਂ ਵਿਖੇ ਦੁਕਾਨ ਕਰ ਲਈ ਸੀ, ਗੁਰੂ ਬਾਲਕ ਸਿੰਘ ਜੀ ਨੇ ਵੀ ਹਜਰੋਂ ਵਿਖੇ ਹੀ ਨਿਵਾਸ ਕਰ ਲਿਆ ਅਤੇ ਆਪ ਜੀ ਦੇ ਤੇਜ ਪ੍ਰਤਾਪ ਸਦਕਾ ਆਮ ਲੋਕ ਇਸਨੂੰ ਹਜਰੋਂ ਸਾਹਿਬ ਆਖਣ ਲੱਗ ਪਏ ਸਨ। ਆਪ ਦਿਨ ਰਾਤ ਬੰਦਗੀ ਵਿੱਚ ਲੀਨ ਰਹਿੰਦੇ। ਰਾਤ ਨੂੰ ਕੇਸ ਕਿੱਲੀ ਨਾਲ ਬੰਨ੍ਹ ਕੇ ਨਾਮ ਜਪਦੇ ਤਾਂ ਕਿ ਨੀਂਦ ਨਾਂ ਆਏ। ਚਾਲੀ ਦਿਨ ਕਮਰੇ ਵਿੱਚ ਰਹਿਕੇ ਨਾਮ ਜਪੀ ਗਏ। ਅੱਠੀਂ ਪਹਿਰੀਂ ਦੁੱਧ ਅਤੇ ਚਾਵਲਾਂ ਦਾ ਅਲਪ ਆਹਾਰ ਕਰਦੇ। ਇਸ ਤਰ੍ਹਾਂ ਕਰਦਿਆਂ ਆਪ ਪ੍ਰਮੇਸ਼ਰ ਦੇ ਨਾਮ ਵਿਚ ਅਭੇਦਤਾ ਦੀ ਅਵਸਥਾ ਤੱਕ ਪੁੱਜ ਗਏ।

## ਸਤਿਗੁਰੂ ਬਾਲਕ ਸਿੰਘ ਜੀ

“ਜਿਨ੍ਹਾਂ ਨੇ 19 ਸਾਲ ਨੀਂਦ ਨਹੀਂ ਕੀਤੀ, ਇਕ ਰਸ ਨਾਮ ਜੱਪਿਆ। ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਤੱਖ ਦਰਸ਼ਨ ਦਿੱਤਾ ਤੇ ਗੁਰਿਆਈ ਦਿੱਤੀ। ਗੁਰੂ ਜੀ ਗੁਪਤ ਸੇ ਪ੍ਰਗਟ ਹੋਏ। ਜੋ ਮੁਸਲਮਾਨ ਆਵੇ, ਉਸਨੂੰ ਬਚਨ ਕਰਨਾ ਕਿ ਜੰਗਲ ਮੈ ਜਾਇ ਨ੍ਹਾਇਕੇ ਹੱਥ ਉਠਾਇਕੇ ਆਖੀਂ- ਐ ਰੱਬ ਜੋ ਇਸ ਜ਼ਮਾਨੇ ਕੀ ਬੰਦਗੀ ਹੈ ਸੋ ਮੈਨੂੰ ਮਿਲੇ। ਉਸੀਂ ਤਰ੍ਹਾਂ ਉਸ ਜਾਇਕੇ ਬੰਦਗੀ ਮੰਗਣੀ, ਅਕਾਸਬਾਣੀ ਸੇ ਗੁਰਮੰਤਰ ਸੁਣਾਇਆ ਜਾਣਾ। ਦਿਨੋ-ਦਿਨ ਪ੍ਰਗਟ ਹੋਣੇ ਲੱਗੇ। ਸੁਣਕੇ ਕਾਬਲ ਤੱਕ ਕੇ ਸਿੰਘ ਔਣੇ ਲੱਗੇ। ਪੰਜਾਬ ਸੇ ਭੀ ਕਈ ਭਜਨ ਲੈ ਆਏ। ਹਜਰੋਂ ਕੇ ਲੋਕ ਭਜਨ ਲੈ ਕੇ ਬਹੁਤ ਸਿੱਖ ਹੋਏ। ਆਪਸ ਮੈਂ ਸ਼ਬਦ ਪੜ੍ਹਨਾ ਸ਼ੁਰੂ ਕੀਤਾ। ਸਵਾ ਪਹਿਰ ਰਾਤ ਨਾਲ ਇਸ਼ਨਾਨ ਕਰਨਾ, ਆਸਾ ਦੀ ਵਾਰ ਲਾਉਣੀ। ਫੇਰ ਕਥਾ ਕਰਨੀ ਗ੍ਰੰਥ ਸਾਹਿਬ ਜੀ ਕੀ। ਸੂਰਜ ਚੜ੍ਹਨ ਤੇ ਕਿਰਤ ਕਰਨੇ ਜਾਣਾ। ਮਾੜੇ ਕਰਮਾਂ ਥੀਂ ਹਟਾਇਕੇ ਚੰਗੇ ਕਰਮੀਂ ਜੀਵ ਲਾਇ ਦੀਏ।”[3]

ਗੁਰੂ ਬਾਲਕ ਸਿੰਘ ਜੀ ਨੇ ਨਾਮ ਦੀ ਇਸ ਅਨੂਠੀ ਰੰਗਣ ਸਦਕਾ ਸ਼ਰੀਕੇ ਵਿਚੋਂ ਚਾਚਾ ਲੱਗਦੇ, ਬਾਬਾ ਸ਼ਾਮ ਸਿੰਘ ਜੀ ਨੂੰ ਕਿਹਾ- “ਚਾਚਾ ਜੀ! ਸੰਨ੍ਹ ਲਾਣ ਲੱਗੇ ਸਾਂ ਪਰ ਦਰਾ ਹੀ ਖੁਲ੍ਹ ਗਿਆ ਹੈ। ਸਾਰੇ ਸੁਖਾਂ ਦੇ ਉਪਾਅ ਲੱਭ ਗਏ ਹਨ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਨਾਮ ਧਨ ਪ੍ਰਾਪਤ ਹੋ ਗਿਆ ਹੈ।

## ਸਾਂਈ ਜਵਾਹਰ ਜੀ ਨਾਲ ਮੇਲ

ਹਜਰੋਂ ਸਾਹਿਬ ਦਾ ਇਕ ਜਾਣਿਆ ਪਛਾਣਿਆ ਸੱਜਣ ਚੜ੍ਹਾਈ ਕਰ ਗਿਆ। ਉਸ ਦੀ ਅਰਥੀ ਨਾਲ ਗੁਰੂ ਜੀ ਵੀ ਗਏ ਅਤੇ ਸਾਂਈ ਜਵਾਹਰ ਜੀ ਵੀ। ਇਹ ਸਾਂਈ ਜੀ ਰਾਵਲਪਿੰਡੀ ਦੇ ਆਹਲੂਵਾਲੀਆ ਖਾਨਦਾਨ

ਵਿਚੋਂ ਸਨ। ਹਜਰੋਂ ਸਾਹਿਬ ਵਿਖੇ ਆਪ ਸ਼ਰਾਬ ਦੀ ਦੁਕਾਨ ਕਰਦੇ ਸਨ। ਸਾਂਈ ਜੀ ਗ੍ਰਿਹਿਸਤੀ ਹੁੰਦੇ ਹੋਏ ਵੀ ਪੂਰਨ ਇੰਦਰੇ- ਜਿੱਤ ਸੰਜਮੀ ਅਤੇ ਅਤੀਤ ਸਨ। ਸ਼ਰਾਬ ਖਰੀਦਣ ਆਏ ਗਾਹਕ ਨੂੰ ਪਹਿਲੋਂ ਸ਼ਰਾਬ ਦੀਆਂ ਬੁਰਿਆਈਆਂ ਤੋਂ ਜਾਣੂ ਕਰਾਉਂਦੇ ਕਿ ਇਸ ਸ਼ਰਾਬ ਖਾਨਾ ਖਰਾਬ ਨੂੰ ਨਾਂ ਪੀਆ ਕਰ। ਜਿਹੜੇ ਪੈਸੇ ਇਸ ਤੇ ਲਾਉਣ ਲੱਗਾ ਹੈਂ ਉਹ ਆਪਣੇ ਬਾਲ ਬੱਚੇ ਤੇ ਖਰਚ। ਸ਼ਰਾਬ ਮਨੁੱਖ ਦਾ ਵਿਹਾਰ ਵੀ ਤੇ ਪ੍ਰਮਾਰਥ ਵੀ ਦੋਵੇਂ ਵਿਗਾੜ ਦਿੰਦੀ ਹੈ। ਜੇ ਕੋਈ ਫਿਰ ਵੀ ਸ਼ਰਾਬ ਮੰਗਦਾ, ਉਸਨੂੰ ਦੇ ਦਿੰਦੇ ਪਰ ਪੈਸੇ ਨਾਂ ਲੈਂਦੇ ਕਿ ਇਨ੍ਹਾਂ ਦਾ ਘਰ ਲਈ ਸੌਦਾ ਸੂਤ ਲੈ ਜਾ। ਜੇ ਕੋਈ ਬਦੋ ਬਦੀ ਫੜਾਉਂਦਾ ਤਾਂ ਮਾਇਆ ਰੱਖ ਲੈਂਦੇ ਸਨ।

ਪ੍ਰਾਣੀ ਦੇ ਸਸਕਾਰ ਬਾਅਦ ਇਕ ਖੂਹ ਤੋਂ ਦੋਹਾਂ ਨੇ ਇਸ਼ਨਾਨ ਕੀਤਾ। ਬਾਅਦ ਵਿਚ ਗੁਰੂ ਜੀ ਵੀ ਸਾਂਈ ਜੀ ਦੇ ਨਾਲ ਉਹਨਾਂ ਦੀ ਦੁਕਾਨ ਤੇ ਆ ਬੈਠੇ। ਇਸ ਤੇ ਸਾਂਈ ਜੀ ਨੇ ਕਿਹਾ- ਮਹਾਰਾਜ! ਇਹ ਜਗ੍ਹਾ ਆਪ ਦੇ ਬੈਠਣ ਲਾਇਕ ਨਹੀਂ ਹੈ। ਇੱਥੇ ਬੈਠਿਆਂ ਲੋਕ ਆਪ ਦੀ ਨਿੰਦਾ ਕਰਨਗੇ ਪਰ ਗੁਰੂ ਜੀ ਨੇ ਕਿਹਾ- ਸਾਂਈ ਜੀ ਜਿਥੇ ਤੁਹਾਡੇ ਜਿਹੇ ਪ੍ਰਮੇਸ਼ਰ ਦੇ ਪਿਆਰੇ ਬੈਠਦੇ ਹੋਣ ਉਹ ਜਗ੍ਹਾ ਤਾਂ ਸਗੋਂ ਪਵਿੱਤਰ ਹੋ ਜਾਂਦੀ ਹੈ। ਤਾਂ ਸਾਂਈ ਜੀ ਨੇ ਆਪ ਨੂੰ ਬੜੀ ਆਜਜ਼ੀ ਨਾਲ ਕਿਹਾ ਕਿ ਆਪ ਜੀ ਤਾਂ ਸਾਖਿਆਤ ਨਿਰੰਕਾਰ ਦੀ ਜੋਤ ਹੋ, ਹੁਣ ਛਿਪੋ ਨਾ, ਪ੍ਰਗਟ ਹੋਵੋ ਤੇ ਦੁਨੀਆਂ ਦੇ ਲੋਕਾਂ ਦਾ ਉਧਾਰ ਕਰੋ। ਫਿਰ ਸਾਂਈ ਜੀ ਦੇ ਪੁੱਛਣ ਤੇ ਕਿ ਆਪ ਜਿਹੜਾ ਭਜਨ ਕਰਦੇ ਹੋ ਉਹ ਕੀ ਹੈ, ਗੁਰੂ ਜੀ ਨੇ ਜੁਆਬ ਦਿੱਤਾ- "ਜਿਹੜਾ ਗੁਰੂ ਸਾਹਿਬਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ, ਅਸੀਂ ਓਹੀ ਭਜਨ ਕਰਦੇ ਹਾਂ।"[4]

ਕਰਤਾਰੀ ਆਦੇਸ਼ ਅਨੁਸਾਰ ਗੁਰੂ ਜੀ, ਹਜਰੋਂ ਨਿਵਾਸੀਆਂ ਅਤੇ ਹੋਰਨਾਂ ਦੂਰ ਦੁਰਾਡਿਉਂ ਆਉਣ ਵਾਲਿਆਂ ਨੂੰ ਵੀ ਨਾਮ ਦੀ ਦਾਤ ਵਰਤਾ ਕੇ ਗੁਰਮਤਿ ਮਾਰਗ ਨਾਲ ਜੋੜਨ ਲੱਗ ਪਏ। ਜਿਹਨੂੰ ਆਪ ਗੁਰਮੰਤਰ ਸੁਣਾਉਂਦੇ ਉਸ ਨੂੰ ਇਹ ਹਦਾਇਤਾਂ ਵੀ ਕਰਦੇ-

1. ਝੂਠ ਕਦੇ ਕਿਸੇ ਵੀ ਹਾਲਾਤ ਵਿੱਚ ਨਹੀਂ ਬੋਲਣਾ।

2. ਕਿਸੇ ਦੇ ਘਰ ਦੀ ਰੋਟੀ ਜਾਂ ਕੋਈ ਹੋਰ ਚੀਜ਼ ਯੱਗ ਆਦਿ ਵਿਚੋਂ ਵੀ ਨਹੀਂ ਖਾਣੀ।

3. ਕਿਸੇ ਦਾ ਕੁਝ ਛੁਪਾਕੇ ਜਾਂ ਭੁਲਾ ਕੇ ਵੀ ਨਹੀਂ ਚੁੱਕਣਾਂ।

4. ਬਗਾਨੀ ਇਸਤਰੀ ਦਾ ਤਿਆਗ ਕਰਨਾਂ, ਵੱਡੀ ਨੂੰ ਮਾਂ ਛੋਟੀ ਨੂੰ ਧੀ ਭੈਣ ਸਮਝਣਾ।

5. ਧਰਮਸ਼ਾਲਾ ਦੇ ਕੜਾਹ ਪ੍ਰਸ਼ਾਦ ਦੀ ਝਾਕ ਨਹੀਂ ਰੱਖਣੀ। ਆਪਣੇ ਹਿੱਸੇ ਆਉਂਦੇ ਤੋਂ ਵੱਧ ਵਰਤਾਰਾ ਨਹੀਂ ਲੈਣਾ। ਲੋਭ ਨਹੀਂ ਕਰਨਾ।

6. ਭਜਨ ਉੱਚੀ ਨਹੀਂ ਕਰਨਾ ਗੁਪਤ ਜਪਣਾ, ਕਿਸੇ ਨੂੰ ਦੱਸਣਾਂ ਨਹੀਂ।

7. ਫ਼ਤਹਿ ਨਹੀਂ ਬੁਲਾਉਣੀ, ਚਰਨੀਂ ਹੱਥ ਲਾਉਣਾ ਅਤੇ ਸਤਿ ਸ੍ਰੀ ਅਕਾਲ ਆਖਣੀ।

8. ਬਾਣੀ ਦਾ ਪਾਠ ਕਰਨਾ।

9. ਗੁਰੂ ਸਾਹਿਬਾਂ ਦੇ ਬਚਨਾਂ ਤੇ ਪ੍ਰਤੀਤ ਰੱਖਣੀ।

10. ਮਲੇਛਾਂ ਦੀ ਨੌਕਰੀ ਨਹੀਂ ਕਰਨੀ।

11. ਧਰਮ ਦੀ ਕਿਰਤ ਕਰਨੀ।

12. ਵੰਡ ਛਕਣਾ।

13. ਭਜਨ ਅੱਠੇ ਪਹਿਰ ਕਰਨਾ।

14. ਦਸਵੰਧ ਦੇਣਾ।

15. ਇਕ ਅਕਾਲ ਤੇ ਸਤਿਗੁਰੂ ਬਿਨਾਂ ਕ੍ਰਿਤਮ ਚੀਜ਼ਾਂ ਦੀ ਪੂਜਾ ਨਹੀਂ ਕਰਨੀ।[5]

ਆਪ ਜੀ ਦੇ ਅਨੁਸਾਰ ਇਹ ਰਹਿਤ ਧਾਰਨ ਕਰਨ ਵਾਲੇ ਦੀ ਹਮੇਸ਼ਾਂ ਗੁਰੂ ਨਾਲ ਪ੍ਰਤੀਤ ਬਣੀ ਰਹਿੰਦੀ ਹੈ। ਸੰਗਤ ਆਪ ਪਾਸ ਦੂਰੋਂ ਨੇੜਿਉਂ ਆਉਂਦੀ ਅਤੇ ਸ਼ੁਭ ਉਪਦੇਸ਼ ਸੁਣ ਕੇ ਜਨਮ ਸਫਲ ਕਰਦੀ। ਇਸੇ ਲਈ ਗਿਆਨੀ ਗਿਆਨ ਸਿੰਘ ਜੀ ਆਪਣੇ ਇਕ ਕਬਿੱਤ ਵਿਚ ਲਿਖਦੇ ਹਨ ਕਿ ਹਜਰੋਂ ਅਜੁੱਧਿਆ ਨਗਰੀ ਦੇ ਸਮਾਨ ਹੋ ਗਈ। ਆਪ ਦੀ ਸੰਗਤ ਕਰਨ ਵਾਲਿਆਂ ਦੇ ਖੋਟੇ ਕਰਮ ਕੱਟੇ ਜਾਂਦੇ ਸਨ। ਛੋਟੀ ਵੱਡੀ ਕਿਰਤ ਕਰਨ ਵਾਲੇ ਸਭ ਆਪ ਦੇ ਚਰਨਾਂ ਦੇ ਭੌਰੇ ਬਣ ਗਏ।

ਹਜ਼ਰੋਂ ਵਿਚ ਸੁੱਚੀ ਕਿਰਤ ਦੇ ਖਿਆਲ ਨਾਲ ਗੁਰੂ ਜੀ ਨੇ ਸਰਾਫ਼ੀ (ਸੁਨਿਆਰੇ) ਦੀ ਦੁਕਾਨ ਕਰ ਲਈ। ਗਾਹਕਾਂ ਨਾਲ ਸੱਚਾ ਅਤੇ ਖਰਾ ਵਿਹਾਰ ਹੁੰਦਾ ਵੇਖਕੇ ਦੁਕਾਨ ਵਾਹਵਾ ਚੱਲ ਪਈ। ਆਪ ਲੋੜਵੰਦਾਂ ਦੀਆਂ ਗਰਜਾਂ ਵੀ ਪੂਰੀਆਂ ਕਰਦੇ ਸਨ। ਕਿਸੇ ਨੂੰ ਕਰਜ ਦੇਣ ਲੱਗਿਆਂ ਧੇਲਾ ਰੁਪੈਆ ਗਹਿਣਾ ਰੱਖਦੇ। ਪਰ ਰਕਮ ਮਿਲਣ ਤੇ ਮੂਲ ਹੀ ਰੱਖਦੇ ਕਿਉਂ ਜੋ ਵਿਆਜ ਜਾਂ ਅਣਕਮਾਈ ਮਾਇਆ ਸਿੱਖੀ ਵਿਚ ਬੇਗਾਨਾ ਹੱਕ ਹੋਣ ਕਾਰਨ ਮਨਾਹੀ ਹੈ। ਦੋ ਕੁ ਘੰਟੇ ਦੁਕਾਨ ਵਿੱਚ ਬੈਠ ਕੇ ਕਾਰ ਵਿਹਾਰ ਵੇਖਦੇ। ਫਿਰ ਆਪ ਬਗੀਚੀ ਵਿੱਚ ਆ ਕੇ ਸਿਮਰਨ ਵਿੱਚ ਲੀਨ ਹੋ ਜਾਂਦੇ। ਆਉਂਦੇ

ਹੋਏ ਦੁਕਾਨ ਵਿਚੋਂ ਮਾਇਆ ਜੇਬ ਵਿੱਚ ਪਾ ਕੇ ਲੋੜਵੰਦਾਂ ਨੂੰ ਵਰਤਾਈ ਜਾਂਦੇ। ਸਾਂਈ ਜਵਾਹਰ ਜੀ ਦੇ ਬੰਦੇ ਜਿਹਨਾਂ ਨੂੰ ਆਪ ਪੈਸੇ ਵਰਤਾਉਂਦੇ ਸਨ, ਇਕ ਰੁਪੈਆ ਛੱਡ ਕੇ ਬਾਕੀ ਉਹਨਾਂ ਤੋਂ ਮੋੜ ਲਿਆਉਂਦੇ ਅਤੇ ਸਾਂਈ ਜੀ ਉਹ ਮਾਇਆ ਆਪ, ਅੱਗੇ ਲਿਆ ਰੱਖਦੇ। ਪੁੱਛਣ ਤੇ ਸਾਂਈ ਜੀ ਨੇ ਕਿਹਾ ਕਿ ਇਹ ਤੁਹਾਡੀ ਵਰਤਾਈ ਮਾਇਆ ਹੈ ਜੋ ਤੁਸਾਂ ਮਸਤਾਨੀ ਬਿਰਤੀ ਵਿੱਚ ਲੁਟਾਈ ਸੀ। ਗੁਰੂ ਜੀ ਨੇ ਕਿਹਾ- ਸਾਂਈ ਜੀ! ਇਹ ਹੁਣ ਸਾਡੇ ਕੰਮ ਦੀ ਨਹੀਂ। ਇਸਨੂੰ ਧਰਮ ਅਰਥ ਲਾ ਦੇਣਾ।

ਇਕ ਦਿਨ ਸਾਂਈ ਜੀ ਨੇ ਆਪ ਜੀ ਨੂੰ ਪੁੱਛਿਆ ਕਿ ਜਿਸਨੇ ਆਪ ਨੂੰ ਮਸਤਾਨਿਆਂ ਕੀਤਾ ਹੈ ਉਸ ਦੇ ਦਰਸ਼ਨ ਸਾਨੂੰ ਵੀ ਕਰਾਉ। ਗੁਰੂ ਜੀ ਨੇ ਕਿਹਾ ਕਿ ਅੰਮ੍ਰਿਤ ਵੇਲੇ। ਅਗਲੇ ਦਿਨ ਅੰਮ੍ਰਿਤ ਵੇਲੇ ਸਾਂਈ ਜੀ ਚੌਂਕੜਾ ਮਾਰ ਕੇ ਬੈਠੇ। ਸਰੀਰ ਹਿੱਲਣ ਲੱਗ ਪਿਆ। ਕਹਿਣ ਲੱਗੇ ਕਿ ਮੈਨੂੰ ਹਿਲਾ ਕੇ ਤੂੰ ਵੱਡਾ ਤਾਂ ਨਹੀਂ ਹੋ ਜਾਂਏਗਾ। ਤਾਂ ਹਿੱਲਣੋਂ ਸਰੀਰ ਬੰਦ ਹੋ ਗਿਆ। ਦਿਨੇ ਸਾਂਈ ਜੀ ਨੇ ਗੁਰੂ ਜੀ ਨੂੰ ਇਹ ਬਿਰਤਾਂਤ ਦੱਸਿਆ। ਉਹਨਾਂ ਕਿਹਾ ਕੇ ਸਾਂਈ ਜੀ ਜੇ ਤੁਸੀਂ ਨਾਂ ਰੋਕਦੇ ਤਾਂ ਫਿਰ ਕਰਤਾਰ ਦੇ ਰੰਗ ਵੇਖਦੇ। ਹੁਣ ਸਾਂਈ ਜੀ ਦੀ ਆਪ ਤੇ ਪੂਰਨ ਪ੍ਰਤੀਤ ਹੋ ਗਈ ਅਤੇ ਗੁਰੂ ਜੀ ਤੋਂ ਵਾਰ-ਵਾਰ ਆਗ੍ਰਹਿ ਕਰਕੇ ਨਾਮ ਦੀ ਦਾਤ ਪ੍ਰਾਪਤ ਕੀਤੀ। ਕਿਉਂਕਿ ਗੁਰੂ ਜੀ ਆਪ ਨੂੰ ਪਹਿਲਾਂ ਹੀ ਵੈਰਾਗੀ ਤੇ ਪੂਰਨ ਪੁਰਸ਼ ਸਮਝਦੇ ਸਨ।[6]

ਆਪ ਜਿਹਨਾਂ ਨੂੰ ਨਾਮ ਦੀ ਦਾਤ ਅਤੇ ਰਹਿਤ ਮਰਿਆਦਾ ਦੱਸਦੇ ਸਨ, ਉਹਨਾਂ ਨੂੰ ਇਸਨੂੰ ਕਮਾਉਣ ਤੇ ਵੀ ਜ਼ੋਰ ਦਿੰਦੇ ਕਿ ਪੂਰਨ ਕਮਾਈ ਨਾਲ ਹੀ ਗੁਰ ਸਿੱਖਾਂ ਦਾ ਪਾਰ ਉਤਾਰਾ ਹੁੰਦਾ ਹੈ, ਖਾਲੀ ਗੱਲਾਂ ਬਾਤਾਂ ਨਾਲ ਕੁਝ ਵੀ ਪੱਲੇ ਨਹੀਂ ਪੈਂਦਾ। ਭਜਨ ਪੁੱਛਕੇ ਫਿਰ ਨਾਂ ਜੱਪਣ ਵਾਲੇ ਦੇ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਬਹੁਤ ਢੁੱਕਦਾ ਹੈ-

ਪੂਛਤ ਪਥਿਕ ਤਿਹ ਮਾਰਗ ਨ ਧਰੈ ਪਗ,
ਪ੍ਰੀਤਮ ਕੈ ਦੇਸ ਕੈਸੇ ਬਾਤਨ ਸਿਉ ਜਾਈਐ।
ਪੂਛਤ ਹੈ ਵੈਦ ਖਾਤ ਔਖਦ ਨਾ ਸੰਜਮ ਸੌਂ,
ਕੈਸੇ ਮਿਟੈ ਰੋਗ ਸੁਖ ਸਹਿਜ ਸਮਾਈਐ।
ਪੂਛਤ ਸੁਹਾਗਨਿ ਪੈ ਕਰਮ ਦੁਹਾਗਨਿ ਕੇ,
ਰਿਦੈ ਬਿਭਚਾਰ ਕਤ ਸੇਜਾ ਪੈ ਬੁਲਾਈਐ।
ਗਾਇ ਸੁਨੇ ਆਖੇ ਮੀਚੇ ਪਾਈਐ ਨ ਪਰਮ ਪਦ,
ਗੁਰਿ ਉਪਦੇਸ ਗਹਿ ਜੌ ਲੌ ਨ ਕਮਾਈਐ।

ਹਜਰੋਂ ਸਾਹਿਬ ਵਿਖੇ ਇਕ ਵਡੇਰੀ ਉਮਰ ਦੀ ਸਯਦਾਣੀ ਮਾਈ ਵੀ ਗੁਰੂ ਬਾਲਕ ਸਿੰਘ ਜੀ ਦੇ ਦੱਸੇ ਢੰਗ ਅਨੁਸਾਰ ਨਾਮ ਦੀ ਦਾਤ ਲੈ ਕੇ ਮਸਤਾਨੀ ਹੋ ਗਈ। ਗੁਰੂ ਜੀ ਹਰ ਪੰਦਰੀਂ ਦਿਨੀਂ ਉਹਦੇ ਘਰ ਉਸਨੂੰ ਦਰਸ਼ਨ ਦੇਣ ਜਾਂਦੇ ਸਨ ਕਿਉਂਕਿ ਉਹ ਲੋਕ ਪਰਦੇ ਵਿੱਚ ਰਹਿੰਦੇ ਸਨ। ਪਰ ਜਦੋਂ ਮਾਈ ਦੇ ਅੰਦਰੋਂ ਪ੍ਰੇਮ ਨੇ ਉਛਾਲਾ ਮਾਰਿਆ ਤਾਂ ਕੋਠੇ ਤੇ ਚੜ੍ਹ ਕੇ ਕੂਕਣ ਲੱਗੀ! ਗੁਰੂ ਬਾਲਕ ਸਿੰਘ ਵਿੱਚ ਖੁਦਾ ਨੇ ਆਪਣਾ ਨੂਰ ਪਾ ਕੇ ਇਸਨੂੰ ਭੇਜਿਆ ਹੈ।[7]

ਇਕ ਦਿਨ ਗੁਰੂ ਜੀ ਆਪਣੀ ਦੁਕਾਨ ਦੀ ਛੱਤ ਤੇ ਸਵੇਰ ਸਾਰ ਖਲੋਕੇ ਕੇਸ ਹਰੇ ਕਰ ਰਹੇ ਸਨ ਕਿ ਅਚਾਨਕ ਸ਼ਹਿਰ ਵਿੱਚ ਅੱਗ ਲੱਗ ਗਈ। ਇਕ ਗਰੀਬ ਸਿੱਖ ਜੋ ਆਪ ਦੇ ਨਾਲ ਦੀ ਦੁਕਾਨ ਕਰਦਾ ਸੀ, ਰੋਂਦਾ ਹੋਇਆ ਆਇਆ ਕਿ ਜੇ ਦੁਕਾਨ ਸੜ ਗਈ ਮੈਂ ਮਾਰਿਆ ਜਾਵਾਂਗਾ ਕ੍ਰਿਪਾ ਕਰੋ ਅਤੇ ਬਚਾਉ। ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤੀ। ਇਤਨੇ ਵਿਚ ਹਵਾ ਦਾ ਰੁਖ ਬਦਲ ਗਿਆ। ਨਾਂ ਸਿਰਫ ਉਸ ਸਿੱਖ ਦੀ ਆਪਣੀ ਸਗੋਂ ਗੁਆਂਢੀ ਦੀ ਦੁਕਾਨ ਵੀ ਸੜਨ ਤੋਂ ਬਚ ਗਈ। ਗੁਰੂ ਜੀ ਦੀ ਅਜ਼ਮਤ ਵਿੱਚ ਸੰਗਤ ਦਾ ਭਰੋਸਾ ਦਿਨ ਬ ਦਿਨ ਵਧਦਾ ਜਾ ਰਿਹਾ ਸੀ। ਆਪਣੇ ਪਾਸ ਆਉਣ ਵਾਲਿਆਂ ਨੂੰ ਨਾਮ, ਦਾਨ, ਇਸ਼ਨਾਨ, ਸਤਿ, ਸੰਤੋਖ ਅਤੇ ਗਿਆਨ ਵਿਚਾਰ ਨਾਲ ਮਾਲਾ-ਮਾਲ ਕਰ ਰਹੇ ਸਨ। ਆਪ ਫ਼ਰਮਾਉਂਦੇ ਸਨ ਕਿ ਪ੍ਰਮੇਸ਼ਰ ਦਾ ਨਾਮ ਜਪਣ ਨਾਲ ਸਭ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ।

### ਭਾਈ ਮੁੱਖੇ ਨੇ ਬਗੀਚੀ ਵਿੱਚ ਖੂਹੀ ਲਾਈ

ਭਾਈ ਮੁੱਖਾ ਨਾਮ ਦਾ ਸੁਨਿਆਰਾ ਸਿੱਖ ਗੁਰੂ ਜੀ ਨੂੰ ਬੇਨਤੀ ਕਰਨ ਆਇਆ ਕਿ ਹਜਰੋਂ ਵਿਖੇ ਉਸਦੀ ਬਗੀਚੀ ਵਿੱਚ ਗੁਰੂ ਜੀ ਕਈ ਵੇਰ ਚਰਨ ਪਾਉਂਦੇ ਹਨ। ਹੁਕਮ ਹੋਵੇ ਤਾਂ ਉਹ ਉੱਥੇ ਖੂਹੀ ਵੀ ਲੁਆ ਦਿੰਦਾ ਹੈ ਜਿਥੇ ਆਪ ਜਾਂ ਹੋਰ ਸੰਗਤ ਇਸ਼ਨਾਨ ਪਾਣੀ ਕਰਕੇ ਬੰਦਗੀ ਕਰੇ। ਪਹਿਲਾਂ ਤਾਂ ਗੁਰੂ ਜੀ ਨੇ ਕਿਹਾ ਕਿ ਭਾਈ ਮੁੱਖਾ ਅਸਾਂ ਖੂਹੀ ਤੇ ਬਗੀਚੀ ਕੀ ਕਰਨੀ ਹੈ। ਅਸੀਂ ਤੇ ਦੋ ਘੜੀਆਂ ਕਿਸੇ ਰੁੱਖ ਹੇਠ ਬੈਠ ਕੇ ਕੱਟ ਲਿਆ ਕਰਦੇ ਹਾਂ। ਪਰ ਭਾਈ ਮੁੱਖੇ ਨੇ ਕਿਹਾ ਜੀ ਸੰਗਤ ਦੀ ਭਾਵਨਾ ਪੂਰੀ ਹੋਣ ਦਿਉ। ਪਹਿਲਾਂ ਇਕ ਥੜਾ ਬਣਾਇਆ ਬੰਦਗੀ ਕਰਨ ਲਈ। ਫਿਰ ਖੂਹੀ ਲੱਗ ਗਈ ਅਤੇ ਗਰਮੀ, ਸਰਦੀ, ਮੀਂਹ ਕਣੀ ਦੇ ਬਚਾਅ ਲਈ ਇੱਕ ਬਾਰਾਂਦਰੀ ਵੀ ਉੱਸਰ ਗਈ। ਸਿੱਖਾਂ ਨੇ ਤਰ੍ਹਾਂ-ਤਰ੍ਹਾਂ ਦੇ ਫੁੱਲ, ਬਿਰਖ, ਬੂਟੇ ਲਾ ਕੇ ਇਸ ਬਗੀਚੀ ਨੂੰ ਨੰਦਨ ਵਣ ਵਿੱਚ ਬਦਲ ਦਿੱਤਾ। ਪਿਛਲੇ ਪਹਿਰ ਗੁਰੂ ਜੀ ਇੱਥੇ ਆ ਜਾਂਦੇ। ਨਾਮ, ਸਿਮਰਨ, ਕਥਾ,

ਕੀਰਤਨ ਦਾ ਪ੍ਰਵਾਹ ਚੱਲ ਪਿਆ। ਫਿਰ ਸੰਗਤ ਦੀ ਬੇਨਤੀ ਤੇ ਗੁਰੂ ਜੀ ਪਹਿਲੇ ਪਹਿਰੇ ਸ਼ਹਿਰ ਦੀ ਵੱਡੀ ਧਰਮਸ਼ਾਲਾ ਵਿੱਚ ਜਾਂਦੇ ਅਤੇ ਬੜੇ ਪ੍ਰੇਮ ਨਾਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਦੇ ਅਤੇ ਮੁੜ ਇਸਦੇ ਅਰਥ ਵਿਚਾਰ ਸੰਗਤ ਨਾਲ ਸਾਂਝੇ ਕਰਦੇ। ਹਜਰੋਂ ਸਾਹਿਬ ਵਿੱਚ ਪ੍ਰੇਮੀਆਂ ਦੇ ਦੂਰੋਂ-ਦੂਰੋਂ ਆਉਣ ਕਾਰਨ ਸੱਚ ਖੰਡ ਦਾ ਨਜ਼ਾਰਾ ਬਣ ਜਾਂਦਾ। ਸਾਰੀ ਸੰਗਤ ਪ੍ਰੇਮ ਰਸ ਵਿੱਚ ਗੜੂੰਦ ਹੋ ਕੇ ਆਪ ਸ਼ਬਦ ਪੜ੍ਹਦੀ-

ਕਿਓ ਸੋਇਆ ਨਾਮ ਵਿਸਾਰ, ਗਾਫ਼ਲ ਗਹਿਲਿਆ!

ਵਿਚਾਰ ਚਰਚਾ ਦੀ ਸਮਾਪਤੀ ਬਾਅਦ ਆਪ ਆਪਣੇ ਘਰ ਚੁਬਾਰੇ ਵਿੱਚ ਪੁੱਜ ਜਾਂਦੇ ਅਤੇ ਆਪ ਜੀ ਦੀ ਭੈਣ ਬੀਬੀ ਦਾਤੋ ਦਾ ਤਿਆਰ ਕੀਤਾ ਲੰਗਰ ਆਪ ਵੀ ਛਕਦੇ ਅਤੇ ਨਾਲ ਗਏ ਗੁਰਸਿੱਖਾਂ ਨੂੰ ਵੀ ਛਕਾਉਂਦੇ। ਆਪ ਦੇ ਇਰਦ-ਗਿਰਦ ਮਸਤ ਮਸਤਾਨਿਆਂ ਦੇ ਝੁੰਡ ਟਿਕੇ ਰਹਿੰਦੇ ਸਨ। ਉਹਨਾਂ ਵਿਚੋਂ ਕਈ ਵੈਰਾਗੀ ਹੋ ਜਾਂਦੇ। ਗੁਰੂ ਜੀ ਉਹਨਾਂ ਨੂੰ ਸ਼ਾਂਤੀ ਅਤੇ ਸੰਤੋਖ ਬਖਸ਼ ਕੇ ਘਰੋਂ-ਘਰੀ ਭੇਜਦੇ ਅਤੇ ਖੁਦ ਅੰਤਰ ਧਿਆਨ ਹੋ ਕੇ ਬੰਦਗੀ ਵਿੱਚ ਲੀਨ ਹੋ ਜਾਂਦੇ।[8]

ਸੰਗਤਾਂ ਨੂੰ ਘਰੋਂ-ਘਰੀ ਤੋਰ ਕੇ ਗੁਰੂ ਜੀ, ਜਦੋਂ ਸਕੇ ਸਨਬੰਧੀ ਵੀ ਸੌਂ ਜਾਂਦੇ ਸਨ, ਤਾਂ ਹਜਰੋਂ ਤੋਂ ਦੋ ਮੀਲ ਤੇ ਵਗਣ ਵਾਲੀ ਚੇਲ ਨਦੀ ਦੇ ਕਿਨਾਰੇ ਤੇ ਬੈਠ ਕੇ ਇਕਾਂਤ ਵਿੱਚ ਸਿਮਰਨ ਕਰਦੇ ਰਹਿੰਦੇ। ਕਈ ਵੇਰ ਸਾਰੀ ਰਾਤ ਇਥੇ ਹੀ ਗੁਜ਼ਾਰਦੇ। ਕਦੇ ਅੰਮ੍ਰਿਤ ਵੇਲੇ ਚੁਬਾਰੇ ਵਿੱਚ ਜਾ ਬਿਰਾਜ਼ਦੇ। ਦਿਨ ਚੜ੍ਹੇ ਸੰਗਤਾਂ ਫਿਰ ਆਪ ਜੀ ਦੇ ਦਰਸ਼ਨਾਂ ਲਈ ਆ ਜਾਂਦੀਆਂ। ਜਦੋਂ ਚੋਖੀ ਸੰਗਤ ਜੁੜ ਜਾਂਦੀ ਤਾਂ ਧਰਮਸ਼ਾਲਾ ਵਿੱਚ ਜਾਕੇ ਸ਼ਬਦ ਦੀ ਵਿਚਾਰ ਚਰਚਾ ਕਰਦੇ। ਦੁਪਹਿਰੇ ਘਰ ਜਾ ਕੇ ਪਰਸ਼ਾਦਾ ਛੱਕ ਕੇ ਬਿਰਾਜ ਜਾਂਦੇ। ਸ਼ਾਮ ਨੂੰ ਫਿਰ ਬਗੀਚੀ ਵਿਚ ਦੀਵਾਨ ਸੱਜ ਜਾਂਦਾ ਉੱਥੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ। ਸ਼ਾਮ ਨੂੰ ਵੀ ਸੰਗਤ ਨਾਲ ਸ਼ਬਦ ਵਿਚਾਰ ਦੀ ਕਥਾ ਕਰਦੇ। ਚੰਗੇ ਸੋਤੇ ਪਏ ਰਹਿਰਾਸ ਸਾਹਿਬ ਦੇ ਪਾਠ ਬਾਅਦ ਘਰ ਆ ਟਿਕਦੇ। ਇਹ ਆਪ ਜੀ ਦਾ ਨਿੱਤ ਕਰਮ ਤਹਿ ਹੋ ਗਿਆ ਸੀ।

## ਮੋਦੀ ਖਾਨਾ ਸੰਭਾਲਣਾ

ਹਜਰੋਂ ਦੇ ਕਿਲ੍ਹੇ ਵਿੱਚ ਜਦੋਂ ਲਾਹੌਰ ਦਰਬਾਰ ਦੀਆਂ ਫੌਜਾਂ ਆ ਕੇ ਟਿਕਿਆ ਕਰਦੀਆਂ ਸਨ ਤਾਂ ਉਹਨਾਂ ਦੇ ਰਸਦ ਪਾਣੀ ਲਈ ਕਿਲ੍ਹੇ ਵਿੱਚ ਇਕ ਮੋਦੀ ਖਾਨਾ ਬਣਿਆ ਹੋਇਆ ਸੀ। ਛੋਟੇ ਮੋਟੇ ਹੋਰ ਸਰਕਾਰੀ ਮੁਲਾਜ਼ਮਾਂ ਲਈ ਜੋ ਇੱਥੇ ਰਹਿੰਦੇ ਸਨ, ਰਸਦ ਇਥੋਂ ਜਾਂਦੀ ਸੀ। ਕਿਲੇਦਾਰ ਬਾਂਕਾ ਰਾਓ ਨੂੰ ਇਸ ਮੋਦੀ ਖਾਨੇ ਲਈ ਯੋਗ ਪ੍ਰਬੰਧਕ ਨਹੀਂ ਮਿਲ ਰਿਹਾ ਸੀ ਜਿਸ

ਕਾਰਨ ਕਈ ਵੇਰ ਪ੍ਰਬੰਧ ਗੜਬੜਾ ਜਾਂਦਾ ਸੀ। ਲੋਕਾਂ ਨੇ ਦੱਸ ਪਾਈ ਕਿ ਇਸ ਸਮੇਂ ਹਜਰੋਂ ਵਿੱਚ ਇਮਾਨਦਾਰ ਪੁਰਖ ਗੁਰੂ ਬਾਲਕ ਸਿੰਘ ਜਿਹਾ ਕੋਈ ਨਹੀਂ। ਸੋ ਬਾਂਕਾ ਰਾਓ ਨੇ ਬੜੇ ਮਿੰਨਤ ਤਰਲਿਆਂ ਨਾਲ ਗੁਰੂ ਜੀ ਨੂੰ ਮੋਦੀਖਾਨਾ ਸੰਭਾਲ ਦਿੱਤਾ ਪਰ ਬਾਬਾ ਦਿਆਲ ਸਿੰਘ ਜੀ ਨੇ ਵੀ ਗੁਰੂ ਜੀ ਨੂੰ ਕਿਹਾ ਕਿ ਇਹ ਤੁਹਾਡੇ ਕਰਨ ਵਾਲਾ ਕੰਮ ਨਹੀਂ। ਗੁਰੂ ਜੀ ਨੇ ਦੱਸਿਆ ਕਿ ਕਿਲੇਦਾਰ ਦੀਆਂ ਬੇਨਤੀਆਂ ਸੁਣ-ਸੁਣ ਅਸੀਂ ਬੇਵੱਸ ਹੋ ਗਏ। ਕੰਮ ਕਰਨ ਵਾਲਾ ਪ੍ਰਮੇਸ਼ਰ ਆਪ ਹੈ, ਉਹ ਕਰਵਾ ਲਏਗਾ। ਹੁਣ ਆਪ ਇਹ ਕੰਮ ਕਰਨ ਲੱਗ ਪਏ। ਜੇ ਕੋਈ ਲੋੜਵੰਦ, ਸਾਧੂ, ਫਕੀਰ, ਭੁੱਖਾ ਨੰਗਾ ਆਵੇ ਉਹਦੀਆਂ ਲੋੜਾਂ ਵੀ ਪੂਰੀਆਂ ਕਰਨ। ਇਸ ਤੇ ਚੁਗਲਾਂ ਨੇ ਜਾ ਕਿਹਾ ਕਿ ਮੋਦੀ ਤਾਂ ਸਭ ਕੁਝ ਲੁਟਾਈ ਜਾਂਦਾ ਹੈ। ਆਪ ਨੇ ਬਾਂਕਾ ਰਾਓ ਦੇ ਸੁਨੇਹੇ ਤੇ ਸਾਰਾ ਹਿਸਾਬ ਕਿਤਾਬ ਉਹਨਾਂ ਨੂੰ ਵਿਖਾ ਦਿੱਤਾ। ਨਾਂ ਸਿਰਫ ਹਿਸਾਬ ਸਹੀ ਸੀ, ਸਗੋਂ ਗੁਰੂ ਜੀ ਦੇ ਕੁਝ ਪੈਸੇ ਬਾਂਕਾ ਰਾਓ ਵੱਲ ਨਿਕਲੇ। ਰਾਓ ਤਾਂ ਵਾਰ-ਵਾਰ ਭੁੱਲਾਂ ਬਖਸ਼ਾਵੇ ਤੇ ਆਖੇ ਸਾਂਭੋ ਮੋਦੀ ਖਾਨਾ ਪਰ ਗੁਰੂ ਜੀ ਹਿਸਾਬ ਦੀਆਂ ਵਹੀਆਂ ਉਹਦੇ ਸਪੁਰਦ ਕਰਕੇ ਵਾਪਸ ਘਰ ਆ ਗਏ।[9]

ਅਟਕ ਨਦੀ ਤੋਂ ਪਾਰ ਜੈਦੇ ਪਿੰਡ ਵਿੱਚ ਇਕ ਭਾਈ ਧਨੀ ਰਾਮ ਰਹਿੰਦਾ ਸੀ, ਜੋ ਪੱਥਰ ਦੇ ਠਾਕੁਰਾਂ ਦੀ ਪੂਜਾ ਕਰਿਆ ਕਰਦਾ ਸੀ। ਗੁਰੂ ਬਾਲਕ ਸਿੰਘ ਜੀ ਦੀ ਪ੍ਰੇਰਣਾ ਨਾਲ ਮਸਤ ਬਿਰਤੀ ਹੋ ਗਈ। ਹਜਰੋਂ ਵਿੱਚ ਅਜੇ ਗੁਰੂ ਜੀ ਦੇ ਥੋੜ੍ਹੇ ਹੀ ਪ੍ਰੇਮੀ ਸਨ। ਇਸ ਧਨੀ ਰਾਮ ਨੂੰ ਇਤਨਾ ਸਰੂਰ ਨਾਮ ਦਾ ਆਇਆ ਕਿ ਮਦ ਭਰੇ ਨੇਤਰਾਂ ਨਾਲ ਜਿਸ ਦੁਕਾਨਦਾਰ ਵੱਲ ਵੇਖੇ, ਉਹ ਹੀ ਇਸਦੇ ਚਰਨਾਂ ਤੇ ਢਹਿ ਪਵੇ। ਫਿਰ ਭਾਈ ਧਨੀ ਰਾਮ ਉਹਨਾਂ ਨੂੰ ਗੁਰੂ ਜੀ ਪਾਸ ਲਿਆ ਕੇ ਨਾਮ ਦਾਨ ਦੁਆ ਦੇਵੇ। ਇਸ ਤਰ੍ਹਾਂ ਸਾਰੇ ਹੀ ਹਜਰੋਂ ਸਾਹਿਬ ਦੇ ਦੁਕਾਨਦਾਰ ਗੁਰੂ ਬਾਲਕ ਸਿੰਘ ਜੀ ਦੇ ਸਿੱਖ ਬਣ ਕੇ, ਜਨਮ ਸਫਲਾ ਕਰਨ ਲੱਗ ਪਏ।[10]

ਓਡੇ ਪਿੰਡ ਦੇ ਭਾਈ ਰਾਮ ਸਹਾਇ ਨੂੰ ਵੀ ਗੁਰੂ ਦਰਸ਼ਨਾਂ ਦੀ ਖਿੱਚ ਪਈ। ਉਹ ਹਜਰੋਂ ਸਾਹਿਬ ਨੂੰ ਚੱਲਿਆ ਤਾਂ ਰਾਹ ਵਿੱਚ ਦਰਿਆ ਪੈਂਦਾ ਸੀ। ਬੇੜੀ ਪੈਂਦੀ ਨਹੀਂ ਸੀ। ਓੜਕ ਇਸ ਆਸ ਤੇ ਠਿੱਲ੍ਹ ਪਿਆ ਕਿ ਜੇ ਗੁਰੂ ਸੱਚਾ ਹੈ ਤਾਂ ਪਾਰ ਲਾ ਦਵੇਗਾ। ਦਰਿਆ ਪਾਰ ਕਰ ਗਿਆ। ਹਜਰੋਂ ਸਾਹਿਬ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ ਨਾਮ ਦੀ ਯਾਚਨਾ ਕੀਤੀ। ਗੁਰੂ ਜੀ ਨੇ ਕਿਹਾ ਕੱਲ੍ਹ ਮਿਲੇਗਾ। ਉਹ ਆਖੇ ਜੀ ਪਿਛਲੇ ਸਾਰੇ ਸੁਆਸ ਬਿਰਥਾ ਗਏ ਹਨ ਹੁਣ ਤਾਂ ਕਿਰਪਾ ਕਰੋ। ਆਪ ਨੇ ਕਿਹਾ- ਭਾਈ ਦਰਿਆ ਵਾਲੀ ਗੱਲ ਭੁੱਲ ਗਿਆ ਹੈਂ। ਮਸਤਾਨਾ ਹੋ ਗਿਆ ਵੈਰਾਗ ਵਿਚ

ਆ ਗਿਆ। ਨਾਮ ਦਾਨ ਲੈ ਕੇ ਖੂਬ ਜਪਿਆ। ਪ੍ਰਮੇਸ਼ਰ ਜੀ ਨੂੰ ਵੱਸ ਕਰ ਲਿਆ, ਉਹਨਾਂ ਪੁੱਛਿਆ ਕਿ ਕੁਝ ਮੰਗ! ਕਹਿੰਦਾ ਰੋਜ਼ ਦਰਸ਼ਨ ਹੋਣ। ਅਜੇਹਾ ਹੀ ਸਬੱਬ ਬਣਿਆ ਰਿਹਾ। ਇਕ ਦਿਨ ਬੰਦਗੀ ਕਰਦਾ ਸੀ, ਇਕ ਮੇਮਣਾ ਆ ਕੇ ਉਸ ਨਾਲ ਖਹਿਣ ਲੱਗ ਪਿਆ। ਦੋ ਵੇਰ ਹਟਕ ਕੇ ਮੋੜਿਆ। ਤੀਜੀ ਵੇਰ ਆਇਆ ਤਾਂ ਮੇਮਣੇ ਨੂੰ ਪੱਥਰ ਦਾ ਟੁਕੜਾ ਮਾਰ ਕੇ ਭਜਾ ਦਿੱਤਾ। ਹੁਣ ਮਨ ਭਜਨ ਵਿੱਚ ਨਾ ਲੱਗੇ, ਨਾਂ ਪ੍ਰਮੇਸ਼ਰ ਵਾਲੀ ਰੰਗਣਾ ਰਹੀ, ਨਾਂ ਦਰਸ਼ਨਾਂ ਵਾਲੀ ਮੌਜ। ਬਿਰਤੀ ਉੱਖੜ ਗਈ। ਗੁਰੂ ਬਾਲਕ ਸਿੰਘ ਜੀ ਪਾਸ ਜਾ ਕੇ ਕਹਿੰਦਾ- "ਜੀ ਹੁਣ ਉਹ ਰੰਗ ਨਹੀਂ ਰਿਹਾ। ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ।" ਗੁਰੂ ਜੀ ਨੇ ਕਿਹਾ- "ਜ਼ਰੂਰੀ ਨਹੀਂ ਪ੍ਰਮੇਸ਼ਰ ਹਰ ਵਾਰ ਇੱਕੇ ਰੂਪ ਵਿੱਚ ਆਵੇ। ਉਹ ਤੇਰੇ ਪਾਸ ਤਿੰਨ ਵੇਰ ਆਇਆ ਸੀ (ਪਰ ਮੇਮਣੇ ਦੇ ਰੂਪ ਵਿੱਚ) ਤੂੰ ਹੀ ਉਸਨੂੰ ਵੱਟਾ ਮਾਰ ਕੇ ਭਜਾਇਆ ਹੈ। ਭਾਈ ਰਾਮ ਸਹਾਇ ਨੂੰ ਸੋਝੀ ਆ ਗਈ। ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਰਹਿੰਦੀ ਉਮਰ ਕਣ-ਕਣ ਵਿੱਚ ਇਲਾਹੀ ਨੂਰ ਦੇ ਕ੍ਰਿਸ਼ਮੇ ਮਹਿਸੂਸ ਕਰਦਾ ਰਿਹਾ। ਗੁਰੂ ਜੀ ਨੇ ਉਸਨੂੰ ਕਿਹਾ ਕਿ ਹੁਣ ਕੋਈ ਵੀ ਸ਼ੰਕਾ ਹੋਵੇ ਤਾਂ ਸਾਡੇ ਪਾਸ ਆਉਣ ਦੀ ਬਜਾਏ ਜ਼ੈਦੇ ਵਾਲੇ ਭਾਈ ਧਨੀ ਰਾਮ ਜੀ ਨੂੰ ਉਧਰ ਹੀ ਮਿਲ ਲਿਆ ਕਰੋ। ਦਰਿਆ ਪਾਰ ਕਰਨ ਦੀ ਲੋੜ ਨਹੀਂ। ਇਸ ਤਰ੍ਹਾਂ ਗੁਰੂ ਬਾਲਕ ਸਿੰਘ ਜੀ ਨੇ ਆਪਣੀ ਮਨੋਹਰ ਬਾਣੀ ਨਾਲ ਅਨੇਕ ਰੂਹਾਂ ਨੂੰ ਜਾਗਰਿਤ ਕਰ ਦਿੱਤਾ।[11]

ਭਾਈ ਸੰਤ ਸਿੰਘ ਹੋਤੀ ਮਰਦਾਨ ਨੂੰ ਧਰਮਸ਼ਾਲਾ ਬਣਾਕੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ, ਰੋਜ਼ ਸਕੇਸ਼ ਇਸ਼ਨਾਨ ਕਰਕੇ, ਨਾਮ ਬਾਣੀ ਦਾ ਜਾਪ ਕਰਨ ਦਾ ਉਪਦੇਸ਼ ਦਿੱਤਾ। ਭੁੱਖੇ, ਨੰਗੇ, ਲੋੜਵੰਦ ਨੂੰ ਰੋਟੀ, ਕੱਪੜਾ ਜਾਂ ਹੋਰ ਪਦਾਰਥ ਦੇਣ ਦੀ ਤਾਕੀਦ ਕੀਤੀ। ਬੇਗਾਨੇ ਹੱਕ, ਭਾਵ ਅਣਕਮਾਈ ਦੌਲਤ ਤੋਂ ਸਦਾ-ਸਦਾ ਲਈ ਪ੍ਰਹੇਜ਼ ਕਰਨਾ ਦੱਸਿਆ। ਨਿੰਦਾ, ਚੁਗਲੀ, ਝੂਠ, ਕਪਟ, ਛਲ ਤੋਂ ਸਦਾ ਬਚਣ ਦੀ ਤਾੜਨਾ ਕੀਤੀ। ਇਕ ਬਾਬਾ ਹੁਕਮ ਸਿੰਘ ਜੀ ਸੋਢੀ ਦੀ ਵੀ ਹਜਰੋਂ ਵਿਖੇ ਬਹੁਤ ਮਾਨਤਾ ਸੀ। ਉਹ ਗੁਰੂ ਬਾਲਕ ਸਿੰਘ ਜੀ ਦੇ ਵੱਧ ਰਹੇ ਤੇਜ ਪ੍ਰਤਾਪ ਤੋਂ ਬਹੁਤ ਚਿੰਤਤ ਸੀ। ਇਕ ਗਿਆਨੀ ਨੂੰ ਨਾਲ ਲੈ ਕੇ ਇਹ ਸੋਚ ਕੇ ਗੁਰੂ ਜੀ ਪਾਸ ਵਿਚਾਰ ਚਰਚਾ ਲਈ ਆਇਆ ਕਿ ਗੁਰੂ ਜੀ ਗਿਆਨੀ ਜੀ ਦੀ ਵਿਦਵਤਾ ਦਾ ਟਾਕਰਾ ਨਹੀਂ ਕਰ ਸੱਕਣਗੇ ਤੇ ਇਉਂ ਉਹਨਾਂ ਦੀ ਸਾਰੀ ਸੰਗਤ ਮੁੜ ਮੇਰੇ ਵੱਲ ਪਰਤ ਆਵੇਗੀ। ਪਰ ਜਦੋਂ ਉਹ ਗਿਆਨੀ ਜੀ ਵਿਚਾਰ ਚਰਚਾ ਕਰਨ ਲੱਗੇ ਤਾਂ ਉਹਨਾਂ ਦੇ ਛੇਤੀ ਹੀ ਪੈਰ ਉੱਖੜ ਗਏ। ਸੰਗਤ ਦੀ ਬੇਨਤੀ ਤੇ ਗੁਰੂ ਜੀ ਜਦੋਂ ਕਥਾ ਕਰਨ ਲੱਗੇ ਤਾਂ ਸਭ ਦੇ ਸ਼ੰਕੇ ਨਵਿੱਰਤ ਹੋ ਕੇ ਮਨ

ਮੋਮ ਹੋ ਕੇ, ਇਲਾਹੀ ਰਸ ਵਿੱਚ ਗੜੂੰਦ ਹੋ ਗਏ। ਧੰਨ ਗੁਰੂ ਬਾਲਕ ਸਿੰਘ ਜੀ ਦੀ ਧੁਨੀ ਸੰਗਤ ਵਿੱਚ ਗੂੰਜਣ ਲੱਗ ਪਈ। ਸੋਢੀ ਸਾਹਿਬ ਨੂੰ ਵੀ ਆਪਣੀ ਅਗਿਆਨਤਾ ਦਾ ਇਜ਼ਹਾਰ ਹੋ ਗਿਆ। ਫਿਰ ਵੀ ਗੁਰੂ ਸਾਹਿਬ ਨੇ ਕਿਹਾ ਕਿ ਸੋਢੀ ਜੀ ਪੁੱਛੋ ਜੋ ਪੁੱਛਣਾ ਚਾਹੁੰਦੇ ਹੋ ਤਾਂ ਉਹਨਾਂ ਕਿਹਾ ਕਿ ਮੈਂ ਸੁਣਿਆ ਹੈ ਕਿ ਤੁਸੀਂ ਆਪਣੇ ਸਿੱਖਾਂ ਨੂੰ ਮੁਸਲਮਾਨੀ ਕਲਾਮ ਦੱਸਦੇ ਹੋ ਅਤੇ ਤੁਸੀਂ ਧਰਮਸ਼ਾਲਾ ਦਾ ਕੜਾਹ ਪ੍ਰਸ਼ਾਦ ਅਤੇ ਪੂਜਾ ਕਿਉਂ ਨਹੀਂ ਪਰਵਾਨ ਕਰਦੇ? ਗੁਰੂ ਜੀ ਨੇ ਉੱਤਰ ਦਿੱਤਾ- ਸੋਢੀ ਸਾਹਿਬ ਅਸੀਂ ਸਿੱਖਾਂ ਨੂੰ ਭਜਨ ਤਾਂ ਆਪ ਦੇ ਘਰ, ਗੁਰੂ ਨਾਨਕ ਜੀ ਵਾਲਾ ਹੀ ਦਿੰਦੇ ਹਾਂ। ਕੜਾਹ ਪ੍ਰਸ਼ਾਦ ਜਾਂ ਪੂਜਾ ਬਾਬਤ, ਦਸਵੇਂ ਪਾਤਸ਼ਾਹ ਨੇ ਆਪਣੇ ਸਮੇਂ ਵਿੱਚ ਪੂਜਾ ਧਾਨ ਨੂੰ ਸੰਗਤ ਯੋਗ ਨਾਂ ਸਮਝਕੇ, ਮਾਤਾ ਜੀ ਤੇ ਸਿੱਖਾਂ ਦੇ ਰੋਕਦਿਆਂ ਵੀ ਸਤਲੁੱਜ ਵਿੱਚ ਰੋੜ੍ਹ ਦਿੱਤਾ ਸੀ। ਫਿਰ ਸੋਢੀ ਜੀ ਕਹਿੰਦੇ ਕਿ ਤੁਹਾਡੇ ਸਿੱਖ ਕੂਕਾਂ ਕਿਉਂ ਮਾਰਦੇ ਹਨ, ਨੱਚਦੇ ਟੱਪਦੇ ਕਿਉਂ ਹਨ? ਤਾਂ ਗੁਰੂ ਜੀ ਕਿਹਾ ਜਦੋਂ ਗੁਰੂ ਅੰਗਦ ਸਾਹਿਬ, ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾ ਰਹੇ ਸਨ ਤਾਂ ਭਾਈ ਬਾਲੇ ਤੋਂ ਸਾਖੀਆਂ ਸੁਣਦਿਆਂ ਉਹ ਵੈਰਾਗੀ ਕਿਉਂ ਹੋ ਜਾਂਦੇ ਸਨ? ਬਾਵਾ ਜੀ ਨੇ ਕਿਹਾ- ਬਾਣੀ ਦੇ ਅਸਰ ਨਾਲ ਤਾਂ ਗੁਰੂ ਜੀ ਨੇ ਕਿਹਾ ਕਿ ਜੇ ਬਾਣੀ ਦੇ ਅਸਰ ਕਾਰਨ ਉਹ ਕਰੁਣਾ ਮਈ ਹੋ ਜਾਂਦੇ ਸਨ ਤਾਂ ਇਹ ਸਿੱਖ ਕਿਸਦੇ ਵਿਚਾਰੇ ਹਨ ਜੋ ਸ਼ਬਦ ਦੀ ਮਸਤੀ ਵਿੱਚ ਨਾਂ ਆਉਣ। ਫਿਰ ਗੁਰੂ ਜੀ ਨੇ ਬਾਣੀ ਤੇ ਭਜਨ ਵਿਚੋਂ ਕੌਣ ਵੱਡਾ ਹੈ, ਇਸਦਾ ਜੁਆਬ ਦਿੰਦਿਆਂ ਕਿਹਾ ਕਿ ਸਾਰੀ ਬਾਣੀ ਭਜਨ ਕਰਨ ਵਾਲਿਆਂ ਦੇ ਗੁਣਾਂ ਦਾ ਵਰਣਨ ਹੀ ਕਰਦੀ ਹੈ। ਬਾਵਾ ਜੀ ਨੂੰ ਜਾਤ ਅਭਿਮਾਨੀ ਹੋਣ ਕਾਰਨ ਭਜਨ ਨਾਂ ਦਿੱਤਾ ਪਰ ਨਾਲ ਆਏ ਸਿੱਖਾਂ ਨੂੰ ਨਾਮ ਦਾਨ ਦੇ ਕੇ ਸੰਗਤ ਵਿੱਚ ਸ਼ਾਮਲ ਕਰ ਲਿਆ।[12]

ਇੱਕ ਪੱਥਰ ਪੂਜ ਗੁਮਾਨੀ ਨੇ ਵੀ ਗੁਰੂ ਬਾਲਕ ਸਿੰਘ ਜੀ ਦੀ ਸ਼ਰਨ ਵਿੱਚ ਆ ਕੇ ਇਕ ਦਿਨ ਨਾਮ ਦੇ ਰੰਗ ਅਤੇ ਸ਼ਬਦ ਦੀ ਮਸਤੀ ਵਿਚ ਆ ਕੇ ਆਪਣੇ ਸਾਰੇ ਠਾਕੁਰ ਖੂਹ ਵਿੱਚ ਸੁੱਟ ਦਿੱਤੇ। ਇਸ ਤੋਂ ਪਹਿਲਾਂ ਉਸ ਗੁਰੂ ਬਾਲਕ ਸਿੰਘ ਜੀ ਤੋਂ ਨਾਮ ਦੀ ਦਾਤ ਲੈ ਕੇ ਪੁੱਛਿਆ ਸੀ ਕਿ ਹੁਣ ਠਾਕਰਾਂ ਨੂੰ ਪੂਜਾ ਜਾਂ ਨਾਂ ਤਾਂ ਗੁਰੂ ਜੀ ਬਚਨ ਕੀਤਾ ਨਾਮ ਵੀ ਜਪੀ ਜਾ ਤੇ ਇਹਨਾਂ ਨੂੰ ਵੀ ਪੂਜੀ ਜਾ ਜਿਹੜਾ ਤਕੜਾ ਹੋਇਆ ਉਹ ਦੂਜੇ ਨੂੰ ਢਾਹ ਲਵੇਗਾ। ਗੁਰੂ ਕਾ ਨਾਮ ਠਾਕੁਰਾਂ ਤੋਂ ਵੱਡਾ ਨਿਕਲਿਆ।[13]

ਇਕ ਦਿਨ ਦੀਵਾਨ ਵਿੱਚ ਆ ਕੇ ਗੁਰੂ ਜੀ ਦੇ ਭਾਈ ਮੰਨਾ ਸਿੰਘ ਨੇ ਬੇਨਤੀ ਵਜੋਂ ਕਿਹਾ ਕਿ ਸੁਣਦੇ ਹਾਂ ਬੰਦਗੀ ਕਰਨ ਵਾਲਿਆਂ ਦੀਆਂ ਇੱਕੀ ਕੁਲਾਂ ਤਰ ਜਾਂਦੀਆਂ ਹਨ ਤਾਂ ਤੇ ਹੁਣ ਜਦੋਂ ਆਪ ਸਾਡੀ ਕੁੱਲ ਵਿੱਚ ਅਵਤਰੇ ਹੋ

ਤਾਂ ਸਾਨੂੰ ਤਾਂ ਬੰਦਗੀ ਦੀ ਕੋਈ ਲੋੜ ਨਹੀਂ? ਗੁਰੂ ਜੀ ਨੇ ਕਿਹਾ- ਭਾਈ ਮੰਨਾ ਸਿੰਘ ਇਹ ਕੀ ਪਤਾ ਹੈ ਕਿ 21 ਕੁਲਾਂ ਪਹਿਲੀਆਂ ਤਰਨੀਆਂ ਹਨ ਕਿ ਮਗਰਲੀਆਂ। ਇਸ ਲਈ ਕੁਲ ਦੇ ਅਹੰਕਾਰ ਨੂੰ ਮਨ 'ਚੋਂ ਕੱਢ ਦਿਉ। ਬਾਕੀ ਗੁਰੂ ਜੀ ਤੋਂ ਬਖਸ਼ਿਸ਼ ਮੰਗੋ ਤੇ ਸੁਆਸ ਸੁਆਸ ਨਾਮ ਜਪੋ। ਗੁਰੂ ਤਾਂ ਸਾਰਿਆਂ ਲਈ ਇਕੋ ਜਿਹਾ ਹੈ, ਸਾਰੇ ਹੀ ਉਸ ਦੇ ਘਰ ਦੇ ਆਪਣੇ ਹਨ ਤੇ ਸਾਰੇ ਹੀ ਉਸ ਲਈ ਬੇਗਾਨੇ ਹਨ। ਜੇ ਗੁਰੂ ਦੀ ਕੁਲ ਸਾਰੀ ਹੀ ਤਰਨ ਵਾਲੀ ਹੁੰਦੀ ਤਾਂ ਪ੍ਰਿਥੀ ਚੰਦ ਤੇ ਧੀਰ ਮੱਲ, ਰਾਮ ਰਾਇ ਆਦਿਕ ਗੁਰੂ ਘਰ ਨਾਲ ਆਢਾ ਕਿਉਂ ਲਾਈ ਰੱਖਦੇ? ਗੁਰੂ ਵਾਸਤੇ ਤਾਂ "ਸਿੱਖਾਂ ਪੁਤਾਂ ਭਾਈਆਂ ਭਾ ਇਕੋ ਜੇਹਾ ਹੈ।"[14]

## ਗੁਰੂ ਬਾਲਕ ਸਿੰਘ ਅਤੇ ਗੁਰੂ ਰਾਮ ਸਿੰਘ ਜੀ ਦਾ ਮਿਲਾਪ

1841 ਈ. ਵਿੱਚ ਪਿਸ਼ਾਵਰ ਤੋਂ ਖਜ਼ਾਨਾ ਲਿਆਉਣ ਲਈ ਲਾਹੌਰ ਦਰਬਾਰ ਦੀ ਸੈਨਾ ਦੀਆਂ ਕੁਝ ਪਲਟਨਾਂ ਲਾਹੌਰ ਤੋਂ ਚੱਲੀਆਂ। ਹਜਰੋਂ ਸਾਹਿਬ ਵਿਖੇ ਵੀ ਕੁਝ ਸੈਨਾ ਰਹਿੰਦੀ ਸੀ। ਉਸ ਸੈਨਾ ਦਾ ਖਰਚਾ ਲਾਹੌਰੋਂ ਨਹੀਂ ਸੀ ਆਇਆ। ਸੈਨਾ ਦੇ ਕਬਜ਼ੇ ਵਿੱਚ ਇਕ ਪੇਟੀ ਹੁੰਦੀ ਹੈ ਜਿਸ ਵਿੱਚ ਕੁਝ ਖਜ਼ਾਨਾ ਹੁੰਦਾ ਹੈ ਪਰ ਇਹ ਅਤਿਅੰਤ ਜ਼ਰੂਰਤ ਤੋਂ ਬਿਨਾਂ ਤੋੜਿਆਂ, ਹੁਕਮ ਅਦੂਲੀ ਗਿਣੀ ਜਾਂਦੀ ਹੈ। ਤੰਗ ਹੋਏ ਸਿਪਾਹੀ ਇਕ ਦਿਨ ਗੁਰੂ ਬਾਲਕ ਸਿੰਘ ਜੀ ਪਾਸ ਗਏ ਅਤੇ ਉਹਨਾਂ ਨੂੰ ਪੁੱਛਣ ਲੱਗੇ ਕਿ ਅਸੀਂ ਪੇਟੀ ਤੋੜ ਲਈਏ ਤਾਂ ਗੁਰੂ ਜੀ ਨੇ ਕਿਹਾ ਕਿ ਕੁਝ ਸਮਾਂ ਹੋਰ ਉਡੀਕੋ। ਕਾਹਲੇ ਨਾ ਪਵੋ। ਤੁਹਾਡੀਆਂ ਤਲਬਾਂ ਆ ਜਾਣਗੀਆਂ। ਉਹੋ ਗੱਲ ਕਿ ਇੱਕ ਅੱਧੇ ਦਿਨ ਬਾਅਦ ਲਾਹੌਰ ਦੀ ਫੌਜ ਖਜ਼ਾਨਾ ਲੈ ਕੇ ਪੁੱਜ ਗਈ। ਫੌਜੀਆਂ ਵਿਚ ਗੁਰੂ ਬਾਲਕ ਸਿੰਘ ਜੀ ਦੀ ਵਾਕ ਸਿੱਧੀ ਦੀ ਚਰਚਾ ਕਾਫੀ ਫੈਲੀ ਹੋਈ ਸੀ। ਸਭ ਤੋਂ ਪਹਿਲਾਂ ਬਾਬਾ ਜਮੀਅਤ ਸਿੰਘ ਗਿੱਲ (ਸਿਆਲਕੋਟ) ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਕੇ ਆਏ ਅਤੇ ਨਾਲਦਿਆਂ ਨੂੰ ਦੱਸਿਆ ਕਿ ਉਹਨਾਂ ਤੋਂ ਨਾਮ ਦੀ ਦਾਤ ਲੈ ਕੇ ਤਨ ਮਨ ਸੀਤਲ ਹੋ ਜਾਂਦਾ ਹੈ। ਬਾਬਾ ਗਿੱਲ ਪਹਿਲਾਂ ਸੋਹੰ ਦਾ ਜਾਪ ਕਰਿਆ ਕਰਦਾ ਸੀ, ਗੁਰੂ ਜੀ ਨੇ ਹੁਣ ਚੌਅੱਖਰਾ ਨਾਮ ਆਪ ਦੇ ਕੰਨ ਵਿੱਚ ਸੁਣਾਇਆ ਅਤੇ ਗੁਪਤ ਜਪਣ ਦਾ ਹੀ ਆਦੇਸ਼ ਦੇ ਕੇ ਹੋਰ ਰਹਿਤ ਬਹਿਤ ਸਮਝਾਈ। ਹੁਣ ਸ੍ਰੀ ਗੁਰੂ ਰਾਮ ਸਿੰਘ ਜੀ ਵੀ ਆਪਣੇ ਸਮੇਤ ਪੰਝੀ ਸਿੱਖ ਸੈਨਿਕਾਂ ਨਾਲ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਚੱਲੇ ਸਨ। ਇਹਨਾਂ ਵਿੱਚ ਬਾਬਾ ਕਾਹਨ ਸਿੰਘ ਸੂਬੇਦਾਰ ਮੇਜਰ ਚੱਕ ਕਲਾਂ (ਮਲੇਰਕੋਟਲਾ) ਬਾਬਾ ਮਤਾਬ ਸਿੰਘ ਉੱਬੋਕੇ (ਤਰਨ-ਤਾਰਨ) ਦੂੱਲਾ ਸਿੰਘ ਰਾਜੇਆਣਾ (ਫੀਰੋਜ਼ਪੁਰ), ਅਨੋਖ ਸਿੰਘ ਬਿੱਲੀਆਂ (ਜਲੰਧਰ), ਬਘੇਲ ਸਿੰਘ (ਰਾਜਾ

ਜੰਗ ਲਾਹੌਰ) ਜੋਤਾ ਸਿੰਘ ਢਪਈ (ਸਿਆਲਕੋਟ), ਮਤਾਬ ਸਿੰਘ ਹਠੂਰ (ਲੁਧਿਆਣਾ), ਕਾਹਨ ਸਿੰਘ (ਫੀਰੋਜ਼ਪੁਰ), ਰਾਜਾ ਸਿੰਘ ਤਰਾਂਡੀ, ਹਰਸਾ ਸਿੰਘ ਕੰਗਨ ਪੁਰ (ਲਾਹੌਰ) ਆਦਿ ਸਿੰਘ ਸਨ। ਇਹਨਾਂ ਨੂੰ ਨਾਮ ਦੀ ਦਾਤ ਦੇ ਕੇ ਕਿਹਾ ਅੰਮ੍ਰਿਤ ਵੇਲੇ ਸਣਕੇਸੀ ਇਸ਼ਨਾਨ ਕਰਕੇ ਦਿਨ ਚੜ੍ਹੇ ਤੱਕ ਨਾਮ ਜਪਣਾ। ਸ਼ੀਲ ਸੰਤੋਖ ਸਭ ਨੇ ਰੱਖਣਾ, ਸੱਚ ਬੋਲਣਾ। ਭਜਨ ਅੱਠੇ ਪਹਿਰ ਕਰਨਾ।

ਫਿਰ ਗੁਰੂ ਬਾਲਕ ਸਿੰਘ ਜੀ ਨੇ ਪੰਜ ਪੈਸੇ ਅਤੇ ਨਲੀਏਰ ਮੰਗਵਾਕੇ, ਗੁਰੂ ਰਾਮ ਸਿੰਘ ਜੀ ਦੇ ਅੱਗੇ ਰੱਖ ਕੇ, ਪੰਜ ਪਰਕਰਮਾ ਕਰਕੇ, ਨਮਸਕਾਰ ਕਰਦਿਆਂ ਫੁਰਮਾਇਆ- "ਠਾਕੁਰ ਜੀ ਇਹ ਤੁਹਾਡੀ ਅਮਾਨਤ ਸਾਡੇ ਪਾਸ ਸੀ ਜੋ ਤੁਹਾਨੂੰ ਸਉਂਪ ਦਿੱਤੀ ਹੈ। ਅਸੀਂ ਤੇ ਅੱਜ ਦੇ ਇਸ ਵਡਭਾਗੇ ਸਮੇਂ ਦੀ ਲੰਮੇ ਸਮੇਂ ਤੋਂ ਉਡੀਕ ਕਰ ਰਹੇ ਸਾਂ। ਇਸ ਨਾਮ ਨੂੰ ਪੱਥਰ ਵਿੱਚ ਵੀ ਬੀਜੋਗੇ ਤਾਂ ਉਥੇ ਵੀ ਉੱਗੇਗਾ। ਸਾਰੇ ਸੰਸਾਰ ਵਿੱਚ ਤੁਹਾਡੀ ਜੈ-ਜੈ ਕਾਰ ਹੋਏਗੀ। ਕੋਈ ਤੁਹਾਡੇ ਅੱਗੇ ਦਮ ਨਹੀਂ ਮਾਰੇਗਾ। ਭਾਰਤ ਭੂਮੀ ਦੀ ਕਲਿਆਣ ਤੁਹਾਡੇ ਹੱਥੋਂ ਹੋਣੀ ਹੈ। ਨਾਲ ਦੇ ਸਿੰਘਾਂ ਨੂੰ ਕਿਹਾ ਕਿ ਤੁਹਾਨੂੰ ਇਹਨਾਂ ਦਾ ਪੱਲਾ ਫੜਾਇਆ ਹੈ। ਜਿਹੜਾ ਹੁਕਮ ਕਰਨ ਸੋ ਮੰਨੋ। ਇਹਨਾਂ ਸੰਤ ਖਾਲਸਾ ਪ੍ਰਗਟ ਕਰਕੇ, ਕਲਿਜੁਗ ਵਿੱਚ ਸਤਿਜੁਗ ਲਾਉਣਾ ਹੈ।"

ਜਦੋਂ ਗੁਰੂ ਰਾਮ ਸਿੰਘ ਜੀ ਆਪ ਦੇ ਦਰਸ਼ਨਾਂ ਨੂੰ ਆਏ ਸਨ ਤਾਂ ਗੁਰੂ ਬਾਲਕ ਸਿੰਘ ਜੀ ਇਸ ਸ਼ਬਦ ਦੀ ਕਥਾ ਕਰ ਰਹੇ ਸਨ-

ਠਾਕੁਰ ਤੁਮ ਸਰਣਾਈ ਆਇਆ॥

ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥

ਹੁਣ ਫੌਜ ਦੇ ਨਵੇਂ ਪੁਰਾਣੇ ਸਿਪਾਹੀਆਂ ਨੇ 2-2 ਰੁਪੈ ਇਕੱਠੇ ਕਰਕੇ ਗੁਰੂ ਬਾਲਕ ਸਿੰਘ ਜੀ ਨੂੰ ਮੱਥਾ ਟੇਕਿਆ ਕਿ ਤੁਸਾਂ ਸਾਨੂੰ ਹੁਕਮ ਅਦੂਲੀ ਤੋਂ ਬਚਾਇਆ ਹੈ। ਗੁਰੂ ਜੀ ਨੇ ਰਕਮ ਵਾਪਸ ਕਰਦਿਆ ਕਿਹਾ ਕਿ ਇਸ ਦਾ ਸਾਮਾਨ ਖਰੀਦ ਕੇ ਬਾਲ ਬੱਚੇ ਲਈ ਲੈ ਜਾਉ। ਤੁਸੀਂ ਰੋਜ਼ ਦੋ-ਦੋ ਪਰਸ਼ਾਦੇ ਆਪੋ-ਆਪਣੇ ਲੰਗਰ ਵਿਚੋਂ ਕੱਢ ਕੇ ਰੱਖੋ ਅਤੇ ਦਿਨ ਭਰ ਆਏ ਲੋੜਵੰਦਾਂ ਦੀ ਇਸ ਵਿਚੋਂ ਉਦਰ ਪੂਰਤੀ ਕਰਨੀ। ਨਾਲ ਹੀ ਆਪ ਨੇ ਇਕ ਰਾਗੀ ਰੱਖ ਕੇ ਰੋਜ ਸਣਕੇਸੀਂ ਇਸ਼ਨਾਨ ਬਾਅਦ ਆਸਾ ਦੀ ਵਾਰ ਦਾ ਕੀਰਤਨ ਕਰਨ, ਸੁਣਨ ਦੀ ਤਾਕੀਦ ਵੀ ਕੀਤੀ।[15]

## ਗੁਰੂ ਰਾਮ ਸਿੰਘ ਜੀ ਨੂੰ ਗੁਰਤਾ ਦੀ ਦਾਤ ਅੱਸੂ ਦੀ ਸੰਗਰਾਦ ਸੰਮਤ 1898 ਬਿਕਰਮੀ

ਗੁਰੂ ਬਾਲਕ ਸਿੰਘ ਜੀ ਨੇ ਆਪਣੇ ਪਾਸੋਂ ਗੁਰਤਾ ਦੀ ਦਾਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਉਂ ਦਿੱਤੀ ਇਸ ਦਾ ਨਿਰਨਾ, ਪੰਥ ਪ੍ਰਕਾਸ਼ ਛਾਪ ਦੂਜੀ ਵਿਚ ਕੂਕਿਆਂ ਬਾਰੇ ਰਚੇ ਆਪਣੇ 28 ਵਿਚੋਂ ਇਕ ਕਬਿੱਤ ਵਿਚ ਗਿਆਨੀ ਗਿਆਨ ਸਿੰਘ ਜੀ ਬੜੇ ਸੁੰਦਰ ਸ਼ਬਦਾਂ ਵਿਚ ਕਰਦੇ ਹਨ-

ਬਾਲਕ ਮ੍ਰਿਗੇਸ ਤੈ ਵਿਸ਼ੇਸ਼ ਉਪਦੇਸ ਨਾਮ
ਯਦੀ ਨਰ ਨਾਰੀ ਲੈ ਅਪਾਰੀ ਭਵ ਤੇ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦੇਯੋ,
ਨਾਮ ਦੈ ਉਧਾਰ ਕਰ ਜੀਵਨ ਕਾ ਤੂੰ ਖਰੇ।
ਐ ਪੈ ਗੁਰ ਦਸਮ ਦਰਸ ਦੈ ਜੋ ਕਹਯੋ ਤਾਂਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।
ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ
ਨਿਜ ਸ਼ਕਤ ਰਖਾਈ ਗੁਰ ਵਾਕ ਦਿਢ ਥੈਂ ਧਰੇ।

ਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਦਾ ਵਰਣਨ ਕਵੀ ਜੀ ਆਪਣੇ ਅਗਲੇ ਕਬਿੱਤ ਵਿੱਚ ਬੜੇ ਸ਼ਾਨਦਾਰ ਕਲਾਤਮਕ ਢੰਗ ਨਾਲ ਕਰਦੇ ਹਨ ਕਿ ਉਹਨਾਂ ਦੀ ਜੋਤ ਦਾ ਪ੍ਰਕਾਸ਼ ਇਉਂ ਸੀ ਜਿਵੇਂ ਕਿਸੇ ਘੜੇ ਵਿੱਚ ਦੀਵਾ ਜਗਾ ਕੇ ਰੱਖ ਦਈਏ ਤਾਂ ਉਸ ਦੀ ਰੋਸ਼ਨੀ ਘੜੇ ਦੇ ਵਿੱਚ ਹੀ ਰਹਿੰਦੀ ਹੈ ਤਾਂ ਹੀ ਗੁਰੂ ਜੀ ਪ੍ਰਥਾਇ ਇਸ ਤਰ੍ਹਾਂ ਦੀਆਂ ਤੁਕਾਂ ਪ੍ਰਚਲਿਤ ਹੋਈਆਂ ਸਨ-

ਜਾਮੇ ਧਾਰੇ ਦਸ ਗੁਰੂ ਨਵਸਤਿ ਕਲਾ ਸੁਧਾਰ॥
ਗੁਪਤ ਗਿਆਰਵਾਂ ਖੇਲਸੀ ਕੋਈ ਨਾ ਪਾਵੇ ਪਾਰ॥ ਗੁਰਿੰਡ ਨਾਮਾ
ਗਿਆਨੀ ਜੀ ਦਾ ਇਸ ਪ੍ਰਥਾਇ ਕਬਿੱਤ ਹੈ-

ਨਾਮ ਸਿੰਘ ਬਾਲਕ ਪੈ ਪਾਲਕ ਪਿਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਯਾਗੀ ਹੈਂ।
ਤਾਲਕ ਰਖੇ ਹੈਂ ਏਕ ਖਾਲਕ ਕੇ ਮਾਲਕ ਸੋਂ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ ਸਜ

ਮਤ ਭਗਤਿ ਵਿਰਕਤਿ ਅਦਾਗੀ ਹੈਂ।

ਕੀਰਤਨ ਕਥਾ ਸਤਸੰਗ ਜਥਾ ਜੋਗ ਤਥਾ,

ਰਾਖਤ ਥਾ ਭਾਖਤ ਥਾ ਭਜਨ ਸਜਾਗੀ ਹੈਂ।

ਗੁਰੂ ਬਾਲਕ ਸਿੰਘ ਜੀ ਨੇ ਗੁਰਿਆਈ ਦੀ ਦਾਤ ਬਖਸ਼ਣ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੂੰ ਇਹ ਸ਼ੁਭ ਉਪਦੇਸ਼ ਵੀ ਦਿੱਤਾ ਸੀ। ਨਾਮ ਕਾ ਰਸ ਤਾਂ ਆਉਂਦਾ ਹੈ ਜੇਕਰ ਕਿਸੇ ਕੀ ਅੰਸ ਨਾ ਖਾਏ। ਜੇ ਕਿਸੇ ਸਿੱਖ ਦੇ ਜਾਏ ਤਾਂ ਆਪਣਾ ਖਰਚਾ ਲੈ ਜਾਵੇ। ਪ੍ਰਸ਼ਾਦਾ ਲੂਣ ਨਾਲ ਅੱਠੀਂ ਪਹਿਰੀਂ ਭਾਂਵੇ ਛਕੇ, ਸਿਆਲ ਉਨ ਕੀ ਟਾਕੀ ਨਾਲ ਕੱਟ ਲਵੇ। ਹੁਨਾਲ ਕੱਪੜੇ ਦੀ ਟਾਕੀ ਨਾਲ ਕੱਟ ਲਵੇ। ਬੇ-ਰਸ ਹੋ ਕਰ ਰਹੇ ਤਾਂ ਨਾਮ ਕਾ ਰਸ ਆਉਂਦਾ ਹੈ। ਸ੍ਰੀ ਸਤਿਗੁਰੂ ਜੀ ਫੌਜ ਮੈਂ ਆਇ ਗਏ।[16]

1858 ਈ. ਵਿੱਚ ਭੈਣੀ ਸਾਹਿਬੋਂ ਅਤੇ ਰਸਤੇ ਵਿਚੋਂ ਹੋਰ ਪੰਝੀ ਸਿੱਖਾਂ ਸਮੇਤ ਸਤਿਗੁਰੂ ਰਾਮ ਸਿੰਘ ਜੀ, ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ, ਹਜਰੋਂ ਸਾਹਿਬ ਨੂੰ ਚੱਲੇ। ਸ੍ਰੀ ਹਜ਼ਰੋਂ ਦਾ ਇਕ ਕਿਸ਼ਨ ਸ਼ਾਹ ਨਾਮੇ ਸਿੱਖ ਰੋਜ ਗੁਰੂ ਬਾਲਕ ਸਿੰਘ ਜੀ ਨੂੰ ਆਪਣੇ ਘਰੋਂ ਪਰਸ਼ਾਦਾ ਛਕਾਉਣ ਦੀ ਅਰਜ਼ ਕਰਿਆ ਕਰਦਾ ਸੀ। ਗੁਰੂ ਬਾਲਕ ਸਿੰਘ ਜੀ ਨੇ ਕਹਿਣਾ ਕਿ ਜਦੋਂ ਠਾਕੁਰ ਜੀ ਆਉਣਗੇ, ਉਦੋਂ ਤੇਰੇ ਘਰੋਂ ਉਹਨਾਂ ਨੂੰ ਪਰਸ਼ਾਦਾ ਛਕਾਵਾਂਗੇ। ਹੁਣ ਜਦੋਂ ਗੁਰੂ ਰਾਮ ਸਿੰਘ ਜੀ ਭਾਈ ਕਾਹਨ ਸਿੰਘ ਨਿਹੰਗ ਨਾਲ ਬਗੀਚੀ ਵਿੱਚ ਪੁੱਜੇ ਤਾਂ ਅੱਗੇ ਗੁਰੂ ਬਾਲਕ ਸਿੰਘ ਜੀ ਤੇ ਭਾਈ ਮੁੱਖਾ ਜੀ ਸਨ। ਇਥੇ ਪਰਸਪਰ ਦੋਹਾਂ ਗੁਰੂ ਸਾਹਿਬਾਨ ਦੀ ਮਿਲਣੀ ਹੋਈ। ਬਗੀਚੀ ਵਿੱਚ ਡੇਰਾ ਲੁਆਇਆ। ਇਥੇ ਅੰਮ੍ਰਿਤ ਵੇਲੇ ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ- ਠਾਕੁਰੋ ਜੋ ਤੁਸੀਂ ਕਰੋਗੇ ਸੋਈ ਥੀਸੀ। ਸਾਰੀ ਸੰਗਤ ਸ਼ਹਿਰ ਕੀ ਕੋ ਹੁਕਮ ਸੁਣਾਇ ਦੀਆ। ਏਹੀ ਠਾਕੁਰ ਹੈਂ ਦਰਸ਼ਨ ਕਰ ਲਵੋ। ਇਥੇ ਵਾਰੀ-ਵਾਰੀ ਸਾਰੀ ਸ਼ਹਿਰ ਦੀ ਸੰਗਤ ਲੰਗਰ ਵਰਜੇ ਤੇ ਗੁਰੂ ਸਾਹਿਬਾਨ ਸੰਗਤ ਸਣੇ ਸਭਨਾਂ ਦੇ ਘਰੋਂ ਲੰਗਰ ਛਕਣਾ। ਜਦੋਂ ਗੁਰੂ ਰਾਮ ਸਿੰਘ ਜੀ ਨੇ ਵਾਪਸੀ ਲਈ ਬੇਨਤੀ ਕੀਤੀ ਤਾਂ ਆਪ ਨੇ ਕਿਹਾ ਕਿ ਸਾਰੇ ਵਰਜੇ ਹੋਏ ਲੰਗਰ ਛਕ ਲਵੋ, ਫਿਰ ਜਾਣਾ ਮਿਲੇਗਾ। ਸੋ ਇਉਂ ਹੀ ਹੋਇਆ। ਇਥੇ ਇਕ ਵਸਤੀ ਰਾਮ ਨਾਮੇ ਸਿੱਖ ਬਹੁਤ ਬਾਣੀ ਪੜ੍ਹਦਾ ਸੀ। ਗੁਰੂ ਬਾਲਕ ਸਿੰਘ ਜੀ ਉਸਨੂੰ ਕਿਹਾ ਕਿ ਭਜਨ ਵੀ ਕਰਿਆ ਕਰੋ। ਉਸ ਕਿਹਾ ਕਿ ਬਾਣੀ ਛੱਡੀ ਨਹੀਂ ਜਾਂਦੀ। ਗੁਰੂ ਬਾਲਕ ਸਿੰਘ ਜੀ ਨੇ ਕਿਹਾ- ਨਾਮ ਜਪੋਗੇ ਤਾਂ ਇਸ ਦੇ ਜੋਰ ਨਾਲ ਬਾਣੀ ਪੜ੍ਹਨ ਦਾ ਸਮਾਂ ਘੱਟ ਜਾਏਗਾ। ਫਿਰ ਗੁਰੂ ਰਾਮ ਸਿੰਘ ਜੀ ਨੂੰ ਇਸ ਪ੍ਰਥਾਇ ਇਸ਼ਾਰਾ ਕੀਤਾ ਤਾਂ ਉਹਨਾਂ

ਕਿਹਾ- ਬਾਣੀ ਵੀ ਪੜ੍ਹੋ ਤੇ ਨਾਮ ਵੀ ਜਪੋ। ਘਿਓ ਖੰਡ ਰਲਾਇਕੇ ਛਕੋ, ਹੱਛੀ ਹੁੰਦੀ ਹੈ।

ਏਕ ਸਿੱਖ ਨੇ ਅਰਜ਼ ਕੀਤੀ ਗੁਰੂ ਬਾਲਕ ਸਿੰਘ ਜੀ ਕੇ ਹਜ਼ੂਰ ਜੀ ਮੈਨੂੰ ਅਰਥ ਦੱਸੋ ਜੋ ਮੈਨੂੰ ਅਰਥ ਆਇ ਜਾਣ। ਗੁਰੂ ਜੀ ਬਚਨ ਕੀਤਾ ਨੱਢਿਆ, ਸਿੱਖਿਆਂ ਅਰਥ ਨਹੀਂ ਔਂਦੇਂ ਹੈਂ। ਭਜਨ ਕਰਨੇ ਸੇ ਆਪੇ ਹੀ ਅਰਥ ਆਇ ਜਾਂਦੇ ਹੈ।[17]

ਸਤਿਗੁਰੂ ਰਾਮ ਸਿੰਘ ਜੀ ਦੇ ਲੰਗਰ ਦੀ ਸੋਧ ਮਰਿਆਦਾ ਵੱਡੀ ਸੀ। ਕੋਈ ਖੁੱਲ੍ਹਾ ਅਣਮੱਤੀਆ ਸਿੱਖ ਲੰਗਰ ਦੇ ਬਰਤਨਾਂ ਨੂੰ ਹੱਥ ਨਹੀਂ ਸੀ ਲਾ ਸਕਦਾ। ਇਕ ਮਾਈ ਨੇ ਅਪਾਣੇ-ਆਪ ਕਟੋਰਾ ਚੁੱਕ ਕੇ ਜਲ ਛੱਕ ਲਿਆ। ਸਿੰਘਾਂ ਕਿਹਾ ਮਾਈ ਤੂੰ ਕਟੋਰਾ ਸਾਥੋਂ ਮੰਗ ਕੇ ਲੈਂਦੀ। ਇਉਂ ਕਿਉਂ ਕੀਤਾ। ਉਹ ਬਹੁਤ ਪਰੇਸ਼ਾਨ ਹੋ ਕੇ ਗੁਰੂ ਬਾਲਕ ਸਿੰਘ ਜੀ ਪਾਸ ਗਈ ਕਿ ਮੈਥੋਂ ਬਰਤਨ ਚੁੱਕਣ ਦੀ ਅਵੱਗਿਆ ਹੋਈ ਹੈ ਹੁਣ ਮੈਨੂੰ ਠਾਕੁਰ ਜੀ ਤੋਂ ਬਹੁਤ ਡਰ ਲੱਗ ਰਿਹਾ ਹੈ। ਗੁਰੂ ਬਾਲਕ ਸਿੰਘ ਜੀ ਨੇ ਮਾਈ ਨੂੰ ਧੀਰਜ ਦਿੱਤੀ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਹਾ- ਠਾਕੁਰ ਜੀ ਜਦ ਇਧਰ ਆਇਆ ਕਰੋ ਤਾਂ ਇਧਰ ਦੀਆਂ ਰਹਿਣੀਆਂ ਰੱਖਿਆ ਕਰੋ। ਜਦ ਮਾਰਗਲੇ ਤੋਂ ਪਰੇ ਉਸ ਤਰਫ ਹੋ ਜਾਇਆ ਕਰੋ ਤਾਂ ਜੋ ਤੁਹਾਡਾ ਜੀ ਚਾਹੇ ਕਰੋ ਕਿਉਂਕਿ ਅਸੀਂ ਲੋਕ ਖਲਾਸੇ ਹਾਂ। ਇਹ ਸੁਣਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਿਹਾ ਕਿ ਸੱਚੇ ਪਾਤਸ਼ਾਹ, ਅਸੀਂ ਵੀ ਤੁਹਾਡੇ, ਰਹਿਣੀਆਂ ਵੀ ਤੁਹਾਡੀਆਂ ਅਤੇ ਸੰਗਤ ਵੀ ਤੁਹਾਡੀ। ਜਿਸ ਤਰ੍ਹਾਂ ਹੁਕਮ ਕਰੋਗੇ, ਓਸੇ ਤਰ੍ਹਾਂ ਕਰਨ ਲਈ ਤਿਆਰ ਹਾਂ। ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ ਕਿ ਠਾਕੁਰ ਜੀ! ਆਪ ਨੂੰ ਏਹੀ ਸੋਭਦਾ ਹੈ। ਆਪ ਜੀ ਦੀ ਕਲਾ ਦਿਨੋ-ਦਿਨ ਵਧੇਗੀ, ਤੂੰ ਸਤਿਗੁਰੂ ਹੋਇਉਂ। ਤੇਰੀ ਸਲਾਮੀ ਸਾਰੇ ਹੋਸਨ।[18]

### ਮੰਜੀਆਂ ਬਖਸ਼ਣੀਆਂ

ਗੁਰੂ ਬਾਲਕ ਸਿੰਘ ਜੀ ਨੇ ਜੈਦੇ ਨਗਰ ਵਿੱਚ ਭਾਈ ਧਨੀ ਰਾਮ ਨੂੰ ਮਹੰਤ ਥਾਪ ਕੇ, ਮੰਜੀ ਬਖਸ਼ੀ ਅਤੇ ਅਟਕੋਂ ਪੱਛਮ ਵੱਲ ਦੇ ਇਲਾਕੇ ਵਿੱਚ ਗੁਰਮਤਿ ਪਰਚਾਰ ਵਾਸਤੇ ਉਹਨਾਂ ਨੂੰ ਜ਼ਿੰਮੇਵਾਰੀ ਸਉਂਪੀ। ਗੁਰੂ ਜੀ ਨੇ ਧਨੀ ਰਾਮ ਜੀ ਦੇ ਸਿਰ ’ਤੇ ਦਸਤਾਰ ਆਪ ਸਜਾਈ ਅਤੇ ਫਿਰ ਸੰਗਤ ਤੋਂ ਉਹਨਾਂ ਦੇ ਚਰਨਾਂ ’ਤੇ ਮੱਥਾ ਟਿਕਵਾਇਆ। ਧਨੀ ਰਾਮ ਜੀ ਵੈਰਾਗੀ ਹੋ ਗਏ।

ਫਿਰ ਕੁਝ ਸਮੇਂ ਬਾਅਦ ਗੁਰੂ ਬਾਲਕ ਸਿੰਘ ਜੀ ਨੇ ਸਾਂਈ ਜਵਾਹਰ ਮੱਲ ਜੀ ਨੂੰ ਕਿਹਾ ਕਿ ਅਸੀਂ ਠਾਕੁਰ ਜੀ ਨੂੰ ਉਹਨਾਂ ਦੀ ਅਮਾਨਤ ਸੰਭਾਲ ਕੇ

ਸੁਖਾਲੇ ਹੋ ਗਏ ਹਾਂ। ਪਰ ਹੁਣ ਠਾਕੁਰ ਜੀ ਦੀ ਕਾਰ ਚਲਾਉਣ ਲਈ ਉਹਨਾਂ ਦੇ ਹੁਕਮ ਅਨੁਸਾਰ ਮਹੰਤ ਥਾਪੀਏ। ਭਾਈ ਮੰਨਾ ਸਿੰਘ ਜੀ ਤੋਂ ਦਸਤਾਰ ਮੰਗਵਾ ਕੇ, ਸਾਂਈ ਜੀ ਨੂੰ ਮੰਜੀ ਤੇ ਬਿਠਾਲ ਕੇ, ਉਹਨਾਂ ਦੇ ਸੀਸ ਤੇ ਵੀ ਗੁਰੂ ਜੀ ਨੇ ਦਸਤਾਰ ਸਜਾ ਕੇ, ਮੰਜੀ ਬਖਸ਼ ਦਿੱਤੀ। ਗੁਰੂ ਜੀ ਨੇ ਕਿਹਾ ਸਾਂਈ ਜੀ ਤੁਸੀਂ ਮੇਰਾ ਰੂਪ ਹੋ। ਸਾਂਈ ਜੀ ਦਾ ਅਸਥਾਨ ਰਾਵਲ ਪਿੰਡੀ ਦੇ ਸੈਦਪੁਰੀ ਮੁਹੱਲੇ ਵਿੱਚ ਹੈ। ਸਾਂਈ ਜੀ ਤੋਂ ਬਾਅਦ ਇਹਨਾਂ ਦੇ ਸਪੁੱਤਰ ਭਗਤ ਹੀਰਾ ਨੰਦ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਥਾਪਿਆ ਸੀ।[19]

ਬਰੋਠਿਆਂ ਦੇ ਬਾਬੇ ਫਿਰਾਯਾ ਸਿੰਘ ਦੇ ਸਪੁੱਤਰ ਸੰਗਤਾ ਜੀ ਜਿਹਨਾਂ ਦੇ ਸਹੁਰੇ ਵੀ ਹਜਰੋਂ ਸਾਹਿਬ ਹੀ ਸਨ, ਉਹ ਵੀ ਗੁਰੂ ਬਾਲਕ ਸਿੰਘ ਜੀ ਦੀ ਸ਼ਰਨ ਵਿੱਚ ਆ ਕੇ ਸਿੱਖ ਬਣੇ ਅਤੇ ਸਾਰਾ ਜੀਵਨ ਉਹਨਾਂ ਨੇ ਵੈਰਾਗੀ ਦਸ਼ਾ ਵਿਚ ਗੁਰਮਤਿ ਪ੍ਰਚਾਰ ਕਰਦਿਆਂ ਬਿਤਾਇਆ। ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨਾਲ ਹੀ ਉਹਨਾਂ ਦੀ ਸੁਰਤਿ ਬਹੁਤ ਉਪਰ ਉੱਠ ਗਈ ਸੀ। ਉਹਨਾਂ ਬਾਕੀ ਸਾਰੀ ਉਮਰ ਇਸੇ ਰੰਗ ਵਿੱਚ ਬਿਤਾਈ।[20] ਸੰਗਤਾ ਜੀ ਨੂੰ ਵੀ ਮੰਜੀ ਮਿਲੀ ਸੀ।

29 ਮਾਰਚ 1849 ਨੂੰ ਪੰਜਾਬ ਅੰਗ੍ਰੇਜ਼ ਸਰਕਾਰ ਦੇ ਅਧੀਨ ਹੋ ਗਿਆ। ਹਜਰੋਂ ਸਾਹਿਬ ਵਿਖੇ ਵੀ ਇਕ ਅੰਗਰੇਜ਼ੀ ਥਾਣਾ ਕਾਇਮ ਹੋ ਗਿਆ। ਸ਼ਹਿਰ ਦੇ ਮਿਸਰ ਬ੍ਰਾਹਮਣਾਂ ਦੀ ਮਨਾਉਤ, ਗੁਰਮਤਿ ਪ੍ਰਚਾਰ ਕਾਰਨ ਘੱਟ ਗਈ ਸੀ। ਉਹਨਾਂ ਥਾਣੇਦਾਰ ਦੇ ਕੰਨ ਭਰੇ ਕਿ ਗੁਰੂ ਬਾਲਕ ਸਿੰਘ ਪਾਸ ਪੰਜਾਬ ਅਤੇ ਅਟਕ ਪਾਰ ਦੇ ਵੀ ਬਹੁਤ ਲੋਕ ਆਉਂਦੇ ਹਨ। ਇਹ ਕਿਸੇ ਸਮੇਂ ਸਰਕਾਰ ਦੇ ਖਿਲਾਫ ਕੋਈ ਫਸਾਦ ਖੜਾ ਕਰਨਗੇ। ਥਾਣੇਦਾਰ ਨੇ ਹਜਰੋਂ ਵਿੱਚ ਮੁਨਾਦੀ ਕਰਵਾ ਦਿੱਤੀ ਕਿ ਕੋਈ ਵੀ ਆਦਮੀ ਗੁਰੂ ਬਾਲਕ ਸਿੰਘ ਪਾਸ ਨਾ ਜਾਵੇ ਅਤੇ ਨਾ ਹੀ ਉਹਨਾਂ ਨੂੰ ਮੱਥਾ ਟੇਕੇ। ਗੁਰੂ ਜੀ ਦੇ ਸਿੱਖਾਂ ਨੇ ਬ੍ਰਾਹਮਣਾ ਖਿਲਾਫ ਨਾ ਮਿਲਵਰਤਨ ਕਰਨ ਦੀ ਬੇਨਤੀ ਕੀਤੀ ਪਰ ਗੁਰੂ ਜੀ ਨੇ ਕਿਹਾ ਚੁੱਪ-ਚਾਪ ਵੇਖਦੇ ਜਾਉ। ਇਹ ਤੇ ਠਾਕੁਰ ਜੀ ਦੀ ਕਾਰ ਦਾ ਮੁੱਢ ਬੱਝਣ ਦਾ ਸੰਕੇਤ ਹੈ। ਫਿਰ ਹੋਰ ਡੌਂਡੀ ਪਿੱਟੀ ਗਈ ਕਿ ਕੋਈ ਵੀ ਅਟਕ ਪਾਰ ਦਾ ਆਦਮੀ ਉਰਾਰ ਨਾ ਆਵੇ। ਭਾਈ ਧਨੀ ਰਾਮ ਜ਼ੈਦਾ ਅਤੇ ਰਾਮ ਸਹਾਇ ਓਡੇ ਪਿੰਡ ਦੇ ਪੁਲੀਸ ਦੇ ਸਾਰੇ ਨਾਕੇ ਉਲੰਘ ਕੇ ਗੁਰੂ ਬਾਲਕ ਸਿੰਘ ਜੀ ਪਾਸ ਅਟਕ ਪਾਰ ਕਰਕੇ ਪੁੱਜ ਗਏ। ਥਾਣੇਦਾਰ ਨੂੰ ਪਤਾ ਲੱਗਣ ਤੇ ਉਸ ਦੋਹਾਂ ਨੂੰ ਥਾਣੇ ਸੱਦ ਲਿਆ। ਸਾਂਈ ਜਵਾਹਰ ਜੀ ਨੇ ਜੋ ਉੱਥੇ ਬੈਠੇ ਸਨ ਗੁਰੂ ਜੀ ਨੂੰ ਕਿਹਾ ਕਿ ਜੇ ਹੁਕਮ ਹੋਵੇ ਤਾਂ ਮੈਂ ਥਾਣੇਦਾਰ ਨੂੰ ਚੁਬਾਰੇ ਤੋਂ ਥੱਲੇ ਪਟਕਾ ਮਾਰਾਂ, ਸਿੱਖਾਂ ਨੂੰ ਤੰਗ ਕਰਦਾ

ਹੈ। ਗੁਰੂ ਜੀ ਨੇ ਸ਼ਾਂਤ ਰਹਿਣ ਦਾ ਉਪਦੇਸ਼ ਦਿੱਤਾ। ਸਾਂਈ ਜੀ ਨੇ ਕਿਹਾ, ਉਹ ਬੋਲਣ ਜੋਗਾ ਨਹੀਂ ਰਹੇਗਾ। ਦੋਹਾਂ ਸਿੱਖਾਂ ਵੱਲ ਬਿਟਰ-ਬਿਟਰ ਵੇਖੀ ਜਾਏ ਪਰ ਮੂੰਹੋਂ ਕੁਝ ਨਾ ਫੁੱਟੇ। ਓੜਕ ਸਿੱਖਾਂ ਨੇ ਆਪਣੇ ਆਪ ਬਾਹਰ ਆ ਕੇ, ਗੁਰੂ ਬਾਲਕ ਸਿੰਘ ਜੀ ਦੇ ਚਰਨੀਂ ਪੈ ਕੇ, ਖੁਸ਼ੀਆਂ ਲਈਆਂ। ਉਸ ਦਿਨ ਗੁਰੂ ਬਾਲਕ ਸਿੰਘ ਜੀ ਨੇ ਚੈਲ ਨਦੀ ਤੇ ਆ ਕੇ ਭਾਈ ਧਨੀ ਰਾਮ ਨੂੰ ਹੁਕਮ ਦੇ ਕੇ ਕਥਾ ਸੁਣੀ ਅਤੇ ਸਾਰੀ ਰਾਤ ਸਤਸੰਗ ਕਰਦੇ ਰਹੇ। ਸਤਿਗੁਰਾਂ ਹੁਕਮ ਕੀਤਾ ਕਿ ਸਾਡੇ ਪਿੱਛੋਂ ਤੁਸੀਂ ਕਥਾ ਕਰਿਆ ਕਰੋਗੇ।[21]

ਹਜਰੋਂ ਦੇ ਬਾਜ਼ਾਰ ਵਿੱਚ ਥਾਣੇਦਾਰ ਹੱਟੀਉ ਹੱਟੀ ਇਹ ਪੁੱਛਦਾ ਫਿਰਿਆ ਕਿ ਇਥੇ ਕੋਈ ਗੁਰੂ ਬਾਲਕ ਸਿੰਘ ਦਾ ਸਿੱਖ ਤਾਂ ਨਹੀਂ। ਪੁਲੀਸ ਦੇ ਭੈਅ ਤੋਂ ਕਈ ਚੁੱਪ ਕਰ ਰਹੇ। ਪਰ ਭਾਈ ਮੁੱਖੇ ਦੀ ਹੱਟੀ ਤੇ ਜਦ ਪੁੱਛਿਆ ਤਾਂ ਉਸ ਕਿਹਾ- "ਹਾਂ ਮੈਂ ਗੁਰੂ ਬਾਲਕ ਸਿੰਘ ਦਾ ਸਿੱਖ ਹਾਂ।" ਥਾਣੇਦਾਰ ਨੇ ਡਰਾਵਾ ਦਿੱਤਾ ਕਿ ਹੁਣ ਹਟਜਾ, ਨਹੀਂ ਔਖਾ ਹੋਵੇਂਗਾ। ਜਦੋਂ ਭਾਈ ਮੁੱਖਾ ਆਪਣੇ ਸਿਦਕ ਤੇ ਕਾਇਮ ਰਿਹਾ ਤਾਂ ਥਾਣੇਦਾਰ ਨੇ ਉਸਦੇ ਚਿਹਰੇ ਤੇ ਚੁਪੇੜਾਂ ਮਾਰੀਆਂ। ਜਦੋਂ ਭਾਈ ਮੁੱਖਾ ਗੁਰੂ ਬਾਲਕ ਸਿੰਘ ਜੀ ਪਾਸ ਗਏ ਤਾਂ ਆਪ ਦੇ ਚਿਹਰੇ ਤੇ ਚੁਪੇੜਾਂ ਦੇ ਨੀਲ ਵੇਖ ਕੇ, ਭਾਈ ਮੁੱਖਾ ਵੈਰਾਗੀ ਹੋ ਗਿਆ। ਕਰਨੀ ਕਰਤਾਰ ਦੀ ਕਿ ਅਠਵੇਂ ਦਿਨ ਉਹੋ ਥਾਣੇਦਾਰ ਸ਼ਰਾਬੀ ਹੋਇਆ ਚੁਬਾਰੇ ਤੋਂ ਡਿੱਗ ਕੇ ਮਰ ਗਿਆ।[22]

ਭਾਈ ਅਮਰ ਸਿੰਘ ਰਾਗੀ ਜੋ ਗੁਰੂ ਜੀ ਦੇ ਹਜ਼ੂਰ ਕੀਰਤਨ ਕਰਿਆ ਕਰਦਾ ਸੀ ਇਕ ਦਿਨ ਉਸ ਨੂੰ ਕਥਾ ਦੀ ਸਮਾਪਤੀ ਬਾਅਦ ਬਹੁਤ ਦਰਦ ਸ਼ੁਰੂ ਹੋ ਗਈ। ਹਕੀਮਾਂ ਦੀ ਕੋਈ ਵਾਹ ਨਾ ਗਈ ਫਿਰ ਗੁਰੂ ਜੀ ਨੂੰ ਅਰਜ਼ ਕੀਤੀ ਤਾਂ ਆਪ ਨੇ ਆ ਕੇ ਅਮਰ ਸਿੰਘ ਨੂੰ ਮੂੰਹ ਵਿੱਚ ਖੰਡ ਦੀ ਚੁਟਕੀ ਪੁਆ ਕੇ ਠੀਕ ਕਰ ਦਿੱਤਾ।

ਇਸੇ ਤਰ੍ਹਾਂ ਗੁਰੂ ਜੀ ਦੇ ਮਹਿਲ ਮਾਤਾ ਤੋਤੀ ਜੀ ਦਾ ਜਦ ਅੰਤ ਸਮਾਂ ਆਇਆ ਤਾਂ ਆਪ ਨੇ ਉਹਨਾਂ ਨਾਲ ਗੁਰਮਤਿ ਦੀਆਂ ਵੀਚਾਰਾਂ ਕਰਦਿਆਂ, ਸੁਖਮਨੀ ਸਾਹਿਬ ਦਾ ਪਾਠ ਸੁਣਾਉਂਦਿਆਂ, ਬੜੀ ਉੱਚੀ ਬਿਰਤੀ ਵਿੱਚ ਲਿਜਾਕੇ, ਉਹਨਾਂ ਦੀ ਦੇਹ ਤਿਆਗ ਦੀ ਖੇਡ ਰਚੀ ਅਤੇ ਪਰਿਵਾਰ ਨੂੰ ਕਿਹਾ-

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥

ਗੁਰੂ ਜੀ ਨੇ ਆਪਣੇ ਭਾਈ ਮੰਨਾ ਸਿੰਘ ਦੇ ਅਰਜ਼ ਕਰਨ ਤੇ ਇਕ ਦਿਨ ਉਸ ਨੂੰ ਵੀ ਸੂਤਰ ਪੈਣ ਵਾਲੀ ਉਚ ਆਤਮਿਕ ਅਵਸਥਾ ਦੇ ਦਰਸ਼ਨ,

ਭਾਈ ਧਨੀ ਰਾਮ ਜੀ ਦੀ ਸੰਗਤ ਵਿਚੋਂ ਕਰਵਾਏ। ਫਿਰ ਉਹਨਾਂ ਸਾਰੀ ਉਮਰ ਗੁਰਸਿੱਖੀ ਦੀ ਸ਼ਰਧਾ ਭਾਵ ਵਿੱਚ ਬਤੀਤ ਕੀਤੀ। ਭਾਈ ਗੰਡਾ, ਭਾਈ ਬੱਲੋ ਆਦਿਕ ਬਹੁਤ ਸਾਰੇ ਸਿੱਖਾਂ ਦਾ ਗੁਰੂ ਜੀ ਨੇ ਉਧਾਰ ਕਰਕੇ, ਪੂਰਨ ਸੰਤ ਬਣਾ ਦਿੱਤੇ।

## ਡੇਹਰੇ ਸਾਹਿਬ ਦਾ ਚਲਨ

ਜਿੱਥੇ ਡੇਰਾ ਸਾਹਿਬ ਹੈ ਏਥੇ ਗੁਰੂ ਬਾਲਕ ਸਿੰਘ ਜੀ ਕੇ ਜਾਣ ਕਾ ਵਕਤ ਹੋਣਾ ਤਾਂ ਪਹਿਲੇ ਤੁਨਕਾਉ (ਛਿੜਕਾਉ) ਕਰਕੇ ਝਾੜੂ ਦੇਣਾ। ਵਿਛਾਵਣੇ ਵਿਛਾਇ ਦੇਣੇ। ਅਮਰ ਸਿੰਘ ਰਾਗੀ, ਉਸਨੇ ਪਿਛਲੇ ਪਹਿਰ ਕਾ ਸ਼ਬਦ ਰਾਗ ਵਿੱਚ ਕਰਨਾ। ਸਾਰੀ ਸੰਗਤ ਨੇ ਆਇ ਜਾਣਾ। ਗੁਰੂ ਬਾਲਕ ਸਿੰਘ ਜੀ ਭੀ ਆਇ ਜਾਣਾ। ਅੱਗੇ ਤੇ ਸਭਨੇ ਉੱਠ ਕੇ ਨਮਸਕਾਰ ਕਰਨੀ। ਬੜੇ ਅਦਬ ਸੇ ਸੀਸ ਸਭ ਨੇ ਨਿਵਾਉਣਾ। ਨਾਮ ਹੀ ਚਿਤ ਆਂਵਦਾ ਹੈ। ਸ਼ਾਂਤ ਰੂਪ ਮੂਰਤੀ ਕਾ ਦਰਸ਼ਨ ਕਰਕੇ ਚਿੱਤ ਕੋ ਸ਼ਾਂਤੀ ਆਇ ਜਾਂਦੀ ਹੈ। ਨਿਗਾਹ ਕਰਕੇ ਚਿਤ ਕੋ ਆਨੰਦ ਕਰ ਦੇਂਦੇ ਹੈ। ਜੋ ਬਚਨ ਮੁੱਖ ਸੇ ਉਚਾਰਦੇ ਹੈਂ ਸੋ ਸਿੰਘ ਤਤਕਾਲ ਬਜਾਇ ਲੈਂਦੇ ਹੈਂ। ਬਾਗ ਮੈਂ ਕਥਾ ਕੀਰਤਨ ਤੇ ਭਜਨ ਕਰਨਾ। ਅਮਰ ਸਿੰਘ ਰਾਗੀ ਨੇ ਕੀਰਤਨ ਕਰਕੇ ਗੁਰੂ ਜੀ ਦੇ ਨਾਲ ਹੀ ਹਾਜ਼ਰ ਰਹਿਣਾ। ਜਦ ਗੁਰੂ ਬਾਲਕ ਸਿੰਘ ਜੀ ਤੁਰਦੇ ਸੇ ਅੱਗੇ ਬੇਸ਼ਮਾਰ ਸੰਗਤ ਅਰਦਲੀਆਂ ਵਾਂਗੂ ਆਗੇ ਪੀਛੇ ਚਲਦੀ ਹੈ। ਹਾਂ ਜੀ, ਹਾਂ ਜੀ ਕਰਦੇ ਹੈ। ਮਿੱਠੇ-ਮਿੱਠੇ ਬੋਲ ਬੋਲਣੇ ਸੰਗਤ ਨੇ। ਆਪਸ ਮੇਂ ਮਿਲਕੇ ਚਲਣੇ ਲੱਗੇ। ਸਤਿਜੁਗੀ ਸੁਭਾਉ ਹੋਇ ਗਏ ਹੈ। ਪਰਮੇਸ਼ਰ ਕਾ ਨਾਮ ਚਿਤਾਰਨ ਲੱਗੇ। ਰਸਨਾ ਨਾਮ ਜਪਣ ਨੂੰ ਆਪੇ ਚਾਹੁੰਦੀ ਹੈ ਮਾਨੋ ਦੇਵਤਿਆਂ ਕਾ ਸਮੂਹ ਹੈ। ਮੂੰਹ ਪਰ ਸਭਨਾ ਕੇ ਲਾਲੀਆਂ ਦਗਣ। ਪਾਂਚੋ ਭੂਤ ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹੈਨ, ਸੋ ਨਾਸ ਹੋਇ ਜਾਂਦੇ ਹੈਨ ਗੁਰੂ ਜੀ ਕੀ ਕਿਰਪਾ ਸੇ। ਨਾਮ ਤੋਂ ਬਿਨਾ ਹੋਰ ਕੋਈ ਚਿਤਵਨਾ ਨਹੀਂ ਚਿਤਵਦਾ।

ਵੱਡੀ ਰਾਤ ਸੇ ਇਸ਼ਨਾਨ ਕਰਕੇ, ਸਿੱਖਾਂ ਗੁਰੂ ਸਾਹਿਬ ਜੀ ਦਾ ਦੀਦਾਰ ਕਰਨਾ। ਸਵੇਰੇ ਆਸਾ ਦੀ ਵਾਰ ਸੁਣਨੀ ਅਤੇ ਰਸਨਾ ਤੇ ਭਜਨ ਕਰਦੇ ਰਹਿਣਾ ਮਾਨੋ ਸਤਿਜੁਗ ਕੀ ਲੜੀ ਵਰਤਦੀ ਹੈ। ਸਤਿਜੁਗ ਦੀ ਨੀਂਹ ਉਸਾਰਦੇ ਹੈਂ।

"ਜੇ ਕੋਈ ਕਿਸੇ ਨੇ ਅਰਜ਼ ਕਰਨੀ ਉਸੇ ਵਕਤ ਗੁਰੂ ਬਾਲਕ ਸਿੰਘ ਜੀ ਸੁਣ ਲੈਣੀ। ਕਈ ਸਿੰਘ ਹੱਥ ਜੋੜੀ ਖੜੇ ਰਹਿੰਦੇ। ਹਾਲ ਆਪੋ-ਆਪਣੇ ਸਭ ਨੇ ਸਨਾਉਣੇ। ਸਭਨਾ ਕੋ ਉਤਰ ਦੇ ਕੇ ਗੁਰੂ ਜੀ ਸੰਸਾ ਦੂਰ ਕਰਦੇ ਹੈ। ਜਬ ਬਚਨ ਕਰਦੇ ਹੈ ਤਾਂ ਮੁਖ ਸੇ ਮਾਨੋ ਮੋਤੀ ਕਿਰਦੇ ਹੈ। ...ਸ਼ਬਦ

ਪੜ੍ਹਕੇ ਆਰਤੀ ਸੋਹਲੇ ਦਾ ਪਾਠ ਕਰਦੇ ਹੈ ਅਤੇ ਅਰਦਾਸਾ ਕਰਕੇ ਸਿੰਘ ਆਪੋ-ਆਪਣੇ ਘਰਾਂ ਕੋ ਚਲੇ ਜਾਂਦੇ ਹੈ।

ਗੁਰੂ ਜੀ ਕੇ ਚੇਹਰੇ ਕਾ ਰੰਗ ਲਾਲ ਸੂਹੇ ਸੇਬ ਵਰਗਾ ਹੈ। ਨੇਤਰ ਮੋਟੇ ਅਤੇ ਘੇਰੇਦਾਰ ਦਾਹੜਾ। ਸੋਨੇ ਕੀਆਂ ਤਾਰਾਂ ਵਾਂਗੂੰ ਸਾਰੇ ਸਰੀਰ ਕੇ ਰੋਮ ਹੈਨ। ਸਿੰਘ ਕਹਿੰਦੇ ਹੈਂ ਧੰਨ ਗੁਰੂ ਨਾਨਕ ਦੇਵ ਜੀ ਕੀ ਜੋਤ ਹੈ, ਕਲੂਕਾਲ ਮੈਂ ਪਾਪੀਆਂ ਜੀਆਂ ਕਾ ਭਲਾ ਕਰਦੇ ਹੈਨ।[23]

ਜਿਸ ਦਿਨ ਗੁਰੂ ਬਾਲਕ ਸਿੰਘ ਜੀ ਨੇ ਦੇਹ ਦਾ ਓਹਲਾ ਕਰਨਾ ਸੀ, ਉਸ ਦਿਨ ਪਿਛਲੇ ਪਹਿਰ ਸਰੀਰ ਬੇ-ਅਰਾਮ ਹੋਇਆ। ਵੈਦ ਹਕੀਮ ਆਏ ਪਰ ਕੋਈ ਦਵਾਈ ਅਸਰ ਨਾ ਕਰੇ। ਰੰਗ ਸਰੀਰ ਦਾ ਬਦਲ ਗਿਆ। ਅੰਦਰ ਬਾਹਰ ਬਿਅੰਤ ਸੰਗਤ ਚਲਾਣੇ ਦੀ ਖ਼ਬਰ ਸੁਣਕੇ ਜਮ੍ਹਾਂ ਹੋ ਗਈ। ਸੰਮਤ 1919 ਮੱਘਰ ਦੇ ਮਹੀਨੇ ਦੀ ਪੂਰਨਮਾਸ਼ੀ, ਦਿਨ ਸ਼ਨੀਚਰਵਾਰ ਮੁਤਾਬਿਕ 6 ਦਸੰਬਰ 1862 ਈ. ਨੂੰ ਗੁਰੂ ਜੀ ਜੋਤੀ ਜੋਤਿ ਸਮਾਇ ਗਏ। ਇਸ਼ਨਾਨ ਕਰਵਾਕੇ ਸ਼ਬਦ ਪੜ੍ਹਦੇ ਹੋਏ, ਪੂਰਨ ਗੁਰਮਰਿਯਾਦਾ ਨਾਲ ਬਾਗ ਵਿੱਚ ਲਿਜਾਕੇ ਆਪ ਦਾ ਸਰੀਰ ਦਾਹ ਕਰ ਦਿੱਤਾ ਗਿਆ। ਗੁਰੂ ਜੀ ਦੇ ਪ੍ਰੇਮੀ ਸਿੰਘ ਸਭ ਵਿਰਾਗੀ ਹੋ ਗਏ। ਉਹਨਾਂ ਲਈ ਹਜਰੋਂ ਸਾਹਿਬ ਸੁੰਨ ਮਸਾਨ ਹੋ ਗਈ। ਚੌਥੇ ਦਿਨ ਫੁੱਲ ਚੁਗਕੇ ਭਸਮ ਅਟਕ ਦਰਿਆ ਵਿਚ ਪ੍ਰਵਾਹ ਦਿੱਤੀ ਗਈ। ਚਲਾਣੇ ਤੋਂ ਪਹਿਲਾਂ ਗੁਰੂ ਜੀ ਨੇ ਸਾਂਈ ਜਵਾਹਰ ਜੀ ਨੂੰ ਰਾਵਲਪਿੰਡੀ ਅਤੇ ਸਤਿਗੁਰੂ ਰਾਮ ਸਿੰਘ ਜੀ ਪ੍ਰਥਾਇ ਭੈਣੀ ਸਾਹਿਬ ਦੋ ਪੱਤਰਕਾਵਾਂ ਲਿਖਵਾ ਕੇ ਦੱਸਿਆ ਸੀ ਕਿ ਹੁਣ ਸਾਡੀ ਚਲਾਣਿਆਂ ਦੀ ਤਿਆਰੀ ਹੈ। ਸਾਂਈ ਜੀ ਨੂੰ ਕਿਹਾ ਕਿ ਲੋਕ ਸਾਥੋਂ ਕਰਾਮਾਤਾਂ ਮੰਗਦੇ ਹਨ। ਪਰ ਕਰਾਮਾਤਾਂ ਕਿੰਨੀਆਂ ਕੁ ਵਿਖਾਈਏ ਇਸ ਤਰ੍ਹਾਂ ਪ੍ਰਮੇਸ਼ਰ ਦੀ ਰਜਾਇ ਵਿੱਚ ਵਿਘਨ ਪੈਂਦਾ ਹੈ। ਕੁਝ ਦਿਨ ਪਹਿਲਾਂ ਹੀ ਆਪ ਨੇ ਰੂਈ, ਬੂੜੇ ਦੀ ਨੂੰਹ ਅਤੇ ਇਕ ਹੋਰ ਸਿੰਘ ਦੇ ਪਿਸ਼ਾਵਰ ਰਹਿੰਦੇ ਲੜਕੇ ਨੂੰ ਹੈਜਾ ਹੋਇਆ ਸੀ। ਰੂਈ ਦਾ ਪੁੱਤਰ ਅਤੇ ਸਿੱਖ ਦਾ ਲੜਕਾ ਮਰਨਾਊ ਸਨ। ਆਪ ਪਾਸ ਦੋਹਾਂ ਦੀਆਂ ਅਰਜਾਂ ਹੋਈਆਂ। ਜਿਸਤੇ ਦੋਹਾਂ ਨੂੰ ਜੀਵਨ ਦਾਨ ਮਿਲ ਗਿਆ। ਪਰ ਹੁਣ ਗੁਰੂ ਜੀ ਨੇ ਆਪਣੇ ਜਾਣ ਦੀ ਤਿਆਰੀ ਕਰ ਲਈ ਸੀ। ਕੁਝ ਸਿੰਘ ਤਾਂ ਕਹਿੰਦੇ ਸਨ ਕਿ ਗੁਰੂ ਜੀ ਦਾ ਅਜੇ ਜਾਣ ਦਾ ਸਮਾਂ ਨਹੀਂ ਸੀ ਪਰ ਉਪਕਾਰੀ ਸਤਿਗੁਰੂ ਜੀ ਨੇ ਆਪਣੀ ਆਰਜਾ ਵੀ ਦੀਨਾ ਦੁਖੀਆਂ ਨੂੰ ਵੰਡ ਦਿੱਤੀ।[24]

ਗੁਰੂ ਜੀ ਦਾ ਪਿਆਰਾ ਸਿੱਖ ਬਾਬਾ ਸੰਗਤਾ, ਆਪ ਦੇ ਵਿਛੋੜੇ ਦੀ ਮਾਰ ਨਾ ਸਹਾਰਦਿਆਂ ਆਪਣੇ ਸਾਲੇ ਦੇ ਘਰ ਹਜਰੋਂ ਸਾਹਿਬ ਵਿਖੇ ਨੇਤਰ ਮੀਟ

ਕੇ ਚਾਲੀ ਦਿਨ ਸਮਾਧੀ ਇਸਥਿੱਤ ਹੀ ਰਹੇ। ਲੋਕ ਉਸਦੇ ਸਾਲੇ ਨੰਦੇ ਨੂੰ ਕਹਿਣ ਕਿ ਤੁਸੀਂ ਮੁਰਦਾ ਅੰਦਰ ਕਿਉਂ ਰੱਖਿਆ ਹੈ? ਚਾਲੀ ਦਿਨਾਂ ਬਾਅਦ ਪੈਰ ਦਾ ਅੰਗੂਠਾ ਹਿੱਲਿਆ, ਫਿਰ ਲੱਤ ਹਿੱਲੀ। ਦੂਜੇ ਦਿਨ ਉੱਠ ਬੈਠੇ। ਥੋਹੜਾ ਬੋਲਣਾ ਥੋਹੜਾ ਖਾਣਾ। ਬਾਬੇ ਸੰਗਤੇ ਤੋਂ ਬਾਅਦ ਉਸਦਾ ਲੜਕਾ ਨਰਾਇਣ ਸਿੰਘ ਵੀ ਬਹੁਤ ਸਾਧੂ ਹੋਇਆ ਹੈ। ਸਤਿਗੁਰੂ ਰਾਮ ਸਿੰਘ ਜੀ ਵਾਲੀ ਚਿੱਠੀ ਵਿੱਚ ਆਪ ਨੇ ਲਿਖਵਾਇਆ ਸੀ- "ਠਾਕਰੋ ਅਸਾਂ ਤਾਂ ਚੜ੍ਹਾਈ ਕੀ ਤਿਆਰੀ ਕੀਤੀ ਹੈ ਤੁਸੀਂ ਸੰਗਤ ਕੋ ਸਾਂਭੋ। ਤੁਸੀਂ ਠਾਕੁਰੋ ਬਾਢੀ ਜਾਤ ਹੋ ਐਸੀ ਚੂਨੇ ਇਟ ਲਾਉਣੀ ਜਿਹੜੀ ਫੇਰ ਨਾ ਉਖੜੇ। ਅਸੀਂ ਤੁਹਾਡੇ ਪਾਸ ਹਰ ਵਕਤ ਹਾਜ਼ਰ ਰਹਾਂਗੇ। ਕੁੰਜੀ ਤੁਹਾਨੂੰ ਬਖਸ਼ੀ ਹੈ। ਕੁੰਜੀ ਲਾਵੋ ਖਜਾਨੇ ਨੂੰ ਤੇ ਵਰਤੋ। ਅਸੀਂ ਤੇ ਸਹਿਜਧਾਰੀ ਸਿੱਖੀ ਕੀਤੀ ਹੈ ਤੁਸੀਂ ਕੇਸਾਧਾਰੀ ਖਾਲਸਾ ਵਧਾਓ। ਤੁਸੀਂ ਦਸਵੇਂ ਪਾਤਸ਼ਾਹ ਵਾਲੀ ਰੀਤੀ ਤੋਰੋ।"[25]

ਭਾਈ ਗੰਡਾ, ਭਾਈ ਬੱਲੋ ਆਦਿਕ ਸਿੱਖ ਗੁਰੂ ਜੀ ਦੀ ਸ਼ਰਨ ਵਿੱਚ ਆ ਕੇ ਆਪਣਾ ਜਨਮ ਮਰਨ ਸਫਲ ਕਰ ਬੈਠੇ ਸਨ। ਇਸੇ ਤਰ੍ਹਾਂ ਦਾ ਹੀ ਆਪ ਦਾ ਇਕ ਮਸਤ ਸਿੱਖ ਬਾਬਾ ਬੈਂਕਾ ਜੀ ਹਜਰੋਂ ਸਾਹਿਬ ਤੋਂ 8 ਮੀਲ ਤੇ ਪਿੰਡ ਮਲਾਹ ਵਿਚ ਰਹਿੰਦੇ ਸਨ। ਆਪ ਦਾ ਜਨਮ 1794 ਈ. ਵਿਚ ਹੋਇਆ ਸੀ। ਵੱਡੇ ਹੋਏ ਤਾਂ ਸਾਧੂਆਂ ਦੀ ਸੰਗਤ ਕਰਨ ਦਾ ਸੁਭਾਅ ਬਣ ਗਿਆ। ਇਸ ਪਿੰਡ ਵਿੱਚ ਗੁਰੂ ਬਾਲਕ ਸਿੰਘ ਜੀ ਦੇ ਭਤੀਜੇ ਕਾਹਨ ਸਿੰਘ ਦੀ ਪੁੱਤਰੀ ਬੀਬੀ ਧੁਲੀ ਲਾਲਾ ਹਰੀਚੰਦ ਦੇ ਘਰ ਵਿਆਹੀ ਸੀ। ਹਰੀ ਚੰਦ ਤੋਂ ਬੈਂਕਾ ਜੀ ਨੇ ਗੁਰੂ ਬਾਲਕ ਸਿੰਘ ਜੀ ਦੀ ਉਪਮਾ ਸੁਣੀ। ਫਿਰ ਗੁਰੂ ਜੀ ਦੇ ਦਰਸ਼ਨ ਕਰਦਿਆਂ ਹਿਰਦਾ ਸ਼ਾਂਤ ਹੋ ਗਿਆ। ਫਿਰ ਆਪ ਨੇ ਨਾਮ ਦਾਨ ਦੀ ਯਾਚਨਾ ਕੀਤੀ। ਕੰਨ ਵਿੱਚ ਗੁਰਮੰਤਰ ਸੁਣਦਿਆਂ ਹੀ ਹਿਰਦੇ ਵਿਚੋਂ ਪ੍ਰੇਮ ਦੀਆਂ ਛੱਲਾਂ ਇਸ ਤਰ੍ਹਾਂ ਉੱਠਣ ਲੱਗੀਆਂ ਜਿਵੇਂ ਹੜ ਵਿਚ ਆਇਆ ਦਰਿਆ ਕੰਢਿਆਂ ਤੋਂ ਉੱਛਲ-ਉੱਛਲ ਕੇ ਵਗਣ ਲਗਦਾ ਹੈ। ਮਸਤੀ ਨਾਲ ਆਪ ਨੱਕੋ-ਨੱਕ ਭਰ ਗਏ ਤਾਂ ਹੁਣ ਇਕ ਇਹ ਸ਼ਬਦ ਹੀ ਬੋਲਣ ਲੱਗ ਪਏ- ਲਬਾ ਲਬ, ਲਬਾ ਲਬ। ਗੁਰੂ ਬਾਲਕ ਸਿੰਘ ਜੀ ਦੇ ਭਜਨ ਵਿੱਚ ਇਤਨੀ ਤਾਕਤ ਸੀ ਕਿ ਅਨੇਕਾਂ ਵਿੰਗੇ ਟੇਢੇ ਕਰਮਾਂ ਵਾਲੇ ਵੀ ਨਾਮ ਦੀ ਦਾਤ ਨਾਲ ਸਿੱਧੇ ਸਤੋਰ ਹੋ ਜਾਂਦੇ ਸਨ। ਬੈਂਕਾ ਹੁਣ ਅੱਠੇ ਪਹਿਰ ਮਸਤ ਬਿਰਤੀ ਵਿਚ ਵਿਚਰੇ। ਜੰਗਲ ਵਿਚ ਜਾ ਕੇ ਤਿੰਨ ਚਾਦਰਾਂ ਜਾਂ ਆਸਣ ਵਿਛਾ ਕੇ ਆਖੇ- "ਆਉਂ ਬਾਬਾ ਬਾਲਕ ਸਿੰਘ ਜੀ ਬੈਠੋ! ਆਉ ਬਾਬਾ ਰਾਮ ਸਿੰਘ ਜੀ ਬੈਠੋ!! ਆਉ ਬਾਬਾ ਬੁੱਧ ਸਿੰਘ ਜੀ ਬੈਠੋ!!!" ਯਾਦ ਰਹੇ ਕਿ ਬੈਂਕਾ ਜੀ ਇਹ ਭਵਿੱਖ ਬਾਣੀ ਗੁਰੂ ਰਾਮ ਸਿੰਘ ਜੀ ਦੇ

ਹਜਰੋਂ ਸਾਹਿਬ ਆਉਣ ਤੋਂ ਪਹਿਲੋਂ ਕਰਿਆ ਕਰਦੇ ਸਨ। ਗੁਰੂ ਹਰੀ ਸਿੰਘ ਜੀ ਦਾ ਗੁਰਤਾ ਗੱਦੀ ਤੇ ਆਉਣ ਤੋਂ ਪਹਿਲਾ ਨਾਮ ਬੁੱਧ ਸਿੰਘ ਸੀ। ਇਸ ਤਰ੍ਹਾਂ ਜਿਵੇਂ ਬਾਲਮੀਕ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਰਾਮ ਜੀ ਤੋਂ ਪਹਿਲਾਂ ਹੀ ਰਮਾਇਣ ਲਿਖ ਦਿੱਤੀ। ਬਾਬੇ ਬੈਂਕਾ ਜੀ ਨੂੰ ਇਸੇ ਪਰੰਪਰਾ ਵਿੱਚ ਰਖਦਿਆਂ ਨਾਮਧਾਰੀ ਪੰਥ ਦਾ ਬਾਲਮੀਕ ਕਿਹਾ ਜਾਂਦਾ ਹੈ।[26]

ਹਜਰੋਂ ਨਿਵਾਸੀ ਕਵੀਸ਼ਰ ਸ਼ੋਕਾ ਰਾਮ ਜੀ ਨੇ ਗੁਰੂ ਬਾਲਕ ਸਿੰਘ ਜੀ ਦੇ ਜੀਵਨ ਪ੍ਰਸੰਗ ਪੰਜਾਬੀ ਬੈਂਤਾ ਵਿੱਚ ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਵਿੱਚ ਲਿਖੇ ਸਨ। ਉਹਨਾਂ ਨੇ ਗੁਰੂ ਜੀ ਦੀ ਯਾਦਗਾਰ ਬਣਨੀ ਇਉਂ ਲਿਖੀ ਹੈ-

ਜਿਥੇ ਗੁਰੂ ਜੀ ਅਗਨ ਪਰਵਾਹ ਹੋਏ,
ਓਥੇ ਤੁਰਤ ਸਮਾਧ ਤਿਆਰ ਹੋਈ।
ਚੰਗੇ ਚੰਗੇ ਰੁਮਾਲ ਚੜ੍ਹਾਇ ਦਿੱਤੇ,
ਡੇਹਰੀ ਸਾਹਿਬ ਜੀ ਖੂਬ ਬਹਾਰ ਹੋਈ।
ਮੱਥਾ ਟੇਕਦਾ ਈ ਸਾਰਾ ਲੋਕ ਆ ਕੇ,
ਮੰਨਤ ਮੰਨ ਜਾਂਦੇ ਮੰਨਤ ਵਾਰ ਕੋਈ।
ਸ਼ੋਕਾ ਰਾਮ ਜੋ ਡੇਹਰੀ ਤੇ ਨਿਤ ਜਾਵੇ,
ਓਹ ਗ਼ਮ ਦੀ ਨਦੀਓਂ ਪਾਰ ਹੋਈ।[27]

ਇਉਂ ਅਸੀਂ ਵੇਖਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਜਿਸ ਤਰ੍ਹਾਂ ਨਾਮ ਬਾਣੀ ਦੀ ਸ਼ਕਤੀ ਦੇ ਨਾਲ, ਲੱਖਾਂ ਪ੍ਰਾਣੀਆਂ ਨੂੰ ਉੱਤਮ ਜੀਵਨ ਜਾਚ ਬਕਸ਼ ਕੇ, ਉਹਨਾਂ ਦਾਨਿਆਂ, ਮਸਤਾਨਿਆਂ ਹਠੀਆਂ, ਜਪੀਆਂ, ਤਪੀਆਂ ਤੋਂ ਵੇਲੇ ਦੀ ਇਕ ਜਾਬਰ ਹਕੂਮਤ, ਅੰਗਰੇਜ਼ ਸਰਕਾਰ ਨਾਲ ਜ਼ਬਰਦਸਤ ਆਢਾ ਲੁਆ ਕੇ, ਹੈਰਤ ਅੰਗੇਜ਼ ਕਾਰਨਾਮੇ ਕਰ ਵਿਖਾਏ, ਉਸ ਕੂਕਾ ਅੰਦੋਲਨ ਦੀਆਂ ਨੀਹਾਂ ਵਿੱਚ ਗੁਰੂ ਬਾਲਕ ਸਿੰਘ ਜੀ ਦਾ ਤਪ ਤਿਆਗ ਅਤੇ ਦਾਨਵੀਰਤਾ ਸਮਾਈ ਹੋਈ ਹੈ। ਉਹਨਾਂ ਦੇ ਮਸਤ ਬਿਰਤੀ ਵਿਚ ਆਖੇ ਪ੍ਰੇਰਣਾਦਾਇਕ ਸ਼ਬਦ, ਨਾਮਧਾਰੀ ਸੰਤ ਖਾਲਸੇ ਦੀ ਸਿਰਜਣਾ ਲਈ ਹੁਲਾਰਾ ਦੇਣ ਵਾਲੇ ਸਨ। ਨਾਮਧਾਰੀ ਸਿੰਘਾਂ ਦੀ ਅਰਦਾਸ ਵਿਚ ਤਾਂ ਹੀ ਗੁਰੂ ਬਾਲਕ ਸਿੰਘ ਜੀ ਨੂੰ ਉਸ ਕਲੂਕਾਲ ਦੇ ਸਮੇਂ ਵਿਚ ਮਾਰਗ ਦਰਸ਼ਕ ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ। ਇਕ ਹੁਕਮਨਾਮੇ ਵਿਚ ਜੋ ਭਾਈ ਦੇਵਾ ਸਿੰਘ ਲਾਹੌਰ ਨੂੰ ਸਾਦਰ ਹੈ, ਸਤਿਗੁਰੂ ਰਾਮ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਇਉਂ ਕਰਦੇ ਹਨ- "ਹੋਰੁ ਭਾਈ ਮੈਂ ਤਾ ਬਹੁਤ ਉਪਾਉ

ਕਰਿਕੇ ਦੇਖ ਰਿਹਾ ਹਾ ਪਰ ਮੈਨੂੰ ਤਾ ਕਿਤੋ ਬੀ ਨਹੀ ਸੁਖੁ ਹੋਇਆ। ਨਾ ਤਨ ਕਰਕੇ ਨਾ ਮਨਿ ਕਰਕੇ ਨਾ ਧਨ ਕਰਕੇ ਹੀ। ਪਰ ਜਦਿ ਗੁਰੂ ਬਾਲਕ ਸਿੰਘ ਜੀ ਨੇ ਨਾਮ ਦਾ ਦਾਨੁ ਦਿੱਤਾ, ਸਾਰੇ ਈ ਸੁਖ ਹੋਇ ਗਏ, ਤਨ ਦੇ ਬੀ ਤੇ ਮਨ ਦੇ ਬੀ ਧਨ ਦੇ ਬੀ। ਹੁਕਮਨਾਮਾ ਨੰ: ੩੩ [28]

## ਹਵਾਲੇ ਤੇ ਟਿੱਪਣੀਆਂ


1. ਸੰਤ ਇੰਦਰ ਸਿੰਘ ਚੱਕਰਵਰਤੀ, ਨਾਮਧਾਰੀ ਇਤਿਹਾਸ, ਭਾਗ ਪਹਿਲਾ, (ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ), ਚੌਥੀ ਛਾਪ. 2017, ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ, ਸਫਾ.1
2. ਉਪਰੋਕਤ, ਸਫਾ.2
3. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ (ਸੰ. ਜਸਵਿੰਦਰ ਸਿੰਘ), ਛਾਪ ਪਹਿਲੀ, ਸਫਾ. 42-43
4. ਸੰਤ ਇੰਦਰ ਸਿੰਘ ਚੱਕਰਵਰਤੀ, ਸਫਾ. 11-12
5. ਉਪਰੋਕਤ, ਸਫਾ 13-14
6. ਉਪਰੋਕਤ, ਸਫਾ 16-17
7. ਉਪਰੋਕਤ, ਸਫਾ 20
8. ਉਪਰੋਕਤ, ਸਫਾ 24
9. ਉਪਰੋਕਤ, ਸਫਾ 25-28
10. ਉਪਰੋਕਤ, ਸਫਾ 28-30
11. ਉਪਰੋਕਤ, ਸਫਾ 30-32
12. ਉਪਰੋਕਤ, ਸਫਾ 48-50
13. ਉਪਰੋਕਤ, ਸਫਾ 54-58
14. ਉਪਰੋਕਤ, ਸਫਾ 59
15. ਉਪਰੋਕਤ, ਸਫਾ 62-69
16. ਬਾਹੋਵਾਲ, ਭਾਗ ਪਹਿਲਾ, ਸਫਾ 110
17. ਉਹੀ 161-64
18. ਚੱਕਰਵਰਤੀ, ਸਫਾ 75 ਜਨਮਸਾਖੀ ਸ੍ਰੀ ਗੁਰੂ ਬਾਲਕ ਸਿੰਘ ਜੀ ਅਪ੍ਰਕਾਸ਼ਿਤ। ਜੋ ਸਾਂਈ ਸਾਹਿਬ ਜੀ ਦੇ ਪੋਤਰੇ ਭਗਤ ਭਾਈ ਬਿਸ਼ਨ ਦਾਸ ਤੋਂ ਪ੍ਰਾਪਤ ਹੋਈ। ਚੱਕਰਵਰਤੀ ਹੋਰਾਂ ਪੁੱਤਰ ਲਿਖਿਆ ਹੈ ਪਰ ਭਾਈ ਬਿਸ਼ਨ ਦਾਸ ਸਾਂਈ ਸਾਹਿਬ ਦਾ ਪੁੱਤਰ ਸੀ। ਕੁਝ ਵੀ ਹੋਵੇ ਪੋਥੀ ਦੀ ਪ੍ਰਮਾਣਿਕਤਾ ਅਸੰਦਿਗਧ ਹੈ ।
19. ਉਹੀ, ਸਫਾ 76-78

20. ਉਹੀ, ਸਫਾ 79-80
21. ਉਹੀ, ਸਫਾ 82-85
22. ਉਹੀ, ਸਫਾ 90-92
23. ਬਾਹੋਵਾਲ, ਭਾਗ ਪਹਿਲਾ, ਸਫਾ 219-20
24. ਉਹੀ, ਸਫਾ 221-23
25. ਉਹੀ, ਸਫਾ 223-24
26. ਚੱਕਰਵਰਤੀ 105-08
27. ਉਹੀ 104-105
28. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ.) ਜਸਵਿੰਦਰ ਸਿੰਘ, ਪਹਿਲੀ ਛਾਪ, ਸਫਾ 319

# ਦਸਰਥ ਦੀ ਭਾਵੀ ਹੰਡਾਉਣ ਵਾਲਾ– ਬਾਬਾ ਜੱਸਾ ਸਿੰਘ

ਬਾਬਾ ਜੱਸਾ ਸਿੰਘ ਗੋਤ ਮਠਾੜੂ, ਜਾਤ ਰਾਮਗੜ੍ਹੀਆ ਸਿੱਖ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਦੁਨਿਆਵੀ ਤੌਰ ਤੇ ਪਿਤਾ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀ ਸੰਤ ਖਾਲਸਾ ਦੇ ਸੰਸਥਾਪਕ ਅਤੇ ਪੰਜਾਬ ਵਿੱਚ ਬਸਤੀਵਾਦੀ ਸਰਕਾਰ ਤੋਂ ਪੂਰਨ ਆਜ਼ਾਦੀ ਵਾਸਤੇ ਚੱਲੀ ਪਹਿਲੀ ਲੋਕ-ਲਹਿਰ, ਕੂਕਾ ਲਹਿਰ ਦੇ ਮਹਾਂ ਨਾਇਕ ਸਨ। ਆਪ ਦੇ ਛੋਟੇ ਭਰਾਤਾ ਅਤੇ ਉਤਰਾਧਿਕਾਰੀ ਗੁਰੂ ਹਰੀ ਸਿੰਘ ਜੀ ਨੇ 1900 ਈ. ਵਿੱਚ ਭੈਣੀ ਸਾਹਿਬ ਵਿਖੇ ਇੱਕ ਥਾਣੇਦਾਰ ਨਾਲ ਹੋਈ ਗੱਲਬਾਤ ਸਮੇਂ ਦੱਸਿਆ ਸੀ ਕਿ ਉਹਨਾਂ ਦੇ ਪਿਤਾ ਜੀ ਨੇ 90 ਵਰ੍ਹੇ ਦੀ ਆਰਜਾ ਭੋਗ ਕੇ ਚੜ੍ਹਾਈ ਕੀਤੀ।[1] ਬਾਹੋਵਾਲ ਜੀ ਮੁਤਾਬਿਕ ਬਾਬਾ ਜੀ ਦਾ ਚਲਾਣਾ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਤੋਂ ਦੋ ਸਾਲ ਬਾਅਦ ਦਾ ਹੈ।[2] ਇਸ ਹਿਸਾਬ ਚਲਾਣੇ ਦਾ ਸਮਾਂ ਜਨਵਰੀ ਫਰਵਰੀ 1874 ਈ. ਹੈ। ਤਾਂ ਤੇ ਬਾਬਾ ਜੀ ਦਾ ਜਨਮ ਸਾਲ 1784 ਈ. ਬਣਦਾ ਹੈ, ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦੇ ਤਖਤ ਤੇ ਬਹਿਣ ਤੋਂ ਕੋਈ ਪੰਦਰਾਂ ਸਾਲ ਪਹਿਲਾਂ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿੱਚ ਸਿੱਖ ਮਿਸਲਾਂ ਦੀ ਸੱਤਾ ਕਾਇਮ ਹੋ ਚੁੱਕੀ ਸੀ ਅਤੇ ਹੁੰਨੇ ਹੰਨੇ ਸਰਦਾਰੀ ਵਾਲਾ ਵਕਤ ਸੀ। ਬਾਬਾ ਜੱਸਾ ਸਿੰਘ ਦੇ ਪਿਤਾ ਦਾ ਨਾਮ ਲੱਧਾ ਸਿੰਘ ਸੀ। ਰਾਜਪੂਤਾਨੇ ਦੀ ਰਿਆਸਤ ਅਲਵਰ ਦੇ ਇਲਾਕੇ ਵਿੱਚੋਂ ਚੱਲਿਆ ਇਹ ਗਾਡੀ ਲੁਹਾਰਾਂ ਦਾ ਪਰਵਾਰ, ਗੁਰੂ ਕਾਲ ਵਿੱਚ ਪੰਜਾਬ ਆ ਗਿਆ ਸੀ, ਜਿੱਥੇ ਉਹਨਾਂ ਸਿੱਖ ਧਰਮ ਗ੍ਰਹਿਣ ਕਰ ਲਿਆ। ਬਾਬਾ ਲੱਧਾ ਸਿੰਘ ਲੁਧਿਆਣਾ ਜ਼ਿਲ੍ਹਾ ਦੇ ਪਿੰਡ ਲਲਤੋਂ ਵਿੱਚ ਰਿਹਾ ਕਰਦੇ ਸਨ ਜਿੱਥੋਂ ਰਾਈਆਂ ਦੀ ਪੰਚਾਇਤ ਜਾ ਕੇ ਉਹਨਾਂ ਨੂੰ ਦੋ ਪੁੱਤਰਾਂ ਜੱਸਾ ਸਿੰਘ ਅਤੇ ਨੱਥਾ ਸਿੰਘ ਸਮੇਤ ਰਾਈਆਂ (ਲੁਧਿਆਣਾ) ਵਿਖੇ ਲੈ ਆਈ ਜੋ ਰਾਇ ਗੋਤ ਦੇ ਜੱਟਾਂ ਦਾ ਆਲੇ ਦੁਆਲੇ ਵੱਸੇ ਹੋਰ ਪੰਜ, ਇਸੇ ਗੋਤ ਦੇ ਪਿੰਡਾਂ ਵਿੱਚੋਂ ਇੱਕ ਪਿੰਡ ਸੀ।

ਪਿੰਡ ਵਿੱਚ ਗੁਰਮੁਖੀ ਵਿੱਦਿਆ, ਗੁਰਮਤਿ ਅਤੇ ਗੁਰਬਾਣੀ ਦੇ ਪਰਚਾਰ ਲਈ ਉਦਾਸੀ ਸਾਧੂਆਂ ਦਾ ਇੱਕ ਡੇਰਾ ਵੀ ਪੁਰਾਣੇ ਸਮੇਂ ਤੋਂ ਚੱਲਿਆ ਆ ਰਿਹਾ ਸੀ। ਇਸ ਡੇਰੇ ਦੇ ਨਾਮ 1400 ਕੱਚੇ ਵਿਘੇ ਜ਼ਮੀਨ ਵੀ ਸੀ। ਪਿੰਡ ਦੇ ਐਨ ਵਿਚਾਲੇ ਵੀ ਸਾਧੂਆਂ ਦੀ ਧੂਣੀ ਆਦਿ ਵਾਸਤੇ ਇੱਕ ਜਗ੍ਹਾ ਸੀ

ਜਿੱਥੇ ਕੁਝ ਕੋਠੜੀਆਂ, ਕਮਰੇ ਬਣੇ ਹੋਏ ਸਨ। ਜਦੋਂ ਬਾਬਾ ਲੱਧਾ ਸਿੰਘ ਜੀ ਆਏ ਤਾਂ ਉਹਨਾਂ ਦਾ ਡੇਰਾ ਇਹਨਾਂ ਕੋਠੜੀਆਂ, ਮਕਾਨਾਂ ਵਿੱਚ ਲੁਆ ਦਿੱਤਾ ਗਿਆ। ਇਹਨਾਂ ਮਕਾਨਾਂ ਵਿੱਚ ਹੀ ਬਾਬਾ ਜੱਸਾ ਸਿੰਘ ਜੀ ਦੇ ਬੱਚਿਆਂ ਦਾ ਆਗਮਨ ਹੋਇਆ। ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਪਰਕਾਸ਼ ਸਮੇਂ ਬਾਬਾ ਜੀ ਕ੍ਰਮਵਾਰ ਬੱਤੀ ਅਤੇ ਪੈਂਤੀ ਵਰ੍ਹਿਆਂ ਦੇ ਸਨ। ਬਾਬਾ ਜੱਸਾ ਸਿੰਘ ਹੋਰਾਂ ਦੀ ਸ਼ਾਦੀ ਡੇਹਲੋਂ ਪਾਸ ਨੰਗਲ (ਜ਼ਿਲ੍ਹਾ ਲੁਧਿਆਣਾ) ਦੀ ਬੀਬੀ ਸਦਾ ਕੌਰ ਨਾਲ ਹੋਈ। ਉਪਰ ਵਰਣਿਤ ਦੋਹਾਂ ਸਪੁੱਤਰਾਂ ਤੋਂ ਬਿਨਾਂ ਸਾਹਿਬ ਕੌਰ ਅਤੇ ਰਾਮ ਕੌਰ ਨਾਮ ਦੀਆਂ ਦੋ ਸਪੁੱਤਰੀਆਂ ਵੀ ਸਨ। ਵੱਡੀ ਬੀਬੀ ਸਾਹਿਬ ਕੌਰ ਕਿਲਾ ਰਾਇਪੁਰ (ਲੁਧਿਆਣਾ) ਦੇ ਸ੍ਰ. ਕਾਬਲ ਸਿੰਘ ਨਾਲ ਵਿਆਹੀ ਸੀ ਜੋ ਲਾਹੌਰ ਦਰਬਾਰ ਦੇ ਤੋਪਖਾਨੇ ਵਿੱਚ ਬਾਰਾਂ ਤੋਪਾਂ ਤੇ ਅਫਸਰ ਸੀ। ਪਿੰਡ ਦੇ ਉਦਾਸੀ ਸਾਧੂਆਂ ਪਾਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੰਸ਼ਿਜ਼, ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਵਾਲਿਆਂ ਦਾ ਵੀ ਕਾਫੀ ਆਉਣ ਜਾਣ ਸੀ। ਡੇਰੇ ਦੇ ਇੱਕ ਸਾਧੂ ਬਾਬਾ ਮਨਸਾ ਰਾਮ, ਜੋ ਖੁਦ ਵੀ ਕਾਰੀਗਰ ਸੀ ਅਤੇ ਪਿੰਡ ਖੈਹਰੇ (ਇਹ ਪਿੰਡ ਜ਼ਿਲ੍ਹਾ ਲੁਧਿਆਣਾ ਵਿੱਚ ਹੀ ਲੱਲਕਲਾਂ ਅਤੇ ਉੱਭੇ ਦੇ ਅਗਲੇ ਪਾਸੇ ਹੈ। ਬਾਬਾ ਮਨਸਾ ਰਾਮ ਸੰਤ ਲੱਧਾ ਦਾਸ ਦਾ ਚੇਲਾ ਸੀ।) ਤੋਂ ਡੇਰੇ ਵਿੱਚ ਆ ਕੇ ਬਚਪਨ ਵਿੱਚ ਹੀ ਸਾਧੂ ਬਣ ਗਿਆ ਸੀ, ਨਾਲ ਬਾਬਾ ਜੱਸਾ ਸਿੰਘ ਜੀ ਦਾ ਬਹੁਤ ਪ੍ਰੇਮ ਸੀ। ਆਪਣੇ ਵਿਹਾਰ ਕਾਰ ਤੋਂ ਬਚਦਾ ਸਮਾਂ, ਬਾਬਾ ਜੱਸਾ ਸਿੰਘ ਜੀ ਸਾਧੂਆਂ ਦੀ ਸੰਗਤ ਵਿੱਚ ਵਿਚਾਰ ਚਰਚਾ ਕਰਦਿਆਂ ਹੀ ਬਿਤਾਇਆ ਕਰਦੇ ਸਨ ਜਾਂ ਵਿਹਲੇ ਵੇਲੇ ਸਿਮਰਨ ਕਰਦੇ ਸਨ।

"ਬਾਬਾ ਜੱਸਾ ਸਿੰਘ ਜੋ ਕਾਰੀਗਰ ਸੀ ਤਿਸਨੇ ਬੜਾ ਭਜਨ ਕੀਤਾ ਰਾਮ ਰਾਮ ਦਾ ਔਰ ਸਾਧੂ ਸੁਭਾਉ ਦਾ ਸੀ। ਕਿਸੇ ਦਾ ਕੰਮ ਕਰਦੇ ਹੋਣਾ, ਜੇ ਹੋਰ ਕੋਈ ਆਣ ਕੇ ਕਹੇ ਜੀ ਮੇਰਾ ਕਰੋ, ਉਸ ਕਾ ਕੰਮ ਕਰਨ ਲੱਗ ਜਾਣਾ। ਖੇਤ ਬੀਜ ਔਣਾ ਫ਼ੇਰ ਖ਼ਬਰ ਨਹੀਂ ਰੱਖਣੀ। ਸਿੰਘਣੀ ਰੋਜ਼ ਕਹੇ ਕਿ ਤੂੰ ਖ਼ਬਰ ਨਹੀਂ ਲੈਂਦਾ ਹੈਂ ਖੇਤ ਦੀ। ਇਕ ਦਿਨ ਗਿਆ ਖੇਤ ਦੇਖਣ। ਏਕ ਸਰੀਰ ਭਰੀ ਬੰਨ੍ਹ ਕੇ ਉਠੌਣ ਲੱਗਾ। ਬਾਬੇ ਜੱਸਾ ਸਿੰਘ ਨੇ ਝੁੰਬ ਮਾਰੀ ਹੋਈ ਸੀ, ਕੋਲੋਂ ਦੀ ਲੰਘ ਚੱਲਿਆ। ਉਸ ਸਰੀਰ ਨੇ ਸਮਝਿਆ ਜੋ ਰਾਹੀ ਜਾਂਦਾ ਹੈ। ਅਵਾਜ਼ਾਂ ਮਾਰ ਕੇ ਸੱਦਿਆ। ਜੱਸੇ ਨੇ ਆਪਣੇ ਖੇਤ ਦੀ ਭਰੀ ਉਸ ਨੂੰ ਚੁਕਾ ਦਿਤੀ। ਜਿਹੜੇ ਪਸੂ ਨੂੰ ਉਸਨੇ ਪੱਠੇ ਪਾਏ ਉਹ ਮਰ ਗਿਆ। ਫੇਰ ਇਕ ਵਾਰੀ (ਦਾਣਿਆਂ ਦਾ) ਬੋਹਲ ਬਨਾਇਆ ਹੋਇਆ ਚੋਰਾਂ ਨੇ ਚੁੱਕਿਆ। (ਬਾਬਾ) ਜੱਸਾ ਦੇਖਦਾ ਰਿਹਾ ਪਰ ਬੋਲਿਆ ਨਹੀਂ। ਜਿਸ ਜਿਸ ਨੇ ਜਾਇਕੇ ਛਕਿਆ ਸੋ ਮਰ ਗਿਆ। ਚੋਰਾਂ ਸਮਝਿਆ ਜੋ ਏਹ, ਕਰਾਮਾਤੀ

ਹੈ, ਸੰਤ ਹੈ। ਏਸ ਦੇ ਖੇਤ ਦਾ ਪੱਠਾ ਨਾ ਛੇੜਿਆ ਕਰੋ। ਜੋ ਕਿਸੇ ਦਾ ਪਸੂ ਬਾਬੇ ਜੱਸੇ ਦੀ ਪੈਲੀ ਵੱਲ ਜਾਵੇ ਤਾਂ ਦੂਰੋਂ ਹੀ ਮੋੜ ਲੈਣਾ ਕਿ ਕਿਸੇ ਨੇ ਪੱਠਾ ਖਾ ਲਿਆ ਤਾਂ ਮਰ ਜਾਏਗਾ।"[3]

ਭਾਈ ਸੰਤੋਖ ਸਿੰਘ ਬਾਹੋਵਾਲ ਜਨਮ ਸਾਖੀ ਪਰੰਪਰਾ ਵਿੱਚ 'ਸਤਿਗੁਰੂ ਬਿਲਾਸ' ਗ੍ਰੰਥ, ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਬਾਰੇ ਲਿਖ ਰਹੇ ਸਨ। ਇਸ ਪਰੰਪਰਾ ਅਨੁਸਾਰ 'ਪ੍ਰਮੇਸ਼ਰ' ਆਪਣੇ ਪਿਆਰਿਆਂ ਦੀ ਰਾਖੀ ਲਈ ਕਈ 'ਕਉਤਕ' ਵਰਤਾ ਦਿੰਦਾ ਹੈ। ਇਉਂ ਉਹ ਬਾਬਾ ਜੱਸਾ ਸਿੰਘ ਵਿੱਚ ਦੈਵੀ ਸ਼ਕਤੀਆਂ ਦਾ ਹੋਣਾ ਵਿਖਾ ਕੇ, ਉਸ ਦੇ ਧਨ ਮਾਲ ਦੀ ਚੋਰਾਂ ਤੋਂ ਰਾਖੀ ਕਰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਪਰਕਾਸ਼ ਧਾਰਨ ਦੀ ਸਾਖੀ ਵੀ 'ਅਲੌਕਿਕ' ਹੈ, ਜਦੋਂ ਪਹਿਲਾਂ ਇੱਕ ਮਸ਼ਕ ਜਿਹੀ ਨਜ਼ਰ ਆਉਂਦੀ ਹੈ। ਜਿਸ ਨੂੰ ਤੀਲੇ ਨਾਲ ਫੋੜ ਕੇ ਬਾਬਾ ਜੱਸਾ ਸਿੰਘ ਧਰਤੀ ਵਿੱਚ ਦਬਾ ਦਿੰਦਾ ਹੈ ਅਤੇ ਮਾਤਾ ਸਦਾ ਕੌਰ ਨਾਲ ਗੱਲ ਕਰਦਾ ਹੈ ਕਿ ਸਾਡੇ ਘਰ ਮਸ਼ਕ ਜਨਮੀ ਹੈ ਲੋਕ ਮਸ਼ਕਰੀਆਂ ਕਰਨਗੇ। ਪਰ ਅਚਾਨਕ ਸੰਮਤ 1872 ਬਿਕ੍ਰਮੀ ਮਾਘ ਸੁਦੀ ਪੰਚਮੀ ਤੇ ਛਟ ਦੀ ਵਿਚਕਾਰਲੀ ਰਾਤ, ਅੱਧੀ ਰਾਤ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਲਕ ਰੂਪ ਧਾਰ ਕੇ, ਰਾਈਆਂ ਨਗਰ ਵਿੱਚ ਮਾਈ ਸਦਾ ਕੌਰ ਦੀ ਗੋਦ ਵਿੱਚ ਪ੍ਰਗਟ ਹੋਏ।[4] ਬਾਹੋਵਾਲ ਜੀ ਮੁਤਾਬਿਕ ਨਿਰਗੁਣ ਤੇ ਸਰਗੁਣ ਰੂਪ ਧਾਰਿਆ ਹੈ। ਪਰਾਦਰਭਾਵ ਦੀ ਇਸ ' ਘਟਨਾ ਵਿੱਚ ਵੀ ਨਾਟਕੀ ਤੱਤ ਅਤੇ ਪੂਰਾ ਇਤਿਹਾਸਕਤਾ ਦਾ ਸੁਮੇਲ ਲੇਖਕ ਦੀ ਕਰਤਾਰੀ ਸ਼ਕਤੀ ਦਾ ਪ੍ਰਗਟਾਵਾ ਹੈ। ਇਸ ਘਟਨਾ ਦੁਆਰਾ ਮਾਤਾ ਪਿਤਾ ਦੋਹਾਂ ਨੇ ਇਸ ਦਰਗਾਹੀ ਬਾਲਕ ਨੂੰ ਆਮ ਬਾਲਕਾਂ ਤੋਂ ਵੱਖਰਾ ਜਾਣਨਾ ਹੈ।

ਜਦੋਂ ਬਾਲਕ ਕੁਝ ਮਹੀਨਿਆਂ ਦਾ ਹੋ ਗਿਆ ਤਾਂ ਮਾਤਾ ਸਦਾ ਕੌਰ ਜੀ ਉਸਨੂੰ ਲੈ ਕੇ ਪੇਕੇ ਨੰਗਲੀਂ ਗਏ। ਕੁਝ ਸਮੇਂ ਬਾਅਦ ਬਾਬਾ ਜੱਸਾ ਸਿੰਘ ਮਾਂ-ਪੁੱਤਰ ਨੂੰ ਲੈਣ, ਆਪਣੇ ਸਹੁਰੇ ਘਰ ਗਏ ਤਾਂ ਬਾਲਕ ਦੀ ਨਾਨੀ ਨੇ ਕਿਹਾ ਕਿ "ਮੈਂ ਤਾਂ ਤੋਰਾਂਗੀ ਜਾਂ ਕਾਕਾ ਡਿੰਗ ਭਰਨ ਲੱਗੇਗਾ। ਅੰਤਰਜਾਮੀ ਗੁਰੂ ਜੀ ਬਾਬੇ ਜੱਸਾ ਸਿੰਘ ਕਾ ਸੰਕਲਪ ਜਾਣ ਕੇ ਬਲ ਧਾਰ ਕੇ ਉਠ ਖੜ੍ਹੇ ਹੋਏ, ਪਾਂਚ ਕਦਮ ਅਗੇ ਕੋ ਤੁਰੇ। ਬਾਬੇ ਜੱਸਾ ਸਿੰਘ ਜੀ ਬਚਨ ਕੀਤਾ ਤੁਰਨੇ ਭੀ ਲੱਗ ਪਏ ਹੈਂ। ਦੇਖ ਕੇ ਸਾਰਾ ਪਰਿਵਾਰ ਅਸਚਰਜ ਰਹੇ। ਬਾਬਾ ਜੱਸਾ ਸਿੰਘ ਜੀ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਮੈਂ ਲੈ ਆਏ।"[5]

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੋਂ ਛੇਤੀ ਬਾਅਦ ਬਾਬਾ ਜੱਸਾ ਸਿੰਘ, ਭੈਣੀ ਆਲਾ ਦੇ ਕਿਸਾਨਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਵਾਸਤੇ ਇੱਥੇ

ਆ ਗਏ ਸਨ। ਰਾਈਆਂ ਦੇ ਜਿਹੜੇ ਕਿਸਾਨਾਂ ਦੀ ਜ਼ਮੀਨ ਇਧਰ ਸੀ ਉਹਨਾਂ ਰਾਈਆਂ ਤੋਂ ਉਠ ਕੇ ਭੈਣੀ ਭੂੰਦੜ ਵਸਾਈ ਸੀ। ਇਹ ਪਿੰਡ ਸਮਾਂ ਪਾ ਕੇ ਬੇਆਬਾਦ ਹੋ ਗਿਆ। ਫਿਰ ਭੂੰਦੜ ਦੇ 'ਆਲਾ' ਨਾਂ ਦੇ ਵੰਸ਼ਿਜ ਨੇ ਦੁਬਾਰਾ ਵਸਾਇਆ ਤਾਂ 'ਭੈਣੀ ਆਲਾ' ਕਰ ਕੇ ਜਾਣਿਆ ਗਿਆ। ਸੰਤ ਖ਼ਾਲਸਾ ਦੀ ਸਥਾਪਨਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਫੈਲਣ ਬਾਅਦ, ਇਸ ਨੂੰ ਨਾਮਧਾਰੀ ਸਿੰਘ, ਸ੍ਰੀ ਭੈਣੀ ਸਾਹਿਬ ਆਖਣ ਲੱਗੇ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਇੱਕ ਹੁਕਮ ਇਹ ਵੀ ਸੀ ਕਿ ਇਸ ਨੂੰ 'ਰਾਮਦਾਸਪੁਰਾ' ਆਖਿਆ ਜਾਵੇ।

ਬਾਬਾ ਜੱਸਾ ਸਿੰਘ ਨੇ ਵੇਲੇ ਦੇ ਰਿਵਾਜ ਅਨੁਸਾਰ ਦੋਹਾਂ ਸਪੁੱਤਰਾਂ ਦੇ ਬਾਲ ਵਿਆਹ ਕਰ ਕੇ ਵਧਾਈਆਂ ਵੀ ਲਈਆਂ। ਸਤਿਗੁਰੂ ਰਾਮ ਸਿੰਘ ਜੀ ਧਰੌੜਾਂ ਵਿਖੇ ਬੀਬੀ ਜੱਸਾਂ ਜੀ ਨਾਲ ਅਤੇ ਗੁਰੂ ਹਰੀ ਸਿੰਘ ਜੀ ਮਾਦਪੁਰ ਵਿਖੇ ਬੀਬੀ ਸਾਹਿਬ ਕੌਰ ਨਾਲ ਪਰਣਾਏ ਗਏ।'ਬਾਬਾ ਜੱਸਾ ਸਿੰਘ ਖੇਤੀ ਭੀ ਕਰਦੇ ਸੀ ਰੰਬਾ ਫਾਲਾ ਭੀ ਚੰਡਦੇ ਸੀ। ਮਹਾਰਾਜ ਬੁੱਧ ਸਿੰਘ ਜੀ (ਗੁਰੂ ਹਰੀ ਸਿੰਘ ਜੀ ਦਾ ਪਹਿਲਾ ਨਾਮ, ਬੁੱਧਵਾਰ ਪ੍ਰਗਟ ਹੋਏ ਸਨ।) ਬਾਬੇ ਜੱਸਾ ਸਿੰਘ ਨਾਲ ਕੰਮ ਕਾਰ ਕਰਾਉਂਦੇ ਹੈਂ।"[6] ਗੁਰੂ ਹਰੀ ਸਿੰਘ ਜੀ ਦੱਸਿਆ ਕਰਦੇ ਸਨ ਕਿ ਜਦੋਂ ਉਹਨਾਂ ਨੇ ਮੱਤ ਬੁੱਧ ਪੂਰੀ ਤਰ੍ਹਾਂ ਸੰਭਾਲ ਲਈ ਸੀ, ਫਿਰ ਉਹਨਾਂ ਬਾਬਾ ਜੱਸਾ ਸਿੰਘ ਹੋਰਾਂ ਨੂੰ ਕੰਮ ਕਾਰ ਦੀ ਖੇਚਲ ਨਹੀਂ ਕਰਨ ਦਿੱਤੀ। ਸੋ 1840- 41 ਈ. ਤੋਂ ਬਾਅਦ ਬਾਬਾ ਜੱਸਾ ਸਿੰਘ ਹੋਰਾਂ ਸ਼ੌਂਕ ਨਾਲ ਜਾਂ ਜ਼ਿਆਦਾ ਲੋੜ ਸਮੇਂ ਤਾਂ ਵਿਹਾਰ ਕਾਰ ਬੇਸ਼ਕ ਕੀਤਾ ਹੋਵੇ, ਪਰ ਉਹ ਹੁਣ ਜ਼ਿਆਦਾ ਸਮਾਂ ਸਾਧੂਆਂ ਦੀ ਸੰਗਤ ਜਾਂ ਰਾਮ ਰਾਮ ਦੇ ਸਿਮਰਨ ਵਿੱਚ ਹੀ ਬਿਤਾਉਂਦੇ ਸਨ।

ਸਤਿਗੁਰੂ ਰਾਮ ਸਿੰਘ ਜੀ ਬਹਿਨੋਈ ਕਾਬਲ ਸਿੰਘ ਨਾਲ 1837 ਈ. ਵਿੱਚ, ਬਾਈ ਕੁ ਸਾਲਾਂ ਦੀ ਆਰਜਾ ਸਮੇਂ, ਲਾਹੌਰ ਦਰਬਾਰ ਦੀ ਸੈਨਾ ਵਿੱਚ ਭਰਤੀ ਹੋ ਕੇ, 1845 ਈ. ਦੇ ਆਖਰੀ ਮਹੀਨੇ ਤੱਕ ਇੱਥੇ ਰਹੇ। ਫੌਜ ਦੀ ਨੌਕਰੀ ਸਮੇਂ, ਲਾਹੌਰ ਵਿੱਚ ਦਰਬਾਰੀਆਂ ਦੇ ਆਪਣੇ ਆਪਣੇ ਲਾਲਚਾਂ ਕਾਰਨ ਵਾਪਰਦੇ ਕਲੇਸ਼ ਅਤੇ ਸੱਤਾ ਦੇ ਦਾਅਵੇਦਾਰਾਂ ਦੀ ਫਰੰਗੀਆਂ ਨਾਲ ਹੋ ਰਹੀ ਸਾਂਠਗਾਂਠ ਨੂੰ ਤੱਕ ਕੇ, ਪੰਜਾਬ ਦੀ ਸੁਤੰਤਰਤਾ ਖ਼ਤਰੇ ਵਿੱਚ ਵੇਖ ਕੇ, ਕਈ ਦਫ਼ਾ ਸਤਿਗੁਰੂ ਰਾਮ ਸਿੰਘ ਜੀ ਮਸਤਾਨੀ ਬਿਰਤੀ ਧਾਰ ਲੈਂਦੇ ਸਨ। "ਕਾਬਲ ਸਿੰਘ ਨੇ ਲਿਖ ਭੇਜਿਆ ਰਾਮਦਾਸਪੁਰ ਮੈਂ ਕਿ ਰਾਮ ਸਿੰਘ ਕਮਲਾ ਹੋਇ ਗਿਆ ਹੈ। ਜੇ ਇਕ ਬਾਂਹ ਕੁੜਤੇ ਕੀ ਪਾਉਂਦਾ ਹੈ ਤਾਂ ਦੂਈ ਬਾਂਹ ਏਵੇਂ ਈ ਰਹਿ ਜਾਂਦੀ ਹੈ। ਬੇਸੁਧ ਹੋਇਆ ਹੋਇਆ ਹੈ। ਕੁਝ ਖਵਰ ਨਹੀਂ ਰੱਖਦਾ ਖਾਣ ਪੀਣ ਦੀ। ਇਹ ਚਿਠੀ ਸੁਣ ਕੇ ਬਾਬਾ ਜੱਸਾ ਸਿੰਘ ਜੀ

ਗਏ ਲਾਹੌਰ ਮੈਂ ਖ਼ਵਰ ਵਾਸਤੇ। ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕਰ ਕੇ ਬੜੇ ਪ੍ਰਸੰਨ ਹੋਏ। ਦੁਖ ਸੁੱਖ ਕੀ ਵਾਰਤਾ ਪੁੱਛੀ ਦੱਸੀ। ਪਰਸਪਰ ਬਚਨ ਕੀਤੇ। ਕੋਈ ਕੁ ਦਿਨ ਬਾਬਾ ਜੀ ਰਹੇ ਜਾਂ ਬਾਬਾ ਜੱਸਾ ਸਿੰਘ ਜੀ ਤੁਰੇ ਤਾਂ ਨਾਲ ਈ ਸਤਿਗੁਰੂ ਜੀ, ਬਾਰ੍ਹਾਂ ਦਿਨਾਂ ਦੀ ਛੁੱਟੀ ਲੈ ਕੇ ਆਏ ਰਾਮਦਾਸਪੁਰੇ ਮੈਂ। ਮਾਈ ਸਦਾ ਕੌਰ ਤੇ ਸਾਰਾ ਪਰਵਾਰ ਦਰਸ਼ਨ ਕਰ ਕੇ ਬੜੇ ਪ੍ਰਸੰਨ ਹੋਏ। ਜੋ ਫ਼ਿਕਰ ਸੀ ਸੋ ਦੂਰ ਹੋਇਆ। ਬਾਰ੍ਹਾਂ ਦਿਨ ਕੱਟ ਕੇ ਸ੍ਰੀ ਸਤਿਗੁਰੂ ਜੀ ਮੁੜ ਗਏ ਲਾਹੌਰ ਮੈਂ।"[7]

ਸਤਿਗੁਰੂ ਜੀ ਨੂੰ ਫਿਰ ਸਾਰੀ ਫੌਜ ਦੇ ਨਾਲ ਤਿੰਨ ਮਹੀਨਿਆਂ ਦੀ ਛੁੱਟੀ ਮਿਲੀ ਤਾਂ ਪਿੰਡ ਆ ਗਏ ਸ੍ਰੀ ਭੈਣੀ ਸਾਹਿਬ। ਬਿਰਤੀ ਉਸੇ ਤਰ੍ਹਾਂ ਮਸਤਾਨੀ। ਧੂੰਏਂ ਵਿੱਚੋਂ ਜਾ ਕੇ ਬੁੱਕ ਭਰ ਕੇ ਅੰਗਾਰ ਉਤਾਂਹ ਨੂੰ ਸੁੱਟੇ ਤੇ ਬਚਨ ਕੀਤਾ "ਲੈ ਸੂਰਜਾ ਸੇਕ ਲੈ।" ਬਾਬੇ ਜੱਸਾ ਸਿੰਘ ਨੇ ਸੰਸਾ ਕੀਤਾ ਕਿ ਹੱਥ ਜਲ ਗਏ ਹੋਣਗੇ। ਜਾਂ ਬਾਬੇ ਜੀ ਦੇਖਾ ਤਾਂ ਰਾਜੀ ਬਾਜੀ ਹੈਂ।

"ਏਕ ਰਾਤ ਨਾਲੇ ਮੀਂਹ ਨਾਲੇ ਅੰਧੇਰੀ ਸੀ। ਸਿਆਲ ਸ਼ੁਰੂ ਕਾ ਮੌਸਮ ਹੈ। ਦਿਨ ਲੱਥੇ ਬਾਹਰ ਨਿਕਲ ਗਏ। ਸਾਰੀ ਰਾਤ ਬਾਹਰ ਗੁਜ਼ਾਰੀ। ਉੱਤੇ ਕਪੜਾ ਭੀ ਕੋਈ ਨ ਸੀ, ਨਗਨ ਹੀ ਗਏ। ਬਾਬੇ ਜੀ ਸੰਸਾ ਕੀਤਾ ਕਿ ਪਾਲਾ ਲਗਦਾ ਹੋਊਗਾ, ਨਗਨ ਹੀ ਗਏ ਹੈਂ। ਮੀਂਹ ਹਨੇਰੀ ਵਗਦੀ ਹੈ, ਸਿਆਲ ਕਾ ਮੌਸਮ ਹੈ। ਅੰਮ੍ਰਿਤ ਵੇਲਾ ਹੋਇਆ ਤਾਂ ਘਰ ਨੂੰ ਝੂਲਦੇ ਆਇ ਗਏ ਤੇ ਸ਼ਬਦ ਪੜ੍ਹਦੇ ਹੈਂ ਮਸਤ ਹੋਇ ਹੋਇ। ਬਾਬਾ ਜੀ ਦੇਖ ਕੇ ਅਸਚਰਜ ਰਹੇ ਜੋ ਨਾ ਏਨ੍ਹਾਂ ਨੂੰ ਪਾਲਾ ਨਾ ਅਗਨੀ ਪੋਹੀ ਹੈ। ਨਾ ਪੌਣ ਨਾ ਪਾਣੀ, ਇਨ੍ਹਾਂ ਨੂੰ ਕੁਝ ਵੀ ਨਹੀਂ ਵਿਆਪਦਾ ਹੈ। ਏਹ ਤਾਂ ਪੂਰਨ ਪੁਰਖ ਸਮਰੱਥ ਹੈਨ ਜਿਨ੍ਹਾਂ ਨੂੰ ਭਜਨ ਬਾਣੀ ਬਿਨਾ ਹੋਰ ਕੁਝ ਹੱਛਾ ਨਹੀਂ ਲਗਦਾ ਹੈ। ਛੋਟੀ ਅਵਸਥਾ ਥੀਂ ਲੈ ਕੇ ਭਜਨ ਈ ਕਰਦੇ ਦੇਖੀਦੇ ਹੈਂ। ਦਿਨ ਚੜ੍ਹੇ ਜਾਣਾ ਰਾਤ ਪਈ ਘਰ ਔਣਾਂ।"[8]

ਭਾਈ ਸੰਤੋਖ ਸਿੰਘ, ਬਾਬਾ ਜੱਸਾ ਸਿੰਘ ਦੀ ਅਸਚਰਜਤਾ ਦੁਆਰਾ, ਸਤਿਗੁਰੂ ਜੀ ਦੀ ਲਉਬਾਲੀ ਤਬਹਾ ਵਾਲੀ ਸ਼ਖਸ਼ੀਅਤ ਦੀ ਉਸਾਰੀ ਕਰ ਰਿਹਾ ਹੈ। ਇੱਕ ਪਿਤਾ ਦਾ ਹਿਰਦਾ ਪੁੱਤਰ ਵਾਸਤੇ ਕਿਵੇਂ ਸੰਵੇਦਨਾਵਾਂ ਨਾਲ ਭਰਿਆ ਹੁੰਦਾ ਹੈ ਤੇ ਫਿਰ ਜਦੋਂ ਪੁੱਤਰ ਇਹੋ ਜਿਹਾ "ਅਲੌਕਿਕ ਹੋਵੇ ਤਾਂ ਉਸ ਦੇ ਕਰਤਬਾਂ ਨੂੰ ਭਾਂਪ ਭਾਂਪ ਕੇ, ਪਿਤਾ ਦੇ ਦਿਲ ਤੇ ਡਰ, , ਵਹਿਮ ਅਤੇ ਸੰਸੇ ਦੇ ਜੋ ਬੱਦਲ ਛਾਏ ਹੋਣ, ਉਹ ਕਿਵੇਂ ਪਲ ਛਿਣ ਵਿੱਚ ਉੱਡ ਪੁੱਡ ਜਾਂਦੇ ਹਨ। ਸਤਿਗੁਰੂ ਜੀ ਦੀ ਭਜਨੀਕ ਸ਼ਖਸੀਅਤ ਦੀ ਉਸਾਰੀ ਵਿੱਚ ਮਹਾਨ ਤਪੱਸਵੀ ਬਾਬਾ ਜੱਸਾ ਸਿੰਘ ਹੋਰਾਂ ਦਾ ਯੋਗਦਾਨ ਆਪਣੇ ਥਾਂ

ਮਹੱਤਵਪੂਰਨ ਹੈ।

ਜਦੋਂ ਸਿੰਘਾਂ ਅਤੇ ਫਰੰਗੀਆਂ ਦੀ ਜੰਗ ਲੱਗਣ ਦਾ ਬਿਗਲ ਵੱਜ ਗਿਆ ਤਾਂ ਸਾਰੇ ਸੈਨਿਕਾਂ ਨੂੰ ਆਪੋ ਆਪਣੀਆਂ ਛਾਉਣੀਆਂ ਵਿੱਚ ਪੁੱਜਣ ਦੇ ਸੱਦੇ ਆ ਗਏ ਕਿ ਜਲਦੀ ਪੁੱਜੋ। ਮਾਤਾ ਸਦਾ ਕੌਰ ਨੇ ਬੜੇ ਲਾਡ ਮਲਾਰ ਨਾਲ ਪੁੱਤਰ ਦੇ ਵਾਪਸੀ ਸਫਰ ਦੀ ਤਿਆਰੀ ਕੀਤੀ। ਕੰਨਾਂ ਵਿੱਚ ਵਾਲੇ ਪਾਏ ਤੇ ਗਲ ਵਿੱਚ ਕੈਂਠਾ। ਬਾਬਾ ਜੱਸਾ ਸਿੰਘ ਹੋਰਾਂ ਨੂੰ ਫ਼ਿਕਰ ਹੋਇਆ ਕਿ ਗਹਿਣੇ ਮਸਤਾਨੀ ਬਿਰਤੀ ਵਿੱਚ ਕਿਸੇ ਨੂੰ ਦੇ ਨਾ ਦੇਣ ਛੋਟੇ ਭਾਈ ਬੁੱਧ ਸਿੰਘ ਜੀ ਕੋ ਨਾਲ ਭੇਜਿਆ ਕਿ ਤੂੰ ਨਿਗਾਹ ਰੱਖੀਂ ਕਿ ਜਿੱਥੇ ਗਹਿਣੇ ਦੇਣ ਉੱਥੋਂ ਲੈ ਕੇ ਮੁੜ ਆਵੀਂ। ਮਸਤਾਨੇ ਹੋਏ ਹੋਏ ਹੈਨ, ਕੋਈ ਲਾਹ ਨਾ ਲਵੇ ਜਾਂ ਸੁੱਟ ਨਾ ਦੇਣ। ਦੋਨੋਂ ਭਾਈ ਤੁਰੇ ਲਾਹੌਰ ਕੋ।"[9]

ਰਾਹ ਵਿੱਚੋਂ ਛੋਟੇ ਭਾਈ ਨੂੰ ਵਾਪਸ ਭੇਜ ਦਿੱਤਾ। ਜੰਗ ਲਈ ਫੌਜਾਂ ਚੜ੍ਹੀਆਂ ਤਾਂ ਦਰਬਾਰ ਦੇ ਆਗੂਆਂ ਅਤੇ ਫੌਜ ਦੇ ਜਰਨੈਲਾਂ ਦੀ ਅੰਗਰੇਜ਼ਾਂ ਨਾਲ ਸਾਂਠ ਗਾਂਠ ਭਾਂਪ ਕੇ, ਸਤਿਗੁਰੂ ਜੀ ਨੇ ਹਾਰੀ ਹੋਈ ਜੰਗ ਲੜਨ ਤੋਂ ਇਨਕਾਰ ਕਰ ਦਿੱਤਾ। ਬੰਦੂਕ ਦਰਿਆ ਵਿੱਚ ਸੁੱਟੀ ਅਤੇ ਫਲੌਰ ਦਾ ਪੱਤਣ ਲੰਘ ਕੇ, ਲੁਧਿਆਣੇ ਮਾਮੇ ਦੇ ਘਰ ਆ ਗਏ। ਇੱਥੋਂ ਮਾਮੀ ਨੂੰ ਲੈ ਕੇ ਭੈਣੀ ਸਾਹਿਬ ਨੂੰ ਚੱਲ ਪਏ। ਜੰਗ ਦੇ ਮਾਹੌਲ ਕਾਰਨ ਹਰ ਪਿੰਡ, ਪਰਵਾਰ ਵਿੱਚ ਸੈਨਿਕਾਂ ਬਾਰੇ ਫ਼ਿਕਰਮੰਦੀ ਸੀ। ਸਤਿਗੁਰੂ ਜੀ ਨੂੰ ਤੁਰੇ ਆਉਂਦਿਆਂ ਵੇਖ ਕੇ ਪਿੰਡ ਦੇ ਲੋਕਾਂ ਤੇ ਖੁਸ਼ ਹੋਣਾ ਹੀ ਸੀ ਬਾਬਾ ਜੱਸਾ ਸਿੰਘ ਹੋਰਾਂ ਦੇ ਵੀ ਵਾਰੇ ਨਿਆਰੇ ਹੋ ਗਏ।

"ਬਾਬਾ ਭੀ ਰਾਈਆਂ ਵਾਲੇ ਰਸਤੇ ਨੂੰ ਚਲਾ ਜਾਂਦਾ ਸੀ। (ਲੋਕ) ਦੂਰੋਂ ਹੀ ਕਹਿਣ ਲਗੇ ਬਾਬਾ ਜੱਸਾ ਸਿੰਘ ਤੇਰਾ ਪੁੱਤਰ ਆਇਆ ਹੈ। ਬਾਬਾ ਜੀ ਪੁੱਤਰ ਦੇ ਦਰਸ਼ਨ ਕਰ ਕੇ ਹਰੇ ਹੋਇ ਗਏ। ਜੋ ਚਿੰਤਾ ਸੀ ਸੋ ਦੂਰ ਹੋਈ। ਘਰ ਆਏ, ਬਚਨ ਬਲਾਸ ਕਰਨੇ ਲਗੇ।"[10]

ਬਾਬਾ ਜੱਸਾ ਸਿੰਘ ਨੂੰ ਹਰ ਦਾਦੇ ਜਿਉਂ ਘਰ ਵਿੱਚ ਪੋਤਰੇ ਖਿਡਾਉਣ ਦੀ ਬੜੀ ਰੀਝ ਸੀ। ਪਰ ਸਤਿਗੁਰੂ ਜੀ ਦਾ ਤਾਂ ਮਿਸ਼ਨ ਹੀ ਹੋਰ ਸੀ। ਉਹਨਾਂ ਦਾ ਸਾਰਾ ਧਿਆਨ ਤਾਂ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਲਈ ਅਨੁਕੂਲ ਪ੍ਰਸਥਿਤੀਆਂ ਦੀ ਭਾਲ ਵੱਲ ਸੀ। ਪੋਹ ਵਿੱਚ ਘਰ ਆਏ ਸਨ। "ਪੋਹ ਮਹੀਨੇ (1845-46 ਈ.) ਕੇ ਮਸਤਾਨੇ ਹੋਏ ਹੋਏ ਸੀ। ਏਕ ਦਿਨ ਬਾਬੇ ਜੱਸਾ ਸਿੰਘ ਜੀ ਬਚਨ ਕੀਤਾ, ਤੁਹਾਡੇ ਇਕ ਲੜਕਾ ਚਾਹੀਦਾ ਸੀ। ਸ੍ਰੀ ਸਤਿਗੁਰੂ ਜੀ ਅੱਕ ਦੀ ਜੜ ਲੈ ਕੇ ਕੁਤਰ ਦਿੱਤੀ। ਬਚਨ ਕੀਤਾ- ਬਿੰਦੀ ਪੁੱਤਰ ਨਹੀਂ ਰੱਖਣੇ ਹੈਂ। ਨਾਦੀ ਪੁੱਤਰ ਪੈਦਾ ਕਰਨੇ ਹੈਨ।"[11]

"ਬਾਬਾ ਜੱਸਾ ਸਿੰਘ ਜੀ ਪਹਿਲੇ ਖੇਤੀ ਕਰਦੇ ਸਨ, ਨਾਲੇ ਫਾਲੇ ਡੰਗਣੇ, ਦਾਤੀਆਂ ਦੇ ਦੰਦੇ ਕੱਢਣੇ, ਰੰਬਾ ਚੰਡਣਾ। ਸਾਰੇ ਪਿੰਡ ਦੀ ਕਾਰ ਸਾਂਭੀ ਹੋਈ ਸੀ।"[12]

ਅਪਰੈਲ 1861 ਵਿੱਚ ਹਰਿਦੁਆਰ ਦੀ ਅਰਧ ਕੁੰਭੀ ਦੇ ਸਮਾਗਮ ਸਮੇਂ, ਸਤਿਗੁਰੂ ਰਾਮ ਸਿੰਘ ਜੀ ਨੇ ਸੰਗਤ ਸਮੇਤ ਗੰਗਾ ਦੀ ਯਾਤਰਾ ਕੀਤੀ ਸੀ। ਇਸ ਯਾਤਰਾ ਵਿੱਚ ਬਾਬਾ ਜੱਸਾ ਸਿੰਘ ਅਤੇ ਗੁਰੂ ਪਰਵਾਰ ਦੇ ਹੋਰ ਜੀਅ ਵੀ ਸ਼ਾਮਲ ਸਨ। ਸਤਿਗੁਰੂ ਜੀ ਪੁਰਾਣੇ ਤੀਰਥ ਅਸਥਾਨਾਂ ਨਾਲ ਜੁੜੀਆਂ ਮਾਨਤਾਵਾਂ ਨੂੰ ਰੱਦ ਕਰ ਕੇ, ਗੁਰਮਤਿ ਦਾ ਪਰਚਾਰ ਕਰਨ ਦੇ ਮਕਸਦ ਨਾਲ ਹੀ ਇਧਰ ਆਏ ਸਨ। ਆਪ ਦੂਸਰੇ ਮਤਾਂ ਮਤਾਂਤਰਾਂ ਵਾਲਿਆਂ ਨਾਲ ਸੰਵਾਦ ਰਚਾਉਂਦੇ ਮਸਤਾਨੀ ਬਿਰਤੀ ਵਿੱਚ ਵਿਚਰਦੇ ਹੋਏ, ਜਿਹੜਾ ਸ਼ਬਦ ਨਾਲ ਲੀਹ ਤੇ ਨਾਂ ਆਵੇ ਉਸਨੂੰ ਡੰਡੇ ਸੋਟੇ ਨਾਲ ਵੀ ਸੋਧ ਲਿਆ ਕਰਦੇ ਸਨ। "ਮਾਰ ਕੁੱਟ ਸਭ ਕੋ ਕਰਨ। ਬਾਬੇ ਜੱਸਾ ਸਿੰਘ ਬਚਨ ਕੀਤਾ ਸਿੰਘਾਂ ਨੂੰ ਤੁਸੀਂ ਸਾਰੇ ਰਲ ਕੇ ਪਕੜ ਲਵੋ, ਨਹੀਂ ਕਿਸੇ ਨੂੰ ਮਾਰ ਦੇਵੇਗਾ। ਸਾਰਿਆਂ ਕੋ ਕੈਦ ਹੋ ਜਾਵੇਗੀ। ਬਚਨ ਕੀਤਾ ਗੁਰੂ ਜੀ- ਤੈਨੂੰ ਭੀ ਧਾਰਾਂ ਦੇਂਦਾ ਹਾਂ। ਬਾਬਾ ਡਰਦਾ ਗੱਡੇ ਦੇ ਹੇਠਾਂ ਜਾਇ ਲੁਕਿਆ। ਕੋਲ ਜਾਇਕੇ... ਅੰਤਰਯਾਮੀ ਜੀ ਬਚਨ ਕੀਤਾ ਬਾਬੇ ਜੱਸਾ ਸਿੰਘ ਕੋ ਏਸ ਨੇ ਨੰਦਨ ਨ ਸੀ ਟੁੱਟਣ ਦਿੱਤੀ, ਨਹੀਂ ਤੇ ਤੋੜ ਦੇਣੀ ਸੀ।"[13] ਸਤਿਗੁਰੂ ਜੀ ਦੇ ਇਹ ਗੁੱਝੀਆਂ ਰਮਜ਼ਾਂ ਦੇ ਬਚਨ ਸਨ। ਉਹਨਾਂ ਦਾ ਸਾਰਾ ਧਿਆਨ ਤਾਂ ਨੰਦਨ (ਲੰਡਨ) ਵਾਸੀ ਬਰਤਾਨਵੀ ਹਾਕਮਾਂ ਦੀ ਵਿਦੇਸ਼ੀ ਸੱਤਾ ਤੋਂ ਛੁਟਕਾਰਾ ਹਾਸਲ ਕਰਨ ਵੱਲ ਸੀ। ਮਾਤਾ, ਪਿਤਾ, ਪਤਨੀ, ਭਾਈ ਬੰਧੂ ਜਾਂ ਉਲਾਦ ਦਾ ਮੋਹ ਸਤਿਗੁਰੂ ਜੀ ਦੇ ਨਿਸ਼ਾਨੇ ਦੀ ਪੂਰਤੀ ਵਿੱਚ ਅੜਿੱਕਾ ਨਹੀਂ ਸੀ ਬਣ ਸਕਦਾ। ਛੋਟੇ ਭਾਈ ਬੁੱਧ ਸਿੰਘ ਨੂੰ ਮਖੌਲ ਨਾਲ ਕਹਿਣ ਲੱਗੇ ਕਿ ਹੁਣ ਗੰਗਾ ਤੇ ਆਏ ਹੀ ਹਾਂ ਬਾਬੇ ਨੂੰ ਗੱਡੇ ਉੱਤੇ ਧਰ ਕੇ ਫੂਕ ਦੇਈਏ, ਫੇਰ ਗੰਗਾ ਆਉਂਦੇ ਫਿਰਾਂਗੇ। ਹੱਸ ਕੇ ਲਾਲ ਹੋਇ ਗਏ।"[13] ਬਾਬਾ ਜੱਸਾ ਸਿੰਘ ਦਮੇਂ ਦਾ ਮਰੀਜ਼ ਸੀ। ਸਤਿਗੁਰੂ ਜੀ ਫਰਮਾਉਂਦੇ ਸਨ ਕਿ ਬਾਬੇ ਦੇ ਨਾਲ ਹੀ ਦਮਾਂ ਵੀ ਫੂਕਿਆ ਜਾਣਾ ਸੀ। ਇਹ ਛੋਟੇ ਛੋਟੇ ਬਚਨ ਆਪ ਦੇ ਚੋਜ ਸਨ।

ਬਾਬਾ ਜੱਸਾ ਸਿੰਘ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਕਥਾ ਸਿੰਘਾਂ ਦੇ ਵਾਰ ਵਾਰ ਜ਼ੋਰ ਦੇ ਕੇ ਪੁੱਛਣ ਤੇ ਹੀ ਸੁਣਾਇਆ ਕਰਦਾ ਸੀ ਕਿ ਖਾਲੀ ਮਸ਼ਕ ਜਿਹੀ ਵੇਖ ਕੇ ਸਾਨੂੰ ਤਾਂ ਸ਼ਰਮ ਆਵੇ ਪਰ ਫਿਰ ਵੇਖਿਆ ਤਾਂ ਮਾਤਾ ਦੀ ਗੋਦ ਵਿੱਚ ਖੇਡ ਰਹੇ ਸਨ।[14] ਇਸ ਲਈ ਜਨਮ ਮਰਨ ਤੋਂ ਰਹਿਤ ਸਮਝ ਕੇ, ਸੰਗਤ ਆਪ ਜੀ ਨੂੰ 'ਅਕਾਲ ਪੁਰਖ' ਹੀ ਸਮਝਿਆ ਕਰਦੀ ਸੀ।

ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਨੂੰ ਦਸ ਵਰ੍ਹੇ ਹੋ ਗਏ ਸਨ ਪਰ ਬਾਬਾ ਜੱਸਾ ਸਿੰਘ ਜੀ ਨੇ ਅਜੇ ਤਕ ਗੁਰ ਮਰਿਆਦਾ ਧਾਰਨ ਨਹੀਂ ਸੀ ਕੀਤੀ। ਇਹ ਸਬੱਬ ਉਹਨਾਂ ਦੇ ਜੀਵਨ ਦੇ ਪਿਛਲੇ ਪੜਾਅ ਵਿੱਚ ਬਣਿਆ ਜਦੋਂ ਉਹਨਾਂ ਨੂੰ ਰਹਿਤ- ਮਰਿਆਦਾ ਧਾਰਨ ਦੀ ਜ਼ਰੂਰਤ ਮਹਿਸੂਸ ਹੋਈ। ਭਾਈ ਬਾਹੋਵਾਲ ਮਰਿਆਦਾ ਧਾਰਨ ਬਾਬਤ ਬਾਬਾ ਜੀ ਦੀ ਸਾਖੀ ਇਉਂ ਦਰਜ ਕਰਦੇ ਹਨ-

"ਬਾਬਾ ਜੱਸਾ ਸਿੰਘ ਕਛਹਿਰੇ ਨਾ ਸੀ ਪੌਂਦੇ। ਬਾਬੇ ਕੋ ਰਾਤ ਕੋ ਦ੍ਰਿਸ਼ਟਾਂਤ ਹੋਇਆ ਕਿ ਦਰਗਾਹ ਮੇਂ ਬਾਬਾ ਜੀ ਗਏ। ਕਛਹਿਰੇ ਨਾ ਹੋਣੇ ਸੇ ਅੰਦਰ ਦਰਗਾਹ ਕੇ ਨਾ ਜਾਣ ਦਿਤਾ। ਸਤਿਗੁਰੂ ਰਾਮ ਸਿੰਘ ਜੀ ਕਾ ਦਰਸ਼ਨ ਬੀ ਹੋਇਆ। ਅੱਗੋਂ ਅਵਾਜ਼ਾ ਆਇਆ ਕਿ ਬਗੈਰ ਕਛਹਿਰੇ ਦੇ ਅੰਦਰ ਨਹੀਂ ਜਾਣ ਦੇਂਦੇ। ਇਹ ਦ੍ਰਿਸ਼ਟਾਂਤ ਹੋਇ ਕੇ ਨੇਤਰ ਖੁੱਲ ਗਏ। ਬਾਬਾ ਜੀ ਨੇ ਸਾਰਾ ਬ੍ਰਿਤਾਂਤ ਸੁਣਾਇਆ। ਬਾਬੇ ਜੀ ਨੇ ਆਖਿਆ ਕਿ ਮੈਨੂੰ ਅੰਮ੍ਰਿਤ ਛਕਾਓ ਅਤੇ ਸਿੰਘ ਸਜਾਓ। ਤਤਕਾਲ ਬਾਬੇ ਜੀ ਅੰਮ੍ਰਿਤ ਛਕ ਲਿਆ। ਉਸ ਦਿਨ ਬਾਬਾ ਜੀ ਕਾ ਪੂਰਾ ਨਿਸਚਾ ਹੋਇਆ ਕਿ ਸਰਬ ਘਟਾਂ ਕੇ ਅੰਤਰਜਾਮੀ ਹੈਨ।**[15]**

ਬਾਬਾ ਜੱਸਾ ਸਿੰਘ ਨੂੰ ਹੁਣ ਸਤਿਗੁਰੂ ਜੀ ਵਿੱਚ ਦੈਵੀ ਜੋਤ ਦੇ ਦਰਸ਼ਨ ਹੁੰਦੇ ਸਨ, ਇਸ ਲਈ ਉਹ ਆਪ ਜੀ ਦਾ ਅਦਬ ਸਨਮਾਨ ਰੱਖਦਾ ਸੀ, ਭਾਂਵੇਂ ਆਪ ਉਹਨਾਂ ਤੋਂ ਵੱਡੇ ਅਸਥਾਨ ਤੇ ਸੀ। "ਬਾਬੇ ਜੱਸਾ ਸਿੰਘ ਕੋ ਏਕ ਦਿਨ ਬਚਨ ਕੀਤਾ- ਬਾਬਾ ਤੂੰ ਸਰ੍ਹਾਣੇ ਬੈਠ। ਬਾਬੇ ਜੀ ਕਹਾ ਕਿ ਮੈਂ ਸਰ੍ਹਾਣੇ ਕੀ ਲਾਇਕ ਨਹੀਂ ਹਾਂ, ਸਰ੍ਹਾਣੇ ਕੀ ਤਰਫ਼ ਤੁਸੀਂ ਬੈਠੋ। ਗੁਰੂ ਜੀ ਬਚਨ ਕੀਤਾ- ਤੂੰ ਸਾਡਾ ਪਿਤਾ ਹੈ ਅਸੀਂ ਤੇਰੇ ਪੁੱਤਰ ਹਾਂ। ਬਾਬੇ ਜੀ ਕਹਾ ਤਦ ਮੈਂ ਕਹਿੰਦਾ ਸੀ ਜਦ ਮੈਨੂੰ ਖ਼ਬਰ ਨਹੀਂ ਸੀ। ਹੁਣ ਮੈਨੂੰ ਜਣਾਈ ਹੈ। ਤੁਸੀਂ ਪੈਹਲੇ ਸੇ ਏਹੀ ਸਾਂਗ ਕਰਦੇ ਆਏ ਹੋ। ਤੁਸੀਂ ਬੇਅੰਤ ਹੈ। ਜਨਮ ਮਰਨ ਮੇਂ ਨਹੀਂ ਆਉਂਦੇ ਹੋ। ਮੈਨੂੰ ਤਾਂ ਮਾਲੂਮ ਹੈ ਜਿਵੇਂ ਆਪ ਨੇ ਅਵਤਾਰ ਧਾਰਿਆ ਹੈ। ਆਪ ਸਰਬ ਕੇ ਠਾਕੁਰ ਹੋ।**[16]**

ਬਾਬਾ ਜੱਸਾ ਸਿੰਘ ਜੀ ਦੀ ਪੋਤਰਿਆਂ ਦੀ ਮੰਗ ਵਾਲੀ ਸਾਖੀ ਬਾਹੋਵਾਲ ਜੀ ਨੇ ਇੱਕ ਤੋਂ ਵੱਧ ਵਾਰ ਦੁਹਰਾਈ ਹੈ। "ਏਕ ਸਮੇਂ ਗੜ੍ਹੀ (ਜਲੰਧਰ) ਵਾਲੇ ਕਾਨ੍ਹ ਸਿੰਘ ਨੂੰ ਬਚਨ ਕੀਤਾ- ਪ੍ਰਤਾਪ ਸਿੰਘ ਹੋਵੇਗਾ ਵੱਡੇ ਪਰਤਾਪ ਵਾਲਾ। ਬਾਬੇ ਕਾਨ੍ਹ ਸਿੰਘ ਪੁੱਛਿਆ ਕਿੱਥੋਂ ਹੋਵੇਗਾ? ਗੁਰੂ ਜੀ ਬਚਨ ਕੀਤਾ- ਏਕ ਸਮੇਂ ਮੈਂ ਬਾਬੇ ਜੱਸਾ ਸਿੰਘ ਨੂੰ ਪੁੱਛਿਆ ਸੀ ਬਾਬਾ ਤੂੰ ਰਾਜੀ ਖੁਸ਼ੀ ਹੈਂ? ਬਾਬੇ ਨੇ ਕਹਿਆ- ਤਾਂ ਮੈਂ ਰਾਜੀ ਖੁਸ਼ੀ ਹਾਂ ਕਿ ਤੁਹਾਡੇ ਘਰ ਬਾਲਕ ਹੋਵੇ

ਜਾਂ ਬੁੱਧ ਸਿੰਘ ਦੇ ਘਰ ਖੇਡਦਾ ਦੇਖਾਂ, ਤਾਂ ਮੈਂ ਰਾਜੀ ਹਾਂ। ਮੈਂ ਕਹਿਆ ਬਾਬਾ ਮੇਰੇ ਤਾਂ ਨਹੀਂ ਪਰ ਬੁੱਧ ਸਿੰਘ ਦੇ ਘਰ ਸਮਾਂ ਪਾ ਕੇ ਹੋਵੇਗਾ।"[17]

ਬਾਬਾ ਜੱਸਾ ਸਿੰਘ ਨੂੰ ਪੁਰਾਣਾ ਰੋਗ ਸੀ ਦਮੇ ਦਾ। "ਬਾਬੇ ਜੀ ਅਰਜ਼ ਕੀਤੀ ਜੀ ਮੈਨੂੰ ਕੁਝ ਆਰਾਮ ਹੋਵੇ। ਬਚਨ ਕੀਤਾ ਰਾਜੀ ਹੋ ਜਾਏਂਗਾ।"[18] ਸਤਿਗੁਰੂ ਜੀ ਦੀ ਵਾਕ ਸਿੱਧੀ ਵਿੱਚ ਬਾਬਾ ਜੀ ਦਾ ਪੂਰਨ ਭਰੋਸਾ ਸੀ। ਹੁਣ ਉਹਨਾਂ ਨੂੰ ਦਮੇ ਦਾ ਦੁਖ ਸਤਾਉਣੋਂ ਹਟ ਗਿਆ ਸੀ।

ਸਤਿਗੁਰੂ ਜੀ ਨੂੰ ਆਪਣੇ ਦਸਾਂ ਨਹੁੰਆਂ ਦੀ ਕਾਰ ਕਰਨ ਵਾਲੇ ਕਿਰਤੀ ਪਿਛੋਕੜ ਉੱਤੇ ਬੜਾ ਮਾਣ ਸੀ। ਉਹ ਇਸ ਨੂੰ ਅਕਾਲ ਪੁਰਖ ਦੀ ਬਖਸ਼ਿਸ਼ ਆਖਦੇ ਸਨ। "ਸ੍ਰੀ ਸਤਿਗੁਰੂ ਜੀ ਬਚਨ ਕੀਤਾ— ਦੇਖੋ ਮੈਂ ਜੱਸੇ ਲੁਹਾਰ ਦਾ ਪੁੱਤ ਹਾਂ, ਚਾਰ ਆਨੇ ਕਰੰਡੀ ਕੀ ਮੇਹਨਤ ਕਰਨੇ ਵਾਲਾ। ਕੋਈ ਵੱਡਾ ਆਦਮੀ ਨਹੀਂ ਹਾਂ। ਪ੍ਰਮੇਸਰ ਕੇ ਪਰਤਾਪ ਨਾਲ ਸਭ ਮੱਥਾ ਟੇਕਦੇ ਹੈਂ ਗੋਬਿੰਦ ਜੀ ਆਪਣਾ ਪਰਤਾਪ ਦਿਖਾਇਆ ਹੈ। ਰਾਜਾ ਪਰਜਾ ਬ੍ਰਾਹਮਣ ਖਤਰੀ ਸ਼ੂਦ੍ਰ ਵੈਸ਼ ਸਭ ਜਾਤ ਆਇਕੇ ਮੱਥਾ ਟੇਕਦੇ ਹੈਂ। ਅਕਾਲ ਪੁਰਖ ਨੇ ਆਪਣਾ ਰੂਪ ਦਿਖਾਇਆ ਹੈ। ਜੇ ਕਿਸੇ ਬ੍ਰਾਹਮਣ ਖਤਰੀ ਰਾਜੇ ਕੇ ਕਲਾ ਪ੍ਰਗਟ ਹੁੰਦੀ ਤਾਂ ਓਨਾਂ ਨੂੰ ਹੰਕਾਰ ਹੋਇ ਜਾਂਦਾ ਕਿ ਸਾਡੀ ਉੱਚੀ ਜਾਤ ਜਾਣ ਕੇ ਅਵਤਾਰ ਧਾਰਿਆ ਹੈ।"[19] ਇਸ ਤਰ੍ਹਾਂ ਸਤਿਗੁਰੂ ਜੀ ਆਪਣੇ ਕਿਰਤੀ-ਦਸਤਕਾਰ ਪਿਤਾ ਤੇ ਮਾਣ ਕਰਦੇ ਹਨ। ਅਤੇ ਆਪਣੇ ਆਪ ਨੂੰ ਵੀ ਰਾਜਗੀਰੀ ਦੇ ਕਿੱਤੇ ਵਿੱਚ ਚਾਰ ਆਨੇ ਰੋਜ਼ ਕਮਾਉਣ ਵਾਲਾ ਆਖਦੇ ਹਨ। ਕਿਰਤ ਦੀ ਇਹ ਮਹਿਮਾਂ ਜਾਂ ਵਡਿਆਈ ਸਤਿਗੁਰੂ ਜੀ ਦੇ ਜੀਵਨ ਦਾ ਅਤੁੱਟ ਅੰਗ ਹੈ।

"ਏਕ ਦਿਨ ਸ੍ਰੀ ਸਤਿਗੁਰੂ ਜੀ ਪ੍ਰਸੰਨ ਹੋਇ ਕੇ ਬਾਬੇ ਜੱਸਾ ਸਿੰਘ ਜੀ ਕੋ ਕੁਰਸੀ ਪਰ ਬਠਾਇਆ। ਨਾਲੇ ਬਾਬੇ ਜਵਾਹਰ ਸਿੰਘ ਕੋ ਭੀ ਕੁਰਸੀ ਪਰ ਬਠਾਇਆ। ਹੋਰ ਸਿੰਘ ਭੀ ਬਠਾਏ। ਮੰਗਲ ਸਿੰਘ ਸਰਦਾਰ ਸੀ, ਤਿਸਨੂੰ ਭੀ ਬਚਨ ਕੀਤਾ ਤੂੰ ਭੀ ਕੁਰਸੀ ਪਰ ਬੈਠ। ਕਹੇ ਕਿ ਮੈਂ ਨਹੀਂ ਬਹੂੰਗਾ ਕੁਰਸੀ ਪਰ ਸਤਿਗੁਰਾਂ ਕੇ ਸਾਮ੍ਹਣੇ। ਗੁਰੂ ਜੀ ਬਚਨ ਕੀਤਾ ਤੁਸੀਂ ਕਾਠ ਦੀ ਕੁਰਸੀ ਪਰ ਬੈਠਣਾ ਭੀ ਨਹੀਂ ਮੰਨਦੇ ਹੋ। ਮੁਕਰਦੇ ਜਾਂਦੇ ਹੋ। ਅੰਦਰੋਂ ਤਾਂ ਧੁਆਡਾ ਦਿਲ ਕਰਦਾ ਹੈ ਕੁਰਸੀਆਂ ਪਰ ਬੈਠਣੇ ਨੂੰ। ਜਦ ਮੈਂ ਕਹਿੰਦਾ ਹਾਂ ਤੇ ਮੇਰੇ ਸਾਹਮਣੇ ਨਹੀਂ ਬੈਂਹਦੇ ਹੋ। ਮੈਂ ਆਪਣੇ ਹੱਥੀਂ ਬਠਾਲਦਾ ਹਾਂ। ਤੁਸੀਂ ਕੁਰਸੀ ਥੀਂ ਡਰਦੇ ਹੋ। ਮੈਂ ਤੁਹਾਨੂੰ ਬੇਅੰਤ ਚੀਜ਼ਾਂ ਦੇਣੀਆਂ ਹੈਂ।"[20] ਬਾਬਾ ਜੱਸਾ ਸਿੰਘ ਜੀ ਦੇ ਨਾਲ ਹੋਰ ਸਿੰਘਾਂ ਦਾ ਭੀ ਸਨਮਾਨ ਸਤਿਗੁਰੂ ਜੀ ਕਰ ਰਹੇ ਸਨ।

ਸਤਿਗੁਰੂ ਜੀ 1871 ਈ. ਦੇ ਖੋਟਿਆਂ ਦੇ ਹੋਲੇ ਮਹੱਲੇ ਬਾਅਦ ਮਾਲਵੇ ਦਾ ਦੌਰਾ ਕਰਦੇ ਹੋਏ ਗੁੱਜਰਵਾਲ ਤੋਂ ਅੱਗੇ ਕਮਾਲਪੁਰੇ ਪੁੱਜੇ। ਇੱਥੇ ਬਾਬੇ ਜੱਸਾ ਸਿੰਘ ਹੋਰਾਂ ਦੀ ਦੇਹ ਢਿੱਲੀ ਹੋਣ ਕਾਰਨ ਦਰਸ਼ਨ ਦੇਣ ਦੀ ਬੇਨਤੀ ਕਰਦਾ ਇੱਕ ਸਿੰਘ ਪੁੱਜਿਆ। ਬਾਬਾ ਜੀ ਦੀ ਅਜਿਹੀ ਅਵਸਥਾ ਨੂੰ ਭਾਂਪਦਿਆਂ ਸਤਿਗੁਰੂ ਜੀ ਉੱਥੋਂ ਹੀ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾ ਜਾਂਦੇ ਹਨ। "ਰਾਮਦਾਸਪੁਰੇ ਸੇ ਸਿੰਘ ਭੇਜਿਆ। ਦੌਰੇ ਵਿੱਚ ਦਰਸ਼ਨ ਕੀਤਾ ਤੇ ਕਹਿਆ ਜੀ ਮੈਨੂੰ ਬਾਬੇ ਜੱਸਾ ਸਿੰਘ ਜੀ ਭੇਜਿਆ ਹੈ ਕਿ ਮੈਂ ਬੀਮਾਰ ਹਾਂ ਮੈਨੂੰ ਦਰਸ਼ਨ ਦੇ ਜਾਓ ਇੱਕ ਵਾਰੀ। ਦੀਨ ਦਿਆਲ ਜੀ ਸੰਗਤ ਕੋ ਬਚਨ ਕੀਤਾ- ਤੁਸੀਂ ਲੋਪੋ ਥੀਂ ਰੂਮੀਂ ਚਲੋ ਅਸੀਂ ਭੀ ਆਏ ਜਾਣੋਂ ਰੂਮੀਂ। ਸ੍ਰੀ ਸਤਿਗੁਰੂ ਜੀ ਅਸਵਾਰ ਹੋਇ ਕੇ ਚਲੇ ਚੀਨੀ ਪਰ ਚੜ੍ਹ ਕੇ। ਏਕ ਅਸਵਾਰ ਨਾਲ ਅੰਤਰ ਸਿੰਘ ਗੜਵਈ ਸੀ। ਸੰਗਤ ਨੂੰ ਬਚਨ ਕੀਤਾ- ਅਸੀਂ ਪਰਸੋਂ ਨੂੰ ਚਲ ਸੰਗਤ ਮੈ ਆਇ ਮਿਲਾਂਗੇ।"[21]

ਇਸ ਤਰ੍ਹਾਂ ਬਾਬਾ ਜੀ ਦੀ ਬੀਮਾਰ ਪੁਰਸੀ ਕਰਕੇ ਸਤਿਗੁਰੂ ਜੀ ਨੇ ਉਹਨਾਂ ਨੂੰ ਖੁਸ਼ੀਆਂ ਬਖਸ਼ੀਆਂ। ਇਹ ਬਾਬਾ ਜੀ ਦਾ ਸਨਮਾਨ ਸੀ ਕਿ ਸੁਨੇਹਾ ਸੁਣਦਿਆਂ ਹੀ ਸਤਿਗੁਰੂ ਜੀ ਦੌਰਾ ਵਿੱਚੋਂ ਛੱਡ ਕੇ ਤੁਰੰਤ ਉਹਨਾਂ ਪਾਸ ਸ੍ਰੀ ਭੈਣੀ ਸਾਹਿਬ ਪੁੱਜੇ। "ਰਾਮਦਾਸਪੁਰੇ ਸਾਹਿਬ ਮੈਂ ਆਏ। ਬਾਬੇ ਜੱਸਾ ਸਿੰਘ ਜੀ ਕੋ ਦਰਸ਼ਨ ਦਿਤਾ। ਪਰਸਪਰ ਫਤੇ ਬੁਲਾਈ। ਬਾਬੇ ਜੱਸਾ ਸਿੰਘ ਜੀ ਬਚਨ ਕੀਤਾ, ਪਿਛਲੀ ਗੱਲ ਨਾ ਹੋਵੇ ਤਲਵੰਡੀ ਵਾਲੀ ਤੇ ਅਯੁੱਧਿਆ ਵਾਲੀ। ਮੈਨੂੰ ਧੁਆਡਾ ਵਿਜੋਗ ਨਾ ਹੋਵੇ। ਜਦ ਮੈਂ ਚੜ੍ਹਾਂ ਤਾਂ ਤੁਸੀਂ ਦੋਵੇਂ ਭਾਈ ਮੇਰੇ ਕੋਲ ਹੀ ਰਹੋ। ਪੰਚਕਾਂ ਨਾ ਹੋਣ। ਅੰਤਰਜਾਮੀ ਗੁਰੂ ਜੀ ਬਚਨ ਕੀਤਾ- ਹੁਣ ਨਹੀਂ ਰਹਿਣਾ ਹੈ ਤੇਰੇ ਪਾਸ। ਪਰ ਧੁਆਡੇ ਚੜ੍ਹਨ ਕੇ ਵਕਤ ਆਇ ਜਾਵਾਂਗੇ।"[22]

14 ਜੂਨ 1871 ਦੀ ਰਾਤ ਨੂੰ ਨਾਮਧਾਰੀ ਸਿੰਘਾਂ ਨੇ ਅੰਮ੍ਰਿਤਸਰ ਦੇ ਬੁੱਚੜਖਾਨੇ ਤੇ ਹਮਲਾ ਕਰ ਕੇ ਗਊ ਘਾਤੀਆਂ ਨੂੰ ਸੋਧਿਆ ਸੀ। ਇਹ ਸਿੰਘ ਮੌਕੇ ਤੋਂ ਹਰਨ ਹੋ ਗਏ। ਬਾਅਦ ਵਿੱਚ ਪੁਲੀਸ ਨੇ ਮਾਰਕੁੱਟ, ਤਸ਼ੱਦਦ ਕਰ ਕੇ ਬਾਰਾਂ ਬੇਦੋਸ਼ਿਆਂ ਨੂੰ ਕਤਲਾਂ ਦੇ ਜੁਰਮ ਹੇਠ, ਝੂਠਾ ਇਕਬਾਲ ਕਰਾ ਕੇ ਚਲਾਨ ਕਰ ਦਿੱਤਾ। ਇਹ ਕੇਸ ਸੈਸ਼ਨ ਦੇ ਸਪੁਰਦ ਹੋਣ ਵਾਲਾ ਹੀ ਸੀ ਕਿ ਇਸ ਸਮੇਂ ਬੇਦੋਸ਼ਿਆਂ ਦੇ ਗਲੋਂ ਮੌਤ ਦੇ ਫੰਦੇ ਲੁਹਾਉਣ ਵਿੱਚ, ਬਾਬਾ ਜੱਸਾ ਸਿੰਘ ਅਹਿਮ ਭੂਮਿਕਾ ਨਿਬਾਹੁੰਦੇ ਹਨ।

"ਏਸ ਗੱਲ ਦੀ ਖ਼ਬਰ ਬਾਬਾ ਜੱਸਾ ਸਿੰਘ ਜੀ ਰਾਮਦਾਸਪੁਰੇ ਸਾਹਿਬ ਸੁਣੀਂ ਕਿ ਬਾਰਾਂ ਸਰੀਰਾਂ ਕੋ ਫਾਂਸੀ ਕਾ ਹੁਕਮ ਹੋਇਆ ਹੈ। ਬਾਬੇ ਦੇ ਵਿੱਚੋਂ ਦੀ

ਅਕਾਲ ਪੁਰਖ ਨੇ ਬੋਲਾ ਕੀਆ ਕਿ ਕਮਾਈ ਤਾਂ ਤੇਰੇ ਸਿੰਘਾਂ ਨੇ ਕੀਤੀ ਹੈ ਤੇ ਲੈ ਜਾਣਗੇ ਜਿਹੜੇ ਫਾਂਸੀ ਚੜ੍ਹਨਗੇ। ਸਭ ਕਹਿਣਗੇ ਨਿਹੰਗਾਂ ਨੇ ਵੱਢੇ ਹੈਨ ਬੁੱਚੜ। ਤੇਰੇ ਪੰਥ ਕਾ ਕਿਸੇ ਨਾਉਂ ਨਹੀਂ ਲੈਣਾ ਹੈ। ਵੱਢੇ ਤੇਰੇ ਸਿੰਘਾਂ ਨੇ ਹੈ ਤੇ ਫਾਂਸੀ ਨਿਹੰਗ ਤੇ ਬੇਗੁਨਾਹ ਦਿੱਤੇ ਜਾਣਗੇ। ਜਿੱਤੀ ਹੋਈ ਬਾਜੀ ਤੁਸੀਂ ਕਿਉਂ ਹਾਰਦੇ ਹੋ? ਜਿਨ੍ਹਾਂ ਨੇ ਕਾਰਨ ਕੀਤਾ ਹੈ ਸੋ ਤਾਂ ਤੇਰੇ ਸਿੰਘ ਹੈਂ। ਫ਼ਤਹਨਾਮਾ ਉਨ੍ਹਾਂ ਦੇ ਨਾਮ ਦਾ ਹੈ ਜੋ ਫਾਂਸੀ ਚੜ੍ਹਨਗੇ। ਤੇਰੇ ਪੰਥ ਦਾ ਨਾਂ ਕਿਸੇ ਨਹੀਂ ਲੈਣਾ ਹੈ ਕਿ ਗਊਆਂ ਵਾਸਤੇ ਸੀਸ ਦੀਏ ਹੈਂ। ਤਾਂ ਤੇ ਤੁਸੀਂ ਸਿੰਘਾਂ ਨੂੰ ਆਖੋ ਜਾ ਕੇ ਕਹਿਣ ਕਿ ਅਸੀਂ ਬੁੱਚੜ ਮਾਰੇ ਹੈਂ। ਜਿਹੜੇ ਲੋਕ ਮਾਰੀਦੇ ਹੈਂ ਉਹ ਭੀ ਛੁੱਟ ਜਾਣਗੇ। ਜੇ ਆਪਣੇ ਸਿੰਘ ਫਾਂਸੀ ਚੜ੍ਹਨ ਤਾਂ ਤੇਰੇ ਪੰਥ ਦੀ ਰਹਿ ਆਉਂਦੀ ਹੈ। ਜੇ ਉਹ ਬੇਗੁਨਾਹ ਲੋਕ ਫਾਂਸੀ ਦਿੱਤੇ ਗਏ ਤਾਂ ਤੁਸਾਂ ਕੇ ਸਿਰ ਉਨ੍ਹਾਂ ਕਾ ਪਾਪ।.... ਤਾਂ ਤੇ ਸਿੰਘਾਂ ਨੂੰ ਭੇਜੋ ਫਾਂਸੀ ਚੜ੍ਹਨ। ਤੇਰੇ ਪੰਥ ਕਾ ਜੱਸ ਹੋਵੇਗਾ ਕੇ ਨਾਮਧਾਰੀਆਂ ਨੇ ਸੀਸ ਦੀਏ ਹੈਂ ਗਊਆਂ ਨਮਿਤ। ਜੇਹੜੇ ਸਿੰਘ ਭਾਣੇ (ਅੰਮ੍ਰਿਤਸਰ ਸਾਕੇ) ਵਾਲੇ ਆਏ ਹੋਏ ਸੇ ਰਾਮਦਾਸਪੁਰੇ ਤਿਨ੍ਹਾਂ ਨੂੰ ਬਚਨ ਕੀਤਾ ਸਤਿਗੁਰੂ ਜੀ, ਜਾਵੋ ਸੀਸ ਦਿਓ। ਖੁਲੀਂ ਦਰਵਜੀਂ ਗੁਰੂ ਕੀ ਪੁਰੀ ਨੂੰ ਜਾਓਗੇ।"[23] ਭਾਈ ਬੀਹਲਾ ਸਿੰਘ, ਲਹਿਣਾ ਸਿੰਘ ਆਦਿਕ ਪੇਸ਼ ਹੋ ਕੇ ਇਕਬਾਲੀ ਹੋਏ ਤੇ ਬੇਦੋਸ਼ੇ ਛੁਡਾ ਕੇ ਆਪ ਜੂਝ ਗਏ।

ਸਤਿਗੁਰੂ ਜੀ ਨੇ ਪਰਦੇਸ ਗਮਨ ਤੋਂ 15-20 ਦਿਨ ਪਹਿਲਾਂ, "ਬਾਬਾ ਜੱਸਾ ਸਿੰਘ ਜੀ ਕੇ ਪਾਸ ਬੈਠ ਕੇ ਬਚਨ ਕੀਤਾ ਬਾਬਾ ਅਸੀਂ ਹੁਣ ਦੂਰ ਜਾਵਾਂਗੇ। ਬਾਬੇ ਜੀ ਬਚਨ ਕੀਤਾ ਮੈਨੂੰ ਭੀ ਲੈ ਚੱਲੋ ਨਾਲ। ਬਚਨ ਹੋਇਆ ਅਸੀਂ ਜ਼ਰੂਰ ਹੀ ਜਾਣਾ ਹੈ ਦੂਰ। ਬਾਬੇ ਜੀ ਬਚਨ ਕੀਤਾ ਮੈਨੂੰ ਕਦ ਦਰਸ਼ਨ ਹੋਊਗਾ? ਬਚਨ ਕੀਤਾ ਬਾਬਾ ਜਦ ਯਾਦ ਕਰੋਗੇ ਤਦ ਹੀ ਆ ਜਾਵਾਂਗਾ। ਬੁੱਧ ਸਿੰਘ ਤੇਰੇ ਪਾਸ ਰਹੇਗਾ। ਅਸਾਂ ਜਾਣਾ ਈ ਹੈ ਫੇਰ ਆਵਾਂਗੇ।"[24] ਸਤਿਗੁਰੂ ਜੀ ਦੇ ਦੁਖਦਾਈ ਵਿਛੋੜੇ ਦਾ ਪੂਰਬ ਅਹਿਸਾਸ ਬਾਬਾ ਜੱਸਾ ਸਿੰਘ ਜੀ ਨੂੰ ਤੰਗ ਪਰੇਸ਼ਾਨ ਕਰਨ ਵਾਲਾ ਸੀ। ਇੱਕ ਬਿਰਧ ਅਵਸਥਾ ਦੂਜਾ ਵਿਲੱਖਣ ਪ੍ਰਤਿਭਾ ਦੇ ਸੁਆਮੀ, ਪ੍ਰਾਣਾਂ ਤੋਂ ਪਿਆਰੇ ਪੁੱਤਰ ਦੇ ਹਿਜਰ ਵਿਛੋੜੇ ਦਾ ਸੱਲ। ਸ਼ਾਹ ਹੁਸੈਨ ਦੇ ਸ਼ਬਦਾਂ ਵਿੱਚ-

"ਮਾਏ ਨੀ ਮੈਂ ਕੈਹਨੂੰ ਆਖਾਂ, ਦਰਦ ਵਿਛੋੜੇ ਦਾ ਹਾਲ।

ਧੂਆਂ ਧੁਖੇ ਮੇਰੇ ਮੁਰਸ਼ਦ ਵਾਲਾ, ਜਦ ਫੋਲਾਂ ਤਾਂ ਲਾਲ।"

ਤੇ ਓੜਕ 17 ਜਨਵਰੀ 1872 ਈ. ਦੀ ਉਹ ਡੂੰਘੀ ਸ਼ਾਮ, ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਲਈ ਉਹਨਾਂ ਨੂੰ ਲੁਧਿਆਣੇ ਸੱਦ

ਭੇਜਿਆ। ਸੰਗਤ ਅਤੇ ਪਰਵਾਰ ਦੇ ਜੀਅ ਵੈਰਾਗ ਮੂਰਤ ਬਣੇ ਹੋਏ ਸਨ। ਪੁਰਾਣ ਕਥਾਵਾਂ ਦੇ ਹਵਾਲੇ ਨਾਲ, ਸਤਿਗੁਰੂ ਜੀ ਬਾਬਾ ਜੱਸਾ ਸਿੰਘ ਜੀ ਦਾ ਮਨ ਟਿਕਾ ਰਹੇ ਹਨ। "ਬਾਬੇ ਜੱਸਾ ਸਿੰਘ ਨੂੰ ਬਚਨ ਕੀਤਾ ਬਾਬਾ ਦਸਰਥ ਵਾਲੀ ਭਾਵੀ ਯਾਦ ਰਖਣੀ। ਕਮਰਕੱਸਾ ਕੀਤਾ ਹੈ ਦੁਸ਼ਟਾਂ ਕੇ ਖੈ ਕਰਨੇ ਕੋ, ਸੰਤਾਂ ਕੀ ਜੈ ਕਰਨੇ ਕੋ। ਬਾਬੇ ਜੱਸਾ ਸਿੰਘ ਨੇ ਅਰਜ਼ ਕੀਤੀ ਜੀ ਮੇਰਾ ਜਦੋਂ ਅੰਤ ਹੋਵੇ ਆਪ ਕੋਲ ਹੋਵੋ। ਦਾਹ ਮਨਸਾ ਰਾਮ ਦੀ ਸਮਾਧ ਕੋਲ ਹੋਵੇ ਤੇ ਪੰਚਕਾਂ ਨਾ ਹੋਵਣ।"[25]

"ਬਾਬੇ ਜੱਸਾ ਸਿੰਘ ਜੀ ਕੋ ਭੀ ਮਰਨਾ ਯਾਦ ਰਹਿੰਦਾ ਸੀ। ਖੱਫਣ ਕਾ ਬਸਤਰ ਅਗਾਊਂ ਬਣਾਇਕੇ ਰੱਖ ਦੀਆ ਹੈਸੀ।"[26]

"ਦੋ ਕੁ ਬਰਸ ਸ੍ਰੀ ਸਤਿਗੁਰੂ ਜੀ ਗਇਆਂ ਨੂੰ ਹੋਏ। ਇੱਕ ਰਾਤ ਬਾਬੇ ਜੱਸਾ ਸਿੰਘ ਕੇ ਦ੍ਰਿਸਟਾਨ ਮੇਂ ਦੋਨੋ ਭਾਈ, ਸਤਿਗੁਰੂ ਰਾਮ ਸਿੰਘ ਜੀ ਤੇ ਮਹਾਰਾਜ ਬੁੱਧ ਸਿੰਘ ਜੀ, ਇਸ਼ਨਾਨ ਕਰਾਇਕੇ ਰਥ ਉਤੇ ਚੜ੍ਹਾਇ ਕੇ ਗੁਪਤ ਹੋਇ ਗਏ। ਬਾਬੇ ਦੇ ਨੇਤਰ ਖੁੱਲ੍ਹ ਗਏ। ਬਾਬੇ ਜੀ ਨੇ ਬਚਨ ਕੀਤਾ ਸਾਨੂੰ ਤਾਂ ਚਲਾਣਿਆ ਦਾ ਹੁਕਮ ਹੈ। ਅੱਜ ਅੰਮ੍ਰਿਤ ਵੇਲੇ ਮੈਨੂੰ ਦੋਇ ਭਾਈ ਇਸ਼ਨਾਨ ਕਰਾਇਕੇ ਰਥ ਪਰ ਚਾੜ੍ਹ ਕੇ ਗੁਪਤ ਹੋਇ ਗਏ ਹੈਂ। ਅਗਲੀ ਰਾਤ ਬਾਬਾ ਜੱਸਾ ਸਿੰਘ ਜੀ ਬਚਨ ਕੀਤਾ ਦੇਖੋ ਸਤਿਗੁਰੂ ਜੀ ਬੈਠੇ ਹੈਂ ਮੈਨੂੰ ਦਿਸਦੇ ਹੈਂ। ਏਕ ਸਮੇਂ ਬਾਬੇ ਜੱਸਾ ਸਿੰਘ ਨੇ ਸਤਿਗੁਰੂ ਜੀ ਅਗੇ ਅਰਜ਼ ਕੀਤੀ ਸੀ ਜਦ ਮੇਰਾ ਅੰਤ ਸਮਾਂ ਹੋਵੇ ਤੁਸੀਂ ਕੋਲ ਹੋਵੇ। ਬਾਬੇ ਜੀ ਦੀ ਮੰਗ ਪੂਰੀ ਕਰਨ ਵਾਸਤੇ ਦਰਸ਼ਨ ਦੇ ਰਹੇ ਹੈਂ। ਸਵਾ ਪਹਿਰ ਰਾਤ ਨਾਲ ਬਾਬੇ ਜੱਸਾ ਸਿੰਘ ਜੀ ਕਾ ਇਸ਼ਨਾਨ ਕਰਾਇਆ। ਮੰਜੇ ਪਰ ਬੈਠੇ ਈ ਬਾਬਾ ਜੀ ਸਮਾਇ ਗਏ। ਬਬਾਨ ਪਰ ਚੜ੍ਹਕੇ ਗੁਰੂ ਜੀ ਕੀ ਪੁਰੀ ਕੋ ਗਏ। ਏਕ ਸਿੰਘ ਨੇ ਹੱਥ ਲਾਇਕੇ ਬਾਬਾ ਜੀ ਨੂੰ ਦੇਖਿਆ ਪ੍ਰਾਨ ਹੈ ਨਹੀਂ, ਦੇਹ ਕਰਕੇ ਬੈਠੇ ਹੈਂ।...

ਦਿਨ ਚੜ੍ਹੇ ਸੇ ਰਾਮਸਰ ਦਾਹ ਕਰਨੇ ਕੀ ਤਿਆਰੀ ਕੀਤੀ। ਚਿਖਾ ਚਿਨੀ ਹੋਈ ਸੀ। ਪਿੰਡ ਦੇ ਨੰਬਰਦਾਰ ਨੇ ਕਿਹਾ ਰਾਮਸਰ ਨਹੀਂ ਫੂਕਨ ਦਿਆਂਗੇ। ਪਿੰਡ ਕੇ ਮਸਾਣਾਂ ਮੈਂ ਫੂਕੋ। ਸਾਡੇ ਖੇਤਾਂ ਮੈਂ ਹੱਡੀਆਂ ਦਾਣਿਆਂ ਮੈਂ ਰੁਲਦੀਆਂ ਹੈ। ਅਸੀਂ ਨਹੀਂ ਏਥੇ ਫੂਕਨ ਦਿਆਂਗੇ।"

"ਜਿਸ ਬਖਤ ਬਾਬਾ ਜੀ ਚੜ੍ਹਾਈ ਕਰਨ ਲਗੇ ਉਸ ਬਖਤ ਬਾਬੇ ਜੀ ਕੇ ਕੋਲ ਇੱਕ ਸਿੰਘ ਸੀ। ਬਾਬੇ ਜੀ ਬਚਨ ਕੀਤਾ ਸੀ ਕਿ ਮੈਨੂੰ ਮਨਸਾ ਰਾਮ ਕੀ ਸਮਾਧ ਕੋਲ ਦਾਹ ਕਰਨਾ। ਬਾਬੇ ਜੱਸਾ ਸਿੰਘ ਜੀ ਕਾ ਵਾਕ ਪੂਰਾ ਹੋਣੇ ਕੇ ਵਾਸਤੇ ਪਿੰਡ ਦਿਆਂ ਕਿ ਬੁਰਾ ਦੇਣਾ ਸੀ। ਸੀਹੇਂ ਸੁੱਖੂ ਹੋਰਾਂ ਨੇ ਨਾਂਹ

ਕੀਤੀ ਕੇ ਅਸੀਂ ਆਪਣੇ ਖੇਤਾਂ ਮੈਂ ਦਾਹ ਨਹੀਂ ਹੋਣ ਦਿੰਦੇ। ਚਿਖਾ ਚਿਨੀ ਹੋਈ ਬੰਦ ਕਰਵਾਈ। ਮਹਾਰਾਜ ਜੀ ਸਿੰਘ ਭੇਜਿਆ ਰਾਈਆਂ ਮੈਂ। ਉਸ ਸਾਧ ਨੇ ਕਿਹਾ ਲੈ ਆਓ। ਲੱਕੜੀਆਂ ਸੁੱਟੀਆਂ ਤੇ ਬਾਬੇ ਜੀ ਕੋ ਮਨਸਾ ਰਾਮ ਕੀ ਸਮਾਧ (ਪਿੰਡ ਰਾਈਆਂ) ਕੋਲ ਜਾਇ ਦਾਹ ਕੀਤਾ, ਚੜ੍ਹਦੇ ਪਾਸੇ ਸਮਾਧ ਦੇ।"[27]

ਮਹਾਰਾਜ ਬੁੱਧ ਸਿੰਘ ਜੀ ਨੇ ਜ਼ਿਲ੍ਹੇ ਵਿੱਚ ਅਰਜੀ ਦੇ ਕੇ ਬਾਬਾ ਜੀ ਨਮਿਤ ਆਦਿ ਗੁਰੂ ਗਰੰਥ ਸਾਹਿਬ ਦੇ ਪਾਠਾਂ ਦੀ ਮਨਜ਼ੂਰੀ ਲਈ। ਦੁਆਬੇ ਵਿੱਚੋਂ ਰਾਗੀ ਸੱਦੇ। ਦੋ ਸਾਲ ਬਾਅਦ ਸੁਬਹਾ ਸ਼ਾਮ ਕੀਰਤਨ ਹੋਣ ਲੱਗਾ, 1874 ਦੇ ਜਨਵਰੀ ਫਰਵਰੀ ਵਿੱਚ। ਬਾਬਾ ਜੀ ਦਾ ਭੋਗ ਮੇਲਾ ਜਿਤਨਾ ਕੁ ਸੰਭਵ ਸੀ ਸੰਪੰਨ ਹੋਇਆ, ਸਰਕਾਰੀ ਰੋਕਾਂ ਕਾਰਨ। ਇੱਕ ਹੁਕਮਨਾਮੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਲਿਖਿਆ ਸੀ ਕਿ ਰਾਮਸਰ ਤੇ ਸਾਡੇ ਪਿਤਾ ਜੀ ਦਾ ਸਸਕਾਰ ਹੋਣੋਂ ਰੋਕ ਕੇ, ਲੋਕਾਂ ਨੇ ਮਾੜਾ ਕੀਤਾ ਹੈ। ਜਦੋਂ ਕਿ ਹੋਰ ਸਿਵੇ ਵੀ ਇੱਥੇ ਬਲਦੇ ਸਨ। ਇੱਕ ਅੰਨ੍ਹਾ ਪੁਰਖ ਜਿਹੜਾ ਆਪਣੀ ਉਮਰ ਵਿੱਚ ਸ਼ੈਤਾਨ ਸਮਝਿਆ ਜਾਂਦਾ ਸੀ, ਉਹਦਾ ਸਸਕਾਰ ਤਾਂ ਇੱਥੇ ਹੋਇਆ, ਪਰ ਸਾਧ ਸਰੂਪ ਸਾਡੇ ਪਿਤਾ ਦਾ ਸਸਕਾਰ ਨਹੀਂ ਹੋਣ ਦਿੱਤਾ।[28]

ਜਨਵਰੀ 1875 ਵਿੱਚ ਰੰਗੂਨ ਦਰਸ਼ਨ ਕਰਨ ਗਏ ਬਾਬਾ ਦਰਬਾਰਾ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਦੱਸਿਆ ਸੀ ਕਿ ਉਹਨਾਂ ਪਾਸ ਬਾਬਾ ਜੱਸਾ ਸਿੰਘ ਦੇ ਚਲਾਣੇ ਦੀ ਖ਼ਬਰ ਆ ਗਈ ਸੀ।[29] ਬਾਬਾ ਜੀ ਦੇ ਜੀਵਨ ਦੇ ਪਿਛਲੇ ਦੋ ਸਾਲ ਗੁਰੂ ਜੀ ਦੇ ਵਿਓਗ ਵਿੱਚ ਹੀ ਬਤੀਤ ਹੋਏ। ਬੇਸ਼ਕ ਮਹਾਰਾਜ ਬੁੱਧ ਸਿੰਘ ਜੀ ਤੇ ਹੋਰ ਸਿੰਘ ਉਹਨਾਂ ਦੀ ਸੁਖ ਸੁਵਿਧਾ ਦਾ ਪੂਰਾ ਧਿਆਨ ਰੱਖਦੇ ਸਨ। ਮਹਾਰਾਜ ਬੁੱਧ ਸਿੰਘ ਜੀ ਨੇ ਤਾਂ ਲਿਖਾਰੀ ਬਾਹੋਵਾਲ ਨੂੰ ਦੱਸਿਆ ਸੀ ਕਿ ਜਦੋਂ ਤੋਂ ਉਹ ਕਿਸਾਨੀ ਅਤੇ ਦਸਤਕਾਰੀ ਦੇ ਕੰਮ ਵਿੱਚ ਤਾਕ ਹੋ ਗਏ ਸਨ ਫਿਰ ਉਹਨਾਂ ਨੇ ਕਦੇ ਵੀ ਬਾਬਾ ਜੱਸਾ ਸਿੰਘ ਜੀ ਨੂੰ ਹੱਥੀਂ ਕੰਮ ਨਹੀਂ ਕਰਨ ਦਿੱਤਾ ਸੀ। ਪੰਜਾਬ ਦੇ ਇਤਿਹਾਸ ਵਿੱਚ ਦੋ ਸੁਤੰਤਰਤਾ ਸੰਗਰਾਮੀ ਸਪੁੱਤਰਾਂ ਦੇ ਪਿਤਾ ਹੋਣ ਦੇ ਨਾਤੇ, ਬਾਬਾ ਜੱਸਾ ਸਿੰਘ ਜੀ ਦਾ ਅਹਿਮ ਸਥਾਨ ਹੈ। ਉਹਨਾਂ ਦੀ ਜੀਵਨ ਸੰਗਣੀ, ਮਾਤਾ ਸਦਾ ਕੌਰ, ਜਨਵਰੀ 1872 ਵਿੱਚ ਸਮਾ ਗਏ ਸਨ। ਕੂਕਾ- ਲਹਿਰ ਵਿੱਚ ਬਾਬਾ ਜੀ ਦਾ ਯੋਗਦਾਨ ਵਡਮੁੱਲਾ ਹੈ।

## –ਹਵਾਲੇ ਤੇ ਟਿੱਪਣੀਆਂ–

1. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ (ਸੰ. ਜਸਵਿੰਦਰ ਸਿੰਘ), ਸਫਾ 237

2. ਉਹੀ, ਸਫਾ 39

3. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪਹਿਲਾ (ਸੰ. ਜਸਵਿੰਦਰ ਸਿੰਘ), ਸਫਾ 97

4. ਉਹੀ, ਸਫਾ 98

5. ਉਹੀ, ਸਫਾ 99-100

6. ਉਹੀ, ਸਫਾ 102

7. ਉਹੀ, ਸਫਾ 113

8. ਉਹੀ, ਸਫਾ 127

9. ਉਹੀ, ਸਫਾ 129

10. ਉਹੀ, ਸਫਾ 136

11. ਉਹੀ, ਸਫਾ 137

12. ਉਹੀ, ਸਫਾ 144

13. ਉਹੀ, ਸਫਾ 183

14. ਉਹੀ, ਸਫਾ 269

15. ਉਹੀ, ਸਫਾ 270

16. ਉਹੀ, ਸਫਾ 283

17. ਉਹੀ, ਸਫਾ 291

18. ਉਹੀ, ਸਫਾ 327

19. ਉਹੀ, ਸਫਾ 329

20. ਉਹੀ, ਸਫਾ 335

21. ਉਹੀ, ਸਫਾ 385

22. ਉਹੀ, ਸਫਾ 386

23. ਉਹੀ, ਸਫਾ 427-28

24. ਉਹੀ, ਸਫਾ 452

25. ਉਹੀ, ਸਫਾ 483

26. ਉਹੀ, ਸਫਾ 455

27. ਸਤਿਗੁਰੂ ਬਿਲਾਸ (ਭਾਗ ਦੂਜਾ), ਸਫਾ 39-40

28. ਕੂਕਾ ਮੂਵਮੈਂਟ, ਫਰੀਡਮ ਸਟ੍ਰਗਲ ਇਨ ਪੰਜਾਬ (ਸੰ. ਜਸਵਿੰਦਰ ਸਿੰਘ), ਸਫਾ 49

29. ਸਤਿਗੁਰੂ ਬਿਲਾਸ (ਭਾਗ ਦੂਜਾ), ਸਫਾ 46

❊

# ਗੁਰੂ ਜਨਨੀ ਮਾਤਾ ਸਦਾ ਕੌਰ

ਬਸਤੀਵਾਦੀ ਗੁਲਾਮੀ ਦੇ ਸੰਗਲ ਕੱਟਣ ਦੀ ਜੁਗਤ ਦੱਸਣ ਵਾਲੇ, ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਲੋਪ ਹੋ ਗਈ ਸਿੱਖੀ ਨੂੰ ਪੰਜਾਬ ਵਿੱਚ ਮੁੜ ਸੁਰਜੀਤ ਕਰਨ ਵਾਲੇ ਮਹਾਂ ਨਾਇਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵਿਸ਼ੇ ਵਿਕਾਰਾਂ ਅਤੇ ਥੋਥੇ ਰਸਮਾਂ ਰਿਵਾਜਾਂ ਵਿੱਚ ਫਾਥੇ ਲੋਕਾਂ ਦੇ ਮੁਕਤੀ ਦਾਤਾ ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ। ਪੰਜਾਬ ਦੇ ਸੁਤੰਤਰਤਾ ਸੰਗਰਾਮ ਦੀ ਗਾਥਾ ਵੀ ਪਹਿਲੋਂ ਪਹਿਲ ਆਪ ਜੀ ਦੀ ਪਾਵਨ ਹਸਤੀ ਦੇ ਜਲੌਅ ਵਿੱਚ ਰੂਪਮਾਨ ਹੁੰਦੀ ਨਜ਼ਰ ਆਉਂਦੀ ਹੈ। ਜੇ ਸਤਿਗੁਰੂ ਜੀ ਆਪਣੇ ਸਮੇਂ ਵਿੱਚ ਆਪਣੀਆਂ ਮਹਾਨ ਕਰਨੀਆਂ ਸਦਕਾ ਸੂਰਜ ਵੱਤ ਰੋਸ਼ਨ ਹੋ ਗਏ ਸਨ ਤਾਂ ਉਹ ਮਾਤਾ ਕਿਤਨੀ ਵਡਭਾਗੀ ਹੋਵੇਗੀ ਜਿਸਦੀ ਗੋਦੀ ਵਿੱਚ ਆਪ ਬਾਲ ਰੂਪ ਵਿੱਚ ਪਲੇ ਸਨ।ਦੁਨਿਆਵੀ ਨਾਤੇ ਵਿੱਚ ਉਸ ਮਹਾਨ ਮਾਤਾ ਨੂੰ ਮਾਤਾ ਸਦਾ ਕੌਰ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸ ਦੁਆਰਾ ਆਪਣੇ ਇਸ ਅਨੋਖੇ ਬਾਲ ਨੂੰ ਦਿੱਤੀ ਸੁੰਦਰ ਦਿਸ਼ਾ ਅਤੇ ਤਰਬੀਅਤ ਨੇ ਉਹਨਾਂ ਨੂੰ ਉੱਚ ਚਰਿੱਤਰ ਅਤੇ ਦ੍ਰਿੜ ਇੱਛਾ ਸ਼ਕਤੀ ਦਾ ਮੁਜੱਸਮਾ ਬਣਾ ਦਿੱਤਾ।

ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀ ਲਿਖਤ ਮੁਤਾਬਿਕ, ਮਾਤਾ ਸਦਾ ਕੌਰ ਜੀ ਦਾ ਪਰਿਵਾਰ ਗੁਰੂ ਕਾਲ ਦੇ ਸਮੇਂ ਤੋਂ ਹੀ ਗੁਰਸਿੱਖੀ, ਗੁਰਬਾਣੀ ਅਤੇ ਸਿੱਖੀ ਜੀਵਨ ਜਾਚ ਨਾਲ ਜੁੜਿਆ ਹੋਇਆ ਸੀ। ਛੇਵੇਂ ਸਤਿਗੁਰੂ ਜੀ ਦੇ ਸਮੇਂ, ਭਾਈ ਧੂਮਾਂ, ਭਾਈ ਕੂਮਾਂ ਅਤੇ ਭਾਈ ਬਸਾਲਾ, ਗੁਰੂ ਦਰਬਾਰ ਵਿੱਚ ਕੀਰਤਨ ਕਰਿਆ ਕਰਦੇ ਸਨ। ਇਹ ਰਾਮਗੜ੍ਹੀਆ ਭਾਈਚਾਰੇ ਦੇ ਸੋਖੀ ਗੋਤ ਅਤੇ ਉਟਾਲਾਂ ਪਿੰਡ ਨਜ਼ਦੀਕ ਸਮਰਾਲਾ (ਲੁਧਿਆਣਾ) ਦੇ ਰਹਿਣ ਵਾਲੇ ਸਨ। ਇਹਨਾਂ ਵਿੱਚੋਂ ਭਾਈ ਧੂਮਾਂ ਦਾ ਵੰਸ਼ਿਜ ਬਹਾਲਾ ਸੀ। ਇਸ ਦੀ ਸ਼ਾਦੀ ਰਾਜੇ ਆਣੇ ਰੌਣੇ ਦੀ ਲੜਕੀ ਬੀਬੀ ਖੀਵੀ ਨਾਲ ਹੋਈ। ਇਸ ਵਿਆਹ ਤੋਂ ਪਹਿਲਾਂ ਜਾਂ ਬਾਅਦ ਵਿੱਚ ਬਹਾਲਾ ਡੇਹਲੋਂ ਦੇ ਨਜ਼ਦੀਕ ਨੰਗਲ (ਲੁਧਿਆਣਾ) ਪਿੰਡ ਵਿੱਚ ਆ ਗਿਆ ਸੀ। ਇਸ ਦੇ ਵੰਸ਼ਿਜ ਹਜ਼ੂਰਾ ਸਿੰਘ ਦੇ ਘਰ, ਇਕ ਪੁੱਤਰੀ ਸਦਾ ਕੌਰ ਅਤੇ ਇਕ ਹੀ ਪੁੱਤਰ ਹਰੀ ਸਿੰਘ ਨੇ ਜਨਮ ਲਿਆ।[1] ਹਰੀ ਸਿੰਘ ਹੱਥਾਂ ਦਾ ਸੁਚੱਜਾ ਕਾਰੀਗਰ ਅਤੇ ਉੱਦਮੀ ਵਿਅਕਤੀ ਸੀ। ਉਸ ਨੇ ਲੁਧਿਆਣੇ ਸ਼ਹਿਰ ਵਿੱਚ ਆਪਣਾ ਟਿਕਾਣਾ ਬਣਾ ਲਿਆ। ਜਿਸ ਕੰਮ ਨੂੰ ਹੱਥ ਪਾਉਂਦਾ ਸਫਲ ਹੁੰਦਾ। ਇਉਂ ਉਸਦਾ ਵਧੀਆ ਗੁਜ਼ਾਰਾ ਹੋਣ ਲੱਗਾ। ਹਰੀ ਸਿੰਘ ਦਾ ਲੜਕਾ ਖਜ਼ਾਨ ਸਿੰਘ ਸੀ ਜਿਸ ਨੂੰ

ਰਾਜਗੀਰੀ ਵਿੱਚ ਨਿਪੁੰਨ ਕਰ ਕੇ, ਠੇਕੇਦਾਰੀ ਦੇ ਗੁਰ ਸਿਖਾ ਦਿੱਤੇ ਗਏ।

ਹਰੀ ਸਿੰਘ ਦੀ ਭੈਣ ਬੀਬੀ ਸਦਾ ਕੌਰ ਦੀ ਸ਼ਾਦੀ ਉਸ ਸਮੇਂ ਦੇ ਰਿਵਾਜ ਅਨੁਸਾਰ ਭੈਣੀ-ਰਾਈਆਂ ਪਿੰਡ (ਲੁਧਿਆਣਾ) ਦੇ ਲੱਧਾ ਸਿੰਘ ਦੇ ਪੁੱਤਰ ਜੱਸਾ ਸਿੰਘ ਨਾਲ ਕਰ ਦਿੱਤੀ ਗਈ ਸੀ। ਮੁਟਿਆਰ ਹੋਣ ਤੇ ਮੁਕਲਾਵੇ ਦੀ ਰਸਮ ਕੀਤੀ ਗਈ। ਗੁਰੂ ਹਰੀ ਸਿੰਘ ਜੀ ਦੇ ਦੱਸਣ ਮੁਤਾਬਿਕ ਚਲਾਣੇ ਸਮੇਂ ਬਾਬਾ ਜੱਸਾ ਸਿੰਘ ਜੀ ਦੀ ਉਮਰ 90 ਸਾਲ ਸੀ।[2] ਬਾਬਾ ਜੀ ਦਾ ਦੇਹਾਂਤ 1874 ਈ. ਵਿੱਚ ਹੋਇਆ ਸੀ। ਇਸ ਹਿਸਾਬ ਆਪ ਦਾ ਜਨਮ 1784 ਈ. ਦਾ ਬਣਦਾ ਹੈ। ਮਾਤਾ ਸਦਾ ਕੌਰ ਜੀ ਆਪ ਤੋਂ ਕੁਝ ਵਰ੍ਹੇ ਛੋਟੇ ਸਨ। ਸੋ ਉਹਨਾਂ ਦਾ ਜਨਮ ਅਨੁਮਾਨਿਤ 1790 ਈ. ਹੈ। ਸੰਨ 1810 ਈ. ਵਿੱਚ ਆਪ ਦੇ ਘਰ ਵੱਡੀ ਪੁੱਤਰੀ ਸਾਹਿਬ ਕੌਰ ਪੈਦਾ ਹੋਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਬਸੰਤ ਪੰਚਮੀ ਦੀ ਰਾਤ, 3 ਫਰਵਰੀ 1816 ਈ. ਨੂੰ ਅਤੇ ਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਆਪ ਦੇ ਉਦਰ ਥੀਂ ਅੱਸੂ ਦੇ ਤੀਜੇ ਨਰਾਤੇ 1876 ਬਿ. ਮੁਤਾਬਿਕ 22 ਸਤੰਬਰ 1819 ਈ. ਨੂੰ ਹੋਇਆ। ਬੁੱਧਵਾਰ ਦਾ ਦਿਨ ਹੋਣ ਕਾਰਨ ਛੋਟੇ ਬਾਲਕ ਦਾ ਨਾਮ ਬੁੱਧ ਸਿੰਘ ਰੱਖਿਆ ਗਿਆ। ਸੰਨ 1813 ਈ. ਵਿੱਚ ਇਕ ਪੁੱਤਰੀ ਮਾਨ ਕੌਰ ਨੇ ਵੀ ਜਨਮ ਲਿਆ। ਸਾਡੇ ਇਤਿਹਾਸ ਵਿੱਚ ਵੱਡੀ ਪੁੱਤਰੀ ਸਾਹਿਬ ਕੌਰ ਦੇ ਕਿਲ੍ਹਾ ਰਾਇਪੁਰ (ਲੁਧਿਆਣਾ) ਦੇ ਸ੍ਰ. ਕਾਬਲ ਸਿੰਘ ਨਾਲ ਵਿਆਹੇ ਜਾਣ ਦਾ ਹੀ ਜ਼ਿਕਰ ਮਿਲਦਾ ਹੈ। ਦੂਸਰੀ ਬੀਬੀ ਬਾਰੇ ਕੋਈ ਠੋਸ ਜਾਣਕਾਰੀ ਨਹੀਂ ਮਿਲਦੀ। ਬੀਬੀ ਮਾਨ ਕੌਰ ਦਾ ਕੁਝ ਲੇਖਕਾਂ ਨੇ ਨਾਮ ਰਾਮ ਕੌਰ ਵੀ ਲਿਖਿਆ ਹੈ।

"(ਸਤਿਗੁਰੂ) ਰਾਮ ਸਿੰਘ ਜੀ ਨੂੰ ਵੀ ਸ਼ਿਵਾ ਜੀ ਦੇ ਬਚਪਨ ਵਾਂਗੂੰ ਹੀ ਆਪਣੀ ਮਾਤਾ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ। ਮਾਤਾ ਜੀ ਨੇ ਉਹਨਾਂ ਦੀ ਪਰਵਰਿਸ਼ ਸਿੱਖੀ ਦੀ ਆਤਮਿਕ ਰੰਗਣ, ਸਿੱਖ ਧਰਮ ਅਤੇ ਇਤਿਹਾਸ ਦੀਆਂ ਮਹਾਨ ਪਰੰਪਰਾਵਾਂ ਦੇ ਮੁਤਾਬਿਕ ਕੀਤੀ। ਮਾਤਾ ਜੀ ਤੋਂ ਹੀ ਆਪ ਨੇ ਪੰਜਾਬੀ ਭਾਸ਼ਾ ਦੇ ਗੁਰਮੁਖੀ ਲਿੱਪੀ ਵਿੱਚ ਲਿਖੇ ਅੱਖਰਾਂ ਦਾ ਗਿਆਨ ਹਾਸਲ ਕੀਤਾ। ਉਹਨਾਂ ਤੋਂ ਹੀ ਸਿੱਖ ਧਰਮ ਦੇ ਪਵਿੱਤਰ ਗਰੰਥਾਂ, ਗੁਟਕਿਆਂ, ਗੁਰਬਾਣੀ ਆਦਿ ਦੇ ਪਹਿਲੇ ਪਾਠਾਂ ਦੀ ਸੰਥਾ ਲਈ ਸੀ। ਮਾਤਾ ਜੀ ਬੱਚਿਆਂ ਨੂੰ ਗੁਰੂ ਸਾਹਿਬਾਨ ਅਤੇ ਭਗਤ ਜਨਾਂ ਦੀਆਂ ਸਾਖੀਆਂ ਵੀ ਅਕਸਰ ਹੀ ਸੁਣਾਇਆ ਕਰਦੇ ਸਨ। ਇਹਨਾਂ ਸਾਖੀਆਂ ਦੀ ਉਹਨਾਂ ਦੇ ਗ੍ਰਹਿਣਸ਼ੀਲ ਦਿਮਾਗ ਤੇ ਅਮਿੱਟ ਛਾਪ ਉੱਕਰੀ ਜਾਂਦੀ ਸੀ ਅਤੇ ਉਹ ਵੀ ਰੋਜ਼ਾਨਾ ਦੀ ਧਾਰਮਿਕ ਮਰਿਆਦਾ ਨਿਬਾਹੁਣ ਵਿੱਚ ਆਪਣੀ ਮਾਤਾ ਜਿਉਂ ਹੀ ਤਤਪਰ ਹੋ ਗਏ।[3]

ਭਾਈ ਸੰਤੋਖ ਸਿੰਘ ਬਾਹੋਵਾਲ ਸਤਿਗੁਰੂ ਜੀ ਦੇ ਬਾਲਪਣ ਦੇ ਕਈ ਕੌਤਕ ਵੀ ਆਪਣੇ ਗ੍ਰੰਥ ਵਿੱਚ ਦਰਜ ਕਰ ਗਏ ਹਨ। ਜਦੋਂ ਸਤਿਗੁਰੂ ਜੀ ਸੱਤ ਕੁ ਮਹੀਨਿਆਂ ਦੇ ਸਨ ਤਾਂ ਮਾਤਾ ਸਦਾ ਕੌਰ ਆਪ ਨੂੰ ਲੈ ਕੇ ਕੁਝ ਸਮਾਂ ਪੇਕੇ ਕੱਟਣ ਵਾਸਤੇ ਨੰਗਲੀਂ ਆਏ ਸਨ। ਮਾਤਾ ਜੀ ਤੋਂ ਪੰਦਰਾਂ ਵੀਹਾਂ ਦਿਨਾਂ ਬਾਅਦ ਬਾਬਾ ਜੱਸਾ ਸਿੰਘ ਵੀ ਪੁੱਤਰ ਦੇ ਮਗਰ ਹੀ ਸਹੁਰੇ ਪਿੰਡ ਆ ਗਏ। ਇਕ ਦੋ ਦਿਨ ਠਹਿਰ ਕੇ ਬਾਬਾ ਜੀ ਨੇ ਆਪਣੀ ਸੱਸ ਖੇਮ ਕੌਰ ਨੂੰ ਕਿਹਾ ਕਿ ਸਦਾ ਕੌਰ ਤੇ ਕਾਕੇ ਨੂੰ ਤਿਆਰ ਕਰ ਦਿਉ। ਨਾਨੀ ਨੇ ਕਿਹਾ ਮੈਂ ਤਾਂ ਤਾਂ ਤੋਰਾਂਗੀ ਜਾਂ ਕਾਕਾ ਡਿੰਗ (ਕਦਮ) ਭਰਨ ਲਗੇਗਾ। ਅੰਤਰਜਾਮੀ ਗੁਰੂ ਜੀ ਬਾਬੇ ਜੱਸਾ ਸਿੰਘ ਜੀ ਦਾ ਸੰਕਲਪ ਜਾਣ ਕੇ ਬਲ ਧਾਰ ਕੇ ਉੱਠ ਖੜ੍ਹੇ ਹੋਏ, ਪਾਂਚ ਕਦਮ ਆਗੇ ਕੋ ਤੁਰੇ। ਬਾਬੇ ਜੱਸਾ ਸਿੰਘ ਜੀ ਬਚਨ ਕੀਤਾ ਲਵੋ ਤੁਰਨੋ ਭੀ ਲਗ ਪਏ ਹੈਂ। ਦੇਖ ਕੇ ਸਾਰਾ ਪਰਵਾਰ ਅਸਚਰਜ ਰਹੇ। ਬਾਬਾ ਜੱਸਾ ਸਿੰਘ ਜੀ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਮੈਂ ਲੈ ਆਏ।[4]

ਜਦੋਂ ਕੁ ਜਿਹੇ ਮਹਾਰਾਜ ਬੁੱਧ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਤੋਂ ਡੇਢ ਕੁ ਸਾਲ ਬਾਅਦ 1821 ਈ. ਵਿੱਚ ਮਾਤਾ ਸਦਾ ਕੌਰ ਦੇ ਘਰ ਹੋਣਹਾਰ ਸਪੁੱਤਰ ਲਈ ਰਿਸ਼ਤਾ ਵੀ ਆ ਗਿਆ। "ਜਾਂ ਸਤਿਗੁਰੂ ਜੀ ਪਾਂਚ ਬਰਸ ਕੇ ਹੋਏ ਧਰੋੜਾਂ (ਸਾਹਨੇਵਾਲ ਦੇ ਨਜ਼ਦੀਕ) ਥੀਂ ਸਾਹਬੂ ਆਇਆ ਰਾਮਦਾਸਪੁਰੇ ਮੇਂ। ਫੇਰ ਬਾਬੇ ਜੱਸਾ ਸਿੰਘ ਕੇ ਘਰ ਆਇਆ। ਰਾਮ ਰਾਮ ਕਰੀ। ਮਾਤਾ ਸਦਾ ਕੌਰ ਜੀ ਬੜੇ ਆਦਰ ਨਾਲ ਬਿਠਾਇਆ, ਪ੍ਰਸ਼ਾਦ ਛਕਾਇਆ। ਸ੍ਰੀ ਸਤਿਗੁਰੂ ਜੀ ਵੇਹੜੇ ਮੈਂ ਖੇਡਦੇ ਦੇਖਕੇ ਤੇ ਮੋਹਣੀ ਮੂਰਤ ਕਾ ਦਰਸ਼ਨ ਕਰਕੇ ਮੋਹਿਆ ਗਿਆ। ਕਹਿਣੇ ਲੱਗਾ ਸਾਹਬੂ ਕਿ ਮੈਂ ਤਾਂ ਇਸ ਲੜਕੇ ਨੂੰ ਸਾਕ ਦੇ ਚੁਕਿਆ ਹਾਂ। ਜਾਂ ਘਰ ਜਾਇਕੇ ਗੱਲ ਕੀਤੀ ਤਾਂ ਕੁੜੀ (ਜੱਸਾਂ ਜੀ) ਦੀ ਮਾਂ ਨੇ ਸੁਣਕੇ ਕਿਹਾ ਕਿ ਓਹ ਤਾਂ ਪਿੰਡ ਛੋਟਾ ਹੈ। ਸਾਡੇ ਪਿੰਡ ਕੇ ਉੱਥੇ ਵੱਗ ਚਰਾ ਕੇ ਆਉਂਦੇ ਹੈਂ। ਸਾਹਬੂ ਨੇ ਕਿਹਾ ਕਿ ਮੈਨੂੰ ' ਤਾਂ ਪਿੰਡ ਵੱਡਾ ਦਿਸਿਆ ਹੈ। ਮੈਂ ਤਾਂ ਸਾਕ ਕਰ ਚੁੱਕਾ ਹਾਂ ਜਿੱਥੇ ਕਰਨਾ ਸੀ। ਮੁੰਡਾ ਪੁੱਜ ਕੇ ਸੁੰਦਰ ਹੈ। ਰੁਪਯਾ ਸਗਨ ਕਾ ਭੇਜ ਦਿੱਤਾ। ਰਾਮਦਾਸਪੁਰੇ ਮੇਂ ਮੰਗਣੇ ਕੀ ਰੀਤੀ ਕੀਤੀ। ਮਾਈ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਕੋ ਵਧਾਈਆਂ ਮਿਲਨੇ ਲੱਗੀਆਂ।... ਮੰਗਲਾਚਾਰ ਕੇ ਗੀਤ ਗਾਇਨ ਕੀਤੇ।"[5]

ਉਸ ਸਮੇਂ ਬਾਲ ਵਿਆਹ ਦਾ ਪ੍ਰਚਲਨ ਸੀ।"ਸ੍ਰੀ ਸਤਿਗੁਰੂ ਜੀ ਸੱਤਾਂ ਬਰਸਾਂ ਕੇ ਹੋਏ (1823 ਈ.) ਤਾਂ ਧਰੋੜਾਂ ਜਾਇ ਬੇਦ ਰੀਤੀ ਸੇ ਵਿਵਾਹ ਕੀਤਾ। ਸਰਬ ਦੇਖ ਕੇ ਮੋਹੇ ਗਏ। ਦੇਖ ਕੇ ਲੋਕ ਮਾਈਆਂ ਬੀਬੀਆਂ

ਕੈਂਹਦੀਆਂ ਹੈਂ ਇਹ ਮੂਰਤ ਰੱਬ ਨੇ ਆਪ ਧਾਰੀ ਹੈ। ਜੇੜ੍ਹਾ ਦਰਸ਼ਨ ਕਰੇ ਉਸਨੂੰ ਲਗਦੀ ਪਿਆਰੀ ਹੈ। ਮੰਗਲਾਚਾਰ ਕੇ ਗੀਤ ਗਾਇਨ ਕੀਤੇ। ਰਾਮਦਾਸਪੁਰੇ ਆਏ, ਬੜੀ ਖੁਸ਼ੀ ਹੋਈ। ਸ੍ਰੀ ਸਤਿਗੁਰੂ ਜੀ ਕੇ ਮਹਿਲ ਜੱਸਾਂ ਜੀ ਘਰ ਮੈਂ ਆਏ। ਮਾਤਾ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਜੀ ਕੋ ਵਧਾਈਆਂ ਮਿਲੀਆਂ।[6]

ਸਮਾਂ ਆਪਣੀ ਤੋਰ ਤੁਰਦਾ ਰਿਹਾ। ਮਾਤਾ ਸਦਾ ਕੌਰ ਜੀ ਘਰ ਗ੍ਰਹਿਸਤੀ ਦੇ ਕੰਮਾਂ ਵਿੱਚ ਨਿਪੁੰਨ ਸਨ। ਉਹ ਸਾਧ ਸੇਵੀ ਵੀ ਸਨ। ਆਏ ਗਏ ਸਾਧੂ ਸੰਤ ਦੀ ਸੇਵਾ ਵਿੱਚ ਤਤਪਰ ਰਹਿੰਦੇ। ਬਾਬਾ ਜੱਸਾ ਸਿੰਘ ਜੀ ਵੀ ਪ੍ਰਮਾਰਥਕ ਬਿਰਤੀਆਂ ਦੇ ਸੁਆਮੀ ਸਨ। ਉਹਨਾਂ ਦਾ ਮੇਲਾ ਗੇਲਾ ਰਾਈਆਂ ਪਿੰਡ ਵਿੱਚ ਡੇਰਾ ਬਣਾ ਕੇ ਰਹਿਣ ਵਾਲੇ ਉਦਾਸੀ ਸਾਧੂਆਂ ਨਾਲ ਸੀ। ਉਹਨਾਂ ਦੇ ਅੱਡੇ ਤੇ ਅਕਸਰ ਬਚਨ ਬਿਲਾਸ ਕਰਨ ਸਾਧੂ ਸੰਤ ਆਏ ਰਹਿੰਦੇ। ਬਾਬਾ ਜੀ ਆਪਣਾ ਲੋਹਾਰਾ ਤਰਖਾਣਾ ਕਾਰਜ ਵੀ ਕਰਦੇ ਰਹਿੰਦੇ ਅਤੇ ਆਏ ਸਾਧੂਆਂ ਦੇ ਬਚਨ ਬਿਲਾਸ ਵੀ ਸੁਣਦੇ ਰਹਿੰਦੇ। ਲੋੜ ਅਨੁਸਾਰ ਜਲ ਪਾਣੀ ਪਰਸ਼ਾਦੇ ਦੀ ਸੇਵਾ ਮਾਤਾ ਸਦਾ ਕੌਰ ਜੀ ਖਿੜੇ ਮੱਥੇ ਕਰਦੇ ਸਨ। ਸਤਿਗੁਰੂ ਜੀ ਦੀ ਸ਼ਾਦੀ ਤੋਂ ਅਗਲੇ ਵਰ੍ਹੇ 1824 ਈ. ਵਿੱਚ ਮਹਾਰਾਜ ਬੁੱਧ ਸਿੰਘ ਹੋਰਾਂ ਦਾ ਮੰਗਣਾ, ਮਾਦਪੁਰ (ਉਦੋਂ ਰਿਆਸਤ ਪਟਿਆਲਾ ਹੁਣ ਜ਼ਿਲ੍ਹਾ ਲੁਧਿਆਣਾ) ਦੀ ਬੀਬੀ ਸਾਹਿਬ ਕੌਰ ਨਾਲ ਕਰ ਦਿੱਤਾ ਗਿਆ। ਇਸ ਤੋਂ ਦੋ ਸਾਲ ਬਾਅਦ 1826 ਵਿੱਚ ਉਹਨਾਂ ਦੀ ਸ਼ਾਦੀ ਵੀ ਹੋ ਗਈ। ਮਹਾਰਾਜ ਬੁੱਧ ਸਿੰਘ ਤਾਂ ਪਿਤਾ ਜੀ ਨਾਲ ਖੇਤੀ ਅਤੇ ਸੇਪੀ ਦੇ ਕੰਮਾਂ ਵਿੱਚ ਹੱਥ ਵਟਾਉਂਦੇ ਸਨ। ਸ੍ਰੀ ਸਤਿਗੁਰੂ ਜੀ ਭਜਨ ਬਾਣੀ ਕਰਦੇ ਨਾਮ ਦੀ ਮਸਤੀ ਵਿੱਚ ਮਸਤ ਰਹਿੰਦੇ। ਬਾਹਰ ਜਾ ਕੇ ਸਿਮਰਨ ਵਿੱਚ ਲੀਨ ਹੋ ਜਾਂਦੇ। ਮਾਤਾ ਸਦਾ ਕੌਰ ਜੀ ਆਪ ਦਾ ਬੜਾ ਅਦਬ ਰੱਖਦੇ ਸਨ।

"ਮਾਤਾ ਜੀ ਬੜੇ ਅਦਬ ਨਾਲ ਸੇਵਾ ਟਹਿਲ ਕਰਨੀ। ਬਸਤਰ ਹਰ ਵਕਤ ਸਫ਼ਾ ਰੱਖਣੇ। ਪ੍ਰਸ਼ਾਦ ਪਾਣੀ ਛਕਾਵਣਾ ਬੜੇ ਪ੍ਰੇਮ ਨਾਲ। ਪ੍ਰਮੇਸ਼ਰ ਰੂਪ ਜਾਣ ਕੇ ਮਾਤਾ ਸਦਾ ਕੌਰ ਭੈ ਰੱਖਦੀ ਹੈ। ਮਾਤਾ ਪਿਤਾ ਦੇਖ ਦੇਖ ਕੇ ਵਾਰਨੇ ਜਾਂਦੇ ਹੈਂ। ਦੋਨੋਂ ਜੋੜੀ ਲਾਲਾਂ ਕੀ ਘਰ ਮੈ ਖੇਡਦੇ ਹੈਂ। ਬਾਬੇ ਜੀ ਕਾ ਸਤਿਗੁਰੂ ਜੀ ਕੀ ਮੂਰਤੀ ਵਿਚ ਬੜਾ ਮੋਹ ਹੈ ਜੈਸੇ ਰਾਮ ਚੰਦਰ ਜੀ ਕੇ ਵਕਤ ਦਸਰਥ ਜੀ ਕਾ ਮੋਹ ਸੀ। ਪਿੰਡ ਦੇ ਲੋਕ ਭੀ ਅਦਬ ਰਖਦੇ ਹੈਂ... ਨਾਲੇ ਸੁੰਦਰ ਮੂਰਤ ਦੇਖ ਕੇ ਜੀਵ ਮੋਹਿਆ ਜਾਂਦਾ ਹੈ। ਜੇਕਰ ਕੋਈ ਸਾਧ ਮਿਲਨਾ, ਉਸ ਕੋ ਸੀਸ ਨਿਵਾਇਕੇ ਚਰਨੀਂ ਹੱਥ ਲਾਇ ਕੇ ਮੱਥਾ ਟੇਕਣਾ। ਅਗਲੇ ਸਾਧ ਨੇ ਜਾਨਣਾ ਜੋ ਬੜੇ ਨਵਸਤੇ ਵਾਲਾ ਹੈ। ਹੋਰ ਭੀ ਤਾਂ ਇਆਣੇ ਹਨ, ਕੋਈ ਨਹੀਂ ਚਰਨੀਂ ਹੱਥ ਲਾਂਵਦਾ ਹੈ। ਏਹ ਦੁਨੀਆਂ ਵਰਗਾ ਬਾਲਕ

ਨਹੀਂ ਹੈ। ਕੈਸਾ ਪਿਆਰਾ ਲੱਗਦਾ ਹੈ।"[7]

ਇਹ ਮਾਤਾ ਸਦਾ ਕੌਰ ਤੋਂ ਪ੍ਰਾਪਤ ਉੱਚ ਸੰਸਕਾਰਾਂ ਕਰ ਕੇ ਹੀ ਸੀ ਕਿ ਸ੍ਰੀ ਸਤਿਗੁਰੂ ਜੀ ਆਲੇ ਦੁਆਲੇ ਵਿੱਚ ਇਕ ਪ੍ਰਤਿਭਾਸ਼ਾਲੀ ਯੁਵਕ ਵਜੋਂ ਵਿਖਿਆਤ ਹੋ ਰਹੇ ਸਨ। ਛੋਟਾ ਭਾਈ ਬੁੱਧ ਸਿੰਘ ਵੀ ਜਿਵੇਂ ਉਹਨਾਂ ਦੇ ਜ਼ਿੰਮੇ ਲੱਗੇ ਕਰਤਾਰੀ ਕਾਰਜਾਂ ਦਾ ਜਾਣੂ ਹੋਵੇ, ਉਹ ਅੱਠੇ ਪਹਿਰ ਕਾਰਜਸ਼ੀਲ ਰਹਿ ਕੇ, ਪਿਤਾ ਦੇ ਸਹਿਯੋਗੀ ਬਣੇ ਰਹਿੰਦੇ ਤਾਂ ਕਿ ਉਹਨਾਂ ਨੂੰ ਇਹ ਪੁੱਛਣ ਦਾ ਮੌਕਾ ਹੀ ਨਾ ਮਿਲੇ ਕਿ ਤੁਹਾਡਾ ਵੱਡਾ ਭਾਈ ਕੀ ਕਰਦਾ ਹੈ ? ਜਦੋਂ ਦੋਵੇਂ ਨੂੰਹਾਂ 16-16 ਸਾਲ ਦੀ ਉਮਰ ਤੋਂ ਪਾਰ ਹੋਈਆਂ ਤਾਂ ਘਰ ਵਿੱਚ ਮੁਕਲਾਵੇ ਦੀ ਰਸਮ ਦੀ ਚਹਿਲ ਪਹਿਲ ਸ਼ੁਰੂ ਹੋ ਗਈ। 1834 ਈ. ਤੱਕ ਦੋਵੇਂ ਨੂੰਹਾਂ ਜੱਸਾਂ ਜੀ ਅਤੇ ਸਾਹਿਬ ਕੌਰ ਮਾਤਾ ਸਦਾ ਕੌਰ ਦੇ ਆਂਗਣ ਦੀ ਸੋਭਾ ਪੂਰੀ ਤਰ੍ਹਾਂ ਬਣ ਗਈਆਂ। 1837 ਈ. ਵਿੱਚ ਬਹਿਨੋਈ ਕਾਬਲ ਸਿੰਘ ਜੋ ਲਾਹੌਰ ਦਰਬਾਰ ਦੇ ਤੋਪਖਾਨੇ ਵਿੱਚ ਜਮਾਂਦਾਰ ਸੀ, ਸਹੁਰੇ ਪਰਿਵਾਰ ਨੂੰ ਮਿਲਣ ਆਇਆ।ਜਾਣ ਲੱਗਿਆਂ ਉਸ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਆਪਣੇ ਨਾਲ ਤਿਆਰ ਕਰ ਲਿਆ ਅਤੇ ਲਾਹੌਰ ਜਾ ਕੇ ਕੰਵਰ ਨੌਨਿਹਾਲ ਸਿੰਘ ਦੀ ਰੈਜੀਮੈਂਟ ਵਿੱਚ ਭਰਤੀ ਕਰ ਦਿੱਤਾ। ਪੰਜਾਬ ਭਰ ਵਿੱਚੋਂ ਚੋਣਵੇਂ, ਸੁਨੱਖੇ ਅਤੇ ਉੱਚੇ-ਲੰਮੇ ਸੁੰਦਰ ਗੱਭਰੂ ਇਸ ਰੈਜੀਮੈਂਟ ਵਿੱਚ ਭਰਤੀ ਕੀਤੇ ਜਾਂਦੇ ਸਨ। ਆਪਣੇ ਸੁਡੌਲ, ਫੁਰਤੀਲੇ ਅਤੇ ਕੱਸੇ ਹੋਏ ਬਦਨ ਕਾਰਨ ਸਤਿਗੁਰੂ ਜੀ ਨੂੰ, ਫੌਜੀ ਅਧਿਕਾਰੀਆਂ ਨੇ ਖਿੜੇ ਮੱਥੇ ਭਰਤੀ ਕਰ ਲਿਆ।

27 ਜੂਨ 1839 ਈ. ਨੂੰ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਿਆ। ਉਸ ਦੇ ਚਲਾਣੇ ਬਾਅਦ ਲਾਹੌਰ ਦਰਬਾਰ, ਤਿਕੜਮਾਂ ਅਤੇ ਸਾਜਿਸ਼ਾਂ ਦਾ ਅੱਡਾ ਬਣ ਗਿਆ। ਥੋਹੜੇ ਸਾਲਾਂ ਵਿੱਚ ਹੀ ਖ਼ੂਨ ਖਰਾਬੇ ਦੁਆਰਾ ਕਿਤਨੇ ਹੀ ਰਾਜ ਪਲਟੇ ਹੋਏ। ਲਾਹੌਰ ਦਰਬਾਰ ਦੇ ਵੱਖੋ ਵੱਖਰੇ ਧੜੇ, ਸਤਿਲੁਜ ਦੇ ਦੱਖਣ ਵੱਲ ਆ ਬੈਠੀ ਕੰਪਨੀ ਸਰਕਾਰ ਨਾਲ ਆਪੋ ਆਪਣੇ ਮੁਫਾਦਾਂ ਵਾਸਤੇ ਸਾਂਠ ਗਾਂਠ ਕਰਨ ਲੱਗ ਪਏ। ਸਿੱਖੀ ਸਿਧਾਂਤਾਂ ਅਤੇ ਅਸੂਲਾਂ ਦਾ ਘਾਣ ਕਰ ਕੇ ਲਾਹੌਰ ਦਰਬਾਰ ਦੇ ਸਰਦਾਰ, ਸੁਰਾ ਸੁੰਦਰੀ ਦੀਆਂ ਮਹਿਫ਼ਿਲਾਂ ਵਿੱਚ ਲੀਨ ਹੋ ਗਏ। ਹਰ ਤਰ੍ਹਾਂ ਦੇ ਨਸ਼ਿਆਂ ਦਾ ਪ੍ਰਚਲਨ ਵੱਧ ਗਿਆ। ਪੰਜਾਬ ਜੋ ਹੁਣ ਤੱਕ ਕੰਪਨੀ ਸਰਕਾਰ ਦੀ ਗਿੱਧ ਦ੍ਰਿਸ਼ਟੀ ਤੋਂ ਬਚਿਆ ਹੋਇਆ ਸੀ ਹੁਣ ਮਹਿਸੂਸ ਹੋਣ ਲੱਗਾ ਕਿ ਇਸ ਦੀ ਆਜ਼ਾਦੀ ਦੇ ਦਿਨ ਗਿਣੇ ਚੁਣੇ ਹਨ। ਇਸ ਸਭ ਵਰਤਾਰੇ ਨੂੰ ਸਤਿਗੁਰੂ ਜੀ ਆਪਣੀ ਤੀਖਣ ਬੁੱਧੀ ਨਾਲ ਚੰਗੀ ਤਰ੍ਹਾਂ ਮਹਿਸੂਸ ਕਰ ਰਹੇ ਸਨ। ਹਜਰੋਂ ਸਾਹਿਬ ਵਿੱਚ 1841 ਈ. ਵਿੱਚ ਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ ਨੇ

ਵੀ ਉਹਨਾਂ ਨੂੰ ਗੁਰੂ ਸਾਹਿਬਾਨ ਦੀ ਅਲੋਪ ਹੋ ਰਹੀ ਸਿੱਖੀ ਮੁੜ ਪਰਕਾਸ਼ ਕਰਨ ਦਾ ਵਡੇਰਾ ਕਾਰਜ ਸਉਂਪਿਆ ਸੀ। ਸਤਿਗੁਰੂ ਜੀ ਇਸ ਸਾਰੇ ਘਟਨਾਕ੍ਰਮ ਪ੍ਰਤੀ ਆਪਣਾ ਪ੍ਰਤੀਕਰਮ ਇਸ ਤਰ੍ਹਾਂ ਦਿਆ ਕਰਦੇ ਸਨ ਕਿ ਜਿਵੇਂ ਉਹ ਮਸਤਾਨੇ ਹੋ ਗਏ ਹੋਣ। ਬਹਿਨੋਈ ਕਾਬਲ ਸਿੰਘ ਦਾ ਆਪ ਦੀ ਐਸੀ ਅਵਸਥਾ ਤੇ ਫ਼ਿਕਰਮੰਦ ਹੋਣਾ ਸੁਭਾਵਿਕ ਸੀ।

"ਕਾਬਲ ਸਿੰਘ ਨੇ ਲਿਖ ਭੇਜਿਆ ਰਾਮਦਾਸਪੁਰੇ ਮੈਂ ਕਿ ਰਾਮ ਸਿੰਘ ਕਮਲਾ ਹੋਇ ਗਿਆ ਹੈ। ਜੋ ਇਕ ਬਾਂਹ ਕੁੜਤੇ ਕੀ ਪਾਉਂਦਾ ਹੈ ਤਾਂ ਦੂਈ ਬਾਂਹ ਏਵੇਂ ਹੀ ਰਹਿ ਜਾਂਦੀ ਹੈ। ਬੇਸੁੱਧ ਹੋਇਆ ਹੋਇਆ ਹੈ। ਕੁਝ ਖਵਰ ਨਹੀਂ ਰੱਖਦਾ ਖਾਣ ਪੀਣ ਦੀ ਇਹ ਚਿੱਠੀ ਸੁਣ ਕੇ ਬਾਬਾ ਜੱਸਾ ਸਿੰਘ ਜੀ ਗਏ ਲਾਹੌਰ ਮੈਂ ਖਵਰ ਵਾਸਤੇ। ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। ਦੁਖ ਸੁੱਖ ਕੀ ਵਾਰਤਾ ਪੁੱਛੀ ਦੱਸੀ। ਪਰਸਪਰ ਬਚਨ ਕੀਤੇ।ਕੋਈ ਕੁ ਦਿਨ ਬਾਬਾ ਜੀ ਰਹੇ . ਜਾਂ ਬਾਬਾ ਜੱਸਾ ਸਿੰਘ ਜੀ ਤੁਰੇ ਤਾਂ ਨਾਲ ਹੀ ਸਤਿਗੁਰੂ ਜੀ ਬਾਰਾਂ ਦਿਨਾਂ ਕੀ ਛੁੱਟੀ ਲੈ ਕੇ ਆਏ ਰਾਮਦਾਸਪੁਰੇ ਮੈਂ। ਮਾਈ ਸਦਾ ਕੌਰ ਤੇ ਸਾਰਾ ਪਰਿਵਾਰ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। ਜੋ ਫ਼ਿਕਰ ਸੀ ਸੋ ਦੂਰ ਹੋਇਆ। ਬਾਰ੍ਹਾਂ ਦਿਨ ਕੱਟ ਕੇ ਸ੍ਰੀ ਸਤਿਗੁਰੂ ਜੀ ਮੁੜ ਗਏ ਲਾਹੌਰ ਮੈਂ।

"ਨਾਮ ਨਾਲ ਰੱਤੇ ਹੋਏ ਮਸਤ ਸੁਭਾਉ ਹੈ। ਕਿਸੇ ਦੇ ਨਾਲ ਕੋਈ ਬਚਨ ਨਾ ਕਰਨਾ। ਅਕੰਤ ਜਾਇ ਕੇ ਭਜਨ ਕਰਨਾ। ਦੇਖ ਕੇ ਦੂਰੋਂ ਈ ਭੈ ਆਉਂਦਾ ਹੈ। ਸਾਮ੍ਹਣੇ ਕੋਈ ਬੋਲ ਨਹੀਂ ਸਕਦਾ ਹੈ।[8]

ਫੌਜ ਵਿੱਚ ਰਹਿ ਕੇ ਹੋਰ ਤਿੰਨ ਬਰਸ ਤਕ ਬਹੁਤ ਬੰਦਗੀ ਕੀਤੀ। ਮਾਤਾ ਜੀ ਅਕਸਰ ਫਿਕਰਮੰਦ ਹੁੰਦੇ ਪਰ ਉਹਨਾਂ ਨੂੰ ਆਪ ਦੀ ਆਤਮਿਕ ਸ਼ਕਤੀ ਦਾ ਭਰੋਸਾ ਸੀ। ਇਸੇ ਤਰ੍ਹਾਂ ਆਪ ਨੂੰ ਸਾਰੀ ਫੌਜ ਦੇ ਨਾਲ ਤਿੰਨ ਮਹੀਨੇ ਦੀ ਛੁੱਟੀ ਮਿਲੀ। ਮਾਤਾ ਸਦਾ ਕੌਰ ਜੀ ਅਤੇ ਮਾਤਾ ਜੱਸਾਂ ਜੀ ਸਮੇਤ ਭਾਈ ਅਤੇ ਪਿਤਾ ਖੁਸ਼ੀਆਂ ਭਰਿਆ ਮਿਲਾਪ ਸੀ। "ਛੁੱਟੀ ਕੀ ਰੌਲ ਆਇ ਗਈ। ਸਾਰੀ ਫੌਜ ਗਈ। ਸ੍ਰੀ ਸਤਿਗੁਰੂ ਜੀ ਭੀ ਘਰ ਆਏ ਤੀਨ ਮਹੀਨੇ ਕੀ ਛੁਟੀ। ਬਾਬੇ ਜੱਸਾ ਸਿੰਘ ਜੀ ਕੋ ਬੜੀ ਖੁਸ਼ੀ ਹੋਈ। ਮਾਤਾ ਸਦਾ ਕੌਰ ਵਾਰਨੇ ਜਾਂਦੇ ਹੈ। ਨਾਮ ਕੋ ਅਮਲ ਨਾਲ ਮਸਤਾਨੇ ਹੋਏ ਹੋਏ ਹੈਂ।"[9] ਇਸ ਤਰ੍ਹਾਂ ਦੇ ਮਸਤਾਨੇ ਪੁੱਤਰ ਨਾਲ ਲਾਡ ਮਲ੍ਹਾਰ ਕਰਦਿਆਂ ਕਦੋਂ ਤਿੰਨ ਮਹੀਨੇ ਲੰਘ ਗਏ ਪਰਿਵਾਰ ਨੂੰ ਪਤਾ ਹੀ ਨਾ ਲੱਗਾ।

ਸਤਿਗੁਰੂ ਜੀ ਦੀ ਇਹ ਤਿੰਨ ਮਹੀਨੇ ਭੈਣੀ ਸਾਹਿਬ ਵਿੱਚ ਮਸਤਾਨੀ ਬਿਰਤੀ ਹੀ ਰਹੀ।"ਇਹਨੀ ਦਿਨੀਂ (ਮਾਤਾ) ਸਦਾ ਕੌਰ ਜੀ ਹਮੇਸ਼ਾਂ ਇਕ ਅਜਿਹੇ

ਨੁਕਤੇ ਤੇ ਖਲੋਤੇ ਦਿਸਦੇ ਜਿਸ ਤੋਂ ਜ਼ਰਾ ਕੁ ਵੀ ਥਿੜਕਿਆਂ ਤੂਫਾਨ ਸੀ, ਖੌਫ ਸੀ, ਬੇਸੁਆਦੀ ਸੀ। ਆਪਣੇ ਰਾਮ ਸਿੰਘ ਨੂੰ ਉਹ ਹਰ ਤਰ੍ਹਾਂ ਠੰਢਿਆਂ ਰੱਖਦੇ ਅਤੇ ਖੁਆ ਪਿਆ, ਵਧੀਆ ਬਸਤਰ ਪਹਿਨਾ ਘਰੋਂ ਵਿਦਾ ਕਰਦੇ। ਬਾਹਰ ਜੋ ਵੀ ਹੋਵੇ ਉਸਦੀ ਭਿਣਖ ਤਾਂ ਜ਼ਰੂਰ ਰੱਖਦੇ ਪਰ ਬਾਹਲੀ ਚਿੰਤਾ ਨਾਂ ਕਰਦੇ। (ਮਾਤਾ) ਸਦਾ ਕੌਰ ਜੀ ਨੂੰ ਆਪਣੇ ਪੁੱਤਰ ਦੀ ਅਲੋਕਾਰਤਾ ਕਦੇ ਵੀ ਭੁੱਲਦੀ ਨਹੀਂ ਸੀ।[10]

"ਟੁੰਡੀਲਾਟ (ਗਵਰਨਰ ਜਨਰਲ ਲਾਰਡ ਹਾਰਡਿੰਗ) ਚੜ੍ਹਿਆ ਫੌਜਾਂ ਲੈ ਕੇ। ਪੰਜਾਬ ਕੀ ਧਰਤੀ ਨੂੰ ਚੱਲਿਆ। ਫਿਰੋਜ਼ਪੁਰ ਮੁਦਕੀ ਨੂੰ ਆਇਆ। ਲਾਹੌਰ ਸੇ ਛੁੱਟੀਆਂ ਵਾਲਿਆਂ ਕੇ ਘਰੋ-ਘਰੀ ਚਿੱਠੀਆਂ ਭੇਜੀਆਂ ਜੋ ਸਭ ਆਇ ਜਾਵੋ, ਫਰੰਗੀ ਚੜ੍ਹ ਕੇ ਆਇਆ ਹੈ, ਜੁੱਧ ਹੋਵੇਗਾ। ਸ੍ਰੀ ਸਤਿਗੁਰੂ ਜੀ ਕੋ ਭੀ ਚਿੱਠੀ ਆਈ, ਧਾਵੇ ਪਰ ਫੌਜਾਂ ਜਾਣਗੀਆਂ, ਸ਼ਤਾਬੀ ਆਵੇ ਡੇਰ ਨਾ ਕਰੋ।"[11] ਮਾਤਾ ਸਦਾ ਕੌਰ ਜੀ ਇਕ ਵੇਰ ਤੇ ਜੰਗ ਦਾ ਨਾਮ ਸੁਣ ਕੇ ਕੁਝ ਵਿਚਲਿਤ ਹੋਏ। ਪਰ ਛੇਤੀ ਹੀ ਆਪਣੇ ਸਤਿਗੁਰੂ ਤੇ ਟੇਕ ਰੱਖ ਕੇ, ਆਪਣੇ ਲਾਡਲੇ ਨੂੰ ਉਸੇ ਤਰ੍ਹਾਂ ਬਣਾ ਸੁਆਰ ਕੇ, ਚੜ੍ਹਦੀ ਕਲਾ ਵਿੱਚ ਹੋ ਕੇ, ਮੈਦਾਨੇ ਜੰਗ ਵੱਲ ਤੋਰਿਆ ਜਿਵੇਂ ਪੰਜਾਬੀ ਮਾਵਾਂ ਆਪਣੇ ਲਾਲਾਂ ਨੂੰ ਤੋਰਦੀਆਂ ਹਨ। "ਮਾਤਾ ਸਦਾ ਕੌਰ ਜੀ ਨੇ ਪ੍ਰੇਮ ਨਾਲ ਕਾਨੋਂ ਮੇਂ ਵਾਲੇ ਤੇ ਗਲ ਮੇਂ ਕੰਠਾ ਪਾਇ ਦੀਆ। ਬਾਬੇ ਜੱਸਾ ਸਿੰਘ ਜੀ ਛੋਟੇ ਭਾਈ ਬੁੱਧ ਸਿੰਘ ਜੀ ਕੋ ਨਾਲ ਭੇਜਿਆ ਕਿ ਤੂੰ ਨਿਗਾਹ ਰੱਖੀਂ ਕਿ ਜਿੱਥੇ ਗਹਿਣੇ ਦੇਣ ਉੱਥੋਂ ਲੈ ਕੇ ਮੁੜ ਆਵੀਂ। ਮਸਤਾਨੇ ਹੋਏ ਹੋਏ ਹਨ, ਕੋਈ ਲਾਹ ਨਾ ਲਵੇ ਜਾਂ ਸੁੱਟ ਨਾ ਦੇਣ। ਦੋਨੋਂ ਭਾਈ ਤੁਰੇ ਲਾਹੌਰ ਕੋ।[12]

18 ਦਸੰਬਰ 1845 ਈ. ਨੂੰ ਸਿੱਖਾਂ ਅਤੇ ਅੰਗਰੇਜ਼ਾਂ ਵਿਚਾਲੇ ਭਿਆਨਕ ਜੁੱਧ ਹੋਇਆ, ਮੁਦਕੀ ਦੇ ਅਸਥਾਨ ਤੇ ਸਿੱਖ ਸਿਪਾਹੀ ਬੜੀ ਬੀਰਤਾ ਨਾਲ ਲੜੇ ਪਰ ਲਾਹੌਰ ਦਰਬਾਰ ਦਾ ਕਮਾਂਡਰ ਇਨ ਚੀਫ ਤੇਜ ਸਿੰਘ ਅਤੇ ਪ੍ਰਧਾਨ ਮੰਤਰੀ ਲਾਲ ਸਿੰਘ ਗੱਦਾਰੀ ਕਰਕੇ ਫਰੰਗੀਆਂ ਨੂੰ ਜਿਤਾਉਣ ਤੇ ਤੁਲੇ ਹੋਏ ਸਨ। ਲੜਾਈ ਦਾ ਮਾਹੌਲ ਅਜਿਹਾ ਬਣਿਆ ਕਿ ਸਿੱਖ ਸੈਨਾ ਦੇ ਪੈਰ ਵੀ ਉੱਖੜ ਗਏ ਅਤੇ ਅੰਗਰੇਜ਼ੀ ਸੈਨਾ ਵੀ ਮੈਦਾਨ ਛੱਡ ਗਈ। ਰਾਜਾ ਪਹਾੜਾ ਸਿੰਘ ਫਰੀਦਕੋਟੀਆ, ਭੱਜੀ ਜਾਂਦੀ ਗੋਰਾ ਫੌਜ ਨੂੰ ਮੋੜ ਕੇ ਲਿਆਇਆ ਕਿ ਖਾਲਸਾ ਵੀ ਇੱਥੋਂ ਹਰਨ ਹੋ ਚੁੱਕਾ ਹੈ। ਇਸ ਲੜਾਈ ਵਿੱਚ ਮਾਤਾ ਸਦਾ ਕੌਰ ਨੂੰ ਜੁਆਈ ਕਾਬਲ ਸਿੰਘ ਦੇ ਜੂਝ ਜਾਣ ਦਾ ਸਦਮਾ ਵੀ ਝੱਲਣਾ ਪਿਆ।

"ਕਾਬਲ ਸਿੰਘ ਬਾਰ੍ਹਾਂ ਤੋਪਾਂ ਦਾ ਗੋਲਅੰਦਾਜ਼ ਜਮਾਂਦਾਰ ਸੀ। ਬੜਾ

ਨਿਸ਼ਾਨਚੀ ਸੀ ਚੁਣਵਾਂ। ਫਰੰਗੀ ਨੇ ਦੂਰਬੀਨ ਲਾਇਕੇ ਦੇਖਿਆ ਜੋ ਓਹ ਗੋਲਅੰਦਾਜ਼ ਜਿੰਨ੍ਹਾਂ ਚਿਰ ਨਹੀਂ ਮਰਦਾ ਹੈ ਓਨ੍ਹਾਂ ਚਿਰ ਸਾਡੀ ਜਿੱਤ ਨਹੀਂ ਹੁੰਦੀ ਹੈ। ਫਰੰਗੀ ਕੇ ਗੋਲਅੰਦਾਜ਼ ਨੇ ਐਸੀ ਸ਼ਿਸਤ ਬਾਂਧ ਕੇ ਗੋਲਾ ਮਾਰਿਆ ਕਾਬਲ ਸਿੰਘ ਕੇ ਜਾਇ ਲੱਗਾ। ਮਰ ਗਿਆ। ਸਤਿਗੁਰਾਂ ਕਾ ਸਰਾਫ਼ ਪੂਰਾ ਹੋਇਆ। ਕਿਹਾ ਸੀ ਕਿ ਤੂੰ ਤੋਪ ਨਾਲ ਬੱਧਾ ਹੈ ਸਾਨੂੰ ਤੂੰ ਭੀ ਤੋਪ ਨਾਲ ਉੱਡੇਂਗਾ। ਸੋ ਤੋਪ ਨਾਲ ਹੀ ਉਡਿਆ।[13] ਯਾਦ ਰਹੇ ਕਿ ਜਦੋਂ ਸਤਿਗੁਰੂ ਜੀ ਮਸਤਾਨੀ ਬਿਰਤੀ ਵਿੱਚ ਸਨ, ਅਗਮ ਨਿਗਮ ਅਤੇ ਗੋਰਿਆਂ ਦੀ ਭਾਵੀ ਜਿੱਤ ਅਤੇ ਲਾਹੌਰ ਦਰਬਾਰ ਦੀ ਹਾਰ ਦੇ ਬਚਨ ਕਰਦੇ ਸਨ ਜੋ ਉਹ ਆਪਣੀ ਤੀਖਣ ਬੁੱਧ ਨਾਲ ਅਨੁਭਵ ਕਰ ਰਹੇ ਸਨ, ਤਾਂ ਕਾਬਲ ਸਿੰਘ ਨੇ ਆਪ ਨੂੰ ਤੋਪ ਨਾਲ ਬੰਨ੍ਹ ਕੇ ਸਰਾਪ ਲਿਆ ਸੀ।

ਜੰਗ ਖਤਮ ਹੋਣ ਬਾਅਦ ਸ੍ਰੀ ਸਤਿਗੁਰੂ ਜੀ ਫਲੌਰ ਦੇ ਪੱਤਣ ਤੋਂ ਦਰਿਆ ਸਤਿਲੁਜ ਪਾਰ ਕਰ ਕੇ ਲੁਧਿਆਣੇ ਮਾਮੇ ਹਰੀ ਸਿੰਘ ਦੇ ਘਰ ਜਾ ਰਹੇ। ਮਾਮੀ ਨੇ ਦੱਸਿਆ ਕਿ ਜੱਸਾਂ ਜੀ ਦੇ ਘਰ ਇਕ ਲੜਕਾ ਹੋਇਆ ਸੀ ਜੋ ਅੱਠਾਂ ਦਿਨਾਂ ਦਾ ਹੋ ਕੇ ਹੁਕਮ ਸੱਤ ਹੋ ਗਿਆ ਹੈ। ਇਸ ਤੋਂ ਪਹਿਲਾਂ ਸਤਿਗੁਰੂ ਜੀ ਦੇ ਗ੍ਰਹਿ ਵਿਖੇ ਦੋ ਪੁੱਤਰੀਆਂ ਹੀ ਸਨ, ਬੀਬੀ ਨੰਦਾਂ ਅਤੇ ਦੈਆ ਕੌਰ। ਜ਼ਾਹਰ ਹੈ ਕਿ ਮਾਤਾ ਸਦਾ ਕੌਰ ਨੇ ਪੋਤਰਾ ਘਰ ਆਉਣ ਦੀ ਖੁਸ਼ੀ ਤਾਂ ਮਨਾਈ ਸੀ ਭਾਂਵੇ ਇਹ ਖੁਸ਼ੀ ਉਸ ਲਈ ਥੋਹੜ ਚਿਰੀ ਸਿੱਧ ਹੋਈ।

ਫੌਜ ਤੋਂ ਵਾਪਸ ਆ ਕੇ ਸਤਿਗੁਰੂ ਜੀ ਨੇ ਕੁਝ ਸਮਾਂ ਭੈਣੀ ਸਾਹਿਬ ਵਿੱਚ ਰਹਿ ਕੇ ਖੇਤੀ ਕੀਤੀ। ਫਿਰ ਰਾਈਆਂ ਜਾ ਰਹੇ ਕੋਈ ਤਿੰਨ ਸਾਲ। ਲਹਿਣਾ ਸਿੰਘ ਬਾਲ ਸਖਾਈ ਦੇ ਕਹਿਣ ਤੇ 1850 ਈ. ਦੇ ਆਸ ਪਾਸ ਫਿਰ ਭੈਣੀ ਸਾਹਿਬ ਉਸ ਨਾਲ ਰਲ ਕੇ ਖੇਤੀ ਕੀਤੀ। ਗੁਰਦੁਆਰਾ ਭੈਣੀ ਸਾਹਿਬ ਦੇ ਮੁੱਢਲੇ ਮੰਦਰ ਇਸੇ ਸਮੇਂ ਬਣਾਏ ਛੱਪੜ ਦੀਆਂ ਕੱਚੀਆਂ ਇੱਟਾਂ ਨਾਲ। ਬੀਬੀ ਨੰਦਾ ਅਤੇ ਦੈਆ ਕੌਰ ਦੀ ਵੇਦ ਰੀਤੀ ਨਾਲ ਸ਼ਾਦੀ ਕੀਤੀ। ਸੰਨ 1852-55 ਈ. ਮਾਮੇ ਹਰੀ ਸਿੰਘ ਦੇ ਪੁੱਤਰ ਖਜਾਨ ਸਿੰਘ ਨਾਲ ਫੀਰੋਜ਼ਪੁਰ ਜਿੱਥੇ ਛਾਉਣੀ ਪੈ ਰਹੀ ਸੀ, ਨਵੀਆਂ ਉਸਾਰੀਆਂ ਹੋ ਰਹੀਆਂ ਸੀ, ਉੱਥੇ ਆਪ ਨੇ ਰਾਜਗੀਰੀ ਵੀ ਕੀਤੀ ਅਤੇ ਸੁਬਹਾ ਸ਼ਾਮ ਗੁਰਬਾਣੀ ਪੜ੍ਹਨ, ਕੀਰਤਨ ਸੁਣਨ ਦਾ ਪ੍ਰਵਾਹ ਵੀ ਚਲਾਇਆ। ਮਾਮਾ ਹਰੀ ਸਿੰਘ ਅਤੇ ਉਸ ਦਾ ਸਾਰਾ ਪਰਿਵਾਰ ਵੀ ਇਸ ਸਮੇਂ ਫੀਰੋਜ਼ਪੁਰ ਹੀ ਸੀ। ਸਾਰੇ ਪਰਿਵਾਰ ਅਤੇ ਸਬੰਧੀਆਂ ਦਾ ਇਕ ਜਗ੍ਹਾ ਸਾਂਝਾ ਲੰਗਰ ਸੀ। "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕੰਤ ਬਰਾਜਦੇ ਹੈਂ। ਬਚਨ ਕਰਨਾ ਮਾਮਾ ਜੀ ਤੁਸੀਂ ਗੱਲਾਂ ਬਹੁਤੀਆਂ ਕਰਦੇ ਹੋ ਤੇ ਨਾਮ ਨਹੀਂ ਜਪਦੇ ਹੋ। ਇਸ ਵਾਸਤੇ ਅਸੀਂ

ਇਕੰਤ ਬਰਾਜਦੇ ਹਾਂ।''[14]

ਮਾਤਾ ਸਦਾ ਕੌਰ ਜੀ ਵੱਡੀ ਪੁੱਤਰੀ ਸਾਹਿਬ ਕੌਰ ਦੇ ਪਤੀ, ਸ੍ਰ. ਕਾਬਲ ਸਿੰਘ ਤੋਪਖਾਨੇ ਦੇ ਜਮਾਂਦਾਰ ਦੀ ਸ਼ਹਾਦਤ ਦੇ ਸੋਗੀ ਪਰਛਾਵੇਂ ਵਿੱਚੋਂ ਮੁਕਤ ਹੋਏ ਸਨ ਕਿ ਕੁਦਰਤ ਨੇ ਉਹਨਾਂ ਨੂੰ ਹੋਰ ਵੱਡੇ ਸਦਮਿਆਂ ਦੇ ਰੂਬਰੂ ਕਰ ਦਿੱਤਾ। ਸੰਨ 1855 ਈ. ਵਿੱਚ ਆਪ ਦਾ ਭਤੀਜਾ ਖਜ਼ਾਨ ਸਿੰਘ ਫੀਰੋਜ਼ਪੁਰ ਵਿਖੇ ਅਕਾਲ ਚਲਾਣਾ ਕਰ ਗਿਆ। ਮਾਤਾ ਸਦਾ ਕੌਰ ਜੀ ਲਈ ਗੱਭਰੂ, ਕਮਾਊ ਅਤੇ ਯੋਜਨਾਕਾਰ ਭਤੀਜੇ ਦਾ ਇਉਂ ਚੱਲ ਵੱਸਣਾ ਬਹੁਤ ਵੱਡਾ ਦੁੱਖ ਸੀ। ਆਪ ਨੇ ਗੁਰਮੁਖਾਂ, ਸਾਧੂਆਂ ਵਾਲੀ ਹਰਖ ਸੋਗ ਨੂੰ ਸਮ ਕਰ ਕੇ ਜਾਨਣ ਵਾਲੀ ਬਿਰਤੀ ਨਾਲ ਇਸ ਸਦਮੇ ਦਾ ਟਾਕਰਾ ਕੀਤਾ। ਪਰ ਕੁਦਰਤ ਅਜੇ ਆਪ ਵਾਸਤੇ ਹੋਰ ਵੀ ਸੰਸਾਰਕ ਦੁੱਖ ਲੈ ਕੇ ਆਉਣ ਵਾਲੀ ਸੀ। ਭੈਣ ਅਤੇ ਭਰਾ ਦਾ ਰਿਸ਼ਤਾ ਬੜਾ ਨਿੱਘਾ ਹੁੰਦਾ ਹੈ। ਫਿਰ ਜਦੋਂ ਮਾਂ ਪਿਓ ਦੇ ਘਰ ਦੋ ਹੀ ਬਾਲ, ਇਕ ਭੈਣ ਤੇ ਇੱਕ ਭਰਾ ਹੀ ਹੋਵੇ, ਇਹ ਰਿਸ਼ਤਾ ਹੋਰ ਵੀ ਨਿੱਘਾ ਹੋ ਜਾਂਦਾ ਹੈ। ਵੇਲੇ ਦੇ ਰਵਾਜ ਅਨੁਸਾਰ ਸਤਿਗੁਰੂ ਜੀ ਦਾ "ਮਾਮਾ ਹਰੀ ਸਿੰਘ ਫੁੱਲ ਪਾਵਣ ਗਿਆ ਸੀ ਗੰਗਾ (ਪੁੱਤਰ) ਖਜ਼ਾਨ ਸਿੰਘ ਦੇ, ਰਸਤੇ ਮੇਂ ਈ ਚੜ੍ਹ ਗਿਆ।[15] ਹੁਣ ਸ੍ਰੀ ਸਤਿਗੁਰੂ ਜੀ ਵੀ ਵਾਪਸ ਭੈਣੀ ਸਾਹਿਬ ਆ ਗਏ ਸਨ। ਮਾਮੀ ਰਾਮੀ ਦੇ ਸੁਝਾਅ ਤੇ ਉਸ ਨਾਲ ਸ੍ਰੀ ਭੈਣੀ ਸਾਹਿਬ ਵਿੱਚ ਲੋਹੇ ਕੱਪੜੇ ਤੇ ਦੈਨਿਕ ਕਿਸਾਨੀ ਜੀਵਨ ਵਿੱਚ ਉਪਯੋਗੀ ਵਸਤਾਂ ਦੀ ਦੁਕਾਨ ਪਾ ਕੇ, ਸਾਂਝਾ ਕਾਰੋਬਾਰ ਸ਼ੁਰੂ ਕਰ ਲਿਆ। ਸੰਨ 1857 ਈ. ਦੀ 12 ਅਪਰੈਲ, ਵੈਸਾਖੀ ਬਿਕਰਮੀ 1914 ਨੂੰ ਸ੍ਰੀ ਭੈਣੀ ਸਾਹਿਬ ਵਿਖੇ, ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਕਰ ਕੇ, ਸਿੱਖੀ ਪੁਨਰ ਸੁਰਜੀਤੀ ਅਤੇ ਅੰਗ੍ਰੇਜ਼ ਸਰਕਾਰ ਤੋਂ ਪੂਰਨ ਮੁਕਤੀ ਲਈ ਕੂਕਾ ਅੰਦੋਲਨ ਸ਼ੁਰੂ ਕਰ ਕੇ, ਕੂਕਾ ਲਹਿਰ ਚਲਾ ਦਿੱਤੀ। ਆਪਣੇ ਲਾਡਲੇ ਦੇ ਨਾਰੀ ਜਾਤੀ ਦੀ ਮੁਕਤੀ ਲਈ, ਦੱਬੇ ਕੁਚਲਿਆਂ ਦਾ ਸ੍ਵੈਮਾਨ ਬਹਾਲ ਕਰਨ ਲਈ, ਇਕ ਸਮਤਾ ਮੂਲਕ, ਬਸਤੀਵਾਦ, ਸਾਮੰਤਵਾਦ ਅਤੇ ਪੁਜਾਰੀ ਪੁਰੋਹਿਤਵਾਦ ਵਿਰੋਧੀ ਪ੍ਰਬੰਧ ਦੀ ਸਿਰਜਣਾ ਲਈ, ਸਮਾਜ ਸੁਧਾਰਕ ਅਤੇ ਇਨਕਲਾਬੀ ਕਾਰਜਾਂ ਨੂੰ ਅਗਲੇ 14-15 ਸਾਲ, ਮਾਤਾ ਸਦਾ ਕੌਰ ਜੀ ਨੇ ਬੜੀ ਬਾਰੀਕਬੀਨੀ ਨਾਲ ਨਿਹਾਰਿਆ। ਇਹ ਸਮਾਂ, ਬਿਰਧ ਅਵਸਥਾ ਦੀਆਂ ਜ਼ਰੂਰਤਾਂ ਅਨੁਸਾਰ ਮਾਤਾ ਸਦਾ ਕੌਰ ਜੀ ਨੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿੱਚ ਸੰਗਤ ਦੀ ਸੇਵਾ ਕਰਦਿਆਂ ਅਤੇ ਨਾਮ ਬਾਣੀ ਦਾ ਜਾਪ ਕਰਦਿਆਂ, ਬੜੇ ਸਹਿਜ, ਸਾਦਗੀ, ਸ਼ਾਂਤਗੀ ਅਤੇ ਸੰਜਮ ਨਾਲ ਬਤੀਤ ਕੀਤਾ।

ਜਦੋਂ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਦੀ ਸਾਜਨਾ ਕੀਤੀ ਤਾਂ ਮਾਤਾ ਜੀ

ਆਪਣੇ ਲਾਡਲੇ ਦੇ ਪੰਥ ਵਿੱਚ ਉਦੋਂ ਹੀ ਸ਼ਾਮਲ ਹੋ ਗਏ ਸਨ ਅਤੇ ਨਾਮ ਦੀ ਦਾਤ ਵੀ ਆਪ ਨੇ ਇਸੇ ਸਮੇਂ ਹਾਸਲ ਕਰ ਕੇ, ਆਪਣਾ ਸੇਵਾ ਤੋਂ ਬਚਿਆ ਸਮਾਂ ਭਜਨ ਬਾਣੀ ਵਿੱਚ ਬਿਤਾਉਣਾ ਸ਼ੁਰੂ ਕਰ ਦਿੱਤਾ। ਬਾਬਾ ਜੱਸਾ ਸਿੰਘ ਜੀ ਵੀ ਨਾਮ ਦੀ ਦਾਤ ਲੈ ਚੁੱਕੇ ਸਨ। ਸੋ ਦੋਵੇਂ ਬਿਰਧ ਪਤੀ ਪਤਨੀ ਨਾਮ ਜਪਦਿਆਂ ਚੋਜੀ ਪ੍ਰੀਤਮ ਦੇ ਕਉਤਕਾਂ ਅਤੇ ਨਾਮਧਾਰੀ ਸੰਤ ਖਾਲਸੇ ਦੀ ਦਿਨੋ ਦਿਨ ਹੋ ਰਹੀ ਚੜ੍ਹਤ ਨੂੰ ਆਪਣੇ ਨੇਤਰਾਂ ਨਾਲ ਨਿਹਾਰਨ ਲੱਗ ਪਏ। ਅੰਮ੍ਰਿਤ ਛਕ ਕੇ ਗੁਰਸਿੱਖ ਜੀਵਨ ਦੀ ਰਹਿਤ ਮਰਿਆਦਾ ਬੇਸ਼ਕ ਬਾਬਾ ਜੱਸਾ ਸਿੰਘ ਜੀ ਨੇ ਤਾਂ 1868 ਈ. ਵਿੱਚ ਧਾਰਨ ਕੀਤੀ ਸੀ ਪਰ ਮਾਤਾ ਸਦਾ ਕੌਰ ਜੀ ਨੇ ਉਹਨਾਂ ਤੋਂ 5 ਸਾਲ ਪਹਿਲਾਂ 1 ਜੂਨ 1863 ਈ. ਨੂੰ ਇਹ ਮਰਿਆਦਾ ਧਾਰਨ ਕਰ ਲਈ ਸੀ। ਉਸ ਦਿਨ ਸਿਆਹੜ (ਲੁਧਿਆਣਾ) ਪਿੰਡ ਵਿੱਚ ਸ੍ਰੀ ਸਤਿਗੁਰੂ ਜੀ ਨੇ ਪੰਝੀ ਮਾਈਆਂ ਬੀਬੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰ ਮਰਿਆਦਾ ਧਾਰਨ ਕਰਵਾਈ। ਉਸ ਸਮੇਂ ਤੱਕ ਸਿੱਖ ਤਖਤਾਂ ਤੋਂ ਵੀ ਬੀਬੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਨਹੀਂ ਛਕਾਇਆ ਜਾਂਦਾ ਸੀ। ਅੰਮ੍ਰਿਤ ਛਕਣ ਵਾਲੀਆਂ ਇਹਨਾਂ ਪੰਝੀ ਬੀਬੀਆਂ ਵਿੱਚ ਸੱਤ ਤਾਂ ਗੁਰੂ ਪਰਿਵਾਰ ਵਿੱਚੋਂ ਹੀ ਸਨ। ਮਾਤਾ ਸਦਾ ਕੌਰ, ਉਸ ਦੀ ਭਰਜਾਈ ਰਾਮ ਕੌਰ ਲੁਧਿਆਣਾ, ਮਾਤਾ ਸਦਾ ਕੌਰ ਜੀ ਦੇ ਭਰਾ ਦੀ ਨੂੰਹ ਬੀਬੀ ਭੋਲੀ ਲੁਧਿਆਣਾ, ਮਾਤਾ ਸਦਾ ਕੌਰ ਦੀਆਂ ਦੋ ਨੂੰਹਾਂ ਮਾਤਾ ਜੱਸਾਂ ਜੀ, ਬੀਬੀ ਸਾਹਿਬ ਕੌਰ, ਮਾਤਾ ਜੀ ਦੀਆਂ ਦੋ ਪੋਤਰੀਆਂ ਬੀਬੀ ਨੰਦਾਂ ਅਤੇ ਬੀਬੀ ਦੈਆ ਕੌਰ। ਇਸ ਤੋਂ ਛੇਤੀ ਹੀ ਬਾਅਦ ਸਤਿਗੁਰੂ ਜੀ 3 ਜੂਨ 1863 ਨੂੰ ਖੋਟਿਆਂ ਵਿੱਚ ਅਨੰਦ ਮਰਿਆਦਾ ਲਾਗੂ ਕਰ ਕੇ, ਵੱਟੇ-ਸੱਟੇ ਦੇ, ਵਿਕਰੀ ਦੇ, ਬਾਲ ਵਿਆਹਾਂ ਤੇ ਰੋਕ ਲਾਉਂਦੇ ਹਨ। ਵਿਧਵਾ ਅਤੇ ਅੰਤਰ ਜਾਤੀ ਵਿਆਹਾਂ ਦੀ ਖੁੱਲ੍ਹ ਦਿੰਦੇ ਹਨ। ਦਾਜ ਦਹੇਜ, ਲਗਨ ਸ਼ਗਨ, ਭਰਮ ਭੁਲੇਖਿਆਂ, ਰਾਹੂ ਕੇਤਿਆਂ ਤੋਂ ਮੁਕਤ ਕਰ ਕੇ ਸੰਗਤ ਵਿੱਚ ਨੰਗੇ ਮੂੰਹ ਅਨੰਦ ਮਰਿਆਦਾ ਦਾ ਕ੍ਰਾਂਤੀਕਾਰੀ ਕਦਮ ਚੁੱਕਦੇ ਹਨ। ਅੰਗਰੇਜ਼ ਸਰਕਾਰ ਨੇ ਪੁਰਾਣੀਆਂ ਵੈਦਿਕ ਪਰੰਪਰਾਵਾਂ ਦੇ ਟੁੱਟਣ ਨੂੰ ਆਪਣੇ ਰਾਜ ਵਿਰੁੱਧ ਬਗਾਵਤ ਸਮਝਿਆ। 28 ਦਿਨ ਸਤਿਗੁਰੂ ਜੀ ਲੁਧਿਆਣੇ ਡੀ.ਸੀ. ਕੋਰਟ ਵਿੱਚ ਰੋਜ਼ ਹਾਜ਼ਰ ਹੁੰਦੇ ਰਹੇ। ਫਿਰ ਸਾਢੇ ਤਿੰਨ ਸਾਲ ਆਪ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਰਹੇ। ਮਾਤਾ ਸਦਾ ਕੌਰ ਜੀ ਇਸ ਸਾਰੇ ਘਟਨਾਕ੍ਰਮ ਨੂੰ ਸਹਿਜ ਬਿਰਤੀ ਨਾਲ ਹੀ ਵੇਖਦੇ ਮਹਿਸੂਸਦੇ। ਉਹ ਜਾਣਦੇ ਸਨ ਕਿ ਲੋਕ ਕਲਿਆਣ ਦਾ ਰਸਤਾ ਚੁਨਣ ਵਾਲਿਆਂ ਦੇ ਰਾਹਾਂ ਵਿੱਚ ਅਕਸਰ ਅਉਕੜਾਂ ਆਇਆ ਕਰਦੀਆਂ ਹਨ।

ਅਪਰੈਲ 1861 ਵਿੱਚ ਮਾਨਤਾ ਦੇ ਪੁਰਾਣੇ ਕੇਂਦਰਾਂ ਨੂੰ ਦੈਵੀ ਸੱਤਾ ਤੋਂ ਸੱਖਣੇ

ਦੱਸਣ ਲਈ ਅਤੇ ਨਵੇਂ ਪੰਥ ਦੇ ਅਨਮਤੀਆਂ ਵਿੱਚ ਜਨਤਕ ਪ੍ਰਦਰਸ਼ਨ ਲਈ, ਸਤਿਗੁਰੂ ਜੀ ਨੇ ਹਰਿਦੁਆਰ ਤੇ ਗੰਗਾ ਦੀ ਯਾਤਰਾ ਕੀਤੀ ਸੀ। ਇਸ ਸਮੇਂ ਪਿਤਾ, ਭਾਈ, ਪੁੱਤਰੀਆਂ, ਮਾਮੇ ਦੀ ਨੂੰਹ ਭੋਲੀ ਅਤੇ ਮਾਤਾ ਜੱਸਾਂ ਜੀ ਸਮੇਤ ਜਿੱਥੇ ਸਾਰਾ ਗੁਰੂ ਪਰਿਵਾਰ ਆ ਗਿਆ ਸੀ। ਮਾਤਾ ਸਦਾ ਕੌਰ ਅਤੇ ਛੋਟੀ ਨੂੰਹ ਸਾਹਿਬ ਕੌਰ ਨੂੰ ਹੀ ਘਰ ਅਤੇ ਡੇਰੇ ਦੇ ਕਾਰ ਵਿਹਾਰ ਦੀ ਨਿਗਰਾਨੀ ਲਈ ਪਿੱਛੇ ਛੱਡਿਆ ਗਿਆ ਸੀ। ਸੰਨ 1860-61 ਈ. ਤੋਂ ਹੀ ਡੇਰੇ ਵਿੱਚ ਆਉਂਦੀ ਚੜ੍ਹਾਵੇ ਦੀ ਮਾਇਆ ਦੁਆਰਾ ਸਤਿਗੁਰੂ ਜੀ ਨੇ ਆਪਣੇ ਹੱਥੀਂ ਇਕ ਲੋਹ ਗੱਡ ਕੇ (ਜੋ ਅੱਜ ਵੀ ਸ੍ਰੀ ਭੈਣੀ ਸਾਹਿਬ ਦੇ ਪੁਰਾਤਨ ਲੰਗਰ ਵਿੱਚ ਵਿਦਮਾਨ ਹੈ) ਇਕ ਸਰਬ ਸਾਂਝਾ ਅੱਠੇ ਪਹਿਰ ਚੱਲਣ ਵਾਲਾ, "ਸਦਾ ਬਰਤ" ਲੰਗਰ ਜਾਰੀ ਕਰ ਕੇ, ਮਾਤਾ ਜੀ ਦੀ ਯਾਦ ਨੂੰ ਚਿਰ ਸਥਾਈ ਬਣਾ ਦਿੱਤਾ ਸੀ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੀ ਡਿਉਢੀ ਵਿੱਚ ਇਕ ਪਰਸ਼ਾਦਿਆਂ ਦਾ ਟੋਕਰਾ ਅਤੇ ਦਾਲ ਸਬਜ਼ੀ ਦਾ ਤਾਸ ਭਰ ਕੇ ਰੋਜ਼ਾਨਾ ਰੱਖ ਦਿੱਤਾ ਜਾਂਦਾ ਸੀ। ਜਿੱਥੇ ਬੈਠ ਕੇ ਮਾਤਾ ਜੀ ਚਰਖਾ ਕੱਤਦੇ ਅਤੇ ਵੇਲੇ ਕੁਵੇਲੇ ਆਉਂਦੇ ਰਾਹੀ ਪਾਂਧੀ, ਲੋੜਵੰਦ ਦੀ ਖੁਧਿਆ ਸ਼ਾਂਤ ਕਰ ਕੇ, ਵਿਦਾ ਕਰਦੇ ਸਨ। ਵੱਡੇ ਤੜਕੇ ਉੱਠ ਕੇ ਅੰਮ੍ਰਿਤ ਵੇਲੇ ਸਕੇਸ਼ ਇਸ਼ਨਾਨ ਕਰ ਕੇ, ਮਾਤਾ ਜੀ ਢਾਈ ਮਾਲਾ ਭਜਨ ਦੀਆਂ ਪੱਕੀਆਂ ਫੇਰਦੇ ਅਤੇ ਫਿਰ ਗੁਰਬਾਣੀ ਦਾ ਪਾਠ ਕਰਦੇ ਸਨ।

1871 ਈ. ਦੇ ਅੰਮ੍ਰਿਤਸਰ, ਰਾਇਕੋਟ, ਲੁਧਿਆਣਾ ਦੇ ਸ਼ਹੀਦੀ ਸਾਕਿਆਂ ਅਤੇ ਅੰਗਰੇਜ਼ ਸਰਕਾਰ ਵੱਲੋਂ ਇਹਨਾਂ ਦੀ ਯੋਜਨਾਬੰਦੀ ਵਿੱਚ, ਮਾਤਾ ਜੀ ਦੇ ਲਾਲ ਸਤਿਗੁਰੂ ਜੀ ਨੂੰ ਸ਼ਾਮਲ ਕਰਨ ਦੇ ਮਨਸੂਬਿਆਂ ਦੀਆਂ ਸੂਹਾਂ ਵੀ ਮਾਤਾ ਜੀ ਤੱਕ ਅੱਪੜਦੀਆਂ ਸਨ। ਬੇਸ਼ਕ ਮਾਤਾ ਜੀ ਹੁਣ ਤੱਕ ਆਪਣੇ ਬਾਗ ਪਰਿਵਾਰ ਦੀਆਂ ਰੌਣਕਾਂ ਦੇ ਨਾਲ ਨਾਲ ਕੁਝ ਗ਼ਮਗੀਨ ਵੇਲਿਆਂ ਦੇ ਵੀ ਗੁਆਹ ਬਣਦੇ ਰਹੇ ਸਨ। ਪੇਕੇ ਪਰਿਵਾਰ ਵਿੱਚੋਂ ਭਰਾ ਭਤੀਜੇ ਦੇ ਅੱਗੜ ਪਿੱਛੜ ਦੁਖਦਾਈ ਵਿਛੋੜਿਆਂ ਦੀ ਕਸਕ ਨੂੰ ਮਸਾਂ ਬਾਰਾਂ ਕੁ ਸਾਲ ਹੀ ਹੋਏ ਸਨ ਕਿ ਵੱਡੇ ਸਪੁੱਤਰ ਦੀ ਛੋਟੀ ਪੁੱਤਰੀ, ਬੀਬੀ ਦੈਆ ਕੌਰ ਦਾ ਦੁਖਦਾਈ ਅੰਤ ਉਹਨਾਂ ਨੂੰ ਝੰਜੋੜ ਗਿਆ ਸੀ।ਪੋਤਰੀ ਨੂੰ ਗਈ ਨੂੰ ਤਿੰਨ ਕੁ ਸਾਲ ਹੀ ਹੋਏ ਸਨ ਕਿ 1871 ਈ. ਦੀ ਆਖਰੀ ਤਿਮਾਹੀ ਵਿੱਚ, ਉਹਨਾਂ ਦਾ ਬਹੁਤ ਹੀ ਅਦਬ ਅਦਾਬ ਰੱਖਣ ਵਾਲੀ ਵੱਡੀ ਨੂੰਹ ਮਾਤਾ ਜੱਸਾਂ ਜੀ ਆਪਣਾ ਜੀਵਨ ਪੰਧ ਮੁਕਾ ਗਏ ਸਨ। ਰੋਜ਼ ਘਟਿਤ ਹੋ ਰਹੇ ਵੱਡੀਆਂ ਤਬਦੀਲੀਆਂ ਵਾਲੇ ਘਟਨਾਕ੍ਰਮ ਵਿਸ਼ੇਸ਼ ਕਰ ਕੇ, 26 ਨਵੰਬਰ 1871 ਈ. ਨੂੰ ਲੁਧਿਆਣਾ ਜਿਹਲ ਦੇ ਬਾਹਰ ਨਾਮਧਾਰੀ ਪੰਥ ਦੀਆਂ ਦੋ ਵੱਡੀਆਂ ਹਸਤੀਆਂ, ਅਦਾਲਤੀ ਸੂਬਾ ਗਿਆਨੀ ਰਤਨ ਸਿੰਘ ਮੰਡੀ ਕਲਾਂ (ਬਠਿੰਡਾ)

ਅਤੇ ਨਾਇਬ ਸੂਬਾ ਰਤਨ ਸਿੰਘ ਨਾਈਵਾਲਾ (ਬਰਨਾਲਾ) ਦੀਆਂ ਯੁਵਾ ਆਰਜਾਂ 35, 28 ਸਾਲਾਂ ਵਿੱਚ ਸ਼ਹੀਦੀਆਂ (ਬੇਸ਼ਕ ਰਾਇਕੋਟ ਅਤੇ ਅੰਮ੍ਰਿਤਸਰ ਸਾਕੇ ਦੇ ਸ਼ਹੀਦ ਵੀ 35-40 ਤੋਂ ਹੇਠਲੇ ਆਯੂ ਵਰਗ ਦੇ ਸਨ) ਨੇ ਇਹੋ ਜਿਹਾ ਦ੍ਰਿਸ਼ ਸਿਰਜਿਆ ਕਿ ਉਸ ਦਿਨ ਸ੍ਰੀ ਭੈਣੀ ਸਾਹਿਬ ਬੈਠੇ ਸਤਿਗੁਰੂ ਜੀ ਦੋ ਨੇਤਰਾਂ ਵਿੱਚ ਵੀ ਜਲ ਆ ਗਿਆ ਅਤੇ ਆਪ ਨੇ ਫੁਰਮਾਇਆ ਕਿ ਅੱਜ ਸਾਡਾ ਰੋਮ ਟੁੱਟਾ ਹੈ। ਹੁਣ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਵਿੱਚ ਦੁਬਾਰਾ ਜੂਹਬੰਦ ਕਰ ਦਿੱਤੇ ਗਏ ਸਨ। ਤਦੇ ਹੀ ਉਹ ਅਗਲੇ ਮਾਘੀ ਦੇ ਮੇਲੇ ਤੇ ਮੁਕਤਸਰ ਸਾਹਿਬ ਨਾਂ ਪੁੱਜ ਸੱਕਣ ਸਦਕਾ, ਇਸਨੂੰ ਸ੍ਰੀ ਭੈਣੀ ਸਾਹਿਬ ਹੀ ਮਨਾ ਰਹੇ ਸਨ। ਇਸ ਮੇਲੇ ਤੇ ਹੀ ਸਿੰਘਾਂ ਨੂੰ ਪਰਵਾਨੇ ਭੇਜੇ ਗਏ ਕਿ ਉਹ ਇੱਥੇ ਆਉਣ। ਉਸ ਦਿਨ ਤਿੰਨੇ ਸਾਕਿਆਂ ਦੇ ਸ਼ਹੀਦ ਸਿੰਘਾਂ ਅਤੇ ਮਾਤਾ ਜੱਸਾਂ ਜੀ ਨਮਿਤ ਗੁਰਬਾਣੀ ਪਾਠਾਂ ਦੇ ਭੋਗ ਵੀ ਪਾਏ ਜਾਣੇ ਸਨ।

ਜਿਉਂ ਜਿਉਂ ਮਾਘੀ ਮੇਲੇ ਦਾ ਦਿਨ ( 12 ਜਨਵਰੀ 1872) ਨੇੜੇ ਆ ਰਿਹਾ ਸੀ ਮਾਤਾ ਸਦਾ ਕੌਰ ਜੀ ਦਾ ਮਨ ਕਿਸੇ ਅਨਿਸ਼ਟ ਦੀ ਆਹਟ ਨਾਲ ਵਿਚਲਿਤ ਹੋ ਰਿਹਾ ਸੀ। ਬਾਹੋਵਾਲ ਜੀ ਮੁਤਾਬਿਕ ਸ੍ਰੀ ਸਤਿਗੁਰੂ ਜੀ ਨੇ "ਜਾਨੇ ਸੇ ਆਠ ਦਿਨ ਅਗਾਊਂ ਬਚਨ ਕੀਤਾ, ਬਿੱਲੇ ਹੁਣ ਸਾਨੂੰ ਏਥੇ ਨਹੀਂ ਰਹਿਣ ਦੇਂਦੇ ਹੈਂ ਏਸੇ ਸਮੇਂ ਲੈ ਜਾਣਗੇ ਜਾਂ ਸਾਡੀਆਂ ਸਿੜੀਆਂ ਹੋਣਗੀਆਂ ਜਾਂ ਬਿੱਲਿਆਂ ਦੀਆਂ ਹੋਣਗੀਆਂ।"[16] ਮਾਤਾ ਜੀ ਦੇ ਭੋਗ ਮੇਲੇ ਨਮਿਤ ਸੰਗਤ ਨੂੰ ਦਰਸ਼ਨ ਦੇਣ ਲਈ ਭੇਜੀਆਂ ਚਿੱਠੀਆਂ ਵਿੱਚ ਇਹ ਵੀ ਲਿਖਵਾ ਭੇਜਿਆ- "ਜਿਨ੍ਹਾਂ ਨੇ ਦਰਸ਼ਨ ਕਰਨਾ ਹੈ ਮੇਰਾ ਸੋਂ ਇਸ ਮੇਲੇ ਪਰ ਆਵੇ ਕਰ ਲਵੋ। ਫੇਰ ਦਰਸ਼ਨ ਸਮੇਂ ਨਾਲ ਹੋਊਗਾ।"[17] ਮਾਤਾ ਜੀ ਨਮਿਤ ਪਾਠਾਂ ਦੇ ਭੋਗ ਮਾਘੀ ਮੇਲੇ ਤੇ 12 ਜਨਵਰੀ ਨੂੰ ਪੈਂਦੇ ਹਨ। 13 ਜਨਵਰੀ ਨੂੰ ਸੰਗਤ ਘਰਾਂ ਨੂੰ ਪਰਤ ਗਈ ਅਤੇ ਸ਼ਹੀਦੀ ਜੱਥਾ ਰੱਬੋਂ ਦੇ ਖੂਹ ਤੇ ਜਿੱਥੋਂ 14 ਸ਼ਾਮ ਨੂੰ ਮਲੌਦ ਕਿਲੇ ਵਿੱਚ ਝੜਪ, 15 ਨੂੰ ਮਲੇਰਕੋਟਲੇ ਤੇ ਹਮਲਾ, ਸਿੰਘਾਂ ਦਾ ਸ਼ੇਰਪੁਰ ਸਮਰਪਣ, 16 ਜਨਵਰੀ ਸਤਿਗੁਰੂ ਜੀ ਨੂੰ ਮਲੌਦ ਡੀ.ਸੀ. ਕਾਵਨ ਨੇ ਸੱਦਣਾ, ਰਾਤ ਸਿਆਹੜ ਕੱਟਣੀ ਅਤੇ 17-18 ਜਨਵਰੀ ਮਲੇਰਕੋਟਲੇ ਦਾ ਸ਼ਹੀਦੀ ਸਾਕਾ, ਸਤਿਗੁਰੂ ਜੀ ਦਾ ਪਰਦੇਸ ਗਮਨ। ਘਟਨਾਕ੍ਰਮ ਦੇ ਇਸ ਪੁਰਜ਼ੋਰ ਦਬਾਉ ਦਾ ਨਤੀਜਾ ਹੈ ਕਿ ਮਾਤਾ ਸਦਾ ਕੌਰ ਜੀ 13 ਜਾਂ 14 ਜਨਵਰੀ 1872 ਨੂੰ ਕਿਸੇ ਵੇਲੇ ਅਕਾਲ ਚਲਾਣਾ ਕਰ ਗਏ। ਗੁਜ਼ਰੇ ਉਹ ਸਤਿਗੁਰੂ ਜੀ ਦੇ ਇੱਥੇ ਹੁੰਦਿਆਂ ਦਿਨਾਂ ਵਿੱਚ ਹੀ ਜਿਸ ਦਾ ਸੰਕੇਤ ਇਕ ਹੁਕਮਨਾਮੇ ਤੋਂ ਮਿਲਦਾ ਹੈ ਜੋ ਗੁਰੂ ਹਰੀ ਸਿੰਘ ਜੀ ਨੂੰ ਸਾਦਰ ਹੈ। ਮਾਤਾ ਸਦਾ ਕੌਰ ਜੀ ਦਾ ਅਕਾਲ ਚਲਾਣਾ ਇਕ ਤਰ੍ਹਾਂ

ਤਿੱਖੇ ਘਟਨਾਕ੍ਰਮ ਦੀ ਧੂੜ ਵਿੱਚ ਹੀ ਗੁਆਚ ਗਿਆ ਅਤੇ ਬਹੁਤ ਸਮਾਂ ਗੁਆਚਿਆ ਹੀ ਰਿਹਾ ਜਿਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਸਾਡੇ ਮਹਾਨ, ਪ੍ਰਿਥਮ, ਸਮਕਾਲ ਦੇ ਬਿਲਕੁਲ ਲਾਗਲੇ ਇਤਿਹਾਸਕਾਰ, ਸੰਤ ਬਾਹੋਵਾਲ ਜੀ ਨੇ ਵੀ ਮਾਤਾ ਜੀ ਦੇ ਅਕਾਲ ਚਲਾਣੇ ਬਾਰੇ ਮਗਰਲੇ ਲੇਖਕਾਂ ਜਿਉਂ ਚੁੱਪੀ ਧਾਰਨ ਕੀਤੀ ਰੱਖੀ ਹੈ।

ਆਪਣੇ ਅਨੁਜ ਭਰਾਤਾ ਸ੍ਰੀ ਗੁਰੂ ਹਰੀ ਸਿੰਘ ਜੀ ਨੂੰ ਸਾਦਰ ਇਕ ਹੁਕਮਨਾਮੇ ਵਿੱਚ ਸਤਿਗੁਰੂ ਜੀ ਆਪਣੀ ਪਿਆਰੀ ਬੋਬੋ (ਸਥਾਨਕ ਭਾਸ਼ਾ ਵਿੱਚ ਮਾਤਾ) ਨਮਿਤ ਪਾਠ ਭੋਗਾਂ ਦੀ ਤਾਕੀਦ ਕਰਦੇ ਹਨ-

"ਹੋਰ ਤਾਂ ਭੋਗ ਬਹੁਤ ਪਾਏ ਹਨ, ਪਰ ਕੋਈ ਭੋਗ ਬੋਬੋ ਦੇ ਨਮਿਤ ਨਹੀਂ ਪਾਇਆ ਹੈ, ਸੋ ਤੈ ਇਹ ਬੀ ਕੰਮ ਕਰਨਾ। ਮਾਈ ਦੇ ਨਮਿਤ ਪੰਜ ਭੋਗ ਪਾ ਦੇਣੇ, ਕੁਛ ਕਪੜਾ ਲੀੜਾ ਭੀ ਦੇ ਦੇਣਾ। ਸਾਡੀ ਤਿਆਰੀ ਥੀ ਵਿਚੇ ਹੀ ਇਹ ਭਾਣਾ ਵਰਤ ਗਿਆ। ਮੰਗਤੇ ਲੋਕਾਂ ਨੂੰ ਜਥਾ ਸਕਤਿ ਜੋ ਬਣਿ ਆਵੈ ਸੋ ਦੇਣਾ।ਏਹੁ ਪ੍ਰਿਥੀ ਤਾ ਪ੍ਰਮੇਸਰ ਦੇ ਰਜਾਉਣ ਦੀ ਹੈ, ਮਨੁੱਖ ਦੇ ਰਜਾਉਣ ਦੀ ਨਹੀਂ ਹੈ। ਤੂੰ ਜਥਾ ਸਕਤਿ ਵਰਤੀ ਜੋ ਪੁਜਿ ਆਵੈ।' (ਹੁਕਮਨਾਮਾ ਨੰ: 11)[18]

ਮਾਲੂਮ ਹੁੰਦਾ ਹੈ ਕਿ ਇਹ ਹੁਕਮਨਾਮਾ ਸ੍ਰੀ ਸਤਿਗੁਰੂ ਜੀ ਨੇ 1877 ਵਿੱਚ ਲਿਖਿਆ ਸੀ ਜਦੋਂ ਬਾਬਾ ਜੱਸਾ ਸਿੰਘ ਵੀ ਗੁਜ਼ਰ ਚੁੱਕੇ ਸਨ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ, ਸਫਾ 21
2. ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ), ਸਤਿਗੁਰੂ ਬਿਲਾਸ, ਭਾਗ 2, ਸਫਾ 237
3. ਡਾ. ਫੌਜਾ ਸਿੰਘ ਬਾਜਵਾ, ਕੂਕਾ ਮੂਵਮੈਂਟ, 1965, ਨਵੀਂ ਦਿੱਲੀ, ਸਫਾ 4
4. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ 1, (ਸੰ. ਜਸਵਿੰਦਰ ਸਿੰਘ), ਸਫਾ 100
5. ਉਹੀ, ਸਫਾ 100-01
6. ਉਪਰੋਕਤ, ਸਫਾ 101
7. ਉਪਰੋਕਤ, ਸਫਾ 103
8. ਉਪਰੋਕਤ, ਸਫਾ 113

9. ਉਪਰੋਕਤ, ਸਫਾ 126
10. ਪ੍ਰੀਤਮ ਸਿੰਘ ਕਵੀ, ਮਾਤਾ ਸਦਾ ਕੌਰ, ਵਰਿਆਮ (ਮਾਸਿਕ) ਜਲੰਧਰ, ਜੂਨ 1979, ਸਫਾ 17
11. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫਾ 129
12. ਉਹੀ, ਸਫਾ 112
13. ਉਪਰੋਕਤ, ਸਫਾ 132
14. ਉਪਰੋਕਤ, ਸਫਾ 145
15. ਉਪਰੋਕਤ, ਸਫਾ 147
16. ਉਪਰੋਕਤ, ਸਫਾ 453
17. ਉਹੀ, ਸਫਾ 453
18. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ) ਪਹਿਲੀ ਛਾਪ, ਸਫਾ 193-94

❊

# ਨਾਮਧਾਰੀ ਸੰਤ ਖਾਲਸੇ ਦੀ ਮਾਤਾ– ਜਗਤ ਮਾਤਾ ਜੱਸਾਂ ਜੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਨੇ ਬੇਸ਼ਕ ਪੂਰਨ ਗੁਰਮਤਿ ਮਰਿਆਦਾ, ਸਿਆਹੜ ਪਿੰਡ ਵਿਖੇ 1 ਜੂਨ 1863 ਈ. ਦੇ ਇਤਿਹਾਸਿਕ ਦਿਨ ਹੀ ਧਾਰਨ ਕਰ ਲਈ ਸੀ ਜਿਸ ਦਿਨ ਆਪ ਜੀ ਨੇ ਪੰਝੀ ਬੀਬੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਸੀ ਪਰ ਆਪ ਜੀ ਨੂੰ ਸਤਿਗੁਰੂ ਜੀ ਹਮੇਸ਼ਾਂ "ਜੱਸਾਂ" ਆਖ ਕੇ ਹੀ ਸੰਬੋਧਿਤ ਕਰਿਆ ਕਰਦੇ ਸਨ ਜੋ ਨਾਮ ਉਹਨਾਂ ਦੇ ਪੇਕਿਆਂ ਨੇ ਧਰਿਆ ਸੀ। ਇਸੇ ਲਈ ਨਾਮਧਾਰੀ ਸੰਗਤ ਅਤੇ ਪੁਰਾਤਨ ਇਤਿਹਾਸ ਲੇਖਕ ਵੀ ਆਪ ਨੂੰ ਮਾਤਾ ਜੱਸਾਂ ਜੀ ਕਹਿ ਕੇ ਯਾਦ ਕਰਿਆ ਕਰਦੇ ਸਨ। ਮਾਤਾ ਜੱਸਾਂ ਜੀ ਨੇ ਸਤਿਗੁਰੂ ਜੀ ਦੀ ਸੇਵਾ ਵਿੱਚ ਵਿਚਰਦਿਆਂ ਨਾਮਧਾਰੀ ਪੰਥ ਅਤੇ ਦਿਨੋਂ ਦਿਨ ਵੱਧ ਰਹੇ ਸਤਿਗੁਰੂ ਜੀ ਦੇ ਤੇਜ ਪ੍ਰਤਾਪ ਦੇ ਜਲੌਅ ਨੂੰ ਵੀ ਨਿਹਾਰਿਆ ਸੀ ਅਤੇ ਅੰਗਰੇਜ਼ ਸਰਕਾਰ ਦੁਆਰਾ ਵਰ੍ਹਿਆਂ ਬੱਧੀ ਸਤਿਗੁਰੂ ਜੀ ਦੀ ਸ੍ਰੀ ਭੈਣੀ ਸਾਹਿਬ ਵਿੱਚ ਨਜ਼ਰਬੰਦੀ ਦਾ ਸਮਾਂ ਵੀ ਵੇਖਿਆ ਸੀ। ਸਤਿਗੁਰੂ ਜੀ ਦੇ ਮੁਸਤਾਨੀ ਬਿਰਤੀ ਵਿੱਚ ਧਾਰੇ ਰੌਦਰ ਰੂਪ ਦੇ ਵੀ ਮਾਤਾ ਜੀ ਭੁਗਤ ਭੋਗੀ ਹੁੰਦੇ ਸਨ ਅਤੇ ਆਪਣੇ ਸਿੱਖਾਂ, ਸੂਬਿਆਂ, ਮਸਤਾਨਿਆਂ ਨੂੰ ਪੁੱਤਰਾਂ ਵਾਂਗੂੰ ਲਾਡ ਲਡਾਉਂਦਿਆਂ ਦੀ ਮਨਮੋਹਣੀ ਮੂਰਤ ਵੀ ਸਦਾ ਆਪ ਜੀ ਦੇ ਹਿਰਦੇ ਵਿੱਚ ਵੱਸਿਆ ਕਰਦੀ ਸੀ। ਉਹਨਾਂ ਨੇ ਆਪਣੇ ਗ੍ਰਹਿਸਤ ਜੀਵਨ ਦੇ ਮਿੱਠੇ ਫਲ ਵੀ ਚਖੇ ਅਤੇ ਆਪਣੇ ਬੱਚਿਆਂ ਦੇ ਸਦੀਵੀ ਵਿਛੋੜਿਆਂ ਦੀਆਂ ਸੂਲਾਂ ਪਰੁੱਤੀਆਂ ਕਸਕਾਂ ਵੀ ਹੰਡਾਈਆਂ। ਨਾਮ ਬਾਣੀ ਦਾ ਜਾਪ ਅਤੇ ਸੇਵਾ ਕਰਦਿਆਂ, ਉਹਨਾਂ ਨੂੰ ਆਪਣੇ ਜੀਵਨ ਦਾ ਹਰ ਪਲ ਗੁਰੂ ਦੇ ਭਾਣੇ ਵਿੱਚ ਬਿਤਾਉਣ ਦੀ ਜੀਵਨ ਜਾਚ ਹਾਸਲ ਹੋ ਚੁੱਕੀ ਸੀ। ਜਿਹੋ ਜਿਹਾ ਛੈਲ ਛਬੀਲਾ ਸਤਿਗੁਰੂ ਜੀ ਦਾ ਨਾਮਧਾਰੀ ਜਾਂ ਕੂਕਾ ਪੰਥ ਸੀ, ਉਸ ਦੀ ਜਗਤ ਮਾਤਾ ਹੋਵਣ ਦੇ ਸਾਰੇ ਜ਼ਰੂਰੀ ਗੁਣਾਂ ਦਾ ਸੁਮੇਲ, ਮਾਤਾ ਜੀ ਦੇ ਉੱਚੇ ਤੇ ਸੁੱਚੇ ਚਰਿੱਤਰ ਵਿੱਚ ਰੂਪਮਾਨ ਹੁੰਦਾ ਹੈ।

ਮਾਤਾ ਜੱਸਾਂ ਜੀ ਦਾ ਜਨਮ ਪਿਤਾ ਭਾਈ ਸਾਹਬੂ ਅਤੇ ਮਾਤਾ ਭਾਗੋ ਦੇ ਘਰ ਪਿੰਡ ਧਰੋਹੜ ਨਜ਼ਦੀਕ ਸਾਹਨੇਵਾਲ (ਲੁਧਿਆਣਾ) ਮਾਘ ਤਿੱਥ ਨੌਵੀਂ, ਸੋਮਵਾਰ ਸੰਬਤ ਬਿਕਰਮੀ 1874 ਮੁਤਾਬਿਕ ਜਨਵਰੀ 1818 ਈ. ਨੂੰ ਹੋਇਆ ਸੀ।[1] ਮਾਤਾ ਜੀ ਦਾ ਪਿਤਾ ਫਿਰਦਾ ਤੁਰਦਾ ਭੈਣੀ ਆਲਾ

(ਸਾਹਿਬ) ਆਇਆ ਬਾਲ ਸਤਿਗੁਰੂ ਜੀ ਨੂੰ ਵੇਖ ਕੇ ਹੀ ਮੋਹਿਆ ਗਿਆ ਸੀ। "ਜਾਂ ਸਤਿਗੁਰੂ ਜੀ ਪਾਂਚ ਬਰਸ ਕੇ ਹੋਏ ਧਰੋੜਾਂ ਥੀਂ ਸਾਹਬੂ ਆਇਆ ਰਾਮਦਾਸ ਪੁਰੇ (ਭੈਣੀ ਸਾਹਿਬ) ਮੇਂ। ਫੇਰ ਬਾਬੇ ਜੱਸਾ ਸਿੰਘ ਕੇ ਘਰ ਆਇਆ। ਰਾਮ ਰਾਮ ਕਰੀ। ਮਾਤਾ ਸਦਾ ਕੌਰ ਜੀ ਬੜੇ ਆਦਰ ਨਾਲ ਬਿਠਾਇਆ, ਪ੍ਰਸ਼ਾਦ ਛਕਾਇਆ। ਸ੍ਰੀ ਸਤਿਗੁਰੂ ਜੀ ਵੇਹੜੇ ਮੇਂ ਖੇਡਦੇ ਦੇਖਕੇ ਤੇ ਮੋਹਣੀ ਮੂਰਤ ਦਾ ਦਰਸ਼ਨ ਕਰਕੇ ਮੋਹਿਆ ਗਿਆ। ਕਹਿਣੇ ਲਗਾ ਸਾਹਬੂ ਕਿ ਮੈਂ ਤਾਂ ਇਸ ਲੜਕੇ ਨੂੰ ਸਾਕ ਦੇ ਚੁੱਕਿਆ ਹਾਂ। ਜਾਂ ਘਰ ਜਾ ਕੇ ਗੱਲ ਕੀਤੀ ਤਾਂ ਕੁੜੀ ਦੀ ਮਾਂ ਨੇ ਸੁਣ ਕੇ ਕਿਹਾ ਕਿ ਉਹ ਤਾਂ ਪਿੰਡ ਛੋਟਾ ਹੈ। ਸਾਡੇ ਪਿੰਡ ਦੇ ਉੱਥੇ ਵੱਗ ਚਰ ਕੇ ਆਉਂਦੇ ਹੈਂ। ਸਾਹਬੂ ਨੇ ਕਿਹਾ ਕਿ ਮੈਨੂੰ ਤਾਂ ਪਿੰਡ ਵੱਡਾ ਦਿਸਿਆ ਹੈ। ਮੈਂ ਤਾਂ ਸਾਕ ਕਰ ਚੁੱਕਾ ਹਾਂ ਜਿਥੇ ਕਰਨਾ ਸੀ। ਮੁੰਡਾ ਪੁੱਜ ਕੇ ਸੁੰਦਰ ਹੈ। ਰੁਪਯਾ ਸਗਨ ਕਾ ਭੇਜ ਦਿੱਤਾ। ਰਾਮਦਾਸਪੁਰੇ ਮੇਂ ਮੰਗਣੇ ਕੀ ਰੀਤੀ ਕੀਤੀ। ਮਾਈ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਕੋ ਵਧਾਈਆਂ ਮਿਲਨੇ ਲੱਗੀਆਂ।"[2] ਸਤਿਗੁਰੂ ਜੀ ਦਾ ਮੰਗਣਾ 1821 ਈ. ਵਿੱਚ ਹੋਇਆ ਤਾਂ ਵੇਲੇ ਦੇ ਰਿਵਾਜ ਅਨੁਸਾਰ ਆਪ ਦਾ ਬਾਲ ਵਿਆਹ, 1823 ਈ. ਵਿੱਚ ਵੈਦਿਕ ਰੀਤੀ ਨਾਲ ਕਰ ਦਿੱਤਾ ਗਿਆ। "ਸ੍ਰੀ ਸਤਿਗੁਰੂ ਜੀ ਸੱਤਾਂ ਬਰਸਾਂ ਦੇ ਹੋਏ ਤਾਂ ਧਰੋੜਾਂ ਜਾਇ ਬੇਦ ਰੀਤੀ ਸੇ ਵਿਵਾਹ ਕੀਤਾ। ਸਰਬ ਦੇਖ ਕੇ ਮੋਹੇ ਗਏ। ਦੇਖ ਕੇ ਲੋਕ ਮਾਈਆਂ ਬੀਬੀਆਂ ਕੈਂਹਦੀਆਂ ਹੈਂ ਇਹ ਮੂਰਤ ਰੱਬ ਨੇ ਆਪ ਧਾਰੀ ਹੈ। ਜੇੜ੍ਹਾ ਦਰਸਨ ਕਰੇ ਉਸਨੂੰ ਲਗਦੀ ਪਿਆਰੀ ਹੈ। ਮੰਗਲਾਚਾਰ ਕੇ ਗੀਤ ਗਾਇਨ ਕੀਤੇ। ਰਾਮਦਾਸਪੁਰੇ ਆਏ, ਬੜੀ ਖੁਸ਼ੀ ਹੋਈ। ਸ੍ਰੀ ਸਤਿਗੁਰੂ ਜੀ ਕੇ ਮਹਿਲ ਜੱਸਾਂ ਜੀ ਘਰ ਮੈ ਆਈ। ਮਾਤਾ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਕੋ ਵਧਾਈਆਂ ਮਿਲੀਆਂ।"[3]

ਜਿਵੇਂ-ਜਿਵੇਂ ਸਤਿਗੁਰੂ ਜੀ ਬਾਲਪਨ ਤੋਂ ਯੁਵਾ ਅਵਸਥਾ ਵੱਲ ਪਰਵੇਸ਼ ਕਰ ਰਹੇ ਸਨ ਉਹਨਾਂ ਦੇ ਸੁਭਾਉ ਦਾ ਨਿਆਰਾਪਨ, ਦੂਸਰੇ ਬਾਲਕਾਂ ਨਾਲੋਂ ਸਪਸ਼ਟ ਨਿਖੇੜਾ ਕਰਦਾ ਸੀ। ਵਾਗੀ ਮੁੰਡਿਆਂ ਨਾਲ ਰਲ ਕੇ ਜਦੋਂ ਉਹ ਵੀ ਘਰ ਦੇ ਪਸ਼ੂ ਚਰਾਉਣ ਜਾਂਦੇ ਤਾਂ ਬਾਹਰ ਰੁੱਖਾਂ ਹੇਠ ਦੁਪਹਿਰੇ ਪਸ਼ੂਆਂ ਨੂੰ ਬੈਠਾ ਕੇ, ਆਪ ਸਮਾਧੀ ਸਥਿੱਤ ਹੋ ਜਾਂਦੇ। ਮਾਤਾ ਜੀ ਤੋਂ ਅਤੇ ਹੋਰ ਸਾਧੂਆਂ ਤੋਂ ਪਹਿਲਾਂ ਪੰਜ ਗ੍ਰੰਥੀ ਤੱਕ ਬਾਣੀ ਸਰਲ ਕੀਤੀ ਅਤੇ ਫਿਰ ਉਮਰ ਦਾ ਪਹਿਲਾ ਦਹਾਕਾ ਪੂਰਾ ਕਰਦਿਆਂ ਤੱਕ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਾਠ ਕਰਨ ਲੱਗ ਪਏ ਸਨ। ਗੁਰਬਾਣੀ ਦੀਆਂ ਤੁਕਾਂ ਯਾਦ ਹੋ ਗਈਆਂ ਤਾਂ ਰੰਬੀ ਤੇ ਸੋਟੀ ਮਾਰ ਕੇ ਸ਼ਬਦ ਗਾਉਣ ਲੱਗ ਪੈਂਦੇ। ਪਿਤਾ ਨਾਲ ਘਰੋਗੀ ਕੰਮ ਵਿੱਚ ਹੱਥ ਵੀ ਵਟਾਉਂਦੇ ਅਤੇ ਆਪਣੇ ਸੁਭਾਅ

ਅਨੁਸਾਰ ਲੰਮੀਆਂ ਸਮਾਧੀਆਂ ਵੀ ਲਾਉਂਦੇ। ਵਿਆਹ ਤਾਂ ਬਚਪਨ ਵਿੱਚ ਹੋ ਗਿਆ ਸੀ। ਮੁਕਲਾਵੇ ਦੀ ਰਸਮ ਘੱਟੋ ਘੱਟ ਦਸ ਸਾਲ ਬਾਅਦ 1833 ਈ. ਵਿੱਚ ਹੋਈ ਜਦੋਂ ਮਾਤਾ ਜੱਸਾਂ ਜੀ ਵੀ ਇਹਨਾਂ ਦਸਾਂ ਸਾਲਾਂ ਵਿੱਚ ਸਿਉਣ, ਕੱਢਣ, ਪਿਰੋਣ ਅਤੇ ਚੁੱਲ੍ਹੇ ਚੌਂਕੇ ਦੇ ਕੰਮ ਵਿੱਚ ਪੂਰੇ ਨਿਪੁੰਨ ਹੋ ਕੇ ਆਪਣੇ ਤਿਆਰ ਕੀਤੇ ਦਾਜ ਦੀਆਂ ਚਾਦਰਾਂ, ਫੁਲਕਾਰੀਆਂ ਅਤੇ ਹੱਥੀਂ ਉਣੇ ਖੇਸਾਂ, ਚੁਤਹੀਆਂ, ਦਰੀਆਂ ਅਤੇ ਆਪ ਕਪਾਹ ਚੁਗ, ਤੁੰਬ ਕੇ ਭਰੀਆਂ, ਨਗੰਦੀਆਂ, ਰਜਾਈਆਂ, ਤਲਾਈਆਂ, ਪਿਤਾ ਸਾਹਬੂ ਦੇ ਬਣਾਏ ਸੰਦੂਕ ਪੇਟੀਆਂ ਵਿੱਚ ਰੱਖ ਕੇ, ਭੈਣੀ ਸਾਹਿਬ ਆ ਗਏ।

ਭੈਣੀ ਸਾਹਿਬ ਆਉਣ ਬਾਅਦ, ਕਿਉਂਕਿ ਸਤਿਗੁਰੂ ਜੀ ਖੇਤੀ ਵੀ ਕਰਿਆ ਕਰਦੇ ਸਨ, ਮਾਤਾ ਜੱਸਾਂ ਜੀ ਇਹਨਾਂ ਕੰਮਾਂ ਵਿੱਚ ਹੱਥ ਵਟਾਉਣ ਲੱਗੇ। "ਚੰਗੀ ਪੇਂਡੂ ਸੁਆਣੀ ਵਾਂਗ ਪਸ਼ੂਆਂ ਨੂੰ ਪੱਠੇ ਪਾਂਦੇ, ਲਵੇਰੀਆਂ ਨੂੰ ਗੁਤਾਵਾ ਕਰਦੇ। ਦੁੱਧ ਚੋਂਦੇ, ਧਰਦੇ, ਰਿੜਕਦੇ। ਸੱਸ-ਸਹੁਰੇ, ਤੇ ਥੋਹੜੀ ਦਿਓਰ-ਦਰਾਣੀ ਦੀ ਸੇਵਾ ਵੀ ਕਰਦੇ। ਰਿੰਨ੍ਹਣਾਂ, ਪਕਾਣਾਂ ਤੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਪੁਚਾਉਣਾ - ਕੰਮਾਂ ਦੀ ਇਹ ਲਾਮ ਡੋਰ ਕਿਸਾਨੀ ਵਿੱਚ ਦਮ ਨਹੀਂ ਲੈਣ ਦਿੰਦੀ। ਰਾਮ ਸਿੰਘ ਜੀ ਦੇ ਸੁਭਾਅ ਵਿੱਚ ਉਨਾਂ ਲਾਡ ਮਲ੍ਹਾਰ ਨਹੀਂ ਸੀ ਕਿ ਉਹ ਗ੍ਰਹਿਸਤ ਵਿੱਚ ਪੂਰੀ ਤਰ੍ਹਾਂ ਗਹਿ ਗੱਚ ਹੋ ਜਾਂਦੇ। ਉਹਨਾਂ ਦਾ ਮਨ ਸਾਰੇ ਕੰਮ ਕਾਰ ਕਰਦਿਆਂ ਵੀ ਖ਼ਸਲਤ ਵੱਲੋਂ ਇਕਾਂਤ ਪਸੰਦ ਸੀ। ਇਸ ਲਈ ਜੱਸਾਂ ਜੀ (ਅਜੇ) ਉਹਨਾਂ ਨੂੰ ਭਲੀ ਭਾਂਤ ਸਮਝ ਨਹੀਂ ਸੱਕੇ। ਪਤੀ ਦੀ ਉਚੀ ਲੰਮੀ ਡੀਲ ਡੌਲ, ਵਿਨੋਦੀ (ਬਾਹਰੋਂ ਬਾਹਰੋਂ) ਸੁਭਾਅ ਪਿਆਰਾ ਵੀ ਬੜਾ ਲਗਦਾ ਪਰ ਜਦੋਂ ਅਚਾਨਕ ਉਸ ਵਿੱਚ ਤੇਜੀ ਆ ਜਾਂਦੀ, ਉਦੋਂ ਉਹਨਾਂ ਦੀਆਂ ਨਜ਼ਰਾਂ ਤੋਂ ਉਹਲੇ ਰਹਿਣਾ ਹੀ ਭਲਾ ਲਗਦਾ।

"ਗ੍ਰਿਹਸਤ ਦੀ ਇਹ ਧੁੱਪ-ਛਾਂ ਉਦੋਂ ਬ੍ਰਿਹ-ਪੀੜ ਵਿੱਚ ਵਟ ਗਈ ਜਦੋਂ ਨਣਦੋਈਆ ਕਾਬਲ ਸਿੰਘ (ਰਾਇਪੁਰ, ਜ਼ਿਲ੍ਹਾ ਲੁਧਿਆਣਾ), ਇਕ ਦਿਨ ਆਪਣੇ ਸੱਸ ਸਹੁਰੇ ਨਾਲ ਸਲਾਹ ਕਰ ਕੇ, ਰਾਮ ਸਿੰਘ ਜੀ ਨੂੰ ਫੌਜ ਵਿੱਚ ਭਰਤੀ ਕਰਵਾਉਣ ਲਈ ਲੈ ਗਿਆ।..."

"ਰਾਮ ਸਿੰਘ ਜੀ ਫੌਜੀ ਬਣਨ ਲਈ ਘਰੋਂ ਕਾਹਦੇ ਚਲੇ ਗਏ ਪਿੱਛੇ ਤਾਂ ਹਨੇਰ ਵਰਤ ਗਿਆ। ਮਾਂ ਸਦਾ ਕੌਰ ਵੱਖ ਉਦਾਸ ਸੀ। ਛੋਟੇ ਵੀਰ ਤੇ ਪਿਤਾ ਦੇ ਕੰਮਾਂ ਵਿੱਚ ਵਾਧਾ ਹੋ ਗਿਆ ਤੇ ਜੱਸਾਂ ਜੀ ਦੇ ਮਨ ਵਿੱਚ ਜੋ ਕੁੱਝ ਵਾਪਰ ਰਿਹਾ ਸੀ ਉਹਨੂੰ ਕੌਣ ਜਾਣੇ ? ਭਾਂਵੇਂ ਘਰ ਵਿੱਚ ਦੋ ਵੱਡਿਆਂ ਤੋਂ ਛੁੱਟ ਦਿਓਰ-ਦਰਾਣੀ ਵੀ ਮੌਜੂਦ ਸਨ ਪਰ ਜੱਸਾਂ ਜੀ ਦੇ ਮਨ ਦੀ ਹਾਲਤ

ਤਾਂ ਇਹੋ ਲੋਕ ਗੀਤ ਸਹੀ ਸਹੀ ਬਿਆਨਦਾ ਹੈ-

"ਚੰਨ ਭਾਵੇਂ ਨਿੱਤ ਚੜ੍ਹਦਾ।

ਸਾਨੂੰ ਸੱਜਣਾਂ ਬਾਝ ਹਨੇਰਾ।"[4]

ਮਾਤਾ ਜੱਸਾਂ ਜੀ ਇਧਰ ਵਿਓਗ ਹੰਡਾ ਰਹੇ ਸਨ ਅਤੇ ਆਪ ਦੀ ਸੁਖ ਸਾਂਦ ਜਾਨਣ ਲਈ ਸਦਾ ਉਡੀਕਾਂ ਵਿੱਚ ਰਹਿੰਦੇ ਸਨ। ਆਉਣ ਵਾਲਿਆਂ ਦੀਆਂ ਬਿੜਕਾਂ ਲੈਂਦੇ ਰਹਿੰਦੇ ਸਨ ਕਿ ਕੋਈ ਉਹਨਾਂ ਦਾ ਸੁੱਖ ਸੁਨੇਹਾ ਦੇਵੇ ਪਰ ਇਕ ਦਿਨ ਆਪ ਜੀ ਦੇ ਬਹਿਨੋਈ ਕਾਬਲ ਸਿੰਘ ਹੋਰਾਂ ਦੁਆਰਾ ਘਰ ਪੁਚਾਏ ਇਕ ਪੱਤਰ ਨੇ ਬਾਕੀ ਪਰਿਵਾਰ ਦੇ ਨਾਲ ਨਾਲ ਮਾਤਾ ਜੱਸਾਂ ਜੀ ਨੂੰ ਵੀ ਡਾਢਾ ਚਿੰਤਾਤੁਰ ਕਰ ਦਿੱਤਾ।"ਕਾਬਲ ਸਿੰਘ ਨੇ ਲਿਖ ਭੇਜਿਆ ਰਾਮਦਾਸਪੁਰੇ (ਭੈਣੀ ਸਾਹਿਬ) ਮੈਂ ਕਿ ਰਾਮ ਸਿੰਘ ਕਮਲਾ ਹੋਇ ਗਿਆ ਹੈ। ਜੋ ਇਕ ਬਾਂਹ ਕੁੜਤੇ ਦੀ ਪਾਉਂਦਾ ਹੈ ਤਾਂ ਦੂਈ ਬਾਂਹ ਏਵੇਂ ਹੀ ਰਹਿ ਜਾਂਦੀ ਹੈ। ਬੇਸੁਧ ਹੋਇਆ ਹੋਇਆ ਹੈ। ਕੁਝ ਖਵਰ ਨਹੀਂ ਰਖਦਾ ਖਾਣ ਪੀਣ ਦੀ। ਏਹ ਚਿਠੀ ਸੁਣ ਕੇ ਬਾਬਾ ਜੱਸਾ ਸਿੰਘ ਜੀ ਗਏ ਲਾਹੌਰ ਮੈ ਖਵਰ ਵਾਸਤੇ। ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। ਦੁਖ ਸੁਖ ਕੀ ਬਾਰਤਾ ਪੁੱਛੀ ਦੱਸੀ। ਪਰਸਪਰ ਬਚਨ ਕੀਤੇ। ਕੋਈ ਕੁ ਦਿਨ ਬਾਬਾ ਜੀ ਰਹੇ। ਜਾਂ ਬਾਬਾ ਜੱਸਾ ਸਿੰਘ ਤੁਰੇ ਤਾਂ ਨਾਲ ਹੀ ਸਤਿਗੁਰੂ ਜੀ ਬਾਰ੍ਹਾਂ ਦਿਨਾਂ ਦੀ ਛੁੱਟੀ ਲੈ ਕੇ ਆਏ ਰਾਮਦਾਸਪੁਰੇ ਮੈਂ। ਮਾਈ ਸਦਾ ਕੌਰ ਤੇ ਸਾਰਾ ਪਰਿਵਾਰ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। ਜੋ ਫਿਕਰ ਸੀ ਸੋ ਦੂਰ ਹੋਇਆ। ਬਾਰ੍ਹਾਂ ਦਿਨ ਕੱਟ ਕੇ ਸ੍ਰੀ ਸਤਿਗੁਰੂ ਜੀ ਮੁੜ ਗਏ ਲਾਹੌਰ ਮੈਂ।"[5]

ਸ੍ਰੀ ਸਤਿਗੁਰੂ ਜੀ ਮਸਤਾਨੀ ਬਿਰਤੀ ਧਾਰ ਲੈਂਦੇ ਸਨ ਤਾਂਕਿ ਉਹਨਾਂ ਦਾ ਫੌਜੀ ਡਿਊਟੀ ਤੋਂ ਬਚਦਾ ਸਮਾਂ ਨਾਮ ਬਾਣੀ ਵਿੱਚ ਬਤੀਤ ਹੋਏ ਨਾਂ ਕਿ ਦੁਨੀਆਵੀ ਗੱਲਾਂ ਬਾਤਾਂ ਵਾਲੇ, ਉਹਨਾਂ ਦਾ ਸਮਾਂ ਹਰਜ ਕਰਨ। ਭੈਣੀ ਸਾਹਿਬ ਦੇ ਬਾਰਾਂ ਦਿਨ ਨਿਵਾਸ ਸਮੇਂ, ਮਾਤਾ ਜੱਸਾਂ ਜੀ ਨੂੰ ਵੀ ਇਹ ਅਹਿਸਾਸ ਜ਼ਰੂਰ ਹੋ ਗਿਆ ਸੀ ਕਿ ਇਹਨਾਂ ਬਾਰੇ ਪਰਚਾਰਿਆ ਜਾ ਰਿਹਾ 'ਕਮਲ', ਲੱਖਾਂ ਦੁਨਿਆਵੀ ਸਿਆਣਪਾਂ ਤੋਂ ਮੁੱਲਵਾਨ ਹੈ।

ਸੰਨ 1845 ਈ. ਵਿੱਚ ਤਿੰਨ ਮਹੀਨਿਆਂ ਦੀ ਛੁੱਟੀ ਮਿਲੀ ਤਾਂ ਆਪ ਪਿੰਡ ਆ ਗਏ। ਇਸ ਸਮੇਂ ਤੱਕ ਆਪ ਦੇ ਬਾਲ ਸਖਾਈ ਮਿੱਤਰ ਪਿੰਡ ਵਾਸੀ ਲਹਿਣਾ ਸਿੰਘ ਜ਼ਿੰਮੀਦਾਰ ਨੇ ਸਤਿਗੁਰੂ ਜੀ ਨੂੰ ਆਪਣੀ ਜਗ੍ਹਾ ਦੇ ਦਿੱਤੀ ਸੀ ਮਕਾਨ ਬਨਾਉਣ ਵਾਸਤੇ। ਸਤਿਗੁਰੂ ਜੀ ਅਤੇ ਲਹਿਣਾ ਸਿੰਘ ਸਾਰੀ ਸਾਰੀ ਰਾਤ ਬੈਠੇ ਬੰਦਗੀ ਕਰਦੇ ਰਹਿੰਦੇ। ਸਤਿਗੁਰੂ ਜੀ ਨੇ ਤਾਂ ਨੀਂਦ ਜਿੱਤ

ਲਈ ਸੀ। ਆਪ ਦੀ ਸੰਗਤ ਵਿੱਚ ਲਹਿਣਾ ਸਿੰਘ ਵੀ ਅੱਖ ਨਾਂ ਲਾਉਂਦਾ। ਮਾਤਾ ਜੱਸਾਂ ਜੀ ਵੀ ਸਾਰੀ ਰਾਤ ਬੈਠ ਕੇ ਕੱਟਦੇ ਸਨ। ਇਸੇ ਕਰ ਕੇ ਇਕ ਦਿਨ ਉਹਨਾਂ ਲਹਿਣਾ ਸਿੰਘ ਨੂੰ ਕਹਿ ਹੀ ਦਿੱਤਾ— "ਜੇਕਰ ਤੂੰ ਨਾਂ ਆਵੇਂ ਤਾਂ ਗੁਰੂ ਜੀ ਬਰਾਜਣ।ਅਸੀਂ ਭੀ ਨੀਂਦ ਕਰ ਲਈਏ। ਸੱਤ ਰਾਤਾਂ ਗੁਜ਼ਰੀਆਂ ਹੈਨ ਉਨੀਂਦਿਆਂ ਨੂੰ।" ਕਿਤਨਾ ਕਠਿਨ ਜੀਵਨ ਜਿਊਣਾ ਪੈ ਰਿਹਾ ਸੀ ਮਾਤਾ ਜੀ ਨੂੰ ਆਪਣੇ ਸਾਈਂ ਦੀ ਰਜ਼ਾ ਵਿੱਚ। ਫਿਰ ਜਦੋਂ ਅਗਲੇ ਦਿਨ ਲਹਿਣਾ ਸਿੰਘ ਕੁੱਝ ਸਮਾਂ ਬੈਠ ਕੇ ਜਾਣ ਲੱਗਾ ਤਾਂ ਸਤਿਗੁਰੂ ਜੀ ਨੇ ਉਸ ਨੂੰ ਰੋਕ ਕੇ ਪੁੱਛ ਹੀ ਲਿਆ ਕਿ ਤੈਨੂੰ ਜੱਸਾਂ ਨੇ ਤਾਂ ਨਹੀਂ ਕੁੱਝ ਕਿਹਾ। ਤੇ ਜਦੋਂ ਪਤਾ ਲੱਗਾ ਕਿ ਉਹ ਜੱਸਾਂ ਜੀ ਦੇ ਕਹਿਣ ਤੇ ਹੀ ਜਾ ਰਿਹਾ ਸੀ ਤਾਂ ਸਤਿਗੁਰੂ ਜੀ ਨੇ ਉਸ ਤੇ ਅਗਲਾ ਸੁਆਲ ਕੀਤਾ ਕਿ "ਤੂੰ ਜੱਸਾਂ ਕਾ ਸਿੱਖ ਹੈਂ ਜਾਂ ਸਾਡਾ ?' ਉਸਦੇ ਇਹ ਕਹਿਣ ਤੇ ਕਿ ਮੈਂ ਤੁਹਾਡਾ ਸਿੱਖ ਹਾਂ ਕਿਹੋ ਨੇ- "ਜੇ ਸਾਡਾ ਸਿੱਖ ਹੈਂ ਤਾਂ ਜਿਵੇਂ ਅਸੀਂ ਕਹੀਏ ਕਰ।" "ਬਚਨ ਕੀਤਾ ਜੇ ਕਰ ਸਾਡੇ ਕਹੇ ਚੱਲਣਾਂ ਹੈ ਤਾਂ ਜਿਸ ਵੇਲੇ ਤੈਨੂੰ ਨੀਂਦ ਆਵੇ ਬਿਨਾਂ ਪੁੱਛੇ ਹੀ ਚਲਾ ਜਾਈਂ ਫੇਰ ਨਾ ਸਾਨੂੰ ਪੁੱਛੀਂ।" ਬਾਹੋਵਾਲ ਜੀ ਮੁਤਾਬਿਕ ਚੌਦਾਂ ਰਾਤਾਂ ਲਹਿਣਾ ਸਿੰਘ ਨਹੀਂ ਸੁੱਤਾ। ਚੌਧਵੀਂ ਰਾਤ ਲੰਘਣ ਤੇ ਉਹਨੇ ਨੀਂਦ ਆਉਣ ਦੀ ਅਰਜ਼ ਕੀਤੀ ਤਾਂ ਪੰਦਰਵੀਂ ਰਾਤ ਘਰ ਜਾ ਸੁੱਤਾ।[6]

ਹੁਣ 1845 ਦੇ ਦਸੰਬਰ ਮਹੀਨੇ, ਲਾਹੌਰ ਦਰਬਾਰ ਅਤੇ ਅੰਗਰੇਜ਼ਾਂ ਵਿਚਕਾਰ ਜੰਗ ਦੇ ਹਾਲਾਤ ਬਣ ਗਏ। ਲਾਹੌਰ ਦਰਬਾਰ ਦੇ ਛੁੱਟੀ ਗਏ ਫੌਜੀਆਂ ਨੂੰ ਵੀ ਵਾਪਿਸ ਛੇਤੀ ਆਉਣ ਦੀ ਤਾਕੀਦ ਕੀਤੀ। ਸਤਿਗੁਰੂ ਜੀ ਲਾਹੌਰ ਪੁੱਜ ਗਏ। ਪਰ ਆਪ ਨੇ ਆਪਣੀ ਤੀਖਣ ਦ੍ਰਿਸ਼ਟੀ ਨਾਲ ਅਨੁਭਵ ਕਰ ਲਿਆ ਸੀ ਕਿ ਸਿੰਘਾਂ ਨੂੰ ਹੁਣ ਹਾਰੀ ਹੋਈ ਲੜਾਈ ਲੜਨੀ ਪੈਣੀ ਹੈ ਕਿਉਂ ਜੁ ਲਾਹੌਰ ਦਰਬਾਰ ਦੇ ਅਹੁਦੇਦਾਰ ਅਤੇ ਸੈਨਾਪਤੀ ਤਾਂ ਅੰਦਰ ਖਾਤੇ ਫਰੰਗੀਆਂ ਨਾਲ ਗੰਢ ਤੁੱਪ ਕਰੀ ਬੈਠੇ ਸਨ। ਸੋ ਲੜਾਈ ਤੋਂ ਐਨ ਪਹਿਲਾਂ ਰੋਸ ਵਜੋਂ ਆਪਣੀ ਬੰਦੂਕ ਦਰਿਆ ਵਿੱਚ ਸੁੱਟ ਕੇ ਆਪ ਫਲੌਰ ਦੇ ਪੱਤਣ ਤੋਂ ਲੁਧਿਆਣੇ ਮਾਮੇ ਹਰੀ ਸਿੰਘ ਦੇ ਘਰ ਆ ਗਏ। ਮਾਮੀ ਰਾਮ ਕੌਰ ਨੇ ਦੱਸਿਆ ਕਿ ਜੱਸਾਂ ਜੀ ਦੇ ਘਰ ਲੜਕਾ ਪੈਦਾ ਹੋਇਆ ਸੀ ਜੋ ਅੱਠਾਂ ਦਿਨਾਂ ਦਾ ਹੋ ਕੇ ਚੜਾਈ ਕਰ ਗਿਆ ਹੈ ਅਤੇ ਮੈਂ ਤੁਹਾਨੂੰ ਉਡੀਕਦੀ ਸਾਂ ਕਿ ਤੁਸੀਂ ਵੀ ਆ ਜਾਉ ਤਾਂ ਫਿਰ ਪਰਚਾਉਣੀ ਲਈ ਚੱਲਾਂਗੇ। ਬੇਸ਼ਕ ਸਤਿਗੁਰੂ ਜੀ ਹਰਖ ਸੋਗ ਤੋਂ ਨਿਆਰੇ ਸਨ ਪਰ ਮਾਤਾ ਜੱਸਾਂ ਜੀ ਤਾਂ ਇੱਕ ਮਾਂ ਦਾ ਹਿਰਦਾ ਰੱਖਦੇ ਸਨ ਜਿਹਨਾਂ ਨੂੰ ਪੁੱਤਰ ਵਿਛੋੜਾ ਝੱਲਣਾ ਪਿਆ ਸੀ। ਉਸ ਨਾਲ ਸੰਵੇਦਨਾ ਪ੍ਰਗਟ ਕਰਨ ਲਈ ਉਹੋ ਜਿਹਾ ਰਸਤਾ ਚੁਣਦੇ ਹਨ।

"ਜਾਂ ਰਾਈਆਂ ਲੰਘੇ ਤਾਂ ਮਾਮੀ ਨੂੰ ਸਤਿਗੁਰੂ ਜੀ ਕਿਹਾ ਜੇ ਘਰ ਚੁੱਪ ਕੀਤੇ ਗਏ ਤਾਂ ਜੱਸਾਂ ਕਹੇਗੀ ਨਪੁੱਤੇ ਨੂੰ ਮੋਹ ਨਾ ਸੀ। ਚੁਪ ਕੀਤਾ ਘਰ ਆਇ ਵੜਿਆ ਹੈ ਬੱਚਾ ਪਿਟਿਆ। ਤਾਂ ਤੇ ਰੋਂਦੇ ਚੱਲੀਏ। ਜਾਂ ਤੂੰ ਕੂਕ ਮਾਰੇਂਗੀ ਤਾਂ ਮੈਂ ਵੀ ਨਾਲ ਹੀ ਮਾਰਾਂਗਾ। ਮਾਮੀ ਨੇ ਸੰਦਲੇ ਵਾਂਗੂੰ ਕੱਪੜਾ ਬੰਨ੍ਹ ਲਿਆ।ਪਹੇ ਕੇ ਬੀਚ ਤੁਰੇ ਆਉਂਦੇ ਮਾਮੀ ਨੇ ਕੂਕ ਮਾਰੀ। ਮਗਰ ਦੀ ਸਤਿਗੁਰੂ ਜੀ ਕੂਕ ਮਾਰੀ। ਲੋਕ ਗੋਡੀ ਕਰਦੇ ਸੇ। ਓਹਨਾਂ ਨੇ ਕਿਹਾ ਏਉਂ ਕੀ ਹੁੰਦਾ ਹੈ ? ਮਰਦ ਬੁੱਢੀ ਦੋਵੇਂ ਹੀ ਰੋਂਦੇ ਹੈਂ। ਦੇਖ ਕੇ ਏਕ ਨੇ ਕਿਹਾ- ਏਹ ਬੁੱਢੀ ਤਾਂ ਲੁਧਿਆਣੇ ਵਾਲੀ ਹੈ। ਏਹ ਏਸਦਾ ਦੋਹਤਾ ਹੈ। ਜੱਸਾ ਸਿੰਘ ਲੁਹਾਰ ਦਾ ਪੁੱਤ ਰਾਮ ਸਿੰਘ ਹੈ।

"ਬਾਬਾ ਭੀ ਰਾਈਆਂ ਵਾਲੇ ਰਸਤੇ ਨੂੰ ਚਲਾ ਜਾਂਦਾ ਸੀ। ਦੂਰੋਂ ਹੀ ਕਹਿਣ ਲਗੇ ਬਾਬਾ ਜੱਸਾ ਸਿੰਘ ਤੇਰਾ ਪੁੱਤਰ ਆਇਆ ਹੈ। ਬਾਬਾ ਜੀ ਪੁੱਤਰ ਦੇ ਦਰਸ਼ਨ ਕਰਕੇ ਹਰੇ ਹੋਇ ਗਏ। ਜੋ ਚਿੰਤਾ ਸੀ ਸੋ ਦੂਰ ਹੋਈ।'[7] ਮਾਤਾ ਸਦਾ ਕੌਰ ਪੁੱਤਰ ਮਿਲਾਪ ਨਾਲ ਖੀਵੀ ਹੋ ਉਠੀ। ਮਾਤਾ ਜੱਸਾਂ ਦੇ ਹਿਰਦੇ ਦੀ ਵੇਦਨ ਪਤੀ ਦਰਸ਼ਨਾਂ ਨਾਲ ਪਹਿਲਾਂ ਦੂਣ ਸਵਾਈ ਹੋਈ ਅਤੇ ਫਿਰ ਹੌਲੀ ਹੌਲੀ ਸ਼ਾਂਤ ਹੋ ਗਈ।"

ਇਸ ਗੁਜ਼ਰ ਜਾਣ ਵਾਲੇ ਲੜਕੇ ਤੋਂ ਪਹਿਲਾਂ ਮਾਤਾ ਜੱਸਾਂ ਜੀ ਦੇ ਉਦਰ ਥੀਂ ਬੀਬੀ ਨੰਦਾਂ ਅਤੇ ਬੀਬੀ ਦੈਆ ਕੌਰ ਦਾ 1838 ਅਤੇ 1842 ਈ. ਵਿੱਚ ਜਨਮ ਹੋਇਆ ਸੀ।

ਫੌਜ ਵਿੱਚੋਂ ਆਉਣ ਤੋਂ ਅਗਲੇ ਹੀ ਦਿਨ ਦੋ ਭਰਾਈ ਮੰਗਦੇ ਹੋਏ ਘਰ ਆਏ। ਕੋਠੇ ਉੱਤੇ ਮੱਕੀ ਦੇ ਦਾਣੇ ਸੁੱਕ ਰਹੇ ਸਨ। ਜੱਸਾਂ ਜੀ ਖੂਹ ਤੋਂ ਪਾਣੀ ਭਰਨ ਗਏ ਸਨ। ਸਤਿਗੁਰੂ ਜੀ ਨੇ ਦੋਹਾਂ ਭਰਾਈਆਂ ਦੇ ਖੱਲੜੇ ਲੈ ਕੇ ਸਾਰੀ ਮੱਕੀ ਉਹਨਾਂ ਵਿੱਚ ਭਰ ਦਿੱਤੀ। ਜਦੋਂ ਮਾਤਾ ਜੱਸਾਂ ਖੂਹ ਤੋਂ ਮੁੜ ਕੇ ਆਈ ਤਾਂ ਮਾਮੀ ਨੂੰ ਕਿਹਾ ਕਿ ਦਾਣੇ ਉੱਤੋਂ ਲਾਹ ਲਿਆਉ। ਮਾਮੀ ਨੇ ਕੋਠੇ ਤੇ ਜਾ ਕੇ ਜੱਸਾਂ ਜੀ ਨੂੰ ਉਪਰ ਬੁਲਾਇਆ ਤੇ ਦੱਸਿਆ ਕਿ ਦਾਣੇ ਸਾਰੇ ਦੇ ਦਿੱਤੇ ਹਨ ਭਰਾਈਆਂ ਨੂੰ।ਜੱਸਾਂ ਜੀ ਉਹਨਾਂ ਦੇ ਰੌਦਰ ਰੂਪ ਤੋਂ ਡਰਦਿਆਂ ਚੁੱਪ ਕਰ ਕੇ ਸਬਰ ਦਾ ਘੁੱਟ ਭਰ ਲਿਆ।[8]

ਜਦੋਂ ਕਿਤੇ ਜੱਸਾਂ ਜੀ ਨਾਲ ਮਸਤਾਨੀ ਅਵਸਥਾ ਵਿੱਚ ਤੱਤੇ ਠੰਢੇ ਹੁੰਦੇ ਸਨ ਤਾਂ ਉਹ, ਇਧਰ ਉਧਰ ਲੁਕ ਜਾਇਆ ਕਰਦੇ ਸਨ। ਫਿਰ ਸ੍ਰੀ ਸਤਿਗੁਰੂ ਜੀ ਲਾਟੋਂ, ਚੱਕ ਆਦਿ ਗੁਆਂਢੀ ਪਿੰਡਾਂ ਤੱਕ ਆਪ ਜੀ ਨੂੰ ਭਾਲਣ ਜਾਂਦੇ।

"ਇਕ ਦਿਨ ਦਸ ਸੇਰ ਦਾਣੇ ਸੇ ਘਰ ਮੇਂ।(ਸਤਿਗੁਰੂ ਜੀ ਨੇ) ਤਿੰਨ ਪਰਸ਼ਾਦੇ ਬਣਾਏ। ਏਤਨੇ ਮੇਂ ਨਾਂਗੇ ਆਏ ਗਏ ਮੰਗਦੇ। ਸ੍ਰੀ ਸਤਿਗੁਰੂ ਜੀ

ਤਿੰਨੇ ਪਰਸ਼ਾਦੇ ਫੜਾਇ ਦਿਤੇ ਨਾਂਗਿਆਂ ਕੋ। ਜੱਸਾਂ ਜੀ ਕਿਹਾ, ਇਕ ਕੁੜੀ ਲਈ ਤੇ ਰੱਖ ਲੈਂਦੇ। ਬਚਨ ਕੀਤਾ ਹੋਰ ਦਾਣੇ ਪੀਹ ਕੇ ਬਣਾਏ ਲੈ।"

"ਏਕ ਦਿਨ ਕੋਟ ਵਾਲਾ ਨਾਂਗਾ ਆਇਆ। ਚੰਗਾ ਸਾਧ ਸੀ ਰਿੱਧੀ ਸਿੱਧੀ ਵਾਲਾ। ਮੰਜਾ ਡਾਹ ਦਿਤਾ। ਬੜਾ ਆਦਰ ਕੀਤਾ। ਬਚਨ ਕੀਤਾ- ਜੱਸਾਂ ਡੱਬਾ ਖੇਸ ਲਿਆਓ ਕਿੱਥੇ ਹੈ, ਨਾਂਗੇ ਨੂੰ ਦੇਈਏ। ਜੱਸਾਂ ਜੀ ਕਿਹਾ— ਧੀ ਜੁਆਈ ਨੂੰ ਦੇਊਂਗੀ। ਜਾਂ ਜੱਸਾਂ ਜੀ ਆਸੇ ਪਾਸੇ ਹੋਈ ਤਾਂ ਪਟਾਰ ਵਿੱਚੋਂ ਕੱਢ ਕੇ ਲਿਆ ਕੇ ਖੇਸ ਨਾਂਗੇ ਕੋ ਦੇ ਦੀਆ।"

"ਏਕ ਦਿਨ ਗਲੋਟਿਆਂ ਮੈਂ ਅਗਨੀ ਲਗਾਇ ਦਿੱਤੀ। ਜਲ ਗਏ ਸਾਰੇ ਹੀ। ਏਕ ਦਿਨ ਬੀਬੀ ਦਇਆ ਕੌਰ ਕੇ ਕੁੜਤੇ ਕੋ ਅਗਨੀ ਲਗਾਇ ਦਿਤੀ। ਮਾਤਾ ਜੱਸਾਂ ਜੀ ਝੱਟ ਜਲ ਕਾ ਗੜਵਾ ਪਾਇ ਦਿਤਾ ਅਗਨੀ ਬੁਝਾਇ ਦਿਤੀ।"[9]

ਧੀਆਂ ਦੇ ਜਨਮ ਸਮੇਂ ਤੋਂ ਹੀ ਮਾਤਾਵਾਂ ਨੂੰ ਉਹਨਾਂ ਦੇ ਦਾਜ ਦਿੱਤ ਦੀ ਚਿੰਤਾ ਲੱਗ ਜਾਂਦੀ ਹੈ। ਉਹ ਨਿੱਕੀਆਂ ਨਿੱਕੀਆਂ ਚੀਜ਼ਾਂ ਆਉਣ ਵਾਲੇ ਸਮੇਂ ਲਈ ਬਣਾਉਂਦੀਆਂ, ਇਕੱਠੀਆਂ ਕਰਦੀਆਂ ਹਨ। ਸੋ ਮਾਤਾ ਜੱਸਾਂ ਕਦੇ ਲੜਕੀਆਂ ਦੇ ਪਰਸ਼ਾਦਿਆਂ ਅਤੇ ਕਦੇ ਬਸਤਰਾਂ ਬਾਰੇ ਚਿੰਤਾਤੁਰ ਹੁੰਦੀ ਹੈ। ਪਰ ਸਤਿਗੁਰੂ ਜੀ ਦਾ ਤਾਂ ਇੱਕ ਵਡੇਰਾ ਪਰਿਵਾਰ ਹੈ ਜਿਸ ਦੀ ਉਹਨਾਂ ਨੂੰ ਚਿੰਤਾ ਹੈ। ਦੂਸਰਾ ਉਹਨਾਂ ਦਾਜ ਦਹੇਜ ਦੇ ਪੁਰਾਣੇ ਰੀਤੀ ਰਿਵਾਜ ਖ਼ਤਮ ਕਰ ਕੇ ਔਰਤਾਂ ਨੂੰ ਪੈਰ ਦੀ ਜੁੱਤੀ ਵਾਲੀ ਝੁੰਡ ਤੋਂ ਕੱਢ ਕੇ, ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਖਲੌਣ ਵਾਲੀ ਬਨਾਉਣਾ ਹੈ। ਇਸ ਲਈ ਉਹ ਨਵੀਂ ਸੋਚ ਦੇ ਅਨੁਰੂਪ ਹੀ ਸਾਰੇ ਕਾਰਜ ਕਰ ਰਹੇ ਹਨ। ਮਾਤਾ ਜੱਸਾਂ ਜੀ ਤਾਂ ਅਕਸਰ ਦੋ ਪੁੱਤਰੀਆਂ ਦੀ ਮਾਤਾ ਹੈ ਉਹਨਾਂ ਦਾ ਆਪਣਾ ਸੋਚਣ, ਸਮਝਣ ਤੇ ਕਰਨ ਦਾ ਪੁਰਾਣਾ ਰਵਾਇਤੀ ਢੰਗ ਹੈ। ਇਹੋ ਦਵੰਦ ਸਤਿਗੁਰੂ ਜੀ ਅਤੇ ਮਾਤਾ ਜੀ ਦੇ ਚਰਿੱਤਰ ਵਿੱਚ ਰੂਪਮਾਨ ਹੁੰਦਾ ਹੈ।

1847 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਖੇਤੀ ਬਾੜੀ ਕਰਨ ਦਾ ਮਨ ਬਣਾਇਆ। ਜੱਸਾਂ ਜੀ ਨੇ ਜੋ ਕੁੱਝ ਕੋਲ ਹੈਸੀ ਉਹੋ ਲਿਆ ਅੱਗੇ ਧਰਿਆ। ਉਹਨਾਂ ਨੂੰ ਸੰਤੋਖ ਸੀ ਕਿ ਹੁਣ ਉਹਨਾਂ ਦਾ ਸੁਆਮੀ ਪਹਿਲਾਂ ਵਾਲੇ ਮਸਤੀ-ਚੱਕਰੋਂ ਬਾਹਰ ਹੋ ਗਿਆ ਏ ਤੇ ਕਿਰਤ ਕਰਮ ਵੱਲ ਧਿਆਨ ਦੇਣ ਲੱਗਾ ਏ। ਇਕ ਸਾਲ ਬਿਨਾਂ ਕੰਮੋਂ ਅਤੇ ਇੱਛਾ ਅਨੁਸਾਰ ਵੰਡ ਵਰਤ ਕੇ ਖਾਣੋ ਜੋ ਕੁਝ ਬਚਿਆ ਸੀ, ਜਾਂ ਇੰਜ ਕਹਿ ਲਓ, ਜੋ ਕੁਝ ਜੱਸਾਂ ਜੀ ਨੇ ਲੁਕਾਅ ਕੇ ਰੱਖਿਆ ਸੀ। ਉਹ ਸੀ ਇਕ ਤੰਦੀਰਾ ਹੱਸ ਤੇ ਇਕ ਨੱਥ।ਗੁਰੂ ਜੀ ਨੇ ਦੋਵੇਂ ਗਹਿਣੇ ਵੇਚ ਕੇ ਇਕ ਚੰਗੇ ਬੈਲਾਂ ਦੀ ਜੋਗ ਬਣਾ

ਲਈ ਤੇ ਸੁੱਖੂ ਲੰਬੜਦਾਰ ਨਾਲ ਖੇਤੀ ਸ਼ੁਰੂ ਕਰ ਦਿੱਤੀ। ਦੋ ਸਾਲ ਤਕ ਸੁੱਖੂ ਦੇ ਖੇਤਾਂ ਨੂੰ ਜੱਸਾਂ ਜੀ ਸ਼ਾਹ ਵੇਲਾ ਤੇ ਰੋਟੀ ਵੇਲਾ ਲੈ ਕੇ ਜਾਂਦੇ ਰਹੇ। ਖੇਤਾਂ ਨੂੰ ਜਾਂਦਿਆਂ ਆਉਂਦਿਆਂ ਉਹਨਾਂ ਦੀਆਂ ਅੱਖਾਂ ਵਿੱਚ ਆਪਣੇ ਮਰਦ ਦਾ ਉਚਾ ਲੰਮਾ ਕੱਦ, ਚੌੜਾ ਚਕਲਾ ਜੁੱਸਾ ਤੇ ਕਣਕਵੰਨਾ ਲੰਬੂਤਰਾ ਚਿਹਰਾ ਤੈਰਦਾ ਰਹਿੰਦਾ। ਸਾਂਵਿਆਂ-ਸਿੱਧਰਿਆਂ ਖੇਤੀ ਬਾੜੀ ਵਿੱਚ ਹੱਥ ਵਟਾਂਦੇ ਅਤੇ ਆਪਣੇ ਸਾਬਕਾ ਫੌਜੀ ਢੋਲਣ ਨਾਲ ਕਈ ਯਾਦਾਂ ਸਾਂਝੀਆਂ ਕਰਦੇ ਰਹਿੰਦੇ। ਜੱਸਾਂ ਜੀ ਦੀ ਜ਼ਿੰਦਗੀ ਵਿੱਚ ਇਹ ਦਿਨ ਬੜੀ ਤ੍ਰਿਪਤੀ ਦੇ ਸਨ।''[10]

ਤੀਜੇ ਸਾਲ ਖੇਮੇ ਜੱਟ ਨਾਲ ਵਾਹੀ ਕਰ ਲਈ ਜਿਸ ਦਾ ਅਤੇ ਮਹਾਰਾਜ ਬੁੱਧ ਸਿੰਘ ਜੀ ਦਾ ਜਨਮ ਇੱਕੇ ਰਾਤ ਦਾ ਸੀ। ਹੁਣ ਜੱਸਾਂ ਜੀ ਦਾ ਮੋਹ ਖੇਮੇ ਦੇ ਖੇਤਾਂ ਨਾਲ ਪੈ ਗਿਆ। ਸਤਿਗੁਰੂ ਜੀ ਖੇਮੇ ਦੇ ਖੇਤਾਂ ਵਿੱਚ ਹੀ ਬਹੁਤ ਵਧੀਆ ਗੁੜ ਸ਼ੱਕਰ ਵੀ ਤਿਆਰ ਕਰਦੇ ਸਨ।

ਪਿੰਡੋਂ ਬਾਹਰ ਨਾਂਗਿਆਂ ਵਾਲੇ ਖੂਹ ਤੇ ਨਾਂਗੇ ਸਾਧੂਆਂ ਦੀ ਇਕ ਮੰਡਲੀ ਆਣ ਉੱਤਰੀ। ਸਾਧੂਆਂ ਨੂੰ “ਪਿੰਡ ਦੇ ਕਿਸੇ ਨੇ ਨਾਂ ਪਰਸ਼ਾਦਾ ਪੁੱਛਿਆ। ਸ੍ਰੀ ਸਤਿਗੁਰੂ ਜੀ ਨਾਂਗਿਆਂ ਕੋਲ ਆਇਕੇ ਸਾਰਾ ਈ ਆਟਾ ਪਲਟ ਦਿੱਤਾ। ਸਾਰੀ ਈ ਦਾਲ ਪਲਟ ਦਿੱਤੀ। ਆਪ ਖੂਹ ਪਰ ਕਿੱਲੀਆਂ ਲਾਵਣ ਲੱਗੇ। (ਚਰਸ ਚੱਲਦਾ ਸੀ ਸਿੰਚਾਈ ਵਾਸਤੇ) । ਜੱਸਾਂ ਆਈ ਤਾਂ ਤੀਵੀਆਂ ਨੇ ਕਹਿਆ ਕਿ ਸਾਰਾ ਈ ਆਟਾ ਦਾਲ ਨਾਂਗਿਆਂ ਨੂੰ ਪਲਟ ਦਿੱਤਾ ਹੈ। ਜੱਸਾਂ ਜੀ ਗਈ। ਜਾਇਕੇ ਕਹਿਣੇ ਲਗੀ ਸਾਰਾ ਆਟਾ ਸਾਧੂਆਂ ਨੂੰ ਦੇ ਆਏ ਹੋ ਰਾਤ ਨੂੰ ਕੀ ਬਣਾਵਾਂਗੀ? ਕਿੱਲੀ ਲਾਂਵਦੇ ਸੇ, ਕਿੱਲੀ ਤਾਂ ਵਿੱਚੇ ਈ ਛੱਡ ਦਿੱਤੀ ਤੇ ਜੱਸਾਂ ਕੋ ਮਾਰਨ ਨੂੰ ਆਏ। ਜੱਸਾਂ ਜੀ ਨੱਸ ਕੇ ਘਰ ਆਇਕੇ ਦੇਖੇ ਤਾਂ ਸਾਰੇ ਈ ਭਾਂਡੇ ਭਰੇ ਪਏ ਹੈਂ। ਦੇਖਕੇ ਪਛਤਾਈ ਕਿ ਮੈਂ ਕਿਓਂ ਕਹਿਣਾ ਸੀ ਜਾਇਕੇ।''[11]

ਮਾਤਾ ਜੱਸਾਂ ਜੀ ਤਾਂ ਘਰ ਗ੍ਰਹਿਸਤੀ ਦੀਆਂ ਤੰਦਾਂ ਸਮੇਟਣ ਵਿੱਚ ਰਹਿੰਦੇ ਸਨ ਪਰ ਉਹਨਾਂ ਦੇ ਸਿਰ ਦੇ ਸਾਂਈ ਸਤਿਗੁਰੂ ਜੀ ਤਾਂ ਦੁਨੀਆਂ ਜਹਾਨ ਦੇ ਫ਼ਿਕਰਾਂ ਵਿੱਚ ਲੀਨ ਸਨ। ਸੰਨ 1850 ਈ. ਵਿੱਚ ਆਪਨੇ ਪੁਰਾਣੇ ਪਿੰਡ ਰਾਈਆਂ ਦੇ ਜਿਉਣ ਸਿੰਘ ਲੰਬੜਦਾਰ ਨਾਲ ਮਿਲ ਕੇ ਸਾਂਝੀ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਮਾਤਾ ਜੱਸਾਂ ਜੀ ਨੂੰ ਹੁਣ ਜਲ ਪਰਸ਼ਾਦੇ ਆਦਿ ਲਈ ਦੋ ਦੋ ਕਦੇ ਤਿੰਨ ਚੱਕਰ ਵੀ ਭੈਣੀ ਸਾਹਿਬ ਤੋਂ ਇਧਰ ਲਾਉਣੇ ਪੈਂਦੇ। ਵੈਸੇ ਭੈਣੀ ਆਲਾ ਤੇ ਰਾਈਆਂ ਦੀ ਵਿੱਥ ਜ਼ਿਆਦਾ ਤੋਂ ਜ਼ਿਆਦਾ ਡੇਢ ਕੁ ਕਿਲੋਮੀਟਰ ਜਾਂ ਇੱਕ ਮੀਲ ਹੀ ਸੀ। ਪਰ ਜੱਸਾਂ ਜੀ ਦੇ ਸੌਖ ਲਈ

ਸਤਿਗੁਰੂ ਜੀ ਆਪਣਾ ਡੇਰਾ ਪਿੰਡ ਰਾਈਆਂ ਵਾਲੇ ਪੁਰਾਣੇ ਘਰ ਵਿੱਚ ਹੀ ਲੈ ਆਏ। ਜੱਸਾਂ ਜੀ ਨਵੇਂ ਮਾਹੌਲ ਵਿੱਚ ਛੇਤੀ ਹੀ ਰਚ ਮਿਚ ਗਏ। ਸਤਿਗੁਰੂ ਜੀ ਨੇ ਇੱਥੇ ਸਾਉਣੀ ਬੀਜੀ ਜ਼ਿਆਦਾਤਰ ਮੀਂਹ ਦੇ ਵੱਤਰ, ਮੂੰਗਫਲੀ, ਬਾਜਰਾ, ਮੋਠ ਆਦਿਕ ਅਤੇ ਮਕਈ ਵੀ ਕੁਝ ਕੁ ਖੂਹ ਦੇ ਉਤੇ।

"ਇਕ ਦਿਨ ਖੱਬੇ ਗਿੱਟੇ ਉਤੇ ਸਕੜੰਜ ਪਾਸੋਂ ਲਹੂ ਵਗਦਿਆਂ ਘਰ ਆਏ। ਘਰ ਵਿੱਚ ਜੱਸਾਂ ਜੀ ਤੇ ਧੀਆਂ ਹੀ ਸਨ। ਜ਼ਖਮ ਵੇਖ ਕੇ ਸਾਰੇ ਫ਼ਿਕਰਮੰਦ ਹੋਏ। ਜੱਸਾਂ ਜੀ ਨੇ ਪੁੱਛਿਆ, "ਕੀ ਹੋਇਆ ?" ਫੇਰ ਛੇਤੀ ਧੀ ਨੰਦਾ ਬੋਲੀ, "ਹਾਇ ਹਾਇ, ਏਨਾ ਵੱਡਾ ਜ਼ਖਮ ? ਕੀ ਵੱਜ ਗਿਆ। ਸਤਿਗੁਰੂ ਜੀ ਨੇ ਜੱਸਾਂ ਜੀ ਦੀਆਂ ਨਜ਼ਰਾਂ ਵਿੱਚ ਨਜ਼ਰਾਂ ਗੱਡਦਿਆਂ ਤੇ ਮੁਸਕੜੀਂ ਹੱਸਦਿਆਂ ਆਖਿਆ, "ਮੈਨੂੰ ਵਿਆਹੁਣ ਵਾਲਿਆ, ਤੇਰੀਆਂ ਜੜ੍ਹਾਂ ਪੱਟੀਆਂ ਜਾਣ। ਵਿਆਹ ਕੀਤਾ ਤਾਂ ਸੁਹਾਗੇ ਪਰ ਚੜ੍ਹਨਾ ਪਿਆ, ਤਾਂ ਹੀ ਸੱਟ ਲੱਗੀ ਹੈ।" ਜੱਸਾਂ ਜੀ ਨੂੰ ਸਮਝ ਨਾ ਆਵੇ ਕਿ ਵਰ ਦਿੰਦੇ ਪਏ ਹਨ ਕਿ ਸਰਾਪ। ਪਿਆਰ ਵੀ ਕਰਦੇ ਹਨ ਤੇ ਨਿਮੋਹੇ ਵੀ ਡਾਢੇ ਲੱਗਦੇ ਨੇ। ਅਜ ਵਿਆਹ ਕਰਵਾਣ ਵਾਲੇ ਦੀਆਂ ਜੜ੍ਹਾਂ ਪੁੱਟਣ ਦੀ ਗੱਲ ਕਰ ਧਰੀ ਨੇ। ਮੈਂ ਤੇ ਕਦੇ ਦੁੱਖ ਨਹੀਂ ਦਿੰਦੀ।"[12]

ਜਿਊਣ ਸਿੰਘ ਨੂੰ ਆਪਣੇ ਥਾਂ ਇਕ ਸੀਰੀ ਹੋਰ ਦੇ ਦਿੱਤਾ। ਹਾੜੀ ਬਿਜਵਾ ਕੇ ਆਪ ਜੀ ਮਾਮਾ ਹਰੀ ਸਿੰਘ ਪਾਸ ਲੁਧਿਆਣੇ ਜਾ ਰਹੇ ਕਿਉਂਕਿ ਜ਼ਖਮ ਗਹਿਰਾ ਸੀ ਅਤੇ ਉੱਥੋਂ ਹੀ ਠੀਕ ਹੋਣਾ ਸੀ। ਛੇ ਮਹੀਨਿਆਂ ਵਿੱਚ ਜ਼ਖਮ ਭਰ ਕੇ ਸਹੀ ਹੋ ਗਿਆ। ਆਪ ਨੇ ਆਪਣੇ ਹੱਥੀਂ ਬੀਜੀ ਹਾੜੀ ਫਿਰ ਆਪ ਆ ਕੇ ਹੀ ਵੱਢੀ। ਜਿਸ ਹਮੀਰੇ ਨੇ ਸਤਿਗੁਰੂ ਜੀ ਨੂੰ ਮਕਾਨ ਪਾਉਣ ਤੋਂ ਰੋਕਣ ਲਈ ਆਪ ਦੀਆਂ ਇੱਟਾਂ ਡੱਕ ਦਿੱਤੀਆਂ ਸਨ, ਉਹ ਬੁਰੇ ਹਾਲੀਂ ਮਰ ਗਿਆ। ਆਪ ਦੇ ਦੈਵੀ ਸਰੂਪ ਵਿੱਚ ਪਿੰਡ ਵਾਸੀਆਂ ਦੀ ਸ਼ਰਧਾ ਪੱਕੀ ਹੋ ਗਈ। ਉਹਨਾਂ ਆਪ ਦਾ ਪਿੰਡੋਂ ਬਾਹਰ ਰਹਿਣਾ ਪਿੰਡ ਲਈ ਮਾੜਾ ਸਮਝ ਕੇ, ਬਾਲ ਸਖਾ ਲਹਿਣਾ ਸਿੰਘ ਨੂੰ ਪਰੇਰ ਕੇ ਆਪ ਪਾਸ ਭੇਜਿਆ ਕਿ ਹੁਣ ਵਾਪਿਸ ਆਉ ਅਤੇ ਮਕਾਨ ਵੀ ਬਣਾ ਲਉ। ਲਹਿਣਾ ਸਿੰਘ ਦੀ ਜਗ੍ਹਾ ਵਿੱਚ ਦੋਹਾਂ ਭਰਾਵਾਂ ਤੇ ਬਾਬਾ ਜੱਸਾ ਸਿੰਘ ਲਈ ਤਿੰਨ ਕੋਠੜੀਆਂ ਛੱਤ ਲਈਆਂ। ਬਾਬੇ ਵਾਲੀ ਕੋਠੜੀ ਵਿੱਚ ਆਹਰਨ ਗੱਡ ਲਈ ਤੇ ਉੱਥੇ ਹਲ ਫਲ ਚੰਡੇ ਜਾਂਦੇ। ਮਾਤਾ ਜੱਸਾਂ ਜੀ, ਦਰਾਣੀ, ਸੱਸ ਮਾਤਾ ਅਤੇ ਕੁੱਝ ਹੋਰ ਬੀਬੀਆਂ ਨੂੰ ਨਾਲ ਲੈ ਕੇ ਨਵੇਂ ਮਕਾਨ ਚਾਂਈਂ ਚਾਂਈਂ ਲਿੰਬ ਪੋਚ ਲਏ ਕਿਉਂ ਜੁ ਸੰਨ 1851-52 ਵਿੱਚ ਹੀ ਦੋਹਾਂ ਬੀਬੀਆਂ ਦੇ ਵਿਆਹਾਂ ਦੇ ਕਾਜ ਵੀ ਰਚਾ ਦਿੱਤੇ ਗਏ। ਵੱਡੀ ਬੀਬੀ ਨੰਦਾਂ ਦਾ ਵਿਆਹ ਪਿੰਡ

ਖਟੜੇ ਚਹਾਰਮੀ ਥਾਣਾਂ ਡੇਹਲੋਂ ਜ਼ਿਲ੍ਹਾ ਲੁਧਿਆਣਾ ਦੇ ਸਮੁੰਦ ਸਿੰਘ ਪੁੱਤਰ ਸੰਗਤ ਸਿੰਘ ਨਾਲ ਹੋਇਆ ਸੀ। ਬੀਬੀ ਨੰਦਾਂ ਦੇ ਬਸੰਤ ਸਿੰਘ, ਸੂਰਤ ਸਿੰਘ ਅਤੇ ਹਰਨਾਮ ਸਿੰਘ ਨਾਮ ਦੇ ਤਿੰਨ ਪੁੱਤਰ ਸਨ। ਵਿਚਕਾਰਲੇ ਸੂਰਤ ਸਿੰਘ ਨੂੰ ਛੱਡ ਕੇ ਬਾਕੀ ਦੋਹਾਂ ਭਰਾਵਾਂ ਦੇ ਖਾਨਦਾਨ ਇਸ ਸਮੇਂ ਦਿੱਲੀ, ਲੁਧਿਆਣਾ, ਬਠਿੰਡਾ ਅਤੇ ਹੋਰ ਸ਼ਹਿਰਾਂ ਵਿੱਚ ਮੌਜੂਦ ਹਨ। ਛੋਟੀ ਬੀਬੀ ਦਇਆ ਕੌਰ ਦੀ ਸ਼ਾਦੀ ਨਾਰੰਗਵਾਲ ਥਾਣਾਂ ਡੇਹਲੋਂ ਦੇ ਮਤਾਬ ਸਿੰਘ ਪੁੱਤਰ ਟੇਕ ਸਿੰਘ ਨਾਲ ਹੋਈ। ਇਹ ਬੀਬੀ 1868 ਈ. ਵਿੱਚ ਬੇਉਲਾਦ ਹੀ ਸੀ ਜਦੋਂ ਕਾਲ ਵੱਸ ਹੋ ਗਈ ਸੀ। ਸੰਨ 1852-55 ਵਿੱਚ ਸਤਿਗੁਰੂ ਜੀ ਫੀਰੋਜ਼ਪੁਰ ਵਿਖੇ ਰਾਜਗੀਰੀ ਕਰਨ ਲਈ ਮਾਮੇ ਦੇ ਪੁੱਤਰ ਖਜ਼ਾਨ ਸਿੰਘ ਦੇ ਸੱਦੇ ਤੇ ਚਲੇ ਗਏ। ਇੱਥੇ ਛਾਉਣੀ ਪੈ ਰਹੀ ਸੀ, ਸੜਕਾਂ ਬਣ ਰਹੀਆਂ ਸਨ ਅਤੇ ਨਵੀਆਂ ਉਸਾਰੀਆਂ ਹੋ ਰਹੀਆਂ ਸਨ। ਸਤਿਗੁਰੂ ਜੀ ਇੱਥੇ ਦੋਵੇਂ ਸਮੇਂ ਵਹੀਰ ਦੇ ਸਾਰੇ ਜੀਆਂ ਅਤੇ ਹੋਰ ਸੰਗੀਆਂ ਸਾਥੀਆਂ ਸਮੇਤ ਸੁਬਹਾ ਸ਼ਾਮ ਦੀਵਾਨ ਸਜਾਉਂਦੇ, ਕਿਰਤ ਕਮਾਈ ਵੀ ਕਰਦੇ। ਮਾਤਾ ਜੱਸਾਂ ਜੀ ਇਹ ਸਮਾਂ ਘਰ ਵਿੱਚ ਪਰਿਵਾਰ ਦੇ ਬਾਕੀ ਜੀਆਂ, ਦੋਹਾਂ ਧੀਆਂ ਨਾਲ ਬਿਤਾਉਂਦੇ ਸਤਿਗੁਰੂ ਜੀ ਦੀ ਯਾਦ ਵਿੱਚ ਲੀਨ ਰਹਿੰਦੇ। ਉਹ ਵਿਚ ਵਿਚਾਲੇ ਗੇੜਾ ਵੀ ਮਾਰ ਜਾਂਦੇ ਸਨ।

ਖਜ਼ਾਨ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਉਸ ਦੇ ਮਗਰੇ ਹੀ ਮਾਮਾ ਹਰੀ ਸਿੰਘ ਦਾ ਦੇਹਾਂਤ ਹੋਣ ਸਦਕਾ, ਸਤਿਗੁਰੂ ਜੀ 1855 ਈ. ਵਿੱਚ ਵਾਪਸ ਭੈਣੀ ਸਾਹਿਬ ਆ ਗਏ। ਲਿਆਂਦੀ ਮਾਇਆ ਨਾਲ ਮਕਾਨ ਉਸਾਰੀ ਦੀ ਮੁੜ ਵਿਉਂਤਬੰਦੀ ਕੀਤੀ। ਥੜ੍ਹਾ ਸਾਹਿਬ ਵੀ ਬਣਾਇਆ ਬੰਦਗੀ ਕਰਨ ਲਈ। ਇੱਕ ਦੁਕਾਨ ਛੱਤ ਲਈ ਜਿਸ ਵਿੱਚ ਮਾਮੀ ਰਾਮ ਕੌਰ ਦੀ ਪੂੰਜੀ ਲੱਗੀ, ਕੰਮ ਆਪ ਨੇ ਕਰਨਾ ਕਰਾਉਣਾ ਸੀ ਅਤੇ ਮੁਨਾਫਾ ਸਾਂਝਾ ਸੀ ਮਾਮੀ ਦੇ ਨਾਲ। 12 ਅਪਰੈਲ 1857 ਨੂੰ ਸਤਿਗੁਰੂ ਜੀ ਨੇ ਆਪਣੇ ਦਰਗਾਹੀ ਮਿਸ਼ਨ ਦੀ ਪੂਰਤੀ ਹਿੱਤ ਨਾਮਧਾਰੀ ਸੰਤ ਖਾਲਸੇ ਦੀ ਸਥਾਪਨਾ ਵੀ ਕਰ ਦਿੱਤੀ ਅਤੇ ਅੰਗਰੇਜ਼ ਸਰਕਾਰ ਵਿਰੁੱਧ ਆਜ਼ਾਦੀ ਦੀ ਲੜਾਈ ਲੜਨ ਲਈ ਨਵੇਂ ਨਾਹਰਿਆਂ ਦੇ ਨਾਲ ਕੂਕਾ ਸੰਗਰਾਮ ਵੀ ਵਿੱਢ ਦਿੱਤਾ। ਸੰਗਤ ਦੀ ਆਵਾਜਾਈ ਸ਼ੁਰੂ ਹੋ ਗਈ। ਸ੍ਰੀ ਭੈਣੀ ਸਾਹਿਬ ਵਿੱਚ ਲੋਹ ਲੰਗਰ ਜਾਰੀ ਹੋ ਗਿਆ। ਦੁਕਾਨ ਦੀ ਆਮਦਨੀ ਤੋਂ ਸਤਿਗੁਰੂ ਜੀ ਅਤੇ ਪਰਿਵਾਰ ਦਾ ਗੁਜ਼ਾਰਾ ਚੱਲਦਾ। ਸੰਗਤ ਵੱਲੋਂ ਆਈ ਸਾਰੀ ਭੇਟਾ ਗੁਰੂ ਕੇ ਲੰਗਰ ਵਿੱਚ ਜਾਂਦੀ। ਪੰਥ ਸਥਾਪਨਾ ਵਾਲੇ ਦਿਨ ਤੋਂ ਹੀ ਮਾਤਾ ਜੱਸਾਂ ਜੀ ਨੇ ਵੀ ਚੌਅੱਖਰਾ ਭਜਨ ਲੈ ਕੇ ਰੋਜ਼ਾਨਾ ਬਾਣੀ ਦਾ ਪਾਠ ਅਤੇ ਨਾਮ ਸਿਮਰਨ ਸ਼ੁਰੂ ਕਰ ਦਿੱਤਾ। ਉਹ ਅੰਮ੍ਰਿਤ ਵੇਲੇ ਉੱਠ ਕੇ ਢਾਈ ਮਾਲਾ ਪੱਕੀਆਂ ਭਜਨ ਦੀਆਂ

ਫੇਰਿਆ ਕਰਦੇ ਸਨ। ਪੰਜ ਗ੍ਰੰਥੀ ਦਾ ਪਾਠ ਉਹ ਰੋਜ਼ਾਨਾ ਕਰਦੇ ਸਨ। ਪੰਜ ਪੱਤਰੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਦਿਨ ਚੜ੍ਹੇ ਕਰਦੇ। ਇਹਨਾਂ ਦਿਨਾਂ ਵਿੱਚ ਆਟਾ ਹੱਥ ਚੱਕੀਆਂ ਤੇ ਪੀਸਿਆ ਜਾਂਦਾ ਸੀ। ਮਾਤਾ ਜੱਸਾਂ ਰੋਜ਼ਾਨਾ ਲੰਗਰ ਵਾਸਤੇ ਚੱਕੀ ਤੇ ਆਟਾ ਪੀਸਦੇ ਸਨ। ਬੀਬੀ ਦਇਆ ਕੌਰ ਵੀ ਦੂਸਰੀ ਚੱਕੀ ਤੇ ਆਟਾ ਪੀਸਦੇ ਸਨ।ਮੌਜ ਦੇ ਮਾਲਕ ਸਤਿਗੁਰੂ ਜੀ ਵੀ ਜੱਸਾਂ ਜੀ ਦੀ ਮੱਦਦ ਵਾਸਤੇ ਇਕ ਦਿਨ ਆਪ ਚੱਕੀ ਪੀਹਣ ਜਾ ਲੱਗੇ। ਫੇਰ ਸੁੱਧ ਸਿੰਘ (ਦੁਰਗਾਪੁਰ-ਮਚੌਰ) ਭੀ ਆਇ ਲਗਾ। ਸਤਿਗੁਰੂ ਜੀ ਹਟਾਇ ਦਿੱਤੇ। ਕੋਈ ਪ੍ਰੇਮ ਨਾਲ ਕੰਮ ਕਰੇ ਤਾਂ ਕਰੇ ਨਹੀਂ ਤਾਂ ਕਹਿਣਾ ਨਹੀਂ। ਬੀਬੀ ਦਇਆ ਕੌਰ ਪਹਿਲੇ ਪੀਸਿਆ ਕਰੇ, ਫੇਰ ਦੁੱਧ ਰਿੜਕਣਾ। ਫੇਰ ਘਾਸ ਕੀ ਪੰਡ ਲਿਆਵਣੀ।ਪ੍ਰਸ਼ਾਦ ਭੀ ਬਣਾਉਣਾ। ਫੇਰ ਪਾਣੀ ਅਕਾਲ ਬੁੰਗੇ ਵਾਲੇ ਖੂਹ ਤੋਂ ਭਰਨਾ। ਫੇਰ ਪੰਜ ਗ੍ਰੰਥ ਬਾਣੀ ਭੀ ਪੜ੍ਹਨੀ।[13]

ਕਿਉਂਕਿ ਬੀਬੀ ਨੰਦਾਂ ਤੇ ਸਹੁਰੇ ਘਰ ਜਾ ਚੁੱਕੀ ਸੀ, ਛੋਟੀ ਬੀਬੀ ਦਇਆ ਕੌਰ ਮਾਤਾ ਜੱਸਾਂ ਜੀ ਦੀ ਸਿੱਖਿਆ ਮੰਨ ਕੇ ਗੁਰੂ ਘਰ ਦੀ ਸੇਵਾ ਵਿੱਚ ਦਿਨ ਰਾਤ ਜੁੱਟੀ ਰਹਿੰਦੀ।

ਅਪਰੈਲ 1861 ਈ. ਵਿੱਚ ਸਤਿਗੁਰੂ ਜੀ ਆਪਣੇ ਨਵੇਂ ਮੱਤ ਦਾ ਪੁਰਾਤਨ ਮੱਤਾਂ ਨਾਲ ਸੰਵਾਦ ਰਚਾਉਣ ਲਈ, ਆਸਥਾ ਦੇ ਪੁਰਾਣੇ ਕੇਂਦਰਾਂ ਦਾ ਭਰਮ ਤੋੜਨ ਲਈ, ਹਰਿਦੁਆਰ ਦੀ ਅਰਧ ਕੁੰਭੀ ਲਈ, ਪੰਜਾਬ ਭਰ ਦੀਆਂ ਨਾਮਧਾਰੀ ਸੰਗਤਾਂ ਅਤੇ ਜ਼ਿੰਮੇਵਾਰ ਸੱਜਣਾਂ ਸਮੇਤ ਚੱਲੇ। ਬਾਬਾ ਜੱਸਾ ਸਿੰਘ ਜੀ, ਮਹਾਰਾਜ ਬੁੱਧ ਸਿੰਘ ਜੀ ਵੀ ਨਾਲ ਸਨ। ਮਾਤਾ ਜੱਸਾਂ ਨੇ ਅਰਜ਼ ਕੀਤੀ ਕਿ ਆਪ ਦੀ ਅਤੇ ਅਤੇ ਬਾਬਾ ਜੀ ਦੀ ਸੇਵਾ ਲਈ ਮੈਂ ਵੀ ਜਾਣਾ ਚਾਹੁੰਦੀ ਹਾਂ। ਦੋਹਾਂ ਪੁੱਤਰੀਆਂ ਸਮੇਤ ਮਾਤਾ ਜੱਸਾਂ ਜੀ ਇਸ ਇਤਿਹਾਸਿਕ ਯਾਤਰਾ ਦਾ ਭਾਗ ਬਣੇ। ਗੰਗਾ ਤੇ ਰਹਿੰਦੇ ਪਾਂਡਿਆਂ, ਪੁਰੋਹਿਤਾਂ ਦੀਆਂ ਲੋਭਮਈ ਆਕਾਖਿਆਂਵਾਂ ਵੱਧਦੀਆਂ ਵੇਖ ਕੇ ਸਤਿਗੁਰੂ ਜੀ ਰੌਦਰ ਰੂਪ ਵੀ ਧਾਰ ਲੈਂਦੇ। ਅਜਿਹੇ ਸਮੇਂ ਨਾਂ ਮਾਤਾ ਜੱਸਾਂ ਦਾ ਲਿਹਾਜ ਹੁੰਦਾ ਨਾਂ ਗੁਰੂ ਪੁੱਤਰੀਆਂ ਦਾ। ਮਾਤਾ ਜੀ ਨੇ ਅਰਜ਼ ਕੀਤੀ ਕਿ ਕੁੜੀਆਂ ਨੂੰ ਵੀ ਕੁੱਟ ਮਾਰ ਲਿਆ ਹੈ ਹੁਣ ਉਹਨਾਂ ਨੂੰ ਕੁੱਝ ਖੁਆਵਾਂ, ਪਿਆਵਾਂ ? ਹੁਕਮ ਹੋਇਆ ਜੋ ਮਰਜ਼ੀ ਖੁਆਉ। ਜੱਸਾਂ ਜੀ ਨੇ ਚੂਰੀ ਕੁੱਟੀ ਤੇ ਲੜਕੀਆਂ ਨੂੰ ਖੁਆ ਦਿੱਤੀ। ਸਤਿਗੁਰੂ ਜੀ ਨੱਕ ਵਿੱਚ ਨੱਥ, ਕੰਨਾਂ ਵਿੱਚ ਡੰਡੀਆਂ ਆਦਿ ਨੂੰ ਔਰਤ ਜ਼ਾਤ ਦੀ ਮਰਦ ਦੀ ਗੁਲਾਮੀ ਦੇ ਚਿੰਨ੍ਹ ਸਮਝ ਕੇ ਇਹਨਾਂ ਨੂੰ ਉਤਰਵਾ ਰਹੇ ਸਨ। ਜਦੋਂ ਮਾਤਾ ਜੱਸਾਂ ਜੀ ਡੰਡੀਆਂ ਨਾਂ ਉਤਾਰੀਆਂ ਤਾਂ ਹਜ਼ੂਰ ਨੇ ਗੰਗਾ ਵਿੱਚ ਦੋ ਗੋਤੇ ਦਿੱਤੇ। ਮਾਤਾ ਜੀ ਨੇ ਡੰਡੀਆਂ ਲਾਹ ਕੇ ਸਤਿਗੁਰੂ ਜੀ ਨੂੰ ਦੇ ਦਿੱਤੀਆਂ। ਆਪ ਨੇ ਗੰਗਾ ਵਿੱਚ ਸੁੱਟ ਦਿੱਤੀਆਂ।[14]

ਥੋੜਾ ਹੋਰ ਅੱਗੇ ਗਏ ਤਾਂ ਇੱਕ ਬੁਢੜੀ ਗੰਗਾ ਦੇ ਕਿਨਾਰੇ ਬੈਠੀ ਹੁੱਕਾ ਪੀ ਰਹੀ ਸੀ। ਸਤਿਗੁਰੂ ਜੀ ਮਾਤਾ ਜੱਸਾਂ ਨੂੰ ਨਾਲ ਲੈ ਕੇ ਉਸ ਪਾਸ ਗਏ ਤੇ ਪੁੱਛਿਆ, ਤੇਰੀ ਜਾਤ ਕੀ ਹੈ ਉਸਦੇ ਇਹ ਦੱਸਣ ਤੇ ਕਿ ਤਰਖਾਣੀ ਹਾਂ, ਮਾਤਾ ਜੱਸਾਂ ਜੀ ਨੂੰ ਕਹਿਣ ਲੱਗੇ ਕਿ ਜਾਹ ਮਿਲ ਲੈ ਇਹ ਤਾਂ ਆਪਣੀ ਭੂਆ ਲੱਗਦੀ ਹੈ। ਉਹ ਜੱਸਾਂ ਜੀ ਦੇ ਅੱਗੇ ਹੁੱਕਾ ਕਰ ਕੇ ਆਖੇ ਕਿ ਫੜ ਪੀ ਲੈ। ਜੱਸਾਂ ਜੀ ਗਾਹਲਾਂ ਕੱਢਦੇ ਪਿੱਛੇ ਹਟ ਗਏ। ਸਤਿਗੁਰੂ ਜੀ ਉਸਦੇ ਹੁੱਕੇ ਵਿੱਚ ਪਾਣੀ ਪਾ ਕੇ, ਅੱਗ ਬੁਝਾ ਕੇ ਵਾਪਸ ਮੁੜ ਆਏ।[15] ਆਪ ਲੋਕਾਂ ਨੂੰ ਉੱਚੀ ਸੁੱਚੀ ਜੀਵਨ ਜਾਚ ਤੋਂ ਬੜੇ ਨਾਟਕੀ ਢੰਗ ਨਾਲ ਜਾਣੂ ਕਰਵਾ ਰਹੇ ਸਨ।

ਹਰਿਦੁਆਰ ਤੋਂ ਵਾਪਸ ਆ ਕੇ ਬੀਬੀ ਦੌਲੀ ਜੋ ਬਾਬਾ ਜਮੀਅਤ ਸਿੰਘ ਗਿੱਲ ਦੀ ਚੇਲੀ ਸੀ ਅਤੇ ਮਾਮੀ ਦੀ ਨੂੰਹ ਭੋਲੀ, ਦੋਹਾਂ ਨੂੰ ਵਿਦਾਅ ਕਰਦਿਆਂ ਹੋਇਆਂ, ਮਾਤਾ ਜੱਸਾਂ ਜੀ ਵੀ ਉਹਨਾਂ ਨਾਲ ਲੁਧਿਆਣੇ ਪੁੱਜ ਗਏ। ਸਤਿਗੁਰੂ ਜੀ ਦਾ ਭੈਅ ਵੀ ਸੀ। ਇਸ ਲਈ ਮਾਤਾ ਜੀ ਨੇ ਮਾਮੀ ਰਾਮੀ ਨੂੰ ਕਿਹਾ ਕਿ ਮੈਨੂੰ ਕਿਤੇ ਲੁਕਾਅ ਲੈ। ਸਤਿਗੁਰੂ ਜੀ ਨੂੰ ਘਰ ਵਿੱਚ ਜੱਸਾਂ ਜੀ ਨਾਂ ਦਿਸੇ ਤਾਂ ਉਹ ਵੀ ਓਦਰ ਗਏ। ਸੋਚਿਆ ਕਿ ਪੇਕਿਆਂ ਦੇ ਪਿੰਡ ਹੋਣਗੇ। ਧਰੌੜ ਪੁੱਜ ਕੇ ਹੋਰ ਬਚਨ ਕੀਤੇ ਜੱਸਾਂ ਜੀ ਬਾਰੇ ਗੱਲ ਹੀ ਨਾਂ ਛੇੜੀ ਨੀਤੀ ਵਿਚਾਰ ਕੇ। ਇੱਥੋਂ ਸਵੇਰੇ ਉੱਠ ਕੇ, ਦਿਨ ਚੜ੍ਹਦੇ ਨੂੰ ਲੁਧਿਆਣੇ ਮਾਮੀ ਦੇ ਘਰ। ਮਾਮੀ ਦੀ ਪੇਸ਼ਬੰਦੀ ਨਾਲ ਵਾਤਾਵਰਨ ਸ਼ਾਂਤ ਸੀ। ਜੱਸਾਂ ਜੀ ਨੂੰ ਲੈ ਕੇ ਵਾਪਸ ਭੈਣੀ ਸਾਹਿਬ ਆ ਕੇ ਸਹਿਜ ਰੂਪ ਵਿੱਚ ਬਚਨ ਕੀਤਾ- "ਜੱਸਾਂ ਤੂੰ ਡਰੀ ਕਿਉਂ ਥੀ ? ਸੰਤਾਂ ਕੇ ਬਚਨ ਐਸੇ ਹੀ ਹੁੰਦੇ ਹੈਂ। ਭਿਆਨਕ ਰੂਪ ਧਾਰਿਆ ਹੋਇਆ ਸੀ ਸਾਹਮਣੇ ਕੋਈ ਝਾਕ ਨਹੀਂ ਸੀ ਸਕਦਾ।'[16] ਦਰਅਸਲ ਸਤਿਗੁਰੂ ਜੀ ਬੜੇ ਅਨੁਸ਼ਾਸਨ ਪਸੰਦ ਅਤੇ ਸਮੇਂ ਦੇ ਪਾਬੰਦ, ਸਾਫ ਸਫਾਈ ਰੱਖਣ ਵਾਲੇ ਸਨ। ਆਪਣੇ ਆਲੇ ਦੁਆਲੇ ਵਾਲਿਆਂ ਦੀਆਂ ਇਸ ਮਾਮਲੇ ਵਿੱਚ ਕੁਤਾਹੀਆਂ ਉਹਨਾਂ ਦੇ ਰੌਦਰ ਰੂਪ ਦਾ ਕਾਰਨ ਬਣਦੀਆਂ ਸਨ। ਉਹ ਕਦੇ ਵੀ ਆਪਣੇ ਕਿਸੇ ਹੁਕਮ ਦੀ ਅਵੱਗਿਆ ਬਰਦਾਸ਼ਤ ਨਹੀਂ ਸਨ ਕਰਦੇ। ਇਸੇ ਲਈ ਸਤਿਗੁਰੂ ਪਰਤਾਪ ਸਿੰਘ ਜੀ ਸਤਿਗੁਰੂ ਜੀ ਦੇ ਹੁਕਮ ਦੀ 'ਨਾਦਰਸ਼ਾਹੀ ਹੁਕਮ' ਨਾਲ ਤੁਲਨਾ ਕਰਦੇ ਸਨ।

ਨਾਮਧਾਰੀਆਂ ਨੂੰ ਸੂਤਰ ਪੈਂਦਿਆਂ ਕਈ ਵੇਰ ਵੇਖਿਆ ਸੀ, ਪਰ ਮਾਤਾ ਜੱਸਾਂ ਜੀ ਨੂੰ ਇਸਦਾ ਨਿਜੀ ਅਨੁਭਵ ਨਹੀਂ ਸੀ। ਇੱਕ ਦਿਨ ਘਰ ਬੈਠਿਆਂ, ਪੁੱਛ ਹੀ ਲਿਆ- "ਜੀ ਸੂਤਰ ਕਿਸ ਨੂੰ ਕਹਿੰਦੇ ਹਨ?'' ਬਚਨ ਕੀਤਾ ਵਿਖਾਂਵਾਂਗੇ।" ਇੱਕ ਸਮੇਂ ਇਕਾਂਤ ਭਜਨ ਬੰਦਗੀ ਸਮੇਂ ਸਤਿਗੁਰੂ ਜੀ

ਵਿਸ਼ੇਸ਼ ਹਾਲਤ ਵਿੱਚ ਰਾਮਸਰ ਆ ਕੇ ਬੈਠ ਗਏ। ਮਾਤਾ ਜੱਸਾਂ ਤੇ ਹੋਰ ਮਾਈਆਂ ਬੀਬੀਆਂ ਵੀ ਦਰਸ਼ਨਾਂ ਲਈ ਬੈਠੀਆਂ ਸਨ। ਦਰਸ਼ਨ ਕਰਦਿਆਂ ਪ੍ਰੇਮ ਦਾ ਐਸਾ ਝਟਕਾ ਵੱਜਾ ਕਿ ਸਭ ਵੈਰਾਗਵਾਨ ਹੋ ਗਈਆਂ। ਮਸਤੀ ਵਿੱਚ ਸਿਰ ਮਾਰਨ, ਅਨੇਕ ਭਾਂਤ ਦੇ ਬੋਲੇ ਕਰਨ ਅਤੇ ਊਰੀ ਵਾਂਗ ਘੁੰਮਣ ਲੱਗੀਆਂ। ”[17]

ਮਾਤਾ ਜੱਸਾਂ ਜੀ ਕਦੇ ਕਦੇ ਸਤਿਗੁਰੂ ਜੀ ਅੱਗੇ ਆਪਣਾ ਕੋਈ ਪੁੱਤਰ ਨਾਂ ਹੋਣ ਦਾ ਹੇਰਵਾ ਕਰਦੀ, ਜਦੋਂ ਕਿ ਸਤਿਗੁਰੂ ਜੀ ਤਾਂ ਇਸ ਅਵਸਥਾ ਤੋਂ ਉੱਪਰ ਸਨ। ਉਹ ਅਕਸਰ ਕਿਹਾ ਕਰਦੇ ਸਨ– “ਨਾਦੀ ਪੁੱਤਰ ਰੱਖਾਂਗੇ, ਬਿੰਦੀ ਪੁੱਤਰ ਨਹੀਂ ਰੱਖਣਾਂ। ਸੰਤ ਖਾਲਸਾ ਸਾਡਾ ਨਾਦੀ ਪੁੱਤਰ ਹੈ। ”

“ਏਕ ਦਿਨ ਸਤਿਗੁਰੂ ਜੀ ਬਚਨ ਕੀਤਾ– ਜੱਸਾਂ ਰਾਜ਼ੀ ਹੈਂ ? ਜੱਸਾਂ ਨੇ ਆਖਿਆ, ਜੀ ਕੋਈ ਸੁਖ ਨਹੀਂ ਲੜਕਾ ਦੇਖੇ ਬਿਨਾਂ। ਮੈਨੂੰ ਲੜਕਾ ਬਖਸ਼ੋ। ਬਚਨ ਕੀਤਾ ਜੇ ਲੜਕਾ ਹੁੰਦਾ ਤਾਂ ਬੜਾ ਦੁਖ ਪਾਉਂਦੀ। ਉਸਨੇ ਤੇਰਾ ਬਚਨ ਨਹੀਂ ਮੰਨਣਾ। ਖੋਟਿਆਂ ਪੁਰਖਾਂ ਕਾ ਸੰਗ ਕਰਨਾ ਸੀ। ਅਸੀਂ ਉਸ ਕੋ ਕੈਹਣਾ ਸੀ, ਉਸਨੇ ਮੰਨਣਾ ਨਹੀਂ ਸੀ। ਸਗੋਂ ਹੋਰ ਦੁਖ ਖੜਾ ਹੋਇ ਜਾਣਾ ਸੀ। ਹੁਣ (ਸੰਤ) ਖਾਲਸਾ ਸਾਡਾ ਬਚਨ ਮੰਨਦਾ ਹੈ ਜਿਵੇਂ ਅਸੀਂ ਆਖਦੇ ਹਾਂ। ਏਹ ਸਾਡੇ ਪੁੱਤਰ ਹੈਨ। ਜੋ ਸੁਖ ਸਾਨੂੰ ਪੁੱਤਰਾਂ ਨੇ ਦੇਣਾ ਸੀ ਸੋ ਸੁਖ ਸਾਨੂੰ (ਸੰਤ) ਖਾਲਸਾ ਦੇਵੇਗਾ।'[18] ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਰਾ ਨਾਮਧਾਰੀ ਸੰਤ ਖ਼ਾਲਸਾ, ਮਾਤਾ ਜੱਸਾਂ ਜੀ ਦੀ ਝੋਲੀ ਪਾ ਦਿੱਤਾ।

1868 ਈ. ਦੇ ਇੱਕ ਦਿਨ ਛੋਟੀ ਬੀਬੀ ਦਇਆ ਕੌਰ ਭੈਣੀ ਸਾਹਿਬ ਆਈ ਹੋਈ ਸੀ ਤਾਂ ਉਸਦੇ ਪਤੀ ਮਤਾਬ ਸਿੰਘ ਨਾਲ ਤਕਰਾਰ ਹੋ ਗਿਆ। ਉਹ ਬੀਬੀ ਨੂੰ ਨਾਰੰਗਵਾਲ ਜਾਣ ਲਈ ਆਖੇ, ਬੀਬੀ ਨੇ ਕਿਹਾ ਪਹਿਲਾਂ ਮਰਿਆਦਾ ਧਾਰਨ ਕਰ ਲੈ ਤਾਂ ਚੱਲਾਂਗੀ। ਗੁੱਸੇ ਵਿੱਚ ਉਸ ਨੇ ਸਫਾ ਜੰਗ ਚਿਹਰੇ ਅਤੇ ਸਿਰ ਤੇ ਚਲਾਏ। ਸਿੰਘਾਂ ਨੇ ਪਕੜ ਕੇ ਪੁਲੀਸ ਦੇ ਹਵਾਲੇ ਕਰ ਦਿੱਤਾ। ਬੀਬੀ ਲੁਧਿਆਣੇ ਹਸਪਤਾਲ ਵਿੱਚ ਜਾ ਕੇ ਚਲਾਣਾ ਕਰ ਗਈ। ਮਤਾਬ ਸਿੰਘ ਇਸੇ ਸਾਲ ਲੁਧਿਆਣੇ ਫਾਂਸੀ ਲੱਗ ਗਿਆ।[19] ਮਾਤਾ ਜੱਸਾਂ ਜੀ ਲਈ ਇਹ ਵੱਡਾ ਸਦਮਾ ਸੀ। ਇਸ ਤੋਂ ਕੁੱਝ ਦਿਨ ਬਾਅਦ ਉਹ ਆਪਣੀ ਵੱਡੀ ਪੁੱਤਰੀ ਨੰਦਾਂ ਪਾਸ ਖਟੜੀਂ ਗਏ ਅੰਤਰ ਮਨ ਦੇ ਪਰੇਰੇ। ਬੀਬੀ ਨੰਦਾ ਵੀ ਮਰਨਾਊ ਹਾਲਤ ਵਿੱਚ ਸੀ। ਮਾਤਾ ਜੀ ਬੀਬੀ ਨੂੰ ਗੱਡੇ ਤੇ ਪਾ ਕੇ ਸ੍ਰੀ ਭੈਣੀ ਸਾਹਿਬ ਲੈ ਆਏ। ਸਤਿਗੁਰੂ ਜੀ ਨੂੰ ਅਰਜ਼ ਕੀਤੀ। ਵੈਦ ਹਕੀਮ ਸਿਰ ਫੇਰ ਗਏ। ਪਰ ਸਤਿਗੁਰੂ ਜੀ ਦੇ ਹੁਕਮ ਤੇ ਬਦਨ ਸਿੰਘ ਭਾਈ ਰੂਪਾ ਨੇ ਜਵੈਣ ਕਾੜ੍ਹ ਕੇ ਜਲ ਨਾਲ ਦਿੱਤੀ। ਨਾੜਾਂ ਚੱਲ

ਪਈਆਂ। ਬੀਬੀ ਬਚ ਗਈ।[20]

ਮਾਤਾ ਜੱਸਾਂ ਜੀ ਨੇ ਆਪਣਾ ਖੱਫਣ ਹੱਥੀਂ ਸਿਊਂ ਕੇ ਪਟਾਰੀ ਵਿੱਚ ਧਰਿਆ ਹੋਇਆ ਸੀ। ਇਹੋ ਖੱਫਣ ਬੀਬੀ ਦਇਆ ਕੌਰ ਤੇ ਪਾਇਆ ਗਿਆ ਤਾਂ ਆਪ ਨੇ ਦੂਸਰਾ ਖੱਫਣ ਤਿਆਰ ਕਰ ਕੇ ਰੱਖ ਲਿਆ। ਉਹ ਆਪਣੀ ਮੌਤ ਨੂੰ ਸਦਾ ਚੇਤੇ ਰੱਖਦੇ ਸਨ।

ਸੰਨ 1871 ਈ. ਦੀ ਦੀਵਾਲੀ ਤੇ ਜਦੋਂ ਸਤਿਗੁਰੂ ਜੀ ਅੰਮ੍ਰਿਤਸਰ ਜਾਣ ਦੀ ਤਿਆਰੀ ਵਿੱਚ ਸਨ ਤਾਂ ਮਾਤਾ ਜੱਸਾਂ ਜੀ ਨੂੰ ਤੇਈਏ ਤਾਪ ਨੇ ਆ ਘੇਰਿਆ।“ਸਤਿਗੁਰੂ ਜੀ ਬਚਨ ਕੀਤਾ ਜੱਸਾਂ ਚੜ੍ਹ ਨ ਜਾਏ। ਸਤਿਗੁਰੂ ਜੀ ਨੇ ਅਰਦਾਸਾ ਸੋਧ ਕੇ ਅੰਮ੍ਰਿਤਸਰ ਦੀ ਤਿਆਰੀ ਕੀਤੀ, ਪਹਿਲਾ ਪੜਾਉ ਮੁਠੱਡੇ (ਜਲੰਧਰ) ਜਾ ਕੀਤਾ। ਮਾਤਾ ਜੱਸਾਂ ਜਦੋਂ ਜ਼ਿਆਦਾ ਢਿੱਲੇ ਹੋਏ ਤਾਂ ਸਿੰਘਾਂ ਨੇ ਕਿਹਾ ਕਿ ਸਤਿਗੁਰੂ ਜੀ ਨੇ ਬੇਨਤੀ ਕਰ ਕੇ ਬੁਲਾਈਏ। ਮਾਤਾ ਜੀ ਨੇ ਕਿਹਾ- “ਕਾਹਨੂੰ ਸੱਦਣੇ ਹੈਣ ਮੈਂ ਰਾਜ਼ੀ ਹਾਂ।”

“ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕਰਾਇਆ। ਜਾਂ ਪ੍ਰਾਣ ਅੰਤ ਕਾ ਔਣ ਲੱਗੇ ਤਾਂ ਮਾਤਾ ਕੇ ਮੁਖੋਂ ਪਾਂਚ ਫੇਰੀ ਭਜਨ ਕਾ ਨਾਮ ਲੈਂਦੇ ਹੀ ਪ੍ਰਾਣ ਜੁਦਾ ਹੋਏ। ਗੁਰੂ ਕੀ ਪੁਰੀ ਮੈ ਜਾਇ ਹਾਜ਼ਰ ਹੋਈ।

“ਮੁਠੱਡੇ ਨਗਰ ਮੈ ਆਸਾ ਕੀ ਵਾਰ ਲੱਗੀ ਸੀ। ਅੰਤਰਜਾਮੀ ਗੁਰੂ ਜੀ ਬਚਨ ਕੀਤਾ ਰਾਗੀਆਂ ਨੂੰ ਕਿ ਮਾਰੂ ਕਾ ਸਬਦ ਪੜ੍ਹੋ। ਰਾਗੀ ਮਾਰੂ ਕਾ ਸਬਦ ਪੜ੍ਹਨੇ ਲੱਗੇ। ਰਾਮਦਾਸਪੁਰੇ ਤੇ ਏਕ ਸਿੰਘ ਆਇਆ। ਉਸਨੇ ਕਹਿਆ ਜੀ ਮਾਤਾ ਜੱਸਾਂ ਚੜ੍ਹਾਈ ਕੀਤੀ ਹੈ। ਸ੍ਰੀ ਸਤਿਗੁਰੂ ਜੀ ਉਸੀ ਵਕਤ ਤਿਆਰ ਹੋਇ। ਸੰਗਤ ਨੂੰ ਬਚਨ ਕੀਤਾ ਤੁਸੀਂ ਚੱਲੋ ਅੰਮ੍ਰਿਤਸਰ ਨੂੰ ਤੇ ਅਸੀਂ ਆਇ ਮਿਲਾਂਗੇ ਧੁਆਨੂੰ। ਸਿੱਖਾਂ ਨੇ ਜਾਣਿਆ ਧੰਨ ਗੁਰੂ ਅੰਤਰਜਾਮੀ ਹੈ ਉਸ ਵਕਤ ਸਾਥੋਂ ਮਾਰੂ ਕਾ ਸਬਦ ਪੜ੍ਹਾਇਆ ਹੈ।ਚੜ੍ਹਾਈ ਕੇ ਵਕਤ ਰਾਈਏਂ ਸਾਧੂ ਸਿੰਘ ਕੋ ਸਤਿਗੁਰੂ ਜੀ ਕਾ ਦੀਦਾਰ ਹੋਇਆ। ਗੁਰੂ ਜੀ ਬਚਨ ਕੀਤਾ ਜੱਸਾਂ ਚੜ੍ਹਾਈ ਕੀਤੀ ਹੈ। ਅਸੀਂ ਲੈਣ ਆਏ ਹੈਂ ਸੋ ਲੈ ਚੱਲੇ ਹੈਂ। ਸਾਧੂ ਸਿੰਘ ਨੇ ਆਇਕੇ ਘਰ ਸਾਰਾ ਬ੍ਰਿਤਾਂਤ ਸੁਣਾਇਆ ਜਿਵੇਂ ਦਰਸ਼ਨ ਹੋਇਆ ਸੀ।

“ਰਾਮਦਾਸਪੁਰੇ ਸਾਹਿਬ ਆਏ ਸਤਿਗੁਰੂ ਜੀ। ਬੀਬੀ ਨੰਦਾਂ ਨੇ ਕਹਾ ਜੀ ਆਪ ਦੇ ਵਿਚ ਬੜਾ ਮੋਹ ਸੀ। ਮਰਨ ਲੱਗੀ ਨੇ ਮੋਹ ਨਾ ਕੀਤਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਭਾਈ ਦੋ ਸਰੂਪ ਹੈਨ ਮੇਰੇ। ਇਕ ਦਰਗਾਹ ਮੇਂ ਹੈ ਇਕ ਮਾਤ ਲੋਕ ਮੇਂ ਹੈ। ਦਰਗਾਹ ਵਾਲਾ ਸਰੂਪ ਆਇਕੇ ਲੈ ਗਿਆ ਹੈ ਜੱਸਾਂ ਨੂੰ। ਤਾਂ ਕਰਕੇ ਮੋਹ ਨਹੀਂ ਕੀਤਾ ਜੱਸਾਂ ਨੇ। ਅਸੀਂ ਕੋਲ ਸੇ ਉਸ

ਵਕਤ।"

"ਚਿਖਾ ਤੋੜੀਂ ਜਾਇ ਮੁੜਨੇ ਲਗੇ ਤਾਂ ਸਿੰਘਾਂ ਅਰਜ਼ ਕੀਤੀ ਜੀ ਕੁੱਝ ਅਸਥਾਨ ਬਣ ਜਾਵੇ। ਬਚਨ ਹੋਇਆ ਥਾਨ ਥੜਿਆਂ ਪਰ ਕੁੱਤੇ ਮੂਤਦੇ ਹੈਂ...। ਕੁਛ ਨਾ ਬਣਾਓ। ਦੀਨ ਦਿਆਲ ਜੀ ਬਚਨ ਕੀਤਾ- ਗੁਪਾਲ ਸਿੰਘ ਤੁਸੀਂ ਹੋਰ ਹੋਰ ਦੁਆਈਆਂ ਕਰਦੇ ਰਹੇ। ਜੇ ਅਖੰਡ ਪਾਠ ਤੋਰ ਦੇਂਦੇ ਤਾਂ ਬਚ ਰਹਿੰਦੀ। ਅਜੇ ਉਮਰ ਰਹਿੰਦੀ ਸੀ। ਸ਼ਤਾਬੀ ਕੀਤੀ ਹੈ। ਮੇਰੇ ਆਏ ਬਿਨਾ ਨਹੀਂ ਸੀ ਫੂਕਣੀ। ਪਾਠ ਧਰਾਇ ਕੇ ਦੀਨ ਦਿਆਲ ਜੀ ਮੁੜ ਗਏ ਸੁਧਾਸਰ (ਸ੍ਰੀ ਅੰਮ੍ਰਿਤਸਰ ਸਾਹਿਬ) ਕੋ।"[21]

"ਮੇਰੇ ਆਏ ਬਿਨਾਂ ਸਸਕਾਰ ਨਹੀਂ ਸੀ ਕਰਨਾ'" ਜਾਂ 'ਅਜੇ ਉਮਰ ਰਹਿੰਦੀ ਸੀ' ਕਿਉਂਕਿ ਮਾਤਾ ਜੀ 53-54 ਸਾਲ ਦੀ ਉਮਰ ਵਿੱਚ ਹੀ ਚਲਾਣਾ ਕਰ ਗਏ ਸਨ, ਇਹਨਾਂ ਸ਼ਬਦਾਂ ਦੁਆਰਾ ਉਸ ਗਹਿਰੇ ਸਨੇਹਮਈ ਨਾਤੇ ਦਾ ਆਭਾਸ ਹੁੰਦਾ ਹੈ ਜੋ ਸਤਿਗੁਰੂ ਜੀ ਨੇ ਆਪਣੇ ਮਹਿਲਾਂ ਨਾਲ ਸਿਰਜਿਆ ਸੀ। ਉੱਤੋਂ ਉੱਤੋਂ ਡਰਾਉਣਾ ਪਰ ਅੰਦਰੋਂ ਲਾਡ ਲਡਿਆਉਣੇ, ਹਾਸਾ ਮਜ਼ਾਖ ਕਰਨੇ, ਇਹ ਸੁਭਾਉ ਸੀ ਮਸਤਾਨੀ ਬਿਰਤੀ ਵਾਲੇ ਸਤਿਗੁਰੂ ਜੀ ਦਾ। ਮਾਤਾ ਜੀ ਦਾ ਸਰੀਰ 6-7 ਨਵੰਬਰ 1871 ਈ. ਵਿੱਚ ਦੀਵਾਲੀ ਤੋਂ ਕੁੱਝ ਦਿਨ ਪਹਿਲਾਂ ਹੀ ਸ਼ਾਂਤ ਹੋਇਆ ਸੀ।

"ਮਾਤਾ ਜੱਸਾਂ ਜੀ ਕਾ.... ਸ੍ਰੀ ਸਤਿਗੁਰੂ ਜੀ ਕੀ ਮੂਰਤੀ ਪਰ ਬੜਾ ਭਰੋਸਾ ਸੀ। ਇਕ ਦਮ ਭੀ ਨਾ ਸੀ ਜੁਦਾ ਹੋਇ ਸਕਦੇ। ਦੀਨ ਦਿਆਲ ਜੀ ਬਚਨ ਕੀਤਾ ਜੱਸਾਂ ਤੂੰ ਏਥੇ ਘਰ ਸੁਖੀ ਬੈਠੀ ਹੈਂ। ਠੰਢਾ ਜਲ ਛਕਦੀ ਹੈਂ। ਜੱਸਾਂ ਜੀ ਬਚਨ ਕੀਤਾ ਜੀ ਧੁਆਡੇ ਨਾਲ ਮੈਨੂੰ ਛੱਪੜਾਂ ਦਾ ਜਲ ਮਨਜ਼ੂਰ ਹੈ ਪਰ ਨਾਲ ਹੀ ਜਾਵਾਂਗੀ। ਜੇਕਰ ਪਿੱਛੇ ਕਦੇ ਛੱਡ ਜਾਣਾ ਜੱਸਾਂ ਜੀ ਨੇ ਵੈਰਾਗ ਮੈ ਹੋਇ ਕੇ ਅੰਦਰ ਪੈ ਰਹਿਣਾ। ਕਈ ਕਈ ਦਿਨ ਪਰਸ਼ਾਦ ਨਾ ਛਕਣਾ। ਜੇਕਰ ਛਕਣਾ ਕਿਸੇ ਦਿਨ ਤਾਂ ਥੋੜਾ ਛਕਣਾ। ਭਜਨ ਕਰਨਾ ਅੱਠੇ ਪਹਿਰ। ਜਾਂ ਸਤਿਗੁਰੂ ਜੀ ਔਣਾ ਤਾਂ ਦਰਸ਼ਨ ਕਰਕੇ ਸ਼ਾਂਤ ਆਉਣੀ ਤੇ ਅੰਨ ਪਾਣੀ ਛਕਣਾ, ਖੁਸ਼ੀ ਹੋਇ ਕੇ ਬੋਲਣਾ। ਜਿੰਨਾ ਚਿਰ ਸਤਿਗੁਰੂ ਜੀ ਦੀ ਮੂਰਤੀ ਦਾ ਦਰਸ਼ਨ ਨਾ ਹੋਵੇ ਓਨਾ ਚਿਰ ਬੋਲਣਾ ਭੀ ਨਾਂ।ਮਾਤਾ ਸੀਤਾ ਕਰਕੇ ਸੰਗਤ ਕਹਿੰਦੀ ਸੀ। ਪਹਿਲੋਂ ਤਾਂ ਸੁਭਾਉ ਸੀ ਕਦੇ ਕਦੇ ਬਚਨ ਮੋੜ ਦੇਣਾ। ਫਿਰ ਸਤਿਗੁਰਾਂ ਕਿਰਪਾ ਕੀਤੀ ਤਾਂ ਸੁਭਾਉ ਬਦਲ ਗਿਆ। ਸਤਿਗੁਰੂ ਜੀ ਜੋ ਮੁਖ ਸੇ ਕਹਿੰਦੇ ਸੋ ਤਤਕਾਲ ਮੰਨਣਾਂ। ਸਤ ਸਤ ਕਰਦੀ ਰਹਿਣਾ। ਭੈ ਰਖਣਾ, ਹਰ ਵਕਤ ਹਾਜ਼ਰ ਰਹਿਣਾ। ਮਰਨੇ ਥੀਂ ਪੰਦਰਾਂ ਬਰਸ ਅੱਗੇ ਹੀ ਖਫਣ ਬਣਾ ਕੇ ਪਟਾਰ ਮੈ ਰੱਖ ਛੱਡਿਆ ਸੀ ਕਿ ਮੇਰੇ ਉਪਰ ਪਾਵਣਾ।'[22]

ਮਾਤਾ ਜੀ ਨਮਿੱਤ ਭੋਗ ਦਾ ਮੇਲਾ ਕੁੱਝ ਨਾ ਟਾਲੇ ਜਾ ਸਕਣ ਵਾਲੇ ਕਾਰਜਾਂ ਕਰ ਕੇ, ਤਕਰੀਬਨ ਡੇਢ ਦੋ ਮਹੀਨੇ ਪਛੜ ਗਿਆ ਸੀ। ਪਹਿਲੀ ਮਾਘ 1928 ਬਿ. ਮੁਤਾਬਿਕ 12 ਜਨਵਰੀ 1872 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜਾਬ ਭਰ ਤੋਂ ਜੁੜੀਆਂ ਹਜ਼ਾਰਾਂ ਸੰਗਤਾਂ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਾਜ਼ਰੀ ਵਿੱਚ, ਆਪ ਦੇ ਨਮਿੱਤ ਆਦਿ ਗੁਰੂ ਗਰੰਥ ਸਾਹਿਬ ਦੇ 101 ਪਾਠਾਂ ਦੇ ਭੋਗ ਨਾਲ ਇਹ ਮੇਲਾ ਸੰਪੰਨ ਹੋਇਆ। ਇਸ ਭੋਗ ਮੇਲੇ ਤੇ ਹੋਰ ਵੀ ਯੁਗਾਂਤਰਕਾਰੀ ਘਟਨਾਵਾਂ ਵਾਪਰੀਆਂ। ਸਿੰਘਾਂ ਦੀਆਂ ਸ਼ਹੀਦੀਆਂ, ਸਤਿਗੁਰੂ ਜੀ ਅਤੇ ਚੁਨਿੰਦਾ ਸੂਬਿਆਂ ਦਾ ਦੇਸ ਨਿਕਾਲਾ ਵਾਪਰਿਆ। ਇਸ ਮਹਾਨ ਮਾਤਾ ਨੇ ਇਹ ਸਾਰੇ ਦੁਖਾਂਤ ਨਹੀਂ ਵੇਖਣੇ ਸਨ। ਉਹ ਵਾਕਿਆ ਈ ਨਾਮਧਾਰੀ ਸੰਤ ਖਾਲਸੇ ਜੀ ਦੀ ਮਹਾਨ ਮਾਤਾ ਸਿੱਧ ਹੋਈ। ਨਾਮਧਾਰੀ ਸੰਗਤ ਅਤੇ ਕੂਕਾ ਸੰਗਠਨ ਨੂੰ ਮਜ਼ਬੂਤ ਕਰਨ ਵਿੱਚ ਮਾਤਾ ਜੱਸਾਂ ਜੀ ਦੀਆਂ ਨਿਬਾਹੀਆਂ ਸੇਵਾਵਾਂ, ਹਮੇਸ਼ਾਂ ਯਾਦ ਰਹਿਣਗੀਆਂ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਬਿਸ਼ਨ ਸਿੰਘ ਹਿਸਟੋਰੀਅਨ - ਆਜ਼ਾਦੀ ਦੀ ਲਹਿਰ ਅਤੇ ਨਾਮਧਾਰੀ ਦੇਵੀਆਂ - ਸਫਾ 23
2. ਸੰਤ ਸੰਤੋਖ ਸਿੰਘ ਬਾਹੋਵਾਲ - ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫਾ 100-01
3. ਉਪਰੋਕਤ, ਸਫਾ 101
4. ਪ੍ਰੀਤਮ ਸਿੰਘ ਕਵੀ, ਲੇਖ 'ਮਾਤਾ ਜੱਸ ਕੌਰ', ਵਰਿਆਮ, ਮਾਸਿਕ ਜਲੰਧਰ, ਜੁਲਾਈ 1979, ਸਫਾ 16
5. ਸੰਤ ਸੰਤੋਖ ਸਿੰਘ ਬਾਹੋਵਾਲ - ਉਪਰੋਕਤ, ਸਫਾ 113 6. ਉਪਰੋਕਤ, ਸਫਾ 127-28
6. ਉਪਰੋਕਤ, ਸਫਾ 136
7. ਉਪਰੋਕਤ, ਸਫਾ 136
8. ਉਪਰੋਕਤ, ਸਫਾ 139
9. ਪ੍ਰੀਤਮ ਸਿੰਘ ਕਵੀ - ਉਪਰੋਕਤ, ਸਫਾ 18-19
10. ਸੰਤ ਸੰਤੋਖ ਸਿੰਘ ਬਾਹੋਵਾਲ, ਉਪਰੋਕਤ, ਸਫਾ 141
11. ਪ੍ਰੀਤਮ ਸਿੰਘ ਕਵੀ - ਉਪਰੋਕਤ, ਸਫਾ 20
12. ਸੰਤ ਸੰਤੋਖ ਸਿੰਘ ਬਾਹੋਵਾਲ, ਸਫਾ 153

13. ਉਪਰੋਕਤ, ਸਫ਼ਾ 186
14. ਉਪਰੋਕਤ, ਸਫ਼ਾ 187
15. ਉਪਰੋਕਤ, ਸਫ਼ਾ 197
16. ਪ੍ਰੀਤਮ ਸਿੰਘ ਕਵੀ, ਮਾਤਾ ਜੱਸ ਕੌਰ, ਵਰਿਆਮ ਅਗਸਤ 1979, ਸਫ਼ਾ 19
17. ਸੰਤ ਸੰਤੋਖ ਸਿੰਘ ਬਾਹੋਵਾਲ, ਸਫ਼ਾ 283
18. ਉਪਰੋਕਤ, ਸਫ਼ਾ 275-77
19. ਉਪਰੋਕਤ, ਸਫ਼ਾ 280
20. ਉਪਰੋਕਤ, ਸਫ਼ਾ 449
21. ਉਪਰੋਕਤ, ਸਫ਼ਾ 448

❁

# ਸਬਰ, ਸਿਦਕ ਤੇ ਸਿਰੜ ਦੀ ਮੂਰਤੀ ਬੀਬੀ ਨੰਦਾਂ

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਕਰਕੇ, ਜਿੱਥੇ ਇਕ ਪਾਸੇ ਸਿੱਖ ਅਤੇ ਖ਼ਾਲਸਈ ਰਹੁ ਰੀਤਾਂ ਨੂੰ ਮੁੜ ਸੁਰਜੀਤ ਕੀਤਾ, ਉੱਥੇ ਕਿਸੇ ਦੀ ਈਨ ਨਾਂ ਮੰਨਣ ਲਈ, ਮਨੁੱਖੀ ਮੁਕਤੀ ਦੇ ਮੁਹਾਜ਼ ਤੇ ਵੀ ਇਕ ਨਵੀਂ ਜੰਗ ਵਿੱਢ ਦਿੱਤੀ ਸੀ। ਇਹ ਜੰਗ ਮਨੁੱਖੀ ਬਿਰਤੀ ਵਿਚ ਮੌਜੂਦ ਵਿਸ਼ੇ ਵਿਕਾਰਾਂ ਦੇ ਵਿਰੁੱਧ ਵੀ ਸੀ ਅਤੇ ਸਮਾਜ ਵਿਚ ਵੱਡੀ ਪੱਧਰ ਤੇ ਫੈਲੀਆਂ ਕੁਰੀਤੀਆਂ ਵਿਰੁੱਧ ਵੀ ਸੀ। ਸਾਦਾ ਜੀਵਨ ਤੇ ਉੱਚੇ ਵਿਚਾਰ ਦੇ ਨਿਸ਼ਾਨੇ ਨੂੰ ਹਾਸਲ ਕੀਤਾ ਜਾ ਰਿਹਾ ਸੀ। ਹਰ ਤਰ੍ਹਾਂ ਦੇ ਜਾਤੀ ਅਭਿਮਾਨ ਨੂੰ ਤੋੜਿਆ ਜਾ ਰਿਹਾ ਸੀ ਅਤੇ ਨਾਰੀ ਪੁਰਖ ਨੂੰ ਇਕ ਦੂਜੇ ਦੇ ਪੂਰਕ ਦੱਸ ਕੇ, ਔਰਤ ਨਾਲ ਹੁੰਦੇ ਵਿਤਕਰੇ ਦੂਰ ਕੀਤੇ ਜਾ ਰਹੇ ਸਨ। ਸਮਾਜ ਦਾ ਅੱਧਾ ਹਿੱਸਾ, ਬੀਬੀਆਂ ਨੂੰ ਨਾਲ ਤੋਰੇ ਬਿਨਾਂ ਕੋਈ ਵੀ ਸਮਾਜਿਕ ਤਬਦੀਲੀ ਜਾਂ ਸਿਆਸੀ ਜੰਗ ਜਿੱਤੀ ਨਹੀਂ ਸੀ ਜਾ ਸਕਦੀ। ਇਸ ਲਈ ਸਤਿਗੁਰੂ ਜੀ ਦੇ ਕੌਮੀ ਮੁਕਤੀ ਲਈ ਵਿੱਢੇ ਅੰਦੋਲਨ ਵਿਚ, ਮਾਈਆਂ ਬੀਬੀਆਂ ਦੀ ਭਾਗੀ ਦਾਰੀ ਦੀਆਂ ਉੱਘੜਵੀਆਂ ਮਿਸਾਲਾਂ ਵੀ ਵੇਖਣ ਨੂੰ ਮਿਲਦੀਆਂ ਹਨ। ਬੀਬੀ ਹੁਕਮੀ ਵਰਿਆਂਹ ਵਾਲੀ ਨੂੰ ਤਾਂ ਆਪ ਦੇ ਦੁਆਰਾ ਥਾਪੇ, ਪਹਿਲੇ ਬਾਈ ਸੂਬਿਆਂ ਵਿਚ ਗਿਣਿਆ ਜਾਂਦਾ ਹੈ। ਇਸੇ ਤਰ੍ਹਾਂ ਆਪ ਦੀ ਸਪੁੱਤਰੀ ਬੀਬੀ ਨੰਦਾਂ ਵੀ ਉਮਰ ਭਰ ਆਪ ਦੁਆਰਾ ਦੱਸੇ ਗੁਰਮਤਿ ਮਰਿਆਦਾ ਅਤੇ ਨਾਮ ਬਾਣੀ ਵਾਲੇ ਜੀਵਨ ਨੂੰ ਬਿਤਾਉਂਦਿਆਂ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਰਹਿ ਕੇ, ਸਤਿਗੁਰੂ ਜੀ ਦੁਆਰਾ ਅਰੰਭੇ ਕੂਕਾ ਸੰਗਰਾਮ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ, ਗੋਰਾਸ਼ਾਹੀ ਦੇ ਦਮਨ ਨੂੰ ਖਿੜੇ ਮੱਥੇ ਸਹਾਰਦਿਆਂ, ਨਾਮਧਾਰੀ ਸੰਗਤ ਦੇ ਹੌਂਸਲੇ ਬੁਲੰਦ ਰੱਖਣ ਲਈ, ਚੜ੍ਹਦੀ ਕਲਾ ਵਿਚ ਜੀਵਨ ਬਸਰ ਕਰਦੇ ਰਹੇ। ਡੇਰੇ ਵਿਚ ਰਹਿਣ ਵਾਲੀਆਂ ਮਾਈਆਂ ਬੀਬੀਆਂ ਅਤੇ ਹੋਰ ਦਰਸ਼ਨ ਅਭਿਲਾਖੀਆਂ ਨੂੰ ਜੋ ਪੰਜਾਬ ਭਰ ਤੋਂ ਇੱਥੇ ਪੁੱਜਦੇ ਰਹੇ, ਗੁਰਮਤਿ ਨਾਲ ਜੋੜ ਕੇ, ਉਹਨਾਂ ਵਿਚ ਗੁਰੂ ਦਰਸ਼ਨਾਂ ਦੀ ਸਿੱਕ ਵਾਲੀ ਜੋਤ ਜਗਾਈ ਰੱਖਦੇ ਸਨ।

ਬੀਬੀ ਨੰਦਾਂ ਦਾ ਜਨਮ ਪਿਤਾ ਸਤਿਗੁਰੂ ਰਾਮ ਸਿੰਘ ਅਤੇ ਮਾਤਾ ਜੱਸਾਂ ਦੇ ਗ੍ਰਹਿ ਵਿਖੇ ਪਿੰਡ ਭੈਣੀ ਆਲਾ ਵਿਚ ਸੰਬਤ 1892 ਬਿਕਰਮੀ ਮੁਤਾਬਿਕ 1836-37 ਈ. ਅਨੁਮਾਨਿਤ ਹੈ।[1] ਛੋਟੀ ਪੁੱਤਰੀ ਬੀਬੀ ਦੈਆ ਕੌਰ ਦਾ

ਜਨਮ 1840 ਈ. ਵਿਚ ਇੱਥੇ ਹੀ ਹੋਇਆ। ਸ੍ਰੀ ਸਤਿਗੁਰੂ ਜੀ (1837-45) ਦੇ 9 ਕੁ ਸਾਲ ਲਾਹੌਰ ਸਿੱਖ ਸੈਨਾ ਵਿਚ ਰਹੇ ਸਨ। ਸੰਨ 1846 ਈ. ਵਿਚ ਵਾਪਸ ਪਿੰਡ ਆ ਕੇ ਮਸਤਾਨੀ ਬਿਰਤੀ ਵਿਚ ਨਾਮ ਦੇ ਰੰਗ ਵਿਚ ਵਿਚਰੇ। ਫਿਰ ਤਿੰਨ ਕੁ ਸਾਲ ਭੈਣੀ ਆਲਾ ਵਿਚ, ਸੁੱਖੂ ਅਤੇ ਖੇਮੇ ਜ਼ਿੰਮੀਂਦਾਰਾਂ ਨਾਲ ਸਾਂਝੀ ਖੇਤੀ ਕੀਤੀ। ਸੰਨ 1851 ਵਿਚ ਰਾਈਆਂ, ਗੁਆਂਢੀ ਪਿੰਡ ਜੋ ਭੈਣੀ ਆਲਾ ਆਉਣ ਤੋਂ ਪਹਿਲਾਂ ਆਪ ਦਾ ਜੱਦੀ ਪਿੰਡ ਸੀ, ਉੱਥੋਂ ਦੇ ਵਾਹੀਵਾਨ ਜਿਉਣ ਸਿੰਘ ਲੰਬੜਦਾਰ ਦੇ ਨਾਲ ਖੇਤੀਬਾੜੀ ਸ਼ੁਰੂ ਕਰ ਦਿੱਤੀ। ਸਤਿਗੁਰੂ ਜੀ ਬੇਗਾਨੇ ਹੱਕ, ਅਣਕਮਾਈ ਦੌਲਤ ਜਾਂ ਕਿਸੇ ਵੀ ਵਸਤੂ ਤੋਂ ਖ਼ੁਦ ਵੀ ਪਰਹੇਜ਼ ਕਰਦੇ ਸਨ ਅਤੇ ਇਹੋ ਸਿੱਖਿਆ ਪਹਿਲਾਂ ਪਰਵਾਰ ਅਤੇ ਫਿਰ ਸੰਗਤ ਨੂੰ ਦਿਆ ਕਰਦੇ ਸਨ। ਇਸੇ ਕਠੋਰ ਅਨੁਸ਼ਾਸਨ ਦੀ ਕੁਠਾਲੀ ਵਿਚ ਬੀਬੀ ਨੰਦਾਂ ਦੀ ਸ਼ਖ਼ਸੀਅਤ ਘੜੀ ਗਈ ਸੀ। ਸਮਕਾਲੀ ਇਤਿਹਾਸਕਾਰ, ਇਸ ਪ੍ਰਥਾਇ ਇਕ ਘਟਨਾ ਅੰਕਿਤ ਕਰਦੇ ਹਨ।

"ਇਕ ਦਿਨ ਬੀਬੀ (ਨੰਦਾਂ) ਭਾਜਾ ਤੋੜ ਲਿਆਈ। ਸਤਿਗੁਰੂ ਜੀ ਪੁੱਛਿਆ ਕੀਹਦੇ ਖੇਤ ਦਾ ਆਂਦਾ ਹੈ? ਬੀਬੀ ਨੇ ਕਿਹਾ-ਚੜ੍ਹਤ ਸਿੰਘ ਦੇ ਖੇਤ ਦਾ ਆਂਦਾ ਹੈ। ਮੈਨੂੰ ਕੁੜੀਆਂ ਨਾਲ ਲੈ ਗਈਆਂ ਸੀ। ਸਤਿਗੁਰੂ ਜੀ ਬਚਨ ਕੀਤਾ, ਉਸ ਦੇ ਘਰ ਮੋੜ ਕੇ ਦੇ ਆਓ। ਬੀਬੀ ਚੜ੍ਹਤ ਸਿੰਘ ਨੇ ਘਰ ਦੇ ਆਈ। ਚੜ੍ਹਤ ਸਿੰਘ ਝੋਲੀ ਵਿਚ ਪਾਇਕੇ ਲਿਆਇਆ ਭਾਜਾ ਅਰ ਕਹਿਣ ਲੱਗਾ-ਜੀ ਇਹ ਭੀ ਰੱਖੋ ਤੇ ਹੋਰ ਭੀ ਲੈ ਆਇਆ ਕਰੇ ਕੁੜੀ। ਬਚਨ ਕੀਤਾ ਬੀਬੀ ਨੂੰ ਕਿ ਜੇਕਰ ਤੈਨੂੰ ਸੱਦ ਕੇ ਲੈ ਜਾਣ ਤਾਂ ਜਾਈਂ।"[2]

ਸਤਿਗੁਰੂ ਜੀ ਦੀ ਨਾਮ ਬਾਣੀ ਨਾਲ ਪ੍ਰੀਤੀ ਅਤੇ ਸਾਧੂਆਂ ਵਾਲੀ ਬਿਰਤੀ ਕਾਰਨ, ਪਿੰਡ ਦੇ ਲੋਕ, ਆਪ ਜੀ ਦਾ ਅਦਬ ਸਤਿਕਾਰ ਕਰਦੇ ਸਨ ਕੁਝ ਅਪਵਾਦਾਂ ਨੂੰ ਛੱਡ ਕੇ। ਭਾਈ ਲਹਿਣਾ ਸਿੰਘ, ਖੇਮਾ ਅਤੇ ਬੁੱਗ ਪਿੰਡ ਦੇ ਤਿੰਨ ਜੱਟ ਆਪ ਜੀ ਨੂੰ ਰਾਈਆਂ ਤੋਂ ਅਰਜ਼ ਕਰਕੇ, ਵਾਪਸ ਭੈਣੀ ਆਲਾ ਲੈ ਆਏ 1851-52 ਈ. ਵਿਚ ਅਨੁਮਾਨਿਤ। ਇੱਥੇ ਆ ਕੇ ਆਪ ਜੀ ਨੇ ਪਹਿਲਾਂ ਤੇ ਆਪਣੇ ਅਤੇ ਭਾਈ ਬੁੱਧ ਸਿੰਘ ਜੀ ਦੇ ਪਰਵਾਰ ਲਈ, ਕੰਮ ਕਾਰ ਲਈ ਕੋਠੜੀਆਂ, ਸੂਫ਼ਾ ਆਦਿਕ ਬਣਾਏ। ਦੋਹਾਂ ਕੋਠੜੀਆਂ ਦੇ ਵਿਚਾਲੇ ਥੜਾ ਸਾਹਿਬ ਵਾਲਾ ਮੰਦਰ ਨਾਮ ਜਪਣ ਲਈ ਬਣਾਇਆ। ਹੁਣ ਆਪ ਜੀ ਨੂੰ ਮਾਮੇ ਹਰੀ ਸਿੰਘ ਦੇ ਪੁੱਤਰ ਖਜ਼ਾਨ ਸਿੰਘ ਵੱਲੋਂ ਫੀਰੋਜ਼ਪੁਰ ਆ ਕੇ ਉਸਾਰੀ ਦੇ ਕੰਮਾਂ ਵਿਚ ਸਹਿਯੋਗ ਦੇਣ ਦਾ ਸੱਦਾ ਆਇਆ ਜੋ ਉੱਥੇ ਠੇਕੇਦਾਰ ਸੀ। ਜਾਣ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਬੀਬੀ ਨੰਦਾਂ ਅਤੇ ਬੀਬੀ ਦੈਆ ਕੌਰ ਦੋਹਾਂ ਦੇ ਵਿਆਹ ਬੇਦ ਰੀਤੀ ਨਾਲ ਕਰ ਦਿੱਤੇ।[3]

ਬੀਬੀ ਨੰਦਾਂ ਦਾ ਵਿਆਹ ਸਮੁੰਦ ਸਿੰਘ ਪੁੱਤਰ ਸੰਗਤ ਸਿੰਘ, ਪਿੰਡ ਖਟੜੇ ਚੌਹਾਰਮੀ, ਥਾਣਾ ਡੇਹਲੋਂ ਜਿਲ੍ਹਾ ਲੁਧਿਆਣਾ ਨਾਲ ਹੋਇਆ। ਮਹੱਤਵਪੂਰਨ ਕੂਕਿਆਂ ਵਾਲੀ 1881 ਈ. ਦੀ ਪੰਜਾਬ ਪੁਲੀਸ ਦੀ ਖੁਫੀਆ ਸੂਚੀ ਵਿਚ ਸਮੁੰਦ ਸਿੰਘ ਦਾ ਨਾਮ ਲੁਧਿਆਣਾ ਲਿਸਟ ਵਿਚ ਅੱਠਵੇਂ ਨੰਬਰ ਤੇ ਹੈ। ਉਸ ਦੇ ਨਾਮ ਨਾਲ ਸ਼ਬਦ "ਭਣੋਈਆ" ਲਿਖਿਆ ਹੈ ਜਿਸ ਨਾਮ ਦੁਆਰਾ ਉਹ ਕੂਕਾ ਸੰਗਤ ਵਿਚ ਜਾਣਿਆ ਜਾਂਦਾ ਸੀ। ਉਸ ਦਾ ਰੰਗ ਸਾਫ ਪਰ ਮਾਤਾ ਦੇ ਦਾਗਾਂ ਵਾਲਾ ਚਿਹਰਾ, ਛੀਟਕਾ ਸਰੀਰ ਅਤੇ ਉਮਰ 42 ਸਾਲ ਸੀ।[4] ਇਸ ਤਰ੍ਹਾਂ ਉਸ ਦਾ ਜਨਮ ਵੀ 1838 ਈ. ਦੇ ਲਾਗੇ ਚਾਗੇ ਸੀ ਅਤੇ ਉਹ ਬੀਬੀ ਨੰਦਾਂ ਦਾ ਹਾਣ ਪਰਵਾਨ ਹੀ ਸੀ। ਛੋਟੀ ਪੁੱਤਰੀ ਬੀਬੀ ਦੈਆ ਕੌਰ ਨਾਰੰਗਵਾਲ (ਲੁਧਿਆਣਾ) ਦੇ ਮੁਤਾਬ ਸਿੰਘ ਪੁੱਤਰ ਟੇਕ ਸਿੰਘ ਨਾਲ ਵਿਆਹੀ ਸੀ ਅਤੇ ਸੰਨ 1868 ਈ. ਵਿਚ ਇਕ ਦੁਖਦਾਈ ਹਾਦਸੇ ਵਿਚ ਬਿਨਾਂ ਕਿਸੇ ਉਲਾਦ ਤੋਂ ਚੱਲ ਵੱਸੀ ਸੀ।[5]

ਬੀਬੀ ਨੰਦਾਂ 1855-56 ਈ. ਵਿਚ ਆਪਣੇ ਸਹੁਰੇ ਘਰ ਖਟੜੇ ਜਾ ਰਹੇ ਸਨ। ਬਾਹੋਵਾਲ ਜੀ ਸੰਤ ਖਾਲਸਾ ਸਾਜਣ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਵਿਚ ਰਹਿੰਦੇ, ਗੁਰੂ ਪਰਵਾਰ ਦੀ ਛੋਟੀ ਪੁੱਤਰੀ, ਬੀਬੀ ਦੈਆ ਕੌਰ ਦੁਆਰਾ ਕੀਤੀ ਜਾਣ ਵਾਲੀ ਵੱਡੀ ਸੇਵਾ ਦਾ ਜ਼ਿਕਰ ਤਾਂ ਕਰਦੇ ਹਨ। 'ਚੱਕੀਆਂ ਨਾਲ ਈ ਗੁਜ਼ਾਰਾ ਹੁੰਦਾ ਸੀ। ਮਾਤਾ ਜੱਸਾਂ ਜੀ ਭੀ ਪੀਂਹਦੇ ਸੇ। ਬੀਬੀ ਦੈਆ ਕੌਰ ਭੀ ਪੀਸਿਆ ਕਰੇ। ਇੱਕ ਦਿਨ ਸ੍ਰੀ ਸਤਿਗੁਰੂ ਜੀ ਜੱਸਾਂ ਨਾਲ ਪਿਸਾਵਣ ਲੱਗੇ। ਫਿਰ ਸੁੱਧ ਸਿੰਘ (ਦੁਰਗਾਪੁਰ-ਮਢੌਰ) ਭੀ ਆਇ ਲੱਗਾ, ਸਤਿਗੁਰੂ ਜੀ ਹਟਾਇ ਦਿੱਤੇ। ਕੋਈ ਪ੍ਰੇਮ ਨਾਲ ਕੰਮ ਕਰੇ ਤਾਂ ਕਰੇ ਨਹੀਂ ਤਾਂ ਕਹਿਣਾ ਨਹੀਂ। ਬੀਬੀ ਦੈਆ ਕੌਰ ਪਹਿਲੇ ਪੀਸਿਆ ਕਰੇ, ਫੇਰ ਦੁੱਧ ਰਿੜਕਣਾ। ਫੇਰ ਘਾਸ ਕੀ ਪੰਡ ਲਿਆਵਣੀ। ਫੇਰ ਪਾਣੀ ਅਕਾਲ ਬੁੰਗੇ ਵਾਲੇ ਖੂਹ ਤੋਂ ਭਰਨਾ। ਫੇਰ ਪੰਜ ਗ੍ਰੰਥੀ ਬਾਣੀ ਭੀ ਪੜ੍ਹਨੀ। ਸ੍ਰੀ ਸਤਿਗੁਰੂ ਜੀ ਨਾਮ ਕਾ ਗੱਫਾ ਆਪ ਵਰਤਾਂਵਦੇ ਹੈ।[6]

ਇਸ ਤੋਂ ਮਾਲੂਮ ਹੁੰਦਾ ਹੈ ਕਿ ਬੀਬੀ ਨੰਦਾਂ ਹੁਣ ਆਪਣੇ ਸਹੁਰੇ ਘਰ ਵਿਖੇ ਰਹਿ ਰਹੇ ਸਨ। ਸੰਨ 1861 ਦੇ ਅਪਰੈਲ ਮਹੀਨੇ, ਸਤਿਗੁਰੂ ਰਾਮ ਸਿੰਘ ਜੀ ਨੇ ਪੁਰਾਣੀਆਂ ਮਨਾਉਂਤਾ ਵਿਚ ਫਸੇ ਲੋਕਾਂ ਨੂੰ ਗਿਆਨ ਕਰਕੇ ਗੁਰਮਤਿ ਨਾਲ ਜੋੜਨ ਲਈ, ਹਰਦੁਆਰ ਦੀ ਅਰਧ ਕੁੰਭੀ ਸਮੇਂ, ਗੰਗਾ ਨੂੰ ਚਾਲੇ ਪਾਏ। ਇਸ ਸਮੇਂ ਆਪ ਜੀ ਨੇ ਅਨੇਕ ਚੋਜਾਂ ਦੁਆਰਾ ਪੁਰਾਣੀਆਂ ਮਨਾਉਤਾਂ ਦਾ ਖੰਡਨ ਕੀਤਾ ਅਤੇ ਕਰਮ ਕਾਂਡਾਂ ਦੀ ਨਖੇਧੀ ਕੀਤੀ। ਪਰਵਾਰ ਦੇ ਜੀਆਂ ਤੋਂ ਇਲਾਵਾ ਇਸ ਸਮੇਂ ਸੈਨਿਕ ਜੀਵਨ ਦੇ ਸਾਥੀ, ਹਜ਼ਰੋ ਸਾਹਿਬ ਦੀ ਸੰਗਤ ਅਤੇ ਬਾਅਦ ਵਿਚ ਮਹੱਤਵਪੂਰਨ ਸੇਵਾਵਾਂ

ਨਿਬਾਹੁਣ ਵਾਲੇ ਸਿੰਘ ਭੀ ਆਪ ਦੇ ਨਾਲ ਸਨ। ਬੀਬੀ ਨੰਦਾਂ ਦੇ ਇਸ ਸੰਗ ਵਿਚ ਸ਼ਾਮਲ ਹੋਣ ਦਾ ਹਵਾਲਾ ਮਿਲਦਾ ਹੈ। "ਬੀਬੀ ਨੰਦਾਂ ਕੋ ਗੁਰੂ ਜੀ ਕਿਹਾ ਕਿ ਤੂੰ ਨਾ ਜਾਹ। ਏਥੇ ਹੀ ਰਹਿ ਕਾਨੂੰ ਜਾਣਾ ਹੈ। ਬੀਬੀ ਕਹਿਣੇ ਲੱਗੀ ਮੈਂ ਗੰਗਾ ਦੇਖੀ ਨਹੀਂ ਹੈ, ਦੇਖ ਆਵਾਂਗੀ।"[7]

ਮਸਤਾਨੀ ਬਿਰਤੀ ਵਿਚ ਸਤਿਗੁਰੂ ਜੀ ਨਾਲ ਦੇ ਸੰਗੀਆਂ ਸਾਥੀਆਂ ਨਾਲ ਕਈ ਖੇਡਾਂ ਕਰਦੇ ਵਾਪਸ ਮੁੜ ਆਏ। ਮਾਤਾ ਜੱਸਾਂ ਜਦੋਂ ਭੈ ਭੀਤ ਹੋ ਕੇ ਸਤਿਗੁਰੂ ਜੀ ਦੇ ਸੱਦਣ ਤੇ ਪਾਸ ਨਾਂ ਆਉਣ ਤੇ ਬੀਬੀ ਨੰਦਾਂ ਨੇ ਆਪਣੀ ਮਾਤਾ ਨੂੰ ਬਚਨ ਮੰਨਣ ਲਈ ਪਰੇਰਿਆ ਸੀ। ਬੀਬੀ ਨੇ ਕਿਹਾ-"ਤੈਨੂੰ ਮਿਹਰਬਾਨ ਹੋਇਕੇ ਸੱਦਦੇ ਹਨ। ਗੁਰੂ ਜੀ ਕਾ ਬਚਨ ਮੋੜਨਾ ਨਹੀਂ ਚਾਹੀਦਾ।"[8] ਬੀਬੀ ਨੰਦਾਂ ਦਾ ਸਤਿਗੁਰੂ ਜੀ ਦੀ ਅਜ਼ਮਤ ਤੇ ਬਚਪਨ ਤੋਂ ਹੀ ਭਰੋਸਾ ਬੱਝ ਗਿਆ ਸੀ। ਇਸੇ ਸਿੱਖੀ ਸਿਦਕ ਵਿਚ ਬੀਬੀ ਦਾ ਸਾਰਾ ਜੀਵਨ ਬਤੀਤ ਹੋਇਆ। ਉਹ ਵਾਤਸਲ ਪ੍ਰੇਮ ਵਿਚ, ਪਿਤਾ ਸਤਿਗੁਰੂ ਜੀ ਤੋਂ ਉਹਨਾਂ ਦੇ ਕਈ ਕਈ ਦਿਨ ਪਰਸ਼ਾਦਾ ਨਾ ਛਕਣ ਤੇ ਪੁੱਛਦੀ- "ਬਾਪੂ ਤੈਨੂੰ ਭੁੱਖ ਨਹੀਂ ਲੱਗਦੀ ਹੈ? ਬਚਨ ਕੀਤਾ ਜਿਸ ਟੋਏ ਮੈਂ ਅੰਨ ਪੈਂਦਾ ਸੀ ਸੋ ਟੋਆ ਨਾਮ ਨਾਲ ਭਰ ਗਿਆ ਹੈ।"[9]

ਇਸੇ ਸਾਲ ਅਗਸਤ, 1861 ਮੁਤਾਬਿਕ "ਭਾਦਰੋਂ ਦੇ ਮਹੀਨੇ ਬੀਬੀ ਨੰਦਾਂ ਦੀਆਂ ਅੱਖਾਂ ਦੁਖਣੇ ਆਇ ਗਈਆਂ। ਬੀਬੀ ਰਸੌਂਤ ਕਾ ਫੁੱਲ ਭਰਕੇ ਅੱਖ ਵਿਚ ਪਾ ਲਿਆ। ਅੱਖੀਆਂ ਕਾ ਜ਼ਿਆਦਾ ਬਧਾਨ ਹੋਏ ਗਿਆ। ਆਖ਼ਰ ਕੋ ਏਕ ਆਂਖ ਮੇਂ ਫੋਲਾ ਪੈ ਗਿਆ। ਦਿਸਣੋ ਰਹਿ ਗਿਆ। ਬੀਬੀ ਨੰਦਾਂ ਨੇ ਰਾਮਦਾਸ ਪੁਰੇ ਮੈਂ ਆਇਕੇ ਗੁਰੂ ਜੀ ਕਾ ਦਰਸ਼ਨ ਕੀਤਾ। ਕੈਹਣ ਲੱਗੀ ਜੀ ਤੁਸੀਂ ਮੈਨੂੰ ਕਾਣੀ ਕੀਤਾ ਹੈ। ਜਦੋਂ ਤੁਸੀਂ ਕਿਹਾ ਸੀ ਕਰ ਦਿਆਂ ਕਾਣੀ, ਮੈਂ ਤਾਂ ਜਦੇ ਸਮਝ ਗਈ ਸੀ ਇਹ ਬਚਨ ਹੋਇਕੇ ਰਹੇਗਾ, ਖਾਲੀ ਨਹੀਂ ਜਾਂਦਾ। ਗੁਰੂ ਜੀ ਬਚਨ ਕੀਤਾ ਸ਼ੁਕਰ ਕਰ ਇਕ ਅੱਖ ਵੀ ਬਚ ਰਹੀ ਹੈ। ਬੀਬੀ ਚੁੱਪ ਕਰ ਰਹੀ।"[10] ਸਤਿਗੁਰੂ ਜੀ ਦੇ ਸਹਿਜ ਸੁਭਾਉ ਕੀਤੇ ਬਚਨਾਂ ਤੇ ਬੀਬੀ ਦਾ ਅਤੁੱਟ ਭਰੋਸਾ ਸੀ ਅਤੇ ਸਤਿਗੁਰੂ ਜੀ ਦੇ ਦਿਲਾਸਾ ਦੇਣ ਤੇ ਉਹ ਧੀਰਜ ਧਾਰਨ ਕਰਕੇ, ਸਬਰ ਸਿਦਕ ਵਿਚ ਕਾਇਮ ਹੋ ਜਾਂਦੀ ਸੀ।

ਜਿਹੜਾ ਸਿੰਘ ਸਤਿਗੁਰੂ ਜੀ ਤੋਂ ਅੰਮ੍ਰਿਤ ਦੀ ਦਾਤ ਲੈ ਲੈਂਦਾ ਸੀ, ਉਹ ਫਿਰ ਬਿਨਾਂ ਮਰਿਆਦਾ ਵਾਲੇ ਦੇ ਹੱਥੋਂ, ਪਰਸ਼ਾਦਾ ਨਹੀਂ ਛਕ ਸਕਦਾ ਸੀ। ਉਸ ਸਮੇਂ ਦੇ ਰਿਵਾਜ ਮੁਤਾਬਿਕ ਸਿੱਖਾਂ ਵਿਚ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਨਹੀਂ ਛਕਾਇਆ ਜਾਂਦਾ ਸੀ। ਅੰਮ੍ਰਿਤਸਰ ਤੇ ਹੋਰ ਗੁਰਧਾਮਾਂ ਦੇ

ਪੁਜਾਰੀ ਜਦੋਂ ਕੂਕੇ ਸਿੰਘਾਂ ਦੀ ਅਰਦਾਸ ਨਾਂ ਕਰਨ ਦੇ ਕਾਰਨ ਗਿਣਾਉਂਦੇ ਸਨ ਤਾਂ ਉਹਨਾਂ ਵਿਚ ਇਕ ਕਾਰਨ ਇਹ ਵੀ ਕਿਹਾ ਜਾਂਦਾ ਸੀ ਕਿ ਤੁਸੀਂ ਔਰਤਾਂ ਨੂੰ ਵੀ ਪੰਜ ਕਕਾਰ ਧਾਰਨ ਕਰਵਾ ਕੇ ਅੰਮ੍ਰਿਤ ਕਿਉਂ ਛਕਾਉਂਦੇ ਹੋ। ਹੁਣ ਤਿਆਰ ਬਰ ਤਿਆਰ ਕੂਕੇ ਆਪਣਾ ਪਰਸ਼ਾਦਾ ਆਪ ਬਣਾ ਕੇ ਛਕਦੇ ਸਨ। ਇਸ ਤੇ ਬੀਬੀ ਦੈਆ ਕੌਰ, ਕਰਮ ਕੌਰ ਗੁੱਜਰਵਾਲ ਅਤੇ ਬੀਬੀ ਉਤਮੀ ਚੱਕ ਦੇਸ ਰਾਜ (ਜਲੰਧਰ) ਨੇ ਸੂਬਾ ਜਵਾਹਰ ਸਿੰਘ ਹੋਰਾਂ ਦੀ ਮਾਰਫਤ ਬੀਬੀਆਂ ਨੂੰ ਵੀ ਅੰਮ੍ਰਿਤ ਛਕਾਉਣ ਦੀ ਬੇਨਤੀ, ਸਤਿਗੁਰੂ ਜੀ ਤੱਕ ਪਹੁੰਚਾਈ। ਸਤਿਗੁਰੂ ਜੀ ਨੇ ਬੀਬੀਆਂ ਨੂੰ ਵੀ ਅੰਮ੍ਰਿਤ ਛਕਾ ਕੇ ਰਹਿਤ ਮਰਿਆਦਾ ਰਖਾਉਣ ਵਾਲਾ ਕਾਰਜ 1 ਜੂਨ 1863 ਈ. ਨੂੰ ਪਿੰਡ ਸਿਆਹੜ (ਲੁਧਿਆਣਾ) ਵਿਖੇ, ਉਸ ਦਿਨ ਪੰਝੀ ਬੀਬੀਆਂ ਨੂੰ ਅੰਮ੍ਰਿਤ ਛਕਾ ਕੇ ਸੰਪੰਨ ਕੀਤਾ। ਇਹਨਾਂ ਪੰਝੀਆਂ ਵਿਚੋਂ ਸੱਤ ਬੀਬੀਆਂ ਤਾਂ ਗੁਰੂ ਪਰਵਾਰ ਵਿਚੋਂ ਹੀ ਸਨ। ਬੀਬੀ ਨੰਦਾਂ ਨੇ ਵੀ ਇਸ ਦਿਨ ਅੰਮ੍ਰਿਤ ਦੀ ਦਾਤ ਆਪਣੀ ਮਾਤਾ, ਦਾਦੀ, ਚਾਚੀ ਅਤੇ ਛੋਟੀ ਭੈਣ ਸਮੇਤ ਸਤਿਗੁਰੂ ਜੀ ਤੋਂ ਪ੍ਰਾਪਤ ਕੀਤੀ।

1868 ਈ. ਤੱਕ ਬੀਬੀ ਨੰਦਾਂ ਦੇ ਘਰ ਤਿੰਨ ਲੜਕੇ ਸੂਰਤ ਸਿੰਘ, ਹਰਨਾਮ ਸਿੰਘ, ਬਸੰਤ ਸਿੰਘ ਦੋ ਦੋ ਤਿੰਨ ਤਿੰਨ ਸਾਲਾਂ ਦੇ ਫਰਕ ਨਾਲ ਜਨਮ ਲੈ ਚੁੱਕੇ ਸਨ। ਇਸੇ ਵਰ੍ਹੇ ਦੇ ਮਗਰਲੇ ਅੱਧ ਵਿੱਚ ਬੀਬੀ ਨੰਦਾਂ ਰੋਗ ਗ੍ਰਸਤ ਹੋ ਗਈ। ਸ੍ਰੀ ਸਤਿਗੁਰੂ ਜੀ ਹੀ ਇਸ ਸਮੇਂ ਉਸ ਨੂੰ ਜੀਵਨ ਦਾਨ ਦੇਣ ਵਾਲੇ ਸਨ। ਪਰਸੰਗ ਭਾਈ ਬਾਹੋਵਾਲ ਕਾਨੀ ਬੱਧ ਕਰ ਗਏ ਹਨ।

"ਏਕ ਦਿਨ ਸ੍ਰੀ ਸਤਿਗੁਰੂ ਜੀ ਖਟੜਿਆਂ ਕੰਨੀ ਹੱਥ ਕਰਕੇ ਕੈਹਣੇ ਲੱਗੇ ਏਸ ਦਿਸ਼ਾ ਅੱਜ ਕੋਈ ਮਰ ਗਿਆ ਹੈ। ਮਾਤਾ ਜੱਸਾਂ ਸੋਚ ਕੀਤੀ ਕਿ ਮੇਰੀਆਂ ਦੋ ਕੁੜੀਆਂ ਸੀਆਂ, ਇਕ ਮਰ ਗਈ ਹੈ ਇਕ ਰੈਂਹਦੀ ਹੈ। ਸੋ ਉਹ ਹੀ ਨਾਂ ਕਿਤੇ ਮਰ ਜਾਵੇ। ਮਾਤਾ ਜੱਸਾਂ ਵੀ ਖਟੜੀਂ ਗਏ ਤਾਂ ਬੀਬੀ ਨੰਦਾਂ ਬੀਮਾਰ ਪਈ ਸੀ। ਗੱਡੇ ਪਰ ਚਾਹੜ ਕੇ ਲੈ ਆਏ ਰਾਮਦਾਸ ਪੁਰੇ (ਭੈਣੀ ਸਾਹਿਬ) ਨੂੰ। ਇਲਾਜ ਕੀਤਾ ਪਰ ਕੁਛ ਫੈਦਾ ਨਜ਼ਰ ਨਾ ਆਇਆ। ਬੀਬੀ ਮਰਨ ਵਾਲੀ ਹੋਇ ਗਈ। ਨਾੜਾਂ ਭੀ ਮੁੜ ਗਈਆਂ। ਛਾਤੀ ਪਰ ਸਵਾਸ ਆਇ ਗਏ। ਬਚਨ ਕੀ ਕੋਈ ਆਸ ਨਾ ਸੀ। ਮਰ ਜਾਣੇ ਮੇਂ ਕੋਈ ਫਰਕ ਨਹੀਂ ਸੀ। ਸ੍ਰੀ ਸਤਿਗੁਰੂ ਜੀ ਅੱਗੇ ਬਹੁਤ ਅਰਜਾਂ ਕੀਤੀਆਂ। ਬਚਨ ਸਿੰਘ ਭਾਈ ਰੂਪਾ ਕੋ ਬਚਨ ਕੀਤਾ ਸ੍ਰੀ ਸਤਿਗੁਰੂ ਜੀ-ਤੂੰ ਦਵਾਈ ਦੇ। ਕਹਾ ਜੀ ਪ੍ਰਾਣ ਤਾਂ ਛਾਤੀ ਵਿਚ ਆਏ ਹੋਏ ਹੈ, ਮੈਂ ਕੀ ਦਵਾਈ ਦੇਵਾਂ? ਕੋਈ ਦਵਾਈ ਨਹੀਂ ਕਾਟ ਕਰਦੀ ਹੈ। ਬਚਨ ਹੋਇਆ ਦੇ ਤਾਂ ਸਹੀ ਕੋਈ ਦਵਾਈ। ਬਚਨ ਸਿੰਘ ਨੇ ਜਵੈਣ ਕਾੜ੍ਹ ਕੇ ਜਲ ਨਾਲ ਦਿੱਤੀ।

ਜਾਂ ਜਲ ਅੰਦਰ ਗਿਆ ਤਾਂ ਜੀ ਨਾੜਾਂ ਹਟੀਆਂ ਹੋਈਆਂ ਸੀਆਂ ਸੋ ਅੱਛੀ ਤਰ੍ਹਾਂ ਚੱਲਣ ਲੱਗਾ ਪਈਆਂ। ਅਗਲੇ ਦਿਨ ਅੱਛਾ ਫਾਇਦਾ ਹੋਇਆ। ਹੁੰਦੇ ਹੁੰਦੇ ਦਿਨੋ ਦਿਨ ਤੰਦਰੁਸਤ ਹੁੰਦੀ ਗਈ। ਬਚਨ ਕੀਤਾ ਕੁੜੀ ਨੇ ਮਰ ਜਾਣਾ ਸੀ, ਆਪਣੀ ਉਮਰ ਵਿੱਚੋਂ ਉਮਰ ਦਿੱਤੀ ਹੈ। ਬੱਚੇ ਇਆਣੇ ਸੇ ਕਿਨ ਪਾਲਣੇ ਸੇ ਸੂਰਤ ਸਿੰਘ, ਹਰਨਾਮ ਸਿੰਘ ਅਤੇ ਬਸੰਤ ਸਿੰਘ ਛੋਟੇ ਛੋਟੇ ਸਨ। ਬੀਬੀ ਨੰਦਾਂ ਰਾਜੀ ਹੋਇ ਗਈ।

ਸ੍ਰੀ ਸਤਿਗੁਰੂ ਜੀ ਗ੍ਰੰਥ ਸਾਹਿਬ ਕਾ ਪਾਠ ਕਰਦੇ ਸੀ। ਬੀਬੀ ਨੰਦਾਂ ਕੋਲ ਆਇ ਬੈਠੀ। ਬਚਨ ਕੀਤਾ ਕੁੜੀਏ ਫੁੱਲ ਭੀ ਚੁਗ ਲੈਣੇ ਸੇ, ਮਕਾਣਾਂ ਭੀ ਆਇ ਜਾਣੀਆਂ ਸੀਆਂ। ਬੀਬੀ ਨੇ ਸੁਣ ਤਾਂ ਲਿਆ ਬਚਨ ਪਰ ਸਮਝ ਨਾਂ ਆਈ ਕਿ ਕੀ ਬਚਨ ਕਰਦੇ ਹੈ। ਬੀਬੀ ਨੰਦਾਂ ਨੇ ਕਹਿਆ ਜੀ ਅਸੀਂ ਧੁਆਡੀ ਸੇਵਾ ਨਹੀਂ ਕਰਦੇ, ਸਾਡਾ ਭਲਾ ਕਿਸ ਤਰ੍ਹਾਂ ਹੋਵੇਗਾ? ਬਚਨ ਕੀਤਾ ਭਜਨ ਬੰਦਗੀ ਕਰਨਾ ਸਾਰੇ ਟਹਿਲ ਸੇਵਾ ਕੇ ਸਿਰ ਟਹਿਲ ਹੈ ਅਤੇ ਸਤ ਸੰਤੋਖ ਰੱਖੇ। ਇਸ ਕਮਾਈ ਜੈਸੀ ਹੋਰ ਕੋਈ ਸੇਵਾ ਨਹੀਂ ਹੈ। ਬੀਬੀ ਰਾਜੀ ਹੋਇ ਕੈ ਖਟੜੀ ਜਾਇ ਰਹੀ।'[11]

ਬੀਬੀ ਨੰਦਾਂ ਦਾ ਸਾਰਾ ਜੀਵਨ ਗੁਰਬਾਣੀ ਦਾ ਪਾਠ ਕਰਦਿਆਂ, ਭਜਨ ਬੰਦਗੀ ਕਰਦਿਆਂ ਅਤੇ ਗੁਰੂ ਕੇ ਲੰਗਰ ਦੀ ਸੇਵਾ ਕਰਦਿਆਂ, ਬਤੀਤ ਹੋਇਆ ਸੀ। ਉਹਨਾਂ ਨੇ ਸ੍ਰੀ ਭੈਣੀ ਸਾਹਿਬ ਰਹਿ ਕੇ ਸੂਬਾ ਜਵਾਹਰ ਸਿੰਘ ਜੀ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿੱਖਿਆ ਸੀ। ਉਹ ਰੋਜ਼ਾਨਾ ਦੋ ਵਜੇ ਤੜਕੇ ਉਠ ਕੇ, ਇਸ਼ਨਾਨ ਕਰਕੇ ਪੰਜ ਗਰੰਥ ਦਾ ਪਾਠ ਕਰਦੇ। ਫਿਰ ਬੰਦਗੀ ਕਰਿਆ ਕਰਦੇ ਸਨ।[12]

ਮਾਲੂਮ ਹੁੰਦਾ ਹੈ ਕਿ 1871 ਈ. ਵਿਚ ਹੀ ਕਿਸੇ ਸਮੇਂ ਬੀਬੀ ਨੰਦਾਂ ਤਿੰਨਾਂ ਲੜਕਿਆਂ ਸਮੇਤ ਸ੍ਰੀ ਭੈਣੀ ਸਾਹਿਬ ਆ ਗਏ ਸਨ। ਬੀਬੀ ਜੀ ਦਾ ਪਤੀ ਸਮੁੰਦ ਸਿੰਘ ਜ਼ਿਆਦਾ ਸਮਾਂ ਘਰੋਂ ਚੱਕਰਵਰਤੀ ਹੀ ਰਹਿੰਦਾ ਸੀ। ਇਸ ਲਈ ਮਾਤਾ ਜੱਸਾਂ ਦੇ ਕਹਿਣ ਤੇ ਬੀਬੀ ਸ੍ਰੀ ਭੈਣੀ ਸਾਹਿਬ ਆ ਰਹੀ। ਮਾਤਾ ਜੱਸਾਂ ਦਾ ਸਤਿਗੁਰੂ ਜੀ ਨਾਲ ਸਿਦਕ ਭਰੋਸੇ ਅਤੇ ਗੂਹੜੇ ਪ੍ਰੇਮ ਦਾ ਰਿਸ਼ਤਾ ਸੀ। ਜੇ ਸਤਿਗੁਰੂ ਜੀ ਰਸਤੇ ਵਿਚ ਸਫਰ ਦੀਆਂ ਦੁਸ਼ਵਾਰੀਆਂ ਕਾਰਨ ਉਹਨਾਂ ਨੂੰ ਦੌਰੇ ਨਾਲ ਜਾਣ ਦੀ ਬਜਾਏ, ਘਰ ਰਹਿਣ ਲਈ ਕਹਿੰਦੇ ਕਿ ਇੱਥੇ ਸੁਖੀ ਹੈਂ, ਠੰਢਾ ਜਲ ਛਕਦੀ ਹੈਂ ਤਾਂ ਮਾਤਾ ਜੀ ਨੇ ਕਹਿਣਾ ਕਿ ਤੁਹਾਡੇ ਨਾਲ ਮੈਨੂੰ ਛੱਪੜਾਂ ਦਾ ਜਲ ਛਕਣਾ ਮਨਜ਼ੂਰ ਹੈ। ਪਿੱਛੇ ਰਹਿ ਜਾਣ ਤੇ ਕਈ ਕਈ ਦਿਨ ਵੈਰਾਗ ਵਿਚ ਰਹਿਣਾ। ਬਹੁਤ ਥੋੜਾ ਪਰਸ਼ਾਦਾ ਛੱਕਣਾ ਜਾਂ ਕਈ ਕਈ ਦਿਨ ਨਿਰਾਹਾਰ ਰਹਿਣਾ। ਬੰਦਗੀ ਅੱਠੇ ਪਹਿਰ ਕਰਦੇ

ਸਨ। ਸਤਿਗੁਰੂ ਦਰਸ਼ਨਾਂ ਨਾਲ ਹੀ ਸ਼ਾਂਤੀ ਆਉਣੀ। ਆਪਣੀ ਮੌਤ ਨੂੰ ਸਦਾ ਯਾਦ ਰੱਖਦੇ ਸਨ। ਸਤਿਗੁਰੂ ਜੀ ਨੇ ਦੁਸਹਿਰੇ ਦਾ ਮੇਲਾ ਕਾਫੀ ਸੰਗਤਾਂ ਸਮੇਤ 23 ਅਕਤੂਬਰ 1871 ਨੂੰ ਸ੍ਰੀ ਭੈਣੀ ਸਾਹਿਬ ਮਨਾਇਆ। ਇਸ ਵਰ੍ਹੇ ਦੀਵਾਲੀ 12 ਨਵੰਬਰ ਨੂੰ ਸੀ। ਨਵੰਬਰ ਦੇ ਪਹਿਲੇ ਹਫਤੇ ਮਾਤਾ ਜੀ ਨੂੰ ਪਿੱਛੇ ਛੱਡ ਕੇ, ਅੰਮ੍ਰਿਤਸਰ ਵੱਲ ਦੀਵਾਲੀ ਪੂਰਬ ਲਈ ਚਾਲੇ ਪਾਏ। ਮਾਤਾ ਜੱਸਾਂ ਜੀ ਨੂੰ ਕੁਝ ਦਿਨਾਂ ਤੋਂ ਬੁਖਾਰ ਆ ਰਿਹਾ ਸੀ। ਜਿਸ ਦਿਨ ਸ਼ਾਮ ਨੂੰ ਕੁਝ ਢਿੱਲੇ ਹੋਏ, ਸਿੰਘਾਂ ਨੇ ਕਿਹਾ ਕਿ ਸਤਿਗੁਰੂ ਜੀ ਨੂੰ ਮੰਗਵਾ ਲਈਏ ਤੁਹਾਡੇ ਪਾਸ ਦਰਸ਼ਨਾਂ ਨੂੰ। ਕਹਿਣ ਲੱਗੇ, "ਕਾਹਨੂੰ ਸੱਦਣੇ ਹਨ, ਮੈਂ ਰਾਜ਼ੀ ਹਾਂ।" ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕਰਕੇ ਅੰਤਿਮ ਫ਼ਤਹਿ ਬੁਲਾ ਗਏ। ਸਤਿਗੁਰੂ ਜੀ ਦਾ ਉਸ ਰਾਤ ਪੜਾਉ ਮੁੱਠਡਾ (ਜਲੰਧਰ) ਸੀ। ਸਵੇਰੇ ਆਸਾ ਦੀ ਵਾਰ ਲੱਗੀ ਹੋਈ ਸੀ। ਉਸੇ ਸਮੇਂ ਭੈਣੀ ਸਾਹਿਬ ਤੋਂ ਇਕ ਘੋੜ ਸੁਆਰ ਸਿੰਘ ਨੇ ਆਣ ਖ਼ਬਰ ਦਿੱਤੀ। ਸੰਗਤ ਨੂੰ ਅੰਮ੍ਰਿਤਸਰ ਵੱਲ ਤੋਰ ਕੇ ਸਤਿਗੁਰੂ ਜੀ ਤੁਰਤ ਫੁਰਤ ਭੈਣੀ ਸਾਹਿਬ ਨੂੰ ਮੁੜੇ ਕਿ ਮੈਂ ਬਾਅਦ ਵਿਚ ਤੁਹਾਨੂੰ ਆਣ ਮਿਲਦਾ ਹਾਂ। ਆਪ ਦੇ ਆਉਣ ਤੱਕ ਸਸਕਾਰ ਕਰ ਦਿੱਤਾ ਗਿਆ ਸੀ। ਆਪ ਚਿਖਾ ਤੋਂ ਹੋ ਕੇ ਘਰ ਆਏ। ਬੀਬੀ ਨੰਦਾ ਨੇ ਗੁਰੂ ਜੀ ਨੂੰ ਕਿਹਾ ਕਿ ਤੁਹਾਡੇ ਵਿਚ ਬੜਾ ਮੋਹ ਸੀ ਪਰ ਹੁਣ ਬਹੁਤ ਜਲਦੀ ਚਲੀ ਗਈ ਹੈ। ਮਾਤਾ ਜੀ ਨਮਿੱਤ ਪਾਠ ਧਰਾ ਕੇ, ਸਤਿਗੁਰੂ ਜੀ ਅੰਮ੍ਰਿਤਸਰ ਨੂੰ ਚਲੇ ਗਏ। ਸਤਿਗੁਰੂ ਜੀ ਦੇ ਅੰਮ੍ਰਿਤਸਰ ਤੋਂ ਵਾਪਿਸ ਆਉਂਦਿਆਂ ਤੱਕ 26 ਨਵੰਬਰ 1871 ਨੂੰ ਲੁਧਿਆਣਾ ਜਿਹਲ ਵਿਚ ਰਾਇਕੋਟ ਸਾਕੇ ਦੀ ਜ਼ੱਦ ਵਿੱਚ ਲਿਆ ਕੇ ਸੂਬਾ ਗਿਆਨੀ ਰਤਨ ਸਿੰਘ ਮੰਡੀ ਕਲਾਂ ਅਤੇ ਨਾਇਬ ਸੂਬਾ ਰਤਨ ਸਿੰਘ ਨਾਈਵਾਲਾ ਫਾਂਸੀ ਦੇ ਕੇ ਸ਼ਹੀਦ ਕਰ ਦਿੱਤੇ ਸਨ। 5 ਅਗਸਤ ਤੋਂ ਸ਼ੁਰੂ ਹੋਏ ਰਾਇਕੋਟ, ਅੰਮ੍ਰਿਤਸਰ ਤੇ ਲੁਧਿਆਣੇ ਵਿਚ ਕੂਕਿਆਂ ਦੇ ਸ਼ਹੀਦੀ ਸਾਕਿਆਂ ਕਾਰਨ, ਵਾਤਾਵਰਨ ਵਿਚ ਅਨਿਸ਼ਚਿਤਤਾ ਦਾ ਬੋਲ ਬਾਲਾ ਹੋ ਗਿਆ। ਇਸੇ ਸਤੰਬਰ ਵਿਚ ਭਾਈ ਬਿਸ਼ਨ ਸਿੰਘ ਸੁਨਿਆਰੇ ਨੂੰ ਇਕ ਅਦਾਲਤ ਦਾ ਜੱਜ ਸੋਧਣ ਸਦਕਾ, ਮ੍ਰਿਤੂ ਦੰਡ ਦਿੱਤਾ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਮਾਘੀ ਦੇ ਦਿਨ ਮਾਤਾ ਜੱਸਾਂ ਅਤੇ ਉਪਰੋਕਤ ਸਾਕਿਆਂ ਵਿਚ ਸ਼ਹੀਦ ਹੋਏ ਸਿੰਘਾਂ ਨਮਿੱਤ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਪੰਝੀ ਬੀੜਾਂ ਪਰਕਾਸ਼ ਕਰਕੇ ਇਕੋਤਰ ਸੌ ਪਾਠਾਂ ਦੇ ਭੋਗ ਪੁਆਏ। ਇਸ ਸਮੇਂ ਸਰਕਾਰੀ ਰੀਪੋਰਟਾਂ ਮੁਤਾਬਿਕ 500 ਤੋਂ 1000 ਤੱਕ ਦੀ ਸੰਗਤ ਸ੍ਰੀ ਭੈਣੀ ਸਾਹਿਬ ਜੁੜੀ ਸੀ।[13]

ਹੁਣ ਘਟਨਾਕ੍ਰਮ ਇਤਨੀ ਤੇਜ਼ੀ ਨਾਲ ਵਾਪਰਿਆ ਕਿ 17-18 ਜਨਵਰੀ ਨੂੰ

ਮਲੇਰਕੋਟਲੇ ਦਾ ਸ਼ਹੀਦੀ ਸਾਕਾ ਵਾਪਰਿਆ। 66 ਸਿੰਘ ਸ਼ਹੀਦ ਹੋ ਗਏ। ਮਲੌਦ ਤੋਂ ਪਕੜੇ ਗਏ 4 ਫੱਟੜ ਸਿੰਘ ਕਾਲੇ ਪਾਣੀ ਭੇਜੇ ਗਏ। ਰਾਜ ਵਿਰੁੱਧ ਬਗਾਵਤ ਉਕਸਾਉਣ ਦੇ ਦੋਸ਼ ਹੇਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ 17 ਜਨਵਰੀ 1872 ਦੀ ਸ਼ਾਮ ਨੂੰ ਲੁਧਿਆਣੇ ਬੁਲਾ ਕੇ, ਅਗਲੇ ਦਿਨ ਪੰਜਾਬ ਤੋਂ ਨਿਰਵਾਸਤ ਕਰਕੇ, 10 ਮੁਖੀ ਸੂਬਿਆਂ, ਸ੍ਰ. ਮੰਗਲ ਸਿੰਘ ਬਿਸ਼ਨਪੁਰਾ ਅਤੇ ਸੇਵਕ ਨਾਨੂੰ ਸਿੰਘ ਸਮੇਤ ਅਲਾਹਾਬਾਦ ਕਿਲੇ ਵਿਚ ਕੈਦ ਕਰ ਦਿੱਤਾ ਗਿਆ।

18 ਜਨਵਰੀ ਨੂੰ ਲੈਫਟੀਨੈਂਟ ਕਰਨਲ ਬੇਲੀ ਨੇ ਫੌਜ ਅਤੇ ਪੁਲੀਸ ਸਮੇਤ ਗੁਰਦੁਆਰਾ ਭੈਣੀ ਸਾਹਿਬ ਦੀ ਸੂਰਜ ਚੜ੍ਹਦੇ ਨਾਲ ਘੇਰਾਬੰਦੀ ਕਰ ਲਈ। ਗੁਰਦੁਆਰੇ ਵਿਚ ਹਾਜਰ 200 ਦੇ ਲੱਗਪਗ ਸਰੀਰ ਬਾਹਰ ਰਸਤੇ ਤੇ ਦੋ ਦੋ ਦੀ ਲਾਈਨ ਵਿਚ ਬਿਠਾ ਲਏ। ਇਹਨਾਂ ਵਿਚੋਂ 172 ਨੂੰ ਲੁਧਿਆਣੇ ਜ਼ਿਲ੍ਹਾ ਅਧਿਕਾਰੀਆਂ ਪਾਸ ਅਗਲੀ ਕਾਰਵਾਈ ਲਈ ਭੇਜ ਦਿੱਤਾ। ਗੁਰੂ ਕੇ ਤਬੇਲੇ ਦੇ 82 ਪਸ਼ੂਆਂ ਲਈ 11 ਸਿੰਘ ਛੱਡ ਦਿੱਤੇ ਗਏ। ਗੁਰੂ ਪਰਵਾਰ ਦੇ ਸੱਤ ਜੀਆਂ ਦੀ ਸੇਵਾ ਲਈ ਮੱਖਣ ਸਿੰਘ ਤੇ ਵਰਿਆਮ ਸਿੰਘ ਨੂੰ ਉਹਨਾਂ ਸਮੇਤ ਨਜ਼ਰਬੰਦਾਂ ਦੀ ਹੈਸੀਅਤ ਵਿਚ ਰਹਿਣ ਦੀ ਆਗਿਆ ਮਿਲੀ। ਬਾਬਾ ਜੱਸਾ ਸਿੰਘ, ਮਹਾਰਾਜ ਬੁੱਧ ਸਿੰਘ, ਮਾਤਾ ਸਾਹਿਬ ਕੌਰ, ਬੀਬੀ ਨੰਦਾ ਅਤੇ ਤਿੰਨ ਲੜਕੇ, ਇਹ ਸੱਤੇ ਗੁਰੂ ਪਰਵਾਰ ਦੇ ਜੀਅ ਸਨ। 19 ਜਨਵਰੀ 1872 ਤੋਂ ਹੀ ਗੁਰਦੁਆਰਾ ਭੈਣੀ ਸਾਹਿਬ ਦੇ ਬੂਹੇ ਅੱਗੇ ਪੁਲੀਸ ਚੌਂਕੀ ਤਾਈਨਾਤ ਕਰ ਦਿੱਤੀ ਗਈ ਸੀ। ਪਹਿਲਾਂ ਪੰਜ ਅਤੇ ਫਿਰ ਦਸ ਸਿੰਘ ਹੀ ਅੱਠੀਂ ਪਹਿਰੀਂ ਆਪਣੇ ਗੁਰੂ ਧਾਮ ਅਤੇ ਮਹਾਰਾਜ ਬੁੱਧ ਸਿੰਘ ਜੀ (ਗੁਰੂ ਹਰੀ ਸਿੰਘ ਜੀ) ਦੇ ਦਰਸ਼ਨਾਂ ਲਈ, ਛੇ ਮਹੀਨਿਆਂ ਵਿਚ ਸਿਰਫ ਇਕ ਵੇਰ ਆ ਸਕਦੇ ਸਨ। ਇਸ ਤਰ੍ਹਾਂ ਬੀਬੀ ਨੰਦਾਂ ਦਾ ਅਗਲਾ ਜੀਵਨ, ਪੁਲੀਸ ਨਜ਼ਰਬੰਦੀ ਵਿਚ ਹੀ ਬਤੀਤ ਹੋਇਆ।ਗੁਰੂ ਪਰਵਾਰ ਦੇ ਜੀਆਂ ਨੂੰ ਗੁਰਦੁਆਰੇ ਤੋਂ ਬਾਹਰ ਜਾਣ ਅਤੇ ਵਾਪਸ ਆਉਣ ਤੇ ਵੀ ਪੁਲੀਸ ਦੀ ਪੁੱਛ ਗਿੱਛ ਸਹਾਰਨੀ ਪੈਂਦੀ ਸੀ।[14]

ਹੁਣ ਬੀਬੀ ਨੰਦਾਂ ਦਾ ਅਗਲਾ 45 ਵਰ੍ਹਿਆਂ ਦਾ ਜੀਵਨ ਪਿਤਾ ਸਤਿਗੁਰੂ ਜੀ ਦੀ ਉਮਰ ਤੋਂ ਲੰਮੀ ਉਡੀਕ ਵਿਚ ਉਹਨਾਂ ਨੂੰ ਅੱਠੇ ਪਹਿਰ ਯਾਦ ਕਰਦਿਆਂ, ਭਜਨ ਬਾਣੀ ਵਿਚ ਬਤੀਤ ਹੁੰਦਾ ਹੈ। ਇਹ ਉਹ ਸਮਾਂ ਸੀ ਜਦੋਂ ਸਾਰਾ ਹੀ ਨਾਮਧਾਰੀ ਭਾਈਚਾਰਾ ਰਾਮ ਵਿਜੋਗੀਆਂ ਦੇ ਰੂਪ ਵਿਚ ਵਿਚਰਦਾ ਸੀ। ਸਤਿਗੁਰੂ ਜੀ ਨੂੰ 51 ਦਿਨ ਅਲਾਹਾਬਾਦ ਕਿਲ੍ਹੇ ਵਿਚ ਰੱਖ ਕੇ ਫਿਰ ਬ੍ਰਿਟਿਸ਼ ਬਰ੍ਹਮਾਂ ਦੀ ਰਾਜਧਾਨੀ ਰੰਗੂਨ ਸ਼ਹਿਰ ਵਿਚ ਕੋਈ ਸਾਢੇ ਕੁ ਅੱਠ ਸਾਲ ਰੱਖ ਕੇ, 1880 ਈ. ਦੀ ਮਗਰਲੀ ਤਿਮਾਹੀ ਵਿਚ ਹੋਰ

ਦੂਰ ਮਰਗੋਈ ਟਾਪੂ ਵਿਚ ਭੇਜ ਦਿੱਤਾ ਸੀ ਤਾਂ ਕਿ ਉਹਨਾਂ ਦਾ ਪੰਜਾਬ ਵਿਚੋਂ ਆਉਣ ਵਾਲੇ ਸਿੰਘਾਂ ਨਾਲ ਖ਼ਤ ਪੱਤਰੀ ਆਦਾਨ ਪ੍ਰਦਾਨ ਤੋੜਿਆ ਜਾ ਸਕੇ। ਸਤਿਗੁਰੂ ਜੀ ਦੇ ਭੇਜੇ ਹੁਕਮਨਾਮੇ, ਅੰਗਰੇਜ਼ ਸਰਕਾਰ ਨੂੰ ਨਾਮਧਾਰੀਆਂ ਦਾ ਉਤਸ਼ਾਹ ਮਘਦਾ ਰੱਖਣ ਦਾ ਕਾਰਨ ਜਾਪਦੇ ਸਨ।

ਹਾੜ ਵਦੀ 4, ਸੰਮਤ 1929 ਮੁਤਾਬਿਕ 24 ਜੂਨ 1872 ਨੂੰ ਰੰਗੂਨ ਜਿਹਲ ਤੋਂ ਇਕ ਪੱਤਰ ਪੰਜਾਬੀ ਵਿਚ ਲਿਖ ਕੇ, ਸਤਿਗੁਰੂ ਜੀ ਨੇ (ਮਹਾਰਾਜ) ਬੁੱਧ ਸਿੰਘ ਅਤੇ (ਸੂਬਾ) ਗੋਪਾਲ ਸਿੰਘ ਹੋਰਾਂ ਤੱਕ ਪਿੰਡ ਭੈਣੀ (ਸਾਹਿਬ), ਥਾਣਾ ਸਾਹੇਨਵਾਲ, ਜ਼ਿਲ੍ਹਾ ਲੁਧਿਆਣਾ ਤੱਕ ਪੁਚਾਉਣ ਲਈ ਦਿੱਤਾ ਸੀ। ਇਸ ਪੱਤਰ ਵਿਚ ਕੁਝ ਕੁ ਪਰਮਾਰਥ ਦੀਆਂ ਅਤੇ ਕੁਝ ਵਿਹਾਰੀ ਗੱਲਾਂ ਬਾਤਾਂ ਸਨ। ਆਪ ਨੇ ਲਿਖਿਆ ਸੀ ਕਿ ਜਿਊਂਦੇ ਜੀਆਂ ਦੀ ਤਕਦੀਰ ਵਿਚ ਕਦੇ ਆਪਣੇ ਲੋਕਾਂ ਦਾ ਮੇਲ ਮਿਲਾਪ ਅਤੇ ਕਦੇ ਵਿਛੋੜਾ ਲਿਖਿਆ ਹੁੰਦਾ ਹੈ। ਮਹਾਰਾਜ ਬੁੱਧ ਸਿੰਘ ਹੋਰਾਂ ਨੂੰ ਲਿਖਿਆ ਸੀ ਕਿ ਉਹ ਤੇ ਬੀਬੀ ਨੰਦਾਂ (ਆਪੋ ਆਪਣੇ ਪਰਵਾਰਾਂ ਸਮੇਤ) ਮੇਰੇ ਨਿਵਾਸ ਵਾਲੇ ਮਕਾਨ ਵਿਚ ਰਹੀ ਜਾਣ ਕਿਉਂਕਿ ਇਹ ਮਕਾਨ ਵੱਸੋਂ ਤੋਂ ਬਿਨਾਂ ਖਾਲੀ ਨਾ ਛੱਡਿਆ ਜਾਏ। ਇਹ ਪੱਤਰ ਜਦੋਂ ਬਰਮਾ ਤੋਂ ਸ਼ਿਮਲੇ ਪੁਚਾਇਆ ਗਿਆ ਤਾਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਇਸ ਨੂੰ ਆਪਣੀ ਮੰਜ਼ਿਲ ਤੱਕ ਪੁਚਾਉਣ ਦੀ ਆਗਿਆ ਨਾ ਦਿੱਤੀ। ਬੇਸ਼ੱਕ ਇਸ ਸੀਲਬੰਦ ਪੱਤਰ ਦਾ ਅੰਗਰੇਜ਼ੀ ਅਨੁਵਾਦ ਨਾਲ ਜੋੜਿਆ ਸੀ, ਪਰ ਪੰਜਾਬ ਸਰਕਾਰ ਗੁਰੂ ਰਾਮ ਸਿੰਘ ਤੇ ਉਹਨਾਂ ਦੇ ਪੈਰੋਕਾਰਾਂ ਵਿਚਾਲੇ, ਕਿਸੇ ਵੀ ਪੱਤਰ ਵਿਹਾਰ ਦੀ ਆਗਿਆ ਮੂਲੋਂ ਹੀ ਨਹੀਂ ਦੇਣਾ ਚਾਹੁੰਦੀ ਸੀ।[15] ਸੋ ਇਹ ਪੱਤਰ ਸਰਕਾਰ ਨੇ ਰਸਤੇ ਵਿਚ ਹੀ ਰੋਕ ਲਿਆ। ਭਾਈ ਦੀ ਉਡੀਕ ਵਿਚ ਬੈਠੇ ਮਹਾਰਾਜ ਜੀ ਅਤੇ ਪਿਤਾ ਦੀ ਯਾਦ ਵਿਚ ਗੁਆਚੀ ਬੀਬੀ ਨੰਦਾਂ ਨੂੰ, ਖ਼ਤ ਤੋਂ ਮਿਲਣ ਵਾਲੀ ਖੁਸ਼ੀ ਤੋਂ ਗੋਰਾਸ਼ਾਹੀ ਨੇ ਮਹਿਰੂਮ ਕਰ ਦਿੱਤਾ।

ਜਨਵਰੀ 1875 ਵਿਚ ਬਾਬਾ ਦਰਬਾਰਾ ਸਿੰਘ ਕਿਲਾ ਰਾਇਪੁਰ (ਲੁਧਿਆਣਾ) ਭੇਸ ਬਦਲ ਕੇ ਸਰਕਾਰ ਤੋਂ ਚੋਰੀ ਰੰਗੂਨ ਜਾ ਕੇ, ਸਤਿਗੁਰੂ ਜੀ ਦੇ ਦਰਸ਼ਨ ਕਰਕੇ ਹੁਕਮਨਾਮਾ ਲਿਆਇਆ ਸੀ। ਇਸ ਹੁਕਮਨਾਮੇ ਵਿਚ ਸਤਿਗੁਰੂ ਜੀ ਨੇ ਨਾਮਧਾਰੀ ਸੰਤ ਖਾਲਸਾ ਦੀ ਅਗੁਆਈ ਲਈ ਛੋਟੇ ਭਾਈ ਮਹਾਰਾਜ ਬੁੱਧ ਸਿੰਘ ਜੀ ਦਾ ਨਾਮ ਹਰੀ ਸਿੰਘ ਕਰਕੇ ਉਹਨਾਂ ਨੂੰ ਆਪਣੇ ਅਸਥਾਨ ਤੇ ਨਿਯੁਕਤ ਕੀਤਾ। ਇਹ ਵੀ ਹੁਕਮ ਕੀਤਾ ਕਿ ਮੇਰੇ ਨਮਿਤ ਵੱਧ ਤੋਂ ਵੱਧ ਗੁਰੂ ਗਰੰਥ ਸਾਹਿਬ ਦੇ ਸਹਿਜ ਅਤੇ ਅਖੰਡ ਪਾਠਾਂ ਦੇ ਭੋਗ ਪਾਉ। ਭੋਗ ਸਰਕਾਰ ਤੋਂ ਚੋਰੀ ਪਾਉਣੇ ਪੈਂਦੇ ਸਨ। 1875 ਈ. ਤੋਂ ਜਿਹੜੇ ਪਾਠ ਡੇਰੇ ਦੇ ਭੋਰੇ ਵਿਚ ਹੋਣ ਲੱਗੇ, ਬੀਬੀ ਨੰਦਾਂ ਦਾ ਵੱਡਾ

ਲੜਕਾ ਬਸੰਤ ਸਿੰਘ ਉਹਨਾਂ ਵਿਚ ਪਾਠੀ ਵਜੋਂ ਸੇਵਾ ਨਿਬਾਹੁੰਦਾ।[16] ਹਰ ਸਾਲ ਇਕੋਤਰ ਇਕੋਤਰ ਸੋ ਅਖੰਡ ਪਾਠਾਂ ਦੇ ਭੋਗ ਪੈਂਦੇ ਰਹੇ। ਇਸ ਬਸੰਤ ਸਿੰਘ ਦਾ ਮੰਗਣਾ ਦੁਰਗਾਪੁਰ (ਜਲੰਧਰ) ਦੀ ਲੜਕੀ ਈਸ਼ਰੀ ਨਾਲ ਹੋਇਆ ਸੀ। ਪਰ ਭੈਣੀ ਸਾਹਿਬ ਵਿਚ ਉਹ ਨਜ਼ਰਬੰਦ ਸੀ। ਅਖੀਰ ਈਸ਼ਰੀ ਦੇ ਪਿਤਾ ਨੇ ਲਾਹੌਰ ਜਾ ਕੇ ਅਰਜ਼ੀ ਦਿੱਤੀ ਕਿ ਮੇਰੀ ਲੜਕੀ ਸਤਿਗੁਰੂ ਰਾਮ ਸਿੰਘ ਜੀ ਦੇ ਵੱਡੇ ਦੋਹਿਤੇ ਨੂੰ ਮੰਗੀ ਹੋਈ ਹੈ, ਸੋ ਗੁਰੂ ਹਰੀ ਸਿੰਘ ਜੀ ਨੂੰ, ਦੁਰਗਾਪੁਰ ਅਨੰਦ ਕਾਰਜ ਲਈ ਆਉਣ ਦੀ ਛੁੱਟੀ ਸਰਕਾਰ ਦੇਵੇ। ਪਹਿਲਾਂ ਪੰਜਾਂ ਸਿੰਘਾਂ ਨੂੰ ਨਾਲ ਲਿਆਉਣ ਦੀ ਛੁੱਟੀ ਸੀ ਫਿਰ ਲੁਧਿਆਣੇ ਅਰਜ਼ੀ ਦੇਣ ਤੇ 100 ਸਿੰਘਾਂ ਦੀ ਮਨਜ਼ੂਰੀ ਮਿਲੀ ਨਾਲ ਲੈ ਜਾਣ ਦੀ। ਦੁਰਗਾਪੁਰ ਦੁਆਬੇ ਦੀ ਸੰਗਤ ਨੇ ਪਹਿਲੀ ਵੇਰ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ, 1875 ਈ. ਵਿਚ ਵੱਡਾ ਇਕੱਠ ਕੀਤਾ ਅਤੇ ਬੀਬੀ ਨੰਦਾਂ ਅਨੰਦ ਕਾਰਜ ਤੋਂ ਬਾਅਦ ਨੂੰਹ ਨੂੰ ਲੈ ਕੇ ਵਾਪਿਸ ਭੈਣੀ ਸਾਹਿਬ ਆ ਗਏ।[17]

ਜਨਵਰੀ 1878 ਈ. ਦੀ ਮਾਘੀ ਮੁਕਤਸਰ ਦੇ ਮੇਲੇ ਸਮੇਂ, ਗੁਰੂ ਹਰੀ ਸਿੰਘ ਜੀ ਨਾਲ, ਕੁਝ ਦਿਨਾਂ ਦੀ ਛੁੱਟੀ ਲੈ ਕੇ, ਬੀਬੀ ਨੰਦਾਂ ਜੀ ਦਾ ਵੀ ਇਸ ਗੁਰਧਾਮ ਤੇ ਪੁੱਜਣ ਦਾ ਜ਼ਿਕਰ ਸਾਡੇ ਇਤਿਹਾਸ ਵਿਚ ਮਿਲਦਾ ਹੈ।[18] ਸੰਨ 1877 ਈ. ਵਿਚ ਹੀ ਬਘੇਲ ਸਿੰਘ ਨਾਰਲੀ ਦੁਆਰਾ ਇਕ ਹੁਕਮਨਾਮਾ, ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਨੂੰ ਭੇਜਿਆ ਸੀ। ਇਸ ਵਿਚ ਸਤਿਗੁਰੂ ਜੀ ਲਿਖਦੇ ਹਨ–

ਹੋਰੁ ਭਾਈ ਕੁੜੀ ਨੰਦਾ ਦਾ ਬੀ ਆਦਰੁ ਰਖੀ।

ਹੋਰ ਤਾਂ ਭੋਗ ਬਹੁਤ ਪਾਏ ਹਨ ਪਰ ਕੋਈ ਭੋਗ ਬੇਬੋ (ਮਾਤਾ ਸਦਾ ਕੌਰ) ਦੇ ਨਮਿਤ ਨਹੀਂ ਪਾਇਆ ਹੈ, ਸੋ ਤੈ ਏਹ ਬੀ ਕੰਮ ਕਰਨਾ। ਮਾਈ ਦੇ ਨਮਿੱਤ ਪੰਜ ਭੋਗ ਪਾ ਦੇਣੇ, ਕੁਛ ਕੱਪੜਾ ਲੀੜਾ ਭੀ ਦੇ ਦੇਣਾ। ਸਾਡੀ ਤਿਆਰੀ ਥੀ, ਵਿਚੇ ਹੀ ਇਹੁ ਭਾਣਾ ਵਰਤ ਗਿਆ। ਮੰਗਤੇ ਲੋਕਾਂ ਨੂੰ ਜਥਾ ਸਕਤਿ ਜੋ ਬਣਿ ਆਵੈ ਸੋ ਦੇਣਾ। ਏਹੁ ਪ੍ਰਿਥੀ ਤਾ ਪ੍ਰਮੇਸਰ ਦੇ ਰਜਾਉਣ ਦੀ ਹੈ, ਮਨੁੱਖ ਦੇ ਰਜਾਉਣ ਦੀ ਨਹੀਂ ਹੈ। ਤੂੰ ਜਥਾ ਸਕਤਿ ਵਰਤੀ ਜੋ ਪੁਜਿ ਆਵੈ।[19]

(ਹੁਕਮਨਾਮਾ ਨੰ: 11)

ਗਾਹੇ ਬਗਾਹੇ ਗੁਰੂ ਹਰੀ ਸਿੰਘ ਜੀ ਨੂੰ, ਸਤਿਗੁਰੂ ਜੀ ਆਪਣੇ ਕ੍ਰਿਪਾ ਪੱਤਰਾਂ ਵਿਚ ਸੰਬੋਧਿਤ ਹੋ ਕੇ ਇਸ ਤਰ੍ਹਾਂ ਦੀਆਂ ਹਦਾਇਤਾਂ ਕਰਿਆ ਕਰਦੇ ਸਨ। ਇੱਥੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਦੀ ਮਾਤਾ ਸਦਾ ਕੌਰ ਜੀ ਜਨਵਰੀ

1872 ਵਿਚ, ਮਾਘੀ ਤੋਂ ਕੁਝ ਦਿਨ ਪਹਿਲਾਂ ਹੀ ਗੁਰਪੁਰੀ ਜਾ ਬਿਰਾਜੇ ਸਨ ਜਿਸ ਕਰਕੇ ਉਹਨਾਂ ਨਮਿੱਤ ਭੋਗ ਸ਼ਾਇਦ ਮਾਘੀ ਮੇਲੇ ਤੋਂ ਬਾਅਦ ਪਾਉਣ ਦਾ ਵਿਚਾਰ ਸੀ ਜੋ ਵਿੱਚੇ ਰਹਿ ਗਿਆ ਸੀ। ਬੀਬੀ ਨੰਦਾਂ ਜੀ ਕਦੇ ਕਦੇ ਤਲਖੀ ਵਿਚ ਆ ਕੇ ਗੁਰੂ ਹਰੀ ਸਿੰਘ ਜੀ ਪ੍ਰਥਾਇ ਕੁਝ ਫਿੱਕੇ ਬੋਲ ਵੀ ਬੋਲ ਜਾਂਦੇ ਸਨ ਪਰ ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਜੀ ਦਾ ਉਪਰੋਕਤ ਹੁਕਮ-'ਕੁੜੀ ਨੰਦਾ ਦਾ ਬੀ ਆਦਰੁ ਰਖੀ'-ਕਦੇ ਵੀ ਮਨੋ ਨਹੀਂ ਵਿਸਾਰਿਆ ਸੀ ਅਤੇ ਤਮਾਮ ਉਮਰ ਆਪ ਨੇ, ਆਪ ਜੀ ਤੋਂ ਬਾਅਦ ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਬੀਬੀ ਜੀ ਦੇ ਅਦਬ ਸਤਿਕਾਰ ਵਿਚ ਕੋਈ ਫ਼ਰਕ ਨਹੀਂ ਆਉਣ ਦਿੱਤਾ। ਪਰ ਇਸ ਕੌੜੇ ਫਿੱਕੇ ਬਚਨ ਤੋਂ ਬਿਨਾਂ ਬੀਬੀ ਨੰਦਾਂ ਨੇ ਇਕ ਹੋਰ ਨੇਮ ਵੀ ਸਦਾ ਨਿਬਾਹਿਆ ਸੀ। ਉਹ ਜਦੋਂ ਤੱਕ ਗੁਰੂ ਹਰੀ ਸਿੰਘ ਜੀ ਭੈਣੀ ਸਾਹਿਬ, ਗੁਰਦੁਆਰੇ ਵਿਚ ਹੁੰਦੇ (ਦੌਰੇ ਦੇ ਥੋਹੜੇ ਸਮੇਂ ਨੂੰ ਛੱਡ ਕੇ), ਉਹ ਆਪਣਾ ਨਿੱਤ ਨੇਮ ਪੂਰਾ ਕਰਨ ਤੋਂ ਬਾਅਦ, ਗੁਰੂ ਜੀ ਦਾ ਦਰਸ਼ਨ ਕਰਕੇ ਹੀ ਫਿਰ ਪਰਸ਼ਾਦਾ ਛਕਿਆ ਕਰਦੇ ਸਨ।ਇਕ ਹੋਰ ਗੁਣ ਵਿਸ਼ੇਸ਼ ਸੀ ਕਿ ਜੇ ਕੋਈ ਬੀਬੀ ਜੀ ਨੂੰ ਇਕ ਰੁਪੈਆ ਮੱਥਾ ਟੇਕਦਾ ਤਾਂ ਪਰਵਾਨ ਕਰ ਲੈਂਦੇ ਪਰ ਜੇ ਕੋਈ ਦੋ, ਪੰਜ ਭਾਵ ਇਕ ਤੋਂ ਵੱਧ ਰੁਪੈ ਮੱਥਾ ਟੇਕਦਾ ਤਾਂ ਕਹਿੰਦੀ ਚੁੱਕ ਲਉ ਅਤੇ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਗੁਰੂ ਹਰੀ ਸਿੰਘ ਜੀ ਬਿਰਾਜਮਾਨ ਹਨ, ਉਹਨਾਂ ਨੂੰ ਜਾ ਕੇ ਟੇਕੋ। ਇਕ ਰੁਪੈ ਤੋਂ ਵੱਡੀ ਰਕਮ ਤੇ ਉਹ ਗੁਰੂ ਲੰਗਰ ਦਾ ਅਧਿਕਾਰ ਸਮਝਦੇ ਸਨ।[20]

ਬੀਬੀ ਨੰਦਾਂ ਦਾ ਇਕ ਲੜਕਾ ਕਿਸੇ ਸ਼ੇਰ ਸਿੰਘ ਨਾਮੇ ਸਿੰਘ ਦੀ ਲੜਕੀ ਨਾਲ ਮੰਗਿਆ ਹੋਇਆ ਸੀ। ਇਕ ਹੁਕਮਨਾਮੇ ਵਿਚ ਸਤਿਗੁਰੂ ਜੀ ਬੀਬੀ ਨੂੰ ਉਸ ਲੜਕੇ ਦੇ ਵਿਆਹ ਬਾਰੇ ਵੀ ਲਿਖਦੇ ਹਨ ਅਤੇ ਬੀਬੀ ਨੰਦਾਂ ਨੂੰ ਭੈਣੀ ਸਾਹਿਬ ਵਿਚ ਰਹਿਣ ਵਾਲੇ ਲੜਕੇ ਲੜਕੀਆਂ ਤੋਂ ਨਾਮ ਬਾਣੀ ਦਾ ਜਾਪ ਤਕੜੇ ਹੋ ਕੇ ਕਰਾਉਣ ਬਾਰੇ ਵੀ ਲਿਖਦੇ ਹਨ।

ਹੋਰ ਬੀਬੀ ਨੰਦਾ ਜਦ ਵਿਆਹਿ ਦੇਵੇ ਸ਼ੇਰ ਸਿੰਘ ਉਸ ਵੇਲੇ ਲੈ ਲੈਣਾ ਅਰ ਕੁੜੀਆਂ ਮੁੰਡਿਆਂ ਤੇ ਅੱਛੀ ਤਰ੍ਹਾਂ ਭਜਨ ਕਰਾਉਣਾ, ਬਾਣੀ ਕੰਠ ਕਰਾਉਣੀ ਸਭਦੇ। ਬਾਣੀ ਪੜਾਉਣੀ, ਗ੍ਰੰਥ ਸਾਹਿਬ ਦੇ ਪਾਠ ਕਰਾਉਣੇ ਅਰ ਪਿਛਲੀ ਰਾਤ ਸਭ ਕੋ ਇਸ਼ਨਾਨ ਕਰਾ ਕੇ ਭਜਨ ਕਰਾਉਣਾ। ਕਿਸੇ ਨੂੰ ਸੌਣ ਨਹੀਂ ਦੇਣਾ ਪਿਛਾ ਰਾਤ ਜੋ ਤੇਰੇ ਪਾਸ ਰਹਿੰਦੇ ਹੈ। ਕੁੜੀਆਂ ਮੁੰਡਿਆਂ ਵਿਚ ਬੀਬੀ ਤੇਰੀ ਮਹੰਤੀ ਹੈ। ਉਤਮੀ ਨੂੰ ਵੀ ਆਦਰੁ ਦੇਣਾ। ਉਤਮੀ ਨੇ ਲਿਖਾ ਅਗੇ ਨਿਮਾਣੀ ਨਿਤਾਣੀ ਹਾਂ। ਉਤਮੀ ਤੈ ਨੰਦਾ ਦੇ ਕਹੇ ਵਿਚ ਚੱਲਣਾ। ਜੋ ਨੰਦਾ ਆਖੇ ਸੋ ਮੰਨਣਾ।[21]

ਉੱਤਮੀ, ਚੱਕ ਦੇਸ ਰਾਜ ਜ਼ਿਲ੍ਹਾ ਜਲੰਧਰ ਦੀ ਸੀ ਇਸ ਨੂੰ ਘੁੱਲੀ ਵੀ ਆਖਦੇ ਸਨ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹੀ ਗੁਰਦੁਆਰਾ ਭੈਣੀ ਸਾਹਿਬ ਵਿਚ ਆ ਗਈ ਸੀ। ਇਸ ਦੀਆਂ ਬੇਨਤੀਆਂ ਵਾਲੀਆਂ ਅਰਦਾਸਾਂ ਰੰਗੂਨ ਜਾਣ ਵਾਲੇ ਸਿੰਘਾਂ ਦੀ ਮਾਰਫ਼ਤ, ਸਤਿਗੁਰੂ ਜੀ ਤੱਕ ਪੁੱਜੀਆਂ ਜਿਸ ਤੇ ਆਪ ਨੇ ਬੀਬੀ ਨੰਦਾ ਨੂੰ ਬੀਬੀ ਉੱਤਮੀ ਦਾ ਵੀ ਧਿਆਨ ਰੱਖਣ ਲਈ ਕਿਹਾ ਸੀ।

ਹੁਕਮਨਾਮਾ ਨੰ: 17, ਤਾਂ ਉਨ੍ਹੀਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਰਹਿੰਦੇ ਗੁਰੂ ਹਰੀ ਸਿੰਘ ਜੀ, ਗੁਰੂ ਪਰਵਾਰ ਦੇ ਹੋਰ ਜੀਆਂ ਨੂੰ ਅਤੇ ਇੱਥੋਂ ਦੇ ਸਮੂਹ ਮਾਈ ਭਾਈ ਨੂੰ ਸੰਬੋਧਿਤ ਹੈ ਜਿਹਨਾਂ ਵਿਚ ਬੀਬੀ ਨੰਦਾ ਅਤੇ ਉਸ ਦੇ ਤਿੰਨਾਂ ਪੁੱਤਰਾਂ ਬਸੰਤ ਸਿੰਘ, ਸੂਰਤ ਸਿੰਘ, ਹਰਨਾਮ ਸਿੰਘ ਦੇ ਨਾਮ, ਕੁੱਲ ਤੀਹ ਸਿੰਘ ਸਿੰਘਣੀਆਂ ਦੇ ਨਾਵਾਂ ਵਿਚ ਸ਼ਾਮਲ ਹਨ। ਇਸੇ ਹੁਕਮਨਾਮੇ ਵਿਚ ਸਤਿਗੁਰੂ ਜੀ ਇਸਤਰੀ ਵਿੱਦਿਆ ਦਾ ਕਾਰਜ ਵੀ ਬੀਬੀ ਨੰਦਾਂ ਦੇ ਜ਼ਿੰਮੇ ਲਾਉਂਦੇ ਹਨ।

ਅਰ ਬੀਬੀ ਨੰਦਾ ਲਟਕੀਆਂ ਨੂ, ਬਹੂਆ ਨੂੰ ਬੀ ਅਖਰ ਪੜਾ ਦੇਣੇ, ਬਾਣੀ ਕੰਠ ਕਰਾ ਦੇਣੀ, ਅਰੁ ਪਿਛਲੀ ਰਾਤ ਸਭੀ ਇਸ਼ਨਾਨ ਕਰਕੇ ਭਜਨ ਕੀਤਾ ਕਰੋ।"[22]

ਬੀਬੀ ਨੰਦਾਂ ਦਾ ਵਿਚਕਾਰਲਾ ਲੜਕਾ ਸੂਰਤ ਸਿੰਘ ਹੀ ਸ਼ੇਰ ਸਿੰਘ ਦੀ ਲੜਕੀ ਨਾਲ ਮੰਗਿਆ ਸੀ ਪਰ ਹੁਣ ਜਾਪਦਾ ਹੈ ਕਿ ਕੋਈ ਨਿਹਾਲ ਸਿੰਘ ਨਾਮ ਦਾ ਸਿੱਖ ਉਸ ਨੂੰ ਰਿਸ਼ਤਾ ਕਰਨਾ ਚਾਹੁੰਦਾ ਹੈ। ਰਿਸ਼ਤਿਆਂ ਦੀ ਆਪਣੇ ਮਨ ਵਿਚ ਚੱਲਦੀ ਉਧੇੜ- ਬੁਣਤੀ ਬਾਰੇ, ਬੀਬੀ ਨੰਦਾਂ ਆਪਣੇ ਮਨੋ ਭਾਵ ਸਤਿਗੁਰੂ ਜੀ ਤੱਕ ਪਹੁੰਚਾ ਕੇ, ਇਹਨਾਂ ਦਾ ਸਮਾਧਾਨ ਕਰਾਉਣਾ ਚਾਹੁੰਦੀ ਹੈ। ਇਕ ਪੂਰਾ ਹੁਕਮਨਾਮਾ, ਸਤਿਗੁਰੂ ਜੀ ਆਪਣੀ ਪਿਆਰੀ ਪੁੱਤਰੀ ਨੂੰ ਮਾਨਸਿਕ ਉਲਝਣਾਂ ਵਿਚੋਂ ਕੱਢਣ ਲਈ ਭੇਜਦੇ ਹਨ। ਜਿੱਥੇ ਲੋੜ ਪੈਂਦੀ ਹੈ ਉਥੇ ਮੋਹ ਭਰੀ ਤਾੜਨਾ ਵੀ ਕਰਦੇ ਹਨ।

ਹੋਰੁ ਬੀਬੀ ਨੰਦਾ ਤੈ ਕਈ ਬਾਰ ਲਿਖਾ ਹੈ ਸੇਰ ਸਿੰਘ ਦੇ ਸਾਕ ਬਾਵਤ ਬਾਤ। ਮੈਂ ਹਰਿ ਬਾਰੀ ਲਿਖਦਾ ਰਹਿਆ ਹਾ ਅਛਾ ਲੈ ਲੇਹੁ ਹੋਰ ਸੇਰ ਸਿੰਘ ਦੀ ਲੜਕੀ ਦਾ ਸਾਕ। ਏਹੁ ਬਹੁਤ ਬੁਰੀ ਬਾਤ ਹੈ ਜੋ ਪੁਛਣੀ ਬਾਤ ਬਹੁਤ ਅਰ ਮੰਨਣੀ ਕੁਛ ਬੀ ਨਾ। ਸੇਰ ਸਿੰਘ ਨੂ ਤੇ ਹੁਣੇ ਦਸ ਬ੍ਰਸ ਹੋਇ ਗਏ ਸਾਕ ਕਰਨ ਨੂ ਆਧੇ ਨੂ । ਹੁਣਿ ਜੇ ਏਸ ਦਾ ਸਾਕ ਛਡ ਕੇ ਨਿਹਾਲ ਸਿੰਘ ਦੀ ਕੁੜੀ ਦਾ ਸਾਕ ਲੈ ਲਿਆ ਸੇਰ ਸਿੰਘ ਬਹੁਤ ਹਮਸੋਸ ਕਰੇਗਾ। ਸੇਰ

ਸਿੰਘ ਦੀ ਧੀ ਦਾ ਈ ਸਾਕੁ ਲੈ ਲਵੋ।

ਜੇ ਨਿਹਾਲ ਸਿੰਘ ਦੇ ਗੁਸੇ ਤੋ ਵੀ ਡਰਦੇ ਹੋ ਤਾਂ ਦੋਹਾ ਨੂੰ ਆਖੋ ਭਾਈ ਰੌਲੇ ਪਿਛੇ ਵਿਆਹਾਗੇ, ਜਦ ਤਾਈ ਦੇਖੀ ਜਾਊ ਗੁਰੂ ਜੀ ਦਾ ਭਾਣਾ ਕਿਸ ਤਰਾਂ ਬਰਤਦਾ ਹੈ। ਨਿਹਾਲ ਸਿੰਘ ਨੂੰ ਆਖ ਦਿਓ ਭਾਈ ਸੇਰ ਸਿੰਘ ਨੂੰ ਦਸ ਬ੍ਰਸ ਹੋਇ ਗਏ ਆਧੇ ਨੂੰ, ਜੇ ਅਸੀਂ ਹੁਣਿ ਜਵਾਬ ਦਈਏ ਤਾਂ ਪ੍ਰਮੇਸਰ ਦਾ ਭੈ ਹੈ। ਦਸਾ ਬ੍ਰਸਾਂ ਮੈਂ ਸੇਰ ਸਿੰਘ ਨੂੰ ਜਬਾਬ ਨਹੀਂ ਦਿੱਤਾ, ਜੇ ਹੁਣ ਜਬਾਬੁ ਦੇਈਏ ਤਾ ਬਡਾ ਭਉ ਹੈ ਗੁਰੂ ਜੀ ਦਾ।

ਨਿਹਾਲ ਸਿੰਘ ਨੂੰ ਆਖਣਾ ਤੂ ਹਰਿਨਾਮ ਸਿੰਘ ਨੂੰ ਕਰ ਦੇ। ਏਹੁ ਅਜੇ ਕਿਸੇ ਨੇ ਰੋਕਿਆ ਨਹੀਂ। ਜੇ ਨਾ ਕਰੇ ਛੋਟੇ ਨੂੰ ਤਾ ਉਹ ਜਾਣੇ। ਲਾਰਾ ਦੇ ਕੇ ਜਬਾਬ ਦੇਣਾ ਬਡਾ ਦੋਸ ਹੈ। ਅੱਗੇ ਬੀਬੀ ਤੂ ਜਾਣ ਜਿਸ ਤਰਾ ਤੈਨੂ ਅਛੀ ਲਗੇ ਸੋ ਕਰਿ ਲੈ। ਕਿਸੇ ਹੋਰ ਦੀ ਸਲਾਹਿ ਪੁਛਿ ਲੈ ਸਿਆਣੇ ਦੀ।[23]

(ਹੁਕਮਨਾਮਾ ਨੰ: ੧੯)

ਇਕ ਹੋਰ ਪੱਤਰ ਵਿਚ, ਕਿਸੇ ਭੰਗਾ ਸਿੰਘ ਦੇ ਵਾਅਦੇ ਤੋਂ ਮੁੱਕਰਨ ਦਾ ਜ਼ਿਕਰ, ਬੀਬੀ ਨੰਦਾਂ ਨੇ ਆਪਣੀ ਅਰਦਾਸ ਵਿਚ ਕੀਤਾ ਜੋ ਸਤਿਗੁਰੂ ਜੀ ਨੂੰ ਭੇਜੀ ਸੀ। ਸਤਿਗੁਰੂ ਜੀ ਬੀਬੀ ਨੂੰ ਧੀਰਜ ਰੱਖਣ ਦੀ ਹਦਾਇਤ ਕਰਦੇ ਹਨ। ਲੜਕਿਆਂ ਦੇ ਰਿਸ਼ਤਿਆਂ ਬਾਬਤ, ਪ੍ਰਹਿਲਾਦ ਸਰ ਵਾਲੀ ਪੋਥੀ, ਜੋ ਬਡ ਤੀਰਥ, ਹਰੀਪੁਰਾ (ਅਬੋਹਰ), ਫੀਰੋਜ਼ਪੁਰ ਵਿੱਚੋਂ ਕੁਝ ਵਰ੍ਹੇ ਪਹਿਲਾਂ ਨਿਕਲੀ ਸੀ, ਉਸ ਦੇ ਭਵਿੱਖਤ ਬਚਨਾਂ ਵੱਲ ਇਸ਼ਾਰਾ ਕਰਦੇ ਹਨ ਕਿ ਥੋਹੜੇ ਸਮੇਂ ਨੂੰ ਮੁਲਕ ਵਿਚ ਵੱਡੀ ਉੱਥਲ ਪੁਥਲ, ਫਰੰਗੀ ਸਰਕਾਰ ਦੇ ਖਿਲਾਫ ਮੱਚ ਸਕਦੀ ਹੈ। ਇਹ ਸਾਖੀਆਂ ਤੇ ਰੌਲੇ ਗੌਲੇ, ਦੂੰਦ ਮੱਚਣ ਵੱਲ ਸੰਕੇਤ, ਕੂਕਿਆਂ ਨੂੰ ਉਸ ਭਵਿੱਖ ਮੁਖੀ ਸੋਚ ਨਾਲ ਜੋੜੀ ਰੱਖਦਾ ਸੀ ਕਿ ਅੰਗਰੇਜ਼ੀ ਸਰਕਾਰ ਦੇ ਖ਼ਾਤਮੇ ਬਾਅਦ ਸਤਿਗੁਰੂ ਰਾਮ ਸਿੰਘ ਜੀ ਤੇ ਹੋਰ ਬੰਦੀ ਕੂਕੇ ਵੀ ਪੰਜਾਬ ਮੁੜ ਆਉਣਗੇ। ਅੰਗਰੇਜ਼ ਸਰਕਾਰ ਇਸ ਘਟਨਾਕ੍ਰਮ ਤੇ ਪੈਨੀ ਨਜ਼ਰ ਰੱਖ ਰਹੀ ਸੀ ਇਸ ਲਈ ਉਹ ਅਜੇਹੀਆਂ ਸਾਖੀ ਪੋਥੀਆਂ ਨੂੰ ਵੀ ਜ਼ਬਤ ਕਰ ਲੈਂਦੀ ਸੀ। ਬੀਬੀ ਨੂੰ ਭੇਜੇ ਇਸੇ ਕ੍ਰਿਪਾ ਪੱਤਰ ਵਿਚ ਸਤਿਗੁਰੂ ਜੀ ਵਿਆਹ ਲਈ, ਆਦਰਸ਼ ਉਮਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਪ੍ਰਚਲਿਤ ਰਹਿਤ ਮਰਿਆਦਾ ਨੂੰ ਪ੍ਰੇਮ ਸੁਮਾਰਗ ਦੇ ਹਵਾਲੇ ਨਾਲ ਬੀਬੀ ਨੰਦਾ ਨੂੰ ਦੱਸ ਰਹੇ ਹਨ ਕਿ ਉਹ ਲੜਕਿਆਂ ਦੀ ਵਧਦੀ ਉਮਰ ਤੋਂ ਚਿੰਤਾਤੁਰ ਨਾਂ ਹੋਵੇ।

ਹੋਰੁ ਬੀਬੀ ਭੰਗਾ ਸਿੰਘ ਜੋ ਲਿਖਾ ਥਾ ਤੇਰੇ ਪਾਸੋ ਭੰਗਾ ਸਿੰਘ ਡਰ ਗਿਆ

ਤਾ ਮੁਕਰ ਗਿਆ, ਭਾਈ ਅਸੀਲੀ ਰਖਣੀ। ਅੱਛਾ ਤੈਨੂੰ ਸੁਖ ਬਣਿਆ ਹੋਇਆ ਹੈ, ਨਹੀਂ ਤੂੰ ਦੇਖ ਲੈ ਪਿਛੇ ਤੁਹਾਡੇ ਸਰੀਕੇ ਦਾ ਕੀ ਹਾਲ ਹੈ।

ਹੋਰ ਬੀਬੀ ਨੰਦਾ ਤੂ ਸੇਰ ਸਿੰਘ ਨੂ ਬੀ ਨਿਹਾਲ ਸਿੰਘ ਨੂ ਏਉ ਆਖਦੇ ਸਾਨੂ ਏਹੁ ਹੁਕਮੁ ਆਇਆ ਹੈ ਜੋ ਪੈਲਾਦਸਰ ਤੇ ਪੋਥੀ ਨਿਕਲੀ ਓਸ ਪੋਥੀ ਮੈ ਲਿਖਾ ਹੈ ਹੁਣ ਮਹਾ ਮਲੇਛ ਦਾ ਨਾਸ ਹੋਇ ਜਾਣਾ, ਸੋ ਏਹੁ ਬਾਤ ਦੇਖਕੇ ਮੁੰਡੇ ਨੂ ਬਿਆਹਾਗੇ, ਉਰੇ ਮੁੰਡੇ ਨੂ ਕਿਤੇ ਨਹੀਂ ਬਿਆਹੁੰਦੇ। ਸੋ ਤੁਸਾ ਦੀ ਮਰਜੀ ਹੈ ਜੇ ਤੁਸੀ ਜਦ ਤਾਈ ਕੁੜੀ ਕੁਮਾਰੀ ਰਖਣੀ ਹੈ ਤਾ ਰਖੋ, ਨਹੀ ਤਾ ਤੁਸੀ ਜਾਣੋ।

ਗੁਰੂ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਬੀ ਏਹੋ ਹੁਕਮੁ ਹੈ ਜੋ ਅਠਾਰਾ ਬਰਸਾ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾ ਬਿਆਹ ਕਰਨਾ, ਉਰੇ ਨਹੀ ਕਰਨਾ। ਓਹ ਹੁਕਮ ਗੁਰੂ ਜੀ ਨੇ ਏਸੇ ਸੰਤ ਖਾਲਸੇ ਦੇ ਵਾਸਤੇ ਲਿਖਾ ਹੈ। ਸੋ ਜੇ ਅਸੀ ਨਹੀ ਮੰਨਾਗੇ ਤਾ ਹੋਰ ਕੌਣ ਮੰਨੂਗਾ ਗੁਰੂ ਦਾ ਹੁਕਮ? ਭਾਮੇ ਤੁਸੀ ਦੇਖ ਲੇਓ ਪ੍ਰੇਮ ਸੁਮਾਰਗ ਪੈ ਲਿਖਾ ਹੈ। ਅਗੇ ਸਾਨੂ ਖਵਰ ਨਹੀ ਸੀ ਏਸ ਹੁਕਮ ਦੀ, ਤਾ ਥੋੜਿਆ ਮਹੀਨਿਆ ਦੀਆ ਕੁੜੀਆ ਲੋਕ ਵਿਆਹ ਦਿੰਦੇ ਥੇ। ਏਹੁ ਹਰਿਦਾਸ ਦੇਣੀ ਡੇਰੇ।[24]

(ਹੁਕਮਨਾਮਾ ਨੰ: ੨੩)

ਭਾਈ ਮੀਹਾਂ ਸਿੰਘ ਸਰਹਾਲੀ ਨੂੰ ਸੰਬੋਧਿਤ ਹੁਕਮਨਾਮੇ ਵਿਚ, ਸਤਿਗੁਰੂ ਜੀ ਉਸ ਨੂੰ ਜੋ ਰਕਮ ਇਕ ਸੌ ਰੁਪੈ ਤੋਂ ਵਧੇਰੇ ਉਹ ਭੇਟ ਕਰਦਾ ਹੈ, ਸਿਰਫ ਇਕੋ ਰੁਪੈਆ ਰੱਖ ਕੇ ਬਾਕੀ ਦੀ ਰਕਮ ਭੈਣੀ ਸਾਹਿਬ ਦੇ ਲੋਹ ਲੰਗਰ ਵਿਚ ਪਾਉਣ, ਆਪਣੀ ਸੁਖ ਅਨੰਦ ਦੀ ਖ਼ਬਰ ਦੇਣ, ਸਮੂਹ ਸਿੰਘਾਂ ਨੂੰ ਫਤੇ ਗਜਾਉਣ ਬੀਬੀ ਨੰਦਾਂ ਅਤੇ ਹੋਰ ਸਰੱਬਤ ਮਾਈਆਂ ਨੂੰ ਰਾਮ ਸਤਿ ਭੇਜਦੇ ਹਨ।[25]

21 ਅਪਰੈਲ 1880 (ਚੇਤ ਸੁਦੀ 11, ਸੰਬਤ 1937) ਨੂੰ ਗੁਰੂ ਹਰੀ ਸਿੰਘ ਜੀ ਵੱਲ ਭੇਜੇ ਇਕ ਹੁਕਮਨਾਮੇ ਵਿਚ ਸਤਿਗੁਰੂ ਜੀ ਨੇ ਉਹ ਬੇਨਤੀ ਪੱਤਰ ਜੋ ਬੀਬੀ ਨੰਦਾਂ ਦੇ ਲੜਕਿਆਂ ਦਾ ਲਿਖਿਆ ਸੀ ਪੜ੍ਹ ਕੇ ਉਸ ਤੇ ਇਉਂ ਟਿੱਪਣੀ ਕੀਤੀ ਹੈ-

ਹੋਰ ਹਰਿਦਾਸਾ ਤਾਂ ਅਖਰ ਅੱਛੇ ਲਿਖਦੇ ਹੈ ਮੁੰਡੇ, ਅਜੇ ਹਰਿਦਾਸ ਦੀ ਤਰ੍ਹਾਂ ਨਹੀਂ ਲਿਖਣੀ ਆਈ। ਖਵਰ ਸਾਰ ਬਹੁਤ ਲਿਖਿਆ ਕਰੋ।[26]

ਬੀਬੀ ਨੰਦਾਂ ਉਸ ਮਹਾਨ ਕੂਕਾ ਅੰਦੋਲਨ ਦੀ ਵਿਰਾਸਤ ਤੋਂ ਭਲੀ ਭਾਂਤ ਪਰਿਚਿਤ ਸੀ ਜਿਹੜਾ 1857 ਤੋਂ 1907 ਦੀ ਅੱਧੀ ਸਦੀ ਤੱਕ, ਬਰਤਾਨਵੀ

ਬਸਤੀਵਾਦੀਆਂ ਵਿਰੁੱਧ ਉੱਭਰਵੇਂ ਰੂਪ ਵਿਚ ਲੜਿਆ ਜਾਣ ਵਾਲਾ, ਪੰਜਾਬ ਦੇ ਕੌਮੀ ਮੁਕਤੀ ਸੰਗਰਾਮ ਦਾ ਇੱਕੋ ਇੱਕ ਪਰਮੁੱਖ ਅਧਿਆਇ ਸੀ। ਇਸ ਲਈ ਉਹ ਚਾਹੁੰਦੀ ਸੀ ਕਿ ਉਸ ਦੇ ਬੱਚੇ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਦੇ ਅਨੁਰੂਪ ਤਿਆਰ ਬਰ ਤਿਆਰ ਜੂਝਣ ਕੇ ਚਾਉ ਵਾਲੇ ਸੰਤ ਖਾਲਸੇ ਬਣਨ। ਪਰ ਕਈ ਵੇਰ ਬੱਚਿਆਂ ਦਾ ਰਵੱਈਆ ਬੀਬੀ ਨੰਦਾਂ ਹੋਰਾਂ ਨੂੰ ਨਿਰਾਸ਼ ਵੀ ਕਰਦਾ ਸੀ। ਅਜਿਹੇ ਸਮੇਂ ਉਹ ਸਤਿਗੁਰੂ ਜੀ ਤੱਕ ਭੇਜੀ ਜਾਣ ਵਾਲੀ ਕਿਸੇ ਅਰਦਾਸ ਵਿਚ ਬੱਚਿਆਂ ਬਾਰੇ ਲਿਖ ਕੇ ਉਹਨਾਂ ਲਈ ਕੋਈ ਸਿੱਖ-ਮੱਤ ਭੇਜਣ ਦੀ ਬੇਨਤੀ ਵੀ ਕਰਦੀ ਸੀ। ਜੁਆਬ ਵਿਚ ਭੇਜੇ ਹੁਕਮਨਾਮੇ ਵਿਚ, ਸਤਿਗੁਰੂ ਜੀ ਆਪਣੇ ਦੋਹਤਿਆਂ ਨੂੰ ਨਾਨੇ ਵਾਲੇ ਮੋਹ ਤੋਂ ਮੁਕਤ ਹੋ ਕੇ, ਤਾੜਨਾ ਵੀ ਕਰਦੇ ਹਨ। ਇਹ ਹੁਕਮਨਾਮਾ ਗੁਰੂ ਹਰੀ ਸਿੰਘ ਜੀ ਅਤੇ ਸਮੂਹ ਸੰਗਤ ਦੇ ਨਾਮ ਲਿਖਿਆਹੈ।

"ਹੋਰੁ ਬਸੰਤ ਸਿੰਘ, ਕੁੜੀ ਨੰਦਾ ਨੇ ਲਿਖਾ ਹੈ ਮੁੰਡੇ ਮੇਰੇ ਆਖੇ ਨਹੀਂ ਲੱਗਦੇ। ਨ ਪੋਥੀ ਪੜ੍ਹਦੇ ਹੈ ਨਾ ਗਰੰਥ ਸਾਹਿਬੁ ਪੜ੍ਹਦੇ ਹੈਨ। ਸੋ ਭਾਈ ਕੇ ਤਾ ਪਿਛਾ ਰਾਤ ਸਵਾ ਪਹਰੁ ਰਹੀ ਤੇ ਹਮੇਸ ਭਜਨ ਬਾਣੀ ਕੀਤਾ, ਮਾਲਾ ਫੇਰੀ, ਦਿਨ ਰਾਤ ਭਜਨ ਬਾਣੀ ਕਰਿਆ ਕਰੋ। ਜੇ ਨਹੀਂ ਭਜਨ ਬਾਣੀ ਹੋਇ ਸਕਦਾ ਤਾਂ ਰੋਟੀਆ ਪਕਾਇਆ ਕਰੋ, ਘਾਹ ਖੋਤਿਆ ਕਰੋ। ਜੇ ਦੋ ਮੈਂ ਤੇ ਕੁਛ ਨਹੀਂ ਕਰਿਨਾ ਤਾਂ ਡੇਰੇ ਤੇ ਚਲੇ ਜਾਣਾ ਸਿਮਰੁ ਪਾਸ। ਜੋ ਥੁਆਨੂੰ ਤਿੰਨਾਂ ਬਾਤਾਂ ਮੈਂ ਤੇ ਅੱਛੀ ਲੱਗੇ ਸੋ ਕਰਿ ਲੈਣੀ। ਹੋਰ ਭੀ ਭਜਨੁ ਵਾਣੀ ਨਾ ਕਰੇ, ਓਸਕੋ ਬੀ ਡੇਰੇ ਤੇ ਨਿਕਾਲ ਦੇਣਾ। ਜੋ ਡੇਰੇ ਰਹਿ ਕੇ ਚੋਰੀ ਜਾਰੀ ਕਰੇ, ਸਭ ਕੋ ਡੇਰੇ ਤੇ ਕਢਿ ਦੇਣਾ, ਜਨਾਨਾ ਹੋਵੇ ਭਾਮੇ ਮ੍ਰਦਾਨਾ ਹੋਵੇ।

ਅਰੁ ਬੀਬੀ (ਨੰਦਾਂ) ਤੂੰ ਕਰੀ ਜਾਹਿ ਭਜਨ ਬਾਣੀ ਤਕੜੀ ਹੋ ਕੇ। ਜੋ ਤੇਰੇ ਆਖੇ ਲੱਗੇ ਓਸ ਤੇ ਬੀ ਕਰਾਉ, ਨਾ ਮੰਨੇ ਤੇਰਾ ਕਹਾ ਤਾਂ ਓਹੁ ਜਾਣੇ।[27] (ਹੁਕਮਨਾਮਾ 63)

ਸੰਨ 1882 ਈ. ਵਿਚ ਭੇਜੇ ਇਕ ਹੁਕਮਨਾਮੇ ਵਿਚ ਬੀਬੀ ਨੰਦਾ ਨੂੰ ਪੰਜ ਗ੍ਰੰਥ ਪਾਠ ਜਪੁਜੀ ਹਮੇਸ਼ਾ ਪੜ੍ਹਨ ਦਾ ਹੁਕਮ ਕਰਦੇ ਹਨ।[28]

ਬੀਬੀ ਨੰਦਾਂ ਨੇ ਪਿਤਾ ਸਤਿਗੁਰੂ ਦੇ ਵਿਛੋੜੇ ਵਿਚ ਹੀ ਮਨ ਮਾਰ ਕੇ, ਆਪਣੀ ਜੁਆਨੀ ਅਤੇ ਬਿਰਧ ਅਵਸਥਾ ਬਤੀਤ ਕੀਤੀ। ਉਹ ਅੱਠੇ ਪਹਿਰ ਸਤਿਗੁਰੂ ਜੀ ਦੇ ਵਿਓਗ ਵਿਚ ਹੌਕੇ-ਹਾਵੇ ਭਰਦਿਆਂ, ਗੁਜ਼ਾਰਦੇ ਸਨ। ਉਹਨਾਂ ਦਾ ਹਾਲ ਸੂਫੀ ਕਵੀ ਸ਼ਾਹ ਹੁਸੈਨ ਦੀ ਉਸ ਕਾਫੀ ਜਿਹਾ ਸੀ-

ਮਾਏ ਨੀ ਮੈਂ ਕੈਂਹ ਨੂੰ ਆਖਾਂ,

ਦਰਦ ਵਿਛੋੜੇ ਦਾ ਹਾਲ?

ਦੁੱਖਾਂ ਦੀ ਰੋਟੀ ਸੂਲਾਂ ਦਾ ਸਾਲਣ,

ਆਹਾਂ ਦਾ ਬਾਲਣ ਬਾਲ।

ਧੂੰਆਂ ਧੁਖੇ ਮੇਰੇ ਮੁਰਸ਼ਦ ਵਾਲਾ,

ਜਾਂ ਫੋਲਾਂ ਤਾਂ ਲਾਲ।

ਗਲੀਏ ਗਲੀਏ ਫਿਰਾਂ ਢੂੰਡੇਦੀ,

ਅਜੇ ਨਾ ਆਇਆ ਲਾਲ।

ਸਤਿਗੁਰੂ ਜੀ ਦਾ ਵਿਚਕਾਰਲਾ ਦੋਹਿਤਾ, ਬਾਬਾ ਸੂਰਤ ਸਿੰਘ (1862–1951), ਜਿਸ ਨੂੰ ਸਤਿਗੁਰੂ ਜੀ ਨੇ ਚਾਰ ਸਾਲ ਦੀ ਉਮਰ ਵਿਚ, ਕੰਨ ਵਿਚ ਗੁਰਮੰਤਰ ਦੇ ਕੇ, ਉਹਨਾਂ ਦੀ ਆਪਣੀ ਲਿਖਤ ਮੁਤਾਬਿਕ, ਨੂਰੋ ਨੂਰ ਕਰ ਦਿੱਤਾ ਸੀ।[29] ਉਹ ਆਪਣੀ ਇਕ ਕਵਿਤਾ ਵਿਚ ਆਪਣੀ ਮਾਤਾ ਬੀਬੀ ਨੰਦਾਂ ਜੀ ਦੀ ਦਸ਼ਾ ਅਤੇ ਹੋਰ ਵਿਜੋਗ ਵਿਚ ਹੀ ਜਾਣ ਵਾਲਿਆਂ ਬਾਰੇ ਵੈਰਾਗੀ ਸ਼ਬਦਾਂ ਵਿਚ ਲਿਖ ਗਏ ਹਨ–

"ਹਜ਼ੂਰ ਕੀ ਸਪੁੱਤਰੀ ਜੋ ਦੈਵੀ ਜੋਤਿ ਨਾਮ ਮਹਿ,

ਰਾਤ ਦਿਨ ਲਗੀ ਲਿਵ ਆਪ ਕੇ ਦੀਦਾਰ ਦੀ।

ਆਏ ਗੁਰੂ, ਆਏ ਪਿਤਾ, ਪਰਮ ਪਵਿੱਤਰ ਪਿਤਾ

ਗਈ ਕਰ ਕੂਚ ਏਥੋਂ ਕੂਕਦੀ ਪੁਕਾਰਦੀ।

ਹਰੀ ਸਿੰਘ ਮਹਾਰਾਜ, ਸ੍ਰੀ ਗੁਰਦਿਆਲ ਹਰਿ,

ਆਏ ! ਕਹਿ ਗਏ ਚੱਲ, ਗੱਲ ਇਕੋ ਤਾਰ ਦੀ।

ਹੇ ! ਸੁਆਮੀ ਅੰਤਰ ਯਾਮੀ, ਸਾਰੀ ਸਾਡੀ ਹੈ ਖੁਨਾਮੀ,

ਮਾਫ ਕਰੋ ਸਾਨੂੰ ਕੁਛ ਹੈ ਨਾ ਸੂਝ ਕਾਰ ਦੀ।"[30]

ਬੀਬੀ ਨੰਦਾਂ ਸਤਿਗੁਰੂ ਜੀ ਦੇ ਹੁਕਮਨਾਮਿਆਂ ਨੂੰ ਬੜਾ ਸੰਭਾਲ ਕੇ ਰੱਖਿਆ ਕਰਦੇ ਅਤੇ ਇਹਨਾਂ ਦਾ ਨੇਮ ਨਾਲ ਪਾਠ ਵੀ ਕਰਿਆ ਕਰਦੇ ਸਨ। ਫਿਰ ਵੀ ਡੇਰੇ ਵਿਚ ਰਹਿਣ ਵਾਲੇ ਕੁਝ ਮੁਖਬਰਾਂ ਦੀ ਮਾਰਫ਼ਤ, ਇਹ ਹੁਕਮਨਾਮੇ ਜਦੋਂ ਅੰਗ੍ਰੇਜ਼ ਸਰਕਾਰ ਪਾਸ ਪੁੱਜ ਜਾਂਦੇ ਤਾਂ ਬੀਬੀ ਨੰਦਾਂ ਤੋਂ ਵੀ ਇਹਨਾਂ ਬਾਰੇ ਪੁੱਛ ਪੜਤਾਲ ਹੁੰਦੀ। ਬੀਬੀ ਨੂੰ ਇਸ ਬਾਰੇ ਅਕਾਰਨ ਪਰੇਸ਼ਾਨੀਆਂ ਝੱਲਣੀਆਂ ਪੈਂਦੀਆਂ। ਬੀਬੀ ਨੰਦਾਂ ਦੇ ਮੁੱਖੋਂ ਸੁਣਿਆ ਕਿ ਹੁਕਮਨਾਮੇ ਤਾਂ

ਆਪ ਦੇਣੇ ਮੁਕਬਰਾਂ ਨੇ ਤੇ ਨਾਉਂ ਮੇਰਾ ਲਿਖਾਇ ਦਿੰਦੇ ਹੈਂ ਕਿ ਨੰਦਾਂ ਨੇ ਦੀਏ ਹੈ। ਬੀਬੀ ਸੁਣਕੇ ਕਹਿਣੇ ਲਗੀ ਮੈਂ ਆਪਣੇ ਪਿਤਾ ਦੇ ਆਏ ਹੁਕਮਨਾਮੇ ਕਿਉਂ ਦੇਣੇ ਸੇ? ਨਿੰਦਕਾਂ ਕੋਹੜੀਆਂ ਨੇ ਮੇਰਾ ਤੇ ਮੇਰੇ ਪੁੱਤ ਦਾ ਨਾਉਂ ਲਿਖਾਇਆ ਹੈ। ਨਾਲੇ ਨਿੰਦਕ ਖਾਂਦੇ ਹੈ ਨਾਲੇ ਨਿੰਦਕ ਬਿੱਚੇ ਰਹਿੰਦੇ ਹੈਂ। ਫ਼ਰੰਗੀਆਂ ਥੀਂ ਭੀ ਤਨਖਾਹ ਲੈਂਦੇ ਹੈ। ਝੂਠੀਆਂ ਤੁਹਮਤਾਂ ਲਾਉਂਦੇ ਹੈ।"[31]

11 ਸਤੰਬਰ 1897 ਨੂੰ ਬਾਬਾ ਜਮੀਅਤ ਸਿੰਘ ਗਿੱਲ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸੈਨਿਕ ਜੀਵਨ ਦੇ ਸਾਥੀ ਅਤੇ ਬਾਅਦ ਵਿਚ ਸੂਬੇ ਥਾਪੇ ਸਨ, ਉਹਨਾਂ ਦੇ ਭੋਗ ਸਮੇਂ ਗਿੱਲ (ਸਿਆਲਕੋਟ) ਵਿਖੇ, ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਵੱਡਾ ਮੇਲਾ ਹੋਇਆ ਸੀ। ਇਸ ਵਿਚ ਬੀਬੀ ਨੰਦਾਂ ਦੇ ਆਪਣੇ ਸੇਵਕ ਜਿਊਣ ਸਿੰਘ ਮੱਠਾ ਸਮੇਤ ਸ਼ਾਮਲ ਹੋਣ ਦਾ ਜ਼ਿਕਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਤਿਗੁਰੂ ਹਰੀ ਸਿੰਘ ਬਾਰੇ ਰੀਕਾਰਡ ਹੋਏ 1956 ਦੇ ਉਪਦੇਸ਼ ਅਤੇ ਸਮਕਾਲੀ ਇਤਿਹਾਸ ਵਿਚ ਮਿਲਦਾ ਹੈ।[32]

ਫਰਵਰੀ-ਮਾਰਚ 1898 ਵਿਚ ਗੁਰੂ ਹਰੀ ਸਿੰਘ ਜੀ ਦੇ ਹੁਕਮ ਵਿਚ ਰਾਮ ਸਰ-ਸਰੋਵਰ ਦੀ ਕਾਰ ਕੱਢੀ ਗਈ। ਗੁਰੂ ਹਰੀ ਸਿੰਘ ਜੀ ਦੇ ਮਹਿਲ ਮਾਤਾ ਜਿਊਣ ਕੌਰ, ਫਤੇਹ ਕੌਰ, ਸਾਹਿਬਜ਼ਾਦੇ, ਅਤੇ ਬੀਬੀ ਨੰਦਾਂ ਦੀਆਂ ਨੂੰਹਾਂ ਵੀ ਕਾਰ ਕੱਢਦੀਆਂ ਰਹੀਆਂ।"[33]

ਗੁਰੂ ਹਰੀ ਸਿੰਘ ਜੀ ਡੇਰੇ ਦੇ ਕਾਰ ਵਿਹਾਰ ਵਿਚ ਬੀਬੀ ਨੰਦਾਂ ਦੀ ਰਾਇ ਨੂੰ ਵੀ ਪਰਮੁੱਖਤਾ ਦਿਆ ਕਰਦੇ ਸਨ। ਸੰਨ 1901 ਈ. ਦੇ ਆਸ ਪਾਸ ਡੇਰਾ ਪ੍ਰਬੰਧਕ ਰਹੇ, ਗੁਰੂ ਹਰੀ ਸਿੰਘ ਜੀ ਦੇ ਸੇਵਕ, ਭਾਈ ਦਾਨ ਸਿੰਘ ਜੀ ਆਪਣੇ ਪਿੰਡ ਗੰਗੋਹਰ ਚਲੇ ਗਏ, ਗੁੱਸੇ ਰਾਜ਼ੀ ਹੋ ਕੇ। ਇਸ ਬਾਰੇ ਜਦੋਂ ਸਿੰਘਾਂ ਨੇ ਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ ਕਿ ਦਾਨ ਸਿੰਘ ਨੂੰ ਵਾਪਸ ਡੇਰੇ ਵਿਚ ਲਿਆਈਏ ਤਾਂ ਗੁਰੂ ਜੀ ਨੇ ਕਿਹਾ-'ਬੀਬੀ (ਨੰਦਾਂ) ਕੀ ਰਾਇ ਲੈ ਲਵੋ।" ਜਾਇਕੇ ਪੁੱਛਿਆ ਤਾਂ ਬੀਬੀ ਨੇ ਕਹਿਆ, ਸਾਰੀ ਉਮਰ ਉਸ ਨੇ ਏਥੇ ਕੱਟੀ ਹੈ, ਹੁਣ ਕਿੱਥੇ ਜਾਏ ! ਮੰਗਵਾਇਆ ਚਾਹੀਏ। ਬੀਬੀ ਕੇ ਕਹੇ ਤੇ ਲੈ ਆਏ।"[34]

ਜੇ.ਪੀ. ਵਾਰ ਬਰਟਨ, ਪੁਲੀਸ ਕਪਤਾਨ ਲੁਧਿਆਣਾ ਨੇ 19 ਜੁਲਾਈ 1879 ਨੂੰ, ਜਗਰਾਉਂ (ਲੁਧਿਆਣਾ) ਤੋਂ ਕਰਨਲ ਜੇ.ਸੀ.ਪੀ. ਬੋਲੀ ਡੀ.ਆਈ.ਜੀ. ਪੰਜਾਬ ਪੁਲੀਸ, ਅੰਬਾਲਾ ਸਰਕਲ ਨੂੰ ਲਿਖਿਆ ਕਿ ਉਸ ਨੂੰ ਬੀਤੇ ਕੱਲ ਭਾਈ ਨਰਾਇਣ ਸਿੰਘ ਰੋਡੇ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ 28 ਹੁਕਮਨਾਮੇ ਤਲਾਸ਼ੀ ਕਰਨ ਤੇ ਮਿਲ ਗਏ। ਇਹਨਾਂ ਹੁਕਮਨਾਮਿਆਂ ਦਾ

ਪੰਜਾਬੀ ਤੋਂ ਅੰਗਰੇਜ਼ੀ ਵਿਚ ਉਲਥਾ ਸਰਕਾਰੀ ਰੀਕਾਰਡ ਵਿਚ ਹੈ। ਇਸ ਸੂਚੀ ਵਿਚ ਅੱਠਵੇਂ ਨੰਬਰ ਵਾਲੇ ਹੁਕਮਨਾਮੇ ਦੇ ਅੰਗਰੇਜ਼ੀ ਅਨੁਵਾਦ ਵਿਚ ਸਤਿਗੁਰੂ ਜੀ, ਗੁਰੂ ਹਰੀ ਸਿੰਘ ਜੀ ਨੂੰ ਲਿਖਦੇ ਹਨ ਕਿ ਕੋਈ ਵੀ ਬੀਬੀ ਉਹਨਾਂ ਦੇ ਦਰਸ਼ਨਾਂ ਨੂੰ ਰੰਗੂਨ ਨਾਂ ਆਵੇ ਅਤੇ ਵਿਸ਼ੇਸ਼ ਕਰ ਬੀਬੀ ਨੰਦਾਂ ਨੂੰ ਹਦਾਇਤ ਕੀਤੀ ਹੈ ਕਿ ਵੇਖਣਾ ਉਹ ਨਾਂ ਕਿਤੇ ਇਧਰ ਨੂੰ ਤੁਰ ਪਵੇ।[35] ਸਤਿਗੁਰੂ ਜੀ ਜਾਣਦੇ ਸਨ ਕਿ ਜਿਤਨਾ ਪ੍ਰੇਮ ਬੀਬੀ ਨੰਦਾਂ ਦਾ ਉਹਨਾਂ ਨਾਲ ਹੈ, ਉਹ ਸਫ਼ਰ ਦੀਆਂ ਮੁਸ਼ਕਿਲਾਂ ਦਰ ਕਿਨਾਰ ਕਰਕੇ ਚੱਲ ਸਕਦੀ ਹੈ।

1884 ਈ. ਵਿਚ ਭਾਈ ਚੰਦਾ ਸਿੰਘ ਝੱਬਰ ਦੁਆਰਾ ਲਿਖਿਤ ਬਾਰਾਂਮਾਂਹ ਵਿਚ ਉਹ ਬ੍ਰਿਹੋਂ ਕੁੱਠੀ ਬੀਬੀ ਨੰਦਾਂ ਦਾ ਚਿਤਰਣ ਇਉਂ ਕਰਦੇ ਹਨ-

"ਬੀਬੀ ਨੰਦਾਂ ਸਾਡੀ ਭੈਣ/ਪਿਤਾ ਬਿਨ ਰਤੀ ਨਾ ਆਵੇ ਚੈਨ,

ਹੋਇ ਵਿਰਾਗਣ ਭਰਦੀ ਨੈਣ/ਪੁਛਦੀ ਭਾਈ ਸੱਜਣ ਸੈਣ,

ਸਤਿਗੁਰ ਕਦੋਂ ਕੁ ਦਰਸ਼ਨ ਦੇਣ/ਮਿਲਾਂ ਗਲ ਧਾਇਕੇ।"

ਬੀਬੀ ਨੰਦਾਂ ਗੁਰੂ ਕੇ ਲੰਗਰ ਲਈ ਪਿੰਡ ਦੀਆਂ ਲੜਕੀਆਂ ਨੂੰ ਮਰਿਆਦਾ ਰਖਾ ਕੇ, ਉਹਨਾਂ ਤੋਂ ਦੁੱਧ ਵਿਚ ਆਟਾ ਗੁੰਨਵਾ ਕੇ, ਸੇਵੀਆਂ ਵਟਾਉਂਦੇ ਜੋ ਵੱਡੇ ਲੰਗਰ ਵਿਚ ਅੱਸੂ ਕੱਤਕ ਦੇ ਮਹੀਨੇ ਵਿਚ ਵਰਤਦੀਆਂ ਸਨ। ਸੰਨ 1917 ਈ. ਦਾ ਹੋਲਾ ਮੁਹੱਲਾ ਰੱਤੇ ਚੋਏ (ਲਾਇਲਪੁਰ) ਵਿਖੇ ਜ਼ੈਲਦਾਰ ਸਾਉਣ ਸਿੰਘ (ਭਤੀਜਾ ਸੰਤ ਜਿਊਣ ਸਿੰਘ ਸਰਹਾਲੀ) ਨੇ ਕਰਵਾਇਆ ਸੀ। ਸਤਿਗੁਰੂ ਪਰਤਾਪ ਸਿੰਘ ਜੀ ਇਸ ਹੋਲੇ ਕਾਰਨ ਮਾਘੀ ਦੇ ਦਿਨਾਂ ਤੋਂ ਹੀ ਭੈਣੀ ਸਾਹਿਬ ਤੋਂ ਬਾਹਰ ਦੌਰਿਆਂ ਦੇ ਪ੍ਰੋਗਰਾਮ ਕਾਰਨ, ਸੰਗਤਾਂ ਨੂੰ ਪੱਛਮੀ ਪੰਜਾਬ ਵਿਚ ਦਰਸ਼ਨ ਦੇ ਰਹੇ ਸਨ। ਉਹਨਾਂ ਦੀ ਗ਼ੈਰ ਹਾਜ਼ਰੀ ਵਿਚ ਹੀ ਇਸੇ ਸਾਲ ਮਾਘ ਫੱਗਣ ਦੇ ਮਹੀਨੇ ਦੇ ਕਿਸੇ ਦਿਨ ਬੀਬੀ ਨੰਦਾਂ ਜੀ ਅੱਸੀ ਸਾਲ ਦੀ ਆਰਜਾ ਭੋਗ ਕੇ ਅਕਾਲ ਚਲਾਣਾ ਕਰ ਗਏ ਸਨ। ਸਤਿਗੁਰੂ ਜੀ ਦੇ ਵਾਪਸ ਮੁੜਨ ਤੇ ਪਹਿਲੀ ਵੈਸਾਖ 1974 ਬਿਕਰਮੀ (ਮੁਤਾਬਿਕ ਅਪਰੈਲ 1917) ਨੂੰ ਬੀਬੀ ਨੰਦਾਂ ਜੀ ਨਮਿਤ ਇਕ ਭੋਗ ਮੇਲੇ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਬੀਬੀ ਜੀ ਦੇ ਨਮਿਤ 41 ਆਦਿ ਗੁਰੂ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ ਸਨ। ਬੀਬੀ ਜੀ ਦੇ ਸਤਾਰੀਏ ਤੇ ਰਸਮ ਵਜੋਂ ਗੁਰਬਾਣੀ ਪਾਠ ਦਾ ਭੋਗ ਪਾ ਦਿੱਤਾ ਗਿਆ ਸੀ। ਵੈਸਾਖੀ ਤੋਂ ਪਹਿਲਾਂ ਰਾਮ ਸਰ ਦੇ ਕੰਢੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਬੀਬੀ ਹੋਰਾਂ ਨਮਿਤ, ਸੰਤ ਆਲਾ ਸਿੰਘ ਤੇ ਸੰਤ ਮੋਹਣ ਸਿੰਘ ਵਡਾਲੇ ਜੌਹਲਾਂ ਆਦਿ ਦੇ ਜਥਿਆਂ ਸਮੇਤ, ਆਦਿ ਗਰੰਥ ਸਾਹਿਬ ਦੇ ਪਾਠ ਰਖਵਾ ਦਿੱਤੇ। ਪਹਿਲੀ ਵੈਸਾਖ ਮੇਲੇ ਵਾਲੇ ਦਿਨ ਇਕ ਅਖੰਡ ਪਾਠ ਦਾ ਭੋਗ

ਸਵੇਰੇ ਪਾਇਆ। ਇਸ ਸਮੇਂ ਬੀਬੀ ਜੀ ਦੇ ਪੁੱਤਰ ਸੂਰਤ ਸਿੰਘ ਹੋਰਾਂ ਤੋਂ ਮਿਲੀ ਲਿਖਤ ਤੋਂ ਪਾਠ ਕਰਨ ਵਾਲਿਆਂ ਦੇ ਨਾਮ ਵਹਿਮੀ ਜੀ ਨੇ ਇਸ ਪਰਕਾਰ ਲਿਖੇ ਹਨ। ਸਤਿਗੁਰੂ ਜੀ ਤੇ ਮਾਤਾ ਜੀਵਨ ਕੌਰ ਜੀ ਅਤੇ ਕੁਝ ਸਾਧਾਂ ਵੱਲੋਂ 11 ਪਾਠ, ਸੂਰਤ ਸਿੰਘ 5, ਬਸੰਤ ਸਿੰਘ 5, ਰਜਿੰਦਰ ਸਿੰਘ ਪੁੱਤਰ ਹਰਨਾਮ ਸਿੰਘ 5, ਸਾਧੂ ਕਰਮ ਸਿੰਘ 2, ਹਰੀ ਸਿੰਘ, ਭਾਈ ਸੁੰਦਰ ਸਿੰਘ, ਸੰਤਾ ਸਿੰਘ, ਸੰਤਾ ਸਿੰਘ ਗ੍ਰੰਥੀ ਨਾਰੰਗ ਵਾਲੀਆ, ਮੰਗਲ ਸਿੰਘ ਧਰਮਸ਼ਾਲੀਆ, ਮਾਘਾ ਸਿੰਘ, ਨੰਦ ਸਿੰਘ, ਇੰਦਰ ਸਿੰਘ ਚੱਕਰਵਰਤੀ, ਨਾਹਰ ਸਿੰਘ, ਹੀਰਾ ਸਿੰਘ ਗ੍ਰੰਥੀ ਅਤੇ ਨੱਥਾ ਸਿੰਘ ਮਜ੍ਹਬੀ ਸਰਹਾਲੀ, ਇਹਨਾਂ ਸਿੰਘਾਂ ਨੇ ਇਕ ਇਕ ਪਾਠ ਕੀਤਾ। ਇਸ ਤੋਂ ਡੇਰੇ ਅਤੇ ਆਸ ਪਾਸ ਦੀ ਸੰਗਤ ਵਿਚ ਬੀਬੀ ਜੀ ਦੀ ਮਕਬੂਲੀਅਤ ਦਾ ਪਤਾ ਲੱਗਦਾ ਹੈ। ਹਰਨਾਮ ਸਿੰਘ ਦੇ ਲੜਕੇ ਵੱਲੋਂ ਪਾਠ ਕਰਵਾਏ ਜਾਣੇ ਇਹ ਭੁਲੇਖਾ ਪਾਉਂਦੇ ਹਨ ਕਿ ਸ਼ਾਇਦ ਉਦੋਂ ਤੱਕ ਬੀਬੀ ਦਾ ਸਭ ਤੋਂ ਛੋਟਾ ਪੁੱਤਰ ਹਰਨਾਮ ਸਿੰਘ ਚੜ੍ਹ ਗਿਆ ਹੋਵੇ।

ਬੀਬੀ ਨੰਦਾਂ ਦੇ ਚਲਾਣੇ ਬਾਬਤ ਸਟੀਕ ਜਾਣਕਾਰੀ ਸਾਨੂੰ ਸਮਕਾਲੀ ਕਵੀ ਗਿਆਨੀ ਕਾਹਲਾ ਸਿੰਘ ਨੰਗਲ ਦੀ ਲਿਖਤ ਵਿਚੋਂ ਮਿਲਦੀ ਹੈ ਜਿਸ ਵਿਚ ਬੀਬੀ ਜੀ ਦੀ ਸ਼ਖ਼ਸੀਅਤ ਵੀ ਚੰਗੀ ਤਰ੍ਹਾਂ ਪ੍ਰਗਟ ਹੁੰਦੀ ਹੈ।

"ਗੁਰੂ ਰਾਮ ਸਿੰਘ ਦੀ ਪੁੱਤਰੀ, ਸਿਦਕਨ ਹੈਸੀ ਭਾਰੀ।

ਬੀਬੀ ਨੰਦਾਂ ਸੰਗਤ ਆਖੇ, ਨਾਮਧਾਰੀ ਪੰਥ ਬਾਰੀ।

ਪੰਜ ਮਾਲਾ ਨਿਤ ਭਜਨ ਦੀਆਂ ਕਰਦੀ,

ਦੋ ਵਜੇ ਰਾਤੀਂ ਨਹਾਵੇ।

ਸਰਦੀ ਗਰਮੀ ਤਨ ਤੇ ਸਹਿੰਦੀ, ਬਾਣੀ ਬਹੁਤ ਪੜ੍ਹਾਵੇ।

ਪੰਜ ਗਰੰਥੀ ਕੰਠ ਉਸ ਦੇ, ਅਕਾਲ ਉਸਤਤ ਸੀ ਸਾਰੀ।

ਅੱਠੀਂ ਪਹਿਰੀਂ ਪਰਸ਼ਾਦਾ ਛਕਦੀ,

ਬਿਰਤੀ ਰਿਸ਼ੀਆਂ ਧਾਰੀ।

1973 ਸੰਬਤ ਬੁੱਧਵਾਰ ਦਿਨ ਆਇਆ।

ਮਾਘ ਸੁਦੀ ਨੌਵੀਂ ਹੈਸੀ, ਸੱਚ ਖੰਡ ਡੇਰਾ ਲਾਇਆ।

ਰਾਮ ਸਰ ਬਾਗ ਦੇ ਕੋਲ, ਕੀਤਾ ਜਾ ਸਸਕਾਰਾ।

ਸੋਧ ਅਰਦਾਸਾ ਸੰਗਤ ਨੇ, ਸੀ ਬੋਲਿਆ ਜੈਕਾਰਾ।

ਕਾਹਲਾ ਸਿੰਘ ਬੀਬੀ ਨੰਦਾਂ, ਮੇਹਰਬਾਨ ਸੀ ਡਾਢੇ।

ਸਿੱਖੀ ਸਿਦਕ ਸ਼ਬਦ ਮਸਤ ਸਨ, ਵਿਚ ਪ੍ਰੇਮ ਦੇ ਡਾਢੇ।"[37]

ਮਾਤਾ ਜਿਊਣ ਕੌਰ ਜੀ ਨੇ ਬੀਬੀ ਨਮਿਤ ਬਸਤਰ, ਗਊਆਂ, ਬਰਤਨ ਆਦਿ ਲੋੜਵੰਦਾਂ ਨੂੰ ਦਿੱਤੇ ਸਨ। ਬੀਬੀ ਜੀ ਦੇ ਦੋ ਸਪੁੱਤਰਾਂ ਦੀ ਸੰਤਾਨ ਹੈ। ਸੂਰਤ ਸਿੰਘ ਸ੍ਰੀ ਭੈਣੀ ਸਾਹਿਬ ਵਿਚ ਹੀ ਨਿਸਸੰਤਾਨ 1951 ਈ. ਵਿਚ ਗੁਜ਼ਰ ਗਏ। ਉਹਨਾਂ ਨੇ 90 ਸਾਲ ਉਮਰ ਭੋਗੀ। ਉਹ "ਨਿਰਘੰਟੂ" ਨਾਮੀ ਵੈਦਿਕ ਪੁਸਤਕ ਦੇ ਲੇਖਕ ਸਨ।ਉਹ ਚੰਗੇ ਕਵੀ ਅਤੇ ਵਾਰਤਕ ਲੇਖਕ ਵੀ ਸਨ। ਬਾਬੂ ਤੇਜਾ ਸਿੰਘ, ਪੰਚ ਖੰਡ, ਭਸੌੜ ਨਾਲ ਵੀ ਉਹਨਾਂ ਦੀ ਬਹਿਣੀ ਉਠਣੀ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਉਹਨਾਂ ਦੇ ਬੁਢੇਪੇ ਨੂੰ ਹਰ ਤਰ੍ਹਾਂ ਸੁਖਦਾਈ ਬਣਾਇਆ। ਲੇਖਕ ਦੀ ਮਾਤਾ ਬੀਬੀ ਪ੍ਰੀਤਮ ਕੌਰ, ਬਾਬਾ ਜੀ ਦੀ ਲੋੜ ਜੋਗ, ਖਿਚੜੀ ਦਲੀਆ ਬਣਾ ਦਿੰਦੀ ਸੀ। ਚਲਾਣੇ ਤੋਂ ਪਹਿਲਾਂ ਉਹਨਾਂ ਨੇ ਸਾਰੀ ਨਕਦੀ ਸੋਨਾ ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਦੀ ਮਾਰਫਤ ਗੁਰੂ ਕੇ ਖਜ਼ਾਨੇ ਵਿਚ ਪਾ ਦਿੱਤਾ। ਆਪਣੀ ਮਾਤਾ ਦੇ ਰੋਜ਼ ਪੜ੍ਹਨ ਵਾਲੀ ਭਾਈ ਬਾਲੇ ਵਾਲੀ ਜਨਮ ਸਾਖੀ ਮੇਰੀ ਮਾਤਾ ਨੂੰ ਦੇ ਦਿੱਤੀ ਜੋ ਅਜੇ ਵੀ ਮੇਰੇ ਪਾਸ ਕਰੀਵਾਲੇ ਪਈ ਹੈ। ਇਹ ਜਨਮ ਸਾਥੀ ਮੁੰਸ਼ੀ ਗੁਲਾਬ ਸਿੰਘ ਐਂਡ ਸਨਜ਼, ਮੁਫੀਦ ਆਮ ਪ੍ਰੈੱਸ, ਲਾਹੌਰ ਵਿਚ, 1898 ਈ. ਵਿਚ ਛਪੀ ਸੀ। ਬਾਬਾ ਜੀ ਦੀ ਸਿੰਘਣੀ ਗੁਰਦਿੱਤ ਕੌਰ ਇਸ ਤੋਂ ਪਿਛਲੀਆਂ ਸਰਦੀਆਂ ਵਿਚ ਗੁਜ਼ਰੀ ਸੀ। ਬਾਬਾ ਜੀ ਦਾ ਬੇਸ਼ੱਕ ਪਹਿਲੇ ਜੀਵਨ ਵਿਚ ਕੁਝ ਝੁਕਾਉ ਸਿੰਘ ਸਭਾ ਵੱਲ ਰਿਹਾ ਪਰ ਆਖਰੀ ਸਮੇਂ, ਉਹਨਾਂ ਸਤਿਗੁਰੂ ਪਰਤਾਪ ਸਿੰਘ ਜੀ ਪਾਸ ਆਪਣੇ ਕੂਕਾ ਹੋਣ ਦਾ ਇੰਕਸ਼ਾਫ ਕੀਤਾ ਸੀ।[38]

ਬੀਬੀ ਦਾ ਵੱਡਾ ਪੁੱਤਰ ਬਸੰਤ ਸਿੰਘ ਬਹੁਤ ਵਧੀਆ ਰਾਗੀ ਸੀ। ਉਸ ਦੇ ਪੂਰਨ ਸਿੰਘ ਤੇ ਗੁਰਬਖਸ਼ ਸਿੰਘ ਦੋ ਲੜਕੇ ਸਨ। ਇਹ ਦੋਵੇਂ ਘੜੀਸਾਜ਼ ਸਨ। ਇਹਨਾਂ ਦੇ ਪੁੱਤ ਪੋਤਰੇ ਵੀ ਲੁਧਿਆਣਾ ਅਤੇ ਬਠਿੰਡਾ ਵਿਚ ਇਹੋ ਕੰਮ ਕਰਦੇ ਰਹੇ। ਹਰਨਾਮ ਸਿੰਘ ਦੀ ਪਤਨੀ ਬੀਬੀ ਅਤਰ ਕੌਰ ਲਾਹੌਰ ਦੀ ਸੀ। ਉਸ ਦਾ ਲੜਕਾ ਰਜਿੰਦਰ ਸਿੰਘ ਅਤੇ ਲੜਕੀ ਰਜਿੰਦਰ ਕੌਰ ਸੀ। ਹਰਨਾਮ ਸਿੰਘ ਜੀ ਵੀ ਚੰਗੇ ਰਾਗੀ ਸਨ। ਲੜਕਾ ਰਜਿੰਦਰ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਹਿਲੀ ਕਾਰ ਦੇ ਸਮੇਂ ਤੋਂ ਕੁਝ ਚਿਰ ਡਰਾਈਵਰ ਵੀ ਰਿਹਾ। ਫਿਰ ਦਿੱਲੀ ਵਿਚ ਵਾਜੇ ਬਨਾਉਣ ਦਾ ਕੰਮ ਸ਼ੁਰੂ ਕੀਤਾ।ਅੱਜ ਕੱਲ੍ਹ ਉਹਨਾਂ ਦਾ ਪਰਵਾਰ ਦਿੱਲੀ ਵਿਚ ਹੀ ਰਹਿੰਦਾ ਹੈ।

ਬੀਬੀ ਨੰਦਾਂ ਦਾ ਪਰਵਾਰ ਕਾਫੀ ਫਲਿਆ ਫੁਲਿਆ ਹੈ। ਇਸ ਦੇ ਪਿੱਛੇ ਬੀਬੀ ਦੀ ਵੱਡੀ ਘਾਲ ਕਮਾਈ ਦੀ ਵਿਰਾਸਤ ਹੈ। ਬੀਬੀ ਨੂੰ ਪਤੀ ਦੇ

ਬਿਹੰਗਮ ਸੁਭਾਉ ਕਾਰਨ ਸਹੁਰੇ ਪਿੰਡ ਖਟੜੇ ਤੋਂ ਛੋਟੇ ਛੋਟੇ ਬਾਲਾਂ ਨੂੰ ਉਂਗਲੀ ਲਾ ਕੇ ਪੇਕੇ ਘਰ, ਸ੍ਰੀ ਭੈਣੀ ਸਾਹਿਬ 30 ਕੁ ਸਾਲ ਦੀ ਉਮਰ ਵਿਚ ਆਉਣਾ ਪਿਆ। ਮਾਤਾ ਅਤੇ ਪਿਤਾ ਦਾ ਸਾਥ ਇੱਥੇ ਉਹ 2-3 ਸਾਲ ਮਸਾਂ ਮਾਣ ਸੱਕੀ। ਦਾਦੀ ਦਾਦਾ ਵੀ ਛੇਤੀ ਹੀ ਛੱਡ ਗਏ। ਨਜ਼ਰਬੰਦੀ ਦਾ ਜੀਵਨ, ਗੁਰੂ ਪਰਵਾਰ ਦੀ ਮਾਣ ਮਰਿਆਦਾ ਬਹਾਲ ਰੱਖਣ ਲਈ ਕਠਿਨ ਘਾਲਣਾ ਘਾਲਣੀਂ, ਪਿਓ-ਵਾਹਰੇ ਬੱਚਿਆਂ ਦੇ ਕੁਰਾਹੇ ਪੈ ਜਾਣ ਦਾ ਵੱਢ ਵੱਢ ਖਾਂਦਾ ਫ਼ਿਕਰ, ਗੁਰੂ ਹਰੀ ਸਿੰਘ ਵੀ ਘਰ ਵਿਚ ਨਜ਼ਰਬੰਦ, ਪੱਤਾ-ਪੱਤਾ ਕੂਕਿਆਂ ਦਾ ਵੈਰੀ, ਇਸ ਮਾਹੌਲ ਵਿਚ ਬੀਬੀ ਦੇ ਸੁਭਾ ਵਿਚ ਕੁਝ ਖਰ੍ਹਵਾਪਣ ਆ ਜਾਣਾ ਗੈਰ-ਕੁਦਰਤੀ ਨਹੀਂ ਸੀ। ਪਰ ਉਸ ਦਾ ਹਿਰਦਾ, ਸਮੁੱਚੇ ਕੂਕਿਆਂ ਅਤੇ ਸਰਕਾਰ ਦੇ ਬਾਗੀਆਂ ਲਈ ਧੜਕਦਾ ਸੀ। ਉਹ ਬਹੁਤ ਵਡੇ ਬਾਪ ਦੀ ਬਹੁਤ ਵੱਡੀ ਪੁੱਤਰੀ ਸੀ, ਜਿਸ ਨੂੰ ਜ਼ਾਲਮਾਂ ਨੇ ਉਸ ਤੋਂ ਵਿਛੋੜ ਲਿਆ ਸੀ। ਬੀਬੀ ਨੰਦਾਂ ਦੀ ਵੱਡੀ ਕਰਨੀ ਅੱਗੇ ਸਾਡਾ ਸਿਰ ਝੁਕਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ ਸਫ਼ਾ 66
2. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ, (ਸੰ. ਜਸਵਿੰਦਰ ਸਿੰਘ), ਸਫ਼ਾ 142
3. ਉਪਰੋਕਤ, ਸਫ਼ਾ 45
4. ਜਸਵਿੰਦਰ ਸਿੰਘ (ਸੰ.) ਕੂਕਾਜ਼ ਆਫ ਨੋਟ ਇਨ ਦਾ ਪੰਜਾਬ 1881, ਸਫ਼ਾ 16-17
5. ਬਾਹੋਵਾਲ, ਭਾਗ ਪਹਿਲਾ, ਸਫ਼ਾ 275
6. ਉਪਰੋਕਤ, ਸਫ਼ਾ 153
7. ਉਪਰੋਕਤ, ਸਫ਼ਾ 169
8. ਉਪਰੋਕਤ, ਸਫ਼ਾ 195
9. ਉਪਰੋਕਤ, ਸਫ਼ਾ 201
10. ਉਪਰੋਕਤ, ਸਫ਼ਾ 207
11. ਉਹੀ, ਸਫਾ 280
12. ਬਿਸ਼ਨ ਸਿੰਘ ਹਿਸਟੋਰੀਅਨ, ਸਫ਼ਾ 66

13. ਸ੍ਰ. ਨਾਹਰ ਸਿੰਘ ਐਮ.ਏ., ਨਾਮਧਾਰੀ ਇਤਿਹਾਸ, (ਸੰ. ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ), ਛਾਪ ਦੂਜੀ, ਸਫ਼ਾ 182-83
14. ਉਹੀ, ਸਫ਼ਾ 225-27
15. ਨਾਹਰ ਸਿੰਘ ਕ੍ਰਿਪਾਲ ਸਿੰਘ, (ਦਸਤਾਵੇਜ਼), ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਸਫ਼ਾ 553
16. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ (ਸੰ. ਜਸਵਿੰਦਰ ਸਿੰਘ), ਸਫ਼ਾ 69
17. ਉਹੀ, ਸਫ਼ਾ 74
18. ਉਹੀ, ਸਫ਼ਾ 82
19. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰ. ਜਸਵਿੰਦਰ ਸਿੰਘ), ਪਹਿਲੀ ਛਾਪ, ਸਫ਼ਾ 193-94
20. ਬਿਸ਼ਨ ਸਿੰਘ ਹਿਸਟੋਰੀਅਨ, ਨਾਮਧਾਰੀ ਦੇਵੀਆਂ, ਸਫ਼ਾ 67
21. ਹੁਕਮਨਾਮੇ, ਸਫ਼ਾ 217-18
22. ਉਹੀ, ਸਫ਼ਾ 242
23. ਉਹੀ, ਸਫ਼ਾ 250-52
24. ਉਹੀ,ਸਫਾ 275-77
25. ਉਹੀ,ਹੁਕਮਨਾਮਾ ਨੰ: 50, ਸਫ਼ਾ 409-11
26. ਉਹੀ,ਹੁਕਮਨਾਮਾ ਨੰ: 56, ਸਫ਼ਾ 446
27. ਉਹੀ, ਹੁਕਮਨਾਮਾ ਨੰ: 63, ਸਫ਼ਾ 516-23
28. ਉਹੀ,ਹੁਕਮਨਾਮਾ ਨੰ: 65, ਸਫ਼ਾ 537
29. ਸੂਰਤ ਸਿੰਘ ਖ਼ਾਲਸਾ, ਸਤਿਜੁਗ ਸ੍ਰੀ ਭੈਣੀ ਸਾਹਿਬ ਦਾ ਬਸੰਤ ਅੰਕ, 22 ਮਾਘ 1986 ਬਿ. ਲੇਖ, ਸ੍ਰੀ ਰਾਮ ਸਿੰਘ ਜੀ ਮਹਾਰਾਜ ਅਤੇ ਸੌ ਸਾਖੀ, ਸਫ਼ਾ 108-09
30. ਵੈਦਯ ਸੂਰਤ ਸਿੰਘ ਜੀ ਖਾਲਸਾ, ਸਤਿ ਨਾਮ ਕੇ ਦਾਤੇ, ਕਵਿਤਾ, ਸਤਿਜੁਗ ਸ੍ਰੀ ਭੈਣੀ ਸਾਹਿਬ ਦਾ ਬਸੰਤ ਅੰਕ, 12 ਮਾਘ 1987 ਬਿ., ਸਫ਼ਾ 63
31. ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ, ਸਫ਼ਾ 152
32. ਉਪਰੋਕਤ, ਸਫ਼ਾ 203
33. ਉਹੀ, ਸਫ਼ਾ 206
34. ਉਹੀ, ਸਫ਼ਾ 236

35. ਜਸਵਿੰਦਰ ਸਿੰਘ (ਸੰ.), ਕੂਕਾ ਮੂਵਮੈਂਟ, ਫਰੀਡਮ ਸਟ੍ਰਗਲ ਇਨ ਪੰਜਾਬ (ਦਸਤਾਵੇਜ਼), ਸਫ਼ਾ 55
36. ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਸਫਾ 197
37. ਬਿਸ਼ਨ ਸਿੰਘ ਹਿਸਟੋਰੀਅਨ, ਸਫਾ 67
38. ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ 5, ਸਫਾ 249
39. ਸੂਬਾ ਸੁਰਿੰਦਰ ਕੌਰ ਖਰਲ-ਬੰਸਾਵਲੀ, ਸਤਿਗੁਰੂ ਰਾਮ ਸਿੰਘ ਜੀ, ਸਫ਼ਾ 43

❊

# ਜਗਤ ਮਾਤਾ ਫ਼ਤਹਿ ਕੌਰ ਜੀ

ਜੀਵਨ-ਮੁਕਤ, ਜਗਤ-ਮਾਤਾ ਫ਼ਤਹਿ ਕੌਰ ਜੀ ਦਾ ਜਨਮ 1862 ਈ. ਵਿੱਚ, ਬਾਬਾ ਖੁਸ਼ਹਾਲ ਸਿੰਘ ਅਤੇ ਮਾਤਾ ਭਾਗ ਭਰੀ ਦੇ ਘਰ, ਪਿੰਡ ਥਰਾਜ (ਜ਼ਿਲ੍ਹਾ ਸਿਰਸਾ ਹੁਣ ਹਰਿਆਣਾ) ਵਿਖੇ ਹੋਇਆ।[1] ਜਗਤ- ਮਾਤਾ ਜੀਵਨ ਕੌਰ ਜੀ ਆਪ ਦੇ ਵੱਡੇ ਭੈਣ ਜੀ ਸਨ, ਇਹਨਾਂ ਤੋਂ ਇਹ ਦੋ ਸਾਲ ਛੋਟੇ ਸਨ। ਮਾਤਾ ਭਾਗ ਭਰੀ ਦਾ ਪੇਕਾ ਪਿੰਡ ਗਿੱਲ, ਰਿਆਸਤ ਨਾਭਾ ਸੀ। ਅੱਜ ਕੱਲ੍ਹ ਇਸਦਾ ਜ਼ਿਲ੍ਹਾ ਬਠਿੰਡਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸੇ ਦੇ ਪਰਚਾਰ ਹਿੱਤ, ਮਾਲਵੇ ਦਾ ਦੌਰਾ ਕਰਦਿਆਂ, ਇਸ ਨਗਰ ਵਿੱਚ ਦਰਸ਼ਨ ਦਿੱਤੇ ਸਨ ਤਾਂ ਆਪ ਦੇ ਬਾਈ ਸੂਬਿਆਂ ਵਿੱਚੋਂ ਇੱਕ ਸੂਬਾ ਨਰਾਇਣ ਸਿੰਘ ਜੀ ਖਟੜਿਆਂ (ਲੁਧਿਆਣਾ) ਵਾਲਿਆਂ ਤੋਂ ਮਾਤਾ ਭਾਗ ਭਰੀ ਨੇ ਨਾਮ ਦੀ ਦਾਤ ਹਾਸਲ ਕੀਤੀ ਸੀ। ਬਾਬਾ ਖੁਸ਼ਹਾਲ ਸਿੰਘ ਨੇ 1868 ਈ. ਦੀ ਮਾਘੀ ਦੇ ਮੇਲੇ ਤੇ ਮੁਕਤਸਰ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਪਹਿਲੀ ਵੇਰ ਦਰਸ਼ਨ ਕੀਤੇ ਅਤੇ ਉੱਥੋਂ ਹੀ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ। ਸੰਨ 1871 ਈ. ਦੇ ਪਹਿਲੇ ਅੱਧ ਤੱਕ ਸਤਿਗੁਰੂ ਜੀ ਨੇ ਆਪ ਨੂੰ ਵੀ ਸੂਬਾ ਪਦਵੀ ਨਾਲ ਨਿਵਾਜ਼ ਦਿੱਤਾ ਸੀ। ਸੰਤਾਨ ਦੇ ਤੌਰ ਤੇ ਖੁਸ਼ਹਾਲ ਸਿੰਘ ਜੋੜੇ ਦੀਆਂ ਉਪਰ ਵਰਣਿਤ ਦੋਹਾਂ ਪੁੱਤਰੀਆਂ ਤੋਂ ਬਿਨਾਂ ਚੂਹੜ ਸਿੰਘ ਨਾਮ ਦਾ ਇੱਕ ਪੁੱਤਰ ਵੀ ਸੀ। ਸੂਬਾ ਖੁਸ਼ਹਾਲ ਸਿੰਘ ਸਰਕਾਰੀ ਰੀਕਾਰਡ ਅਨੁਸਾਰ ਨਾਭਾ, ਜੀਂਦ ਅਤੇ ਪਟਿਆਲਾ ਰਿਆਸਤ ਦੇ ਕੂਕਿਆਂ ਨਾਲ ਸੁਖਾਵੇਂ ਸਬੰਧ ਰੱਖਣ ਵਾਲਾ, ਮਿੱਠ ਬੋਲੜਾ, ਹਲੀਮ ਸੁਭਾਉ ਅਤੇ ਦਾਨਸ਼ੀਲ ਵਿਅਕਤੀ ਦੇ ਤੌਰ ਤੇ ਆਲੇ ਦੁਆਲੇ ਵਿੱਚ ਜਾਣਿਆ ਜਾਂਦਾ ਸੀ।[2]

ਮਾਤਾ ਫ਼ਤਿਹ ਕੌਰ ਜੀ ਦੀ ਉਮਰ 6 ਕੁ ਸਾਲ ਦੀ ਸੀ, ਜਦੋਂ ਪਿਤਾ ਬਾਬਾ ਖੁਸ਼ਹਾਲ ਸਿੰਘ ਹੋਰਾਂ ਨਾਲ, ਦੋਹਾਂ ਭੈਣਾਂ ਨੇ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਜਦੋਂ ਬਾਬਾ ਜੀ ਨੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਕਿਹਾ- ਭਾਈ ਅਜੇ ਕਛਹਿਰਾ ਨਹੀਂ ਪਾਇਆ। ਉੱਤਰ ਦਿੱਤਾ, ਜੀ ਹੁਣੇ ਪਾ ਲੈਂਦਾ ਹਾਂ। ਫਿਰ ਫੁਰਮਾਇਆ- ਚੰਗਾ ਘਰ ਜਾ ਕੇ ਪਾ ਲਵੀਂ। ਉਪਰੰਤ ਸਤਿਗੁਰੂ ਜੀ ਨੇ (ਸੂਬਾ) ਮਲੂਕ ਸਿੰਘ ਜੀ ਮਲਵਈ (ਫੂਲੇਵਾਲ- ਮੁਕਤਸਰ) ਨੂੰ ਬਾਬਾ ਜੀ ਨਾਲ ਥਰਾਜ ਭੇਜਿਆ। ਸੂਬਾ ਮਲੂਕ ਸਿੰਘ ਜੀ ਨਾਲ 30 40 ਸਿੰਘ ਹਮੇਸ਼ਾਂ ਰਹਿੰਦੇ ਸਨ। ਥਰਾਜ ਸ੍ਰੀ ਭੈਣੀ ਸਾਹਿਬ ਤੋਂ ਕੋਈ 200 ਕਿਲੋਮੀਟਰ ਦੇ ਫਾਸਲੇ ਤੇ ਹੈ ਅਤੇ ਉਦੋਂ ਸਿੰਘ

ਪੈਦਲ ਹੀ ਆਇਆ ਜਾਇਆ ਕਰਦੇ ਸਨ। ਇਸ ਤਰ੍ਹਾਂ ਪਿੰਡ ਤੱਕ ਆਉਂਦਿਆਂ ਇਹ ਜੱਥਾ ਜਿਸ ਵੀ ਪਿੰਡ ਵਿੱਚ ਰਾਤ ਕੱਟਦਾ, ਉੱਥੇ ਦੀਵਾਨ ਲਾਉਂਦੇ, ਸ਼ਬਦ ਕੀਰਤਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਕੌਮੀ ਮੁਕਤੀ ਦੇ ਮਿਸ਼ਨ ਦਾ ਪਰਚਾਰ ਕਰਦੇ। ਲੋਕਾਂ ਨੂੰ ਚੋਰੀ, ਯਾਰੀ, ਮਾਸ, ਸ਼ਰਾਬ ਅਤੇ ਹੋਰ ਨਸ਼ਿਆਂ, ਐਬਾਂ ਤੋਂ ਬਚਣ ਦੀ ਸਿੱਖਿਆ ਦਿੰਦੇ। ਬਾਬਾ ਖੁਸ਼ਹਾਲ ਸਿੰਘ ਜੀ ਨੂੰ ਤੁਰਨ ਲੱਗੇ ਨੂੰ ਸਤਿਗੁਰੂ ਜੀ ਨੇ ਕਿਹਾ ਸੀ ਭਾਈ ਭਜਨ ਕਰਿਆ ਕਰ ਅਤੇ ਭਜਨ ਦੇ ਵੀ ਦਿਆ ਕਰ।ਉਸ ਕਿਹਾ ਜੀ ਮੈਂ ਤਾਂ ਇੱਥੋਂ ਬਹੁਤ ਦੂਰ ਇੱਕ ਸਿਰੇ ਤੇ ਬੈਠਾ ਹਾਂ। ਹਜ਼ੂਰ ਫੁਰਮਾਇਆ- ਭਾਈ ਮਤੀਰੇ ਦੀ ਵੇਲ ਨੂੰ ਸਿਰੇ ਤੇ ਹੀ ਵੱਡਾ ਹਦਵਾਣਾ ਲੱਗਦਾ ਹੈ।[3]

ਬਾਬਾ ਖੁਸ਼ਹਾਲ ਸਿੰਘ ਜੀ ਦੇ ਨਾਲ ਬਾਬਾ ਮਲੂਕ ਸਿੰਘ ਥਰਾਜ ਪੁੱਜ ਗਏ ਤਾਂ ਦੋਹਾਂ ਭੈਣਾਂ ਅਤੇ ਭਾਈ ਚੂਹੜ ਸਿੰਘ ਹੋਰਾਂ ਨੂੰ ਭਜਨ ਦੁਆ ਕੇ, ਸੋਧ ਰਖਾ ਦਿੱਤੀ। ਉਸ ਵੇਲੇ ਸੋਧੀ ਸਿੰਘ ਭੂਰਿਆਂ ਦੇ ਬਸਤਰ ਜਾਂ ਮੋਟਾ ਖੱਦਰ ਹੀ ਪਹਿਨਦੇ ਸਨ। ਭੂਰਿਆਂ ਦੇ ਚੋਲਿਆਂ ਵਿੱਚ ਲੰਗਰ ਕਰ ਕੇ ਫਿਰ ਇਹਨਾਂ ਨੂੰ ਕਿੱਲੀ ਤੇ ਟੰਗ ਦਿੰਦੇ ਤੇ ਖੱਦਰ ਦੇ ਕੱਪੜੇ ਗਲ ਪਾ ਲੈਂਦੇ। ਬਾਬਾ ਮਲੂਕ ਸਿੰਘ ਜੀ ਜਾਣ ਲੱਗੇ ਇੱਕ ਸੋਧਣ ਮਾਈ ਨੂੰ ਥਰਾਜ ਛੱਡ ਗਏ, ਉਸਨੇ ਛੇ ਮਹੀਨੇ ਉੱਥੇ ਰਹਿ ਕੇ, ਦੋਹਾਂ ਬੀਬੀਆਂ ਤੇ ਬਾਕੀ ਪਰਵਾਰ ਨੂੰ ਵੀ ਗੁਰਸਿੱਖ ਜੀਵਨ ਜਾਚ ਅਤੇ ਮਰਿਆਦਾ ਦੇ ਲੰਗਰ ਦੀਆਂ ਸਾਰੀਆਂ ਬਾਰੀਕੀਆਂ ਵਿੱਚ ਨਿਪੁੰਨ ਕਰ ਦਿੱਤਾ।

ਸੰਨ 1871 ਈ. ਦਾ ਹੋਲਾ ਮਹੱਲਾ ਸਤਿਗੁਰੂ ਜੀ ਨੇ ਅਨੰਦ ਮਰਿਆਦਾ ਸਥਾਪਿਤ ਕਰਨ ਵਾਲੇ ਪਿੰਡ ਖੋਟੇ (ਜ਼ਿਲ੍ਹਾ ਫੀਰੋਜ਼ਪੁਰ- ਹੁਣ ਮੋਗਾ) ਵਿਖੇ ਬੇਅੰਤ ਸੰਗਤਾਂ ਦੀ ਹਾਜਰੀ ਵਿੱਚ ਮਨਾਇਆ। ਉਪਰੰਤ ਮਾਲਵੇ ਦੇ ਹੋਰ ਨਗਰਾਂ ਵਿੱਚ ਦੌਰਾ ਕਰਦੇ ਹੋਏ, ਇੱਕ ਵੇਰ ਸਤਿਗੁਰੂ ਜੀ ਇਕੱਲੇ ਬਾਬਾ ਜੱਸਾ ਸਿੰਘ ਦੇ ਦਰਸ਼ਨਾਂ ਦੀ ਬੇਨਤੀ ਤੇ ਸ੍ਰੀ ਭੈਣੀ ਸਾਹਿਬ ਗਏ ਅਤੇ ਫਿਰ ਵਾਪਸ ਦੌਰੇ ਵਿੱਚ ਆ ਰਲੇ। ਪੁਰਾਤਨ ਇਤਿਹਾਸ ਮੁਤਾਬਿਕ, ਬਾਬਾ ਖੁਸ਼ਹਾਲ ਸਿੰਘ ਵੀ ਇਸ ਦੌਰੇ ਵਿੱਚ ਸਤਿਗੁਰੂ ਜੀ ਦੇ ਨਾਲ ਹੀ ਰਿਹਾ। ਸੰਨ 1871 ਅਪਰੈਲ ਮਹੀਨੇ ਦੀ ਵੈਸਾਖੀ ਤੇ ਸਤਿਗੁਰੂ ਜੀ ਦੇ ਸੰਗਤਾਂ ਸਮੇਤ ਦਮਦਮਾ ਸਾਹਿਬ (ਤਲਵੰਡੀ ਸਾਬੋ - ਬਠਿੰਡਾ) ਗੁਰਧਾਮ ਦੀ ਯਾਤਰਾ ਕੀਤੀ। ਵੈਸਾਖੀ ਦੇ ਮੇਲੇ ਦੇ ਭੋਗ ਬਾਅਦ "ਬਾਬੇ ਕੁਸ਼ਾਲ (ਖੁਸ਼ਹਾਲ) ਸਿੰਘ ਅਰਜ਼ ਕੀਤੀ- ਜੀ ਥਰਾਜ ਮੈ ਚਰਨ ਪਾਵੋ। ਬਾਬੇ ਕਾ ਬਚਨ ਮੰਨ ਕੇ ਅਰਦਾਸਾ ਕਰਕੇ ਤੁਰੇ। ਸੁਖਚੈਨ (ਪਿੰਡ - ਜ਼ਿਲ੍ਹਾ ਸਿਰਸਾ) ਮੈਂ ਪੜਾਉ ਕੀਤਾ। ਸਤਿਗੁਰੂ ਜੀ ਪਲੰਘ ਪਰ ਬਰਾਜੇ ਤੇ ਸਿੰਘ ਮੁੱਠੀਆਂ ਭਰਨ ਲਗੇ। ਜੋ ਚੋਬਰ (ਗੱਭਰੂ) ਲੋਕ ਥੇ ਸੋ ਆਪਸ ਮੈ ਕਹਿਣ ਅਸੀਂ

ਮੁੱਠੀਆਂ ਭਰਨ ਲਗੀਏ ਤਾਂ ਹੱਡੀਆਂ ਭੰਨ ਦੇਈਏ ਬੁੱਢੇ ਜੇਹੇ ਦੀਆਂ। ਚਾਰ ਸੀ। ਅੰਤਰਜਾਮੀ ਗੁਰੂ ਜੀ ਸੱਦ ਕੇ ਬਚਨ ਕੀਤਾ- ਭਰੋ ਮੁੱਠੀਆਂ। ਲੱਗੇ ਭਰਨ। ਸਾਰ (ਲੋਹੇ) ਦਾ ਸਰੀਰ ਕੀਤਾ। ਉਨ੍ਹਾਂ ਦੇ ਹੱਥ ਇਉਂ ਫਿਰਨ ਜਿਵੇਂ ਸਰਬ ਲੋਹ ਪਰ ਹੱਥ ਫਿਰਦਾ ਹੈ। ਗੁਰੂ ਜੀ ਬਚਨ ਕਰਨ- ਸਿੰਘ ਤਾਂ ਚੰਗੀਆਂ ਜੋਰਾਂ ਨਾਲ ਮੁੱਠੀਆਂ ਭਰਦੇ ਹੈਂ, ਏਨ੍ਹਾਂ ਕੇ ਹੱਥ ਐਵੇਂ ਹੀ ਫਿਰਦੇ ਮਾਲੂਮ ਹੁੰਦੇ ਹੈਂ। ਓਨਾਂ ਕੇ ਹੱਥ ਝੂਠੇ ਹੋਇ ਗਏ। ਸਾਹ ਸਤ ਨਾ ਰਿਹਾ। ਸਮਝਿਆ ਜੋ ਇਹ ਆਪ ਪਰਮੇਸ਼ਰ ਹੈ। ਫੇਰ ਬਚਨ ਹੋਇਆ- ਮੇਰੀਆਂ ਬਾਹਾਂ ਮੋਢਿਆਂ ਨਾਲ ਲਾਇ ਦੇਵੋ। ਸਾਰਾ ਜ਼ੋਰ ਲਾਇਆ। ਬਾਹਾਂ ਮੋੜ ਕੇ ਨਾ ਲਗੀਆਂ। ਗੁਰੂ ਜੀ ਝਟਕਾ ਮਾਰਿਆ- ਦੂਰ ਦੂਰ ਜਾਇ ਪਏ। ਬਚਨ ਹੋਇਆ- ਅੱਜ ਤੋੜੀਂ ਕਿਸੇ ਤੇ ਨਹੀਂ ਮੋੜ ਕੇ ਬਾਹਾਂ ਲੱਗੀਆਂ, ਤੁਸਾਂ ਥੀਂ ਕੀ ਲੱਗਣੀਆਂ ਹੈਨ ? ਤੁਸੀਂ ਮਾਸ ਖਾਣ ਵਾਲੇ ਹੋ, ਮੈਂ ਦਾਲ ਫੁਲਕਾ ਖਾਣ ਵਾਲਾ ਹਾਂ। ਤੁਸੀਂ ਮਾਸ ਛੱਡੋ। ਉਨ੍ਹਾਂ ਨੇ ਕਿਹਾ- ਜੀ ਅਸੀਂ ਤਾਂ ਝੂਠੇ ਜੀਵ ਐਵੇਂ ਝੂਠੀਆਂ ਗੱਲਾਂ ਕਰਦੇ ਹੈਂ।

"ਅਰਦਾਸਾ ਕਰ ਕੇ ਤੁਰੇ। ਅੱਗੇ ਥਰਾਜ ਕੇ ਲੋਕਾਂ ਕੇ ਦਿਲ ਮੇਂ ਹੋਈ ਜੇਕਰ ਗੁਰੂ ਹੈਨ ਤਾਂ ਆਪੇ ਹੀ ਘਰ ਆਇ ਜਾਣ। ਅੰਤਰਜਾਮੀ ਜੀ ਦਰਵਾਜੇ ਅੱਗੇ ਜਾਇ ਕਰ ਖੜ੍ਹੇ ਹੋਏ। ਸਿੰਘਾਂ ਘੋੜੀ ਫੜੀ ਤੇ ਪਲੰਘ ਪਰ ਹੋਇ ਕੇ ਦੀਦਾਰ ਦੇਣ ਲਗੇ। ਪਿੰਡ ਦੇ ਲੋਕ ਸੀਸ ਝੁਕਾਇ ਕੇ ਮੱਥਾ ਟੇਕਦੇ ਹੈਂ। ਬੜੀ ਖੁਸ਼ੀ ਹੋਈ ਕਿ ਸਾਡੇ ਘਰ ਗੁਰੂ ਬਾਰ੍ਹਵੇਂ ਜੀ ਮੂਰਤ ਧਾਰ ਕੇ ਆਇ ਹੈ। ਦਰਸ਼ਨ ਕੀਤਾ। ਲੋਕਾਂ ਨੂੰ ਏਤਨੀ ਮਾਲੂਮ ਹੋਈ ਕਿ ਠੀਕ ਅੰਤਰਜਾਮੀ ਹੈਂ। ਨੇੜੇ ਕੇ ਕੁਸੰਗੀ ਨੜੀ ਮਾਰ ਸੱਤ ਕੁ ਸਰੀਰ ਘਰ ਜਾਇਕੇ ਹੁੱਕਾ ਪੀਣ ਲੱਗੇ।ਅੰਤਰਜਾਮੀ ਗੁਰੂ ਜੀ..... ਜਿਸ ਜਗ੍ਹਾ ਹੁੱਕਾ ਪੀਂਦੇ ਸੇ ਓਥੇ ਉਨ੍ਹਾਂ ਦੇ ਸਿਰ ਪਰ ਜਾਇ ਖੜੇ ਹੋਏ। ਪਹਿਲੇ ਤਾਂ ਉਨ੍ਹਾਂ ਨੇ ਭੈ ਕੀਤਾ ਕਿ ਮਾਰਨਗੇ। ਕੋਲ ਜਾਇ ਕੇ ਬਚਨ ਕੀਤਾ ਉਨ੍ਹਾਂ ਨੂੰ- ਤੁਸੀਂ ਕਹਿਆ ਕੇ ਲੁਕ ਕੇ ਛੁੱਟ ਜਾਵਾਂਗੇ। ਤੁਸੀਂ ਡਰਦੇ ਲੁਕੇ ਸੇ। ਸੋ ਏਥੇ ਭੀ ਧੁਆਨੂੰ ਲੱਭ ਲਿਆ ਹੈ। ਉਨ੍ਹਾਂ ਨੇ ਹੁੱਕਾ ਪੀਣਾ ਈ ਬਖਸ਼ਾਇਆ। ਬਚਨ ਹੋਇਆ- ਹੁੱਕਾ ਨਾ ਪੀਵੋ, ਧੁਆਨੂੰ ਸਜਦਾ ਨਹੀਂ ਹੈ। ਤਲਾਉ ਪਰ ਲੰਗਰ ਹੋਣ ਲੱਗਾ। ਪਿੰਡ ਮੈਂ ਬਾਹਰ ਅੰਦਰ ਸਿੰਘ ਹੀ ਸਿੰਘ ਦਿਸਦੇ ਹੈਂ। ਦੀਵਾਨ ਲੱਗਾ ਤੇ ਲੋਕ ਸੁਣ ਸੁਣ ਕੇ ਦੂਰੋਂ ਆਏ। ਸਿੰਘ ਤੇ ਸੂਬੇ ਬੈਠੇ ਹੈਂ। ਰਾਗੀ ਕੀਰਤਨ ਕਰਨ ਲੱਗੇ। ਦੂਰੋਂ ਹੀ ਦੀਦਾਰ ਹੁੰਦਾ ਹੈ ਲੰਬੀ ਗਰਦਨ ਵਾਲੇ ਕਾ। ਸ੍ਰੀ ਸਤਿਗੁਰੂ ਜੀ ਕੇਹਰ (ਸ਼ੇਰ) ਕੀ ਨਿਆਈਂ ਬੈਠੇ ਹੈਂ। ਸੋਦਰ ਪੜ੍ਹਿਆ, ਅਰਦਾਸਾ ਕੀਤਾ, ਜੈਕਾਰਾ ਗਜਾਇਆ।

"ਇੱਕ ਹੋਰ ਢਿੱਲਾ ਜਿਹਾ ਸਿੱਖ ਸੀ। ਉਸਨੇ ਸੰਕਲਪ ਕੀਤਾ ਜੇਕਰ ਮੇਰੇ

ਘਰ ਅੰਦਰ ਚੱਲ ਬੈਠਣ ਤਾਂ ਮੈਂ ਭਜਨ ਲਵਾਂ। ਅੰਤਰਜਾਮੀ ਜੀ ਆਪੇ ਈ ਉਸਦੇ ਘਰ ਅੰਦਰ ਜਾਇ ਬੈਠੇ। ਉਸਨੇ ਭਜਨ ਲਿਆ ਸਿੰਘ ਸਜਿਆ। ਲੋਕ ਕਹਿੰਦੇ ਹੈਂ- ਧੰਨ ਗੁਰੂ ਅੰਤਰਜਾਮੀ ਹੈਂ।

"ਪ੍ਰਸ਼ਾਦਿ ਛਕਿਆ। ਕੜਾਹ ਪ੍ਰਸ਼ਾਦਿ ਬਹੁਤ ਹੀ ਬਚਿਆ। ਰਾਤ ਸ਼ਬਦ ਢੋਲਕੀ ਦਾ ਹੋਇਆ।

"ਜਿਥੇ ਕੀਆਂ ਹੈਨ ਓਥੇ ਹੀ ਜਾਣਗੀਆਂ

"ਸਵਾ ਪਹਿਰ ਨਾਲ ਇਸ਼ਨਾਨ ਕਰਕੇ ਆਸਾ ਕੀ ਵਾਰ ਲਗਣੇ ਲਗੀ। ਹਵਨ ਹੋਣੇ ਲਗਾ। ਗ੍ਰੰਥ ਸਾਹਿਬ ਪ੍ਰਗਾਸਿਆ। 1928 (ਬਿਕ੍ਰਮੀ- ਮੁਤਾਬਿਕ ਅਪਰੈਲ 1871 ਈ.) ਮੈਂ ਫ਼ਤਹਿ ਕੌਰ ਤੇ ਜੀਵਨ ਕੌਰ ਦੋਨਾਂ ਦੇ ਅਨੰਦ ਪੜ੍ਹੇ। ਜੇੜ੍ਹੀ ਦਾਤ ਸੀ ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਧਰੀ। ਬਾਬੇ ਜੀ (ਖੁਸ਼ਹਾਲ ਸਿੰਘ) ਕਿਹਾ- ਜਿਸ ਕੀ ਦਾਤ ਹੈ ਤਿਸ ਕੇ ਆਗੇ ਧਰੀ ਹੈ। ਲੜਕੇ ਵਾਲੇ (ਪਿੰਡ ਅਬਲੂ-ਬਠਿੰਡਾ) ਦਿਲ ਵਿੱਚ ਨਰਾਜ਼ ਹੋਏ ਕਿ ਅਸੀਂ ਖਾਲੀ ਜਾਵਾਂਗੇ? ਦਾਤ (ਦਹੇਜ ਦਾ ਸਮਾਨ) ਤਾਂ ਸਾਡੀ ਸੀ। ਬਾਬੇ ਨੇ ਕਹਾ ਕਿ ਦਾਤ ਗੁਰੂ ਕੀ ਹੈ। ਗੁਰੂ ਜੀ ਬਚਨ ਕੀਤਾ- ਦੇਖਾਂ ਅਬਲੂ ਬਧੇ ਕਿ ਗੁਰੂ ਬਧੇ। ਬਾਬੇ ਕੁਸ਼ਾਲ ਸਿੰਘ ਕਹਾ ਕਿ ਭਾਈ ਜੇਕਰ ਤੁਸੀਂ ਗੁਰੂ ਕੀ ਰੀਤੀ ਰੱਖੋਗੇ ਤਾਂ ਅਸੀਂ ਕੁੜੀਆਂ ਭੇਜ ਦਿਆਂਗੇ। ਜੇਕਰ ਨਾ ਰੀਤੀ ਰੱਖੀ ਤਾਂ ਨਾਂ ਭੇਜਾਂਗੇ ਕੁੜੀਆਂ। ਸਾਡਾ ਸਾਕ ਨਾਤਾ ਸਿੱਖੀ ਦਾ ਹੈ। ਧਰਮ ਕਾ ਸਾਕ ਹੈ। ਉਨ੍ਹਾਂ ਨੇ ਨਾਂ ਰੀਤੀ ਰੱਖੀ ਔਰ ਨਾ ਮਨਜ਼ੂਰ ਕੀਤੀ। ਬਾਬਾ ਜੀ ਲੜਕੀਆਂ ਨਾ ਭੇਜੀਆਂ। ਅੰਤਰਜਾਮੀ ਜੀ ਬਚਨ ਕੀਤਾ- ਏਹ ਨਹੀਂ ਸਮਝਣਾ ਜੋ ਅਨੰਦ ਪੜਾਏ ਹੈਨ। ਏਨ੍ਹਾਂ ਨੂੰ ਭਾਈ ਤੂੰ ਕੁਆਰੀਆਂ ਹੀ ਸਮਝ। ਜਿੱਥੇ ਕੀਆਂ ਹੈਨ, ਓਥੇ ਹੀ ਜਾਣਗੀਆਂ।[4]

ਸੰਨ 1871 ਈ. ਤੋਂ ਬਾਅਦ ਘਟਨਾਕ੍ਰਮ ਕੁਝ ਇਤਨੀ ਤੇਜ਼ੀ ਨਾਲ ਵਾਪਰਿਆ ਕਿ ਅੰਗਰੇਜ਼ ਸਰਕਾਰ ਦੁਆਰਾ ਹਿੰਦੂਆਂ-ਸਿੱਖਾਂ-ਮੁਸਲਮਾਨਾਂ ਵਿੱਚ ਲਗਾਤਾਰ ਫਿਰਕੂ ਤਣਾਉ ਭੜਕਾਉਣ ਲਈ ਅੰਮ੍ਰਿਤਸਰ, ਰਾਇਕੋਟ ਆਦਿ ਦੇ ਇਤਿਹਾਸਿਕ ਗੁਰਧਾਮਾਂ ਦੀ ਹਦੂਦ ਵਿੱਚ ਬੁੱਚੜਖਾਨੇ ਜਾਂ ਗਊ ਮਾਸ ਵੇਚਣ ਦੀਆਂ ਦੁਕਾਨਾਂ ਖੋਹਲ ਦਿੱਤੀਆਂ। ਉਹਨਾਂ ਦੀ ਇਸ ਸਾਜਿਸ਼ ਦਾ ਮੂੰਹ ਤੋੜ ਜੁਆਬ ਕੂਕੇ ਸੂਰਬੀਰਾਂ ਨੇ ਦਿੱਤਾ, ਬੁੱਚੜਖਾਨਿਆਂ ਤੇ ਹਥਿਆਰਬੰਦ ਹਮਲਿਆਂ ਦੁਆਰਾ। ਫਲਸਰੂਪ ਅੰਮ੍ਰਿਤਸਰ, ਰਾਇਕੋਟ ਅਤੇ ਲੁਧਿਆਣਾ ਦੇ ਕੂਕਾ ਸ਼ਹੀਦੀ ਸਾਕੇ 1871 ਈ. ਵਿੱਚ ਵਾਪਰੇ। ਇਹਨਾਂ ਸਾਰਿਆਂ ਦਾ ਮਿਲਵਾਂ ਤੇ ਬੱਝਵਾਂ ਪ੍ਰਤੀਕਰਮ ਕੂਕਾ ਮਸਤਾਨਾ ਦਲ ਵੱਲੋਂ ਮਲੇਰਕੋਟਲੇ ਦੇ ਨਿਕੰਮੇਂ ਪਰਸ਼ਾਸਨ ਤੇ ਵੱਡੇ ਹਮਲੇ ਦੇ ਰੂਪ ਵਿੱਚ

ਨਿਕਲਿਆ। ਪਹਿਲੇ ਸ਼ਹੀਦੀ ਸਾਕਿਆਂ ਵਿੱਚ ਤਾਂ ਸਿੰਘ ਫਾਂਸੀਆਂ ਤੇ ਲਟਕਾਏ ਗਏ ਅਤੇ ਕਾਲੇ ਪਾਣੀ ਭੇਜੇ ਗਏ। ਮਲੇਰਕੋਟਲੇ ਵਿੱਚ 17-18 ਜਨਵਰੀ 1872 ਨੂੰ 65 ਕੂਕੇ ਤੋਪਾਂ ਨਾਲ ਉਡਾ ਕੇ ਅਤੇ ਬਾਲਕ ਬਿਸ਼ਨ ਸਿੰਘ ਤਲਵਾਰ ਨਾਲ ਕੱਟ ਕੇ, ਸ਼ਹੀਦ ਕੀਤੇ ਗਏ। ਇਸੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਅਤੇ 11 ਮੁਖੀ ਕੂਕਿਆਂ ਨੂੰ ਪੰਜਾਬ ਤੋਂ ਬਾਹਰ ਜਲਾਵਤਨ ਕਰ ਦਿੱਤਾ। ਬਹੁਤ ਸਾਰੇ ਕੂਕਿਆਂ ਦੀਆਂ ਜ਼ਮੀਨਾਂ, ਜਾਇਦਾਦਾਂ ਜ਼ਬਤ ਕਰ ਕੇ ਘਰ ਬਾਰ ਵੀ ਸਰਕਾਰ ਨੇ ਢਾਹ ਦਿੱਤੇ ਚਾਰ ਤੋਂ ਵੱਧ ਕੂਕਿਆਂ ਦਾ ਇੱਕ ਥਾਂ ਤੇ ਇੱਕ ਸਮੇਂ ਇਕੱਠੇ ਹੋਣਾ ਅਪਰਾਧ ਸੀ। ਕੂਕਾ ਕੇਂਦਰ ਭੈਣੀ ਸਾਹਿਬ ਦੇ ਬੂਹੇ ਅੱਗੇ 24 ਘੰਟਿਆਂ ਲਈ ਪੁਲੀਸ ਚੌਂਕੀ ਤਾਇਨਾਤ ਕਰ ਦਿੱਤੀ। ਪੰਜ ਕੂਕਿਆਂ ਨੂੰ ਸਿਰਫ ਅੱਠਾਂ ਪਹਿਰਾਂ ਲਈ ਆਪਣੇ ਗੁਰਧਾਮ ਦੀ ਯਾਤਰਾ ਕਰਨ ਦੀ ਇਜ਼ਾਜ਼ਤ, 6 ਮਹੀਨਿਆਂ ਵਿੱਚ ਸਿਰਫ ਇਕ ਵੇਰ ਦਿੱਤੀ ਜਾਂਦੀ ਸੀ। ਪਿੰਡਾਂ ਵਿੱਚ ਜਾਂ ਸ਼ਹਿਰਾਂ ਕਸਬਿਆਂ ਵਿੱਚ ਰਹਿਣ ਵਾਲੇ ਕੂਕਿਆਂ ਤੇ ਵੀ ਜ਼ਰਾਇਮ ਪੇਸ਼ਾ ਕਬੀਲੇ ਦੇ ਲੋਕਾਂ ਜਿਉਂ, ਪੁਲੀਸ ਨਿਗਰਾਨੀ ਰੱਖੀ ਜਾਂਦੀ ਸੀ। ਉਹਨਾਂ ਨੂੰ ਆਪਣੇ ਪਿੰਡ ਜਾਂ ਮੁਹੱਲੇ, ਕਸਬੇ ਦੀ ਜੂਹ ਵਿੱਚੋਂ ਬਾਹਰ ਜਾਣ ਤੇ ਵੀ ਅਧਿਕਾਰੀਆਂ ਨੂੰ ਇਤਲਾਹ ਦੇਣੀ ਹੁੰਦੀ ਸੀ ਅਤੇ ਉਹਨਾਂ ਪਾਸ ਬਾਹਰੋਂ ਆਏ ਕਿਸੇ ਕੂਕੇ ਦੀ ਸੂਚਨਾ ਪ੍ਰਸ਼ਾਸਨ ਨੂੰ ਦੇਣੀ ਜ਼ਰੂਰੀ ਸੀ। ਬਾਬਾ ਖੁਸ਼ਹਾਲ ਸਿੰਘ ਤਾਂ ਸਤਿਗੁਰੂ ਜੀ ਦਾ ਇੱਕ ਮਹੱਤਵਪੂਰਨ ਸੂਬਾ ਸੀ। ਉਸਨੂੰ ਪੰਜਾਬ ਪੁਲੀਸ ਨੇ ਗ੍ਰਿਫਤਾਰ ਕਰ ਕੇ, ਸਿਰਸੇ ਦੀ ਜਿਹਲ ਵਿੱਚ ਡੱਕ ਦਿੱਤਾ ਸੀ ਕਿ ਇਹ 12 ਜਨਵਰੀ 1872 ਦੇ ਮਾਘੀ ਮੇਲੇ ਤੇ ਭੈਣੀ ਸਾਹਿਬ ਗਿਆ ਸੀ, ਇਸ ਦੋਸ਼ ਵਿੱਚ। ਪਟਿਆਲਾ ਪੁਲੀਸ ਨੇ ਉਸਦੇ ਪੁੱਤਰ ਚੂਹੜ ਸਿੰਘ ਨੂੰ ਇਹਨਾਂ ਦਿਨਾਂ ਵਿੱਚ ਗ੍ਰਿਫਤਾਰ ਕਰ ਲਿਆ ਸੀ, ਕੂਕਾ ਹੋਣ ਦੇ ਦੋਸ਼ ਵਿੱਚ।[5] ਇਹਨਾਂ ਸਭਨਾਂ ਕਾਰਨਾਂ ਕਰ ਕੇ, ਅਬਲੂ ਵਾਲੇ ਲੋਕਾਂ ਨੇ ਕੂਕਿਆਂ ਦੀ ਰਹੁ ਰੀਤ ਤਾਂ ਕੀ ਧਾਰਨ ਕਰਨੀ ਸੀ ਉਹ ਤਾਂ ਹੁਣ ਬਾਬਾ ਖੁਸ਼ਹਾਲ ਸਿੰਘ ਜਾਂ ਕਿਸੇ ਵੀ ਹੋਰ ਕੂਕੇ ਸਿੰਘ ਦੇ ਪ੍ਰਛਾਂਵੇਂ ਤੋਂ ਵੀ ਤਰਹਿੰਦੇ ਸਨ। ਉਹਨਾਂ ਦੇ ਮਨੋਭਾਵਾਂ ਨੂੰ ਸਮਝਦਿਆਂ ਬਾਬਾ ਖੁਸ਼ਹਾਲ ਸਿੰਘ ਹੋਰਾਂ ਨੇ ਵੀ ਲੜਕੀਆਂ ਲਈ ਇਹ ਰਿਸ਼ਤੇ ਨਾਂ ਪਰਵਾਨ ਕਰਨ ਦੀ ਸੂਚਨਾ, ਉਹਨਾਂ ਤੱਕ ਪੁਚਾ ਦਿੱਤੀ ਸੀ। ਸੋ ਦੋਹਾਂ ਭੈਣਾਂ ਦਾ ਸਮਾਂ ਘਰ ਵਿੱਚ ਨਾਮ ਬਾਣੀ ਪੜ੍ਹਦਿਆਂ ਜਾਂ ਆਈ ਗਈ ਸਾਧ ਸੰਗਤ ਦੀ ਸੇਵਾ ਵਿੱਚ ਬਤੀਤ ਹੋਣ ਲੱਗਾ।

1871 ਈ. ਦੀ ਵੈਸਾਖੀ ਤੋਂ ਬਾਅਦ ਜਦੋਂ ਸਤਿਗੁਰੂ ਜੀ ਮਾਲਵੇ ਦਾ ਦੌਰਾ ਕਰਦੇ ਹੋਏ ਪਿੱਥੋ ਪਹੁੰਚੇ (ਹੁਣ ਜ਼ਿਲ੍ਹਾ ਬਠਿੰਡਾ) ਤਾਂ ਇੱਥੇ ਬਾਬਾ ਖੁਸ਼ਹਾਲ ਸਿੰਘ ਜੀ ਵੀ ਸਮੇਤ ਪਰਵਾਰ ਦਰਸ਼ਨ ਕਰਨ ਲਈ ਗਏ ਸਨ। "ਮਾਤਾ

ਫ਼ਤਹਿ ਕੌਰ ਜੀ ਨੂੰ ਕਿਸੇ ਸਿੱਖ ਨੇ ਸਤਿਗੁਰਾਂ ਦੀ ਉਸਤਤ ਸਿਖਾ ਦਿੱਤੀ ਕਿ ਸੱਚੇ ਪਾਤਸ਼ਾਹ, ਤੇਰਾ ਸਰੂ ਜਿਹਾ ਕੱਦ ਹੈ, ਲੰਮੀ ਗਰਦਨ ਹੈ, ਅਜਾਨ ਬਾਹੂ ਹਨ, ਤਲਵਾਰ ਜੈਸਾ ਨੱਕ ਹੈ, ਸ਼ੇਰ ਜੈਸੀ ਕਮਰ ਹੈ– "ਆਦਿ", ਮਾਤਾ ਜੀ ਨੇ ਸਤਿਗੁਰਾਂ ਦੇ ਸਾਹਮਣੇ ਜਾ ਕੇ ਇਹ ਉਸਤਤ ਕੀਤੀ। ਦੀਨ ਦਿਆਲ ਜੀ ਨੇ ਆਪਣਾ ਰੁਮਾਲ ਗਲ ਵਿਚ ਪਾ ਕੇ ਅਜਿਹਾ ਵਟਣਾਂ ਚਾਹੜਿਆ ਕਿ ਅੱਖਾਂ ਦੇ ਆਨੇ ਬਾਹਰ ਆ ਗਏ। ਮਾਤਾ ਜੀ ਭਾਵੇਂ ਬਾਲ ਅਵਸਥਾ ਸਨ ਪਰ ਰੋਏ ਨਾ। ਸਤਿਗੁਰਾਂ ਕਿਹਾ– ਭਾਈ ਹੋਰ ਬੱਚਾ ਹੁੰਦਾਂ ਤਾਂ ਡਡਿਆਉਣ ਲੱਗ ਪੈਂਦਾ, ਪ੍ਰੰਤੂ ਇਹ ਦੇਵੀ ਹੈ, ਅਕਾਲ ਪੁਰਖ ਦੀ ਸ਼ਕਤੀ ਹੈ। ਉਪਰੰਤ, ਸਤਿਗੁਰਾਂ ਨੇ ਆਪ ਨੂੰ ਕਿਹਾ ਕਿ ਦੇਵੀ ਅੱਗੋਂ ਨੂੰ ਇਹ ਸਿਫਤ ਕਦੇ ਨਹੀਂ ਕਰਨੀ। ਹੁਣ ਜਦ ਮੇਰੇ ਕੋਲ ਆਵੇਂ ਤਾਂ ਬਾਣੀ ਕੰਠ ਕਰ ਕੇ ਲਿਆਵੀਂ। ਇਹ ਗੱਲ ਹਾੜ ਬਿ. 1928 ਮੁਤਾਬਿਕ ਜੂਨ 1871 ਈ. ਦੀ ਹੈ।

"ਉਪਰੰਤ ਮਾਤਾ ਜਿਊਣ ਕੌਰ ਹੋਰੀਂ ਅਤੇ ਮਾਤਾ ਫ਼ਤਹਿ ਕੌਰ ਜੀ ਆਪਣੇ ਪਿਤਾ ਨਾਲ ਸੰਮਤ 1928 ਦੀ ਮਾਘੀ ਨੂੰ (ਸ੍ਰੀ ਭੈਣੀ ਸਾਹਿਬ) ਆਏ । ਮਾਤਾ ਫ਼ਤਹਿ ਕੌਰ ਜੀ ਨੂੰ ਦਰਸ਼ਨ ਦੀ ਇਤਨੀ ਖਿੱਚ ਲੱਗੀ ਕਿ ਸਭ ਤੋਂ ਪਹਿਲਾਂ ਜਾ ਨਮਸਕਾਰ ਕੀਤੀ। ਜਦ ਪਿਤਾ ਜੀ ਆਏ ਤਾਂ ਸਤਿਗੁਰਾਂ ਕਿਹਾ– ਭਾਈ ਇਹ ਦੇਵੀ ਕਦੋਂ ਦੀ ਏਥੇ ਖੜ੍ਹੀ ਹੈ ? ਇਹ ਕਿਸ ਦੇ ਨਾਲ ਆਈ ਹੈ ? ਬਾਬਾ ਜੀ ਨੇ ਕਿਹਾ– ਸਾਥੋਂ ਪਹਿਲਾਂ ਹੀ ਦੌੜ ਆਈ ਹੈ। ਹੁਣ ਸਤਿਗੁਰ ਸੱਚੇ ਪਾਤਸ਼ਾਹ ਨੇ ਆਪਣੀ ਰਸਨਾ ਨਾਲ ਕਿਹਾ– ਦੇਵੀ! ਸ਼ਬਦ ਸੁਣਾ। ਮਾਤਾ ਜੀ ਨੇ ਇਹ ਸੁਣਾਇਆ–

ਤੁਧੁ ਧਿਆਇਨ੍ਹ ਬੇਦ ਕਤੇਬਾ ਸਣੁ ਖੜੇ।

ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ।

ਇਹ ਸਾਰਾ ਸ਼ਬਦ ਤੇ ਆਸਾ ਦੀ ਵਾਰ ਦਾ ਇਹ ਸ਼ਲੋਕ–

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥

ਸੁਣਾਇਆ। ਸ਼ਬਦ ਸੁਣ ਕੇ ਦੀਨ ਦਿਆਲ ਜੀ ਬਹੁਤ ਖੁਸ਼ ਹੋਏ। ਸਤਿਗੁਰਾਂ ਮਾਤਾ ਜੀ ਦੇ ਮਾਮੇ ਜਿਹਨੂੰ 'ਗੌਤਮ ਰਿਖੀ' ਕਹਿੰਦੇ ਸਨ, ਨੂੰ ਡੇਰਾ ਲੁਆਉਣ ਲਈ ਕਿਹਾ ਅਤੇ ਮਾਤਾ ਫ਼ਤਹਿ ਕੌਰ ਹੁਰਾਂ ਨੂੰ ਸੰਤਰੇ ਦਾ ਪ੍ਰਸ਼ਾਦ ਦਿੱਤਾ। ਸਤਿਗੁਰਾਂ ਨੇ ਆਪਣੀ ਪੁੱਤਰੀ, ਬੀਬੀ ਨੰਦਾ ਦਾ ਕਾਕਾ ਰੋਂਦਾ ਸੁਣ ਕੇ ਪੁੱਛਿਆ, ਇਹ ਕਿਉਂ ਰੋਂਦਾ ਹੈ ? ਬੀਬੀ ਜੀ ਨੇ ਕਿਹਾ– ਕਿਸੇ ਦੀ ਕੁੜੀ ਖਲੋਤੀ ਸੀ। ਉਸ ਤੋਂ ਸੰਤਰਾ ਲੈ ਕੇ ਦਿੱਤਾ ਸੀ। ਉਹ ਡਿੱਗ ਪੈਣ ਕਰ ਕੇ ਰੋਂਦਾ ਹੈ। ਸੱਚੇ ਪਾਤਸ਼ਾਹ ਨੇ ਕਿਹਾ– ਉਹ ਕੁੜੀ ਕਿਸੇ

ਦੀ ਨਹੀਂ, ਆਪਣੀ ਹੀ ਹੈ। ਦੂਜੇ ਦਿਨ ਬਾਬਾ ਖੁਸ਼ਹਾਲ ਸਿੰਘ ਜੀ ਇਕੱਲੇ ਹੀ ਦਰਸ਼ਨ ਕਰਨ ਗਏ। ਸਤਿਗੁਰ ਤਬੇਲੇ ਵਿੱਚ ਬੈਠੇ ਹੋਏ ਸਨ। ਮੱਥਾ ਟੇਕਿਆ ਤਾਂ ਕਿਹਾ ਕਿ ਅੱਜ ਦੇਵੀਆਂ ਨੂੰ ਕਿਉਂ ਨਹੀਂ ਲਿਆਏ। ਫਿਰ ਮਾਤਾ ਜੀ ਨੂੰ ਲਿਆ ਕੇ ਨਮਸਕਾਰ ਕਰਾਈ। ਚਾਰ ਦਿਨ ਰਹਿ ਕੇ ਜਦ ਥਰਾਜ ਨੂੰ ਚੱਲੇ ਤਾਂ ਬਾਬਾ ਜੀ ਨੇ ਅਰਜ਼ ਕੀਤੀ, ਜੀ ਮੈਂ ਹੁਣ ਬੱਚੀਆਂ ਨੂੰ ਘਰ ਕਿਵੇਂ ਲੈ ਕੇ ਜਾਊਂਗਾ। 80-85 ਕੋਹ ਬਾਟ ਹੈ, ਤੇ 'ਕੱਲਾ ਸਰੀਰ ਹਾਂ। ਸਤਿਗੁਰਾਂ ਨੇ ਕਿਹਾ ਕਿ ਭਾਈ ਚੁੱਪ ਕਰ ਕੇ ਚਲਿਆ ਜਾਂਵੀਂ, ਨਾ ਤੂੰ ਕਿਸੇ ਨੂੰ ਬੁਲਾਵੀਂ, ਨਾ ਕੋਈ ਤੈਨੂੰ ਬੁਲਾਊਗਾ। ਸੋ ਇਵੇਂ ਹੀ ਹੋਇਆ। ਏਹ ਬਾਰਤਾ ਉਦੋਂ ਦੀ ਹੈ, ਜਦੋਂ ਨਾਮਧਾਰੀ ਸ਼ਹੀਦਾਂ ਨੇ ਗਊ ਰੱਖਿਆ ਅਰਥ ਮਲੇਰਕੋਟਲੇ ਤੇ ਚੜ੍ਹਾਈ ਕੀਤੀ ਸੀ।[6]

ਜਨਵਰੀ 1875 ਈ. ਵਿੱਚ ਲੁਧਿਆਣਾ ਪੁਲੀਸ ਦੇ ਐਸ.ਪੀ. ਵਾਰਬਰਟਨ ਦੀ ਮੇਮ ਤੋਂ ਸਤਿਗੁਰੂ ਜੀ ਦੇ ਰੰਗੂਨ ਹੋਣ ਦੀ ਖ਼ਬਰ ਪਾ ਕੇ, ਪਹਿਲੀ ਵੇਰ ਬਾਬਾ ਦਰਬਾਰਾ ਸਿੰਘ ਗਰੇਵਾਲ, ਕਿਲਾ ਰਾਇਪੁਰ (ਲੁਧਿਆਣਾ) ਰੰਗੂਨ ਜਾ ਕੇ ਦਰਸ਼ਨ ਕਰ ਕੇ ਆਇਆ ਅਤੇ ਭਾਈ ਬੁੱਧ ਸਿੰਘ ਦਾ ਨਾਮ (ਗੁਰੂ) ਹਰੀ ਸਿੰਘ ਕਰ ਕੇ ਉਸਨੂੰ ਸਿਰ ਕਰਤਾ ਜਾਨਣ ਵਾਲਾ ਹੁਕਮਨਾਮਾ ਵੀ ਲਿਆਇਆ। ਦਰਬਾਰਾ ਸਿੰਘ ਹੱਥ, ਜ਼ੁਬਾਨੀ ਅਤੇ ਲਿਖਤੀ ਵੀ ਇਹ ਸੰਦੇਸ਼ ਸ੍ਰੀ ਭੈਣੀ ਸਾਹਿਬ ਅਤੇ ਪੰਜਾਬ ਦੀ ਸਮੂੰਹ ਸੰਗਤ ਵਾਸਤੇ ਲਿਆਂਦਾ ਕਿ ਸਤਿਗੁਰੂ ਜੀ ਸੰਗਤ ਨੂੰ ਵੱਧ ਤੋਂ ਵੱਧ ਸਾਧਾਰਨ ਅਤੇ ਅਖੰਡ ਪਾਠਾਂ ਦੇ ਭੋਗ ਪੁਆਉਣ ਲਈ ਆਖਦੇ ਹਨ।[7] ਇਸ ਤੇ ਗੁਰੂ ਹਰੀ ਸਿੰਘ ਜੀ ਨੇ ਇਸੇ ਸਾਲ 1875 ਵਿੱਚ ਪੰਜ ਅਖੰਡ ਪਾਠ ਸਰਕਾਰ ਤੋਂ ਚੋਰੀ ਸ੍ਰੀ ਭੈਣੀ ਸਾਹਿਬ ਕੀਤੇ। ਸੰਨ 1878 ਅਪਰੈਲ ਮਹੀਨੇ ਵੈਸਾਖੀ ਤੇ ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਤਲਵੰਡੀ ਸਾਬੋ, ਦਮਦਮਾ ਸਾਹਿਬ ਵਿਖੇ, ਪੰਜ ਅਖੰਡ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਕਰਵਾਏ। ਇਸ ਤੋਂ ਬਾਅਦ ਮਾਈਸਰਖਾਨੇ ਵਿੱਚੋਂ ਹੋ ਕੇ, ਬਾਬਾ ਖੁਸ਼ਹਾਲ ਸਿੰਘ ਗੁਰੂ ਹਰੀ ਸਿੰਘ ਜੀ ਨੂੰ ਆਪਣੇ ਪਿੰਡ ਥਰਾਜ ਵੀ ਲੈ ਗਿਆ ਸੀ।[8]

ਮਾਈਸਰਖਾਨਾ (ਪਹਿਲਾਂ ਰਿਆਸਤ ਪਟਿਆਲਾ, ਹੁਣ ਜ਼ਿਲ੍ਹਾ ਬਠਿੰਡਾ) ਵਿੱਚ ਮਾਈ ਅਤਰੀ ਨੇ ਵੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪਣੇ ਡੇਰੇ ਵਿੱਚ ਸਾਧਾਰਨ ਤੇ ਅਖੰਡ ਪਾਠਾਂ ਦਾ ਪ੍ਰਵਾਹ 1878-79 ਈ. ਵਿੱਚ ਜਾਰੀ ਕਰ ਦਿੱਤਾ ਸੀ। ਇਸ ਸਮੇਂ ਤੱਕ ਮਾਲਵੇ ਵਿੱਚ ਮਾਈਸਰਖਾਨਾ ਦਾ ਮਾਈ ਅਤਰੀ ਦਾ ਡੇਰਾ, ਇੱਕ ਕੂਕਾ ਕੇਂਦਰ ਵਜੋਂ ਵਿਕਸਿਤ ਹੋ ਚੁੱਕਾ ਸੀ। ਸਾਰੇ ਮਾਲਵੇ ਵਿੱਚ ਮਾਈ ਅਤਰੀ ਦੀ ਬਹੁਤ ਮਾਨਤਾ ਸੀ। ਬਾਬਾ

ਖੁਸ਼ਹਾਲ ਸਿੰਘ ਜੀ ਵੀ ਪਰਿਵਾਰ ਸਮੇਤ ਮਾਈ ਨਾਲ ਸਤਸੰਗ ਕਰਨ ਆਉਂਦੇ ਰਹਿੰਦੇ ਸਨ ਅਤੇ ਮਾਈ ਅਤਰੀ ਦੇ ਕਹਿਣ ਤੇ ਡੇਰੇ ਵਿੱਚ ਭਜਨ ਬਾਣੀ ਸੇਵਾ ਸਿਮਰਨ ਲਈ, ਉਹ ਆਪਣੀਆਂ ਦੋਹਾਂ ਪੁੱਤਰੀਆਂ ਨੂੰ ਮਾਈ ਦੇ ਡੇਰੇ ਵਿੱਚ ਛੱਡ ਗਏ। ਜਿੱਥੇ ਉਹ ਤਨੋਂ ਮਨੋਂ ਸੇਵਾ ਸਾਧਨਾ ਵਿੱਚ ਜੁਟੀਆਂ ਰਹਿੰਦੀਆਂ ਸਨ। ਡੇਰੇ ਵਿੱਚ ਦੋਵੇਂ ਮਾਤਾਵਾਂ 60-70 ਸਰੀਰਾਂ ਦਾ ਲੰਗਰ ਤਿਆਰ ਕਰਨ ਵਿੱਚ ਵੀ ਸਹਾਇਤਾ ਕਰਦੀਆਂ ਅਤੇ ਗੁਰਬਾਣੀ ਦਾ ਪਾਠ ਵੀ ਕਰਦੀਆਂ।[9]

ਮਾਰਚ 1881 ਈ. ਵਿੱਚ ਮਾਈ ਅਤਰੀ ਖਾਨੇ ਵਾਲੀ, ਭੇਸ ਬਦਲ ਕੇ ਇਕ ਰਥ ਤੇ ਸੁਆਰ ਹੋ ਕੇ ਲਾਟੋਂ ਦੀ ਢੱਕੀ ਵਿੱਚ ਆਈ। ਉਸ ਦੇ ਨਾਲ ਬਾਬਾ ਖੁਸ਼ਹਾਲ ਸਿੰਘ ਸਮੇਤ ਮਾਲਵੇ ਦੇ ਸਿਰਕਰਦਾ 4-5 ਦਰਜਨ ਸਿੰਘ ਸਿੰਘਣੀਆਂ ਵੀ ਸਨ। ਗੁਰੂ ਹਰੀ ਸਿੰਘ ਜੀ ਨੇ ਲਾਟੋਂ ਦਾਨਾ ਦੇ ਜੰਗਲ ਵਿੱਚ ਆ ਕੇ ਪੁਲੀਸ ਤੋਂ ਚੋਰੀ ਮਾਈ ਅਤਰੀ ਸਮੇਤ ਸਿੰਘਾਂ ਨੂੰ ਦਰਸ਼ਨ ਦਿੱਤਾ। ਬਾਅਦ ਵਿੱਚ ਲੁਧਿਆਣਾ ਦਾ ਐਸ.ਪੀ. ਵਾਰਬਰਟਨ ਅਤੇ ਹੋਰ ਅਧਿਕਾਰੀ ਮੁਖਬਰਾਂ ਦੀ ਸੂਹ ਤੇ ਲਾਟੋਂ ਪਹੁੰਚ ਗਏ। ਗੁਰੂ ਹਰੀ ਸਿੰਘ ਜੀ, ਭੈਣੀ ਸਾਹਿਬ ਦੇ ਸਿੰਘ ਅਤੇ ਜੱਥੇ ਵਿੱਚੋਂ ਵੀ ਕੁਝ ਕੁ ਜਣੇ ਇਧਰ ਉਧਰ ਹੋ ਗਏ। ਬੀਬੀ ਅਤਰੀ ਅਤੇ ਬਾਬਾ ਖੁਸ਼ਹਾਲ ਸਿੰਘ ਥਰਾਜ ਸਮੇਤ, 38 ਕੂਕਿਆਂ ਨੂੰ ਸਰਕਾਰ ਲੁਧਿਆਣੇ ਲੈ ਗਈ। ਕੋਈ ਦੋ ਹਫ਼ਤੇ ਬਾਅਦ ਅਤਰੀ ਨੂੰ ਭੈਣੀ ਸਾਹਿਬ ਨਾ ਆਉਣ ਦੀਆਂ ਸ਼ਰਤਾਂ ਤੇ ਰਿਹਾਈ ਮਿਲੀ। ਮਾਈ ਅਤਰ ਕੌਰ ਦੀਆਂ ਕੂਕਾ ਪੰਥਕ ਗਤੀਵਿਧੀਆਂ ਤੋਂ ਪਟਿਆਲਾ ਰਿਆਸਤ ਅਤੇ ਅੰਗਰੇਜ਼ ਸਰਕਾਰ ਅਕਸਰ ਪਰੇਸ਼ਾਨ ਰਹਿੰਦੀ। ਇਸ ਲਈ ਪੰਜਾਬ ਸਰਕਾਰ ਦੇ ਕਹਿਣ ਤੇ ਪਟਿਆਲੇ ਵਾਲਿਆਂ ਨੇ ਬੀਬੀ ਅਤਰ ਕੌਰ ਨੂੰ ਕੈਦ ਕਰ ਲਿਆ।

"ਖਾਨੇ ਵਾਲੀ ਅਤਰ ਕੌਰ ਕੋ ਖਾਨੇ ਸੇ ਪਟਿਆਲੇ ਮੈਂ ਲੈ ਗਏ, ਨਜ਼ਰਬੰਦ ਰੱਖੀ। ਫੇਰ ਬਹਾਦਰਗੜ੍ਹ ਕੇ ਕਿਲੇ ਮੇਂ ਰੱਖੀ। (ਗੁਰੂ) ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ। ਸਿੰਘ ਆਉਂਦੇ ਜਾਂਦੇ ਰਹੇ। ਜਦ ਹਾਕਮ ਨੇ ਪੁੱਛਣਾਂ ਤੂੰ ਕਿੱਥੇ ਰਹਿਣ ਮੇਂ ਰਾਜ਼ੀ ਹੈਂ ਆਖਣਾ ਕਿ ਮੈਂ ਭੈਣੀ ਸਾਹਿਬ ਰਹਾਂਗੀ, ਮੇਰਾ ਘਰ ਹੈ। ਬਹਾਦਰਗੜ੍ਹ ਤੀਨ ਬਰਸ ਰਹੀ। ਤਾਂ ਬਾਬਾ ਕੁਸ਼ਾਲ ਸਿੰਘ (ਥਰਾਜ) ਗਿਆ ਪਟਿਆਲੇ ਮੇਂ। ਨਾਲ ਮਾਈ ਜਿਊਣ ਕੌਰ, ਮਾਈ ਫ਼ਤਹਿ ਕੌਰ ਹੈਂ। ਗੰਡਾ ਸਿੰਘ ਬਖਸ਼ੀ ਨੇ ਰਿਹਾਈ ਕਰਵਾਇ ਦਿਤੀ ਕਹਾ ਕਿ ਜਹਾਂ ਤੁਮਾਰੀ ਰਜ਼ਾ ਹੈ ਤਹਾਂ ਰਹੋ ਫੇਰ ਖਾਨੇ ਨੂੰ ਗਈ। ਸੱਤ ਦਿਨ ਰਹਿ ਕੇ ਫੇਰ ਰਾਮਦਾਸਪੁਰ ਸਾਹਿਬ ਮੇਂ ਆਈ। ਨਾਲ ਮਾਈ ਫ਼ਤਹਿ ਕੌਰ ਤੇ ਜਿਊਣ ਕੌਰ ਕੋਈ ਕੁ ਦਿਨ ਰਹਿ ਕੇ ਮੁੜ ਗਈਆਂ ਥਰਾਜ ਨੂੰ।"

"ਕੋਈ ਕੁ ਦਿਨ ਠਹਿਰ ਕੇ ਖਾਨੇ ਵਾਲੀ ਨੇ ਅਰਜੀ ਦਿਤੀ ਫਰੰਗੀ ਕੋ ਕਿ ਮੇਰੀ ਸੇਵਾ ਵਾਸਤੇ ਜਿਊਣ ਕੌਰ ਤੇ ਫ਼ਤਹਿ ਕੌਰ ਚਾਹੀਏ ਫਰੰਗੀ ਨੇ ਕਹਾ ਕਿ ਹੋਰ ਜ਼ਨਾਨੇ ਬਹੁਤ ਹੈਂ ਗੁਰਦੇਈ ਹੈ ਉਸ ਸੇ ਕਰਵਾਇ ਲਵੋ ਸੇਵਾ। ਖਾਨੇ ਵਾਲੀ ਨੇ ਕਹਾ ਕਿ ਹੋਰ ਕੋ ਮੇਰੀ ਟੈਹਲ ਕਰਨੇ ਕੀ ਕੁਝ ਖ਼ਵਰ ਨਹੀਂ ਹੈ। ਓਹ ਮੇਰੀ ਟੈਹਲ ਨੂੰ ਜਾਣਦੀਆਂ ਹੈਂ, ਅੱਗੇ ਮੇਰੀ ਸੇਵਾ ਕਰਦੀਆਂ ਰਹੀਆਂ। ਫਰੰਗੀ ਨੇ ਹੁਕਮ ਦੀਆ ਕਿ ਮੰਗਵਾ ਲਵੋ।"[10]

ਇਹ ਸੰਨ 1886-87 ਈ. ਹੈ ਜਦੋਂ ਮਾਈ ਅਤਰੀ ਡੇਰਾ ਸ੍ਰੀ ਭੈਣੀ ਸਾਹਿਬ ਦੀ ਪ੍ਰਬੰਧ ਵਿਵਸਥਾ, ਗੁਰੂ ਹਰੀ ਸਿੰਘ ਜੀ ਦੀ ਨਿਗਰਾਨੀ ਹੇਠ ਵੇਖਦੀ ਸੀ। ਇਹਨਾਂ ਸਮਿਆਂ ਵਿੱਚ ਹੀ ਮਾਤਾ ਫ਼ਤਹਿ ਕੌਰ ਤੇ ਜੀਵਨ ਕੌਰ ਜੀ ਨੂੰ ਮਾਈ ਅਤਰੀ ਦੇ ਪਾਸ ਰਹਿ ਕੇ ਡੇਰੇ ਵਿੱਚ ਸੇਵਾ ਕਰਨ ਲਈ ਬਾਬਾ ਖੁਸ਼ਹਾਲ ਸਿੰਘ ਜੀ ਛੱਡ ਗਏ ਸਨ। ਗੁਰੂ ਹਰੀ ਸਿੰਘ ਜੀ ਦੇ ਪਹਿਲੇ ਮਹਿਲ, ਮਾਤਾ ਸਾਹਿਬ ਕੌਰ ਪਿੰਡ ਮਾਦਪੁਰ (ਲੁਧਿਆਣਾ) ਤੋਂ ਸਨ। ਉਹਨਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ ਅਤੇ ਦੋ ਪੁੱਤਰੀਆਂ ਬੀਬੀ ਭਾਗ ਕੌਰ ਤੇ ਮਤਾਬ ਕੌਰ ਨੂੰ ਜਨਮ ਦੇਣ ਅਤੇ ਉਹਨਾਂ ਦੀਆਂ ਸ਼ਾਦੀਆਂ ਵੇਲੇ ਦੇ ਰਿਵਾਜ ਅਨੁਸਾਰ ਛੋਟੀ ਉਮਰੇ ਕਰਨ ਬਾਅਦ, ਸੰਨ 1881 ਈ. ਤੱਕ, ਮਾਤਾ ਸਾਹਿਬ ਕੌਰ ਵੀ ਚਲਾਣਾ ਕਰ ਗਏ ਸਨ।

ਇਸ ਸਮੇਂ ਜਦੋਂ ਬਾਬਾ ਖੁਸ਼ਹਾਲ ਸਿੰਘ ਜੀ, ਆਪਣੀ ਸਿੰਘਣੀ ਦੇ ਭਰਾ ਹਰਨਾਮ ਸਿੰਘ ਗਿੱਲ (ਬਠਿੰਡਾ) ਨਾਲ ਭੈਣੀ ਸਾਹਿਬ ਆਏ ਸਨ, ਅਪਰੈਲ 1887 ਈ. ਵਿੱਚ, ਦੋਵੇਂ ਪੁੱਤਰੀਆਂ ਵੀ ਬਾਬਾ ਜੀ ਦੇ ਨਾਲ ਸਨ। ਦੋਹਾਂ ਮਾਤਾਵਾਂ ਨੇ ਬਚਪਨ ਵਿੱਚ ਗੁਰਮੁਖੀ ਵਿਦਿਆ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਮਾਮਾ ਹਰਨਾਮ ਸਿੰਘ ਤੋਂ ਹੀ ਪੜ੍ਹਨਾ ਸਿੱਖਿਆ ਸੀ, ਨਾਨਕੇ ਪਿੰਡ ਵਿੱਚ ਰਹਿ ਕੇ। ਉਪਰੋਕਤ ਦੋਹਾਂ ਸਿੰਘਾਂ ਤੋਂ ਇਲਾਵਾ ਭਾਈ ਭਗਵਾਨ ਸਿੰਘ ਪਿੱਥੋ, ਜਿਹਨੂੰ ਰੱਬ ਕਿਹਾ ਜਾਂਦਾ ਸੀ, ਇਹਨਾਂ ਸਿੰਘਾਂ ਦੇ ਨਾਲ ਸ਼ਾਮਲ ਸਨ।

ਭਾਈ ਨਰਾਇਣ ਸਿੰਘ ਜੀ ਰੋਡਿਆਂ ਵਾਲੇ ਅਤੇ ਮਹੰਤ ਬਿਸ਼ਨ ਸਿੰਘ ਜੀ ਲੱਲਾਂ ਵਾਲੇ ਆਦਿਕ ਇਹ ਸਾਰੇ ਸਿੰਘ, ਗੱਦੀ ਸਾਹਿਬ ਵਾਲੇ ਚੁਬਾਰੇ ਵਿਖੇ ਗਏ। ਇਹਨਾਂ ਵਿੱਚੋਂ ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਨੇ ਗੁਰੂ ਹਰੀ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਆਪ ਕਿਰਪਾ ਕਰ ਕੇ ਖੜੇ ਹੋ ਜਾਵੋ। ਸੰਗਤ ਸਾਰੀ ਅਰਜ਼ ਕਰਦੀ ਹੈ ਕਿ ਬਾਬਾ ਖੁਸ਼ਹਾਲ ਸਿੰਘ ਜੀ ਦੀਆਂ ਦੋਹਾਂ ਪੁੱਤਰੀਆਂ ਦਾ ਅਰਦਾਸਾ ਅਨੰਦ ਕਾਰਜਾਂ ਦਾ ਆਪ ਜੀ ਦੇ ਨਾਲ ਸੋਧਣਾ ਹੈ। ਬੇਨਤੀ ਪਰਵਾਨ ਕਰੋ। ਇਸ ਤਰ੍ਹਾਂ ਪਹਿਲੀ ਵੈਸਾਖ

1944 ਬਿ. ਮੁਤਾਬਿਕ ਵੈਸਾਖੀ 1887 ਈ. ਨੂੰ ਨਰਾਇਣ ਸਿੰਘ ਦੇ ਅਰਦਾਸਾ ਕਰਨ ਤੇ ਮਾਤਾ ਜੀਵਨ ਕੌਰ ਅਤੇ ਮਾਤਾ ਫ਼ਤਹਿ ਕੌਰ ਜੀ ਗੁਰੂ ਹਰੀ ਸਿੰਘ ਜੀ ਦੇ ਮਹਿਲਾਂ ਦੇ ਰੂਪ ਵਿੱਚ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਆ ਗਈਆਂ। ਇਸ ਸਮੇਂ ਮਾਤਾ ਜੀਊਣ ਕੌਰ ਜੀ 27 ਸਾਲ ਅਤੇ ਮਾਤਾ ਫ਼ਤਹਿ ਕੌਰ ਜੀ 25 ਵਰ੍ਹਿਆਂ ਦੇ ਸਨ। ? ਬਾਬਾ ਖੁਸ਼ਹਾਲ ਸਿੰਘ ਹੋਰਾਂ ਨੇ ਇਸ ਸਮੇਂ ਦੋਹਾਂ ਪੁੱਤਰੀਆਂ ਨੂੰ ਉਹਨਾਂ ਦੇ ਜਗਤ ਮਾਤਾਵਾਂ ਦੇ ਰੁਤਬੇ ਦੇ ਅਨੁਰੂਪ ਇਹ ਸਿੱਖਿਆ ਦਿੱਤੀ–

1. ਤੁਸੀਂ ਹਰ ਪ੍ਰਾਣੀ ਨੂੰ ਪਿਆਰ ਨਾਲ ਨਿਵਾਜਣਾ।
2. ਮੰਜੇ ਤੇ ਬੈਠ ਕੇ ਪਰਸ਼ਾਦਾ ਨਹੀਂ ਛਕਣਾ।
3. ਕੁਰਸੀ ਤੇ ਵੀ ਨਹੀਂ ਬੈਠਣਾ।
4. ਸਿਰ ਤੇ ਛਕਰੀ ਤਾਣ ਕੇ ਨਹੀਂ ਤੁਰਨਾ।
5. ਨਾਮਧਾਰੀ ਕਾਟ ਦੇ ਖੱਦਰ ਦੇ ਬਸਤਰ ਹੀ ਪਹਿਨਣੇ।
6. ਫ਼ਤਹਿ ਕੌਰ ਨੂੰ ਛੋਟੀ ਭੈਣੀ ਵਾਲਾ ਆਦਰ ਸਤਿਕਾਰ ਦੇਣਾ ਵਿਤਕਰਾ ਨਹੀਂ ਪਾਉਣਾ।
7. ਪੰਥ ਦਾ ਦੁਖ ਸੁਖ ਆਪਣੇ ਸਰੀਰ ਤੇ ਕੱਟਣਾ। ਗੁਰਗੱਦੀ ਤੇ ਲੰਗਰ ਦਾ ਸਦਾ ਹੀ ਅਦਬ ਸਤਿਕਾਰ ਰੱਖਣਾ।
8. ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਪਾਣੀ ਤੋਂ ਬਾਅਦ ਭਜਨ ਬਾਣੀ ਦੀ ਮਰਿਆਦਾ ਪੂਰੀ ਕਰਨੀ।
9. ਜੇ ਕੋਈ ਮੰਦਾ ਚੰਗਾ ਵੀ ਬੋਲੇ ਤੁਸਾਂ ਸ਼ਾਂਤ ਰਹਿਣਾ। ਸਭ ਦਾ ਅਦਬ ਕਰਨਾ, ਮਿੱਠਾ ਬੋਲਣਾ। ਕੋਈ ਵੀ ਕਾਰਜ ਕਰਨ ਤੋਂ ਪਹਿਲਾਂ ਅਰਦਾਸ ਕਰਨੀ।

ਇਤਿਆਦਿਕ ਸਿੱਖਿਆਵਾਂ ਦੇ ਕੇ ਬਾਬਾ ਖੁਸ਼ਹਾਲ ਸਿੰਘ ਆਪਣੇ ਪਿੰਡ ਥਰਾਜ ਨੂੰ ਵਾਪਸ ਆ ਗਏ।[11]

ਡੇਰੇ ਵਿੱਚ ਰਹਿਣ ਵਾਲੇ ਹੋਰ ਵਿਅਕਤੀਆਂ ਜਿਉਂ ਭੈਣੀ ਸਾਹਿਬ ਪੁਲੀਸ ਚੌਂਕੀ ਦੇ ਮੁਲਾਜ਼ਮ, ਹੁਣ ਦੋਹਾਂ ਮਾਤਾਵਾਂ ਦੀ ਸੁਬਹਾ ਸ਼ਾਮ ਹਾਜਰੀ ਰੋਜ਼ ਲਾਉਂਦੇ ਸਨ।[12] ਸੂਬਾ ਖੁਸ਼ਹਾਲ ਸਿੰਘ ਥਰਾਜ, ਦਸੰਬਰ 1890 ਈ. ਵਿੱਚ ਚਲਾਣਾ ਕਰ ਗਏ ਸਨ।

ਮਾਤਾ ਫ਼ਤਹਿ ਕੌਰ ਜੀ ਖੱਦਰ ਦਾ ਲੰਮਾ ਚੋਲਾ ਪਹਿਰਦੇ ਸਨ। ਅੰਮ੍ਰਿਤ ਵੇਲੇ ਉੱਠ ਕੇ ਪੰਜ ਬਾਣੀਆਂ ਦਾ ਪਾਠ ਕਰਦੇ। ਸਿਮਰਨ ਕਰਦੇ। ਸਾਰਾ

ਦਿਨ ਲੰਗਰ ਵਿੱਚ ਸੇਵਾ ਕਰਦੇ। ਆਏ ਸਿੱਖ ਸਾਧ ਨੂੰ ਜਲ ਪਰਸ਼ਾਦਾ ਛਕਾਉਂਦੇ। ਸਾਦਾ ਜੀਵਨ ਬਤੀਤ ਕਰਦੇ। ਜਦੋਂ ਮਾਤਾ ਫ਼ਤਹਿ ਕੌਰ ਜੀ ਨੂੰ ਬੱਚੇ ਦੀ ਆਸ ਹੋ ਗਈ ਤਾਂ ਅੰਗਰੇਜ਼ ਸਰਕਾਰ ਦੀ ਪੁਲੀਸ ਨੇ ਭੈਣੀ ਸਾਹਿਬ ਗੁਰਦੁਆਰੇ ਤੇ ਆਪਣੀ ਨਿਗਰਾਨੀ ਹੋਰ ਵੀ ਵਧਾ ਦਿੱਤੀ। ਇਸ ਸਮੇਂ ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਹੋਰ ਵੀ ਫੈਲਣ ਲੱਗੀਆਂ ਕਿ ਗੁਰੂ ਹਰੀ ਸਿੰਘ ਜੀ ਦੇ ਘਰ ਜਿਹੜਾ ਸਾਹਿਬਜ਼ਾਦਾ ਆਏਗਾ, ਉਹ ਭਾਰਤ ਵਿੱਚ ਅੰਗਰੇਜ਼ਾਂ ਦੇ ਰਾਜ ਅਤੇ ਇੰਗਲੈਂਡ ਦੀ ਮਹਾਰਾਣੀ ਮਲਕਾ ਵਿਕਟੋਰੀਆ ਤੇ ਬਹੁਤ ਭਾਰੀ ਪਵੇਗਾ। ਇਸ ਲਈ ਅੰਗਰੇਜ਼ ਸਰਕਾਰ ਅਤੇ ਉਸ ਦੇ ਮੁਖ਼ਬਰ, ਬਾਲਕ ਦੀ ਆਮਦ ਪ੍ਰਤੀ ਹਰ ਤਰ੍ਹਾਂ ਦੀਆਂ ਕਨਸੋਆਂ ਲੈਣ ਲੱਗ ਪਏ। ਗੁਰੂ ਹਰੀ ਸਿੰਘ ਜੀ ਨੇ ਡੇਰੇ ਦੇ ਜ਼ਿੰਮੇਵਾਰ ਸਿੰਘਾਂ ਅਤੇ ਸੂਬਾ ਹੁਕਮੀ ਵਰਿਆਂਹ ਵਾਲੀ ਆਦਿ ਮਾਈਆਂ ਭਾਈਆਂ ਨਾਲ ਸੋਚ ਵਿਚਾਰ ਕੇ ਇਹ ਫੈਸਲਾ ਕੀਤਾ ਕਿ ਆਉਣ ਵਾਲੇ ਬਾਲਕ ਨੂੰ ਅੰਗਰੇਜ਼ੀ ਪੁਲੀਸ ਦੀਆਂ ਨਜ਼ਰਾਂ ਤੋਂ ਜਿਵੇਂ ਕਿਵੇਂ ਵੀ ਹੋਵੇ, ਬਚਾਇਆ ਜਾਏ। ਗੁਰੂ ਹਰੀ ਸਿੰਘ ਜੀ ਨੇ ਮਾਤਾ ਫ਼ਤਹਿ ਕੌਰ ਜੀ ਲਈ, ਭੈਣੀ ਸਾਹਿਬ ਤੋਂ ਉਹਨਾਂ ਦੇ ਪੇਕੇ ਥਰਾਜ ਜਾਣ ਵਾਸਤੇ ਡੇਢ ਮਹੀਨੇ ਦੀ ਛੁੱਟੀ ਲੁਧਿਆਣਾ ਡਿਪਟੀ ਕਮਿਸ਼ਨਰ ਤੋਂ ਮਨਜ਼ੂਰ ਕਰਵਾ ਲਈ। ਮਾਤਾ ਜੀ ਵਾਸਤੇ ਇਕ ਰਥ ਤਿਆਰ ਕੀਤਾ। ਉਹਨਾਂ ਦੇ ਨਾਲ ਸੂਬਾ ਮਾਈ ਹੁਕਮੀ, ਬੀਬੀ ਉੱਤਮੀ ਉਰਫ ਮਾਈ ਘੁੱਲੀ ਚੱਕ ਦੇਸ ਰਾਜ (ਜਲੰਧਰ) ਵਾਲੀ, ਜੋ ਡੇਰੇ ਵਿੱਚ ਹੀ ਰਹਿ ਰਹੀਆਂ ਸਨ, ਤਿਆਰ ਹੋ ਗਈਆਂ, ਮਾਤਾ ਜੀ ਦੀ ਟਹਿਲ ਸੇਵਾ ਲਈ। ਮਾਲਵੇ ਦੇ ਚੋਣਵੇਂ ਅਤੇ ਨੀਤੀ ਨਿਪੁੰਨ ਸਿੰਘਾਂ ਨੂੰ ਇਸ ਜੱਥੇ ਵਿੱਚ ਸ਼ਾਮਲ ਕੀਤਾ ਗਿਆ ਜਿਹਨਾਂ ਦੇ ਨਾਮ ਇਸ ਪਰਕਾਰ ਸਨ: ਬਸਾਖਾ ਸਿੰਘ ਸ਼ੇਰਪੁਰ, ਬੱਗਾ ਸਿੰਘ ਅਤੇ ਕਾਹਨ ਸਿੰਘ ਭੱਮਾਂ ਬੱਧੀ ਰਿਆਸਤ ਸੰਗਰੂਰ, ਸੂਬਾ ਧਰਮ ਸਿੰਘ ਰਿਆਸਤ ਨਾਭਾ, ਹਰਨਾਮ ਸਿੰਘ ਸੈਦੋਕੀ, ਹਰਦਿੱਤ ਸਿੰਘ, ਸੁੰਦਰ ਸਿੰਘ ਭਾਈ ਕਾ ਵੱਡੀ ਮੰਡੀ, ਮਾਈਸਰਖਾਨੇ ਤੋਂ ਹਰੀ ਸਿੰਘ, ਭਾਈ ਗੁਰਦਿੱਤ ਸਿੰਘ ਕੋਟ ਧਰਮੂ। ਇਕ ਊਠ ਤੇ ਲੰਗਰ ਪਾਣੀ ਦਾ ਸਾਮਾਨ ਅਤੇ ਰਸਤ ਬਸਤ ਲੱਦ ਦਿੱਤੀ। ਗੁਰੂ ਹਰੀ ਸਿੰਘ ਜੀ ਨੇ ਹੁਕਮ ਕੀਤਾ ਕਿ ਪੜਾਅ ਵੀ ਵਾਹ ਲੱਗਦੀ, ਨਾਮਧਾਰੀ ਸਿੰਘਾਂ ਦੇ ਘਰ ਕਰ ਕੇ ਉੱਥੇ ਹੀ ਲੰਗਰ ਤਿਆਰ ਕਰਨਾ। ਜੱਥੇ ਦੇ ਸਿੰਘਾਂ ਤੋਂ ਬਿਨਾਂ ਆਏ ਹੋਰ ਲੋੜਵੰਦਾਂ ਨੂੰ ਵੀ ਲੰਗਰ ਛਕਾਉਣਾ।

ਇਸ ਜੱਥੇ ਦਾ ਪਹਿਲਾ ਪੜਾਅ ਪਿੰਡ ਸਿਆਹੜ (ਲੁਧਿਆਣਾ) ਭਾਈ ਵਸਾਵਾ ਸਿੰਘ ਦੇ ਘਰ ਹੋਇਆ। ਦੂਜਾ ਪੜਾਅ ਚੱਕ ਵੱਡਾ ਜਾਂ ਕੂਕਿਆਂ ਦੇ ਚੱਕ ਵਿੱਚ ਸੂਬਾ ਕਾਹਨ ਸਿੰਘ ਨਿਹੰਗ ਦੇ ਪਰਿਵਾਰ ਵਿੱਚ ਕੀਤਾ।

ਤੀਜਾ ਪੜਾਅ ਨਜ਼ਾਮਤ ਬਰਨਾਲਾ ਦੇ ਪਿੰਡ ਕਰਮਗੜ੍ਹ ਵਿੱਚ ਕੀਤਾ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਜੱਥੇ ਨੂੰ ਪੁਲੀਸ ਚੌਂਕੀ ਦੇ ਸਿਪਾਹੀਆਂ ਦੀ ਇਕ ਟੁੱਕੜੀ ਦੀ ਨਿਗਰਾਨੀ ਵਿੱਚ ਤੋਰਿਆ ਜਾ ਰਿਹਾ ਸੀ। ਕਰਮਗੜ੍ਹ ਦੇ ਨੇੜੇ ਹੀ ਪਿੰਡ ਨੰਗਲਾ ਹੈ, ਕੱਲ੍ਹ ਸ਼ਾਮੀਂ ਜਦੋਂ ਇੱਥੋਂ ਦੀ ਰੋਹੀ ਵਿੱਚੋਂ ਲੰਘ ਰਹੇ ਸਨ ਤਾਂ ਰੋਣ ਕੁਰਲਾਣ ਦੀਆਂ ਆਵਾਜ਼ਾਂ ਸੁਣ ਕੇ ਸੂਬਾ ਹੁਕਮੀ ਜੀ ਉਹਨਾਂ ਪਾਸ ਗਏ। ਦੱਸਿਆ ਕਿ ਇਕ ਸੇਠ ਦਾ ਪੋਤਰਾ ਹੋ ਕੇ ਪੂਰਾ ਹੋ ਗਿਆ ਸੀ। ਦੱਬ ਕੇ ਜਾ ਰਹੇ ਹਨ। ਸੂਬਾ ਹੁਕਮੀ ਜੀ ਨੀਤੀਵੇਤਾ ਤਾਂ ਸਨ ਹੀ ਉਹਨਾਂ ਇਹ ਆਪਣੇ ਮਕਸਦ ਲਈ ਗ਼ੈਬੀ ਤਾਕਤ ਦਾ ਸਹਾਰਾ ਸਮਝਿਆ। ਉਸੇ ਰਾਤ ਦੇ ਬਾਰਾਂ ਵਜੇ ਬਾਲਕ ਆਉਣ ਦੇ ਆਸਾਰ ਨਜ਼ਰ ਆਏ। ਇਸ ਸਮੇਂ ਹੀ ਕਾਫੀ ਹਨੇਰ ਝੱਖੜ ਅਤੇ ਹਲਕੀ ਬੂੰਦਾ ਬੂੰਦੀ ਵੀ ਹੋਈ। ਪੁਲੀਸ ਟੁਕੜੀ ਵੀ ਰਥ ਤੋਂ ਦੂਰ ਸੱਜੇ ਖੱਬੇ ਖਲੋਤੇ ਰੁੱਖਾਂ ਦੀ ਓਟ ਵੱਲ ਚਲੀ ਗਈ। ਹੁਣ ਮਾਈ ਹੁਕਮੀ ਜੀ ਨੇ ਇਕ ਸਿੰਘ ਨੂੰ ਨੰਗਲੇ ਦੀ ਜੂਹ ਵੱਲ ਦੱਬਿਆ ਬਾਲਕ ਕੱਢ ਕੇ ਲਿਆਉਣ ਬਾਰੇ ਭੇਜਿਆ ਜੋ ਘੰਟੇ ਕੁ ਤੱਕ ਆ ਗਿਆ ਸੀ। ਇਸ ਸਮੇਂ ਮਾਤਾ ਫ਼ਤਹਿ ਕੌਰ ਜੀ ਦੇ ਉਦਰ ਥੀਂ ਬਾਲਕ ਪ੍ਰਗਟਿਆ ਬਿਕਰਮੀ 1945 ਫੱਗਣ 26 ਚਾਨਣੇ ਪੱਖ ਵਿੱਚ ਮੁਤਾਬਿਕ ਮਾਰਚ 1889 ਈ. ਵਿੱਚ। ਸੂਬਾ ਹੁਕਮੀ ਜੀ ਨੇ ਚਾਰ ਚਤੁਰ ਸਿੰਘਾਂ ਨੂੰ ਉਹ ਨਵਜਾਤ ਬਾਲਕ ਸੌਂਪ ਦਿੱਤਾ। ਉਹਨਾਂ ਪਹਿਲਾ ਪੜਾਅ ਮੰਡੀ ਕਲਾਂ (ਬਠਿੰਡਾ) ਕੀਤਾ ਅਤੇ ਫਿਰ ਅਗਲੇ ਦਿਨ ਸੂਰਜ ਢਲਦੇ ਨੂੰ ਥਰਾਜ ਜਾ ਪਹੁੰਚੇ ਅਤੇ ਬਾਲਕ ਦੀ ਸਉਂਪਣਾ ਨਾਨੀ ਨੂੰ ਕਰ ਕੇ ਆ ਗਏ।

ਉਧਰ ਦਿਨ ਚੜ੍ਹਦੇ ਨਾਲ ਕਰਮਗੜ੍ਹ ਸੂਬਾ ਹੁਕਮੀ ਤੇ ਮਾਈ ਘੁੱਲੀ ਰੋਣ ਪਿੱਟਣ ਲੱਗ ਪਈਆਂ। ਪੁਲੀਸ ਵਾਲੇ ਆਏ ਤਾਂ ਦੱਸਿਆ ਕਿ ਬੱਚਾ ਪੈਦਾ ਹੋਇਆ ਸੀ ਪਰ ਜੰਮਦਾ ਹੀ ਮਰ ਗਿਆ ਹੈ। ਸੇਠ ਦੇ ਪੋਤਰੇ ਦੀ ਲਾਸ਼ ਕਫਨ ਵਿੱਚ ਲਪੇਟੀ ਵਿਖਾ ਦਿੱਤੀ। ਦਿਨੇ ਪਿੰਡ ਦੀ ਪੰਚਾਇਤ ਅਤੇ ਪੁਲੀਸ ਦੇ ਸਾਹਮਣੇ ਬਾਲਕ ਦਾ ਸਸਕਾਰ ਕੀਤਾ। ਸਾਰਿਆਂ ਦੇ ਇਸ ਪ੍ਰਥਾਇ ਬਿਆਨ ਲਿਖ ਕੇ ਦਸਤਖਤ ਕਰਵਾ ਲਏ। ਇਹ ਸਾਰੇ ਕਾਗਜ਼ ਪੱਤਰ ਲੈ ਕੇ ਥਾਣੇਦਾਰ ਨੇ ਡੀ. ਸੀ. ਦਫਤਰ ਲੁਧਿਆਣੇ ਜਾ ਜਮ੍ਹਾਂ ਕਰਵਾਏ। ਕਿਹਾ ਜਾਂਦਾ ਹੈ ਕਿ ਲੁਧਿਆਣੇ ਤੋਂ ਇਕ ਡਾਕਟਰ ਆਇਆ ਅਤੇ ਉਹ ਬਾਲਕ ਦੀਆਂ ਹੱਡੀਆਂ ਦਾ ਵੀ ਮੁਆਇਨਾ ਕਰ ਕੇ ਲੁਧਿਆਣੇ ਗਿਆ ਤੇ ਉਸ ਬਾਲਕ ਦੇ ਗੁਜ਼ਰ ਜਾਣ ਦੀ ਪੁਸ਼ਟੀ ਕਰ ਦਿੱਤੀ। ਮਾਤਾ ਜੀ ਨੇ ਚੌਥਾ ਪੜਾਅ, ਮੌੜ, ਬੱਗਾ ਸਿੰਘ ਦੇ ਘਰ ਅਤੇ ਪੰਜਵਾਂ ਆਪਣੇ ਨਾਨਕੇ ਗਿੱਲ ਪਿੰਡ ਵਿੱਚ ਕੀਤਾ। ਛੇਵਾਂ ਪੜਾਅ ਗਿੱਲ ਵਿੱਚ ਧਰਮ ਸਿੰਘ ਦੇ ਘਰ, ਸਤਵਾਂ ਮੰਡੀ ਕਲਾਂ ਹਰਦਿੱਤ ਸਿੰਘ ਦੇ ਘਰ ਅਤੇ ਅੱਠਵਾਂ ਇਸੇ ਪਿੰਡ

ਸ਼ਹੀਦ ਹਰਨਾਮ ਸਿੰਘ ਦੇ ਘਰ ਕੀਤਾ। ਨੌਵਾਂ ਪੜਾਅ ਮਨੀ ਸਿੰਘ ਦੇ ਘਰ ਮਾਈਸਰਖਾਨੇ ਕੀਤਾ। ਦਸਵਾਂ ਪੜਾਅ ਇਸੇ ਪਿੰਡ ਮਾਈ ਅਤਰੀ ਦੇ ਡੇਰੇ ਤੇ ਕੀਤਾ। ਗਿਆਰ੍ਹਵਾਂ ਪੜਾਅ ਬਹਿਣੀਵਾਲ ਸੁੱਚਾ ਸਿੰਘ ਦੇ ਘਰ ਅਤੇ ਬਾਰ੍ਹਵੇਂ ਪੜਾਅ ਤੇ ਮਾਤਾ ਜੀ ਅਤੇ ਜੱਥਾ ਪਿੰਡ ਥਰਾਜ ਪਹੁੰਚ ਗਿਆ।

ਇਸ ਤਰ੍ਹਾਂ ਮਾਤਾ ਫ਼ਤਹਿ ਕੌਰ ਜੀ ਦੇ ਸਾਹਿਬਜ਼ਾਦੇ ਦੇ ਮਗਰ ਹੀ ਥਰਾਜ ਪਿੰਡ ਵਿਖੇ, ਰਾਜੀ ਬਾਜ਼ੀ ਪਹੁੰਚ ਜਾਣ ਦੀ ਗੁਰੂ ਹਰੀ ਸਿੰਘ ਜੀ ਪਾਸ ਭੈਣੀ ਸਾਹਿਬ ਖ਼ਬਰ, ਮੌੜ ਪਿੰਡ ਦੇ ਦੋ ਕੂਕੇ ਭਰਾਵਾਂ, ਬੱਗਾ ਸਿੰਘ ਤੇ ਵਿਸਾਖਾ ਸਿੰਘ ਹੋਰਾਂ ਨੇ ਜਾ ਪੁਚਾਈ। ਗੁਰੂ ਜੀ ਨੇ ਵਿਸਾਖਾ ਸਿੰਘ ਨੂੰ ਕਿਹਾ ਕਿ ਹੁਣੇ ਹੀ ਤੁਸੀਂ ਕੋਟ ਧਰਮੂ (ਮਾਨਸਾ ਜ਼ਿਲ੍ਹਾ- ਪਹਿਲਾਂ ਰਿਆਸਤ ਪਟਿਆਲਾ) ਜਾਉ ਅਤੇ ਉੱਥੋਂ ਭਾਈ ਗੁਰਦਿੱਤ ਸਿੰਘ ਨੂੰ ਸਾਡਾ ਸੰਦੇਸ਼ ਪੁਚਾਉ ਕਿ ਉਹ ਤੁਰੰਤ ਭੈਣੀ ਸਾਹਿਬ ਪੁੱਜਣ। ਜਦੋਂ ਭਾਈ ਵਿਸਾਖਾ ਸਿੰਘ ਗੁਰਦਿੱਤ ਸਿੰਘ ਦੇ ਘਰ ਪੁੱਜੇ ਤਾਂ ਉਹ ਪਿੰਡੋਂ ਬਾਹਰ ਅਣੀਆਲੇ ਛੱਪੜ ਤੇ ਭਜਨ ਕਰ ਰਹੇ ਸਨ। ਭੈਣੀ ਸਾਹਿਬ ਤੋਂ ਆਏ ਸਿੱਖ ਦਾ ਸੁਨੇਹਾ ਮਿਲਣ ਤੇ ਬਾਬਾ ਜੀ ਘਰ ਪੁੱਜੇ। ਸਤਿਗੁਰੂ ਜੀ ਦੇ ਸੰਦੇਸ਼ ਤੇ ਸਿਰ ਨਿਵਾਇਆ ਅਤੇ ਜੋਗਾ, ਰਾਇਸਰ ਆਦਿ ਪਿੰਡਾਂ ਵਿੱਚ ਰੁਕਦੇ, ਭੈਣੀ ਸਾਹਿਬ ਪੁੱਜ ਗਏ। ਬੱਗਾ ਸਿੰਘ ਬਾਹਰ ਪਹਿਰੇ ਤੇ ਖਲੋ ਗਿਆ, ਭਾਈ ਗੁਰਦਿੱਤ ਸਿੰਘ ਨੂੰ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਗੁਰੂ ਹਰੀ ਸਿੰਘ ਜੀ ਨੇ ਹੁਕਮ ਲਾਇਆ ਕਿ ਉਹ ਨਵਜਾਤ ਬਾਲਕ ਨੂੰ ਥਰਾਜ ਤੋਂ ਲੈ ਆਉਣ ਅਤੇ ਆਪਣੇ ਪਾਸ ਰੱਖ ਕੇ, ਉਸ ਦੀ ਪਰਵਰਸ਼ ਕਰਨ। ਸਾਰੀ ਖੇਡ ਗੁਪਤ ਰੱਖਣੀ ਹੈ। ਬਾਬਾ ਗੁਰਦਿੱਤ ਸਿੰਘ ਉਹ ਸਿੰਘ ਸੀ ਜੋ ਸੂਬਾ ਸਮੁੰਦ ਸਿੰਘ ਖੋਟੇ ਅਤੇ ਸੂਬਾ ਸਰਮੁੱਖ ਸਿੰਘ ਲੱਲੂਵਾਲ (ਮਾਨਸਾ) ਦੇ ਨਾਲ ਦਸ ਕੁ ਵਰ੍ਹੇ ਪਹਿਲਾਂ ਰੰਗੂਨ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰ ਕੇ ਅਤੇ ਤਿੰਨਾਂ ਦੇ ਨਾਮ ਇਕ ਹੁਕਮਨਾਮਾ ਵੀ ਲੈ ਕੇ ਆਇਆ ਸੀ। ਇਹਨਾਂ ਦਾ ਪੁੱਤਰ ਬਿਸ਼ਨ ਸਿੰਘ ਸੀ ਜੋ ਸੂਬਾ ਸਰਮੁੱਖ ਸਿੰਘ ਦੀ ਪੁੱਤਰੀ ਬੀਬੀ ਸਾਹਿਬ ਕੌਰ ਨਾਲ ਵਿਆਹਿਆ ਸੀ। ਬਾਬਾ ਗੁਰਦਿੱਤ ਸਿੰਘ ਆਪਣੇ ਨੂੰਹ ਪੁੱਤਰ ਸਮੇਤ, ਥਰਾਜ ਪੁੱਜੇ। ਗੁਰੂ ਹਰੀ ਸਿੰਘ ਜੀ ਦਾ ਸੁਨੇਹਾ ਸੁਣ ਕੇ ਬਾਬਾ ਖੁਸ਼ਹਾਲ ਸਿੰਘ ਅਤੇ ਮਾਤਾ ਫ਼ਤਹਿ ਕੌਰ ਜੀ ਨੇ ਨਵਜਾਤ ਬਾਲਕ ਜੰਗ ਸਿੰਘ, ਬੀਬੀ ਸਾਹਿਬ ਕੌਰ ਦੀ ਝੋਲੀ ਵਿੱਚ ਪਾ ਦਿੱਤਾ।[13] ਇਸ ਦਾ ਬਕਾਇਦਾ ਇਕ ਗੋਦਨਾਮਾ ਲਿਖਿਆ ਗਿਆ। ਇਸ ਤਰ੍ਹਾਂ ਨਵਜਾਤ ਬਾਬਾ ਜੰਗ ਸਿੰਘ ਜੀ ਨੂੰ ਭਾਈ ਬਿਸ਼ਨ ਸਿੰਘ ਅਤੇ ਬੀਬੀ ਸਾਹਿਬ ਕੌਰ, ਕੋਟ ਧਰਮੂ (ਮਾਨਸਾ) ਦਾ ਮੁਤਬੰਨਾ ਬੇਟਾ ਬਣਾ ਦਿੱਤਾ ਗਿਆ। ਦਸਤੂਰ ਮੁਤਾਬਿਕ ਜਦੋਂ ਕੋਈ ਬਾਲਕ ਕਿਸੇ ਨੂੰ ਗੋਦ ਦਿੱਤਾ ਲਿਆ ਜਾਂਦਾ ਹੈ ਤਾਂ

ਉਸ ਦੇ ਨਾਮ ਨਾਲ ਸਰਕਾਰੀ ਕਾਗਜ਼ਾਂ ਵਿੱਚ ਪਾਲਕ ਮਾਤਾ ਪਿਤਾ ਦਾ ਨਾਮ ਹੀ ਆਉਂਦਾ ਹੈ। ਜਨਮ ਦੇਣ ਵਾਲੇ ਮਾਤਾ ਪਿਤਾ ਨਾਲ ਉਸਦਾ ਕੋਈ ਨਾਤਾ ਨਹੀਂ ਰਹਿੰਦਾ। ਇਸੇ ਕਾਰਨ ਨਾਮਧਾਰੀ ਇਤਿਹਾਸ ਵਿੱਚ ਮਹਾਰਾਜ ਜੰਗ ਸਿੰਘ ਜੀ ਦੇ ਮਾਤਾ ਪਿਤਾ ਦੇ ਤੌਰ ਤੇ ਮਾਤਾ ਫ਼ਤਹਿ ਕੌਰ ਅਤੇ ਗੁਰੂ ਹਰੀ ਸਿੰਘ ਜੀ ਦਾ ਨਾਮ ਨਹੀਂ ਲਿਖਿਆ ਜਾਂਦਾ। ਮਹਾਰਾਜਾ ਜੰਗ ਸਿੰਘ ਜੀ ਉਮਰ ਭਰ ਰੁਪਾਣਾ (ਮੁਕਤਸਰ) ਅਤੇ ਕੋਟ ਧਰਮੂ ਰਹਿ ਕੇ, ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਦਾ ਪਰਚਾਰ ਕਰਦੇ ਰਹੇ। ਉਹ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਹਮੇਸ਼ਾਂ ਅਦਬ ਵਜੋਂ "ਸਾਡੇ ਸਾਹਿਬ" ਕਹਿ ਕੇ ਸੰਬੋਧਿਤ ਕਰਿਆ ਕਰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਵੀ ਉਹਨਾਂ ਪਾਸ ਸੱਜਰ ਮੱਝ ਜਾਂ ਗਊ ਭੇਜ ਕੇ, ਉਹਨਾਂ ਦੀਆਂ ਜ਼ਰੂਰਤਾਂ ਦਾ ਹਮੇਸ਼ਾਂ ਧਿਆਨ ਰੱਖਿਆ ਕਰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਬ੍ਰਹਮਲੀਨ ਹੋਣ ਬਾਅਦ ਨਵੇਂ ਸਤਿਗੁਰੂ ਦੇ ਰੂਪ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪਹਿਲੇ ਪਹਿਲ ਮੱਥਾ ਟੇਕਣ ਵਾਲਿਆਂ ਵਿੱਚ, ਮਹਾਰਾਜ ਜੰਗ ਸਿੰਘ ਜੀ ਸ਼ਾਮਲ ਸਨ। ਆਪ ਦਾ ਸਰੀਰ ਹਾੜ ਦੀ ਸੰਗਰਾਂਦ 2026 ਬਿ. ਮੁਤਾਬਿਕ 14 ਜੂਨ 1969 ਈ. ਨੂੰ ਸ਼ਾਂਤ ਹੋ ਗਿਆ ਸੀ, ਕੋਟ ਧਰਮੂ ਵਿਖੇ ਹੀ।

ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਬੱਚੇ ਦੀ ਸੁਰੱਖਿਆ ਵਾਸਤੇ ਕਾਗਜ਼ਾਂ ਵਿੱਚ ਵੀ ਉਸ ਦੇ ਜਿਊਂਦੇ ਹੋਣ ਦੇ ਹੁਣ ਸਬੂਤ ਨਹੀਂ ਸਨ। ਮਹਾਰਾਜ ਜੰਗ ਸਿੰਘ ਜੀ ਦੀ ਸੌਂਪਣਾ ਧਰਮੂ ਕੋਟੀਆ ਪਰਵਾਰ ਨੂੰ ਕਰਨ ਉਪਰੰਤ, ਮਹੀਨੇ ਤੋਂ ਵੱਧ ਸਮਾਂ ਥਰਾਜ ਬਿਤਾ ਕੇ, ਮਾਤਾ ਫ਼ਤਹਿ ਕੌਰ ਜੀ ਫਿਰ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਦੀ ਸੇਵਾ ਵਿੱਚ ਆ ਹਾਜ਼ਰ ਹੋਏ। ਆਪ ਦੇ ਸਮੇਂ ਜਦੋਂ ਰਾਮਸਰ ਦੀ ਕਾਰ ਸੇਵਾ ਹੁੰਦੀ ਸੀ ਤਾਂ ਬਾਕੀ ਗੁਰੂ ਪਰਿਵਾਰ ਨਾਲ ਮਾਤਾ ਫ਼ਤਹਿ ਕੌਰ ਵੀ ਉਸ ਵਿੱਚ ਸ਼ਾਮਲ ਹੁੰਦੇ। ਸਰਕਾਰੀ ਛੁੱਟੀ ਮਿਲਣ ਬਾਅਦ ਜਦੋਂ ਗੁਰੂ ਹਰੀ ਸਿੰਘ ਜੀ ਦੌਰੇ ਉੱਪਰ ਜਾਂਦੇ ਤਾਂ ਅਨੇਕ ਦਫਾ ਮਾਤਾ ਜੀਵਨ ਕੌਰ ਹੋਰਾਂ ਦੇ ਨਾਲ ਮਾਤਾ ਫ਼ਤਹਿ ਕੌਰ ਜੀ ਵੀ ਦੌਰੇ ਦਾ ਭਾਗ ਬਣਦੇ ਸਨ। 1899 ਈ. ਦੇ ਭਿਅੰਕਰ ਅਕਾਲ ਦੇ ਸਮੇਂ ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਦੋਹਾਂ ਮਾਤਾਵਾਂ ਨੇ ਅਕਾਲ ਪੀੜਿਤਾਂ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਮਹੀਨਿਆਂ ਬੱਧੀ ਪਰਸ਼ਾਦ ਪਾਣੀ ਛਕਾਉਣ ਵਿੱਚ ਸਹਿਯੋਗ ਦਿੱਤਾ। ਮਾਤਾ ਫ਼ਤਹਿ ਕੌਰ ਜੀ ਨਾਮ ਬਾਣੀ ਤੋਂ ਵਿਹਲੇ ਹੋ ਕੇ, ਬਚਦਾ ਸਮਾਂ ਬਿਰਧਾਂ, ਬੱਚਿਆਂ ਅਤੇ ਬੀਮਾਰਾਂ ਦੀ ਸੇਵਾ, ਤੀਮਾਰਦਾਰੀ ਵਿੱਚ ਲਗਾਉਂਦੇ। ਉਹ ਸੇਵਾ ਕਰਦੇ ਹੋਏ ਅਮੀਰ ਗਰੀਬ, ਵੱਡੇ ਛੋਟੇ ਜਾਂ ਨਾਮਧਾਰੀ ਗ਼ੈਰ ਨਾਮਧਾਰੀ ਦੇ ਵਿਤਕਰੇ ਨੂੰ ਅੜਿੱਕਾ ਨਹੀਂ ਸਨ ਬਣਨ ਦਿੰਦੇ।

17 ਮਈ 1906 ਈ. ਨੂੰ ਗੁਰੂ ਹਰੀ ਸਿੰਘ ਜੀ ਜੋਤੀ ਜੋਤਿ ਸਮਾ ਗਏ ਸਨ। ਕਵੀ ਹਰਨਾਮ ਸਿੰਘ ਬਗੁਲੀ ਕਲਾਂ (ਲੁਧਿਆਣਾ) ਦੇ ਅਨੁਸਾਰ–

ਜੋਤੀ ਜੋਤ ਸਮਣ ਦੇ ਹਾਲ ਸਾਰੇ,
ਹਫ਼ਤਾ ਪਹਿਲਾਂ ਹੀ ਗੁਰਾਂ ਬਤਾਇ ਦਿੱਤੇ
ਫ਼ਤਹਿ ਕੌਰ ਨੂੰ ਤੇ ਜੀਊਣ ਕੌਰ ਜੀ ਨੂੰ,
ਸਾਰੇ ਮਾਮਲੇ ਗੁਰਾਂ ਸਮਝਾਇ ਦਿੱਤੇ।[14]

ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰਤਾ ਕਾਲ ਵਿੱਚ ਵੀ ਆਪ ਨੇ ਸਾਧ ਸੰਗਤ ਦੀ ਬਹੁਤ ਸੇਵਾ ਕੀਤੀ। ਕਿਸੇ ਬੀਮਾਰ ਵਿਅਕਤੀ ਦੇ ਬਸਤਰ ਸਾਫ ਕਰਦਿਆਂ, ਕਦੇ ਕੁਰਹਿਤ ਨਹੀਂ ਸਨ ਮਹਿਸੂਸ ਕਰਦੇ। ਫ਼ਤਹਿਗੜ੍ਹ ਸਾਹਿਬ (ਸਰਹੰਦ) ਵਿਖੇ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਸ਼ਹੀਦੀ ਜੋੜ ਮੇਲਾ ਆਰੰਭ ਕਰਾਉਣ ਦਾ ਮਾਨ ਵੀ ਆਪ ਨੂੰ ਹੀ ਹਾਸਲ ਹੋਇਆ। "ਪਹਿਲੇ ਮੇਲੇ ਵਿੱਚ ਮੇਲੇ ਦੇ ਸਹਾਇਕ ਸੰਤ ਸੁੰਦਰ ਸਿੰਘ ਘੁੰਘਰਾਲੀ, ਅਤਰ ਸਿੰਘ ਜੀ ਸ਼ਹੀਦ, ਗੰਗਾ ਸਿੰਘ, ਪੰਡਿਤ ਬਸੰਤ ਸਿੰਘ ਗੜ੍ਹ ਪਧਾਣਾ, ਸੰਤ ਅਮਰ ਸਿੰਘ ਜੀ ਭੈਣੀ ਸਾਹਿਬ ਵਾਲੇ, ਸੰਤ ਇੰਦਰ ਸਿੰਘ ਚੱਕਰਵਰਤੀ, ਮਹੰਤ ਬਿਸ਼ਨ ਸਿੰਘ ਜੀ ਲੱਲ ਕਲਾਂ, ਮਹੰਤ ਕੌਲਾ ਸਿੰਘ, ਮਉਲੀ ਦਰਾਲੀ, ਪੰਡਿਤ ਮਨਸਾ ਸਿੰਘ ਕੌਮੀ, ਭਰਥਲਾ ਅਤੇ ਚੁੰਨ੍ਹੀ ਦੀ ਸੰਗਤ ਹੁੰਦੀ ਸੀ। ਸਾਰੇ ਪਰਬੰਧ ਦੀ ਨਿਗਰਾਨੀ ਮਹਾਰਾਜ ਗੁਰਦਿਆਲ ਸਿੰਘ ਜੀ ਕਰਦੇ। ਮਾਤਾ ਗੁਜਰੀ ਜੀ ਦੇ ਬੁਰਜ ਪਾਸ ਦੀਵਾਨ ਲੱਗਦਾ। ਲੰਗਰ ਵੀ ਇੱਥੇ ਹੀ ਸਜਦਾ ਸੀ। ਅਗਲੇ ਕੁਝ ਸਾਲਾਂ ਨੂੰ ਸਿੱਖ ਰਿਆਸਤਾਂ ਦੇ ਅਹਿਲਕਾਰਾਂ ਨੇ 11-12-13 ਪੋਹ ਨੂੰ ਮੇਲਾ ਲਗਾਉਣਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿੱਚ ਜਨਵਰੀ 1921 ਈ. ਵਿੱਚ ਪਹਿਲਾ ਸ਼ਹੀਦੀ ਮੇਲਾ ਮੁੱਠਡਾ (ਜਲੰਧਰ) ਵਿਖੇ ਮਨਾਇਆ ਗਿਆ।[15]

ਸਤਿਗੁਰੂ ਪਰਤਾਪ ਸਿੰਘ ਜੀ ਦੀ ਗੁਰਗੱਦੀ ਦੇ ਪਹਿਲਿਆਂ ਸਾਲਾਂ ਵਿੱਚ, ਸਤਿਗੁਰੂ ਜੀ ਜ਼ਿਆਦਾਤਰ ਭੈਣੀ ਸਾਹਿਬ ਜਾਂ ਨਹਿਰ ਵਾਲੇ ਡੇਰੇ ਤੇ ਜਪ ਪ੍ਰਯੋਗ, ਚਾਲ੍ਹੀਏ ਵਿੱਚ ਮਗਨ ਰਹਿੰਦੇ ਸਨ। 20 ਸਾਉਣ ਨੂੰ ਪ੍ਰਯੋਗ ਅਰੰਭ ਕਰਦੇ ਅਤੇ ਪਹਿਲੀ ਅੱਸੂ ਨੂੰ ਭੋਗ ਪਾਇਆ ਕਰਦੇ ਸਨ। ਇਸ ਸਮੇਂ ਸਾਧ ਸੰਗਤ ਦੇ ਬੁਲਾਵੇ ਤੇ ਦੂਰ ਨੇੜੇ, ਮਾਤਾ ਜੀਊਣ ਕੌਰ ਜੀ ਅਤੇ ਮਾਤਾ ਫ਼ਤਹਿ ਕੌਰ ਜੀ ਦਰਸ਼ਨ ਮੇਲੇ ਲਈ ਜਾਇਆ ਕਰਦੇ ਸਨ। ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਵੀ 1912 ਈ. ਵਿੱਚ ਮਾਤਾ ਫ਼ਤਹਿ ਕੌਰ ਜੀ ਦੇ ਅਰਜ਼ ਕਰਨ ਤੇ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਕਰਨਾ ਪਰਵਾਨ

ਕੀਤਾ ਸੀ। ਇਸ ਤੋਂ ਪਹਿਲੇ ਸਾਲ ਲਾਹੌਰ ਦੇ ਹੋਲੇ ਮਹੱਲੇ ਵਿੱਚ ਵੀ ਪ੍ਰਬੰਧ ਵਿਵਸਥਾ ਅਤੇ ਲੰਗਰ ਦੀ ਸੇਵਾ ਵਿੱਚ ਵੀ ਦੋਹਾਂ ਮਾਤਾਵਾਂ ਦਾ ਕਾਫੀ ਯੋਗਦਾਨ ਸੀ। ਸੰਤ ਨਿਧਾਨ ਸਿੰਘ ਆਲਿਮ ਜਿਹੇ ਨਾਮਧਾਰੀ ਪੰਥ ਦੇ ਵਿੱਦਵਾਨਾਂ ਤੇ ਪਰਚਾਰਕਾਂ ਨੂੰ ਮਾਤਾ ਫ਼ਤਹਿ ਕੌਰ ਜੀ ਇਸ ਤਰ੍ਹਾਂ ਨਿਵਾਜਦੇ ਸਨ ਕਿ ਆਪ ਜਦੋਂ ਕਦੇ ਗੁਜਰਾਂਵਾਲੇ ਜਾਂਦੇ ਤਾਂ ਉੱਥੋਂ ਦੇ ਸੇਠ-ਸੇਠਾਣੀਆਂ ਦੀਆਂ ਆਪਣੇ ਘਰਾਂ ਵਿੱਚ ਰੁਕਣ ਦੀਆਂ ਅਰਜ਼ਾਂ ਦੇ ਬਾਵਜੂਦ ਕਿਹਾ ਕਰਦੇ ਸਨ, "ਮੈਂ ਤਾਂ ਅੱਜ 'ਆਲਮ' ਦੀ ਝੁੱਗੀ ਹੀ ਜਾਊਂਗੀ।" ਗੁਜਰਾਂਵਾਲੇ ਆਲਿਮ ਜੀ ਨੇ ਆਪਣੇ ਨਿਵਾਸ ਅਸਥਾਨ ਦਾ ਨਾਮ "ਬਾਬੇ ਦੀ ਝੁੱਗੀ' ਰੱਖਿਆ ਹੋਇਆ ਸੀ। ਆਲਿਮ ਜੀ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਜੀ ਆਦਿਕ ਨਾਮਧਾਰੀ ਜੋ ਕੌਮੀ ਅੰਦੋਲਨ ਵਿੱਚ ਕਾਂਗਰਸ ਦੇ ਮੰਚ ਤੋਂ ਸਰਗਰਮ ਸਨ, ਉਹਨਾਂ ਨੂੰ ਆਪ ਹਮੇਸ਼ਾਂ ਉਤਸ਼ਾਹਿਤ ਕਰਿਆ ਕਰਦੇ ਸਨ। ਕਈ ਵੇਰ ਮਾਤਾ ਫ਼ਤਹਿ ਕੌਰ ਜੀ ਮਾਈਆਂ ਬੀਬੀਆਂ ਦੇ ਜੱਥੇ ਸਮੇਤ ਇਹਨਾਂ ਕੌਮੀ ਕਾਰਜ ਕਰਮਾਂ ਵਿੱਚ, ਸ਼ਾਮਲ ਵੀ ਹੋਇਆ ਕਰਦੇ ਸਨ। ਲਾਹੌਰ ਕਾਂਗਰਸ ਦੇ ਕੌਮੀ ਸੰਮੇਲਨ 1929 ਈ. ਵਿੱਚ ਜਦੋਂ ਕਾਂਗਰਸੀ ਸੰਗਤਾਂ ਲਈ, ਸਿੱਖਾਂ ਦੇ 'ਬੇਤਾਜ ਬਾਦਸ਼ਾਹ' ਬਾਬਾ ਖੜਕ ਸਿੰਘ ਜੀ ਨੇ ਨਹਿਰੂ ਰੀਪੋਰਟ ਦਾ ਵਿਰੋਧ ਕਰਨ ਕਾਰਨ, ਲਾਹੌਰ ਦੇ ਗੁਰਦੁਆਰਿਆਂ ਦੇ ਲੰਗਰਾਂ ਵਿੱਚ ਦਾਖਲਾ ਬੰਦ ਕਰ ਦਿੱਤਾ ਸੀ ਤਾਂ ਬਾਬਾ ਧਿਆਨ ਸਿੰਘ ਪੱਥਰਾਂ ਵਾਲੇ ਤੇ ਲਾਹੌਰ ਦੀ ਨਾਮਧਾਰੀ ਸੰਗਤ ਦੇ ਸਹਿਯੋਗ ਨਾਲ, ਦੋਹਾਂ ਮਾਤਾਵਾਂ ਨੇ ਦਿਨ ਰਾਤ ਇਸ ਤਰ੍ਹਾਂ ਇੱਕ ਟੱਕ ਗੁਰੂ ਦਾ ਲੰਗਰ ਵਰਤਾਉਣ ਦੀ ਮਿਸਾਲੀ ਸੇਵਾ ਨਿਬਾਹੀ ਕਿ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਜੈਸੇ ਸੱਜਣ ਅਸ਼ ਅਸ਼ ਕਰ ਉੱਠੇ। ਇਸ ਲੰਗਰ ਵਿੱਚ 50-60 ਹਜ਼ਾਰ ਦੀ ਗਿਣਤੀ ਵਿੱਚ ਆਉਣ ਵਾਲੇ ਛਕਦੇ ਸਨ।

"ਆਪ ਦੇ ਸੇਵਕ ਸੰਤ ਸੁੰਦਰ ਸਿੰਘ ਬਿਸਕੁਟ ਬਹੁਤ ਸਮਾਂ ਆਪ ਦੀ ਸੇਵਾ ਵਿੱਚ ਰਹੇ ਸਨ। ਅੰਤ ਸਮੇਂ ਸ੍ਰੀ ਮਾਤਾ ਜਿਊਣ ਕੌਰ ਤੇ ਬੀਬੀ ਕਿਸ਼ਨ ਕੌਰ ਨੇ ਬਹੁਤ ਸੇਵਾ ਕੀਤੀ। ਆਪ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਨੇ ਮੁਖੀ ਸਿੱਖਾਂ ਸਮੇਤ ਅੰਤ ਸਮੇਂ ਦਰਸ਼ਨ ਦਿੱਤੇ। ਭਜਨ ਦੀ ਵਰਨੀ ਕਰਾਈ ਗਈ। ਆਪ ਨੇ ਕੁਝ ਚਿਰ ਚੁੱਪ ਰਹਿਣ ਬਾਅਦ ਪੁੱਛਿਆ ਕਿ ਅਜੇ ਰਾਤ ਢਲੀ ਹੈ ਕਿ ਨਹੀਂ। ਓੜਕ 29-30 ਫੱਗਣ 1996 ਬਿ. (ਮੁਤਾਬਿਕ ਮਾਰਚ 1940 ਈ.) ਤੜਕੇ 1 ਵੱਜ ਕੇ 11 ਮਿੰਟ ਤੇ ਭਜਨ ਕਰਦਿਆਂ ਸਰੀਰ ਸ਼ਾਂਤ ਹੋ ਗਿਆ। ਅਗਲੇ ਦਿਨ ਦੁਪਹਿਰ ਤੋਂ ਪਹਿਲਾਂ ਸ਼ਬਦ ਕੀਰਤਨ ਜੱਥੇਦਾਰ ਅਤਰ ਸਿੰਘ ਸੰਭੜਿਆਲੀਆ ਹੋਰਾਂ ਕਰਦਿਆਂ,

ਸਤਿਗੁਰੂ ਜੀ, ਮਾਤਾ ਜਿਊਣ ਕੌਰ ਜੀ ਅਤੇ ਹੋਰ ਸੰਗਤਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਰਾਮਸਰ ਤੋਂ ਚੜ੍ਹਦੇ ਮਸਾਣਾ ਵਿੱਚ ਆਪ ਦਾ ਸਸਕਾਰ ਕੀਤਾ। ਇਸ ਸਾਲ ਦਾ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਸੀ। ਹੋਲੇ ਦੇ ਭੋਗ ਤੇ 11 ਚੇਤਰ ਨੂੰ ਮਾਤਾ ਜੀ ਨਮਿੱਤ ਆਦਿ ਗੁਰੂ ਗਰੰਥ ਸਹਿਬ ਦੇ ਇੱਕ ਸੌ ਪਾਠਾਂ ਦੇ ਭੋਗ ਪਾਏ।[16]

ਆਪ ਜੀ ਨੂੰ ਕੁਝ ਉੱਚਾ ਸੁਣਦਾ ਸੀ, ਜਿਸ ਕਾਰਨ ਸੰਗਤ ਆਪ ਨੂੰ 'ਮਾਤਾ ਜੀ, ਬੋਲੇ' ਦੇ ਤੌਰ ਤੇ ਵੀ ਯਾਦ ਕਰਿਆ ਕਰਦੀ ਸੀ। ਆਪ ਬਹੁਤ ਉਦਾਰ ਚਿੱਤ ਸਨ। ਕਿਸੇ ਦਾ ਦੁੱਖ ਨਹੀਂ ਵੇਖ ਸਕਦੇ ਸਨ। ਕਈਆਂ ਤੇ ਆਪ ਨੇ ਅਥਾਹ ਬਖਸ਼ਿਸ਼ਾਂ ਕੀਤੀਆਂ ਸਨ। ਆਪ ਜੀ ਤਿਆਗ ਅਤੇ ਵੈਰਾਗ ਦੀ ਮੂਰਤ ਸਨ। ਆਪ ਦੇ ਦੁਆਰੇ ਤੇ ਆਇਆ ਕਿਸੇ ਵੀ ਭੇਖ ਦਾ ਸੁਆਲੀ ਖਾਲੀ ਨਹੀਂ ਸੀ ਮੁੜਦਾ। ਕਈਆਂ ਦੀਨਾਂ ਦੁਖੀਆਂ ਦੇ ਰੋਗ ਆਪ ਦੇ ਅੰਮ੍ਰਿਤ-ਬਚਨਾਂ ਅਤੇ ਮਿਹਰ-ਨਜ਼ਰ ਨਾਲ ਦੂਰ ਹੋ ਜਾਂਦੇ ਸਨ। ਹੋਲੇ ਮੇਲਿਆਂ ਸਮੇਂ ਬੱਚਿਆਂ ਵਾਲੀਆਂ ਮਾਈਆਂ ਲਈ ਦੁੱਧ ਅਤੇ ਹੋਰ ਲੋੜਾਂ ਦੀ ਪੂਰਤੀ ਆਪ ਕਰਵਾਇਆ ਕਰਦੇ ਸਨ। ਆਪ ਦਾ ਭਾਈ ਚੂਹੜ ਸਿੰਘ ਆਪ ਤੋਂ 7 ਵਰ੍ਹੇ ਵੱਡਾ ਸੀ। ਚੂਹੜ ਸਿੰਘ ਦਾ ਪੁੱਤਰ ਦਿਆਲ ਸਿੰਘ ਹਿਸਾਰ ਡਿਸਟ੍ਰਿਕਟ ਬੋਰਡ ਦਾ ਮੈਂਬਰ ਸੀ। ਅੰਮ੍ਰਿਤਸਰ ਖੁਰਦ (ਸਿਰਸਾ) ਦਾ ਭੂਮੀ ਪਤੀ, ਜ਼ਹੀਰਉਦੀਨ, ਇਹਨਾਂ ਦਿਆਲ ਸਿੰਘ ਜੀ ਦਾ ਮਿੱਤਰ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਜਦੋਂ ਚੁਚਾਲ ਕੋਠੀ ਤੇ ਹੋਰ ਪਿੰਡਾਂ ਦੀ ਜ਼ਮੀਨ ਸੰਗਤ ਲਈ ਖਰੀਦੀ, ਤਾਂ ਜਹੀਰ-ਉ-ਦੀਨ ਆਪ ਦੇ ਦਰਸ਼ਨਾਂ ਨੂੰ ਆਇਆ ਕਰਦਾ ਸੀ। ਅੰਗਰੇਜ਼ ਰਾਜ ਦੀਆਂ ਸਖਤੀਆਂ ਦੇ ਦੌਰ ਨੂੰ ਖਿੜੇ ਮੱਥੇ ਬਰਦਾਸ਼ਤ ਕਰਨ ਵਾਲੇ, ਮਾਤਾ ਫ਼ਤਹਿ ਕੌਰ ਜੀ ਸਾਡੇ ਕੂਕਾ ਸੰਗਰਾਮ ਦੇ ਵੱਡੇ ਨਾਇਕਾਂ ਵਿੱਚੋਂ ਸਨ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀ ਪੁਸਤਕ- 'ਆਜ਼ਾਦੀ ਦੀ ਲਹਿਰ - ਨਾਮਧਾਰੀ ਦੇਵੀਆਂ', ਜਨਮ ਮਿਤੀ ਮਾਘ ਦੀ ਪੂਰਨਮਾਸ਼ੀ, 1918 ਬਿਕ੍ਰਮੀ ਲਿਖਿਆ ਹੈ। ਸਫਾ 96
2. ਜਸਵਿੰਦਰ ਸਿੰਘ (ਸੰਗ੍ਰਹਿ ਕਰਤਾ) ਕੂਕਾਜ਼ ਆਫ ਨੋਟ ਇਨ ਦਾ ਪੰਜਾਬ, 1880 ਈ., ਦਸਤਾਵੇਜ਼, ਸਫਾ 6-7
3. ਸੰਤ ਨਿਧਾਨ ਸਿੰਘ ਆਲਿਮ- ਸ੍ਰੀ ਮਾਤਾ ਫ਼ਤਹਿ ਸਿੰਘ ਜੀ- ਸਤਿਜੁਗ ਦਾ ਸੰਤ ਅੰਕ', 8 ਚਿੱਤਰ ਸੰਮਤ 1996 ਬਿ., ਸਫਾ 169

4. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ (ਸੰ. ਜਸਵਿੰਦਰ ਸਿੰਘ, ਸਫਾ 390-91-92)
5. ਸੂਬਾ ਸੁਰਿੰਦਰ ਕੌਰ ਖਰਲ (ਸੀ.) ਲੁਕਿਆ ਸੱਚ- ਪਟਿਆਲਾ ਦਸਤਾਵੇਜ਼, ਸਫਾ 400
6. ਸੰਤ ਨਿਧਾਨ ਸਿੰਘ ਆਲਿਮ, ਉਪਰੋਕਤ ਸੰਤ ਅੰਕ, ਸਫਾ 170-71
7. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 49
8. ਉਪਰੋਕਤ, ਸਫਾ 82
9. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਸਫਾ 90
10. ਸੰਤ ਸੰਤੋਖ ਸਿੰਘ ਬਾਹੋਵਾਲ, ਭਾਗ ਦੂਜਾ, ਸਫਾ 171-72
11. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਉਪਰੋਕਤ, ਸਫਾ 91
12. ਉਪਰੋਕਤ, ਸਫਾ 92
13. ਪੁਸ਼ਪ ਸਿੰਘ ਕੰਵਲ, ਜੀਵਨ ਚਰਿੱਤਰ ਮਹਾਰਾਜ ਜੰਗ ਸਿੰਘ (ਕਵਿਤਾ ਵਿੱਚ) ਪ੍ਰਕਾਸ਼ਕ, ਮਸਤਾਨਾ ਗੁਰਦਿਆਲ ਸਿੰਘ ਕੋਟ ਧਰਮੂ, ਸੰਨ 1991 ਈ., ਸਫਾ 46-66
14. ਭਾਈ ਹਰਨਾਮ ਸਿੰਘ ਬਗੁਲੀ ਕਲਾਂ, ਸੰਤ ਖਾਲਸਾ, ਈ., ਸਫਾ 50 1935
15. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਉਪਰੋਕਤ, ਸਵਾ 97-98
16. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ-3, ਸਫਾ 70-71-74

# ਨਾਮਧਾਰੀ ਪੰਥ ਦੇ ਰਾਜ ਜੋਗੀ ਸ੍ਰੀ ਮਹਾਰਾਜ ਜੰਗ ਸਿੰਘ ਜੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਕਰਨ ਬਾਅਦ, ਉਹਨਾਂ ਦੇ ਹੁਕਮ ਅਨੁਸਾਰ ਨਾਮਧਾਰੀ ਪੰਥ ਦੀ ਵਾਗਡੋਰ, ਆਪ ਦੇ ਛੋਟੇ ਭਰਾਤਾ ਕੋਲ ਆਈ, ਜੋ ਪਹਿਲਾਂ ਮਹਾਰਾਜ ਬੁੱਧ ਸਿੰਘ ਜੀ ਦੇ ਨਾਮ ਨਾਲ ਜਾਣੇ ਜਾਂਦੇ ਸਨ, ਬਾਅਦ ਵਿੱਚ ਸਿੱਖੀ ਹਰੀ ਰੱਖਣ ਕਾਰਨ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਤੌਰ ਤੇ ਜਾਣੇ ਜਾਣ ਲੱਗੇ। ਆਪ ਦੇ ਪਹਿਲੇ ਮਹਿਲ ਮਾਤਾ ਸਾਹਿਬ ਕੌਰ ਵਿੱਚੋਂ ਦੋ ਪੁੱਤਰੀਆਂ ਹੀ ਸਨ। ਮਾਤਾ ਸਾਹਿਬ ਕੌਰ 1881 ਈ. ਤੱਕ ਚਲਾਣਾ ਵੀ ਕਰ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਦੀਆਂ ਵੀ ਦੋ ਪੁੱਤਰੀਆਂ ਹੀ ਸਨ। ਪਰਿਵਾਰ ਤਾਂ ਬੀਬੀ ਨੰਦਾ ਵੱਡੀ ਪੁੱਤਰੀ ਦਾ ਹੀ ਸੀ। ਬਾਬਾ ਜੱਸਾ ਸਿੰਘ, ਸਤਿਗੁਰੂ ਜੀ ਦੇ ਪਿਤਾ ਅਕਸਰ ਆਪ ਅੱਗੇ ਪੋਤਰੇ ਦੇਖਣ ਦੀ ਰੀਝ ਪ੍ਰਗਟ ਕਰਿਆ ਕਰਦੇ ਸਨ, ਜਿਸ ਤੇ ਸੰਤ ਇੰਦਰ ਸਿੰਘ ਚੱਕਰਵਰਤੀ ਦੇ ਸ਼ਬਦਾਂ ਵਿੱਚ ਸਤਿਗੁਰੂ ਜੀ ਫੁਰਮਾਇਆ ਕਰਦੇ ਸਨ-

"ਬੁੱਧ ਸਿੰਘ ਘਰ ਹੋਣਗੇ, ਇੱਕ ਨਹੀਂ ਦੋ ਤਿੰਨ।
ਵੇਖ ਜਿਹਨਾਂ ਨੂੰ ਹੋਏਗਾ ਸਭ ਦਾ ਚਿੱਤ ਪਰਸੰਨ।"

(ਵਿਸ਼ਵੇਂਦਰ-ਮਹਾਂਕਾਵਿ)

ਸਤਿਗੁਰੂ ਜੀ ਦੇ ਇਸ ਬਚਨ ਦੀ ਪੂਰਤੀ ਹਿੱਤ ਨਾਮਧਾਰੀ ਪੰਥ ਦੇ ਮੁਖੀ ਸਿੰਘਾਂ ਵਿੱਚ ਅਕਸਰ ਵਿਚਾਰ ਚਰਚਾ ਹੁੰਦੀ ਰਹਿੰਦੀ ਸੀ। ਇਹਨਾਂ ਦਿਨਾਂ ਵਿੱਚ ਮਾਲਵੇ ਦੀ ਇੱਕ ਅਹਿਮ ਕੂਕਾ ਆਗੂ, ਮਾਈ ਅਤਰੀ ਮਾਈਸਰਖਾਨੇ ਵਾਲੀ, ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ, ਡੇਰਾ ਸ੍ਰੀ ਭੈਣੀ ਸਾਹਿਬ ਦੀ ਮੁੱਖ ਪ੍ਰਬੰਧਕ ਸੀ। ਮਾਲਵੇ ਦੇ ਉਸ ਸਮੇਂ ਦੇ ਸਿਰਸਾ ਜ਼ਿਲ੍ਹੇ ਦੇ ਪਿੰਡ ਥਰਾਜ ਦੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਥਾਪੇ, ਸੂਬਾ ਖੁਸ਼ਹਾਲ ਸਿੰਘ ਜੀ ਆਪਣੀ ਸਿੰਘਣੀ ਦੇ ਭਰਾ ਹਰਨਾਮ ਸਿੰਘ ਪਿੰਡ ਗਿੱਲ (ਬਠਿੰਡਾ) ਅਤੇ ਆਪਣੀਆਂ ਦੋਹਾਂ ਪੁੱਤਰੀਆਂ ਬੀਬੀ ਜੀਵਨ ਕੌਰ ਅਤੇ ਬੀਬੀ ਫਤਹਿ ਕੌਰ ਨਾਲ ਅਪਰੈਲ 1887 ਦੇ ਪਹਿਲੇ ਪਖਵਾੜੇ, ਗੁਰਦੁਆਰਾ ਭੈਣੀ ਸਾਹਿਬ ਵਿਖੇ ਆਉਂਦੇ ਹਨ। ਦੋਹਾਂ ਬੀਬੀਆਂ ਨੇ ਬਚਪਨ ਵਿੱਚ ਨਾਨਕੇ ਪਿੰਡ ਗਿੱਲ ਰਹਿ ਕੇ ਹੀ ਮਾਮਾ ਹਰਨਾਮ ਸਿੰਘ ਤੋਂ ਗੁਰਮੁਖੀ ਵਿੱਦਿਆ ਅਤੇ ਆਦਿ

ਗਰੰਥ ਸਾਹਿਬ ਦੇ ਪਾਠ ਦੀ ਸੰਥਿਆ ਲਈ ਸੀ। ਗੁਰੂ ਹਰੀ ਸਿੰਘ ਜੀ ਦੇ ਇੱਕ ਹੋਰ ਅਨਿੰਨ ਸਿੱਖ, ਭਾਈ ਭਗਵਾਨ ਸਿੰਘ ਪਿੰਡ ਪਿੱਥੋ ਰਿਆਸਤ ਨਾਭਾ ਵੀ ਇਨ੍ਹਾਂ ਦੇ ਸਾਥ ਸੀ, ਜਿਹਨੂੰ ਰੱਬ ਕਹਿ ਕੇ ਬੁਲਾਇਆ ਜਾਂਦਾ ਸੀ।

ਉੱਪਰ ਵਰਣਿਤ ਸਿੰਘ ਅਤੇ ਭਾਈ ਨਰਾਇਣ ਸਿੰਘ ਰੋਡੇ ਵਾਲੇ ਮਹੰਤ ਅਤੇ ਮਹੰਤ ਬਿਸ਼ਨ ਸਿੰਘ ਜੀ ਲੱਲਾਂ ਵਾਲੇ ਗੁਰੂ ਹਰੀ ਸਿੰਘ ਜੀ ਪਾਸ 1887 ਈ. ਦੀ ਵੈਸਾਖੀ ਵਾਲੇ ਦਿਨ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਗਏ। ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਨੇ ਗੁਰੂ ਜੀ ਨੂੰ ਅਰਜ਼ ਕੀਤੀ ਕਿ ਇਸ ਸੰਗਤ ਦੀ ਬੇਨਤੀ ਹੈ ਕਿ ਆਪ ਜੀ ਖੜ੍ਹੇ ਹੋਵੋ, ਆਪ ਜੀ ਦਾ ਅਨੰਦ ਕਾਰਜ ਦਾ ਅਰਦਾਸਾ ਬੀਬੀ ਜਿਊਣ ਕੌਰ ਅਤੇ ਫਤਹਿ ਕੌਰ ਜੀ ਨਾਲ ਕਰਨਾ ਹੈ। ਬੇਨਤੀ ਪਰਵਾਨ ਹੋਈ ਅਤੇ ਇਸ ਤਰ੍ਹਾਂ ਇਹ ਅਰਦਾਸਾ ਵੈਸਾਖੀ ਸੰਬਤ 1944 ਬਿਕਰਮੀ ਨੂੰ ਸੋਧਿਆ ਗਿਆ। ਦੋਵੇਂ ਬੀਬੀਆਂ ਜਿਹਨਾਂ ਦੀ ਉਮਰ ਕ੍ਰਮਵਾਰ 27 ਅਤੇ 25 ਵਰ੍ਹੇ ਸੀ, ਮਾਤਾ ਜੀਵਨ ਕੋਰ ਅਤੇ ਮਾਤਾ ਫਤਹਿ ਕੌਰ ਜੀ ਗੁਰੂ ਮਹਿਲਾਂ ਦੇ ਰੂਪ ਵਿੱਚ ਭੈਣੀ ਸਾਹਿਬ ਰਹਿਣ ਲੱਗ ਪਈਆਂ। ਬਾਬਾ ਖੁਸ਼ਹਾਲ ਸਿੰਘ ਅਤੇ ਨਾਲ ਦੇ ਸਿੰਘ, ਦੋਹਾਂ ਮਾਤਾਵਾਂ ਨੂੰ ਗੁਰੂ ਘਰ ਦੀ ਸਿੱਖਿਆ ਦੇ ਅਨੁਰੂਪ ਹਦਾਇਤਾਂ ਕਰਕੇ, ਵਾਪਸ ਆਪੋ ਆਪਣੇ ਪਿੰਡਾਂ ਨੂੰ ਪਰਤ ਆਏ। ਸੂਬਾ ਖੁਸ਼ਹਾਲ ਸਿੰਘ ਜੀ ਦਾ ਅਸਰ-ਰਸੂਖ ਪੰਜਾਬ ਦੇ ਨਾਲ ਲੱਗਦੇ ਜ਼ਿਲ੍ਹਿਆਂ ਫੀਰੋਜ਼ਪੁਰ, ਬੀਕਾਨੇਰ, ਨਾਭਾ, ਪਟਿਆਲਾ, ਜੀਂਦ ਅਤੇ ਫਰੀਦਕੋਟ ਆਦਿ ਰਿਆਸਤਾਂ ਵਿੱਚ ਵੀ ਚੰਗਾ ਸੀ। ਡੇਰੇ ਵਿੱਚ ਰਹਿਣ ਵਾਲੇ ਹੋਰ ਨਾਮਧਾਰੀ ਮਾਈ ਭਾਈਆਂ ਜਿਉਂ, ਭੈਣੀ ਸਾਹਿਬ ਪੁਲੀਸ ਚੌਕੀ ਦੇ ਕਰਮਚਾਰੀ, ਦੋਹਾਂ ਮਾਤਾਵਾਂ ਦੀ ਵੀ ਹੁਣ ਸੁਬਹਾ ਸ਼ਾਮ ਹਾਜ਼ਰੀ ਲਾਉਂਦੇ ਸਨ। ਗੁਰਦੁਆਰਾ ਭੈਣੀ ਸਾਹਿਬ ਵਿੱਚ ਪੁਲੀਸ ਪਾਸ ਆਪਣਾ ਨਾਂ ਪਤਾ ਦਰਜ ਕਰਵਾ ਕੇ, ਪਹਿਲਾਂ ਪੰਜ ਵਿਅਕਤੀ ਅਤੇ ਬਾਅਦ ਵਿੱਚ ਸਿਰਫ ਦਸ ਵਿਅਕਤੀ ਹੀ ਅੱਠਾਂ ਪਹਿਰਾਂ ਲਈ ਆਪਣੇ ਗੁਰਧਾਮ ਦਾ ਦਰਸ਼ਨ ਕਰ ਸੱਕਦੇ ਸਨ। ਇੱਕ ਵੇਰ ਦਰਸ਼ਨ ਕਰ ਲੈਣ ਵਾਲਿਆਂ ਦੀ ਦੁਬਾਰਾ ਵਾਰੀ ਛੇ ਮਹੀਨਿਆਂ ਬਾਅਦ ਹੀ ਆਉਂਦੀ ਸੀ। ਸਮੁੱਚੇ ਕੂਕਾ ਭਾਈਚਾਰੇ ਨੂੰ ਇਸ ਸਮੇਂ ਸਰਕਾਰ ਦਾ ਬਾਗੀ ਫਿਰਕਾ ਘੋਸ਼ਿਤ ਕੀਤਾ ਗਿਆ ਸੀ।

ਮਾਤਾ ਫਤਹਿ ਕੌਰ ਜੀ ਖੱਦਰ ਦਾ ਲੰਮਾ ਚੋਲਾ ਪਹਿਰਿਆ ਕਰਦੇ ਸਨ। ਅੰਮ੍ਰਿਤ ਵੇਲੇ ਉੱਠ ਕੇ ਪੰਜ ਬਾਣੀਆਂ ਦਾ ਪਾਠ ਕਰਦੇ। ਭਜਨ ਬੰਦਗੀ ਵਿੱਚ ਲੀਨ ਰਹਿੰਦੇ। ਸਾਰਾ ਦਿਨ ਲੰਗਰ ਵਿੱਚ ਸੇਵਾ ਕਰਦੇ। ਸਾਦਾ ਜੀਵਨ ਬਤੀਤ ਕਰਦੇ ਸਨ। ਜਦੋਂ ਮਾਤਾ ਫਤਹਿ ਕੌਰ ਜੀ ਨੂੰ ਬੱਚੇ ਦੀ ਆਸ ਹੋ

ਗਈ ਤਾਂ ਅੰਗਰੇਜ਼ ਸਰਕਾਰ ਦੀ ਪੁਲੀਸ ਨੇ ਭੈਣੀ ਸਾਹਿਬ ਗੁਰਦੁਆਰੇ ਤੇ ਆਪਣੀ ਨਿਗਰਾਨੀ ਹੋਰ ਵੀ ਵਧਾ ਦਿੱਤੀ। ਇਸ ਸਮੇਂ ਹੋਰ ਵੀ ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਫੈਲ ਰਹੀਆਂ ਸਨ ਕਿ ਗੁਰੂ ਹਰੀ ਸਿੰਘ ਜੀ ਦੇ ਘਰ ਜਿਹੜਾ ਸਾਹਿਬਜ਼ਾਦਾ ਆਏਗਾ, ਉਹ ਹਿੰਦੁਸਤਾਨ ਵਿੱਚ ਅੰਗਰੇਜ਼ਾਂ ਦੇ ਰਾਜ ਅਤੇ ਇੰਗਲੈਂਡ ਦੀ ਮਹਾਰਾਣੀ ਮਲਕਾ ਵਿਕਟੋਰੀਆ ਤੇ ਬਹੁਤ ਭਾਰੀ ਪਵੇਗਾ। ਇਸ ਲਈ ਅੰਗਰੇਜ਼ ਸਰਕਾਰ ਅਤੇ ਉਸਦੇ ਮੁਖਬਰ ਬਾਲਕ ਦੀ ਆਮਦ ਪ੍ਰਤੀ ਹਰ ਤਰ੍ਹਾਂ ਦੀਆਂ ਕਨਸੋਆਂ ਲੈਣ ਲੱਗ ਪਏ।

ਡੂੰਘੀ ਰਾਜਨੀਤੀ ਨੂੰ ਵਿਚਾਰ ਕੇ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਮਾਤਾ ਫਤਹਿ ਕੌਰ ਜੀ ਨੂੰ ਪੁਲੀਸ ਦੀਆਂ ਸ਼ੱਕੀ ਨਜ਼ਰਾਂ ਤੋਂ ਦੂਰ ਉਨ੍ਹਾਂ ਦੇ ਪੇਕੇ ਪਿੰਡ ਥਰਾਜ, ਜੋ ਟਿੱਬਿਆਂ ਦਾ ਇਲਾਕਾ ਸੀ, ਕੁਝ ਸਮਾਂ ਉੱਥੇ ਭੇਜਣ ਦਾ ਵਿਚਾਰ ਕਰ ਲਿਆ। ਇਸ ਕਾਰਜ ਲਈ ਸੂਬਾ ਮਾਈ ਹੁਕਮੀ ਵਰਿਆਂਹ ਵਾਲੀ ਅਤੇ ਬੀਬੀ ਉੱਤਮੀ ਉਰਫ ਮਾਈ ਘੁੱਲੀ ਚੱਕ ਦੇਸ ਰਾਜ (ਜਲੰਧਰ) ਵਾਲੀ, ਜੋ ਇਸ ਸਮੇਂ ਡੇਰਾ ਭੈਣੀ ਸਾਹਿਬ ਰਹਿੰਦੀਆਂ ਸਨ, ਨੂੰ ਮਾਤਾ ਜੀ ਦੇ ਨਾਲ ਚੱਲਣ ਲਈ ਤਿਆਰ ਕੀਤਾ।ਜਥੇ ਦੀ ਮੁਖੀ ਬੀਬੀ ਹੁਕਮੀ ਦੀ ਸਲਾਹ ਨਾਲ , ਵੈਸਾਖਾ ਸਿੰਘ ਸ਼ੇਰਪੁਰ, ਬੱਗਾ ਸਿੰਘ ਅਤੇ ਕਾਹਨ ਸਿੰਘ ਭੰਮਾ ਬੱਦੀ (.. ਸੰਗਰੂਰ), ਸੂਬਾ ਧਰਮ ਸਿੰਘ (ਰਿ. ਨਾਭਾ), ਹਰਨਾਮ ਸਿੰਘ ਸੈਦੋਕੀ (ਫੀਰੋਜ਼ਪੁਰ), ਹਰਦਿੱਤ ਸਿੰਘ ਸੁੰਦਰ ਸਿੰਘ ਭਾਈਕਾ, ਮੰਡੀ ਕਲਾਂ (ਰਿ. ਸੰਗਰੂਰ), ਹਰੀ ਸਿੰਘ ਮਾਈਸਰਖਾਨਾ ਅਤੇ ਗੁਰਦਿੱਤ ਸਿੰਘ ਕੋਟ ਧਰਮੂ (ਦੋਵੇਂ ਰਿਆਸਤ ਪਟਿਆਲਾ) ਤੇ ਆਧਾਰਿਤ ਮਾਤਾ ਜੀ ਸਣੇ ਇਹ 12 ਮੈਂਬਰਾਂ ਦਾ ਜਥਾ ਤਿਆਰ ਹੋਇਆ। ਮਾਈ ਹੁਕਮੀ ਮਾਤਾ ਜੀ ਦੀ ਸੇਵਿਕਾ ਬਣੀ ਅਤੇ ਮਾਈ ਘੁੱਲੀ ਜਥੇ ਦੀ ਸੇਵਾ ਲਈ। ਇੱਕ ਰਥ ਵਿੱਚ ਮਾਈਆਂ ਸੁਆਰ ਹੋ ਗਈਆਂ ਅਤੇ ਇੱਕ ਊਠ ਤੇ ਆਟਾ, ਦਾਲ, ਖੰਡ, ਘਿਉ, ਬਰਤਨ ਮਸਾਲੇ ਲੰਗਰ ਦਾ ਸਮਾਨ ਲੱਦ ਲਿਆ।ਗੁਰੂ ਹਰੀ ਸਿੰਘ ਜੀ ਨੇ ਹੁਕਮ ਕੀਤਾ ਕਿ ਡੇਰਾ ਕਿਸੇ ਆਪਣੇ ਸਿੰਘ ਦੇ ਘਰ ਲਾਉਣਾ, ਪਰ ਲੰਗਰ ਆਪਣੀ ਰਸਦ ਦਾ ਹੀ ਤਿਆਰ ਕਰਨਾ, ਕਿਉਂ ਜੁ ਕਈ ਸਿੰਘਾਂ ਦੀ ਪਹੁੰਚ ਨਹੀਂ ਹੁੰਦੀ। ਸਗੋਂ ਜਦੋਂ ਲੰਗਰ ਤਿਆਰ ਹੋਵੇ ਤਾਂ ਕੋਲ ਆਏ ਲੋੜਵੰਦਾਂ ਨੂੰ ਛਕਾਉਣਾ। ਮਾਤਾ ਫਤਹਿ ਕੌਰ ਜੀ ਲਈ, ਬੀਮਾਰ ਪਿਤਾ ਦੀ ਸੇਵਾ ਟਹਿਲ ਲਈ, ਗੁਰੂ ਹਰੀ ਸਿੰਘ ਜੀ ਨੇ ਲੁਧਿਆਣੇ ਜ਼ਿਲ੍ਹਾ ਅਧਿਕਾਰੀਆਂ ਤੋਂ ਡੇਢ ਮਹੀਨੇ ਦੀ ਛੁੱਟੀ ਮਨਜ਼ੂਰ ਕਰਵਾ ਲਈ। ਫਿਰ ਵੀ 5-7 ਪੁਲੀਸ ਦੇ ਸਿਪਾਹੀ, ਹੌਲਦਾਰ ਅਤੇ ਇੱਕ ਥਾਣੇਦਾਰ ਮਾਤਾ ਜੀ ਦੀ ਨਿਗਰਾਨੀ ਵਾਸਤੇ ਨਾਲ ਚੱਲ ਪਏ।

ਭੈਣੀ ਸਾਹਿਬ ਤੋਂ ਚੱਲ ਕੇ ਪਹਿਲਾ ਪੜਾਅ ਸਿਆਹੜ ਪਿੰਡ ਦੇ ਮਸ਼ਹੂਰ

ਕੂਕੇ ਭਾਈ ਲਾਲ ਸਿੰਘ ਦੇ ਘਰ ਕੀਤਾ। ਦੂਜਾ ਪੜਾਅ ਰਿਆਸਤ ਮਲੇਰਕੋਟਲਾ ਵਿੱਚ ਪਿੰਡ ਚੱਕ ਕੂਕਿਆਂ ਦੇ ਜਲਾਵਤਨ ਸੂਬਾ, ਕਾਹਨ ਸਿੰਘ ਦੇ ਘਰ ਪਰਿਵਾਰ ਵਿੱਚ ਕੀਤਾ। ਤੀਸਰੀ ਰਾਤ ਬਰਨਾਲੇ ਕੋਲ ਪਿੰਡ ਕਰਮਗੜ੍ਹ ਦੇ ਇੱਕ ਨਾਮਧਾਰੀ ਸਿੰਘ ਦੇ ਘਰ ਜਾ ਬਿਤਾਈ। ਕਰਮਗੜ੍ਹ ਦੇ ਨੇੜੇ ਹੀ ਪਿੰਡ ਨੰਗਲ ਹੈ। ਪਿਛਲੀ ਸ਼ਾਮ ਜਦੋਂ ਇਸ ਪਿੰਡ ਦੀ ਰੋਹੀ ਵਿੱਚੋਂ ਲੰਘ ਰਹੇ ਸਨ ਤਾਂ ਰੋਣ ਕੁਰਲਾਣ ਦੀਆਂ ਆਵਾਜ਼ਾਂ ਸੁਣ ਕੇ ਸੂਬਾ ਹੁਕਮੀ ਜੀ ਉੱਥੇ ਪੁੱਜ ਗਏ। ਪਤਾ ਲੱਗਾ ਕਿ ਇੱਕ ਸੇਠ ਦਾ ਪੋਤਰਾ ਹੋਇਆ ਸੀ, ਜੋ ਹੁੰਦਾ ਹੀ ਪੂਰਾ ਹੋ ਗਿਆ ਸੀ, ਉਸਨੂੰ ਦੱਬ ਕੇ ਜਾ ਰਹੇ ਸਨ। ਸੂਬਾ ਹੁਕਮੀ ਜੀ ਨੂੰ ਇਹ ਘਟਨਾ ਕਿਸੇ ਗ਼ੈਬੀ ਤਾਕਤ ਦਾ ਉਨ੍ਹਾਂ ਨੂੰ ਮਿਲਿਆ ਸਹਾਰਾ ਜਾਪਿਆ। ਉਸੇ ਰਾਤ ਦੇ ਬਾਰਾਂ ਕੁ ਵਜੇ ਬਾਲਕ ਦੇ ਆਉਣ ਦੇ ਸਾਰੇ ਅਸਾਰ ਬਣ ਗਏ। ਇਸ ਵੇਲੇ ਕਾਫੀ ਹਨੇਰ ਝੱਖੜ ਅਤੇ ਹਲਕੀ ਬੂੰਦਾਬਾਂਦੀ ਵੀ ਹੋਈ। ਪੁਲੀਸ ਟੁਕੜੀ ਵੀ ਰਥ ਤੋਂ ਦੂਰ ਸੱਜੇ ਖੱਬੇ ਰੁੱਖਾਂ ਦੀ ਓਟ ਵਿੱਚ ਚਲੀ ਗਈ। ਇਸ ਸਮੇਂ ਮਾਤਾ ਜੀ ਨੇ ਵੈਸਾਖਾ ਸਿੰਘ ਜਿਸਨੂੰ ਜੋਗੀ ਵੀ ਆਖਦੇ ਸਨ, ਉਹਨੂੰ ਦੂਜੇ ਪਿੰਡ ਦੇ ਸ਼ਮਸ਼ਾਨ ਵਿੱਚ ਸੱਜਰਾ ਦੱਬਿਆ ਬਾਲਕ ਕੱਢ ਕੇ ਲਿਆਉਣ ਲਈ ਭੇਜਿਆ।ਉਹ ਇੱਕ ਘੰਟੇ ਦੇ ਵਿੱਚ ਬਾਲਕ ਦੀ ਦੇਹ ਲੈ ਕੇ ਆ ਗਿਆ। ਜਿਸ ਨੂੰ ਸੰਭਾਲ ਕੇ ਰੱਖ ਲਿਆ। ਇਸ ਸਮੇਂ ਮਾਤਾ ਫਤਹਿ ਕੌਰ ਜੀ ਦੇ ਉਦਰ ਥੀਂ 26 ਫੱਗਣ 1945 ਸੰਬਤ ਬਿਕਰਮੀ ਮੁਤਾਬਿਕ ਮਾਰਚ 1889 ਈ., ਚਾਨਣਾ ਪੱਖ ਵੀਰਵਾਰ ਨੂੰ ਸ੍ਰੀ ਮਹਾਰਾਜ ਜੰਗ ਸਿੰਘ ਜੀ ਅਵਤਰਿਤ ਹੋਏ। ਸੂਬਾ ਹੁਕਮੀ ਜੀ ਨੇ ਉਸੇ ਸਮੇਂ ਚਾਰ ਚਤੁਰ ਸਿੰਘਾਂ ਨੂੰ ਨਵਜਾਤ ਬਾਲਕ ਦੀ ਸਉਪਣਾ ਕਰਕੇ, ਉਸਨੂੰ ਥਰਾਜ ਪਿੰਡ ਵਿਖੇ ਨਾਨਕੇ ਘਰ ਪੁਚਾਉਣ ਦੀ ਤਾਕੀਦ ਕੀਤੀ। ਸਿੰਘ ਇੱਥੋਂ ਮੰਡੀ ਕਲਾਂ ਪੁੱਜ ਗਏ, ਉੱਥੇ ਪਰਸ਼ਾਦਾ ਪਾਣੀ ਛਕਿਆ।ਇੱਥੋਂ ਜਿਉਂ ਚਾਲਾ ਮਾਰਿਆ ਉਹ ਸੂਰਜ ਛਿਪਦੇ ਨੂੰ ਥਰਾਜ ਪਹੁੰਚ ਗਏ ਅਤੇ ਇੱਕ ਤੂੜੀ ਵਾਲੇ ਕੋਠੇ ਵਿੱਚ ਪੀਹੜੇ ਤੇ ਵਿਛੇ ਨਿੱਘੇ ਬਿਸਤਰੇ ਵਿੱਚ ਬੱਚੇ ਨੂੰ ਲਿਟਾ ਕੇ ਅਗਲੀ ਸੁਬਹਾ ਵਾਪਸ ਪਰਤ ਆਏ।

ਓਧਰ ਕਰਮਗੜ੍ਹ ਦੀ ਜੂਹ ਵਿੱਚ ਦਿਨ ਦੇ ਚੜ੍ਹਾਅ ਨਾਲ ਸੂਬਾ ਹੁਕਮੀ ਅਤੇ ਮਾਈ ਘੁੱਲੀ ਨੇ ਰੋਣਾ ਪਿੱਟਣਾ ਸ਼ੁਰੂ ਕਰ ਦਿੱਤਾ। ਪੁਲੀਸ ਵਾਲੇ ਅਤੇ ਹੋਰ ਲੋਕਾਂ ਦੇ ਪੁੱਛਣ ਤੇ ਦੱਸਿਆ ਕਿ ਗੁਰੂ ਹਰੀ ਸਿੰਘ ਜੀ ਦੇ ਘਰ ਇਹ ਬੱਚਾ ਪੈਦਾ ਹੋਇਆ ਸੀ, ਜੋ ਪੂਰਾ ਹੋ ਗਿਆ ਹੈ। ਸੇਠ ਦੇ ਮ੍ਰਿਤ ਬੱਚੇ ਤੇ ਮਾਈ ਹੁਕਮੀ ਨੇ ਖੱਫਣ ਪਾ ਦਿੱਤਾ। ਦਿਨ ਚੜ੍ਹਣ ਤੇ ਪਿੰਡ ਕਰਮਗੜ੍ਹ ਦੀ ਪੰਚਾਇਤ ਅਤੇ ਲੁਧਿਆਣਾ ਪੁਲੀਸ ਵਲੋਂ ਭੇਜੀ ਟੁਕੜੀ ਦੋਹਾਂ ਦੀ ਨਿਗਰਾਨੀ ਵਿੱਚ (ਸੇਠ ਦੇ) ਬੱਚੇ ਦਾ ਗੁਰਮਤਿ ਅਨੁਸਾਰ ਸਸਕਾਰ ਕਰ

ਦਿੱਤਾ। ਥਾਣੇਦਾਰ ਨੇ ਰੀਪੋਰਟ ਲਿਖੀ ਕਿ ਇਸ ਤਰ੍ਹਾਂ ਬੱਚਾ ਪੈਦਾ ਹੋਇਆ ਮਾਤਾ ਫਤਹਿ ਕੌਰ ਦੇ ਪੇਟੋਂ ਪਰ ਬਾਅਦ ਵਿੱਚ ਚਲਾਣਾ ਕਰ ਗਿਆ। ਤਿੰਨ ਕਾਪੀਆਂ ਰੀਪੋਰਟ ਦੀਆਂ ਬਣਾ ਕੇ ਤਿੰਨਾਂ ਤੇ ਹੀ ਪਿੰਡ ਦੀ ਪੰਚਾਇਤ, ਪੁਲੀਸ ਵਾਲਿਆਂ ਤੇ ਹੋਰਨਾਂ ਦੇ ਦਸਤਖਤ ਅੰਗੂਠੇ ਕਰਵਾ ਲਏ। ਇੱਕ ਨਕਲ ਰੀਪੋਰਟ ਦੀ ਥਾਣੇਦਾਰ ਨੇ ਲੁਧਿਆਣਾ ਡੀ. ਸੀ. ਨੂੰ ਭੇਜ ਕੇ ਅੱਗੇ ਤੋਂ ਆਪਣੇ ਲਈ ਕੀ ਹੁਕਮ ਹੈ ਲਿਖ ਭੇਜਿਆ। ਅਗਲੇ ਦਿਨ ਪੁਲੀਸ ਦੇ ਨਾਲ ਡੀ. ਸੀ. ਨੇ ਇੱਕ ਡਾਕਟਰ ਤਸੱਲੀ ਕਰਨ ਲਈ ਭੇਜਿਆ। ਉਹਨੇ ਸਿਵਿਆਂ ਵਿੱਚ ਹੱਡੀਆਂ ਇਕੱਠੀਆਂ ਕਰਕੇ ਇਸਨੂੰ ਮਾਤਾ ਫਤਹਿ ਕੌਰ ਦਾ ਨਵਜਾਤ ਬਾਲਕ ਮਰਨ ਦੀ ਰੀਪੋਰਟ ਦਰੁਸਤ ਮੰਨ ਲਈ। ਸੋ ਹੁਣ ਪੁਲੀਸ ਇਹ ਤਸੱਲੀ ਕਰਕੇ ਕਿ ਜਿਸ ਬਾਲਕ ਤੇ ਨਿਗਰਾਨੀ ਰੱਖਣੀ ਸੀ, ਉਹ ਰਿਹਾ ਨਹੀਂ, ਵਾਪਸ ਪਰਤ ਗਈ।

ਮਾਤਾ ਫਤਹਿ ਕੌਰ ਜੀ ਤੇ ਬਾਕੀ ਸੰਗਤ ਕਰਮਗੜ੍ਹ ਤੋਂ ਮੌੜ ਪਿੰਡ ਵਿੱਚ ਬੱਗਾ ਸਿੰਘ ਦੇ ਘਰ ਜਾ ਰਹੇ। ਇਹ ਚੌਥਾ ਪੜਾਅ ਸੀ। ਪੰਜਵਾਂ ਪੜਾਅ ਮਾਤਾ ਫਤਹਿ ਕੌਰ ਜੀ ਦੇ ਨਾਨਕੇ ਪਿੰਡ ਗਿੱਲ ਵਿਖੇ ਕੀਤਾ ਚੇਤ ਸਿੰਘ ਦੇ ਘਰ।ਛੇਵਾਂ ਪੜਾਅ ਇਸੇ ਪਿੰਡ ਧਰਮ ਸਿੰਘ ਦੇ ਘਰ ਹੋਇਆ। ਸੱਤਵਾਂ ਪੜਾਅ ਮੰਡੀ ਕਲਾਂ ਬਾਬਾ ਹਰਦਿੱਤ ਸਿੰਘ ਦੇ ਘਰ। ਅੱਠਵਾਂ ਪੜਾਅ ਇਸੇ ਪਿੰਡ ਸ਼ਹੀਦ ਹਰਨਾਮ ਸਿੰਘ ਦੇ ਘਰ ਕੀਤਾ। ਸ਼ਹੀਦ ਦੇ ਭਾਈ ਸੁੰਦਰ ਸਿੰਘ ਦੇ ਘਰ ਟਿਕੇ। ਨੌਵਾਂ ਪੜਾਅ ਮਾਈਸਰ ਖਾਨੇ, ਮਾਈ ਅਤਰੀ ਦੇ ਚਾਚੇ ਮਨੀ ਸਿੰਘ ਦੇ ਘਰ ਕੀਤਾ। ਦਸਵਾਂ ਪੜਾਅ ਵੀ ਇੱਥੇ ਹੀ ਮਾਈ ਅਤਰੀ ਦੇ ਪਿੰਡੋਂ ਬਾਹਰ ਬਣੇ ਡੇਰੇ ਵਿੱਚ ਹੋਇਆ। ਯਾਰ੍ਹਵਾਂ ਪੜਾਅ ਸੁੱਚਾ ਸਿੰਘ ਦੇ ਘਰ ਪਿੰਡ ਬਹਿਣੀਵਾਲ ਵਿਖੇ ਅਤੇ ਬਾਰ੍ਹਵੇਂ ਦਿਨ ਤੋੜ ਥਰਾਜ, ਮਾਤਾ ਜੀ ਦੇ ਪੇਕੇ ਪਿੰਡ ਵਿੱਚ ਪੁੱਜ ਗਏ। ਇੱਥੇ ਕੁਝ ਦਿਨ ਮਾਤਾ ਜੀ ਅਤੇ ਜਥੇ ਨੇ ਆਰਾਮ ਕੀਤਾ।

ਇਸ ਜਥੇ ਵਿਚੋਂ ਜਿਹੜੇ ਸਿੰਘ ਸਾਹਿਬਜ਼ਾਦੇ ਨੂੰ ਪੁਲੀਸ ਦੀ ਨਜ਼ਰ ਤੋਂ ਸੁਰੱਖਿਅਤ ਥਰਾਜ ਛੱਡ ਆਏ ਸਨ, ਉਨ੍ਹਾਂ ਵਿੱਚੋਂ ਬੱਗਾ ਸਿੰਘ ਤੇ ਵਿਸਾਖਾ ਸਿੰਘ ਸ੍ਰੀ ਭੈਣੀ ਸਾਹਿਬ ਪੁੱਜ ਕੇ, ਗੁਰੂ ਹਰੀ ਸਿੰਘ ਜੀ ਨੂੰ ਸਾਰੀ ਰੀਪੋਰਟ ਦਿੰਦੇ ਹਨ ਕਿ ਮਾਈ ਹੁਕਮੀ ਨੇ ਇਹ ਵਿਊਹ ਰਚਨਾ ਕਰਕੇ, ਸਾਹਿਬਜ਼ਾਦਾ ਸੁਰੱਖਿਅਤ ਥਰਾਜ ਪੁਚਾ ਦਿੱਤਾ ਹੈ। ਗੁਰੂ ਹਰੀ ਸਿੰਘ ਜੀ ਨੇ ਭਾਈ ਵਿਸਾਖਾ ਸਿੰਘ ਨੂੰ ਕਿਹਾ ਕਿ ਤੂੰ ਧਰਮਕੋਟ (ਮਾਨਸਾ) ਜਾ ਕੇ ਉੱਥੋਂ ਭਾਈ ਗੁਰਦਿੱਤ ਸਿੰਘ ਨੂੰ ਬੁਲਾ ਲਿਆ।ਹੁਕਮ ਦੀ ਤਾਮੀਲ ਕਰਦਾ ਸਿੰਘ ਪੁੱਜ ਗਿਆ ਧਰਮੂਕੋਟ। ਬਾਬਾ ਗੁਰਦਿੱਤ ਸਿੰਘ ਘਰੋਂ ਬਾਹਰ ਅਣੀਆਲੇ ਢਾਬ ਦੇ ਕੰਢੇ ਬੰਦਗੀ ਕਰ ਰਿਹਾ ਸੀ। ਪਤਾ ਲੱਗਣ ਤੇ ਉਹ ਘਰ ਆ

ਗਿਆ।ਗੁਰੂ ਜੀ ਦਾ ਹੁਕਮ ਸੁਣ ਕੇ ਸਿੰਘ ਨੂੰ ਪਰਸ਼ਾਦਾ ਪਾਣੀ ਛਕਾ ਕੇ ਦੋਵੇਂ ਤੁਰ ਪਏ। ਪਹਿਲੀ ਰਾਤ ਜੋਗੇ ਵਿਖੇ ਬਚਿੱਤਰ ਸਿੰਘ ਦੇ ਘਰ ਬਿਤਾਈ। ਇੱਥੋਂ ਅਗਲੇ ਦਿਨ ਚੱਲ ਕੇ ਰਾਇ ਸਰ (ਬਰਨਾਲੇ) ਭਾਈ ਉੱਤਮ ਸਿੰਘ ਦੇ ਘਰੋਂ ਲੰਗਰ ਛਕ ਕੇ ਫਿਰ ਚੱਲ ਪਏ। ਤੀਸਰੇ ਦਿਨ ਸਵੇਰ ਦੇ ਦੀਵਾਨ ਵਿੱਚ ਭੈਣੀ ਸਾਹਿਬ ਪੁੱਜ ਗਏ। ਗੁਰੂ ਹਰੀ ਸਿੰਘ ਜੀ ਨੇ ਦੋਹਾਂ ਸਿੰਘਾਂ ਨੂੰ ਆਪਣੇ ਚੁਬਾਰੇ ਵਿੱਚ ਬੁਲਾ ਲਿਆ। ਭਾਈ ਰਾਘੋ ਸਿੰਘ ਲਾਂਗਰੀ ਪਹਿਰੇ ਤੇ ਬਾਹਰ ਖੜ੍ਹਾ ਕਰ ਦਿੱਤਾ ਕਿ ਕੋਈ ਹੋਰ ਨਾ ਆਵੇ। ਦੋਹਾਂ ਸਿੰਘਾਂ ਨੇ ਗੁਪਤ ਗੱਲਬਾਤ ਜੋ ਜੋ ਹੋਈ ਸੀ, ਮਾਈ ਹੁਕਮੀ ਦੀ ਚਤੁਰਾਈ ਸਭ ਦੱਸ ਦਿੱਤੀ। ਉਹਨਾਂ ਨੂੰ ਕਿਹਾ ਕਿ ਇਹ ਗੱਲ ਬਾਹਰ ਨਹੀਂ ਫੈਲਣੀ ਚਾਹੀਦੀ। ਹੁਣ ਤੁਸੀਂ ਕਾਕੇ ਨੂੰ ਥਰਾਜ ਤੋਂ ਲੈ ਆਵੋ ਅਤੇ ਕਾਗਜ਼ਾਂ ਪੁੱਤਰਾਂ ਵਿੱਚ ਵੀ ਆਪਣਾ ਬੱਚਾ ਦਰਜ਼ ਕਰਾ ਕੇ, ਉਸਦੀ ਪਰਵਰਿਸ਼ ਕਰੋ। ਇਹ ਵੀ ਵਰ ਦਿੱਤਾ ਕਿ ਇਸ ਬਾਲਕ ਤੇ ਭਾਵੇਂ ਸਰਕਾਰ ਅੰਗਰੇਜ਼ੀ ਅਤੇ ਉਸਦੇ ਚਾਟੜਿਆਂ ਵਲੋਂ ਕਈ ਕਟਕ ਚੜ੍ਹਨਗੇ ਪਰ ਕੋਈ ਵੀ ਉਸਦਾ ਵਾਲ ਨਹੀਂ ਵਿੰਗਾ ਕਰ ਸੱਕੇਗਾ। ਇਸ ਦੇ ਰਾਖੇ ਆਪ ਸਤਿਗੁਰੂ ਰਾਮ ਸਿੰਘ ਜੀ ਹਨ।

ਬਾਬਾ ਗੁਰਦਿੱਤ ਸਿੰਘ ਵਾਪਸ ਪਿੰਡ ਆ ਰਿਹਾ।ਰਾਤ ਇੱਥੇ ਬਿਤਾ ਕੇ ਅਗਲੇ ਦਿਨ ਥਰਾਜ ਪੁੱਜ ਗਿਆ। ਸੂਬਾ ਖੁਸ਼ਹਾਲ ਸਿੰਘ ਜੀ ਅਤੇ ਉਨ੍ਹਾਂ ਦੇ ਸੁਪੱਤਰ ਚੂਹੜ ਸਿੰਘ ਨੇ ਉਨ੍ਹਾਂ ਦਾ ਆਦਰ ਭਾਅ ਕੀਤਾ, ਪ੍ਰਸ਼ਾਦਾ ਪਾਣੀ ਛਕਾਇਆ। ਸਵੇਰੇ ਬਾਬਾ ਜੀ ਨੇ ਸਤਿਗੁਰੂ ਜੀ ਦਾ ਹੁਕਮ ਕਾਕੇ ਬਾਰੇ ਦੱਸਿਆ।ਉਹਨਾਂ ਨੇ ਕਿਹਾ ਕਿ ਜੋ ਹੁਕਮ ਹੈ ਸਾਨੂੰ ਪਰਵਾਨ ਹੈ। ਤੁਸੀਂ ਪਰਸ਼ਾਦ ਪਾਣੀ ਛਕੋ ਅਤੇ ਫਿਰ ਬਾਲਕ ਨੂੰ ਲੈ ਜਾਵੋ। ਜਦੋਂ ਕੰਮ ਕਾਰ ਵਾਲੇ ਸੀਰੀ ਰਾਤ ਦਾ ਕੰਮ ਨਿਬੇੜ ਕੇ ਘਰ ਚਲੇ ਗਏ ਤਾਂ ਤਿੰਨੇ ਜਣੇ ਬਾਲਕ ਵਾਲੀ ਕੋਠੜੀ ਵਿੱਚ ਗਏ। ਉਹ ਆਪਣੇ ਪੈਰ ਦਾ ਅੰਗੂਠਾ ਚੂੰਘ ਰਹੇ ਸਨ ਅਤੇ ਕਮਰੇ ਵਿੱਚ ਅਸੀਮ ਸ਼ਾਂਤੀ ਪਸਰੀ ਹੋਈ ਸੀ। ਬਾਬਾ ਗੁਰਦਿੱਤ ਸਿੰਘ ਸੋਲਾਂ ਦਿਨਾਂ ਬਾਅਦ ਥਰਾਜ ਤੋਂ ਆਪ ਜੀ ਨੂੰ ਲੈ ਕੇ ਆਪਣੇ ਪਿੰਡ ਕੋਟ ਧਰਮੂ, ਨਜ਼ਦੀਕ ਮਾਨਸਾ ਮੰਡੀ, ਰਿਆਸਤ ਪਟਿਆਲਾ ਵਿੱਚ ਪੁੱਜ ਗਏ।

ਬਾਬਾ ਗੁਰਦਿੱਤ ਸਿੰਘ ਦਾ ਲੜਕਾ ਬਿਸ਼ਨ ਸਿੰਘ ਸੀ, ਜਿਸਦਾ ਅਨੰਦ ਕਾਰਜ ਮਾਨਸਾ ਮੰਡੀ ਦੇ ਨੇੜਲੇ ਪਿੰਡ ਲੱਲੂਵਾਲ ਵਿਖੇ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਥਾਪੇ 22 ਸੂਬਿਆਂ ਵਿੱਚੋਂ ਇੱਕ ਸੂਬਾ ਸਰਮੁਖ ਸਿੰਘ ਲੱਲੂਵਾਲ ਦੀ ਪੁੱਤਰੀ ਬੀਬੀ ਸਾਹਿਬ ਕੌਰ ਨਾਲ ਹੋਇਆ ਸੀ। ਯਾਦ ਰਹੇ ਕਿ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨ ਅਤੇ

ਹੁਕਮਨਾਮੇ ਲਿਆਉਣ ਲਈ ਸੂਬਾ ਸਮੁੰਦ ਸਿੰਘ ਖੋਟੇ, ਸੂਬਾ ਸਰਮੁਖ ਸਿੰਘ ਅਤੇ ਗੁਰਦਿੱਤ ਸਿੰਘ ਕੋਟ ਧਰਮੂ, ਤਿੰਨੇ ਗਏ ਸਨ। ਤਿੰਨਾਂ ਦੇ ਨਾਮ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਵੀ ਮਿਲਦਾ ਹੈ। ਸੋ ਕਿਸੇ ਲੰਮੀ ਨੀਤੀ ਨੂੰ ਵਿਚਾਰ ਕੇ ਗੁਰੂ ਜੀ ਦੇ ਹੁਕਮ ਅਨੁਸਾਰ ਬਾਲਕ ਜਿਹਨਾਂ ਦਾ ਨਾਮ ਜੰਗ ਸਿੰਘ ਇਹ ਸੋਚ ਕੇ ਹੀ ਰੱਖਿਆ ਗਿਆ ਸੀ ਕਿ ਇਹ ਕੂਕਾ ਅੰਦੋਲਨ ਦੀ ਫਰੰਗੀਆਂ ਦੇ ਵਿਰੁੱਧ ਲੜਾਈ ਨੂੰ ਹੋਰ ਪਰਚੰਡ ਕਰਨਗੇ, ਉਹਨਾਂ ਨੂੰ ਪਿਤਾ ਬਿਸ਼ਨ ਸਿੰਘ ਅਤੇ ਮਾਤਾ ਸਾਹਿਬ ਕੌਰ ਦਾ ਸਰਕਾਰੀ ਕਾਗਜ਼ਾਂ ਵਿੱਚ ਵੀ ਮੁਤਬੰਨਾ ਪੁੱਤਰ ਦਰਜ਼ ਕਰਵਾ ਦਿੱਤਾ ਗਿਆ। ਕਾਨੂੰਨ ਅਨੁਸਾਰ ਜਿਸ ਬਾਲਕ ਦਾ ਗੋਦਨਾਮਾ ਲਿਖਿਆ ਜਾਂਦਾ ਹੈ, ਉਸ ਦਾ ਆਪਣੇ ਪਹਿਲੇ ਮਾਪਿਆਂ ਵਾਲੇ ਪਰਿਵਾਰ ਨਾਲ ਕੋਈ ਕਾਨੂੰਨੀ ਨਾਤਾ ਨਹੀਂ ਰਹਿ ਜਾਂਦਾ।

ਬਾਬਾ ਗੁਰਦਿੱਤ ਸਿੰਘ ਜੀ ਨੇ ਬੀਬੀ ਸਾਹਿਬ ਕੌਰ ਨੂੰ ਬਾਲਕ ਸਉਂਪਦਿਆਂ ਕਿਹਾ ਸੀ ਕਿ ਜੇ ਕੋਈ ਪੁੱਛੇ ਕਿ ਬਾਲਕ ਕਿੱਥੋਂ ਲਿਆ ਹੈ, ਤਾਂ ਇਹ ਦੱਸ ਦੇਵਾਂ ਕਿ ਮੇਰੀ ਜਿਹੜੀ ਭੈਣ ਮਰ ਗਈ ਸੀ, ਇਹ ਬੱਚਾ ਉਸਦਾ ਹੈ। ਬੱਸ ਏਸੇ ਤਰ੍ਹਾਂ ਇਹ ਕਰਤਾਰੀ ਸ਼ਕਤੀਆਂ ਵਾਲਾ ਬਾਲਕ, ਕੋਟ ਧਰਮੂ ਵਿੱਚ ਪਲਣ ਲੱਗ ਪਿਆ। ਆਪ ਦੇ ਬਚਪਨ ਦੇ ਸਮੇਂ ਦੀਆਂ ਕਈ ਅਲੌਕਿਕ ਘਟਨਾਵਾਂ ਇਸ ਇਲਾਕੇ ਦੇ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਰਹੀਆਂ ਹਨ। ਕੋਟ ਧਰਮੂ ਦੇ ਲਾਗੇ ਮਾਖਾ ਪਿੰਡ ਹੈ, ਉਸ ਦੀ ਰੋਹੀ ਵਿੱਚ ਇੱਕ ਲੱਕੜੀ ਦਾ ਪੋਰਾ ਪਿਆ ਸੀ, ਜਿਹਨੂੰ ਕਈ ਆਦਮੀ ਬਾਹਰ ਨਾ ਕੱਢ ਸੱਕੇ। ਪਿੰਡ ਵਾਲਿਆਂ ਸੋਚਿਆ ਕਿ ਹੋਰ ਬੰਦੇ ਲੈ ਆਈਏ। ਦੂਜੇ ਦਿਨ ਗਏ ਤਾਂ ਉਹ ਪੋਰਾ ਲੱਕੜੀ ਦਾ ਬਾਹਰ ਪਿਆ ਸੀ। ਪੈੜ ਵੇਖਦੇ ਵੇਖਦੇ ਇੱਕ ਮਿੱਟੀ ਦੀ ਵੱਡੀ ਸਾਰੀ ਦੌੜ ਤੱਕ ਪੁੱਜ ਗਏ, ਜਿੱਥੇ ਮਹਾਰਾਜ ਜੰਗ ਸਿੰਘ ਸਮਾਧੀ ਵਿੱਚ ਬੈਠੇ ਸਨ ਅਤੇ ਲਾਗੇ ਹੀ ਇੱਕ ਨਾਗ ਫਿਰ ਰਿਹਾ ਸੀ। ਇਸ ਤਰ੍ਹਾਂ ਆਲੇ ਦੁਆਲੇ ਤੋਂ ਆਪ ਦੇ ਪਾਸ ਸ਼ਰਧਾਵਾਨਾਂ ਦਾ ਆਉਣਾ ਜਾਣਾ ਸ਼ੁਰੂ ਹੋ ਗਿਆ।

ਕਈ ਵੇਰ ਆਪ ਬਾਲਕਾਂ ਨਾਲ ਲੜ ਝਗੜ ਕੇ ਘਰ ਆਉਂਦੇ ਤਾਂ ਉਸੇ ਤਰ੍ਹਾਂ ਹੀ ਖੁੱਲ੍ਹੇ ਵਾਲ ਤੇ ਲਿੱਬੜੇ ਕੁੜਤੇ ਨਾਲ ਸੌਂ ਜਾਂਦੇ। ਮਾਈ ਰਾਮ ਕੌਰ ਮੰਡੀ ਕਲਾਂ ਤੋਂ ਪੰਜ ਦਮੜਿਆਂ ਦੀ ਸੁੱਖਣਾਂ ਦੇਣ ਆਈ ਪਰ ਆਪ ਦਾ ਇਹ ਰੂਪ ਵੇਖ ਕੇ ਬਿਰਾਜਿਆਂ ਦਾ, ਨਿਰਾਸ਼ ਹੋ ਕੇ ਬਿਨਾ ਭੇਟਾ ਦਿੱਤਿਆਂ ਵਾਪਸ ਮੁੜ ਗਈ।

ਸੰਬਤ 1971 ਬਿਕਰਮੀ 13 ਪੋਹ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦਾ

ਅਨੰਦ ਕਾਰਜ ਗੱਦਾਂ ਡੋਬ (ਗੁਰੂ ਸਰ, ਫਿਰੋਜ਼ਪੁਰ) ਵਿਖੇ ਹੋਇਆ। ਆਪਣੇ ਭਾਈ ਦੇ ਅਨੰਦ ਕਾਰਜ ਵਿੱਚ ਸ਼ਾਮਲ ਹੋਣ ਲਈ ਮਹਾਰਾਜ ਜੰਗ ਸਿੰਘ ਜੀ ਨੇ ਬਸੰਤੀ ਰੰਗ ਦਾ ਚੋਲਾ ਅਤੇ ਹਰੇ ਗੋਟੇ ਨਾਲ ਮੜ੍ਹੀ ਹੋਈ ਦਸਤਾਰ ਸਜਾਈ॥ ਸਤਿਗੁਰੂ ਜੀ ਦਾ ਅਨੰਦ ਕਾਰਜ ਵੇਖਣ ਬਾਅਦ ਆਪ ਨੇ ਮੁਕਤਸਰ ਕੋਲ ਰੁਪਾਣੇ ਪਿੰਡ ਵਿੱਚ ਲੰਬੜਦਾਰ ਬਿਕਰਮਜੀਤ ਸਿੰਘ ਦੇ ਘਰ ਰਹਿ ਕੇ ਆਪਣੀ ਆਰਜਾ ਦਾ ਲੰਮਾ ਸਮਾਂ ਬਤੀਤ ਕੀਤਾ। ਰੁਪਾਣੇ ਆਪ ਭਰ ਜੋਬਨ ਰੁੱਤੇ, ਪੰਝੀ ਸਾਲ ਦੀ ਉਮਰ ਵਿੱਚ ਆਏ ਸਨ। ਦੋਦੇ ਪਿੰਡ ਦੇ ਮਜ਼੍ਹਬੀ ਸਿੰਘ ਭਾਈ ਕਰਤਾਰ ਸਿੰਘ ਦੀ ਪੁੱਤਰੀ ਨੂੰ ਓਪਰੀ ਕਸਰ(ਮਨੋ ਰੋਗ) ਸੀ। ਮਹਾਰਾਜ ਜੀ ਦੇ ਬਚਨ ਨਾਲ ਕੁੜੀ ਠੀਕ ਹੋ ਗਈ।

1921 ਈ. ਦੇ ਹੋਲੇ ਮਹੱਲੇ ਮੁਕਤਸਰ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੀਵਾਨ ਵਿੱਚ ਵੀ ਸਭ ਦੀਨ ਦੁਨੀਆਂ ਦੇ ਰੋਗ ਸੋਗ ਦੂਰ ਕਰਨ ਦਾ ਐਲਾਨ ਹੋਇਆ। ਮਾਈ ਰਾਮ ਕੌਰ ਮੰਡੀ ਵਾਲੀ ਸੋਲਾਂ ਸਾਲ ਤੋਂ ਖੰਘ ਤਾਪ ਦੀ ਸ਼ਿਕਾਰ ਸੀ, ਉਸਦੀ ਖਲਾਸੀ ਇਸੇ ਦੀਵਾਨ ਵਿੱਚ ਹੋਈ। ਸਤਿਗੁਰੂ ਜੀ ਦੀ ਮਿਹਰ ਨਜ਼ਰ ਉਸ ਲਈ ਕਲਿਆਣਕਾਰੀ ਸਿੱਧ ਹੋਈ। ਇਸੇ ਹੋਲੇ ਸਮੇਂ ਸਿਆਲਕੋਟ ਜ਼ਿਲ੍ਹੇ ਦੀ ਸੰਗਤ ਨੇ ਮਹਾਰਾਜ ਜੰਗ ਸਿੰਘ ਜੀ ਨੂੰ ਆਪਣੇ ਜ਼ਿਲ੍ਹੇ ਵਿੱਚ ਆ ਕੇ ਸੰਗਤਾਂ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ। ਫਿਰ ਕਈ ਸਾਲ ਬਾਅਦ ਸੰਗਤ ਨੇ ਆਪ ਨੂੰ ਲਿਖਤੀ' ਅਰਜ਼ ਭੇਜੀ।

12 ਅਗਸਤ 1928 ਨੂੰ ਮਹਾਰਾਜ ਜੰਗ ਸਿੰਘ ਜੀ ਸਿਆਲਕੋਟ ਦੀਆਂ ਸੰਗਤਾਂ ਨੂੰ ਦਰਸ਼ਨ ਦੇਣ ਵਾਸਤੇ ਚੱਲੇ। 40-50 ਨਾਮਧਾਰੀ ਬਸਤਰਾਂ ਵਿੱਚ ਸਜੇ ਹੋਏ ਸਰੀਰਾਂ ਦਾ ਜਥਾ ਬਣ ਗਿਆ। ਗੁਜਰਾਂਵਾਲੇ ਦਾ ਭਾਈ ਖਜ਼ਾਨ ਸਿੰਘ ਮਜ਼੍ਹਬੀ ਸਿੰਘ ਵੀ ਜਥੇ ਵਿੱਚ ਸੀ। ਜਥੇ ਦਾ ਲਾਂਗਰੀ ਭਾਈ ਤਾਰਾ ਸਿੰਘ ਮੰਡੀ ਕਲਾਂ, ਮਲੇਰਕੋਟਲੇ ਸਾਕੇ ਦੇ ਸ਼ਹੀਦ ਭਾਈ ਹਰਨਾਮ ਸਿੰਘ ਹੋਰਾਂ ਦਾ ਪੋਤਰਾ ਸੀ। ਤਾਰਾ ਸਿੰਘ ਨੇ ਇਸ਼ਨਾਨ ਕਰਕੇ ਦਾਲੇ ਦਾ ਦੇਗਾ ਰਿੱਝਣਾ ਧਰ ਦਿੱਤਾ। ਤੇੜ ਕਛਹਿਰਾ, ਉੱਪਰ ਪਰਨਾ ਬੱਧਾ, ਨੰਗੇ ਪਿੰਡੇ ਜਦੋਂ ਦੇਗੇ ਦਾ ਢੱਕਣ ਚੁੱਕਿਆ ਤਾਂ ਦਾਲਾ ਉੱਬਲ ਕੇ ਤਾਰਾ ਸਿੰਘ ਦੇ ਮੂੰਹ ਅਤੇ ਸਰੀਰ ਤੇ ਪੈ ਗਿਆ। ਬੇਹੋਸ਼ ਨੂੰ ਮੰਜੀ ਉੱਤੇ ਪਾ ਦਿੱਤਾ। ਖ਼ੁਸ਼ੀਆਂ ਗ਼ਮੀਆਂ ਵਿੱਚ ਬਦਲ ਗਈਆਂ। ਇਹ ਪਿੰਡ ਲਾਲਾ ਔਲਖ, ਜਿਊਣ ਸਿੰਘ ਦੇ ਘਰ ਲੰਗਰ ਹੋ ਰਿਹਾ ਸੀ। ਬੁੱਢਾ ਸਿੰਘ ਖਾਰੇ ਵਾਲੇ ਨੇ ਲੰਗਰ ਸਾਂਭ ਕੇ ਸੰਗਤ ਵਿੱਚ ਵਰਤਾਇਆ। ਭਾਈ ਤਾਰਾ ਸਿੰਘ ਨੂੰ ਅੱਧੀ ਰਾਤੇ ਸੁਪਨੇ ਵਿੱਚ ਗੁਰੂ ਨਾਨਕ ਦੇਵ ਜੀ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਹਾਰਾਜ

ਜੰਗ ਸਿੰਘ ਹੋਰਾਂ ਦੇ ਦਰਸ਼ਨ ਹੋਏ। ਮਹਾਰਾਜ ਜੀ ਕਹਿ ਰਹੇ ਸਨ ਅਸੀਂ ਨਹੀਂ ਅਜੇ ਤਾਰਾ ਸਿੰਘ ਨੂੰ ਜਾਣ ਦੇਣਾ। ਇਸ ਤਰ੍ਹਾਂ ਭਾਈ ਤਾਰਾ ਸਿੰਘ, 1928 ਤੋਂ ਬਾਅਦ ਦੀ ਆਪਣੀ ਉਮਰ ਨੂੰ ਮਹਾਰਾਜ ਜੰਗ ਸਿੰਘ ਜੀ ਦੀ ਕਿਰਪਾ ਨਾਲ ਜੋੜ ਕੇ ਵੇਖਿਆ ਕਰਦਾ ਸੀ।

ਮਹਾਰਾਜ ਜੀ ਮਜ਼੍ਹਬੀ ਤੁਅਸਬ ਤੋਂ ਉੱਪਰ ਉੱਠੇ ਹੋਏ ਸਨ। ਬਾਦੀਆਂ ਪਿੰਡ ਵਿੱਚ ਜੋ ਮੁਕਤਸਰ ਦੇ ਇਲਾਕੇ ਵਿੱਚ ਹੈ, ਇੱਕ ਫਤੇ ਦੀਨ ਨਾਮ ਦਾ ਮੁਸਲਮਾਨ ਰਹਿੰਦਾ ਸੀ।ਉਸ ਨੇ ਰੋਜ਼ਾ ਰੱਖਿਆ ਅਤੇ ਇਹ ਪ੍ਰਤੱਗਿਆ ਕਰ ਲਈ ਕਿ ਜੇ ਅੱਲ੍ਹਾ ਤਾਅਲਾ ਆਪ ਆ ਕੇ ਮੈਥੋਂ ਦੁੱਧ ਮੰਗੇ ਤਾਂ ਰੋਜ਼ਾ ਖੋਲ੍ਹਣਾ ਹੈ ਨਹੀਂ ਤਾਂ ਭੁੱਖਾ ਹੀ ਰਹਿਣਾ ਹੈ। ਮਹਾਰਾਜ ਜੰਗ ਸਿੰਘ ਜੀ ਨੇ ਆਲਾ ਸਿੰਘ ਨੂੰ ਊਠ ਤੇ ਕਾਠੀ ਪਾਉਣ ਲਈ ਕਿਹਾ ਅਤੇ ਰੁਪਾਣੇ ਤੋਂ ਬਾਦੀਆਂ, ਫਤੇ ਦੀਨ ਦੇ ਘਰੇ ਜਾ ਕੇ ਕਿਹਾ ਲਿਆ ਬਈ ਜੋ ਛਕਾਉਣਾ ਈ। ਫਤੇ ਦੀਨ ਨੇ ਦੁੱਧ ਦਾ ਛੰਨਾ ਹਾਜ਼ਰ ਕੀਤਾ, ਮਹਾਰਾਜ ਜੀ ਨੇ ਤੁਰੰਤ ਛਕ ਲਿਆ। ਫਤੇ ਦੀਨ ਮਸਤਾਨਾ ਹੋ ਗਿਆ ਕਿ ਅੱਲ੍ਹਾ ਪਾਕ ਮੇਰੇ ਘਰ ਆਇਆ ਹੈ।

ਰੁਪਾਣੇ ਵਿਖੇ ਰਹਿੰਦਿਆਂ ਹੀ ਮਹਾਰਾਜ ਜੰਗ ਸਿੰਘ ਜੀ ਨੇ ਕਿਸੇ ਤੋਂ ਸੁਣਿਆ ਕਿ ਫੂਲ ਮੰਡੀ ਤੋਂ ਤਿੰਨ ਕੋਹ ਤੇ ਸੇਲ ਬਰਾਹ ਪਿੰਡ ਵਿੱਚ ਇੱਕ ਮਾਰ ਖੋਰਾ ਝੋਟਾ, ਲੰਬੜਦਾਰ ਕਿਸ਼ਨ ਸਿੰਘ ਨੇ ਛੱਡਿਆ ਹੈ, ਹੁਣ ਕਿਸੇ ਤੋਂ ਵੀ ਫੜਿਆ ਨਹੀਂ ਜਾ ਰਿਹਾ।ਉਹ ਜਦੋਂ ਜੀਅ ਕਰਦਾ ਹੈ ਕਿਸੇ ਵੀ ਲਹਿਲਹਾਉਂਦੇ ਖੇਤ ਵਿੱਚ ਵੜ ਜਾਂਦਾ ਹੈ ਅਤੇ ਇਸ ਨੂੰ ਤੁੱਛ ਮੁੱਛ ਕੇ ਆ ਜਾਂਦਾ ਹੈ। ਪਿੰਡ ਦੇ ਲੋਕ ਇਸ ਦੇ ਉਜਾੜੇ ਤੋਂ ਬੜੇ ਪਰੇਸ਼ਾਨ ਹਨ। ਉਹ ਬੜੀ ਵਾਰ ਲੰਬੜਦਾਰ ਨੂੰ ਵੀ ਕਹਿ ਹਟੇ ਹਨ, ਇਸ ਦਾ ਕੋਈ ਪ੍ਰਬੰਧ ਕਰੇ। ਲੰਬੜਦਾਰ ਨੇ ਐਲਾਨ ਕਰ ਦਿੱਤਾ ਕਿ ਜੇ ਕੋਈ ਜੁਆਨ ਇਸ ਝੋਟੇ ਨੂੰ ਪਕੜ ਕੇ ਨੱਥ ਮਾਰ ਦਵੇਗਾ, ਮੈਂ ਉਹਨੂੰ ਪੰਜ ਸੌ ਰੁਪੈ ਨਕਦ ਅਤੇ ਆਪਣੀ ਕੁਆਰੀ ਪੁੱਤਰੀ ਦਾ ਡੋਲਾ ਵੀ ਦੇਵਾਂਗਾ। ਮਹਾਰਾਜ ਜੰਗ ਸਿੰਘ ਜੀ ਗਿੱਦੜਬਾਹੇ ਦੇ ਸਟੇਸ਼ਨ ਤੋਂ ਰੇਲ ਤੇ ਚੜ੍ਹਕੇ ਰਾਮਪੁਰੇ ਸਟੇਸ਼ਨ ਤੇ ਆ ਉੱਤਰੇ। ਇੱਥੋਂ ਆਪ ਇੱਕ ਟਾਂਗੇ ਤੇ ਸੁਆਰ ਹੋ ਕੇ ਸੇਲ ਬਰਾਹ ਪੁੱਜ ਗਏ। ਲੋਕਾਂ ਨੂੰ ਪੁੱਛਿਆ ਕਿ ਉਹ ਮਾਰ ਖੋਰਾ ਝੋਟਾ ਕਿੱਥੇ ਹੈ? ਲੋਕ ਮਜ਼ਾਕ ਕਰਨ ਲੱਗੇ ਕਿ ਜਿਹੜਾ ਝੋਟਾ, ਦਸ-ਦਸ ਬੰਦਿਆਂ ਦੇ ਕਾਬੂ ਨਹੀਂ ਆਉਂਦਾ, ਇਹਦੇ ਇਕੱਲੇ ਦਾ ਕੀ ਬਣੇਗਾ? ਖੈਰ ਆਪ ਉਸ ਛੱਪੜ ਕੋਲ ਪੁੱਜ ਗਏ ਜਿੱਥੇ ਝੋਟਾ ਬੈਠਾ ਸੀ। ਆਪ ਨੇ ਉਸ ਝੋਟੇ ਨੂੰ ਸ਼ਿਸ਼ਕਾਰਿਆ ਕਿ ਆ ਬਈ ਬਾਹਰ ਆ ਜਾ, ਤੈਨੂੰ ਨੱਥਣਾ ਹੈ। ਕੁਝ ਸਮੇਂ ਬਾਅਦ ਝੋਟਾ ਮਸਤੀ ਵਿੱਚ ਬਾਹਰ ਨੂੰ ਨਿਕਲਿਆ। ਮਹਾਰਾਜ ਜੀ ਨੇ ਉਸਦੇ ਜਬਾੜੇ

ਵਿੱਚ ਹੱਥ ਪਾ ਕੇ ਪੂਰਾ ਬਲ ਲਾ ਕੇ ਝੋਟਾ ਖਲਹਾਰ ਦਿੱਤਾ। ਫਿਰ ਉਸਨੂੰ ਆਪ ਨੇ ਧੌਣ ਤੋਂ ਕਾਬੂ ਕਰਕੇ ਹੇਠਾ ਸੁੱਟ ਲਿਆ। ਸੂਆ ਸੇਬਾ ਮੰਗਵਾ ਕੇ ਝੋਟੇ ਨੂੰ ਨੱਥ ਮਾਰ ਦਿੱਤੀ। ਰੱਸਾ ਪਾ ਕੇ ਕਿੱਲੇ ਤੇ ਬੰਨ੍ਹ ਲਿਆ। ਲੰਬੜਦਾਰ ਤੇ ਪਿੰਡ ਸਾਰਾ ਬਾਗੋ ਬਾਗ ਹੋਏ ਮਹਾਰਾਜ ਜੀ ਦੇ ਸਰੀਰਕ ਬਲ ਤੋਂ ਬਲਿਹਾਰ ਜਾਣ ਲੱਗੇ। ਲੰਬੜਦਾਰ ਨੇ ਇਕਰਾਰ ਮੁਤਾਬਿਕ ਪੰਜ ਸੌ ਰੁਪੈ ਆਪ ਜੀ ਨੂੰ ਭੇਟ ਕੀਤਾ ਅਤੇ ਇਹ ਵੀ ਕਹਿਣ ਲੱਗਾ ਕਿ ਤੁਸੀਂ ਹੁਣ ਦੱਸੋ, ਜੰਞ ਲੈ ਕੇ ਮੇਰੀ ਪੁੱਤਰੀ ਵਿਆਹੁਣ ਕਿਸ ਦਿਨ ਆਉਗੇ? ਉਸਨੂੰ ਕੀ ਪਤਾ ਸੀ ਕਿ ਮਹਾਰਾਜ ਜੀ ਉਮਰ ਭਰ ਜਤ ਸਤ ਵਿੱਚ ਰਹਿਣ ਦੀ ਭੀਸ਼ਮ ਪ੍ਰਤੱਗਿਆ ਕਰੀ ਬੈਠੇ ਸਨ। ਮਹਾਰਾਜ ਜੀ ਨੇ ਕਿਹਾ ਕਿ ਲੰਬੜਦਾਰਾ ਇਹ ਤੇਰੀ ਪੁੱਤਰੀ ਮੇਰੀ ਵੀ ਧੀ ਹੀ ਹੈ। ਪੰਜ ਸੌ ਵਿੱਚੋਂ ਚਾਰ ਸੌ ਰੁਪੈ ਉਸ ਬੀਬੀ ਨੂੰ ਪਿਆਰ ਦੇ ਕੇ ਮਹਾਰਾਜ ਜੀ, ਆਪਣੇ ਸਰੀਰਕ ਬਲ ਦਾ ਲੋਹਾ ਮੰਨਵਾ ਕੇ ਵਾਪਸ ਰੁਪਾਣੇ ਪਰਤ ਆਏ।

3 ਚੇਤਰ, 1977 ਬਿਕਰਮੀ ਮੁਤਾਬਿਕ 1921 ਈਸਵੀ ਵਿੱਚ ਮੁਕਤਸਰ ਦੇ ਹੋਲੇ ਮਹੱਲੇ ਤੋਂ ਬਾਅਦ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੁਹੇਵੇ ਸਾਹਿਬ ਰਿਆਸਤ ਬੀਕਾਨੇਰ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ 111 ਅਖੰਡ ਪਾਠਾਂ ਦੇ ਭੋਗ ਪਾਏ ਸਨ। ਮਹਾਰਾਜ ਜੰਗ ਸਿੰਘ ਜੀ ਦੇ ਪਾਲਕ ਪਿਤਾ ਬਾਬਾ ਬਿਸ਼ਨ ਸਿੰਘ ਕੋਟ ਧਰਮੂ ਵੀ ਇਸ ਸਮੇਂ ਸੁਹੇਵੇ ਸਾਹਿਬ ਸਨ। ਉਹ ਸਿਰਸਾ ਸ਼ਹਿਰ ਤੋਂ ਊਠ ਤੇ ਸੰਗਤ ਅਤੇ ਪਾਠਾਂ ਦੀ ਜ਼ਰੂਰਤ ਲਈ ਰਸਦ, ਸਮੱਗਰੀ ਆਦਿ ਸੁਹੇਵਾ ਸਾਹਿਬ ਲੈ ਕੇ ਆਇਆ ਕਰਦੇ ਸਨ। ਸ਼ੁਰੂ ਸ਼ੁਰੂ ਵਿੱਚ ਜਦੋਂ ਸਤਿਗੁਰੂ ਜੀ ਅਤੇ ਸੰਗਤ ਆਈ ਤਾਂ ਪਿੰਡ ਦੇ ਲੋਕ, ਕੁਝ ਕੁਝ ਵਿਰੋਧ ਕਰਨ ਦੇ ਰਉਂ ਵਿੱਚ ਸਨ। ਸੁਹੇਵਾ ਸਾਹਿਬ ਵਿਖੇ ਪਹਿਲੀ ਅਤੇ ਦਸਵੀਂ ਪਾਤਸ਼ਾਹੀ ਦੇ ਇਤਿਹਾਸਿਕ ਅਸਥਾਨ ਹਨ। ਲੋਕਾਂ ਦੇ ਵਿਰੋਧ ਬਾਰੇ ਕੋਈ ਕਾਰਗਰ ਨੀਤੀ ਬਣਾਉਣ ਲਈ, ਸਤਿਗੁਰੂ ਪਰਤਾਪ ਸਿੰਘ ਜੀ ਨੇ ਬਾਬਾ ਬਿਸ਼ਨ ਸਿੰਘ ਹੋਰਾਂ ਨੂੰ ਕਿਹਾ ਕਿ ਦੱਸੋ ਬਾਬਾ ਜੀ ਕਿਵੇਂ ਕਰੀਏ, ਕਿਉਂਕਿ ਤੁਸੀਂ ਵੱਡੀ ਤਾਕਤ ਵਾਲੇ ਸਾਡੇ ਭਾਈ ਸਾਹਿਬ ਨੂੰ ਦੁਨੀਆਂ ਦੀਆਂ ਨਜ਼ਰਾਂ ਤੋਂ ਬਚਾਈ ਬੈਠੇ ਹੈ। ਇਸ ਤੇ ਬਾਬਾ ਜੀ ਨੇ ਜੁਆਬ ਦਿੱਤਾ ਕਿ ਪਾਤਸ਼ਾਹ ਜੀ ਸਾਰੀਆਂ ਸ਼ਕਤੀਆਂ ਦੇ ਮਾਲਕ ਤਾਂ ਆਪ ਹੋ! ਮਹਾਰਾਜ ਜੀ ਵਿੱਚ ਜਿਹੜੀ ਕਲਾ ਕੁਦਰਤ ਹੈ, ਉਹ ਵੀ ਸ੍ਰਿਸ਼ਟੀ ਦੇ ਭਲੇ ਲਈ ਵਰਤੀ ਜਾਣਗੇ। ਰਾਤ ਨੂੰ ਜਦੋਂ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਗਤ ਦਾ ਦੀਵਾਨ ਲੱਗਿਆ ਤਾਂ ਬਿੰਦਰਾਬਨ ਵਿੱਚ ਕਾਹਨ ਕਨ੍ਹਈਏ ਦੇ ਰਾਸ ਰਚਾਉਣ ਜਿਹੀ ਦੀਵਾਨ ਦੀ ਛਬ ਬਣ ਗਈ। ਨਾਮਧਾਰੀ ਜਥੇਦਾਰਾਂ ਨੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ

ਵਿੱਚੋਂ, ਕ੍ਰਿਸ਼ਨਾ ਅਵਤਾਰ ਦੇ ਪਰਸੰਗ ਛੇੜੇ ਤਾਂ ਸਾਰਾ ਪਿੰਡ ਦਰਸ਼ਨਾਂ ਨੂੰ ਆ ਗਿਆ। ਅਗਲੇ ਦਿਨ ਪਿੰਡ ਦੇ ਚੌਧਰੀ, ਮੈਣੀ ਰਾਮ ਵਿਆਸ ਨੇ ਦੀਵਾਨ ਵਿੱਚ ਆ ਕੇ, ਆਪਣੀ ਜਾਣੇ ਅਨਜਾਣੇ ਦੀਆਂ ਹੋਈਆਂ ਭੁੱਲਾਂ ਦੀ ਖਿਮਾਂ ਯਾਚਨਾ ਕੀਤੀ। ਦੋ ਮਹੀਨੇ ਸੁਹੇਵਾ ਸਾਹਿਬ ਵਿਖੇ ਨਾਮ-ਬਾਣੀ, ਕਥਾ-ਕੀਰਤਨ ਦਾ ਪਰਵਾਹ ਚੱਲਦਾ ਰਿਹਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ ਸਭ ਲਈ।

ਮਹਾਰਾਜ ਜੀ ਦਾ ਇੱਕ ਸੇਵਕ ਜਥੇਦਾਰ ਸੁਰੈਣ ਸਿੰਘ ਦਿੱਲੀ ਵਿਖੇ ਰਹਿੰਦਾ ਸੀ। 1962 ਈ. ਵਿੱਚ ਕਾਰਪੋਰੇਸ਼ਨ ਲਈ ਗਣੇਸ਼ ਦਾਸ ਖੱਤਰੀ ਅਤੇ ਲੋਕ ਸਭਾ ਲਈ ਨਵਲ ਪ੍ਰਭਾਕਰ, ਇਹ ਦੋਵੇਂ ਕਾਂਗਰਸ ਦੇ ਉਮੀਦਵਾਰ ਸਨ। ਨਾਮਧਾਰੀ ਕਲੋਨੀ ਰਮੇਸ਼ ਨਗਰ ਵਿਖੇ ਜਥੇਦਾਰ ਸੁਰੈਣ ਸਿੰਘ ਹੋਰਾਂ ਨੇ ਇਨ੍ਹਾਂ ਦੋਹਾਂ ਉਮੀਦਵਾਰਾਂ ਦੇ ਹੱਕ ਵਿੱਚ ਇੱਕ ਜਲਸਾ ਰੱਖਿਆ ਸੀ। ਜਲਸਾ ਬੜਾ ਕਾਮਯਾਬ ਹੋਇਆ। ਇਸ ਜਲਸੇ ਦੇ ਮੁੱਖ ਪ੍ਰਬੰਧਕ ਸੁਰੈਣ ਸਿੰਘ ਜੀ ਸਨ।ਜਦੋਂ ਜਲਸਾ ਖਤਮ ਕਰਕੇ ਇਹ ਆਪਣੇ ਪੁੱਤਰ ਨਾਲ ਘਰ ਜਾ ਰਹੇ ਸਨ, ਤਾਂ ਕਿਸੇ ਨੇ ਤਲਵਾਰ ਨਾਲ ਪਿੱਛਿਓਂ ਵਾਰ ਕਰ ਦਿੱਤਾ। ਗਰਦਨ ਤਾਂ ਬਚ ਗਈ, ਬਾਂਹ ਵੱਢੀ ਗਈ। ਮਹਾਰਾਜ ਨਿਹਾਲ ਸਿੰਘ, ਨਵਲ ਪ੍ਰਭਾਕਰ, ਗਣੇਸ਼ ਦਾਸ, ਮਿਲਾਪ ਦਾ ਐਡੀਟਰ ਰਣਬੀਰ ਅਤੇ ਉਸ ਦੀ ਪਤਨੀ, ਚੌਧਰੀ ਬ੍ਰਹਮ ਪ੍ਰਕਾਸ਼ ਆਦਿ ਤੁਰੰਤ ਹਸਪਤਾਲ ਪੁੱਜ ਕੇ ਡਾਕਟਰਾਂ ਨਾਲ ਸੁਰੈਣ ਸਿੰਘ ਬਾਰੇ ਵਿਚਾਰ ਵਟਾਂਦਰਾ ਕਰਦੇ ਰਹੇ। ਇਸ ਸਮੇਂ ਮਹਾਰਾਜ ਜੀ ਰੁਪਾਣੇ ਪਿੰਡ ਵਿੱਚ ਬਰਾਜਦੇ ਸਨ। ਹਰ ਰੋਜ਼ ਸਾਧ ਸੰਗਤ ਇੱਥੋਂ ਆਪ ਦੇ ਦਰਸ਼ਨਾਂ ਨੂੰ ਆਉਂਦੀ ਅਤੇ ਖੁਸ਼ੀਆਂ ਲੈ ਲੈ ਜਾਂਦੀ। ਕਿਹਾ ਜਾਂਦਾ ਹੈ ਕਿ ਮਹਾਰਾਜ ਜੀ ਜਦੋਂ ਸਮਾਧੀ ਲੀਨ ਹੋਏ ਤਾਂ ਆਪ ਨੂੰ ਖੂਨ ਨਾਲ ਲਿੱਬੜਿਆ ਸੁਰੈਣ ਸਿੰਘ ਨਜ਼ਰ ਆਵੇ। ਡਰਾਇਵਰ ਭਾਈ ਗੁਰਦਿਆਲ ਸਿੰਘ ਮਸਤਾਨੇ ਨੂੰ ਕਾਰ ਤਿਆਰ ਕਰਨ ਲਈ ਕਿਹਾ ਅਤੇ ਆਪ ਨੇ ਦਿੱਲੀ ਜਾ ਦਰਸ਼ਨ ਦਿੱਤੇ। ਰਮੇਸ਼ ਨਗਰ ਨਾਮਧਾਰੀ ਕਾਲੋਨੀ ਦੇ ਚੈਨ ਸਿੰਘ ਦੇ ਘਰ ਪੁੱਜੇ। ਉਸ ਤੋਂ ਸੁਰੈਣ ਸਿੰਘ ਬਾਰੇ ਪੁੱਛਿਆ। ਉਹਨਾਂ ਦੱਸਿਆ ਕਿ ਇਰਵਿਨ ਹਸਪਤਾਲ ਵਿੱਚ ਹਨ। ਮਹਾਰਾਜ ਜੀ ਨੇ ਤੁਰੰਤ ਕਾਰ ਓਧਰ ਤੋਰ ਲਈ। ਸੁਰੈਣ ਸਿੰਘ ਦੀ ਜ਼ਖ਼ਮੀ ਬਾਂਹ ਤੇ ਹੱਥ ਫੇਰ ਕੇ ਕਿਹਾ ਜਥੇਦਾਰਾ ! ਕੋਈ ਫਿਕਰ ਨਾ ਕਰੀਂ। ਅਕਾਲ ਪੁਰਖ ਨੇ ਰੱਖਿਆ ਕੀਤੀ ਹੈ। ਮਹਾਰਾਜ ਜੀ ਲਗਾਤਾਰ ਅੱਠ ਦਿਨ ਦਿੱਲੀ ਵਿੱਚ ਰਹਿ ਕੇ, ਰੋਜ਼ ਸੁਰੈਣ ਸਿੰਘ ਨੂੰ ਮਿਲਣ ਹਸਪਤਾਲ ਜਾਂਦੇ ਰਹੇ। ਹਸਪਤਾਲ ਵਿੱਚ ਜਿਵੇਂ ਫੱਟੜਾਂ, ਜ਼ਖ਼ਮੀਆਂ, ਰੋਗੀਆਂ ਦਾ ਚੀਕ ਚਿਹਾੜਾ ਪਿਆ ਰਹਿੰਦਾ ਹੈ, ਪਰ ਮਹਾਰਾਜ ਜੀ ਦੇ ਦਰਸ਼ਨ ਕਰਕੇ ਸਭ ਸਰੀਰ ਸ਼ਾਂਤਗੀ ਵਿੱਚ ਆ

ਜਾਂਦੇ।ਡਾਕਟਰ, ਨਰਸਾਂ ਆਦਿ ਸਾਰਾ ਸਟਾਫ ਅਤੇ ਮਰੀਜ਼ ਮਹਾਰਾਜ ਜੀ ਦੀ ਕਿਰਪਾ ਦਾ ਗੁਣਗਾਨ ਕਰਦੇ ਰਹੇ ਸਨ। ਆਪ ਸਭ ਨੂੰ ਆਪੋ ਆਪਣੇ ਇਸ਼ਟ ਨਾਲ ਜੁੜ ਕੇ, ਨਾਮ ਬਾਣੀ ਪੜ੍ਹਨ ਦਾ ਉਪਦੇਸ਼ ਦਿੰਦੇ ਸਨ।

ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੇ ਜਨਰਲ ਸਕੱਤਰ ਡਾ. ਧਿਆਨ ਸਿੰਘ ਹੋਰੀਂ ਦੱਸਿਆ ਕਰਦੇ ਸਨ ਕਿ ਉਹਨਾਂ ਦੇ ਵਡੇਰੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਬਣੇ, ਜੋ ਪਿੰਡ ਗਲੋਟੀਆਂ (ਸਿਆਲਕੋਟ) ਵਿੱਚ ਰਹਿੰਦੇ ਸਨ। ਮਹਾਰਾਜ ਜੰਗ ਸਿੰਘ ਜੀ ਗਲੋਟੀਆਂ, ਬੱਲੋ ਵਾਲੀ, ਬਾਠਾਂ ਵਾਲੀ, ਬੱਦੋ ਮੱਲੀ, ਸਮਸਾ ਆਦਿ ਸਿਆਲਕੋਟ ਦੇ ਨਗਰਾਂ ਵਿੱਚ ਵੀ ਸੰਗਤ ਨੂੰ ਦਰਸ਼ਨ ਦੇਣ ਜਾਇਆ ਕਰਦੇ ਸਨ ਅਤੇ ਜਦੋਂ ਇਹ ਪਰਿਵਾਰ 1947 ਤੋਂ ਬਾਅਦ ਦਿੱਲੀ ਵਿਖੇ ਆ ਟਿਕੇ ਤਾਂ ਮਹਾਰਾਜ ਜੀ ਦਿੱਲੀ ਵਿਖੇ ਆ ਕੇ ਇਨ੍ਹਾਂ ਨੂੰ ਨਿਵਾਜਦੇ ਰਹਿੰਦੇ ਸਨ। ਜਦੋਂ 1956 ਈ. ਵਿੱਚ ਮਹਾਰਾਜ ਜੰਗ ਸਿੰਘ ਜੀ ਦਿੱਲੀ ਆਏ ਤਾਂ ਇੱਕ ਬਲਦੇਵ ਸਿੰਘ ਨਾਮੀਂ ਸਿੰਘ, ਉਨ੍ਹਾਂ ਨੂੰ ਆਪਣੀ ਟੈਕਸੀ ਤੇ ਦਿੱਲੀ ਦੇ ਸਿੱਖਾਂ ਦੇ ਘਰਾਂ ਵਿੱਚ ਲਿਜਾਇਆ ਕਰਦਾ ਸੀ। ਪਿੰਡ ਗਲੋਟੀਆਂ ਦੇ ਹੀ ਦਿੱਲੀ ਰਹਿੰਦੇ ਬਾਬਾ ਜਿਊਣ ਸਿੰਘ ਨੇ ਅਰਜ਼ ਕੀਤੀ ਕਿ ਉਸਦੇ ਵੱਡੇ ਪੁੱਤਰ ਦੇ ਘਰ ਲੜਕੀਆਂ ਹੀ ਹਨ, ਪੁੱਤਰ ਦੀ ਦਾਤ ਬਖ਼ਸ਼ੋ। ਮਹਾਰਾਜ ਜੀ ਦੀ ਕਿਰਪਾ ਨਾਲ ਬਾਬੇ ਦਾ ਦਵਿੰਦਰ ਸਿੰਘ ਨਾਮੀਂ ਪੋਤਰਾ ਪੈਦਾ ਹੋਇਆ। ਉਸਨੇ ਕੀਰਤੀ ਨਗਰ ਵਿੱਚ ਫੈਕਟਰੀ ਦਾ ਕੰਮ ਸਾਂਭਿਆ ਸੀ। ਪੁੱਤਰਾਂ ਦੇ ਦਾਤੇ ਦੇ ਤੌਰ ਤੇ ਮਹਾਰਾਜ ਜੀ ਦੀ ਦੂਰ ਦੂਰ ਤੱਕ ਪ੍ਰਸਿੱਧੀ ਫੈਲ ਚੁੱਕੀ ਸੀ।

ਸੰਨ 1956 ਈ. ਵਿੱਚ ਹੀ ਮਹਾਰਾਜ ਜੀ ਨੇ ਸੂਰਜ ਗ੍ਰਹਿਣ ਦੇ ਅਵਸਰ ਤੇ ਹਰਿਦੁਆਰ ਤੇ ਗੰਗਾ ਦੀ ਯਾਤਰਾ ਕੀਤੀ ਸੀ। ਬਲਦੇਵ ਸਿੰਘ ਟੈਕਸੀ ਵਾਲਾ, ਜਗਤ ਸਿੰਘ ਨਾਰੋਵਾਲ, ਭੈਣ ਗੁਰਦਿਆਲ ਕੌਰ ਤੇ ਮਹਾਰਾਜ ਜੰਗ ਸਿੰਘ ਜੀ ਦੀਆਂ ਜੀਵਨ ਸਾਖੀਆਂ ਕਾਵਿ ਪੁਸਤਕ-ਜੀਵਨ ਚਰਿਤਰ, ਮਹਾਰਾਜ ਜੰਗ ਸਿੰਘ- ਦਾ ਕਰਤਾ ਪੁਸ਼ਪ ਸਿੰਘ ਕੰਵਲ ਵੀ ਆਪ ਦੇ ਨਾਲ ਸਨ। ਕੰਵਲ ਹੋਰਾਂ ਦੇ ਮਾਮੇ ਮੇਲਾ ਸਿੰਘ ਦਾ ਜਗਾਧਰੀ ਰਹਿੰਦਾ ਗਿਆਨ ਸਿੰਘ ਨਾਮੀਂ ਪੁੱਤਰ ਕਾਫੀ ਸਮੇਂ ਤੋਂ ਬੀਮਾਰ ਚੱਲ ਰਿਹਾ ਸੀ। ਜਦੋਂ ਮਹਾਰਾਜ ਜੀ ਗੰਗਾ ਤੋਂ ਮੁੜ ਕੇ, ਆ ਕੇ ਜਗਾਧਰੀ (ਜਮੁਨਾ ਨਗਰ) ਟਿਕੇ ਤਾਂ ਕੰਵਲ ਜੀ ਨੇ ਗਿਆਨ ਸਿੰਘ ਦੇ ਘਰ ਚਰਨ ਪਾਉਣ ਤੇ ਬੀਮਾਰੀ ਦੂਰ ਕਰਨ ਦੀ ਅਰਜ਼ ਕੀਤੀ। ਮਹਾਰਾਜ ਜੀ ਨੇ ਕਿਹਾ ਕਿ ਉਹ ਤਾਂ ਕਿਸੇ ਦਾ ਵੀ ਦੁੱਖ ਨਹੀਂ ਵੇਖ ਸੱਕਦੇ, ਚੱਲ ਜਿੱਥੇ ਚੱਲਣਾ ਹੈ। ਜਦੋਂ ਗਿਆਨ ਸਿੰਘ ਦੇ ਘਰ ਪਹੁੰਚੇ ਤਾਂ ਮਹਾਰਾਜ ਜੀ ਨੇ ਇੱਕ ਖੁੱਡੇ ਵਿੱਚ ਡੱਕੇ ਕੁੱਕੜਾਂ ਨੂੰ ਵੇਖ ਕੇ ਕਿਹਾ- "ਚੋਰੀ ਫੜੀ ਗਈ।" ਕੰਵਲ ਨੇ ਕਿਹਾ ਕਿ ਕੁੱਕੜ ਹੁਣੇ

ਛੱਡ ਦਿਓ। ਗਿਆਨ ਸਿੰਘ ਦਾ ਜੁਆਬ ਸੀ, "ਹੌਲੀ ਹੌਲੀ ਛੱਡ ਦਿਆਂਗਾ।" ਇਸ ਤੇ ਮਹਾਰਾਜ ਜੀ ਨੇ ਕਿਹਾ- "ਬੀਮਾਰੀ ਵੀ ਹੌਲੀ ਹੌਲੀ ਛੱਡ ਜਾਏਗੀ, ਜੇ ਕੁੱਕੜ ਹੁਣੇ ਛੱਡ ਦਿੰਦਾ ਤਾਂ ਆਰਾਮ ਵੀ ਹੁਣੇ ਮਿਲ ਜਾਂਦਾ।" ਪੁਸ਼ਪ ਸਿੰਘ ਕੰਵਲ ਮਹਾਰਾਜ ਜੀ ਦੇ ਇਹ ਕਹਿਣ ਤੇ ਪਰਸੋਂ ਚੱਲਾਂਗੇ, ਉਸੇ ਦਿਨ ਜਗਾਧਰੀ ਤੋਂ ਦਿੱਲੀ ਨੂੰ ਤੁਰ ਪਿਆ। ਖੱਜਲ ਖੁਆਰ ਹੋ ਕੇ ਪੁੱਜਾ। ਦੋਵੇਂ ਦਿਨ ਕੰਮ ਨਾ ਮਿਲਿਆ। ਫਿਰ ਮਹਾਰਾਜ ਜੀ ਦੇ ਦਿੱਲੀ ਆਉਣ ਤੇ ਭੁੱਲ ਬਖ਼ਸ਼ਾਈ ਤਾਂ ਆਪ ਨੇ ਮੁਸਕਰਾਂਦਿਆਂ ਕਿਹਾ- "ਊਠਾਂ ਵਾਲਿਆਂ ਨਾਲ ਯਾਰੀਆਂ ਲਾ ਕੇ, ਦਰਵਾਜ਼ੇ ਨੀਵੇਂ ਨਹੀਂ ਰੱਖੀਦੇ।"

ਲੱਲੂਆਣੇ ਦਾ ਖੜਗ ਸਿੰਘ, ਆਪਣੇ ਮਿੱਤਰ ਭਾਈ ਨਰਾਇਣ ਸਿੰਘ ਨੂੰ ਮਿਲਣ ਲਈ ਬੱਪੀਆਣਾ (ਮਾਨਸਾ) ਗਿਆ। ਨਰਾਇਣ ਸਿੰਘ ਤਪਦਿਕ ਤੋਂ ਪੀੜਤ ਸੀ ਅਤੇ ਬਹੁਤ ਤੰਗੀ ਵਿੱਚ ਦਿਨ ਕੱਟ ਰਿਹਾ ਸੀ। ਉਹ ਆਪ ਵੀ ਵੈਦਗੀ ਜਾਣਦਾ ਸੀ ਪਰ ਮੋੜਾ ਨਹੀਂ ਸੀ ਪੈ ਰਿਹਾ। ਇਹ ਸੋਚਦਿਆਂ ਕਿ ਬੀਮਾਰੀ ਤਾਂ ਰੁਕਣੀ ਨਹੀਂ, ਘਰ ਵਿੱਚ ਨਾ ਫੈਲੇ, ਛੂਤ ਦਾ ਰੋਗ ਹੈ, ਕਿਸੇ ਨਹਿਰ ਟੋਭੇ ਵਿੱਚ ਛਾਲ ਮਾਰਾਂਗਾ। ਉਤਨੀ ਦੇਰ ਤੱਕ ਖੜਗ ਸਿੰਘ ਵੀ ਪਹੁੰਚ ਗਿਆ। ਗੱਲਬਾਤ ਪੁੱਛੀ ਦੱਸੀ। ਖੜਗ ਸਿੰਘ ਨੇ ਨਰਾਇਣ ਸਿੰਘ ਨੂੰ ਨਾਲ ਲਿਆ ਅਤੇ ਰੁਪਾਣੇ ਮਹਾਰਾਜ ਜੰਗ ਸਿੰਘ ਜੀ ਪਾਸ ਪੁੱਜ ਗਏ। ਮਹਾਰਾਜ ਜੀ ਨੇ ਦੋਹਾਂ ਨੂੰ ਸ਼ੱਕਰ ਘਿਉ ਨਾਲ ਪਰਸ਼ਾਦੇ ਛਕਾ ਕੇ ਬਾਟਾ-ਬਾਟਾ ਲੱਸੀ ਦਾ ਛਕਣ ਲਈ ਕਿਹਾ। ਨਰਾਇਣ ਸਿੰਘ ਸੋਚੇ ਕਿ ਪਰਹੇਜ ਵਾਲੀਆਂ ਚੀਜ਼ਾਂ ਵੀ ਛਕ ਕੇ, ਹੁਣ ਤਾਂ ਕੀ ਬਚਣਾ ਹੈ। ਮਹਾਰਾਜ ਜੀ ਨੇ ਲਾਗੇ ਹੀ ਘੋਗੜਸਰ ਗੁਰਦੁਆਰਾ ਸੀ ਦਸਵੇਂ ਪਾਤਸ਼ਾਹ ਦਾ, ਉੱਥੋਂ ਇਸ਼ਨਾਨ ਕਰਕੇ ਜਾਣ ਲਈ ਕਿਹਾ। ਇਸ਼ਨਾਨ ਕਰਕੇ ਮਹਾਰਾਜ ਜੀ ਨੂੰ ਮਿਲ ਕੇ ਵਾਪਸ ਆ ਗਏ। ਭਾਈ ਨਰਾਇਣ ਸਿੰਘ ਨੌਂ-ਬਰ- -ਨੌਂ ਹੋ ਗਿਆ।

ਸੰਬਤ ਬਿਕਰਮੀ 2003 ਵਿੱਚ ਫਲੇੜਾ (ਸੰਗਰੂਰ) ਨਾਮਧਾਰੀ ਸ਼ਹੀਦਾਂ ਦੇ ਪਿੰਡ ਰਹਿ ਕੇ, ਮਹਾਰਾਜ ਜੀ ਨੇ ਬਸੰਤ ਪੰਚਮੀ ਨੂੰ ਭੋਗ ਪਾ ਕੇ, ਚਾਲੀ ਦਿਨ ਅਖੰਡ ਪਾਠ ਕਰਕੇ, ਪੱਛਮੀ ਪੰਜਾਬ ਵਿੱਚੋਂ ਇੱਧਰ ਆਉਣ ਵਾਲੇ ਹਿੰਦੂ ਸਿੱਖਾਂ ਦੀ ਸਲਾਮਤੀ ਦੀ ਅਰਦਾਸ ਕਰਾਈ ਸੀ। ਇਲਾਕਾ ਡਸਕਾ (ਸਿਆਲਕੋਟ) ਦੇ ਇਰਦ-ਗਿਰਦ ਦਸ ਲੱਖ ਮੁਸਲਮਾਨਾਂ ਦਾ ਹਜੂਮ ਜੁੜਿਆ ਸੀ ਪਰ ਆਲੇ ਦੁਆਲੇ ਦੇ ਪਿੰਡਾਂ ਵਿੱਚੋਂ ਨਾਮਧਾਰੀ ਸਿੰਘ, ਸਭ ਸਹੀ ਸਲਾਮਤ ਭਾਰਤ ਵਿੱਚ ਆ ਗਏ ਸਨ।

ਸ੍ਰੀ ਗੁਰੂ ਹਰੀ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਦੀ ਝੋਲੀ ਬਾਲਕ ਜੰਗ

ਸਿੰਘ ਪਾਉਣ ਤੋਂ ਪਹਿਲਾਂ ਹੁਕਮ ਕੀਤਾ ਸੀ ਕਿ ਜਿਹੜੀ ਬੀਬੀ ਸੱਤ ਅੱਠ ਸਾਲ ਜਤ ਸਤ ਰੱਖੇ, ਉਹ ਹੀ ਬੱਚੇ ਨੂੰ ਦੁੱਧ ਪਿਆ ਕੇ ਉਸ ਦੀ ਪਾਲਣਾ ਕਰ ਸਕਦੀ ਹੈ। ਮਾਤਾ ਸਾਹਿਬ ਕੌਰ ਜੀ ਨੇ ਇਹ ਪ੍ਰਣ ਪੂਰਾ ਕੀਤਾ ਅਤੇ ਪੂਰੇ ਅੱਠ ਸਾਲ ਜੰਗ ਸਿੰਘ ਜੀ ਨੂੰ ਆਪਣਾ ਦੁੱਧ ਚੁੰਘਾਇਆ।ਵੱਡੇ ਹੋ ਕੇ ਕਈ ਵੇਰ ਮਹਾਰਾਜ ਜੀ ਆਪਣੀ ਛਾਤੀ ਤੇ ਹੱਥ ਮਾਰ ਕੇ ਕਿਹਾ ਕਰਦੇ ਸਨ ਕਿ ਮੈਂ ਅੱਠ ਸਾਲ ਮਾਂ (ਮਾਤਾ ਸਾਹਿਬ ਕੌਰ) ਦਾ ਦੁੱਧ ਚੁੰਘਿਆ ਹੈ। ਇਸ ਲਈ ਆਪ ਦਾ ਸਰੀਰ ਅਤੇ ਇਸਦਾ ਤੇਜ਼, ਸੂਰਮਿਆਂ ਵਰਗਾ, ਅਣਥੱਕ ਕਾਮੇ ਅਤੇ ਸਾਰੀ ਉਮਰ ਲਈ ਆਪ ਬਾਲ ਜਤੀ ਸਨ। ਰੁਪਾਣੇ ਨਗਰ ਵਿੱਚ ਜਿਸ ਮਾਤਾ ਖੇਮ ਕੌਰ ਪਤਨੀ ਬਿਕ੍ਰਮਜੀਤ ਸਿੰਘ ਜ਼ੈਲਦਾਰ ਦੇ ਘਰ ਆਪ 45 ਸਾਲ ਰਹੇ ਸਨ ਅਨੇਕ ਸਾਲਾਂ ਤੱਕ ਆਪ ਉਨ੍ਹਾਂ ਦਾ ਹਲ ਵਾਹੁੰਦੇ ਰਹੇ ਅਤੇ ਖੇਤੀਬਾੜੀ ਦੇ ਹੋਰ ਕੰਮ ਵੀ ਕਰਦੇ ਰਹੇ ਸਨ। 18 ਸਾਲ ਦੀ ਉਮਰ ਤੱਕ ਕੋਟ ਧਰਮੂ ਰਹੇ।

ਪ੍ਰਸਿੱਧ ਵਿਦਵਾਨ ਜਥੇਦਾਰ ਸੇਵਾ ਸਿੰਘ ਜੀ ਦਿੱਲੀ ਵਾਲਿਆਂ ਨੇ ਇੱਕ ਸਾਖੀ ਸੁਣਾਈ ਕਿ ਇੱਕ ਵੇਰ ਜੀਵਨ ਨਗਰ ਇਲਾਕਾ ਰਾਣੀਆਂ (ਸਿਰਸਾ) ਵਿਖੇ ਪਿੰਡਾਂ ਵਿੱਚ ਬਹੁਤ ਪਸ਼ੂ ਬੀਮਾਰੀ ਨਾਲ ਮਰਨ ਲੱਗ ਪਏ। ਸਾਰੇ ਪਸ਼ੂ ਪਾਲਕ ਕਿਸਾਨ ਘਬਰਾ ਗਏ। ਸਤਿਗੁਰੂ ਪਰਤਾਪ ਸਿੰਘ ਜੀ ਕਿਸੇ ਵਿਦੇਸ਼ ਯਾਤਰਾ ਤੇ ਸਨ। ਕੁਝ ਸੱਜਣਾਂ ਨੇ ਰਾਇ ਕਰਕੇ ਰੁਪਾਣੇ ਜਾ ਕੇ ਮਹਾਰਾਜ ਜੰਗ ਸਿੰਘ ਜੀ ਨੂੰ ਇਸ ਪ੍ਰਥਾਇ ਬੇਨਤੀ ਕੀਤੀ। ਮਹਾਰਾਜ ਜੀ ਰੋਗ ਸੋਗ ਦੇ ਅਨੇਕ ਮੌਕਿਆਂ ਤੇ ਅਕਸਰ ਹਵਨ ਕਰਨ ਲਈ ਸੰਗਤ ਨੂੰ ਕਿਹਾ ਕਰਦੇ ਸਨ, ਜਿਸ ਨਾਲ ਪਰਿਆਵਰਣ ਸ਼ੁੱਧ ਹੋ ਜਾਂਦਾ ਸੀ। ਮਹਾਰਾਜ ਜੀ ਦੂਸਰੇ ਦਿਨ ਹੀ ਆ ਗਏ ਅਤੇ ਦਸ ਬਿਬੇਕੀ ਸਿੰਘ ਤਿਆਰ ਕਰਕੇ, ਹਵਨ ਸਮੱਗਰੀ ਇਕੋਤਰ ਸੌ ਨਾਰੀਅਲ ਸਮੇਤ ਮੰਗਵਾ ਲਈ। ਗੁਰਬਾਣੀ ਦੇ ਪਾਠ ਵੀ ਆਰੰਭ ਦਿੱਤੇ ਅਤੇ ਹਵਨ ਵਿੱਚ ਵੀ ਕੜਛੀ ਭਰ ਭਰ ਸਮੱਗਰੀ ਪਾਉਣ ਲੱਗੇ। ਅਰਦਾਸ ਕਰਕੇ ਪਸ਼ੂਆਂ ਦੀ ਸੁਖ ਸ਼ਾਂਤੀ ਮੰਗੀ। ਛੇਤੀ ਹੀ ਮੋੜਾ ਪੈ ਗਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਹੋ ਗਈ।

ਮਹਾਰਾਜ ਜੰਗ ਸਿੰਘ ਜੀ ਜਦੋਂ ਰੁਪਾਣੇ ਜਾਂ ਧਰਮੂ ਕੋਟ ਰਹਿੰਦੇ ਸਨ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਜਾਂ ਜੀਵਨ ਨਗਰ ਤੋਂ ਦੁਧਾਰੂ ਗਊ ਜਾਂ ਮੱਝ ਉਨ੍ਹਾਂ ਦੀ ਲੋੜ ਅਨੁਸਾਰ ਤੁਰੰਤ ਭੇਜ ਦਿਆ ਕਰਦੇ ਸਨ। ਇੱਕ ਵੇਰ ਸਾਧੂ ਸਿੰਘ ਛੰਨਾਂ ਵਾਲੇ ਦੇ ਹੱਥੀਂ ਭੈਣੀ ਸਾਹਿਬੋਂ ਆਪ ਨੂੰ ਦੋ ਪੀਪੇ ਘਰ ਦੇ ਘਿਉ ਦੇ ਵੀ ਭੇਜੇ ਸਨ, ਜਦੋਂ ਆਪ ਰੁਪਾਣੇ ਸਨ। ਮਹਾਰਾਜ ਜੰਗ ਸਿੰਗ ਜੀ ਆਪ ਜੀ ਨੂੰ ਸਾਡੇ ਸਾਹਿਬ" ਕਹਿ ਕੇ ਸੰਬੋਧਿਤ

ਕਰਿਆ ਕਰਦੇ ਸਨ। ਮਹਾਰਾਜ ਜੀ ਨੇ ਆਪਣੀ ਸਾਦਗੀ ਭਰੇ ਢੰਗ ਤਰੀਕਿਆਂ ਨਾਲ ਪੰਜਾਬ ਦੇ ਵੱਖ ਵੱਖ ਭਾਗਾਂ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ, ਕੋਈ 60-70 ਸਾਲ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਕੀਤਾ। ਉਮਰ ਦਾ ਵੱਡਾ ਹਿੱਸਾ ਉਨ੍ਹਾਂ ਰੁਪਾਣੇ ਇੱਕ ਗ੍ਰਹਿਸਤੀ ਪਰਿਵਾਰ ਵਿੱਚ ਰਹਿੰਦਿਆਂ ਬਿਤਾਇਆ। ਕੋਟ ਧਰਮੂ ਵਿੱਚ ਡੇਰੇ ਦੀ ਸਥਾਪਨਾ ਵੀ ਆਪ ਨੇ ਆਯੂ ਦੇ ਆਖਰੀ ਪੜਾਅ 1965-66 ਈ. ਵਿੱਚ ਸੇਵਕਾਂ ਦੇ ਜ਼ੋਰ ਪਾਉਣ ਤੇ ਕੀਤੀ। ਦਿੱਲੀ ਵਿਖੇ ਆਪ ਪੰਡਿਤ ਜਵਾਹਰ ਲਾਲ ਨਹਿਰੂ ਜਿਹੇ ਪ੍ਰਧਾਨ ਮੰਤਰੀ ਅਤੇ ਸਿਆਸਤਦਾਨਾਂ ਨੂੰ ਵੀ ਕਿਸੇ ਕੌਮੀ ਸੰਕਟ ਦੇ ਸਮੇਂ ਮਿਲਿਆ ਕਰਦੇ ਸਨ ਅਤੇ ਉਸਦੇ ਸਮਾਧਾਨ ਵਿੱਚ ਹਿੱਸਾ ਪਾਉਂਦੇ ਸਨ।

ਓੜਕ ਹਾੜ ਦੀ ਸੰਗਰਾਂਦ ਸੰਬਤ 2026 ਮੁਤਾਬਿਕ 13 ਜੂਨ 1969 ਈ. ਦਿਨ ਵੀਰਵਾਰ ਨੂੰ ਸ੍ਰੀ ਮਹਾਰਾਜ ਜੰਗ ਸਿੰਘ ਜੀ ਅਕਾਲ ਚਲਾਣਾ ਕਰ ਗਏ ਸਨ, ਕੋਟ ਧਰਮੂ ਵਿਖੇ ਹੀ, ਜਿੱਥੇ ਆਪ ਦੇ ਸਰੀਰ ਦਾ ਸੰਗਤਾਂ ਦੀ ਭਾਰੀ ਹਾਜ਼ਰੀ ਵਿੱਚ ਸਸਕਾਰ ਕੀਤਾ ਗਿਆ। ਆਪ ਦੇ ਦਿੱਲੀ ਦੌਰੇ ਸਮੇਂ 1967 ਵਿੱਚ ਕੁਝ ਢਿੱਲੇ ਹੋਣ ਤੇ ਸਤਿਗੁਰੂ ਜਗਜੀਤ ਸਿੰਘ ਜੀ ਆਪ ਦੀ ਖਬਰ ਲੈਣ ਆਏ ਸਨ। ਆਪ 1959 ਈ. ਦੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਨਗਰ ਵਿਖੇ ਹੋਏ ਆਖਰੀ ਹੋਲੇ ਮਹੱਲੇ ਵਿੱਚ ਵੀ ਸ਼ਾਮਲ ਹੋਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰ ਜਾਣ ਬਾਅਦ ਸਸਕਾਰ ਸਮੇਂ ਮਹਾਰਾਜ ਜੰਗ ਸਿੰਘ ਜੀ ਨੇ ਚਕਰਵਰਤੀ ਜੀ ਦੁਆਰਾ ਵਿਛਾਏ ਆਸਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬੈਠਣ ਲਈ ਕਿਹਾ ਅਤੇ ਸਭ ਤੋਂ ਪਹਿਲਾਂ ਆਪ ਨੇ ਹੀ ਮੱਥਾ ਟੇਕਿਆ ਸੀ। ਆਪ ਤੋਂ ਬਾਅਦ ਆਪ ਦੇ ਅਸਥਾਨ ਦੀ ਸੇਵਾ ਕ੍ਰਮਵਾਰ ਭਾਈ ਸੁੰਦਰ ਸਿੰਘ ਜੀ ਅਤੇ ਮਸਤਾਨਾ ਗੁਰਦਿਆਲ ਸਿੰਘ 'ਮਹੰਤ' ਨਿਬਾਹੁੰਦੇ ਰਹੇ। ਅੱਜ ਕਲ੍ਹ ਇਸ ਅਸਥਾਨ ਦੀ ਸੇਵਾ ਸੰਤ ਬਾਬਾ ਕੌਰ ਸਿੰਘ ਜੀ ਸੁਆਂਗਾਂ (ਮੁਕਤਸਰ) ਵਾਲੇ ਨਿਭਾਅ ਰਹੇ ਹਨ। ਮਹਾਰਾਜ ਜੰਗ ਸਿੰਘ ਜੀ ਦਾ ਤਲਵਾੜਾ ਖੁਰਦ ਜ਼ਿਲ੍ਹਾ ਸਿਰਸਾ (ਹਰਿਆਣਾ) ਵਿੱਚ ਵੀ ਸ਼ਾਨਦਾਰ ਯਾਦਗਾਰੀ ਅਸਥਾਨ ਉਸਾਰਿਆ ਗਿਆ ਹੈ।

ਮਹਾਰਾਜ ਜੰਗ ਸਿੰਘ ਜੀ ਨਾਮਧਾਰੀ ਪੰਥ ਦੇ ਰਾਜ ਜੋਗੀ ਸਨ। ਬਹੁਤ ਵੱਡੇ ਇਤਿਹਾਸਿਕ ਪਿਛੋਕੜ ਵਾਲੇ ਨਾਮਧਾਰੀ ਪੰਥ ਦੇ ਗੁਰੂ ਪਰਿਵਾਰ ਨਾਲ ਸੰਬੰਧਿਤ ਹੋ ਕੇ ਵੀ ਉਨ੍ਹਾਂ ਸਾਧਾਰਨ ਕਿਰਤੀ, ਕਾਮਿਆਂ, ਕਿਸਾਨਾਂ ਜਿਉਂ ਜੀਵਨ ਬਤੀਤ ਕੀਤਾ। ਦੀਨ ਦੁਖੀਆਂ ਦੇ ਦੁੱਖ ਵੇਖ ਕੇ ਉਨ੍ਹਾਂ ਦਾ ਹਿਰਦਾ ਸਦਾ ਦ੍ਰਵਿਤ ਹੋ ਜਾਂਦਾ ਸੀ। ਇਸੇ ਲਈ ਉਹ ਆਪਣੀ ਬੋਲ ਬਾਣੀ ਦੁਆਰਾ

ਆਮ ਲੋਕਾਂ ਲਈ ਮੁਸ਼ਕਿਲ ਕੁਸ਼ਾ ਸਨ।ਉਹਨਾਂ ਦੇ ਕਮਾਏ ਹੋਏ ਜੀਵਨ ਦੇ ਦਰਸ਼ਨ ਮਾਤਰ ਨਾਲ ਅਨੇਕ ਤਪਦੀਆਂ ਰੂਹਾਂ ਸ਼ਾਂਤ ਹੋ ਜਾਂਦੀਆਂ ਸਨ। ਬੋਲ ਤੋਲ ਦੇ ਪੂਰੇ ਉਹ ਨਾਮਧਾਰੀ ਪੰਥ ਦੇ ਭੀਸ਼ਮ ਪਿਤਾਮਾ ਸਨ।

ਨੋਟ : ਇਹ ਲੇਖ ਲਿਖਣ ਲਈ ਲੇਖਕ ਸ਼੍ਰੀ ਪੀ. ਐਸ. ਕੰਵਲ ਦੀ ਮਹਾਰਾਜ ਜੀ ਬਾਰੇ ਕਿਤਾਬ- 'ਜੀਵਨ ਚਰਿੱਤਰ, ਮਹਾਰਾਜ ਜੰਗ ਸਿੰਘ ਜੀ' ਦਾ ਆਭਾਰੀ ਹੈ।

❁

# ਸਤਿਗੁਰੂ ਰਾਮ ਸਿੰਘ ਜੀ ਦਾ ਨਾਨਕਾ ਪਰਿਵਾਰ ਅਤੇ ਮਾਈ ਭੋਲੀ ਲੁਧਿਆਣੇ ਵਾਲੀ

ਨਾਨਕ,ਦਾਦਕ, ਸਾਹੁਰੇ, ਮੁੱਢ ਕਦੀਮ ਦੇ ਯਾਰ।
ਗੁਰੂ, ਪੀਰ, ਸਿੱਖ ਸਾਧ ਨੂੰ, ਇਹ ਨਾਂ ਮੰਨਣ ਚਾਰ।

ਸਤਿਗੁਰੂ ਰਾਮ ਸਿੰਘ ਜੀ ਦੇ ਸਬੰਧ ਵਿਚ ਇਹ ਲੋਕ ਕਹਾਵਤ ਖਰੀ ਨਹੀਂ ਉੱਤਰਦੀ।ਆਪ ਦੇ ਮੁੱਢ ਕਦੀਮ ਦੇ ਸੱਜਣਾਂ ਭਾਈ ਲਹਿਣਾ ਸਿੰਘ, ਬੁੱਗ ਅਤੇ ਖੇਮਾ ਆਦਿਕ ਪਿੰਡ ਭੈਣੀ ਸਾਹਿਬ ਦੇ ਕਿਸਾਨਾਂ ਨੇ ਆਪ ਦਾ ਅਦਬ ਸਤਿਕਾਰ ਹਮੇਸ਼ਾਂ ਕਾਇਮ ਰੱਖਿਆ। ਆਪ ਜੀ ਦੇ ਸਹੁਰਿਆਂ ਦੇ ਨਗਰ ਜੋ ਮਾਤਾ ਜੱਸਾਂ ਜੀ ਦਾ ਪੇਕਾ ਪਿੰਡ ਧਰੋੜ (ਨਜ਼ਦੀਕ ਸਾਹਨੇਵਾਲ) ਹੈ, ਵੱਲੋਂ ਤਾਂ ਆਪ ਜੀ ਦਾ ਮਾਣ ਤਾਣ ਇਸ ਰੂਪ ਵਿਚ ਕੀਤਾ ਜਾ ਰਿਹਾ ਹੈ ਕਿ ਨਾਮਧਾਰੀ ਗੁਰੂ ਹਸਤੀਆਂ ਦੇ ਨਮਿਤ ਹੋਏ ਭੋਗ ਸਮਾਗਮਾਂ ਸਮੇਂ, ਸਮੇਤ ਮਾਤਾ ਚੰਦ ਕੌਰ ਜੀ ਦੇ ਭੋਗ ਸਮਾਰੋਹ ਦੇ ਉਹ ਆਪਣੇ ਪਿੰਡ ਦੀ ਪੰਚਾਇਤ ਵੱਲੋਂ ਇਕ ਦਸਤਾਰ ਲੈ ਕੇ ਹਾਜ਼ਰ ਹੁੰਦੇ ਹਨ। ਜਿੱਥੋਂ ਤੱਕ ਸਤਿਗੁਰੂ ਜੀ ਦੇ ਭਾਈਚਾਰੇ ਦਾ ਸਬੰਧ ਹੈ ਆਪ ਦੇ ਸ਼ਰੀਕੇ ਕਬੀਲੇ ਦੇ ਸਾਰੇ ਪਰਿਵਾਰ ਤਾਂ ਨਾਮਧਾਰੀ ਪੰਥ ਵਿਚ ਸ਼ਾਮਲ ਹੋਏ ਹੀ ਸਨ, ਤਕਰੀਬਨ ਸਮੁੱਚਾ ਰਾਮਗੜ੍ਹੀਆ ਭਾਈਚਾਰਾ ਵੀ ਆਪ ਪ੍ਰਤੀ ਵਿਸ਼ੇਸ਼ ਲਗਾਉ ਰੱਖਦਾ ਹੈ। ਮੇਰੇ ਇਸ ਲੇਖ ਦਾ ਵਿਸ਼ਾ ਮਾਈ ਭੋਲੀ ਅਤੇ ਮੁੱਖ ਤੌਰ 'ਤੇ ਆਪ ਜੀ ਦਾ ਨਾਨਕਾ ਪਰਿਵਾਰ ਹੈ ਜਿਹਨਾਂ ਨੇ ਬਚਪਨ ਵਿਚ ਤਾਂ ਇਸ ਘਰ ਦੇ ਦੋਹਤਰੇ ਜਾਣ ਕੇ ਅਤੇ ਫਿਰ ਜਦੋਂ ਆਪ ਨੇ ਸੰਤ ਖਾਲਸਾ ਪ੍ਰਗਟ ਕੀਤਾ ਆਪ ਜੀ ਨੂੰ ਅਵਤਾਰੀ ਪੁਰਖ ਜਾਣ ਕੇ, ਹਮੇਸ਼ਾਂ ਸੀਸ ਨਿਵਾਇਆ। ਕੁਝ ਇਕ ਆਪ ਦੇ ਅਲੌਕਿਕ ਕਉਤਕ ਵੇਖਕੇ, ਇਸ ਤੋਂ ਪਹਿਲਾਂ ਵੀ ਨਾਨਕੇ ਪਰਿਵਾਰ ਦੀ ਆਪ ਤੇ ਸ਼ਰਧਾ ਬੱਝ ਗਈ ਸੀ।

ਸਤਿਗੁਰੂ ਜੀ ਦੇ ਨਾਨਕੇ ਪਰਿਵਾਰ ਦਾ ਪਿਛੋਕੜ ਲੁਧਿਆਣਾ ਜ਼ਿਲ੍ਹੇ ਵਿਚ ਸਮਰਾਲੇ ਦੇ ਪਾਸ ਉਟਾਲਾਂ ਪਿੰਡ ਦਾ ਹੈ। "ਸ੍ਰੀ ਗੁਰੂ ਹਰਿਗੋਬਿੰਦ ਜੀ ਛੇਵੇਂ ਗੁਰੂ ਦੇ ਨਿਕਟਵਰਤੀ ਰਾਗੀ, ਹਜ਼ੂਰ ਦੇ ਦਰਬਾਰ ਵਿਚ ਕੀਰਤਨ ਕਰਦੇ ਹੁੰਦੇ ਸਨ। ਭਾਈ ਧੂਮਾਂ, ਭਾਈ ਕੂਮਾਂ, ਭਾਈ ਬਸਾਲਾ ਜਿਹਨਾਂ ਦੇ ਨਾਮ ਸਨ। ਆਪ ਸੋਖੀ ਗੋਤ ਦੇ ਕਾਰੀਗਰ ਪਿੰਡ ਉਟਾਲਾਂ ਵਿਚ ਰਹਿੰਦੇ

ਸਨ। ਭਾਈ ਧੁਮਾਂ ਦੀ ਸ਼ਾਦੀ ਧਮੋਟ (ਲੁਧਿਆਣਾ) ਪਿੰਡ ਵਿਚ ਰਾਮੋ ਨਾਮ ਦੀ ਇਸਤਰੀ ਨਾਲ ਹੋਈ, ਰਾਮੋ ਦੇ ਘਰ ਚਾਰ ਪੁੱਤਰ ਹੋਏ। ਸਜਾ ਰਾਮ, ਹਰੀ ਚੰਦ, ਦਿਆਲਾ ਤੇ ਬਹਾਲਾ। ਇਹਨਾਂ ਵਿਚੋਂ ਬਹਾਲੇ ਦਾ ਵਿਆਹ ਪਿੰਡ ਰਾਜੇ ਆਣੇ ਚੌਣੇ ਦੀ ਇਸਤਰੀ ਖੀਵੀ ਨਾਲ ਹੋ ਗਿਆ। ਇਸ ਪਰਿਵਾਰ ਵਿਚੋਂ ਅੱਗੇ ਜਾ ਕੇ ਪੰਜ ਪੁੱਤਰ ਹੋਏ- ਹਜ਼ੂਰਾ ਸਿੰਘ, ਕਾਹਨਾ ਸਿੰਘ, ਬਾਨਾ ਸਿੰਘ, ਬੂਟਾ ਸਿੰਘ ਤੇ ਸੂਰਾ ਸਿੰਘ ਇਹ ਡੇਹਲੋਂ (ਲੁਧਿਆਣਾ) ਦੇ ਪਾਸ ਨੰਗਲ ਪਿੰਡ ਵਿਚ ਵੱਸ ਗਏ। ਸਤਿਗੁਰੂ ਜੀ ਦਾ ਨਾਨਾ ਇਹੋ ਭਾਈ ਹਜ਼ੂਰਾ ਸਿੰਘ ਸੀ ਅਤੇ ਇਸ ਦੀ ਸਿੰਘਣੀ ਖੇਮ ਕੌਰ ਸੀ। ਹਜ਼ੂਰਾ ਸਿੰਘ ਦੇ ਘਰ ਹਰੀ ਸਿੰਘ ਇਕ ਲੜਕਾ ਅਤੇ ਸਦਾ ਕੌਰ ਨਾਂ ਦੀ ਪੁੱਤਰੀ ਹੋਈ।[1] ਬੀਬੀ ਸਦਾ ਕੌਰ ਹੀ ਰਾਈਆਂ ਪਿੰਡ ਦੇ ਬਾਬਾ ਜੱਸਾ ਸਿੰਘ ਜੀ ਨਾਲ ਵਿਆਹੇ ਗਏ ਸਨ। ਆਪ ਦੇ ਭਾਈ ਹਰੀ ਸਿੰਘ ਨੇ ਕਾਰ ਵਿਹਾਰ ਲਈ ਲੁਧਿਆਣਾ ਸ਼ਹਿਰ ਵਿਚ ਡੇਰਾ ਲਾ ਲਿਆ ਸੀ। ਸੂਰਾ ਸਿੰਘ ਦੀ ਬੰਸ ਨੰਗਲ ਪਿੰਡ ਵਿਚ ਹੈ। ਨੰਗਲ ਪਿੰਡ ਵਾਲਿਆਂ ਦੀ ਇਹ ਮਨਾਉਤ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਨਾਨਕੇ ਪਿੰਡ, ਨਾਨੇ ਹਜ਼ੂਰਾ ਸਿੰਘ ਦੇ ਘਰ ਨੰਗਲ ਵਿਖੇ ਹੀ ਹੋਇਆ ਸੀ। ਪਿੰਡ ਨੰਗਲ ਵਿਚ ਉਸ ਅਸਥਾਨ ਦੀ ਮਾਨਤਾ ਹੋਣ ਬਾਰੇ ਪਿੱਛੇ ਜਿਹੇ ਪੰਜਾਬੀ ਟ੍ਰਿਬਿਊਨ ਵਿਚ ਵੀ ਛਪਿਆ ਸੀ। ਪਰ ਇਹ ਇਕ ਨਿਰ ਵਿਵਾਦਿਤ ਇਤਿਹਾਸਕ ਤੱਥ ਹੈ ਕਿ ਸਤਿਗੁਰੂ ਜੀ ਦਾ ਆਗਮਨ ਰਾਈਆਂ ਵਿਖੇ ਹੀ ਹੋਇਆ ਸੀ।

ਸਤਿਗੁਰੂ ਜੀ ਦਾ ਮਾਮਾ ਹਰੀ ਸਿੰਘ ਸੀ ਅਤੇ ਮਾਮੀ ਰਾਮ ਕੌਰ ਸਨ। ਰਾਮ ਕੌਰ ਦਾ ਪੇਕਾ ਪਿੰਡ ਢੋਲੇਵਾਲ (ਲੁਧਿਆਣਾ) ਸੀ ਅਤੇ ਉਹ ਰੂਪੇ ਦੀ ਪੁੱਤਰੀ ਸੀ।[2] ਇਹ ਦੋਵੇਂ ਜੀਅ ਲੁਧਿਆਣੇ ਆਪਣਾ ਕਾਰ ਵਿਹਾਰ ਕਰਦੇ ਸਨ। ਇਹਨਾਂ ਦਾ ਇੱਕੋ ਪੁੱਤਰ ਖਜ਼ਾਨ ਸਿੰਘ ਸੀ। ਖਜ਼ਾਨ ਸਿੰਘ ਦੇ ਘਰ ਵਾਲੀ ਦਾ ਨਾਮ ਭੋਲੀ ਸੀ ਜੋ ਚਾਨਾ ਗੋਤ ਦੇ ਰਾਮਗੜ੍ਹੀਆਂ ਦੀ ਪੁੱਤਰੀ ਸੀ। ਸਤਿਗੁਰੂ ਰਾਮ ਸਿੰਘ ਜੀ ਨੇ (1837-45) ਦੇ ਕੋਈ 8-9 ਸਾਲ ਵਿਚ ਲਾਹੌਰ ਦੇ ਸਿੱਖ ਦਰਬਾਰ ਦੀ ਸੈਨਾ ਵਿਚ ਬਿਤਾਏ ਸਨ। ਇਸ ਸਮੇਂ ਆਪ ਜਦੋਂ ਵੀ ਲਾਹੌਰ ਤੋਂ ਪਿੰਡ ਜਾਂਦੇ ਜਾਂ ਪਿੰਡ ਤੋਂ ਵਾਪਸ ਲਾਹੌਰ ਜਾਂਦੇ, ਨਾਨਕਿਆਂ ਦੇ ਘਰ ਆਪ ਦਾ ਗੇੜਾ ਅਵੱਸ਼ ਹੀ ਲੱਗਦਾ। ਇਹ ਸਮਾਂ ਪੰਜਾਬ ਲਈ ਅਧੋਗਤੀ ਦਾ ਸਮਾਂ ਸੀ। ਲਾਹੌਰ ਦਰਬਾਰ ਵਿਚ ਆਪ ਸਿੱਖ ਸਰਦਾਰਾਂ ਅਤੇ ਸ਼ਾਹੀ ਪਰਿਵਾਰ ਦੁਆਰਾ, ਸਿੱਖ ਚਲਨ ਦੇ ਵਿਰੁੱਧ ਹੁੰਦੀਆਂ ਬਦਚਲਨੀਆਂ ਰੋਜ਼ ਵੇਖਦੇ ਸਨ।ਆਪ ਇਹ ਵੀ ਵੇਖਦੇ ਸਨ ਕਿ ਲਾਹੌਰ ਦਰਬਾਰ ਦਾ ਇਕ ਹਿੱਸਾ ਵਿਦੇਸ਼ੀ ਫਰੰਗੀਆਂ ਨਾਲ ਸਾਜਬਾਸ਼ ਕਰਨ ਵਿਚ ਜੁੱਟਿਆ ਰਹਿੰਦਾ ਹੈ ਤਾਂ ਜੁ ਉਹ ਆਪਣੇ ਹਿਤ ਸੁਰੱਖਿਅਤ ਰੱਖਣ ਅਤੇ

ਕੌਮੀ ਅਵਨਤੀ ਦੀ ਚਿੰਤਾ ਤੋਂ ਬੇਪ੍ਰਵਾਹ ਰਹਿਣ। ਸਤਿਗੁਰੂ ਜੀ ਨੂੰ ਪਲ ਪਲ ਗੁਲਾਮੀ ਵੱਲ ਧਕੇਲਿਆ ਜਾਂਦਾ ਪੰਜਾਬ ਵੇਖ ਕੇ, ਡੂੰਘੀ ਚਿੰਤਾ ਵਾਪਰਦੀ। ਉਹਨਾਂ ਨੇ ਆਪਣੀ ਇਸ ਮਨੋਦਸ਼ਾ ਦਾ ਪ੍ਰਗਟਾਵਾ ਕਰਨ ਲਈ ਮਸਤਾਨੀ ਬਿਰਤੀ ਧਾਰਨ ਕਰ ਲਈ ਅਤੇ ਵਕਤ ਦਾ ਸੱਚ ਜੋ ਕੰਧ ਤੇ ਲਿਖਿਆ ਜਾ ਚੁੱਕਾ ਸੀ, ਇਸ ਨੂੰ ਸੱਤਾਧਾਰੀਆਂ ਦੇ ਮੂੰਹ ਤੇ ਵੀ ਦੇ ਮਾਰਦੇ। ਬੇਸ਼ਕ ਆਪ ਦੇ ਖ਼ਿਲਾਫ ਸੈਨਾ ਵਿਚ ਅਨੁਸ਼ਾਸਨਾਤਮਕ ਕਾਰਵਾਈਆਂ ਵੀ ਕੀਤੀਆਂ ਜਾਂਦੀਆਂ ਸਨ ਪਰ ਆਪ ਜੀ ਹਕੀਕਤ ਬਿਆਨਣ ਤੋਂ ਕਦੇ ਗੁਰੇਜ਼ ਨਹੀਂ ਸਨ ਕਰਦੇ। ਕਈ ਵੇਰ ਆਪ ਮਹੀਨਿਆਂ ਬੱਧੀ ਅਤੇ ਸਾਲਾਂ ਬੱਧੀ ਇਸੇ ਮਸਤਾਨੀ ਦਸ਼ਾ ਵਿਚ ਵਿਚਰਦੇ ਰਹੇ ਜੋ ਕਿ ਉਸ ਸਮੇਂ ਆਪ ਦੇ ਵਿਅਕਤੀਗਤ ਵਿਦਰੋਹ ਦਾ ਹੀ ਇਕ ਰੂਪ ਸੀ ਅਤੇ ਇਸੇ ਮਸਤਾਨੀ ਦਸ਼ਾ ਵਿਚ ਮਾਮੇ ਦੇ ਘਰ ਲੁਧਿਆਣੇ ਵੀ ਆਉਂਦੇ। ਸਾਡੇ ਪਹਿਲੇ ਇਤਿਹਾਸਕਾਰ ਭਾਈ ਸੰਤੋਖ ਸਿੰਘ ਹੋਰਾਂ ਇਹ ਘਟਨਾਵਾਂ ਕਾਨੀਬੱਧ ਕੀਤੀਆਂ ਹਨ। ਦਸੰਬਰ 1845 ਈ. ਵਿਚ ਮੁਦਕੀ ਦੀ ਜੰਗ ਤੋਂ ਬਾਅਦ, ਸਤਿਗੁਰੂ ਜੀ ਰਾਮਦਾਸਪੁਰੇ ਸਾਹਿਬ ਨੂੰ ਤੁਰੇ।

"ਜਾਂ ਸਤਿਲੁਜ ਦੇ ਪੱਤਣ ਪਰ ਆਏ ਤਾਂ ਪੱਤਣ ਬੰਦ ਸੀ। ਮਲਾਹਾਂ ਨੇ ਬੇੜੀ ਨਾ ਛੱਡੀ। ਸ੍ਰੀ ਸਤਿਗੁਰੂ ਜੀ ਦਰਿਆਏ ਮੇਂ ਛਾਲ ਮਾਰੀ। ਬਚਨ ਕੀਤਾ ਹੁਣ ਡੋਬਦਾ ਕਿਉ ਨਹੀਂ ਹੈ? ਏਹੀ ਬਚਨ ਕਈ ਵਾਰੀ ਕੀਤਾ। ਦਰਿਆਏ ਕੇ ਪਾਰ ਹੋ ਗਏ, ਲੁਧਿਆਣੇ ਆਏ।

"ਸ੍ਰੀ ਸਤਿਗੁਰੂ ਜੀ ਮਾਮੇ ਕੇ ਘਰ ਆਏ। ਪਹਿਲੇ ਤਾਂ ਸਤਿ ਸ੍ਰੀ ਅਕਾਲ ਬੁਲਾਈ ਫੇਰ ਕਿਹਾ- ਆਦਮ ਮਹਾਂ ਦੇਓ। ਅੰਦਰ ਆਵਾਜ਼ਾ ਸੁਣਿਆ ਮਾਮੀ ਰਾਮੀਂ ਨੇ। ਨੂੰਹ ਨੂੰ ਕਹਾ ਦੇਖ ਤਾਂ ਕੌਣ ਹੈ? ਨੂੰਹ ਨੇ ਜਾਇਕੇ ਕਿਹਾ ਕਿ ਓਹੋ ਆਇਆ ਹੈ ਜਿਸ ਨੂੰ ਕਮਲਾ ਕਹਿੰਦੇ ਹਨ। ਮਾਮੀ ਆਈ ਦੌੜ ਕੇ। ਚਰਨੀਂ ਹੱਥ ਲਾਇਆ। ਦਲਾਨ ਮੇ ਪਲੰਘ ਡਾਹ ਵਿਛਾਵਣਾ ਵਿਛਾਇਕੇ ਬਿਠਾਏ ਅਦਬ ਨਾਲ। ਮਾਮੀ ਨੇ ਕਿਹਾ, ਤੁਸਾਂ ਦੇ ਮਾਮੇ ਥੀਂ ਮੈਂ ਪੁੱਛਿਆ ਸੀ- ਮੈਂ ਫਲੌਰ ਜਾਇ ਆਵਾਂ ਤੇ ਆਪਣੇ ਦੋਹਤੇ ਕੋ ਲੈ ਆਵਾਂ। ਜੇਕਰ ਨਾ ਆਇਆ ਤਾਂ ਮਿਲ ਆਵਾਂਗੀ। ਜੁੱਧ ਜੰਗ ਛਿੜੇ ਹੋਏ ਹੈ। ਮੈਨੂੰ ਬੜੀ ਚਿੰਤਾ ਰਹਿੰਦੀ ਸੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ-ਤੁਸਾਂ ਦਾ ਪ੍ਰੇਮ ਈ ਸ਼ਤਾਬੀ ਲਿਆਇਆ ਹੈ। ਮੈਂ ਸਮਝਿਆ ਜੋ ਕਿੱਥੇ ਬੁੱਢੀ ਤੁਰਦੀ ਫਿਰੇਗੀ? ਮਾਮੀ ਰਾਮ ਕੌਰ ਨੇ ਕਹਾ ਮੈਂ ਤੇ ਆਪ ਦੇ ਵਾਸਤੇ ਬੜੀਆਂ ਬੇਨਤੀਆਂ ਕੀਤੀਆਂ ਹੈ ਹੇ ਗੁਰੂ ਨਾਨਕ ਜੀ, ਮੇਰੇ ਰਾਮ ਸਿੰਘ ਕੋ ਤੱਤੀ ਵਾਓ ਨਾ ਲੱਗੇ। ਰੱਛਿਆ ਕਰੋ। ਮੈਂ ਚਾਹੁੰਦੀ ਹਾਂ ਏਨਾਂ ਨੇਤਰਾਂ ਨਾਲ ਦਰਸ਼ਨ ਕਰਾਂ ਤਾਂ ਠੰਢ ਪਵੇਗੀ। ਬਚਨ ਕੀਤਾ-ਮਾਮੀ ਜੀ ਤੁਹਾਡੀ ਖਿੱਚ

ਨੇ ਸ਼ਤਾਬੀ ਲਿਆਂਦੇ ਹੈਂ।

ਸਤਿਗੁਰੂ ਜੀ ਕੇ ਲਾਲ ਨੇਤਰ ਨਾਮ ਕੀ ਖੁਮਾਰੀ ਮੈਂ ਰੰਗੇ ਹੋਏ ਹੈਂ। ਚੇਹਰਾ ਦਮਕਦਾ ਹੈ। ਲੱਤਾਂ ਬਾਂਹਵਾਂ ਨੂੰ ਲੀਰਾਂ ਬੱਧੀਆਂ ਹੋਈਆਂ ਹੈਂ। ਮਾਮੇ ਦਾ ਨਾਮ ਹਰੀ ਸਿੰਘ ਸੀ, ਬਾਬੇ ਗੁਰਦਿੱਤੇ ਜੀ ਕੋ ਮੰਨਦੇ ਹੈਂ। ਬਾਣੀ ਗ੍ਰੰਥ ਸਾਹਿਬ ਜੀ ਕੀ ਪੜਨੀ। ਆਸਾ ਦੀ ਵਾਰ ਭੀ ਰੋਜ਼ ਲਾਵਣੀ। ਮਾਮੀ ਰਾਮ ਕੌਰ ਰਾਮ ਰਾਮ ਦਾ ਸਿਮਰਨ ਕਰਦੀ ਹੁੰਦੀ ਸੀ। ਮਾਮੇ ਕਾ ਪੁੱਤਰ ਖਜ਼ਾਨ ਸਿੰਘ ਤਿਸਕਾ ਬੜਾ ਦੇਵਤਾ ਸੁਭਾਉ ਸੀ। ਪਦਾਰਥ ਕੀ ਕੁਝ ਕਮੀਂ ਨਾ ਸੀ।

"ਮਾਮੀ ਰਾਮੀ ਕਾ ਭਰੋਸਾ ਬਹੁਤ ਸੀ ਗੁਰੂ ਜੀ ਪਰ। ਕਹਿਣੇ ਲੱਗੀ ਕਿ ਮੈਂ ਤੇਰੇ ਮਾਮੇ ਥੀਂ ਪੁੱਛਣਾਂ ਕਿ ਫਲੌਰ ਕਿਧਰ ਹੈ? ਮਾਮੇ ਤੇਰੇ ਕਹਿਣਾ- ਤੂੰ ਫਲੌਰ ਦੀ ਤਾਈ ਲੱਗਦੀ ਹੈਂ। ਤੇਰਾ ਕੀ ਕੰਮ ਹੈ ਫਲੌਰ? ਜੋ ਤੈਨੂੰ ਲੋੜ ਹੈ ਸੋ ਸਾਨੂੰ ਕਹੋ ਅਸੀਂ ਲਿਆਇ ਦਿੰਦੇ ਹਾਂ। ਮੈਂ ਕਹਿਣਾ ਮੈਂ ਆਪਣੇ ਦੋਹਤੇ ਕੋ ਲੈ ਆਵਾਂਗੀ। ਤੇਰੇ ਮਾਮੇ ਨੇ ਕਹਾ ਫਲੌਰੋਂ ਫੌਜਾਂ ਚੱਲੀਆਂ ਗਈਆਂ ਹੈਂ, ਤੂੰ ਕਿੱਥੇ ਜਾਣਾ ਹੈ? ਤਾਂ ਮੈਂ ਚੁੱਪ ਕਰ ਰਹੀ। ਐਸ ਤਰ੍ਹਾਂ ਦੀਆਂ ਗੱਲਾਂ ਕਰਦੀ ਸਤਿਗੁਰੂ ਜੀ ਨਾਲ ਖੁਸ਼ੀ ਵਿਚ ਭਰੀ ਹੋਈ ਕੋਠੇ ਉਤੇ ਚੜ੍ਹਕੇ ਆਵਾਜ਼ਾ ਕੀਤਾ, ਨੀ ਧਰਮੋਂ ਮੇਰਾ ਰਾਮ ਸਿੰਘ ਆਇ ਗਿਆ ਹੈ, ਜਿਸਨੂੰ ਮੈਂ ਰੋਜ਼ ਯਾਦ ਕਰਦੀ ਸਾਂ। ਦਰਸ਼ਨ ਕਰ ਲਵੋ।

"ਮਾਈਆਂ ਬੀਬੀਆਂ ਆਈਆਂ ਦਰਸ਼ਨ ਨੂੰ। ਮੱਥਾ ਟੇਕ ਕੇ ਬੈਠ ਗਈਆਂ। ਇਕ ਤੀਵੀਂ ਪਾਛੇ ਸੇ ਆਈ।ਉਸ ਨੂੰ ਬਚਨ ਕੀਤਾ, ਇਹ ਤੀਵੀਂ ਸਾਡੇ ਕਿਤੇ ਕੰਮ ਆਵੇਗੀ ਸਮੇਂ ਸੇ। ਮਾਮੀ ਨੇ ਮਿੱਠਾ ਪਰਸ਼ਾਦ ਵਰਤਾਇਆ, ਸਭ ਤੀਵੀਆਂ ਚੱਲੀਆਂ ਗਈਆਂ। ਸ੍ਰੀ ਸਤਿਗੁਰੂ ਜੀ ਭੀ ਚੱਲੇ ਗਏ ਬਾਹਰ ਨੂੰ। ਮਾਮੀ ਨੇ ਨੂੰਹ ਨੂੰ ਕਿਹਾ ਗਊ ਦੀ ਧਾਰ ਕੱਢ ਲੈ। ਏਨ ਜਾਇਕੇ ਛੇੜਖਾਨੀ ਕਰਨੀ ਹੈ। ਹਿੰਦੂ-ਮੁਸਲਮਾਨ ਸਾਡੇ ਘਰ ਆਉਣਗੇ।

"ਸ੍ਰੀ ਸਤਿਗੁਰੂ ਜੀ ਸ਼ਿਵਾਲੇ ਮੈਂ ਜਾਇ ਵੜੇ। ਭਿਆਨਕ ਰੂਪ ਧਾਰਿਆ ਹੋਇਆ ਹੈ।ਅੱਗੇ ਪੁਜਾਰੀ ਆਰਤੀ ਕਰਦੇ ਸੀ। ਦੇਖਕੇ ਰੂਪ ਪੁਜਾਰੀਆਂ ਨੂੰ ਭੈ ਆਇਆ। ਆਰਤੀ ਭੀ ਨਾ ਕੀਤੀ, ਸਭ ਨੱਸ ਗਏ।ਗੁਰੂ ਜੀ ਦੋਵੇਂ ਦੀਵੇ ਬੁਝਾਇ ਦਿੱਤੇ, ਟੱਲ ਤੋੜ ਦਿੱਤਾ, ਘਰ ਨੂੰ ਆਇ ਗਏ। ਦਰਵਾਜ਼ੇ ਲੱਗੇ ਲਗਾਏ ਈ ਘਰ ਆਇ ਵੜੇ। ਪਲੰਘ ਪਰ ਬੈਠਕੇ ਬਚਨ ਕੀਤਾ, ਮਾਮੀ ਤੂੰ ਕੀ ਆਖਦੀ ਸੈਂ ਭੋਲੀ ਨੂੰ, ਧਾਰ ਕੱਢ ਲੈ ਏਨ ਛੇੜਖਾਨੀ ਕਰਨੀ ਹੈ? ਹਿੰਦੂ ਮੁਸਲਮਾਨ ਸਾਡੇ ਘਰ ਔਣਗੇ।

"ਏਕ ਲੜਕਾ ਹੋਇਕੇ ਸ੍ਰੀ ਸਤਿਗੁਰੂ ਜੀ ਕਾ ਚੜ੍ਹ ਗਿਆ ਸੀ। ਮਾਮੀ ਜੀ ਕਹਾ ਕਿ ਤੁਹਾਡਾ ਲੜਕਾ ਚੜ੍ਹ ਗਿਆ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਚੰਗਾ ਹੋਇਆ ਚੜ੍ਹ ਗਿਆ ਹੈ।ਨਾਦੀ ਖਾਲਸਾ ਪੈਦਾ ਕਰਾਂਗੇ। ਬਿੰਦੀ ਨਹੀਂ ਰੱਖਣਾ ਹੈ। ਨਾਦੀ ਪੁੱਤਰ ਬਥੇਰੇ ਹੋਇਜਾਣਗੇ।

"ਮਾਮੇ ਦੀ ਧੀ ਭੈਣ ਸੀ। ਪਹਿਲਾਂ ਤਾਂ ਉਸ ਬੇਰ ਖਾਧੇ ਫੇਰ ਦਾਣੇ ਭੁੱਜੇ ਹੋਏ ਖਾਧੇ ਦੇਖਕੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਪੱਟੀ ਜਾਏਂ ਕੁੜੀਏ, ਏਤਨਾ ਖਾਨੀ ਹੈਂ। ਚਾਨਿਆਂ ਤਰਖਾਣਾਂ ਨੇ ਸਾਨੂੰ ਕਾਲਸ ਭੇਜ ਦਿੱਤੀ ਹੈ।ਕੁੜੀ ਦਾ ਰੰਗ ਕਾਲਾ ਸੀ।

"ਏਤਨੇ ਮੇਂ ਮਾਮਾ ਜੀ ਘਰ ਆਏ।ਨੇਤਰਾਂ ਸੇ ਦਰਸ਼ਨ ਕਰਕੇ ਬੋਲੇ ਅੱਜ ਤਾਂ ਸਾਡੇ ਘਰ ਰੰਗ ਲੱਗਾ ਹੋਇਆ ਹੈ। ਪਰਸਪਰ ਫਤ੍ਹੇ ਬੁਲਾਈ। ਬਚਨ ਕਰਨੇ ਲੱਗੇ। ਬੜੀ ਖੁਸ਼ੀ ਹੋਈ। ਮਾਮੇ ਹਰੀ ਸਿੰਘ ਕੋ ਗੁਰੂ ਜੀ ਬਚਨ ਕੀਤਾ ਅੱਗੇ ਤਾਂ ਪ੍ਰਸ਼ਾਦ ਵਰਤਾਂਵਦੇ ਹੁੰਦੇ ਸੀ, ਪ੍ਰਸ਼ਾਦ ਦਿਓ। ਮਾਮੇ ਜੀ ਕਹਿਆ ਜੀ ਮੈਂ ਹੁਣੇ ਲੈ ਆਉਂਦਾ ਹਾਂ।ਹੋਰ ਅਰਜ਼ ਕੀਤੀ ਜੀ ਗੁੜ੍ਹ ਫਰਿਆਦੀ ਹੋ ਗਿਆ ਸੀ ਪ੍ਰਮੇਸ਼ਰ ਪਾਸ, ਜਿੱਧਰ ਮੈਂ ਜਾਂਦਾ ਹਾਂ ਉਧਰੇ ਈ ਮੈਨੂੰ ਖਾਣ ਨੂੰ ਪੈਂਦੇ ਹੈ। ਪ੍ਰਮੇਸ਼ਰ ਜੀ ਬਚਨ ਕੀਤਾ ਮੇਰਾ ਭੀ ਛਕਣ ਨੂੰ ਚਿੱਤ ਕਰਦਾ ਹੈ। ਬਚਨ ਕੀਤਾ ਲੈ ਆਓ ਗੁੜ ਪ੍ਰਸ਼ਾਦ। ਮਾਮਾ ਜੀ ਥਾਲੀ ਮੈਂ ਪਾਇਕੇ ਲੈ ਆਏ। ਜਾਂ ਵਰਤਾਵਣ ਲੱਗੇ ਮਾਮੀ ਨੇ ਆਪਣੀ ਨੂੰਹ ਨੂੰ ਲੱਤ ਲਾਇਕੇ ਹੌਲੀ ਜਿਹੀ ਕਹਿਆ ਕਿ ਤੂੰ ਭੀ ਜਾਇਕੇ ਪ੍ਰਸ਼ਾਦ ਮੰਗ। ਸ੍ਰੀ ਸਤਿਗੁਰੂ ਜੀ ਮਾਮੀ ਨੂੰ ਬਚਨ ਕੀਤਾ ਤੂੰ ਭੋਲੀ ਨੂੰ ਆਂਹਦੀ ਹੈ ਲੱਤ ਨਾਲ ਲਾਇਕੇ, ਪ੍ਰਸ਼ਾਦ ਮੰਗ। ਅਸੀਂ ਨਹੀਂ ਦਿੰਦੇ ਹੈਂ।

"ਭੋਲੀ ਨੇ ਸੰਕਲਪ ਕੀਤਾ ਜੋ ਮੈਨੂੰ ਕਿਉਂ ਨਹੀਂ ਦਿੰਦੇ ਹੈਂ ਪ੍ਰਸ਼ਾਦ? ਮੇਰੇ ਮਾਪਿਆਂ ਨੇ ਨਾ ਤਮਾਕੂ ਵਰਤਿਆ ਹੈ, ਨਾ ਨੀਲ ਹੀ ਵਰਤਿਆ ਹੈ, ਨਾ ਕੁਸੁੰਭਾ ਵਰਤਿਆ ਹੈ। ਹੋਰ ਕੀ ਕਸੂਰ ਹੈ? ਬਚਨ ਕੀਤਾ ਗੁਰੂ ਜੀ ਤਾਂ ਤੈਨੂੰ ਪ੍ਰਸ਼ਾਦ ਦੇਂਦੇ ਹੈਂ। ਜੇਕਰ ਚੱਕੀ ਰੋਜ਼ ਪੀਹਣੀ ਮਨਜ਼ੂਰ ਕਰੇਂ। ਮਾਮੀ ਨਾ ਚੱਕੀ ਪੀਹੇ, ਤੂੰ ਪੀਹਿਆ ਕਰ। ਭੋਲੀ ਨੇ ਕਿਹਾ ਕਿ ਜੀ ਮੈਂ ਨਹੀਂ ਚੱਕੀ ਪੀਹਣ ਦਿੰਦੀ। ਸਾਰੇ ਈ ਕੰਮ ਕਰਾਂਗੀ। ਫੇਰ ਪ੍ਰਸ਼ਾਦ ਦੇ ਦੀਆ, ਛਕ ਲਿਆ ਭੋਲੀ ਨੇ। ਬੜੇ ਪ੍ਰਸੰਨ ਹੋਏ।

"ਸਤਿਗੁਰੂ ਜੀ ਮਾਮੇ ਕੋ ਬਚਨ ਕੀਤਾ ਮਾਮਾ ਤੂੰ ਬੜਾ ਖੋਟਾ ਹੈਂ। ਮਾਮੇ ਜੀ ਕਿਹਾ ਮੈਂ ਕਿਵੇਂ ਖੋਟਾ ਹਾਂ? ਬਚਨ ਕੀਤਾ ਤੂੰ ਮਾਮੀ ਰਾਮ ਕੌਰ ਨੂੰ ਮਾਰਨ ਲੱਗ ਪੈਂਦਾ ਹੈਂ। ਮਾਮੇ ਨੇ ਕਹਾ ਜੀ ਮਜੂਰਾਂ ਰਾਜਾਂ ਕੋ ਖ਼ਰਚਾ ਵਰਤਾਵਣ ਲੱਗਿਆਂ ਬੋਲ ਪੈਂਦੀ ਹੈ ਤਾਂ ਮੈਂ ਭੀ ਮਾਰਦਾ ਹਾਂ। ਅੰਦਰ ਬੋਲੇ,

ਬਾਹਰ ਨਿਕਲ ਕੇ ਨਾਂ ਬੋਲੇ। ਏਹੋ ਮੇਰੇ ਮੇਂ ਖੋਟ ਹੈ। ਸਤਿਗੁਰੂ ਜੀ ਬਚਨ ਕੀਤਾ ਲਿਆ ਤੇਰਾ ਖੋਟ ਕੱਢੀਏ। ਖੱਬੀ ਬਾਂਹ ਫੜਕੇ ਤਲੀ ਦੇ ਕੇ ਮਲੀ। ਉਤੇ ਹੱਥ ਮਾਰ ਕੇ ਧੱਫੇ ਵਾਂਗੂੰ ਨਾਮ ਲੈ ਕੇ ਬਚਨ ਕੀਤਾ, ਦੇਹ ਖ਼ਬਰਾਂ। ਮਾਮੇ ਜੀ ਬਚਨ ਕੀਤਾ ਤੂੰ ਤਾਂ ਮੈਨੂੰ ਹੌਲਿਆਂ ਫੁੱਲ ਵਾਂਗ ਕਰ ਦਿੱਤਾ ਹੈ। ਬਚਨ ਕੀਤਾ ਲਿਆ ਤੇਰਾ ਹੋਰ ਖੋਟ ਕੱਢੀਏ। ਬਾਂਹ ਫੜਕੇ ਉਹ ਹੀ ਫੇਰ ਮਲੀ। ਹੌਲਾ ਜਿਹਾ ਧੱਫਾ ਮਾਰ ਕੇ ਬਚਨ ਕੀਤਾ ਹੁਣ ਖ਼ਬਰ ਸੁਣਾਓ।ਮਾਮੇ ਜੀ ਕਹਿਆ ਮੈਨੂੰ ਤਾਂ ਅਕਾਸ਼ ਵਿਚ ਉਡਣ ਵਾਲਾ ਕਰ ਦਿੱਤਾ ਹੈ।

"ਮਾਮੇ ਨੇ ਸਮਝਿਆ ਜੋ ਏਹ ਤਾਂ ਕੋਈ ਪੂਰਨ ਪੁਰਖ ਕਲਾ ਵਾਲੇ ਹਨ। ਫੇਰ ਲਾਹ ਕੇ ਚੱਕਰੀ ਚਲਾਈ ਸਤਿਗੁਰੂ ਜੀ। ਖਜ਼ਾਨ ਸਿੰਘ ਉਠਾਇ ਲਿਆਇਆ। ਚੌਕੀ ਪਰ ਦਾਣੇ ਪਏ ਸੀ, ਪੀਸਣ ਬੈਠੇ। ਕੁਝ ਗੱਲਾ ਵਿਚ ਪਾਵਣ, ਕੁਝ ਖੂੰਜੇ ਮੈ ਸੁੱਟੇ, ਕੁਝ ਖਿੰਡਾਇ ਦੀਏ। ਭਾਂਡਾ ਖਾਲੀ ਕਰਕੇ ਰੱਖ ਦਿੱਤਾ। ਆਪ ਇਸ਼ਨਾਨ ਕਰਨ ਚੱਲੇ ਗਏ ਦਰਿਆਏ ਪਰ।

"ਇਸ਼ਨਾਨ ਕਰਕੇ ਜੇੜੀਆਂ ਲੀਰਾਂ ਲੱਤਾਂ ਬਾਹਾਂ ਨੂੰ ਬੋਧੀਆਂ ਸੀ ਖੋਹਲ ਦਿੱਤੀਆਂ। ਜੋੜਾ ਧੋਇਕੇ ਗਿੱਲਾ ਈ ਕਛਹਿਰਾ, ਪਰਨੇ ਕੀ ਪੁਚਾੜਿਕੀ ਮਾਰੀ ਹੋਈ, ਸੀਸ ਪਰ ਏਕ ਪਰਨਾ। ਨਾਮ ਕੀ ਮਸਤੀ ਮਸਤਕ ਪਰ ਦਿੱਸਦੀ ਹੈ। ਤੇਜ ਸਹਾਰਿਆ ਨਹੀਂ ਜਾਂਦਾ, ਏਕ ਮੁਸਲਮਾਨ ਨੇ ਭਜਨ ਮੰਗ ਕੇ ਲਿਆ।ਘਰ ਆਏ। ਮਾਮੀ ਜੀ ਪ੍ਰਸ਼ਾਦਾ ਬਣਾਉਂਦੇ ਹੈਂ, ਕੋਲ ਬੈਠੇ ਗਏ। ਬਚਨ ਕੀਤਾ ਮਾਮੀ ਪ੍ਰਸ਼ਾਦੇ ਤਾਂ ਸੋਹਣੇ ਬਣਾਉਂਦੀ ਹੈ ਮਾਨੋ ਖਰਾਦ ਕੇ ਲਾਹ ਕੇ ਰੱਖੇ ਹਨ।

"ਪ੍ਰਸ਼ਾਦ ਛਕ ਕੇ ਬਚਨ ਕੀਤਾ ਕਿ ਬੜੇ ਗੱਡੇ ਗਏ ਹੈ ਮਾਮੀ ਜੀ ਪੁੱਛਿਆ ਕਾਧੇ ਗੱਡੇ ਗਏ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਿਪਤਾ ਕੇ ਗੱਡੇ ਗਏ ਹੈ। ਮਾਦਪੁਰੀਆਂ (ਗੁਰੂ ਹਰੀ ਸਿੰਘ ਜੀ ਦਾ ਸਹੁਰਾ ਪਰਿਵਾਰ-ਮਾਤਾ ਸਾਹਿਬ ਕੌਰ ਦਾ ਪੇਕਾ ਪਿੰਡ ਮਾਦਪੁਰ) ਨੂੰ ਗੱਡਾ ਭੇਜਿਆ ਹੈ। ਮਾਮੀ ਜੀ ਕਹਿਆ ਮਾਦਪੁਰੀਆਂ ਦਾ ਇਕੋ ਪੁੱਤ ਹੈ ਤਿੰਨ ਧੀਆਂ ਹਨ। ਸ੍ਰੀ ਸਤਿਗੁਰੂ ਜੀ ਬਚਨ ਕੀਤਾ-ਤੈਨੂੰ ਹੋਣਗੀਆਂ ਧੀਆਂ ਭੈਣਾਂ। ਮਾਮੀ ਜੀ ਕਹਿਆ ਤੇਰੀ ਰਜ਼ਾ ਇ, ਜਿਵੇਂ ਹੈ ਤਿਵੇਂ ਕਰੋ। ਮਾਮੀ ਨੇ ਕਹਿਆ ਜੱਸਾਂ ਕੇ ਬੇਟਾ ਪੈਦਾ ਹੋਇਆ ਸੀ, ਅੱਠਾਂ ਦਿਨਾਂ ਦਾ ਹੋਇਕੇ ਚੜ੍ਹ ਗਿਆ ਹੈ। ਬਚਨ ਹੋਇਆ ਤੂੰ ਗਈ ਸੈਂ? ਮਾਮੀ ਨੇ ਕਹਾ ਮੈਂ ਗਈ ਤਾਂ ਨਹੀਂ, ਤੂੰ ਚੱਲੇਂ ਤਾਂ ਚੱਲਦੀ ਹਾਂ। ਬਚਨ ਹੋਇਆ ਰਿਉੜੀਆਂ ਪ੍ਰਸ਼ਾਦ ਲੈ ਆਓ। ਰਿਓੜੀਆਂ ਲੈ ਆਏ।

"ਢੰਢਾਰੀ ਮੇਂ ਭੈਣ ਰੂਪਾਂ ਸੀ (ਤਾਇਆ ਨੱਥਾ ਸਿੰਘ ਦੀ ਪੁੱਤਰੀ), ਤਿਸਕੋ

ਘਰ ਆਇ ਗਏ। ਭੈਣ ਨੂੰ ਭਰਾਓ ਦੇਖਕੇ ਮਾਨੋਂ ਚੰਦ੍ਰਮਾ ਚੜ੍ਹ ਪਿਆ। ਬੜੀ ਖੁਸ਼ੀ ਹੋਈ। ਜੇਹੜਾ ਦਰਸ਼ਨ ਕਰਨ ਆਉਂਦਾ ਹੈ ਉਸਨੂੰ ਰਿਉੜੀਆਂ ਪ੍ਰਸ਼ਾਦ ਦੇਈ ਗਏ। ਜਦ ਮੁਕ ਗਈਆਂ ਬਚਨ ਕੀਤਾ ਹੁਣ ਬਾਰੂਦ ਮੁਕ ਗਿਆ ਹੈ। ਰਾਤ ਗੁਜ਼ਾਰੀ ਦਿਨੇ ਤੁਰੇ।

"ਜਾਂ ਜੰਡਾਲੀ ਕੀ ਜ਼ਮੀਨ ਮੈਂ ਗਏ ਤਾਂ ਚਿੱਟੀਆਂ ਜਿਹੀਆਂ ਮਟੀਲੀਆਂ ਬਣੀਆਂ ਹੋਈਆਂ ਸੀ। ਸ੍ਰੀ ਸਤਿਗੁਰੂ ਜੀ ਢਾਹ ਦਿੱਤੀਆਂ।

"ਜਾਂ ਰਾਈਆਂ ਲੰਘੇ ਤਾਂ ਮਾਮੀ ਨੂੰ ਸਤਿਗੁਰੂ ਜੀ ਕਿਹਾ ਜੇ ਘਰ ਚੁਪ ਕੀਤੇ ਗਏ ਤਾਂ ਜੱਸਾਂ ਕਹੇਗੀ ਨਪੁੱਤੇ ਨੂੰ ਮੋਹ ਨਾ ਸੀ। ਚੁਪ ਕੀਤਾ ਘਰ ਆਇ ਵੜਿਆ ਹੈ ਬੱਚਾ ਪਿਟਿਆ। ਤਾਂ ਤੇ ਰੋਂਦੇ ਚੱਲੀਏ। ਜਾਂ ਤੂੰ ਕੂਕ ਮਾਰੇਂਗੀ ਤਾਂ ਮੈਂ ਵੀ ਨਾਲ ਹੀ ਮਾਰਾਂਗਾ। ਮਾਮੀ ਨੇ ਸੰਦਲੇ ਵਾਂਗੂ ਕੱਪੜਾ ਬੰਨ੍ਹ ਲਿਆ। ਪਹੇ ਕੇ ਬੀਚ ਤੁਰੇ ਆਉਂਦੇ ਮਾਮੀ ਨੇ ਕੂਕ ਮਾਰੀ। ਮਗਰ ਈ ਸਤਿਗੁਰੂ ਜੀ ਕੂਕ ਮਾਰੀ। ਲੋਕ ਗੋਡੀ ਕਰਦੇ ਸੇ। ਉਹਨਾਂ ਨੇ ਕਿਹਾ ਏਉ ਕੀ ਹੁੰਦਾ ਹੈ? ਮਰਦ ਬੁੱਢੀ ਦੋਵੇਂ ਈ ਰੋਂਦੇ ਹੈਂ ਦੇਖਕੇ ਏਕ ਨੇ ਕਿਹਾ ਏਹ ਬੁੱਢੀ ਤਾਂ ਲੁਧਿਆਣੇ ਵਾਲੀ ਹੈ। ਏਹ ਏਸਦਾ ਦੋਹਤਾ ਹੈ। ਜੱਸਾ ਸਿੰਘ ਲੁਹਾਰ ਦਾ ਪੁੱਤ ਰਾਮ ਸਿੰਘ ਹੈ।

"ਬਾਬਾ ਭੀ ਰਾਈਆਂ ਵਾਲੇ ਰਸਤੇ ਨੂੰ ਚੱਲਾ ਜਾਂਦਾ ਸੀ। ਦੂਰੋਂ ਈ ਕਹਿਣ ਲੱਗੇ ਬਾਬਾ ਜੱਸਾ ਸਿੰਘ ਤੇਰਾ ਪੁੱਤਰ ਆਇਆ ਹੈ। ਬਾਬਾ ਜੀ ਪੁੱਤਰ ਦੇ ਦਰਸ਼ਨ ਕਰਕੇ ਹਰੇ ਹੋਇ ਗਏ। ਜੋ ਚਿੰਤਾ ਸੀ ਸੋ ਦੂਰ ਹੋਈ। ਘਰ ਆਏ, ਬਚਨ ਬਲਾਸ ਕਰਨੇ ਲੱਗੇ। ਮਾਤਾ ਸਦਾ ਕੌਰ ਦੇਖਕੇ ਬੜੀ ਪ੍ਰਸੰਨ ਹੋਈ। ਰਾਤ ਸੁਖ ਸਾਂਤ ਨਾਲ ਕੱਟੀ। ਛੋਟੇ ਭਾਈ ਕੋ ਖੁਸ਼ੀਆਂ ਦਿੱਤੀਆਂ, ਬਚਨ ਬਿਲਾਸ ਸਭ ਕੀਤੇ।

"ਅਗਲਾ ਦਿਨ ਹੋਇਆ ਤਾਂ ਦੋ ਭਰਾਈ ਆਇ ਗਏ ਮੰਗਦੇ ਮੰਗਦੇ। ਜੈਸਾ ਜੀ ਜਲ ਭਰਨੇ ਗਈ ਸੀ। ਭਰਾਈਆਂ ਨੂੰ ਬਚਨ ਕੀਤਾ ਲਿਆਓ ਤੁਹਾਡੇ ਖਲੜੇ ਭਰ ਦੇਈਏ। ਮੱਕੀ ਸੁਕਦੀ ਸੀ ਪਈ। ਫੜਕੇ ਪਲਿਆਂ ਥੀ ਉਨ੍ਹਾਂ ਦੇ ਖਲੜਿਆਂ ਮੈਂ ਪਾਇ ਦਿੱਤੀ। ਬਚਨ ਕੀਤਾ ਸ਼ਤਾਬੀ ਸੇ ਨਿਕਲ ਜਾਓ ਪਿੰਡੋਂ ਬਾਹਰ। ਜੋ ਦਾਣਿਆਂ ਦਾ ਮਾਲਕ ਹੈ ਆਇਕੇ ਤੁਹਾਥੋਂ ਖੋਹ ਲਵੇਗਾ। ਭਰਾਈ ਨੱਸ ਗਏ। ਜੱਸਾਂ ਜੀ ਘਰ ਮੇਂ ਆਈ ਜਲ ਲੈ ਕੇ। ਮਾਮੀ ਜੀ ਨੂੰ ਆਵਾਜ਼ਾ ਕੀਤਾ ਕੇ ਮੱਕੀ ਉਤੋਂ ਲਾਹ ਲਿਆਵੋ। ਮਾਮੀ ਜੀ ਕਿਹਾ ਤੂੰ ਉੱਤੇ ਆਓ। ਜਾਂ ਉੱਤੇ ਆਈ ਜੱਸਾਂ ਤਾਂ ਮਾਮੀ ਜੀ ਹੌਲੀ ਜੇਹੀ ਕਹਿਆ ਕਿ ਦਾਣੇ ਤਾਂ ਸਾਰੇ ਈ ਭਰਾਈਆਂ ਕੋ ਦੇ ਦਿੱਤੇ ਹਨ। ਸੁਣ ਕੇ ਜੱਸਾਂ ਚੁੱਪ ਕਰ ਰਹੀ ਕਿ .....।[3]

ਸਤਿਗੁਰੂ ਜੀ ਤੋਂ ਬੁੱਢੇ ਦਰਿਆ ਤੇ ਇਸ਼ਨਾਨ ਸਮੇਂ ਜਿਸ ਮੁਸਲਮਾਨ ਫ਼ਕੀਰ ਨੇ ਦੇਸ਼ ਭਗਤੀ ਅਤੇ ਖ਼ੁਦਾ ਪ੍ਰਸਤੀ ਦੀ ਖੈਰ ਮੰਗੀ ਸੀ, ਉਹ ਲੁਧਿਆਣੇ ਦੇ ਉਘੇ ਦੇਸ਼ ਭਗਤ ਮੌਲਵੀ ਹਬੀਬੁਲ ਰਹਿਮਾਨ ਕੌਮੀ ਆਗੂ ਦੇ ਦਾਦਾ ਜੀ ਸਨ।[4]

ਸੰਨ 1846 ਈ. ਦਾ ਸਾਰਾ ਵਰ੍ਹਾ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਮਸਤਾਨੀ ਬਿਰਤੀ ਵਿਚ ਭਜਨ ਬਾਣੀ ਕਰਦਿਆਂ ਅਤੇ ਪੰਜਾਬ ਦੇ ਭਵਿੱਖ ਪ੍ਰਤੀ ਚਿੰਤਨ ਮਨਨ ਵਿਚ ਹੀ ਬਿਤਾਇਆ। ਇਸੇ ਸਾਲ 11 ਮਾਰਚ 1846 ਈ. ਨੂੰ ਕੰਪਨੀ ਸਰਕਾਰ ਦੇ ਅਧਿਕਾਰੀਆਂ ਨੇ ਇਕ ਸੰਧੀ ਦੁਆਰਾ ਆਪਣੀ ਸੈਨਾਵਾਂ ਸਹਿਤ ਲਾਹੌਰ ਵਿਚ ਪ੍ਰਵੇਸ਼ ਕੀਤਾ ਸੀ। ਸਭਰਾਵਾਂ ਦੀ ਜੰਗ ਵਿਚ ਸ੍ਰ. ਸ਼ਾਮ ਸਿੰਘ ਅਟਾਰੀ ਵਾਲੇ ਦੀ ਸ਼ਹੀਦੀ ਨਾਲ ਹੀ, 10 ਫਰਵਰੀ 1846 ਈ. ਨੂੰ ਸਿੱਖ ਰਾਜ ਦੀਆਂ ਸ਼ਾਮਾਂ ਉੱਤਰ ਆਈਆਂ ਸਨ। ਅਖੀਰ 1849 ਈ. ਦੀ 29 ਮਾਰਚ ਨੂੰ ਪੰਜਾਬ ਮੁਕੰਮਲ ਤੌਰ 'ਤੇ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ। ਬਹੁਤ ਸਾਰੇ ਆਪ ਜੀ ਦੇ ਸੈਨਿਕ ਜੀਵਨ ਦੇ ਸਮਕਾਲੀਆਂ ਨੂੰ ਉਹ ਬਚਨ ਯਾਦ ਆ ਗਏ ਜੋ ਆਪ ਸਿੱਖ ਰਾਜ ਦੀ ਅਧੋਗਤੀ ਵਾਲੇ ਹਾਲਾਤ ਵੇਖ ਕੇ, ਲਾਹੌਰ ਨਿਵਾਸ ਸਮੇਂ ਫ਼ਰਮਾਇਆ ਕਰਦੇ ਸਨ, ਹੁਣ ਇਥੇ ਛੇਤੀ ਹੀ ਅੰਗਰੇਜ਼ੀ ਵਾਜੇ ਵੱਜਣਗੇ।ਮਾਰਚ 1846 ਈ. ਵਿਚ ਵੀ ਲਾਹੌਰ ਵਿਖੇ ਅੰਗਰੇਜ਼ੀ ਫੌਜ ਨੇ ਆਪਣੇ ਬੈਂਡ ਵਾਜਿਆਂ ਨਾਲ ਹੀ ਪ੍ਰਵੇਸ਼ ਕੀਤਾ ਸੀ। ਸੰਨ 1847 ਈ. ਤੋਂ 1851 ਈ. ਤੱਕ ਕੋਈ ਚਾਰ ਪੰਜ ਸਾਲ ਸਤਿਗੁਰੂ ਜੀ ਨੇ ਜ਼ਮੀਨ ਹਿੱਸੇ ਬਟਾਈ ਤੇ ਲੈ ਕੇ ਨਾਲ ਕਿਸੇ ਨੂੰ ਹਿੱਸੇਦਾਰ ਰਲਾ ਕੇ, ਕੁਝ ਚਿਰ ਰਾਈਆਂ ਅਤੇ ਫਿਰ ਭੈਣੀ ਸਾਹਿਬ ਵਿਖੇ ਸਾਂਝੀ ਖੇਤੀ ਕੀਤੀ।

ਸੰਨ 1851 ਈ. ਵਿਚ ਹੀ ਦੋਹਾਂ ਪੁੱਤਰੀਆਂ ਬੀਬੀ ਨੰਦਾਂ ਅਤੇ ਬੀਬੀ ਦੈਆ ਕੌਰ ਦੀਆਂ ਬਾਲ-ਉਮਰੇ, ਵੇਲੇ ਦੇ ਰਿਵਾਜ ਅਨੁਸਾਰ ਸ਼ਾਦੀਆਂ ਕਰ ਦਿੱਤੀਆਂ ਸਨ। ਉਦੋਂ ਜਿਹੇ ਹੀ ਆਪ ਦੇ ਮਾਮੇ ਦੇ ਪੁੱਤਰ ਖਜ਼ਾਨ ਸਿੰਘ ਨੇ ਜੋ ਫੀਰੋਜ਼ਪੁਰ ਉਸਾਰੀ ਦੇ ਕੰਮਾਂ ਦਾ ਠੇਕੇਦਾਰ ਸੀ, ਆਪ ਜੀ ਨੂੰ ਵੀ ਹੋਰ ਰਿਸ਼ਤੇਦਾਰਾਂ ਸਮੇਤ, ਫੀਰੋਜ਼ਪੁਰ ਬੁਲਾ ਲਿਆ। ਇੱਥੇ ਆਪ ਕੋਈ ਚਾਰ ਸਾਲ ਆਪਣੇ ਨਾਨਕੇ ਪਰਿਵਾਰ ਨਾਲ ਮਿਲਕੇ ਵਿਹਾਰ ਕਾਰ ਵੀ ਕਰਦੇ ਰਹੇ ਅਤੇ ਆਪਣੇ ਆਗਾਮੀ ਮਿਸ਼ਨ ਬਾਰੇ ਵੀ ਜਾਣਕਾਰੀਆਂ, ਵੱਡੀ ਫੌਜੀ ਛਾਉਣੀ ਹੋਣ ਕਾਰਨ, ਫੀਰੋਜ਼ਪੁਰ ਵਿਖੇ ਰਹਿ ਕੇ ਇਕੱਤਰ ਕਰਦੇ ਰਹੇ।ਆਪਣੇ ਪੁਰਾਣੇ ਹਮਜੋਲੀਆਂ ਅਤੇ ਨਵੇਂ ਸਤਸੰਗੀਆਂ ਨਾਲ ਵੀ ਸੰਪਰਕ ਸਾਧਦੇ ਰਹਿੰਦੇ। ਫੀਰੋਜ਼ਪੁਰ ਨਿਵਾਸ ਦੇ ਸਮੇਂ ਨੂੰ ਵੀ ਭਾਈ ਬਾਹੋਵਾਲ ਦੀ ਲਿਖਤ ਵਿਚ ਸੰਭਾਲਿਆ ਗਿਆ ਹੈ।

“ਫਰੰਗੀਆਂ ਨੇ ਛੌਣੀ ਪਾਉਣੀ ਸ਼ੁਰੂ ਕੀਤੀ ਫੀਰੋਜ਼ਪੁਰ ਮੇਂ, ਨਾਲੇ ਸੜਕਾਂ ਬਣਨ, ਲੱਗੀਆਂ। ਮਾਮੇ ਹਰੀ ਸਿੰਘ ਦਾ ਪੁੱਤ ਖਜ਼ਾਨ ਸਿੰਘ ਉੱਥੇ ਮਿਸਤ੍ਰੀ ਸੀ। ਉਸਨੇ ਆਪਣੇ ਸਾਕ ਸੈਨ ਸੱਦ ਮੰਗਵਾਏ। ਸ੍ਰੀ ਸਤਿਗੁਰੂ ਜੀ ਭੀ ਜਾਇ ਰਹੇ ਫਿਰੋਜ਼ਪੁਰ ਮੈਂ ਸੱਦੇ ਹੋਏ ਖਜ਼ਾਨ ਸਿੰਘ ਦੇ। ਸਾਰਾ ਪ੍ਰਵਾਰ ਆਪਣਾ ਈ ਆਇ ਇਕੱਠਾ ਹੋਇਆ।ਸਭਨਾ ਕਾ ਏਕ ਜਗ੍ਹਾ ਪ੍ਰਸ਼ਾਦ ਹੁੰਦਾ ਸੀ।

“ਸ੍ਰੀ ਗ੍ਰੰਥ ਸਾਹਿਬ ਪ੍ਰਗਾਸ ਕੇ ਸਿੰਘ ਪਾਠ ਭੀ ਕਰਦੇ ਰਹਿੰਦੇ ਹੈ ਜੇੜ੍ਹੇ ਪੜ੍ਹੇ ਹੋਏ ਹੈਂ। ਥੋੜਾ ਥੋੜਾ ਪਾਠ ਰੋਜ਼ ਕਰਨਾ। ਜਾਂ ਪਾਠ ਪੂਰਾ ਹੋਇ ਜਾਏ ਤਾਂ ਭੋਗ ਪਾਇ ਦੇਣਾ ਕੜਾਹ ਪ੍ਰਸ਼ਾਦ ਕਰਕੇ। ਅਰਦਾਸ ਕਰਕੇ ਵਰਤਾਵਣਾ। ਆਏ ਗਏ ਸਿੰਘ ਕੋ ਭੀ ਪ੍ਰਸ਼ਾਦ ਛਕਾਵਣਾ। ਦੀਵਾਨ ਲਾਵਣਾ ਦੋਨੋਂ ਵਕਤ ਦਾ। ਆਸਾ ਦੀ ਵਾਰ ਲਾਵਣੀ, ਸਭ ਨੇ ਸੁਣਨੀ। ਰਾਤ ਕੋ ਸ਼ਬਦ ਭੀ ਪੜ੍ਹਨੇ ਢੋਲਕੀ ਨਾਲ।ਇਸ਼ਨਾਨ ਅੰਮ੍ਰਿਤ ਵੇਲੇ ਕਰਨਾ ਸ੍ਰੀ ਸਤਿਗੁਰੂ ਜੀ, ਹੋਰ ਭੀ ਕਰਨਾ ਸਿੰਘਾਂ ਨੇ। ਸ਼ਾਮ ਵੇਲੇ ਰਹਿਰਾਸ ਪੜ੍ਹਨੀ। ਆਰਤੀ ਸੋਹਿਲਾ ਪੜ੍ਹਕੇ ਅਰਦਾਸ ਕਰਕੇ ਬਰਾਜ਼ ਜਾਣਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕੰਤ ਬਰਾਜਦੇ ਹੈਂ। ਬਚਨ ਕਰਨਾ ਮਾਮਾ ਜੀ ਤੁਸੀਂ ਗੱਲਾਂ ਬਹੁਤੀਆਂ ਕਰਦੇ ਹੋ ਤੇ ਨਾਮ ਨਹੀਂ ਜਪਦੇ ਹੋ। ਇਸ ਵਾਸਤੇ ਅਸੀਂ ਇਕੰਤ ਬਰਾਜਦੇ ਹਾਂ।

“ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਵਾ ਪਹਿਰ ਰਾਤ ਰਹਿੰਦੀ ਨਾਲ ਉਠਕੇ ਇਸ਼ਨਾਨ ਕਰਕੇ ਸਮਾਧੀ ਲਾਇਕੇ ਪਦਮ ਆਸਣ ਬੈਠਣਾ। ਰਸਨਾ ਕਾ ਭਜਨ ਕਰਨਾ। ਸ੍ਰੀ ਸਤਿਗੁਰੂ ਜੀ ਕਾ ਧਿਆਨ ਭਜਨ ਮੈਂ ਹੀ ਰਹਿੰਦਾ ਸੀ। ਜੋ ਸਾਕ ਸੈਨ ਥੇ, ਜੋ ਹੋਰ ਸਿੱਖ ਨਾਲ ਸੀ, ਸਭ ਕਾ ਏਹ ਭਰੋਸਾ ਹੋਇਆ ਜੋ ਏਹ ਬੜੇ ਬਲੀ ਹੈ, ਬੜੀ ਬੰਦਗੀ ਕਰਦੇ ਹੈ। ਮਾਮਾ ਜੀ ਕਹਿੰਦੇ ਹੈਂ ਸਾਡੀ ਕੁਲ ਵਿਚ ਸੰਤ ਅਵਤਾਰ ਧਾਰਿਆ ਹੈ। ਕੁਲ ਪਵਿਤ੍ਰ ਕਰ ਦਿੱਤੀ ਹੈ। ਸਰਬ ਲੋਕ ਉਪਮਾ ਕਰਦੇ ਹਨ ਸਤਿਗੁਰੂ ਜੀ ਕੇ ਪ੍ਰਤਾਪ ਕੀ ਕਹਿੰਦੇ ਹੈਂ ਪ੍ਰਮੇਸਰ ਜੀ ਨੇ ਕਲਾ ਧਾਰੀ ਹੈ। ਬੜੀ ਸ਼ਕਤੀ ਵਾਲੇ ਹੈ ਜਿਨ੍ਹਾਂ ਨੂੰ ਨੈਣੀਂ ਦੇਖਕੇ ਦਿਲ ਨੂੰ ਚੈਨ ਆਉਂਦੀ ਹੈ। ਬੰਦਗੀ ਵਾਲੇ ਸੁਣਕੇ ਦਰਸ਼ਨ ਕੋ ਆਉਂਦੇ ਹੈਂ। ਦਰਸ਼ਨ ਕਰਕੇ ਸ੍ਰੀ ਸਤਿਗੁਰੂ ਜੀ ਕਾ ਸਭ ਮੋਹੇ ਜਾਂਦੇ ਹੈਂ। ਮੋਹਨੀ ਮੂਰਤ ਕੇ ਦਰਸ਼ਨ ਕਰਕੇ, ਦਿਲ ਦੀਆਂ ਦਲੀਲਾਂ ਸਭ ਦੂਰ ਹੋਇ ਜਾਂਦੀਆਂ ਹਨ। ਨਾਮ ਪ੍ਰਮੇਸ਼ਰ ਜੀ ਕਾ ਚਿਤ ਆਉਂਦਾ ਹੈ।

ਕਈਆਂ ਸਿੰਘਾਂ ਨੇ ਭਜਨ ਲੈ ਲਿਆ।ਨਿਹਾਲ ਸਿੰਘ ਪਿੰਡ ਮਹਿਤਪੁਰ ਜ਼ਿਲਾ ਜਲੰਧਰ, ਦਰਿਆਇ ਕੇ ਕਿਨਾਰੇ ਪਰ ਬੈਠਾ ਭਜਨ ਕਰਦਾ ਸੀ।

ਜਲ ਕੇ ਬੀਚ ਅਗਨੀ ਆਵੇ ਤੇ ਫੇਰ ਮੁੜ ਜਾਵੇ। ਕਈ ਵੇਰੀ ਅਗਨੀ ਆਈ ਅਰ ਗਈ। ਦਿਲ ਵਿਚ ਡਰ ਭੀ ਕੀਤਾ ਕਿ ਇਹ ਕੀ ਕੁਦਰਤ ਹੈ ਕਿਉਂਕਿ ਜਲ ਤੇ ਅਗਨੀ ਕਾ ਕੋਈ ਮੇਲਾ ਨਹੀਂ ਹੈ। ਇਹ ਤਾਂ ਕੋਈ ਪ੍ਰਮੇਸ਼ਰ ਕੀ ਸ਼ਕਤੀ ਹੈ। ਜਾਂ ਆਇਆ ਤਾਂ ਅੱਗੇ ਸ੍ਰੀ ਸਤਿਗੁਰੂ ਜੀ ਮਿਲੇ। ਬਚਨ ਕੀਤਾ ਡਰਿਆ ਤਾਂ ਨਹੀਂ? ਕਹਿਣ ਲੱਗਾ ਜੀ ਮੈਂ ਤੇ ਭੈ ਕੀਤਾ ਕਿ ਜਲ ਵਿਚੋਂ ਜੋ ਉਪਾਧ ਉੱਠੀ ਹੈ ਖ਼ਵਰੇ ਕੀ ਹੈ? ਨਿਹਾਲ ਸਿੰਘ ਨੇ ਅਰਜ਼ ਕੀਤੀ ਜੀ ਮੈਂ ਸਭਨਾਂ ਥੀਂ ਗਰੀਬ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਭਨਾਂ ਥੀਂ ਵੱਡਾ ਧਨੀ ਹੋ ਜਾਏਂਗਾ ਪਰ ਭੂਰੀਆਂ ਵਾਲਿਆਂ (ਗੁਰੂ ਕੇ ਮਰਿਆਦਾ ਵਿਚ ਰਹਿਣ ਵਾਲੇ ਸਿੱਖਾਂ) ਨਾਲ ਨਾ ਵਿਗਾੜੀਂ। ਕਾਰੀਗਰ ਸਿੰਘ ਥਾ ਫੇਰ ਮਿਸਤ੍ਰੀ ਹੋਇ ਗਿਆ। ਠੇਕੇ ਲੈ ਲੈ ਕੇ ਕਾਰ ਕਰਾਉਂਦਾ ਰਹਿਆ। ਉਸੀ ਵਿਚੋਂ ਵੱਧਦਾ ਵੱਧਦਾ ਲੱਖਾਂ ਰੁਪਈਏ ਕਾ ਹੋਇ ਗਿਆ।

"ਜੇਹੜੇ ਅਗਲੇ ਭਜਨੀ ਸਿੰਘ ਸੇ ਨੌਕਰੀ ਦੇ ਵੇਲੇ ਦੇ ਸੇ ਭੀ ਫਿਰੋਜ਼ਪੁਰ ਆਇਕੇ ਦਰਸ਼ਨ ਕਰਦੇ ਹੈ। ਦਰਸ਼ਨ ਕਰਕੇ ਸਭ ਕਹਿੰਦੇ ਹੈਂ ਪਰਮੇਸ਼ਰ ਜੀ ਕਲਾ ਧਾਰੀ ਹੈ। ਜੋ ਖਜ਼ਾਨ ਸਿੰਘ ਸੀ ਸੋ ਚੜ੍ਹਾਈ ਕਰ ਗਿਆ। ਸ੍ਰੀ ਸਤਿਗੁਰੂ ਜੀ ਮੁੜ ਆਏ ਰਾਮਦਾਸਪੁਰੇ ਮੈਂ। ਘਰ ਪ੍ਰਵਾਰ ਨੇ ਦਰਸ਼ਨ ਕੀਤਾ, ਬੜੇ ਪ੍ਰਸੰਨ ਹੋਏ। ਹਾੜ ਕੇ ਮਹੀਨੇ ਆਏ ਸ੍ਰੀ ਸਤਿਗੁਰੂ ਜੀ।"[5]

ਭਾਈ ਨਾਹਰ ਸਿੰਘ ਐਮ.ਏ. ਕਰਤਾ 'ਨਾਮਧਾਰੀ ਇਤਿਹਾਸ' ਨੂੰ ਗੁਰਪੁਰਵਾਸੀ ਭਾਈ ਸਾਹਿਬ ਭਾਈ ਤਖਤ ਸਿੰਘ ਜੀ ਸਿੱਖ ਕੰਨਿਆ ਮਹਾਂ ਵਿਦਿਆਲਯ ਫੀਰੋਜ਼ਪੁਰ ਵਾਲਿਆਂ ਨੇ ਦੱਸਿਆ ਸੀ ਕਿ ਫਿਰੋਜ਼ਪੁਰ ਰਹਿਣ ਸਮੇਂ ਭਜਨ ਬੰਦਗੀ ਕਰਨ ਸੰਬੰਧੀ ਗੁਰੂ ਰਾਮ ਸਿੰਘ ਜੀ ਦੇ ਮੁਤਅੱਲਕ ਏਥੇ ਬਹੁਤ ਸਾਰੀਆਂ ਗੱਲਾਂ ਮਸ਼ਹੂਰ ਹਨ। ਇਕ ਇਉਂ ਹੈ।" ਆਪ ਅੱਧੀ ਰਾਤ ਟੁੱਟਦੀ ਸਾਰ ਆਪਣੇ ਡੇਰੇ ਕਿਲੇ ਦੇ ਪਾਸੋਂ ਦਰਿਆ ਤੇ ਜਾ ਕੇ ਇਸ਼ਨਾਨ ਕਰਦੇ ਅਤੇ ਭਜਨ ਬੰਦਗੀ ਕਰਨ ਲੱਗ ਜਾਂਦੇ। ਦੇਖਣ ਵਾਲੇ ਦੱਸਿਆ ਕਰਦੇ ਸਨ ਕਿ ਬੰਦਗੀ ਕਰਨ ਸਮੇਂ ਬੈਠਿਆਂ ਆਪ ਜੀ ਦੇ ਸੀਸ ਦੇ ਇਰਦ ਗਿਰਦ ਅੱਗ ਜਾਂ ਚਾਨਣ ਦੇ ਚੱਕਰ ਘੁੰਮਦੇ ਦਿਖਾਈ ਦਿੱਤਾ ਕਰਦੇ ਸਨ।

"ਆਪ ਜੀ ਦੇ ਮਾਮੇ ਹਰੀ ਸਿੰਘ ਦਾ ਆਪ ਜੀ ਨਾਲ ਬਹੁਤ ਪ੍ਰੇਮ ਸੀ। ਮਾਮੇ ਦਾ ਪੁੱਤਰ ਖਜ਼ਾਨ ਸਿੰਘ ਅਤੇ ਆਪ ਤਾਂ ਬਿਲਕੁਲ ਹੀ ਇੱਕ ਮੁੱਕ ਸਨ। ਹਰੀ ਸਿੰਘ ਹੋਰਾਂ ਨੇ ਆਪ ਨੂੰ ਬਣ ਰਹੀਆਂ ਇਮਾਰਤਾਂ ਦੀ ਨਿਗਰਾਨੀ ਦੇ ਕੰਮ ਤੇ ਲਾਇਆ ਹੋਇਆ ਸੀ। ਡਗਰੂ (ਜ਼ਿਲ੍ਹਾ ਮੋਗਾ) ਦਾ ਬੰਗਲਾ ਅਤੇ ਮੁਕਤਸਰ ਦੀ ਸਰਾਂ ਆਪ ਜੀ ਦੀ ਨਿਗਰਾਨੀ ਹੇਠ ਹੀ

ਤਿਆਰ ਹੋਏ। ਆਪ ਜੀ ਨੇ ਮੁਕਤਸਰ ਰਹਿਣ ਸਮੇਂ ਇਤਿਹਾਸਕ ਗੁਰਦਵਾਰਿਆਂ ਦੀਆਂ ਮੁਰੰਮਤਾਂ ਆਪਣੇ ਖਰਚ ਤੇ ਕਰਵਾਈਆਂ/ਫਿਰੋਜ਼ਪੁਰ ਦੇ ਕਿਲ੍ਹੇ ਦਾ ਕੰਮ ਸੰਨ 1855 ਵਿਚ ਖ਼ਤਮ ਹੋ ਗਿਆ। ਫੀਰੋਜ਼ਪੁਰ ਤੋਂ ਘਰ ਵਾਪਿਸ ਆ ਗਏ।"[6]

ਜਿਸ ਤਰ੍ਹਾਂ ਕਹਿੰਦੇ ਹਨ ਕਿ ਪੈਂਦੀ ਤੇ ਪੈਂਦੀ ਆਈ।ਆਪ ਜੀ ਦਾ ਮਾਮਾ ਹਰੀ ਸਿੰਘ ਇਕਲੌਤੇ ਪੁੱਤਰ ਖਜ਼ਾਨ ਸਿੰਘ ਦੇ ਫੁੱਲ ਗੰਗਾ-ਹਰਿਦੁਆਰ ਪਾਉਣ ਗਿਆ ਸੀ। ਉਸ ਦਾ ਵੀ ਅੰਤ ਸਮਾਂ ਹਰਿਦੁਆਰ ਦੇ ਰਾਹ ਵਿਚ ਹੀ ਆ ਗਿਆ। ਇਸ ਤੇ ਸ੍ਰੀ ਸਤਿਗੁਰੂ ਜੀ ਮਾਮੀ ਰਾਮੀ ਨਾਲ ਅਫਸੋਸ ਕਰਨ ਲੁਧਿਆਣੇ ਗਏ। ਮਾਮੀ ਬਹੁਤ ਸਿਆਣੀ ਔਰਤ ਸੀ। ਉਸਨੇ ਸੋਚਿਆ ਕਿ ਖਾਂਦਿਆਂ ਤਾਂ ਖੂਹ ਵੀ ਖਾਲੀ ਹੋ ਜਾਂਦੇ ਹਨ। ਉਸ ਨੇ ਸਤਿਗੁਰੂ ਜੀ ਨੂੰ ਕਿਹਾ, ਕਿ ਤੁਹਾਡਾ ਮਾਮਾ ਕਾਫੀ ਧਨ ਛੱਡ ਗਿਆ ਹੈ। ਇਸ ਲਈ ਅਨਾਜ ਦਾ ਬਪਾਰ ਅਤੇ ਹੋਰ ਕਾਰ ਵਿਹਾਰ ਕਰ ਲਵੋ- "ਤਾਂ ਮਾਮੀ ਜੀ ਸ੍ਰੀ ਸਤਿਗੁਰੂ ਜੀ ਨੂੰ ਕਹਿਆ ਧਨ ਮੈਥੋਂ ਲੈ ਜਾਓ, ਜੋ ਨਫ਼ਾ ਆਵੇ ਸੋ ਅੱਧੋ ਅੱਧ ਰਹਿਆ। ਦਾਣੇ ਖਰੀਦਣ ਕੋ ਸ੍ਰੀ ਸਤਿਗੁਰੂ ਜੀ ਰਣ ਸਿੰਘ ਕੋ ਭੇਜਿਆ।ਏਕ ਰੁਪਏ ਕਾ ਪਾਂਚ ਛੇ ਮਣ ਬੇਰੜਾ (ਕਣਕ ਅਤੇ ਛੋਲੇ ਮਿਲੇ ਹੋਏ) ਸੀ। ਸਾਢੇ ਚਾਰ ਮਣ ਕਣਕ ਸੀ। ਅੱਠ ਸੇਰ ਘਿਉ ਥਾ।" ਲੋਹਾ ਕੱਪੜਾ, ਪ੍ਰਚੂਨ, ਅਨਾਜ, ਮਿੱਠੇ ਆਦਿ ਦਾ ਬਪਾਰ ਚੰਗਾ ਚੱਲ ਪਿਆ।ਆਲੇ ਦੁਆਲੇ ਦੇ ਪਿੰਡਾਂ ਦੇ ਸੌਦਾ ਲੈਣ ਵਾਲਿਆਂ ਦੀ ਭੀੜ ਲੱਗੀ ਰਹਿੰਦੀ। ਆਪ ਜੀ ਦਾ ਸਮਾਂ ਭਜਨ ਬੰਦਗੀ, ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਪਾਤਸ਼ਾਹ ਦੇ ਗ੍ਰੰਥ ਦੇ ਪਾਠਾਂ ਵਿਚ ਲੰਘਦਾ।"[7]

ਸਤਿਗੁਰੂ ਜੀ ਦੀ ਇਹ ਦੁਕਾਨ ਆਪ ਜੀ ਦੇ ਪ੍ਰਦੇਸ ਗਮਨ ਸਾਕੇ ਤੱਕ ਸਗੋਂ ਬਾਅਦ ਵੀ ਕਾਫੀ ਚੰਗੀ ਚੱਲਦੀ ਰਹੀ। ਇਸਦੇ ਮੁਨਾਫੇ ਨਾਲ ਆਪ ਆਪਣਾ ਅਤੇ ਮਾਮੀ ਦੇ ਪਰਿਵਾਰ ਦਾ ਨਿਰਬਾਹ ਚਲਾਉਂਦੇ ਰਹੇ। ਸੰਗਤ ਵੱਲੋਂ ਭੇਟਾ ਵਿਚ ਆਈ ਸਾਰੀ ਮਾਇਆ ਆਪ ਸਦਾ ਵਰਤ" ਲੰਗਰ ਵਿਚ ਪਾ ਦਿੰਦੇ ਜੋ ਲੰਗਰ ਤਕਰੀਬਨ ਪਿਛਲੇ 160 ਸਾਲਾਂ ਤੋਂ ਸ੍ਰੀ ਭੈਣੀ ਸਾਹਿਬ ਵਿਖੇ, ਲਗਾਤਾਰ ਇਕ ਰਸ ਚੱਲ ਰਿਹਾ ਹੈ।

12 ਅਪਰੈਲ 1857 ਈ. ਨੂੰ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਦੇ ਸਮੇਂ ਤੋਂ ਛੇਤੀ ਬਾਅਦ ਹੀ ਮਾਮੀ ਰਾਮੀ ਅਤੇ ਮਾਮੀ ਦੀ ਨੂੰਹ ਬੀਬੀ ਭੋਲੀ ਵੀ ਨਾਮ ਦੀ ਦਾਤ ਲੈ ਕੇ ਨਾਮਧਾਰੀ ਪੰਥ ਵਿਚ ਸ਼ਾਮਲ ਹੋ ਗਈਆਂ ਸਨ। ਇਸੇ ਦੌਰਾਨ ਦੁਕਾਨ ਦਾ ਕੰਮ ਵੀ ਚੰਗਾ ਚੱਲਿਆ।

"ਚੌਦੇ ਮੇਂ (1914 ਬਿਕ੍ਰਮੀ ਭਾਵ 1857 ਈ.) ਦਾਣੇ ਖਰੀਦੇ, ਸੋਲ੍ਹੇ ਮੇਂ

(1859 ਈ.) ਅੰਨ ਘਟਿਆ। ਸਤ੍ਹਾਰੇ (1860 ਈ.) ਮੇਂ ਕਾਲ ਪਿਆ। ਸਤ੍ਹਾਰੇ ਮੇਂ ਪਹਿਲੇ ਦੋ ਮਣ (ਰੁਪਏ ਕਾ) ਦਾਣਾ ਵਿਕਿਆ। ਫੇਰ ਤੀਸ ਸੇਰ ਤੱਕ ਵਿਕਿਆ। ਖੱਤਾ ਪੁੱਟ ਕੇ ਵਿਚ ਦਾਣੇ ਰੱਖੇ ਹੋਏ ਸੇ। ਦੋ ਸੇਰ ਭਾਉ ਤੇ ਵੱਧ ਦੇਣਾ। ਨਾਲੇ ਆਏ ਗਏ ਸਿੱਖ ਕੋ ਪ੍ਰਸ਼ਾਦ ਛਕਾਵਣਾ। ਗ਼ਰੀਬ ਲੋਕਾਂ ਬਹੁਤ ਆਵਣਾ। ਸ਼ਹਿਰ ਥੀਂ ਬਗੈਰ ਦਾਣਾ ਕਿਤੇ ਹੱਥ ਨਹੀਂ ਔਂਦਾ ਹੈ। ਗ਼ਰੀਬ ਲੋਕ ਆ ਕੇ ਪ੍ਰਸ਼ਾਦਾ ਛੱਕਦੇ ਤੇ ਅਸੀਸਾਂ ਦਿੰਦੇ ਜਾਂਦੇ ਹੈਂ। ਕਹਿੰਦੇ ਹੈਂ ਏਹੋ ਜਹੀ ਗੱਲ ਕੌਣ ਕਰ ਸਕਦਾ ਹੈ ਜੋ ਭਾਉ ਥੀਂ ਦੋ ਸੇਰ ਜ਼ਿਆਦਾ ਦਿੰਦੇ ਹੈ ਨਾਲੇ ਪ੍ਰਸ਼ਾਦ ਭੀ ਛਕਾਉਂਦੇ ਹੈਂ। ਨਾਲੇ ਏਨ੍ਹਾਂ ਦੇ ਕੋਲ ਸਿੰਘ ਬੜੇ ਆਉਂਦੇ ਜਾਂਦੇ ਹੈਂ। ਬੜਾ ਖ਼ਰਚ ਹੈ। ਦਾਣਿਆਂ ਤੇ ਗੁਰੂ ਜੀ ਨੂੰ ਬਹੁਤ ਨਫ਼ਾ ਹੋਇਆ। ਹੱਟੀ ਸੱਚ ਦੀ ਚੱਲਣ ਲੱਗੀ ਹੈ। ਨਾਮ ਕੀ ਖ਼ਰੀਦ ਵਾਲੇ ਵਣਜਾਰੇ ਸਿੱਖ ਆਵਣ ਲੱਗੇ ਹੈਂ।[8]

ਅਪ੍ਰੈਲ 1861 ਵਿਚ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਤੋਂ ਹਰਿਦੁਆਰ ਦੀ ਅਰਧ ਕੁੰਭੀ ਲਈ ਚੱਲੇ ਸਨ। ਆਪ ਦਾ ਮਨੋਰਥ ਆਪਣੀ ਸੰਗਤ ਦੇ ਮਨਾਂ ਵਿਚੋਂ ਪੁਰਾਣੇ ਧਰਮ ਸਥਾਨਾਂ ਨਾਲ ਜੁੜੀਆਂ ਮਨਾਉਤਾਂ ਬਾਰੇ ਵਹਿਮ ਭਰਮ ਕੱਢਣਾ ਸੀ।ਜਾਂਦਿਆਂ ਆਪ ਪਿਹੋਵੇ-ਕੁਰਖੇਤਰ ਵਿਚੋਂ ਵੀ ਲੰਘੇ। ਪਿਹੋਵੇ ਪਿੰਡ ਭਰਾਉਣ ਦਾ ਰਿਵਾਜ ਸੀ। ਪਰ ਸਤਿਗੁਰੂ ਜੀ ਨੇ ਆਪਣੇ ਢੰਗ ਨਾਲ ਪਿੰਨ ਭਰਾਏ ਅਤੇ ਇਸ ਸਮੇਂ ਆਪਣੇ ਨਾਨਕੇ ਪਰਿਵਾਰ ਨੂੰ ਵੀ ਯਾਦ ਰੱਖਿਆ। "ਬਿਗਸ ਕੇ ਬਚਨ ਕੀਤਾ ਲਿਆਓ ਤੁਹਾਡੇ ਵੱਡੇ ਵਡੇਰਿਆਂ ਦੀ ਮੁਕਤੀ ਕਰੀਏ। ਪਿੰਨ ਭਰਾਵੋ।ਰੇਤ ਕੇ ਗੋਲੇ ਵੱਟ ਵੱਟ ਕੇ ਫੜਾਓ। ਸਿੰਘ ਵੱਟ ਵੱਟ ਕੇ ਲੱਗੇ ਫੜੌਨ। ਗੁਰੂ ਜੀ ਆਪਣੇ ਹੱਥ ਮੈਂ ਲੈ ਕੇ ਜਲ ਮੈਂ ਪਾਇਕੇ ਬਚਨ ਕਰਨਾ 'ਮੁਕਤਾ'। ਸਭਨਾਂ ਸਿੰਘਾਂ ਦੀਆਂ ਕੁਲਾਂ ਤਾਰ ਦਿੱਤੀਆਂ। ਬਚਨ ਕੀਤਾ ਆਪਣਾ ਬੀ ਕੋਈ ਨਾ ਰਹਿ ਜਾਵੇ ਮੁਕਤੀ ਬਿਨਾ। ਵੱਟ ਵੱਟ ਰੇਤ ਕੇ ਗੋਲੇ ਜਲ ਮੈਂ ਮਾਰੇ ਵੱਡਿਆਂ ਵਡੇਰਿਆਂ ਕਾ ਨਾਮ ਲੈ ਲੈ ਕੇ। ਬਚਨ ਕੀਤਾ ਨਾਨਕਿਆਂ ਦਾ ਕੋਈ ਨਹੀਂ ਪਿੰਨ ਭਰਾਉਣ ਵਾਲਾ। ਕਹਿੰਦੇ ਹੈ ਦੋਹਤੇ ਦੇ ਹੱਥੋਂ ਲੱਗਦਾ ਹੈ। ਨਾਨਕਿਆਂ ਦੇ ਬੀ ਪਿੰਨ ਵੱਟ ਵੱਟ ਕੇ ਮਾਰੇ ਜਲ ਮੈਂ ਨਾਮ ਲੈ ਲੈ ਕੇ।"[9]

ਗੰਗਾ ਤੇ ਆਪ ਜੀ ਦੇ ਮਸਤਾਨੀ ਬਿਰਤੇ ਵਿਚ ਕੀਤੇ ਕਉਤਕਾਂ ਦੀ ਯਾਦ ਵਿਚ ਹੀ, ਆਪ ਜੀ ਮੁਠੱਡਿਆਂ ਦੀ ਨਾਮਧਾਰੀ ਸੰਗਤ ਦੇ ਨਾਮ ਰੰਗੂਨ ਨਜ਼ਰਬੰਦੀ ਤੋਂ ਲਿਖੇ ਇਕ ਹੁਕਮਨਾਮੇ ਵਿਚ ਆਪਣੀ ਜਾਣਕਾਰੀ ਇਉਂ ਦਿੰਦੇ ਹਨ:

ਲਿਖਤੁਮ ਗੰਗਾ ਨੂ ਜੋ ਮਸਤਾਨਾ ਥੀ,[10]

ਗੰਗਾ ਦੀ ਯਾਤਰਾ ਸਮੇਂ ਮਾਮੀ ਰਾਮੀ ਦੀ ਨੂੰਹ ਬੀਬੀ ਭੋਲੀ ਵਿਧਵਾ ਖ਼ਜ਼ਾਨ ਸਿੰਘ ਵੀ ਆਪ ਜੀ ਦੇ ਪਰਿਵਾਰ ਦੀਆਂ ਹੋਰ ਬੀਬੀਆਂ ਦੇ ਨਾਲ ਗਈ ਸੀ। ਆਪ ਜੀ ਨੇ ਇਸ ਸਮੇਂ ਆਪਣੇ ਜੀਆਂ ਅਤੇ ਹੋਰਨਾਂ ਲੋਕਾਂ ਨਾਲ ਵੀ ਆਪਣੀ ਰਜ਼ਾ ਵਿਚ ਕਾਫੀ ਮਾਰ ਕੁਟਾਈ ਕੀਤੀ ਸੀ, 'ਮਾਰ ਕੱਢੀਆਂ ਬੁਰਿਆਈਆਂ' ਦੀ ਤਰਜ਼ ਤੇ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੋਭਾ ਸਿੰਘ ਨੂੰ, ਭੋਲੀ ਨੂੰ ਲੈ ਆਵੋ। ਸੱਦ ਲਿਆਏ। ਕਹਾ ਕਿ ਭੋਲੀ ਆਈ ਹੈ। ਪੰਜ ਪਰਸ ਰਾਮ ਪੁੱਠੇ ਮਾਰੇ। ਆਵਾਜ਼ਾ ਹੋਇਆ ਨੱਸ ਜਾ ਜੇ ਹੈ ਬਚਣਾ। ਭੋਲੀ ਨੱਸ ਚੱਲੀ।ਕੁੜੀਆਂ ਵਿਚ ਜਾਇ ਬੈਠੀ।

"ਜਾਂ ਪਹਿਰ ਦਿਨ ਚੜ੍ਹਿਆ ਜਿੱਥੇ ਭੋਲੀ ਬੈਠੀ ਸੀ ਉੱਥੇ ਜਾਇ ਬੈਠੇ। ਬਚਨ ਕੀਤਾ ਦਇਆ ਕੌਰ ਪਈ ਹੈ? ਕੋਲੋਂ ਕਹਾ ਜੀ ਭੋਲੀ ਪਈ ਹੈ। ਬਾਂਸ ਕੀ ਛਟੀ ਸੀ ਦੋ ਮਾਰੀਆਂ। ਭੋਲੀ ਨੱਸ ਚੱਲੀ। ਅੱਗੇ ਝਾੜ ਕਾ ਬੂਟਾ ਆਇਆ, ਉਸਕੇ ਦਵਾਲੇ ਫਿਰਨੇ ਲੱਗੀ। ਉਧਰ ਹੋਵੇ ਤਾਂ ਉਧਰ ਹੋ ਜਾਣ। ਹਾਰ ਕੇ ਵਾਹਣਾਂ ਦੇ ਵਿਚ ਦੀ ਨੱਸ ਚੱਲੀ। ਸਤਿਗੁਰੂ ਜੀ ਮੁੜ ਆਏ। ਭੋਲੀ ਥਰ ਥਰ ਕੰਬਦੀ ਫਿਰੇ। ਦੂਰ ਜਾਇ ਬੈਠੀ। ਭੋਲੀ ਦੇ ਕੋਲ ਕੁੜੀਆਂ ਆਇ ਬੈਠੀਆਂ। ਪੁੱਛਨ ਲੱਗੀ ਗੁਰੂ ਜੀ ਕੀ ਬਚਨ ਕਰਦੇ ਹੈਂ? ਕੁੜੀਆਂ ਨੇ ਕਹਾ ਕਿ ਗੁਰੂ ਜੀ ਬਚਨ ਕਰਦੇ ਹੈਂ-ਭੋਲੀ ਜਾਦੂ ਟੂਣੇ ਕਰਦੀ ਹੈ ਤਾਂ ਮਾਰੀ ਹੈ।[11] ਜਿਸ ਨੂੰ ਸਤਿਗੁਰੂ ਜੀ ਕੁੱਟਦੇ, ਭਾਈ ਚੈਨ ਸਿੰਘ ਗੁੱਜਰਵਾਲੀਆ ਉਹਨਾਂ ਦੀ ਵੇਖ ਭਾਲ ਕਰਦਾ। ਭੋਲੀ ਨੂੰ ਵੀ ਉਸਨੇ ਸਾਂਭਿਆ। ਲੁਧਿਆਣੇ ਦੀ ਇਕ ਨਾਇਣ ਜੋ ਸਤਿਗੁਰੂ ਜੀ ਦੇ ਨਾਨਕੇ ਘਰ ਪਹਿਲਾਂ ਦਰਸ਼ਨ ਕਰ ਚੁੱਕੀ ਸੀ, ਉਹ ਵੀ ਕੋਹੜ ਪੀੜਤ ਹੋ ਕੇ ਇੱਥੇ ਆਈ ਸੀ। ਸਤਿਗੁਰੂ ਜੀ ਦੇ ਬਚਨ ਨਾਲ ਉਸ ਦਾ ਵੀ ਕਸ਼ਟ ਕੱਟਿਆ ਗਿਆ।

ਉਪਰੋਕਤ ਸੋਭਾ ਸਿੰਘ ਛੱਜਾਵਾਲ ਥਾਣਾ ਜਗਰਾਉਂ ਜ਼ਿਲ੍ਹਾ ਲੁਧਿਆਣੇ ਦਾ ਗੁਲਾਬ ਸਿੰਘ ਰਾਮਗੜ੍ਹੀਏ ਦਾ ਪੁੱਤਰ ਸੀ। ਸਰਕਾਰੀ ਰੀਕਾਰਡ ਮੁਤਾਬਿਕ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਭਤੀਜੀ (ਬੀਬੀ ਚੰਦੋ ਪੁੱਤਰੀ ਦਰਬਾਰਾ ਸਿੰਘ) ਨਾਲ ਵਿਆਹਿਆ ਸੀ। ਮਸ਼ਹੂਰ ਕੂਕਾ ਸੀ ਜੋ ਅੰਗਰੇਜ਼ੀ ਰਾਜ ਦੇ ਖਾਤਮੇ ਦੀ ਭਵਿੱਖਬਾਣੀ ਕਰਿਆ ਕਰਦਾ ਸੀ।"[12] ਇਸ ਦੌਰੇ ਵਿਚ ਗਿੱਲ (ਸਿਆਲਕੋਟ) ਦੇ ਲੰਬੜਦਾਰ ਦੇ ਘਰੋਂ ਮਾਈ ਦੌਲੀ ਵੀ ਆਈ ਸੀ। ਇਸ ਦਾ ਨਿਯਮ ਸੀ ਬਾਬਾ ਜਮੀਅਤ ਸਿੰਘ ਗਿੱਲ ਦਾ ਦਰਸ਼ਨ ਕਰਕੇ ਹੀ ਪਰਸ਼ਾਦ ਛੱਕਣਾ। ਇਸ ਦਾ ਪਤੀ ਇਸ ਨੂੰ ਸਾਧ ਸੰਗਤ ਵਿਚ ਜਾਣੋ

ਵਰਜਦਾ ਸੀ।

ਗੰਗਾ ਤੋਂ ਵਾਪਿਸ ਭੈਣੀ ਸਾਹਿਬ ਪੁੱਜ ਕੇ, "ਰਾਤ ਕੋ ਦੌਲੀ ਕੇ ਸਿਰ ਪਰ ਖੜ੍ਹੇ ਹੋਇਕੇ ਬਚਨ ਕੀਤਾ ਤੈਨੂੰ ਲੋਕ ਲਾਜ ਤੋਂ ਛੁਡਾਇਆ ਹੈ। ਮਾਈ ਜੱਸਾ ਦੌਲੀ ਅਰ ਭੋਲੀ ਕੇ ਤੋਰਨ ਗਈ। ਭੋਲੀ ਨੇ ਕਹਾ ਕਿ ਜਿਤਨੀ ਮਾਰ ਪਈ ਹੈ ਸੋ ਫੁੱਲਾਂ ਵਾਂਗ ਲੱਗੀ ਹੈ। ਭੈ ਬੜਾ ਸੀ ਕਿ ਮਾਰ ਨਾ ਦੇਵਣ। ਗੱਲਾਂ ਕਰਦੀ ਡਰਦੀ ਮਾਰੀ ਮਾਈ ਜੱਸਾਂ ਬੀ ਚੱਲੀ ਗਈ ਲੁਧਿਹਾਣੇ। ਮਾਮੀ ਰਾਮੀ ਕੋ ਕਹਿਣੇ ਲੱਗੀ ਕਿ ਮੈਨੂੰ ਲੁਕਾਇ ਲੈ। ਮੈਂ ਮਾਰ ਥੀਂ ਡਰਦੀ ਆਈ ਹਾਂ। ਮਾਮੀ ਨੇ ਕਹਾ ਮੈਂ ਤੈਨੂੰ ਕਿੱਥੇ ਲੁਕਾਵਾਂ? ਉਨ੍ਹਾਂ ਕੋਲੋਂ ਤਾਂ ਭੈ ਆਂਵਦਾ ਹੈ। ਮਾਈ ਜੱਸਾ ਨੇ ਬੀ ਗੰਗਾ ਕੇ ਬਚਨ ਸੁਣਾਏ। ਸੁਣਕੇ ਮਾਮੀ ਬੜੀ ਭੈ ਮਾਨ ਹੋਈ। ਕਹਾ ਕਿ ਉਹ ਤਾਂ ਅੰਤਰਯਾਮੀ ਹੈ। ਸਾਡੀ ਕੁਲ ਪਵਿਤ੍ਰ ਕਰੀ ਹੈ। ਸਰਬ ਘਟਾਂ ਕੇ ਜਾਨਣਹਾਰੇ ਹੈਂ।

"ਅੰਮ੍ਰਿਤ ਵੇਲੇ ਗੁਰੂ ਜੀ ਬੀ ਲੁਧਿਆਣੇ ਮੇਂ ਜਾਇ ਰਹੇ। ਮਾਮੀ ਰਾਮੀ ਨੇ ਕਹਾ ਤੂੰ ਏਸਨੂੰ ਕਹਾਨੂੰ ਘੂਰਦਾ ਹੈਂ? ਜਾਂ ਰਾਮਦਾਸ ਪੁਰੇ ਨੂੰ ਆਏ ਤਾਂ ਗੁਰੂ ਜੀ ਬਚਨ ਕੀਤਾ ਜੱਸਾ ਤੂੰ ਡਰੀ ਕਿਉਂ ਥੀ? ਸੰਤਾਂ ਕੇ ਬਚਨ ਐਸੇ ਹੀ ਹੁੰਦੇ ਹੈ। ਭਿਆਨਕ ਰੂਪ ਧਾਰਿਆ ਸੀ। ਸਾਹਮਣੇ ਕੋਈ ਝਾਕ ਨਹੀਂ ਸੀ ਸਕਦਾ"।[13]

6 ਦਸੰਬਰ 1862 ਨੂੰ ਸ੍ਰੀ ਗੁਰੂ ਬਾਲਕ ਸਿੰਘ ਜੀ ਜੋਤੀ ਜੋਤਿ ਸਮਾ ਗਏ ਸਨ। ਸਤਿਗੁਰੂ ਜੀ ਨੂੰ ਉਹਨਾਂ ਦੇ ਸਮਾਉਣ ਦੀ ਖ਼ਬਰ ਕੁਝ ਅਰਸਾ ਬਾਦ ਪੁੱਜੀ ਸੀ। ਆਪ ਸੰਗਤਾਂ ਸਮੇਤ ਫਰਵਰੀ 1863 ਈ. ਨੂੰ ਹਜਰੋਂ ਸਾਹਿਬ ਨੂੰ ਚੱਲੇ ਪਰ ਗੁਰੂ ਜੀ ਦਾ ਭਾਈ ਮੰਨਾ ਸਿੰਘ ਆਪ ਜੀ ਦੇ ਫੁੱਲ ਲੈ ਕੇ ਆਉਂਦਾ ਵਜੀਰਾਬਾਦ ਝਨਾਂ ਦੇ ਪੱਤਣ ਤੇ ਮਿਲ ਪਿਆ। ਸੋ ਇੱਥੋਂ ਹੀ ਵਾਪਸੀ ਕਰ ਲਈ। ਪਰਚਾਰ ਦੌਰਾ ਕਰਦੇ 1863 ਦੀ ਵੈਸਾਖੀ ਸ੍ਰੀ ਅੰਮ੍ਰਿਤਸਰ ਮਨਾ ਕੇ ਆਪ ਵਾਪਸ ਭੈਣੀ ਸਾਹਿਬ ਨੂੰ ਚੱਲ ਪਏ। ਇਸ ਯਾਤਰਾ ਵਿਚ ਵੀ ਹੋਰ ਮਾਈਆਂ ਬੀਬੀਆਂ ਸਮੇਤ, ਬੀਬੀ ਭੋਲੀ ਵੀ ਆਪ ਜੀ ਦੇ ਨਾਲ ਸੀ। ਉਸਨੂੰ ਕੁਝ ਕਉਤਕ ਰਸਤੇ ਵਿਚ ਵਿਖਾਉਣ ਦਾ ਸਾਡਾ ਗ੍ਰੰਥਾਕਾਰ ਜ਼ਿਕਰ ਕਰਦਾ ਹੈ।

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਲੁਦਿਹਣਿਓਂ ਰਸਤੇ ਮੇਂ ਜਮਾਲਪੁਰ ਦੇ ਬਰਾਬਰ ਆਏ ਤਾਂ ਭੋਲੀ ਨਾਲ ਸੀ। ਮਾਮੀ ਰਾਮੀ ਕੀ ਨੂੰਹ ਹਜ਼ਰੋਂ ਸਾਹਿਬ ਨੂੰ ਨਾਲ ਗਈ ਸੀ। ਉਸਕੇ ਹਾਥ ਮੇਂ ਜੋੜਾ ਫੜਿਆ ਸੀ। ਸੋ ਜੋੜਾ ਕੁਦਰਤ ਨਾਲ ਕਬੂਤਰੋਂ ਕਾ ਜੋੜਾ ਬਣ ਗਿਆ। ਭੋਲੀ ਨੇ ਸ਼ਤਾਬੀ ਸੇ ਸ੍ਰੀ ਸਤਿਗੁਰੂ ਜੀ ਕੋ ਕਹਾ ਜੀ ਮੇਰੇ ਹੱਥ ਮੈਂ ਜੋੜਾ ਸੀ ਸੋ ਕਬੂਤਰੋਂ ਕਾ ਜੋੜਾ ਹੋ ਗਿਆ

ਹੈ। ਬਚਨ ਕੀਤਾ ਦੇਖੋ ਸਿੰਘੋ ਭੋਲੀ ਕੇ ਹਾਥ ਮੇਂ ਕਬੂਤਰ ਹਨ। ਕੇੜੇ ਦੇਸੋਂ ਆਏ ਹੈ। ਸਾਰੀ ਸੰਗਤ ਕੋ ਦਿਖਾਇਕੇ ਦੋਨੋ ਕਬੂਤਰ ਛੋੜ ਦਿੱਤੇ। ਸਿੰਘ ਦੇਖਕੇ ਆਸਚਰਜ ਰਹੇ।"* ਭੋਲੀ ਨੂੰ ਤਾਪ ਚੜ੍ਹਿਆ ਸੀ ਤਾਂ ਉਸਦੀ ਭੈਣ ਨੇ ਕਿਸੇ ਪੀਰ ਦੀ ਸੁਖ ਸੁਖੀ। ਤਾਪ ਉੱਤਰਿਆ ਤਾਂ ਮੂੰਡੀਆਂ ਵਿਚ ਭੋਲੀ ਨੇ ਉਹ ਸੁਖ ਲਾਹੁਣ ਲਈ ਹੁੱਕਾ ਖੂਹ ਵਿਚ ਸੁੱਟ ਦਿੱਤਾ।ਇਸ ਤੇ ਫਿਰ ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਝਿੜਕਿਆ ਕਿ ਆਪਣੇ ਗੁਰੂ ਦੇ ਹੁੰਦਿਆਂ ਹੋਰ ਸੁੱਖਾਂ, ਮਨਮੱਤ ਹੈ।[14]

1 ਜੂਨ 1863 ਈ. ਨੂੰ ਸ੍ਰੀ ਸਤਿਗੁਰੂ ਜੀ ਸਿਆਹੜ ਉੱਤਰੇ ਸਨ ਖੋਟਿਆਂ ਦੇ ਅਨੰਦ ਕਾਰਜਾਂ ਦੇ ਮੇਲੇ ਤੇ ਜਾਣ ਲਈ। ਇੱਥੇ ਇਸ ਦਿਨ ਆਪ ਨੇ 25 ਮਾਈਆਂ ਬੀਬੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਪੰਜ ਕਕਾਰ ਦੀ ਮਰਿਆਦਾ ਧਾਰਨ ਕਰਵਾਈ। ਇਹਨਾਂ ਵਿਚ ਸੱਤ ਬੀਬੀਆਂ ਗੁਰੂ ਪਰਿਵਾਰ ਦੀਆਂ ਸਨ। ਇਹਨਾਂ ਸੱਤਾਂ ਵਿਚੋਂ ਮਾਮੀ ਰਾਮੀ ਤੇ ਉਸ ਦੀ ਨੂੰਹ ਬੀਬੀ ਭੋਲੀ ਵੀ ਸ਼ਾਮਲ ਸਨ। ਸਤਿਗੁਰੂ ਜੀ ਨੇ ਇਸ ਸਮੇਂ ਜੋ ਸ਼ੁਭ ਸਿੱਖਿਆ ਇਸਤਰੀ ਸਮਾਜ ਨੂੰ ਦਿੱਤੀ, ਉਸਨੂੰ ਗਿਆਨੀ ਕਾਹਲਾ ਸਿੰਘ ਨੰਗਲ ਨੇ ਆਪਣੇ ਸ਼ਬਦਾਂ ਵਿਚ ਇਉਂ ਕਾਨੀਬੰਦ ਕੀਤਾ ਹੈ–

ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ,
ਬੁਢੀ ਬਾਲੀ ਨੂੰ ਲੈਣ ਪੁਕਾਰ ਬੀਬੀ।
ਨਾਮ ਦਾਨ ਇਸ਼ਨਾਨ ਸੁਣਕੇਸ ਕਰਨਾ,
ਖੋਲ੍ਹ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਖੰਮਣੀ ਸਿੱਟ ਪਰਾਂਦਿਆਂ ਨੂੰ,
ਰੱਖੀ ਪਾਸ ਤੂੰ ਪੰਜ ਕਰਾਰ ਬੀਬੀ।
ਨੱਥ ਚੌਂਕ ਤੇ ਵਾਲੀਆਂ ਡੰਡੀਆ ਜੋ,
ਤੀਲੀ ਲੌਂਗ ਨੂੰ ਦਈਂ ਉਤਾਰ ਬੀਬੀ।
ਛੱਲੇ ਪਹੁੰਚੀਆਂ ਹੱਥੀ ਨਾਂ ਭੁੱਲ ਪਾਈਂ,
ਸੋਧ ਨਾਲ ਹੈ ਇਨ੍ਹਾਂ ਦੀ ਖਾਰ ਬੀਬੀ।
ਸੋਨਾ ਕੂੜ ਰੁਪਾ ਗੁਰਾਂ ਹੁਕਮ ਦਿੱਤਾ,
ਕੂੜ ਸਮਝ ਲੈਣਾਂ ਪੈਨਣਹਾਰ ਬੀਬੀ।
ਬਰਦੀ ਸੇਤ ਸੁਥਣ ਕੁੜਤੀ ਪਹਿਰ ਲੈਣੀ,

ਨੀਲਾ ਰੰਗ ਦੇਣਾ ਦੂਰ ਡਾਰ ਬੀਬੀ।
ਸੂਹਾ ਰੰਗ ਕਾਲਾ ਹਰਾ ਹੋਰ ਜਿੰਨਾ,
ਦੇਵੀ ਸਰਬ ਨੂੰ ਦੂਰ ਵਿਸਾਰ ਬੀਬੀ।
ਰੋਣਾਂ ਪਿੱਟਣਾਂ ਸਿਆਪਾ ਨਾ ਕਰੀਂ ਜਾਕੇ,
ਚੜ੍ਹੇ ਸਾਕ ਸਰਬੰਧ ਵਿਚਾਰ ਬੀਬੀ।
ਜੋ ਕੁਝ ਸਰੇ ਨਮਿਤ ਦਾ ਦਾਨ ਕਰਨਾ,
ਸੇਵਾ ਪੰਥ ਕਰਨੀ ਨਿਰਾਧਾਰ ਬੀਬੀ।
ਕਾਲਾ ਸਿੰਘ ਮੈਂ ਦੇਖਿਆ ਹੁਕਮਨਾਮਾ,
ਤਾਹੀ ਲਿਖਯਾ ਕਲਮ ਪਸਾਰ ਬੀਬੀ॥23॥[15]

ਬੀਬੀ ਭੋਲੀ ਨੇ ਆਪਣਾ ਅਗਲਾ ਜੀਵਨ ਸਤਿਗੁਰੂ ਜੀ ਦੀ ਇਸੇ ਸਿੱਖਿਆ ਦੇ ਅਨੁਰੂਪ ਢਾਲ ਲਿਆ। ਕੂਕਾ ਅੰਦੋਲਨ ਵਿਚ ਉਸ ਦੀ ਬਹੁਤ ਮਹੱਤਵਪੂਰਨ ਭੂਮਿਕਾ ਰਹੀ ਹੈ। 1870 ਈ. ਵਿਚ ਸਤਿਗੁਰੂ ਜੀ ਨੇ ਰੁੜਕੇ ਪਿੰਡ ਦੇ ਸਾਹਿਬੇ ਜ਼ੈਲਦਾਰ ਦੁਆਰਾ ਹੁੱਕੇ ਦੇ ਪਾਣੀ ਨਾਲ ਧੋਤੀ ਥਾਲੀ ਵਿਚ ਪਤਾਸੇ ਰੱਖ ਕੇ ਮੱਥਾ ਟੇਕਣ ਸਮੇਂ, ਥਾਲੀ ਛਟੀ ਨਾਲ ਦੀਵਾਨ ਅਸਥਾਨ ਤੋਂ ਬਾਹਰ ਵਗਾਹ ਮਾਰੀ ਸੀ। ਉਸ ਦਿਨ ਰਾਤ ਦਾ ਪੜਾਅ ਆਪਨੇ, ਆਪਣੇ ਨਾਨਕੇ ਪਿੰਡ ਨੰਗਲ ਵਿਖੇ ਹੀ ਕੀਤਾ ਸੀ।[16] 18 ਜਨਵਰੀ 1872 ਨੂੰ ਅੰਗਰੇਜ਼ ਸਰਕਾਰ ਨੇ ਡੇਰੇ ਵਿਚ ਰਹਿਣ ਵਾਲੇ ਸਾਰੇ ਸਿੰਘਾਂ ਦੀਆਂ ਜ਼ਮਾਨਤਾਂ ਮੰਗ ਲਈਆਂ ਸਨ, ਸਤਿਗੁਰੂ ਜੀ ਨੂੰ ਦੇਸ਼ ਨਿਕਾਲਾ ਦੇ ਕੇ। ਮਹਾਰਾਜ ਬੁੱਧ ਸਿੰਘ ਜੀ (ਗੁਰੂ ਹਰੀ ਸਿੰਘ ਜੀ) ਦੀ ਜ਼ਮਾਨਤ, ਮਾਈ ਭੋਲੀ ਲੁਧਿਆਣੇ ਵਾਲੀ ਨੇ ਦਿੱਤੀ ਸੀ। ਆਪਣੀ ਸ਼ਹਿਰੀ ਜਾਇਦਾਦ ਦੇ ਅਧਾਰ ਤੇ।[17] ਮਾਈ ਰਾਮੀ, ਬਿਸ਼ਨ ਸਿੰਘ ਹਿਸਟੋਰੀਅਨ ਮੁਤਾਬਿਕ, 1922 ਬਿਕਰਮੀ ਮੁਤਾਬਿਕ 1865-66 ਈ. ਵਿਚ ਚਲਾਣਾ ਕਰ ਗਈ ਸੀ। ਸਤਿਗੁਰੂ ਜੀ ਨਾਲ ਜਿਵੇਂ ਦਾ ਸਨੇਹ ਸਤਿਕਾਰ ਪੂਰਵਕ ਉਸਦਾ ਰਿਸ਼ਤਾ ਸੀ ਉਹੋ ਜਿਹਾ ਹੀ ਉਸ ਦੀ ਨੂੰਹ, ਬੀਬੀ ਭੋਲੀ ਨੇ ਰੱਖਿਆ। ਜਸਵਿੰਦਰ ਸਿੰਘ ਹਿਸਟੋਰੀਅਨ ਦੇ ਮੁਤਾਬਿਕ ਸੋਭਾ ਸਿੰਘ ਛੱਜਾਵਾਲ ਬੀਬੀ ਭੋਲੀ ਦੀ ਭੈਣ ਚੰਦੋ ਦਾ ਪਤੀ ਸੀ, ਜੋ ਦਰੁਸਤ ਨਹੀਂ।''[18] ਬੀਬੀ ਭੋਲੀ ਨੇ ਬੀਬੀ ਚੰਦੋ ਨੂੰ ਲੋੜ ਪੈਣ ਤੇ ਵਰਤਣ ਲਈ ਕੁਝ ਮਾਇਆ ਦਿੱਤੀ ਸੀ। ਜੇਹੜੀ ਮਾਇਆ ਮੰਗਣ ਤੇ ਚੰਦੋ ਉਸਨੂੰ ਵਾਪਿਸ ਦੇਣ ਵਿਚ ਅੱਜ ਕੱਲ੍ਹ ਜਾਂ ਆਨੀ ਕਾਨੀ ਕਰਦੀ ਰਹੀ। ਬੀਬੀ ਭੋਲੀ ਨੇ ਸਤਿਗੁਰੂ ਜੀ ਦੇ ਪਰਦੇਸ ਜਾਣ ਤੋਂ ਕੁਝ ਸਮਾਂ ਪਹਿਲਾਂ ਇਹ ਮਾਮਲਾ ਸਤਿਗੁਰੂ ਜੀ ਦੇ

ਧਿਆਨ ਵਿਚ ਲਿਆਂਦਾ ਸੀ। ਇਸੇ ਕਾਰਨ ਸਥਿਤੀ ਦੀ ਗੰਭੀਰਤਾ ਨੂੰ ਸਮਝਦੇ ਹੋਏ ਸਤਿਗੁਰੂ ਜੀ ਭੋਲੀ ਨੂੰ ਇਸ ਪੈਸੇ ਦੀ ਚਿਤਮਣੀ ਵਿਚੋਂ ਬਾਹਰ ਕੱਢਣਾਂ ਚਾਹੁੰਦੇ ਸਨ, ਤਾਂ ਜੁ ਉਹ ਆਪਣਾ ਸਮਾਂ ਭਜਨ ਬਾਣੀ ਤੇ ਹੋਰ ਪੰਥਕ ਸਰਗਰਮੀਆਂ ਵਿਚ ਹੀ ਲਾਵੇ। ਰੰਗੂਨ ਪਹੁੰਚਣ ਤੋਂ ਕੋਈ ਸਾਢੇ ਤਿੰਨ ਮਹੀਨੇ ਬਾਅਦ ਸਤਿਗੁਰੂ ਜੀ ਨੇ ਆਪਣੇ ਭਰਾਤਾ ਮਹਾਰਾਜ ਬੁੱਧ ਸਿੰਘ ਜੀ ਤੇ ਸੂਬਾ ਗੋਪਾਲ ਸਿੰਘ ਹੋਰਾਂ ਨੂੰ ਹਾੜ ਵਦੀ 5 ਸੰਬਤ 1929 ਮੁਤਾਬਿਕ, 24 ਜੂਨ 1872 ਨੂੰ ਪੰਜਾਬੀ ਵਿਚ ਆਪਣੇ ਵੱਲੋਂ ਪਹਿਲਾ ਪੱਤਰ ਲਿਖਕੇ, ਡਾਕ ਵਿਚ ਪਾਇਆ ਸੀ। ਇਹ ਪੱਤਰ ਭੈਣੀ ਸਾਹਿਬ ਨਹੀਂ ਪਹੁੰਚਣ ਦਿੱਤਾ ਗਿਆ। ਇਸ ਦਾ ਉਲਥਾ ਅੰਗ੍ਰੇਜ਼ੀ ਵਿਚ ਸਰਕਾਰੀ ਰੀਕਾਰਡ ਵਿਚ ਮਿਲਦਾ ਹੈ। ਇਸ ਵਿਚ ਸਤਿਗੁਰੂ ਜੀ ਲਿਖਦੇ ਹਨ-

"ਭੋਲੀ ਨੂੰ ਕਹਿਣਾ ਕਿ ਉਸ ਨੂੰ ਚੰਦੋ ਤੋਂ ਮਾਇਆ ਵਾਪਸ ਮਿਲਣ ਦੀ ਕੋਈ ਸੰਭਾਵਨਾ ਨਹੀਂ। ਸੋ ਹੁਣ ਭੋਲੀ ਇਹ ਸਮਝ ਲਵੇ ਕਿ ਉਸਨੇ ਆਪਣੇ ਭਲੇ ਲਈ, ਇਹ ਰਕਮ ਚੰਦੋ ਨੂੰ ਦਾਨ ਕਰ ਦਿੱਤੀ ਹੈ।[19]

ਗੁਰਦੁਆਰਾ ਭੈਣੀ ਸਾਹਿਬ ਦੇ ਨਾਮਧਾਰੀ ਸਿੰਘਾਂ ਨੂੰ ਇਸ ਸਮੇਂ ਬੜੇ ਸੀਮਿਤ ਦਰਸ਼ਨ ਹੀ ਹੁੰਦੇ ਸਨ। ਪਹਿਲੇ 7-8 ਸਾਲ ਤਾਂ ਅੱਠਾਂ ਪਹਿਰਾਂ ਵਿਚ ਪੰਜ ਸਿੱਖ ਹੀ ਗੁਰਦੁਆਰੇ ਵਿਚ ਪੁਲੀਸ ਜਾਣ ਦਿੰਦੀ ਸੀ ਫਿਰ ਇਹ ਗਿਣਤੀ ਦਸ ਹੋ ਗਈ। ਪੰਜਾਬ ਦੇ ਦੂਰ ਦਰਾਜ ਦੇ ਇਲਾਕਿਆਂ ਤੋਂ ਗੁਰੂ ਧਾਮ ਅਤੇ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ, ਲੁਧਿਆਣੇ ਪੁੱਜ ਕੇ, ਪਹਿਲਾ ਪੜਾਅ ਮਾਈ ਭੋਲੀ ਦੇ ਘਰ ਹੀ ਕਰਦੀਆਂ। ਇੱਥੇ ਇਕ ਦੋ ਚੱਕੀਆਂ ਚੱਲਦੀਆਂ ਰਹਿੰਦੀਆਂ ਜਿਹਨਾਂ ਤੇ ਮਾਈ ਭੋਲੀ ਅਤੇ ਮਾਈ ਤਾਬੋ ਵਰਗੀਆਂ ਉਸ ਦੀਆਂ ਸਹਿਯੋਗਣਾ, ਆਟਾ ਪੀਂਹਦੀਆਂ ਰਹਿੰਦੀਆਂ ਅਤੇ ਆਈ ਸੰਗਤ ਲਈ ਪਰਸ਼ਾਦ ਪਾਣੀ ਤਿਆਰ ਕਰਕੇ, ਵਰਤਾਉਂਦੀਆਂ ਰਹਿੰਦੀਆਂ। ਗੁਰੂ ਹਰੀ ਸਿੰਘ ਜੀ ਦੋ ਘੋੜਿਆਂ ਦੀ ਬੱਘੀ ਤੇ ਅਸਵਾਰ ਹੋ ਕੇ, ਜਦੋਂ ਲੁਧਿਆਣੇ ਆਉਂਦੇ ਤਾਂ ਮਾਈ ਭੋਲੀ ਦੇ ਘਰ ਅਵੱਸ਼ ਦਰਸ਼ਨ ਦਿੰਦੇ ਸਨ। ਮਾਈ ਭੋਲੀ ਦੇ ਘਰ ਤੇ ਵੀ ਅੰਗਰੇਜ਼ ਸੀ.ਆਈ.ਡੀ. ਨਿਗਰਾਨੀ ਰੱਖਦੀ ਸੀ। ਸੁਬਹ ਸ਼ਾਮ ਆਉਣ ਜਾਣ ਵਾਲੇ ਕੂਕੇ ਸਿੰਘਾਂ ਸਿੰਘਣੀਆਂ ਦੇ ਉਹ ਨਾਮ ਲਿਖ ਕੇ ਲੈ ਜਾਂਦੇ। ਅੰਗਰੇਜ਼ ਸਰਕਾਰ ਮਾਈ ਭੋਲੀ ਨੂੰ ਆਪਣੇ ਰਾਜ ਲਈ ਬਾਗੀ ਸਮਝਦੀ ਸੀ ਜਿਸ ਦਾ ਘਰ ਕੂਕਾ ਸਰਗਰਮੀਆਂ ਲਈ, ਲੁਧਿਆਣੇ ਸ਼ਹਿਰ ਦਾ ਪ੍ਰਮੁੱਖ ਕੇਂਦਰ ਸੀ। ਇਹ ਨਾਮਧਾਰੀਆਂ ਲਈ ਉਹਨਾਂ ਦੀ ਧਰਮਸ਼ਾਲਾ ਵੀ ਸੀ ਜਿੱਥੇ ਕੋਈ ਵੀ ਕਿਸੇ ਸਮੇਂ ਨਿਸ਼ੰਕ ਆ ਜਾ ਸਕਦਾ ਸੀ। ਗੁਰੂ ਹਰੀ ਸਿੰਘ ਮਾਈ ਭੋਲੀ ਦੇ ਘਰ ਤੋਂ ਇਲਾਵਾ ਘਾਹ ਮੰਡੀ ਵਿਖੇ ਵੈਦ ਦੇ ਘਰ ਅਤੇ ਛੱਲੀ

ਬਜ਼ਾਰ ਵਿਚ ਵਜ਼ੀਰ ਅਲੀ ਚਿੱਤਰਕਾਰ ਪਾਸ ਵੀ ਜਾਂਦੇ, ਜਿਸ ਦਾ ਪਿੰਡ ਰਾਏ ਕੀ ਤਲਵੰਡੀ, ਜਗਰਾਉਂ ਪਾਸ ਸੀ। ਇਸ ਚਿੱਤਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਘੋੜਿਆਂ ਤੇ ਸਵਾਰ ਦੋ ਸੂਬੇ ਅਤੇ ਅੱਗੇ ਅੱਗੇ ਸ਼ਹੀਦ ਸਿੰਘਾਂ ਵਾਲਾ ਚਿੱਤਰ ਬਣਾਇਆ ਸੀ। ਮਾਈ ਭੋਲੀ ਗੁਰੂ ਹਰੀ ਸਿੰਘ ਜੀ ਦੀ ਚਰਨ ਧੂੜੀ ਮਸਤਕ ਤੇ ਲਾਉਂਦੀ। ਉਹ ਨਾਮ ਦੀ ਮਸਤੀ ਵਿਚ ਅੱਠੇ ਪਹਿਰ ਮਖਮੂਰ ਰਹਿੰਦੀ। ਜਦੋਂ ਗੁਰੂ ਹਰੀ ਸਿੰਘ ਜੀ ਉਸਦੇ ਘਰ ਪੁੱਜਦੇ ਤਾਂ ਉਹ ਰੰਗ ਰੱਤੜੀ ਮਾਈ, ਮਸਤੀ ਵਿਚ ਇਹ ਸ਼ਬਦ ਪੜ੍ਹਿਆ ਕਰਦਾ ਸੀ–

"ਭੋਲੀ ਭੁੱਲੀ ਨੂੰ ਤਾਰਨ ਆਇਆ,
ਗੁਰੂ ਬੱਘੀ ਦਾ ਅਸਵਾਰ।
ਜਸ ਰਥ ਦਾ ਤਾਰਾ ਸਈਉਂ,
ਰਾਮ ਲਛਮਣ ਦਾ ਅਵਤਾਰ।
ਭੈਣੀ ਦੇ ਵਿਚ ਰਹਿਣੀ ਸਈਉਂ,
ਸੰਗਤਾਂ ਕਰੇ ਉਧਾਰ।
ਆਉ ਸਹੀਉ ਰਲ ਦਰਸ਼ਨ ਕਰੀਏ,
ਹਰੀ ਮੇਰਾ ਠਾਰਨ ਹਾਰ।
ਮੈਂ ਬਲਿਹਾਰੇ ਸਈਉ ਨੀ,
ਗੁਰੂ ਹਰੀ ਸਿੰਘ ਤਾਰਨ ਹਾਰ।
ਭੋਲੀ ਭੁੱਲੀ ਨੂੰ ਤਾਰਨ ਆਇਆ,
ਗੁਰੂ ਬੱਘੀ ਦਾ ਅਸਵਾਰ।"[20]

ਮੁਰਸ਼ਦ ਦੇ ਰੰਗ ਵਿਚ ਰੰਗੀ ਮਾਈ ਭੋਲੀ ਦੇ ਦਰਸ਼ਨ ਕਰਕੇ, ਸਾਰੀ ਸੰਗਤ ਨਿਹਾਲ ਹੋ ਜਾਂਦੀ। ਮਾਈ ਤਾਬੋ, ਮਾਈ ਭਾਗੋ ਭਗਤਨੀ ਆਦਿ ਸ਼ਹਿਰ ਵਿਚ ਮਸ਼ਹੂਰ ਸਤਸੰਗਣਾਂ ਸਨ। ਮਾਈ ਤਾਬੋ, ਮਾਈ ਭੋਲੀ ਦੇ ਘਰੋਂ ਰਸਤ ਬਸਤ, ਦੁੱਧ ਅਤੇ ਹੋਰ ਪਦਾਰਥ, ਸੰਤ ਭਗਵਾਨ ਸਿੰਘ ਅੜਬੰਗੀ ਜਿਹੇ ਖਾੜਕੂ ਕੂਕੇ ਨੂੰ ਜਦੋਂ ਉਹ ਗੇਂਦਾ ਕਤਲ ਕੇਸ ਵਿਚ ਹਵਾਲਾਤ ਜਾਂ ਲੁਧਿਆਣਾ ਜਿਹਲ ਵਿਚ ਹੁੰਦੇ, ਪੁਚਾਉਂਦੀ ਸੀ। ਬਹੁਤ ਸਾਰੇ ਸਿੰਘਾਂ ਨੂੰ ਪੁਲਿਸ ਗ਼ੈਰ ਕਾਨੂੰਨੀ ਸਭਾ ਦੇ ਦੋਸ਼ ਹੇਠ, ਆਏ ਦਿਨ ਗਰਿਫਤਾਰ ਕਰ ਲੈਂਦੀ।ਉਹਨਾਂ ਦੀ ਪੈਰਵੀ ਅਤੇ ਜ਼ਮਾਨਤਾਂ ਦਾ ਬਿਖਮ ਕਾਰਜ ਵੀ ਉਸ ਸਮੇਂ ਮਾਈ ਭੋਲੀ ਹੀ ਕਰਿਆ ਕਰਦੀ ਸੀ। ਮਾਈ ਭੋਲੀ ਦੀ ਸੰਤਾਨ ਬਾਰੇ

ਬਿਸ਼ਨ ਸਿੰਘ ਲਿਖਦੇ ਹਨ ਕਿ ਉਹਨਾਂ ਦੀ ਹਰ ਕੌਰ ਨਾਮ ਦੀ ਧੀ ਸੀ। ਜਿਸ ਦੀ ਸ਼ਾਦੀ ਪਿੰਡ ਮੰਡਿਆਣੀ ਦੇ ਮਿਸਤਰੀ ਸਾਉਣ ਸਿੰਘ ਨਾਲ ਹੋਈ ਸੀ। ਇਹਨਾਂ ਦਾ ਪੁੱਤਰ ਕਾਹਨ ਸਿੰਘ ਤੇ ਧੀ ਉਤਮੀ ਸੀ, ਅੰਸ ਬੰਸ ਗੁਰਸਿੱਖ ਸੀ।[21]

ਜਦੋਂ ਅਜੇ ਚੌਕੀ ਬੈਠੀ ਨੂੰ ਕੁਝ ਕੁ ਮਹੀਨੇ ਹੋਏ ਸਨ ਤਾਂ ਇਕ ਸ਼ਾਮ ਬੀਬੀ ਭੋਲੀ ਨੂੰ ਮੰਗਤੀ ਬਣਕੇ ਡੇਰੇ ਭੈਣੀ ਸਾਹਿਬ ਪ੍ਰਵੇਸ਼ ਕਰਨਾ ਮਿਲਿਆ।"ਮਾਮੇ ਕੀ ਨੂੰਹ ਭੋਲੀ ਆਥਣ ਹੋਈ ਆਈ ਕਿ ਮੈਨੂੰ ਪ੍ਰਸਾਦਾ ਮਿਲੇ ਮੈਂ ਭੁੱਖੀ ਹਾਂ। ਬੀਬੀ ਭਾਗੋ ਨੇ ਪ੍ਰਸਾਦਾ ਦਿੱਤਾ। ਜਾਂ ਤੁਰਕ ਕੋਲੋਂ ਚੱਲਾ ਗਿਆ ਤਾਂ ਆਖਿਆ ਮੈਂ ਤਾਂ ਭੋਲੀ ਹਾਂ। ਬੀਬੀ ਭਾਗੋ ਗੁਰੂ ਜੀ ਕੀ ਪੁੱਤਰੀ ਸੀ, ਅੰਦਰ ਲੈ ਆਈ। ਹਨੇਰਾ ਸੀ ਸਪਾਹੀ ਨੇ ਪੁੱਛਿਆ ਇਹ ਕੌਣ ਹੈ? ਬੀਬੀ ਨੇ ਕਹਿਆ ਕਿ ਬਹੂ ਹੈ। ਸਪਾਹੀ ਚੁੱਪ ਕਰ ਗਿਆ। ਭੋਲੀ ਭੂਆ ਦੇ ਘਰ ਆਈ।"[22]

ਬਾਹੋਵਾਲ ਜੀ ਦੇ ਲਿਖਣ ਮੁਤਾਬਿਕ ਮਾਈ ਭੋਲੀ ਦੀ ਦੂਜੀ ਪੁੱਤਰੀ ਮੋਹੀ (ਲੁਧਿਆਣਾ) ਦੇ ਗੁਰਦਿਤ ਸਿੰਘ ਨਾਲ ਵਿਆਹੀ ਸੀ। ਇਸ ਦੇ ਪੁੱਤਰ ਦਾ ਨਾਂ ਬੀਰ ਸਿੰਘ ਸੀ। ਇਸ ਦਾ ਆਨੰਦ ਕਾਰਜ ਪੜ੍ਹਾਉਣ ਲਈ ਗੁਰੂ ਹਰੀ ਸਿੰਘ ਜੀ ਲੱਖੇ ਜਾਣ ਦੀ ਸਰਕਾਰ ਤੋਂ ਮਨਜ਼ੂਰੀ ਲਈ ਸੀ। ਗਾਲਬਨ 1876-77 ਈ. ਵਿਚ। "ਬੀਰ ਸਿੰਘ ਮੋਹੀ ਕਾ, ਮਾਈ ਭੋਲੀ ਲੁਦਿਆਣੇ ਵਾਲੀ ਦਾ ਦੋਹਤਾ ਗੁਰਦਿਤ ਸਿੰਘ ਦਾ ਪੁੱਤ ਰਾਮਦਾਸਪੁਰੇ ਆਇਆ। ਆਨੰਦ ਪੜ੍ਹਾਉਨ ਵਾਸਤੇ ਛੁੱਟੀ ਲਈ। ਗੁਰੂ ਜੀ ਲੱਖੇ (ਗਹਿਲਾਂ ਪਾਸ ਜ਼ਿਲ੍ਹਾ ਲੁਧਿਆਣਾ) ਗਏ। ਸਭ ਸੰਗਤ ਮਾਲਵੇ ਕੀ ਆਈ। ਦਰਸ਼ਨ ਕਰਕੇ ਜੰਤ ਹਰੇ ਹੋਏ। ਜਾਂ ਦੀਵਾਨ ਲੱਗਾ ਤਾਂ ਸ਼ਬਦ ਹੁੰਦਾ ਹੈ। ਐਸੀ ਕੁਦਰਤ ਦਿਖਾਈ ਜੋ ਸਪਾਹੀ ਸੇ ਤਿਨਾਂ ਕੋ ਭੀ ਸੂਤ੍ਰ ਹੋਇ ਗਿਆ। ਏਕ ਬ੍ਰਾਹਮਨ ਸੀ ਤਿਸ ਕੋ ਭੀ ਸੂਤਰ ਹੋ ਆਉਂਦਾ ਹੈ। ਬਟਨ ਕੇ ਕੋਲ ਮੁਖਬਰਾਂ ਨੇ ਖ਼ਬਰ ਦਿੱਤੀ ਕਿ ਲੱਖੇ ਬੜਾ ਇਕੱਠ ਹੋਇਆ ਹੈ। ਫਰੰਗੀ ਨੇ ਹੁਕਮ ਭੇਜਿਆ ਕਿ ਉਨਕੋ ਫੌਰਨ ਭੈਣੀ ਮੈਂ ਲੇ ਆਉ ਸ਼ਬਦ ਹੁੰਦਾ ਦੀਵਾਨ ਲੱਗਿਆ ਹੋਇਆ ਸੀ, ਉਸੀ ਬਖਤ ਥਾਨੇਦਾਰ ਨੇ ਜਾਕੇ ਬੰਦ ਕਰਾ ਦਿੱਤਾ। ਗੁਰੂ ਜੀ ਅੰਦਰ ਕਰ ਦੀਏ।ਨੰਗੀਆਂ ਤਲਵਾਰਾਂ ਕਾ ਪਹਿਰਾ ਕਰ ਦਿੱਤਾ। ਸਿੰਘ ਹੋਰ ਸਭ ਖਿੰਡ ਗਏ। ਗੁਰੂ ਜੀ ਅੰਮ੍ਰਿਤ ਵੇਲੇ ਉਠੇ। ਇਸ਼ਨਾਨ ਕਰਨ ਗਏ ਤਾਂ ਬੀ ਨਾਲ ਪਹਿਰਾ ਗਿਆ ਨੰਗੀ ਤਲਵਾਰ ਕਾ। ਫਿਰ ਉਥੋਂ ਝੋਰੜੀ 'ਆਇਕੇ ਲੰਗਰ ਕੀਤਾ, ਪ੍ਰਸ਼ਾਦ ਛਕਿਆ। ਝੋਰੜਾਂ ਥੀ ਪ੍ਰਸ਼ਾਦ ਛਕਕੇ ਚੱਲੇ ਆਏ ਗੁਰਦੁਆਰੇ ਨੂੰ।[23]

ਮਾਈ ਭੋਲੀ ਦੀ ਜਿਹੜੀ ਪੁੱਤਰੀ ਹਰ ਕੌਰ ਮੰਡਿਆਣੀ ਵਿਆਹੀ ਸੀ, ਉਹ 1876-77 ਈ. ਵਿਚ ਅਕਾਲ ਚਲਾਣਾ ਕਰ ਗਈ। ਉਸ ਦਾ ਘਰ ਦਾ ਨਾਮ ਹਰਦੇਈ ਸੀ। ਰੰਗੂਨ ਵਿਖੇ ਹੋਰ ਸਿੰਘਾਂ ਨਾਲ ਭਾਈ ਬਘੇਲ ਸਿੰਘ ਨਾਰਲੀ ਦਰਸ਼ਨ ਕਰਨ ਗਿਆ ਉਸ ਨੂੰ ਦਿੱਤੇ ਹੁਕਮਨਾਮੇ ਵਿਚ, ਬੀਬੀ ਭੋਲੀ ਨਾਲ ਉਸਦੀ ਲੜਕੀ ਗੁਜ਼ਰਨ ਦਾ ਸਤਿਗੁਰੂ ਜੀ ਅਫਸੋਸ ਕਰਦੇ ਹਨ।

ਭਾਈ ਬਘੇਲ ਸਿੰਘ ਜੀ ਇਕ ਤੈਨੂੰ ਬੀ ਅਰੁ ਸਾਰੀ ਸੰਗਤਿ ਨੂੰ ਸਾਰੋ ਹੁਕਮਨਾਮਾ ਤਾ ਤੇਰੇ ਈ ਪਾਸ ਲਿਖਕੇ ਦਿੱਤਾ ਹੈ, ਤੈਨੂੰ ਕਲੇ ਨੂ ਕੀ ਦੇਣਾ ਹੈ, ਤੂੰ ਸਾਰੀ ਸੰਗਤਿ ਨੂੰ ਸੁਣਾਈ। ਭਾਈ ਬਘੇਲ ਸਿੰਘ ਜੇ ਤੇਰੇ ਗਏ ਤੇ, ਤੇਰੇ ਤੇ ਸੁਣਕੇ ਲੋਕ ਭਜਨ ਬਾਣੀ ਕਰਣਗੇ, ਤਾਂ ਤੇਰਾ ਐਥੇ ਆਉਣ ਦਾ ਬਡਾ ਪੁੰਨ ਹੋਊਗਾ ।

ਲੁਦਿਆਣੇ ਤੇ ਰੇਲ ਚੜੀ, ਭੋਲੀ ਦੇ ਘਰ ਜਾਈ। ਭੋਲੀ ਨੂ ਰਾਮ ਸਤਿ ਆਖੀ ਨਾਲੇ ਭੋਲੀ ਨੂੰ ਆਖੀ ਕੁੜੀ ਹਰਿ ਦੇਈ ਮਰੀ ਦਾ ਬਡਾ ਮਸੋਸ ਕਰਦੇ ਥੇ। ਆਧੇ ਥੇ ਦੇਖੋ ਭੋਲੀ ਨੂ ਬਡਾ ਦੁਖ ਉਤੇ ਦੁਖੁ ਰਿਹਾ। ਭਾਣਾ ਪ੍ਰਮੇਸਰ ਦਾ ਪ੍ਰਮੇਸਰ ਨਾਲ ਤਾਂ ਕੋਈ ਚਾਰਾ ਨਹੀਂ, ਜਿਉਂ ਰੱਖੇ ਤਿਉ ਰਹਿਣਾ। ਇਹ ਬਾਤ ਭੋਲੀ ਨੂੰ ਸੁਣਾਈ ਲੁਦਿਆਣੇ ਜਾਂਦਾ ਜਾਂਦਾ।[24]

ਇਕ ਹੋਰ ਹੁਕਮਨਾਮੇ ਵਿਚ ਗੁਰੂ ਪਰਿਵਾਰ ਦੀਆਂ ਅਤੇ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਰਹਿਣ ਵਾਲੀਆਂ ਬੀਬੀਆਂ ਦੇ ਨਾਲ ਹੀ ਆਪ ਜੀ ਬੀਬੀ ਭੋਲੀ ਨੂੰ ਵੀ ਯਾਦ ਕਰਦੇ ਹਨ।

ਬੀਬੀ ਨੰਦਾ ਨੂੰ, ਸਾਹਬੋ, ਭੋਲੀ, ਸੁਖਾ, ਭਾਗੋ, ਉਤਮੀ, ਭਾਗਣ ਹੋਰ ਸਰਵਤਿ ਕੋ ਰਾਮ ਸਤਿ ਬੁਲਾਈ ਬਾਚਨੀ ਜੀ।"[25]

ਲੱਗਦਾ ਹੈ ਕਿ ਮਾਈ ਭੋਲੀ ਦਾ ਅੰਤ ਸਮਾਂ ਉਨ੍ਹੀਵੀਂ ਸਦੀ ਮੁੱਕਦਿਆਂ ਹੀ ਆ ਗਿਆ। ਉਸ ਦਾ ਅੰਤ ਸਮਾਂ ਸ੍ਰੀ ਭੈਣੀ ਸਾਹਿਬ ਹੀ ਆਇਆ ਅਤੇ ਉਹ ਘਰ ਵਾਲੀ ਜਗ੍ਹਾ ਵੇਚ ਕੇ, ਹੋਰ ਧਨ ਪਦਾਰਥ ਵੀ ਗੁਰੂ ਕੇ ਲੰਗਰ ਵਿਚ ਪਾ ਕੇ ਸੁਰਖ਼ਰੂ ਹੋ ਗਈ।'ਗੰਗਾ ਵਾਲੇ ਮਸਤਾਨੇ' ਦੇ ਵਿਓਗ ਵਿਚ, ਗੁਰੂ ਹਰੀ ਸਿੰਘ ਜੀ ਜਿਉਂ ਉਸ ਦੇ ਨੇਤਰਾਂ ਦੀ ਜੋਤ ਵੀ ਜਾਂਦੀ ਰਹੀ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਤੇਜ਼ ਪਰਤਾਪ ਦੇ ਉਰੂਜ਼ ਦੀ ਚਸ਼ਮਦੀਦ ਅਗਵਾਹ ਸੀ।ਉਸ ਨੇ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਅਤੇ ਪੰਜਾਬ ਭਰ ਵਿਚ ਇਸਦੇ ਪਰਚਾਰ ਪਰਸਾਰ ਦੇ 14-15 ਸਾਲ ਵੀ ਵੇਖੇ ਅਤੇ ਫਿਰ ਘੋਰ ਸਖਤੀਆਂ ਦੇ ਪੰਝੀ ਤੀਹ ਸਾਲ ਵੀ ਉਹਨੇ ਆਪਣੇ ਨੇਤਰੀਂ ਨਿਹਾਰੇ ਸਨ। ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਅਤੇ

ਨਾਮਧਾਰੀ ਸੰਗਤ ਦੇ ਅੰਗਰੇਜ਼ ਸਰਕਾਰ ਵਿਰੁੱਧ ਵਿੱਢੇ ਸੰਘਰ੍ਸ਼ ਵਿਚ ਵੀ ਉਸ ਦਾ ਦ੍ਰਿੜ ਵਿਸ਼ਵਾਸ਼ ਸੀ। ਇਸ ਲਈ ਸਾਰੀਆਂ ਸਰਕਾਰੀ ਸਖਤੀਆਂ ਨੂੰ ਦਰ ਕਿਨਾਰ ਕਰਕੇ, ਉਹਨੇ ਆਪਣੇ ਘਰ ਆਉਣ ਵਾਲੀ ਨਾਮਧਾਰੀ ਸੰਗਤ ਦਾ ਖਿੜੇ ਮੱਥੇ ਅਤੇ ਖੁੱਲ੍ਹੀਆਂ ਬਾਹਾਂ ਨਾਲ ਸੁਆਗਤ ਕੀਤਾ। ਕੁਦਰਤ ਵੱਲੋਂ ਵੀ ਉਸ ਦੇ ਇਮਤਿਹਾਨ ਲੈਣ ਵਿਚ ਕੋਈ ਕਸਰ ਨਾ ਛੱਡੀ ਗਈ। ਭਰ ਜੁਆਨੀ ਵਿਚ ਪਤੀ ਦੇਵ ਦਾ ਵਿਛੋੜਾ, ਉਸਦੇ ਫੁੱਲ ਪਾਉਣ ਜਾਂਦੇ ਸਹੁਰੇ ਹਰੀ ਸਿੰਘ ਜਿਹੇ ਦੇਵਤਾ ਸੀਰਤ ਇਨਸਾਨ ਦਾ ਵੀ ਰਾਹ ਵਿਚ ਹੀ ਰਹਿ ਜਾਣਾ, ਦੋ ਵਿਧਵਾ ਔਰਤਾਂ ਨੂੰਹ-ਸੱਸ ਰੁਣ ਝੁਣ ਕਰਦਿਆਂ ਸਮਾਂ ਕੱਟਦੀਆਂ ਸਨ, ਛੇਤੀ ਹੀ ਸੱਸ, ਦਾ ਵੀ ਵਿਗੋਚਾ ਆ ਗਿਆ ਅਤੇ ਫਿਰ ਵਿਆਹੀ ਵਰ੍ਹੀ ਲੜਕੀ ਦਾ ਗੁਜ਼ਰ ਜਾਣਾ। ਇਹ ਸਦਮੇਂ ਮਾਈ ਭੋਲੀ ਨੇ ਸੇਵਾ, ਸਿਮਰਨ ਅਤੇ ਬਾਣੀ ਪੜ੍ਹਦਿਆਂ ਸਤਿਗੁਰੂ ਵਿਚ ਅਟੁੱਟ ਭਰੋਸੇ ਨਾਲ ਹੀ ਬਰਦਾਸ਼ਤ ਕੀਤੇ। ਅਜਿਹੀ ਕੂਕਾ ਵੀਰਾਂਗਣਾ ਦਾ ਘਰ ਕਿੱਥੇ ਸੀ, ਹੁਣ ਕੋਈ ਨਹੀਂ ਦੱਸ ਸਕਦਾ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਨੇ ਜਦੋਂ ਕੂਕਿਆਂ ਦਾ ਭਜਨ ਲਿਆ ਸੀ ਉਨ੍ਹੀਵੀਂ ਸਦੀ ਦੇ ਆਖਰੀ ਦਹਾਕੇ ਵਿਚ, ਉਹਨਾਂ ਨੂੰ ਵੀ ਲੁਧਿਆਣੇ ਮਾਈ ਭੋਲੀ ਦੇ ਘਰ ਪੁੱਜਣ ਲਈ ਕਿਹਾ ਗਿਆ ਸੀ ਜਿਥੋਂ ਅਗੇ ਉਹ ਸ੍ਰੀ ਭੈਣੀ ਸਾਹਿਬ ਪੁੱਜੇ ਸਨ। ਉਸ ਸਮੇਂ ਇਹ ਘਰ ਪੰਜਾਬ ਭਰ ਦੇ ਬਾਗੀ ਕੂਕਿਆਂ ਦੀ ਲੁਧਿਆਣਾ ਸ਼ਹਿਰ ਵਿਚ ਪਰਮੁੱਖ ਠਾਹਰ ਹੁੰਦੀ ਸੀ। ਮਾਈ ਭੋਲੀ ਦੇ ਅੰਤਿਮ ਸਮੇਂ ਦਾ ਜ਼ਿਕਰ ਵੀ ਬਾਹੋਵਾਲ ਜੀ ਕਰਦੇ ਹਨ। ਮਾਲੂਮ ਹੁੰਦਾ ਹੈ ਕਿ ਉੱਪਰ ਵਰਣਿਤ, ਸਤਿਗੁਰੂ ਜੀ ਦੇ ਫੌਜੀ ਨੌਕਰੀ ਤੇ ਬਾਅਦ ਦੇ ਲੁਧਿਆਣੇ ਨਾਨਕਿਆਂ ਦੇ ਘਰ ਆਉਣ ਦੇ ਸਾਰੇ ਸਮਾਚਾਰ ਵੀ ਭਾਈ ਬਾਹੋਵਾਲ ਨੇ ਮਾਈ ਭੋਲੀ ਦੇ ਸੰਸਮਰਣਾਂ ਦੇ ਅਧਾਰ ਤੇ ਹੀ ਲਿਖੇ ਹੋਣਗੇ।

"ਗੁਰੂ ਹਰੀ ਸਿੰਘ ਜੀ ਬਚਨ ਕੀਤਾ, ਮਾਮੇ ਕੀ ਨੂੰਹ ਭੋਲੀ, ਉਸਕੋ ਦਮਾ ਬਹੁਤ ਸੀ। ਜਾਂ ਦਮਾਂ ਛਿੜਿਆ ਤਾਂ ਗੱਡੇ ਉੱਤੇ ਚਾੜ੍ਹਕੇ ਲਿਆਂਦੀ। ਰਾਜੀ ਹੋਇ ਗਈ, ਲਿਖਾਰੀ ਨੇ ਭੀ ਦੇਖੀ ਹੈ। ਚੱਕੀ ਪੀਹਕੇ ਲੁਧਿਆਣੇ ਮੈਂ ਆਏ ਸਿੰਘਾਂ ਕੋ ਪ੍ਰਸ਼ਾਦਾ ਬਣਾਇ ਛਕਾਵਣਾ। ਮਾਈ ਨੇ ਮਿੱਠਾ ਬੋਲਾ ਬੋਲਣਾ। ਆਈ ਸਾਧ ਸੰਗਤ ਨੇ ਉਸੀ ਘਰ ਜਾਇ ਉਤਰਨਾ। ਅੰਤ ਕੋ ਜਗਾ (ਗੁਰੂ ਕੇ) ਖਜ਼ਾਨੇ ਪਾਈ ਬੇਚਕੇ ਆਪ ਰਾਮਦਾਸ ਪੁਰੇ ਸਾਹਿਬ ਆਈ ਚੜ੍ਹੀ।"[26]

ਪੰਜਾਬ ਸਰਕਾਰ ਨੇ ਉਸ ਵੇਲੇ ਪੰਜਾਬ ਭਰ ਦੇ 250 ਦੇ ਕਰੀਬ ਮਹੱਤਵਪੂਰਨ ਕੂਕਿਆਂ ਦੀ ਸੂਚੀ ਬਣਾਈ ਸੀ 1881 ਈ. ਵਿਚ। ਇਹ ਸੂਚੀ ਹਰ ਜ਼ਿਲ੍ਹੇ ਦੇ ਐਸ.ਪੀ. ਪਾਸ ਜਿੰਦਰੇ ਵਿਚ ਗੁਪਤ ਤੌਰ 'ਤੇ ਹੁੰਦੀ ਸੀ ਜਿਹਨਾਂ ਕੂਕਿਆਂ ਦੇ ਇਧਰ ਆਉਣ ਜਾਣ ਤੇ ਨਿਗਰਾਨੀ ਕਰਨੀ ਪੈਂਦੀ

ਸੀ। ਇਸ ਸੂਚੀ ਵਾਲਿਆਂ ਦਾ ਹੁਲੀਆ ਦੇਣ ਦਾ ਮਕਸਦ ਸੀ ਕਿ ਜੇਕਰ ਇਹ ਗੁਰੂ ਰਾਮ ਸਿੰਘ ਜੀ ਪਾਸ ਦਰਸ਼ਨ ਕਰਨ ਬਰਮਾਂ ਵਿਚ ਜਾਣ ਤਾਂ ਇਹਨਾਂ ਨੂੰ ਪਕੜਿਆ ਜਾ ਸਕੇ। ਮਾਈ ਭੋਲੀ ਬਾਰੇ ਲੁਧਿਆਣਾ ਜ਼ਿਲ੍ਹੇ ਦੀ ਸੂਚੀ ਵਿਚ ਇਹ ਇੰਦਰਾਜ ਦਰਜ ਹੈ-

"ਜ਼ਿਲ੍ਹੇ ਦਾ ਸੀਰੀਅਲ ਨੰ: 94, ਮੁਸੰਮਤ (ਸ੍ਰੀ ਮਤੀ) ਭੋਲੀ, ਨਿਵਾਸ ਲੁਧਿਆਣਾ, ਥਾਣਾ ਲੁਦਿਆਣਾ, ਸਾਫ ਰੰਗ, ਕੱਦ ਮਧਰਾ, ਉਮਰ 50 ਸਾਲ ਦੇ ਕਰੀਬ। ਇਹ ਔਰਤ ਗੁਰੂ ਰਾਮ ਸਿੰਘ ਜੀ ਦੀ ਰਿਸ਼ਤੇਦਾਰ ਹੈ ਅਤੇ ਇਸੇ ਕਾਰਨ ਸਮੁਦਾਇ ਵਿਚ ਉਸ ਦੀ ਬਹੁਤ ਮਾਨ ਪ੍ਰਤਿਸ਼ਠਾ ਹੈ, ਕੂਕੇ ਉਸਨੂੰ ਮਾਈ ਭਾਵ ਮਾਤਾ ਆਖਦੇ ਹਨ। ਉਸ ਨੂੰ ਭਜਨ (ਨਾਮ) ਦੇਣ ਦਾ ਅਧਿਕਾਰ ਹੈ।ਲੁਧਿਆਣੇ ਵਿਚ ਆਉਣ ਵਾਲੇ ਕੂਕਿਆਂ ਲਈ ਉਸਦਾ ਘਰ ਇਕ ਧਰਮਸ਼ਾਲਾ ਹੀ ਹੈ।"[27]

ਮਾਈ ਭੋਲੀ ਦੀ ਉਮਰ 1880 ਈ. ਦੇ ਦਸਤਾਵੇਜਾਂ ਵਿਚ 50 ਸਾਲ ਲਿਖੀ ਹੈ ਪਰ ਇਹ ਦਰੁਸਤ ਨਹੀਂ। ਸਤਿਗੁਰੂ ਜੀ ਜਦੋਂ ਮੁਦਕੀ ਦੀ ਜੰਗ ਬਾਅਦ ਦਸੰਬਰ 1845 ਜਾਂ ਜਨਵਰੀ 1846 ਵਿਚ ਲੁਧਿਆਣੇ ਆਏ ਤਾਂ ਉਸ ਸਮੇਂ ਬੀਬੀ ਭੋਲੀ, ਘਰ ਦਾ ਸਾਰਾ ਕਾਰ ਵਿਹਾਰ ਸੰਭਾਲਦੀ ਸੀ। ਖਜ਼ਾਨ ਸਿੰਘ 1851 ਈ. ਤੱਕ ਫੀਰੋਜ਼ਪੁਰ ਚਲਾ ਗਿਆ ਸੀ।ਉਦੋਂ ਤੱਕ ਉਹ ਵੀ 35 ਕੁ ਸਾਲ ਤੋਂ ਘੱਟ ਨਹੀਂ ਸੀ। ਸੋ ਮਾਈ ਭੋਲੀ ਦਾ ਜਨਮ 1820 ਈ. ਦੇ ਨੇੜੇ ਤੇੜੇ ਅਤੇ ਦਿਹਾਂਤ 1895-96 ਈ. ਵਿਚ ਬਣਦਾ ਹੈ। ਉਸ ਨੇ ਪੌਣੀ ਕੁ ਸਦੀ ਦੀ ਉਮਰ ਭੋਗੀ ਜਿਸ ਵਿਚੋਂ ਅੰਦਾਜ਼ਨ ਚਾਰ ਦਹਾਕੇ ਉਸਨੇ ਅੰਗ੍ਰੇਜ਼ ਸਰਕਾਰ ਵਿਰੁੱਧ ਜੂਝਣ ਵਾਲੇ ਕੂਕੇ ਇਨਕਲਾਬੀਆਂ ਦੇ ਸਰਗਰਮ ਸਹਿਯੋਗ ਵਿਚ ਬਿਤਾਏ।

ਮਾਈ ਭੋਲੀ ਦੇ ਘਰ ਨੂੰ ਲੁਧਿਆਣੇ ਵਿਚ ਪਹਿਲੀ ਨਾਮਧਾਰੀ ਧਰਮਸ਼ਾਲਾ ਕਿਹਾ ਜਾ ਸਕਦਾ ਹੈ। ਇਹ ਉਹ ਦੌਰ ਸੀ ਜਦੋਂ ਹਰ ਰੋਜ਼ ਕੋਈ ਨਾਂ ਕੋਈ ਕੂਕਾ ਮਾਈ ਭਾਈ, ਲੁਧਿਆਣੇ ਆਇਆ ਰਹਿੰਦਾ ਸੀ। ਮਾਈ ਭੋਲੀ ਦਾ ਘਰ, ਕੂਕਿਆਂ ਦਾ ਘਰ ਹੋਣ ਕਾਰਨ ਸਾਰੇ ਪੰਜਾਬ ਵਿਚ ਆਪਣੀ ਵਿਸ਼ੇਸ਼ ਪਹਿਚਾਨ ਬਣਾ ਚੁੱਕਾ ਸੀ। ਉਹ ਖਿੜੇ ਮੱਥੇ ਆਪਣੀਆਂ ਸੰਗਣਾਂ ਸਾਥਣਾਂ ਨਾਲ ਆਏ ਗਿਆਂ ਦੀ ਸੇਵਾ ਵਿਚ ਹਮੇਸ਼ਾਂ ਤਤਪਰ ਰਹਿੰਦੀ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਕਿਸੇ ਵੀ ਉਪਦੇਸ਼ ਵਿਚ ਆਪ ਜੀ ਦੁਆਰਾ ਮਾਈ ਭੋਲੀ ਦਾ ਦਰਸ਼ਨ ਕੀਤੇ ਹੋਣ ਦਾ ਜ਼ਿਕਰ ਨਹੀਂ ਆਉਂਦਾ। ਇਸ ਤੋਂ ਮਾਈ ਦੇ 1896-97 ਈ. ਤੱਕ ਚਲਾਣਾ ਕਰ ਜਾਣ ਦੀ ਧਾਰਨਾ ਨੂੰ ਬਲ ਮਿਲਦਾ ਹੈ। ਬੇਸ਼ੱਕ ਮਾਈ ਭੋਲੀ ਦਾ ਕੋਈ ਲੜਕਾ ਬਾਲਾ ਨਹੀਂ ਸੀ ਪਰ ਨਾਮਧਾਰੀ

ਇਤਿਹਾਸ ਵਿਚ ਉਸਦੇ ਸਹੁਰੇ ਮਿਸਤਰੀ ਹਰੀ ਸਿੰਘ, ਠੇਕੇਦਾਰ ਖਜ਼ਾਨ ਸਿੰਘ ਪਤੀ ਅਤੇ ਸੱਸ ਮਾਈ ਰਾਮੀ ਜਿਉਂ ਹੀ ਉਸਦਾ ਨਾਮ ਹਮੇਸ਼ਾਂ ਅਦਬ ਸਤਿਕਾਰ ਨਾਲ ਲਿਖਿਆ ਜਾਏਗਾ।

## ਹਵਾਲੇ ਤੇ ਟਿੱਪਣੀਆਂ


1. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਨੰਗਲ, ਆਜ਼ਾਦੀ ਦੀ ਲਹਿਰ ਅਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ, ਪ੍ਰਕਾਸ਼ਕ ਗਿਆਨੀ ਬੂਟਾ ਸਿੰਘ ਘੜੀਸਾਜ਼, ਪਿੰਡ ਦਮਦਮਾ(ਹਿਸਾਰ),ਸਫਾ 20-23
2. ਉਹੀ,ਸਫਾ 25
3. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ, (ਸੰ. ਜਸਵਿੰਦਰ ਸਿੰਘ), ਸਫਾ 132-36
4. ਸੰਤ ਇੰਦਰ ਸਿੰਘ ਚੱਕਰਵਰਤੀ, ਕੂਕਿਆਂ ਬਾਰੇ, ਇਹ ਗੱਲ ਮੌਲਵੀ ਹਬੀਬੁੱਲ ਰਹਿਮਾਨ ਨੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੂੰ ਦੱਸੀ ਅਤੇ ਉਹਨਾਂ ਤੋਂ ਸੁਣਕੇ, ਚੱਕਰਵਰਤੀ ਜੀ ਨੇ ਆਪਣੇ "ਮਹਾਂ ਕਾਵਿ ਬਾਰੇ" ਲੇਖ ਵਿਚ ਲਿਖੀ ਸੀ, ਸਫਾ 184
5. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ 145-46
6. ਨਾਮਧਾਰੀ ਇਤਿਹਾਸ, ਨਾਹਰ ਸਿੰਘ ਐਮ.ਏ. (ਸ. ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ),ਸਫਾ 61-62
7. ਉਹੀ, ਸਫਾ 62
8. ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ 165
9. ਉਹੀ, ਸਫਾ 174
10. ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ) ਪਹਿਲੀ ਛਾਪ, ਹੁਕਮਨਾਮਾ ਨੰ: 14, ਸਫਾ 214
11. ਹੁਕਮਨਾਮਾ ਨੰ: 5 ਦਾ ਆਰੰਭ ਵੀ ਇਸੇ ਤਰ੍ਹਾਂ ਹੈ।
12. ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ 189
13. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ 32-33

14. ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ 197 (14) ਉਹੀ, ਸਫਾ 233
15. ਸੰਤ ਕਾਲਾ ਸਿੰਘ ਨੰਗਲ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸੰ. ਦੇਵਿੰਦਰ ਸਿੰਘ ਗਿੱਲ ਜੀਆ ਨੱਥਾ, ਦੂਜੀ ਛਾਪ ਸਫਾ 29-30
16. ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ 365
17. ਉਹੀ, ਸਫਾ 489
18. ਹੁਕਮਨਾਮੇ, ਫੁੱਟ ਨੋਟ ਹੁਕਮਨਾਮਾ ਨੰ: 15, ਸਫਾ 225, ਬੀਬੀ ਚੰਦੋ ਸਤਿਗੁਰੂ ਜੀ ਦੇ ਤਾਏ ਨੱਥਾ ਸਿੰਘ ਦੀ ਪੋਤਰੀ ਸੀ। ਦਰਬਾਰਾ ਸਿੰਘ ਦੀ ਪੁੱਤਰੀ।
19. ਗੁਰੂ ਰਾਮ ਸਿੰਘ ਐਂਡ ਦਾ ਕੂਕਾ ਸਿਖਜ਼ (ਭਾਗ-3, ਦਸਤਾਵੇਜ਼, ਅਪਰੈਲ 1872 ਤੋਂ ਜੂਨ 1880), ਸ. ਨਾਹਰ ਸਿੰਘ ਐਮ.ਏ. ਸਫਾ 130
20. ਨਾਮਧਾਰੀ ਦੇਵੀਆਂ, ਸਫਾ 26-27
21. ਉਹੀ, ਸਫਾ 23
22. ਸਤਿਗੁਰੂ ਬਿਲਾਸ ਭਾਗ ਦੂਜਾ, ਸੰਤ ਸੰਤੋਖ ਸਿੰਘ ਬਾਹੋਵਾਲ, ਛਾਪ ਪਹਿਲੀ, (ਸ. ਜਸਵਿੰਦਰ ਸਿੰਘ), ਸਫਾ 63
23. ਉਹੀ, ਸਫਾ 77-78
24. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਹੁਕਮਨਾਮਾ ਨੰ: 10, ਸਫਾ 185-86
25. ਉਹੀ, ਹੁਕਮਨਾਮਾ ਨੰ: 11, ਸਫਾ 235
26. ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 301-02
27. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ 54-57

# ਆਪਣੇ ਜਿਹੇ ਆਪ
# ਮਾਤਾ ਭੁਪਿੰਦਰ ਕੌਰ ਜੀ

ਸ੍ਰੀ ਮਾਤਾ ਭੁਪਿੰਦਰ ਕੌਰ ਜੀ ਨੂੰ ਅਟੱਲ ਪਰਤਾਪੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਹਿਲ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਨਨੀ ਮਾਤਾ ਹੋਣ ਦਾ ਮਾਨ ਹਾਸਲ ਹੈ। ਦੁਨਿਆਵੀ ਤੌਰ ਤੇ ਆਪ ਦੀ ਆਰਜਾ ਤਾਂ ਬੇਸ਼ਕ ਇੱਕ ਚੌਥਾਈ ਸਦੀ ਹੀ ਸੀ ਪਰ ਗੁਰੂ ਘਰ ਵਿੱਚ ਬਿਤਾਏ ਇੱਕ ਦਹਾਕੇ ਦੇ ਆਪ ਦੇ ਸਮੇਂ ਨੂੰ ਕਈ ਵੱਡੀਆਂ ਪਰਾਪਤੀਆਂ ਨਾਲ ਯਾਦ ਕੀਤਾ ਜਾਂਦਾ ਹੈ। ਵਾਤਸਲ ਦੀ ਮੂਰਤ ਇਹ ਮਾਤਾ ਜੀ ਨਾਂ ਸਿਰਫ ਆਪਣੇ ਦੋਹਾਂ ਸਾਹਿਬਜ਼ਾਦਿਆਂ ਸਗੋਂ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਵਿੱਚ ਰਹਿਣ ਜਾਂ ਦਰਸ਼ਨ ਦੀਦਾਰ ਕਰਨ ਆਈ ਸਮੂੰਹ ਸੰਗਤ ਦੇ ਬੱਚਿਆਂ ਤੋਂ, ਆਪ ਆਪਣਾ ਮਾਤਰੀ ਪ੍ਰੇਮ ਵਾਰਿਆ ਕਰਦੇ ਸਨ। ਛੋਟਿਆਂ ਨਾਲ ਪਿਆਰ ਅਤੇ ਵੱਡਿਆਂ ਦਾ ਸਤਕਾਰ ਉਹਨਾਂ ਦੇ ਸੁਭਾਅ ਦਾ ਹਿੱਸਾ ਸੀ। ਸੇਵਾ, ਸਾਦਗੀ, ਖਿਮਾਂ, ਸਹਿਣਸ਼ੀਲਤਾ ਅਤੇ ਧੀਰਜ ਵਾਲੀ ਉਹਨਾਂ ਦੀ ਸ਼ਖਸੀਅਤ ਦੇ ਪ੍ਰਤੀਬਿੰਬ ਦੇ ਝਲਕਾਰੇ, ਬਾਅਦ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿੱਚ ਸੁਭਾਇਮਾਨ ਹੁੰਦੇ ਹਨ।

ਮਾਤਾ ਜੀ ਦਾ ਪੇਕਿਆਂ ਦਾ ਨਾਮ ਵੀਰ ਕੌਰ ਸੀ। ਘਰ ਵਿੱਚ ਆਪ ਨੂੰ ਬੀਬੀ ਵੀਰੋ ਦੇ ਨਾਮ ਨਾਲ ਬੁਲਾਇਆ ਜਾਂਦਾ ਸੀ। ਮਾਤਾ ਜੀ ਦੇ ਦਾਦਾ ਜੀ ਚੌ. ਹਮੀਰ ਸਿੰਘ ਸਨ ਜਿਹਨਾਂ ਨੌਹਰ ਤਹਿਸੀਲ, ਰਿਆਸਤ ਬੀਕਾਨੇਰ, (ਹੁਣ ਜ਼ਿਲ੍ਹਾ ਹਨੂੰਮਾਨਗੜ੍ਹ-ਰਾਜਸਥਾਨ) ਦੇ ਪਿੰਡ ਸ੍ਰੀ ਕਰਨਪੁਰ ਤੋਂ ਸਰਹਿੰਦ ਨਹਿਰ ਦੀ ਸੋਅ ਸੁਣ ਕੇ, ਰਿਆਸਤ ਪਟਿਆਲਾ ਦੇ ਬਠਿੰਡਾ, ਇਲਾਕੇ ਦੇ ਜੋਗੇ ਵਾਲਾ ਪਿੰਡ ਵਿੱਚ 1200 ਘੁਮਾਂ ਜ਼ਮੀਨ ਆ ਖਰੀਦੀ ਸੀ। ਚੌ. ਹਮੀਰ ਸਿੰਘ ਸੋਹੂ ਪਹਿਲਾਂ ਬੀਬੀ ਗੋਤਮੀ ਨਾਲ ਵਿਆਹਿਆ ਸੀ ਪਰ ਬੱਚਾ ਕੋਈ ਨਹੀਂ ਸੀ। ਜੋਗੇ ਵਾਲੇ ਆ ਕੇ ਉਸ ਨੇ ਅੰਮ੍ਰਿਤ ਛਕ ਲਿਆ ਅਤੇ ਸ੍ਰ. ਹਮੀਰ ਸਿੰਘ ਹੋ ਗਿਆ। ਨੇੜੇ ਦੇ ਸਿੱਧੂ ਬਰਾੜ ਸਰਦਾਰਾਂ ਦੇ ਪਿੰਡ ਮਲਕਾਣੇ ਉਹਨਾਂ ਦਾ ਦੂਜਾ ਵਿਆਹ ਹੋ ਗਿਆ। ਇਸ ਵਿਆਹ ਵਿੱਚੋਂ ਵੱਡੀ ਬੇਟੀ ਸਦਾ ਕੌਰ ਅਤੇ ਦੋ ਪੁੱਤਰ ਸੱਦਾ ਸਿੰਘ ਅਤੇ ਸੁੰਦਰ ਸਿੰਘ ਹੋਏ। ਜਦੋਂ ਸਰਹਿੰਦ ਨਹਿਰ ਦੀ ਸ਼ਾਖ, ਅਬੋਹਰ ਦੀ ਪੁਟਾਈ ਸ਼ੁਰੂ ਹੋਈ ਤਾਂ ਸ੍ਰ. ਹਮੀਰ ਸਿੰਘ ਨੇ ਜੋਗੇ ਵਾਲੇ ਦੀ ਜ਼ਮੀਨ ਗਹਿਣੇ ਪਾ ਕੇ, ਫੀਰੋਜ਼ਪੁਰ ਜ਼ਿਲ੍ਹੇ ਦੀ ਫਾਜ਼ਿਲਕਾ ਤਹਿਸੀਲ ਵਿੱਚ 'ਰੱਤਾ ਵਾਸ' ਪਿੰਡ ਦੀ

ਮੋਹੜੀ ਗੱਡੀ। ਸਰਦਾਰ ਜੀ ਨੇ 1600 ਘੁਮਾਂ ਜ਼ਮੀਨ ਆਪਣੇ ਪਾਸ ਰੱਖ ਕੇ, ਦੂਜੀ ਰਿਸ਼ਤੇਦਾਰਾਂ ਵਿੱਚ ਵੰਡ ਦਿੱਤੀ। ਸਮਾਂ ਪਾ ਕੇ ਰੱਤਾ ਵਾਸ ਦਾ ਨਾਮ ਟੱਪਰੀ ਵਾਸਾਂ ਦੀ ਇੱਕ ਗੱਦੋਂ ਜਾਂ ਗਧੀ ਇਸਦੀ ਢਾਬ ਵਿੱਚ ਡੁੱਬਣ ਕਾਰਨ, 'ਗੱਦਾਂ-ਡੋਬ' ਪ੍ਰਚਲਿਤ ਹੋ ਗਿਆ। ਆਪਣੇ ਇੱਕ ਦੌਰੇ ਸਮੇਂ ਗੁਰੂ ਹਰੀ ਸਿੰਘ ਜੀ ਨੇ ਇਸ ਨੂੰ "ਵੱਡ- ਤੀਰਥ", ਹਰੀਪੁਰ (ਅਬੋਹਰ) ਦੀ ਡਿਉਢੀ ਹੋਣ ਦਾ ਮਾਨ ਬਖਸ਼ਿਆ ਸੀ।[1]

ਬੀਬੀ ਵੀਰ ਕੌਰ ਦਾ ਜਨਮ ਪਿਤਾ ਸ੍ਰ. ਸੁੰਦਰ ਸਿੰਘ ਸੋਹੂ ਅਤੇ ਮਾਤਾ ਰਾਮ ਕੌਰ ਦੇ ਘਰ ਕੱਤਕ 1955 ਬਿਕ੍ਰਮੀ ਮੁਤਾਬਿਕ ਅਕਤੂਬਰ, ਨਵੰਬਰ 1898 ਵਿੱਚ ਹੋਇਆ।[2] ਮਾਤਾ ਰਾਮ ਕੌਰ ਫੂਲੇਵਾਲਾ (ਮੁਕਤਸਰ) ਦੇ ਬਾਬਾ ਖੜਕ ਸਿੰਘ ਦੀ ਪੋਤਰੀ ਸੀ। ਬਾਬਾ ਖੜਕ ਸਿੰਘ, ਰਿੱਧੀਆਂ ਸਿੱਧੀਆਂ ਦੇ ਧਾਰਨੀ ਤੇ ਖਾੜਕੂ ਸੁਭਾਅ ਦੇ ਮਾਲਕ ਸਨ। ਇਲਾਕੇ ਦੇ ਨਾਮਧਾਰੀਆਂ ਵਿੱਚ ਉਹ ਸਿਰਮੌਰ ਵਿਅਕਤੀ ਸਨ। ਬਾਬਾ ਖੜਕ ਸਿੰਘ ਜੀ ਦੇ ਪ੍ਰਭਾਵ ਸਦਕਾ ਹੀ ਸ੍ਰ. ਸੁੰਦਰ ਸਿੰਘ ਜੀ ਗੁਰੂ ਹਰੀ ਸਿੰਘ ਜੀ ਦੇ ਦ੍ਰਿੜ ਵਿਸ਼ਵਾਸੀ ਸੇਵਕ ਸਨ।[3] ਨਾਮਧਾਰੀ ਸਿੱਖੀ ਵਿੱਚ ਤਾਂ ਵੱਡਾ ਭਾਈ ਸੱਦਾ ਸਿੰਘ ਵੀ ਆ ਚੁੱਕਾ ਸੀ ਪਰ ਉਹ ਸੁਭਾਅ ਦਾ ਅੜਬ ਅਤੇ ਇਲਾਕੇ ਦੇ ਇਸ ਤਰ੍ਹਾਂ ਦੇ ਲੋਕਾਂ ਨਾਲ ਹੀ ਜ਼ਿਆਦਾ ਮੇਲ ਮਿਲਾਪ ਰੱਖਣ ਵਾਲਾ ਸੀ।

ਸ੍ਰ. ਸੁੰਦਰ ਸਿੰਘ - ਰਾਮ ਕੌਰ ਦੰਪਤੀ ਦੇ ਕੁੱਲ ਪੰਜ ਬੱਚੇ ਸਨ। ਤਿੰਨ ਪੁੱਤਰ, ਕਿਰਪਾਲ ਸਿੰਘ, ਸੂਬਾ ਮੀਹਾਂ ਸਿੰਘ ਅਤੇ ਨਾਹਰ ਸਿੰਘ (ਇਹ ਵੀ ਸੂਬੇ ਸਨ), ਦੋ ਪੁੱਤਰੀਆਂ ਬੀਬੀ ਹਰਨਾਮ ਕੌਰ ਅਤੇ ਬੀਬੀ ਵੀਰ ਕੌਰ। ਬੀਬੀ ਵੀਰ ਕੌਰ ਪੰਜਾਂ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟੀ ਸੀ। ਸਤਿਗੁਰੂ ਜੀ ਦੇ ਨਾਲ ਜਲਾਵਤਨ ਹੋਏ ਦਸਾਂ ਵਿੱਚੋਂ ਇੱਕ ਸੂਬਾ ਹੁਕਮਾ ਸਿੰਘ ਵੈਸੇ ਤੇ ਪਿੰਡ ਪਿੱਥੋ ਦੇ ਸਨ। ਕੈਦ ਕੱਟ ਕੇ ਚੁਨਾਰ ਕਿਲੇ ਤੋਂ 1887-88 ਈ. ਵਿੱਚ ਵਾਪਸ ਆਏ ਤਾਂ ਪਿੱਥੋ ਰਹਿਣ ਦੀ ਆਗਿਆ ਸਰਕਾਰ ਤੋਂ ਨਾ ਮਿਲੀ। ਉਹ ਗੁਰੂਸਰ ਸ੍ਰ. ਸੁੰਦਰ ਸਿੰਘ ਜੀ ਪਾਸ ਆ ਰਹੇ ਸਨ।ਪਿੰਡੋਂ ਬਾਹਰ ਕੁਟੀਆ ਬਣਾ ਦਿੱਤੀ ਸੀ ਜਿੱਥੇ ਉਹ 1912 ਈ. ਵਿੱਚ ਹੁਕਮ ਸੱਤ ਹੋਏ। ਬੀਬੀ ਵੀਰ ਕੌਰ ਨੂੰ ਅੰਮ੍ਰਿਤ ਸੰਸਕਾਰ, ਪੈਦਾ ਹੋਣ ਬਾਅਦ ਸੂਬਾ ਹੁਕਮਾ ਸਿੰਘ ਹੋਰਾਂ ਦੁਆਰਾ ਹੋਇਆ ਸੀ।ਉਹਨਾਂ ਨੇ ਹੀ ਆਪ ਨੂੰ ਭਜਨ ਦੱਸਿਆ ਸੀ।

ਬੀਬੀ ਵੀਰੋ ਜਦੋਂ ਤਿੰਨ ਚਾਰ ਸਾਲ ਦੇ ਹੋ ਗਏ ਤਾਂ ਇਕ ਹਰੀ ਸਿੰਘ ਨਾਮ ਦਾ ਸਾਧੂ ਘਰ ਆਇਆ।ਉਹਨਾਂ ਨੇ ਬੀਬੀ ਜੀ ਦਾ ਚਿਹਰਾ ਮੋਹਰਾ ਵੇਖ ਕੇ ਮਾਤਾ ਰਾਮ ਕੌਰ ਜੀ ਨੂੰ ਕਿਹਾ- "ਮਾਤਾ ! ਵੀਰੋ ਦਾ ਮੂੰਹ ਨਾ

ਫਿਟਕਾਰਨਾ, ਇਹ ਜਗਤ-ਮਾਤਾ ਬਣੇਗੀ। ਸ਼ਕਤੀ ਆਪ ਜਾਮਾ ਧਾਰਿਆ ਹੈ।''[4]

ਨੀਲਿਆਂ ਵਾਲੀ ਰਿਆਸਤ ਬਹਾਵਲਪੁਰ ਦੇ ਜੈਲਦਾਰ ਗੁਰਮੁਖ ਸਿੰਘ ਸਨ।ਉਹ ਵੀ ਗੁਰੂ ਹਰੀ ਸਿੰਘ ਜੀ ਦੇ ਨਾਮਧਾਰੀ ਸਿੱਖ ਸਨ ਅਤੇ ਸ੍ਰ. ਸੱਦਾ ਸਿੰਘ ਸੋਹੂ ਨਾਲ ਉਹਨਾਂ ਦਾ ਵਾਹਵਾ ਨੇੜ ਸੀ। ਬੱਡ ਤੀਰਥ ਹਰੀਪੁਰੇ ਦਾ ਪ੍ਰਸਿੱਧ ਗੁਰਦੁਆਰਾ ਉਹਨਾਂ ਹੀ ਬਣਵਾ ਕੇ ਨਾਮਧਾਰੀ ਸੰਗਤ ਨੂੰ ਭੇਟ ਕੀਤਾ ਸੀ ਸੰਨ 1890 ਈ. ਦੇ ਨੇੜੇ ਤੇੜੇ। ਬਾਅਦ ਵਿੱਚ ਜਦੋਂ ਰਿਆਸਤ ਬਹਾਵਲਪੁਰ ਅਤੇ ਆਸੇ ਪਾਸੇ ਸਿੰਘ ਸਭਾ ਦਾ ਪਰਚਾਰ ਜੋਰ ਫੜ ਗਿਆ ਤਾਂ ਸ੍ਰ. ਗੁਰਮੁਖ ਸਿੰਘ ਇਸ ਦੀ ਕਾਂਗ ਅੱਗੇ ਟਿਕ ਨਾ ਸਕਿਆ। ਇਸ ਤੋਂ ਪਹਿਲਾਂ ਸ੍ਰ. ਸੱਦਾ ਸਿੰਘ ਨੇ ਆਪਣਾ ਧਾਕੜ ਸੁਭਾਅ ਵਰਤਦਿਆਂ, ਛੋਟੇ ਭਰਾ ਸੁੰਦਰ ਸਿੰਘ ਤੇ ਦਬਾਅ ਪਾ ਕੇ ਬੀਬੀ ਵੀਰੋ ਦਾ ਰਿਸ਼ਤਾ ਜ਼ੈਲਦਾਰ ਗੁਰਮੁਖ ਸਿੰਘ ਦੇ ਲੜਕੇ ਨੂੰ ਕਰਵਾ ਦਿੱਤਾ। ਪਰ ਹੁਣ ਜਦੋਂ ਸਰਦਾਰ ਕੂਕ ਪੁਣੇ ਤੋਂ ਮੁਨਕਰ ਹੋ ਗਿਆ ਤਾਂ ਸ੍ਰ. ਸੁੰਦਰ ਸਿੰਘ ਸੋਹੂ ਨੇ ਲਾਗੀ ਭੇਜ ਕੇ, ਜ਼ੈਲਦਾਰ ਗੁਰਮੁਖ ਸਿੰਘ ਨੂੰ ਉਸ ਦੇ ਲੜਕੇ ਦੇ ਰਿਸ਼ਤੇ ਤੋਂ ਇਹ ਕਹਿੰਦਿਆਂ ਤੋੜ ਵਿਛੋੜਾ ਕਰ ਦਿੱਤਾ ਕਿ ਅਸਾਂ ਨਾਤਾ ਤੇਰੇ ਕੂਕਾ ਹੋਣ ਕਰ ਕੇ ਹੀ ਜੋੜਿਆ ਸੀ। ਹੁਣ ਤੂੰ ਆਪਣਾ ਪੜ੍ਹਿਆ ਵਿਚਾਰ। ਇਸ ਰਿਸ਼ਤਾ ਟੁੱਟਣ ਤੇ ਮਾਤਾ ਰਾਮ ਕੌਰ ਨੇ ਤਾਂ ਕੁਝ ਭਰਮ ਕੀਤਾ ਪਰ ਸਰਦਾਰ ਜੀ ਨੇ ਕਿਹਾ ਕਿ ਫਿਕਰ ਨਾ ਕਰੋ। ਗੁਰੂ ਕੋਈ ਚੰਗੀ ਬਿਧ ਬਣਾਏਗਾ। ਸਰਦਾਰ ਜੀ ਨੇ ਉਦੋਂ ਹੀ ਆਪਣੇ ਮਨ ਵਿੱਚ ਇਹ ਧਾਰ ਲਿਆ ਕਿ ਉਹ ਇਹ ਰਿਸ਼ਤਾ ਗੁਰੂ ਹਰੀ ਸਿੰਘ ਜੀ ਦੇ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਨਾਲ ਹੀ ਕਰੇਗਾ।[5] ਸਮਾਂ ਲੰਘਦਾ ਗਿਆ। ਗੁਰੂ ਹਰੀ ਸਿੰਘ ਜੀ ਜੋਤੀ ਜੋਤਿ ਸਮਾ ਗਏ। ਸਤਿਗੁਰੂ ਪਰਤਾਪ ਸਿੰਘ ਜੀ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਬਿਰਾਜਮਾਨ ਹੋ ਚੁੱਕੇ ਸਨ।

ਲੰਬੜਦਾਰ ਸੱਦਾ ਸਿੰਘ ਨੂੰ ਭਰਾ ਦੇ ਇਸ ਇਰਾਦੇ ਦੀ ਜਦੋਂ ਸੂਹ ਮਿਲੀ ਤਾਂ ਉਹ ਲੋਹਾ ਲਾਖਾ ਹੋ ਗਿਆ। ਉਹ ਜਾਤੀ ਅਭਿਮਾਨ ਦੇ ਫੁੰਕਾਰੇ ਛੱਡਣ ਲੱਗਾ ਅਤੇ ਆਸ ਪਾਸ ਦੇ ਆਪਣੇ ਵਰਗੇ ਲੋਕਾਂ ਨੂੰ ਵੀ ਭੜਕਾਊ ਭਾਸ਼ਣ ਬਾਜੀ ਕਰ ਕੇ, ਆਪਣੇ ਨਾਲ ਗੰਢਣ ਲੱਗਾ। ਇਸ ਕਸ਼ਮਕਸ਼ ਵਿੱਚ ਸ੍ਰ. ਸੁੰਦਰ ਸਿੰਘ ਜੀ ਵੀ ਢਿੱਲੇ ਮੱਠੇ ਰਹਿਣ ਲੱਗ ਪਏ ਪਰ ਉਹਨਾਂ ਆਪਣੀ ਧਰਮ ਪਤਨੀ, ਮਾਤਾ ਰਾਮ ਕੌਰ ਅਤੇ ਤਿੰਨਾਂ ਪੁੱਤਰਾਂ ਨੂੰ ਕੋਲ ਬੁਲਾ ਕੇ ਆਪਣਾ ਸੰਕਲਪ ਦੁਹਰਾਇਆ ਕਿ ਬੀਬੀ ਵੀਰੋ ਦਾ ਰਿਸ਼ਤਾ, ਸਤਿਗੁਰੂ ਪਰਤਾਪ ਸਿੰਘ ਜੀ ਨਾਲ ਕਰਨਾ ਹੈ। ਸਾਰਿਆਂ ਨੇ ਉਹਨਾਂ ਦੇ ਬਚਨ ਅੱਗੇ ਸਿਰ ਨਿਵਾਇਆ। ਨਾਹਰ ਸਿੰਘ ਹੋਰੀਂ ਉਮਰ ਵਿੱਚ ਅਜੇ ਛੋਟੇ ਹੀ ਸਨ,

ਕਿਰਪਾਲ ਸਿੰਘ ਕੁਝ ਢਿੱਲੇ ਰਹਿੰਦੇ ਸਨ। ਮੀਹਾਂ ਸਿੰਘ ਹੋਰਾਂ ਨੇ ਕਿਹਾ ਕਿ ਆਪ ਦਾ ਹਰ ਹੁਕਮ ਸਿਰ ਧੜ ਦੀ ਬਾਜ਼ੀ ਲਾ ਕੇ ਪੂਰਾ ਕਰਾਂਗੇ।

ਸ੍ਰ. ਸੁੰਦਰ ਸਿੰਘ ਜੀ ਦੇ ਇਕ ਮਿੱਤਰ ਨਾਮਧਾਰੀ ਮਿਸਤਰੀ ਜੁਆਲਾ ਸਿੰਘ ਜੀ, ਪਿੱਛੋਂ ਤਾਂ ਦੁਆਬੇ ਦੇ ਸਨ ਪਰ ਹੁਣ ਮੰਡੀ ਡੱਬਵਾਲੀ ਵਿੱਚ ਰਹਿੰਦੇ ਸਨ। ਸ੍ਰ. ਜੀ ਨੇ ਉਹਨਾਂ ਨੂੰ ਆਪਣੇ ਪਾਸ ਬੁਲਾ ਕੇ, ਅੰਤਿਮ ਸਮਾਂ ਹੋਣ ਕਾਰਨ, ਸਤਿਗੁਰੂ ਪਰਤਾਪ ਸਿੰਘ ਜੀ ਪਾਸ ਦਰਸ਼ਨ ਦੇਣ ਦੀ ਬੇਨਤੀ ਕਰਨ ਲਈ ਭੈਣੀ ਸਾਹਿਬ ਭੇਜਿਆ। ਜੁਆਲਾ ਸਿੰਘ ਨੂੰ ਸਤਿਗੁਰੂ ਜੀ ਲੁਧਿਆਣੇ ਸਟੇਸ਼ਨ ਤੇ ਹੀ ਮਿਲ ਪਏ। ਬੇਨਤੀ ਸੁਣ ਕੇ ਬਾਕੀ ਸੰਗਤ ਨੂੰ ਭੈਣੀ ਸਾਹਿਬ ਭੇਜ ਕੇ ਆਪ ਆਪਣੇ ਲਾਂਗਰੀ ਸਿੰਘ ਨੂੰ ਨਾਲ ਲੈ ਕੇ ਧੂਰੀ, ਬਠਿੰਡਾ ਹੁੰਦੇ ਪੱਕੀ ਦੇ ਸਟੇਸ਼ਨ ਤੋਂ ਉੱਤਰ ਕੇ ਅਗਲੀ ਸੁਬਹਾ ਗੁਰੂਸਰ ਜਾ ਪੁੱਜੇ। ਸਰਦਾਰ ਜੀ ਅਤੇ ਪਰਿਵਾਰ ਦਰਸ਼ਨ ਕਰ ਕੇ ਨਿਹਾਲ ਹੋ ਗਿਆ।

ਸ੍ਰ. ਸੁੰਦਰ ਸਿੰਘ ਜੀ ਪਾਸ ਸੂਬਾ ਹੁਕਮਾ ਸਿੰਘ ਹੋਰਾਂ ਦਾ ਇੱਕ ਸੇਵਕ ਬਾਬਾ ਸਾਵਣ ਸਿੰਘ ਰਹਿੰਦਾ ਸੀ। ਸੁੰਦਰ ਸਿੰਘ ਜੀ ਨੇ ਉਹਨਾਂ ਨੂੰ ਘਰ ਵਿੱਚ ਪਰਕਾਸ਼ ਕੀਤੇ ਆਦਿ ਗੁਰੂ ਗਰੰਥ ਸਾਹਿਬ ਤੋਂ ਵਾਕ ਲੈਣ ਲਈ ਕਿਹਾ, ਵਾਕ ਲਿਆ–

ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ
ਸਦ ਨਵਤਨੁ ਬਾਲ ਸਖਾਈ।

(ਸੂਹੀ ਮ: ਚੌਥਾ, ਅੰਗ ੭੭੩)

ਬਾਬਾ ਸਾਵਣ ਸਿੰਘ ਜੀ ਨੇ ਕਿਹਾ, ਸਰਦਾਰ ਜੀ ਕਰੋ ਕਾਰਜ . ਪਰਿਵਾਰ ਦੇ ਸੱਜਣ ਸਭ ਹਾਜਰ ਸਨ।ਮਾਤਾ ਭੁਪਿੰਦਰ ਕੌਰ ਜੀ ਨੇ ਫੁੱਲ ਮਾਲਾ ਅਤੇ ਉੱਨ ਦੀ ਮਾਲਾ ਮੱਥਾ ਟੇਕ ਕੇ, ਸਤਿਗੁਰੂ ਜੀ ਨੂੰ ਪਹਿਰਾਈ। ਇਸੇ ਤਰ੍ਹਾਂ ਸਤਿਗੁਰੂ ਜੀ ਨੇ ਉੱਨ ਮਾਲਾ ਬੀਬੀ ਵੀਰੋ ਜੀ ਨੂੰ ਪਹਿਨਾ ਦਿੱਤੀ। ਪਤਾਸਿਆਂ ਦਾ ਪਰਸਾਦ ਵਰਤਾ ਦਿੱਤਾ ਗਿਆ। ਸਤਿਗੁਰੂ ਜੀ ਉਸ ਤੋਂ ਬਾਅਦ ਤੁਰੰਤ ਹੀ ਸ੍ਰੀ ਭੈਣੀ ਸਾਹਿਬ ਨੂੰ ਪਰਤ ਆਏ।[6] ਵਹਿਮੀ ਜੀ ਮੁਤਾਬਿਕ ਇਸ ਸਮੇਂ ਮਾਤਾ ਜੀਵਨ ਕੌਰ ਜੀ ਵੀ ਸਤਿਗੁਰੂ ਜੀ ਦੇ ਨਾਲ ਆਏ ਸਨ।

ਸ੍ਰ. ਸੱਦਾ ਸਿੰਘ ਹੋਰੀਂ ਖੁੱਲ੍ਹਮ ਖੁੱਲ੍ਹਾ ਇਸ ਪ੍ਰਸਤਾਵਿਤ ਅਨੰਦ ਕਾਰਜ ਦੇ ਵਿਰੁੱਧ ਹਰ ਤਰ੍ਹਾਂ ਦੀ ਲਾਮਬੰਦੀ ਕਰ ਕੇ, ਭਿਆਨਕ ਨਤੀਜਿਆਂ ਦੀਆਂ ਧਮਕੀਆਂ ਦੇਣ ਲੱਗ ਪਏ। ਹੋਰ ਤੇ ਹੋਰ ਉਹਨਾਂ ਬੀਬੀ ਵੀਰੋ ਜੀ ਦੀ ਵੱਡੀ

ਭੈਣ ਬੀਬੀ ਹਰਨਾਮ ਕੌਰ ਜੋ 'ਵਿੜਗੀਂ' ਜ਼ੈਲਦਾਰ ਮੱਘਰ ਸਿੰਘ ਦੇ ਛੋਟੇ ਭਰਾ ਚੱਘੜ ਸਿੰਘ ਨੂੰ ਵਿਆਹੀ ਸੀ, ਉਸਦੇ ਪਤੀ ਚੱਘੜ ਸਿੰਘ ਤੋਂ ਮਾਤਾ ਰਾਮ ਕੌਰ ਨੂੰ ਧਮਕੀ ਦੁਆਈ ਕਿ ਜੇ ਇਹ ਰਿਸ਼ਤਾ ਹੋਇਆ ਤਾਂ ਮੈਂ ਤੁਹਾਡੀ ਧੀ ਛੱਡ ਦਿਆਂਗਾ। ਮਾਤਾ ਦਾ ਜੁਆਬ ਸੀ ਕੋਈ ਗੱਲ ਨਹੀਂ, ਅਸੀਂ ਸਮਝ ਲਵਾਂਗੇ ਕਿ ਸਾਡਾ ਜੁਆਈ ਮਰ ਗਿਆ ਹੈ।[7]

ਸ੍ਰ. ਸੁੰਦਰ ਸਿੰਘ ਜੀ ਵੀ ਇਹਨਾਂ ਦਿਨਾਂ ਵਿੱਚ ਹੀ ਚੜ੍ਹਾਈ ਕਰ ਗਏ ਸਨ। ਉਹਨਾਂ ਦੇ ਭੋਗ ਤੋਂ ਕੁਝ ਬਾਅਦ ਮਾਤਾ ਰਾਮ ਕੌਰ ਜੀ ਨੇ ਆਪਣੇ ਪੁੱਤਰ ਮੀਹਾਂ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ ਕਿ ਮਾਤਾ ਜੀਵਨ ਕੌਰ ਜੀ ਪਾਸ ਸਤਿਗੁਰੂ ਜੀ ਦੇ ਅਨੰਦ ਕਾਰਜ ਦਾ ਦਿਨ ਮਿਥਣ ਦੀ ਬੇਨਤੀ ਕਰ ਆਵੇ। ਕੁਝ ਸਮੇਂ ਬਾਅਦ ਮਾਤਾ ਜੀ ਨੇ ਸਤਿਗੁਰੂ ਜੀ ਨਾਲ ਸਲਾਹ ਕਰ ਕੇ 13 ਪੋਹ 1971 ਬਿਕ੍ਰਮੀ ਮੁਤਾਬਿਕ 27 ਦਸੰਬਰ, 1914 ਈ. ਐਤਵਾਰ ਦਾ ਦਿਨ ਮਿਥ ਲਿਆ। ਅਨੰਦ ਤੋਂ ਸੱਤ ਕੁ ਦਿਨ ਪਹਿਲਾਂ ਮਾਤਾ ਜੀਵਨ ਕੌਰ ਜੀ ਅਤੇ ਕੁਝ ਲਾਂਗਰੀ ਸਿੰਘ, ਗੁਰੂਸਰ ਆਏ ਸਨ ਤਾਂਕਿ ਸਾਰੇ ਕਾਰਜ ਦੀ ਨਿਰਵਿਘਨਤਾ ਨਾਲ ਪੂਰਨ ਤਿਆਰੀ ਅਤੇ ਨਿਗਰਾਨੀ ਕੀਤੀ ਜਾ ਸਕੇ।[8]

ਤਾਇਆ ਸੱਦਾ ਸਿੰਘ ਆਪਣੇ ਜੋਟੀਦਾਰਾਂ ਨੂੰ ਵੰਗਾਰ ਕੇ ਆਪਣੇ ਚੁਬਾਰੇ ਵਿੱਚ ਹਥਿਆਰ, ਅਸਲਾ ਆਦਿ ਜਮ੍ਹਾਂ ਕਰੀ ਬੈਠਾ ਸੀ। ਇਸ ਅਨੰਦ ਕਾਰਜ ਨੂੰ ਆਪਣੇ ਜਾਤ ਅਭਿਮਾਨ ਤੇ ਸੱਟ ਪ੍ਰਚਾਰ ਕਰ ਕੇ, ਆਲੇ ਦੁਆਲੇ ਦੇ ਬਾਗੜੀ ਜਾਟਾਂ ਅਤੇ ਪਚਾਧੇ ਮੁਸਲਮਾਨਾਂ ਤੇ ਪਿੰਡ ਵਿੱਚ ਇਕ ਦੋ ਘਰਾਂ ਨੂੰ ਹੀ ਛੱਡ ਕੇ, ਸਭ ਨੂੰ ਆਪਣੇ ਨਾਲ ਗੰਢ ਲਿਆ। ਤੇ ਕਹਿੰਦਾ ਫਿਰੇ ਕਿ ਮੇਰੇ ਜਿਊਂਦਿਆਂ ਇਹ ਵਿਆਹ ਨਹੀਂ ਹੋ ਸਕਦਾ।

ਨੇੜੇ ਹੀ 'ਸਰਾਵਾਂ' ਬੋਦਲਿਆਂ ਦਾ ਪਿੰਡ ਸੀ। ਬੋਦਲੇ ਮੁਸਲਮਾਨਾਂ ਦੇ ਪੀਰ ਸਨ।ਮੀਹਾਂ ਸਿੰਘ ਜੀ ਨੇ ਜਦੋਂ ਸਾਰੀ ਗੱਲ ਦੱਸੀ ਤਾਂ ਉਹਨਾਂ ਕਿਹਾ ਜੇ ਤੁਹਾਡੇ ਪੀਰ ਜੀ ਨੇ ਇੱਥੇ ਢੁੱਕਣਾ ਹੈ ਤਾਂ ਅਸੀਂ ਤੁਹਾਡੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹਾਂ। ਇਹਨਾਂ ਬੋਦਲਿਆਂ ਦੀ ਜਗੀਰ ਚਾਰ ਪਿੰਡਾਂ ਵਿੱਚ ਫੈਲੀ ਹੋਈ ਸੀ। ਦੂਜੇ ਪਾਸੇ ਫੂਲੇ ਵਾਲ, ਕਰਾਈ ਵਾਲ, ਦੂਹੇ ਵਾਲ, ਥਰਾਜ ਵਾਲਾ ਅਤੇ ਖੂਨਣ ਆਦਿ ਪਿੰਡਾਂ ਵਿੱਚ ਨਾਮਧਾਰੀਆਂ ਦਾ ਬੜਾ ਜ਼ੋਰ ਸੀ, ਉਹਨਾਂ ਸਾਰਿਆਂ ਨੇ ਵੀ ਮੀਹਾਂ ਸਿੰਘ ਹੋਰਾਂ ਨੂੰ ਕਿਹਾ, ਅਸੀਂ ਤੁਹਾਡੇ ਨਾਲ ਹਾਂ, ਕੋਈ ਸਤਿਗੁਰੂ ਜੀ ਵੱਲ ਮੈਲੀ ਅੱਖ ਕਰੇ ਤੇ ਸਹੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਕੁਝ ਸੂਰਬੀਰ ਸਿੰਘਾਂ ਦਾ ਇਕ ਦਲ ਭੇਜ ਦਿੱਤਾ ਕਿ ਤੁਸੀਂ ਚੁੱਪ ਚਾਪ ਭਜਨ ਕਰਦਿਆਂ ਵਿਚਰਨਾ ਅਤੇ ਸਾਰੇ

ਕੰਮ ਤੇ ਨਿਗਾਹ ਰੱਖਣੀ। ਹੁਣ ਅਨੰਦ ਦੇ ਦਿਨ ਤੋਂ ਪਹਿਲਾਂ ਹੀ ਸ਼ਬਦ ਪੜ੍ਹਦੇ, ਸਲੋਤਰਾਂ, ਸਫਾ ਜੰਗਾਂ ਨਾਲ ਲੈਸ ਕੂਕੇ ਸਿੰਘਾਂ ਦੇ ਦਲ ਲੱਥਣੇ ਸ਼ੁਰੂ ਹੋ ਗਏ, ਜਿਹਨਾਂ ਵਿੱਚ ਪ੍ਰਮੁੱਖ ਸਨ, ਸੰਤ ਜਵੰਦ ਸਿੰਘ ਜ਼ਿੰਦਾ ਸ਼ਹੀਦ ਖਿਆਲੇ ਵਾਲੇ, ਆਪਣੇ ਵੱਡੇ ਜੱਥੇ ਸਮੇਤ, ਸੰਤ ਕਰਮ ਸਿੰਘ, ਹਿੰਮਤ ਪੁਰਾ, ਮੱਲ ਸਿੰਘ ਠੇਠਰ ਆਦਿ। ਆਤਮਾ ਸਿੰਘ ਖਿਹਾਲਾ ਵਾਅ ਭਾਅ ਲੈਣ ਬਾਹਰ ਨਿਕਲਿਆ। ਉਸ ਵੇਖਿਆ ਕਿ ਸੱਦਾ ਸਿੰਘ ਦੀ ਘਰ ਵਾਲੀ, ਮਾਤਾ ਰਾਮ ਕੌਰ ਨੂੰ ਗਾਹਲਾਂ ਕੱਢ ਰਹੀ ਹੈ। ਆਤਮਾ ਸਿੰਘ ਨੇ ਕਿਹਾ, 'ਖਬਰਦਾਰ ਜੇ ਹੁਣ ਗਾਹਲ ਕੱਢੀ ਤਾਂ ਮੈਂ ਤੇਰੀ ਜਾਨ ਕੱਢ ਦਿਆਂਗਾ।' ਉਸ ਸੱਦਾ ਸਿੰਘ ਨੂੰ ਜਾ ਦੱਸਿਆ, ਪਰ ਸੂਰਮੇ ਸਿੰਘ ਦਾ ਦਬਦਬਾ ਵੇਖ ਕੇ ਉਹ ਚੁੱਪ ਕਰ ਰਿਹਾ। ਮੀਹਾਂ ਸਿੰਘ ਨੇ ਫਿਰੋਜ਼ਪੁਰ ਡੀ.ਸੀ. ਕਾਨਰ ਨੂੰ ਮਿਲ ਕੇ ਤਾਏ ਸੱਦਾ ਸਿੰਘ ਬਾਰੇ ਦਰਖਾਸਤ ਦਿੱਤੀ ਕਿ ਮੇਰੀ ਭੈਣ ਦੀ ਸ਼ਾਦੀ ਵਿੱਚ ਵਿਘਨ ਪਾਉਂਦਾ ਹੈ। ਤੁਰੰਤ ਇਕ ਥਾਣੇਦਾਰ ਸੱਦਾ ਸਿੰਘ ਪਾਸ ਆਇਆ। ਉਸ ਕਿਹਾ ਕਿ ਸਰਦਾਰ ਜੀ ਜਾਂ ਤਾਂ ਦਸ ਦਿਨ ਪਿੰਡ ਛੱਡ ਦਿਓ ਜਾਂ ਫਿਰ ਦਸ ਦਿਨ ਜਿਹਲ ਵਿੱਚ ਚੱਲੋ। ਸੱਦਾ ਸਿੰਘ ਗੱਡੇ ਤੇ ਸਮਾਨ ਲੱਦ ਕੇ ਆਪਣੀ ਭੈਣ ਦੇ ਪਿੰਡ ਰੁਪਾਣੇ ਜਾ ਰਿਹਾ। ਹੁਣ ਅਨੰਦ ਕਾਰਜ ਲਈ ਮੈਦਾਨ ਸਾਫ ਸੀ।[੯]

ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਹਜ਼ੂਰੀ ਜੱਥੇ, ਸ੍ਰੀ ਭੈਣੀ ਸਾਹਿਬ ਵਿਖੇ ਹੀ ਰਹਿਣ ਵਾਲੇ ਪੁਰਾਤਨ ਸਾਧੂ ਸੰਤ, ਮਹੰਤ ਗੁਰਦਿਤ ਸਿੰਘ ਮੋਰੋਂ, ਲਾਂਗਰੀ ਰਾਘੋ ਸਿੰਘ, ਹਰਨਾਮ ਸਿੰਘ ਨਥਾਣੀਆ, ਮਹੰਤ ਸੇਵਾ ਸਿੰਘ ਸਧਾਰੀ ਮਾਜਰਾ, ਹੀਰਾ ਸਿੰਘ ਟਿੱਕਾ ਮੂੰਡੀਆਂ, ਗੋਧਾ ਸਿੰਘ ਅਬਲੂ, ਭਾਈ ਵਸਾਖਾ ਸਿੰਘ, ਆਲਾ ਸਿੰਘ ਦਾਲਮ, ਚੇਤ ਸਿੰਘ ਆਸਲਾਂ, ਸੁਹੇਲ ਸਿੰਘ ਬਿਲਗਾ, ਵੀਰ ਸਿੰਘ ਜਹਾਨ ਰਾਮਪੁਰ ਆਦਿ ਅਤੇ ਸਾਰੇ ਹੀ ਪ੍ਰਸਿੱਧ ਸਾਧੂ ਸੰਤ, ਰਾਗੀ ਰਬਾਬੀ, ਜੱਥੇਦਾਰ, ਪਰਚਾਰਕ ਪਹਿਲਾਂ ਬਠਿੰਡੇ ਜੰਕਸ਼ਨ ਤੇ ਪੁੱਜੇ ਅਤੇ ਉੱਥੇ ਜਲ ਪਾਣੀ ਛਕ ਕੇ ਫਿਰ ਇਕ ਸਪੈਸ਼ਲ ਅਨੰਦ ਟਰੇਨ ਤੋਂ ਪੱਕੀ ਦੇ ਰੇਲਵੇ ਸਟੇਸ਼ਨ ਤੇ ਜੋ ਬਹਾਵਲਪੁਰ ਜਾਣ ਵਾਲੀ ਲਾਈਨ ਤੇ ਸੀ ਜਾ ਉੱਤਰੇ, 12 ਪੋਹ ਦੀ ਸ਼ਾਮ ਨੂੰ। ਇੱਥੋਂ ਰਥਾਂ, ਗੱਡੀਆਂ, ਗੱਡਿਆਂ, ਊਠਾਂ, ਘੋੜਿਆਂ ਆਦਿ ਤੇ ਸਵਾਰ ਹੋ ਕੇ ਅਤੇ ਪੈਦਲ ਵੀ ਸੰਗਤ ਗੁਰੂਸਰ ਜਾ ਪੁੱਜੀ। ਪੰਡਾਲ ਸਜੇ ਸਨ, ਪਹਿਲਾਂ ਹੀ ਦੀਵਾਨਾਂ ਦਾ ਪ੍ਰਬੰਧ ਹੋ ਗਿਆ। ਰਾਗੀਆਂ ਨੇ ਕੀਰਤਨ ਕੀਤਾ। ਸਾਰੀ ਰਾਤ ਵੱਖੋ ਵੱਖਰੇ ਜੱਥੇ ਸ਼ਬਦ ਕੀਰਤਨ ਕਰਦੇ ਰਹੇ। ਪਿੰਡ ਵਾਲਿਆਂ ਨੇ ਹੁਣ ਪੈਰ ਪੈਰ ਤੇ ਮਨਛਿਟੀਆਂ ਦੇ ਢੇਰ ਇਕੱਠੇ ਕਰ ਕੇ, ਧੂਣੇ ਲਾ ਦਿੱਤੇ। ਅੱਜ ਮਾਝਾ, ਮਾਲਵਾ, ਦੁਆਬਾ, ਮੈਨ ਦੁਆਬ, ਸਾਂਦਲ ਬਾਰ,

ਨੀਲੀ ਗੰਜੀ ਬਾਰ, ਨੱਕਾ, ਤਪਾ, ਦੜਪ, ਰਿਆੜਕੀ, ਪੋਠੋਹਾਰ, ਬਾਗੜ ਗੱਲ ਕੀ ਸਾਰੇ ਹੀ ਪੰਜਾਬ ਦੇ ਮੁਖੀ ਨਾਮਧਾਰੀ ਆਪਣੇ ਆਪਣੇ ਇਲਾਕੇ ਦੀ ਸੰਗਤ ਸਮੇਤ, ਗੁਰੂਸਰ ਪੁੱਜ ਗਏ ਸਨ। ਸ੍ਰੀ ਸਤਿਗੁਰੂ ਜੀ, ਮਾਤਾ ਜੀਵਨ ਕੌਰ, ਮਾਤਾ ਫ਼ਤਹਿ ਕੌਰ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਸਮੇਤ ਸਾਰਾ ਹੀ ਗੁਰੂ ਪਰਿਵਾਰ ਸੰਗਤ ਵਿੱਚ ਸੁਭਾਇਮਾਨ ਸੀ।

13 ਪੋਹ ਸਵੇਰੇ ਭਾਈ ਕਾਲੂ, ਭਾਈ ਜੈ ਸਿੰਘ ਮੌਲੀ ਧੁਲੇਤਾ, ਭਾਈ ਹਰਨਾਮ ਸਿੰਘ ਚਵਿੰਡਾ ਆਦਿ ਦੇ ਰਾਗੀ ਜੱਥਿਆਂ ਨੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਕੀਤਾ। ਵਾਰ ਦਾ ਭੋਗ ਪੈਣ ਤੱਕ, ਹਵਨ ਹੋ ਗਿਆ ਸੀ ਅਤੇ ਵੇਦੀ ਗੱਡੀ ਜਾ ਚੁੱਕੀ ਸੀ। ਚੰਡੀ ਦੀ ਵਾਰ ਦਾ ਪਾਠ ਕਰ ਕੇ, ਸਤਿਗੁਰੂ ਪਰਤਾਪ ਸਿੰਘ ਜੀ, ਦਰਬਾਰ ਸਾਹਿਬ ਜੀ ਨੂੰ ਮੱਥਾ ਟੇਕ ਕੇ, ਵੇਦੀ ਪਾਸ ਆਪਣੇ ਆਸਣ ਤੇ ਆ ਸਜੇ। ਬੀਬੀ ਵੀਰੋ ਜੀ ਵੀ ਆਦਿ ਗੁਰੂ ਗਰੰਥ ਸਾਹਿਬ ਨੂੰ ਸੀਸ ਝੁਕਾ ਕੇ, ਸਤਿਗੁਰੂ ਜੀ ਦੇ ਗਲ ਵਿੱਚ ਉੱਨ ਦੀ ਮਾਲਾ ਅਤੇ ਫੁੱਲਾਂ ਦਾ ਹਾਰ ਪਾ, ਮੱਥਾ ਟੇਕ ਕੇ ਬੈਠ ਗਏ। ਇਸ ਅਨੰਦ ਕਾਰਜ ਲਈ ਸਤਿਗੁਰੂ ਪਰਤਾਪ ਸਿੰਘ ਜੀ ਆਦਿ ਗੁਰੂ ਗਰੰਥ ਸਾਹਿਬ ਅਤੇ ਦਸਮ ਗੁਰੂ ਗਰੰਥ ਸਾਹਿਬ ਦੇ ਦੋ ਪਾਠ ਆਪ ਕਰ ਕੇ ਆਏ ਸਨ। ਬੀਬੀ ਵੀਰੋ ਜੀ ਨੇ ਆਦਿ ਗੁਰੂ ਗਰੰਥ ਸਾਹਿਬ ਦਾ ਇੱਕ ਪਾਠ ਖ਼ੁਦ ਕੀਤਾ ਸੀ। ਸੰਤ ਲਛਮਣ ਸਿੰਘ ਜੀ ਜਟਾਣੇ ਵਾਲੇ ਅਤੇ ਬਾਬਾ ਬਦਨ ਸਿੰਘ ਚੜਿੱਕ ਨੇ ਜੋੜੀ ਨੂੰ ਅੰਮ੍ਰਿਤ ਛਕਾਇਆ। ਲਾਵਾਂ ਦੇ ਪਾਠ ਅਤੇ ਵੇਦੀ ਹੇਠ ਹਵਨ ਗਿਰਦੇ ਚਾਰ ਫੇਰਿਆਂ ਨਾਲ ਅਨੰਦ ਕਾਰਜ ਸੰਪੰਨ ਹੋਇਆ। ਰਾਗੀ ਹਰਨਾਮ ਸਿੰਘ ਹੋਰਾਂ ਮੰਗਲਾਚਾਰ ਦੇ ਸ਼ਬਦ ਪੜ੍ਹੇ। ਅਰਦਾਸ ਉਪਰੰਤ ਕੜਾਹ ਪਰਸ਼ਾਦ ਦੇ ਖੁੱਲ੍ਹੇ ਗੱਫੇ ਵਰਤੇ। ਜਲ ਪਾਣੀ, ਪਰਸ਼ਾਦਾ ਪਾਣੀ ਛਕਣ ਬਾਅਦ ਫਿਰ ਸੰਗਤਾਂ ਨੇ ਪੱਕੀ ਤੋਂ ਉਹੋ ਗੱਡੀ ਫੜੀ। ਬਠਿੰਡੇ ਅਤੇ ਅਗਲੇ ਦਿਨ 14 ਪੋਹ ਸੂਰਜ ਉਗਦੇ ਨਾਲ ਲੁਧਿਆਣੇ।ਉੱਥੋਂ ਟਾਂਗਿਆਂ ਅਤੇ ਹੋਰ ਸਵਾਰੀਆਂ ਤੇ 9-10 ਵੱਜਦੇ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਗਏ।

ਮਾਤਾ ਜੀਵਨ ਕੌਰ ਜੀ ਦੇ ਕਹਿਣ ਤੇ ਸੰਤ ਲਛਮਣ ਸਿੰਘ ਜਟਾਣੇ ਵਾਲਿਆਂ ਨੇ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਜਦੋਂ ਸਤਿਗੁਰੂ ਜੀ ਅਤੇ ਮਾਤਾ ਵੀਰ ਕੌਰ ਜੀ ਨੇ ਪ੍ਰਕਾਸ਼ ਹੋਏ ਆਦਿ ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕਿਆ ਤਾਂ ਇਹ ਵਾਕ ਆਇਆ-

ਨਿਜ ਭਗਤੀ ਸੀਲਵੰਤੀ ਨਾਰਿ॥

ਰੂਪਿ ਅਨੂਪ ਪੂਰੀ ਆਚਾਰਿ॥

ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ॥
ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ॥੧॥

(ਆਸਾ ਮਹਲਾ ੫)

"ਇਸ ਸ਼ਬਦ ਦਾ ਪਹਿਲਾ ਨਿਜ ਪਦ ਸੰਤ ਜੀ ਨੇ ਆਪ ਪ੍ਰਮੇਸ਼ਰ ਰੂਪ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਜੋਗ ਜਾਣਿਆ। ਅਤੇ ਭਗਤੀ ਰੂਪ, ਸ਼ਕਤੀ ਅਵਤਾਰ ਮਾਤਾ ਵੀਰੋ ਜੀ ਨੂੰ ਮੰਨ ਕੇ ਭੱਬੇ ਦੇ ਅੱਖਰ ਤੋਂ ਭੁਪਿੰਦਰ ਕੌਰ ਨਾਮ ਰੱਖਿਆ।"[10] ਯਾਦ ਰਹੇ ਕਿ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ ਇਸੇ ਸਾਲ ਅੱਸੂ ਦੇ ਮਹੀਨੇ, ਲਾਹੌਰ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਜੀ ਨਾਲ ਹੋਇਆ ਸੀ। ਬੀਬੀ ਸਤਵੰਤ ਕੌਰ ਵੀ ਇਸ ਅਨੰਦ ਕਾਰਜ ਵਿੱਚ ਸ਼ਾਮਲ ਹੋਏ।

ਇਸ ਅਨੰਦ ਕਾਰਜ ਸਮੇਂ ਸਤਿਗੁਰੂ ਜੀ ਪੰਜੀਵੇਂ ਅਤੇ ਮਾਤਾ ਜੀ ਸੋਲ੍ਹਵੇਂ ਵਰ੍ਹੇ ਵਿੱਚ ਸਨ। ਸਤਿਗੁਰੂ ਜੀ ਦਾ ਡੇਰਾ ਤਾਂ ਬਾਗ ਵਾਲੀ ਕੋਠੀ ਵਿੱਚ ਸੀ ਜਿਸ ਏਰੀਏ ਨੂੰ ਰਾਮਸਰ ਵੀ ਆਖਦੇ ਸਨ। ਮਾਤਾ ਜੀ ਨੇ ਆਪਣਾ ਨਿਵਾਸ ਲੋਹ ਲੰਗਰ ਦੇ ਸਾਂਹਵੇਂ ਮੰਦਰਾਂ ਵਿੱਚ ਮਾਤਾ ਜੀਵਨ ਕੌਰ – ਫਤਿਹ ਕੌਰ ਜੀ ਪਾਸ ਕਰ ਲਿਆ। ਗੱਦੀ ਸਾਹਿਬ ਵਾਲੇ ਚੁਬਾਰੇ ਦੇ ਸਾਂਹਵੇਂ ਉਸ ਤੋਂ ਕੁਝ ਨੀਵਾਂ ਇਕ ਚੁਬਾਰਾ ਸੀ ਜਿਸਨੂੰ ਜਾਮਨੂੰ ਦੇ ਰੁੱਖ ਲਾਗੇ ਹੋਣ ਕਾਰਨ, ਜਾਮਨੂੰ ਵਾਲਾ ਚੁਬਾਰਾ ਕਿਹਾ ਜਾਂਦਾ ਸੀ, ਮਾਤਾ ਜੀ ਦਾ ਫਿਰ ਪੱਕਾ ਨਿਵਾਸ ਅਸਥਾਨ ਉਹ ਚੁਬਾਰਾ ਹੋ ਗਿਆ। ਲਗਾਤਾਰ ਚਾਰ ਮਹੀਨੇ ਅਨੰਦ ਤੋਂ ਬਾਅਦ ਆਪ ਸ੍ਰੀ ਭੈਣੀ ਸਾਹਿਬ ਹੀ ਰਹੇ ਅਤੇ ਮਾਤਾ ਜੀਵਨ ਕੌਰ ਜੀ ਪਾਸੋਂ ਸੋਧ ਮਰਿਆਦਾ ਦੀਆਂ ਬਾਰੀਕੀਆਂ ਅਤੇ ਸਾਧ ਸੰਗਤ ਵਿੱਚ ਵਿਚਰਨ ਬਾਰੇ ਹੋਰ ਬਹੁਤ ਸਾਰੀਆਂ ਸ਼ੁਭ ਸਿੱਖਿਆਵਾਂ ਹਾਸਲ ਕੀਤੀਆਂ। ਚਾਰ ਮਹੀਨਿਆਂ ਬਾਅਦ ਜਦੋਂ ਮਾਤਾ ਜੀ ਪੇਕੇ ਪਿੰਡ ਗੁਰੂਸਰ ਗਏ, ਸਾਰੇ ਵੱਡਿਆਂ ਛੋਟਿਆਂ ਨੂੰ ਮਿਲੇ ਤਾਂ ਹੁਣ ਤਾਏ ਸੱਦਾ ਸਿੰਘ ਨੇ ਵੀ ਲੱਜੋਂ ਕੁੱਲੱਜੋਂ ਉਹਨਾਂ ਦੇ ਸਿਰ ਤੇ ਹੱਥ ਫੇਰ ਦਿੱਤਾ ਸੀ।[11]

1915 ਈ. ਦਾ ਨਾਮਧਾਰੀ ਪੰਥ ਦਾ ਸਾਲਾਨਾ ਹੋਲਾ ਮਹੱਲਾ ਨਾਮੀ ਪਹਿਲਵਾਨ ਫ਼ਤਹਿ ਸਿੰਘ ਜੋ ਨਾਮਧਾਰੀ ਸਜ ਚੁੱਕਾ ਸੀ ਦੇ ਮਾਝੇ ਦੇ ਮਸ਼ਹੂਰ ਪਿੰਡ ਵਲਟੋਹੇ ਵਿਖੇ ਸੀ। ਇਸ ਹੋਲੇ ਮਹੱਲੇ ਵਿੱਚ ਮਾਤਾ ਜੀਵਨ ਕੌਰ ਜੀ, ਬੀਬੀ ਸਤਵੰਤ ਕੌਰ ਹੋਰਾਂ ਦੇ ਨਾਲ ਮਾਤਾ ਭੁਪਿੰਦਰ ਕੌਰ ਜੀ ਵੀ ਪਹਿਲੀ ਵੇਰ ਸਾਧ ਸੰਗਤ ਦੇ ਕਿਸੇ ਵੱਡੇ ਇਕੱਠ ਵਿੱਚ ਸ਼ਾਮਲ ਹੋਏ। ਡੇਰੇ ਵਿੱਚ ਸੇਵਾ ਕਰਨ ਆਏ ਚੁੰਨ੍ਹੀ (ਅੰਬਾਲਾ, ਹੁਣ ਮੋਹਾਲੀ) ਦੇ ਕੁਝ ਸਿੰਘਾਂ ਦੀ ਨਰਾਜ਼ਗੀ ਭਾਂਪਦਿਆਂ, ਸਤਿਗੁਰੂ ਪਰਤਾਪ ਸਿੰਘ ਜੀ ਨੇ ਕਾਰਨ ਜਾਨਣਾ

ਚਾਹਿਆ। ਉਹਨਾਂ ਕਿਹਾ, "ਜੀ ਸਾਨੂੰ ਮਹਾਰਾਜ ਨਿਹਾਲ ਸਿੰਘ ਜੀ, ਆਪ ਦੇ ਅਨੰਦ ਕਾਰਜ ਸਮੇਂ, ਗੁਰੂਸਰ ਨਹੀਂ ਲੈ ਕੇ ਗਏ। ਸਾਡੀ ਨਰਾਜ਼ਗੀ ਤਾਂ ਦੂਰ ਹੁੰਦੀ ਹੈ ਜੇ ਆਪ ਜੀ ਮਾਤਾ ਭੁਪਿੰਦਰ ਕੌਰ ਜੀ ਸਮੇਤ ਅੰਬਾਂ ਦੇ ਮੌਸਮ ਵਿੱਚ, ਘੱਟੋ ਘੱਟ ਪੰਦਰਾਂ ਦਿਨ ਦਰਸ਼ਨ ਦਿਉ।" ਉਹਨਾਂ ਦੀ ਬੇਨਤੀ ਪ੍ਰਵਾਨ ਹੋਈ ਤੇ ਸਿੱਖ ਸੰਗਤਾਂ ਸਮੇਤ ਗੱਡਿਆਂ, ਊਠਾਂ, ਘੋੜਿਆਂ ਆਦਿ ਤੇ ਸ੍ਰੀ ਭੈਣੀ ਸਾਹਿਬੋਂ ਦੌਰਾ ਸ਼ੁਰੂ ਕਰ ਦਿੱਤਾ। ਲੱਲਾਂ, ਲਖਣਪੁਰ, ਕਕਰਾਲੇ, ਡਹਿਰ, ਮੂੰਡੀਆਂ, ਬਾਗਾਂ ਵਾਲਾ, ਮੋਰਿੰਡਾ ਆਦਿ ਵਿੱਚ ਪੜਾਅ ਕਰਦੇ ਚੁੰਨ੍ਹੀ ਦੇ ਪ੍ਰਸਿੱਧ ਕੂਕਾ ਸਾਧੂ, ਬਾਬਾ ਵੀਰ ਸਿੰਘ ਹੋਰਾਂ ਦੇ ਡੇਰੇ ਤੇ ਸਤਿਗੁਰੂ ਜੀ ਨੇ ਜਾ ਦਰਸ਼ਨ ਦਿੱਤੇ। ਬਾਬਾ ਜੀ ਦੀ ਬੇਨਤੀ ਸੀ ਕਿ ਮਾਤਾ ਭੁਪਿੰਦਰ ਕੌਰ ਜੀ ਨੂੰ ਵੀ ਜ਼ਰੂਰ ਲੈ ਕੇ ਆਇਉ। ਵੱਡੀ ਛੋਟੀ ਚੁੰਨ੍ਹੀ ਵਿੱਚ ਸਤਿਗੁਰੂ ਜੀ ਨੇ ਸੱਤ ਦਿਨ ਦਰਸ਼ਨ ਦਿੱਤੇ ਸਨ। ਚੁੰਨ੍ਹੀ ਤੋਂ ਸਤਿਗੁਰੂ ਜੀ ਦਾ ਦੌਰਾ ਮਹੰਤ ਕੌਲਾ ਸਿੰਘ ਦੇ ਪਿੰਡ ਮੌਲੀ ਦਰਾਲੀ ਪੁੱਜਾ। ਇੱਥੋਂ ਮਾਤਾ ਜੀਵਨ ਕੌਰ ਅਤੇ ਮਾਤਾ ਭੁਪਿੰਦਰ ਕੌਰ ਜੀ ਤਾਂ ਭੈਣੀ ਸਾਹਿਬ ਵਾਪਸ ਮੁੜ ਆਈਆਂ ਪਰ ਸਤਿਗੁਰੂ ਜੀ ਅੰਬਾਲੇ ਵੱਲ ਦੌਰਾ ਕਰਦੇ ਰਹੇ ਅਤੇ 10 ਭਾਦਰੋਂ ਨੂੰ ਵਾਪਸ ਭੈਣੀ ਸਾਹਿਬ ਆਏ।[12]

ਸ੍ਰੀ ਭੈਣੀ ਸਾਹਿਬ ਰਹਿੰਦਿਆਂ ਮਾਤਾ ਭੁਪਿੰਦਰ ਕੌਰ ਜੀ ਕਦੇ ਵੀ ਵਿਹਲੇ ਨਹੀਂ ਬੈਠਦੇ ਸਨ। ਬੇਸ਼ਕ ਭੈਣੀ ਸਾਹਿਬ ਦੇ ਇਕ ਡੇਰਾ ਪ੍ਰਬੰਧਕ ਮਸਤਾਨ ਸਿੰਘ ਕਿਆਮਪੁਰ ( ਸਿਆਲਕੋਟ) ਵਾਲਿਆਂ ਦੀ ਮਾਤਾ ਖੇਮ ਕੌਰ ਅਤੇ ਵਰਨਾਂ ਦੀ ਇਕ ਬੀਬੀ ਦਿਆਲਾਂ ਆਪ ਦੀ ਸੇਵਾ ਵਿੱਚ ਹੁੰਦੀਆਂ ਸਨ ਪਰ ਆਪ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਪੰਜ ਗ੍ਰੰਥੀ ਪੋਥੀ ਦੀਆਂ ਸਾਰੀਆਂ ਬਾਣੀਆਂ ਦਾ ਪਾਠ ਕਰਦੇ, ਫਿਰ ਲੰਗਰ ਵਿੱਚ ਬਰਤਨ ਸਾਫ ਕਰਦੇ ਅਤੇ ਹੋਰ ਬਹੁਕਰ ਬੁਹਾਰੀ ਦੀ ਸੇਵਾ ਵੀ ਨਿਰਸੰਕੋਚ ਹੋ ਕੇ ਕਰਿਆ ਕਰਦੇ ਸਨ। ਆਪ ਜੀ ਦੇ ਉਦਾਰ ਸੁਭਾਉ ਦੀ ਇਕ ਪ੍ਰਸਿੱਧ ਵਾਰਤਾ ਉਹਨਾਂ ਦੇ ਭਾਈ ਸ੍ਰ. ਨਾਹਰ ਸਿੰਘ ਦੇ ਪੁੱਤਰ (ਪੰਡਿਤ) ਰਜਿੰਦਰ ਸਿੰਘ ਗੁਰੂਸਰ ਦੇ ਸ਼ਬਦਾਂ ਵਿੱਚ ਪੜ੍ਹਾਂਗੇ।

"ਐਤਕੀਂ (1915 ਈ.) ਸਤਿਗੁਰੂ ਜੀ ਨੇ ਚਾਲੀਹਾ ਨਹਿਰ ਉੱਤੇ ਕਰਨ ਦਾ ਮਨ ਬਣਾ ਲਿਆ।(ਚਾਲੀਹਾ 11 ਭਾਦਰੋਂ ਤੋਂ 20 ਅੱਸੂ ਤੱਕ ਦੇ ਚਾਲੀ ਦਿਨ ਨਹਿਰ ਉੱਤੇ ਨਾਮ ਸਿਮਰਨ ਕਥਾ ਕੀਰਤਨ ਕਰਦਿਆਂ ਬਤੀਤ ਹੁੰਦੇ)। ਸਾਰੀ ਸੰਤ ਮੰਡਲੀ, ਲਾਂਗਰੀ ਤੇ ਹੋਰ ਵਿੱਦਿਆਧਰ ਸਭ ਨਹਿਰ ਉੱਤੇ ਹੀ ਕੱਖਾਂ ਦੀਆਂ ਕੁੱਲੀਆਂ ਬਣਾ ਕੇ ਤਪ ਸਾਧਨਾ ਅਤੇ ਕਥਾ ਕੀਰਤਨ ਵਿੱਚ ਲੀਨ ਹੋ ਗਏ।

“ਮਾਤਾ ਭੂਪਿੰਦਰ ਕੌਰ ਜੀ ਦਾ ਡੇਰਾ ਵੀ ਨਹਿਰ ਉੱਤੇ ਚਲਾ ਗਿਆ। ਏਥੇ ਇੱਕ ਮਕਾਨ ਵੀ ਬਣ ਗਿਆ ਜਿਸ ਦੇ ਉੱਤੇ ਚੁਬਾਰਾ ਸੀ ਛੋਟਾ ਜਿਹਾ। ਭੂਆ ਜੀ (ਮਾਤਾ ਭੂਪਿੰਦਰ ਕੌਰ) ਦਾ ਡੇਰਾ ਚੁਬਾਰੇ ਉੱਤੇ ਲੱਗ ਗਿਆ।

“ਭੂਆ ਜੀ ਨੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਕਿ ਮੈਂ ਵੀ ਆਪ ਜੀ ਦੇ ਇਸ ਜਪ-ਪ੍ਰਯੋਗ ਵਿੱਚ ਸ਼ਾਮਲ ਹੋਣਾ ਚਾਹੁੰਦੀ ਹਾਂ। ਸਤਿਗੁਰੂ ਜੀ ਇਹ ਅਰਜ਼ ਸੁਣ ਕੇ ਬਹੁਤ ਪ੍ਰਸੰਨ ਹੋਏ। ਅਤੇ ਸੰਖੇਪ ਵਿੱਚ ਸਾਰੀ ਪ੍ਰਕਿਰਿਆ ਨਿਤਨੇਮ ਦੀ ਸਮਝਾ ਦਿੱਤੀ।"

“ਇਸ ਤਰ੍ਹਾਂ ਇਕ ਬੀਬੀਆਂ ਦਾ ਜੱਥਾ ਵੀ ਪਹਿਲੀ ਵਾਰ ਜਪ ਪ੍ਰਯੋਗ ਵਿੱਚ ਸ਼ਾਮਲ ਹੋ ਗਿਆ।

“ਸੰਤ ਤਰਨ ਸਿੰਘ ਜੀ ਵਹਿਮੀ ਲਿਖਦੇ ਹਨ। ਮਾਤਾ ਭੁਪਿੰਦਰ ਕੌਰ ਜੀ ਦਾ ਇਹ ਵੱਡਾ ਪਰਉਪਕਾਰ ਸੀ ਮਾਈਆਂ ਉੱਤੇ, ਜਪ ਤਪ, ਵਰਨੀਆਂ ਅਤੇ ਪਾਠਾਂ ਵਿੱਚ ਹਿੱਸਾ ਪਾਉਣ ਦਾ। ਇਸ ਉਪਕਾਰ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਮਾਈਆਂ ਨੂੰ। ਨਹੀਂ ਤੋਂ ਪਹਿਲੋਂ ਸਾਰੇ ਸਮਿਆਂ ਵਿੱਚ ਹਟੋ-ਹਟੋ, ਦੂਰ-ਦੂਰ ਦੀਆਂ ਅਵਾਜ਼ਾਂ ਹੀ ਆਉਂਦੀਆਂ ਸਨ ਬੀਬੀਆਂ ਵਾਸਤੇ।"

(ਜਪ ਪ੍ਰਯੋਗ) ਦੇ “ਭੋਗ ਪਿੱਛੋਂ ਸਤਿਗੁਰੂ ਜੀ ਕੁਝ ਦਿਨਾਂ ਵਾਸਤੇ ਬਾਹਰ ਚਲੇ ਗਏ। ਬਹੁਤ ਸਾਰੇ ਦੂਰੋਂ ਆਏ ਸੰਤਾਂ ਦੇ ਜੱਥੇ ਵੀ ਵਤਨਾਂ ਨੂੰ ਤੁਰ ਗਏ, ਪਿੱਛੋਂ ਰਹਿ ਗਏ ਸਨ, ਸੰਤ ਮੋਹਨ ਸਿੰਘ ਜੀ ਜੌਹਲਾਂ ਦੇ ਵਡਾਲੇ (ਅੰਮ੍ਰਿਤਸਰ) ਵਾਲੇ ਆਪਣੇ ਜੱਥੇ ਸਮੇਤ। ਤੇ ਬਾਕੀ ਦੀ ਸੰਗਤ ਭੈਣੀ ਸਾਹਿਬ ਦੀ ਅਤੇ ਮਾਤਾ ਭੁਪਿੰਦਰ ਕੌਰ ਜੀ।'

“ਸੰਤ ਮੋਹਨ ਸਿੰਘ ਜੀ ਜਿੰਨਾਂ ਨੇ ਏਹਨਾਂ ਦੇ ਦਰਸ਼ਨ ਤੇ ਸ਼ਬਦਾਂ ਦਾ ਅਨੰਦ ਮਾਣਿਆ ਹੈ, ਉਹ ਕਹਿੰਦੇ ਹਨ, ਏਨਾ ਮਿੱਠਾ ਤੇ ਰਸੀਲਾ ਕੀਰਤਨ, ਹੋਰ ਕਿਸੇ ਜੱਥੇਦਾਰ ਦਾ ਨਹੀਂ ਸੁਣਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਹ ਉਸ ਵੇਲੇ ਸਭ ਤੋਂ ਪਿਆਰੇ ਦੋਸਤ ਸੰਤ ਸਨ। ਦੋਵੇਂ ਹੀ ਇਕ ਦੂਸਰੇ ਤੋਂ ਬਿਨਾਂ ਰਹਿ ਨਹੀਂ ਸੀ ਸਕਦੇ। ਜਾਂ ਸਤਿਗੁਰੂ ਜੀ ਇਹਨਾਂ ਕੋਲ, ਜਾਂ ਸੰਤ ਜੀ ਸਤਿਗੁਰੂ ਜੀ ਕੋਲ, ਇਹੋ ਰੀਤ ਰਹੀ ਜਿੰਨਾ ਚਿਰ ਸੰਤ ਜਿਊਂਦੇ ਰਹੇ।

“ਸ੍ਰੀ ਭੈਣੀ ਸਾਹਿਬ ਉਸ ਵੇਲੇ ਦੋ ਹਕੂਮਤਾਂ ਚੱਲ ਰਹੀਆਂ ਸਨ। ਗੁਰਦੁਆਰਾ ਮਾਤਾ ਜੀਵਨ ਕੌਰ ਜੀ ਕੋਲ ਤੇ ਰਾਮਸਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ। ਇਹ ਸਭ ਕੁੱਝ ਚੁੱਪ ਚੁਪੀਤੇ ਚੱਲ ਰਿਹਾ ਸੀ। ਨਹਿਰ (ਸਰਹਿੰਦ ਵਾਲਾ ਡੇਰਾ, ਨੀਲੋ ਪੁਲ ਤੋਂ ਉੱਪਰ) ਦਾ ਖਰਚਾ, ਸਤਿਗੁਰੂ ਜੀ ਦੇ ਹੀ ਜ਼ਿੰਮੇ ਸੀ। ਭੈਣੀ ਸਾਹਿਬ ਤੋਂ ਨਾ ਮਦਦ ਮੰਗੀ ਜਾਂਦੀ ਸੀ ਤੇ ਨਾ

ਹੀ ਦਿੱਤੀ ਜਾਂਦੀ ਸੀ। ਨਹਿਰ ਉੱਤੇ ਰਸਦ ਦਾ ਭੋਗ ਪੈ ਚੁੱਕਾ ਸੀ। ਪ੍ਰਾਤਾਂ ਧੋ ਕੇ ਸਾਧ ਸੰਗਤ ਨੇ ਛਕ ਲਈਆਂ ਸਨ। ਨਾ ਆਟਾ, ਦਾਲਾਂ ਤੇ ਘੀ ਤੇ ਨਾ ਹੀ ਸਰਦਾਈ ਪਾਣੀ ਵਾਸਤੇ ਖੰਡ ਬਾਦਾਮ, ਜੋ ਉਸ ਸਮੇਂ ਦਾ ਸਭ ਤੋਂ ਪਿਆਰਾ ਆਹਾਰ ਸੀ। ਦੇਗ, ਭਾਂਡੇ ਧੋ ਸਵਾਰ ਮੂਧੇ ਮਾਰ, ਸੰਤ ਮੋਹਨ ਸਿੰਘ ਜੀ ਨੇ ਜਾ ਪੁਕਾਰ ਕੀਤੀ–

"ਮਾਤਾ ਜੀ ਸਭ ਰਸਦ ਪਾਣੀ ਦਾ ਭੋਗ ਪੈ ਚੁੱਕਾ ਹੈ, ਹੁਣ ਕੀ ਹੁਕਮ ਹੈ! ਸੰਗਤ ਹੁਣ ਨਿਰੋਲ ਹਵਾ ਦੇ ਆਸਰੇ ਹੈ।

"ਮਾਤਾ ਭੁਪਿੰਦਰ ਕੌਰ ਜੀ ਨੇ ਮਿੰਟ ਕੁ ਸੋਚਿਆ ਤੇ ਕਿਹਾ– ਕੋਈ ਗੱਲ ਨਹੀਂ ਸਤਿਗੁਰੂ ਭਲੀ ਕਰਨਗੇ।

ਮਾਤਾ ਜੀ ਨੇ ਟਰੰਕ ਫੋਲੇ ਜਿਹਨਾਂ ਵਿੱਚੋਂ ਇਕ ਮੁੰਦਰੀ ਲੱਭ ਪਈ। ਇਹ ਪਤਾ ਨਹੀਂ ਸਹੁਰਿਆਂ ਦੀ ਸੀ ਜਾਂ ਪੇਕਿਆਂ ਦੀ। ਪਰ ਸਾਂਭ ਰੱਖੀ ਸੀ ਮਾਤਾ ਜੀ ਨੇ ਇਕ ਨਿਸ਼ਾਨੀ ਵਜੋਂ। ਕਿਤੇ ਪਿਆਰ ਵੱਸ ਸਤਿਗੁਰੂ ਜੀ ਨੇ ਤਾਂ ਨਹੀਂ ਸੀ ਪਹਿਣਾ ਦਿੱਤੀ ਮੁੰਦਰੀ ?"

"ਕਿਉਂਕਿ ਉਸ ਵੇਲੇ ਸਤਿਗੁਰੂ ਜੀ ਅੱਜ ਜਿਤਨੇ ਕਰੜੇ ਬੰਧਨ ਵਿੱਚ ਨਹੀਂ ਸਨ। ਉਸ ਵੇਲੇ ਦੇ ਕੀਮਤੀ ਚੋਗੇ ਅੱਜ ਵੀ ਨਿਸ਼ਾਨੀ ਵਜੋਂ ਕਈਆਂ ਕੋਲ ਹਨ। ਅੱਜ ਮਾਤਾ ਜੀ ਨੇ ਮੁੰਦਰੀ ਸੰਤਾਂ ਨੂੰ ਦੇ ਕੇ ਕਿਹਾ– ਅਜੇ ਕੁਝ ਦਿਨ ਕੰਮ ਚਲਾਉ, ਫਿਰ ਹੋਰ ਵੇਖੀ ਜਾਵੇਗੀ।"

"ਰਸਦਾਂ ਆ ਗਈਆਂ। ਲਹਿਰ ਬਹਿਰ ਹੋ ਗਈ। ਦੂਸਰੇ ਦਿਨ ਸਤਿਗੁਰੂ ਜੀ ਵੀ ਆ ਗਏ। ਅਤੇ ਆਉਣ ਸਾਰ ਪੁੱਛਿਆ– ਲੰਗਰ ਦਾ ਕੀ ਬਣਿਐ ? ਮੈਂ ਤਾਂ ਜਾਣ ਲੱਗਾ ਭੁੱਲ ਹੀ ਗਿਆ ਸਾਂ, ਹੁਣ ਯਾਦ ਆਇਆ ਹੈ ਕਿ ਰਸਦ ਬਹੁਤ ਥੋਹੜੀ ਸੀ।"

"ਸੰਤਾਂ ਸਾਰੀ ਵਿਥਿਆ ਸੁਣਾ ਦਿੱਤੀ। ਮਾਤਾ ਜੀ ਦੇ ਤਿਆਗ ਦੀ।"

"ਸਤਿਗੁਰੂ ਜੀ ਕਿਹਾ– ਮੈਨੂੰ ਉਸ ਤੋਂ ਇਹੋ ਉਮੈਦ ਸੀ। ਬਹੁਤ ਚੰਗਾ ਹੋਇਆ, ਲੰਗਰ ਚਾਲੂ ਰਿਹਾ। ਮੈਂ ਦੱਸ ਨਹੀਂ ਸਕਦਾ ਅੱਜ ਕਿੰਨਾਂ ਖੁਸ਼ ਹਾਂ ਭੁਪਿੰਦਰ ਕੌਰ ਉੱਤੇ। ਅੱਜ ਉਹ ਇਮਤਿਹਾਨ ਵਿੱਚ ਖਰੀ ਉਤਰੀ ਹੈ। ਗੁਰੂ ਘਰ ਦੀ ਮਰਿਆਦਾ ਮੁਤਾਬਿਕ ਮੈਨੂੰ ਇਹੋ ਉਮੈਦ ਸੀ ਉਸ ਤੋਂ।"[13]

ਉਪਰ ਵਰਣਿਤ ਜਪ ਪ੍ਰਯੋਗ ਵਿੱਚ ਮਾਤਾ ਜੀ ਮਾਈਆਂ ਦਾ ਜੱਥਾ ਲੈ ਕੇ, ਨਾਮ ਸਿਮਰਨ ਕਰਦੇ ਰਹੇ ਸਨ. ਲਾਹੌਰ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ ਬਣੀ ਧਰਮਸ਼ਾਲਾ ਵਿੱਚ ਸਾਧ ਸੰਗਤ ਤੋਂ ਪਾਠ ਅਤੇ ਅਖੰਡ ਪਾਠ ਕਰਵਾਏ। ਗੁਜਰਾਂਵਾਲੇ ਦੀ ਨਾਮਧਾਰੀ ਧਰਮਸ਼ਾਲਾ ਵਿੱਚ ਵੀ

ਪਾਠਾਂ ਦੇ ਪ੍ਰਵਾਹ ਆਪ ਜੀ ਨੇ ਚਲਵਾਏ।[14]

ਆਪ ਗੁਰਦੁਆਰੇ ਵਿੱਚ ਸਾਰਾ ਸਮਾਂ ਜੋ ਸੇਵਾ ਸਿਮਰਨ ਤੋਂ ਬਚਦਾ, ਗੁਰਬਾਣੀ ਪਾਠ ਵਿੱਚ ਬਤੀਤ ਕਰਦੇ ਸਨ। ਗੁਰਬਾਣੀ ਨਾਲ ਪਿਆਰ ਦਾ ਸਬੂਤ ਉਹ ਪੱਤਰ ਹੈ ਜੋ ਆਪ ਨੇ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਭਾਈ ਨਾਹਰ ਸਿੰਘ ਦੇ ਘਰ ਲੜਕਾ ਪੈਦਾ ਹੋਣ ਦੇ ਸਮੇਂ ਲਿਖਿਆ ਸੀ ਜਿਸ ਵਿੱਚ ਉਹ ਮਾਤਾ ਰਾਮ ਕੌਰ ਜੀ ਦੇ ਭੈਣੀ ਸਾਹਿਬ ਰਹਿਣ ਦਾ ਜ਼ਿਕਰ ਵੀ ਕਰਦੇ ਹਨ–

ੴ ਸਤਿਗੁਰ ਪ੍ਰਸਾਦਿ

ਜੋਗ ਸ੍ਰੀਮਾਨ ਭਾਈ ਸਾਹਿਬ ਨਾਹਰ ਸਿੰਘ ਜੀ ਸਤਿ ਸ੍ਰੀ ਅਕਾਲ ਬੁਲਾਈ ਵਾਚਣੀ। ਐਥੇ ਸੁਖ ਹੈ ਆਪ ਕੋ ਸਤਿਗੁਰ ਸੁਖੀ ਵਸਾਏ ਅਗੇ ਏ ਹਾਲ ਹੈ ਮਾਤਾ ਹੋਰੀ ਰਹਿ ਪਏ ਮੇਰੇ ਰਖੇ ਹੋਏ। ਆਪ ਫਿਕਰ ਨਾ ਕਰਨਾ। ਚਿਠੀ ਉਤਮ ਕੌਰ ਨੂੰ ਪਾ ਦਿਤੀ ਸੀ, ਵਧਾਈ ਆਪ ਨੂੰ ਹੋਵੇ ਕਾਕੇ ਦੀ। ਭਰਾ ਮੀਹਾਂ ਸਿੰਘ ਹੋਰਾਂ ਕੇ ਵਧਾਈ ਮੇਰੀ ਤਰਫ ਸੋ ਹੋਵੇ। ਨਾਮ ਜਪੋ, ਸੁਖੀ ਵਸੋ ਤਿੰਨੇ ਭਰਾ। ਪੰਜ ਪਾਠ ਜਪੁਜੀ ਸਾਹਿਬ ਦੇ ਰੋਜ ਕਰੋ। ਪੰਜ ਚੌਪਈਆਂ ਕਰਿਆ ਕਰੋ ਸੁਖ ਹੋਗਾ।

ਸਤਿ ਸ੍ਰੀ ਅਕਾਲ।''[15]

ਸੰਤ ਉੱਤਮ ਸਿੰਘ 'ਗੁਰ ਪੀਰ' ਕਾਲੋਕੇ (ਸ਼ੇਖੂਪੁਰਾ) ਦੇ ਸੰਤ ਆਲਾ ਸਿੰਘ ਜੀ ਦੇ ਜੱਥੇ ਵਿੱਚ ਆਪਣੀ ਭੈਣ ਬੀਬੀ ਈਸ਼ਰ ਕੌਰ ਸਮੇਤ ਰਹਿੰਦੇ ਸਨ। ਸਤਿਗੁਰੂ ਜੀ ਦੇ ਹੁਕਮ ਨਾਲ ਸੰਤ ਆਲਾ ਸਿੰਘ ਅਤੇ ਉੱਤਮ ਸਿੰਘ ਭੈਣੀ ਸਾਹਿਬ ਆ ਗਏ, ਨਾਲ ਬੀਬੀ ਈਸ਼ਰ ਕੌਰ ਵੀ। ਇਹ ਬੀਬੀ ਈਸ਼ਰ ਕੌਰ ਵੀ ਬੇਬੇ ਦਿਆਲਾਂ ਪਤਨੀ ਵਰਨਾਂ ਦੇ ਖਰਾਸੀਏ ਸੰਤ ਲਹਿਣਾ ਸਿੰਘ ਦੀ, ਉਸ ਦੀ ਨੂੰਹ ਗੁਰਦੇਈ ਸਮੇਤ, ਮਾਤਾ ਭੁਪਿੰਦਰ ਕੌਰ ਜੀ ਦੀ ਸੇਵਾ ਵਿੱਚ ਰਹਿੰਦੀਆਂ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਦੋਹਤੇ ਬਾਬਾ ਸੂਰਤ ਸਿੰਘ ਦੀ ਪਤਨੀ ਬਿਸ਼ਨ ਕੌਰ, ਡੇਰੇ ਤੋਂ ਬੀਬੀ ਆਤੀ, ਸੁਖੀ ਅਤੇ ਗੁਆਂਢੋਂ ਬੀਬੀ ਗੁਰਦਿੱਤੀ, ਇਹ ਮਾਈਆਂ ਰਲ ਕੇ ਮਾਤਾ ਜੀ ਨਾਲ ਸਿਆਲ ਦੀਆਂ ਰਾਤਾਂ ਵਿੱਚ ਤਰੰਜਣ 'ਤੇ ਸੂਤ ਕੱਤਦੀਆਂ, ਸ਼ਬਦ ਪੜ੍ਹਦੀਆਂ। ਮਾਤਾ ਜੀਵਨ ਕੌਰ ਜੀ ਇਹਨਾਂ ਨੂੰ ਲੰਗਰ ਲਿਆ ਕੇ ਛਕਾਉਂਦੇ।[16]

ਇਸ ਮਾਤਾ ਦਿਆਲਾਂ ਜੀ ਨੂੰ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਅਨੰਦ ਕਾਰਜ ਤੋਂ ਪਹਿਲਾਂ ਗੁਰੂਸਰ ਭੇਜ ਕੇ ਮਾਤਾ ਭੁਪਿੰਦਰ ਕੌਰ ਜੀ ਨੂੰ ਗੁਰਬਾਣੀ ਪਾਠ ਸਰਲ ਕਰਵਾਇਆ ਸੀ। ਅਨੰਦ ਕਾਰਜ ਤੋਂ ਛੇ ਕੁ ਸਾਲ ਬਾਅਦ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ ਵੱਡੇ ਸਾਹਿਬਜ਼ਾਦੇ (ਸ੍ਰੀ ਸਤਿਗੁਰੂ

ਜਗਜੀਤ ਸਿੰਘ ਜੀ) ਦਾ ਆਗਮਨ 8 ਮੱਘਰ, ਸੋਮਵਾਰ, ਕੱਤਕ ਸੁਦੀ ਤਰੌਦਸ਼ੀ, ਸੰਬਤ 1977 ਬਿ. ਮੁਤਾਬਿਕ 22 ਨਵੰਬਰ, 1920 ਨੂੰ ਹੋਇਆ। ਮਾਤਾ ਰਾਮ ਕੌਰ ਜੀ ਗੁਰੂਸਰ ਵਾਲਿਆਂ ਆਪਣੇ ਦੋਹਤੇ ਦੇ ਕੰਨ ਵਿੱਚ ਭਜਨ ਦੱਸਿਆ ਅਤੇ ਰਾਮਸਰ ਤੋਂ ਜਲ ਮੰਗਵਾ ਆਪਣੇ ਹੱਥ ਨਾਲ ਹੀ ਗੁੜ ਦੀ ਗੁੜ੍ਹਤੀ ਦਿੱਤੀ। ਸੰਗਤਾਂ ਨੇ ਜੈਕਾਰੇ ਗਜਾਏ, ਮਾਤਾ ਜੀਵਨ ਕੌਰ ਜੀ ਨੇ ਸਭ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ, ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾ ਕੇ। ਪੰਝੀ ਦਿਨਾਂ ਬਾਅਦ ਮਾਤਾ ਜੀ ਅਤੇ ਸਾਹਿਬਜ਼ਾਦੇ ਨੇ ਰਾਮਸਰ ਵਿੱਚੋਂ ਇਸ਼ਨਾਨ ਕੀਤਾ . ਹੁਣ ਭਜਨ ਸੰਤ ਆਲਾ ਸਿੰਘ ਜੀ ਵਰਨਾਂ ਵਾਲਿਆਂ ਨੇ ਸਾਹਿਬਜ਼ਾਦੇ ਨੂੰ ਦੱਸਿਆ। ਸਤਿਗੁਰੂ ਪਰਤਾਪ ਸਿੰਘ ਜੀ ਕੱਤਕ ਪੁੰਨਿਆਂ ਦਾ ਪਹਿਲੀ ਪਾਤਸ਼ਾਹੀ ਦਾ ਗੁਰਪੁਰਬ ਨਨਕਾਣੇ ਸਾਹਿਬ ਮਨਾ ਰਹੇ ਸਨ, ਜਦੋਂ ਆਪ ਨੂੰ ਇਹ ਖੁਸ਼ਖਬਰੀ ਤਾਰ ਦੁਆਰਾ ਉੱਥੇ ਪੁਚਾਈ। ਮਾਤਾ ਭੁਪਿੰਦਰ ਕੌਰ ਜੀ ਸਾਹਿਬਜ਼ਾਦੇ ਨੂੰ ਲੈ ਕੇ, ਅਗਲੇ ਸਾਲ ਮੁਕਤਸਰ ਦੇ ਮੇਲੇ ਤੇ ਆਏ ਸਨ, ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ।

ਛੋਟੇ ਸਾਹਿਬਜ਼ਾਦੇ (ਮਹਾਰਾਜ ਬੀਰ ਸਿੰਘ ਜੀ) ਦਾ ਜਨਮ ਮਾਤਾ ਜੀ ਦੇ ਉਦਰ ਥੀਂ 2 ਕੱਤਕ 1980 ਬਿਕ੍ਰਮੀ ਮੁਤਾਬਿਕ 18 ਅਕਤੂਬਰ, 1923 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਹੋਇਆ। 1 ਮੱਘਰ ਨੂੰ ਮਾਤਾ ਜੀ ਅਤੇ ਸਾਹਿਬਜ਼ਾਦੇ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਛਕਾਇਆ ਗਿਆ। ਵੱਡੇ ਸਾਹਿਬਜ਼ਾਦੇ ਨੂੰ ਸੰਗਤ ਬੇਅੰਤ ਜੀ ਅਤੇ ਛੋਟੇ ਨੂੰ ਵੱਲਭ ਜੀ (ਜਾਂ ਬੱਲੋ ਜੀ) ਕਹਿ ਕੇ ਪੁਕਾਰਿਆ ਕਰਦੀ ਸੀ। ਛੋਟੇ ਸਾਹਿਬਜ਼ਾਦੇ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਮਾਤਾ ਭੁਪਿੰਦਰ ਕੌਰ ਜੀ, ਮਾਤਾ ਰਾਮ ਕੌਰ ਜੀ, ਮਾਈ ਗੁਰਦਿੱਤੀ (ਮਸਤਾਨ ਸਿੰਘ ਦੀ ਸਿੰਘਣੀ), ਮਾਈ ਖੇਮੋ, ਅਤੇ ਬੇਬੇ ਦਿਆਲਾਂ ਅਤੇ ਮਸਤਾਨ ਸਿੰਘ ਕਿਆਮਪੁਰੀਆ, ਗੁਰਮੁਖ ਸਿੰਘ ਝੱਬਰ ਸਮੇਤ ਸੁਕੇਤ ਪਹਾੜ ਤੇ ਹੁਕਮ ਅਨੁਸਾਰ ਰਹੇ ਸਨ। ਇੱਥੇ ਫਿਰ ਬੁਖਾਰ ਦਾ ਪਰਕੋਪ ਹੋਇਆ। ਸੇਵਕ ਸਾਰੇ ਬੀਮਾਰ ਸਮੇਤ ਮਾਤਾ ਜੀ ਅਤੇ ਪੌਣੇ ਤਿੰਨ ਸਾਲ ਦੇ ਬੇਅੰਤ ਜੀ। ਹੁਣ ਲੰਗਰ ਪਾਣੀ ਅਤੇ ਬਸਤਰਾਂ ਦੀ ਸੇਵਾ ਗੁਰਮੁਖ ਸਿੰਘ ਨਿਬਾਹੁੰਦਾ। ਓੜਕ ਮਾਤਾ ਜੀ ਨੇ ਉਸਨੂੰ ਬੀੜ ਵਿੱਚ ਸਤਿਗੁਰੂ ਜੀ ਪਾਸ ਭੇਜ ਕੇ ਹਕੀਕਤ ਦੱਸੀ। ਹੁਕਮ ਅਨੁਸਾਰ ਮਾਤਾ ਜੀ ਉੱਥੋਂ ਪਾਲਕੀ ਤੇ ਸਾਹਿਬਜ਼ਾਦੇ ਨਾਲ ਰੋਪੜ ਤੱਕ ਆਏ। ਅੱਗੋਂ ਇਕ ਬੇੜੀ ਦੁਆਰਾ ਜਿਹਨੂੰ ਕਾਂਊਟਾ ਕਹਿੰਦੇ ਸੀ, ਦੋਰਾਹੇ। ਰੇਲ ਦੁਆਰਾ ਉੱਥੋਂ ਸਰਹੰਦ ਅਤੇ ਫਿਰ ਬੀੜ ਵਿੱਚ ਪੁੱਜ ਗਏ ਸਨ। ਇਸ ਤੋਂ ਪਹਿਲਾਂ ਵੀ ਮਾਤਾ ਜੀ ਬੀੜ ਵਿੱਚ ਵੱਡੇ ਸਾਹਿਬਜ਼ਾਦੇ ਸਮੇਤ ਰਹਿੰਦੇ ਰਹੇ ਸਨ।

ਵੱਲਭ ਜੀ ਦੇ ਜਨਮ ਸਮੇਂ ਮਾਤਾ ਜੀ ਨੂੰ ਸੂਤਕੀ ਬੁਖਾਰ ਹੋ ਗਿਆ ਜੋ ਕਿ ਵਿਗੜਦਾ ਵਿਗੜਦਾ ਤਪਦਿਕ ਬਣ ਗਿਆ। ਹੁਣ ਦੋਹਾਂ ਸਾਹਿਬਜ਼ਾਦਿਆਂ ਤੋਂ ਅਲੱਗ ਆਪ ਦਾ ਡੇਰਾ ਰਾਮਸਰ ਬਾਗ ਵਾਲੀ ਕੋਠੀ ਪਾਸ ਇਕ ਕਮਰੇ ਵਿੱਚ ਖੁੱਲ੍ਹੀ ਹਵਾ ਵਿੱਚ ਕੀਤਾ, ਪਾਸ ਮਾਤਾ ਰਾਮ ਕੌਰ ਜੀ ਸਨ। ਵੱਲਭ ਜੀ ਨੇ ਮਾਤਾ ਜੀ ਦਾ ਦੁੱਧ ਛੇ ਕੁ ਮਹੀਨੇ ਹੀ ਚੁੰਘਿਆ ਸੀ। ਬੇਅੰਤ ਜੀ ਦੀ ਸਉਂਪਣਾ ਸਤਿਗੁਰੂ ਜੀ ਦੇ ਹੁਕਮ ਨਾਲ ਗੁਰਮੁੱਖ ਸਿੰਘ ਝੱਬਰ ਨੂੰ ਸੇਵਾ ਵਿੱਚ ਲਾ ਕੇ ਕਰ ਦਿੱਤੀ। ਵੱਲਭ' ਜੀ ਮਾਤਾ ਜੀਵਨ ਕੌਰ ਜਾਂ ਮਹੰਤ ਸੇਵਾ ਸਿੰਘ ਪਾਸ ਰਹਿੰਦੇ। ਮਾਤਾ ਜੀ ਦੇ ਬਹੁਤ ਇਲਾਜ ਬਦਲੇ। ਸਲੋਹਗੜ੍ਹ ਪਹਾੜ ਤੇ ਵੀ ਰੱਖਿਆ। ਪਰ ਹਾਲਾਤ ਨਾ ਬਦਲੇ। ਪੰਜ ਮਹੀਨੇ ਬਾਅਦ ਉੱਥੋਂ ਭੈਣੀ ਸਾਹਿਬ ਆ ਗਏ। ਸਰੀਰ ਹੇਠਾਂ ਨੂੰ ਜਾ ਰਿਹਾ ਸੀ। ਅੰਤ ਸਮਾਂ ਜਾਣ ਕੇ ਸੂਬਾ ਮੀਹਾਂ ਸਿੰਘ ਵੱਡੇ ਵੀਰ ਨੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕੀਤਾ। ਬਾਈਵੀਂ ਅਸ਼ਟਪਦੀ ਤੇ ਪਾਠ ਸੀ ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਆ ਦਰਸ਼ਨ ਦਿੱਤੇ। ਮਾਤਾ ਜੀ ਨੇ ਕਿਹਾ- "ਜੀ ਵਿਛੋੜਾ ਨਾ ਪਵੇ।" ਸਤਿਗੁਰੂ ਜੀ ਨੇ ਫੁਰਮਾਇਆ ਕਿ ਸਭ ਕੁਝ ਹੁਕਮ ਵਿਚ ਹੀ ਹੋ ਰਿਹਾ ਹੈ। ਓੜਕ 29 ਭਾਦਰੋਂ 1980 ਬਿਕ੍ਰਮੀ ਮੁਤਾਬਿਕ 14 ਸਤੰਬਰ 1924 ਨੂੰ ਮਾਤਾ ਜੀ ਹੁਕਮ ਸੱਤ ਹੋ ਗਏ। ਇਸ ਸਮੇਂ ਤੋਂ ਕੁਝ ਪਹਿਲਾਂ ਸਤਿਗੁਰੂ ਜੀ ਗੜ੍ਹਦੀਵਾਲੇ ਵਾਲੇ ਸੰਤ ਹਰਨਾਮ ਸਿੰਘ ਜੀ ਦੇ ਡੇਰੇ ਵਿੱਚ ਦਰਸ਼ਨ ਦੇ ਰਹੇ ਸਨ ਭਾਈ ਵਜੀਰ ਸਿੰਘ, ਇਕ ਲਾਂਗਰੀ ਅਤੇ ਇਕ ਦੋ ਹੋਰ ਸਿੰਘਾਂ ਸਮੇਤ, ਬੇਬੇ ਦਿਆਲਾਂ ਦੇ ਪੁੱਤਰ ਸੰਤਾ ਸਿੰਘ ਨੂੰ ਮੋਟਰ ਸਾਈਕਲ ਤੇ ਸਤਿਗੁਰੂ ਜੀ ਨੂੰ ਮਾਤਾ ਜੀ ਦੀ ਵਿਗੜੀ ਸਿਹਤ ਦੀ ਸੂਚਨਾ ਹਿਤ ਪਹਿਲਾਂ ਭੇਜਿਆ ਸੀ। ਉਸਨੂੰ ਜਲੰਧਰ ਵਿੱਚ ਹੈਜਾ ਹੋ ਗਿਆ। ਉਸਦੇ ਨਾਲ ਗਏ ਸਰਦਾਰਾ ਸਿੰਘ ਹਕੀਮ ਇੱਬਣ ਵਾਲੇ ਨੇ ਮਾਤਾ ਜੀ ਦੀ ਵਿਗੜੀ ਸਿਹਤ ਕਾਰਨ ਭੈਣੀ ਸਾਹਿਬ ਨੂੰ ਰੁਖ ਕੀਤਾ, ਇਲਾਜ ਕਰਨ ਲਈ। ਪਿੱਛੋਂ ਸੰਤਾ ਸਿੰਘ ਹੈਜੇ ਨਾਲ ਚਲਾਣਾ ਕਰ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਏ ਸਰਦਾਰਾ ਸਿੰਘ ਨੂੰ ਕਿਹਾ ਕਿ ਭੂਪਿੰਦਰ ਕੌਰ ਪਾਸ ਤਾਂ ਇੱਥੇ ਵੇਖ ਭਾਲ ਵਾਲਿਆਂ ਦੀ ਕਮੀ ਨਹੀਂ ਸੀ, ਤੁਸਾਂ ਸਿੱਖ ਨੂੰ ਛੱਡ ਕੇ ਨਹੀਂ ਆਉਣਾ ਸੀ।[17]

ਮਾਤਾ ਜੀ ਦੇ ਸਸਕਾਰ ਵਾਲੀ ਥਾਂ ਤੇ ਖੂਹੀ ਲਾ ਦਿੱਤੀ ਗਈ ਸੀ। ਇੱਥੇ ਹੀ ਭਜਨ ਵਰਨੀ ਦਾ ਅਰੰਭ ਹੋ ਗਿਆ ਜੋ ਨਿਰੰਤਰ ਚਲ ਰਹੀ ਹੈ। ਇੱਕ ਵੇਰ ਸਿੱਖਾਂ ਨੇ ਬੇਨਤੀ ਕੀਤੀ, ਮਾਤਾ ਜੀ ਤੁਸੀਂ ਘਿਉ ਵਰਤਾਇਆ ਕਰੋ। ਘਿਉ ਦਾ ਭਰਿਆ ਬਰਤਨ ਆ ਗਿਆ। ਉਹ ਵਰਤਾਉਣ ਲਗ ਪਏ। ਕੁਝ ਸਮੇਂ ਬਾਅਦ ਮਾਤਾ ਜੀਵਨ ਕੌਰ ਜੀ ਆ ਗਏ। ਆਪ ਨੇ ਹੱਥ ਜੋੜ

ਕੇ ਕਿਹਾ ਕਿ ਹੁਣ ਇਹ ਆਪਣਾ ਕਾਰਜ ਕਰਨ। ਇਤਨੀ ਨਿਰਮਾਣਤਾ ਦੀ ਆਪ ਮੂਰਤ ਸਨ।

ਮਾਤਾ ਜੀ ਦੇ ਭੋਗ ਤੇ ਸੰਗਤ ਦਾ ਬਹੁਤ ਇਕੱਠ ਹੋਇਆ ਸੀ। ਸਤਿਗੁਰੂ ਜੀ ਨੇ ਸਭ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਇਸ ਤੋਂ ਕੁਝ ਸਮਾਂ ਬੀਤਣ ਬਾਅਦ ਆਮ ਸੰਗਤ, ਮਾਤਾ ਜੀਵਨ ਕੌਰ ਜੀ ਨੂੰ ਸਤਿਗੁਰੂ ਜੀ ਦਾ ਹੋਰ ਅਨੰਦ ਕਾਰਜ ਕਰਨ ਲਈ ਆ ਆ ਕੇ ਆਖਦੀ।ਉਹਨਾਂ ਦੀਆਂ ਇਹ ਬੇਨਤੀਆਂ ਸੁਣ ਸੁਣ ਕੇ ਇਕ ਦਿਨ ਮਾਤਾ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਅੱਗੇ ਸੰਗਤ ਦਾ ਇਹ ਸੁਝਾਅ ਰੱਖ ਦਿੱਤਾ। ਸਤਿਗੁਰੂ ਜੀ ਦਾ ਜੁਆਬ ਸੀ, "ਮਾਤਾ ਜੀ ਜੇ ਤਾਂ ਹੋਰ ਕੋਈ ਭੁਪਿੰਦਰ ਕੌਰ ਵਰਗੀ ਹੈ ਤਾਂ ਮੇਰਾ ਅਨੰਦ ਕਰ ਦਿਉ, ਪਰ ਮੈਨੂੰ ਤਾਂ ਕੋਈ ਉਹਦੇ ਵਰਗੀ ਨਹੀਂ ਦਿਸਦੀ।[18]

ਸਚਮੁੱਚ ਮਾਤਾ ਭੁਪਿੰਦਰ ਕੌਰ ਜੀ ਆਪਣੇ ਵਰਗੇ ਆਪ ਹੀ ਸਨ।

## -ਹਵਾਲੇ ਤੇ ਟਿੱਪਣੀਆਂ-


1. ਰਜਿੰਦਰ ਸਿੰਘ ਨਾਮਧਾਰੀ, ਗੁਰੂਸਰ, ਬਾਬਾਣੀਆਂ ਕਹਾਣੀਆਂ, 2056 ਬਿ. ਮੁਤਾਬਿਕ 2000 ਈ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ 17-25
2. ਮਾਸਟਰ ਨਿਹਾਲ ਸਿੰਘ, ਮਾਤਾਵਾਂ, 1983 ਈ., ਨਾਮਧਾਰੀ ਇਸਤਰੀ ਵਿਦਿਅਕ ਜੱਥਾ, ਸ੍ਰੀ ਭੈਣੀ ਸਾਹਿਬ, ਸਫਾ 10
3. ਰਜਿੰਦਰ ਸਿੰਘ, ਸਫਾ 27
4. ਨਿਹਾਲ ਸਿੰਘ, ਸਫਾ 10
5. ਰਜਿੰਦਰ ਸਿੰਘ, ਸਫਾ 27
6. ਰਜਿੰਦਰ ਸਿੰਘ, ਸਫਾ 29
7. ਨਿਹਾਲ ਸਿੰਘ, ਸਫਾ 11
8. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਨਵੰਬਰ 1971, ਸਾਧੂ ਸਿੰਘ ਕਿਸਾਨ ਰਾਮਪੁਰ (ਬੁੱਢੀ ਮਾੜੀ- ਸਿਰਸਾ), ਸਫਾ 138
9. ਸੁਵਰਨ ਸਿੰਘ ਵਿਰਕ (ਸੰ.) ਅੱਖੀਂ ਡਿੱਠਾ ਕਿੱਸਾ ਕੀਤਾ- ਜੱਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ-

ਦੂਜੀ ਛਾਪ (2018), ਸਫਾ 107

10. ਸਤਿਜੁਗ ਦਾ 'ਅਟੱਲ ਪ੍ਰਤਾਪੀ ਆਗਮਨ ਸ਼ਤਾਬਦੀ ਅੰਕ ਭਾਗ ਦੂਜਾ, ਵੈਸਾਖ 2048 ਬਿਕ੍ਰਮੀ (ਮਈ 1991), ਜੀਵਨ ਨਗਰ, ਸਿਰਸਾ। ਪੰਡਿਤ ਰਜਿੰਦਰ ਸਿੰਘ ਗੁਰੂਸਰ ਦਾ ਲੇਖ- ਸਤਿਗੁਰੁ ਵਡਾ ਕਰਿ ਸਾਲਾਹੀਐ- ਸਫਾ 105-06
11. ਉਪਰੋਕਤ, 106
12. ਸੁਵਰਨ ਸਿੰਘ ਵਿਰਕ (ਸੀ.) ਅੱਖੀਂ ਡਿੱਠਾ ਕਿੱਸਾ ਕੀਤਾ- 114
13. ਸਤਿਜੁਗ, ਉਪਰੋਕਤ, ਸਫਾ (106-08)
14. ਮਾ. ਨਿਹਾਲ ਸਿੰਘ, ਸਫਾ 16
15. ਸਤਿਜੁਗ, ਉਪਰੋਕਤ ਅੰਕ, ਸਫਾ 104-05 ਦੇ ਵਿਚਾਲੇ ਫੋਟੋ ਪੇਜ, ਜਿਸ ਤੇ ਮਾਤਾ ਜੀ ਦੇ ਦੋ ਪੱਤਰਾਂ ਦੇ ਫੋਟੋ ਹਨ। ਇਕ ਭਾਈ ਮੀਹਾਂ ਸਿੰਘ ਵੱਲ ਅਤੇ ਦੂਜਾ ਭਾਈ ਨਾਹਰ ਸਿੰਘ ਨੂੰ ਹੈ।
16. ਸੰਤ ਤਰਨ ਸਿੰਘ ਵਹਿਮੀ, ਸਫਾ 189-90
17. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ ਭਾਗ ਦੂਜਾ, ਸਫਾ 94
18. ਉਪਰੋਕਤ, ਸਫਾ 121

❋

# ਸ੍ਰੀ ਮਹਾਰਾਜ ਬੀਰ ਸਿੰਘ ਜੀ ਜੀਵਨ ਅਤੇ ਰਚਨਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਛੋਟੇ ਭਰਾਤਾ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਿਤਾ ਸ਼੍ਰੀ, ਸ੍ਰੀ ਮਹਾਰਾਜ ਬੀਰ ਸਿੰਘ ਜੀ ਨਾਮਧਾਰੀ ਸਿੱਖ ਪੰਥ ਅਤੇ ਦੇਸ਼ ਵਾਸੀਆਂ ਵਿੱਚ ਬਹੁਤ ਸਤਿਕਾਰਤ ਸ਼ਖਸ਼ੀਅਤ ਸਨ। ਆਪ ਨਾਮ ਬਾਣੀ ਦੇ ਰਸੀਏ, ਸੰਗੀਤ ਕਲਾ ਦੇ ਮਰਮੱਗ, ਸਫਲ ਸ਼ਬਦ ਸਾਧਕ ਅਤੇ ਇਕ ਕੁਸ਼ਲ ਪਰਬੰਧਕ ਵੀ ਸਨ। ਉਹਨਾਂ ਦਾ ਜਨਮ ਪਿਤਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਤਾ ਭੂਪਿੰਦਰ ਕੌਰ ਜੀ ਦੇ ਗ੍ਰਿਹ ਵਿਖੇ, ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ 18 ਅਕਤੂਬਰ 1923 ਨੂੰ ਹੋਇਆ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਹੇਠ, ਸਿੱਖ ਗੌਰਵ ਦੀ ਪੁਨਰ ਸਥਾਪਨਾ ਅਤੇ ਵਿਦੇਸ਼ੀ ਗੋਰਾਸ਼ਾਹੀ ਤੋਂ ਮੁਕਤੀ ਲਈ ਨਾਮਧਾਰੀ ਸੰਤ-ਖਾਲਸੇ ਦਾ ਕੂਕਾ ਸੰਗਰਾਮ, ਇਸੇ ਪਾਵਨ ਧਰਾ ਤੋਂ 12 ਅਪਰੈਲ 1857 ਨੂੰ ਅਰੰਭਿਆ ਗਿਆ ਸੀ। ਇਸ ਦੇ ਨਤੀਜੇ ਵਜੋਂ ਕੂਕਿਆਂ ਤੇ ਜੋ ਕਹਿਰਾਂ ਦੇ ਝੱਖੜ ਸਰਕਾਰ ਤੇ ਉਸ ਦੇ ਹਿਮਾਇਤੀਆਂ ਨੇ ਝੁਲਾਏ ਉਸ ਦੇ ਨਤੀਜੇ ਵਜੋਂ ਕੂਕਾ ਕੇਂਦਰ ਭੈਣੀ ਸਾਹਿਬ ਦੇ ਬੂਹੇ ਤੇ ਅੰਗਰੇਜ਼ੀ ਸਰਕਾਰ ਦੀ ਪੁਲੀਸ ਚੌਂਕੀ 19 ਜਨਵਰੀ 1872 ਤੋਂ ਬੈਠਾ ਦਿਤੀ ਗਈ ਸੀ। ਤੇ ਇਹ ਪੁਲੀਸ ਚੌਂਕੀ ਮਹਾਰਾਜ ਜੀ ਦੇ ਜਨਮ ਤੋਂ ਸਿਰਫ ਪੰਜ ਕੁ ਮਹੀਨੇ ਪਹਿਲਾਂ ਹੀ ਚੁੱਕੀ ਗਈ ਸੀ।

ਆਪਣੇ ਪਰਦੇਸੀ ਪ੍ਰੀਤਮ, ਸਤਿਗੁਰੂ ਰਾਮ ਸਿੰਘ ਜੀ ਦੇ ਮੁੜ ਘਰ ਪਰਤਣ, ਦੇਸ਼ ਵਾਪਸੀ ਲਈ ਕੂਕੇ ਮਸਤਾਨਿਆਂ ਦੇ ਹਉਕੇ, ਹਟਕੋਰੇ ਅਜੇ ਭੈਣੀ ਸਾਹਿਬ ਦੀਆਂ ਫ਼ਿਜ਼ਾਵਾਂ ਵਿੱਚ ਅਕਸਰ ਸੁਣੇ ਜਾਂਦੇ ਸਨ। ਇਹੋ ਕਾਰਨ ਸੀ ਕਿ ਜਿਸ ਵਾਤਾਵਰਨ ਵਿੱਚ ਆਪ ਦੀ ਪਰਵਰਿਸ਼ ਹੋਈ ਉਸ ਵਿੱਚ ਫਰੰਗੀ ਸਰਕਾਰ ਦੀ ਰਾਜ-ਭਗਤੀ ਦੀ ਕੋਈ ਗੁੰਜਾਇਸ਼ ਨਹੀਂ ਸੀ। ਸਥਾਪਿਤ ਸੱਤਾ ਅਤੇ ਗ਼ਲਤ ਕਦਰਾਂ ਕੀਮਤਾਂ ਤੋਂ ਨਾਬਰੀ, ਇਸ ਤਰ੍ਹਾਂ ਆਪ ਦੇ ਸੁਭਾਅ ਦਾ ਅਨਿੱਖੜਵਾਂ ਅੰਗ ਬਣ ਗਈ। ਜਨਮ ਦਾਤੀ ਮਾਤਾ ਦਾ ਸਨੇਹ ਸਾਥ, ਆਪ ਇਕ ਵਰ੍ਹਾ ਵੀ ਨਾ ਮਾਣ ਸੱਕੇ ਕਿ ਉਹਨਾਂ ਨੂੰ ਦਰਗਾਹੀ ਸੱਦਾ ਆ ਗਿਆ। ਹੁਣ ਆਪ ਦਾ ਪਾਲਣ ਪੋਸ਼ਣ ਦਾਦੀ ਮਾਤਾ ਜੀਵਨ ਕੌਰ ਜੀ, ਨਾਨੀ ਮਾਤਾ ਰਾਮ ਕੌਰ ਅਤੇ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਉਹਨਾਂ ਦੇ ਮੁਖਤਿਆਰ-ਇ-ਆਮ ਮਹੰਤ ਸੇਵਾ ਸਿੰਘ, ਸਧਾਰੀ

ਮਾਜਰਾ ਦੇ ਜ਼ਿੰਮੇ ਲੱਗਾ।

ਅੰਗਰੇਜ਼ ਸਰਕਾਰ ਦੀਆਂ ਸੰਸਥਾਵਾਂ ਨਾਲ, ਨਾਮਧਾਰੀਆਂ ਦਾ ਅਸਹਿਯੋਗ ਅੰਦੋਲਨ ਤਾਂ ਮਹਾਤਮਾ ਗਾਂਧੀ ਦੁਆਰਾ ਅਰੰਭੇ ਅੰਦੋਲਨ ਤੋਂ ਵੀ 65 ਸਾਲ ਪਹਿਲਾਂ ਚੱਲ ਰਿਹਾ ਸੀ। ਦੋਹਾਂ ਸਾਹਿਬਜ਼ਾਦਿਆਂ ਅਤੇ ਪੰਜਾਬ ਭਰ ਵਿੱਚੋਂ ਆਏ ਸੌ ਕੁ ਦੇ ਕਰੀਬ ਨਾਮਧਾਰੀ ਬੱਚਿਆਂ ਦੀ ਆਪਣੇ ਸਿਲੇਬਸ ਅਨੁਸਾਰ ਪੜ੍ਹਾਈ ਲਈ ਸਤਿਗੁਰੂ ਪਰਤਾਪ ਸਿੰਘ ਜੀ ਨੇ 1928-29 ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਆਪਣੇ ਵਿਦਿਆਲੇ ਦੀ ਸਥਾਪਨਾ ਕੀਤੀ ਸੀ। ਇਸ ਵਿਦਿਆਲੇ ਦਾ ਬਾਰਾਂ ਸਾਲਾਂ ਦਾ ਪਾਠ ਕ੍ਰਮ ਸੀ। ਪੰਜਾਬੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਾਸ਼ਾਵਾਂ ਤੋਂ ਬਿਨਾਂ ਹਿਸਾਬ ਕਿਤਾਬ, ਇਤਿਹਾਸ, ਸਮਾਜਿਕ ਵਿਗਿਆਨ, ਸਿਹਤ ਵਿਗਿਆਨ, ਗੁਰਮਤਿ ਸੰਗੀਤ ਆਦਿ ਤੋਂ ਇਲਾਵਾ ਗੁਰਮਤਿ ਸਾਹਿਤ, ਗੁਰੂ ਬਾਣੀ, ਗੁਰ-ਇਤਿਹਾਸ ਆਦਿ ਵਿਸਥਾਰ ਸਹਿਤ ਪੜ੍ਹਾਏ ਜਾਂਦੇ। ਬੱਚਿਆਂ ਨੂੰ ਆਪਣੀ ਆਰਥਿਕਤਾ ਵਿੱਚ ਆਤਮ ਨਿਰਭਰ ਬਨਾਉਣ ਲਈ, ਖੇਤੀ ਬਾੜੀ, ਬਾਗਬਾਨੀ, ਦਸਤਕਾਰੀ, ਕੱਪੜੇ ਬੁਣਨਾ, ਅੱਖਰ ਜੋੜਨਾ ਆਦਿਕ ਪ੍ਰੈੱਸ ਦਾ ਕੰਮ ਵੀ ਸਿਖਾਇਆ ਜਾਂਦਾ ਸੀ। ਸੁਅਸਥ ਰਹਿਣ ਲਈ ਵੱਖ-ਵੱਖ ਖੇਡਾਂ, ਕੁਸ਼ਤੀ, ਕਬੱਡੀ, ਦੌੜ, ਛਾਲਾਂ, ਘੋੜ ਸੁਆਰੀ ਅਤੇ ਤੈਰਾਕੀ ਵਿੱਚ ਵੀ ਮੁਹਾਰਤ ਕਰਵਾਈ ਜਾਂਦੀ। ਇੱਥੋਂ ਤੱਕ ਕੇ ਹਰ ਰੋਜ਼ ਵਾਰੀ ਬੰਨ੍ਹ ਕੇ ਕਈ ਵੇਰ ਆਪਣਾ ਲੰਗਰ ਵੀ ਇਹ ਬੱਚੇ ਖ਼ੁਦ ਤਿਆਰ ਕਰਦੇ ਅਤੇ ਫਿਰ ਦੂਸਰੇ ਸਾਥੀਆਂ ਨੂੰ ਵੀ ਛਕਾਉਂਦੇ। ਵੱਡੇ ਸਾਹਿਬਜ਼ਾਦਾ ਬੇਅੰਤ ਜੀ ਅਤੇ ਛੋਟਿਆਂ ਨੂੰ ਵੱਲਭ ਜੀ ਜਾਂ ਬੱਲੋ ਜੀ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਸੀ। ਅਧਿਆਪਕਾਂ ਜਾਂ ਸਕੂਲ ਪਰਬੰਧਕਾਂ ਵੱਲੋਂ ਦੋਹਾਂ ਸਾਹਿਬਜ਼ਾਦਿਆਂ ਨਾਲ ਪੜ੍ਹਾਈ, ਹੋਰ ਕਾਰ ਵਿਹਾਰ ਜਾਂ ਅਨੁਸ਼ਾਸਨ ਦੇ ਮੁਆਮਲੇ ਵਿੱਚ ਕੋਈ ਰਿਐਤ ਨਹੀਂ ਵਰਤੀ ਜਾਂਦੀ ਸੀ। ਇਹ ਇਹਨਾਂ ਦੋਹਾਂ ਮਹਾਨ ਹਸਤੀਆਂ ਦੇ ਭਾਵੀ ਜੀਵਨ ਦੀ ਡਾਕਬੇਲ ਸੀ, ਜੋ ਵਿਦਿਆਲੇ ਦੇ ਬਾਰਾਂ ਸਾਲਾ ਅਧਿਐਨ ਦੇ ਸਮੇਂ ਇੱਥੇ ਰੱਖੀ ਗਈ। ਬਚਪਨ ਅਤੇ ਚੜ੍ਹਦੀ ਜੁਆਨੀ ਸਮੇਂ ਸਿੱਖੀ ਮਰਿਆਦਾ ਅਤੇ ਜੀਵਨ ਜਾਚ, ਅਗਲੇਰੇ ਜੀਵਨ ਘੋਲ ਦੀ ਸਫਲਤਾ ਦੀ ਜ਼ਾਮਨ ਬਣੀ।

ਭੈਣੀ ਸਾਹਿਬ ਦੇ ਗੁਆਂਢੀ ਪਿੰਡ ਰਾਮਪੁਰ ਦੇ ਭਾਈ ਊਧੋ ਖਾਂ, ਉਹਨਾਂ ਦੇ ਲੜਕੇ ਭਾਈ ਰਹੀਮ ਬਖਸ਼, ਹਰਮੰਦਰ ਸਾਹਿਬ, ਅੰਮ੍ਰਿਤਸਰ ਦੇ ਪ੍ਰਸਿੱਧ ਰਬਾਬੀ ਅਤੇ ਤਬਲਾ, ਪਖਾਵਜ ਵਾਦਕ, ਭਾਈ ਨਸੀਰ, ਮਰਦੰਗ ਅਤੇ ਰਾਗ ਦੇ ਵੱਡੇ ਗਿਆਤਾ ਭਾਈ ਤਾਬਾ, ਉਸਤਾਦ ਭਾਈ ਹਰਨਾਮ ਸਿੰਘ ਜੀ ਰਾਗੀ ਚਵਿੰਡੇ ਵਾਲਿਆਂ ਅਤੇ ਹੋਰ ਅਨੇਕ ਸੰਗੀਤਕਾਰਾਂ ਤੋਂ ਆਪ ਨੇ ਰਾਗ

ਵਿਦਿਆ ਅਤੇ ਗੁਰਮਤਿ ਸੰਗੀਤ ਦਾ ਗਹਿਨ ਅਧਿਐਨ ਤੇ ਰਿਆਜ਼ ਕੀਤਾ ਇਸ ਦੇ ਨਤੀਜੇ ਵਜੋਂ ਆਪ ਨੇ ਰਾਗ ਵਿਦਿਆ ਨੂੰ ਉਸ ਦੀਆਂ ਸਾਰੀਆਂ ਬਾਰੀਕੀਆਂ ਸਮੇਤ ਆਪਣੇ ਅੰਤ ਕਰਣ ਵਿਚ ਧਾਰਨ ਕਰ ਲਿਆ। ਉਹ ਸੰਗੀਤ ਨੂੰ ਆਪਣੀ ਰੂਹ ਦੀ ਖੁਰਾਕ ਦੱਸਿਆ ਕਰਦੇ ਸਨ। ਦੇਸ਼ ਭਰ ਵਿੱਚ ਹੋਣ ਵਾਲੇ ਸੰਗੀਤ ਸੰਮੇਲਨਾਂ ਵਿੱਚ ਆਪ ਸ਼ਿਰਕਤ ਕਰਿਆ ਕਰਦੇ ਸਨ। ਆਪ ਦੀ ਸੰਗੀਤ ਸੂਝ ਕਾਰਨ ਆਪ ਨੂੰ ਅਨੇਕ ਸੰਗੀਤ ਸੰਮੇਲਨਾਂ ਦੀ ਪ੍ਰਧਾਨਗੀ ਕਰਨ ਦੇ ਅਵਸਰ ਮਿਲੇ। ਉਹ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਗੀਤ ਸੰਮੇਲਨ ਆਯੋਜਿਤ ਵੀ ਕਰਦੇ ਅਤੇ ਬਾਹਰ ਹੋਣ ਵਾਲੇ ਸੰਮੇਲਨਾਂ ਵਿੱਚ ਸਹਿਯੋਗੀ ਵੀ ਹੁੰਦੇ। ਆਪ ਜੀ ਦਾ ਦ੍ਰਿੜ ਨਿਸ਼ਚਾ ਸੀ ਕਿ ਸਾਡੇ ਸਤਿਗੁਰੂ ਸਾਹਿਬਾਨ ਨੇ ਆਪਣੀ ਸਾਰੀ ਬਾਣੀ ਰਾਗਾਂ ਵਿੱਚ ਹੀ ਰਚੀ ਹੈ, ਇਸ ਲਈ ਇਸ ਦਾ ਗਾਇਨ ਵੀ ਰਾਗਾਂ ਵਿੱਚ ਹੋਣਾ ਚਾਹੀਦਾ ਹੈ।

ਆਪਣੀ ਮਾਤਾ ਦਾ ਸਾਥ ਨਾ ਮਾਣ ਸੱਕਣ ਵਾਲੇ ਦੋਹਾਂ ਸਾਹਿਬਜ਼ਾਦਿਆਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਤਾੜਨਾ ਭਰੀ ਮਿਹਰ ਨਜ਼ਰ ਤੋਂ ਇਲਾਵਾ ਸਮੇਂ-ਸਮੇਂ ਲਾਡ ਦੁਲਾਰ ਵੀ ਮਿਲਦਾ ਰਿਹਾ। ਹੁਣ ਸਤਿਗੁਰੂ ਜੀ ਦੋਹਾਂ ਭਰਾਵਾਂ ਨੂੰ ਕਦੇ-ਕਦੇ ਆਪਣੇ ਦੌਰਿਆਂ ਨਾਲ ਵੀ ਲੈ ਜਾਂਦੇ। ਜਦੋਂ 1939 ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਤੇ ਹੋਰ ਉੱਘੇ ਕੌਮੀ ਆਗੂ, ਪਹਿਲੀ ਵੇਰ ਭੈਣੀ ਸਾਹਿਬ ਦੀ ਯਾਤਰਾ ਤੇ ਆਏ ਤਾਂ ਦੋਹਾਂ ਸਾਹਿਬਜ਼ਾਦਿਆਂ ਦੇ ਗੁਰਬਾਣੀ ਕੀਰਤਨ ਤੋਂ ਪੰਡਿਤ ਜੀ ਬਹੁਤ ਪ੍ਰਭਾਵਿਤ ਹੋਏ ਸਨ। ਸੰਨ 1940 ਈ. ਵਿੱਚ ਸਤਿਗੁਰੂ ਜੀ ਫਿਰ ਦੋਹਾਂ ਭਰਾਵਾਂ ਨੂੰ ਗੰਗਾਨਗਰ (ਰਿਆਸਤ ਬੀਕਾਨੇਰ) ਦੇ ਆਪਣੇ ਦੌਰੇ ਤੇ ਨਾਲ ਲੈ ਗਏ ਸਨ। ਇਹ ਉਹ ਸਮਾਂ ਸੀ ਜਦੋਂ ਸਤਿਗੁਰੂ ਜੀ ਓਟੂ (ਸਿਰਸਾ) ਤੋਂ ਉੱਤਰੀ ਘੱਗਰ ਨਹਿਰ ਦੀ ਪਟੜੀ ਪੈ ਕੇ, ਪਹਿਲਾਂ ਟਿੱਬੀ (ਹਨੂਮਾਨਗੜ੍ਹ) ਵਿਖੇ ਰਹਿ ਰਹੀ ਨਾਮਧਾਰੀ ਸੰਗਤ ਨੂੰ ਦਰਸ਼ਨ ਦਿੱਤੇ ਸਨ। ਤਕਰੀਬਨ ਉਦੋਂ ਕੁ ਜਿਹੇ ਹੀ ਹੁਣ ਦੇ ਇਲਾਕਾ ਜੀਵਨ ਨਗਰ ਵਾਲੀ ਭੂਮੀ ਨੇ ਆਪ ਦਾ ਧਿਆਨ ਖਿੱਚਿਆ ਸੀ ਕਿ ਜੇ ਸਮਾਂ ਬਣੇ ਇੱਥੇ ਆਪਣੇ ਸਿੰਘਾਂ ਨੂੰ ਵਸਾਇਆ ਜਾਵੇ। 1942 ਈ. ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਰਾਜਕੁਮਾਰੀ ਬੰਬਾ (ਸਪੁੱਤਰੀ ਮਹਾਰਾਜਾ ਦਲੀਪ ਸਿੰਘ) ਲਾਹੌਰ ਆਈ। ਉਸ ਦੇ ਸੁਆਗਤ ਸਮਾਹੋਰ ਵਿੱਚ ਹੋਰ ਨਾਮਵਰ ਸ਼ਖਸੀਅਤਾਂ ਨਾਲ ਸ਼ਾਮਲ ਹੋਣ ਸਮੇਂ, ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਦੋਹਾਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਗਏ ਸਨ।

ਸੰਨ 1944 ਵਿੱਚ ਸ੍ਰ. ਕੇਸਰ ਸਿੰਘ ਬਾਜਵਾ, ਚਵਿੰਡਾ (ਸਿਆਲਕੋਟ) ਦੇ ਭੋਗ ਦੇ ਸਮੇਂ ਸਤਿਗੁਰੂ ਜੀ ਵੱਲੋਂ ਬਾਬਾ ਬੀਰ ਸਿੰਘ ਜੀ ਨੂੰ ਭੇਜਿਆ ਗਿਆ

ਸੀ। ਸਰਦਾਰ ਦੇ ਪੁੱਤਰ ਰਵੇਲ ਸਿੰਘ ਨੂੰ ਦਸਤਾਰ ਬੰਨ੍ਹਾਉਣ ਸਮੇਂ ਆਪ ਨੇ ਉਸ ਨੂੰ ਪਿਤਾ ਜੀ ਦੇ ਦੱਸੇ ਧਾਰਮਿਕ ਅਤੇ ਸੰਸਾਰਕ ਫ਼ਰਜ਼, ਪ੍ਰੇਮ ਪਿਆਰ ਨਾਲ ਪੂਰੇ ਕਰਨ ਦੀ ਸਿੱਖਿਆ ਦਿੱਤੀ। ਆਪ ਜੀ ਦੇ ਦੋਵੇਂ ਸਤਿਕਾਰਤ ਚਾਚੇ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਹੋਰ ਬਹੁਤ ਸਾਰੇ ਨਾਮਧਾਰੀ ਸਿੰਘਾਂ ਸਮੇਤ ਕਾਂਗਰਸ ਦੇ ਪਲੇਟਫਾਰਮ ਤੋਂ ਦੇਸ਼ ਆਜ਼ਾਦੀ ਲਈ ਲੱਗਣ ਵਾਲੇ ਮੋਰਚਿਆਂ ਦਾ ਭਾਗ ਬਣਦੇ ਸਨ। ਮਹਾਰਾਜ ਗੁਰਦਿਆਲ ਸਿੰਘ ਜੀ ਤਾਂ 1929 ਈ. ਵਿੱਚ ਹੀ ਗੁਰਪੁਰੀ ਜਾ ਬਿਰਾਜੇ ਸਨ, ਮਹਾਰਾਜ ਨਿਹਾਲ ਸਿੰਘ ਜੀ ਨੇ ਆਜ਼ਾਦੀ ਸੰਗਰਾਮ ਵਿੱਚ ਵਾਰ-ਵਾਰ ਕੈਦਾਂ ਕੱਟੀਆਂ ਸਨ। ਦੇਸ਼ ਭਗਤਾਂ ਦੇ ਅਜਿਹੇ ਰਾਜਨੀਤਿਕ ਪਰਿਵਾਰ ਵਿੱਚ ਪਰਵਾਨ ਚੜ੍ਹਦਿਆਂ ਆਪ ਦੀ ਧਾਰਮਿਕ ਦੇ ਨਾਲ-ਨਾਲ ਸਮਾਜਿਕ ਅਤੇ ਸਿਆਸੀ ਸੂਝ-ਬੂਝ ਵੀ ਪਰਪੱਕ ਹੋ ਰਹੀ ਸੀ। ਸ੍ਰੀ ਭੈਣੀ ਸਾਹਿਬ ਵਿੱਚ ਸਾਰੇ ਧਰਮਾਂ, ਫਿਰਕਿਆਂ ਨਾਲ ਸਬੰਧਿਤ ਹਸਤੀਆਂ ਆਉਂਦੀਆਂ ਰਹਿੰਦੀਆਂ ਸਨ। ਲਾਇਲਪੁਰ ਦੇ ਰਾਜਾ ਫ਼ਜ਼ਲ ਦਾਦ ਨਾਮ ਦੇ ਇਕ ਪ੍ਰਤਿਸ਼ਠਿਤ ਮੁਸਲਮਾਨ ਸੱਜਣ ਨੇ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਕਰਨ ਤੇ ਭਜਨ ਪੁੱਛ ਕੇ ਨਾਮ ਦੀ ਦਾਤ ਵੀ ਲੈ ਲਈ ਸੀ। ਉਸ ਦੇ ਪਰਿਵਾਰ ਵਿੱਚ ਮਾਸ, ਸ਼ਰਾਬ, ਤੰਬਾਕੂ ਦਾ ਸੇਵਨ ਵੀ ਵਰਜਿਤ ਸੀ ਅਤੇ ਉਹ ਆਪਣੇ ਪੁੱਤਰਾਂ ਨੂੰ ਵੀ ਕਹਿ ਗਿਆ ਸੀ ਕਿ ਕਦੇ ਵੀ ਗਊ ਘਾਤੀਆਂ ਨਾਲ ਵਰਤੋਂ ਵਿਹਾਰ ਨਹੀਂ ਰੱਖਣਾ। ਰਾਜਾ ਫਜ਼ਲ ਦਾਦ ਦੇ ਪੁੱਤਰ ਰਾਜਾ ਮੁਹੰਮਦ ਅਕਬਰ ਖਾਨ ਦੀ 1945 ਈ. ਵਿੱਚ ਹੋਈ ਲੜਕੀ ਦੀ ਸ਼ਾਦੀ ਦੇ ਸਮੇਂ, ਸਤਿਗੁਰੂ ਜੀ ਵੱਲੋਂ ਬਾਬਾ ਬੀਰ ਸਿੰਘ ਜੀ ਨੂੰ ਭਾਗ ਲੈਣ ਲਈ ਭੇਜਿਆ ਗਿਆ ਸੀ। 1947 ਦੀ ਵੰਡ ਬਾਅਦ ਰਾਜਾ ਮੁਹੰਮਦ ਅਕਬਰ, ਪਾਕਿਸਤਾਨੀ ਫੌਜ ਦੇ ਜਨਰਲ ਰਹੇ ਤੇ ਸੇਵਾ ਮੁਕਤੀ ਬਾਅਦ ਦਿੱਲੀ ਆਏ ਸਨ। ਉਹਨਾਂ ਨੇ ਦੂਰੋਂ ਆਉਂਦੇ ਮਹਾਰਾਜ ਜੀ ਨੂੰ ਪਹਿਚਾਣ ਕੇ ਬੜੇ ਨਿੱਘ ਤੇ ਅਦਬ ਨਾਲ ਭੇਂਟ ਕੀਤੀ। ਕਰਾਚੀ ਰਹਿੰਦੇ ਉਹਨਾਂ ਦੇ ਪਰਿਵਾਰ ਨਾਲ ਵੀ ਮਹਾਰਾਜ ਜੀ ਦੀ ਖ਼ਤੋ ਕਿਤਾਬਤ ਹੁੰਦੀ ਰਹੀ।

ਦੇਸ਼ ਦੇ ਬਟਵਾਰੇ ਸਮੇਂ ਇਲਾਕਾ ਜੀਵਨ ਨਗਰ ਵਿੱਚ ਸਾਢੇ ਤਿੰਨ ਪਿੰਡਾਂ ਦੀ 12430 ਏਕੜ ਭੂਮੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਗਤ ਦੇ ਸਹਿਯੋਗ ਨਾਲ ਖਰੀਦ ਕੇ ਪੱਛਮੀ ਪੰਜਾਬ ਵਿੱਚੋਂ ਉਜੜ ਕੇ ਆਉਣ ਵਾਲੇ ਨਾਮਧਾਰੀਆਂ ਦੇ ਇੱਥੇ ਆ ਵੱਸਣ ਦਾ ਰਸਤਾ ਸਾਫ ਕੀਤਾ। ਆਪ ਜੀ ਨੇ ਪੰਜਾਬ ਸਰਕਾਰ ਤੋਂ ਇਹ ਰਿਆਇਤ ਵੀ ਹਾਸਲ ਕਰ ਲਈ ਸੀ ਕਿ ਲਹਿੰਦੇ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਦਾ ਨਾਮਧਾਰੀ ਸਿੱਖ, ਤਦੋਕੇ ਚੜ੍ਹਦੇ

ਪੰਜਾਬ ਦੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਵਿੱਚ ਆਪਣੀ ਜ਼ਮੀਨ ਅਲਾਟ ਕਰਵਾ ਸਕਦਾ ਹੈ। ਇਸ ਕੰਮ ਲਈ ਆਪ ਨੇ ਤਕਰੀਬਨ ਇਕ ਦਰਜਨ ਪਿੰਡ ਪੰਜਾਬ ਸਰਕਾਰ ਤੋਂ ਆਉਣ ਵਾਲੇ ਨਾਮਧਾਰੀਆਂ ਲਈ ਰਾਖਵੇਂ ਕਰਵਾ ਲਏ ਸਨ। ਦੇਸ਼ ਵੰਡ ਤੋਂ ਬਾਅਦ ਚੁਚਾਲ ਕੋਠੀ (ਜੀਵਨ ਨਗਰ), ਜੱਗ ਮਲੇਰਾ (ਸੰਤ ਨਗਰ), ਕੰਜਰਵਾਲ (ਦਮਦਮਾ) ਅਤੇ ਅੱਧਾ ਅਲੀਪੁਰ (ਹਰੀਪੁਰਾ) ਪਿੰਡਾਂ ਵਿੱਚ ਜ਼ਮੀਨ ਖਰੀਦਣ ਵਾਲੇ ਅਤੇ ਰਾਣੀਆਂ, ਕਰੀਵਾਲਾ, ਹਾਰਨੀ, ਨਕੌੜਾ, ਅੰਮ੍ਰਿਤਸਰ ਕਲਾਂ ਅਤੇ ਖੁਰਦ, ਮਿਰਜ਼ਾਪੁਰ, ਬੁੱਢੀ ਮਾੜੀ, ਮੌਜੂ ਖੇੜਾ, ਕਿਰਪਾਲ ਪੱਟੀ, ਕੰਗਣਪੁਰ, ਬਹਾਉਦੀਨ, ਮੋਰੀਵਾਲਾ ਆਦਿ ਪਿੰਡਾਂ ਵਿੱਚ ਅਲਾਟੀ ਨਾਮਧਾਰੀ ਆ ਬੈਠੇ। ਨਵੇਂ ਆਇਆਂ ਦੇ ਮੁੜ ਵਸੇਬੇ ਲਈ ਉਹਨਾਂ ਨੂੰ ਖਾਣ ਅਤੇ ਬੀਜਣ ਲਈ ਅਨਾਜ, ਲੀੜਾ ਕੱਪੜਾ, ਮਾਲ ਪਸ਼ੂ ਆਦਿ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਵੱਡੇ ਭਰਾਤਾ ਬਾਬਾ ਜਗਜੀਤ ਸਿੰਘ ਜੀ ਨਾਲ ਬਾਬਾ ਬੀਰ ਸਿੰਘ ਜੀ ਸਦਾ ਤਤਪਰ ਰਹੇ। ਆਪ ਦੀ ਨਿਗਰਾਨੀ ਹੇਠ ਹੀ ਜੀਵਨ ਨਗਰ ਦੇ ਮੁੜ ਵਸੇਬੇ ਦੇ ਦਫਤਰ ਨੇ, ਵਸੇਬੇ ਦੇ ਕੇਂਦਰੀ ਦਫਤਰ ਜਲੰਧਰ ਨਾਲ ਤਾਲ ਮੇਲ ਬੈਠਾ ਕੇ, ਅਵਤਾਰ ਸਿੰਘ ਝੱਬਰ, ਸਰਦੂਲ ਸਿੰਘ ਗਿੱਲ ਪਟਵਾਰੀ ਅਤੇ ਕਰਮ ਸਿੰਘ ਪਟਵਾਰੀ ਸਿਰਸਾ ਦੇ ਸਹਿਯੋਗ ਨਾਲ, ਕੋਈ ਸੱਤ ਹਜਾਰ ਪਰਚੀਆਂ ਤੇ ਸਿੱਖਾਂ ਦੀ ਜ਼ਮੀਨ ਉਪਰੋਕਤ ਪਿੰਡਾਂ ਵਿੱਚ ਅਲਾਟ ਕਰਵਾਉਣ ਦਾ ਵੱਡਾ ਕਾਰਜ ਬਾਖੂਬੀ ਨੇਪਰੇ ਚਾਹੜਿਆ। ਇਸ ਤੋਂ ਬਾਅਦ ਜ਼ਮੀਨੀ ਚੱਕਬੰਦੀ ਦੀ ਨਿਗਰਾਨੀ ਕਰਦਿਆਂ, ਜ਼ਮੀਨ ਖਰੀਦ ਵਾਲੇ ਸਾਰੇ ਪਿੰਡਾਂ ਦੀਆਂ ਪੁਰਾਣੀਆਂ ਹੱਦਬਸਤਾਂ ਤੋੜ ਕੇ ਇਕ ਹੱਦਬਸਤ ਪਟਵਾਰ ਹਲਕਾ ਬਣਾ ਕੇ, ਇਹ ਕਾਰਜ ਸਿਰੇ ਚਾਹੜਿਆ।

ਗਿਆਤ ਹੋਵੇ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਰ ਸਦਕਾ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਪੁੱਤਰ ਰਤਨ ਦੀ ਪ੍ਰਾਪਤੀ ਹੋਈ ਸੀ। ਸੰਨ 1921 ਈ. ਵਿੱਚ ਮਹਾਰਾਜਾ ਨਾਭਾ ਨੇ ਬੀੜ ਮਰਾਰਤੂ ਜੋ ਭਮਾਰਸੀ ਪਿੰਡ ਦੇ ਰਕਬੇ ਵਿੱਚ ਸੀ ਦੀ 52 ਮੁਰੱਬੇ ਜ਼ਮੀਨ, ਸ੍ਰੀ ਭੈਣੀ ਸਾਹਿਬ ਦੇ ਲੰਗਰ ਨੂੰ ਭੇਟਾ ਕੀਤੀ ਸੀ। ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿੱਚ ਆਪਣੀ ਦੇਸ਼ ਭਗਤੀ ਕਾਰਨ ਮਹਾਰਾਜਾ ਨਾਭਾ ਪਹਿਲਾਂ ਵੀ ਰੜਕਦਾ ਸੀ, ਬੀੜ ਕੂਕਿਆਂ ਨੂੰ ਦੇਣ ਬਾਅਦ ਹੋਰ ਰੜਕਣ ਲੱਗਾ। ਨਾਭਾ ਦੇ ਅੰਗਰੇਜ਼ ਪਰਬੰਧਕ ਉਰਗਵੀ ਨੇ ਇਸ ਦਾ ਸਖਤ ਵਿਰੋਧ ਕੀਤਾ। ਇਸ ਤਰ੍ਹਾਂ ਮੁਕਦਮੇਬਾਜ਼ੀ ਸ਼ੁਰੂ ਹੋ ਗਈ। ਦੇਸ਼ ਵੰਡ ਤੋਂ ਬਾਅਦ ਸਾਡੀ ਪੈਪਸੂ ਦੀ ਪ੍ਰਾਂਤਕ ਸਰਕਾਰ ਵੀ ਉਸੇ ਨੀਤੀ ਤੇ ਚੱਲਦੀ ਰਹੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਨਾਲ ਬਾਬਾ ਬੀਰ ਸਿੰਘ ਜੀ ਨੇ ਇਸ ਕੇਸ ਦੀ ਕਾਫੀ

ਸਮਾਂ ਸਫਲ ਪੈਰਵਾਈ ਕਰ ਕੇ ਇਸ ਨੂੰ ਜਿੱਤਿਆ। ਅੱਜ ਇਸ ਜ਼ਮੀਨ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਸਾਏ ਹੋਏ ਸੈਂਕੜੇ ਨਾਮਧਾਰੀ ਸਿੰਘ ਆਬਾਦ ਹਨ।

1947-48 ਵਿੱਚ ਉਹਨਾਂ ਪਹਿਲਾਂ ਲਖਨਊ ਅਤੇ ਫਿਰ ਅਲਾਹਾਬਾਦ ਤੋਂ ਹਵਾਈ ਜਹਾਜ਼ ਉਡਾਉਣ ਦੀ ਟਰੇਨਿੰਗ ਲਈ। ਉਹ ਜਲੰਧਰ ਫਲਾਇੰਗ ਕਲੱਬ ਦੇ ਮੈਂਬਰ ਵੀ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦੇਸ ਵਿੱਚ, ਇਕ ਤੋਂ ਦੂਜੀ ਥਾਂ ਲੈ ਕੇ ਜਾਣ ਸਮੇਂ ਉਹ ਪਾਇਲਟ ਦੀ ਸੇਵਾ ਨਿਬਾਹੁੰਦੇ ਸਨ।

ਆਪ ਜੀ ਦਾ ਅਨੰਦ ਕਾਰਜ, 1951 ਵਿੱਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ, ਇਕ ਮੇਲੇ ਸਮੇਂ ਬੀਬੀ ਦਲੀਪ ਕੌਰ ਜੀ ਨਾਲ ਹੋਰਨਾਂ ਜੋੜਿਆਂ ਦੇ ਨਾਲ ਹੀ ਬਿਨਾਂ ਕਿਸੇ ਉਚੇਚੀ ਰਸਮ ਜਾਂ ਵਿਖਾਵੇ ਤੋਂ ਹੋਇਆ। ਆਪ ਸਾਦਗੀ ਪਰਸਤ ਸਨ। ਤੜਕ ਭੜਕ ਅਤੇ ਫਜ਼ੂਲ ਖਰਚੀ ਦੇ ਸਦਾ ਵਿਰੋਧੀ ਰਹੇ। ਬੀਬੀ ਦਲੀਪ ਕੌਰ ਬੱਪੀਆਣਾ (ਮਾਨਸਾ) ਦੇ ਸ੍ਰ. ਦੇ ਨਰਾਇਣ ਸਿੰਘ ਸੇਖੋਂ ਦੀ ਸਪੁੱਤਰੀ ਸਨ। ਸੰਤਾਨ ਵਜੋਂ ਆਪ ਦੇ ਗ੍ਰਿਹਿ ਵਿਖੇ ਅਗਸਤ 1953 ਵਿੱਚ ਠਾਕੁਰ ਦਲੀਪ ਸਿੰਘ ਜੀ ਅਤੇ 20 ਜੁਲਾਈ 1958 ਨੂੰ ਠਾਕੁਰ ਉਦੇ ਸਿੰਘ ਜੀ ਦਾ ਆਗਮਨ ਹੋਇਆ।

21-22 ਅਗਸਤ 1959 ਦੀ ਦਰਮਿਆਨੀ ਰਾਤ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। ਸਤਿਗੁਰੂ ਜੀ ਦੇ ਉਸੇ ਸ਼ਾਮ ਨੂੰ ਹੋਣ ਵਾਲੇ ਸਸਕਾਰ ਤੋਂ ਪਹਿਲਾਂ, ਆਪ ਨੇ ਆਪਣੀ ਰੁਮਾਲੀ ਵਿਛਾ ਕੇ ਵੱਡੇ ਭਰਾਤਾ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰੂ ਰੂਪ ਵਿੱਚ ਸਭ ਤੋਂ ਪਹਿਲਾਂ ਸੀਸ ਨਿਵਾਇਆ। ਫਿਰ ਪਰਿਵਾਰ ਦੇ ਵੱਡਿਆਂ ਸ੍ਰੀ ਮਹਾਰਾਜ ਜੰਗ ਸਿੰਘ ਜੀ ਅਤੇ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਨੇ ਵੀ ਵਾਰੀ-ਵਾਰੀ ਆਪ ਨੂੰ ਮੱਥਾ ਟੇਕ ਕੇ, ਗੁਰਤਾ ਜੋਤ ਨੂੰ ਨਮਸਕਾਰ ਕੀਤੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਆਖਰੀ ਸਮੇਂ ਵਿੱਚ ਮਹਾਰਾਜ ਬੀਰ ਸਿੰਘ ਜੀ ਨੇ ਲਗਾਤਾਰ ਆਪ ਦੀ ਸੇਵਾ ਸੰਭਾਲ ਬੜੀ ਜੀ ਜਾਨ ਨਾਲ ਕੀਤੀ। ਫਿਰ 10 ਸਤੰਬਰ 1959 ਨੂੰ ਹੋਣ ਵਾਲੇ ਸ਼ਰਧਾਂਜਲੀ ਅਤੇ ਦਸਤਾਰਬੰਦੀ ਸਮਾਗਮ ਨੂੰ ਸਫਲਤਾ ਪੂਰਵਕ ਨਿਬਾਹੁਣ ਵਿੱਚ ਆਪ ਦਾ ਵੱਡਾ ਯੋਗਦਾਨ ਸੀ। ਇਸ ਤੋਂ ਬਾਅਦ ਜੀਵਨ ਪ੍ਰਯੰਤ ਮਹਾਰਾਜ ਜੀ ਨੇ ਸਤਿਗੁਰੂ ਜੀ ਨਾਲ ਭਰਾਵਾਂ ਵਾਲਾ ਨਹੀਂ ਸਗੋਂ ਸਤਿਗੁਰੂ ਅਤੇ ਸਿੱਖ ਵਾਲਾ ਰਿਸ਼ਤਾ ਹੀ ਸਮਝਿਆ। ਉਹ ਸਮਰਪਿਤ ਸਿੱਖ ਜਿਉਂ ਵਿਚਰੇ।

ਉਹ ਖੇਤੀ ਬਾੜੀ ਦੇ ਨਾਲ-ਨਾਲ ਪਸ਼ੂ ਧਨ ਦੀ ਉੱਨਤੀ ਵਿੱਚ ਵੀ ਵਿਸ਼ੇਸ਼

ਦਿਲਚਸਪੀ ਲੈਂਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਤਿਆਰ ਹੋਈ ਜੀਵਨ ਨਗਰ ਦੀ ਗਊਸ਼ਾਲਾ ਵਿੱਚ, ਸਾਹੀਵਾਲ, ਥਾਰਪਾਰਕਰ ਅਤੇ ਹਰਿਆਣਾ ਨਸਲਾਂ ਦੀਆਂ ਗਊਆਂ ਦੀਆਂ ਸੁਧਰੀਆਂ ਨਸਲਾਂ ਤਿਆਰ ਕੀਤੀਆਂ ਜਾਂਦੀਆਂ ਸਨ। ਇਸ ਗਊਸ਼ਾਲਾ ਦੀਆਂ ਗਊਆਂ ਪ੍ਰਾਂਤਕ ਅਤੇ ਕੌਮੀ ਪੱਧਰ ਦੇ ਇਨਾਮ, ਦੁੱਧ ਅਤੇ ਸੁੰਦਰਤਾ ਮੁਕਾਬਲਿਆਂ ਵਿੱਚ ਜਿੱਤਦੀਆਂ ਰਹੀਆਂ। ਇਸੇ ਗਊਸ਼ਾਲਾ ਦੀ ਚੌਂਤਰਫੀ ਫੈਲੀ ਮਹਿਮਾ ਸਦਕਾ, ਸਤਿਗੁਰੂ ਜਗਜੀਤ ਸਿੰਘ ਜੀ ਨੂੰ 1963-64 ਲਈ ਗਊ ਪਾਲਣ ਦੇ ਸਰਵਉਚ ਸਨਮਾਨ, 'ਗੋਪਾਲ ਰਤਨ' ਨਾਲ ਕੇਂਦਰੀ ਗੋ ਸੰਵਰਧਨ ਪ੍ਰੀਸ਼ਦ ਨੇ ਸਨਮਾਨਿਤ ਕੀਤਾ। ਜੀਵਨ ਦੇ ਆਖਰੀ ਪੜਾਅ ਤੱਕ ਮਹਾਰਾਜ ਜੀ ਆਪਣੀ ਇੱਕ-ਇੱਕ ਗਊ ਦਾ ਹਰ ਰੋਜ਼ ਦਾ ਰੀਕਾਰਡ ਅਤੇ ਸਿਹਤ ਦੀ ਪੜਤਾਲ ਕਰਦੇ। ਜੀਵਨ ਨਗਰ ਦਾ ਉਹਨਾਂ ਦਾ ਘੋੜਿਆਂ ਦਾ ਸਟੱਡ ਵੀ ਉਮਦਾ ਨਸਲ ਦੇ ਘੋੜਿਆਂ ਲਈ ਮਸ਼ਹੂਰ ਸੀ। ਮੱਝਾਂ ਦੀ ਅਦੁੱਤੀ ਪਰਖ ਸਦਕਾ ਉਹ ਕਈ ਪਸ਼ੂ ਮੁਕਾਬਲਿਆਂ ਵਿੱਚ ਜੱਜ ਬਣਾਏ ਜਾਂਦੇ। ਆਪ ਅਕਸਰ ਪਸ਼ੂ ਪਰਦਰਸ਼ਨੀਆਂ ਆਯੋਜਿਤ ਕਰ ਕੇ ਚੰਗੇ ਪਸ਼ੂ ਪਾਲਕਾਂ ਨੂੰ ਉਤਸ਼ਾਹਿਤ ਕਰਿਆ ਕਰਦੇ ਸਨ।

ਇਕ ਵੇਰ ਮਹਾਰਾਜ ਜੀ ਨੇ ਕਲਕੱਤੇ ਤੋਂ ਬੁੱਚੜਖਾਨਿਆਂ ਵੱਲ ਜਾ ਰਹੀਆਂ ਗਊਆਂ ਨੂੰ ਖਰੀਦ ਕੇ, ਆਪਣੀ ਗਊਸ਼ਾਲਾ ਦਾ ਐਸਾ ਭਾਗ ਬਣਾਇਆ ਕਿ ਛੁਰੀ ਹੇਠੋਂ ਕੱਢੀਆਂ, ਇਹਨਾਂ ਵਿੱਚੋਂ ਕੁਝ ਗਊਆਂ ਨੇ ਦੁੱਧ ਦੇਣ ਵਿੱਚ ਅਚੰਭਾ ਜਨਕ ਰੀਕਾਰਡ ਬਣਾਇਆ। ਮਹਾਰਾਜ ਜੀ ਖੇਤੀ ਬਾੜੀ ਦੇ ਕੰਮਾਂ ਵਿੱਚ ਸ਼ਾਮਲ ਹੁੰਦੇ ਹੀ ਲੰਗਰ ਲਈ ਆਪ ਲੱਕੜਾਂ ਵੀ ਕੱਟਿਆ ਕਰਦੇ ਸਨ। ਉਹ ਹੱਥੀਂ ਕੰਮ ਕਰਨ ਨੂੰ ਵਡਿਆਉਂਦੇ ਸਨ ਅਤੇ ਕਿਰਤੀ ਸਿੱਖਾਂ ਦਾ ਆਦਰ ਸਤਿਕਾਰ ਕਰਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਦੇ ਸਮੇਂ ਦੇਸ਼ ਦੁਨੀਆਂ ਵਿੱਚ ਸਾਮਰਾਜ ਵੱਲੋਂ ਤੀਜੀ ਠੰਢੀ ਜੰਗ ਰੋਕਣ ਲਈ, ਸਮਾਜਵਾਦੀ ਖੇਮੇ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਅਮਨ ਲਹਿਰ ਸਰਗਰਮ ਸੀ। ਸਤਿਗੁਰੂ ਜੀ ਅਮਨ ਕਾਊਂਸਿਲ ਦੀ ਪੰਜਾਬ ਕਮੇਟੀ ਦੇ ਪ੍ਰਧਾਨ ਸਨ। ਆਪ ਜੀ ਨਾਂ ਸਿਰਫ ਦੇਸ਼ ਵਿੱਚ ਹੋਣ ਵਾਲੀਆਂ ਅਮਨ ਕਾਨਫਰੰਸਾਂ ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ਼ਾਮਲ ਹੁੰਦੇ ਸਗੋਂ ਉਹਨਾਂ ਦੇ ਹੁਕਮ ਤੇ ਮਰਿਆਦਾ ਦੇ ਆਪਣੇ ਕਰੜੇ ਬੰਧੇਜ ਦੇ ਬਾਵਜੂਦ, ਵਿਦੇਸ਼ਾਂ ਵਿੱਚ ਵੀ ਸਤਿਗੁਰੂ ਜੀ ਦੀ ਐਸੇ ਸਮੇਂ ਪ੍ਰਤੀਨਿਧਤਾ ਕਰਦੇ ਸਨ। 1965 ਵਿੱਚ ਆਪ ਹੇਲਸਿੰਕੀ (ਫਿਨਲੈਂਡ) ਦੀ ਵਿਸ਼ਵ ਅਮਨ ਕਾਨਫਰੰਸ ਵਿੱਚ ਸ਼ਾਮਲ ਹੋਏ। ਖੂਹ ਉਧਰ ਨਹੀਂ, ਨਦੀ, ਚਸ਼ਮੇਂ ਜਾਂ ਝੀਲਾਂ ਦਾ ਜਲ ਛਕ ਕੇ,

ਸਿਰਫ ਫਲਾਹਾਰ ਦੁਆਰਾ ਜਿਵੇਂ ਉਹਨਾਂ ਨੇ ਪਰਸ਼ਾਦਾ ਛਕਣ ਤੋਂ ਬਿਨਾਂ ਕਈ ਦਿਨ ਬਿਤਾਏ, ਇਸ ਲਈ ਸਥਾਨਕ ਲੋਕਾਂ ਅਤੇ ਹੋਰ ਡੈਲੀਗੇਟਾਂ ਤੇ ਵੀ ਪ੍ਰਭਾਵ ਪਿਆ। ਆਪ ਦੇ ਜ਼ਾਬਤਾ ਬੱਧ ਨਾਮਧਾਰੀ ਪਿਛੋਕੜ ਵਾਲੇ ਜੀਵਨ ਤੇ ਵਿਦੇਸ਼ੀ ਅਖਬਾਰਾਂ ਵਿੱਚ ਆਪ ਦੇ ਚਿਤਰਾਂ ਸਮੇਤ ਕਈ ਉਤਸ਼ਾਹਜਨਕ ਰੀਪੋਰਟਾਂ ਛਪੀਆਂ ਸਨ। ਇਸੇ ਤਰ੍ਹਾਂ ਵਿਸ਼ਵ ਸ਼ਾਕਾਹਾਰੀ ਕਾਨਫਰੰਸਾਂ ਵਿੱਚ ਵੀ ਆਪ ਸ੍ਰੀ ਲੰਕਾ, ਅਮਰੀਕਾ ਅਤੇ ਹਾਲੈਂਡ ਵਿੱਚ ਭਾਗ ਲੈਣ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਉਹਨਾਂ ਨੇ ਬੰਗਲੌਰ (ਕਰਨਾਟਕ) ਦੇ ਨਜ਼ਦੀਕ ਇਕ ਬੇਅਬਾਦ ਜ਼ਮੀਨ ਖਰੀਦ ਕੇ 1973 ਤੋਂ 80 ਈ. ਤੱਕ ਉਸ ਭੂਮੀ ਨੂੰ ਆਬਾਦ ਕਰਨ ਵਿੱਚ, ਉੱਥੇ ਰਹਿ ਕੇ ਵੱਡਾ ਯੋਗਦਾਨ ਪਾਇਆ। ਇੱਥੇ ਸਥਾਪਿਤ ਇਹ ਨਾਮਧਾਰੀ ਫਾਰਮ ਬਾਅਦ ਵਿੱਚ ਠਾਕੁਰ ਉਦੇ ਸਿੰਘ ਜੀ ਦੀ ਕੁਸ਼ਲ ਅਗੁਆਈ ਹੇਠ, ਦੇਸ਼ ਦੁਨੀਆਂ ਵਿੱਚ ਆਪਣੀ ਨਿਵੇਕਲੀ ਪਹਿਚਾਣ ਕਾਇਮ ਕਰ ਗਿਆ ਹੈ। ਮਹਾਰਾਜ ਜੀ ਵੱਲੋਂ ਅਰੰਭਿਆ ਮੁੱਢਲਾ ਯਤਨ ਅੱਜ ਇਕ ਬਹੁਪਰਤੀ ਵਿਸ਼ਾਲ ਕੌਮਾਂਤਰੀ ਅਦਾਰੇ ਦਾ ਰੂਪ ਧਾਰਨ ਕਰ ਚੁੱਕਾ ਹੈ।

ਮਹਾਰਾਜ ਜੀ ਕਦੇ ਵੀ ਆਪਣੇ ਸਮੇਂ ਦਾ ਇਕ ਪਲ ਵੀ ਅਜਾਈਂ ਨਹੀਂ ਜਾਣ ਦਿੰਦੇ ਸਨ। ਵੱਡੇ ਤੜਕੇ ਅੰਮ੍ਰਿਤ ਵੇਲੇ ਦਾ ਇਸ਼ਨਾਨ ਸਦਾ ਹਰ ਹਾਲਤ ਵਿੱਚ ਨਿਬਾਹੁੰਦੇ ਰਹੇ। ਨਾਮ ਬਾਣੀ ਦਾ ਅਭਿਆਸ ਸਦਾ ਚੱਲਦਾ ਰਹਿੰਦਾ ਸੀ। ਆਉਣ ਵਾਲੀਆਂ ਸੰਗਤਾਂ ਨਾਲ ਵਿਚਾਰ ਵਟਾਂਦਰਾ ਕਰ ਕੇ ਉਹਨਾਂ ਦੀਆਂ ਮੁਸ਼ਕਿਲਾਂ ਦਾ ਸਮਾਧਾਨ ਵੀ ਕਰਿਆ ਕਰਦੇ ਸਨ। ਦੇਸ਼ ਅਤੇ ਹਰਿਆਣਾ ਪੰਜਾਬ ਦੇ ਬਹੁਤ ਸਾਰੇ ਵੱਡੇ ਸਿਆਸੀ, ਸਮਾਜਿਕ ਆਗੂਆਂ ਨਾਲ ਵੀ ਆਪ ਦੇ ਨੇੜਲੇ ਸਬੰਧ ਰਹੇ ਸਨ। 1996 ਅਤੇ 1999 ਵਿੱਚ ਦੋ ਵੇਰ ਸਰੀਰ ਨੂੰ ਵੱਡੇ ਝਟਕੇ, ਦੌਰਿਆਂ ਦੇ ਰੂਪ ਵਿੱਚ ਲੱਗੇ। ਪ੍ਰੰਤੂ ਆਪ ਆਪਣੀ ਦ੍ਰਿੜ ਇੱਛਾ ਸ਼ਕਤੀ ਨਾਲ ਸੁਅਸਥ ਹੋ ਗਏ ਅਤੇ ਫਿਰ ਆਪਣੀ ਦਿਨ ਚਰਿਆ ਉਸੇ ਤਰ੍ਹਾਂ ਨਿਬਾਹੁੰਦੇ ਰਹੇ। 9 ਅਕਤੂਬਰ 2008 ਨੂੰ ਫਿਰ ਅਟੈਕ ਹੋਇਆ ਤਾਂ ਪਹਿਲਾਂ ਬਠਿੰਡਾ ਬਾਅਦ ਵਿੱਚ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਸਤਿਗੁਰੂ ਪਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਵਿਖੇ ਲਿਆਏ ਗਏ। ਇਸ ਹਸਪਤਾਲ ਵਿੱਚ 11 ਅਕਤੂਬਰ 2008 ਨੂੰ ਸੁਬਹਾ ਪੰਜ ਵਜੇ ਆਪ ਜੀਵਨ ਯਾਤਰਾ ਸੰਪੂਰਨ ਕਰ ਗਏ। ਦੇਹ ਨੂੰ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਬੇਬੇ ਦਲੀਪ ਕੌਰ ਜੀ ਦੇ ਬੇਨਤੀ ਕਰਨ ਤੇ ਮਹਾਰਾਜ ਜੀ ਦੇ ਸਰੀਰ ਤੇ ਸੁਨੇਹ ਭਰੇ ਹਸਤ ਕੰਵਲ ਫੇਰ ਕੇ ਆਪਣਾ ਅਸ਼ੀਰਵਾਦ ਦਿੱਤਾ। ਸਾਰੇ

ਗੁਰੂ ਪਰਿਵਾਰ ਅਤੇ ਹਜ਼ਾਰਾਂ ਸੰਗਤਾਂ ਦੇ ਇਕੱਠ ਵਿੱਚ, ਸ੍ਰੀ ਭੈਣੀ ਸਾਹਿਬ ਵਿਖੇ ਆਪ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸ ਸਮੇਂ ਸ੍ਰੀ ਭੈਣੀ ਸਾਹਿਬ ਵਿੱਚ ਸਾਲਾਨਾ ਜਪ ਪ੍ਰਯੋਗ, ਅੱਸੂ ਦਾ ਮੇਲਾ ਚੱਲ ਰਿਹਾ ਸੀ। ਇਸੇ ਮੇਲੇ ਵਿੱਚ 15 ਅਕਤੂਬਰ ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਪ ਜੀ ਦੇ ਨਮਿਤ ਗੁਰਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਸਤਿਗੁਰੂ ਜੀ ਨੇ ਆਪਣੇ ਛੋਟੇ ਭਰਾਤਾ ਦੇ ਮਹਾਨ ਜੀਵਨ ਸਫਰ ਤੇ ਝਾਤ ਪਾਉਂਦਿਆਂ ਫਰਮਾਇਆ ਸੀ- "ਉਹ ਉਮਰ ਵਿੱਚ ਭਾਂਵੇਂ ਮੇਰੇ ਤੋਂ ਛੋਟੇ ਸਨ ਪਰ ਆਪਣੇ ਗੁਣਾਂ ਕਰ ਕੇ ਮੇਰੇ ਤੋਂ ਵੱਡੇ ਸਨ।"

ਮਹਾਰਾਜ ਜੀ ਆਪਣਾ ਦਿਨ ਦਾ ਵਿਹਲਾ ਸਮਾਂ ਪੁਸਤਕਾਂ, ਅਖਬਾਰਾਂ, ਰਸਾਲਿਆਂ ਨੂੰ ਪੜ੍ਹਨ ਵਿੱਚ ਬਿਤਾਉਂਦੇ ਸਨ। ਉਹ ਬਹੁਤ ਵੱਡੇ ਪੁਸਤਕ ਪ੍ਰੇਮੀ ਸਨ। ਇਤਿਹਾਸ, ਖੋਜ ਨਾਲ ਸੰਬੰਧਿਤ ਪੁਸਤਕਾਂ ਉਚੇਚੇ ਯਤਨ ਨਾਲ ਮੰਗਵਾਉਂਦੇ। ਉਹਨਾਂ ਦਾ ਲੇਖਨ ਕਾਰਜ ਵੀ ਨਿਰੰਤਰ ਚੱਲਦਾ ਰਹਿੰਦਾ। ਦੇਸ਼ ਬਟਵਾਰੇ ਤੋਂ ਛੇਤੀ ਬਾਅਦ ਨਾਮਧਾਰੀ ਦਰਬਾਰ ਦਾ ਸਪਤਾਹਿਕ ਪਰਚਾ 'ਸਤਿਜੁਗ' ਸ੍ਰੀ ਜੀਵਨ ਨਗਰ ਤੋਂ ਛਪਣਾ ਸ਼ੁਰੂ ਹੋਇਆ। ਮਹਾਰਾਜ ਜੀ ਦਾ ਨਿਵਾਸ ਅਸਥਾਨ ਵੀ ਜੀਵਨ ਨਗਰ ਵਿਖੇ ਹੀ ਸੀ, ਸੋ ਸਤਿਜੁਗ ਦੇ ਵਿਸ਼ੇਸ਼ ਅੰਕਾਂ ਦੀ ਤਿਆਰੀ ਵਿੱਚ ਉਹ ਸੰਪਾਦਕ ਨਾਲ ਹੱਥ ਵਟਾਇਆ ਕਰਦੇ ਸਨ। ਵਿਦਿਆਰਥੀ ਜੀਵਨ ਵਿੱਚ ਉਹ ਸਤਿਜੁਗ ਦੇ ਮੈਟਰ ਦੀ ਕੰਪੋਜ਼ਿੰਗ ਵੀ ਕਰਦੇ ਰਹੇ ਸਨ। ਸਤਿਜੁਗ ਦੇ ਵਿਸ਼ੇਸ਼ ਅੰਕਾਂ ਜਿਹਾ ਕਿ ਗਊ ਅੰਕ, ਗੁਰੂ ਨਾਨਕ ਅੰਕ, ਦਸ਼ਮੇਸ਼ ਅੰਕ, ਪਰਦੇਸ਼ ਗਵਨ ਸ਼ਤਾਬਦੀ ਅੰਕ, ਦੋ ਭਾਗਾਂ ਵਿੱਚ "ਸਤਿਗੁਰੂ ਪਰਤਾਪ ਸਿੰਘ ਆਗਮਨ ਸ਼ਤਾਬਦੀ ਅੰਕ", ਸਤਿਜੁਗ ਦਾ 65 ਸਾਲਾ ਅੰਕ, ਆਦਿ ਉਹਨਾਂ ਦੀ ਦੇਖ ਰੇਖ ਵਿੱਚ ਛਪੇ, ਸਾਂਭਣ ਯੋਗ ਅੰਕ ਹਨ। ਇਹਨਾਂ ਵਿੱਚੋਂ ਕਾਫੀ ਅੰਕਾਂ ਵਿੱਚ ਗੁਰਮਤਿ, ਨਾਮਧਾਰੀ ਸਿਧਾਂਤ ਅਤੇ ਇਤਿਹਾਸ ਬਾਰੇ ਆਪ ਦੀਆਂ ਖੋਜ ਭਰਪੂਰ ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ। ਇਕ ਬਹੁਤ ਵੱਡੇ ਇਤਿਹਾਸਕ ਕੇਂਦਰ, ਪਹਿਲਾਂ ਸ੍ਰੀ ਭੈਣੀ ਸਾਹਿਬ ਅਤੇ ਫਿਰ ਜੀਵਨ ਨਗਰ ਨਾਲ ਜੁੜੇ ਰਹਿਣ ਕਾਰਨ, ਪੰਜਾਬ ਅਤੇ ਦੇਸ਼ ਦੇ ਇਤਿਹਾਸ ਦੇ ਕਈ ਮੌਖਿਕ ਪਰਸੰਗ ਆਪ ਨੂੰ ਯਾਦ ਸਨ। ਜਿਹਨਾਂ ਦਾ ਉਪਯੋਗ ਉਹ ਆਪਣੀ ਲਿਖਤ ਵਿੱਚ ਕਰਿਆ ਕਰਦੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਪ੍ਰਕਾਸ਼ ਸ਼ਤਾਬਦੀ ਸਮੇਂ ਸਤਿਜੁਗ ਨੇ "ਦਸ਼ਮੇਸ਼-ਅੰਕ", ਜਨਵਰੀ 1967 ਵਿੱਚ ਪ੍ਰਕਾਸ਼ਿਤ ਕੀਤਾ। ਇਸ ਵਿੱਚ ਮਹਾਰਾਜ ਜੀ ਦੀ ਇਕ ਖੋਜ ਪੂਰਨ ਰਚਨਾ, "ਕੀ ਸ੍ਰੀ ਦਸਮ ਗ੍ਰੰਥ ਗੁਰਬਾਣੀ ਨਹੀਂ?" ਛਪੀ ਹੈ। ਦਰਅਸਲ ਸਿੱਖਾਂ ਵਿੱਚ ਨਾਮਧਾਰੀਆਂ,

ਨਿਹੰਗ ਸਿੰਘਾਂ ਅਤੇ ਕੁਝ ਹੋਰ ਸੰਪਰਦਾਵਾਂ ਨੂੰ ਛੱਡ ਕੇ ਦਿਨੋ ਦਿਨ ਇਹ ਖਿਆਲ ਜੋਰ ਫੜ ਰਿਹਾ ਸੀ ਕਿ ਦਸਮ ਗ੍ਰੰਥ, ਕੁਝ ਕੁ ਬਾਣੀਆਂ ਨੂੰ ਛੱਡ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ। ਮਹਾਰਾਜ ਜੀ ਨੇ ਯੁਕਤੀ ਪੂਰਵਕ ਇਸ ਲੇਖ ਵਿੱਚ ਸਿੱਧ ਕੀਤਾ ਹੈ ਕਿ ਇਹ ਗੁਰੂ ਸਾਹਿਬ ਦੀ ਹੀ ਰਚਨਾ ਹੈ। ਉਹਨਾਂ ਲਿਖਿਆ ਕਿ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਤੇ ਸਿੱਖ-ਜਗਤ ਦੀ ਅਰਦਾਸ ਆਧਾਰਿਤ ਹੈ। ਸਿੱਖਾਂ ਵਿੱਚ ਪ੍ਰਚਲਿਤ ਅੰਮ੍ਰਿਤ ਤਿਆਰ ਕਰਨ ਸਮੇਂ 'ਸ੍ਰਾਵਗ ਸੁਧ ਸਮੂਹ ਸਿਧਾਨ ਕੇ' ਸਵੱਈਏ ਅਤੇ ਚੌਪਈ, ਹਮਰੀ ਕਰੋ ਹਾਥ ਦੈ ਰਛਾ", ਉਸ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਵੀ ਦਸਮ ਗ੍ਰੰਥ ਵਿੱਚ ਹੀ ਦਰਜ ਹਨ। ਇਸ ਲਈ ਦਸਮ ਗ੍ਰੰਥ ਤੇ ਕੋਈ ਵੀ ਹਮਲਾ ਸਿੱਖੀ ਦੀਆਂ ਬੁਨਿਆਦਾਂ ਤੇ ਹਮਲਾ ਹੈ। ਜਿਹੜੇ ਸੱਜਣ ਚੰਡੀ ਦੀ ਵਾਰ ਨੂੰ ਵੀ ਦਸਮ-ਗੁਰੂ ਕ੍ਰਿਤ ਨਹੀਂ ਮੰਨਦੇ ਉਹਨਾਂ ਨੂੰ ਆਪ ਇਉਂ ਸੰਬੰਧਿਤ ਹੁੰਦੇ ਹਨ।

"ਜੇ ਇਹ ਚੰਡੀ ਦੀ ਵਾਰ ਕਿਸੇ ਉਸ ਕਵੀ ਦੀ ਰਚਨਾ ਹੈ ਜੋ ਗੁਰੂ ਜੀ ਦਾ ਦਰਬਾਰੀ ਕਵੀ ਸੀ ਤਦ ਓਸਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਪਹਿਲੀ ਪਉੜੀ ਸਮਾਪਤ ਨਹੀਂ ਸੀ ਕਰ ਦੇਣੀ ਚਾਹੀਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲਿਖ ਦੇਣ ਵਿੱਚ ਉਸ ਨੂੰ ਕਿਉਂ ਸੰਕੋਚ ਹੋਇਆ। ਬਲਕਿ ਕਵੀ ਭਾਟ ਆਦਿ ਸ਼੍ਰੇਣੀ ਦੀ ਕੁਦਰਤੀ ਪ੍ਰਕਿਰਤੀ ਹੈ ਕਿ ਆਪਣੇ ਸਵਾਮੀ ਦੀ ਵੱਧ ਤੋਂ ਵੱਧ ਸਿਫਤ ਕਰਨੀ। ਜੇ ਇਹ ਦਸਮ ਗ੍ਰੰਥ ਕਵੀਆਂ ਦੀ ਬਾਣੀ ਹੈ ਤਾਂ ਸ੍ਰੀ ਦਸ਼ਮੇਸ਼ ਜੀ ਦੀ ਸਿਫਤ ਤੋਂ ਬਿਨਾਂ ਕਿਉਂ ਹੈ? ਕਿਸੇ ਜਗ੍ਹਾ ਤਾਂ ਗੁਰੂ ਜੀ ਦੀ ਸਿਫਤ ਸਿੱਧੇ ਸ਼ਬਦਾਂ ਵਿੱਚ ਆਉਂਦੀ। ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿੱਚ ਭੱਟਾਂ ਦੀ ਬਾਣੀ ਹੈ ਉਹਨਾਂ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਪੰਜਵੀਂ ਤੱਕ (ਉਹਨਾਂ ਦੇ ਸਮਕਾਲੀ ਜਾਂ ਪਹਿਲੇ) ਸਭ ਗੁਰੂਆਂ ਦੀ ਸਿਫਤ ਕੀਤੀ ਹੈ।... ਜੇ ਦਸ਼ਮੇਸ਼ ਜੀ ਦੇ ਦਰਬਾਰੀ ਕਵੀ ਸਨ ਉਹਨਾਂ ਨੇ ਏਡੀ ਵੱਡੀ ਸਾਹਿਤ ਰਚਨਾ ਕੀਤੀ, ਪਿਛਲੇ ਸਭ ਗੁਰੂ ਸਾਹਿਬਾਨ ਦੇ ਨਾਮ ਬਚਿੱਤਰ ਨਾਟਕ ਅਤੇ ਚੰਡੀ ਦੀ ਵਾਰ ਵਿੱਚ ਲਿਖੇ ਅਤੇ ਆਪਣੇ ਸਵਾਮੀ ਦਾ ਨਾਮ ਹੀ ਨਹੀਂ ਲਿਖਿਆ।" (ਦਸ਼ਮੇਸ਼-ਅੰਕ, ਸਫਾ 116)

ਗਊ ਅੰਕ, 1968 ਈ. ਵਿੱਚ ਮਹਾਰਾਜ ਜੀ ਨੇ ਆਪਣੇ ਲੇਖ, "ਸਿੱਖ ਧਰਮ ਵਿੱਚ ਗਊ ਦਾ ਸਥਾਨ" ਵਿੱਚ ਦੱਸਿਆ ਹੈ ਕਿ ਪੰਜਾਬ ਦਾ ਮੁਸਲਮਾਨ ਵੀ ਗਊ-ਮਾਸ ਨਹੀਂ ਖਾਂਦਾ ਸੀ ਅਤੇ ਇਹ ਵਿਦੇਸ਼ੀ ਅੰਗਰੇਜ਼ੀ ਹਾਕਮ ਸਨ ਜਿਹਨਾਂ ਨੇ ਪੰਜਾਬ ਕਬਜ਼ੇ ਵਿੱਚ ਕਰਦਿਆਂ ਹੀ ਅੰਮ੍ਰਿਤਸਰ ਜੈਸੇ ਪਵਿੱਤਰ ਸਿੱਖ ਅਸਥਾਨਾਂ ਦੇ ਪਾਸ ਬੁੱਚੜਖਾਨੇ ਖੁਲ੍ਹਵਾਏ ਸਨ। ਉਹਨਾਂ ਦੇ

ਮੁਤਾਬਿਕ ਗਊ ਰੱਖਿਆ ਸਿੱਖ ਸੰਸਕ੍ਰਿਤੀ ਦਾ ਅਭਿੰਨ ਅੰਗ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਪਹਿਲੀ ਅਵਤਾਰ ਸ਼ਤਾਬਦੀ ਸਮੇਂ 'ਸਤਿਜੁਗ' ਦਾ "ਅਟੱਲ ਪ੍ਰਤਾਪੀ ਆਗਮਨ ਸ਼ਤਾਬਦੀ ਅੰਕ, ਅਪਰੈਲ 1990 ਵਿੱਚ ਛਪਿਆ। ਇਸ ਵਿੱਚ ਮਹਾਰਾਜ ਜੀ ਦਾ 'ਗਊ-ਗਰੀਬ ਦੇ ਪਾਲਕ' ਅਨੁਮਾਨ ਹੇਠ ਲੰਬਾ ਲੇਖ ਛਪਿਆ। ਸਤਿਗੁਰੂ ਜੀ ਦੇ ਦੀਨੀ ਦੁਨਿਆਵੀ ਮਹਾਨ ਕਾਰਜਾਂ ਅਤੇ ਆਮ ਲੋਕਾਂ ਤੇ ਕੀਤੀਆਂ ਬਖਸ਼ਿਸ਼ਾਂ ਦੇ ਵਰਨਣ ਤੋਂ ਬਿਨਾਂ ਉਹਨਾਂ ਨਾਲ ਸੰਬੰਧਿਤ ਇਤਿਹਾਸਿਕ ਵਾਕਿਆਤ, ਰੌਚਕ ਸੰਸਮਰਨਾਂ ਦੇ ਰੂਪ ਵਿੱਚ ਦਰਜ ਕੀਤੇ।

"ਸ੍ਰੀ ਸਤਿਗੁਰੂ ਜੀ ਨੂੰ ਪਸ਼ੂਆਂ ਦੀ ਐਸੀ ਪਰਖ ਸੀ ਕਿ ਦੇਖਦਿਆਂ ਹੀ ਆਪ ਉਨ੍ਹਾਂ ਦੇ ਗੁਣ ਔਗੁਣ ਦੱਸ ਦਿੰਦੇ। ਗਊਆਂ ਅਤੇ ਘੋੜਿਆਂ ਨਾਲ ਆਪ ਜੀ ਦਾ ਵਿਸ਼ੇਸ਼ ਸਨੇਹ ਸੀ। ਆਪ ਜੀ ਦੀ ਸਵਾਰੀ ਦਾ ਘੋੜਾ ਹੋਵੇ ਜਾਂ ਘੋੜੀ ਉਸ ਤੇ ਆਮ ਸਵਾਰ ਨਹੀਂ ਬੈਠ ਸਕਦਾ ਸੀ। ਸੁਸਤ ਘੋੜੇ ਦੀ ਸਵਾਰੀ ਆਪ ਜੀ ਕਦੇ ਪਸੰਦ ਨਹੀਂ ਸਨ ਕਰਦੇ।

"1996 ਸੰਬਤ (1939 ਈ.) ਵਿੱਚ ਸਟੇਟ ਪੀਪਲਜ਼ ਕਾਨਫਰੰਸ ਵਿੱਚ ਲੁਧਿਆਣੇ ਜਲੂਸ ਵਿੱਚ ਪੰਡਿਤ ਜਵਾਹਰ ਲਾਲ ਜੀ ਨੂੰ ਆਪ ਨੇ ਆਪਣੀ ਸਵਾਰੀ ਵਾਲੀ ਬਹੁਤ ਸੁੰਦਰ ਘੋੜੀ ਦਿੱਤੀ। ਇਹ ਘੋੜੀ ਸ੍ਰ. ਸ਼ਾਮ ਸਿੰਘ ਮਾਨਾਂ ਵਾਲੀਏ ਨੇ ਸਤਿਗੁਰੂ ਜੀ ਨੂੰ ਮੱਥਾ ਟੇਕੀ ਸੀ। ਜਦ ਜਲੂਸ ਵਿੱਚ ਗੋਲੇ ਚੱਲੇ ਤਾਂ ਘੋੜੀ ਤਲਖ ਹੋਈ। ਪੰਡਿਤ ਜੀ ਪਾਸੋਂ ਘੋੜੀ ਨਾ ਸੰਭਾਲੀ ਗਈ। ਉਸ ਵਕਤ ਆਪ ਜੀ ਨੇ ਸੁਸਤ ਤਬੀਅਤ ਵਾਲੀ ਇਕ ਘੋੜੀ ਪੰਡਿਤ ਜੀ ਨੂੰ ਦਿੱਤੀ ਅਤੇ ਆਪ ਉਸ ਤੇ ਸਵਾਰ ਹੋਏ। ਆਪ ਜੀ ਦੀ ਸਵਾਰੀ ਹੇਠ ਉਹ ਘੋੜੀ ਸਾਰੇ ਜਲੂਸ ਵਿੱਚ ਪੂਰੀ ਤਰ੍ਹਾਂ ਕਾਬੂ ਵਿੱਚ ਰਹੀ।"... (ਸ਼ਤਾਬਦੀ ਅੰਕ, ਸਫਾ 13) ਇਸ ਸਮੇਂ ਸ਼ਤਾਬਦੀ ਅੰਕ' ਭਾਗ ਦੂਜਾ ਮਈ 1991 ਵਿੱਚ ਛਪਿਆ। ਇਸ ਵਿੱਚ "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਅਵਤਾਰ ਅਤੇ ਆਰੰਭਿਕ ਸਮਾਂ ਮਹਾਰਾਜ ਜੀ ਦਾ ਇਕ ਲੇਖ ਛਪਿਆ। ਆਪ ਨੇ ਭਵਿੱਖ ਬਾਣੀਆਂ, ਵੱਡ ਤੀਰਥ ਦੀ ਸਾਖੀ, ਮਸਤ ਸ਼ੇਰ ਸਿੰਘ ਡੱਫਰਕੇ ਵਾਲੇ ਦੇ ਅਜਗੈਬੀ ਬੋਲਿਆਂ, ਭੈਣੀ ਸਾਹਿਬ ਦੇ ਗੁਆਂਢੀ ਪਿੰਡ ਬਿਜਲੀਪੁਰ ਦੇ ਫਕੀਰ ਸ਼ਫੀ ਮੁਹੰਮਦ ਦੇ ਸਤਿਗੁਰੂ-ਜੋਤਿ, ਸਤਿਗੁਰੂ ਪਰਤਾਪ ਸਿੰਘ ਵਿੱਚ ਆਉਣ ਦੇ ਹੋਕੇ ਆਦਿਕ ਦਾ ਜ਼ਿਕਰ ਕੀਤਾ ਹੈ। ਇਸੇ ਲੇਖ ਵਿੱਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਦੁਆਰਾ ਗੱਦੀ ਨਸ਼ੀਨੀ ਵਾਲੇ ਸਾਲ ਹੀ ਰੋਪੜ ਵਾਲੀ ਨਹਿਰ ਤੇ ਜਪ ਪ੍ਰਯੋਗ ਅਰੰਭ ਕਰਨ ਦਾ ਜ਼ਿਕਰ ਕਰ ਕੇ, ਆਪ ਨੇ ਇਕ ਮਹੱਤਵਪੂਰਨ ਘਟਨਾ ਦੀ

ਨਿਸ਼ਾਨਦੇਹੀ ਕਰ ਦਿੱਤੀ ਹੈ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਭੋਗ ਪੈਣ ਤੋਂ ਬਾਅਦ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਅੰਦਰ ਭੀ ਐਸਾ ਵੈਰਾਗ ਉਤਪੰਨ ਹੋਇਆ ਕਿ ਘਰ ਦੇ ਵਿਹਾਰਕ ਝਮੇਲਿਆਂ ਤੋਂ ਮਨ ਉਪਰਾਮ ਹੋ ਗਿਆ। ਇਸ ਕਰ ਕੇ ਆਪ ਜੀ ਨੇ ਨਹਿਰ ਤੇ ਜਾ ਕੇ ਬਿਰਧ ਸਾਧੂਆਂ ਦੀ ਸੰਗਤ ਨਾਲ ਬੈਠ ਕੇ ਭਜਨ ਕਰਨਾ ਸ਼ੁਰੂ ਕੀਤਾ। ਸਤਿਗੁਰੂ ਜੀ ਪੰਡਿਤ ਬਸੰਤ ਸਿੰਘ ਪਧਾਣੇ ਵਾਲਿਆਂ ਨੂੰ ਨਾਲ ਲੈ ਨਹਿਰ ਤੇ ਨਿਤਨੇਮ ਅਰੰਭ ਕੀਤਾ। ਭੁੰਜੇ ਬਿਰਾਜਣਾ ਅਤੇ ਬਹੁਤ ਥੋਹੜਾ ਛਕਣਾ ਨਹਿਰ ਤੇ ਘਰ ਵਰਗੇ ਸੁਖ ਨਹੀਂ ਸਨ। ਪੰਡਿਤ ਜੀ ਨੇ ਚਾਰ ਪੰਜ ਦਿਨ ਬਾਅਦ ਮੰਜਾ ਮੰਗਵਾ ਲਿਆ ਪਰ ਸਤਿਗੁਰੂ ਜੀ ਨਿਤਨੇਮ, ਇਕ ਰਸ ਭੁੰਜੇ ਬਰਾਜ ਕੇ ਹੀ ਕੀਤਾ ਜੋ 24 ਭਾਦਰੋਂ 1963 ਬਿਕ੍ਰਮੀ, (ਸਤੰਬਰ 1906) ਨੂੰ ਸੰਪੂਰਨ ਹੋਇਆ।"

(ਸ਼ਤਾਬਦੀ ਅੰਕ-2, ਸਫਾ 6)

ਸਤਿਗੁਰੂ ਜੀ ਕਿਹੋ ਜਿਹੇ ਮਰਿਆਦਾ ਪੁਰਸ਼ੋਤਮ ਸਨ, ਇਹ ਵੇਰਵਾ ਵੀ ਇਸੇ ਲਿਖਤ ਵਿੱਚੋਂ ਮਿਲਦਾ ਹੈ। "ਉਦੋਂ ਜੰਞ ਨਾਲ ਜਾ ਕੇ ਵਿਆਹ ਕਰਨ ਤੇ ਰੋਕ ਨਹੀਂ ਸੀ ਲਾਈ। ਸੰਮਤ 1970 ਵਿੱਚ ਸ੍ਰ. ਅਰਬੇਲ ਸਿੰਘ (ਪ੍ਰਚਲਿਤ ਨਾਮ ਰਵੇਲ ਸਿੰਘ) ਜੀ ਦਾ ਅਨੰਦ ਘਣੀਏ ਕੇ ਦੇ ਭਾਈ ਹਵੇਲਾ ਸਿੰਘ ਜੀ ਦੀ ਲੜਕੀ ਬੀਬੀ ਕਰਤਾਰ ਕੌਰ ਨਾਲ ਹੋਇਆ। ਜੰਞ ਨਾਲ ਸ੍ਰੀ ਸਤਿਗੁਰੂ ਜੀ ਭੀ ਗਏ। ਅੱਗੋਂ ਘਰ ਵਾਲੇ ਢੋਲਕ ਛੈਣੇ ਵਜਾਉਂਦੇ ਸ਼ਬਦ ਪੜ੍ਹਦੇ ਸੁਆਗਤ ਕਰਨ ਆਏ। ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਕੁਛ ਕਦਮ ਘੋੜੇ ਤੇ ਚੜ੍ਹੇ ਹੋਏ ਸ਼ਬਦ ਪੜ੍ਹਦਿਆਂ ਦੇ ਨਾਲ ਹੀ ਗਏ।

"ਅਗਲੇ ਦਿਨ ਅਨੰਦ ਹੋਣ ਤੋਂ ਬਾਅਦ ਸਤਿਗੁਰ ਜੀ ਗਲ ਵਿੱਚ ਪੱਲਾ ਪਾ ਕੇ ਖੜੇ ਹੋ ਗਏ ਅਤੇ ਅਰਜ਼ ਕੀਤੀ, ਕੱਲ੍ਹ ਮੇਰੇ ਪਾਸੋਂ ਗੁਰਬਾਣੀ ਦਾ ਜੋ ਅਦਬ ਨਹੀਂ ਰੱਖਿਆ ਗਿਆ, ਇਹ ਭਾਰੀ ਭੁੱਲ ਹੋਈ ਹੈ। ਜੋ ਸੰਗਤ ਦੀ ਰਜਾ ਹੋਵੇ, ਮੈਨੂੰ ਡੰਨ ਲਾਵੇ, ਮੈਂ ਮੰਨਾਂਗਾ। ਇਸ ਤੇ ਸੰਗਤ ਨੂੰ ਬਹੁਤ ਅਸਚਰਜ ਹੋਇਆ। ਸੰਗਤ ਵਿੱਚੋਂ ਆਵਾਜ਼ਾਂ ਆਉਣ ਲੱਗ ਪਈਆਂ ਕਿ ਸੱਚੇ ਪਾਤਸ਼ਾਹ ਜੀ ਆਪ ਬੈਠ ਜਾਉ। ਆਪ ਨੇ ਬੜੀ ਕਿਰਪਾ ਕੀਤੀ ਹੈ, ਜੋ ਆਪਣਾ ਦੋਸ਼ ਮੰਨ ਕੇ ਸਾਨੂੰ ਭੁੱਲ ਮੰਨਣ ਦੀ ਜਾਚ ਦੱਸੀ ਹੈ।

(ਉਹੀ, ਸਫਾ 6-7)

ਨਾਮਧਾਰੀ ਪੰਥ ਨੇ ਲੰਮਾਂ ਸਮਾਂ ਸਤਿਗੁਰੂ ਰਾਮ ਸਿੰਘ ਜੀ ਦਾ ਬਿਰਹਾ ਹੰਡਾਇਆ। ਇਹ ਪੰਥ ਹੀ ਰਾਮ ਵਿਓਗੀਆਂ ਦਾ ਪੰਥ ਬਣ ਗਿਆ ਸੀ। ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦਾ ਆਗਮਨ ਤਾਂ ਪਰਦੇਸ ਗਮਨ ਸਾਕੇ

ਤੋਂ ਕੁੱਲ ਅਠਾਰਾਂ ਕੁ ਸਾਲ ਬਾਅਦ ਹੀ ਹੋਇਆ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਤਾਂ ਪਰਦੇਸੀ ਪ੍ਰੀਤਮ ਦੀ ਯਾਦ ਵਿੱਚ, ਨੈਣੋਂ ਨੀਰ ਵਹਾਂਦਿਆਂ, ਦਰਸ਼ਨਾਂ ਦੀ ਸਿਕ ਵਿੱਚ ਦੀਦੇ ਵੀ ਗਾਲ ਲਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦਾ ਬਚਪਨ ਤੇ ਜੁਆਨੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਸਿੱਕਦੇ ਉਹਨਾਂ ਦੇ ਸਮੇਂ ਦੇ ਸਿੰਘਾਂ ਦੇ ਸਾਥ ਵਿੱਚ ਬੀਤੇ ਸਨ। ਸਤਿਗੁਰੂ-ਵਿਛੋੜੇ ਦੇ ਮੁੱਕਣ ਤੇ ਉਹਨਾਂ ਦੇ ਘਰ ਆਉਣ ਦੀ ਉਡੀਕ ਕਰਦਿਆਂ ਬਾਰੇ, ਮਹਾਰਾਜ ਜੀ ਦਾ ਦੂਜੇ ਸ਼ਤਾਬਦੀ ਅੰਕ ਵਿੱਚ ਇਕ ਲੇਖ ਹੈ— "ਉਡੀਨੀ ਉਡੀਨੀ ਉਡੀਨੀ ਕਬਿ ਘਰਿ ਆਵੈ ਰੀ"। ਇਸ ਵਿੱਚ ਉਸ ਸਮੇਂ ਦੇ ਬਿਰਹਾ ਰੰਗ ਵਿੱਚ ਰੰਗੇ ਸ਼ਬਦਾਂ ਦਾ ਭਰਪੂਰ ਵਰਨਣ ਹੈ।

"ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਜਦ ਕਦੀ ਆਪ ਕੀਰਤਨ ਕਰਦੇ ਤਾਂ ਚੀਨੀ ਵਾਲੇ ਪਾਤਸ਼ਾਹ ਦੀ ਯਾਦ ਵਿੱਚ ਵੈਰਾਗ ਵਾਲੇ ਸ਼ਬਦ ਜ਼ਰੂਰ ਪੜ੍ਹਦੇ। ਕਈ ਵਾਰੀ ਆਪ ਐਸੇ ਵੈਰਾਗੀ ਹੋ ਜਾਂਦੇ ਕਿ ਕੰਠ ਰੁਕ ਜਾਂਦਾ। ਸਾਰੀ ਸੰਗਤ ਭੀ ਨਾਲ ਹੀ ਵੈਰਾਗੀ ਹੋ ਜਾਂਦੀ। ਐਸੇ ਸਮੇਂ ਕਦੇ-ਕਦੇ ਵੇਖਣ ਵਿੱਚ ਆਏ ਹਨ, ਜੋ ਮੇਰੇ ਲਈ ਅੱਜ ਤਕ ਅਭੁੱਲ ਬਣੇ ਹੋਏ ਹਨ। ਉਸ ਵੈਰਾਗ ਰਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਉਹ 'ਦੇਖਾ ਹੀ ਪ੍ਰਵਾਨ' ਹੈ।

ਉਸ ਸਮੇਂ ਲਾਊਡ ਸਪੀਕਰ ਨਹੀਂ ਸਨ। ਹੋਲੇ ਜਾਂ ਮੇਲੇ ਦੀ ਆਸਾ ਦੀ ਵਾਰ ਵਿੱਚ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਜੀ ਨੇ ਇਕ ਵਾਰੀ ਸ਼ਬਦ ਪੜ੍ਹਿਆ- "ਮੋਹਨਿ ਘਰਿ ਆਵਉ ਕਰਹੁ ਜੋਦਰੀਆ।" ਅੰਮ੍ਰਿਤ ਵੇਲੇ ਦੀਵਾਨ ਭਰਿਆ ਹੋਇਆ ਸੀ, ਦਰਵਾਜੇ ਬੰਦ ਸਨ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਕਿਤਨਾ ਹੀ ਚਿਰ ਵਿਸਮਾਦ ਵਿੱਚ ਰਹੇ। ਸਾਰੀ ਸੰਗਤ ਐਸੇ ਰੰਗ ਵਿੱਚ ਰੰਗੀ ਗਈ ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ।..." (ਸ਼ਤਾਬਦੀ ਅੰਕ-2, ਸਫਾ 15)

ਸਤਿਜੁਗ ਦੇ ਬਸੰਤ ਅੰਕ-2043 (1987 ਈ.) ਵਿੱਚ ਆਪ ਦਾ ਇਕ ਬਹੁਤ ਹੀ ਜਾਣਕਾਰੀ ਭਰਪੂਰ ਲੇਖ ਹੈ— "ਗੁਰਬਾਣੀ ਕੀਰਤਨ ਪਰੰਪਰਾ ਅਤੇ ਮਹਾਤਮ"। ਇਸ ਵਿੱਚ ਆਪ ਜੀ ਨੇ ਬਹੁਤ ਮਿਹਨਤ ਨਾਲ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰਬਾਣੀ ਕੀਤਰਨ ਦੀ ਸ਼ਾਨਦਾਰ ਪਰੰਪਰਾ ਦਾ ਉਲੇਖ ਕੀਤਾ ਹੈ ਕਿ ਕਿਸ ਤਰ੍ਹਾਂ ਗੁਰੂ ਅਰਜਨ ਸਾਹਿਬ ਨੇ ਰਬਾਬੀਆਂ ਦੇ ਨਰਾਜ਼ ਹੋਣ ਤੇ ਆਮ ਸਿੱਖਾਂ ਨੂੰ ਕੀਰਤਨ ਦਾ ਵਰਦਾਨ ਦੇ ਕੇ ਕੀਰਤਨੀਏ ਬਣਾ ਦਿੱਤਾ। ਦਸਵੇਂ ਪਾਤਸ਼ਾਹ ਦੇ ਗੁਰਬਾਣੀ ਕੀਰਤਨ ਨਾਲ ਅਦੁੱਤੀ ਪਿਆਰ ਦਾ ਪ੍ਰਗਟਾਵਾ ਕਰਨ ਵਾਲਾ ਪਰਸੰਗ ਵੀ ਸੂਰਜ ਪਰਕਾਸ਼ ਵਿੱਚੋਂ

ਦਰਜ਼ ਕੀਤਾ ਹੈ। ਗੁਰੂ ਬਾਲਕ ਸਿੰਘ ਜੀ ਦੇ ਹਜ਼ੂਰ ਕੀਰਤਨ ਹੋਣ ਅਤੇ ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਤਕਰੀਬਨ ਸਾਰੇ ਕੀਰਤਨੀਆਂ ਬਾਰੇ ਜਾਣਕਾਰੀ ਇਕੱਠੀ ਕੀਤੀ ਹੈ। ਲੇਖ ਦਾ ਮਨੋਰਥ ਆਪ ਜੀ ਦੇ ਸ਼ਬਦਾਂ ਵਿੱਚ ਇਹ ਹੈ।" ਇਹ ਸਤਰਾਂ ਇਸ ਲਈ ਲਿਖੀਆਂ ਹਨ ਕਿ ਜਿਹਨਾਂ ਦੇ ਅੰਦਰ ਕੀਰਤਨ ਦੀ ਲਗਨ ਹੈ, ਇਹ ਪੜ੍ਹ ਕੇ ਉਹਨਾਂ ਨੂੰ ਕੀਰਤਨ ਕਰਨ ਵਾਲਿਆਂ ਦੇ ਇਤਿਹਾਸ ਦੀ ਕੁਝ ਥੋਹੜੀ ਬਹੁਤ ਜਾਣਕਾਰੀ ਹੋਏਗੀ, ਜੋ ਅਤਿ ਜ਼ਰੂਰੀ ਹੈ। ਦੂਜੇ ਇਸ ਲੇਖ ਵਿੱਚ ਹਰਿ ਰਸੁ ਹਰਿ ਕੀਰਤਨ ਦੀ ਅਤੇ ਸਤਿਗੁਰੂ ਜੀ ਦਾ ਮਹਿਮਾ ਹੈ ਜੋ ਇਸ ਭਾਵਨਾ ਨਾਲ ਲਿਖੀ–

ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੇ।
ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨ ਲਾਗੈ॥

(ਸੋਰਠਿ ਮ: 5, ਅੰਗ 910)

ਬਸੰਤ ਅੰਕ, 2043, ਸਫਾ 81

ਸਤਿਜੁਗ ਦੇ ਇਕ ਬਸੰਤ ਅੰਕ ਵਿੱਚ, ਮਹਾਰਾਜ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਜੱਥੇਦਾਰ, ਜਿਹੜੀਆਂ ਧਾਰਨਾਂ ਪੜ੍ਹਿਆ ਕਰਦੇ ਸਨ ਉਹਨਾਂ ਨੂੰ ਦਰਜ ਕਰ ਕੇ, ਕੀਰਤਨੀ ਜੱਥਿਆਂ ਦੇ ਇਤਿਹਾਸ ਨੂੰ ਸਜੀਵ ਰੱਖਣ ਦਾ ਵੱਡਾ ਉਪਰਾਲਾ ਕੀਤਾ ਹੈ। ਮਹਾਰਾਜ ਜੀ ਦੀ ਲੇਖਣ ਕਲਾ ਤੋਂ ਪੰਜਾਬੀ ਮਾਸਿਕ ਪੱਤਰਾਂ ਦੇ ਕਈ ਸੰਪਾਦਕ ਵੀ ਪਰਭਾਵਿਤ ਸਨ। ਭਾਪਾ ਪ੍ਰੀਤਮ ਸਿੰਘ ਹੋਰਾਂ ਦੁਆਰਾ ਦਿੱਲੀ ਤੋਂ ਛਾਪੇ ਜਾਣ ਵਾਲੇ ਮਾਸਿਕ ਪੱਤਰ 'ਆਰਸੀ ਵਿੱਚ ਪਿਛਲੀ ਸਦੀ ਦੇ ਨੌਂਵੇਂ ਦਹਾਕੇ ਵਿੱਚ ਮਹਾਰਾਜ ਜੀ ਦਾ ਇਕ ਲੇਖ ਛਪਿਆ ਸੀ– ਦੋ ਸਿੰਘ ਸਭਾਵਾਂ–ਇਕ ਰਾਜ ਭਗਤ, ਇਕ ਦੇਸ਼ ਭਗਤ।" ਇਸ ਲੇਖ ਵਿੱਚ ਬਰਤਾਨਵੀ ਹਕੂਮਤ ਪ੍ਰਤੀ ਉਹਨਾਂ ਵੱਲੋਂ ਸਹਿਯੋਗ ਜਾਂ ਟਕਰਾਅ ਦੀ ਨੀਤੀ ਕਾਰਨ, ਲਾਹੌਰ ਅਤੇ ਅੰਮ੍ਰਿਤਸਰ ਵਿੱਚ ਉਨ੍ਹੀਵੀਂ ਸਦੀ ਦੇ ਅੱਠਵੇਂ ਨੌਵੇਂ ਦਹਾਕੇ ਵਿੱਚ ਬਣੀਆਂ ਸਿੰਘ ਸਭਾਵਾਂ ਦੀ ਕਾਰਜ ਪ੍ਰਣਾਲੀ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਸੀ। ਇਸ ਸਮੇਂ ਬਾਵਾ ਨਿਹਾਲ ਸਿੰਘ ਕਲਸੀਆਂ (ਛਛਰੌਲੀ) ਵਾਲਿਆਂ ਨੇ "ਖੁਰਸ਼ੀਦ ਖਾਲਸਾ" ਉਰਦੂ ਵਿੱਚ ਇਕ ਕਿਤਾਬ ਛਪਵਾਈ ਜਿਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਾਨਸ਼ੀਨ ਅਤੇ ਦਿੱਲੀ ਦੇ ਤਖਤ ਨੂੰ ਅੰਗਰੇਜ਼ਾਂ ਤੋਂ ਖੋਹ ਕੇ ਉੱਥੇ ਲਾਹੌਰ ਦੇ ਆਖਰੀ ਸਿੱਖ ਮਹਾਰਾਜੇ ਦਲੀਪ ਸਿੰਘ ਦੇ ਮੁੜ ਕਾਬਜ਼ ਹੋਣ ਦੀ ਭਵਿੱਖ ਬਾਣੀ, ਸੌ ਸਾਖੀ ਦੇ ਆਧਾਰ ਤੇ ਕੀਤੀ ਗਈ ਸੀ। ਲਾਹੌਰ ਵਾਲੀ ਸਿੰਘ

ਸਭਾ ਨੇ ਇਸ ਕਿਤਾਬ ਦੇ ਵਿਰੁੱਧ ਪ੍ਰਸਤਾਵ ਪਾਸ ਕੀਤਾ ਜਦ ਕਿ ਅੰਮ੍ਰਿਤਸਰ ਵਾਲੀ ਸਭਾ ਦੇ ਬਾਬਾ ਖੇਮ ਸਿੰਘ ਬੇਦੀ, ਠਾਕੁਰ ਸਿੰਘ ਸੰਧਾਂਵਾਲੀਆ ਆਦਿ ਕਿਤਾਬ ਦੇ ਸਮਰਥਨ ਵਿੱਚ ਸਨ।

ਸੰਮਤ 2048 ਵਿੱਚ ਸ੍ਰੀ ਜੀਵਨ ਨਗਰ ਤੋਂ ਪ੍ਰਕਾਸ਼ਿਤ ਹੋਏ "ਨਾਮਧਾਰੀ ਨਿਤਨੇਮ" ਦੀ ਭੂਮਿਕਾ, ਸਤਿਗੁਰੂ ਜੀ ਦੇ ਹੁਕਮ ਕਰਨ ਤੇ ਮਹਾਰਾਜ ਬੀਰ ਸਿੰਘ ਜੀ ਨੇ ਲਿਖੀ ਸੀ। 93 ਸਫੇ ਤੇ ਫੈਲੀ ਬਾਰੀਕ ਟਾਈਪ ਵਿੱਚ ਛਪੀ ਇਹ ਭੂਮਿਕਾ ਹੀ ਇਕ ਕਿਤਾਬ ਜਿੱਡੀ ਹੈ। ਇਸ ਵਿੱਚ ਗੁਰਬਾਣੀ ਦੇ ਅਦਬ ਸਤਿਕਾਰ, ਸਿੱਖ ਰਹਿਤ ਮਰਿਆਦਾ, ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਮੁੱਢਲੀਆਂ ਬੀੜਾਂ ਰਚਣ ਬਾਰੇ ਜਾਣਕਾਰੀ, ਗੁਰਬਾਣੀ ਦੇ ਸ਼ੁੱਧ ਉਚਾਰਨ ਪ੍ਰਥਾਇ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਪਤਨ ਮੁਖੀ ਸਿੱਖੀ ਨੂੰ ਮੁੜ ਸੁਰਜੀਤ ਕਰਨਾ ਅਤੇ ਦੇਹਧਾਰੀ ਗੁਰੂ ਦੇ ਸਿਧਾਂਤ ਆਦਿਕ ਵਿਭਿੰਨ ਵਿਸ਼ਿਆਂ ਤੇ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਸ੍ਰੀ ਸਤਿਗੁਰੂ ਪਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਸਿੱਖ ਜਗਤ ਦੀ ਵਿਆਪਕ ਏਕਤਾ ਲਈ ਕਿਤਨੇ ਚਿੰਤਾਤੁਰ ਸਨ ਇਸ ਦਾ ਵਰਨਣ ਹਵਾਲਿਆਂ ਸਹਿਤ ਮਿਲਦਾ ਹੈ।

"ਸਿਆਮ (ਥਾਈਲੈਂਡ) ਤੋਂ ਵਾਪਸ ਆਉਂਦੇ ਹੋਏ ਸੰਨ 1934 ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੁਝ ਚਿਰ ਰੰਗੂਨ (ਬਰਮਾਂ-ਮਿਆਂਮਾਰ) ਠਹਿਰੇ। ਉੱਥੇ ਗੁਰਦੁਆਰੇ ਨੂੰ ਤਾਲੇ ਲੱਗੇ ਹੋਏ ਦੇਖ ਕੇ ਪੁਛਿਆ ਤਾਂ ਪਤਾ ਲੱਗਾ ਕਿ ਇੱਥੋਂ ਦੇ ਸਿੱਖ ਇਸ ਬਿਨਾਂ ਤੇ ਲੜੇ ਹਨ ਕਿ ਗੁਰਦੁਆਰੇ ਦਾ ਪਰਧਾਨ ਸਿਵਲੀਅਨ ਹੋਵੇ ਜਾਂ ਫੌਜੀ। ਦੋਵੇਂ ਧਿਰਾਂ ਦੇ ਮੁਖੀ ਜਿਹਲ ਵਿੱਚ ਹਨ। ਇਹ ਦੋਵੇਂ ਧਿਰਾਂ ਨਾਮਧਾਰੀ ਨਹੀਂ ਸਨ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਸੋਚਿਆ ਕਿ ਆਖਰ ਇਹ ਸਿੱਖ ਹੈਨ। ਇਹ ਸਿੱਖ ਪੰਥ ਦੀ ਬਦਨਾਮੀ ਹੈ। ਸ੍ਰੀ ਭੈਣੀ ਸਾਹਿਬ ਆ ਕੇ ਆਪ ਜੀ ਨੇ ਇਸੇ ਸਾਲ ਅੱਸੂ ਦੇ ਮਹੀਨੇ, ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਬੁਲਾਈ। ਸਿੰਘ ਸਭਾ ਅਤੇ ਅਕਾਲੀ ਮੁਖੀਆਂ ਨੇ ਆਖਿਆ ਕਿ ਅਸੀਂ ਤਾਂ ਚਲਦੇ ਹਾਂ ਉੱਥੇ ਪਾਤਸ਼ਾਹੀ ੧੦ ਆਖ ਕੇ ਅਰਦਾਸ ਹੋਵੇ। ਸਤਿਗੁਰੂ ਜੀ ਨੇ ਪਰਵਾਨ ਕਰਦੇ ਹੋਏ ਆਖਿਆ ਤੁਸੀਂ ਚਲੋ, ਜਿਸ ਤਰ੍ਹਾਂ ਭੀ ਹੋ ਸਕੇ ਆਪਾਂ ਇਕੱਠੇ ਹੋ ਕੇ ਬੈਠੀਏ। ਸੋ ਇਹ ਕਾਨਫਰੰਸ ਹੋਈ। ਪਾਤਸ਼ਾਹੀ ੧੦ ਆਖ ਕੇ ਅਰਦਾਸਾ ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ ਵਾਲੇ ਕਰਦੇ, ਸ਼ਾਮ ਦੇ ਦੀਵਾਨ ਵਿੱਚ। ਸਵੇਰੇ ਆਸਾ ਦੀ ਵਾਰ ਵਿੱਚ ਨਾਮਧਾਰੀ ਅਰਦਾਸ ਹੁੰਦੀ। ਇੱਥੇ ਇਹ ਪ੍ਰਸਤਾਵ ਪਾਸ ਕੀਤਾ ਗਿਆ ਕਿ ਆਪਣੇ ਸਿਧਾਂਤ ਦੀ ਸਿਫਤ ਕਰੋ, ਕਿਸੇ ਦੇ ਸਿਧਾਂਤ ਨੂੰ ਮਾੜਾ ਨਾ ਆਖੋ।

ਕੁਝ ਚਿਰ ਵਾਸਤੇ ਅਮਲ ਹੁੰਦਾ ਰਿਹਾ। ਬਾਅਦ ਵਿੱਚ ਕੁਝ ਸਵਾਰਥੀਆਂ ਨੇ ਇਹ ਅਮਲ ਚਲਣ ਨਾ ਦਿੱਤਾ। ਤਾਂ ਭੀ ਨਾਮਧਾਰੀਆਂ ਵਾਸਤੇ ਸਤਿਗੁਰੂ ਜੀ ਵੱਲੋਂ ਪਾਬੰਦੀ ਰਹੀ ਕਿ ਇਸ ਕੀਤੇ ਹੋਏ ਫੈਸਲੇ ਤੋਂ ਆਪਾਂ ਨਹੀਂ ਹਿਲਣਾ।"

(ਨਾਮਧਾਰੀ ਨਿੱਤਨੇਮ, ਸੰਬਤ 2048, ਸਫਾ 90-91)

ਆਪ ਦੁਆਰਾ ਲਿਖੀ ਪੁਸਤਕ "ਗੁਰੂ ਗ੍ਰੰਥ ਵਿਚਾਰ" ਵੀ ਚਰਚਿਤ ਰਹੀ। ਜਿਹੜੀ ਕਿਤਾਬ ਮਹਾਰਾਜ ਜੀ ਨੂੰ ਇਤਿਹਾਸਕਾਰਾਂ ਦੀ ਕਤਾਰ ਵਿੱਚ ਸ਼ਾਮਲ ਕਰਾਉਣ ਦੇ ਸਮਰੱਥ ਹੈ, ਉਹ ਹੈ ਸੰਬਤ 2046 (1989-90 ਈ.) ਵਿੱਚ ਛਪੀ "ਨਾਮਧਾਰੀ ਅਤੇ ਕਾਂਗਰਸ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਉਹਨਾਂ ਦੇ ਦੋਹਾਂ ਛੋਟੇ ਭਾਈਆਂ, ਸ੍ਰੀ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਹੋਰ ਬਹੁਤ ਸਾਰੇ ਉੱਘੇ ਨਾਮਧਾਰੀਆਂ ਸਮੇਤ, ਕਾਂਗਰਸ ਦੇ ਸੁਤੰਤਰਤਾ ਸੰਗਰਾਮ ਵਿੱਚ, ਉਸ ਸਮੇਂ ਭਾਗ ਲਿਆ ਸੀ ਜਦੋਂ ਅੰਗਰੇਜ਼ ਸਰਕਾਰ ਦੀ ਕਰੋਪੀ ਕਾਰਨ, ਆਮ ਲੋਕੀਂ ਕਾਂਗਰਸੀਆਂ ਦੇ ਪਰਛਾਂਵੇਂ ਤੋਂ ਵੀ ਤਰਹਿੰਦੇ ਸਨ। ਸੰਨ 1929 ਈ. ਦੇ ਲਾਹੌਰ ਕਾਂਗਰਸ ਦੇ ਕੌਮੀ ਸੰਮੇਲਨ ਦੀ ਸਫਲਤਾ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ 'ਕਾਮਾਗਾਟਾਮਾਰੂ' ਅਨੁਸਾਰ, ਨਾਮਧਾਰੀਆਂ ਦੇ ਸਹਿਯੋਗ ਤੇ ਹੀ ਟਿਕੀ ਸੀ। ਪਰ ਆਜ਼ਾਦੀ ਪਰਾਪਤੀ ਤੋਂ ਪੰਜ ਸੱਤ ਸਾਲ ਬਾਅਦ ਹੀ ਕਾਂਗਰਸ ਦਾ ਨਾਮਧਾਰੀਆਂ ਪ੍ਰਥਾਇ ਰਵੱਈਆ ਦੋਸ਼ ਰਹਿਤ ਨਾ ਰਿਹਾ। ਨਾਭਾ ਦੇ ਮਹਾਰਾਜਾ ਵੱਲੋਂ ਮਿਲੇ ਬੀੜ ਨੂੰ ਕੂਕਿਆਂ ਤੋਂ ਖੋਹਣ ਲਈ ਉਸ ਸਮੇਂ ਦੇ ਪੈਪਸੂ ਦੇ ਕਾਂਗਰਸੀ ਮੁੱਖ ਮੰਤਰੀ ਸਰਗਰਮ ਰਹੇ। ਕੁਝ ਸਥਾਨਕ ਕਾਂਗਰਸੀਆਂ ਦੇ ਅੱਖੜ ਰਵੱਈਏ ਕਾਰਨ, ਇਲਾਕਾ ਜੀਵਨ ਨਗਰ ਵਿੱਚ, ਨਾਮਧਾਰੀਆਂ ਵਿੱਚ ਭੂਮੀ ਦੀ ਵੰਡ ਵੰਡਾਈ ਦੇ ਸੁਆਲ ਤੇ ਸ੍ਰ. ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਪੰਜਾਬ ਵੀ, ਨਾਮਧਾਰੀਆਂ ਖਿਲਾਫ ਇਕ ਤਰਫਾ ਕਾਰਵਾਈ ਲਈ ਬਜ਼ਿਦ ਹੋ ਗਏ। ਸਤਿਗੁਰੂ ਪਰਤਾਪ ਸਿੰਘ ਜੀ ਦੇ ਖਿਲਾਫ ਦੀਵਾਨੀ ਅਦਾਲਤਾਂ ਵਿੱਚ 14 ਮੁਕਦਮੇ ਦਾਇਰ ਹੋ ਗਏ। ਕਚਹਿਰੀ ਪੇਸ਼ ਨਾ ਹੋਣ ਦਾ ਪ੍ਰਣ ਨਿਬਾਹੁੰਦੇ ਸਤਿਗੁਰੂ ਜੀ ਦੇਹ ਦਾ ਓਹਲਾ ਕਰ ਗਏ। ਮਹਾਰਾਜ ਬੀਰ ਸਿੰਘ ਜੀ ਨੂੰ ਵੀ ਇਕ ਵੱਡੇ ਫੌਜਦਾਰੀ ਮੁਕਦਮੇ ਵਿੱਚ ਉਲਝਾਇਆ ਗਿਆ। ਬਾਅਦ ਵਿੱਚ ਸੈਸ਼ਨ ਕੋਰਟ ਤੋਂ ਬਰੀ ਹੋ ਗਏ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰ. ਤੇਜਾ ਸਿੰਘ ਐਮ.ਐਲ.ਸੀ. ਸਿਰਸਾ ਨਿਵਾਸੀ ਨੂੰ "ਨਾਮਧਾਰੀ ਤੇ ਕਾਂਗਰਸ ਕਿਤਾਬ ਲਿਖਣ ਲਈ ਹੁਕਮ ਕੀਤਾ ਸੀ। ਪਰ ਸਰਦਾਰ ਜੀ ਦਸਤਾਵੇਜ਼ ਤਾਂ ਇਕੱਠੇ ਕਰਦੇ ਰਹੇ, ਪਰ ਲਿਖ

ਨਾ ਸਕੇ। ਉਹ ਕਾਰਜ ਬਾਅਦ ਵਿੱਚ ਮਹਾਰਾਜ ਜੀ ਨੇ ਸਿਰੇ ਚੜ੍ਹਾ ਕੇ ਸਤਿਗੁਰੂ ਜੀ ਦੀ ਇੱਛਾ ਦਾ ਸਤਕਾਰ ਕੀਤਾ। ਇਸ ਵਿੱਚ ਨਾ ਸਿਰਫ ਨਾਮਧਾਰੀਆਂ ਨਾਲ ਸੰਬੰਧਿਤ ਮਸਲੇ ਹਨ, ਪੰਜਾਬ ਦੇ ਇਤਿਹਾਸ ਦੀਆਂ ਕਈ ਮਹੱਤਵਪੂਰਨ ਘਟਨਾਵਾਂ, ਵਿਸ਼ੇਸ਼ ਵਿਅਕਤੀਆਂ ਦਾ ਚਰਿੱਤਰ ਚਿਤਰਨ ਵੀ ਮਿਲਦਾ ਹੈ। ਭੂਮਿਕਾ ਲੇਖਕ, ਰਾਜਿੰਦਰ ਸਿੰਘ 'ਗੁਰੂ-ਸਰ' ਮੁਤਾਬਿਕ, "ਇਹ ਸਾਰੀ ਪੁਸਤਕ ਮਹਾਰਾਜ ਬੀਰ ਸਿੰਘ ਜੀ ਨੇ ਸਰਕਾਰੀ ਭ੍ਰਿਸ਼ਟਾਚਾਰ ਉੱਤੇ ਹੱਡ ਬੀਤੀ ਕਥਾ ਬਿਆਨ ਕੀਤੀ ਹੈ।"

ਮਹਾਰਾਜ ਜੀ ਬਹੁ ਪੱਖੀ ਸ਼ਖਸੀਅਤ ਦੇ ਸੁਆਮੀ ਸਨ। ਸਤਿਗੁਰੂ ਜੀ ਤੋਂ ਬਾਅਦ ਹਰ ਖੇਤਰ ਵਿੱਚ ਨਾਮਧਾਰੀ ਸਿੱਖ ਪੰਥ ਦੀ ਪ੍ਰਤੀਨਿਧਤਾ ਕਰਨ ਸਦਕਾ, ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿੱਚ ਉਹਨਾਂ ਦਾ ਵੱਡਾ ਸਤਕਾਰ ਸੀ। ਉਹਨਾਂ ਦੀ ਪਹਿਲੀ ਜਨਮ ਸ਼ਤਾਬਦੀ, ਪ੍ਰੇਰਣਾਮਈ ਜੀਵਨ ਕਣੀਆਂ ਨਾਲ, ਆਪਾ ਰੁਸ਼ਨਾਉਣ ਦਾ ਕਾਰਜ ਕਰ ਸਕਦੀ ਹੈ।

❊

# ਭਾਈ ਆਤਮਾ ਸਿੰਘ 'ਆਲੋ ਮੁਹਾਰ'

ਭਾਈ ਆਤਮਾ ਸਿੰਘ ਆਲੋ ਮੁਹਾਰ, ਜ਼ਿਲ੍ਹਾ ਸਿਆਲਕੋਟ (ਪੱਛਮੀ ਪੰਜਾਬ-ਹੁਣ ਪਾਕਿਸਤਾਨ), ਉਹਨਾਂ ਪੰਜਾਂ ਗੁਰੂ ਪਿਆਰਿਆਂ ਵਿੱਚੋਂ ਇੱਕ ਸਨ, ਜਿਹੜੇ ਸੰਬਤ 1914 ਬਿਕ੍ਰਮੀ ਮੁਤਾਬਿਕ 12 ਅਪਰੈਲ 1857 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ, ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਸੰਤ ਖਾਲਸੇ ਵਿੱਚ ਸ਼ਾਮਲ ਹੋਏ ਸਨ। ਪੰਜਾਬ ਦੇ ਉਪ ਖਿੱਤਿਆਂ ਦੀ ਜੋ ਵੰਡ ਕਰੀਏ ਤਾਂ ਆਪ ਹੁਣ ਦੇ ਪਾਕਿਸਤਾਨ ਵਿੱਚ ਪੈਂਦੇ ਦੜਪ ਦੇ ਖੇਤਰ ਨਾਲ ਸਬੰਧਿਤ ਸਨ। ਬਾਕੀ ਚਾਰ ਸਿੰਘ ਹੁਣ ਵਾਲੇ ਭਾਰਤੀ ਪੰਜਾਬ ਜਾਂ ਹਰਿਆਣੇ ਦੇ ਬਸ਼ਿੰਦੇ ਸਨ। ਭਾਈ ਸੁੱਧ ਸਿੰਘ ਮੰਢੌਰ ਜ਼ਿਲ੍ਹਾ ਅੰਬਾਲਾ, ਪੁਆਧ ਦੇ ਇਲਾਕੇ ਵਿੱਚ ਉਮਰ ਕੱਟੀ ਆਏ ਦੁਰਗਾਪੁਰ (ਜਲੰਧਰ) ਤੋਂ ਸਨ। ਭਾਈ ਲਾਭ ਸਿੰਘ ਰਾਗੀ ਰਹਿੰਦੇ ਬੇਸ਼ਕ ਅੰਮ੍ਰਿਤਸਰ ਸ਼ਹਿਰ ਵਿੱਚ ਸਨ ਪਰ ਮੁੱਢ ਤੋਂ ਦੁਰਗਾਪੁਰ (ਹੁਣ ਜ਼ਿਲ੍ਹਾ ਨਵਾਂ ਸ਼ਹਿਰ) ਦੁਆਬੇ ਦੇ ਸਨ। ਭਾਈ ਕਾਹਨ ਸਿੰਘ ਨਿਹੰਗ ਚੱਕ ਨਜ਼ਦੀਕ ਮਲੇਰ ਕੋਟਲਾ (ਸੰਗਰੂਰ), ਮਾਲਵੇ ਨਾਲ ਸਬੰਧਿਤ ਸਨ। ਭਾਈ ਨੈਣਾਂ ਸਿੰਘ ਵਰਿਆਂਹ (ਜ਼ਿਲ੍ਹਾ ਅੰਮ੍ਰਿਤਸਰ ਹੁਣ ਤਰਨਤਾਰਨ) ਮਾਝੇ ਵਿੱਚ ਰਹਿੰਦੇ ਸਨ। ਨਾਮਧਾਰੀ ਪੰਥ ਦੇ ਨਾਮਕਰਣ ਬਾਰੇ, ਉੱਘੇ ਵਿਦਵਾਨ ਸੰਤ ਨਿਧਾਨ ਸਿੰਘ ਜੀ ਆਲਿਮ ਲਿਖਦੇ ਹਨ, "ਦਸ਼ਮੇਸ਼ ਪਿਤਾ ਦੇ ਖ਼ਾਲਸਾ ਪੰਥ ਦੀ ਨੀਂਹ ਰੱਖਣ ਤੋਂ ਪੂਰੇ 158 ਸਾਲ ਪਿੱਛੋਂ, ਸਤਿਗੁਰੂ ਰਾਮ ਸਿੰਘ ਜੀ ਨੇ ਉਸ ਸਮਾਜ ਦੀ ਨੀਂਹ ਰੱਖੀ ਜਿਸਨੂੰ ਨਾਮਧਾਰੀ ਪੰਥ, ਸੰਤ ਖ਼ਾਲਸਾ ਅਤੇ ਕੂਕਾ ਪੰਥ ਆਦਿਕ ਨਾਵਾਂ ਨਾਲ ਪੁਕਾਰਿਆ ਗਿਆ। ਨਾਮ ਜਪਣ ਕਰਕੇ ਨਾਮਧਾਰੀ, ਸਾਤਵਿਕ ਗੁਣਾਂ ਦੀ ਬਹੁਲਤਾ ਦੇ ਕਾਰਨ "ਸੰਤ ਖ਼ਾਲਸਾ" ਅਤੇ "ਆਜ਼ਾਦੀ ਦੀ ਕੂਕ' ਮਾਰਨ ਦੇ ਦ੍ਰਿਸ਼ਟੀਕੋਣ ਨਾਲ-"ਕੂਕੇ" ਆਦਿਕ ਸ਼ਬਦਾਂ ਦੀ ਵਰਤੋਂ ਉਨ੍ਹਾਂ ਦੇ ਚਲਨ ਦੇ ਐਨ ਅਨੁਕੂਲ ਕਹੀ ਜਾ ਸਕਦੀ ਹੈ।"[1]

ਆਲੋ ਮੁਹਾਰ ਜੀ ਬਾਰੇ ਆਲਿਮ ਜੀ ਦੀ ਇਤਿਹਾਸਿਕ ਪੁਸਤਕ ਵਿੱਚ ਸਿਰਫ ਇਤਨੀ ਕੁ ਹੀ ਜਾਣਕਾਰੀ ਦਰਜ਼ ਹੈ- "ਆਪ ਪਿੰਡ ਆਲੋ ਮੁਹਾਰ ਜ਼ਿਲਾ ਸਿਆਲਕੋਟ ਦੇ ਇੱਕ ਧੁਰੰਧਰ ਵਿਦਵਾਨ ਸਨ। ਆਤਮਕ ਸ਼ਾਂਤੀ ਦੇ ਵਾਸਤੇ ਪੂਰੇ ਗੁਰੂ ਦੀ ਭਾਲ ਵਿੱਚ ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਜਿਸ ਮਾਲਾ ਦੇ ਮਣਕੇ ਸਨ, ਉਸੇ ਵਿੱਚ ਪਰੋਤੇ ਗਏ।"[2] ਨਾਮਧਾਰੀ ਪੰਥ ਦੇ ਪਰੰਪਰਿਕ ਸਰੋਤਾਂ ਵਿੱਚੋਂ ਸਾਨੂੰ ਭਾਈ ਆਤਮਾ ਸਿੰਘ ਆਲੋ ਮੁਹਾਰ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ, ਜਿਹਾ ਕਿ ਮਾਤਾ ਪਿਤਾ ਜਾਂ ਜ਼ਾਤ-

ਗੋਤ, ਪਰਿਵਾਰਿਕ ਕਾਰੋਬਾਰ ਦੀ ਪੱਕੀ ਜਾਣਕਾਰੀ ਨਹੀਂ। ਅਨੁਮਾਨਿਤ ਉਮਰ, 1827 ਈ. ਜਨਮ ਅਤੇ ਮਿਰਤੂ 1877 ਈ. ਦੇ ਲਾਗੇ ਚਾਗੇ ਕਿਆਸੀ ਗਈ ਹੈ। ਚੱਕਰਵਰਤੀ ਜੀ ਦੀ ਇੱਕ ਬਹੁਤ ਪਹਿਲਾਂ ਛਪੀ ਰਚਨਾ ਵਿੱਚ, ਇਤਨਾ ਕੁ ਵੇਰਵਾ ਤਾਂ ਮਿਲਦਾ ਹੈ, ਭਾਈ ਲਾਭ ਸਿੰਘ ਰਾਗੀ ਤੋਂ ਬਾਅਦ ਨਾਮ ਅਤੇ ਅੰਮ੍ਰਿਤ ਦੀ ਦਾਤ ਸਤਿਗੁਰੂ ਰਾਮ ਸਿੰਘ ਜੀ ਨੇ ਦੂਜੇ ਨੰਬਰ ਤੇ ਭਾਈ ਆਤਮਾ ਸਿੰਘ ਨੂੰ ਦੇਣ ਦੀ ਕ੍ਰਿਪਾ ਕੀਤੀ ਸੀ।[3]

ਆਤਮਾ ਸਿੰਘ ਆਲੋ ਮੁਹਾਰ, ਉਹਨਾਂ ਬੁੱਧੀ ਜੀਵੀ ਪੰਜਾਬੀਆਂ ਵਿੱਚੋਂ ਇੱਕ ਸੀ, ਜਿਹੜੇ 29 ਮਾਰਚ 1849 ਈ. ਤੋਂ ਬਾਅਦ, ਲਾਹੌਰ ਦੇ ਸ਼ਾਹੀ ਕਿਲੇ ਤੋਂ ਸਾਂਝੇ ਪੰਜਾਬੀ ਰਾਜ ਦਾ ਖ਼ਾਲਸਈ ਨਿਸ਼ਾਨ ਉਤਾਰ ਕੇ, ਉਸ ਦੀ ਥਾਂ ਇੰਗਲਿਸਤਾਨ ਦਾ ਯੂਨੀਅਨ ਜੈਕ ਝੁਲਾਏ ਜਾਣ ਤੋਂ ਬਹੁਤ ਪੀੜਿਤ ਸਨ। ਅਗਲੇ ਕੁੱਝ ਸਮੇਂ ਵਿੱਚ ਆਖਰੀ ਨਾਬਾਲਿਗ ਸਿੱਖ ਮਹਾਰਾਜੇ ਦਲੀਪ ਸਿੰਘ ਨੂੰ ਅਤੇ ਲਾਹੌਰ ਦਰਬਾਰ ਦੇ ਹੋਰ ਵਫ਼ਾਦਾਰ ਦਰਬਾਰੀਆਂ ਨੂੰ ਪੰਜਾਬ ਬਦਰ ਕਰ ਦਿੱਤਾ ਗਿਆ। ਭਾਈ ਮਹਾਰਾਜ ਸਿੰਘ, ਜਿਸ ਨੇ ਵਿਦੇਸ਼ੀ ਰਾਜ ਦੇ ਸਾਹਵੇਂ ਈਨ ਨਾਂ ਮੰਨੀ ਅਤੇ ਆਰੰਭ ਵਿੱਚ ਹੀ ਵਿਦਰੋਹ ਦਾ ਬਿਗਲ ਵਜਾ ਦਿੱਤਾ ਸੀ, ਉਹ ਸਿੰਘਾਪੁਰ ਦੀ ਇੱਕ ਜਿਹਲ ਵਿੱਚ 1856 ਈ. ਦੇ ਜੁਲਾਈ ਮਹੀਨੇ, ਅਕਾਲ ਚਲਾਣਾ ਕਰ ਗਏ ਸਨ। ਵਿਦੇਸ਼ੀ ਰਾਜ ਦੇ ਲੋਕ ਜੀਵਨ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਸਿਆਣੇ ਲੋਕ ਚਿੰਤਾਤੁਰ ਸਨ। ਉਹ ਸਾਰੇ ਦਿਨ ਰਾਤ ਇਹਨਾਂ ਸੋਚਾਂ ਵਿੱਚ ਗ਼ਲਤਾਨ ਰਹਿੰਦੇ ਸਨ ਕਿ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਸਿੱਖੀ ਰਹੁ ਰੀਤਾਂ ਤੋਂ ਰਾਜ ਮੱਦ ਵਿੱਚ ਚੂਰ, ਵੱਡੇ ਲੋਕ ਪਹਿਲਾਂ ਦੂਰ ਗਏ ਫਿਰ ਉਹਨਾਂ ਦੀ ਵੇਖਾ ਵੇਖੀ ਆਮ ਲੋਕ ਵੀ ਸਾਊਆਂ ਵਾਲੀ ਜੀਵਨ ਜਾਚ ਭੁੱਲ ਕੇ, ਨਸ਼ਿਆਂ ਅਤੇ ਵਿਸ਼ਿਆਂ ਦੀ ਵਗਦੀ ਨੈਂ ਵਿੱਚ ਡੁੱਬ ਰਹੇ ਸਨ। ਹੁਣ ਪੰਜਾਬ ਦੇ ਲੋਕ ਕਿਸੇ ਐਸੇ ਆਗੂ ਦੀ ਉਡੀਕ ਵਿੱਚ ਸਨ ਜੋ ਉਹਨਾਂ ਨੂੰ ਇਸ ਢਹਿੰਦੀ ਕਲਾ ਵਿੱਚੋਂ ਬਾਹਰ ਕੱਢ ਕੇ, ਫਿਰ ਚੜ੍ਹਦੀ ਕਲਾ ਵਾਲੀ ਜੀਵਨ ਜਾਚ ਦੇ ਰਾਹੇ ਪਾਏ। ਅਜਿਹੇ ਯੁੱਗ ਪਰਿਵਰਤਕ ਨੂੰ ਲੋਕ ਉਸ ਸਮੇਂ ਆਪਣੇ ਪ੍ਰਚਲਿਤ ਧਾਰਮਿਕ ਮੁਹਾਵਰੇ ਕਾਰਨ, ਗੁਰੂ-ਪੀਰ, ਪੈਗੰਬਰ-ਔਲੀਆ ਜਾਂ ਅਵਤਾਰ ਦੇ ਆਉਣ ਦੀ ਉਡੀਕ ਨਾਲ ਜੋੜ ਰਹੇ ਸਨ। ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦਾ ਮਹਾਂ ਕਾਵਿ, "ਮਾਲਵੇਂਦਰ, ਸਤਿਗੁਰੂ ਰਾਮ ਸਿੰਘ ਜੀ ਦੇ ਮਹਾਨ ਜੀਵਨ ਦਰਸ਼ਨ ਦੀ ਕਾਵਿਕ ਅਕਾਸੀ ਕਰਦਾ ਹੈ। ਇਸ ਵਿੱਚੋਂ ਸਾਨੂੰ ਆਲੋ ਮੁਹਾਰ ਜੀ ਦੇ ਉਹਨਾਂ ਦੇ ਪਿੰਡ ਤੋਂ ਸ੍ਰੀ ਭੈਣੀ ਸਾਹਿਬ, ਗੁਰੂ ਦਰਬਾਰ ਵਿੱਚ ਪਹੁੰਚਣ ਦੀ ਯਾਤਰਾ ਦੇ ਪੜਾਅ ਵਾਰ ਵੇਰਵੇ, ਉਹਨਾਂ ਦੀ ਅਨੂਠੀ ਕਾਵਿ-ਸ਼ੈਲੀ ਵਿਚ ਪੜ੍ਹਨ ਨੂੰ ਮਿਲਦੇ ਹਨ।

“ਸਿਆਲਕੋਟ ਦਾ ਜ਼ਿਲ੍ਹਾ ਜੋ, ਉੱਘਾ ਵਿੱਚ ਪੰਜਾਬ
ਸੂਰਜ ਵਾਂਗੂ ਚਮਕਦੀ, ਜਿਸਦੀ ਸੋਹਣੀ ਆਬ
ਓਥੋਂ ਦਾ ਇੱਕ ਪਿੰਡ ਜਿਸ, ਨਾਂ ਸੀ ਆਲ ਮੁਹਾਰ
ਆਤਮਾ ਸਿੰਘ ਘਰ ਆਪਣੇ, ਸੁੱਤਾ ਪੈਰ ਪਸਾਰ
ਰਾਤੀਂ ਆਣ-ਜਗਾਇਆ, ਕਿਸੇ ਓਸ ਨੂੰ ਟੁੰਬ
ਉੱਠਿਆ ਬੁੜਬੁੜਾ ਉਹ, ਜਿਉਂ ਭਾਦੋਂ ਦੀ ਖੁੰਬ
ਬੋਲੇ ਕਿਉਂ ਬੇਸੁੱਧ ਪਿਆ, ਨੀਂਦਰ ਦੇਹ ਤਿਆਗ
ਤੁਰ ਪਉ ਏਥੋਂ ਉੱਠ ਕੇ, ਸਾਵਧਾਨ ਹੋ ਜਾਗ
ਐਵੇਂ ਬਿਰਥਾ ਜਾ ਰਿਹਾ, ਮਾਨੁਖ ਜਨਮ ਅਮੋਲ
ਪੂੰਜੀ ਸਭ ਲੁਟਾਇਕੇ, ਕੀ ਰੱਖੇਂਗਾ ਕੋਲ
ਸੁੱਤਾ ਪੈਰ ਪਸਾਰ ਕੇ, ਕਿਉਂ ਲਾਈ ਹੈ ਦੇਰ
ਹੀਰੇ ਜਿਹਾ ਜਨਮ ਇਹ, ਹੱਥ ਨਾ ਆਵੇ ਫੇਰ
ਇਸ ਨੂੰ ਲਓ ਸਵਾਰ ਤੇ, ਉੱਠੋ ਕਰੋ ਕਰਾਰ
ਲੱਭੋ ਜਾ ਕੇ ਸਤਿਗੁਰੂ, ਪੂਰੇ ਦਾ ਦਰਬਾਰ
ਨਾਮ ਖਜ਼ਾਨਾ ਲੈ ਓਹ, ਮਾਲਕ ਆਇਆ ਆਪ
ਠਾਰੋ ਸੜਦੀ ਆਤਮਾ, ਮੇਟੋ ਭੈਜਲ ਪਾਪ
ਭਾਲੋ ਜਲਦੀ ਨਾਲ ਤੇ, ਬੂਹਾ ਲੱਭੋ ਓਸ
ਵੇਲੇ ਦੇ ਨਾਲ ਦੱਸਿਆ, ਫੇਰ ਨਾ ਦੇਣਾ ਦੋਸ਼
ਲਭਦਿਆਂ ਲਭਦਿਆਂ ਆਪ ਹੀ, ਉਹ ਪਵੇਗਾ ਲੱਭ
ਫੇਰ ਤੁਹਾਡੇ ਕੰਮ ਇਹ, ਜਾਵਣ ਸੱਭੇ ਫੱਬ
ਸੁੱਤਾ ਜਾਗਿਆ ਆਤਮਾ, ਸੁਣ ਕੇ ਇਹ ਅਵਾਜ਼
ਤੁਰ ਪਿਆ ਵਾਂਗੂੰ ਪਾਗਲਾਂ, ਪਈ ਅਜੇਹੀ ਭਾਜ
ਸਿਰਖੰਡੀ:
ਚਾਰ ਚੁਫੇਰੇ ਅੱਖਾਂ, ਪੁੱਟ ਪੁੱਟ ਵੇਖਦਾ
ਨਜ਼ਰ ਨਾ ਆਵੇ ਕੁੱਝ ਵੀ, ਕੇ ਓਹ ਕੌਣ ਸੀ
ਲੱਗੀ ਦਿਲ ਉਚਾਟ, ਨੀਂਦਰ ਪਏ ਨਾ

ਅੰਦਰਲੀ ਕੋਈ ਖਿੱਚ, ਖਿੱਚੀ ਜਾ ਰਹੀ
ਬਿਨ ਦੱਸੇ ਕੁੱਝ ਬੋਲੇ, ਓਸੇ ਵੇਲੜੇ
ਅੱਖਾਂ ਮਲਦੇ ਤੁਰ ਪਏ, ਸਿਆਲ ਕੋਟ ਨੂੰ
ਹਰ ਗਲੀ ਹਰ ਕੂਚੇ, ਵਾਂਗ ਸ਼ੁਦਾਈਆਂ
ਲੱਭਦੇ ਸਨ ਅਣਡਿੱਠੇ, ਉਸ ਮਹਿਬੂਬ ਨੂੰ
ਪੁੱਜਣ ਤੇ ਕੀ ਪੁੱਛਣ, ਦੱਸੋ ਕੀ ਕੁਈ
ਇੱਕ ਮਸਤ ਮਸਤਾਨਾ, ਜਿਹਾ ਮਿਲ ਪਿਆ
ਬਹਿਕੇ ਉਸ ਦੇ ਕੋਲ, ਦੁਖ ਸੁਖ ਫੋਲਿਆ
ਉਸ ਨੇ ਕਿਹਾ ਜਾਓ, ਵਜ਼ੀਰਾਬਾਦ ਨੂੰ
ਓਥੇ ਫੱਕਰ ਇਕ, ਉਪਰ ਨਦੀ ਦੇ
ਟੁੱਟੀ ਭੈੜੀ ਕੁੱਲੀ, ਪਾਟੇ ਕੱਪੜੇ
ਲੋਕੀ ਕਹਿਣ ਦੀਵਾਨਾ, ਦਾਨੇ ਓਸ ਨੂੰ
ਅਗਮ ਨਿਗਮ ਦੀ ਗੱਲ, ਸਾਰੀ ਜਾਣਦਾ
ਹੋ ਰਿਹਾ ਜੋ ਅੱਜ ਤੇ ਕੱਲ ਹੋਇ ਜੋ
ਸਭੇ ਕੁੱਝ ਉਹ ਜਾਣੇ, ਪਰ ਖਾਮੋਸ਼ ਹੈ
ਪਾਏ ਦੱਸ ਤੁਹਾਨੂੰ, ਤੁਹਾਡੇ ਢੋਲ ਦੀ
ਤੁਰ ਪਏ ਬੇ ਅਰਾਮੇ, ਸੱਕੇ ਬੈਠ ਨਾਂ
ਭਾਲ ਲਿਆ ਉਹ ਜਾ ਕੇ, ਵੇਦਨ ਆਪਣੀ
ਦੱਸੀ, ਸੁਣ ਕੇ ਗੱਲ, ਕਹਿਆ ਓਸ ਨੇ
ਜਾਓ ਵਿੱਚ ਲਾਹੌਰ, ਲੱਭੋ ਜਾਇ ਕੇ
ਓਥੇ ਸਾਧੂ ਇਕ, ਕਰਨੀ ਵਾਲੜਾ
ਤੁਹਾਡੇ ਦਿਲ ਦੀ ਆਸ, ਪੂਰੀ ਕਰ ਦਏ
ਲੱਕ ਬੰਨ੍ਹ ਕੇ ਤੁਰ ਪਏ, ਵੱਲ ਲਾਹੌਰ ਦੇ
ਸਾਂਈ ਦਾ ਦਰਵੇਸ਼, ਜਾ ਕੇ ਭਾਲਿਆ
ਦੱਸੀ ਸਾਰੀ ਗੱਲ, ਉਸਨੂੰ ਖੋਹਲ ਕੇ
ਸੁਣ ਕੇ ਕਿਹਾ ਓਸ, ਆਓ ਚੱਲੀਏ

ਮੈਨੂੰ ਵੀ ਹਮਰਾਹੀ, ਸਮਝੋ ਆਪਣਾ
ਚੰਗਾ ਹੋਇਆ ਮੈਂ ਤੇ ਤੂੰ, ਦੋ ਹੋ ਗਏ
ਹੋ ਜਾਵੇਗੀ ਦੀਦ, ਈਦ ਦੇ ਚੰਨ ਦੀ
ਦੇਸ ਮਾਲਵੇ ਵਿੱਚ, ਭੈਣੀ ਪਿੰਡ ਇਕ
ਬਾਰਾਂ ਕੋਹ ਕਰੀਬ, ਓਹ ਲੁਧਿਆਣਿਓ
ਚੜ੍ਹਦੇ ਪਾਸੇ ਵੱਲ, ਪਿੰਡ ਸੁਹਾਵਣਾਂ
ਆਇਆ ਓਥੇ ਆਪ, ਨੂਰ ਅਲਾਹ ਦਾ
ਚਾਰ ਚੁਫੇਰੇ ਨੂਰ, ਉਸਦੇ ਪਸਰਿਆ
ਸਾਰਾ ਹੈ ਜ਼ਹੂਰ, ਉਸ ਦੇ ਨੂਰ ਦਾ
ਹੈ ਅਗੰਮੀ ਛੋਹ, ਉਸਦੇ ਦੀਦ ਵਿੱਚ
ਖ਼ਾਕੀ ਬੰਦਾ ਨੂਰੀ, ਓਹ ਬਣਾ ਦਏ
ਲੱਗੇ ਜੋ ਅਚਾਣਕ, ਨੇੜੇ ਓਸ ਦੇ
ਚੰਦਨ ਜਿਉਂ ਖੁਸ਼ਬੂ, ਭਰਦੀ ਨੂਰ ਦੀ
ਸੌਰ ਜਾਂਵਦੇ ਕੰਮ, ਓਸੇ ਵੇਲੜੇ
ਰਹਿ ਨਾਂ ਜਾਂਦੀ ਲੋੜ, ਪੂਜਾ ਪਾਠ ਦੀ
ਰੋਜੇ ਅਤੇ ਨਿਮਾਜਾਂ, ਵਿਸਰ ਜਾਂਵਦੇ
ਰਹਿੰਦੀ ਯਾਦ ਖ਼ੁਦਾ ਦੀ, ਹਰ ਦਮ ਜੀਭ ਤੇ
ਸਬਰ ਸ਼ੁਕਰ ਖ਼ੁਦ ਮਸਤੀ, ਆ ਕੇ ਵੱਸਦੀ
ਲਾ ਇਲਾਹ ਦੇ ਬਾਝ, ਸਭ ਕੁੱਝ ਭੁੱਲਦਾ
ਚੱਲ ਦਰਗਾਹ ਉਸਦੀ, ਦੋਵੇਂ ਭਾਈਏ
ਮੈਂ ਵੀ ਤੇਰੇ ਨਾਲ, ਜਾਵਾਂ ਬਖਸ਼ਿਆ
ਸਿਜਦਾ ਕਰੀਏ ਚਰਨੀ, ਸੀਸ ਨਵਾਇਕੇ
ਨੂਰੀ ਦਾ ਦੀਦਾਰ, ਨੂਰ ਬਣਾ ਦਏ
ਦੋਵੇਂ ਰਲਕੇ ਚੱਲ, ਉਨ੍ਹਾਂ ਨੂੰ ਭਾਲੀਏ
ਤੁਰ ਪਏ ਦੋਵੇਂ ਵੱਲ, ਭੈਣੀ ਸਾਹਿਬ ਦੇ
ਏਨਾਂ ਨਾਲੋਂ ਪਹਿਲਾਂ, ਕਈ ਕੁ ਹੋਰ ਵੀ

### ਓਨਾਂ ਲਏ ਬੁਲਾ, ਜੋ ਸਨ ਉਨ੍ਹਾਂ ਦੇ[4]

ਚੱਕਰਵਰਤੀ ਜੀ ਦੀ ਰਚਨਾ ਵਿੱਚ ਉਸ ਅਲੌਕਿਕ ਸਫਰ ਦਾ ਵੇਰਵਾ ਹੈ ਜਿਸਨੂੰ ਤਹਿ ਕਰਕੇ ਭਾਈ ਆਲੋ ਮੁਹਾਰ, ਵੇਲੇ ਦੇ ਸੱਚੇ ਪਾਤਸ਼ਾਹ ਪਾਸ, ਸ੍ਰੀ ਭੈਣੀ ਸਾਹਿਬ ਪੁੱਜਦਾ ਹੈ। ਆਲੋ ਮੁਹਾਰ, ਸਿਆਲਕੋਟ ਤੋਂ ਦੱਖਣ ਪੱਛਮ ਦੀ ਗੁੱਠ ਵਿੱਚ ਕੋਈ 17 ਕਿੱਲੋਮੀਟਰ ਤੇ ਵਾਕਿਆ ਹੈ। ਇਹ ਕਸਬਾ ਡਸਕੇ ਤੋਂ ਉੱਤਰ ਪੂਰਬ ਵੱਲ ਦਸ ਕਿੱਲੋਮੀਟਰ ਦੇ ਫਾਸਲੇ ਤੇ ਹੈ। ਨੇੜੇ ਹੀ ਨਾਮਧਾਰੀਆਂ ਦਾ ਇੱਕ ਮਸ਼ਹੂਰ ਪਿੰਡ ਜਾਮ ਕੇ ਚੀਮੇ ਹੈ। ਆਲੋ ਮੁਹਾਰ ਤੋਂ ਸ਼ਹਿਰ ਗੁਜਰਾਂਵਾਲਾ 34 ਕਿੱਲੋਮੀਟਰ ਅਤੇ ਝਨਾਂ ਦੇ ਪੱਤਣ ਤੇ ਮੌਜੂਦ ਇਤਿਹਾਸਿਕ ਨਗਰ ਵਜ਼ੀਰਾਬਾਦ 44 ਕਿੱਲੋਮੀਟਰ ਹੈ। ਪੰਜਾਬ ਦੀ ਰਾਜਧਾਨੀ ਲਾਹੌਰ ਇਸ ਪਿੰਡ ਤੋਂ 73 ਕਿੱਲੋਮੀਟਰ ਹੈ। ਲਾਹੌਰ ਤੋਂ ਅੰਮ੍ਰਿਤਸਰ ਹੁੰਦੇ ਹੋਏ, ਸ੍ਰੀ ਭੈਣੀ ਸਾਹਿਬ ਦਾ ਫਾਸਲਾ ਸਵਾ ਦੋ ਸੌ ਕਿੱਲੋਮੀਟਰ ਤੋਂ ਉਪਰ ਹੀ ਹੈ। ਇਉਂ ਅਸੀਂ ਕਹਿ ਸੱਕਦੇ ਹਾਂ ਕਿ ਆਪਣੇ ਇਸ਼ਟ, ਮਹਾਂ ਨਾਇਕ ਜਾਂ ਨਿਸ਼ਾਨੇ ਦੀ ਭਾਲ ਵਿੱਚ, ਭੈਣੀ ਸਾਹਿਬ ਪੁੱਜਣ ਤੱਕ ਭਾਈ ਆਲੋ ਮੁਹਾਰ ਨੂੰ ਪੰਜ ਸੌ ਕਿੱਲੋਮੀਟਰ ਦਾ ਸਫਰ, ਮੌਸਮ ਦੀਆਂ ਦੁਸ਼ਵਾਰੀਆਂ ਦਾ ਮੁਕਾਬਲਾ ਕਰਦਿਆਂ ਹੋਇਆਂ, ਭੁੱਖ ਤਰੇਹ ਜਰਦਿਆਂ, ਬਿਖੜੇ ਮਾਰਗਾਂ ਤੇ ਚੱਲਦਿਆਂ ਬਤੀਤ ਕਰਨਾ ਪਿਆ। ਉਸ ਦੀ ਇਹ ਯਾਤਰਾ, ਭਾਈ ਲਾਭ ਸਿੰਘ ਸੂਰਮੇ ਸਿੰਘ, ਅੰਮ੍ਰਿਤਸਰ ਨਿਵਾਸੀ ਦੀ ਯਾਤਰਾ ਅੰਮ੍ਰਿਤਸਰ ਤੋਂ ਭੈਣੀ ਸਾਹਿਬ, ਭੈਣੀ ਸਾਹਿਬ ਤੋਂ ਫਿਰ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਨਿਵਾਸ ਅਸਥਾਨ ਹਜਰੋਂ ਸਾਹਿਬ ਅਤੇ ਹਜਰੋਂ ਸਾਹਿਬ ਤੋਂ ਫਿਰ ਸ੍ਰੀ ਭੈਣੀ ਸਾਹਿਬ, ਇਸ ਤਰ੍ਹਾਂ ਇਹ ਪੰਧ ਤਾਂ 1100 ਕਿੱਲੋਮੀਟਰ ਤੋਂ ਘੱਟ ਨਹੀਂ ਸੀ, ਦੂਸਰੇ ਨੰਬਰ ਤੇ ਆਉਂਦੀ ਹੈ। ਇਸੇ ਲਈ ਸਤਿਗੁਰੂ ਜੀ ਨੇ ਪਹਿਲਾਂ ਨਾਮ ਦੀ ਦਾਤ ਭਾਈ ਲਾਭ ਸਿੰਘ ਰਾਗੀ ਸੂਰਮੇ ਸਿੰਘ ਨੂੰ ਅਤੇ ਦੂਜੀ ਜਗਹਾ ਤੇ ਭਾਈ ਆਲੋ ਮੁਹਾਰ ਨੂੰ ਬਖਸ਼ੀ। ਉਸ ਸਮੇਂ ਦੇ ਕੂਕਾ ਦੀਵਾਨਾਂ ਦਾ ਵੇਰਵਾ, ਇੱਕ ਪੁਰਾਤਨ ਕਵੀ, ਗਿਆਨੀ ਕਾਲਾ ਸਿੰਘ ਨੰਗਲ ਵਾਲੇ ਬਿਆਨ ਕਰਦੇ ਹਨ।

"ਪੂਰੇ ਸਤਿਗੁਰੂ ਤਾਰਦੇ ਸੰਗਤਾਂ ਨੂੰ,
ਦੋਵੇਂ ਬਖਤ ਦੀਵਾਨ ਲਗਾਂਵਦੇ ਨੇ।
ਰਾਗੀ ਰਾਗ ਪ੍ਰੇਮ ਦੇ ਨਾਲ ਕਰਦੇ,
ਢਾਡੀ ਲਾ ਕੇ ਵਾਰ ਸੁਣਾਂਵਦੇ ਨੇ।
ਆਉਣ ਸੰਗਤਾਂ ਦਰਸ ਦੀਦਾਰ ਕਰਨ,

ਜਨਮ ਆਪਣਾ ਸੁਫਲ ਕਰਾਂਵਦੇ ਨੇ।
ਤਨ ਮਨ ਤੇ ਧਨ ਲਾ ਕਰਨ ਸੇਵਾ,
ਭੇਟਾ ਨਗਦ ਸਿੰਘ ਖੁਸ਼ੀ ਦੇ ਨਾਲ ਬਰਤਾਂਵਦੇ ਨੇ।
ਲੰਗਰ ਬੰਦ ਨਾ ਹੋਵੰਦਾ ਦਿਨੇ ਰਾਤੀਂ,
ਗੱਫੇ ਖੁਸ਼ੀ ਦੇ ਨਾਲ ਛਕਾਂਵਦੇ ਨੇ।
ਅੰਮ੍ਰਿਤ ਖੰਡੇ ਦਾ ਗੁਰੂ ਜੀ ਤਿਆਰ ਕਰਕੇ,
ਰੋਜ ਸੈਂਕੜੇ ਸਿੰਘ ਸਜਾਂਵਦੇ ਨੇ।
ਭਜਨ ਦੱਸ ਕੇ ਤੇ ਮਰਦ ਅਉਰਤਾਂ ਨੂੰ,
ਭਵ ਸਾਗਰੋਂ ਪਾਰ ਲੰਘਾਂਵਦੇ ਨੇ।
ਜੇੜ੍ਹਾ ਗੁਰਾਂ ਦੇ ਚੜ੍ਹੇ ਜਹਾਜ ਆ ਕੇ
ਓਨੂੰ ਨਾਮ ਦਾ ਟਿਕਟ ਫੜਾਂਵਦੇ ਨੇ।
ਕੜਾ, ਕੱਛ, ਕਿਰਪਾਨ, ਇਸ਼ਨਾਨ ਕੇਸੀਂ,
ਗੁਰੂ ਵਿੱਚ ਬੈਕੁੰਠ ਪੁਚਾਂਵਦੇ ਨੇ।
ਦਇਆ ਜਿਸ ਤੇ ਕਰਨ ਦਿਆਲ ਹੋ ਕੇ,
ਜਨਮ ਮਰਨ ਦੇ ਦੁੱਖ ਮਿਟਾਂਵਦੇ ਨੇ।
ਸ਼ੁੱਧ ਆਤਮਾ ਜਿੰਨ੍ਹਾਂ ਦੀਦਾਰ ਕੀਤਾ,
ਵਿੱਚ ਗਰਭ ਓਹ ਫੇਰ ਨਾਂ ਆਂਵਦੇ ਨੇ।
ਰਹੇ ਭੀੜ ਹਮੇਸ਼ ਹਜੂਰ ਲੱਗੀ,
ਕਈ ਆਂਵਦੇ ਤੇ ਕਈ ਜਾਂਵਦੇ ਨੇ।
ਸੰਮਤ ਉਨੀ ਸੌ ਚੌਦੇ ਤੇ ਸ਼ੁਰੂ ਕਰਕੇ,
ਭੈਣੀ ਸਾਹਿਬ ਏਹ ਕਾਰ ਚਲਾਂਵਦੇ ਨੇ।
ਕਾਲਾ ਸਿੰਘ ਦ੍ਰਿੜਾਏ ਕੇ ਨਾਮ ਸਤਿਗੁਰ,
ਸੱਚ ਖੰਡ ਦੇ ਵਿੱਚ ਪੁਚਾਂਵਦੇ ਨੇ ..੨੦.. [5]

ਸੰਤ ਖਾਲਸਾ ਸਾਜਣ ਤੋਂ ਬਾਅਦ ਆਪ ਦੇ ਚਾਰ ਦੂਸਰੇ ਗੁਰ ਭਾਈਆਂ ਦਾ ਵੇਰਵਾ ਤਾਂ ਗਾਹੇ ਬਗਾਹੇ, ਨਾਮਧਾਰੀ ਇਤਿਹਾਸ ਦੇ ਪੁਰਾਤਨ ਸਰੋਤਾਂ ਵਿੱਚ ਮਿਲਦਾ ਹੈ। ਆਲੋ ਮੁਹਾਰ ਜੀ ਬਾਰੇ ਬਹੁਤ ਘੱਟ ਜਾਣਕਾਰੀ

ਉਪਲਬਧ ਹੁੰਦੀ ਹੈ। ਮਾਲੂਮ ਹੁੰਦਾ ਹੈ ਕਿ ਆਪ ਆਪਣੇ ਪਿੰਡ ਵਿੱਚ ਰਹਿ ਕੇ ਹੀ ਨਾਮ ਬਾਣੀ ਦਾ ਅਭਿਆਸ ਕਰਦੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਕਰਦੇ। ਸੰਗਤ ਵਿੱਚ ਜਾਂ ਸਤਿਗੁਰੂ ਜੀ ਦੇ ਦੌਰਿਆਂ ਵਿੱਚ ਵੀ ਜੋ ਕਦੇ ਵਿਚਰਦੇ ਤਾਂ ਸੁਭਾਉ ਮੁਤਾਬਿਕ, ਗੁੰਮਨਾਮੀ ਦਾ ਜੀਵਨ ਹੀ ਪਸੰਦ ਕਰਦੇ ਸਨ। ਸੰਤ ਗਣੇਸ਼ਾ ਸਿੰਘ ਇਸੇ ਪਿੰਡ ਦੇ ਦੂਆ ਗੋਤ ਦੇ ਅਰੋੜੇ ਸਿੱਖ ਸਨ ਅਤੇ ਉਹ ਸਤਿਗੁਰੂ ਰਾਮ ਸਿੰਘ ਜੀ ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਿਆਰੇ ਸਿੱਖ ਸਨ।

ਸੰਬਤ 2000 ਬਿਕ੍ਰਮੀ 24 ਤੋਂ 27 ਫੱਗਣ ਮੁਤਾਬਿਕ 1944 ਈ. ਦਾ ਹੋਲਾ ਮਹੱਲਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਹੋਇਆ ਸੀ। ਇਸ ਹੋਲੇ ਮਹੱਲੇ ਤੇ ਜੱਸ-ਜੀਵਨ ਦੇ ਲੇਖਕ ਸੰਤ ਤਰਨ ਸਿੰਘ ਵਹਿਮੀ ਵੀ ਸੰਗਤਾਂ ਵਿੱਚ ਸ਼ਾਮਲ ਸਨ। ਵਹਿਮੀ ਜੀ ਲਿਖਦੇ ਹਨ, "ਸਤਿਗੁਰੂ ਪਰਤਾਪ ਸਿੰਘ ਜੀ ਰਾਮਸਰ ਕੋਲ ਬੈਠਿਆਂ ਅਗਲੇ ਰੋਜ਼ ਸਿੱਖਾਂ ਦੀ ਸਿਫਤ ਕਰਦਿਆਂ ਕਿਹਾ ਧੰਨ ਗੁਰੂ ਕੇ ਸਿੱਖ, ਇਸ ਸੰਤ ਤੇ ਸੇਠ ਤੇਜਾ ਸਿੰਘ (ਹੈਦਰਾਬਾਦ) ਨੇ ਪਿਛਲੇ ਸਾਲ ਭਾਦਰੋਂ ਦੇ ਮੇਲੇ ਤੇ ਆਇਆਂ ਪੰਝੀ ਹਜਾਰ ਰੁਪਏ ਆ ਭੇਟਾ ਕੀਤੇ ਤੇ ਦੱਸਿਆ ਸੀ ਮੈਂ ਆਪਣੀ ਆਮਦਨ ਦਾ ਦਸਵੰਧ ਗੁਰੂ ਕੇ ਲੰਗਰ ਲਈ ਦਿੱਤਾ ਹੈ, ਤੇ ਬਚਨ ਕੀਤੇ ਨੇ, ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਬਾਅਦ ਮੇਰੇ ਤੇ ਜ਼ਿੰਮੇਵਾਰੀਆਂ ਸਾਰੀਆਂ ਆਈਆਂ ਤੇ ਮੈਂ ਇਕ ਰਾਤ ਝੁਰਦਾ ਸੁੱਤਾ। ਇੰਨਾ ਖਰਚ ਏ ਲੰਗਰ ਤੇ ਸੇਵਕਾਂ ਆਦਿ ਦਾ, ਮੈਂ ਕਿਵੇਂ ਨਿਭਾਵਾਂਗਾ। ਤਾਂ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇ ਕਿਹਾ, ਇਸ ਲੰਗਰ ਦਾ ਮੈਂ ਸਾਥੀ ਹਾਂ, ਤੂੰ ਬੇਫ਼ਿਕਰ ਹੋ ਸੇਵਾ ਕਰੀ ਜਾ। ਅਗਲੇ ਦਿਨ ਗਣੇਸ਼ਾ ਸਿੰਘ ਜੀ ਮਿੰਟਗੁਮਰੀ ਵਾਲਿਆਂ ਮਾਤਾ (ਜਿਊਣ ਕੌਰ) ਜੀ ਦੇ ਰੂਬਰੂ ਦਸ ਹਜ਼ਾਰ ਰੁਪਿਆ ਲਿਆ ਮੱਥਾ ਟੇਕਿਆ ਤੇ ਕਿਹਾ, ਇਹ ਮੇਰੇ ਮੁਰੱਬੇ ਠੇਕੇ ਤੇ ਲਿਆਂ ਦਾ ਮੁਨਾਫਾ ਹੈ। ਪਹਿਲੇ ਸਾਲ ਦਾ ਜੋ ਮੈਂ ਗੁਰੂ ਜੀ ਦੀ ਮੰਨਤ ਮੰਨੀ ਸੀ ਤੇ ਨਾਲੇ ਕਿਹਾ ਸ੍ਰ., ਮੈਨੂੰ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇ ਕਿਹਾ ਹੈ, ਪ੍ਰਤਾਪ ਸਿੰਘ ਨੂੰ ਕਹੋ ਲੰਗਰ ਦਾ ਕੋਈ ਫਿਕਰ ਨਾ ਕਰੋ। ਸਤਿਗੁਰੂ ਜੀ ਬਚਨ ਕੀਤਾ, ਮੈਨੂੰ ਮਾਤਾ ਜੀ ਪਹਿਲਾਂ ਹੀ ਸਤਿਗੁਰੂ ਜੀ ਤੇ ਸਾਧਾਂ ਦੇ ਬਚਨ ਸਾਖੀਆਂ ਸੁਣਾ ਪ੍ਰਤੀਤ ਬੰਧਾਈ ਹੋਈ ਸੀ, ਪਰ ਇਹ ਸੁਨੇਹਾ ਉਚੇਚਾ ਸਤਿਗੁਰੂ ਜੀ ਦਾ ਸੁਣ, ਮੈਨੂੰ ਹੁਣ ਤੱਕ ਕਦੇ ਲੰਗਰ ਦਾ ਫ਼ਿਕਰ ਤੇ ਮਾਇਆ ਦੀ ਥੁੜ ਦਾ ਜ਼ਿਕਰ ਹੀ ਨਹੀਂ ਅੰਦਰ ਆਇਆ। ਮਾਨੋ ਉਹ ਮਾਇਆ ਜਾਗ ਹੋ ਲੱਗੀ ਸੀ, ਗਣੇਸ਼ਾ ਸਿੰਘ ਜੀ ਵਾਲੀ।" ਇਸ ਤੇ ਹੇਠਾਂ ਫੁੱਟ ਨੋਟ ਵਿੱਚ ਵਹਿਮੀ ਜੀ ਲਿਖਦੇ ਹਨ: "ਸੰਤ ਗਣੇਸ਼ਾ ਸਿੰਘ ਮੁੱਢੋਂ

ਆਲੋ ਮੁਹਾਰ ਨਗਰ ਜ਼ਿਲ੍ਹਾ ਸਿਆਲਕੋਟ ਦੇ ਸੀ। ਆਤਮਾ ਸਿੰਘ ਜੀ ਤੋਂ ਭਜਨ ਗੁਰਦਿੱਤ ਸਿੰਘ ਲਿਆ ਸੀ, ਜਿਨ੍ਹਾਂ ਦੇ ਪੁੱਤਰ ਇਹ ਗਣੇਸ਼ਾ ਸਿੰਘ ਜੀ ਸੀ। ਇਨ੍ਹਾਂ ਦੇ ਪ੍ਰਤਾਪ ਸਿੰਘ ਜੀ ਤੇ ਪ੍ਰਤਾਪ ਸਿੰਘ ਜੀ ਦੇ ਰਛਪਾਲ ਸਿੰਘ ਜੀ। ਹੁਣ ਜ਼ਨਾਨੇ (ਸਿਵਲ) ਹਸਪਤਾਲ ਲਾਗੇ ਸਿਰਸੇ ਰਹਿੰਦੇ ਹਨ। ਅਰੋੜੇ ਸਿੱਖ ਇਹ ਮੇਰੇ ਗੁਜਰਾਂਵਾਲੇ ਦੇ ਵਾਕਫ ਹਨ।'[6]

ਉਦੋਂ ਸੰਤ ਗਣੇਸ਼ਾ ਸਿੰਘ ਜੀ ਅਤੇ ਉਹਨਾਂ ਦਾ ਪੁੱਤਰ ਪਰਤਾਪ ਸਿੰਘ ਸਰਗੋਧੇ ਦੀ ਬਾਰ ਵਿੱਚ ਰਹਿੰਦੇ ਸਨ ਜਿੱਥੋਂ ਬਾਅਦ ਵਿੱਚ ਮਿੰਟਗੁਮਰੀ ਜਾਂਦੇ ਹਨ। ਇਹਨਾਂ ਦਾ ਚੱਕ 45 ਚੱਕ ਦੇ ਨੇੜੇ ਹੀ ਸੀ ਜਿੱਥੇ ਸੰਨ 1909 ਈ. ਦਾ ਸਲਾਨਾ ਨਾਮਧਾਰੀ ਹੋਲਾ ਮਹੱਲਾ ਹੋਇਆ ਸੀ। ਲੇਖਕ ਦਾ ਨਾਨਾ ਬਾਪੂ ਆਤਮਾ ਸਿੰਘ ਬੁਰਜ ਰਾਇ ਕੇ, ਜੋ ਸੰਤ ਜਿਊਣ ਸਿੰਘ ਜੀ ਅਤੇ ਮੀਹਾਂ ਸਿੰਘ ਸਿਰਹਾਲੀ ਦਾ ਸਕਾ ਭਤੀਜਾ ਸੀ, ਉਹ ਵੀ ਪਰਿਵਾਰ ਸਮੇਤ ਇਸੇ ਬਾਰ ਵਿੱਚ, ਚੱਕ ਨੰ: 23 ਅਲਫ ਵਿੱਚ ਰਹਿੰਦੇ ਸਨ ਜਿੱਥੇ ਉਪਰੋਕਤ ਹੋਲੇ ਮਹੱਲੇ ਤੋਂ ਬਾਅਦ ਸਤਿਗੁਰੂ ਪਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ। ਪਰਤਾਪ ਸਿੰਘ ਅਤੇ ਆਤਮਾ ਸਿੰਘ ਹੋਰਾਂ ਦੀ ਮਿੱਤਰਤਾ ਕਾਰਨ ਹੀ ਬੁਰਜਾਂ ਵਾਲੇ ਅਤੇ ਉਹਨਾਂ ਨਾਲ ਸਬੰਧਿਤ ਪਰਿਵਾਰ, ਅੰਮ੍ਰਿਤਸਰ ਖੁਰਦ (ਸਿਰਸਾ), ਸਿਆਮ ਵਾਲੇ ਸੇਠਾਂ ਦੀ ਜ਼ਮੀਨ ਤੇ ਆਬਾਦ ਹੋਏ ਸਨ ਕਿਉਂਕਿ ਇਹ ਪਰਿਵਾਰ ਰਛਪਾਲ ਸਿੰਘ ਹੋਰਾਂ ਦਾ ਸਹੁਰਾ ਪਰਿਵਾਰ ਸੀ। ਰਛਪਾਲ ਸਿੰਘ ਹੋਰਾਂ ਦਾ ਪੁੱਤਰ ਕੁਲਦੀਪ ਸਿੰਘ ਦੂਆ ਵੀ ਗੁਜ਼ਰ ਚੁੱਕਾ ਹੈ। ਅਗਲੇ ਪਰਿਵਾਰ ਸਿਰਸੇ ਵਿੱਚ ਹੀ ਹਨ। ਸਾਖੀਕਾਰ, ਬੀਬੀ ਜਸਬੀਰ ਕੌਰ ਗੰਭੀਰ ਸ਼ਿਮਲਾ ਵਾਲਿਆਂ ਦਾ ਵੀ ਇਹ ਪੇਕਾ ਪਰਿਵਾਰ ਹੈ।

ਉਪਰੋਕਤ ਲੰਮੀ ਵਾਰਤਾ ਤੋਂ ਇਹ ਸਪਸ਼ਟ ਹੈ ਕਿ ਸੰਤ ਆਤਮਾ ਸਿੰਘ ਆਲੋ ਮੁਹਾਰ ਤੋਂ ਵਰੋਸਾਏ ਗੁਰਦਿਤ ਸਿੰਘ ਦੂਏ ਦੇ ਪਰਿਵਾਰ ਵਿੱਚ, ਨਾਮਧਾਰੀ ਸਿੱਖੀ ਕਿਵੇਂ ਵਧੀ ਫੈਲੀ। ਹੁਣ ਅਸੀਂ ਹੋਰ ਉੱਪਰ ਵੱਲ ਜਾਵਾਂਗੇ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਆਲੋ ਮੁਹਾਰ ਜੀ ਤੋਂ ਵਰੋਸਾਏ ਇਸ ਪਰਿਵਾਰ ਦੀਆਂ ਕੂਕਾ ਕਰਾਂਤੀ ਵਿੱਚ ਸਰਗਰਮ ਹੋਰ ਸ਼ਾਖਾਵਾਂ ਦਾ ਵੀ ਗਿਆਨ ਹਾਸਲ ਹੁੰਦਾ ਹੈ।

ਆਲੋ ਮੁਹਾਰ ਦੇ ਫਤੇਹ ਸਿੰਘ ਅਰੋੜੇ (ਦੂਏ) ਦਾ ਪੁੱਤਰ ਭਾਈ ਟੇਕ ਸਿੰਘ ਪਟਵਾਰੀ ਸੀ ਜੋ ਸਮਸਾ ਤਹਿਸੀਲ ਸ਼ੇਖੂਪੁਰਾ ਵਿੱਚ, 1870 ਦੇ ਆਸ ਪਾਸ ਤਾਈਨਾਤ ਸੀ। ਭਾਂਵੇ ਉਹ ਸਰਕਾਰੀ ਮੁਲਾਜ਼ਮ ਸੀ ਤਾਂ ਵੀ ਉਹ ਐਲਾਨੀਆ ਕੂਕਾ ਸੀ। ਸੂਬਾ ਬ੍ਰਹਮਾ ਸਿੰਘ ਜਿਹੜੇ ਕੂਕਾ ਪਰਚਾਰ ਲਈ ਕੇਂਦਰੀ ਪੰਜਾਬ ਦੇ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਲਾਹੌਰ, ਸਿਆਲਕੋਟ

ਅਤੇ ਗੁਜਰਾਂਵਾਲਾ ਵਿੱਚ ਤਾਈਨਾਤ ਸਨ, ਗੁਜਰਾਂਵਾਲਾ ਤੇ ਸਿਆਲਕੋਟ ਵਿੱਚ ਸੂਬਾ ਜੋਤਾ ਸਿੰਘ ਢਪਈ ਅਤੇ ਸੂਬਾ ਰਾਜਾ ਸਿੰਘ ਤਰਾਂਡੀ ਉਹਨਾਂ ਦੇ ਅਧੀਨ ਕੰਮ ਕਰਦੇ ਸਨ। ਇਹ ਤਿੰਨੇ ਸੂਬੇ ਅਤੇ ਇਹਨਾਂ ਦੇ ਹੋਰ 4-5 ਸੰਗੀ ਸੇਵਕ, ਜਦੋਂ ਵੀ ਇਹਨਾਂ ਇਲਾਕਿਆਂ ਵਿੱਚ ਵਿਚਰਦੇ ਤਾਂ ਇਹਨਾਂ ਦਾ ਮੇਜ਼ਬਾਨ, ਸਮਸਾ ਵਿਖੇ ਪਟਵਾਰੀ ਟੇਕ ਸਿੰਘ ਹੁੰਦਾ ਸੀ। ਮਨਸਾ ਸਿੰਘ ਕੂਕਾ ਪੁੱਤਰ ਦੀਵਾਨ ਸਿੰਘ ਜਾਤ ਸੁਨਿਆਰਾ ਜੋ 1870-71 ਵਿੱਚ ਸੂਬਾ ਬ੍ਰਹਮਾ ਸਿੰਘ ਹੋਰਾਂ ਦਾ ਖਿਦਮਤਗਾਰ ਸੀ, ਉਸ ਦੇ ਪੁਲੀਸ ਕਪਤਾਨ, ਗੁਜਰਾਂਵਾਲਾ ਦੇ ਸਾਹਮਣੇ ਦਿੱਤੇ ਬਿਆਨਾਂ ਵਿੱਚ, ਬ੍ਰਹਮਾ ਸਿੰਘ ਤੇ ਹੋਰ ਕੂਕਾ ਮੁਖੀਆਂ ਦਾ ਸਮਸੇ ਟੇਕ ਸਿੰਘ ਕੋਲ ਰੁਕਣ ਦਾ ਜ਼ਿਕਰ ਆਉਂਦਾ ਹੈ।[7] ਟੇਕ ਸਿੰਘ ਵੀ ਆਪਣੇ ਬਿਆਨ ਵਿੱਚ ਕਹਿੰਦਾ ਹੈ ਕਿ ਭੈਣੀ (ਸਾਹਿਬ) ਦੇ ਬਾਬਾ ਰਾਮ ਸਿੰਘ ਜੀ ਹੀ ਸੱਚੇ ਗੁਰੂ ਹਨ।[8]

ਜਦੋਂ ਸ਼ਿਮਲੇ ਦਾ ਡਿਪਟੀ ਕਮਿਸ਼ਨਰ ਜੇ. ਡਬਲਯੂ. ਮੈਕਨਬ ਜਿਸ ਦੇ ਜ਼ਿੰਮੇ ਸਤਿਗੁਰੂ ਰਾਮ ਸਿੰਘ ਜੀ ਦੇ ਨਿਰਵਾਸਤ ਕੀਤੇ ਸੂਬਿਆਂ ਦੇ ਮੁਆਮਲੇ ਦੀ ਪੜਤਾਲ ਚੱਲ ਰਹੀ ਸੀ ਤਾਂ 2 ਮਈ 1872 ਨੂੰ ਗੁਜਰਾਂਵਾਲੇ ਦੇ ਡਿਪਟੀ ਕਮਿਸ਼ਨਰ ਨੂੰ ਵਸਾਖਾ ਸਿੰਘ ਕੂਕਾ, ਪੁੱਤਰ ਮੇਘ ਸਿੰਘ, ਜੱਟ ਸਿੱਖ, ਗੋਤ ਧੋਥੜ, ਪਿੰਡ ਧੁੰਨੀ, ਥਾਣਾ ਹਾਫਿਜ਼ਾਬਾਦ, ਜ਼ਿਲ੍ਹਾ ਗੁਜਰਾਂਵਾਲਾ, ਸੂਬਾ ਬ੍ਰਹਮਾ ਸਿੰਘ ਅਤੇ ਉਹਨਾਂ ਨਾਲ ਸਬੰਧਿਤ ਹੋਰ ਕੂਕਿਆਂ ਬਾਰੇ ਇਕ ਮਹੱਤਵਪੂਰਨ ਬਿਆਨ ਦਰਜ ਕਰਵਾਉਂਦਾ ਹੈ। ਵਸਾਖਾ ਸਿੰਘ ਜੋ ਹੁਣ 28 ਸਾਲ ਦਾ ਹੈ, ਉਹ ਕਹਿੰਦਾ ਹੈ ਕਿ 8 ਸਾਲ 10 ਮਹੀਨੇ ਪਹਿਲਾਂ, ਮੈਂ ਅੰਮ੍ਰਿਤਸਰ ਗਿਆ ਤਾਂ ਉੱਥੇ ਸ਼ਾਮਲੀਆ ਵਾਲਾ ਬੁੰਗਾ ਵਿੱਚ ਬਾਬਾ ਬ੍ਰਹਮਾ ਸਿੰਘ ਠਹਿਰਿਆ ਹੋਇਆ ਸੀ ਜਿਸਨੇ ਉਸਨੂੰ ਕੂਕਾ ਬਣਾਇਆ ਅਤੇ ਫਿਰ ਇਕ ਰੁਪੈ ਮਾਸਿਕ ਸੇਵਾ ਫਲ ਦੇ ਕੇ, ਆਪਣੇ ਘੋੜੇ ਦੀ ਵੇਖ ਭਾਲ ਲਈ ਸਾਈਸ ਦੇ ਕੰਮ ਤੇ ਲਾ ਲਿਆ। ਇਕ ਸਾਲ ਉਹ ਉਹਨਾਂ ਨਾਲ ਅੰਮ੍ਰਿਤਸਰ ਵਿੱਚ ਰਿਹਾ। ਬਾਬਾ ਬ੍ਰਹਮਾ ਸਿੰਘ ਕੂਕਾ ਪਰਚਾਰ ਲਈ ਅੰਮ੍ਰਿਤਸਰ, ਗੁਰਦਾਸਪੁਰ, ਸਿਆਲਕੋਟ, ਗੁਜਰਾਤ, ਸ਼ਾਹਪੁਰ ਆਦਿ ਜ਼ਿਲ੍ਹਿਆਂ ਵਿੱਚ ਪਰਚਾਰ ਕਰਦੇ ਰਹੇ। ਫਿਰ ਉਹ ਛੁੱਟੀ ਲੈ ਕੇ ਆਪਣੇ ਘਰ ਆ ਗਿਆ। ਅੱਠ ਨੌਂ ਮਹੀਨਿਆਂ ਬਾਅਦ ਦੁਬਾਰਾ ਹਿੰਦੂ ਚੱਕ ਜਾ ਕੇ ਉਹਨਾਂ ਨੂੰ ਮਿਲਿਆ ਤਾਂ ਜਵੰਦ ਸਿੰਘ ਮਲਵਈ ਵੀ ਆ ਗਿਆ ਸੀ। ਹੁਣ ਅਸੀਂ ਦੋਵੇਂ ਘੋੜੇ ਸਾਂਭਦੇ ਸਾਂ। ਗੱਲ ਨੂੰ ਸੰਖੇਪ ਕਰੀਏ ਤਾਂ ਦਸੰਬਰ 1871 ਵਿੱਚ ਇਹ ਵਸਾਖਾ ਸਿੰਘ, ਸੂਬਾ ਬ੍ਰਹਮਾ ਸਿੰਘ ਨੂੰ ਉੱਗੂ ਚੱਕ (ਸਿਆਲਕੋਟ) ਵਿੱਚ ਮਿਲਦਾ ਹੈ। ਇੱਥੋਂ ਵੱਡਾ ਘੋੜਾ ਲੈ ਕੇ ਵਸਾਖਾ ਸਿੰਘ ਨੇ ਤਾਂ ਉੱਗੂ ਚੱਕ ਰਹਿਣਾ ਸੀ ਪਰ ਸੂਬਾ ਜੀ ਨੇ ਗੁਰੂ ਰਾਮ ਸਿੰਘ ਜੀ ਦੇ ਸੱਦੇ ਤੇ ਭੈਣੀ

ਸਾਹਿਬ ਜਾਣਾ ਸੀ।ਜਵੰਦ ਸਿੰਘ ਨੇ ਛੋਟੇ ਘੋੜੇ ਤੇ ਸੂਬਾ ਜੀ ਨੂੰ ਅੰਮ੍ਰਿਤਸਰ ਪੁਚਾਇਆ, ਜਿੱਥੋਂ ਉਹ ਗੁਲਾਬ ਸਿੰਘ ਮਲਵਈ ਅਤੇ ਰਿਆਸਤ ਜੰਮੂ ਦੇ ਪਿੰਡ ਸਿੰਗੜੀ ਦੇ ਰੰਗੀਲਾ ਸਿੰਘ ਨਾਲ, ਭੈਣੀ ਸਾਹਿਬ ਹੋਣ ਵਾਲੇ ਮਾਘੀ ਮੇਲੇ ਤੋਂ ਪਹਿਲਾਂ ਪੁੱਜ ਗਏ। ਜਵੰਦ ਸਿੰਘ ਘੋੜਾ ਲੈ ਕੇ ਵਾਪਿਸ ਉੱਗੂ ਚੱਕ ਆ ਗਿਆ। ਜਦੋਂ ਮਲੇਰਕੋਟਲੇ ਦੇ ਸਾਕੇ ਬਾਅਦ, ਕੂਕਿਆਂ ਦੀ ਪੰਜਾਬ ਭਰ ਵਿੱਚ ਫੜੋ ਫੜੀ ਸ਼ੁਰੂ ਹੋਈ ਤਾਂ ਪੁਲੀਸ ਦੋਹਾਂ ਘੋੜਿਆਂ ਸਮੇਤ ਵਸਾਖਾ ਸਿੰਘ ਨੂੰ ਪਕੜ ਕੇ ਪਸਰੂਰ ਤਹਿਸੀਲ ਵਿੱਚ ਲੈ ਗਈ। ਇੱਥੇ ਆਪਣੀ ਅਤੇ ਘੋੜਿਆਂ ਦੀ ਖੁਰਾਕ ਲਈ ਵਸਾਖਾ ਸਿੰਘ ਨੂੰ ਇਕ ਘੋੜਾ ਤਾਂ ਵੇਚਣਾ ਪਿਆ। ਦੂਜਾ ਘੋੜਾ ਜਵੰਦ ਸਿੰਘ ਅਤੇ ਗਣੇਸ਼ਾ ਸਿੰਘ ਨੇ ਵੇਚ ਦਿੱਤਾ। ਗਣੇਸ਼ਾ ਸਿੰਘ ਆਲੋ ਮੁਹਾਰ (ਸਿਆਲਕੋਟ) ਜ਼ਿਲ੍ਹੇ ਦਾ ਵਾਸੀ ਹੈ। ਉਹ ਸਮਸੇ ਦੇ ਟੇਕ ਸਿੰਘ ਪਟਵਾਰੀ ਦਾ ਭਰਾ ਹੈ।[9] ਮਾਲੂਮ ਹੁੰਦਾ ਹੈ ਕਿ ਟੇਕ ਸਿੰਘ ਅਤੇ ਗਣੇਸ਼ਾ ਸਿੰਘ ਤਾਏ ਚਾਚਿਆਂ ਦੇ ਪੁੱਤ ਭਰਾ ਹਨ। ਫਤੇਹ ਸਿੰਘ ਅਤੇ ਗੁਰਦਿਤ ਸਿੰਘ ਆਲੋ ਮੁਹਾਰ ਸਕੇ ਭਾਈ ਹੋਣਗੇ।

ਹੁਣ ਭਾਈ ਵਸਾਖਾ ਸਿੰਘ ਕੂਕਿਆਂ ਤੇ ਸਖਤੀਆਂ ਦੇ ਦੌਰ ਵਿੱਚ, ਬ੍ਰਹਮਾ ਸਿੰਘ ਹੋਰਾਂ ਦਾ ਸਾਈਸ ਜਾਂ ਯੁੱਧ ਸਾਥੀ ਹੋਣ ਕਾਰਨ, ਅਗਲਾ ਸਮਾਂ ਕਿੱਥੇ ਕੱਟੇ, ਇਹ ਇਕ ਬਿਖੜਾ ਪ੍ਰਸ਼ਨ ਹੈ। ਅਜਿਹੇ ਸਮੇਂ ਉਸਨੂੰ ਝੱਲਣਾਂ ਤਾਂ ਕਿਸੇ ਕੂਕੇ ਜਾਂ ਜਾਗਦੀ ਜ਼ਮੀਰ ਵਾਲੇ ਦੇਸ਼ ਭਗਤ ਨੇ ਹੀ ਸੀ। ਸਿਖਾਣਾ ਅਤੇ ਕਾਂਗੀ (ਸਿਆਲਕੋਟ) ਦੇ ਪਿੰਡਾਂ ਵਿੱਚ, ਦੂਲਾ ਸਿੰਘ ਕੂਕੇ ਪਾਸ ਹੁੰਦਾ, ਉਹ ਸਿੰਗੜੀ (ਜੰਮੂ) ਦੇ ਮਿਹਰ ਸਿੰਘ ਕੂਕੇ ਪਾਸ ਗਿਆ। ਇੱਥੋਂ ਉਹ ਝਨਾਂ ਦੇ ਕੰਢੇ ਤੇ ਵੱਸੇ ਪਿੰਡ ਸ਼ਾਹਬਾਜ਼ਪੁਰ (ਗੁਜਰਾਤ) ਦੇ ਕੂਕੇ, ਰੁਲਦੂ ਸਿੰਘ ਪਟਵਾਰੀ ਪਾਸ ਆ ਠਹਿਰਿਆ। ਇਹ ਰੁਲਦੂ ਸਿੰਘ ਵੀ ਅਰੋੜਾ ਸਿੱਖ ਸੀ। ਸੰਤ ਗੁਰੂਬਚਨ ਸਿੰਘ ਨਾਮਧਾਰੀ ਹੋਰਾਂ ਦਾ ਵਡੇਰਾ ਸੀ। ਸ਼ਾਹਬਾਜ਼ਪੁਰ ਤੋਂ ਇਕ ਚੌਕੀਦਾਰ ਨੇ ਉਸਨੂੰ ਗੁਜਰਾਂਵਾਲੇ ਵੱਲ ਤੋਰ ਲਿਆ ਜਿੱਥੇ 2 ਮਈ 1872 ਨੂੰ ਡੀ.ਸੀ. ਦੇ ਸਾਂਹਵੇਂ ਉਸ ਦੇ ਬਿਆਨ ਕਲਮਬੰਦ ਕੀਤੇ ਗਏ। ਸਰਕਾਰੀ ਰੀਕਾਰਡ ਮੁਤਾਬਿਕ ਗੁਰਦਿੱਤ ਸਿੰਘ ਆਲੋ ਮੁਹਾਰ ਵੀ ਪਟਵਾਰੀ ਸੀ, ਪਟਵਾਰੀ ਟੇਕ ਸਿੰਘ ਦਾ ਚਾਚਾ ਜਾਂ ਤਾਇਆ।

ਝਨਾਂ ਦੇ ਕੰਢੇ ਦਾ ਭਾਈ ਰੁਲਦੂ ਸਿੰਘ ਅਤੇ ਆਲੋ ਮੁਹਾਰ ਦੇ ਦੋ ਹੋਰ ਪਟਵਾਰੀ ਕੂਕੇ ਇਹ ਸਾਰੀ ਮਹਿਮਾਂ ਭਾਈ ਆਤਮਾ ਸਿੰਘ ਆਲੋ ਮੁਹਾਰ ਹੋਰਾਂ ਦੀ ਹੀ ਸੀ ਜਿਹਨਾਂ ਨਾਂ ਸਿਰਫ ਆਪਣੇ ਪਿੰਡ ਵਿੱਚ, ਸਗੋਂ ਗੁਆਂਢੀ ਜ਼ਿਲ੍ਹਿਆਂ ਦੇ ਅਰੋੜੇ ਖੱਤਰੀਆਂ ਅਤੇ ਪੜ੍ਹੇ ਲਿਖੇ ਸ਼ਹਿਰੀ ਤਬਕੇ ਵਿੱਚ ਵੀ ਕੂਕੇ ਬਣਾਏ। ਟੇਕ ਸਿੰਘ ਪਟਵਾਰੀ ਜਿਹੇ ਕੱਟੜ ਕੂਕੇ ਹੀ ਆਪਣੀ ਨੌਕਰੀ ਦੀ ਕੀਮਤ ਤੇ ਵੀ ਕਹਿ ਸਕਦੇ ਸਨ ਕਿ ਸੱਚਾ ਗੁਰੂ ਤਾਂ ਸਤਿਗੁਰੂ ਰਾਮ

ਸਿੰਘ ਹੀ ਹੈ। ਭਾਈ ਆਤਮਾ ਸਿੰਘ ਅਲੋਪ ਰਹਿ ਕੇ ਵੀ ਨਾਮਧਾਰੀ ਇਤਿਹਾਸ ਤੇ ਆਪਣੀ ਡੂੰਘੀ ਛਾਪ ਛੱਡਦਾ ਹੈ।

**-ਹਵਾਲੇ ਤੇ ਟਿੱਪਣੀਆਂ-**

1. ਸੰਤ ਨਿਧਾਨ ਸਿੰਘ ਆਲਿਮ, ਜੁੱਗ ਪਲਟਾਊ ਸਤਿਗੁਰੂ, ਜਨਵਰੀ 1947, ਦਿੱਲੀ, ਸਫ਼ਾ 32
2. ਉਹੀ, ਸਫ਼ਾ 33
3. ਸੰਤ ਇੰਦਰ ਸਿੰਘ ਚੱਕਰਵਰਤੀ, ਸਤਿਜੁਗ ਦਾ ਬਸੰਤ ਅੰਕ, 22 ਮਾਘ 1986 ਬਿ. ਸ੍ਰੀ ਭੈਣੀ ਸਾਹਿਬ, ਚੱਕਰਵਰਤੀ ਜੀ ਦਾ ਮੁੱਖ ਲੇਖ ਗੁਰ-ਅਵਤਾਰ", ਸਫ਼ਾ 33
4. ਸੰਤ ਇੰਦਰ ਸਿੰਘ ਚੱਕਰਵਰਤੀ, ਮਾਲਵੇਂਦਰ (ਮਹਾਂਕਾਵਿ), 1957, ਦਿੱਲੀ, ਸਫ਼ਾ 83-87
5. ਸੰਤ (ਗਿਆਨੀ) ਕਾਲਾ ਸਿੰਘ ਜੀ ਨੰਗਲ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, (ਸੰ. ਦੇਵਿੰਦਰ ਸਿੰਘ ਗਿੱਲ, ਜੀਆ ਨੱਥਾ) ਸੌ ਸਾਲ ਬਾਅਦ ਪਹਿਲੀ ਛਾਪ 1914 ਈ. ਵਾਲੀ ਦਾ ਹੀ ਪ੍ਰਿੰਟ, 2014 ਈ., ਸ੍ਰੀ ਭੈਣੀ ਸਾਹਿਬ, ਸਫਾ 26-27
6. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਤੀਜਾ, ਪ੍ਰਕਾਸ਼ਕ, ਸਾਧੂ ਸਿੰਘ ਕਿਸਾਨ, ਰਾਮਪੁਰ (ਬੁੱਢੀ ਮਾੜੀ) (ਉਦੋਂ) ਜ਼ਿਲ੍ਹਾ ਹਿਸਾਰ, ਤਹਿਸੀਲ ਸਿਰਸਾ, ਸਫ਼ਾ 305 7. ਉਹੀ, ਸਫ਼ਾ 208
7. ਜਸਵਿੰਦਰ ਸਿੰਘ (ਸੀ.), ਅੰਗਰੇਜ਼ੀ, ਕੂਕਾ ਮੂਵਮੈਂਟ ਐਂਡ ਦਾ ਮੈਕਨਬ ਰੀਪੋਰਟ, ਆਰਸੀ ਪਰਲਿਸ਼ਰਜ, ਨਵੀਂ ਦਿੱਲੀ, 2015, (ਦਸਤਾਵੇਜ਼), ਸਫ਼ਾ 210
8. ਉਹੀ, ਸਫ਼ਾ 268-71

# ਕਰਮ-ਜੋਗੀ,
# ਬਾਬਾ ਹਰਸਾ ਸਿੰਘ ਕੰਗਣ ਪੁਰ

ਕੰਗਣ ਪੁਰ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਚੂਹਣੀਆਂ ਤਹਿਸੀਲ ਦਾ ਪਿੰਡ ਸੀ, ਅੱਜ ਕੱਲ੍ਹ ਇਸ ਦਾ ਜ਼ਿਲ੍ਹਾ ਕਸੂਰ (ਪਾਕਿਸਤਾਨੀ ਪੰਜਾਬ) ਹੈ। ਇਸਨੂੰ ਰਾਜਕੁਮਾਰੀ ਕੰਗਣਾ ਰਾਣੀ ਕੰਬੋਹ ਨੇ ਵਸਾਇਆ ਸੀ ਜੋ ਮਹਾਂ ਰਾਣਾ ਦੀ ਭੈਣ ਸੀ, ਜਿਹਨੇ ਅਠਵੀਂ ਸਦੀ ਦੇ ਅਰੰਭ ਵਿੱਚ ਇਸਲਾਮਪ ਧਾਰਨ ਕਰ ਕੇ ਆਪਣਾ ਨਾਮ ਦੀਵਾਨ ਚਾਵਲੀ ਮੁਸ਼ਾਇਕ ਹਾਜੀ ਮੁਹੰਮਦ ਸ਼ੇਖ ਧਾਰਨ ਕੀਤਾ। ਕੰਗਣ ਪੁਰ ਲੰਮਾ ਸਮਾਂ ਬੇਅਬਾਦ ਰਿਹਾ ਜਦੋਂ ਕਿ ਜਨਰਲ ਮੁਹੰਮਦ ਬਿਨ ਕਾਸਿਮ (695-715) ਨੇ ਇਸ ਇਲਾਕੇ ਤੇ ਕਬਜ਼ਾ ਕਰ ਲਿਆ ਸੀ। ਕਈ ਸਦੀਆਂ ਬਾਅਦ ਅਲੀ ਅਕਬਰ ਮੁਗਲ ਨੇ ਇਸ ਨੂੰ ਮੁੜ ਅਬਾਦ ਕੀਤਾ ਅਤੇ ਇਸ ਦੀ ਰਾਖੀ ਲਈ ਇੱਕ ਕਿਲਾ ਵੀ ਬਣਵਾਇਆ ਸੀ। ਪੁਰਾਤਨ ਜਨਮ ਸਾਖੀ ਵਿੱਚ ਇੱਕ ਸਾਖੀ ਆਉਂਦੀ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਇੱਕ ਪਿੰਡ ਵਿੱਚ ਗਏ ਤਾਂ ਲੋਕਾਂ ਨੇ ਆਦਰ ਭਾਉ ਨਾ ਕੀਤਾ, ਟਹਿਲ ਸੇਵਾ ਕੀ ਕਰਨੀ ਸੀ ਬਸਤੀ ਵਿੱਚ ਰਾਤ ਵੀ ਨਾ ਕੱਟਣ ਦਿੱਤੀ। ਸਵੇਰੇ ਜਦੋਂ ਬਾਹਰੋਂ ਗੁਰੂ ਜੀ ਅੱਗੇ ਤੁਰਨ ਲੱਗੇ ਤਾਂ ਮਰਦਾਨੇ ਨੇ ਪੁੱਛਿਆ ਇਹਨਾਂ ਪ੍ਰਥਾਇ ਕੀ ਕਹਿਣਾ ਹੈ ਤਾਂ ਗੁਰੂ ਜੀ ਨੇ ਕਿਹਾ- "ਵੱਸਦੇ ਰਹੋ।" ਇਹੋ ਤਾਂ ਗੁਰੂ ਸਾਹਿਬ ਦਾ ਵਡੱਪਣ ਸੀ। ਇਸ ਸਮੇਂ ਆਪ ਨੇ ਲੋਕਾਂ ਦੀ ਮਨੋ ਦਸ਼ਾ ਬਾਰੇ ਜੋ ਸ਼ਬਦ ਉਚਾਰਿਆ ਜਨਮ ਸਾਖੀ ਮੁਤਾਬਿਕ ਇਹ ਸੀ-

ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ॥
ਜੇ ਬੋਲਾ ਤਾਂ ਆਖੀਐ ਬੜ ਬੜ ਕਰੈ ਬਹੁਤ॥
ਚੁਪ ਕਰਾਂ ਤਾ ਆਖੀਐ ਇਤੁ ਘਟਿ ਨਾਹੀ ਮਤਿ॥
ਜੇ ਬਹਿ ਰਹਾ ਤਾ ਆਖੀਐ ਬੈਠਾ ਸਥਰੁ ਘਤੁ॥
ਉਠ ਜਾਇ ਤਾਂ ਆਖੀਐ ਛਾਰ ਗਇਆ ਸਿਰ ਘਤਿ॥
ਜੇਕਰ ਨਿਵਾ ਤਾਂ ਆਖੀਐ ਡਰਦਾ ਕਰੇ ਭਗਤ॥
ਕਾਈ ਗਲੀ ਨਾ ਮੇਵਣੀ ਜਿਥੇ ਕਢਾ ਝਤਿ॥
ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥੨॥
(ਇਹ ਸ਼ਬਦ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਨਹੀਂ ਹੈ।)

ਮਹਾਨ ਕੋਸ਼ ਅਤੇ ਕੁਝ ਹੋਰ ਗ੍ਰੰਥਾਂ ਦੇ ਮੁਤਾਬਿਕ ਉਪਰੋਕਤ ਸਾਖੀ ਵਾਲਾ

ਪਿੰਡ ਇਹੋ ਕੰਗਣ ਪੁਰ ਹੈ, ਜਿੱਥੇ ਗੁਰੂ ਸਾਹਿਬ ਜਿਸ ਵਣ ਦੇ ਰੁੱਖ ਹੇਠ ਬੈਠੇ ਸਨ, ਉਸ ਦੇ ਨਾਮ ਤੇ 'ਮਾਲ ਜੀ ਸਾਹਿਬ' ਗੁਰਦੁਆਰਾ ਅਠਾਰ੍ਹਵੀਂ ਜਾਂ ਉਨ੍ਹੀਵੀਂ ਸਦੀ ਚੜ੍ਹਦਿਆਂ ਬਣਾ ਕੇ, ਲੋਕਾਂ ਨੇ ਆਪਣੇ ਪੁਰਖਿਆਂ ਵੱਲੋਂ ਕੀਤੀ ਅਵੱਗਿਆ ਦੀ ਤਲਾਫੀ ਕੀਤੀ। ਸੰਨ 1924-26 ਵਿੱਚ ਕਿਸੇ ਯਾਤਰੂ ਨੂੰ ਕੰਗਣ ਪੁਰ ਅਜਿਹਾ ਦਿਸਿਆ-

"ਪਿੰਡ ਕੰਗਣ ਪੁਰ ਦੀ ਵੱਸੋਂ ਵਿੱਚ ਸਾਂਈ ਨੇਕੂ ਮੱਲ ਜੀ ਦੇ ਮਕਬਰੇ ਪਾਸ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਛੋਟਾ ਜਿਹਾ ਮੰਦਰ ਬਣਿਆ ਹੋਇਆ ਹੈ। ਪਾਸ ਰਹਾਇਸ਼ੀ ਮਕਾਨ ਚੰਗੇ ਬਣੇ ਹੋਏ ਹਨ, ਪੁਜਾਰੀ ਨਾਮਧਾਰੀਆ ਹੈ। ਚੇਤਰ ਨੂੰ ਮੇਲਾ ਹੁੰਦਾ ਹੈ। ਪਿੰਡ ਹਿੰਦੂ ਮੁਸਲਮਾਨਾਂ ਦਾ ਹੈ। ਰੇਲਵੇ ਸਟੇਸ਼ਨ ਕੰਗਣ ਪੁਰ ਤੋਂ ਈਸ਼ਾਨ ਕੋਣ (ਉੱਤਰ ਪੂਰਬ) ਇੱਕ ਮੀਲ ਹੈ। ਸਵਾਰੀ ਦੀ ਲੋੜ ਨਹੀਂ।"[1]

ਕੰਗਣ ਪੁਰ ਦੇ ਇਸ ਇਤਿਹਾਸਿਕ ਗੁਰਦੁਆਰੇ ਦਾ ਪ੍ਰਬੰਧ ਜੇ ਨਾਮਧਾਰੀ ਸਿੰਘ ਪਾਸ ਸੀ ਤਾਂ ਇਸ ਪਿੰਡ ਵਿੱਚ ਜੋ ਹਿੰਦੂ- ਮੁਸਲਿਮ ਵੱਸੋਂ ਵਾਲਾ ਹੈ, ਨਾਮਧਾਰੀ ਅਸਰ ਰਸੂਖ ਦੀ ਜੇ ਛਾਣਬੀਨ ਕਰੀਏ ਤਾਂ ਸਾਨੂੰ ਕੂਕਾ ਲਹਿਰ ਦਾ ਇੱਕ ਪਰਮੁੱਖ ਸੱਜਣ, ਇਸੇ ਪਿੰਡ ਕੰਗਣ ਪੁਰ ਦਾ ਬਸ਼ਿੰਦਾ, ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਵਿੱਚ ਕਾਫੀ ਵਖਿਆਤ ਨਜ਼ਰ ਆਉਂਦਾ ਹੈ। ਸਰਕਾਰੀ ਰਿਕਾਰਡ ਵਿੱਚ ਉਹਨਾਂ ਦਾ ਨਾਮ ਹਰਸਾ ਸਿੰਘ ਦੀ ਥਾਂ ਹਰ ਸਿੰਘ ਲਿਖਿਆ ਮਿਲਦਾ ਹੈ। ਇਹ ਲਿਖਤ ਦੀ ਕੁਤਾਹੀ ਹੈ ਜਾਂ ਬੋਲਚਾਲ ਵਿੱਚ ਕਈ ਵੇਰ ਹਰਸਾ ਸਿੰਘ ਹੀ ਹਰ ਸਿੰਘ ਬਣ ਗਿਆ ਹੋਵੇ। ਵਿਅਕਤੀ ਇਹ ਇੱਕੋ ਹੈ ਕੰਗਣ ਪੁਰ ਨਿਵਾਸੀ। 1881 ਦੀ ਪੰਜਾਬ ਪੁਲੀਸ ਦੀ ਖੁਫੀਆ ਰੀਪੋਰਟ ਮੁਤਾਬਿਕ, ਕੰਗਣ ਪੁਰ (ਲਾਹੌਰ) ਪਿੰਡ ਦਾ ਇਹ ਹਰ ਸਿੰਘ ਉਰਫ ਹਰਸਾ ਸਿੰਘ ਨਾ ਸਿਰਫ ਕੱਟੜ ਕੂਕਾ ਹੈ, ਸਗੋਂ ਇੱਕ ਕੂਕਾ ਸੂਬਾ ਵੀ ਹੈ। ਇਸ ਦੇ ਪਿਤਾ ਦਾ ਨਾਮ ਡੋਗਰ ਸਿੰਘ ਹੈ। ਇਹ ਵਾਹੀਵਾਨ ਹੈ। ਇਸ ਦਾ ਪਿੰਡ ਅਤੇ ਥਾਣਾ ਵੀ ਕੰਗਣ ਪੁਰ ਹੀ ਹੈ। ਨਖਸ਼ਿਖ ਵਰਣਨ ਇਸ ਪਰਕਾਰ ਹੈ: ਅੱਖਾਂ ਛੋਟੀਆਂ, ਗਰਦਨ ਅਤੇ ਖੱਬੀ ਬਾਂਹ ਤੇ ਤਲਵਾਰ ਨਾਲ ਕੱਟੇ ਜਾਣ ਦੇ ਨਿਸ਼ਾਨ, ਸਰੀਰ ਪਤਲਾ ਤੇ ਲੰਬਾ ਕੱਦ, ਉਮਰ 81 ਸਾਲ ਦੇ ਲਗਪਗ।

ਅਗਲੇ ਸੁਭਾਉ ਆਦਿਕ ਵਾਲੇ ਖਾਨੇ ਵਿੱਚ ਦਰਜ ਹੈ, "ਇੱਕ ਸਮੇਂ ਇਹ ਵਿਅਕਤੀ ਅਤੇ ਗੁਰੂ ਰਾਮ ਸਿੰਘ, ਫੌਜ ਦੀ ਇੱਕ ਹੀ ਰੈਜੀਮੈਂਟ ਵਿੱਚ ਨੌਕਰੀ ਕਰਦੇ ਰਹੇ ਸਨ। ਕੋਈ 13 ਸਾਲ ਪਹਿਲਾਂ (1867-68 ਈ.) ਇਸ ਨੂੰ ਗੁਰੂ ਰਾਮ ਸਿੰਘ (ਜੀ) ਨੇ ਭੈਣੀ (ਸਾਹਿਬ) ਵਿਖੇ ਬੁਲਾਇਆ

ਸੀ, ਜਿੱਥੇ ਇਸ ਨੂੰ ਕੂਕਾ ਜਾਂ ਨਾਮਧਾਰੀ ਬਣਾ ਦਿੱਤਾ ਗਿਆ ਸੀ। ਉਹ ਬਹੁਤਾ ਉਤਸ਼ਾਹੀ ਜਾਂ ਈਰਖਾਲੂ ਕਿਸਮ ਦਾ ਕੂਕਾ ਨਹੀਂ ਅਤੇ ਇਸ ਕਰ ਕੇ ਬਹੁਤਾ ਪ੍ਰਭਾਵ ਨਹੀਂ ਰੱਖਦਾ। ਉਹ ਅਮਨ ਪਸੰਦ, ਭਲੇ ਚਾਲ ਚਲਣ ਵਾਲਾ ਅਤੇ ਆਮ ਤੌਰ ਤੇ ਆਪਣੇ ਖੇਤਾਂ ਵਿੱਚ ਰੁੱਝਿਆ ਰਹਿੰਦਾ ਹੈ।[2]

ਹੁਣ 81 ਸਾਲ ਦੀ ਉਮਰ ਦਾ ਵਿਅਕਤੀ ਕਿਤਨਾ ਕੁ ਭੱਜ ਨੱਸ ਸੱਕਦਾ ਹੈ, ਉਸ ਨੇ ਇੱਕ ਥਾਂ ਘਰ ਹੋਵੇ ਜਾਂ ਖੇਤ ਉੱਥੇ ਹੀ ਟਿਕ ਕੇ ਬੈਠਣਾ ਹੁੰਦਾ ਹੈ। ਉਸ ਦਾ ਸਤਿਗੁਰੂ ਰਾਮ ਸਿੰਘ ਜੀ ਦਾ ਫੌਜੀ ਜੀਵਨ ਦਾ ਸਾਥੀ ਹੋਣਾ ਹੀ ਬਹੁਤ ਵੱਡੀ ਪਰਾਪਤੀ ਹੈ ਪਰ ਉਸ ਨੂੰ ਸਤਿਗੁਰੂ ਜੀ ਦੁਆਰਾ ਚਲਾਏ ਕੂਕਾ ਸੰਗਰਾਮ ਦੇ ਉਦੇਸ਼ਾਂ- ਫਰੰਗੀ ਹਾਕਮਾਂ ਦਾ ਪੰਜਾਬ ਵਿੱਚੋਂ ਬਿਸਤਰਾ ਗੋਲ ਕਰਨਾ, ਇਸ ਨਾਲ ਤਾਂ ਸਾਬਕਾ ਸਿੱਖ ਦਰਬਾਰ ਲਾਹੌਰ ਦਾ ਸੈਨਿਕ ਹੋਣ ਕਾਰਨ, ਮੁਕੰਮਲ ਸਹਿਮਤੀ ਹੈ, ਪਰ ਨਾਮਧਾਰੀ ਸੰਤ ਖਾਲਸਾ ਦੀ ਰਹੁ ਰੀਤ ਬਾਰੇ ਉਹ ਸਿੱਖ ਤਖਤਾਂ ਦੇ ਪੁਜਾਰੀਆਂ ਦੁਆਰਾ ਫੈਲਾਏ ਕੂੜ ਪਰਚਾਰ ਕਿ ਕੂਕੇ ਕੰਨ ਵਿੱਚ ਮੁਸਲਮਾਨੀ ਕਲਾਮ ਦਿੰਦੇ ਹਨ, ਇਸ ਦਾ ਸ਼ਿਕਾਰ ਹੋਣ ਕਾਰਨ, ਨਾਮਧਾਰੀ ਪੰਥ ਦੀ ਸਥਾਪਨਾ ਬਾਅਦ ਪੂਰਾ ਇੱਕ ਦਹਾਕਾ ਜੱਕੋ ਤਕੀ ਵਿੱਚ ਲੰਘਾ ਦਿੰਦਾ ਹੈ ਪਰ ਜਿਸ ਤਰ੍ਹਾਂ ਸਤਿਗੁਰੂ ਜੀ ਨੇ ਆਪਣੇ ਸੈਨਿਕ ਜੀਵਨ ਦੇ ਪੁਰਾਣੇ ਸੰਗੀਆਂ ਅਤੇ ਹੋਰ ਸਾਧੂ ਸੰਤਾਂ ਨੂੰ ਆਪਣੇ ਆਤਮਿਕ ਬਲ ਨਾਲ ਪਰੇਰ ਕੇ, ਸ੍ਰੀ ਭੈਣੀ ਸਾਹਿਬ ਪੁੱਜਣ ਦਾ ਸਬੱਬ ਬਣਾਇਆ ਸੀ ਇਵੇਂ ਹੀ ਇੱਕ ਦਿਨ ਹਰਸਾ ਸਿੰਘ ਕੰਗਣ ਪੁਰੀਏ ਨੂੰ ਵੀ ਆਪਣੀ ਸੰਗਤ ਵਿੱਚ ਸ਼ਾਮਲ ਕਰਨ ਦੀ ਬਿਧ ਬਣਾ ਲਈ। ਸਾਡਾ ਪਹਿਲਾ ਇਤਿਹਾਸਕਾਰ ਇਸ ਸਬੰਧ ਵਿੱਚ ਵਡਮੁੱਲੀ ਜਾਣਕਾਰੀ ਪਰਦਾਨ ਕਰਦਾ ਹੈ। ਬੇਸ਼ੱਕ ਦਸੰਬਰ 1845 ਈ. ਦੇ ਫੌਜ ਵਿੱਚੋਂ ਨਿੱਖੜੇ ਹੋਣ ਕਾਰਨ ਅਤੇ ਨਵੀਂ ਵੇਸ ਭੂਸ਼ਾ ਕਾਰਨ ਸਤਿਗੁਰੂ ਜੀ ਨੂੰ ਦੂਰੋਂ ਪਹਿਚਾਨਣ ਵਿੱਚ, ਉਸਨੂੰ ਦਿੱਕਤ ਆਉਂਦੀ ਹੈ।

"ਹਰਸਾ ਸਿੰਘ ਆਇਆ।ਪੁਛਨੇ ਲਗਾ ਕਿ ਸਤਿਗੁਰੂ ਜੀ ਕੇੜੇ ਹੈਂ? ਸਿੰਘਾਂ ਨੇ ਦੂਰ ਸੇ ਦੱਸਿਆ ਕਿ ਔਹ ਲੰਬੀ ਮੂਰਤ ਹੈ ਦਿਸਦੀ ਦੂਰ ਸੀ। ਹਰਸਾ ਸਿੰਘ ਨੇ ਜਾਇਕੇ ਚਰਨਾਂ ਪਰ ਸੀਸ ਨਿਵਾਇਆ, ਫਤ੍ਹੇ ਬੁਲਾਈ। ਅੰਤਰਜਾਮੀ ਗੁਰੂ ਜੀ ਬਚਨ ਕੀਤਾ- ਤੇਰੇ ਦਿਲ ਵਿਚ ਹੋਵੇਗੀ ਕਿ ਕਲਾਮ ਹੋਣੀ ਹੈ। ਭਾਈ ਜੇ ਕੋਈ ਇਕ ਵਾਰੀ ਕਲਾਮ ਆਖਦਾ ਹੈ ਤਿਸਦਾ ਸੌ ਵਾਰੀ ਮੂੰਹ ਕਾਲਾ ਹੁੰਦਾ ਹੈ। ਝੂਠੇ ਲੋਕ ਇਹ ਆਖਦੇ ਹੈਂ ਕੇ ਸੱਯਦ ਜਾਦੀ ਥੀਂ ਕਲਾਮ ਲੈ ਆਇਆ ਹੈ। ਜਿਨ੍ਹਾਂ ਨੂੰ ਕਲਾਮ ਸੁਣਾਉਂਦੇ ਹਨ ਸੋ ਕਮਲੇ ਹੋ ਜਾਂਦੇ ਹਨ। ਝੂਠੇ ਲੋਕ ਇਹ ਨਹੀਂ ਸਮਝਦੇ ਜੋ ਕਲਾਮ ਕੀ ਤੇ ਸਿੱਖੀ ਬਾਣਾ ਕੀ ! ਜੇੜ੍ਹਾ ਕਲਾਮ ਪੜ੍ਹਦਾ ਹੈ ਸੋ ਸਿੱਖੀ ਬਾਣਾ ਕਿਉਂ ਰੱਖਦਾ ਹੈ?

ਗ੍ਰੰਥ ਸਾਹਿਬ ਦੀ ਬਾਣੀ ਕਾਨੂੰ ਮੰਨਦਾ ਹੈ ਕਲਾਮ ਪੜ੍ਹਨ ਵਾਲਾ। ਇਤਨਾ ਨਹੀਂ ਸੁਝਦਾ ਏਨਾਂ ਲੋਕਾਂ ਨੂੰ। ਸਾਰੇ ਈ ਸੱਚੀ ਮਣੀ ਕੋ ਝੂਠ ਆਖਦੇ ਹੈਂ। ਸੱਚੇ ਸ਼ਬਦ ਨੂੰ ਕਲਾਮ ਕਹਿੰਦੇ ਹੈਂ। ਮੈਂ ਤਾਂ ਭਾਈ ਸੱਚਾ ਸ਼ਬਦ ਦੇਂਦਾ ਹਾਂ। ਝੂਠ ਕੀ ਸਫ਼ਾ ਉਠਾਉਂਦਾ ਹਾਂ। ਸੱਚ ਵਰਤਾਉਂਦਾ ਹਾਂ ਸਾਰੀ ਧਰਤੀ ਉਪਰ ਨਾਮ ਦਾ ਗੱਫਾ ਵਰਤਾਵਾਂਗਾ। ਸਾਰੀ ਪਿਰਥੀ ਨੂੰ ਤਾਰਾਂਗਾ। ਉਦੇ ਅਸਤ ਨੂੰ ਧਰਮ ਵਰਤਾਵਾਂਗਾ।

"ਹਰਸਾ ਸਿੰਘ ਨੇ ਸਮਝਿਆ ਜੋ ਮੇਰੇ ਦਿਲ ਵਿਚ ਸੀ ਸੋ ਸਭ ਬਾਤਾਂ ਮੇਰੀਆਂ ਕਹੀਆਂ ਹੈਂ। ਸੰਸੇ ਸਭ ਦੂਰ ਹੋਏ। ਬਿਨਾਂ ਕਹੇ ਥੀਂ ਸਭ ਮੇਰੇ ਸੰਸੇ ਦੂਰ ਕੀਤੇ ਹੈਂ। ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ॥.... (ਸਾਰੰਗ ਮਹਲਾ ੫) ਏਹੋ ਸੋ ਸਤਿਗੁਰੂ ਹੈ। ਹਰਸਾ ਸਿੰਘ ਨੇ ਭਜਨ ਲੀਤਾ। ਸੁਣਦੇ ਸਾਰ ਹੀ ਭਜਨ ਭਰਮ ਦੂਰ ਹੋਇਆ। ਏਹ ਤਾਂ ਦਸ ਪਾਤਸ਼ਾਹੀਆਂ ਕਾ ਨਾਮ ਹੈ। ਝੂਠੇ ਲੋਕ ਕਲਾਮ ਕਹਿੰਦੇ ਹੈਂ।

ਹਰਸਾ ਸਿੰਘ ਗ੍ਰੰਥੀਆਂ ਵਿਚ ਪਾਠ ਕਰਿਆ ਕਰੋ। ਜੈਸਾ ਕੋਈ ਦਿਲ ਵਿਚ ਧਾਰ ਕੇ ਔਂਦਾ ਹੈ ਤੈਸਾ ਉਤਰ ਦਿੰਦੇ ਹੈਂ। ਜੈਸਾ ਅਰਾਧਦਾ ਹੈ ਤੈਸਾ ਫਲ ਪ੍ਰਾਪਤ ਹੁੰਦਾ ਹੈ। ਮਨੋ ਕਾਮਨਾ ਸਿੱਧ ਹੁੰਦੀ ਹੈ। ਮਾਨਸ ਤੇ ਦੇਵਤਾ ਹੋਇ ਜਾਂਦਾ ਹੈ।...

"ਏਕ ਦਿਨ ਬਚਨ ਕੀਤਾ ਐਸਾ ਸਮਾ ਆਵੇਗਾ ਇਕੋ ਵਾਰੀ ਸਾਰਿਆਂ ਨੂੰ ਭਜਨ ਸੁਣਾਇ ਦੇਵਾਂਗੇ ਉਂਚੀ ਜਗ੍ਹਾ ਖੜੋਇਕੇ। ਇਕ ਵਾਰੀ ਬੋਲਾ ਸਾਰੀ ਪ੍ਰਿਥਵੀ ਕੇ ਉਂਚੀ ਸੇ ਪੁਕਾਰ ਕੇ ਸੁਣਾਇ ਦੇਵਾਂਗੇ। ਸਾਰੀ ਪ੍ਰਿਥਵੀ ਇੱਕ ਵੇਰਾਂ ਨਾਮ ਜਪਣ ਲਗ ਜਾਵੇਗੀ। ਅਜੇ ਤਾਂ ਹੋਰ ਵੀ ਹਟ ਜਾਣਗੇ। ਜਦ ਫੇਰ ਸਮਾਂ ਆਊਗਾ ਤਾਂ ਦੱਸੂੰਗਾ। ਏਕ ਵਾਰੀ ਜੈਸੇ ਸਾਵਨ ਦੀ ਬਾਰਸ਼ ਮੇ ਸਭ ਹਰਿਆਵਲ ਹੋਇ ਜਾਂਦੀ ਹੈ, ਤਿਸੀ ਤਰ੍ਹਾਂ ਇਕ ਵੇਰੀ ਨਾਮ ਜਪਣ ਸਭ ਲੱਗ ਪੈਣਗੇ। ਜਿਸ ਤਰ੍ਹਾਂ ਪੈਹਲੇ ਛੱਲੇ ਨਾਲ ਦਾਦਰ (ਡੱਡੂ) ਬੋਲਣ ਲੱਗ ਪੈਂਦੇ ਹਨ ਜਾਂ ਫੇਰ ਦੀਦਾਰ ਹੋਵੇਗਾ ਤਾਂ ਸਾਰੇ ਟੁੱਟੇ ਭੰਨੇ ਮਿਲਣਗੇ। ਜੋ ਜੋ ਨਾਮ ਕੀ ਅੰਸ ਵਾਲਾ ਹੋਵੇਗਾ, ਸੋ ਸੋ ਜਾਗ ਉਠੇਗਾ। ਹੁਣ ਤਾਂ ਲੋਕ ਆਖਦੇ ਹੈਂ ਜਾਦੂ ਮੰਤਰ ਤੰਤਰ ਸੇ ਵੱਸ ਕਰ ਲਈ ਸੂ ਪ੍ਰਿਥਵੀ, ਸਾਨੂੰ ਹੁਕਮ ਹੈ ਨਾਮ ਜਪਾਵਣ ਕਾ, ਏਕ ਵਾਰੀ ਸਾਰੀ ਧਰਤੀ ਉੱਤੇ ਸੰਤ ਖ਼ਾਲਸਾ ਕਰ ਦੇਵਾਂਗੇ।"[3]

ਇਸ ਤਰ੍ਹਾਂ ਸਤਿਗੁਰੂ ਜੀ ਨੇ ਭਾਈ ਹਰਸਾ ਸਿੰਘ ਦੀ ਮਾਰਫਤ ਸਾਰੀ ਸੰਗਤ ਨੂੰ ਨਾਮ ਦੀ ਮਹਿਮਾ ਪ੍ਰਤੀ ਸੁਚੇਤ ਕੀਤਾ ਅਤੇ ਆਪਣਾ ਆਸ਼ਾ ਵੀ ਦੱਸਿਆ ਕਿ ਮਨੁੱਖੀ ਮਨ ਦੇ ਸੰਕਲਪਾਂ ਵਿਕਲਪਾਂ ਨੂੰ ਨਵਿਰਤ ਕਰ ਕੇ,

ਉਹ ਸਭ ਨੂੰ ਨਾਮ ਦੇ ਰੰਗ ਵਿੱਚ ਰੰਗੇ ਵੇਖਣਾ ਚਾਹੁੰਦੇ ਹਨ। ਪ੍ਰਸਿੱਧ ਸਿੱਖ ਇਤਿਹਾਸਕਾਰ, ਗਿਆਨੀ ਗਿਆਨ ਸਿੰਘ ਜੀ ਨੇ ਵੀ ਆਪਣੇ ਜ਼ਾਤੀ ਤਜੁਰਬੇ ਦੇ ਆਧਾਰ ਤੇ ਹੀ ਸ੍ਰੀ ਸਤਿਗੁਰੂ ਜੀ ਤੋਂ ਨਾਮ ਦੀ ਦਾਤ ਲੈ ਕੇ ਲਿਖਿਆ ਸੀ-

"ਕੋਊ ਜੋ ਕਹਤ ਥੇ ਕਲਾਮ ਦੇਤ ਸਯਦਾਣੀ,

ਸੋਊ ਸਭ ਕੂਰ ਹਮ ਪੇਖਿਓ ਅਜ਼ਮਾਇ ਕੈ।"

-(ਪੰਥ ਪ੍ਰਕਾਸ਼)

ਫਿਰ ਵੀ ਇਹ ਕੂੜ ਕੁਸੱਤ ਦਾ ਪਰਚਾਰ ਇਸ ਤਰ੍ਹਾਂ ਸਿਰ ਚੜ੍ਹ ਕੇ ਬੋਲਦਾ ਸੀ ਕਿ ਬਾਬਾ ਹਰਸਾ ਸਿੰਘ ਕੰਗਣ ਪੁਰ ਵਰਗੇ, ਸਤਿਗੁਰੂ ਰਾਮ ਸਿੰਘ ਜੀ ਦੀ ਅਜ਼ਮਤ ਦੇ ਚਿਰੋਕਣੇ ਅਗਵਾਹ ਵੀ ਇਸ ਪਰਚਾਰ ਦੀ ਲਪੇਟ ਵਿੱਚ ਆ ਕੇ ਕਈ ਸਾਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੀਦਾਰਿਆਂ ਤੋਂ ਵੀ ਅਤੇ ਨਾਮ ਦੀ ਦਾਤ ਤੋਂ ਵੀ ਵਿਰਵੇ ਰਹੇ। ਜਿਹੜੇ 25 ਸੈਨਿਕਾਂ ਦੇ ਜੱਥੇ ਨਾਲ, ਸਤਿਗੁਰੂ ਰਾਮ ਸਿੰਘ ਜੀ 1841 ਈ. (ਅੱਸੂ ਦੀ ਸੰਗਰਾਂਦ, 1898 ਬਿਕ੍ਰਮੀ) ਨੂੰ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਹਜਰੋਂ ਸਾਹਿਬ ਵਿਖੇ ਜਾਂਦੇ ਹਨ ਉਸ ਜੱਥੇ ਵਿੱਚ ਹਰਸਾ ਸਿੰਘ ਜੀ ਵੀ ਸ਼ਾਮਿਲ ਸਨ। ਗੁਰੂ ਬਾਲਕ ਸਿੰਘ ਹਜਰੋਂ ਸਾਹਿਬ (ਜ਼ਿਲ੍ਹਾ ਅਟਕ-ਹੁਣ ਪਾਕਿਸਤਾਨ) ਵਿਖੇ ਸੰਤ ਅਵਤਾਰ ਪ੍ਰਗਟ ਹੋਏ ਸਨ। ਗੁਰਮਤਿ ਦਾ ਪਰਚਾਰ ਕਰ ਕੇ ਲੋਕਾਂ ਨੂੰ ਨਾਮ ਬਾਣੀ ਨਾਲ ਜੋੜਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੂੰ ਜਦੋਂ ਆਪ ਗੁਰਤਾ ਦੀ ਦਾਤ ਸਉਂਪਦੇ ਹਨ ਤਾਂ ਉਸ ਸਮੇਂ ਬਾਬਾ ਹਰਸਾ ਸਿੰਘ ਵੀ ਉਹਨਾਂ ਪੰਝੀ ਸੈਨਿਕਾਂ ਵਿੱਚੋਂ ਇੱਕ ਹੈ ਜਿਸ ਦੀ ਪੁਸ਼ਟੀ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ (1852-1907 ਈ.) ਦੀ ਲਿਖੀ ਪੁਸਤਕ ਵਿੱਚੋਂ ਹੁੰਦੀ ਹੈ

"ਚਿਤਵੇਂ ਸ੍ਰੀ ਬਾਲਕ ਸਿੰਘ ਰੋਜ਼॥
ਕਰੀ ਖੈਂਚ ਪਹੁਚੀ ਤਹਿ ਫੌਜ॥
ਦੋਹਾਂ ਸਿਰਿਆਂ ਕੇ ਆਪ ਸੁਆਮੀ॥
ਖੇਲੈ ਬਿਗਸੈ ਅੰਤਰਜਾਮੀ॥੧੪॥
ਇਤ ਦਿਸ ਸਤਿਗੁਰ ਫੌਜ ਮੁਲਾਜ਼ਮ॥
ਸ੍ਰੀ ਜਪ ਬਾਣੀ ਪੜਤੇ ਹਰ ਦਮ॥
ਮਨ ਬਚ ਕ੍ਰਮ ਤੋ ਸੁਧ ਸਰੀਰਾ॥

ਨਿਰਭੈ ਸਦਾ ਰਿਦਾ ਗੰਭੀਰਾ॥੧੫॥
ਲਖ ਕਰ ਭੂਤ ਭਵਿਖਤ ਗਿਆਤਾ॥
ਮਿਲਨ ਚਲੇ ਗੁਰ ਕੋ ਗੁਰ ਨਾਥਾ॥
ਬਾਬਾ ਹਰਸਾ ਸਿੰਘ ਭੀ ਸਾਥ॥
ਬਹੁ ਨਿੰਮ੍ਰਤ ਧਰ ਗੁਰ ਪਗ ਮਾਥ॥੧੬॥
ਬਾਬੇ ਕੀ ਕੰਙਣ ਪੁਰ ਵਾਸੀ॥
ਸਿਦਕਵਾਨ ਗੁਰ ਕੋ ਪਗ ਰਾਸੀ।
ਥਾ ਗੁਰ ਕੋ ਤਬ ਲਗੋ ਦੀਵਾਨ॥
ਮੀਠੀ ਬਾਣੀ ਕਰਤ ਬਖਾਨ॥੧੭॥
ਸੋਲਹ ਕਲਾ ਸੰਪੂਰਨ ਫਲਿਆ॥
ਅਨਤ ਕਲਾ ਹੋਇ ਠਾਕੁਰ ਚੜਿਆ॥
ਚਰਨ ਪਰਸ ਕਰ ਪ੍ਰੇਮ ਬਢਾਯੋ॥
ਵਾਕ ਦਸਮ ਗੁਰ ਕੋ ਸਮੂਹਾਯੋ॥੧੮॥
ਗੁਰ ਬਾਲਕ ਸਿੰਘ ਹੁਕਮ ਸੁਨਾਵਾ॥
ਮ੍ਰਿਦੁਲ ਬਚਨ ਇਵ ਰਸਨਾ ਗਾਵਾ॥
ਦੈ ਦਰਸਨ ਮੋ ਕਹਾ ਗੁਰ ਦਿਆਲ॥
ਵਸਤੁ ਤਿਸੈ ਜਿਸ ਪੂਰਨ ਘਾਲ॥੧੯॥
ਬਾਣੀ ਐਸ ਕਰੀ ਪਰਗਾਸ॥
ਰਾਮ ਸਿੰਘ ਬਾਢੀ ਗ੍ਰਿਹ ਵਾਸ॥
ਆਵੇਗਾ ਵਹ ਤੁਮਰੇ ਪਾਸ॥
ਦੇਵੋ ਵਸਤੁ ਤਿਸੈ ਸੁਖ ਰਾਸ॥੨੦॥
ਤਛ ਮੁਛ ਜਿਉਂ ਬਿਰਛ ਸਵਾਰੇ॥
ਤਿਉਂ ਟੇਢੇ ਸੀਧੇ ਕਰ ਡਾਰੇ॥
ਚਾਰ ਬਰਨ ਕੋ ਨਾਮ ਉਚਾਰੇ॥
ਲਾਖੋਂ ਤਰੈ ਦੁਤਰ ਸੰਸਾਰੇ॥੨੧॥
ਉਤਮ ਪੰਥ ਤਾਹਿ ਜੋ ਚਾਲੇ॥

ਤੀਨ ਲੋਕ ਮੈ ਹੋਇ ਸੁਖਾਲੇ॥
ਗੁਰੂ ਗੋਬਿੰਦ ਸਿੰਘ ਜੀ ਕੀ ਨੀਤੀ॥
ਵੁਹ ਸੰਭਾਲਹੁ ਤੁਮ ਸੁਭ ਰੀਤੀ॥੨੨॥
ਤਾਂਤੇ ਤੁਮਰੀ ਆਹਿ ਅਮਾਨ॥
ਤੁਝ ਕੋ ਦੇਵੋ ਚਤੁਰ ਸੁਜਾਨ॥
ਬੀਚ ਕਾਨ ਕੇ ਮੰਤ੍ਰ ਉਚਾਰਾ॥
ਸਰਬ ਸੂਖ ਕਾ ਜੋਇ ਭੰਡਾਰਾ॥੨੩॥
ਕਹਿਓ ਸੰਭਾਰ ਸਭਨ ਵਰਤਾਵੋ॥
ਦੇਗ ਅਖੁਟ ਹਰਿ ਨਾਮ ਚਲਾਵੋ॥
ਪੈਸੋ ਪਾਂਚ ਨਰੇਲ ਟਿਕਾਇ॥
ਗੁਰਤਾ ਸੌਂਪੀ ਤਿਲਕ ਲਗਾਇ॥੨੪॥
ਖੁਸ਼ੀ ਹੋਇ ਬਹੁ ਕਰਾ ਬਖਾਨ॥
ਹੋਇ ਨ ਹੋਇਓ ਤੋਹਿ ਸਮਾਨ॥
ਕਲਿਜੁਗ ਮੈ ਸਤਿਜੁਗ ਕੇ ਕਾਰਨ॥
ਸਤ੍ਰ ਮਿਤ੍ਰ ਆਏ ਤੁਮ ਤਾਰਨ॥੨੫॥
ਸਦਾ ਬਰਤ ਸਭ ਕੋ ਸੁਧ ਸਾਰ॥
ਰਾਵਰ ਏਕ ਚਲੇ ਸੰਸਾਰ॥
ਤੁਮਰੋ ਪੰਥ ਚਲੈ ਬਲਵਾਨਾ॥
ਸਿੰਘ ਸੂਰਮੇ ਸਿਦਕ ਮਹਾਨਾ॥੨੬॥
ਅਬ ਭੈਣੀ ਸਾਹਿਬ ਕੋ ਜਾਵੋ॥
ਛੋਡ ਨੌਕਰੀ ਦੇਗ ਚਲਾਵੋ॥
ਉਪਮਾ ਗੁਰ ਕੀ ਗੁਰਹ ਅਲਾਈ॥
ਵਾਹਿ ਵਾਹਿ ਗੁਰ ਰਾਜਨ ਰਾਈ॥੨੮॥ ”

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਭਾਈ ਹਰਸਾ ਸਿੰਘ ਨੇ 1841 ਈ. ਵਿੱਚ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਗੁਰਤਾ ਦਾਤ, ਸਤਿਗੁਰੂ ਰਾਮ ਸਿੰਘ ਜੀ ਨੂੰ ਅਰਪਿਤ ਕਰਦੇ ਵੇਖਿਆ ਸੀ ਪਰ ਫਿਰ ਵੀ ਉਸ ਦਾ ਇਤਕਾਦ ਅਜੇ

ਸਤਿਗੁਰੂ ਜੀ ਤੇ ਨਾ ਆਇਆ ਹੋਵੇ? ਉਹ ਉਹਨਾਂ ਨੂੰ ਆਪਣੇ ਤੋਂ ਆਰਜਾ ਅਤੇ ਫੌਜੀ ਨੌਕਰੀ ਵਿੱਚ ਵੀ ਬਾਅਦ ਵਿੱਚ ਆਏ ਸਮਝਦਾ ਸੀ। ਭਰੋਸਾ ਬੱਝਣਾ ਸੌਖਾ ਨਹੀਂ ਹੁੰਦਾ। ਦੂਜਾ ਵੱਡਾ ਕਾਰਨ ਇਹ ਸੀ ਕਿ ਉਹ ਉਹਨਾਂ ਦਿਨਾਂ ਵਿੱਚ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਏ ਨਾਲ, ਰੂਹਾਨੀ ਤੌਰ ਤੇ ਜੁੜੇ ਹੋਏ ਸਨ। ਬਾਬਾ ਬੀਰ ਸਿੰਘ ਹੋਰਾਂ ਦੀ ਮਾਝੇ, ਦੁਆਬੇ ਅਤੇ ਪਰਬਤੀ ਇਲਾਕਿਆਂ ਵਿੱਚ ਵੀ ਉਸ ਸਮੇਂ ਖਾਸੀ ਮਾਨਤਾ ਸੀ। ਉਹਨਾਂ ਦੇ ਲੰਗਰ ਵਿੱਚੋਂ ਹਜਾਰਾਂ ਲੋਕ ਰੋਜ ਪਰਸ਼ਾਦਾ ਛਕਦੇ ਸਨ। ਉਹਨਾਂ ਪਾਸ ਲੜਾਕੇ ਸਿੰਘਾਂ ਦੀ ਇੱਕ ਫੌਜ ਵੀ ਸੀ। ਆਪਣੀ ਸ਼ਰਨ ਆਏ ਮਹਾਰਾਜਾ ਰਣਜੀਤ ਸਿੰਘ ਦੇ ਦੋ ਪੁੱਤਰਾਂ ਅਤੇ ਕੁੱਝ ਹੋਰਨਾਂ ਨੂੰ ਲਾਹੌਰ ਦਰਬਾਰ ਦੀਆਂ ਫੌਜਾਂ ਦੇ ਹਵਾਲੇ ਨਾ ਕਰਨ ਸਦਕਾ, ਡੋਗਰਾ ਹੀਰਾ ਸਿੰਘ ਦੇ ਹੁਕਮ ਤੇ 7 ਮਈ 1844 ਨੂੰ ਬਾਬਾ ਜੀ ਦਾ ਡੇਰਾ ਤੋਪਾਂ ਨਾਲ ਉਡਾਇਆ ਗਿਆ ਅਤੇ ਆਪ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ ਸੀ। ਸੋ ਕਈ ਵਰ੍ਹੇ ਭਾਈ ਹਰਸਾ ਸਿੰਘ ਮਾਨਸਿਕ ਕਸ਼ਮਕਸ਼ ਵਿੱਚੋਂ ਲੰਘਦੇ ਰਹੇ ਤੇ ਫਿਰ ਜਦੋਂ ਸਤਿਗੁਰੂ ਜੀ ਦਾ ਸਾਜਿਆ ਨਾਮਧਾਰੀ ਸੰਤ ਖਾਲਸਾ, ਬਦੇਸ਼ੀ ਸਰਕਾਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣ ਦੇ ਸਮਰੱਥ ਹੋ ਗਿਆ ਅਤੇ ਸਤਿਗੁਰੂ ਜੀ ਦੀਆਂ ਦੇਸ਼ ਅਜ਼ਾਦੀ ਅਤੇ ਲੋਕ ਕਲਿਆਣ ਵਾਲੀਆਂ ਸਿੱਖਿਆਵਾਂ ਦੇ ਡੰਕੇ ਚਹੁੰਆਂ ਕੂਟਾਂ ਵਿੱਚ ਵੱਜਣ ਲੱਗ ਪਏ ਤਾਂ ਹਰਸਾ ਸਿੰਘ ਜੀ ਆਪਣੇ ਪੁਰਾਣੇ ਸੈਨਿਕ ਜੀਵਨ ਦੇ ਸਾਥੀ ਨੂੰ ਆਪਣਾ ਮੁਕਤੀ ਦਾਤਾ ਚੁਣਨ ਵਾਸਤੇ, ਸ੍ਰੀ ਭੈਣੀ ਸਾਹਿਬ ਵੱਲ ਰੁਖ ਕਰਦੇ ਹਨ। ਬਾਬਾ ਬੀਰ ਸਿੰਘ ਜੀ ਮਹਾਨ ਤਪੱਸਵੀ ਸਾਧੂ ਅਤੇ ਸੰਤ ਸਿਪਾਹੀ ਵੀ ਸਨ ਪਰ ਸਿੱਖ ਭਰਾਵਾਂ ਤੇ ਹੱਥ ਚੁੱਕਣ ਦੀ ਬਜਾਏ, ਉਹਨਾਂ ਨੇ ਸ਼ਹੀਦੀ ਦੇਣ ਦਾ ਹੀ ਰਾਹ ਚੁਣਿਆ ਸੀ।

ਬਾਬਾ ਬੀਰ ਸਿੰਘ ਆਪਣੀ ਮੌਜ ਵਿੱਚ ਆ ਕੇ, ਵਾਪਰ ਰਹੀਆਂ ਘਟਨਾਵਾਂ ਦੀ ਨਬਜ਼ ਤੇ ਹੱਥ ਰੱਖ ਕੇ, ਕਈ ਵੇਰ ਭਵਿੱਖਤ ਬਚਨ ਵੀ ਕਰਿਆ ਕਰਦੇ ਸਨ। ਇਹਨਾਂ ਬਚਨਾਂ ਬਾਰੇ ਸਤਿਗੁਰੂ ਰਾਮ ਸਿੰਘ ਜੀ ਕਈ ਵੇਰ ਬਾਬਾ ਹਰਸਾ ਸਿੰਘ ਹੋਰਾਂ ਨਾਲ ਵਿਚਾਰ ਚਰਚਾ ਕਰਿਆ ਕਰਦੇ ਸਨ। ਭਾਈ ਬਾਹੋਵਾਲ ਜੀ ਨੇ ਇਹ ਬਚਨ ਸੰਖੇਪ ਵਿੱਚ ਵੀ ਅਤੇ ਵਿਸਥਾਰ ਸਹਿਤ ਵੀ ਨੋਟ ਕੀਤੇ ਹਨ।

"ਬਾਬਾ ਹਰਸਾ ਸਿੰਘ ਗ੍ਰੰਥੀ ਚੁਗਾਵਾਂ ਕੰਗਣ ਪੁਰ ਕੋ ਬਚਨ ਕੀਤਾ- ਭਾਈ ਬੀਰ ਸਿੰਘ ਕੀ ਕੈਂਹਦਾ ਸੀ? ਹਰਸਾ ਸਿੰਘ ਨੇ ਕਹਿਆ ਕਿ ਕੈਂਹਦਾ ਸੀ ਬੀਰ ਸਿੰਘ ਕੇ ਲਾਹੌਰ ਕਾ ਰਾਜ ਨਹੀਂ ਰਹੇਗਾ। ਫਰੰਗੀਆਂ ਕਾ ਰਾਜ ਸਾਰੇ ਹੋਇ ਜਾਏਗਾ। ਫੇਰ ਫਰੰਗੀ ਸਤਿਗੁਰੂ ਜੀ ਕੋ ਜਲਾਵਤਨ ਕਰ ਦੇਣਗੇ।"[5]

ਇਹ ਭਾਈ ਬੀਰ ਸਿੰਘ ਜੀ ਉਹੋ ਸਾਧੂ ਸਰੂਪ ਸਨ ਜਿਹਨਾਂ ਨੂੰ ਮਾਰਨ ਤੋਂ ਬਾਅਦ ਭੂਤਰੇ ਸਿੱਖ ਸਰਦਾਰ ਕਹਿ ਰਹੇ ਸਨ–

"ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ,
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।"

...(ਸ਼ਾਹ ਮੁਹੰਮਦ)

ਸਤਿਗੁਰੂ ਜੀ ਪਾਸ ਆਉਣ ਬਾਅਦ ਭਾਈ ਹਰਸਾ ਸਿੰਘ ਤੋਂ ਪਾਠ ਕਰਨ ਜਾਂ ਕਰਵਾਉਣ ਦੀ ਸੇਵਾ ਹੀ ਲਈ ਜਾਂਦੀ ਸੀ। ਉਹ ਭੈਣੀ ਸਾਹਿਬ ਗੁਰਦੁਆਰੇ ਵਿੱਚ ਰਹਿ ਕੇ ਵੀ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਵੀ ਲੋੜ ਅਨੁਸਾਰ ਜਾ ਕੇ, ਪਾਠ ਕਰਿਆ ਕਰਦੇ ਸਨ। ਨਾਮ ਬਾਣੀ ਦੀ ਲਗਨ ਪਹਿਲਾਂ ਬਾਬਾ ਬੀਰ ਸਿੰਘ ਜੀ ਤੋਂ ਲੱਗੀ ਅਤੇ ਸਤਿਗੁਰੂ ਜੀ ਦੀ ਸੰਗਤ ਵਿੱਚ ਆ ਕੇ ਹੋਰ ਪਰਪੱਕ ਹੋ ਗਈ ਸੀ। ਕਈ ਵੇਰ ਸਤਿਗੁਰੂ ਜੀ ਹਰਸਾ ਸਿੰਘ ਦੇ ਸਰੀਰਕ ਕਸ਼ਟਾਂ ਦੀ ਨਵਿਰਤੀ ਵੀ ਕਰਦੇ ਸਨ।

"ਏਕ ਸਮੇਂ ਕੰਗਨ ਪੁਰ ਕੇ ਹਰਸਾ ਸਿੰਘ ਕੋ ਸੱਪ ਲੜਿਆ। ਲੱਲੀ (ਭੈਣੀ ਸਾਹਿਬ ਦੇ ਨਜ਼ਦੀਕ ਪਿੰਡ ਲੱਲ ਕਲਾਂ) ਪਾਠ ਕਰਦਾ ਸੀ। ਲੱਤ ਸੁੱਜ ਗਈ ਬੜਾ ਦੁਖੀ ਹੋਇਆ। ਗੁਰੂ ਜੀ ਦਾ ਨਾਮ ਹੀ ਪੁਕਾਰਦਾ ਸੀ। ਰਾਤ ਕੋ ਦ੍ਰਿਸ਼ਟਾਨ ਮੈਂ ਦਰਸ਼ਨ ਹੋਇਆ।ਗੋਦ ਮੈਂ ਲੈ ਕੇ ਬਚਨ ਕੀਤਾ ਤੂੰ ਗ਼ਮ ਨ ਕਰ ਰਾਜੀ ਹੋਇ ਜਾਵੇਂਗਾ। ਨੇਤਰ ਖੁੱਲ੍ਹ ਗਏ। ਦੇਖੇ ਕੀ ਜੋ ਲੱਤ ਫਿਸ ਪਈ ਹੈ। ਤਤਕਾਲ ਆਰਾਮ ਹੋਇ ਗਿਆ।"[6] ਬਾਅਦ ਵਿੱਚ ਇੱਥੇ ਪਾਠਾਂ ਦੇ ਭੋਗ ਪੈਣ ਤੇ ਸਤਿਗੁਰੂ ਜੀ ਨੇ ਵੀ ਦਰਸ਼ਨ ਦਿੱਤੇ ਸਨ।

ਆਪਣੇ ਰਾਜਨੀਤਿਕ ਮਿਸ਼ਨ ਦੇਸ਼ ਸੁਤੰਤਰਤਾ ਬਾਰੇ ਸਤਿਗੁਰੂ ਜੀ ਲੁਕਵੇਂ ਰੂਪ ਵਿੱਚ ਕਈ ਵੇਰ ਬਚਨ ਕਰਿਆ ਕਰਦੇ ਸਨ। ਰੂਸੀ ਫੌਜ ਦੀ ਮੱਦਦ ਨਾਲ ਅੰਗਰੇਜ਼ ਬਸਤੀ ਵਾਦੀਆਂ ਦੀ ਸੱਤਾ ਦੇ ਖਾਤਮੇ ਬਾਰੇ ਅਕਸਰ ਚਰਚਾ ਕਰਿਆ ਕਰਦੇ ਸਨ। ਕਈ ਵੇਰ ਆਪ ਗੁਹਜ ਸ਼ਬਦਾਂ ਦੁਆਰਾ, ਆਪਣੇ ਮਨੋਭਾਵ ਸਪਸ਼ਟ ਕਰਿਆ ਕਰਦੇ ਸਨ। ਸ੍ਰੀ ਸਤਿਗੁਰੂ ਜੀ ਬਚਨ ਕੀਤਾ– ਅਸੀਂ ਤਾਂ ਹਾਂ ਜਲ ਰੂਪ। ਫਰੰਗੀ ਹਨ ਘੜੇ ਤੇ ਰੂਸ ਹੈਨ ਘਣ (ਬੱਦਲ) ਰੂਪ। ਉਹ ਏਨ੍ਹਾਂ ਨੂੰ ਭਜਾਉਣਗੇ, ਫਿਰ ਸੁਖ ਹੋਣਗੇ।

## ਬਾਬਾ ਬੀਰ ਸਿੰਘ ਦੇ ਬਚਨ

"ਫੇਰ ਹਰਸਾ ਸਿੰਘ ਕੋ ਬਚਨ ਕੀਤਾ– ਤੂੰ ਨੌਰੰਗਾਬਾਦ ਵਾਲੇ ਬੀਰ ਸਿੰਘ ਪਾਸ ਰਹਿਆ ਹੋਇਆ ਹੈ। ਉਹ ਕੀ ਆਧਾ ਹੁੰਦਾ ਸੀ? ਹਰਸਾ ਸਿੰਘ ਨੇ ਅਰਜ਼ ਕੀਤੀ ਜੀ ਇਉਂ ਬਚਨ ਕਰਦੇ ਹੁੰਦੇ ਸਨ ਕਿ ਲਾਹੌਰ ਦਾ ਘਰ ਤਾਂ

ਹੁਣ ਪੱਟਿਆ ਜਾਣਾ ਹੈ। ਫਰੰਗੀ ਆਊਗਾ। ਸਾਰੇ ਉਸਕਾ ਰਾਜ ਹੋਊਗਾ। ਫੇਰ ਮਹਾਰਾਜ ਜੀ ਸੰਤ ਖਾਲਸਾ ਪੈਦਾ ਕਰਨਗੇ। ਫਰੰਗੀ ਉਸਨੂੰ ਬਹੁਤ ਦੁੱਖ ਦੇਣਗੇ। ਫੇਰ ਕਾਬੁਲ ਕੀ ਧਰਤੀ ਤੇ ਤੁਰਕਾਨੀ ਫੌਜ ਆਵੇਗੀ। ਮਾਝੇ ਸਾਰੇ ਦੇ ਖੋਲੇ ਕਰ ਦੇਣਗੇ। ਦਿੱਲੀ ਪਹੁੰਚਣਾ ਹੈ ਉਨਾਂ ਨੇ ਲੁਧਿਆਣੇ ਥੀਂ ਲੈ ਕੇ ਕਾਬੁਲ ਤੱਕ ਫੌਜ ਹੋਵੇਗੀ। ਸਮੁੰਦਰ ਦੀ ਉਛਾਲ ਵਾਂਗੂ ਫੌਜ ਕਾ ਪਰਾ ਹੋਊਗਾ। ਸੱਠ ਕੋਸ ਚੌੜਾ ਹੋਊਗਾ। ਦਿੱਲੀ ਜਾਇ ਦਮ ਲੈਣਗੇ। ਚੁਫੇਰੇ ਕੀ ਫੌਜ ਆਇ ਇਕੱਠੀ ਹੋਵੇਗੀ। ਉਸ ਤੋਂ ਉਪਰੰਤ ਸੰਤ ਖਾਲਸੇ ਕਾ ਪਰਤਾਪ ਹੋਊਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਜੋ ਪੰਜ ਸੌ ਦੂਣ ਕਹਾ ਹੈ ਸੋ ਭੀ ਏਨ੍ਹਾ ਨੂੰ ਕਹਾ ਹੈ। ਜਬ ਇਹ ਆਵਣਗੇ ਤਾਂ ਪਾਂਚ ਸੌ ਹੋਸੀ। ਸਿੰਘਾਂ ਨੇ ਕਹਾ ਜੀ ਜੋ ਧੁਆਡਾ ਹੁਕਮ ਹੈ ਸੋ ਕਰੋ। ਬਚਨ ਕੀਤਾ- ਮੇਰਾ ਹੁਕਮ ਕਿਸੇ ਜੀਵ ਨੂੰ ਦੁੱਖ ਦੇਣ ਦਾ ਨਹੀਂ ਹੈ। ਥੋੜੇ ਹੀ ਦਿਨ ਹੈ ਦੁੱਖ, ਫੇਰ ਬੜੇ ਸੁਖ ਹੋਣਗੇ।"[7]

ਬੇਸ਼ੱਕ 1881 ਵਾਲੀ ਸੂਚੀ ਵਿੱਚ ਬਾਬਾ ਜੀ ਨੂੰ ਸੂਬਾ ਲਿਖਿਆ ਗਿਆ ਹੈ ਪਰ ਉਸ ਸਮੇਂ ਦੀਆਂ ਸਰਕਾਰੀ ਰੀਪੋਰਟਾਂ, 1867 ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਅਤੇ ਇਸੇ ਸਾਲ ਦੀਵਾਲੀ ਮੇਲੇ ਤੇ ਅੱਪੜਣ ਵਾਲੇ ਸੂਬਿਆਂ ਵਿੱਚ ਆਪ ਦਾ ਨਾਮ ਨਹੀਂ ਮਿਲਦਾ। ਹੋਰ ਤਾਂ ਹੋਰ ਹੁਸ਼ਿਆਰਪੁਰ ਦੇ ਪੁਲੀਸ ਮੁਖੀ ਟੀ.ਏ.ਓ. ਕੂਨਰ ਦੀ 22 ਨਵੰਬਰ 1871 ਵਾਲੀ ਆਈ.ਜੀ. ਪੰਜਾਬ ਨੂੰ ਭੇਜੀ 50 ਕੂਕਾ ਮੁਖੀਆਂ ਦੀ ਸੂਚੀ ਵਿੱਚ ਵੀ ਹਰਸਾ ਸਿੰਘ ਹੋਰਾਂ ਦਾ ਨਾਮ ਨਹੀਂ ਮਿਲਦਾ। ਇਸ ਤੋਂ ਸਿੱਧ ਹੁੰਦਾ ਹੈ ਕਿ ਆਪ ਜੀ ਨੂੰ ਗੁਰੂ ਹਰੀ ਸਿੰਘ ਜੀ ਨੇ ਹੀ 1877-78 ਵਿੱਚ ਸੂਬਾ ਥਾਪਿਆ ਹੋਏਗਾ, ਕਿਉਂਕਿ ਲਾਹੌਰ ਦਾ ਜ਼ਿਲ੍ਹਾ ਪੰਜਾਬ ਦੀ ਰਾਜਧਾਨੀ ਹੋਣ ਕਾਰਨ ਵੀ ਮਹੱਤਵਪੂਰਨ ਸੀ। ਬਾਬਾ ਜੀ ਪੂਰਵ ਸੈਨਿਕ ਵੀ ਸਨ ਅਤੇ ਸਤਿਗੁਰੂ ਜੀ ਦੇ ਫੌਜੀ ਜੀਵਨ ਦੇ ਸਾਥੀ ਵੀ ਸਨ। ਉਸ ਸਮੇਂ ਦੇ ਲਾਹੌਰ ਜ਼ਿਲ੍ਹੇ ਵਿੱਚ ਵੱਖ ਵੱਖ ਥਾਨਿਆਂ ਵਿੱਚ ਕੂਕਿਆਂ ਦੇ 77 ਪਿੰਡਾਂ ਦੀ ਸੂਚੀ, 1881 ਵਾਲੀ ਰੀਪੋਰਟ ਵਿੱਚ ਦਰਜ ਹੈ, ਇਸ ਤੋਂ ਵੀ ਬਾਬਾ ਜੀ ਦੇ ਪ੍ਰਭਾਵ ਦਾ ਪਤਾ ਲੱਗਦਾ ਹੈ। ਉਹਨਾਂ ਦੇ ਆਪਣੇ ਥਾਣੇ ਕੰਗਣ ਪੁਰ ਵਿੱਚ ਵੀ ਕੂਕਾ ਵੱਸੋਂ ਵਾਲੇ 6 ਹੋਰ ਪਿੰਡ ਸਨ ਸੱਤੋ ਕੀ, ਢੱਡੀਆਂ, ਜਮਸ਼ੇਰ ਕਲਾਂ, ਫੱਤੋ ਕੀ ਜਾਂ ਪੱਤੋ ਕੀ, ਮੰਦਲ ਅਤੇ ਦੈਆ ਸਿੰਘ ਵਾਲਾ। ਬਾਬਾ ਜਮੀਅਤ ਸਿੰਘ ਕਾਹਨਾ ਕਾਛਾ ਜਿਉਂ ਉਹ ਵੀ ਕੂਕਾ ਬਣਨ ਤੋਂ ਪਹਿਲਾਂ ਬਾਬਾ ਬੀਰ ਸਿੰਘ ਨੌਰੰਗਾਬਾਦੀਏ ਦੇ ਚੇਲੇ ਸਨ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਅੰਦੋਲਨ ਦੀ ਖੂਬੀ ਸੀ ਕਿ ਉਸ ਸਮੇਂ ਦੇ ਪੂਰਵ ਸੈਨਿਕ ਅਤੇ ਹੋਰ ਸੰਪਰਦਾਵਾਂ ਦੇ ਪ੍ਰਭਾਵ ਵਿੱਚ ਵਿਚਰਨ ਵਾਲੇ ਲੋਕ, ਆਪ ਦੀ ਮਿਕਨਾਤੀਸੀ ਖੂਬੀ ਤੋਂ

ਆਕਰਸ਼ਤ ਹੋ ਕੇ ਆਜ਼ਾਦੀ ਦੀ ਜੰਗ ਲੜਨ ਲਈ ਕੂਕੇ ਬਣ ਗਏ। ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਸਮੇਂ, ਭੈਣੀ ਸਾਹਿਬ ਤੋਂ ਗ੍ਰਿਫਤਾਰ ਕੀਤੇ ਗਏ 172 ਕੂਕਿਆਂ ਵਿੱਚ ਆਪ ਦਾ ਨਾਮ ਆਗੂਆਂ ਵਿੱਚ ਮਿਲਦਾ ਹੈ।

ਬਾਬਾ ਹਰਸਾ ਸਿੰਘ ਹੋਰਾਂ ਦੇ ਪਰਿਵਾਰਿਕ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਚੂਹਣੀਆਂ ਅਤੇ ਕੰਗਣ ਪੁਰ ਥਾਣਿਆਂ ਦੇ ਪਿੰਡਾਂ ਵਿੱਚ ਕੰਬੋਜ ਜਾਤੀ ਵਿੱਚੋਂ ਵੀ ਕਾਫੀ ਨਾਮਧਾਰੀ ਸਿੰਘ ਸਜੇ ਸਨ। ਇਸ ਪਿੱਛੇ ਬਾਬਾ ਹਰਸਾ ਸਿੰਘ ਦਾ ਪ੍ਰਭਾਵ ਅਸਰ ਅੰਦਾਜ਼ ਰਿਹਾ ਹੋਵੇਗਾ। ਸਤਿਗੁਰੂ ਪਰਤਾਪ ਸਿੰਘ ਜੀ ਦੁਆਰਾ ਹੋਰ ਪੁਰਾਤਨ ਸਿੱਖਾਂ ਜਿਉਂ ਬਾਬਾ ਹਰਸਾ ਸਿੰਘ ਹੋਰਾਂ ਨੂੰ ਮਿਲਣ ਜਾਂ ਜਾਨਣ ਦਾ ਵੇਰਵਾ ਨਹੀਂ ਮਿਲਦਾ। ਇਸ ਲਈ ਉਹਨਾਂ ਦਾ ਜਨਮ 1800 ਈ. ਅਤੇ ਮਿਰਤੂ ਦਾ ਸਾਲ 1885-90 ਦੇ ਵਿਚਾਲੇ ਹੋਵੇਗਾ। ਬਿਨਾਂ ਸ਼ੱਕ ਉਹਨਾਂ ਨੇ ਲੰਮੀ ਆਰਜਾ ਭੋਗੀ ਅਤੇ ਆਪਣੇ ਆਲੇ ਦੁਆਲੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਅੰਤ ਸਮੇਂ ਤੱਕ, ਪਰਚਾਰ ਕਰਦੇ ਰਹੇ। ਉਹ ਇੱਕ ਕਰਮ ਜੋਗੀ ਸਿੱਖ ਸਨ।

### -ਹਵਾਲੇ ਤੇ ਟਿੱਪਣੀਆਂ-


1. ਦਲਵੀਰ ਸਿੰਘ ਪੰਨੂ, ਦਾ ਸਿੱਖ ਹੈਰੀਟੇਜ, ਬੀਯੌਂਡ ਬਾਰਡਰਜ਼, 2020, ਚੰਡੀਗੜ੍ਹ ਯੂਨੀਵਰਸਿਟੀ, ਸਫਾ 120-23
2. ਜਸਵਿੰਦਰ ਸਿੰਘ (ਸੰਪਾਦਿਤ) ਕੂਕਾਜ਼ ਆਫ ਨੋਟ ਇਨ ਦਾ ਪੰਜਾਬ-1881, ਸਫਾ 102-03
3. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪਹਿਲਾ, ਸਫਾ 230-31
4. ਸੰਤ ਧਿਆਨ ਸਿੰਘ ਕਾਦਰਾਬਾਦੀ, ਸ੍ਰੀ ਸਤਿਗੁਰੂ ਬਿਲਾਸ, ਤੀਜੀ ਛਾਪ, ਪਾਤਸ਼ਾਹੀ ਬਾਰ੍ਹਵੀਂ, ਸਫਾ 28-29
5. ਸੰਤ ਸੰਤੋਖ ਸਿੰਘ ਬਾਹੋਵਾਲ, ਉਪਰੋਕਤ, ਸਫਾ 239
6. ਉਪਰੋਕਤ, ਸਫਾ 359
7. ਉਪਰੋਕਤ, ਸਫਾ 366

# ਰਹਿਤ-ਮਰਿਆਦਾ ਲਿਆਉਣ ਵਾਲਾ ਭਾਈ ਰਾਇ ਸਿੰਘ

ਨਾਮਧਾਰੀ ਇਤਿਹਾਸ ਦਾ ਇਕ ਅਹਿਮ ਪਾਤਰ ਭਾਈ ਰਾਇ ਸਿੰਘ ਹੋਇਆ ਹੈ। ਆਪ ਦਾ ਪਿੰਡ ਮਦੀਹਰ, ਥਾਣਾ ਕੋਟ ਭਾਈ ਅਤੇ ਜ਼ਿਲ੍ਹਾ ਫੀਰੋਜ਼ਪੁਰ ਸੀ। ਅੱਜ ਕੱਲ੍ਹ ਇਹ ਪਿੰਡ ਮੁਕਤਸਰ ਜ਼ਿਲ੍ਹੇ ਵਿੱਚ ਆਉਂਦਾ ਹੈ। ਕੂਕਾ ਬਣਨ ਤੋਂ ਪਹਿਲਾਂ ਰਾਇ ਸਿੰਘ ਦਾ ਨਾਮ ਭੂਪ ਸਿੰਘ ਸੀ ਜਿਹਾ ਕਿ ਉਹਨਾਂ ਦੇ ਪੋਤਰੇ ਬਾਬਾ ਬਿਸ਼ਨ ਸਿੰਘ ਨਿਹੰਗ ਨਾਲ 14 ਮਾਰਚ 1982 ਨੂੰ ਪਿੰਡ ਮਲੋਟ ਵਿੱਚ, ਜਸਵਿੰਦਰ ਸਿੰਘ ਹਿਸਟੋਰੀਅਨ ਦੀ ਮੁਲਾਕਾਤ ਤੋਂ ਪਤਾ ਲਗਦਾ ਹੈ।[1] ਰਾਇ ਸਿੰਘ ਹੋਰਾਂ ਦੇ ਮਾਤਾ ਪਿਤਾ ਦੇ ਨਾਵਾਂ ਦੀ ਜਾਣਕਾਰੀ ਨਹੀਂ ਮਿਲਦੀ। ਉਹਨਾਂ ਦੇ ਪਿਤਾ 40 ਏਕੜ ਜ਼ਮੀਨ ਦੇ ਮਾਲਕ ਸਨ। ਜ਼ਮੀਨਾਂ ਉਹਨਾਂ ਦਿਨਾਂ ਵਿੱਚ ਬਾਰਾਨੀ ਹੀ ਸਨ। ਮੀਂਹ ਪੈ ਜਾਣ ਤੇ ਕੁਝ ਅੰਨ ਦਾਣਾ ਹੋ ਜਾਂਦਾ ਸੀ। ਭੂਪ ਸਿੰਘ ਦਾ ਜਨਮ ਪਰਿਵਾਰਿਕ ਸਰੋਤ ਅਨੁਸਾਰ 1820-21 ਈ. ਹੈ ਅਤੇ ਚਲਾਣਾ 1906 ਈ. ਵਿੱਚ ਹੋਇਆ ਦੱਸਦੇ ਹਨ।[2] ਇਹ ਸੂਚਨਾ ਆਪ ਦਾ ਉਹ ਪੋਤਰਾ ਦੇ ਰਿਹਾ ਹੈ ਜੋ ਉਸ ਸਮੇਂ ਦੋ ਢਾਈ ਸਾਲ ਦਾ ਹੈ। ਪਰ ਚਲਾਣੇ ਦੀ ਇਹ ਸੂਚਨਾ ਦਰੁਸਤ ਨਹੀਂ ਸਿੱਧ ਹੁੰਦੀ। ਭਾਈ ਸੰਤੋਖ ਸਿੰਘ ਬਾਹੋਵਾਲ ਦੇ ਸਤਿਗੁਰੂ ਬਿਲਾਸ ਭਾਗ ਦੂਜਾ ਵਿੱਚ ਗੁਰੂ ਹਰੀ ਸਿੰਘ ਜੀ ਦੇ ਮਾਲਵੇ ਮੁਕਤਸਰ ਦੇ ਦੌਰਿਆਂ ਦਾ ਕਾਫੀ ਜ਼ਿਕਰ ਹੈ। ਜ਼ਿਆਦਾ ਦੌਰੇ 1892 ਈ. ਤੋਂ ਲਿਖੇ ਹੋਏ ਹਨ। ਇਨ੍ਹਾਂ ਵਿੱਚ ਬਹੁਤ ਸਾਰੇ ਸਿੰਘਾਂ ਦਾ ਜ਼ਿਕਰ ਆਉਂਦਾ ਹੈ ਪਰ ਭਾਈ ਰਾਇ ਸਿੰਘ ਹੋਰਾਂ ਦਾ ਬਿਲਕੁਲ ਨਹੀਂ। ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸਾਂ ਵਿੱਚ ਵੀ ਮਾਲਵੇ ਦੇ ਇਨ੍ਹਾਂ ਦੌਰਿਆਂ ਵਿੱਚ ਮਿਲਣ ਵਾਲੇ ਸਿੰਘਾਂ ਦਾ ਉਹ ਅਕਸਰ ਵਰਨਣ ਕਰਦੇ ਹਨ ਪਰ ਭਾਈ ਰਾਇ ਸਿੰਘ ਹੋਰਾਂ ਦਾ ਨਹੀਂ। ਭਾਈ ਰਾਇ ਸਿੰਘ ਜਿਤਨਾ ਪ੍ਰਸਿੱਧ ਵਿਅਕਤੀ ਇਸ ਤਰ੍ਹਾਂ ਅਣਗੌਲਿਆ ਤਾਂ ਨਹੀਂ ਰਹਿ ਸਕਦਾ।

ਭਾਈ ਭੂਪ ਸਿੰਘ ਭਰ ਜੁਆਨੀ ਦੀ ਅਵਸਥਾ ਵਿੱਚ ਵਿੱਦਿਆ ਪੜ੍ਹਨ ਦੇ ਮਕਸਦ ਨਾਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਟਿਕੇ। ਅੰਮ੍ਰਿਤਸਰ ਵਿੱਚ ਗੁਰਮਤਿ ਗਿਆਨ ਦੀਆਂ ਕਈ ਟਕਸਾਲਾਂ ਸਨ। ਇੱਥੇ ਉਹਨਾਂ ਨੇ ਗੁਰਮਤਿ ਗਿਆਨ, ਗੁਰਬਾਣੀ ਅਤੇ ਕੁਝ ਨਿਰਮਲੇ ਸਾਧੂਆਂ ਪਾਸੋਂ ਵੇਦਾਂਤ ਦੀ ਸਿੱਖਿਆ ਵੀ ਲਈ। ਪਰ ਇਕ ਦਿਨ ਗੁਰਬਾਣੀ ਵਿੱਚੋਂ ਇਹ ਪੜ੍ਹ ਕੇ

ਕਿ ਗੁਰੂ ਤੋਂ ਬਿਨਾਂ ਪਾਰ ਉਤਾਰਾ ਨਹੀਂ, ਉਹਨਾਂ ਨੂੰ ਚਿਤਮਣੀ ਲੱਗ ਗਈ।

"ਇਸ ਬਿਧ ਰਾਇ ਸਿੰਘ ਨਿਜ ਗਾਥਾ।
ਕਹਿਣ ਲਗਾ ਫਿਰ ਮੇਰੇ ਸਾਥਾ।
ਮੈਂ ਸ੍ਰੀ ਅੰਮ੍ਰਿਤਸਰ ਜੀ ਰਹਿਤਾ।
ਗਰੰਥ ਪੜੋਂ ਅਰਥੋਂ ਕੇ ਸਹਿਤਾ।੧੨।
ਗਿਆਨੀ ਸੋ ਸੰਥਾ ਨਿਤ ਲਾਵੋਂ।
ਪੜੀ ਹੁਤੀ ਤਹਿ ਜਾਇ ਸੁਣਾਵੋਂ।
ਕਈ ਗਰੰਥ ਸਹਿ ਅਰਥ ਲਗਾਇ।
ਪਰ ਸ਼ਾਂਤੀ ਮੋ ਰਿਦੇ ਨ ਆਇ।੧੩।
ਗ੍ਰੰਥ ਸਾਹਿਬ ਕੇ ਅਰਥ ਗਿਆਨੇ।
ਲਗੇ ਪੜਾਵਣ ਗਿਆਨੀ ਸਿਆਣੇ।
ਆਦਿ ਗੁਰੂ ਕੀ ਅੰਮ੍ਰਿਤ ਬਾਣੀ।
ਪਾਰਬ੍ਰਹਮ ਪ੍ਰਤਖ ਵਖਾਣੀ।੧੪।
ਬਾਰ ਬਾਰ ਉਪਦੇਸ ਉਚਾਰਾ।
ਗੁਰ ਬਿਨੁ ਕੋਇ ਨ ਉਤਰਸਿ ਪਾਰਾ।
ਗੁਰ ਮਾਰਗ ਭੂਲੇ ਕੋ ਪਾਵੈ।
ਗੁਰ ਮਿਲਿਐ ਸ਼ਾਂਤੀ ਮਨ ਆਵੈ।੧੫।
ਪੂਰਾ ਗੁਰੂ ਮਿਲੇ ਦੁਖ ਕਾਟੇ
ਜਮ ਜੰਦਾਰ ਕੇ ਕਾਗਰ ਫਾਟੈ।
ਇਤਿਆਦਿਕ ਉਪਦੇਸ਼ ਜਣਾਯੋ।
ਗੁਰੂ ਬੇਦ ਸਾਰੇ ਇਮ ਗਾਯੋ।੧੬।
ਪੜੋਂ ਸੁਣੋਂ ਮਨ ਚਿਤਵਨ ਲਾਗੀ।
ਰਾਇ ਸਿੰਘ ਪੂਰਨ ਵਡਭਾਗੀ।੧੭।"[3]

1858 ਈ. ਵਿਚ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਦਰਸ਼ਨ ਕਰਨ ਹਜਰੋਂ ਸਾਹਿਬ (ਅਟਕ- ਹੁਣ ਪਾਕਿਸਤਾਨ) ਵਿਖੇ ਗਏ ਸਨ। ਵਾਪਸੀ ਤੇ ਆਪ ਆਪਣੇ ਪਰਚਾਰ ਦੌਰੇ ਕਰਦੇ ਸ੍ਰੀ ਅੰਮ੍ਰਿਤਸਰ

ਸਾਹਿਬ ਵਿਖੇ ਰੁਕੇ। ਆਪ ਦੀ ਨੂਰਾਨੀ ਝਲਕ, , ਹਰੀ ਸਿੰਘ ਦੇ ਕਟੜੇ ਵਿੱਚ ਵਿਚਰਦਿਆਂ ਦੀ ਭੂਪ ਸਿੰਘ ਦੇ ਸਾਂਹਵੇਂ ਮੂਰਤੀ ਮਾਨ ਹੋਈ। ਉਸ ਸਮੇਂ ਉਸਨੂੰ ਮਾਲੂਮ ਹੋਇਆ ਕਿ ਜਿਸ ਸਤਿਗੁਰੂ ਦੀ ਭਾਲ ਵਿੱਚ ਉਹ ਅੱਠੇ ਪਹਿਰ ਬੇਚੈਨ ਰਹਿੰਦਾ ਸੀ, ਉਸਦੇ ਸਾਹਮਣੇ ਪ੍ਰਗਟ ਹੋ ਗਏ ਸਨ। ਮਨ ਸ਼ਾਂਤ ਹੋਇਆ। ਵਿਸਮਾਦ ਦੀ ਅਵਸਥਾ ਵਿੱਚ ਆ ਗਿਆ ਅਤੇ ਮੰਤਰ ਮੁਗਧ ਹੋਇਆ ਨੂਰਾਨੀ ਚਿਹਰੇ ਦੇ ਜਲੌਅ ਦੀ ਪਕੜ ਦਾ ਐਸਾ ਕੀਲਿਆ, ਉਹਨਾਂ ਪੈਰਾਂ ਤੇ ਅਛੋਪਲੇ ਹੀ ਖਲੋਤਾ ਰਿਹਾ। ਉਸਨੂੰ ਨਹੀਂ ਪਤਾ ਲੱਗਾ ਕਿ ਕਦੋਂ ਸਤਿਗੁਰੂ ਜੀ ਉੱਥੋਂ ਕਿਸ ਦਿਸ਼ਾ ਵਿੱਚ ਅੱਗੇ ਚਲੇ ਗਏ ਸਨ। ਮਨ ਫਿਰ ਵੈਰਾਗੀ ਹੋ ਗਿਆ। ਹਿਰਦੇ ਦੇ ਜਿਵੇਂ ਕੜ ਪਾਟ ਗਏ ਹੋਣ। ਡੌਰ ਭੌਰ ਹੋਇਆ ਇਧਰ ਉਧਰ ਕਿਸੇ ਅਮੋਲਕ ਵਸਤ ਦੀ ਭਾਲ ਕਰ ਰਿਹਾ ਹੈ ਜੋ ਗੁਆਚ ਗਈ ਹੋਵੇ।

ਇਸ ਤੋਂ ਪਹਿਲਾਂ ਸਤਿਗੁਰੂ ਜੀ ਨੇ ਪੁੱਛਿਆ ਸੀ ਕਿ ਕਿਤਨੇ ਗ੍ਰੰਥ ਪੜ੍ਹੇ ਹੋ। ਭਾਈ ਜੀ ਦਾ ਜੁਆਬ ਸੀ ਕਿ ਗਰੰਥ ਤਾਂ ਬਹੁਤ ਪੜ੍ਹੇ ਹਨ। ਪਰ ਭਟਕਣ ਨਹੀਂ ਮੁੱਕ ਰਹੀ। ਪੂਰੇ ਸਤਿਗੁਰੂ ਦੀ ਭਾਲ ਵਿੱਚ ਹਾਂ। ਸਤਿਗੁਰੂ ਜੀ ਨੇ ਜਾਣ ਲੱਗਿਆਂ ਇਤਨਾ ਫੁਰਮਾਇਆ ਕਿ ਲੁਧਿਆਣੇ ਤੋਂ ਪੂਰਬ ਵੱਲ 9-10 ਕੋਹ ਤੋਂ ਭੈਣੀ ਨਾਮ ਦਾ ਪਿੰਡ ਹੈ। ਉੱਥੇ ਰਾਮ ਸਿੰਘ ਨਾਮ ਵਾਲਿਆਂ ਨੂੰ ਜਾ ਮਿਲੀਂ। ਹੁਣ ਵਿੱਛੜਨ ਤੋਂ ਬਾਅਦ ਭੂਪ ਸਿੰਘ ਉਰਫ ਰਾਇ ਸਿੰਘ ਦੀ ਦਸ਼ਾ ਦਾ ਬਿਆਨ ਕਾਦਰਾਬਾਦੀ ਜੀ ਕਰਦੇ ਹਨ-

"ਰਾਇ ਸਿੰਘ ਆਗੇ ਪਗ ਕੀਨਾ।
ਤੜਫੇ ਨੀਰ ਬਿਨਾ ਜੀਵ ਮੀਨਾ।੩੪।
ਬਾਲਕ ਖੀਰ ਬਿਨਾ ਜਿਵ ਹੋਵੇ।
ਮਾਨਸ ਜਨਮ ਅਰਥ ਬਿਨ ਖੋਵੈ।
ਦੇਹੀ ਪ੍ਰਾਨ ਬਿਨਾ ਜਿਵ ਢੇਰੀ।
ਇਵ ਭਈ ਦਸ਼ਾ ਰਾਇ ਸਿੰਘ ਕੇਰੀ।੩੫।
ਪੀਛੇ ਹਟ ਫਿਰ ਦੇਖਨ ਲਾਗਾ।
ਛਪਿਓ ਕਹਾਂ ਰੂਪ ਵਡਭਾਗਾ।
ਢੂੰਢ ਥਕੇ ਪਾਇਓ ਗੁਰ ਨਾਹੀ।
ਸਤਿਗੁਰ ਆ ਗਏ ਭੈਣੀ ਮਾਹੀ ।੩੬।
ਮੁਰਝਯੋ ਰਾਇ ਸਿੰਘ ਇਹ ਹਾਲ।

ਮਾਨੋ ਧਨੀ ਜਿਵ ਹੋਇ ਕੰਗਾਲ।

ਸਖੀਓਂ ਬਿਛਰੇ ਕਾਨ੍ਹ ਗੁਪਾਲ।

ਕਰ ਗਿਆ ਠਗੀ ਮੇਰੇ ਨਾਲ।੩੭।

ਮੇਰੇ ਹਥੋਂ ਛੁਟ ਗਿਆ ਲਾਲ।

ਅਬ ਜਾਂ ਪਰਸੋਂ ਭੈਣੀ ਸਾਲ।"[4]

ਹੁਣ ਉਹਨਾਂ ਦੀ ਮਨ ਬਿਰਤੀ ਸਿੱਖਿਆ ਦੀਖਿਆ ਵਿੱਚ ਨਹੀਂ ਲੱਗ ਰਹੀ ਸੀ। ਪੁੱਛਦੇ ਪੁਛਾਉਂਦੇ ਲੁਧਿਆਣੇ ਤੋਂ ਅੱਗੇ ਭੈਣੀ ਸਾਹਿਬ ਵਿਖੇ ਗੁਰੂ ਰਾਮ ਸਿੰਘ ਜੀ ਦੇ ਦਰਬਾਰ ਵਿੱਚ ਪੁੱਜ ਗਏ। ਨਾਮ ਦੀ ਦਾਤ ਲੈ ਕੇ, ਨਾਮ ਰਾਇ ਸਿੰਘ ਰੱਖਿਆ ਗਿਆ। ਇਸ ਸਮੇਂ ਸਤਿਗੁਰੂ ਜੀ ਨੇ ਸ਼ੁਭ ਉਪਦੇਸ਼ ਦੀ ਵਰਖਾ ਕੀਤੀ।

"ਗੁਰੂ ਰਾਮ ਸਿੰਘ ਮੂਰਤ ਰਾਮ।

ਦੀਨੀ ਸਿੱਖਿਆ ਆਦਿ ਭਿਰਾਮ।

ਗੋਬਿੰਦ ਸਿੰਘ ਗੁਰ ਰੀਤ ਸੰਭਾਲੋ।

ਲੋਕ ਦੋਹਨ ਕੋ ਜੋ ਰਖਵਾਲੇ।੫੧।

ਪਾਂਚ ਕਕਾ ਕਾ ਨਾਮ ਸਨਾਨ।

ਦਾਨ ਕਿਯਾ ਸਤਿਗੁਰ ਸੁਖ ਦਾਨ।

ਮਾਸ ਸ਼ਰਾਬ ਵਿਕਰਮ ਦੁਹੇਲਾ।

ਤਰਕ ਕਰਹੁ ਤੁਰਕਨਿ ਕਾ ਮੇਲਾ॥੫੨॥

ਦੇਵ ਰੀਤ ਧਾਰੈ ਸਭ ਭਾਈ।

ਦੈਤ ਬੁਧਿ ਆਪੇ ਨਸ ਜਾਈ।

ਤੋਟ ਨ ਆਵੈਗੀ ਫਿਰ ਕਾਈ।

ਜਪੋ ਨਾਮ ਜੋ ਅੰਤ ਸਹਾਈ॥੫੩॥

ਨੜੀ ਮਾਰ ਕਾ ਸੰਗ ਨ ਕਰਹੋ।

ਜੂਠ ਝੂਠ ਸੋ ਹਰਦਮ ਡਰਿਹੋ।

ਜਗਤ ਜੂਠ ਇਹ ਅਹੈ ਤਮਾਲ।

ਤਿਆਗੋ ਸੰਗ ਬਸੈ ਸੁਖ ਨਾਲ।੫੪।

ਚੌਰਾਸੀ ਲਖ ਜੋਨਨ ਕਾਟੋ।
ਜਮ ਰਾਜੇ ਕੋ ਕਾਂਗਰ ਫਾਟੋ।
ਗੁਰੂ ਗ੍ਰੰਥ ਮੇਂ ਜੋਈ ਲਿਖਿਆ।
ਸੋਈ ਧਾਰੋ ਮਨ ਮੈ ਸਿਖਿਆ।੫੭।"[5]

ਸਤਿਗੁਰੂ ਜੀ ਤੋਂ ਜਨਮ ਮਰਨ ਦੇ ਬੰਧਨ ਕੱਟਣ ਵਾਲੀ ਸ਼ੁਭ ਸਿੱਖਿਆ ਪ੍ਰਾਪਤ ਕਰਕੇ ਭਾਈ ਰਾਇ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਹੀ ਟਿਕ ਗਿਆ। ਇਸ ਸਮੇਂ ਸਿੰਘਾਂ ਨੇ ਸਤਿਗੁਰ ਜੀ ਨੂੰ ਅਰਜ਼ ਕੀਤੀ ਕਿ ਨਾਮਧਾਰੀ ਸੰਤ ਖਾਲਸੇ ਵਾਸਤੇ ਜੋ ਰਹਿਤ ਮਰਿਆਦਾ ਚਾਹੀਦੀ ਹੈ ਉਸ ਦਾ ਨਿਰਧਾਰਨ ਕਰ ਦਿਉ। ਆਪ ਜੀ ਨੇ ਕਿਹਾ ਕਿ ਪੰਜਾਬ ਵਿੱਚ ਜਿਤਨੇ ਗੁਰਧਾਮ ਹਨ ਇਹਨਾਂ ਤੇ ਦਸਵੇਂ ਪਾਤਸ਼ਾਹ ਜੀ ਦੀ ਖ਼ਾਲਸਈ ਮਰਿਆਦਾ ਨਿਰੋਲ ਰੂਪ ਵਿੱਚ ਨਹੀਂ ਮਿਲ ਰਹੀ। ਕਿਉਂਕਿ ਰਾਜ ਭੋਗਦੇ ਸਿੱਖ ਰਹਿਤ ਮਰਿਆਦਾ ਦੇ ਮੁਆਮਲੇ ਵਿੱਚ ਅਵੇਸਲੇ ਹੋ ਗਏ ਸਨ। ਇਹ ਮਰਿਆਦਾ ਸ਼ੁੱਧ ਰੂਪ ਵਿੱਚ ਜੋ ਕਿਤੋਂ ਮਿਲ ਸਕਦੀ ਹੈ ਤਾਂ ਇਹ ਅਬਿਚਲ ਨਗਰ, ਤਖਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ, ਦੱਖਣ ਦੇਸ਼ ਵਿੱਚੋਂ ਹੀ ਮਿਲ ਸਕਦੀ ਹੈ। ਤਾਂ ਤੇ ਅਸੀਂ ਕਿਸੇ ਸਿੰਘ ਨੂੰ ਹੁਣ ਹਜ਼ੂਰ ਸਾਹਿਬ ਭੇਜ ਕੇ, ਉੱਥੋਂ ਦੀ ਮਰਿਆਦਾ ਮੰਗਵਾ ਲਈਏ ਅਤੇ ਫਿਰ ਉਸੇ ਮਰਿਆਦਾ ਦਾ ਹੀ ਆਪਣੀ ਸੰਗਤ ਵਿੱਚ ਪਰਚਲਨ ਕਰ ਦਈਏ।

ਹੁਣ ਜਦੋਂ ਸ੍ਰੀ ਸਤਿਗੁਰੂ ਜੀ ਮਰਿਆਦਾ ਮੰਗਵਾਉਣ ਦਾ ਫੁਰਨਾ ਕਰਦੇ ਹਨ ਤਾਂ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਵਿੱਚ ਆਪ ਦੇ ਹਜ਼ੂਰ ਭਾਈ ਰਾਇ ਸਿੰਘ ਜੀ ਸਣੇ ਤੇਰਾਂ ਸਿੰਘ ਰਹਿ ਰਹੇ ਸਨ। ਜਸਵਿੰਦਰ ਸਿੰਘ ਅਨੁਸਾਰ ਸਤਿਗੁਰੂ ਜੀ ਮਰਿਆਦਾ ਮੰਗਵਾਉਣ ਲਈ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ 1862 ਈ. ਦੀ ਮਾਘੀ ਮੁਕਤਸਰ ਤੋਂ ਵਾਪਸ ਆ ਕੇ ਭੇਜਿਆ ਸੀ। ਸੰਤ ਧਿਆਨ ਸਿੰਘ ਕਾਦਰਾਬਾਦੀ ਲਿਖਦੇ ਹਨ ਕਿ ਜਦੋਂ ਭਾਈ ਰਾਇ ਸਿੰਘ ਗਏ ਉਸ ਸਮੇਂ ਉਹਨਾਂ ਸਮੇਤ ਭੈਣੀ ਸਾਹਿਬ ਵਿੱਚ ਅਜੇ ਤੇਰਾਂ ਸਿੰਘ ਹੀ ਸਨ। ਉਧਰੋਂ ਆਪ ਦੇ ਮੁੜਦਿਆਂ ਨੂੰ ਇੱਥੇ ਗਹਿਮਾ ਗਹਿਮੀ ਹੋ ਗਈ ਸੀ। ਸੰਤ ਕਾਲਾ ਸਿੰਘ ਨੰਗਲ ਵਾਲਿਆਂ ਦੇ ਮੁਤਾਬਿਕ ਰਾਇ ਸਿੰਘ ਨੂੰ ਉਦੋਂ ਭੇਜਿਆ ਜਦੋਂ ਅੰਮ੍ਰਿਤਸਰ ਸਾਹਿਬ, ਅਨੰਦਪੁਰ ਸਾਹਿਬ, ਦਮਦਮਾ ਸਾਹਿਬ ਅਤੇ ਮੁਕਤਸਰ ਸਾਹਿਬ ਦੇ ਪੁਜਾਰੀਆਂ ਨੇ ਨਾਮਧਾਰੀ ਸੰਤ ਖਾਲਸੇ ਦੀ ਭੇਟਾ ਪਰਵਾਨ ਨਹੀਂ ਸੀ ਕੀਤੀ। ਇਸ ਸਮੇਂ ਉਨੀ ਸੌ ਇੱਕੀ ਬਿਕਰਮੀ ਮੁਤਾਬਿਕ 1864-65 ਈ. ਵਿੱਚ ਸਤਿਗੁਰੂ ਜੀ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜਦੇ ਹਨ।[6] ਸਤਿਗੁਰੂ ਜੀ ਵੱਲੋਂ ਰਹਿਤ ਮਰਿਆਦਾ ਦਾ

ਹੁਕਮਨਾਮਾ, ਜਿਸ ਤੇ ਹਜ਼ੂਰ ਸਾਹਿਬ ਦੀ ਮਰਿਆਦਾ ਦੀ ਛਾਪ ਪ੍ਰਤੱਖ ਹੈ, ਅਖੀਰ 1862 ਈ. ਵਿਚ ਹੀ ਸੰਗਤ ਦੇ ਨਾਮ ਜਾਰੀ ਕਰ ਦਿੱਤਾ ਗਿਆ ਸੀ।[7]

ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਇ ਸਿੰਘ ਜੋ ਕਿ ਗੁਰਮਤਿ ਗਿਆਨ ਅਤੇ ਬ੍ਰਹਮ ਵਿਦਿਆ ਵਿੱਚ ਵੀ ਪਰਬੀਨ ਸੀ, ਉਸ ਨੂੰ ਆਪਣੀ ਵਿਸ਼ੇਸ਼ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਬਣਾਉਂਦਿਆਂ, ਹਜ਼ੂਰ ਸਾਹਿਬ ਵੱਲ ਚਾਲੇ ਪਾਉਣ ਦੀ ਤਾਕੀਦ ਕੀਤੀ। ਉਹ ਉੱਥੋਂ ਜਾ ਕੇ ਕਿਵੇਂ ਆਚਰਣ ਕਰੇਗਾ ਇਸ ਲਈ ਵੀ ਹਦਾਇਤਾਂ ਕੀਤੀਆਂ। ਭਾਈ ਧਿਆਨ ਸਿੰਘ ਕਾਦਰਾਬਾਦੀ ਲਿਖਦੇ ਹਨ ਕਿ ਰਾਇ ਸਿੰਘ ਹੋਰਾਂ ਨੇ ਆਪਣੀ ਕਥਾ ਜਿਵੇਂ ਮੈਨੂੰ ਦੱਸੀ ਉਹ ਮੈਂ ਸੰਗਤ ਨੂੰ ਦੱਸਦਾ ਹਾਂ।

"ਇਕ ਦਿਨ ਸਤਿਗੁਰ ਵਾਕ ਅਲਾਇਯੋ।
ਰਾਇ ਸਿੰਘ ਕੇ ਪਾਸ ਬੁਲਾਇਓ।
ਕਹਿਓ ਜਾਹ ਸ੍ਰੀ ਅਬਿਚਲ ਨਗਰੀ।
ਦਸਮੇਸ਼੍ਵਰ ਕੀ ਰੀਤੀ ਸਗਰੀ।੬।
ਕੁਛਕੁ ਰੋਜ਼ ਰਹਿ ਕਰ ਤਹਿ ਭਾਈ।
ਲਿਖ ਲਿਆਵੋ ਰੀਤੀ ਸਮੁਦਾਈ।
ਗੁਰੂ ਗ੍ਰੰਥ ਕੋ ਸਹਿ ਅਰਥਾਉ॥
ਊਹਾਂ ਰਹੇ ਭੋਗ ਸਭ ਪਾਉ।੭।
ਸਿੰਘਨ ਰੀਤੀ ਨਿਤਪ੍ਰਤਿ ਜੇਤੀ।
ਲਿਖ ਕਰ ਲਿਆਓ ਦਿਖੇ ਜੋ ਤੇਤੀ।
ਤੁਮਕੋ ਜੋ ਕੋ ਭੇਟ ਚਢਾਇ।
ਊਹਾਂ ਕੀ ਉਹ ਦਿਹੁ ਲਾਇ॥੮॥
ਕੌਡੀ ਏਕ ਲਵੋ ਤੁਮ ਨਾਹੀਂ।
ਸ਼ਾਦੀ ਭੀ ਕਰਵਾਇਓ ਨਾਹੀਂ।
ਸਭ ਸੁਧ ਜਲਦ ਲਿਆਇ ਦਿਹੁ ਮੈਂ ਕੋ।
ਕਹਿ ਮੋਹਿ ਭੂਲੇ ਮਤ ਤੋ ਕੋ।੯।
ਅੰਤਰਿ ਨਾ ਭੁਲੋ ਬਚ ਮੇਰੇ।

ਜਾਹੁ ਗੁਰੂ ਰਖਵਾਲੇ ਤੇਰੇ।

ਕੋ ਭੇਟਾ ਤਾ ਕੀ ਨਹੀ ਲੈਣੀ।

ਪੂਜਾ ਊਹਾਂ ਚਾਹੀਏ ਦੇਣੀ।੧੨।[8]

ਇਹ ਉਹ ਸਮਾਂ ਸੀ ਜਦੋਂ ਰੇਲ ਗੱਡੀ ਕੋਈ ਉੱਤਰ ਤੇ ਦੱਖਣ ਨੂੰ ਜੋੜਨ ਵਾਲੀ ਅਜੇ ਚੱਲਣੀ ਨਹੀਂ ਸੀ ਸ਼ੁਰੂ ਹੋਈ। ਭੈਣੀ ਸਾਹਿਬ ਤੋਂ ਹਜ਼ੂਰ ਸਾਹਿਬ ਦੇ ਰਸਤੇ ਵਿੱਚ ਦੁਰਗਮ ਘਾਟੀਆਂ ਅਤੇ ਬੀਆਬਾਨ ਜੰਗਲ ਸਨ ਜਿਹਨਾਂ ਵਿੱਚ ਆਦਮਖੋਰ ਜੰਗਲੀ ਕਬੀਲੇ, ਸ਼ੇਰ, ਬਾਘ ਅਤੇ ਚਿਤਰੇ ਵੀ ਆਮ ਮਿਲਦੇ ਸਨ। ਇਹ ਸਾਰਾ ਪੈਂਡਾ ਤਕਰੀਬਨ ਅੱਠ ਸੌ ਕੋਹ ਜਾਂ 1771 ਕਿਲੋਮੀਟਰ ਦੇ ਲਗਪਗ ਸੀ। ਕੰਡਿਆਲੀਆਂ ਝਾੜੀਆਂ ਦੇ ਵਿੱਚੋਂ ਰਸਤਾ ਗੁਜ਼ਰਦਾ ਸੀ। ਰਸਤੇ ਵਿੱਚ ਭੁੱਖ, ਤਰੇਹ ਅਤੇ ਆਰਾਮ ਕਰਨ ਲਈ ਸਰਦੀ, ਗਰਮੀ, ਵਰਖਾ ਤੋਂ ਟਿਕਾਣਿਆਂ ਦੀ ਵੀ ਅਣਹੋਂਦ ਸੀ। ਭਾਈ ਰਾਇ ਸਿੰਘ ਇਹਨਾਂ ਸਾਰੀਆਂ ਮੁਸੀਬਤਾਂ ਤੋਂ ਬੇਪ੍ਰਵਾਹ ਹੋ ਕੇ, ਸੱਤ ਬਚਨ ਆਖ ਕੇ ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਤੁਰ ਪਿਆ।

"ਏਕ ਭਰੋਸਾ ਗੁਰੂ ਚਰਨ ਕੋ।

ਤਾਹਿ ਨ ਸੰਸਾ ਜੀਅਨ ਮਰਨ ਕੋ।

ਮੂਰਤਿ ਗੁਰ ਉਰ ਮੇਂ ਧਰ ਕਰਕੇ।

ਸੁੰਦਰ ਚਲਾ ਜਾਤ ਭੈ ਹਰਕੇ।"

-ਕਾਦਰਾਬਾਦੀ

ਰਸਤੇ ਵਿੱਚ ਭਾਈ ਜੀ ਨੂੰ ਇਕ ਹੋਰ ਪੁਰਖ ਵੀ ਮਿਲ ਗਿਆ ਜੋ ਇਸੇ ਜੰਗਲ ਵਿੱਚ ਤੁਰਿਆ ਜਾ ਰਿਹਾ ਸੀ। ਇੱਥੇ ਇਹਨਾਂ ਦੋਹਾਂ ਨੂੰ ਕੋਈ ਹੋਰ ਰਾਹ ਗੁਜ਼ਰ ਮਿਲ ਗਿਆ। ਉਸ ਨੇ ਦੱਸਿਆ ਕਿ ਇਸ ਜੰਗਲ ਵਿੱਚ ਰਾਤ ਨੂੰ ਸ਼ੇਰ ਪੈਂਦਾ ਹੈ। ਉਸ ਤੋਂ ਬੰਦੋਬਸਤ ਲਈ ਅੰਗਰੇਜ਼ ਸਰਕਾਰ ਨੇ ਇਕ ਚੌਂਕੀ ਪਾਈ ਹੈ। ਬਿਹਤਰ ਇਹ ਹੈ ਕਿ ਤੁਸੀਂ ਉਹ ਚੌਂਕੀ ਥੋਹੜੀ ਦੂਰ ਹੀ ਹੈ, ਰਾਤ ਉੱਥੇ ਜਾ ਰਹੋ। ਭਾਈ ਰਾਇ ਸਿੰਘ ਨੇ ਨਾਲ ਦੇ ਸਾਥੀ ਨੂੰ ਕਿਹਾ ਕਿ ਆਪਾਂ ਅਜੇ ਤੁਰੋ ਚੱਲੀਏ ਅਤੇ ਰਾਤ ਚੌਕੀ ਤੇ ਸੁਰੱਖਿਅਤ ਕੱਟ ਲਈਏ। ਉਹ ਦੂਜਾ ਸੱਜਣ ਆਪਣੀ ਮਰਜ਼ੀ ਵਾਲਾ ਸੀ। ਕਹਿਣ ਲੱਗਾ ਕਿ ਤੁਸੀਂ ਤਾਂ ਗੁਰੂ ਦੇ ਸਿੰਘ ਹੋ ਫਿਰ ਵੀ ਡਰਦੇ ਹੋ। ਮੈਂ ਤਾਂ ਇੱਥੇ ਹੀ ਰਾਤ ਕੱਟਾਂਗਾ। ਭਾਈ ਜੀ ਵੀ ਉਸ ਦੀ ਜ਼ਿਦ ਅੱਗੇ ਬੇਵੱਸ ਹੋ ਕੇ ਉੱਥੇ ਹੀ ਰੁਕ ਗਏ ਕਿਉਂਕਿ ਉਸ ਨੇ ਚੋਭਾਂ ਹੀ ਐਸੀਆਂ ਲਾ ਦਿੱਤੀਆਂ ਸਨ।

"ਸਾਥੀ ਕਹਾ ਸੁਣੋ ਮ੍ਰਿਗ ਰਾਈ।

ਮੈਂ ਏਹ ਲਖੀ ਠੀਕ ਮਨ ਭਾਈ।

ਕੱਛਾਂ ਵਾਲੇ ਹੋਣ ਡਰਾਕੁਲ।

ਸੁਣ ਦਿਖਕੇ ਭੈ ਹੋਣ ਵਿਆਕੁਲ।

ਐਸੇ ਸੁਖਨ ਕਹੇ ਮਤ ਮੂੜਾ।

ਸ੍ਰੀ ਪ੍ਰਭ ਕੀ ਗਤਿ ਜਾਨਤ ਕੂੜਾ।੨੧।

ਸਿੰਘਹਿ ਓਜ ਸਿੰਘ ਸੋ ਜ਼ਿਆਦਾ।

ਚਲੋ ਜੋ ਦਸਮ ਗੁਰੂ ਮਰਯਾਦਾ।

ਮੂਰਖ ਹੂੰ ਕੋ ਸਾਰ ਨ ਸਿੱਖੀ।

ਸਿਖੀ ਆਹਿ ਤੇਗ ਬਡ ਤਿੱਖੀ।੨੨।

ਰਾਇ ਸਿੰਘ ਸੁਨ ਕੇ ਫਿਰ ਬੋਲਾ।

ਜਿਸ ਮਨ ਸਿਦਕ ਜ਼ਰਾ ਨਹੀਂ ਡੋਲਾ।

ਤੇਰੀ ਮਰਜ਼ੀ ਜੈਸੋ ਭਾਈ।

ਚਲ ਰਹੀਏ ਹਮ ਤੁਮ ਤਿਸ ਥਾਈ।੨੪।[9]

ਖੁੱਲੇ ਮੈਦਾਨ ਵਿਚ ਦੋਵੇਂ ਜਣੇ ਆਪੋ ਆਪਣੇ ਕੱਪੜੇ ਵਿਛਾ ਕੇ ਪੈ ਗਏ। ਭਾਈ ਰਾਇ ਸਿੰਘ ਹੋਰਾਂ ਫਿਰ ਕਿਹਾ ਕਿ ਆਪਾਂ ਨੀਤੀ ਤੋਂ ਉਲਟ ਵਿਹਾਰ ਕਰ ਰਹੇ ਹਾਂ। ਮੈਨੂੰ ਤਾਂ ਇਹ ਠੀਕ ਨਹੀਂ ਜਾਪਦਾ। ਹੁਣ ਉਸ ਸਾਥੀ ਨੇ ਹੋਰ ਚੋਭ ਲਾਈ– "ਤੇਰਾ ਕੱਦ ਤਾਂ ਹਾਥੀ ਸਮਾਨ ਹੈ ਪਰ ਦਿਲ ਤੇਰਾ ਕੀੜੀ ਵਾਂਗ ਹੈ।

ਉਤਰ ਦੀਆ ਫੇਰ ਉਸ ਸਾਥੀ।

ਕਦ ਬਿਲੰਦ ਤੋਹਿ ਸਮ ਹਾਥੀ।

ਪਰ ਕੀਰੀ ਕੋ ਧੀਰੁ ਨ ਤੈਸੇ।

ਆਹਿ ਬਹੁਤ ਸਾਚੀ ਸੁਣ ਮੈਸੇ।੨੯। [9]

ਭਾਈ ਰਾਇ ਸਿੰਘ ਸੋਚਦੇ ਹਨ ਕਿ ਇਸ ਮੂਰਖ ਨਾਲ ਕਿਵੇਂ ਸੰਗ ਹੋ ਗਿਆ ਹੈ। ਗੁਰੂ ਹੀ ਮੈਨੂੰ ਇਸ ਤੋਂ ਨਿਖੇੜ ਸਕਦਾ ਹੈ। ਮੂਰਖ ਦੇ ਸਾਥ ਵਿੱਚ ਤਾਂ ਮਨੁੱਖ ਬਿਨਾਂ ਬਾਲਣ ਤੋਂ ਸੜਦਾ ਹੈ। ਜਦੋਂ ਰਾਹੀ ਤੇ ਰਾਇ ਸਿੰਘ ਨੂੰ ਸੁੱਤਿਆਂ ਅਜੇ ਰਾਤ ਦਾ ਇਕ ਪਹਿਰ ਹੀ ਬੀਤਿਆ ਸੀ ਕਿ ਸ਼ੇਰ ਨੇ ਆ ਕੇ ਉਸ ਰਾਹੀ ਦੀ ਗਰਦਨ ਪਕੜ ਲਈ। ਜਦੋਂ ਇਸ ਸ਼ੇਰ ਨੇ ਬੱਦਲਾਂ ਦੇ ਗਰਜਣ ਵਾਂਗ ਸਿੰਘ ਗਰਜਨਾ ਕੀਤੀ ਤਾਂ ਇਕ ਵੇਰ ਤਾਂ ਭਾਈ ਰਾਇ

ਸਿੰਘ ਦਾ ਹਿਰਦਾ ਵੀ ਕੰਬ ਗਿਆ ਕਿ ਮੈਥੋਂ ਦਸ ਕਦਮ ਦੂਰ ਜਿਹਨੂੰ ਇਹ ਖਾ ਰਿਹਾ ਹੈ, ਹੁਣ ਮੇਰਾ ਵੀ ਇਹੋ ਹਾਲ ਕਰੇਗਾ। ਭਾਈ ਜੀ ਇਸ ਸਮੇਂ ਜ਼ਿੰਦਗੀ ਮੌਤ ਦੀ ਵਿਚਕਾਰਲੀ ਦਸ਼ਾ ਵਿੱਚ ਹਨ। ਹੁਣ ਸਤਿਗੁਰੂ ਜੀ ਦੇ ਚਰਨਾਂ ਤੇ ਅਰਦਾਸ ਕਰਦੇ ਹਨ ਕਿ ਸ਼ੇਰ ਤੋਂ ਆਪਣੇ ਸਿੰਘ ਦੀ ਰੱਖਿਆ ਕਰੋ। ਜੇ ਸ਼ੇਰ ਮੈਨੂੰ ਖਾ ਗਿਆ ਤਾਂ ਫਿਰ ਮੈਂ ਕਿਵੇਂ ਅਬਿਚਲ ਨਗਰ ਸਾਹਿਬ ਪੁੱਜਾਂਗਾ ਤੇ ਕਿਵੇਂ ਮਰਿਆਦਾ ਲੈ ਕੇ ਆਵਾਂਗਾ। ਮੈਨੂੰ ਤੁਰਦਿਆਂ ਆਪ ਨੇ ਕਿਹਾ ਸੀ ਕਿ ਗੁਰੂ ਤੇਰਾ ਰਖਵਾਲਾ ਹੈ। ਹੁਣ ਰਾਖੀ ਕਰੋ। ਕਿਉਂ ਦੇਰ ਲਾਈ ਹੈ। ਭਾਈ ਧਿਆਨ ਸਿੰਘ ਲਿਖਦੇ ਹਨ ਕਿ ਤੁਰੰਤ ਸ਼ੇਰ ਅਤੇ ਰਾਇ ਸਿੰਘ ਦੇ ਵਿਚਕਾਰ ਗੁਰੂ ਰਾਮ ਸਿੰਘ ਜੀ ਪ੍ਰਗਟ ਹੁੰਦੇ ਹਨ, ਚੀਨੀ ਤੇ ਅਸਵਾਰ ਹੋਏ।

"ਬੀਚ ਦੁਹਨ ਕੇ ਜਾ ਕਰ ਖਰੇ।
ਬੋਲੋ ਵਾਕ ਅਮੀ ਕੇ ਭਰੇ।
ਕਿਉਂ ਭਾਈ ਰਾਇ ਸਿੰਘ ਗੁਰ ਪਿਆਰਾ।
ਡਰ ਕਰ ਕਿਉਂ ਅਪਨਾ ਬਲ ਹਾਰਾ।੪੬।
ਰਿਦੈ ਧੀਰ ਧਰ ਹੋਇ ਸੁਚੇਤ।
ਗੁਰ ਰਖਵਾਲੇ ਹੈ ਜਿਤ ਕੀਤ।
ਵਾਲ ਨ ਬੀਗਾ ਹੋਵਨ ਦਿੱਤ।
ਬੇਦ ਪੁਕਾਰੇ ਗੁਰ ਕੋ ਨੇਤਿ॥੪੭॥
ਏਕ ਸਬਦ ਤਬ ਰਾਗ ਬਿਲਾਵਲ।
ਗੁਰੂ ਰਾਮ ਸਿੰਘ ਸੁੰਦਰ ਸਾਵਲ।
ਮੁਖ ਸੇ ਭਾਖਿਓ ਦੀਨ ਦਯਾਲ।
ਤ੍ਰਾਸ ਮਿਟਾਇਓ ਕੀਆ ਨਿਹਾਲ॥੪੮॥
ਤਾਤੀ ਵਾਉ ਨ ਲਾਗਈ ਪਾਰ ਬ੍ਰਹਮ ਸਰਨਾਈ॥
ਚਉਗਿਰਦ ਹਮਾਰੇ ਰਾਮ ਕਾਰ ਦੁਖੁ ਲਗੈ ਨ ਭਾਈ॥
ਸਾਰਾ ਸਬਦ ਸੁਣਾਇਓ ਸ੍ਵਾਮੀ।
ਬਾਣੀ ਸਿੰਘ ਸੁਣੀ ਅਭਿਰਾਮੀ॥੪੯॥
ਯੋਂ ਜਬ ਦਰਸ ਰਾਇ ਸਿੰਘ ਪਾਈ।
ਚੀਨੀ ਪੈ ਬਾਣੀ ਗੁਰ ਗਾਈ।

ਗੁਰ ਮੇਰੇ ਸੰਗ ਸਦਾ ਹੈ ਨਾਲੇ।

ਧੀਰ ਭਈ ਤੁਕ ਬਸੀ ਹਿਆਲੇ।੫੦।"[10]

ਇਸ ਤਰ੍ਹਾਂ ਭਾਈ ਰਾਇ ਸਿੰਘ ਦੀ ਸ਼ੇਰ ਤੋਂ ਰੱਖਿਆ ਕਰ ਕੇ, ਉਸ ਨੂੰ ਚੌਂਕੀ ਦੇ ਬੂਹੇ ਤੇ ਪੁਚਾ ਕੇ, ਸਤਿਗੁਰੂ ਜੀ ਅਲੋਪ ਹੋ ਗਏ। ਉਧਰ ਭੈਣੀ ਸਾਹਿਬ ਵਿੱਚ ਜਦੋਂ ਭਾਈ ਸਾਵਣ ਸਿੰਘ ਸਾਈਸ ਤੇ ਹੋਰ ਸਿੰਘਾਂ ਨੇ ਚੀਨੀ ਘੋੜੀ ਨੂੰ ਮੁੜ੍ਹਕੇ ਮੁੜ੍ਹਕੀ ਹੋਈ ਵੇਖਿਆ ਤਾਂ ਉਹਨਾਂ ਹੈਰਾਨ ਹੋ ਕੇ, ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਚੀਨੀ ਨਾਲ ਰਾਤ ਕੀ ਕੌਤਕ ਵਾਪਰਿਆ ਹੈ। ਸਤਿਗੁਰੂ ਜੀ ਦਾ ਜੁਆਬ ਸੀ ਕਿ ਇਹ ਭੇਤ ਭਾਈ ਰਾਇ ਸਿੰਘ ਆ ਕੇ ਖੋਹਲੇਗਾ।

ਭਾਈ ਰਾਇ ਸਿੰਘ ਨੇ ਜੰਗਲ ਵਿੱਚੋਂ ਫੁੱਲ ਪੱਤੀਆਂ ਤੋੜ ਲਈਆਂ। ਹਜ਼ੂਰ ਸਾਹਿਬ ਗੁਰਦੁਆਰੇ ਜਾ ਬਰਸਾਈਆਂ। ਕੜਾਹ ਪਰਸ਼ਾਦ ਅਤੇ ਹੋਰ ਭੇਟਾ ਗੁਰਦੁਆਰੇ ਚੜ੍ਹਾਈ। ਸਿੰਘ ਦੀ ਦੇਗ ਵਰਤਾਈ ਗਈ। ਭਾਈ ਸਾਹਿਬ ਸਾਢੇ ਤਿੰਨ ਮਹੀਨੇ ਇੱਥੇ ਰਹਿ ਕੇ ਗੁਰੂ ਗ੍ਰੰਥ ਸਾਹਿਬ ਦੀ ਰੋਜ਼ ਕਥਾ ਕਰਦੇ ਅਤੇ ਭਜਨ ਬਾਣੀ ਕੀਰਤਨ ਵਿੱਚ ਭਾਗ ਲੈਂਦੇ ਰਹੇ। ਜੋ ਜੋ ਇਸ ਤਖਤ ਸਾਹਿਬ ਦੀ ਨਿਤਾਪ੍ਰਤੀ ਦੀ ਮਰਿਆਦਾ ਸੀ, ਉਹ ਭਾਈ ਸਾਹਿਬ ਨੇ ਲਿਖ ਲਈ। ਉੱਥੇ ਕਾਦਰਾਬਾਦੀ ਜੀ ਮੁਤਾਬਿਕ ਚਾਰ ਬੱਜਰ ਕੁਰਹਿਤਾਂ ਗਿਣੀਆਂ ਜਾਂਦੀਆਂ ਸਨ। ਕੇਸਾਂ ਦੀ ਬੇਅਦਬੀ, ਤੁਰਕਣੀ (ਪਰ ਪੁਰਖ ਜਾਂ ਨਾਰੀ) ਨਾਲ ਸੰਗ, ਗਊ ਘਾਤ ਕਰਨਾ ਅਤੇ ਤਮਾਕੂ ਦੀ ਵਰਤੋਂ। ਹੋਰ ਜਿੰਨਾਂ ਜਿੰਨਾਂ ਕੋਈ ਕੁਕਰਮ ਕਰੇ ਉਤਨਾ ਡੰਨ ਲੱਗ ਜਾਂਦਾ ਸੀ। ਭਾਈ ਜੀ ਦੇ ਕਥਾ ਸੰਪੂਰਨ ਹੋਣ ਤੇ ਉਹਨਾਂ ਨੂੰ ਤਿੰਨ ਸੌ ਰੁਪਏ ਭੇਟਾ ਚੜ੍ਹੀ ਜੋ ਉਹਨਾਂ ਸਿੰਘਾਂ ਕਿਹਾ ਕਿ ਇਹ ਮਾਇਆ ਤੁਹਾਡੀ ਹੈ। ਹੁਕਮ ਦੇ ਬੱਝੇ ਭਾਈ ਜੀ ਨੇ ਮਾਇਆ ਉੱਥੇ ਹੀ ਚੜ੍ਹਾ ਦਿੱਤੀ, ਇਹ ਕਹਿੰਦਿਆਂ ਕਿ ਸਤਿਗੁਰੂ ਜੀ ਦੇ ਇਸ ਦਰ ਤੋਂ ਲੈਣਾ ਨਹੀਂ ਸਾਡਾ ਦੇਣਾ ਬਣਦਾ ਹੈ। ਕਿਉਂਕਿ ਉਸ ਸਤਿਗੁਰੂ ਜੀ ਨੇ- "ਸਭ ਹਿੰਦੁਨ ਕੀ ਰਾਖੀ ਲਾਜ। ਕਲਾਧਾਰ ਬਡ ਕੀਏ ਕਾਜ।"

ਹੁਣ ਜਦੋਂ ਭਾਈ ਰਾਇ ਸਿੰਘ ਵਾਪਸੀ ਦਾ ਵਿਚਾਰ ਕਰਦੇ ਹਨ ਤਾਂ ਉੱਥੋਂ ਦੇ ਸਿੰਘਾਂ ਨੇ ਆਪ ਨਾਲ ਬਹੁਤ ਪ੍ਰੇਮ ਕੀਤਾ। ਇਹ ਵੀ ਕਿਹਾ ਕਿ ਕੋਈ ਲੜਕੀ ਵੇਖ ਕੇ ਤੁਹਾਡਾ ਵਿਆਹ ਵੀ ਇੱਥੇ ਹੀ ਕਰ ਦਿੰਦੇ ਹਾਂ। ਤਾਂ ਤੇ ਕਥਾ ਕਰੋ ਅਤੇ ਇੱਥੇ ਹੀ ਰਹੋ। ਪਰ ਭਾਈ ਰਾਇ ਸਿੰਘ ਨੇ ਕਿਹਾ ਕਿ ਹੁਣ ਮੈਂ ਇੱਥੇ ਨਹੀਂ ਰਹਿ ਸਕਦਾ ਕਿਉਂਕਿ ਮੇਰੇ ਗੁਰੂ ਜੀ ਦਾ ਇਹੋ ਹੁਕਮ ਹੈ ਕਿ ਮੈਂ ਜਿਸ ਕਾਰਜ ਆਇਆ ਹਾਂ, ਉਹ ਕਰ ਕੇ ਵਾਪਸ ਮੁੜਾਂ ਜਿੱਥੇ

ਮੇਰੀ ਇੰਤਜ਼ਾਰ ਹੋ ਰਹੀ ਹੈ। ਸਿੰਘਾਂ ਨੇ ਬਹੁਤ ਪ੍ਰੇਮ ਕੀਤਾ ਪਰ ਰਾਇ ਸਿੰਘ ਹੋਰੀਂ ਉਹਨਾਂ ਸਿੰਘਾਂ ਦੇ ਵੈਰਾਗ ਕਰਦਿਆਂ ਵੀ ਵਾਪਸ ਚਲ ਪਏ। ਵਾਪਸੀ ਸਫਰ ਕਰਦਿਆਂ ਜਦੋਂ ਭਾਈ ਜੀ ਨੇ ਤਕਰੀਬਨ ਦੋ ਹਿੱਸੇ ਸਫਰ ਪੰਜ ਸੌ ਕੋਹ ਪੂਰਾ ਕਰ ਲਿਆ ਤਾਂ ਹੁਣ ਉਹਨਾਂ ਦਾ ਲਿਆਂਦਾ ਹੋਇਆ ਰਾਹ ਖਰਚ ਸਮਾਪਤ ਹੋ ਗਿਆ। ਬੜੀ ਬਿਪਤਾ ਬਣੀ। ਓਪਰਾ ਇਲਾਕਾ ਕੋਈ ਜਾਣੂ- ਪਛਾਣੂ, ਭੈਣ-ਭਾਈ ਕੋਲ ਨਹੀਂ, ਜਿਸ ਤੋਂ ਮੰਗ ਲੈਣ। ਸਤਿਗੁਰੂ ਜੀ ਨੇ ਤੁਰਦਿਆਂ ਨੂੰ ਇਹ ਪੱਕੀ ਕੀਤੀ ਸੀ ਕਿ ਨਾ ਤਾਂ ਉੱਥੋਂ ਭੇਟਾ ਲੈਣੀ ਤੇ ਨਾ ਹੀ ਕੁਝ ਕਿਤੋਂ ਮੰਗ ਕੇ ਲੈਣਾ ਹੈ।

"ਵਾਕ ਗੁਰੂ ਕਾ ਭੀਖ ਨ ਮਾਂਗ।
ਅਬ ਬਿਨੁ ਗੁਰ ਪ੍ਰਭ ਅਉਰ ਨ ਤਾਂਘ।
ਜਹਾ ਪੰਥ ਤੇਰਾ ਕੋ ਨ ਸਿਵਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂੰ॥

(ਕਾਦਰਾਬਾਦੀ ਜੀ)

ਕਾਦਰਾਬਾਦੀ ਜੀ ਲਿਖਦੇ ਹਨ ਕਿ ਬਾਰਾਂ ਪਹਿਰ ਭੁੱਖੇ ਭਾਣੇ, ਕੰਦ ਮੂਲ ਖਾਂਦਿਆਂ ਰਾਇ ਸਿੰਘ ਦੇ ਬੀਤ ਗਏ। ਫਿਰ ਗੁਰੂ ਅੱਗੇ ਅਰਜੋਈਆਂ ਕਰਦਾ ਹੈ ਕਿ ਇਹ ਬਿਪਤਾ ਕੱਟੋ। ਭਾਈ ਜੀ ਨੂੰ ਚੱਲਦਿਆਂ ਚੱਲਦਿਆਂ ਪਿਆਸ ਲੱਗੀ। ਸੱਜੇ ਹੱਥ ਖੂਹ ਨਜ਼ਰ ਆਇਆ। ਖੂਹ ਦੇ ਨੇੜੇ ਬਣੀ ਬਾਉਲੀ ਕੋਲ ਨਿਰਬਲਤਾ ਦੀ ਹਾਲਤ ਵਿੱਚ ਪੁੱਜ ਗਿਆ। ਜਦੋਂ ਉਹ ਭੁੱਖਾ ਭਾਣਾ ਖੂਹ ਦੇ ਦੂਜੇ ਪਾਸੇ ਪੁੱਜਿਆ ਤਾਂ ਮਣ ਉੱਤੇ ਇਕ ਥੈਲੀ ਪਈ ਮਿਲੀ। ਭਾਈ ਜੀ ਨੇ ਚਾਰ ਚੁਫੇਰੇ ਨਜ਼ਰ ਮਾਰੀ। ਕੋਈ ਜੀਅ ਨਾ ਨਜ਼ਰੀਂ ਆਇਆ। ਇਹ ਸੋਚ ਕੇ ਕਿ ਕੋਈ ਮੁਸਾਫਿਰ ਇਹ ਥੈਲੀ ਭੁੱਲ ਗਿਆ ਹੈ, ਭਾਈ ਜੀ ਨੇ ਉਹ ਥੈਲੀ ਆਪਣੀ ਸੋਟੀ ਨਾਲ ਟੰਗ ਕੇ, ਮੋਢੇ ਤੇ ਰੱਖ ਲਈ ਕਿ ਰਸਤੇ ਵਿੱਚ ਜੋ ਥੈਲੀ ਵਾਲਾ ਲੱਭਦਾ ਆਇਆ ਤਾਂ ਵੇਖ ਕੇ ਲੈ ਲਵੇਗਾ। ਇਸ ਤਰ੍ਹਾਂ ਦੋ ਤਿੰਨ ਕੋਹ ਪੈਂਡਾ ਕਰ ਗਿਆ। ਕੋਈ ਨਾ ਮਿਲਿਆ। ਹੁਣ ਭਾਈ ਜੀ ਨੂੰ ਗੁਰੂ ਜੀ ਨੇ ਇਹ ਗਿਆਨ ਬਖਸ਼ਿਆ ਕਿ ਸਿੱਖਾ ਕੁਦਰਤ ਨੇ ਤੇਰੇ ਰਾਹ ਖਰਚ ਦਾ ਪ੍ਰਬੰਧ ਕੀਤਾ ਹੈ। ਭਾਈ ਕਾਦਰਾਬਾਦੀ ਜੀ ਲਿਖਦੇ ਹਨ ਕਿ ਥੈਲੀ ਵਿੱਚ 107 ਰੁਪੈ ਸਨ ਜਿਹਨਾਂ ਵਿੱਚੋਂ ਚਾਰ ਚੌਰਸ, ਤਿੰਨ ਆਲਮਗੀਰੀ ਅਤੇ ਸੌ ਰੁਪੈ ਅੰਗਰੇਜ਼ ਸਰਕਾਰ ਦੀ ਮੋਹਰ ਵਾਲੇ ਸਨ। ਰਸਦ ਖਰੀਦੀ, ਲੰਗਰ ਤਿਆਰ ਕਰ ਕੇ ਭੁੱਖ ਸ਼ਾਂਤ ਕੀਤੀ ਅਤੇ ਗੁਰੂ ਸਾਹਿਬ ਦੇ ਸ਼ੁਕਰਾਨੇ ਕਰਦਿਆਂ, ਭਾਈ ਜੀ ਮਸਤ ਬਿਰਤੀ ਵਿੱਚ ਤੁਰਦਿਆਂ ਭੈਣੀ ਸਾਹਿਬ ਪੁੱਜ ਜਾਂਦੇ ਹਨ।

ਉਧਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਸੰਗਤ ਵਿੱਚੋਂ ਇਕੱਲੇ ਨਿਕਲ ਕੇ ਚੱਲ ਪਏ। ਸਿੱਖ ਸੇਵਕਾਂ ਨੂੰ ਨਾਲ ਆਉਣ ਤੋਂ ਵਰਜ ਦਿੱਤਾ। ਇੱਕ ਮੀਲ ਦੇ ਫਾਸਲੇ ਤੇ ਆਪ ਰਾਇ ਸਿੰਘ ਨੂੰ ਅਗਲ ਵਾਂਢੀ ਮਿਲੇ। ਪੁੱਛਿਆ, "ਭਾਈ ਰਾਹ ਵਿੱਚ ਕੋਈ ਸ਼ੇਰ ਵੀ ਪੈਂਦਾ ਹੈ।" ਫਿਰ ਕਿਹਾ- 'ਰਾਹ ਵਿੱਚ ਖਰਚ ਪਾਣੀ ਦਾ ਕਿਵੇਂ ਰਿਹਾ।' ਰਾਇ ਸਿੰਘ ਨੇ ਕਿਹਾ, 'ਪਾਤਸ਼ਾਹ ਤੁਸੀਂ ਆਪ ਜਾਣੀ ਜਾਣ ਹੋ ਮੈਂ ਕੀ ਦੱਸਾਂ ਕਿ ਕਿੱਥੇ ਕਿੱਥੇ ਬਚਾਉਂਦੇ ਆਏ ਹੋ। ਹੁਣ ਸੰਗਤ ਵਿੱਚ ਆ ਕੇ ਰਾਇ ਸਿੰਘ ਨੇ ਜਦੋਂ ਸ਼ੇਰ ਵਾਲਾ ਬਚਨ ਸੁਣਾਇਆ ਤਾਂ ਚੀਨੀ ਘੋੜੀ ਕਿਧਰ ਗਈ ਸੀ, ਇਹ ਸੰਸਾ ਵੀ ਨਵਿਰਤ ਹੋ ਗਿਆ।

ਪੰਜਾਬ ਦੇ ਤਖਤਾਂ ਦੇ ਉਲਟ ਤਖਤ ਸ੍ਰੀ ਹਜ਼ੂਰ ਸਾਹਿਬ ਤੇ ਜਾਣ ਵਾਲੇ ਨਾਮਧਾਰੀ ਸਿੰਘਾਂ ਨਾਲ ਬਾਅਦ ਵਿੱਚ ਵੀ ਕਦੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਸੀ।

ਮਰਿਆਦਾ ਲਿਆਉਣ ਦਾ ਵੱਡਾ ਤੇ ਔਖਾ ਕਾਰਜ ਕਰਨ ਕਰ ਕੇ, ਭਾਈ ਰਾਇ ਸਿੰਘ ਨਾਮਧਾਰੀ ਇਤਿਹਾਸ ਵਿੱਚ ਇੱਕ ਵਿਲੱਖਣ ਹਸਤੀ ਹੋ ਨਿਬੜਿਆ ਹੈ। ਉਹਨਾਂ ਦੇ ਪਰਿਵਾਰਿਕ ਵੇਰਵਿਆਂ ਲਈ ਪਾਠਕ ਜਸਵਿੰਦਰ ਸਿੰਘ ਹਿਸਟੋਰੀਅਨ ਦੇ 'ਮੇਰੇ ਇਤਿਹਾਸਿਕ ਲੇਖ' ਵਿੱਚੋਂ ਭਾਈ ਰਾਇ ਸਿੰਘ ਵਾਲਾ ਲੇਖ ਪੜ੍ਹ ਸਕਦੇ ਹਨ।

## -ਹਵਾਲੇ ਤੇ ਟਿੱਪਣੀਆਂ-


1. ਜਸਵਿੰਦਰ ਸਿੰਘ ਹਿਸਟੋਰੀਅਨ, ਸੰਗਰਾਮੀ ਚਿਹਰੇ, ਮੇਰੇ ਇਤਿਹਾਸਿਕ ਲੇਖ, 2021, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਭਾਈ ਰਾਇ ਸਿੰਘ, ਸਫਾ 372
2. ਉਪਰੋਕਤ, ਸਫਾ 375
3. ਸੰਤ ਧਿਆਨ ਸਿੰਘ ਕਾਦਰਾਬਾਦ-ਮਿੰਟਗੁਮਰੀ, ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਤੀਜੀ ਵਾਰ, 1948 ਈ. ਸਫਾ 31
4. ਉਪਰੋਕਤ, ਸਫਾ 32-33
5. ਉਪਰੋਕਤ, ਸਫਾ 33-34
6. 6, ਸੰਤ ਕਾਲਾ ਸਿੰਘ ਨੰਗਲ ਵਾਲੇ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਛਾਪ ਦੂਜੀ, (ਸੰ. ਦੇਵਿੰਦਰ ਸਿੰਘ ਗਿੱਲ, ਜੀਆ ਨੱਥਾ),

ਸਫਾ 1

7. ਭਾਈ ਨਾਹਰ ਸਿੰਘ ਕਿਰਪਾਲ ਸਿੰਘ, (ਦਸਤਾਵੇਜ਼), ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਮੇਜਰ ਜੇ ਡਬਲਯੂ, ਯੱਗ-ਹਸਬੈਂਡ, ਆਈ.ਜੀ. ਪੰਜਾਬ ਦਾ 28 ਜੂਨ 1863 ਦਾ ਪੱਤਰ, ਜਿਸ ਵਿੱਚ ਉਹ ਕੈਪਟਨ ਮੈਂਜੀਜ਼, ਐਸ.ਪੀ. ਅੰਮ੍ਰਿਤਸਰ ਦੇ 22 ਜੂਨ 1863 ਦੇ ਪੱਤਰ ਦਾ ਹਵਾਲਾ ਦਿੰਦਾ ਹੈ ਜਿਸ ਵਿੱਚ ਨੈਣਾਂ ਸਿੰਘ ਤੋਂ ਇਕ ਪੱਤਰ ਮਿਲਦਾ ਹੈ, ਜੋ ਰਹਿਤਨਾਮੇ ਦਾ ਲਗਪਗ ਅੰਗਰੇਜ਼ੀ ਉਤਾਰਾ ਹੈ। ਸਫਾ 9-10
8. ਸੰਤ ਧਿਆਨ ਸਿੰਘ ਕਾਦਰਾਬਾਦ, ਸਫਾ 37
9. ਉਪਰੋਕਤ, ਸਫਾ 38
10. ਉਪਰੋਕਤ, ਸਫਾ 39-40

# ਵੇਦਾਂਤ ਤੋਂ ਗੁਰਮਤਿ ਦਾ ਸਫਰ
# ਮਾਤਾ ਸਾਹਿਬ ਕੌਰ ਪੱਧਰੀ

"ਭੈਣੀ ਰਾਈਆਂ ਰਾਮ ਮ੍ਰਿਗੇਸ਼ ਪਰਕਾਸ਼ ਕਰ,
ਸੱਦਾਂ ਘਰ ਸੱਦਾ ਲੈ ਕੇ ਆਇਆ ਕਰਤਾਰ ਦਾ।
ਅਠਾਰਾਂ ਸੌ ਬਹੱਤਰੇ ਦੀ ਮਾਘ ਸੁਦੀ ਪੰਚਮੀ ਨੂੰ,
ਜੱਸਾ ਸਿੰਘ ਜੀ ਦਾ ਜੱਸ ਜੱਗ 'ਚ ਖਲਾਰਦਾ।
ਚੰਦ ਅਤੇ ਚੰਦਨੋਂ ਭੀ ਠੰਢਾ ਰੁੱਤ ਸੀਤ ਨਾਲੋਂ,
ਬਾਵਨ ਦੇ ਵਾਂਗ ਬਣ, ਸਗਲਾ ਮਹਿਕਾਰ ਦਾ।
ਪਸ਼ੂ ਤੇ ਪ੍ਰੇਤੋਂ ਹੋਏ ਦੇਵ 'ਮ੍ਰਿਗੇਸ਼' ਕਵਿ,
ਕੀਤਾ ਸੀ ਦੀਦਾਰ ਜਿਸ ਚੀਨੀ ਅਸਵਾਰ ਦਾ।
ਚਿਖਾ ਵਿੱਚ ਰੱਖ ਸਾਹਿਬੋ ਕੁੰਦਨ ਬਣਾਇ ਦਿੱਤੀ,
ਖਾਇ ਕੇ ਕੁਹਾੜਾ ਨੈਣਾ ਸਿੰਘ ਸਤਕਾਰਦਾ।
ਕਈਆਂ ਵਿਚ ਤੋਪ ਦੇ ਕਮਾਲ ਡਿੱਠੀ ਖੇਡ ਤੇਰੀ,
ਹੀਰਿਆਂ ਤੋਂ ਮਹਿੰਗਾ ਤਨ ਹੀਰਾ ਸਿੰਘ ਵਾਰ ਦਾ।"

–ਭਾਈ ਨਿਰੰਜਨ ਸਿੰਘ ਮਿਗੇਸ਼

ਬਹੁਤ ਸਾਰੇ ਮਾਈਆਂ ਭਾਈਆਂ ਦੇ ਜੀਵਨ ਵਿੱਚ, ਜੀਵਨ- ਦਾਤੇ ਸਤਿਗੁਰੂ ਰਾਮ ਸਿੰਘ ਜੀ ਦੀ ਮਿਕਨਾਤੀਸੀ ਸ਼ਖਸੀਅਤ ਦੇ ਜਲਵੇ, ਇਸ ਕਦਰ ਰੂਪਮਾਨ ਹੋਏ ਕਿ ਉਹ ਵਿਅਕਤੀ ਸਾਡੇ ਇਤਿਹਾਸ ਦੇ ਅਮਰ ਪਾਤਰ ਬਣ ਗਏ। ਬੇਸ਼ੱਕ ਸਤਿਗੁਰੂ ਜੀ ਦੁਆਰਾ ਅਰੰਭਿਆ ਕੂਕਾ ਸੰਗਰਾਮ ਆਪਣਾ ਰਾਜਨੀਤਿਕ ਨਿਸ਼ਾਨਾ, ਅੰਗਰੇਜ਼ ਬਸਤੀਵਾਦੀ ਹਾਕਮਾਂ ਦੀ ਸਫ਼ ਵਲ੍ਹੇਟਣ ਵਾਲਾ ਰੱਖਦਾ ਸੀ ਪਰ ਇਸ ਕਾਰਜ ਲਈ ਆਪ ਜੀ ਨੂੰ ਪਹਿਲਾਂ ਸਿੱਖ ਪੁਨਰ ਸੁਰਜੀਤੀ ਦਾ ਵੱਡਾ ਕਾਰਜ ਵੀ ਕਰਨਾ ਪੈਣਾ ਸੀ। ਪੰਜਾਬ ਵਿੱਚ ਸਿੱਖ ਮੱਤ ਦੀ ਬੁਨਿਆਦ, ਗੁਰੂ ਨਾਨਕ ਦੇਵ ਜੀ ਦੁਆਰਾ ਰੱਖੀ ਗਈ। ਜਦੋਂ ਆਪ ਨੇ ਵਿਸ਼ਵ ਭਰਮਣ ਕਰਕੇ, ਪੰਜਾਬ ਦੇ ਕਿਰਤੀ, ਕਾਮਿਆਂ, ਦਸਤਕਾਰਾਂ ਅਤੇ ਹੋਰ ਕਾਰੋਬਾਰੀਆਂ ਨੂੰ ਆਪਣਾ ਸੁਲਾਹਕੁਲ ਗੁਰਮਤਿ ਦਾ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਸੀ। ਆਪ ਨੇ ਵਿਦੇਸ਼ੀ ਹਮਲਾਵਰਾਂ

ਵਿਰੁੱਧ ਸਾਹ ਸੱਤ ਹੀਣ ਲੁਕਾਈ ਵਿੱਚ ਆਤਮਿਕ ਜੋਤ ਜਗਾ ਕੇ, ਉਸ ਨੂੰ ਜਾਗਰਿਤ ਅਵਸਥਾ ਵਿੱਚ ਲਿਆਂਦਾ। ਵਹਿਮਾਂ-ਭਰਮਾਂ, ਧਰਮ ਦੇ ਨਾਮ ਹੇਠ ਕਰਮ ਕਾਂਡਾਂ ਅਤੇ ਅਡੰਬਰਾਂ ਦਾ ਖੰਡਨ ਕਰਕੇ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਦਿਆਂ, ਹੱਕ ਸੱਚ ਦੇ ਰਸਤੇ ਤੇ ਚੱਲਦਿਆਂ, ਗੁਰ-ਪਰਮੇਸ਼ਰ ਦੇ ਮਿਲਾਪ ਦੁਆਰਾ, ਜਗਤ ਜਲੰਦੇ ਤੋਂ ਪਾਰ ਜਾਣ ਦਾ ਸ਼ੁਭ ਉਪਦੇਸ਼ ਦਿੱਤਾ ਸੀ। ਸਿੱਖੀ ਨੂੰ ਪੰਜਾਬ ਦੇ ਸੁਭਾਅ ਅਨੁਕੂਲ ਹੋਣ ਕਾਰਨ ਭਰਵਾਂ ਹੁੰਗਾਰਾ ਮਿਲਿਆ। ਪੰਜਾਬੀਅਤ ਨੂੰ ਨਵੀਂ ਪਹਿਚਾਣ ਮਿਲੀ।ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਕਰਕੇ, ਭਾਰਤ ਦੇ ਅਧਿਆਤਮਿਕ ਗਿਆਨ ਨੂੰ ਇੱਕ ਜਗ੍ਹਾ ਇਕੱਠਿਆਂ ਕਰ ਦਿੱਤਾ, ਧਰਮ, ਭਾਸ਼ਾ, ਜਾਤ-ਵਰਣ, ਪੰਥ-ਪ੍ਰਾਂਤ, ਰੰਗ-ਨਸਲ ਦੇ ਵਿਤਕਰੇ ਤੋਂ ਉੱਪਰ ਉੱਠ ਕੇ। ਇਸੇ ਕਾਰਨ ਸਿੱਖੀ ਦੀ ਵਧਦੀ ਲੋਕ ਪਰਵਾਨਗੀ ਵੇਲੇ ਦੇ ਹਾਕਮਾਂ ਨੂੰ ਨਾ ਸੁਖਾਈ। ਪੰਜਵੇਂ ਤੇ ਨੌਵੇਂ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਬਾਅਦ, ਦਸਮੇਸ਼ ਜੀ ਨੇ ਸਿੱਖੀ ਨੂੰ ਜੰਗਜੂ ਰੂਪ ਦੇਣ ਲਈ, ਖ਼ਾਲਸੇ ਦੀ ਸਿਰਜਨਾ ਕੀਤੀ। ਅਠਾਰ੍ਹਵੀਂ ਸਦੀ ਦੇ ਖਾਲਸੇ ਨੇ ਅੱਗ ਅਤੇ ਖ਼ੂਨ ਦੇ ਦਰਿਆ ਤਰ ਕੇ, ਆਪਣੀ ਰਾਜਸੀ ਮੰਜ਼ਿਲ, ਪੰਜ ਦਰਿਆਵਾਂ ਦੀ ਧਰਤੀ ਤੇ ਸਾਂਝੇ ਪੰਜਾਬੀ ਰਾਜ ਦੀ ਸਥਾਪਨਾ, ਹਾਸਲ ਕੀਤੀ। ਹੁਣ ਖਾਲਸਾ ਜੀ ਨੇ ਕੋਈ ਪੌਣੀ ਸਦੀ ਆਪਣੀ ਧਰਤੀ ਤੇ ਰਾਜ ਭਾਗ ਤਾਂ ਮਾਣਿਆ ਪਰ ਸਿੱਖੀ ਜੀਵਨ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਤੋਂ ਉਹ ਹੌਲੀ-ਹੌਲੀ ਦੂਰ ਹੁੰਦੇ ਗਏ। ਆਪੋ ਵਿੱਚ ਪਾਟੋ-ਧਾੜ ਤੇ ਰਾਜ-ਲਾਲਸਾ, ਹਰ ਕਿਸੇ ਦੇ ਸਿਰ ਨੂੰ ਚੜ੍ਹ ਗਈ। ਇਸ ਸਮੇਂ ਵਿੱਚ ਉਹ ਗੁਰਸਿੱਖੀ ਦੇ ਮੂਲ ਅਸੂਲਾਂ ਤੋਂ ਭਟਕ ਕੇ, ਮੜ੍ਹੀਆਂ ਗੌਰਾਂ, ਗੰਗਾ ਗੁਦਾਵਰੀ ਆਦਿ ਦੇ ਅਰਪਣ- ਤਰਪਣ ਵਿੱਚ ਰੁੱਝ ਗਏ ਸਨ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸਾ ਦੀ ਸੰਨ 1857 ਵਿੱਚ ਸਥਾਪਨਾ ਕਰਨ ਬਾਅਦ, ਗੁਰਸਿੱਖੀ ਦੇ ਵਿਆਪਕ ਪਰਚਾਰ-ਪਸਾਰ ਦੀ ਮੁਹਿੰਮ ਵਿੱਢ ਦਿੱਤੀ ਸੀ।

ਸੰਨ 1861 ਈ. ਦੇ ਮਾਰਚ ਅਪਰੈਲ ਦੇ ਮਹੀਨੇ, ਆਪ ਜੀ ਨੇ ਹਰਿਦੁਆਰ ਗੰਗਾ ਦੀ ਅਰਧ ਕੁੰਭੀ ਦੇ ਪੁਰਬ ਸਮੇਂ ਇੱਕ ਵੱਡੇ ਸੰਗ ਨਾਲ ਯਾਤਰਾ ਕਰਕੇ, ਆਪਣੇ ਪੈਰੋਕਾਰਾਂ ਅਤੇ ਹੋਰਨਾਂ ਆਮ ਲੋਕਾਂ ਵਿੱਚ ਗੰਗਾ ਨਦੀ ਨਾਲ ਸੰਬੰਧਿਤ ਵਹਿਮ-ਭਰਮਾਂ ਅਤੇ ਧਾਰਮਿਕ ਕਰਮਕਾਂਡਾਂ ਦਾ ਖੰਡਨ ਕਰਨਾ ਚਾਹਿਆ ਸੀ। ਇਤਿਹਾਸ ਵਿੱਚ ਕਈ ਵੇਰ ਲੋਕ ਮਨ ਵਿੱਚ ਉੱਕਰੀਆਂ ਮਨਾਉਤਾਂ ਦੇ ਆਪਣੇ ਆਪਣੇ ਤਰੀਕੇ ਨਾਲ ਅਰਥ ਕੱਢ ਲਏ ਜਾਂਦੇ ਹਨ, ਜਿਹਨਾਂ ਨੂੰ ਕਉਤਕ ਕਿਹਾ ਜਾਂਦਾ ਹੈ। ਕਉਤਕ ਜਾਂ ਕੌਤੂਹਲ

ਉਹ ਘਟਨਾ, ਜਿਸਨੂੰ ਤੱਕ ਕੇ ਆਦਮੀ ਦੀ ਸਧਾਰਨ ਬੁੱਧੀ ਚਕਰਾ ਜਾਵੇ ਜਾਂ ਉਹ ਅਚੰਭਿਤ ਹੋ ਜਾਵੇ। ਗੰਗਾ ਦੌਰੇ ਦੇ ਸਮੇਂ ਕਉਤਕ ਜੋ ਸਤਿਗੁਰੂ ਜੀ ਨੇ ਵਰਤਾਏ ਅਨੇਕ ਹਨ ਪਰ ਕਵੀ ਨਿਰੰਜਨ ਸਿੰਘ ਮ੍ਰਿਗੇਸ਼ ਹੋਰਾਂ ਦੀ ਉੱਪਰ ਵਰਣਿਤ ਕਵਿਤਾ ਵਿੱਚ, ਮਾਈ ਸਾਹਿਬੋ ਪੱਧਰੀ ਵਾਲੀ ਨੂੰ ਚਿਖਾ ਵਿੱਚ ਬੈਠਾਉਣਾ ਅਤੇ ਵਰਿਆਂਹ (ਤਰਨਤਾਰਨ) ਦੇ ਭਾਈ ਨੈਣਾ ਸਿੰਘ ਦੀ ਲੱਤ ਤੇ ਪਰਸ ਰਾਮ ਦਾ ਵਾਰ ਕਰਨਾ, ਇਹਨਾਂ ਦੋ ਕਉਤਕਾਂ ਤੇ ਲੇਖਕਾਂ, ਕਵੀਆਂ ਨੇ ਲਗਾਤਾਰ ਕਲਮ ਚਲਾਈ ਹੈ ਅਤੇ ਜਿਹੜਾ ਪਿਛਲੇ ਡੇਢ ਸੌ ਸਾਲਾਂ ਤੋਂ ਨਾਮਧਾਰੀ ਦੀਵਾਨਾਂ ਦਾ ਸ਼ਿੰਗਾਰ ਬਣਦਾ ਰਿਹਾ ਹੈ। ਗੰਗਾ ਯਾਤਰਾ ਦੀ ਅਲੌਕਿਕ ਘਟਨਾ ਜਿਉਂ ਨਾਮਧਾਰੀਆਂ ਦੀਆਂ ਚਾਰ ਪੰਜ ਪੀੜ੍ਹੀਆਂ ਦੇ ਚੇਤਿਆਂ ਵਿੱਚ ਅੰਕਿਤ ਹੋ ਚੁੱਕਾ ਹੈ। ਹੱਥਲੇ ਲੇਖ ਵਿੱਚ ਨਾਮਧਾਰੀ ਇਤਿਹਾਸ ਦੀਆਂ ਸਾਖੀ ਲਿਖਤਾਂ ਦੇ ਅਧਾਰ ਤੇ, ਮਾਤਾ ਸਾਹਿਬ ਕੌਰ ਬਾਰੇ ਸੰਖੇਪ ਵਿਚਾਰ ਚਰਚਾ ਕਰਾਂਗੇ।

ਬੀਬੀ ਸਾਹਿਬ ਕੌਰ ਦਾ ਜਨਮ ਬਿਆਸ ਦਰਿਆ ਦੇ ਕਿਨਾਰੇ ਪਿੰਡ ਚੰਬਾ ਕਲਾਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਗਿੱਲ ਗੋਤ ਦੇ ਜ਼ਿੰਮੀਦਾਰਾਂ ਦੇ ਘਰ ਹੋਇਆ ਸੀ, ਸੰਨ 1825-30 ਈ. ਦੇ ਅਨੁਮਾਨਿਤ ਸਮੇਂ ਵਿੱਚ। ਇਸੇ ਜ਼ਿਲ੍ਹੇ ਦੇ ਪਿੰਡ ਪੱਧਰੀ ਦੇ ਗੋਪਾਲ ਸਿੰਘ ਦੇ ਨਾਲ ਬੀਬੀ ਸਾਹਿਬ ਕੌਰ ਦੀ ਸ਼ਾਦੀ ਹੋ ਗਈ। ਗੋਪਾਲ ਸਿੰਘ, ਲਾਹੌਰ ਦਰਬਾਰ ਦੀ ਖਾਲਸਾ ਸੈਨਾ ਵਿੱਚ ਘੋੜਚੜ੍ਹੇ ਸਨ। ਇਸ ਜੋੜੀ ਦੇ ਘਰ ਤਿੰਨ ਪੁੱਤਰ, ਕ੍ਰਮਵਾਰ-ਗੁਲਾਬ ਸਿੰਘ, ਲਾਲ ਸਿੰਘ ਤੇ ਨਰਾਇਣ ਸਿੰਘ ਅਤੇ ਇੱਕ ਪੁੱਤਰੀ ਬੀਬੀ ਹਰਨਾਮ ਕੌਰ ਪੈਦਾ ਹੋਏ ਸਨ।[1]

ਮਾਈ ਸਾਹਿਬੋ ਬਚਪਨ ਤੋਂ ਹੀ ਨਿਰਮਲੇ ਸਾਧੂਆਂ ਦੀ ਸੰਗਤ ਕਰਦੀ ਆਈ ਸੀ। ਉਹ ਵੇਦਾਂਤ ਦਰਸ਼ਨ ਤੋਂ ਪ੍ਰਭਾਵਿਤ ਸੀ ਅਤੇ ਓਅੰ ਸੋਹੰ ਦਾ ਜਾਪ ਕਰਿਆ ਕਰਦੀ ਸੀ।ਉਸ ਦਾ ਪਤੀ ਗੋਪਾਲ ਸਿੰਘ ਲਾਹੌਰ ਦਰਬਾਰ ਟੁੱਟਣ ਤੋਂ ਬਾਅਦ, ਕਾਂਗੜਾ ਪਹਾੜ ਵਿੱਚ ਨੌਕਰੀ ਕਰਦਾ ਰਿਹਾ। ਸਤਿਗੁਰੂ ਰਾਮ ਸਿੰਘ ਜੀ ਦਾ ਸੈਨਿਕ ਜੀਵਨ ਸਮੇਂ ਦਾ ਵੱਡਾ ਸਾਥੀ, ਬਾਬਾ ਕਾਹਨ ਸਿੰਘ ਚੱਕ ਵਾਲਾ, ਸਿੱਖ ਅੰਗਰੇਜ਼ ਜੰਗਾਂ ਤੋਂ ਬਾਅਦ ਹੁਸ਼ਿਆਰਪੁਰ ਦੀਆਂ ਪਹਾੜੀਆਂ ਵੱਲ ਨਿਕਲ ਆਇਆ ਸੀ। ਵੈਸਾਖੀ 1857 ਨੂੰ ਉਹ ਸੰਤ ਖਾਲਸੇ ਵਿੱਚ ਸ਼ਾਮਲ ਹੋਣ ਵਾਲੇ ਪਹਿਲੇ ਪੰਜ ਸਿੰਘਾਂ ਵਿੱਚੋਂ ਵੀ ਸੀ ਅਤੇ ਬਾਅਦ ਵਿੱਚ ਸਤਿਗੁਰੂ ਜੀ ਦਾ ਥਾਪਿਆ ਪਹਿਲੇ ਪੰਜਾਂ ਵਿੱਚੋਂ ਇੱਕ ਸੂਬਾ ਵੀ ਸੀ। ਉਸ ਤੋਂ ਪ੍ਰਭਾਵਿਤ ਹੋ ਕੇ ਗੋਪਾਲ ਸਿੰਘ ਦਾ ਕੂਕਾ ਬਣਨਾ ਅਤੇ ਫਿਰ ਪਤੀ ਦੇਵ ਦੀ ਪ੍ਰੇਰਨਾ ਨਾਲ ਮਾਤਾ ਸਾਹਿਬ ਕੌਰ ਦਾ ਸਤਿਗੁਰੂ ਜੀ ਦੀ ਸ਼ਰਨ ਵਿੱਚ ਪੁੱਜਣਾ, ਇਹ ਸਭ ਆਪਣੇ ਰੌਚਕ ਅੰਦਾਜ਼ ਵਿੱਚ, ਸਾਡੇ

ਪਹਿਲੇ ਇਤਿਹਾਸ ਲੇਖਕ ਕਾਨੀਬੱਧ ਕਰ ਗਏ ਹਨ।

"ਜੁੱਧ ਹੋਣੇ ਦੇ ਪਾਛੇ ਬਾਬਾ ਕਾਹਨ ਸਿੰਘ ਚੱਕ ਦਾ ਵੈਰਾਗੀ ਹੋ ਕੇ ਮਲੋਟ ਪਹਾੜ ਮੇਂ ਜਾਇ ਬੰਦਗੀ ਕਰਨੇ ਲਗਾ ਸੀ। ਫੇਰ ਕਾਂਗੜੇ ਕੇ ਪਹਾੜ ਮੈਂ ਗਿਆ। ਉੱਥੇ ਪੰਜਾਬ ਕੇ ਸਿੱਖ ਨੌਕਰ ਥੇ, ਸੋ ਸੇਵਾ ਕਰਨੇ ਲਗੇ। ਏਕ ਸਿੱਖ ਪੱਧਰੀ ਕਾ ਥਾ। ਉਸਨੇ ਘਰ ਲਿਖ ਭੇਜਿਆ, ਇਕ ਸੰਤ ਹੈਂ ਬੜੀ ਬੰਦਗੀ ਕਰਦੇ ਹੈਂ। ਉਨ੍ਹਾਂ ਦਾ ਚਿਹਨ ਚੱਕਰ ਭੀ ਲਿਖ ਭੇਜਿਆ। ਕਈ ਬਰਸ ਪਹਾੜ ਮੈਂ ਰਹਿਕੇ ਬਾਬਾ ਕਾਹਨ ਸਿੰਘ ਫੇਰ ਪੰਜਾਬ ਮੈਂ ਆਇਆ। ਇੱਕ ਫੇਰੀਂ ਪੱਧਰੀ ਜਾਇ ਰਹੇ। ਓਸ ਸਿੱਖ ਦੀ ਸਿੱਖਣੀ ਨੇ ਸਿੰਞਾਣ ਲਏ ਕਿ ਇਹ ਉਹੀ ਬੰਦਗੀ ਕਰਨੇ ਵਾਲੇ ਸਿੰਘ ਹੈਂ। ਸੁਣਕੇ ਉਸਨੇ ਘਰ ਲੈ ਆਂਦੇ। ਸੇਵਾ ਟਹਿਲ ਬੜੇ ਪ੍ਰੇਮ ਨਾਲ ਕੀਤੀ। ਮਾਈ ਨੇ ਕਹਾ ਕਿ ਸਾਨੂੰ ਭਜਨ ਮਿਲੇ। ਬਾਬੇ ਕਾਹਨ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਕਾ ਨਾਮ ਦੱਸਿਆ ਤੇ ਕਹਾ ਰਾਮ ਦਾਸ ਪੁਰੇ ਸਾਹਿਬ ਜਾ ਕੇ ਭਜਨ ਲੈ ਲਓ। ਉਨ੍ਹਾਂ ਨੂੰ ਹੁਕਮ ਹੈ ਭਜਨ ਦੇਣ ਦਾ, ਸਾਨੂੰ ਹੁਕਮ ਨਹੀਂ ਹੈ।

"ਬਾਬਾ ਕਾਹਨ ਸਿੰਘ ਪਤਾ ਦੇ ਕੇ ਚਲਾ ਗਿਆ।ਮਾਈ ਗੰਗਾ ਨੂੰ ਤੁਰੀ। ਨਾਲ ਏਕ ਤਰਖਾਣ ਸਿੰਘ ਸੀ। ਜਾਂ ਰਾਮਦਾਸ ਪੁਰੇ ਕੇ ਬਰਾਬਰ ਆਏ ਤਾਂ ਦੋਨੋਂ ਰਾਮਦਾਸ ਪੁਰੇ ਸਾਹਿਬ ਆਏ। ਅੰਤਰਜਾਮੀ ਸਤਿਗੁਰੂ ਜੀ ਆਗੇ ਆਇ ਖੜੇ ਹੋਏ ਦਰਵਾਜੇ ਮੈ। ਦਰਸ਼ਨ ਕੀਤਾ, ਚਰਨਾਂ ਤੇ ਮੱਥਾ ਟੇਕਿਆ। ਹਾਥ ਜੋੜ ਕਰ ਬੇਨਤੀ ਕੀਤੀ ਜੀ ਸਾਨੂੰ ਭਜਨ ਮਿਲੇ। ਬਚਨ ਹੋਇਆ- ਤੁਹਾਨੂੰ ਕਿਵੇਂ ਖ਼ਬਰ ਹੋਈ? ਮਾਈ ਸਾਹਬੋ ਨੇ ਕਹਾ ਜੀ ਜੋ ਬਾਬਾ ਕਾਹਨ ਸਿੰਘ ਚੱਕ ਦਾ ਹੈ, ਜੋ ਨੌਕਰੀ ਮੈ ਨਾਲ ਸੀ ਤੁਸਾਂ ਦੇ, ਉਨ੍ਹਾਂ ਕਹਾ ਸੀ ਕਿ ਮੈਨੂੰ ਤਾਂ ਹੁਕਮ ਨਹੀਂ ਹੈ। ਲੁਧਿਆਣੇ ਸੇ ਦਸ ਕੋਸ ਪਰ ਭੈਣੀ ਸਾਹਿਬ ਮੈਂ ਸਤਿਗੁਰੂ ਰਾਮ ਸਿੰਘ ਜੀ ਭਜਨ ਦੇਂਦੇ ਹੈਂ। ਤਾਂ ਜੀ ਅਸੀਂ ਆਏ ਹੈਂ। ਸਾਨੂੰ ਨਾਮ ਦਾ ਗੱਫਾ ਬਖਸ਼ੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤਿੰਨ ਦਿਨ ਏਥੇ ਰਹੋ ਤਾਂ ਭਜਨ ਦੇਵਾਂਗੇ। ਉਨ੍ਹਾਂ ਕਹਾ ਜੀ ਗੰਗਾ ਕਾ ਸੰਗ ਜਾਂਦਾ ਹੈ, ਫੇਰ ਸਾਨੂੰ ਇਕੱਲਿਆਂ ਨੂੰ ਜਾਣਾ ਔਖਾ ਹੋਊਗਾ। ਬਚਨ ਕੀਤਾ- ਕੇਸੀਂ ਜਲ ਪਾਇਕੈ ਇਸ਼ਨਾਨ ਕਰ ਆਵੋ ਤਾਂ ਭਜਨ ਮਿਲੇਗਾ। ਉਨ੍ਹਾਂ ਕਿਹਾ ਕਿ ਸਾਡੇ ਬ੍ਰਾਹਮਣਾਂ ਕੋ ਪ੍ਰਸ਼ਾਦ ਛਕਾਏ ਬਿਨਾਂ ਸਿਰ ਪਾਣੀ ਨਹੀਂ ਪਾਉਣ ਦਿੰਦੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਜੇਕਰ ਕੇਸੀਂ ਪਾਣੀ ਨਹੀਂ ਪਾਉਂਦੇ ਤਾਂ ਅਸੀਂ ਭਜਨ ਨਹੀਂ ਦਿੰਦੇ। ਸੁਣਕੇ ਬਚਨ ਕੇਸੀਂ ਇਸ਼ਨਾਨ ਕਰ ਆਏ। ਭਜਨ ਦੇ ਦਿੱਤਾ। ਬਚਨ ਕੀਤਾ ਕਿਸੇ ਨੂੰ ਦੱਸਣਾ ਨਹੀਂ। ਖੁਸ਼ੀ ਲੈ ਕੇ ਗੰਗਾ ਕੇ ਸੰਗ ਮੇਂ ਜਾਇ ਰਲੇ। ਉਨ੍ਹਾਂ ਲੋਕਾਂ ਨੇ ਪੁੱਛਿਆ, ਤੁਹਾਨੂੰ ਕੀ ਦੱਸਿਆ ਹੈ? ਮਾਈ ਸਾਹਿਬੋ ਨੇ ਕਹਾ ਕਿ ਕੋਈ ਚੰਗੀ ਗੱਲ ਹੀ ਦੱਸੀ ਹੈ।

ਦੱਸਿਆ ਤਾਂ ਨਾ ਪਰ ਨਿਸ਼ਚਾ ਨਾ ਟਿਕਿਆ, ਕਿਉਂਕਿ ਅੱਗੇ ਸੋਹੰ ਦਾ ਭਜਨ ਕਰਦੀ ਸੀ। "[2]

ਬਾਬੇ ਕਾਹਨ ਸਿੰਘ ਹੋਰਾਂ ਜੋ ਕਿਹਾ ਹੈ ਮੈਨੂੰ ਹੁਕਮ ਨਹੀਂ ਭਜਨ ਦੇਣ ਦਾ ਉਹ ਹੁਕਮ ਗੁਰੂ ਬਾਲਕ ਸਿੰਘ ਜੀ ਦਾ ਸੀ। 1841 ਈ. ਸਮੇਂ ਜਦੋਂ ਆਪ ਜੀ ਨੇ ਗੁਰਤਾ ਦੀ ਦਾਤ ਬਖਸ਼ ਕੇ ਨਾਮ ਦੇ ਖਜ਼ਾਨੇ ਦੀਆਂ ਚਾਬੀਆਂ, ਸਤਿਗੁਰੂ ਰਾਮ ਸਿੰਘ ਜੀ ਨੂੰ ਸਉਂਪ ਦਿੱਤੀਆਂ ਸਨ। ਜਿਹੜਾ ਰਾਮਗੜ੍ਹੀਆ ਸਿੰਘ ਮਾਤਾ ਦੇ ਨਾਲ ਪਿੰਡੋਂ ਤੁਰਿਆ ਸੀ, ਉਸਦਾ ਨਾਮ ਜੱਸਾ ਸਿੰਘ ਸੀ। ਸੋ ਭੈਣੀ ਸਾਹਿਬ ਮਾਤਾ ਸਾਹਿਬ ਕੌਰ ਚੇਤ ਬਿਕ੍ਰਮੀ 1914 ਮੁਤਾਬਿਕ ਮਾਰਚ ਅਪਰੈਲ 1857 ਈ. ਵਿੱਚ ਆ ਕੇ ਨਾਮ ਦੀ ਦਾਤ ਪ੍ਰਾਪਤ ਕਰਦੀ ਹੈ। ਪਰ ਪਹਿਲੇ ਸੰਸਕਾਰਾਂ ਦੇ ਵੱਸ ਪਏ ਮਨ ਦੇ ਵਿਸਵਿਸੇ ਅਜੇ ਪੂਰੀ ਤਰ੍ਹਾਂ ਦੂਰ ਨਹੀਂ ਹੋ ਰਹੇ, ਇਸ ਲਈ ਗੰਗਾ ਤੇ ਵਾਪਰੇ ਕਉਤਕ ਤੋਂ ਬਾਅਦ ਹੀ ਮਾਈ ਨੂੰ ਆਪਣੇ ਚੁੰਚ ਗਿਆਨ ਤੋਂ ਨਜ਼ਾਤ ਮਿਲਣੀ ਸੀ ਤੇ ਅਤੇ ਸਤਿਗੁਰੂ ਜੀ ਦਾ ਵਾਸਾ ਉਸ ਦੇ ਹਿਰਦੇ ਵਿੱਚ ਹੋਣਾ ਸੀ। ਭੈਣੀ ਸਾਹਿਬ ਤੋਂ ਭਜਨ ਲੈ ਕੇ ਮਾਈ ਉਸੇ ਦਿਨ ਆਪਣੇ ਸੰਗ ਨਾਲ ਗੰਗਾ ਨੂੰ ਚੱਲ ਪਈ। ਸਤਿਗੁਰੂ ਜੀ ਨੇ ਇਸ ਤੋਂ ਚੌਥੇ ਸਾਲ ਆਪਣੇ ਜਥੇ ਅਤੇ ਮਾਈਆਂ ਭਾਈਆਂ ਦੇ ਵੱਡੇ ਵਹੀਰ ਸਾਥ ਗੰਗਾ ਨੂੰ ਚਾਲੇ ਪਾਏ। ਬਾਹੋਵਾਲ ਜੀ ਦੇ ਮੁਤਾਬਿਕ ਸੰਤ ਖਾਲਸਾ ਸਾਜਣ ਤੋਂ ਪਹਿਲਾਂ ਵੀ ਸਿੰਘ ਸਤਿਗੁਰੂ ਜੀ ਪਾਸ ਨਾਮ ਦੀ ਦਾਤ ਲੈਣ ਲਈ ਆਉਣੇ ਸ਼ੁਰੂ ਹੋ ਗਏ ਸਨ। ਖਾਸ ਕਰਕੇ ਜਿਹੜੇ ਸਿੰਘ ਹਜਰੋਂ ਸਾਹਿਬ ਵਿਖੇ ਗੁਰੂ ਬਾਲਕ ਸਿੰਘ ਜੀ ਦੀ ਸਰਨ ਵਿੱਚ ਜਾਂਦੇ ਸਨ, ਉਹਨਾਂ ਨੂੰ ਆਪ ਅਵੱਸ਼ ਹੀ ਭੈਣੀ ਸਾਹਿਬ ਦੇ ਰਾਹੇ ਤੋਰ ਦਿੰਦੇ ਸਨ ਕਿ ਸਮੇਂ ਦੇ ਸੁਆਮੀ ਹੁਣ ਉੱਥੇ ਬਿਰਾਜਮਾਨ ਹਨ। ਸੰਤ ਖਾਲਸਾ ਸਾਜਣ ਤੋਂ ਬਾਅਦ ਪਹਿਲੀ ਦੀਵਾਲੀ ਤੇ ਸਤਿਗੁਰੂ ਜੀ ਅੰਮ੍ਰਿਤਸਰ ਜਾਂਦੇ ਹਨ। ਆਪ ਦੀ ਸੋਅ ਸੁਣਕੇ ਸੰਗਤ ਇੱਥੇ ਦਰਸ਼ਨਾਂ ਨੂੰ ਆਉਂਦੀ ਹੈ।

"ਅੱਗੇ ਦੀਪਮਾਲਾ ਆਈ। ਸ੍ਰੀ ਸਤਿਗੁਰੂ ਜੀ ਸੁਧਾਸਰ ਹੀ ਗਏ।ਜਿਨ੍ਹਾਂ ਲੋਕਾਂ ਦੇ ਭਜਨ ਲਏ ਹੋਏ ਸਨ ਸੋ ਸਭ ਆਏ। ਦਰਸ਼ਨ ਕੀਤਾ, ਸੀਸ ਨਿਵਾਇਆ। ਸਾਂਤਿ ਆਇ ਗਈ। ਦਰਸ਼ਨ ਕਰਕੇ ਮਨ ਮੋਹਿਆ ਜਾਂਦਾ ਹੈ। ਦਿਲ ਦੀ ਭਾਵਨਾ ਪੂਰੀ ਹੋ ਜਾਂਦੀ ਹੈ। ਪੱਧਰੀ ਵਾਲੀ ਮਾਈ ਤੇ ਕਾਰੀਗਰ ਸਿੰਘ ਵੀ ਆਇਆ। ਗੁਰੂ ਅੰਤਰਜਾਮੀ ਜੀ ਬਚਨ ਕੀਤਾ- ਆਇ ਗਈ ਹੈਂ ਪੂੰਜੀ ਝੜਵਾ (ਲੁਟਾ) ਕੇ। ਬਚਨ ਕੀਤਾ ਤੇਰਾ ਨਿਸ਼ਚਾ ਨਹੀਂ ਟਿਕਿਆ, ਤੈਂ ਭਜਨ ਨਹੀਂ ਕੀਤਾ। ਸੋਹੰ ਪਿਛਲੇ ਜੁਗਾਂ ਕਾ ਹੈ। ਕਲਜੁਗ ਦਾ ਏਹ ਚਾਰ ਅੱਖਰਾ ਭਜਨ ਮਨਜ਼ੂਰ ਹੈ। ਮਾਈ ਨੇ ਸੋਹੰ ਕਾ ਭਜਨ ਛੱਡਿਆ ਤੇ ਚਾਰ ਅੱਖਰੇ ਭਜਨ ਪਰ ਨਿਸ਼ਚਾ ਹੋਇਆ। ਚਾਰ

ਅੱਖਰ ਕਾ ਜਾਪ ਲੱਗੀ ਕਰਨ। ਕਾਰੀਗਰ (ਜੱਸਾ) ਸਿੰਘ ਨੇ ਸਮਝਿਆ ਕਿ ਭਜਨ ਕਿਸੇ ਨੂੰ ਦੱਸਿਆਂ ਮੇਰੇ ਪਾਸ ਪੂੰਜੀ ਨਾ ਰਹੀ।ਅੰਤਰਜਾਮੀ ਗੁਰੂ ਜੀ ਨੇ ਦੱਸਣ ਵਿੱਚ ਫਰਕ ਨਹੀਂ ਰੱਖਿਆ। ਜੇ ਮੈਨੂੰ ਫੇਰ ਭਜਨ ਮਿਲੇ ਤਾਂ ਅੱਛੀ ਬਾਤ ਹੈ। ਹੱਥ ਜੋੜ ਕੇ, ਖੜਾ ਹੋ ਕੇ ਅਰਜ਼ ਕੀਤੀ- ਜੀ ਮੈਨੂੰ ਫੇਰ ਭਜਨ ਮਿਲੇ। ਸਤਿਗੁਰੂ ਜੀ ਚੁੱਪ ਕਰ ਰਹੇ। ਦੋ ਦਿਨ ਹੱਥ ਜੋੜ ਕੇ ਖਲੋਤਾ ਰਿਹਾ, ਫੇਰ ਭਜਨ ਦੇ ਦਿੱਤਾ ਗੁਰੂ ਜੀ ਨੇ ਦੀਪਮਾਲਾ ਹੋਈ। ਖੁਸ਼ੀਆਂ ਲੈ ਕੇ ਘਰਾਂ ਕੋ ਗਏ ਸਭ ਸਿਖ।"[3]

ਆਪਣੇ ਗਿਆਨ ਅਭਿਮਾਨ ਦੇ ਕਾਰਨ ਬੀਬੀ ਸਾਹਿਬੋ ਦੀ ਬਿਰਤੀ ਅਜੇ ਸਤਿਗੁਰੂ ਦੁਆਰਾ ਦਿੱਤੇ, ਚੌਅੱਖਰੇ ਭਜਨ ਵਿੱਚ ਪੂਰੀ ਤਰ੍ਹਾਂ ਨਹੀਂ ਸੀ ਟਿਕ ਰਹੀ, ਇਸ ਲਈ ਉਸ ਦੀ ਸੂਰਤ ਵਿੱਚ ਚਲ ਰਹੀ ਕਸ਼ਮਕਸ਼-ਵੇਦਾਂਤ ਵੱਡਾ ਹੈ ਕਿ ਗੁਰਮਤਿ, ਇਸ ਦੇ ਨਿਪਟਾਰੇ ਲਈ ਕੁਝ ਹੋਰ ਅਲੌਕਿਕ ਬਿਰਤਾਂਤ, ਸਾਡਾ ਇਤਿਹਾਸਕਾਰ ਆਪਣੀ ਸਾਖੀ-ਸ਼ੈਲੀ ਵਿੱਚ ਉਸਾਰਦਾ ਹੈ। ਇਹ ਬਿਰਤਾਂਤ ਬੀਬੀ ਸਾਹਿਬੋ ਦੀ ਪਹਿਲੀ ਭੈਣੀ ਸਾਹਿਬ ਫੇਰੀ ਤੋਂ ਵੀ ਪਹਿਲਾਂ ਦਾ ਮਾਲੂਮ ਹੁੰਦਾ ਹੈ।

"ਏਕ ਦਿਨ ਅੰਮ੍ਰਿਤ ਵੇਲੇ ਸਾਹਿਬੋ ਚੱਕੀ ਪੀਂਹਦੀ ਸੀ ਨਾਲੇ ਭਜਨ ਕਰਦੀ ਸੀ। ਪਹਿਲੇ ਤਾਂ ਗੁਰੂ ਨਾਨਕ ਜੀ ਦਾ ਦਰਸ਼ਨ ਹੋਇਆ, ਫੇਰ ਯਾਰਾਂ ਪਾਤਸ਼ਾਹੀਆਂ ਕਾ ਦਰਸ਼ਨ ਹੋਇਆ। ਫੇਰ ਸ੍ਰੀ ਸਤਿਗੁਰੂ ਬਾਰ੍ਹਵੇਂ ਜੀ ਕਾ ਦਰਸ਼ਨ ਹੋਇਆ (ਸਾਂਵਲ ਸ਼ਾਹ ਦੇ ਰੂਪ ਵਿੱਚ)। ਪੁੱਛਣੇ ਲਗੀ-ਜੀ ਮੈਂ ਇਹ ਪੁੱਛਦੀ ਹਾਂ ਕਿ ਇਹ ਯਾਰਾਂ ਪਾਤਸ਼ਾਹੀਆਂ ਦੀਆਂ ਮੂਰਤੀਆਂ ਹੈਂ ਤੇ ਏਹ ਕਿਸ ਦੀ ਮੂਰਤੀ ਹੈ? ਅਵਾਜ਼ ਆਈ ਏਹ ਮੂਰਤੀ ਉਹ ਹੈ ਜਿਸ ਨਰਸੀ ਭਗਤ ਕੀ ਹੁੰਡੀ ਤਾਰੀ ਸੀ। ਅਵਾਜ਼ਾ ਹੋਇਆ ਕਿ ਸਵਾ ਰੁਪਏ ਕਾ ਕੜਾਹ ਪ੍ਰਸਾਦ ਕਰਾਵੋ ਮੇਰੇ ਦਰਸ਼ਨ ਕੀ ਭੇਟਾ। ਮਾਈ ਕੀ ਉੱਚੀ ਦੇ ਚੀਕ ਨਿਕਲ ਗਈ, ਬੇਸੁੱਧ ਹੋ ਕੇ ਡਿੱਗ ਪਈ। ਆਸੇ ਪਾਸੇ ਦੀਆਂ ਮਾਈਆਂ ਬੀਬੀਆਂ ਸੁਣ ਸੁਣ ਕੇ ਇਕੱਠੀਆਂ ਹੋਈਆਂ।ਜਾਂ ਮਾਈ ਸਾਹਿਬੋ ਨੂੰ ਸੁਰਤ ਆਈ ਤਾਂ ਪਾਸ ਹੀ ਇੱਕ ਕੋਹ ਤੇ ਗ੍ਰਾਮ ਹੈ, ਨੌਕਰੀ ਵਕਤ ਕੇ ਸਿੰਘ ਸ੍ਰੀ ਸਤਿਗੁਰੂ ਜੀ ਕੇ ਨਾਲ ਕੇ ਸਨ, ਉੱਥੇ ਉਨ੍ਹਾਂ ਕੇ ਪਾਸ ਗਈ। ਕਹਿਣੇ ਲਗੀ ਮੈਂ ਸਵਾ ਰੁਪੈ ਕਾ ਕੜਾਹ ਪ੍ਰਸਾਦ ਕਰਵਾਉਣਾ ਹੈ। ਸਾਧੂ ਸਾਂਵਲ ਸ਼ਾਹ ਭੀ ਆਇਆ ਹੈ ਮੈਨੂੰ ਦਰਸ਼ਨ ਕਰਵਾਓ ਉਸਦਾ। ਸਿੰਘਾ ਕਿਹਾ ਤੂੰ ਭੈਣੀ ਸਾਹਿਬ (ਰਾਮਦਾਸ ਪੂਰੇ) ਨੂੰ ਜਾਹ, ਉਧਰ ਨੂੰ ਗਿਆ ਹੈ। ਉਸੀ ਵਕਤ ਮਾਈ ਰਾਮਦਾਸ ਪੁਰੇ ਮੈ ਆਈ, ਦਰਸ਼ਨ ਕੀਤਾ। ਜੋ ਸਾਂਵਲ ਸ਼ਾਹ ਵਾਲਾ ਰੂਪ ਸੀ ਮਾਈ ਸਾਹਬੋ ਨੂੰ ਦਿਖਾਇਆ। ਦੇਖ ਕੇ ਕਹਿਣ ਲਗੀ ਉਹੀ ਸਰੂਪ ਹੈ ਜੇਹੜਾ ਸੁਪਨੇ ਵਿੱਚ ਦੇਖਿਆ ਸੀ। ਨਿਸਚਾ ਹੋਇਆ।"[4]

ਸੰਨ 1861 ਈ. ਦੇ ਮਾਰਚ ਅਪਰੈਲ ਵਿੱਚ ਸਤਿਗੁਰੂ ਰਾਮ ਸਿੰਘ ਜੀ ਕਰਮ ਕਾਂਡਾਂ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕਰਨ ਲਈ, ਸਵਾ ਕੁ ਸੌ ਸਿੰਘਾਂ ਸਮੇਤ ਸ੍ਰੀ ਭੈਣੀ ਸਾਹਿਬ ਤੋਂ ਗੰਗਾ ਹਰਦੁਆਰ, ਅਰਧ ਕੁੰਭੀ ਸਮੇਂ ਆਪਣੇ ਮਿਸ਼ਨ ਦਾ ਪਰਚਾਰ ਕਰਨ ਲਈ ਪਿਤਾ, ਮਾਤਾ, ਦੋਵੇਂ ਪੁੱਤਰੀਆਂ, ਛੋਟੇ ਭਰਾ ਭਾਈ ਬੁੱਧ ਸਿੰਘ, ਮਹਿਲ ਮਾਤਾ ਜੱਸਾਂ, ਹੋਰ ਨਾਨਕ ਦਾਦਕ ਦੇ ਨੇੜਲੇ ਰਿਸ਼ਤੇਦਾਰਾਂ ਅਤੇ ਦੜਪ ਤੱਕ ਦੀ ਚੁਨਿੰਦਾ ਸੰਗਤ ਸਮੇਤ ਚੱਲੇ ਸਨ। ਤੁਰਦਿਆਂ ਹੀ ਪਿੰਡ ਦੇ ਚੌਕੀਦਾਰ ਨੂੰ ਸੋਧਾ ਲਾ ਕੇ ਦੱਸ ਦਿੱਤਾ ਕਿ ਸਾਡੀ ਯਾਤਰਾ ਦੀ ਖ਼ਬਰ ਸਰਕਾਰ ਤੱਕ ਛੇਤੀ ਪੁੱਜ ਜਾਵੇ ਅਤੇ ਕੋਈ ਵੀ ਮਨਮਤੀਆ, ਸਾਡੀ ਮਰਿਆਦਾ ਤੋਂ ਉਲਟ ਕਾਰਵਾਈ ਰਸਤੇ ਵਿੱਚ ਨਾ ਕਰੇ। ਭਾਈ ਨੈਣਾ ਸਿੰਘ ਵਰਿਆਂਹ ਨੂੰ ਲੱਤ ਤੇ ਸਫਾਜੰਗ ਮਾਰ ਕੇ ਖੰਨੇ ਦੇ ਪੜਾਅ ਤੇ ਫੱਟੜ ਕੀਤਾ। ਪਰ ਉਸ ਨੂੰ ਆਤਮਕ ਬਲ ਵੀ ਬਖਸ਼ ਦਿੱਤਾ, ਉਹ ਪੈਦਲ ਹੀ ਸੰਗ ਨਾਲ ਤੁਰਦਾ ਰਿਹਾ। ਭਵਿੱਖਤ ਵਾਕ ਕਰਦੇ ਗੁਰੂ ਜੀ ਗਏ ਕਿ ਰੂਸਾਂ ਦੀ ਮੱਦਦ ਲਵਾਂਗੇ ਫਰੰਗੀਆਂ ਨੂੰ ਦੇਸੋਂ ਕੱਢਣ ਲਈ। ਲਾਲ ਟੋਪੀ ਪਾਈ ਜਾਂਦਾ ਸਰਕਾਰੀ ਡਾਕ ਲੈ ਜਾ ਰਿਹਾ ਹਰਕਾਰਾ, ਰਾਹ ਵਿੱਚ ਮਿਲਿਆ। ਉਸ ਦੀ ਟੋਪੀ ਦੀ ਚੀਰ ਫਾੜ ਕਰਕੇ ਕਿਹਾ ਕਿ ਅਸਾਂ ਸਰਕਾਰੀ ਡਾਕ ਨਹੀਂ ਜਾਣ ਦੇਣੀ। ਇਸ ਦੌਰੇ ਸਮੇਂ ਸੁੱਧ ਸਿੰਘ, ਕਾਹਨ ਸਿੰਘ, ਜਵਾਹਰ ਸਿੰਘ, ਸਾਹਿਬ ਸਿੰਘ, ਸਮੁੰਦ ਸਿੰਘ ਅਤੇ ਗੋਪਾਲ ਸਿੰਘ ਆਦਿ ਉਹ ਸਿੰਘ ਵੀ ਸ਼ਾਮਲ ਹੋਏ, ਜਿਨ੍ਹਾਂ ਨੂੰ ਅਗਲੇ ਤਿੰਨਾਂ ਕੁ ਸਾਲਾਂ ਤੱਕ, ਆਪਨੇ ਨਾਮਧਾਰੀ ਸੰਗਤ ਵਾਸਤੇ ਸੂਬਾ ਥਾਪਿਆ ਸੀ।

ਗੰਗਾ ਤੇ ਗਏ ਤਾਂ ਇੱਕ ਗਰੀਬ ਬਿਰਧ ਮਾਤਾ, ਇੱਕ ਝੁੱਗੀ ਵਿੱਚ ਚੱਕੀ ਪੀਂਹਦੀ ਦਿਸੀ।ਉਸ ਨੂੰ ਗੁਰੂ ਜੀ ਨੇ ਇੱਕ ਰੁਪੈਆ ਦੇ ਕੇ, ਸੰਗਤ ਨੂੰ ਵੀ ਯਥਾ ਜੋਗ ਭੇਟਾ ਕਰਨ ਲਈ ਕਿਹਾ। ਆਪ ਨੇ ਫੁਰਮਾਇਆ ਕਿ ਇਹੋ ਗੰਗਾ ਮਾਈ ਹੈ। ਸਤਿਗੁਰੂ ਜੀ ਦਾ ਭਾਵ ਸੀ ਕਿ ਦਰਿਆ ਵਿੱਚ ਸਿੱਕੇ ਸਿੱਟਣੇ ਜਾਂ ਕਿਨਾਰੇ ਬੈਠੇ ਪਾਂਡਿਆਂ ਦੀ ਪੂਜਾ ਕਰਨ ਨਾਲੋਂ, ਗਰੀਬਾਂ ਲੋੜਵੰਦਾਂ ਦੀ ਸਹਾਇਤਾ ਕਰਨੀ ਹੀ ਉੱਤਮ ਕਾਰਜ ਹੈ। ਲੋਹਟਬੱਦੀ (ਸੰਗਰੂਰ) ਦੀ ਨਿਰਮਲਿਆਂ ਦੀ ਉਪਾਸ਼ਕ ਮਾਈ ਸੁੱਖਾਂ ਵੀ ਇਸ ਸਮੇਂ ਆਪ ਦੇ ਲੜ ਲੱਗ ਕੇ ਗੁਰੂ ਵਾਲੀ ਬਣੀ। ਹਜਰੋਂ ਸਾਹਿਬ ਤੋਂ ਆਈ ਸੰਗਤ ਨੂੰ ਲੰਗਰ ਛਕਾ ਕੇ, ਗੁਰੂ ਬਾਲਕ ਸਿੰਘ ਜੀ ਦੀ ਸੰਗਤ ਦੇ ਅਦਬ ਵਜੋਂ, ਉਹਨਾਂ ਦੇ ਜੂਠੇ ਬਰਤਨ ਆਪ ਜੀ ਨੇ ਖੁਦ ਸਾਫ ਕਰਕੇ, ਸਿੱਖੀ ਵਿੱਚ ਸੇਵਾ ਦੇ ਸਥਾਨ ਦਾ ਦਰਜਾ ਬੁਲੰਦ ਕੀਤਾ। ਇਸ ਸਮੇਂ ਸਤਿਗੁਰੂ ਜੀ ਸੰਗਤ ਵਿੱਚੋਂ ਕਈਆਂ ਨਾਲ ਕੁੱਟ ਮਾਰ ਦਾ ਸਾਂਗ ਵੀ ਵਰਤਾਉਂਦੇ ਸਨ, ਇੱਥੋਂ ਤੱਕ ਕਿ ਪਰਿਵਾਰ ਦੇ ਵੱਡੇ ਛੋਟੇ ਸਾਰੇ ਜੀਅ, ਆਪ ਦੀ ਇਸ

ਮਸਤੀ ਭਰੀ ਕਾਰ ਦੇ ਨਿਸ਼ਾਨੇ ਉੱਪਰ ਰਹਿੰਦੇ ਸਨ। ਦੁਨਿਆਵੀ ਲੋਕ ਭੈਅ ਮੰਨਦੇ ਸਨ ਪਰ ਸੂਖਮ ਬਿਰਤੀ ਵਾਲੇ ਆਪ ਦੀ ਹਰ ਰਜ਼ਾ ਅੱਗੇ ਸਿਰ ਝੁਕਾਅ ਕੇ ਸਾਬਤ ਕਦਮ ਰਹਿੰਦੇ ਸਨ। ਆਪ ਜੀ ਦੇ ਇਹ ਕੌਤਕ ਵੇਖ ਕੇ-"ਹਜਰੋਂ ਸਾਹਿਬ ਵਾਲੀ ਸੰਗਤ ਰੋਇ ਪਿਆ ਕਰੇ ਤੇ ਕੈਹਣ ਧੰਨ ਸਿੱਖੀ ਹੈ ਬਾਬੇ ਕੀ। ਸਿੱਖੀ ਕੀ ਨੀਂਹ ਰੱਖੀ ਹੋਈ ਹੈ। ਮੈਂ ਵਾਰੀ ਵਾਰੀ ਜਾਵਾਂ ਐਸੀ ਸੰਗਤ ਦੇ।" ਬਚਨ ਕਰਦੇ ਸਨ ਕਿ ਕਉਡੀ ਜਿਤਨੀ ਮਾਇਆ ਵੀ ਕਿਸੇ ਪਾਸ ਵੱਖਰੀ ਨਹੀਂ ਰਹਿਣ ਦੇਣੀ। ਸਾਰੀ ਇੱਕ ਥਾਂ ਇਕੱਠੀ ਕਰਕੇ ਲੰਗਰ ਲਾ ਦਿਆਂਗੇ। ਜਿਹੜਾ ਵੀ ਲੋੜਵੰਦ ਆਵੇ ਛਕੇ ਅਤੇ ਨਿਹਾਲ ਹੋਵੇ।

ਇਸ ਗੰਗਾ ਯਾਤਰਾ ਸਮੇਂ ਮਾਤਾ ਸਾਹਿਬ ਕੌਰ ਪੱਧਰੀ ਵਾਲੀ ਵੀ ਪੁੱਜੀ ਹੋਈ ਸੀ। ਜਦੋਂ ਸਤਿਗੁਰੂ ਜੀ ਮਸਤੀ ਵਿੱਚ ਹੋ ਕੇ ਹੋਰ ਸਰੀਰਾਂ ਨਾਲ ਕੁੱਟ ਮਾਰ ਕਰਦੇ ਤਾਂ ਮਾਤਾ ਭੈਅ-ਮਾਨ ਹੁੰਦੀ ਕਿ ਕਿਤੇ ਮੈਨੂੰ ਨਾ ਕੁੱਟਣ। ਸਤਿਗੁਰੂ ਜੀ ਨੇ ਵਿਗਸ ਕੇ ਬਚਨ ਕਰਨਾ- 'ਜੱਟੀਏ ! ਜਿਹਨਾਂ ਨੂੰ ਇਹਨਾਂ ਹੱਥਾਂ ਦੀਆਂ ਲੱਗ ਗਈਆਂ ਉਹਨਾਂ ਦਾ ਜਨਮ ਮਰਨ ਕੱਟਿਆ ਜਾਵੇਗਾ।" ਪੱਧਰੀ ਵਾਲੀ ਸਾਹਿਬ ਕੌਰ ਦਿਲ ਵਿੱਚ ਕਹੇ ਕਿ ਮੈਨੂੰ ਕਦ ਉਨ੍ਹਾਂ ਹੱਥਾਂ ਦੀਆਂ ਲੱਗਣ ਜਿਨ੍ਹਾਂ ਨਾਲ ਜਨਮ ਮਰਨ ਕੱਟੀਦਾ ਹੈ। ਗੁਰੂ ਜੀ ਬਚਨ ਕੀਤਾ ਰੁਪਈਏ ਲੈ ਆਵੋ। ਉਸੀ ਵਕਤ ਰੁਪਈਏ ਹਾਜ਼ਰ ਹੋਏ। ਸਾਹਬੋ ਕੇ ਅੱਗੇ ਧਰ ਕੇ ਬਚਨ ਕੀਤਾ ਸਾਰੇ ਈ ਚੁੱਕ ਲੈ। ਚੁੱਕਣ ਲੱਗੀ ਤਾਂ ਸਾਰੇ ਨਾ ਚੁੱਕ ਹੋਏ ਤਾਂ ਦੋ ਕਾਮੜੇ ਮਾਰੇ। ਬਚਨ ਕੀਤਾ-ਜੱਟੀਏ ਤੈਨੂੰ ਦਸ ਦਿਨ ਹੋਏ ਸੇ ਉਡੀਕਦੀ ਨੂੰ ਕਿ ਕਦ ਲੱਗਣ ਉਨ੍ਹਾਂ ਹੱਥਾਂ ਦੀਆਂ ਜਿਨ੍ਹਾਂ ਨਾਲ ਜਨਮ ਮਰਨ ਕੱਟਿਆ ਜਾਂਦਾ ਹੈ।

"ਗੁਰੂ ਜੀ ਬਚਨ ਕੀਤਾ ਜੱਟੀਏ ਤੇਰੇ ਪੁੱਤਰ ਨੂੰ ਤੇ ਤੈਨੂੰ ਸ਼ਹੀਦੀ ਮੁਰਾਤਬਾ ਦੇਵਾਂਗੇ। ਲਿਆ ਹਵਨ ਕਰੀਏ। ਅੱਗੇ ਹਰ ਵਕਤ ਹਾਜਰ ਰੈਂਹਦੀ ਸੀ ਉਸ ਦਿਨ ਇਤਨਾ ਮੋਹ ਪਾਇਆ ਕਿ ਸਾਹਬੋ ਲੜਕੇ ਕੋ ਲੈ ਕੇ ਦੂਰ ਜਾਇ ਲੁਕ ਰਹੀ। ਹਵਨ ਕਰਨ ਲੱਗੇ ਤੇ ਬਚਨ ਕੀਤਾ ਮੋਹ ਨੇ ਘੇਰ ਲਈ ਹੈ। ਕੀਰਨੇ ਪਾਉਂਦੀ ਹੈ ਲੜਕੇ ਦਾ ਮੂੰਹ ਦੇਖਕੇ। ਸਦਾਇ ਲਈ। ਲੱਕੜੀਆਂ ਚੁਣ ਕੇ ਉਪਰ ਬਿਠਾ ਦਿੱਤੀ। ਸਣੇ ਲੜਕੇ ਦੇ ਬੈਠ ਗਈ ਸਾਹਬੋ ਕੰਬਲੀ ਕੀ ਬੁੱਕਲ ਮਾਰਕੇ। ਜਾਂ ਅਗਨੀ ਮਚੀ ਤਾਂ ਸਾਹਬੋ ਕੇ ਦਿਲ ਮੇਂ ਹੋਈ ਕਿ ਲੜਕੇ ਕੋ ਮੈਂ ਬਾਹਰ ਸੁੱਟ ਦੇਵਾਂ। ਅੰਤਰਜਾਮੀ ਜੀ ਆਵਾਜ਼ਾ ਕੀਤਾ ਸੁੱਟ ਤਾਂ ਕਿਵੇਂ ਸੁੱਟਦੀ ਹੈਂ ਬਾਹਰ? . ਮਾਈ ਦੇ ਉੱਤੇ ਕਾਲੀ ਕੰਬਲੀ ਸੀ। ਕੰਬਲੀ ਦੇ ਉੱਤੇ ਜੋ ਅੱਗ ਸੀ ਕੰਬਲ ਨੂੰ ਥੋੜਾ ਜਿਹਾ ਹਿਲਾ ਕੇ ਦੇਖਿਆ ਤਾਂ ਅੱਗ ਝੜ ਗਈ। ਕੰਬਲ ਦਾ ਇੱਕ ਲੂੰ ਵੀ ਨਾ ਸੜਿਆ।ਨਿਸਚਾ

ਹੋਇਆ ਹੁਣ ਸੇਕ ਨਹੀਂ ਲੱਗਦਾ। ਜਾਂ ਅਗਨੀ ਠੰਢੀ ਹੋਈ ਤਾਂ ਬਚਨ ਦੇ ਨਾਲ ਲਾਲ ਸਿੰਘ ਕੋ ਬਾਹਰ ਸੁੱਟਿਆ। ਜ਼ਰਾ ਭਰ ਅਗਨੀ ਨਾ ਲੱਗੀ ਕਿਸੇ ਬਸਤਰ ਕੋ ਨਾ ਮਾਈ ਕੋ।[5]

ਗੰਗਾ ਤੋਂ ਵਾਪਸੀ ਸਮੇਂ ਦੋ ਸਿੰਘਾਂ ਨੇ ਛੁੱਟੀ ਮੰਗਣੀ ਚਾਹੀ ਤਾਂ ਕਿਹਾ ਕਿ ਸਭ ਨੂੰ ਛੁੱਟੀ ਰਾਮਦਾਸ ਪੁਰੇ ਸਾਹਿਬ ਜਾ ਕੇ ਮਿਲੇਗੀ। ਬੀਬੀ ਸਾਹਿਬ ਕੌਰ ਨੂੰ ਵੀ ਬੇਅੰਤ ਖੁਸ਼ੀਆਂ ਦੇ ਕੇ ਆਪ ਨੇ ਸ੍ਰੀ ਭੈਣੀ ਸਾਹਿਬ ਤੋਂ ਵਿਦਾਅ ਕੀਤਾ। ਨਾਲ ਹੀ ਹੁਕਮ ਕੀਤਾ- ਸੁਆਸ ਸੁਆਸ ਨਾਮ ਜਪਨਾ, ਬਾਣੀ ਪੜਨੀ। ਧਰਮ ਦੀ ਕਿਰਤ ਕਰਕੇ ਗਰੀਬਾਂ ਨਾਲ ਵੰਡ ਕੇ ਛਕਣਾ। ਗੁਰੂ ਰੱਖਿਆ ਕਰੇਗਾ। ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਬਾਹੇਗਾ ਗੁਰੂ ਪੂਰਾ। ਇੰਜ ਬੀਬੀ ਸਾਹਿਬ ਕੌਰ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿੱਚ ਆ ਕੇ ਨਦਰੀ ਨਦਰਿ ਨਿਹਾਲ ਹੋ ਗਈ।

ਸਤਿਗੁਰੂ ਪਰਤਾਪ ਸਿੰਘ ਜੀ ਨੂੰ ਗਾਲਬਨ 1913 ਈ. ਦੇ ਇੱਕ ਦੌਰੇ ਸਮੇਂ, ਮਾਤਾ ਸਾਹਿਬ ਕੌਰ ਨੇ ਆਪਣੇ ਸਪੁੱਤਰ ਨਰਾਇਣ ਸਿੰਘ ਹੋਰਾਂ ਦੀ ਚਾਹਿਲ-ਪੱਧਰੀ (ਜ਼ਿਲ੍ਹਾ ਲਾਇਲਪੁਰ-ਪੱਛਮੀ ਪੰਜਾਬ) ਵਾਲੀ ਰਿਹਾਇਸ਼ ਤੇ ਹੱਥੀਂ ਕੱਤੇ ਖੱਦਰ ਦੇ ਬਸਤਰ ਭੇਟ ਕੀਤੇ ਸਨ। ਮਾਈ ਜੀ ਨਾਲ ਗੰਗਾ ਉੱਤੇ ਵਾਪਰਿਆ ਕਉਤਕ ਅਤੇ ਉਹਨਾਂ ਦੇ ਪਿੰਡ, ਬਾਰ ਵਿੱਚ ਜਾਣ ਦਾ ਵਰਣਨ, ਸਤਿਗੁਰੂ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿੱਚ ਮਿਲਦਾ ਹੈ।

"ਫੇਰ ਸਾਹਿਬਾਂ ਨੇ ਗੰਗਾ ਦੇ ਕੰਢੇ ਉੱਤੇ ਮਾਈ ਸਾਹਿਬੋ ਪੱਧਰੀ ਵਾਲੀ ਨੂੰ, ਉਹਦੇ ਪੁੱਤਰ ਲਾਲ ਸਿੰਘ ਸਣੇ-ਮੈਨੂੰ ਸੁਭਾਗ ਪ੍ਰਾਪਤ ਹੋਇਐ, ਉਸ ਮਾਤਾ ਦਾ ਦਰਸ਼ਨ ਕੀਤਾ ਹੈ, ਇੱਕ ਸੌ ਯਾਰਾਂ ਸਾਲ ਦੀ ਹੋ ਕੇ ਮਾਈ ਦਾ ਸਰੀਰ ਚੱਲਿਆ ਹੈ, ਉਹ ਲਾਲ ਸਿੰਘ ਜਿਹੜਾ ਉਹਦਾ ਪੁੱਤਰ ਸੀ, ਉਹਨੂੰ ਵੀ ਮੈਂ ਚੰਗੀ ਤਰ੍ਹਾਂ ਦੇਖਦਾ ਰਿਹਾਂ- ਬਹਾ ਦਿੱਤਾ ਗੋਦੀ ਵਿੱਚ। ਮਾਈ ਜ਼ਰਾ ਨਿਰਮਲੇ ਸੰਤਾਂ ਨੂੰ ਮਿਲ ਕੇ ਕਹਿੰਦੀ ਸੀ-ਇਹ ਅਮਰ ਹੈ-ਆਤਮਾ, ਪਰ ਕਹਿੰਦੀ ਹੀ ਸੀ।

ਸਤਿਗੁਰੂ ਕਹਿੰਦੇ ਸੀ, "ਤੇਰੀ ਕਥਨੀ ਹੈ, ਅਜੇ ਤੇਰੀ ਕਰਨੀ ਨਹੀਂ ਹੋਈ।"

ਗੰਗਾ ਦੇ ਕੰਢੇ ਉੱਤੇ ਬਣਾ ਕੇ ਚਿਖਾ, ਉਤੇ ਬਹਾ ਦਿੱਤੀ ਮਾਈ।ਲਾ ਦਿੱਤੀ ਅੱਗ। ਲੱਗੀ ਮੱਚਣ, ਤਾਂ ਮਾਈ ਦੇ ਚਿੱਤ ਵਿੱਚ ਖਿਆਲ ਆਇਆ, "ਮੈਂ ਪੁੱਤਰ ਨੂੰ ਤੇ ਬਾਹਰ ਸੁੱਟ ਦਿਆਂ" ਗੋਦੀ ਵਿੱਚ ਪੁੱਤਰ ਸੀ-ਬਾਹਰ ਖਲੋਤੇ ਆਂਹਦੇ ਹਨ, " ਸੁੱਟ ਖਾਂ ਪੁੱਤਰ ਨੂੰ ਬਾਹਰ ਜੇ ਨੇਜੇ ਨਾਲ ਇਹਦਾ ਢਿੱਡ ਨਾ ਪਾੜ ਦਿੱਤਾ।" ਫੇਰ ਉਸ ਮਾਈ ਨੇ, ਉਹ ਅੱਗ ਮੱਚੀ ਜਲੀ-ਮੈਂ ਮਾਈ

ਦਾ ਦਰਸ਼ਨ ਕੀਤਾ ਹੈ ਬਾਰ ਵਿੱਚ ਗੋਜਰੇ ਦੇ ਪਾਸ ਪੱਧਰੀ ਦਾ ਚੱਕ ਸੀ-ਚੈਲ ਪੱਧਰੀ। ਮਾਈ ਨੇ ਮੈਨੂੰ ਕੱਪੜਾ ਦਿੱਤਾ ਕਛਹਿਰੇ ਸਵਾਏ। ਉਸ ਨੇ ਦੱਸਿਆ, "ਮੈਂ ਕਪਾਹ ਚੁਗਣ ਵੇਲੇ ਵੀ ਭਜਨ ਕਰਦੀ ਰਹੀ ਹਾਂ, ਬਾਣੀ ਪੜ੍ਹਦੀ ਰਹੀ ਹਾਂ-ਤੂੰ ਆਪ ਪਾਈਂ-ਮੈਂ ਵੇਲਣ ਵੇਲੇ ਵੀ, ਤੁੰਬਣ- ਕੱਤਣ ਵੇਲੇ ਵੀ, ਪਿੰਜਵਾਉਣ ਵੇਲੇ ਵੀ, ਲੀੜਾ ਬਨਾਉਣ ਵੇਲੇ ਵੀ ਮੈਂ ਭਜਨ ਕਰਦੀ ਰਹੀ ਹਾਂ, ਬਾਣੀ ਪੜ੍ਹਦੀ ਰਹੀ ਹਾਂ।" ਮੈਂ ਉਹਦੇ ਕਛਹਿਰੇ ਸਵਾਏ। ਮੈਂ ਤੁਹਾਨੂੰ ਕੀ ਦੱਸਾਂ-ਸ਼ਾਇਦ ਅਜੇ ਕਿਤੇ ਪਏ ਹੋਣ ਪੁਰਾਣੇ ਹੋਏ-ਹੋਏ। ਮੈਂ ਦੋ ਅਸ਼ਟਪਦੀਆਂ ਸੁਖਮਨੀ ਸਾਹਿਬ ਦੀਆਂ-ਸ਼ਾਇਦ ਦੋ ਘੰਟੇ ਨਹੀ ਲੱਗਦੇ ਹੋਣੇ, ਓਦੂੰ ਜਲਦੀ ਮੁੜ ਆਉਂਦਾ ਸਾਂ, ਇੱਕ ਮੀਲ ਜਾਂਦਾ ਸਾਂ, ਇੱਕ ਮੀਲ ਆਉਂਦਾ ਸਾਂ ਵਾਪਿਸ, ਕੁਛ ਚਿਰ ਉੱਥੇ ਬੈਠੇ, ਨਾਲ ਦੇ ਸਾਥੀ ਘਾਹ ਕੱਟਦੇ ਸੀ (ਸਰਹੰਦ) ਨਹਿਰ ਉੱਤੇ-ਦੋ ਅਸ਼ਟਪਦੀਆਂ ਮੈਂ ਰੋਜ਼ ਕੰਠ ਕਰ ਲੈਂਦਾ ਸਾਂ।

ਕਹਿਣ ਲੱਗੀ, " ਮੇਰੇ ਉੱਤੇ-ਐਸ ਤਰ੍ਹਾਂ-ਕੰਬਲੀ ਲਈ ਹੋਈ ਸੀ, ਜਿਸ ਵੇਲੇ ਅੱਗ ਮੱਚੀ-ਉੱਤੋਂ ਦੀ ਅੱਗ ਲੱਗੀ ਡਿੱਗਣ-ਮੈਂ ਚਿੱਤ ਵਿੱਚ ਸੋਚਿਆ, ਮੈਂ ਇਉਂ ਕਰਕੇ ਕੰਬਲੀ ਹਿਲਾਈ ਤੇ ਕੋਲੇ ਉੱਤੋਂ ਡਿੱਗ ਪਏ। ਕੰਬਲ ਦੇ ਵਾਲ ਬਾਹਰਲੇ ਨਾ ਸੜੇ, ਫੇਰ ਮੇਰੇ ਇਹ ਚਿੱਤ ਨੂੰ ਨਿਸਚਾ ਹੋ ਗਿਆ, ਮੈਂ ਹੁਣ ਨਹੀਂ ਸੜਦੀ।[6]

ਸ਼ੀਘਰ ਬਾਣੀ ਕੰਠ ਹੋਣ ਨੂੰ, ਸਤਿਗੁਰੂ ਜੀ ਮਾਤਾ ਦੇ ਬਸਤਰ ਦੇ ਪਰਤਾਪ ਨਾਲ, ਜੋੜ ਰਹੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਮਾਲਵੇਂਦਰ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਾਤਾ ਦੇ ਪਿੰਡ ਚਹਿਲ-ਪੱਧਰੀ ਬਾਰ ਵਿੱਚ 1964 ਬਿ. ਵਿੱਚ ਦਰਸ਼ਨ ਦੇਣ ਦਾ ਜ਼ਿਕਰ ਕਰ ਰਹੇ ਹਨ, ਸੰਨ 1907-08 ਈ. ਵਿੱਚ-

ਉਨੀ ਸੌ ਚੌਂਹਠ ਵਿਖੇ, ਮਾਈ ਦੇ ਦੀਦਾਰ
ਕੀਤੇ ਸਤਿਗੁਰ ਨਾਲ ਮੈਂ, ਦੌਰੇ ਦੇ ਵਿਚਕਾਰ
ਇਹ ਜ਼ਬਾਨੀ ਆਪਣੀ, ਮਾਈ ਦੱਸਿਆ ਹਾਲ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ, ਮੈਂ ਸਾਂ ਨਾਲ
ਬਾਬਾ ਨਗੀਨਾ ਸਿੰਘ ਜੀ, ਮੁਠੱਡੇ ਦੇ ਵਿਚਕਾਰ
ਓਹ ਵੀ ਸਤਿਗੁਰਾਂ ਨਾਲ ਸਨ, ਦੌਰੇ ਹਰੀ ਦੁਆਰ
ਮੈਨੂੰ ਉਨ੍ਹਾਂ ਸੁਣਾਇਆ ਸੀ, ਇਹ ਸਾਰਾ ਹਾਲ
ਕੀਤੇ ਮੈਂ ਦੀਦਾਰ ਸਨ, ਆਪਣੀ ਵਿੱਚ ਸੰਭਾਲ

ਦੋ ਮਾਈ ਦੇ ਹੋਰ ਪੁੱਤ, ਨਰੈਣ ਸਿੰਘ ਗੁਲਾਬ
ਓਹ ਦੀਵਾਨਾਂ ਤੇ ਰਹੇ, ਆਉਂਦੇ ਭੈਣੀ ਸਾਹਿਬ[7]

ਸੰਤ ਇੰਦਰ ਸਿੰਘ ਚੱਕਰਵਰਤੀ, ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਸ਼ਰਨ ਵਿੱਚ 1912 ਈ. ਵਿੱਚ ਆਏ ਸਨ। ਇਸ ਲਈ ਆਪ ਅਗਲੇ ਵਰ੍ਹੇ ਹੀ ਦੌਰੇ ਤੇ ਗਏ ਸਨ। ਸੋ ਸਤਿਗੁਰੂ ਜੀ ਦਾ ਪੱਧਰੀ (ਲਾਇਲਪੁਰ) ਦਾ ਦੌਰਾ 1913 ਈ. ਵਿੱਚ ਹੀ ਬਣਦਾ ਹੈ। ਮਾਤਾ ਜੀ ਦੀ ਉਮਰ ਬਾਰੇ ਵੀ ਪਰਿਵਾਰ ਵਾਲਿਆਂ ਨੂੰ ਕੁਝ ਟਪਲਾ ਲੱਗ ਸੱਕਦਾ ਹੈ। ਦੇਹਾਂਤ ਆਪ ਦਾ 1921 ਈ. ਵਿੱਚ ਹੁੰਦਾ ਹੈ ਬਿਸ਼ਨ ਸਿੰਘ ਹਿਸਟੋਰੀਅਨ ਹੁਰਾਂ ਦੀ ਲਿਖਤ ਮੁਤਾਬਿਕ। ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿੱਚ ਗੁਰੂ ਹਰੀ ਸਿੰਘ ਜੀ ਦੇ ਮਾਝੇ ਦੇ ਦੌਰੇ ਸਮੇਂ ਸੰਨ 1897 ਈ. ਵਿੱਚ ਦੀਵਾਲੀ ਦੇ ਨੇੜੇ ਨਾਰਲੀ ਜਾਣ ਦਾ ਜ਼ਿਕਰ ਹੈ-

"ਮੁਹਾਵਿਉਂ ਨਾਰਲੀ ਗਏ ਹਾਂ। ਥੋਹੜਾ ਜਿਹਾ ਹੀ ਮੈਨੂੰ ਪਤਾ ਹੈ ਫਿਰ ਵਰ੍ਹਿਆਹੀਂ ਗਏ ਹਾਂ ਤੇ ਛੇ ਅਨੰਦ ਹੋਏ ਨੇ ਓਦੋਂ। ਸਭ ਤੋਂ ਵੱਡਾ ਅਨੰਦ ਸੀ ਜਿਹੜਾ ਉਹ ਮਾਈ ਦਾ ਪੁੱਤਰ ਸੀ ਸਾਹਿਬੋ ਦਾ ਛੋਟਾ ਨਰਾਇਣ ਸਿੰਘ-ਹਰਨਾਮ ਸਿੰਘ ਪੱਧਰੀ ਵਾਲਾ ਜਿਹੜੈ ਇਹਦੇ ਬਾਪ ਦਾ।...... ਇਹ ਨਰਾਇਣ ਸਿੰਘ ਦਾੜ੍ਹੀ ਵਾਲਾ, ਤੀਹ ਬੱਤੀ ਸਾਲ ਦਾ ਸੀ ਜਦੋਂ ਉਹਦਾ ਅਨੰਦ ਪੜ੍ਹਾਇਆ।"[8]

ਜੇ ਨਰਾਇਣ ਸਿੰਘ ਛੋਟੇ ਪੁੱਤਰ ਦਾ ਜਨਮ 1866 ਈ. ਦਾ ਬਣਦਾ ਹੈ ਤਾਂ ਉਸ ਸਮੇਂ ਮਾਤਾ ਜੀ ਦੀ ਉਮਰ 45 ਸਾਲ ਤੋਂ ਵੱਧ ਨਹੀਂ ਹੋ ਸੱਕਦੀ। ਇਸ ਕਾਰਨ 1821 ਤੋਂ ਪਹਿਲਾਂ ਮਾਤਾ ਜੀ ਦਾ ਜਨਮ ਨਹੀਂ ਹੋਇਆ। ਸੰਤ ਇੰਦਰ ਸਿੰਘ ਚੱਕਰਵਰਤੀ ਮੁਤਾਬਿਕ ਮਾਤਾ ਦਾ ਵੱਡਾ ਪੁੱਤਰ ਗੁਲਾਬ ਸਿੰਘ 1933 ਈ. ਦੀ ਬਸੰਤ ਰੁੱਤ ਤੱਕ ਡਿੱਗਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਰਹਿ ਰਿਹਾ ਸੀ।[9] ਲਾਲ ਸਿੰਘ ਬਿਹੰਗਮ ਹੀ ਰਿਹਾ। ਛੋਟੇ ਨਰਾਇਣ ਸਿੰਘ ਦੇ ਚਾਰ ਪੁੱਤਰ ਸਨ-ਹਰਨਾਮ ਸਿੰਘ, ਖਜ਼ਾਨ ਸਿੰਘ, ਕਰਤਾਰ ਸਿੰਘ ਅਤੇ ਬੰਤਾ ਸਿੰਘ। ਇਹਨਾਂ ਚਾਰਾਂ ਭਰਾਵਾਂ ਦੀ ਇੱਕ ਭੈਣ ਬੀਬੀ ਹਰਨਾਮ ਕੌਰ ਭੋਏਵਾਲੀ ਵਿਆਹੀ ਸੀ। ਕਰਤਾਰ ਸਿੰਘ ਹੋਰਾਂ ਦਾ ਪਰਿਵਾਰ ਬੀਸਲਾ (ਫਤੇਹਾਬਾਦ) ਅਤੇ ਜਲੰਧਰ ਹੈ। ਬਾਕੀ ਤਿੰਨ ਭਾਈਆਂ ਦੇ ਪਰਿਵਾਰਿਕ ਜੀਅ ਸਿਰਸਾ ਜ਼ਿਲ੍ਹੇ ਵਿੱਚ ਨਕੌੜਾ ਅਤੇ ਕੰਗਣਪੁਰ ਵਿਖੇ ਰਹਿ ਰਹੇ ਹਨ। ਨਕੌੜਾ ਪਿੰਡ ਵਿੱਚ ਰਹਿਣ ਵਾਲਾ ਮਾਤਾ ਦਾ ਪੋਤਰਾ ਸ. ਹਰਨਾਮ ਸਿੰਘ ਉੱਘਾ ਸਮਾਜ ਸੇਵੀ ਅਤੇ ਸਕੂਲ ਬਨਵਾਉਣ ਵਾਲਾ ਸੀ। ਇਹਨਾਂ ਦਾ

ਪੋਤਰਾ ਕੁਲਦੀਪ ਸਿੰਘ ਢਿੱਲੋਂ, ਅਤੇ ਬੰਤਾ ਸਿੰਘ ਹੋਰਾਂ ਦਾ ਪੋਤਰਾ ਸੁਖਦੇਵ ਸਿੰਘ ਢਿੱਲੋਂ ਜ਼ਿਲ੍ਹੇ ਦੇ ਸਮਾਜਿਕ ਅਤੇ ਸਿਆਸੀ ਹਲਕਿਆਂ ਵਿੱਚ ਜਾਣੇ ਪਹਿਚਾਣੇ ਨਾਮ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਪਿਆਰੇ ਸਿੱਖ ਹਨ।

ਪੱਧਰੀ ਪਿੰਡ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਚਰਨ ਪਾਏ ਸਨ। ਮਹਿਕਮਾ ਮਾਲ ਦੇ ਕਾਗਜ਼ਾਂ ਵਿੱਚ ਤਿੰਨ ਕਨਾਲ ਭੂਮੀ ਅਜੇ ਵੀ ਸਤਿਗੁਰੂ ਜੀ ਦੇ ਨਾਮ ਤੇ ਚੱਲੀ ਆਉਂਦੀ ਹੈ। ਮਾਤਾ ਸਾਹਿਬ ਕੌਰ ਇੱਕ ਸਦੀ ਦੀ ਉਮਰ ਹੰਡਾਉਣ ਵਾਲੀ ਕੂਕਾ ਲਹਿਰ ਦੀ ਉੱਘੀ ਹਸਤੀ ਸੀ। ਉਸ ਸਮੇਂ ਇਤਨਾ ਸਮਾਂ ਸਰਕਾਰ ਦੇ ਬਾਗੀਆਂ ਨਾਲ ਕੱਟਣਾ ਵੀ ਅੱਗ ਦਾ ਦਰਿਆ ਤਰਨਾ ਹੀ ਸੀ। ਮਾਤਾ ਜੀ ਦੀ ਕੁਰਬਾਨੀ ਦੇ ਅਸਰ ਹੇਠ ਪੱਧਰੀ ਪਿੰਡ ਨੇ ਗਦਰ ਅਤੇ ਹੋਰ ਲੋਕ ਲਹਿਰਾਂ ਨੂੰ ਸਰਗਰਮ ਕਾਰਕੁੰਨ ਦਿੱਤੇ ਹਨ।

## --ਹਵਾਲੇ ਤੇ ਟਿੱਪਣੀਆਂ--


1. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ, ਸਫਾ 114
2. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, (ਭਾਗ ਪਹਿਲਾ- ਸੰ. ਜਸਵਿੰਦਰ ਸਿੰਘ), ਸਫਾ 150-151
3. ਉਪਰੋਕਤ, ਸਫਾ 157
4. ਉਪਰੋਕਤ, ਸਫਾ 157-58
5. ਉਪਰੋਕਤ, ਸਫਾ 190-91
6. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-2 (ਸੰ. ਪ੍ਰਿੰ. ਬੇਅੰਤ ਕੌਰ), ਸਫਾ 264-65
7. ਸੰਤ ਇੰਦਰ ਸਿੰਘ ਚੱਕਰਵਰਤੀ, ਮਾਲਵੇਂਦਰ (ਮਹਾਂ- ਕਾਵਿ), ਸਫਾ 150
8. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-5 (ਸੰ. ਪ੍ਰਿੰ. ਬੇਅੰਤ ਕੌਰ), ਸਫਾ 72
9. ਸੰਤ ਇੰਦਰ ਸਿੰਘ ਚੱਕਰਵਰਤੀ ਸੰਪਾਦਕ, ਸਤਿਜੁਗ ਦਾ ਬਸੰਤ ਅੰਕ, 18 ਮਾਘ 1989 ਬਿ., ਸ੍ਰੀ ਭੈਣੀ ਸਾਹਿਬ, ਸਫਾ 27, ਵਿੱਚ

ਚੱਕਰਵਰਤੀ ਜੀ ਦਾ ਮੁੱਖ ਲੇਖ, 'ਚੋਜੀ ਪ੍ਰੀਤਮ'।

10. ਇਸ 'ਚੋਜੀ ਪ੍ਰੀਤਮ' ਨਾਮੀ ਵੱਡ ਆਕਾਰੀ ਲੇਖ ਵਿੱਚ ਮਾਤਾ ਸਾਹਿਬ ਕੌਰ ਵਾਲੇ ਪਰਸੰਗ ਨੂੰ ਆਪਣੀ ਅਨੂਠੀ ਸਾਹਿਤਕ ਅਤੇ ਅਧਿਆਤਮਕ ਸ਼ੈਲੀ ਵਿੱਚ ਬਿਆਨ ਕੀਤਾ ਹੈ।

❋

# ਥਰਾਜਵਾਲਾ ਦੀ ਕੂਕਾ ਬਗਾਵਤ ਅਤੇ ਭਾਈ ਸਮੁੰਦ ਸਿੰਘ ਉਰਫ਼ ਮਸਤਾਨ ਸਿੰਘ

ਫਰਵਰੀ ੧੮੬੯ ਈ. ਵਿਚ ਥਰਾਜਵਾਲਾ (ਮੁਕਤਸਰ) ਦੀ ਘਟਨਾ, ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਹੇਠ, ਦੇਸ਼ ਆਜ਼ਾਦੀ ਅਤੇ ਸਿੱਖ ਮੁੜ ਸੁਰਜੀਤੀ ਲਈ ਚੱਲੇ ਕੂਕਾ ਅੰਦੋਲਨ ਦਾ, ਮਾਲਵੇ ਵਿਚ ਇਕ ਮਹੱਤਵਪੂਰਨ ਅਧਿਆਇ ਹੈ। ਇਸ ਘਟਨਾ ਵਿਚ ਹਰ ਆਯੂ ਵਰਗ ਦੇ ਕੋਈ ਪੰਜ ਕੁ ਸੌ ਇਸਤਰੀ ਪੁਰਖ ਸ਼ਾਮਲ ਸਨ, ਜਿਹੜੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੱਸੀ ਜੀਵਨ ਜਾਚ ਦੇ ਅਨੁਸਾਰੀ ਸਨ। ਮਾਲਵੇ ਦਾ ਉਸ ਸਮੇਂ ਦਾ ਆਮ ਲੋਕਾਂ ਦਾ ਜੀਵਨ ਬਹੁਤ ਕਠੋਰ ਹਾਲਾਤ ਦਾ ਸਾਹਮਣਾ ਕਰਨ ਵਾਲਾ ਸੀ। ਖੇਤੀ ਮੀਹਾਂ ਤੇ ਨਿਰਭਰ ਸੀ। ਪੀਣ ਲਈ ਪਾਣੀ ਦੀਆਂ ਜਾਂ ਢਾਬਾਂ ਸਨ ਅਤੇ ਜਾਂ ਕਿਤੇ ਕਿਤੇ ਮਿੱਠੇ ਪਾਣੀ ਦੇ ਖੂਹ ਕਈ ਕਈ ਕੋਹ ਦੂਰ ਮਿਲਦੇ ਸਨ। ਖੂਹਾਂ ਵਿਚ ਪਾਣੀ ਬਹੁਤ ਡੂੰਘਾ ਸੀ। ਚਰਸ ਜਾਂ ਬੋਕੇ (ਚਮੜੇ ਦੇ) ਚੱਲਦੇ ਸਨ। ਕੂਕੇ ਸਿੰਘ ਆਪਣੀ ਲੋੜ ਜੋਗਾ ਪਾਣੀ ਆਪ ਖੂਹਾਂ ਤੋਂ ਕੋਹਾਂ ਪੈਡਾਂ ਮਾਰ ਕੇ, ਖਿੱਚ ਕੇ ਲਿਆਉਂਦੇ ਸਨ। ਇਸ ਕਰੜੀ ਰਹਿਤ ਮਰਿਆਦਾ ਬਾਰੇ, ਸੰਤ ਇੰਦਰ ਸਿੰਘ ਚੱਕਰਵਰਤੀ ਲਿਖਦੇ ਹਨ-

"ਸਭ ਤੋਂ ਪਹਿਲਾਂ ਮਾਲਵੇ, ਧਾਰੀ ਰਹਿਤ ਬਬੇਕ
ਭੂਰੀਆਂ ਸਾਰੇ ਪਹਿਨਦੇ, ਕੂਕੇ ਤਦੋਂ ਹਰੇਕ
ਮਲਵਈਆਂ ਦੀ ਪੰਥ ਵਿਚ, ਸਭ ਤੋਂ ਉੱਚੀ ਕਾਰ
ਨਾਮ ਜਪਣ ਬਾਣੀ ਪੜ੍ਹਨ, ਹੱਥ ਕਾਰ ਦਿਲ ਯਾਰ
ਥਰਾਜਵਾਲਾ ਹੈ ਪਿੰਡ ਇਕ, ਮੁਕਤਸਰ ਦੀ ਤਹਿਸੀਲ
ਸਮੁੰਦ ਸਿੰਘ ਜੀ ਪਿੰਡ ਉਸ, ਸਾਧੂ ਬਹੁਤ ਅਸੀਲ
ਉਸ ਤਪੇ ਵਿਚ ਇਹ ਸਨ, ਉਘੇ ਪੂਰਨ ਸਾਧ
ਕਰਨ ਬੰਦਗੀ ਰੱਬ ਨੂੰ, ਹਰ ਦਮ ਰਖਦੇ ਯਾਦ।"[1]

ਸੰਨ ੧੮੬੩ ਤੋਂ ੬੬ ਈ. ਤੱਕ ਕੋਈ ਸਾਢੇ ਤਿੰਨ ਸਾਲ, ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਰਾਜ ਲਈ ਖ਼ਤਰਾ ਸਮਝ ਕੇ, ਅੰਗਰੇਜ਼ ਸਰਕਾਰ ਨੇ

ਭੈਣੀ ਸਾਹਿਬ ਵਿਚ ਨਜ਼ਰਬੰਦ ਰੱਖਿਆ ਸੀ। ਸੰਨ ੧੮੬੮ ਈ. ਦੀ ਦੀਵਾਲੀ ਅੰਮ੍ਰਿਤਸਰ ਮਨਾਉਣ ਬਾਅਦ, ਸਤਿਗੁਰੂ ਜੀ ਨੇ ੧੮੬੯ ਈ. ਜਨਵਰੀ ਦੇ ਮਹੀਨੇ ਮਾਘੀ, ਗਿੱਲ (ਸਿਆਲਕੋਟ) ਬਾਬਾ ਜਮੀਅਤ ਸਿੰਘ ਹੋਰਾਂ ਪਾਸ ਮਨਾਈ ਅਤੇ ਫਿਰ ਇਸੇ ਸਾਲ ਦਾ ਹੋਲਾ ਮਹੱਲਾ ਵੀ ਇਸੇ ਜ਼ਿਲ੍ਹੇ ਵਿਚ ਮਾਨਾਂ ਵਾਲੇ ਵਾਲੇ ਸ੍ਰ. ਹੀਰਾ ਸਿੰਘ ਮਾਨ ਦੇ ਬੇਨਤੀ ਕਰਨ ਤੇ ਉਸਦੇ ਪਿੰਡ ਮਾਨਾਂ ਵਾਲੇ ਕਾਲਰ ਵਿਖੇ ਮਨਾਉਣਾ ਸੀ। ਮਾਲਵੇ ਦੇ ਇਹ ਪ੍ਰੀਤਵਾਨ ਸਿੱਖ, ਪੰਧ ਦੀ ਦੂਰੀ ਕਾਰਨ, ਮਾਨਾਂ ਵਾਲੇ ਨਹੀਂ ਪੁੱਜ ਸੱਕਦੇ ਸਨ। ਉਹਨਾਂ ਇਸ ਸਾਲ ਦਾ ਹੋਲੇ ਮਹੱਲੇ ਦਾ ਪੁਰਬ, ਭਾਈ ਸਮੁੰਦ ਸਿੰਘ ਹੋਰਾਂ ਦੇ ਪਿੰਡ ਥਰਾਜਵਾਲਾ ਵਿਖੇ ਮਨਾਉਣ ਦਾ ਫੈਸਲਾ ਕਰ ਲਿਆ। ਇਸ ਲਈ ਮੁਕਤਸਰ ਦੇ ਆਲੇ ਦੁਆਲੇ ਦੇ ਪਿੰਡਾਂ ਅਤੇ ਮਾਲਵੇ ਦੇ ਕੁਝ ਰਿਆਸਤੀ ਇਲਾਕਿਆਂ ਵਿਚੋਂ ਵੀ ਮਾਈ ਭਾਈ ਹੋਲੇ ਮਹੱਲੇ ਦੇ ਪੁਰਬ ਦੀ ਖੁਸ਼ੀ ਵਿਚ, ਸਾਧ ਸੰਗਤ ਦੇ ਦਰਸ਼ਨ ਮੇਲੇ ਕਰਨ ਦੇ ਚਾਅ ਵਿਚ, ਹੁੰਮ ਹੁੰਮਾ ਕੇ ਇਕੱਠੇ ਹੋਣੇ ਸ਼ੁਰੂ ਹੋ ਗਏ। ਉਹ ਆਪੋ ਆਪਣੇ ਘਰਾਂ ਵਿਚੋਂ ਅੰਨ ਦਾਣਾ, ਦਾਲਾਂ, ਗੁੜ, ਤੇਲ, ਘਿਉ, ਲੀੜਾ ਕੱਪੜਾ, ਬਿਸਤਰੇ ਆਦਿ ਗੱਡਿਆਂ ਉਪਰ ਲੱਦ ਕੇ, ਨਿਕਲ ਆਉਂਦੇ। ਪਿਛਲੇ ਘਰਾਂ ਦੇ ਬੂਹੇ ਵੀ ਮਸਤਾਨੀ ਬਿਰਤੀ ਵਿਚ ਬਿਨਾਂ ਜੰਦਰੇ ਕੁੰਡਿਆਂ ਤੋਂ ਹੀ ਛੱਡ ਆਉਂਦੇ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਦੀ ਜਿਹੜੀ ਇਲਾਹੀ ਰੰਗਣ ਵਿਚ ਉਹਨਾਂ ਨੂੰ ਰੰਗ ਦਿੱਤਾ ਸੀ ਅਤੇ ਦੇਸ਼ ਪ੍ਰੇਮ ਦੀ ਗੁੜ੍ਹਤੀ, ਜਿਹੜੀ ਇਹਨਾਂ ਆਜ਼ਾਦੀ ਸੰਗਰਾਮੀਆਂ ਨੂੰ ਦਿਤੀ ਗਈ ਸੀ, ਘਰਾਂ ਦੇ ਸੁਖ ਆਰਾਮ ਅਤੇ ਨਿਜੀ ਮਾਲਕੀ ਵਾਲੀਆਂ ਵਸਤਾਂ, ਧਨ ਪਦਾਰਥ ਨਾਲ ਮੋਹ ਤੋਂ ਇਹ ਲੋਕ ਉੱਪਰ ਉਠ ਚੁੱਕੇ ਸਨ। ਆਪਣੇ ਘਰਾਂ ਦਾ ਔਖੇ ਸਮੇਂ ਲਈ ਲੁਕਾ ਕੇ, ਜ਼ਮੀਨ ਵਿਚ ਦੱਬ ਕੇ ਰੱਖਿਆ ਧਨ ਪਦਾਰਥ, ਸੋਨਾ ਚਾਂਦੀ ਵੀ ਉਹ ਆਪ ਪੁੱਟ ਪੁੱਟ ਕੇ, ਭਾਈ ਸਮੁੰਦ ਸਿੰਘ ਥਰਾਜਵਾਲੇ ਦੇ ਹਵਾਲੇ ਕਰੀ ਜਾਂਦੇ ਜਾਂ ਉਹਨਾਂ ਦੀ ਨਿਸ਼ਾਨਦੇਹੀ ਕਰਨ ਤੇ ਉੱਥੋਂ ਪੁੱਟ ਪੁੱਟ ਕੇ ਸਾਂਝੇ ਲੰਗਰ ਵਿਚ ਪਾਉਣ ਲੱਗ ਪਏ। ਇਉਂ ਹੋਲੇ ਮਹੱਲੇ ਤੋਂ ਦਸ ਵੀਹ ਦਿਨ ਪਹਿਲਾਂ ਹੀ, ਉਸ ਦੀ ਤਿਆਰੀ ਵਿਚ ਇਹ ਸਿੰਘ ਪਿੰਡ ਪਿੰਡ ਘੁੰਮ ਰਹੇ ਸਨ। ਰਸਤਾਂ ਬਸਤਾਂ ਇਕੱਠੀਆਂ ਕਰ ਰਹੇ ਸਨ ਅਤੇ ਵੱਧ ਤੋਂ ਵੱਧ ਸੰਗਤ ਨੂੰ ਪੁੱਜਣ ਦੀ ਤੁਰ ਫਿਰਕੇ ਤਾਕੀਦ ਕਰ ਰਹੇ ਸਨ। ਸਮਾਂ ਫਰਵਰੀ ੧੮੬੯ ਈ. ਦੇ ਆਖਰੀ ਦਿਨਾਂ ਦਾ ਸੀ।

ਭਾਈ ਸਮੁੰਦ ਸਿੰਘ ਆਪਣੀ ਮਸਤਾਨੀ ਬਿਰਤੀ ਸਦਕਾ ਮਸਤਾਨ ਸਿੰਘ ਦੇ ਨਾਉਂ ਨਾਲ ਹੀ ਸਿੰਘਾਂ ਵਿਚ ਜਾਣਿਆ ਜਾਂਦਾ ਸੀ। ਉਸ ਦਾ ਪਿੰਡ ਥਰਾਜਵਾਲਾ ਮੁਕਤਸਰ ਤੋਂ ਕੋਈ ੨੫ ਕੁ ਮੀਲ ਦੇ ਫਾਸਲੇ ਤੇ, ਮਲੋਟ ਅਤੇ

ਗਿੱਦੜਬਾਹੇ ਦੇ ਦਰਮਿਆਨ ਜਿਹੇ ਉਸ ਸਮੇਂ ਸਿਰਸਾ ਜ਼ਿਲ੍ਹੇ ਦਾ ਪਿੰਡ ਸੀ। ਯਾਦ ਰਹੇ ਕਿ ਸੰਯੁਕਤ ਪੰਜਾਬ ਵਿਚ ੧੮੩੭ ਤੋਂ ੧੮੮੫ ਤੱਕ ਸਿਰਸਾ ਜ਼ਿਲ੍ਹਾ ਸੀ ਜਿਸ ਵਿਚ ਮਲੋਟ, ਅਬੋਹਰ, ਫਾਜ਼ਿਲਕਾ ਆਦਿ ਇਲਾਕੇ ਆਉਂਦੇ ਸਨ। ਸਮਕਾਲੀ ਇਤਿਹਾਸਕਾਰ ਦੇ ਅਨੁਸਾਰ–

"ਦੋ ਢਾਈ ਸੈ ਸਿੰਘ ਘਰ ਛੱਡਕੇ ਤੁਰ ਪਏ। ਏਹੋ ਈ ਬੋਲਾ ਕਰਨ ਕਿ ਮਾਰ ਲਵੋ,... ਜੋ ਅੱਗੇ ਆਵੇ। ਸਮੁੰਦ ਸਿੰਘ ਜਿਵੇਂ ਕਹੇ ਤਿਵੇਂ ਸਿੰਘ ਕਰਨ। ਨਾਮ ਕੀ ਖ਼ੁਮਾਰੀ ਮੈ ਮਸਤ ਹੋਇਕੇ ਨਿਰਭੈ ਫਿਰਨੇ ਲਗੇ। ਸਰੀਰ ਦੀ ਭੀ ਸੁਧ ਨਾ ਰੱਖੀ। ਸਮੁੰਦ ਸਿੰਘ ਨੇ ਕਹਿਆ ਕਿ ਜਿਸ ਪਾਸ ਧਨੁ ਹੈ ਸੋ ਸਾਰਾ ਲੈ ਆਵੋ। ਗਹਿਣੇ ਭੀ ਨਾ ਰੱਖੋ। ਸਿੰਘਣੀਆਂ ਦੇ ਸਿੰਘਾਂ ਨੇ ਗਹਿਣੇ ਲਾਹ ਕੇ ਦੇ ਦੀਏ। ...ਚਾਂਦੀ ਦਸ ਮਣ ਕੇ ਕਰੀਬ ਹੋਇ ਗਈ। ਦੋ ਢਾਈ ਸੌ ਸਿੰਘ ਨਿਰ ਇੱਛਤ ਹੋਇ ਗਏ। ਮਾਰ ਲਵੋ ਮਾਰ ਲਵੋ ਏਹੀ ਬੋਲਾ ਰਾਤ ਦਿਨੇ ਬੋਲਦੇ ਹੈ। ਕਹਿੰਦੇ ਹੈਂ ਅਰਦਾਸਾ ਕਰਕੇ ਜਿੱਧਰ ਪੰਜ ਸਿੰਘ ਏਕਾ ਕਰਕੇ ਪੈਣ ਉਧਰੇ ਹੀ ਜੈ ਹੁੰਦੀ ਜਾਂਦੀ ਹੈ ਤੇ ਤੁਸੀਂ ਏਤਨਾ ਪੰਥ ਹੋ। ਜਿੱਧਰ ਪਵੋਗੇ ਜੈ ਹੁੰਦੀ ਜਾਵੇਗੀ। ਜੋ ਜੋ ਪ੍ਰਾਣੀ ਗਊ ਬੱਧ ਕਰਨ ਵਾਲੇ ਤੇ ਧਰਮ ਦੀ ਹਾਨੀ ਕਾਰਨ ਵਾਲੇ ਹੈਂ ਤਿਨ੍ਹਾਂ ਕੋ ਮਾਰ ਲਵੋ। ਐਸਾ ਮਤਾ ਕਰਕੇ ਭਰੇ ਭਰਾਏ ਘਰ ਛੱਡਕੇ ਸਭ ਤੁਰ ਪਏ। ਸਿੰਘ ਸਿੰਘਣੀਆਂ ਨਿੱਕਾ ਵੱਡਾ ਪਾਂਚ ਕੁ ਸੌ ਦਾ ਇੱਕਠ ਹੋਇਆ।

"ਰੂਪਾਣਿਉਂ ਕੁਰਾਈਵਾਲੇ ਆਏ। ਲੋਕ ਕਹਿੰਦੇ ਹੈਂ ਕੂਕੇ ਕਮਲੇ ਹੋ ਗਏ ਹਨ। ਖੁਲ੍ਹੇ ਦਰਵਾਜੇ ਛੱਡ ਕੇ ਘਰਾਂ ਕੋ ਨੱਸ ਜਾਂਦੇ ਹੈਂ। ਏਨ੍ਹਾਂ ਨੂੰ ਕੀ ਹੋ ਗਿਆ ਹੈ ? ਥਾਨੇਦਾਰ ਨੇ ਸੁਣਿਆ ਕੂਕੇ ਭਰੇ ਭਰਾਏ ਘਰ ਛੱਡ ਕੇ ਇਕੱਤਰ ਹੋਏ ਹਨ। ਮਾਰੋ ਮਾਰ ਕਰਦੇ ਹੈਂਨ। ਜਿੱਧਰ ਪੈਣਗੇ ਓਧਰ ਹੀ ਦੰਗਾ ਕਰਨਗੇ। ਗ਼ਦਰ ਮਚਾਇ ਦੇਣਗੇ। ਨਿਰਭੈ ਹੈਂ, ਮਰਨੋਂ ਮਾਰਨੋਂ ਨਹੀਂ ਡਰਦੇ। ਬਹੁਤੇ ਇਕੱਠੇ ਹੋਇਕੇ ਜਾਣਗੇ। ਤਾਂ ਤੇ ਹੁਣੇ ਈ ਕੋਈ ਬੰਦੋਬਸਤ ਕਰਨਾ ਚਾਹੀਏ। ਫੇਰ ਕੋਈ ਜਤਨ ਨਹੀਂ ਹੋਵੇਗਾ। ਥਾਨੇਦਾਰ ਸਿਪਾਹੀ ਲੈ ਕੇ ਆਇਆ ਸਿੰਘਾਂ ਦੇ ਕੋਲ। ਗਾਲ੍ਹਾਂ ਕੱਢਣ ਲੱਗਾ ਤੇ ਕਹਿਣ ਲੱਗਾ ਤੁਸੀਂ ਭੀ ਤਾਂ ਮੁਸਲਮਾਨ ਹੋ, ਮੁਸਲਮਾਨੀ ਕਲਾਮ ਪੜ੍ਹਦੇ ਹੋ।(ਯਾਦ ਰਹੇ ਕਿ ਸਿੱਖ ਤਖ਼ਤਾਂ ਦੇ ਪੁਜਾਰੀਆਂ ਵੱਲੋਂ, ਸਰਕਾਰੀ ਸ਼ਹਿ ਤੇ ਕੂਕਿਆਂ ਵਿਰੁੱਧ ਇਸ ਤਰ੍ਹਾਂ ਦਾ ਭੰਡੀ ਪਰਚਾਰ ਆਮ ਵਰਤਾਰਾ ਸੀ)। ਸਿੰਘਾਂ ਨੇ ਥਾਨੇਦਾਰ ਨੂੰ ਫੜ ਲਿਆ ਕਿ ਪਹਿਲੇ ਏਸ ਨੂੰ ਹੀ ਸੋਧ ਲਵੋ। ਗੁੱਝੀ ਮਾਰ ਮਾਰੀ ਤੇ ਤਲਵਾਰ ਖੋਹ ਲਈ। ਥਾਨੇਦਾਰ ਕਿਸੇ ਦੇ ਘਰ ਜਾਕੇ ਲੁਕਿਆ ਡਰਦਾ ਮਾਰਿਆ। ਤੇੜ ਘੱਗਰੀ ਪਾਇਕੇ ਨਿਕਲਿਆ ਜਾਨ ਬਚਾਇਕੇ।"[2]

ਸਮਕਾਲੀ ਅੰਗਰੇਜ਼ ਸਰਕਾਰ ਦੇ ਰੀਕਾਰਡ ਵਿਚੋਂ ਆਈ. ਜੀ. ਪੰਜਾਬ ਪੁਲੀਸ ਦੀ ਕੂਕਾ ਮੱਤ ਦੀ ੧੮੬੯ ਈ. ਵਾਲੀ ਰੀਪੋਰਟ ਵਿਚ ਵੀ ਘਟਨਾ ਦਾ ਵੇਰਵਾ, ਇਸ ਪਰਕਾਰ ਮਿਲਦਾ ਹੈ।

੧੮੬੯ ਵਿਚ ਫੀਰੋਜ਼ਪੁਰ ਦੇ ਪੁਲੀਸ ਕਪਤਾਨ ਟਰਟਨ ਸਮਿੱਥ ਨੂੰ ਸੂਚਨਾ ਮਿਲੀ ਕਿ ਕੂਕੇ ਫੀਰੋਜ਼ਪੁਰ ਜ਼ਿਲ੍ਹੇ ਵਿਚ ਰੁਪਾਣੇ ਦੇ ਨੇੜੇ ਇੱਕਠੇ ਹੋ ਰਹੇ ਹਨ। ਦੱਸਿਆ ਗਿਆ ਕਿ ਉਸ ਪਿੰਡ ਦੇ ਲੰਬੜਦਾਰ ਨੇ (ਜੋ ਕੂਕਾ ਸੀ) ਕੁਝ ਚਰਖੇ, ਮੰਜੇ, ਹਲ ਅਤੇ ਗੱਡੇ ਦੇ ਕੁਝ ਹਿੱਸੇ ਵਗੈਰਾ ਅੱਗ ਲਾ ਕੇ ਸਾੜ ਦਿਤੇ ਹਨ, ਘਰ ਤਿਆਗ ਦਿੱਤਾ ਹੈ ਅਤੇ ਕੂਕਿਆਂ ਦੇ ਇੱਕ ਜਥੇ ਨਾਲ, ਸਿਰਸਾ ਜ਼ਿਲ੍ਹਾ ਦੇ ਪਿੰਡ ਥਰਾਜਵਾਲਾ ਵੱਲ ਚੱਲ ਪਿਆ ਹੈ। ਇਸ ਜਥੇ ਦੀਆਂ ਗਤੀਵਿਧੀਆਂ ਤੇ ਦੀਵਾਨ ਬਖਸ਼, ਪੁਲੀਸ ਦਾ ਡਿਪਟੀ ਇਨਸਪੈਕਟਰ, ਇਹਨਾਂ ਨੂੰ ਗੜਬੜ ਫੈਲਾਉਣ ਵਾਲੀਆਂ ਸਮਝ ਕੇ ਨਿਗਰਾਨੀ ਰੱਖ ਰਿਹਾ ਸੀ।

ਕੋਈ ਦੋ ਦਿਨ ਬਾਅਦ ਡਿਪਟੀ ਇਨਸਪੈਕਟਰ ਦੀਵਾਨ ਬਖਸ਼ ਨੇ ਇਹ ਸੂਚਨਾ ਜਾਂ ਰੀਪੋਰਟ ਦਿਤੀ ਕਿ ਕੂਕਿਆਂ ਤੇ ਨਿਗਰਾਨੀ ਰੱਖਣ ਦੇ ਫਲਸਰੂਪ ਉਹਨਾਂ ਮੇਰੇ ਤੇ ਹੱਲਾ ਬੋਲ ਦਿਤਾ ਹੈ। ਮਾਲੂਮ ਹੁੰਦਾ ਹੈ ਕਿ ਉਸ ਦੀ ਤਲਵਾਰ ਖੋਹ ਲਈ ਗਈ ਜਾਂ ਤੋੜ ਦਿਤੀ ਗਈ। ਥਰਾਜਵਾਲੇ ਦੇ ਬਲੀ ਸਿੰਘ ਨੇ ਕੁਹਾੜੀ ਜਾਂ ਡਾਂਗ ਦੀਵਾਨ ਬਖਸ਼ ਨੂੰ ਅਤੇ ਮੰਨਾ ਸਿੰਘ ਚੰਨੂ ਪਿੰਡ ਵਾਲੇ ਨੇ ਉਸ ਦੇ ਘੋੜੇ ਵੱਲ ਬਰਛਾ ਵਗਾਹਤਾ ਚਲਾਇਆ। ਉਸਦੇ ਨਾਲ ਚੱਲ ਰਹੇ ਸਿਪਾਹੀ ਤੇ ਹਮਲਾ ਬੋਲ ਕੇ ਉਹਦੀ ਤਲਵਾਰ ਵੀ ਖੋਹੀ ਗਈ ਅਤੇ ਉਸਦੀ ਵਰਦੀ ਕੋਟ ਆਦਿਕ ਫਾੜ ਦਿੱਤੇ ਗਏ। ਪੁਲੀਸ ਮੁਲਾਜ਼ਮਾਂ ਦੇ ਕੰਮ ਵਿਚ ਵਿਘਨ, ਕੁਰਾਈਵਾਲਾ ਪਿੰਡ ਦੇ ਨੇੜੇ ਪਾਇਆ ਗਿਆ। ਦੀਵਾਨ ਬਖਸ਼ ਨੇ ਦੱਸਿਆ ਕਿ ਕੂਕਿਆਂ ਦਾ ਇਹ ਦਲ, ਬਹੁਤ ਬਗਾਵਤੀ ਲਹਿਜ਼ੇ ਵਾਲੀ ਭਾਸ਼ਾ ਬੋਲ ਰਿਹਾ ਸੀ। ਉਹ ਖ਼ਾਲਸਾ ਰਾਜ ਕਾਇਮ ਹੋਣ ਦਾ ਐਲਾਨ ਕਰ ਰਹੇ ਸਨ ਅਤੇ ਕਿਸੇ ਵੀ ਸੱਤਾ ਪ੍ਰਤੀ ਖੁੱਲ੍ਹੀ ਨਾਬਰੀ ਪ੍ਰਗਟ ਕਰ ਰਹੇ ਸਨ।

ਕਿਉਂਕਿ ਫੀਰੋਜ਼ਪੁਰ ਦਾ ਡਿਪਟੀ ਕਮਿਸ਼ਨਰ ਮੌਜੂਦ ਨਹੀਂ ਸੀ, ਪੁਲੀਸ ਕਪਤਾਨ ਟਰਟਨ ਸਮਿੱਥ ਅਤੇ ਸਹਾਇਕ ਕਮਿਸ਼ਨਰ ਵੇਕ ਫੀਲਡ, ਜਿਤਨੀ ਕੁ ਪੁਲੀਸ ਦੀ ਨਫ਼ਰੀ ਮਿਲੀ ਲੈ ਕੇ ਤੁਰੰਤ ਗੜਬੜ ਵਾਲੀ ਥਾਂ ਨੂੰ ਚੱਲ ਪਏ। ਕੋਈ ੨੪ ਕੁ ਪੈਦਲ ਸਿਪਾਹੀ ਟਾਂਗਿਆਂ ਦੁਆਰਾ ਤੁਰੇ ਅਤੇ ੧੫ ਘੋੜ ਸੁਆਰ ਦੋਹਾਂ ਯੋਰਪੀਨ ਅਫਸਰਾਂ ਦੇ ਨਾਲ ਚੱਲੇ। ਕਿਉਂਕਿ ਰਸਤਾ ਰੇਤੀਲਾ ਸੀ, ਫੀਰੋਜ਼ਪੁਰ ਤੋਂ ਕੁਝ ਮੀਲਾਂ ਤੇ ਟਾਂਗੇ ਛੱਡਣੇ ਪਏ ਤੇ

ਸਿਪਾਹੀ ਪੈਦਲ ਹੋ ਗਏ।

ਇਹ ਪਾਰਟੀ ੧ ਮਾਰਚ ਨੂੰ ਤੜਕੇ ਦੋ ਵਜੇ, ਫੀਰੋਜ਼ਪੁਰ ਤੋਂ ੩੪ ਮੀਲ ਦਾ ਪੰਧ ਕਰਕੇ, ਮੁਕਤਸਰ ਪੁੱਜ ਗਈ। ਇੱਥੇ ਕਾਇਮ ਮੁਕਾਮ ਤਹਿਸੀਲਦਾਰ ਆਲਮ ਸ਼ਾਹ ਨੇ ਦੱਸਿਆ ਕਿ ਕੂਕੇ ਥਰਾਜਵਾਲੇ ਵਿਚ ਇਕੱਠੇ ਹੋਏ ਹਨ ਅਤੇ ਉਹ ਸਮਰਪਣ ਕਰਨ ਲਈ ਤਿਆਰ ਨਹੀਂ। ਕਿਉਂਕਿ ਨਫਰੀ ਥੋਹੜੀ ਸੀ ਸੋ ਆਲਮਸ਼ਾਹ ਕੂਕਿਆਂ ਨਾਲ ਉਲਝਣ ਤੋਂ ਬਚਿਆ।

ਦੋਵੇਂ ਯੋਰਪੀਨ ਅਫਸਰ ਤੇ ਘੋੜ ਸਵਾਰ ਪੁਲੀਸ ਅੱਗੇ ਚੱਲ ਪਏ। ਉਹਨਾਂ ਦੀ ਆਮਦ ਦੀ ਖ਼ਬਰ ਸੁਣਕੇ ਮੁਕਤਸਰ ਦਾ ਸਰਕਾਰੀ ਚਾਟੜਾ, ਸੋਢੀ ਮਾਨ ਸਿੰਘ ਤੇ ਉਸਦਾ ਭਰਾ ਵੀ ਹਾਕਮਾਂ ਦੇ ਨਾਲ ਤੁਰ ਪਿਆ ਅਤੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਥਰਾਜਵਾਲਾ ਜੋ ਮੁਕਤਸਰ ਤੋਂ ੨੫ ਕੁ ਮੀਲ ਹੀ ਸੀ ਉਹਦੇ ਨੇੜੇ ਪੁੱਜ ਕੇ, ਪੁਲੀਸ ਨੂੰ ਪਿੱਛੇ ਰੱਖਿਆ ਗਿਆ ਅਤੇ ਅਫਸਰਾਂ ਦੀ ਇਮਦਾਦ ਲਈ ਵਾਹਵਾ ਗਿਣਤੀ ਵਿਚ ਜੁੜੇ ਪੇਂਡੂਆਂ ਦੀ ਮੱਦਦ ਨਾਲ, ਕੂਕਿਆਂ ਦੀ ਗਰਿਫਤਾਰੀ ਬਾਰੇ ਵਿਚਾਰਿਆ ਗਿਆ।

ਇਹ ਅਫਸਰੀ ਦਲ ਬਲ ਦੋ ਵਜੇ ਬਾਅਦ ਦੁਪਹਿਰ ਥਰਾਜਵਾਲੇ ਕੋਲ ਪੁੱਜਾ। ਇੰਸਪੈਕਟਰ ਕੁਤਬ ਸ਼ਾਹ ਅਤੇ ਬੰਦੋਬਸਤ ਦਾ ਸੁਪਰਡੈਂਟ, ਅਲੀ ਮੌਲਾ, ੮ ਪੁਲੀਸ ਵਾਲਿਆਂ ਸਣੇ ਉਹਨਾਂ ਦੀ ਇੰਤਜ਼ਾਰ ਵਿਚ ਸਨ। ਇੰਸਪੈਕਟਰ ਪੁਲੀਸ ਨੇ ਸੂਬਾ ਮਲੂਕ ਸਿੰਘ ਫੂਲੇਵਾਲਾ ਦੀ ਮਾਰਫਤ ਕੂਕਿਆਂ ਨੂੰ ਪੇਸ਼ ਹੋ ਜਾਣ ਲਈ ਕਿਹਾ। ਪਰ ਮਲੂਮ ਹੋਇਆ ਕਿ ਇਕੱਠੇ ਕੂਕੇ, ਭਾਈ ਮਸਤਾਨ ਸਿੰਘ ਦੀ ਬੋਲਬਾਣੀ ਨੂੰ, ਸੂਬਾ ਜੀ ਦੇ ਨਿਮਰ ਬਚਨ ਬਲਾਸ ਨਾਲੋਂ, ਵੱਧ ਮਹੱਤਵ ਦੇ ਰਹੇ ਸਨ। ਮਲੂਕ ਸਿੰਘ ਹੋਰਾਂ ਦੇ ਯਤਨ ਨਾਲ, ਕੁਤਬ ਸ਼ਾਹ ਅਤੇ ਮਸਤਾਨ ਸਿੰਘ ਹੋਰਾਂ ਦੀ ਮੁਲਾਕਾਤ ਤਾਂ ਕਰਵਾਈ ਗਈ ਪਰ ਮਸਤਾਨ ਸਿੰਘ ਹੋਰਾਂ ਉਸਨੂੰ ਕਿਹਾ ਕਿ ਉਹ ਆਪਣਾ ਘੋੜਾ ਨਜ਼ਰਾਨੇ ਵਜੋਂ ਸਾਨੂੰ ਦੇ ਦੇਵੇ ਅਤੇ ਇਹ ਵਹਿਮ ਮਨ ਵਿਚੋਂ ਕੱਢ ਦੇਵੇ ਕਿ ਹੁਣ ਅੰਗਰੇਜ਼ ਉਸ ਦੀ ਮੱਦਦ ਕਰਨਗੇ। ਮਸਤਾਨ ਸਿੰਘ ਨੇ ਉਸਨੂੰ ਇਹ ਵੀ ਸਮਝਾਇਆ ਕਿ ਖ਼ਤਮ ਹੋ ਰਹੀ ਅੰਗਰੇਜ਼ ਸਰਕਾਰ ਨਾਲੋਂ, ਆਪਣਾ ਨਾਤਾ ਤੋੜ ਲਵੇ ਅਤੇ ਮਜ਼ਬੂਤ ਹੋ ਰਹੇ ਕੂਕਾ ਉਦੇਸ਼ ਦੇ ਪੱਖ ਵਿਚ, ਆ ਖਲੋਵੇ। ਅਲੀ ਮੁੱਲਾ ਵੱਲੋਂ ਉਹਨਾਂ ਨੂੰ ਰਾਹ ਰਾਸਤੇ ਲਿਆਉਣ ਦੇ ਯਤਨਾਂ ਦਾ ਸੁਆਗਤ ਕੂਕਿਆਂ ਨੇ ਇੱਟਾਂ ਵੱਟਿਆਂ ਨਾਲ ਕੀਤਾ। ਥਰਾਜਵਾਲੇ ਦੇ ਲੰਬੜਦਾਰਾਂ ਨੂੰ ਕੂਕਿਆਂ ਨੇ ਦਸਤਾਰਾਂ ਭੇਂਟ ਕਰਕੇ, ਉਹਨਾਂ ਨੂੰ ਆਪਣੀ ਤਹਿਰੀਕ ਵਿਚ ਸ਼ਾਮਲ ਹੋਣ ਲਈ ਕਿਹਾ।

ਇਸ ਹਾਲਾਤ ਵਿਚ ਸਮਿੱਥ ਅਤੇ ਵੇਕ ਫੀਲਡ ਮੌਕੇ ਤੇ ਪੁੱਜੇ। ਵੇਕ ਫੀਲਡ

ਨੇ ਆਲਮ ਸ਼ਾਹ ਅਤੇ ਸੋਢੀ ਮਾਨ ਸਿੰਘ ਨੂੰ ਕੂਕਿਆਂ ਪਾਸ ਭੇਜਿਆ ਇਹ ਦੱਸਣ ਲਈ ਕਿ ਦੋ ਉੱਚ ਅੰਗਰੇਜ਼ ਅਧਿਕਾਰੀ, ਆਪਣੇ ਅਮਲੇ ਫੈਲੇ ਅਤੇ ਸੁਰੱਖਿਆ ਬਲਾਂ ਸਮੇਤ ਪੁੱਜ ਗਏ ਹਨ ਤਾਂ ਕਿ ਅਗਲੀ ਕਾਰਵਾਈ ਕੀਤੀ ਜਾਵੇ। ਇਸ ਵਫਦ ਦੀ ਗੱਲਬਾਤ ਅੱਧਾ ਕੁ ਘੰਟਾ ਚੱਲੀ ਅਤੇ ਭਾਈ ਮਸਤਾਨ ਸਿੰਘ ਅਤੇ ਦੋ ਹੋਰ ਮੁਖੀ ਸਿੱਖ, ਉਹਨਾਂ ਦੇ ਨਾਲ ਅਧਿਕਾਰੀਆਂ ਪਾਸ ਪੁੱਜ ਗਏ। ਕੁਝ ਸਮੇਂ ਬਾਅਦ ਬਾਕੀ ਕੂਕੇ ਇਕ ਵੇਰ ਤੇ ਕਾਫੀ ਜੋਸ਼ ਵਿਚ ਆ ਗਏ। ਉਹਨਾਂ ਕਿਹਾ ਕਿ ਉਹ ਕਿਸੇ ਸਰਕਾਰੀ ਅਫਸਰ ਦਾ ਨਹੀਂ ਸਗੋਂ ਸਿਰਫ ਭਾਈ ਮਸਤਾਨ ਸਿੰਘ ਦਾ ਹੀ ਹੁਕਮ ਮੰਨਣਗੇ। ਯੋਰਪੀਨ ਅਫਸਰਾਂ ਅਤੇ ਆਲੇ ਦੁਆਲੇ ਦੇ (ਸਰਕਾਰ-ਪ੍ਰਸਤ) ਪੇਂਡੂਆਂ ਦੇ ਹਜੂਮ ਨੂੰ ਵੇਖ ਕੇ ਭਾਈ ਮਸਤਾਨ ਸਿੰਘ ਵਿਚ ਉਹਨਾਂ ਦਾ ਭਰੋਸਾ ਤੱਗ ਨਾਂ ਸੱਕਿਆ। ਕੁਝ ਸਮੇਂ ਵਿਚ ਹੀ ਕੂਕਿਆਂ ਨੂੰ ਪੁਲੀਸ ਬਲ ਦੁਆਰਾ ਬੇ ਹਥਿਆਰੇ ਕਰਕੇ ਉਹਨਾਂ ਨੂੰ ਇਕੱਠੇ ਕਰਕੇ ਬੈਠਾ ਲਿਆ ਗਿਆ ਅਤੇ ੪੪ ਕੂਕਿਆਂ ਨੂੰ ਹਿਰਾਸਤ ਵਿਚ ਲੈਕੇ, ਜ਼ਿਲ੍ਹਾ ਸਿਰਸਾ ਦੇ ਪੁਲੀਸ ਥਾਣਾ ਮਲੋਟ ਵਿਚ ਪੁਚਾ ਦਿਤਾ ਗਿਆ।

(ਕਿਉਂਕਿ ਪੰਜਾਬ ਦੇ ਰਿਵਾਜ਼ ਮੁਤਾਬਿਕ, ਕਿਸੇ ਨਵੇਂ ਕੰਮ ਦੀ ਸ਼ੁਭ ਸ਼ੁਰੂਆਤ ਲਈ ਗੁੜ ਵੰਡਿਆ ਜਾਂਦਾ ਹੈ। ਕੂਕੇ ਨਵੀਂ ਬਗਾਵਤ ਦਾ ਮੁੱਢ ਬੰਨ੍ਹਣ ਲਈ ਹੋਲਾ ਮਹੱਲਾ ਮਨਾ ਰਹੇ ਸਨ ਸੋ ਇਸ ਲਈ) ਕੂਕਿਆਂ ਦੁਆਰਾ ਇਸ ਸਮੇਂ ਭਾਰੀ ਮਾਤਰਾ ਵਿਚ ਗੁੜ ਵੰਡਿਆ ਗਿਆ। ਬਹੁਤ ਸਾਰੇ ਕੂਕੇ ਆਪਣਾ ਜੀਆ ਜੰਤ ਵੀ ਨਾਲ ਹੀ ਲੈ ਆਏ ਸਨ ਅਤੇ ਕਾਫੀ ਸੰਖਿਆ ਵਿਚ ਸੋਨੇ ਚਾਂਦੀ ਦੇ ਗਹਿਣੇ ਇਕੱਠੇ ਕਰਕੇ, ਉਹਨਾਂ (ਕਿਸੇ ਭਲੇ ਕੰਮ ਦੇ ਲੇਖੇ ਲਾਉਣ ਲਈ) ਭਾਈ ਮਸਤਾਨ ਸਿੰਘ ਦੇ ਹਵਾਲੇ ਕਰ ਦਿੱਤੇ ਸਨ। ਮਿ. ਟਰਟਨ ਸਮਿੱਥ ਨੇ ਪੰਜ ਹਜਾਰ ਰੁਪੈ ਦੇ ਲਗਪਗ ਕੀਮਤ ਦੇ ਇਹ ਗਹਿਣੇ ਬਰਾਮਦ ਕੀਤੇ ਹਨ, ਬੇਸ਼ਕ ਕੂਕਿਆਂ ਦੁਆਰਾ ਇਕੱਠਾ ਕੀਤਾ ਸਮੁੱਚਾ ਧਨ ਪਦਾਰਥ ਲੱਭਣ ਵਿਚ ਉਹ ਸਫ਼ਲ ਨਹੀਂ ਹੋਇਆ।[3]

ਇਉਂ ਮਾਲੂਮ ਹੁੰਦਾ ਹੈ ਕਿ ਉੱਚ ਅਧਿਕਾਰੀਆਂ ਨੇ ਬਹੁ ਗਿਣਤੀ ਸਿੰਘਾਂ ਨੂੰ ਇਸ ਘਟਨਾ ਬਾਅਦ ਸੱਜੇ ਖੱਬੇ ਹੋ ਜਾਣ ਦਾ ਮੌਕਾ ਖ਼ੁਦ ਦੇ ਦਿਤਾ ਅਤੇ ਜ਼ਿਆਦਾ ਉਤਸ਼ਾਹੀ ੪੪ ਸਿੰਘਾਂ ਨੂੰ ਜੋ ਖ਼ੁਦ ਗਰਿਫ਼ਤਾਰੀ ਦੇਣ ਲਈ ਭਾਈ ਮਸਤਾਨ ਸਿੰਘ ਦੀ ਕਮਾਨ ਹੇਠ ਡਟੇ ਹੋਏ ਸਨ, ਉਹਨਾਂ ਨੂੰ ਹੀ ਗਰਿਫ਼ਤਾਰ ਕਰਕੇ, ਫਿਰ ਇਹਨਾਂ ਵਿਚੋਂ ਵੀ ਸਿਰਫ ਛੇਆਂ ਨੂੰ ਹੀ ਸਜ਼ਾਵਾਂ ਦੇ ਕੇ ਬਾਕੀ ੩੮ ਸਿੰਘ ਚੇਤਾਵਨੀ ਦੇ ਕੇ ਛੱਡੇ ਗਏ। ਜਿਹਾ ਕਿ ਅੱਗੇ ਚੱਲ ਕੇ ਸਰਕਾਰੀ ਰੀਕਾਰਡ ਵਿਚੋਂ ਸਪਸ਼ਟ ਹੁੰਦਾ ਹੈ ਕਿ ਸਰਕਾਰ ਇਸ ਵੱਡੀ ਘਟਨਾ ਨੂੰ ਬਹੁਤਾ ਵਿਸਥਾਰ ਦੇ ਕੇ, ਮਾਲਵੇ ਵਿਚ ਕੂਕਾ ਵਿਦਰੋਹ ਦਾ ਪਿੜ ਭਖਾਉਣਾ

ਨਹੀਂ ਸੀ ਚਾਹੁੰਦੀ। ਮਾਲਵਾ ਜਿੱਥੋਂ ਦੇ ਸਿੱਖ ਰਾਜੇ, ਮਹਾਰਾਜੇ, ਜਗੀਰਦਾਰ ਸਭ ਪਹਿਲਾਂ ਹੀ ਅੰਗਰੇਜ਼ ਸਰਕਾਰ ਦੀ ਤਾਬਿਆ ਵਿਚ ਆ ਚੁੱਕੇ ਸਨ। ਸਾਡਾ ਪਹਿਲਾ ਇਤਿਹਾਸ ਲੇਖਕ ਲਿਖਦਾ ਹੈ-

"ਫਰੰਗੀ ਨੂੰ ਖ਼ਬਰ ਹੋਈ। ਗਾਰਦ ਨਾਲ ਲੈਕੇ ਆਇਆ ਕਹਾ ਕਿ ਅਬ ਲੜਾਈ ਕਰੋ ਦੇਖੀਏ ਧੁਆਡੀ ਲੜਾਈ। ਮੁਕਬਰ ਨੇ ਕਹਿਆ ਕਈ ਸਿੰਘ ਭੱਜ ਗਏ ਹੈਨ। ਫਰੰਗੀ ਨੇ ਕਹਾ ਕਿ ਕੁਝ ਪ੍ਰਵਾਹ ਨਹੀਂ, ਨੱਸ ਜਾਣ ਦਿਓ। ਸੰਤਾਲੀ ਸਿੰਘ (ਨਹੀਂ ੪੪) ਰਹੇ ਸੋ ਫੜ ਲਏ। ਪਹਿਰੇ ਮੈਂ ਕਰ ਦੀਏ। ਪੁਲਸ ਵਾਲੇ ਫਰੰਗੀ (ਜ਼ਿਲ੍ਹਾ ਪੁਲੀਸ ਕਪਤਾਨ ਟਰਟਨ ਸਮਿੱਥ) ਨੇ ਹੁਕਮ ਉਡਾਉਣ ਦਾ ਦਿੱਤਾ। ਏਤਨੇ ਮੇਂ ਫਰੰਗੀ ਜ਼ਿਲ੍ਹੇ ਵਾਲਾ (ਅਸਿਸਟੈਂਟ ਕਮਿਸ਼ਨਰ ਵਾਕਫੀਲਡ) ਆਇ ਗਿਆ। ਕਹਿਣੇ ਲਗਾ ਤੁਮ ਇਨ ਕੋ ਉਡਾਓ ਹਮ ਤੁਮਕੋ ਉਡਾਵਾਂਗੇ। ਜੰਜੈਲ (ਭਾਰੀ ਅਤੇ ਲੰਮੀ ਬੰਦੂਕ) ਮੈਂ ਦਾਰੂ ਸਿੱਕਾ ਪਾਇ ਲਿਆ ਹੈ। ਕਹਿਣ ਲੱਗਾ ਐ ਪਾਗਲ ਜੇ ਤੂੰ ਏਨ੍ਹਾਂ ਨੂੰ ਉਡਾਏਂਗਾ ਤਾਂ ਚੌਦੇ ਵਾਲਾ (੧੮੫੭ ਈ.) ਗ਼ਦਰ ਮਚ ਜਾਵੇਗਾ। ਸਭ ਸਿੰਘ ਵਿਗੜ ਜਾਣਗੇ। ਇਤਨਾ ਕਰਕੇ ਸਿੰਘਾਂ ਨੂੰ ਗਰਿਫਤਾਰ ਕਰਕੇ ਲੈ ਗਏ ਮੁਕਤਸਰ ਮੈਂ। ਉਸ ਵਕਤ ਲੋਕ ਆਖਣ ਏਨ੍ਹਾਂ ਨੂੰ ਉਡਾਇ ਦੇਣਗੇ। ਜਿਨ੍ਹਾਂ ਨੂੰ ਥਾਨੇਦਾਰ ਨੇ ਕਹਾ ਕਿ ਏਨ੍ਹਾਂ ਮਾਰਿਆ ਸੀ ਉਨ੍ਹਾਂ ਨੂੰ ਤਾਂ ਬੇੜੀਆਂ ਪਾਈਆਂ, ਬਾਕੀ ਦਿਆਂ ਨੂੰ ਕਹਿਆ ਕਿ ਤੁਮ ਘਰ ਛੱਡ ਛੱਡ ਕੇ ਨਾ ਫਿਰੋ. ਘਰੀਂ ਜਾਇਕੇ ਖੇਤੀਆਂ ਕਰੋ ਤੇ ਖਾਵੋ, ਵੇਹਲੇ ਨਾ ਫਿਰੋ। ਸਿੰਘ ਆਪੋ ਆਪਣੀਂ ਘਰੀਂ ਜਾਇ ਵੜੇ ਤੇ ਫਰੰਗੀ ਥਾਨੇਦਾਰ ਕੋ ਕਹਾ ਕਿ ਤੁਮ ਸਜ਼ਾ ਕੀ ਲਾਇਕ ਹੋ।'[4]

ਉੱਚ ਅਧਿਕਾਰੀਆਂ ਨੇ ਸਮਝਿਆ ਕਿ ਆਪਣੀ ਮੌਜ ਵਿਚ ਵਿਚਰ ਰਹੇ ਸਿੰਘਾਂ ਨੂੰ ਜੋ ਹੋਲਾ ਮਹੱਲਾ ਮਨਾਉਣ ਦੇ ਰੌਂਅ ਵਿਚ ਸਨ, ਥਾਨੇਦਾਰ ਨੇ ਖਰ੍ਹਵੀ ਨਿਗਰਾਨੀ ਕਰਕੇ, ਉਹਨਾਂ ਨੂੰ ਉਤੇਜਿਤ ਕੀਤਾ ਅਤੇ ਆਪਣਾ ਅਫਸਰੀ ਰੋਅਬ ਮਿੱਟੀ ਵਿਚ ਮਿਲਾ ਲਿਆ।

"੨ ਮਾਰਚ, ੧੮੬੯ ਨੂੰ ੪੪ ਕੈਦੀ (ਕੂਕੇ) ਮੁਕਤਸਰ ਪੁਚਾਏ ਗਏ। ਮਿ. ਟਰਟਨ ਸਮਿੱਥ ਨੂੰ ਪਤਾ ਚੱਲਿਆ ਕਿ ਭਾਈ ਮਸਤਾਨ ਸਿੰਘ ਨੇ ਕਾਲ ਪੈਣ ਦੀ ਭਵਿੱਖਬਾਣੀ ਕੀਤੀ ਸੀ, ਜੋ ਕਿ ਸਹੀ ਸਾਬਤ ਹੋਈ ਅਤੇ ਇਸ ਕਰਕੇ ਕੂਕੇ ਉਸ ਦੀ ਅਜ਼ਮਤ ਵਿਚ ਭਰੋਸਾ ਰੱਖਣ ਲੱਗ ਪਏ ਸਨ। ਸਿੱਖਾਂ ਵਿਚ ਆਪਣੀ ਮਾਨਤਾ ਤੋਂ, (ਅੰਗਰੇਜ਼ ਅਧਿਕਾਰੀਆਂ ਮੁਤਾਬਿਕ) ਮਸਤਾਨ ਸਿੰਘ ਹੋਰਾਂ ਨੂੰ ਕੂਕਾ ਲਹਿਰ ਦੇ ਅੰਤਿਮ ਉਦੇਸ਼, ਰਾਜ-ਖ਼ਾਲਸਾ ਦੀ ਪੁਨਰ ਸਥਾਪਨਾ ਲਈ, ਇਹ ਗੜਬੜ ਵਾਲਾ ਮੌਕਾ, ਉਪਯੁਕਤ ਨਜ਼ਰ

ਆਇਆ। ਇਸੇ ਮਕਸਦ ਲਈ ਉਸਨੇ ਆਪਣੇ ਆਭਾ ਮੰਡਲ ਨੂੰ (ਸਤਿਗੁਰੂ ਜੀ ਦੁਆਰਾ ਸਥਾਪਿਤ) ਸੂਬਾ ਮਲੂਕ ਸਿੰਘ ਫੂਲੇਵਾਲ ਤੋਂ ਵੱਧ ਪ੍ਰਭਾਵਸ਼ਾਲੀ ਬਣਾ ਲਿਆ ਸੀ।(ਇਸ ਲਿਖਤ ਵਿਚ ਕੁਝ ਬੇਹੂਦਾ ਟਿੱਪਣੀਆਂ ਵੀ ਲੋਕ ਮਨਾਉਤ ਵਜੋਂ ਦਰਜ਼ ਹਨ ਜਦੋਂ ਕਿ ਹਕੀਕਤ ਵਿਚ, ਭਾਈ ਮਸਤਾਨ ਸਿੰਘ ਜਾਂ ਕੋਈ ਵੀ ਕੂਕਾ, ਕਿਸੇ ਸਮੇਂ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਇਲਾਹੀ ਜੋਤ ਤੋਂ ਉੱਪਰ, ਕਿਸੇ ਵਿਅਕਤੀ ਨੂੰ ਤਸੱਵਰ ਕਰ ਹੀ ਨਹੀਂ ਸੱਕਦਾ ਸੀ)"

ਜਦੋਂ ਇਸ ਘਟਨਾ ਦੀ ਸੂਚਨਾ ਪੰਜਾਬ ਸਰਕਾਰ ਪਾਸ ਪੁੱਜੀ ਤਾਂ ਲਾਹੌਰ ਦੇ ਕਮਿਸ਼ਨਰ ਲੈਫਟੀਨੈਂਟ ਕਰਨਲ ਕਰੈਕਰੋਫਟ ਨੇ ਮਿਲ ਨੌਕਸ ਡਿਪਟੀ ਕਮਿਸ਼ਨਰ ਫੀਰੋਜ਼ਪੁਰ ਨੂੰ ਹਦਾਇਤ ਕੀਤੀ ਕਿ ਇਸ ਕੇਸ ਨੂੰ, ਸਰਕਾਰ ਵਿਰੁੱਧ ਜੰਗ ਛੇੜਨ ਦੇ ਯਤਨ ਵਜੋਂ ਦਰਜ ਕਰਨ ਦੀ ਬਜਾਏ, ਦੰਗਾ ਕਰਨ ਦਾ ਮੁਕਦਮਾ ਚਲਾਉ ਅਤੇ ਸਿਰਫ ਕੁਝਨਾਂ ਨੂੰ ਹੀ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਇਸ ਕੇਸ ਦਾ ਫੈਸਲਾ ਇਸ ਪਰਕਾਰ ਹੋਇਆ।

ਜਥੇ ਦੇ ਆਗੂ ਭਾਈ ਮਸਤਾਨ ਸਿੰਘ (ਸਮੁੰਦ ਸਿੰਘ) ਥਰਾਜਵਾਲਾ (ਸਿਰਸਾ) ਨੂੰ ੧੮ ਮਹੀਨੇ ਸਖਤ ਕੈਦ ਅਤੇ ੫੦ ਰੁਪੈ ਜੁਰਮਾਨਾ ਜਾਂ ਜੁਰਮਾਨਾ ਨਾਂ ਭਰਨ ਦੀ ਸੂਰਤ ਵਿਚ ੬ ਮਹੀਨੇ ਹੋਰ ਕੈਦ ਦੀ ਸਜ਼ਾ ਦਿੱਤੀ ਗਈ। ਹਰਨਾਮ ਸਿੰਘ ਪਿੰਡ ਔਲਖ (ਸਿਰਸਾ) ਨੂੰ ਸਰਮੁਖ ਸਿੰਘ ਨਾਲ ਮਿਲਕੇ ਸੋਭੇ ਸ਼ਾਹ ਸਿਪਾਹੀ ਤੇ ਹਮਲਾ ਕਰਨ, ਉਸਦੀ ਤਲਵਾਰ ਤੋੜਣ ਅਤੇ ਉਸਦੀ ਵਰਦੀ ਤਲਵਾਰ ਨਾਲ ਪਾੜ ਦੇਣ ਦੇ ਦੋਸ਼ ਹੇਠ, ਇੱਕ ਸਾਲ ਸਖਤ ਕੈਦ ਅਤੇ ਪੱਚੀ ਰੁਪੈ ਜੁਰਮਾਨਾ (ਜਾਂ ਤਿੰਨ ਮਹੀਨੇ ਹੋਰ ਕੈਦ) ਦੀ ਸਜ਼ਾ ਸੁਣਾਈ। ਮੰਨਾ ਸਿੰਘ, ਪਿੰਡ ਚੰਨੋ (ਸਿਰਸਾ), ਜਿਸਨੇ ਡਿਪਟੀ ਇੰਸਪੈਕਟਰ ਵੱਲ ਬਰਛਾ ਵਗਾਹ ਕੇ ਮਾਰਿਆ ਸੀ, ਉਸਨੂੰ ਇਕ ਸਾਲ ਸਖਤ ਕੈਦ ਅਤੇ ੨੫ ਰੂਪੈ ਜੁਰਮਾਨਾ (ਜਾਂ ਤਿੰਨ ਮਹੀਨੇ ਹੋਰ ਕੈਦ) ਦੀ ਸਜ਼ਾ ਮਿਲੀ। ਬਚਿੱਤਰ ਸਿੰਘ ਕੁਰਾਈਵਾਲਾ (ਇਲਾਕਾ ਮੁਕਤਸਰ) ਨੂੰ, ਡਿਪਟੀ ਇੰਸਪੈਕਟਰ ਦੇ ਘੋੜੇ ਨੂੰ ਬਰਛਾ ਮਾਰਨ ਸਦਕਾ ਛੇ ਮਹੀਨੇ ਦੀ ਸਖਤ ਕੈਦ ਬੋਲੀ ਗਈ। ਬੇਲੀ ਸਿੰਘ ਥਰਾਜਵਾਲਾ ਨੂੰ, ਜਿਸਨੇ ਡਿਪਟੀ ਇੰਸਪੈਕਟਰ ਤੇ ਡਾਂਗ ਜਾਂ ਸਫਾਜੰਗ ਨਾਲ ਹਮਲਾ ਕੀਤਾ ਸੀ, ਉਸਨੂੰ ਦਸ ਰੁਪੈ ਜੁਰਮਾਨਾ, ਜਾਂ ਨਾਂ ਭਰਨ ਸਦਕਾ ਤਿੰਨ ਮਹੀਨੇ ਸਧਾਰਨ ਕੈਦ ਹੋਈ। ਸਰਮੁੱਖ ਸਿੰਘ ਭੋਲੇਵਾਲਾ (ਮੁਕਤਸਰ) ਜਿਸਨੇ ਡਿਪਟੀ ਇੰਸਪੈਕਟਰ ਦੇ ਸਿਰ ਤੇ ਸੋਟੀ ਮਾਰੀ ਸੀ, ਨੂੰ ਦਸ ਰੁਪੈ ਜੁਰਮਾਨਾ ਜਾਂ ਨਾਂ ਭਰਨ ਸਦਕਾ

ਤਿੰਨ ਮਹੀਨੇ ਦੀ ਸਧਾਰਨ ਕੈਦ ਸੁਣਾਈ ਗਈ ਸੀ। (ਸੂਬਾ) ਮਲੂਕ ਸਿੰਘ ਫੂਲੇਵਾਲ ਦਾ ਇਸ ਘਟਨਾ ਨਾਲ ਸਬੰਧ ਤਾਂ ਬਣਦਾ ਸੀ ਪਰ ਕਿਉਂਕਿ ਉਹਦਾ ਉੱਘਾ ਹਿੱਸਾ ਨਹੀਂ ਸੀ, ਤਾੜਨਾ ਕਰਕੇ ਛੱਡ ਦਿੱਤਾ ਗਿਆ।

ਹੇਠ ਲਿਖੇ ਸਿੰਘਾਂ ਨੂੰ ਬਿਨਾਂ ਮੁਕਦਮਾ ਚਲਾਏ ਹੀ ਰਿਹਾਅ ਕਰ ਦਿਤਾ ਗਿਆ- 1. ਅਨੋਖ ਸਿੰਘ ਜੰਡ ਵਾਲਾ (ਸਿਰਸਾ), ਇਹਨਾਂ ਦੇ ਵੰਸ਼ਜ ਸੰਤ ਸਰਬਜੀਤ ਸਿੰਘ, ਪਿੰਡ ਜੰਡਵਾਲਾ ਢਾਣੀ, ਹੁਣ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ, ਨਾਮਧਾਰੀ ਸੰਗਤ ਦੇ ਮੁਕਤਸਰ ਜ਼ਿਲ੍ਹੇ ਦੇ ਸੂਬੇ ਹਨ। 2. ਅਨੂਪ ਸਿੰਘ ਭੋਲੇਵਾਲਾ (ਮੁਕਤਸਰ-ਫੀਰੋਜ਼ਪੁਰ), 3. ਬਹਾਦਰ ਸਿੰਘ ਥਰਾਜਵਾਲਾ (ਸਿਰਸਾ), 4. ਬੇਲਾ ਸਿੰਘ ਥਰਾਜਵਾਲਾ (ਸਿਰਸਾ), 5. ਭੂਪ ਸਿੰਘ , (ਮੁਕਤਸਰ), 6. ਭਗਵਾਨ ਸਿੰਘ ਜੰਡਵਾਲਾ (ਸਿਰਸਾ), 7. ਬੁੱਧ ਸਿੰਘ ਜੰਡਵਾਲਾ (ਸਿਰਸਾ), 8. ਭਗਵਾਨ ਸਿੰਘ ਸੌਆਂਗ (ਮੁਕਤਸਰ), 9. ਚੰਦਾ ਸਿੰਘ ਸੋਥਾ (ਮੁਕਤਸਰ), 10. ਧਿਆਨ ਸਿੰਘ ਲਬਾਰਵਾਲਾ (ਸਿਰਸਾ), 11. ਦਿਆਲ ਸਿੰਘ ਲੁੰਡੇਵਾਲਾ (ਮੁਕਤਸਰ), 12. ਹੀਰਾ ਸਿੰਘ ਫੂਲੇਵਾਲਾ (ਮੁਕਤਸਰ), 13. ਹਰਨਾਮ ਸਿੰਘ ਦੂਹੇਵਾਲ (ਸਿਰਸਾ), 14. ਜਮੀਅਤ ਸਿੰਘ ਲੂੰਡੇਵਾਲਾ, 15. ਜੀਤਾ ਸਿੰਘ ਦੂਹੇਵਾਲਾ, 16. ਜੈ ਸਿੰਘ ਸੋਥਾ (ਮੁਕਤਸਰ), 17. ਜੈਮਲ ਸਿੰਘ ਖੂਨਣ (ਮੁਕਤਸਰ), 18. ਕਾਹਨ ਸਿੰਘ ਜੋਗਾ (ਰਿ. ਪਟਿਆਲਾ), 19. ਖਜ਼ਾਨ ਸਿੰਘ ਸੋਥਾ, 20. ਖੜਕ ਸਿੰਘ ਸੋਥਾ, 21. ਲਾਲ ਸਿੰਘ ਹੁਸਨਰ (ਮੁਕਤਸਰ), 22. ਮਹਾਂ ਸਿੰਘ ਲਬਾਰਵਾਲਾ, 23. ਮਾਨ ਸਿੰਘ ਸੋਥਾ, 24. ਨਰਾਇਣ ਸਿੰਘ ਕੁਰਾਈਵਾਲਾ, 25. ਨੰਦ ਸਿੰਘ ਫੂਲੇਵਾਲਾ, 26. ਨੰਦ ਸਿੰਘ ਮਹਾਂ ਵੱਦਰ (ਮੁਕਤਸਰ), 27. ਸਾਹਿਬ ਸਿੰਘ ਕੁਰਾਈਵਾਲਾ, 28. ਸ਼ੇਰ ਸਿੰਘ ਭੋਲੇਵਾਲਾ, 29. ਸੋਭਾ ਸਿੰਘ ਸੋਥਾ, 30. ਸੁਹੇਲ ਸਿੰਘ ਔਲਖ, 31. ਬੁੱਧ ਸਿੰਘ, ਜੋਗਾ ਰੱਲਾ (ਪਟਿਆਲਾ), 32. ਤਾਰਾ ਸਿੰਘ ਫੱਕਰਸਰ (ਮੁਕਤਸਰ), 33. ਅਮਰ ਸਿੰਘ ਲੂੰਡੇਵਾਲਾ, 34. ਅਮਰ ਸਿੰਘ ਗੁਰੂਸਰ, 35. ਅਤਰ ਸਿੰਘ ਦੂਹੇਵਾਲਾ, 36, ਵੀਰ ਸਿੰਘ ਲਬਾਰਵਾਲਾ (ਸਿਰਸਾ), 37. ਵਜ਼ੀਰ ਸਿੰਘ ਰੁਪਾਣਾ (ਮੁਕਤਸਰ)।

ਸੋਢੀ ਮਾਨ ਸਿੰਘ ਨੂੰ ਉਸ ਦੀਆਂ ਸੇਵਾਵਾਂ ਬਦਲੇ ਸਰਕਾਰ ਨੇ ਆਨਰੇਰੀ ਮਜਿਸਟਰੇਟ ਬਣਾ ਦਿਤਾ ਅਤੇ ਉਸਦੀ ਮੱਦਦ ਕਰਨ ਵਾਲੇ ਪੇਂਡੂਆਂ ਨੂੰ ਨਕਦ ਇਨਾਮ ਦਿਤੇ ਗਏ। ਸਰਕਾਰੀ ਰੀਕਾਰਡ ਵਿਚ ਇਹ ਵੀ ਦਰਜ ਹੈ ਕਿ ਪੈਦਲ ਸਿਪਾਹੀਆਂ ਨੇ ੬੫ ਮੀਲ ਦਾ ਸਫਰ ੩੦ ਘੰਟਿਆਂ ਵਿਚ ਅਤੇ ਘੋੜ ਸੁਆਰ ਪੁਲੀਸ ਨੇ ੨੪ ਘੰਟਿਆਂ ਵਿਚ ਕੀਤਾ। ਆਈ. ਜੀ. ਦੀ ਰੀਪੋਰਟ ਅਨੁਸਾਰ ਪੁਲੀਸ ਵਾਲਿਆਂ ਦੀ ਇਸ ਖੱਜਲ ਖੁਆਰੀ ਬਦਲੇ,

ਉਹਨਾਂ ਦਾ ਉਚਿਤ ਮਾਣ ਸਨਮਾਨ ਨਹੀਂ ਹੋਇਆ।[5]

ਕੂਕੇ ਸਿੰਘਾਂ ਨੇ ਇਹ ਕੈਦ ਫੀਰੋਜ਼ਪੁਰ ਦੀ ਜਿਹਲ ਵਿਚ ਕੱਟੀ ਜਿੱਥੇ ਉਹਨਾਂ ਦੀ ਬੇਨਤੀ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਉਹਨਾਂ ਨੂੰ ਜਿਹਲ ਵਿਚ ਦਰਸ਼ਨ ਦੇਕੇ ਆਏ ਸਨ। ਸੰਨ ੧੮੭੦ ਈ. ਦੀ ਮਾਘੀ ਤੇ ਸਤਿਗੁਰੂ ਜੀ ਨੇ ਮੁਕਤਸਰ ਦਰਸ਼ਨ ਦਿਤੇ ਸਨ। ਉਸ ਤੋਂ ਕੁਝ ਮਹੀਨੇ ਪਹਿਲਾਂ ਸਤਿਗੁਰੂ ਜੀ ਕਿਸੇ ਦੌਰੇ ਸਮੇਂ, ਫੀਰੋਜ਼ਪੁਰ ਸ਼ਹਿਰ ਵਿਚ ਦਰਸ਼ਨ ਦਿੱਤੇ ਸਨ। ਆਪ ਦੇ ਦਰਸ਼ਨ ਕਰਨ ਮਿਸਤਰੀ ਨਿਹਾਲ ਸਿੰਘ (ਮਹਿਤਪੁਰ- ਜਲੰਧਰ) ਹੋਰਾਂ ਦੇ ਘਰ ਜਿੱਥੇ ਸਤਿਗੁਰੂ ਜੀ ਦਾ ਟਿਕਾਣਾ ਸੀ, ਫੀਰੋਜ਼ਪੁਰ ਜਿਹਲ ਦਾ ਦਰੋਗਾ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਉਸ ਪਾਸੋਂ ਆਪ ਨੂੰ ਜਿਹਲ ਵਿਚ ਭਾਈ ਮੰਨਾ ਸਿੰਘ ਦੇ ਅਸੁਅਸਥ ਹੋਣ ਦਾ ਪਤਾ ਲੱਗਾ, ਜਿਸ ਕਾਰਨ ਸਤਿਗੁਰੂ ਜੀ ਨੇ ਜਿਹਲ ਵਿਚ ਜਾਕੇ, ਦਰੋਗੇ ਦੇ ਦਫ਼ਤਰ ਵਿਚ ਬੈਠ ਕੇ, ਉੱਥੇ ਆਪਣੇ ਕੈਦੀ ਸਿੰਘਾਂ ਨੂੰ ਵੀ ਤੇ ਹੋਰ ਜਿਹਲ ਵਿਚ ਰਹਿਣ ਵਾਲੇ ਪ੍ਰੇਮੀਆਂ ਨੂੰ ਵੀ ਦਰਸ਼ਨ ਦਿੱਤੇ। ਘਟਨਾ ਦਾ ਵੇਰਵਾ ਬਾਹੋਵਾਲ ਜੀ ਕਾਨੀਬੰਦ ਕਰ ਗਏ ਹਨ। "ਪਾਰ ਫੀਰੋਜ਼ਪੁਰ ਆਏ। ਦਰਸ਼ਨ ਦੀਆ। ਨਿਹਾਲ ਸਿੰਘ (ਪਿਤਾ ਦਾ ਨਾਮ ਲਾਭਾ, ਕਾਰੀਗਰ ਅਤੇ ਅਨਾਜ ਦਾ ਵਿਉਪਾਰੀ, ਪਿੰਡ ਮਹਿਤਪੁਰ-ਨਕੋਦਰ (ਜਲੰਧਰ) ਤੋਂ ੧੮੫੦ ਈ. ਤੋਂ ਬਾਅਦ ੨੫ ਕੁ ਸਾਲ ਦੀ ਉਮਰ ਵਿਚ ਫੀਰੋਜ਼ਪੁਰ ਆ ਗਿਆ ਸੀ। ਸਤਿਗੁਰੂ ਜੀ ਦਾ ਫੀਰੋਜ਼ਪੁਰ ਨਿਵਾਸ ਸਮੇਂ ਦਾ ਸੰਗੀ ਸੀ। ਗੁਰੂ ਹਰੀ ਸਿੰਘ ਜੀ ਨੇ ਭਜਨ ਦੇਣ ਦੇ ਅਧਿਕਾਰ ਤੋਂ ਬਿਨਾਂ ਸੂਬਾ ਬਣਾ ਦਿਤਾ ਸੀ।) ਕੇ ਉਤਰੇ। ਸਭ ਸਿੰਘ ਆਇ ਮਿਲੇ। ਬੜੀ ਖੁਸ਼ੀ ਹੋਈ ਜੇਲ੍ਹਖਾਨੇ ਦਾ ਦਰੋਗਾ ਭੀ ਆਇਆ ਦਰਸ਼ਨ ਕੋ। ਪੁਛਿਆ ਗੁਰੂ ਜੀ ਏਹ ਕੌਨ ਹੈ ? ਸਿੰਘਾਂ ਕਹਿਆ ਜੀ ਏਹ ਦਰੋਗਾ ਹੈ ਜੇਲ੍ਹ ਖਾਨੇ ਕਾ।ਅਗਲੇ ਦਿਨ ਦਰੋਗੇ ਥੀਂ ਪੁੱਛਿਆ, ਸਾਡੇ ਸਿੰਘ ਹੈਨ ਜੇਲ੍ਹ ਖਾਨੇ ਵਿਚ ? ਉਸਨਾ ਕਹਾ ਜੀ ਮੰਨਾ ਸਿੰਘ ਤਾ ਬੀਮਾਰ ਹੈ। ਕਈ ਦੁਆਈਆਂ ਕੀਤੀਆਂ ਹੈਨ ਰਾਜੀ ਨਹੀਂ ਹੁੰਦਾ। ਸ੍ਰੀ ਸਤਿਗੁਰੂ ਜੀ ਪਤਾਸਾ ਸੀਤ ਪ੍ਰਸਾਦਿ ਕਰਕੇ ਦਿੱਤਾ। ਬਚਨ ਕੀਤਾ ਮੰਨਾ ਸਿੰਘ ਕੋ ਛਕਾਇ ਦੇ, ਰਾਜੀ ਹੋ ਜਾਵੇਗਾ। ਦਰੋਗੇ ਨੇ ਪਤਾਸਾ ਮੰਨਾ ਸਿੰਘ ਕੋ ਦੀਆ। ਛਕਦੇ ਸਾਰ ਹੀ ਰਾਜੀ ਹੋ ਗਿਆ। ਕੈਦੀ ਕੈਹਣ ਏਨਾਂ ਨੂੰ ਸਤਿਗੁਰੂ ਜੀ ਦਰਸ਼ਨ ਦੇਣਗੇ ਤਾਂ ਅਸੀਂ ਭੀ ਦਰਸ਼ਨ ਕਰਾਂਗੇ। ਸਿੰਘਾਂ ਦਾ ਭੀ ਸੰਕਲਪ ਹੋਇਆ ਕਿ ਦਰਸ਼ਨ ਹੋਵੇ ਸਤਿਗੁਰੂ ਜੀ ਕਾ। ਅਗਲੇ ਦਿਨ ਦਰੋਗਾ ਨਾਲ ਲੈ ਗਿਆ ਸਤਿਗੁਰੂ ਜੀ ਨੂੰ ਜੇਲ੍ਹਖਾਨੇ ਕੇ ਬੀਚ।"

"ਸਮੁੰਦ ਸਿੰਘ ਨੂੰ ਬਚਨ ਕੀਤਾ ਗੁਰੂ ਬਣ ਬੈਠਾ ਸਾਈਂ ? ਕੇਹੜੀ ਕਲਾ

ਹੈ ਤੁਸਾਂ ਦੇ ਕੋਲ ? ਦਰੋਗੇ ਕੋ ਖੁਸ਼ੀਆਂ ਦਿੱਤੀਆਂ। ਸਿੰਘਾਂ ਨੇ ਚਰਨੀਂ ਹੱਥ ਲਾਇਆ, ਫਤੇ ਬੁਲਾਈ। ਅਰਜ ਕੀਤੀ ਜੀ ਤੇਰੇ ਜੰਤ ਹਾਂ, ਰੱਛਿਆ ਰੱਖੀਂ। ਸਤਿਗੁਰੂ ਜੀ ਬਚਨ ਕੀਤਾ ਨਿਹੱਕ ਜ਼ੁਲਮੀ ਕਰਨੇ ਵਾਲੇ ਜੋ ਪਾਪੀ ਹੈਂ ਉਨ੍ਹਾਂ ਨੂੰ ਬੜਾ ਦੁੱਖ ਹੋਊਗਾ, ਗਊਆਂ ਕੋ ਦੁੱਖ ਦੀਆ ਹੈ। ਸਿੰਘਾਂ ਨੂੰ ਖੁਸ਼ੀਆਂ ਦੇ ਕੇ ਚਲੇ ਆਏ। ਫਿਰੋਜ਼ਪੁਰ ਤੀਨ ਪੜਾਉ ਕੀਤੇ। ਬੜੀ ਖੁਸ਼ੀ ਹੋਈ। ਦੀਵਾਨ ਲਗਦਾ ਹੈ ਤਾਂ ਦੁਨੀਆਂ ਦੇਖਣ ਨੂੰ ਔਂਦੀ ਹੈ। ਦੂਰੋਂ ਹੀ ਦੀਦਾਰ ਹੁੰਦਾ ਹੈ ਮੋਹਣੀ ਮੂਰਤ ਦਾ। ਦਰਸ਼ਨ ਕਰਕੇ ਸ਼ਾਂਤ ਆਇ ਜਾਂਦੀ ਹੈ। ਸਰਬ ਦੁਖ ਦੂਰ ਹੁੰਦੇ ਹੈਂ।'[6]

ਇਸ ਪਰਕਾਰ ਆਪਣੇ ਪਿਆਰੇ ਸਿੱਖ, ਭਾਈ ਸਮੁੰਦ ਸਿੰਘ ਉਰਫ ਮਸਤਾਨ ਸਿੰਘ ਨੂੰ ਦਰਸ਼ਨ ਦੇ ਕੇ, ਉਸ ਨੂੰ ਅਭਿਮਾਨ ਮੁਕਤ ਕਰਨ ਦਾ ਕਾਰਜ ਵੀ ਸਤਿਗੁਰੂ ਜੀ ਨੇ ਕੀਤਾ ਅਤੇ ਉਹਨਾਂ ਨੂੰ ਖੁਸ਼ੀਆਂ ਬਖਸ਼ ਕੇ, ਉਹਨਾਂ ਦੀਆਂ ਸਰਕਾਰ ਵਿਰੋਧੀ ਕਾਰਵਾਈਆਂ ਉੱਤੇ ਵੀ ਆਪ ਜੀ ਨੇ ਠੀਕ ਹੋਣ ਦੀ ਮੋਹਰ ਲਾ ਦਿੱਤੀ। ਕੂਕਿਆਂ ਦਾ ਸੰਗਠਨ, ਇਕ ਵਿਆਪਕ ਬਸਤੀਵਾਦੀ ਸਰਕਾਰ ਵਿਰੋਧੀ, ਲੋਕ-ਉਭਾਰ ਵਿਚੋਂ ਹੀ ਉੱਠਿਆ ਸੀ ਜਿਹੜਾ ਹੌਲੇ ਹੌਲੇ, ਇਕ ਵਿਆਪਕ ਵਿਦਰੋਹ ਦੀ ਰੂਪ ਰੇਖਾ ਉਲੀਕਣ ਵੱਲ ਵਧ ਰਿਹਾ ਸੀ। ਸਤਿਗੁਰੂ ਜੀ ਦਾ ਥਰਾਜਵਾਲੇ ਅਤੇ ਮਲੇਰਕੋਟਲੇ ਵਾਲੇ ਮਸਤਾਨੇ ਸਿੰਘਾਂ ਨਾਲ, ਇਸ ਕੂਕਾ ਵਿਦਰੋਹ ਦੀ ਮੁਕੰਮਲ ਤਿਆਰੀ ਨੂੰ ਲੈ ਕੇ ਹੀ ਵਕਤ ਤੋਂ ਪਹਿਲਾਂ ਛਿਟਪੁੱਟ ਕਾਰਵਾਈਆਂ ਕਰਨ ਭਾਵ ਇਸਦੇ ਸਮੇਂ ਸਥਾਨ ਨੂੰ ਲੈ ਕੇ ਹੀ ਮੱਤ ਭੇਦ ਸੀ ਉਂਜ, ਕੂਕਿਆਂ ਦੇ ਇਹ ਸਾਰੇ ਤਬਕੇ, ਪੰਜਾਬ ਵਿਚ ਸੁਤੰਤਰ ਰਾਜ ਦੀ ਪੁਨਰ ਸਥਾਪਨਾ ਵੱਲ ਹੀ ਵਧ ਰਹੇ ਸਨ। ਅਜਿਹਾ ਨਿਸ਼ਾਨਾ ਹੀ ਥਰਾਜਵਾਲੇ ਦੀ ਘਟਨਾ ਦੇ ਆਗੂ ਭਾਈ ਮਸਤਾਨ ਸਿੰਘ ਅਤੇ ਉਹਨਾਂ ਦੇ ਦਲ ਦੇ ਦੂਸਰੇ ਸਿੰਘਾਂ ਦਾ ਸੀ। ਕੁਝ ਅਤਿ ਜੋਸ਼ੀਲੇ ਸਿੰਘ, ਜਿਵੇਂ ਜਿਵੇਂ ਸਮਾਂ ਬੀਤ ਰਿਹਾ ਸੀ ਉਹ ਹੱਥਾਂ ਨੂੰ ਚੱਕ ਵੱਢਦੇ ਸਨ ਅਤੇ ਦੁਸ਼ਮਣ ਫਰੰਗੀ ਸਰਕਾਰ ਦੇ ਰੱਸੇ ਪੈੜੇ ਵੱਟਣ ਲਈ, ਤਰਲੋ ਮੱਛੀ ਹੋ ਰਹੇ ਸਨ। ਇਸੇ ਕਾਰਨ ਹੀ ਥਰਾਜਵਾਲਾ ਦੀ ਇਤਿਹਾਸਿਕ ਘਟਨਾ ਵਾਪਰੀ ਸੀ। ਇਸ ਘਟਨਾ ਤੋਂ ਦੋ ਕੁ ਸਾਲ ਮਗਰੋਂ ੧੮੭੧ ਵਿਚ ਪੈਰਿਸ ਵਿਚ ਫਰਾਂਸ ਦੇ ਮਜ਼ਦੂਰਾਂ ਨੇ, ਕਮਿਊਨਿਸਟ ਪਾਰਟੀ ਦੇ ੧੮੪੮ ਈ. ਵਿਚ ਪ੍ਰਕਾਸ਼ਿਤ ਘੋਸ਼ਣਾ ਪੱਤਰ ਤੋਂ ਅਗਵਾਈ ਲੈਂਦਿਆਂ, ਉੱਥੋਂ ਦੇ ਕਾਮਿਆਂ ਦੀ ਪਹਿਲੀ ਸਰਕਾਰ "ਪੈਰਿਸ ਕਮਿਊਨ" ਦੀ ਸਥਾਪਨਾ ਕੀਤੀ ਸੀ ਜਿਹਨਾਂ ਨੇ ੭੧ ਦਿਨਾਂ ਤੱਕ ਪੈਰਿਸ ਵਿਚ ਆਪਣਾ ਹੁਕਮ ਚਲਾਇਆ ਅਤੇ ਫਿਰ ਇਹ ਕਮਿਊਨ ਵਿਰੋਧੀਆਂ ਨੇ ਬਰਬਰ ਦਮਨ ਕਰਕੇ ਤੋੜ ਦਿੱਤੀ। ਥਰਾਜਵਾਲੇ ਦੀ ਘਟਨਾ ਨੂੰ ਇਸ ਦੇ ਬਰਅਕਸ

ਰੱਖ ਕੇ "ਕੂਕਾ ਕਮਿਊਨ" ਕਿਹਾ ਜਾ ਸੱਕਦਾ ਹੈ ਜੋ ਹਫ਼ਤਾ ਦਸ ਦਿਨ ਭਾਈ ਮਸਤਾਨ ਸਿੰਘ ਦੀ ਅਗੁਆਈ ਵਿਚ ਇਕ ਥਾਂ ਲੰਗਰ ਕਰਕੇ, ਸਭ ਦੀਆਂ ਲੋੜਾਂ ਇਕੱਠੇ ਕੀਤੇ, ਸਾਂਝੇ ਕੋਸ਼ ਵਿਚੋਂ ਪੂਰੀਆਂ ਕਰਦੇ ਸਨ। ਪੈਰਿਸ ਕਮਿਊਨ ਦੇ ਨਤੀਜੇ ਵਜੋਂ ਦੁਨੀਆਂ ਦੇ ਅਨੇਕਾਂ ਦੇਸ਼ਾਂ ਅਤੇ ਸੋਵੀਅਤ ਸੰਘ ਵਿਚ ਸਮਾਜਵਾਦੀ ਸਰਕਾਰ ਹੋਂਦ ਵਿਚ ਆਈ। ਕੂਕਾ ਕਮਿਊਨ ਦੇ ਨਤੀਜੇ ਵਜੋਂ ਮਲੇਰਕੋਟਲੇ ਦਾ ਵੱਡਾ ਸਾਕਾ, ਕੂਕਾ ਨਰ ਸੰਘਾਰ ਹੋਇਆ ਅਤੇ ਦੇਸ਼ ਦੀ ਆਜ਼ਾਦੀ ਲਈ ਅਗਲੇ ਸਮੇਂ ਵਿਚ ਅਨੇਕ ਲੋਕ ਲਹਿਰਾਂ ਦੇ ਵਹਿਣ ਨੇ, ਬਸਤੀਵਾਦੀ ਰਾਜ ਸੱਤਾ ਨੂੰ ਰੋਹੜਣ ਵਿਚ ਹਿੱਸਾ ਪਾਇਆ।

ਇਹਨਾਂ ਸਿੰਘਾਂ ਦੇ ਪਰਵਾਰ ਵੀ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੇ ਹੋਏ ਸਨ। ਭਾਈ ਬਚਿੱਤਰ ਸਿੰਘ ਕੁਰਾਈਵਾਲੇ ਦਾ ਅਨੰਦ ਕਾਰਜ ੧੮੬੫ ਈ. ਵਿਚ ਫੂਲੇਵਾਲ ਦੇ ਸ੍ਰ. ਸ਼ੇਰ ਸਿੰਘ ਦੀ ਪੁੱਤਰੀ ਬੀਬੀ ਦੇਸਾਂ ਨਾਲ ਹੋਇਆ ਸੀ। ਬੀਬੀ ਦੇਸਾਂ ਪੇਕੇ ਘਰ ਤੋਂ ਹੀ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਪਾਠੀ ਬਣਕੇ ਆਈ ਸੀ। ਮਾਈ ਦੇਸਾਂ ਦੇ ਘਰ ਪੰਜ ਪੁੱਤਰ ਹੋਏ ਭਜਨ ਸਿੰਘ, ਚੈਨ ਸਿੰਘ, ਉਜਾਗਰ ਸਿੰਘ, ਜੰਗ ਸਿੰਘ ਅਤੇ ਇੰਦਰ ਸਿੰਘ। ਵੱਡਾ ਪੁੱਤਰ ਭਜਨ ਸਿੰਘ ਡੀਠ-ਵਰਨੀ ਕਵੀ ਸੀ। ਸਿੰਘਾਂ ਨੂੰ ਮੁਕਤਸਰ ਜਦੋਂ ਲਿਆਂਦਾ ਗਿਆ ਤਾਂ ਉਹਨਾਂ ਬੋਕੇ ਦਾ ਪਾਣੀ ਪੀਣ ਅਤੇ ਪੁਲੀਸ ਵੱਲੋਂ ਲਿਆਂਦੇ ਦਾਣੇ ਚੱਬਣ ਤੋਂ ਇਨਕਾਰ ਕਰ ਦਿੱਤਾ, ਜਿਸ ਤੇ ਲੋਕ ਗੀਤ ਬਣ ਗਏ-

"ਕੂਕੇ ਬੜੇ ਕਸੂਤੇ, ਪਾਣੀ ਨਾਂ ਪੀਂਦੇ ਬੋਕੇ ਦਾ,
ਦਾਣੇ ਨਾਂ ਚੱਬਦੇ, ਭੱਠੀ ਦੇ

ਇਸ ਸਮੇਂ ਜੰਡ ਵਾਲੇ ਪਿੰਡ ਦੇ, ਜਿੱਥੋਂ ਦੇ ਅਨੋਖ ਸਿੰਘ, ਭਗਵਾਨ ਸਿੰਘ ਅਤੇ ਬੁੱਧ ਸਿੰਘ ਨਾਮੇ ਤਿੰਨ ਸਿੰਘ, ੪੪ ਸਿੰਘਾਂ ਵਾਲੇ ਜਥੇ ਵਿਚ ਗਰਿਫਤਾਰ ਕਰਕੇ ਫੀਰੋਜ਼ਪੁਰ ਪੁਚਾਏ ਗਏ ਸਨ, ਬਾਰੇ ਮੁਖਬਰਾਂ ਨੇ ਇਹ ਝੂਠੀ ਰੀਪੋਰਟ ਦਿਤੀ ਕਿ ਕੂਕੇ ਜੰਡਵਾਲੇ ਇਕੱਠੇ ਹੋ ਰਹੇ ਹਨ ਕਿ ਉਹ ਫੀਰੋਜ਼ਪੁਰ ਤੇ ਧਾਵਾ ਬੋਲਣਗੇ ਅਤੇ ਆਪਣੇ ਸਾਥੀਆਂ ਨੂੰ ਛੁਡਾਉਣਗੇ. ਅੰਗਰੇਜ਼ੀ ਫੌਜ ਦੇ ਚਾਰ ਦਸਤਿਆਂ ਨੇ ਜੰਡਵਾਲੇ ਨੂੰ ਘੇਰਾ ਪਾ ਕੇ ਤੋਪਾਂ ਬੀੜ ਦਿੱਤੀਆਂ। ਮਾਈ ਦੇਸਾਂ ਦਾ ਪਿੰਡ ਕਰਾਈਵਾਲਾ ਇੱਥੋਂ ੩ ਮੀਲ ਦੂਰ ਸੀ। ਮਾਈ ਦੇਸਾਂ ਨੇ ਦਹੀਂ ਦੀ ਚਾਟੀ ਭਰ ਲਈ ਅਤੇ ਸਮਦਰਸੀ ਮਾਤਾ ਨੇ ਅੰਗਰੇਜ਼ੀ ਫੌਜ ਨੂੰ ਵੀ ਦਹੀਂ ਛਕਾਇਆ ਅਤੇ ਇਹ ਵੀ ਦੱਸਿਆ ਕਿ ਇੱਥੇ ਸਿੰਘਾਂ ਦਾ ਕੋਈ ਇਕੱਠ ਨਹੀਂ ਹੋਇਆ। ਇਸ ਤਰ੍ਹਾਂ ਅੰਗਰੇਜ਼ੀ ਫੌਜ ਬਿਨਾਂ ਖੂਨ ਖਰਾਬੇ ਤੋਂ ਮਾਈ ਨੇ ਸੂਝ ਬੂਝ ਨਾਲ ਮੋੜ ਦਿਤੀ।

ਮੁਕਤਸਰ ਵਿਚ ਕੈਦ ਹੋਏ ਸਿੰਘਾਂ ਨੂੰ ਵੀ ਦਹੀਂ ਖਿੱਚੜੀ ਮਾਈ ਦੇਸਾਂ ਨੇ ਹੀ ਲਿਆ ਕੇ ਛਕਾਈ ਸੀ। ਮਾਤਾ ਦੀ ਇਸ ਮਹਾਨ ਘਾਲਣਾ ਦਾ ਵਰਣਨ, ਉਸ ਦੇ ਪੁੱਤਰ ਭਜਨ ਸਿੰਘ ਨੇ ਆਪਣੀ ਸਿੱਧ ਪੱਧਰੀ ਕਵਿਤਾ ਵਿਚ ਕੀਤਾ ਸੀ ਜੋ ਕੂਕਾ ਦੀਵਾਨਾਂ ਵਿਚ ਇਹ ਕਵਿਤਾ ਗਾ ਕੇ ਉਨ੍ਹੀਵੀਂ ਸਦੀ ਦੇ ਆਖਰੀ ਅਤੇ ਵੀਹਵੀਂ ਦੇ ਪਹਿਲੇ ਦੋ ਤਿੰਨ ਦਹਾਕਿਆਂ ਵਿਚ ਰੰਗ ਬੰਨ੍ਹਿਆ ਕਰਦਾ ਸੀ।

“ਮਾਈ ਦੇਸਾਂ ਖਿੱਚੜ ਰਿੰਨ੍ਹ ਕੇ ਵਿਚ ਮੱਟੀ ਦੇ ਪਾਇਆ।
ਚਾਟੀਆਂ ਦੋ ਦਹੀਂ ਦੀਆਂ ਭਰੀਆਂ, ਕੱਛਾਂ 'ਚ ਲਟਕਾਇਆ।
ਮੁੱਠਾਂ ਭਰ ਭਰ ਵਿਚ ਬੱਲ੍ਹਣੀ ਦੇ ਮਾਤਾ ਮੱਖਣ ਪਾਇਆ।
ਭੂਰਿਆਂ ਵਿਚ ਲਪੇਟ ਦੋਗੜਾਂ, ਆਪਣੇ ਸੀਸ ਉਠਾਇਆ।
ਮੁਕਤਸਰ ਆ ਕੇ ਭੁੱਖੇ ਸਿੱਖਾਂ ਨੂੰ, ਖਿੱਚੜ ਪ੍ਰਸ਼ਾਦ ਛਕਾਇਆ।
ਮਾਈ ਦੇਸਾਂ ਦਾ ਜੱਸ, ਵੇਦ ਪੁਰਾਣੀਂ ਗਾਇਆ।
ਫਰੰਗੀ ਕਹਿੰਦਾ ਮਾਈ ਦੇਸਾਂ, ਮੇਰੀ ਫੌਜ ਤਿਹਾਈ।
ਮਾਈ ਨੇ ਦਹੀਂ ਦੀ ਭਰਕੇ ਚਾਟੀ, ਫੌਜੀਆਂ ਤਾਈਂ ਪਿਲਾਈ।
ਗੋਰਾ ਆਖੇ ਧੰਨ ਤੂੰ ਮਾਤਾ, ਤੇਰੀ ਨੇਕ ਕਮਾਈ।
ਮਾਤਾ ਦੇਸਾਂ ਤੂੰ ਨਾਂ ਹੁੰਦੀ, ਮਰਦੀ ਸਭ ਲੁਕਾਈ।
ਮਾਈ ਦੇਸਾਂ ਦੀ, ਇਹ ਸੀ ਨੇਕ ਕਮਾਈ॥
ਮਾਈ ਦੇਸਾਂ ਕੱਦੋਂ ਉੱਚੀ, ਜਿਉਂ ਸਰੂ ਦਾ ਬੂਟਾ।
ਜੇ ਕੋਈ ਉਹਦੇ ਦੁਆਰੇ ਆਵੇ, ਭਰਦੀ ਦਹੀਂ ਦਾ ਠੂਠਾ।
ਮਾਈ ਦੇਸਾਂ ਬਚਨ ਬੋਲਦੀ, ਕੋਲ ਨਾਂ ਖੜ੍ਹਦਾ ਝੂਠਾ।
ਗੁਰਮਤਿ ਦੱਸਦੀ ਮਾਈ ਦੇਸਾਂ, ਕਹੇ ਭਜਨ ਸਿੰਘ ਕੂਕਾ।
ਮਾਈ ਦੇਸਾਂ ਜੋ, ਸਿਰ ਤੇ ਬੰਨ੍ਹਦੀ ਮੂਕਾ॥#
ਵਸਾਖ ਮਹੀਨਾ ਚੜ੍ਹਿਆ ਹੈਸੀ, ਹੁਕਮ ਅਕਾਲੋਂ ਆਇਆ।
ਅੰਮ੍ਰਿਤ ਵੇਲੇ ਦੇਸਾਂ ਨਹਾਕੇ, ਹਰਿ ਕਾ ਦਰਸ਼ਨ ਪਾਇਆ।
ਪੁੱਤਰ ਧੀਆਂ ਛੱਡ ਕੇ ਦੇਸਾਂ, ਸੱਚਖੰਡ ਡੇਰਾ ਲਾਇਆ।
ਕਾਲ ਨਾਂ ਰੱਖੇ ਕਾਨ ਕਿਸੇ ਦੀ, ਆਪਣਾ ਹੋਵੇ ਪਰਾਇਆ।
ਮਾਈ ਦੇਸਾਂ ਨੇ, ਸੱਚਖੰਡ ਡੇਰਾ ਲਾਇਆ॥

ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀ ਲਿਖਤ ਮੁਤਾਬਿਕ ਮਾਈ ਦੇਸਾਂ ੧੯੦੬ ਈ. ਵਿਚ ਅਤੇ ਉਸਦੇ ਪੁੱਤਰ ਕਵੀ ਭਜਨ ਸਿੰਘ ਨੇ ੧੯੨੩ ਈ. ਵਿਚ ਚੋਲਾ ਛੱਡਿਆ ਸੀ।[7] (ਭਾਈ ਮਸਤਾਨ ਸਿੰਘ ਦੇ ਜਨਮ ਮਰਨ ਅਤੇ ਹੋਰ ਪਰਵਾਰਿਕ ਵੇਰਵਿਆਂ ਤੋਂ ਸਾਡਾ ਇਤਿਹਾਸ ਖਾਮੋਸ਼ ਹੈ।ਅੰਦਾਜ਼ਨ ਉਹਨਾਂ ਦਾ ਚਲਾਣਾ ੧੮੯੦ ਈ. ਤੱਕ ਹੋ ਗਿਆ ਸੀ।)

ਥਰਾਜਵਾਲਾ ਕਾਂਡ ਵਿਚ ਪਕੜੇ ਗਏ ਕੂਕੇ ਸਿੰਘ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਪੂਰੀ ਤਰ੍ਹਾਂ ਸਮਰਪਿਤ ਰਹੇ। ਉਹਨਾਂ ਨੇ ਕਠਿਨ ਹਾਲਾਤ ਵਿਚ, ਕੂਕਾ ਲਹਿਰ ਦੀ ਸ਼ਮ੍ਹਾਂ ਰੋਸ਼ਨ ਰੱਖੀ। ਸ੍ਰੀ ਭੈਣੀ ਸਾਹਿਬ ਵਿਚ, ਗੁਰੂ ਹਰੀ ਸਿੰਘ ਜੀ ਅਤੇ ਉੱਘੇ ਕੂਕਿਆਂ ਨਾਲ ਅੰਦੋਲਨ ਦੀ ਰੂਪ ਰੇਖਾ ਬਾਰੇ, ਮਾਈ ਅਤਰੀ ਮਾਈਸਰ ਖਾਨੇ ਵਾਲੀ, ਨਾਲ ਲਾਟੋਂ ਦੀ ਢੱਕੀ (ਨੇੜੇ ਸ੍ਰੀ ਭੈਣੀ ਸਾਹਿਬ) ਜਿਹੜੀ ੨੦੦-੨੫੦ ਕੂਕਿਆਂ ਦੀ ਗੁਪਤ ਮੀਟਿੰਗ ਹੋਈ ਸੀ, ਉਸ ਵਿਚ ਭਾਗ ਲੈਣ ਵਾਲਿਆਂ ਵਿਚੋਂ ੩੮ ਕੂਕਿਆਂ ਨੂੰ ੨੦ ਮਾਰਚ ੧੮੮੧ ਨੂੰ ਲੁਧਿਆਣਾ ਜ਼ਿਲ੍ਹਾ ਦੇ ਪੁਲੀਸ ਕਪਤਾਨ ਜੇ. ਪੀ. ਵਾਰਬਰਟਨ ਨੇ ਗਰਿਫਤਾਰ ਕੀਤਾ ਸੀ ਅਤੇ ਲੁਧਿਆਣੇ ਲਿਆ ਕੇ ੫੦੪, ੫੦੫ ਸੀ. ਪੀ. ਕੋਡ ਦਸ, ੧੮੭੨ ਤਹਿਤ ਕਾਰਵਾਈ ਕੀਤੀ ਸੀ। ਇਹਨਾਂ ਵਿਚੋਂ ਹੇਠ ਲਿਖੇ ਸਿੰਘ ਥਰਾਜਵਾਲਾ ਘਟਨਾ ਵਿਚ ਗਰਿਫਤਾਰ ਕੀਤੇ ਗਏ ੪੪ ਸਿੰਘਾਂ ਵਿਚੋਂ ਸਨ-

1. ਤਾਰਾ ਸਿੰਘ ਪੁੱਤਰ ਬਹਾਲੀ, ਜੱਟ, ਪਿੰਡ ਫੱਕਰਸਰ ਥਾਣਾ ਭਾਈਕੋਟ (ਫੀਰੋਜ਼ਪੁਰ)
2. ਲਾਲ ਸਿੰਘ ਪੁੱਤਰ ਜਵਾਹਰ ਸਿੰਘ, ਜੱਟ, ਪਿੰਡ ਹੋਸਨਰ, ਥਾਣਾ ਭਾਈਕੋਟ
3. ਵਜ਼ੀਰ ਸਿੰਘ ਪੁੱਤਰ ਫਤੇਹ ਸਿੰਘ, ਜੱਟ, ਪਿੰਡ ਰੁਪਾਣਾ, ਥਾਣਾ ਮੁਕਤਸਰ (ਫੀਰੋਜ਼ਪੁਰ)
4. ਭਗਵਾਨ ਸਿੰਘ ਪੁੱਤਰ ਬਹਾਲ ਸਿੰਘ, ਜੱਟ, ਜੰਡਵਾਲਾ, ਥਾਣਾ ਮਲੋਟ, ਜ਼ਿਲ੍ਹਾ ਸਿਰਸਾ
5. ਧਿਆਨ ਸਿੰਘ ਪੁੱਤਰ ਭੂਪ ਸਿੰਘ, ਜੱਟ, ਲੱਖੇਵਾਲੀ, ਥਾਣਾ ਬੰਗਲਾ ਫਾਜ਼ਿਲਕਾ, ਜ਼ਿਲਾ ਫਾਜ਼ਿਲਕਾ (ਜਾਂ ਸਿਰਸਾ?)

ਭਗਵਾਨ ਸਿੰਘ ਪਿੰਡ ਸੌਆਂਗ ਦਾ ਮਸਤਾਨੀ ਬਿਰਤੀ ਵਿਚ ਨਾਮ ਰਿਖੀ ਸਿੰਘ ਸੀ ਅਤੇ ਉਸ ਦੇ ਵੀ ਬਹੁਤ ਸਾਰੇ ਪਰਸੰਗ ਨਾਮਧਾਰੀ ਇਤਿਹਾਸ ਵਿਚ ਦਰਜ਼ ਹਨ। ਇਸ ਘਟਨਾ ਤੋਂ ਬਾਅਦ ਸੂਬਾ ਗਿਆਨੀ ਰਤਨ ਸਿੰਘ

ਅਤੇ ਸੂਬਾ ਲੱਖਾ ਸਿੰਘ ਹੋਰਾਂ ਨੂੰ ਸਤਿਗੁਰੂ ਜੀ ਨੇ ਸਾਰਾ ਵਾਕਿਆਤ ਮਾਲੂਮ ਕਰਨ ਲਈ ਇਲਾਕਾ ਮੁਕਤਸਰ ਵਿਚ ਭੇਜਿਆ। ਧਨ ਪਦਾਰਥ ਜਿਤਨਾ ਜਿਤਨਾ ਜਿਸ ਸਿੰਘ ਦਾ ਸੀ ਉਹਨਾਂ ਨੂੰ ਵਾਪਿਸ ਕਰ ਦਿੱਤਾ। ਸਤਿਗੁਰੂ ਜੀ ਦੇ ਸੱਦੇ ਤੇ ਭਗਵਾਨ ਸਿੰਘ ਸੌਆਂਗ ਸਮੇਤ ਬਹੁਤ ਸਾਰੇ ਮੁਕਤਸਰੀਏ ਸਿੰਘ, ਸ੍ਰੀ ਭੈਣੀ ਸਾਹਿਬ ਆ ਕੇ ਲੰਗਰ ਦੀ ਸੇਵਾ ਕਰਕੇ ਇੱਥੋਂ ਹੀ ਪਰਸ਼ਾਦ ਛਕਣ ਲੱਗੇ। ਗੁਰੂ ਕੇ ਤਬੇਲੇ ਵਿਚ ਭਰਤ ਪਾਉਣ ਦੀ ਸੇਵਾ ਇਹਨਾਂ ਨਿਬਾਹੀ ਸੀ। ਫਿਰ ਸਰਹਿੰਦ ਨਹਿਰ ਦੀ ਖੁਦਾਈ ਵੇਲੇ ੧੮੭੦-੭੧ ਈ. ਵਿਚ ਉੱਥੇ ਕੰਮ ਕਰਨ ਲੱਗ ਪਏ। ਸੂਬਾ ਮਲੂਕ ਸਿੰਘ ਫੂਲੇਵਾਲ ਨੂੰ ਇਸੇ ਨਹਿਰ ਤੋਂ ਹੀ ਜਨਵਰੀ ੧੮੭੨ ਵਿਚ ਗਰਿਫਤਾਰ ਕਰਕੇ, ਜਲਾਵਤਨ ਕੀਤਾ ਸੀ। ਮਾਲਵੇ ਦੇ ਇਲਾਕੇ ਦੇ ਸਿੰਘਾਂ ਦੇ ਨਾਮ ਆਪਣੇ ਹੁਕਮਨਾਮੇ ਵਿਚ ਸਤਿਗੁਰੂ ਜੀ ਇਹ ਲਿਖ ਕੇ ਕਿ "ਨਾਉ ਗਾਉ ਲਿਖਣੇ ਤੇ ਕਾਗਤੁ ਬਧ ਜਾਂਦਾ ਹੈ। ਹੋਰ ਸਰਬ ਮੁਕਤਸਰੀਆਂ ਕੋ ਭੀ"[੪] ਜੋ ਥਰਾਜਵਾਲੇ ਦੀ ਘਟਨਾ ਵਿਚ ਵੀ ਸ਼ਾਮਲ ਰਹੇ ਯਾਦ ਕਰਦੇ ਹਨ ਅਤੇ ਉਹਨਾਂ ਪ੍ਰਥਾਇ ਆਪਣਾ ਪ੍ਰੇਮ ਪਰਗਟ ਕਰਦੇ ਹਨ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਇੰਦਰ ਸਿੰਘ ਚੱਕਰਵਰਤੀ, ਮਾਲਵੇਂਦ੍ਰ (ਮਹਾਂ ਕਾਵਿ), ਸਫਾ ੨੬੯
2. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ (ਸੰ. ਜਸਵਿੰਦਰ ਸਿੰਘ) ਸਫਾ ੩੨੧-੨੨
3. ਜਸਵਿੰਦਰ ਸਿੰਘ (ਸੰਪਾਦਕ), ਕੂਕਾ ਮੂਵਮੈਂਟ ਐਂਡ ਦਾ ਮੈਕਨੇਬ ਰੀਪੋਰਟ, ਆਈ. ਜੀ. ਪੰਜਾਬ ਪੁਲੀਸ, ਲੈਫਟੀਨੈਂਟ ਕਰਨਲ ਲੀ. ਹਚਿਨਸਨ ਦੀ ੧੮੬੯ ਦੇ ਸਾਲ ਦੀ ਕੂਕਾ ਮੱਤ ਦੇ ੧੮੬੯ ਈ. ਵਿਚਲੇ ਚਲਣ ਦੀ ਰੀਪੋਰਟ, ਸਫਾ ੧੩੨-੩੫
4. ਬਾਹੋਵਾਲ, ਉਪਰੋਕਤ, ਸਫਾ ੩੨੨-੨੩
5. ਜਸਵਿੰਦਰ ਸਿੰਘ, ਉਪਰੋਕਤ, ਸਫਾ ੧੩੫-੩੮ (੬) ਬਾਹੋਵਾਲ, ਉਪਰੋਕਤ, ਸਫਾ ੩੭੧-੭੨

6. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਆਜ਼ਾਦੀ ਦੀ ਲਹਿਰ ਅਤੇ ਨਾਮਧਾਰੀ ਦੇਵੀਆਂ, ਸਫਾ ੫੫-੫੮
7. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਜਸਵਿੰਦਰ ਸਿੰਘ ਸੰ.) ਪਹਿਲੀ ਛਾਪ, ਹੁਕਮਨਾਮਾ ਨੰ: ੫, ਸਫਾ ੧੩੭। ਇਹ ਹੁਕਮਨਾਮਾ ਸਤਿਗੁਰੂ ਜੀ "ਲਿਖਤੋ ਗੰਗਾ ਵਾਲਾ ਮਸਤਾਨਾ ਸਿੰਘ" ਵਾਕ ਨਾਲ ਆਰੰਭ ਕਰਦੇ ਹਨ।

#ਪਰਨਾ, ਸਾਫਾ, ਛੋਟੀ ਦਸਤਾਰ

❁

# ਰਣ ਚੰਡੀ, ਕੂਕਾ ਵੀਰਾਂਗਣਾ ਮਾਈ ਇੰਦ ਕੌਰ ਹੰਡਿਆਇਆ

ਆਪਣੇ ਤੋਂ ਕਈ ਗੁਣਾਂ ਵੱਡੀ ਸ਼ਕਤੀ ਨਾਲ, ਬਿਨਾਂ ਪੂਰੇ ਸਾਧਨਾਂ ਅਤੇ ਨਤੀਜਿਆਂ ਦੀ ਪਰਵਾਹ ਕੀਤੇ, ਭਿੜ ਜਾਣ ਵਾਲਿਆਂ ਨੂੰ ਜਿਸ ਤਰ੍ਹਾਂ ਮੁਸੀਬਤਾਂ ਸਹਾਰਦਿਆਂ ਜਾਨ ਜ਼ੋਖਮ ਵਿੱਚ ਪਾਉਣੀ ਪੈਂਦੀ ਹੈ, ਉਹਨਾਂ ਦੀ ਇਹ ਅਦੁੱਤੀ ਵੀਰਤਾ, ਸਾਹਸ, ਦਲੇਰੀ ਅਤੇ ਆਪਣੇ ਮਿਸ਼ਨ ਤੋਂ ਮਰ ਮਿਟਣ ਦੀ ਤੀਬਰਤਾ, ਉਹਨਾਂ ਨੂੰ ਕਿਸੇ ਮਹਾਨ ਸਾਕੇ ਦੇ ਪਾਤਰ ਬਣਾ ਦਿੰਦੇ ਹਨ। ਦੁਨੀਆਂ ਦੇ ਇਤਿਹਾਸ ਜਿਉਂ ਪੰਜਾਬ ਦੇ ਇਤਿਹਾਸ ਵਿੱਚ ਵੀ ਅਜਿਹੇ ਸਾਕਿਆਂ ਦੀ ਗਿਣਤੀ ਸਿਰ ਨਿਵਾ ਕੇ ਕੀਤੀ ਜਾਂਦੀ ਹੈ। ਸਾਕਾ ਸਰਹਿੰਦ, ਸਾਕਾ ਚਮਕੌਰ, ਸਾਕਾ ਮੁਕਤਸਰ, ਸ਼ਹੀਦੀ ਸਾਕਾ ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਆਦਿ, ਸਾਕਾ ਨਨਕਾਣਾ ਸਾਹਿਬ, ਸਾਕਾ ਪੰਜਾ ਸਾਹਿਬ, ਸਾਕਾ ਜੈਤੋ ਆਦਿ ਦੇ ਨਾਲ ਨਾਲ ਪੰਜਾਬ ਦੇ ਇਤਿਹਾਸ ਵਿੱਚ, ਕੂਕਿਆਂ ਦੁਆਰਾ ਵਰਤਾਇਆ ਗਿਆ ਸ਼ਹੀਦੀ ਸਾਕਾ ਮਲੇਰਕੋਟਲਾ ਦਾ ਜ਼ਿਕਰ ਵੀ ਸ਼ਰਧਾ ਅਤੇ ਸਤਿਕਾਰ ਨਾਲ ਕੀਤਾ ਜਾਂਦਾ ਹੈ। ਸਾਕਾ ਮਲੇਰਕੋਟਲਾ ਨੂੰ, ਅੰਗਰੇਜ਼ ਬਸਤੀਵਾਦੀਆਂ ਵਿਰੁੱਧ 12 ਅਪਰੈਲ 1857 ਤੋਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਰੰਭੇ, ਕੂਕਾ ਅੰਦੋਲਨ ਦੇ ਸਿਖਰ ਦੇ ਤੌਰ ਤੇ ਵੇਖਿਆ ਜਾਂਦਾ ਹੈ। ਜ਼ੁਲਮ ਦੀ ਹੱਦ ਕਰਦਿਆਂ 65 ਕੂਕੇ ਸਿੰਘ ਤੋਪਾਂ ਨਾਲ ਤੂੰਬਾ ਤੂੰਬਾ ਕਰਕੇ ਉਡਾ ਦਿੱਤੇ। ਇੱਕ ਬਾਲ ਯੋਧਾ ਤਲਵਾਰ ਨਾਲ ਕੱਟ ਦਿੱਤਾ। ਚਾਰ ਸਿੰਘ ਕਾਲੇ ਪਾਣੀ ਵਿੱਚ ਉਮਰ ਕੈਦ ਕੱਟਦੇ ਜੂਝ ਗਏ। ਦਸ ਮਲੌਦ ਅਤੇ ਮਲੇਰਕੋਟਲਾ ਦੀਆਂ ਹਿੰਸਕ ਝੜਪਾਂ ਵਿੱਚ ਖੇਤ ਰਹੇ ਅਤੇ ਕੋਈ ਤਿੰਨ ਦਰਜਨ ਦੇ ਕਰੀਬ ਕੂਕੇ ਜੋ ਵਾਰਦਾਤਾਂ ਵਿੱਚ ਸ਼ਾਮਲ ਸਨ, ਉਹਨਾਂ ਨੂੰ ਉਮਰ ਦੇ ਬਾਕੀ 30-35 ਜਾਂ ਕਿਸੇ ਹੱਦ ਤੱਕ 40-50 ਵਰ੍ਹੇ ਦੀ ਮਫ਼ਰੂਰੀ ਦੀ ਹਾਲਤ ਵਿੱਚ, ਬੇ ਪਛਾਣ ਹੋ ਕੇ ਓਪਰੀਆਂ ਥਾਵਾਂ ਤੇ ਜੀਵਨ ਜਿਊਣਾ ਪਿਆ। ਇਸੇ ਸਾਕੇ ਦੇ ਫਲਸਰੂਪ, ਸਤਿਗੁਰੂ ਰਾਮ ਸਿੰਘ ਜੀ ਅਤੇ ਦਸ ਮੁਖੀ ਕੂਕੇ ਸੂਬਿਆਂ ਨੂੰ ਪੰਜਾਬ ਤੋਂ ਬਾਹਰ ਬੇਗਾਨੀਆਂ ਜੂਹਾਂ ਵਿੱਚ ਬੰਦੀ ਜੀਵਨ ਭੋਗਣਾ ਪਿਆ। ਇਹਨਾਂ ਮਹਾਨ ਕੁਰਬਾਨੀਆਂ ਸਦਕਾ, ਪੰਜਾਬ ਵਿੱਚ ਮਗਰਲਿਆਂ ਸਮਿਆਂ ਵਿੱਚ ਚੱਲਣ ਵਾਲੀਆਂ ਬਸਤੀਵਾਦ ਵਿਰੋਧੀ, ਵੱਖ ਵੱਖ ਲੋਕ- ਲਹਿਰਾਂ ਵਾਸਤੇ, ਕੂਕਾ-ਲਹਿਰ ਇੱਕ ਮੁੱਢਲੀ ਪ੍ਰੇਰਣਾ ਸਰੋਤ ਵੀ ਬਣੀ।

ਇਸ ਸਾਕੇ ਵਿੱਚ ਕੂਕਾ ਮਸਤਾਨਾ ਦਲ ਦੀ ਪਰਮੁੱਖ ਭੂਮਿਕਾ ਸੀ ਜਿਸਦੇ ਆਗੂ ਜਾਂ ਜੱਥੇਦਾਰ ਸਨ, ਪਿੰਡ ਸਕਰੌਦੀ, ਬਲਾਕ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਦੇ ਦੋ ਚਾਚੇ ਤਾਇਆਂ ਦੇ ਪੁੱਤ ਭਰਾ, ਸ੍ਰ. ਹੀਰਾ ਸਿੰਘ ਅਤੇ ਸ੍ਰ. ਲਹਿਣਾ ਸਿੰਘ। ਭੈਣੀ ਸਾਹਿਬ ਤੋਂ 13 ਜਨਵਰੀ 1872 ਦੀ ਦੁਪਹਿਰ ਨੂੰ ਜਦੋਂ ਇਹ ਸ਼ਹੀਦੀ ਜੱਥਾ ਮਰਨ ਮੰਡ ਕੇ, ਆਪਣੇ ਸਰੀਰ ਰੂਪੀ ਠੀਕਰੇ ਜ਼ਾਲਮ ਗੋਰਾ ਸ਼ਾਹੀ ਦੇ ਸਿਰ ਤੇ ਭੰਨਣ ਲਈ ਕੂਚ ਕਰਦਾ ਹੈ ਤਾਂ ਇੱਕ ਬਾਂਸ ਉੱਤੇ ਜੜੇ ਲੋਹੇ ਦੇ ਖੰਡੇ ਸਮੇਤ ਫਹਿਰਾ ਰਿਹਾ ਸਫੈਦ ਪਰਚਮ, ਇਸ ਸਮੇਂ ਮਾਤਾ ਇੰਦ ਕੌਰ ਦੇ ਹੱਥਾਂ ਵਿੱਚ ਸੁਸ਼ੋਭਿਤ ਸੀ। ਇਹ ਪਰਚਮ ਮਾਈ ਇੰਦ ਕੌਰ ਅਤੇ ਉਸਦੀ ਦੂਜੀ ਸਾਥਣ ਮਾਈ ਖੇਮ ਕੌਰ ਵਾਰੀ ਵਾਰੀ ਝੁਲਾਉਂਦੀਆਂ ਜਾਂਦੀਆਂ ਸਨ। ਭੈਣੀ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਵੀ ਇਹ ਦੋਵੇਂ ਮਾਈਆਂ ਸਤਿਗੁਰੂ ਜੀ ਵਾਲੇ ਮੰਦਰ ਦੀ ਛੱਤ ਤੇ ਚੜ੍ਹ ਕੇ, ਇਹ ਨਿਸ਼ਾਨ ਲਹਿਰਾਉਂਦੀਆਂ ਹੋਈਆਂ ਛੇਤੀ ਹੀ ਧਰਮ ਜਹਾਜ ਇੱਥੋਂ ਚੱਲਣ ਦਾ ਐਲਾਨ ਕਰ ਕੇ, ਉਸ ਦੀਆਂ ਸੁਆਰੀਆਂ ਨੂੰ ਸੱਦ ਰਹੀਆਂ ਸਨ। "ਨੰਦ ਸਿੰਘ ਹਡਿਆਏ ਵਾਲੇ ਨੇ ਕੋਠੇ ਪਰ ਚੜ੍ਹਕੇ ਪੱਲੂ ਫੇਰ ਕੇ ਹੋਕਾ ਦੀਆ ਕਿ ਗੁਰੂ ਤੇਗ ਬਹਾਦਰ ਜੀ ਕਾ ਹੁਕਮ ਹੈ, ਕਰੋੜ ਗ੍ਰੰਥ ਸਾਹਿਬ ਜੀ ਕੇ ਪਾਠੋਂ ਕਾ ਮਹਾਤਮ ਹੈ ਜੇ ਕੋਈ ਧਰਮ ਜੁਧ ਕੋ ਇਸ ਵਕਤ ਕਮਰਕੱਸਾ ਕਰੇਗਾ। ਮਹੰਤੋ, ਸੰਤੋ, ਸੂਬਿਓ, ਸਰਬ ਕੇ ਵਾਸਤੇ ਹੁਕਮ ਹੈ ਕਰੋੜ ਗਊ ਕਾ, ਕਰੋੜ ਅਸਮੇਧ ਜੱਗ ਕਾ ਮਹਾਤਮ ਹੈ।ਅੱਜ ਧਰਮ ਜਹਾਜ ਛੁੱਟਣਾ ਹੈ ਜਿਸ ਚੜ੍ਹਨਾ ਹੈ ਸੋ ਚੜ੍ਹੇ।... ਏਥੇ ਕੌਨ ਸੀ ਦੇਹ ਨੇ ਅਸਥਿਰ ਰਹਿਣਾ ਹੈ। ਚਾਰ ਦਿਨ ਕਾ ਈ ਮੇਲਾ ਹੈ ਜੋ ਰਹੇਗਾ ਸੋ ਪਛਤਾਏਗਾ। ਸਿੰਘੋ ਤੇਰਾਂ ਸਿੰਘਾਂ ਕੀ ਚੜ੍ਹਾਈ ਹੈ। ਸੀਸ ਲਾਵਾਂਗੇ ਕੋਟਲੇ। ਮਸਤਾਨੀ ਬੋਲੀ ਤੇਰਾਂ ਸਿੰਘ ਤੇ ਦੋ ਸਿੰਘਣੀਆਂ ਹੈਂ (ਇੰਦ ਕੌਰ ਅਤੇ ਖੇਮ ਕੌਰ) ਤਿਆਰ ਬਰ ਤਿਆਰ। ਏਕ ਛੋਟੀ ਸੀ ਲੜਕੀ ਕਹੇ ਕਿ ਮੈਂ ਭੀ ਨਾਲ ਚੱਲਾਂਗੀ। ਮਸਤਾਨੀ ਨੇ ਕਹਾ ਕਿ ਤੂੰ ਕੀ ਕਰੇਂਗੀ ਨਾਲ ਜਾਇਕੇ . ਕਹਿਣੇ ਲਗੀ ਕਿ ਖੱਪਰ ਭਰ ਭਰ ਪੀਵਾਂਗੀ।"[1]

ਇਹ ਭਾਈ ਨੰਦ ਸਿੰਘ ਹੰਡਿਆਇਆ ਰਿਆਸਤ ਪਟਿਆਲਾ ਦਾ ਵਸਨੀਕ ਸੀ, ਅੱਜ ਕੱਲ੍ਹ ਇਸ ਦਾ ਜ਼ਿਲ੍ਹਾ ਬਰਨਾਲਾ ਹੈ। ਇਹ ਭਾਈ ਨੰਦ ਸਿੰਘ ਹੀ ਵੀਰਾਂਗਣਾ ਬੀਬੀ ਇੰਦ ਕੌਰ ਦਾ ਪਤੀ ਸੀ। ਬੀਬੀ ਇੰਦ ਕੌਰ ਦਾ ਜਨਮ ਮੌੜ ਮੰਡੀ ਦੇ ਨਜ਼ਦੀਕ ਪਿੰਡ ਕਮਾਲੂ ਵਿੱਚ ਹੋਇਆ। ਅੰਗਰੇਜ਼ੀ ਰਾਜ ਸਮੇਂ ਰਿਆਸਤ ਪਟਿਆਲਾ ਦਾ ਪਿੰਡ ਸੀ ਕਮਾਲੂ, ਜਿਸ ਦਾ ਅੱਜ ਕੱਲ੍ਹ ਜ਼ਿਲ੍ਹਾ ਬਠਿੰਡਾ ਹੈ। ਇਸ ਦੰਪਤੀ ਦਾ ਨਿਰਭੈ ਸਿੰਘ ਨਾਮ ਦਾ ਇੱਕ ਪੁੱਤਰ ਵੀ ਸੀ। ਜੂਨ 1863 ਈ. ਨੂੰ ਜਦੋਂ ਸਤਿਗੁਰੂ ਜੀ ਨੇ ਸਿਆਹੜ

(ਲੁਧਿਆਣਾ) ਵਿਖੇ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਸੀ ਤਾਂ ਬੀਬੀ ਇੰਦ ਕੌਰ ਨੇ ਵੀ ਉੱਥੇ ਹੀ ਅੰਮ੍ਰਿਤ ਛਕਿਆ ਸੀ, ਖੰਡੇ ਬਾਟੇ ਦਾ। “ਆਪ ਨੂੰ ਸਰਦਾਰ ਹੀਰਾ ਸਿੰਘ ਸਕਰੌਦੀਆ ਦੀ ਸੰਗਤ ਵਿੱਚ ਦੇਸ਼ ਸੇਵਾ ਦਾ ਰੰਗ ਚੜ੍ਹ ਗਿਆ। ਇਹਨਾਂ ਦਿਨਾਂ ਵਿੱਚ ਗਗੜਪੁਰ ਪਿੰਡ ਵਿੱਚ ਦੀਵਾਨ ਲੱਗਿਆ। ਜਿਸ ਦਾ ਮੰਤਵ ਸੀ ਦੇਸ਼ ਨੂੰ ਅੰਗਰੇਜ਼ ਦੇ ਹੱਥੋਂ ਮੁਕਤ ਕੀਤਾ ਜਾਵੇ। ਦੇਸ਼ ਆਜ਼ਾਦੀ ਦਾ ਨਿਸ਼ਾਨ ਮਾਈ ਇੰਦ ਕੌਰ ਦੇ ਹੱਥ ਵਿੱਚ ਦੇ ਕੇ ਇਸ ਨੂੰ ਜੱਥੇਦਾਰ ਕਰ ਦਿੱਤਾ। ਮਾਈ ਇੰਦ ਕੌਰ ਮਸਤਾਨੇ ਦਲ ਦੇ ਜੱਥੇ ਦੀ ਅਗਵਾਈ ਕਰਦੀ। ਭਾਈ ਨੰਦ ਸਿੰਘ ਜੀ ਇਕ ਬੀਬੇ, ਧੜੱਲੇਦਾਰ, ਸਰਦਾਰ ਸੀ। ਜਿਸ ਦੀ ਅਗੁਆਈ ਵਿੱਚ ਬਾਂਗਰ ਤੇ ਮਾਲਵਾ, ਮੈਨ ਦੁਆਬ, (ਤਲਵੰਡੀ) ਸਾਬੋ ਦਾ ਮੁਲਕ, ਬਰਨਾਲੇ ਦਾ ਇਲਾਕਾ ਅਤੇ ਛੀਟਾਂ ਵਾਲੇ ਦੇ ਪਰਗਣੇ ਵਿੱਚ, ਦੇਸ਼ ਆਜ਼ਾਦੀ ਦਾ ਸੂਰਜ ਚਮਕਾ ਦਿੱਤਾ। ਮਾਈ ਇੰਦ ਕੌਰ ਦੇ ਨਾਲ ਦਿੱਤੂ ਪੁਰੇ (ਰਿਆਸਤ ਪਟਿਆਲਾ) ਦੇ ਸਰਦਾਰ ਨਰਾਇਣ ਸਿੰਘ ਦੀ ਪਤਨੀ ਬੀਬੀ ਖੇਮ ਕੌਰ ਨੇ ਮਸਤਾਨੇ ਦਲ ਦੇ ਨਾਲ ਹੋ ਕੇ ਦੇਸ ਕੁਰਬਾਨੀ ਦੀ ਰਟ ਲਾ ਦਿੱਤੀ।'[2] ਪਟਿਆਲਾ ਰਿਕਾਰਡ ਵਿੱਚ ਬੀਬੀ ਖੇਮ ਕੌਰ ਦੇ ਪਤੀ ਦਾ ਨਾਮ ਗੁਰਸਾ ਸਿੰਘ ਲਿਖਿਆ ਹੈ। ਉਹ ਜ਼ਿਮੀਦਾਰ ਸੀ। ਇਸ ਦਾ ਪਿੰਡ ਦਿੱਤੂ ਪੁਰਾ, ਚਨਾਰਥਲ ਥਾਣੇ ਦਾ ਪਿੰਡ ਸੀ।[3] 16 ਜਨਵਰੀ 1872 ਨੂੰ 15 ਜਨਵਰੀ ਨੂੰ ਰੜ ਤੋਂ ਆਏ ਇਹਨਾਂ ਕੂਕਿਆਂ ਦੀ ਗਫਿਰਤਾਰੀ ਪਾਈ ਗਈ ਅਤੇ ਦੋ ਮਾਈਆਂ ਸਮੇਤ ਕੁੱਲ 68 ਕੂਕਿਆਂ ਦੇ ਨਾਮ ਉਪਰੋਕਤ ਪਟਿਆਲਾ ਸੂਚੀ ਵਿੱਚ ਦਰਜ਼ ਹਨ। ਦਿੱਤੂਪੁਰਾ ਅਤੇ ਚਨਾਰਥਲ ਉਦੋਂ ਰਿਆਸਤ ਪਟਿਆਲਾ ਦਾ ਹਿੱਸਾ ਸਨ। ਭਾਈ ਕਾਹਲਾ ਸਿੰਘ ਨੰਗਲ ਕਲਾਂ ਵਾਲੇ ਆਪਣੇ ਗ੍ਰੰਥ ਵਿੱਚ ਪਟਿਆਲਾ ਜ਼ਿਲ੍ਹਾ, ਭਾਵ ਰਿਆਸਤ ਦੇ ਸ਼ਹੀਦੀ ਸਾਕੇ ਵਿੱਚ ਸ਼ਾਮਲ ਸਿੰਘਾਂ ਦਾ ਵੇਰਵਾ ਦਿੰਦੇ ਹੋਏ ਲਿਖਦੇ ਹਨ–

“ਸੁਣੋ ਜ਼ਿਲ੍ਹੇ ਪਟਿਆਲੇ ਦਾ ਹਾਲ ਸਾਰਾ,
ਜਿੱਥੋਂ ਤੁਰੀ ਸ਼ਹੀਦਾਂ ਦੀ ਕਾਰ ਵਾਰੀ।
ਇੰਦ ਕੌਰ ਹਿੰਡਆਇ ਦੀ ਇਕ ਮਾਈ,
ਦਿੱਤੂ ਪੁਰੇ ਦੀ ਖੇਮ ਕੁਰ ਟਾਰ ਵਾਰੀ।
ਰਹੇ ਦੋਹਾਂ ਦੇ ਹੱਥ ਸ਼ਹੀਦ ਝੰਡਾ,
ਹੋਕਾ ਦੇਣ ਹੋ ਕੇ ਅਮਲਦਾਰ ਵਾਰੀ।
ਚੜ੍ਹੋ ਧਰਮ ਸ਼ਹੀਦ ਜਹਾਜ਼ ਉੱਤੇ,

ਨਹੀਂ ਛੁੱਟਣਾ ਜੇ ਦੂਜੀ ਵਾਰ ਵਾਰੀ।
ਨੰਦ ਸਿੰਘ ਪਤੀ ਮਾਈ ਇੰਦ ਕੌਰ ਦਾ,
ਲੱਗਾ ਜਾਇ ਮਲੌਦ ਦੇ ਵਾਰ ਵਾਰੀ।'[4]

ਮਲੌਦ ਦੀ ਲੜਾਈ ਦਾ ਵੇਰਵਾ, ਜਿੱਥੇ ਮਸਤਾਨਾ ਦਲ, 13 ਜਨਵਰੀ ਦੀ ਰਾਤ ਰੱਬੋਂ ਪਿੰਡ ਦੇ ਬਾਹਰ ਸਾਹਿਬ ਸਿੰਘ ਜ਼ਿਮੀਦਾਰ ਦੇ ਖੂਹ ਤੇ ਅਤੇ ਉੱਥੇ ਹੀ 14 ਜਨਵਰੀ ਦਾ ਸਾਰਾ ਦਿਨ ਕੱਟ ਕੇ, ਰਾਤ ਅੱਠ ਵਜੇ ਪੁੱਜਦਾ ਹੈ, ਉਸ ਵਿੱਚ ਮਾਈ ਇੰਦ ਕੌਰ ਦੀ ਸੂਰਮਗਤੀ ਦੀ ਗਾਥਾ ਦਾ ਵਰਨਣ ਬਾਹੋਵਾਲ ਜੀ ਕਰਦੇ ਹੋਏ ਸਾਰੇ ਵਾਕਿਆਤ ਬਿਆਨਦੇ ਹਨ। "ਮਲੌਦ ਦੇ ਕੋਲ ਆਏ ਤਾਂ ਇਕ ਸਿੰਘ ਨੇ ਕਿਹਾ ਕਿ ਸ੍ਰ. ਬਦਨ ਸਿੰਘ (ਪੁੱਤਰ ਸ੍ਰ. ਮਿੱਤ ਸਿੰਘ) ਹੈ। ਉਸ ਭਜਨ ਭੀ ਲਿਆ ਹੋਇਆ ਹੈ। ਇਸ ਥੀਂ ਸ਼ਸ਼ਤਰ ਲੈ ਲਵੋ। ਏਕ ਸਮੇਂ ਸ੍ਰ. ਬਦਨ ਸਿੰਘ ਦੀਵਾਨ ਵਿੱਚ ਆਇਆ ਸੀ, ਸ੍ਰੀ ਰਾਮਦਾਸਪੁਰੇ ਤਾਂ ਉਸ ਕਿਹਾ ਸੀ ਕਿ ਕੋਈ ਸੇਵਾ ਹੋਵੇ ਤਾਂ ਦੱਸੋ ਤਾਂ ਹੀਰਾ ਸਿੰਘ ਨੇ ਕਿਹਾ ਸੀ ਕਿ ਜਦੋਂ ਲੋੜ ਪਵੇਗੀ ਤਾਂ ਦੱਸਾਂਗੇ। ਦਰਵਾਜੇ ਕੀ ਤਾਕੀ ਖੁੱਲ੍ਹੀ ਸੀ। ਬਾਹਰ ਪਹਿਰਾ ਖੜ੍ਹਾ ਕਰ ਕੇ ਸਿੰਘ ਅੰਦਰ ਜਾਇ ਵੜੇ। ਦਰਵਾਜਾ ਆਪਣੇ ਅਖਤਿਆਰ ਰੱਖਿਆ। ਹੀਰਾ ਸਿੰਘ, ਤੇ ਲਹਿਣਾ ਸਿੰਘ ਤੇ ਇਕ ਮਸਤਾਨੀ (ਮਾਈ ਇੰਦ ਕੌਰ) ਮਕਾਨ ਉੱਤੇ ਚੜ੍ਹ ਗਏ। ਸਰਦਾਰ (ਬਦਨ ਸਿੰਘ) ਕੰਘਾ ਕਰਦਾ ਸੀ। ਹੀਰਾ ਸਿੰਘ ਨੇ ਕਹਿਆ ਸਰਦਾਰ ਨੂੰ ਤੂੰ ਸਾਨੂੰ ਸ਼ਸਤਰ ਦੇ ਦੇ ਨਾਲੇ ਘੋੜੇ, ਅਸੀਂ ਤੈਨੂੰ ਕੁਝ ਨਹੀਂ ਕਹਿੰਦੇ ਹੈਂ। ਸਰਦਾਰ ਨੇ ਕਿਹਾ ਕਿ ਮੈਂ ਸ਼ਸਤਰ ਨਹੀਂ ਦੇ ਸਕਦਾ ਹਾਂ, ਮੈਨੂੰ ਫਰੰਗੀ ਕਾ ਭੈ ਹੈ। ਮੇਰਾ ਸਭ ਕੁਛ ਜਪਤ ਕਰ ਲੈਣਗੇ। ਮੈਨੂੰ ਫਾਂਸੀ ਦੇ ਦੇਣਗੇ। ਜੇ ਮੈਥੋਂ ਸ਼ਸਤਰ ਲੈਣੇ ਸੇ ਤਾਂ ਮੈਥੋਂ ਮੁੱਲ ਕਰਾਇਕੇ ਲੈ ਜਾਂਦੇ। ਮੁੱਲ ਭਾਂਵੇ ਨਾ ਹੀ ਦੇਂਦੇ ਖ਼ੁਫੀਆ ਤੌਰ। ਉਜਾਗਰ ਮੈਂ ਨਹੀਂ ਦੇ ਸਕਦਾ ਹਾਂ। ਰਸਤਾਂ ਲੈ ਲਵੋ ਅਰ ਪਦਾਰਥ ਲਵੋ ਜਿਤਨਾ ਲੈਣਾ ਹੈ। ਘੋੜਾ ਸ਼ਸਤਰ ਨਹੀਂ ਦੇ ਸਕਦਾ ਫਰੰਗੀ ਥੀਂ ਡਰਦਾ। ਅਸਲ ਤਾਂ ਫਰੰਗੀ ਨੇ ਸ਼ਸਤਰ ਸਭ ਕਢਵਾਇ ਲਏ ਹੈਨ ਛੱਡੇ ਨਹੀਂ। ਤੁਸੀਂ ਦੇਖ ਲਵੋ ਜਿੱਥੇ ਹੈਨ, ਤਿੱਥੋਂ ਲਵੋ ਜੋ ਹੈਨ। ਮੈਂ ਦੇ ਵੀ ਨਹੀਂ ਸਕਦਾ। ਤਾਂ ਮਸਤਾਨੀ (ਇੰਦ ਕੌਰ) ਨੇ ਟਾਕੂਆ ਮੂੰਹ ਨੂੰ ਮਾਰਿਆ। ਭਾਈ ਹੀਰਾ ਸਿੰਘ ਕੇਸਾਂ ਥੀਂ ਫੜ੍ਹ ਲਿਆ। ਬੋਲਾ ਕੀਤਾ ਕਿ ਅਸੁਰ ਕਛਹਿਰੇ ਕਿਉਂ ਰੱਖੇ ਹੈਨ, ਕੰਘਾ, ਕਿਰਪਾਨ, ਕੜਾ ਕਿਉਂ ਰੱਖੇ ਹੈਨ ? ਇਤਨਾ ਕਹਿ ਕੇ ਦੂਆ ਟਕੂਆ ਪਿੱਠ ਪਰ ਮਾਰਿਆ ਮਸਤਾਨੀ ਨੇ। ਭਾਈ ਹੀਰਾ ਸਿੰਘ ਨੇ ਛੋਡ ਦਿੱਤਾ। ਝੱਟ ਸਰਦਾਰ ਨੇ ਅੰਦਰ ਵੜ੍ਹ ਕੇ ਕੁੰਡਾ ਮਾਰ ਲੀਤਾ। ਭਾਈ ਹੀਰਾ ਸਿੰਘ ਹੇਠਾਂ ਉਤਰ

ਆਇਆ।

"ਸਾਰੇ ਸਿੰਘ ਹੀ ਸਿੰਘ ਫਿਰਦੇ ਦਿਸਦੇ ਹੈਂ। ਸਭ ਲੋਕਾਂ ਮੈਂ ਹਿਲਜੁਲ ਪੈ ਗਿਆ।ਲੋਕਾਂ ਕੋ ਭੈ ਹੋਇਆ। ਸਮਝਿਆ ਜੋ ਕਿਲੇ ਮੈਂ ਧਾੜ ਬੜੀ ਹੋਈ ਹੈ। ਸਭ ਲੋਕਾਂ ਨੇ ਜੰਦਰੇ ਅੜਾਇ ਲਏ ਅਰ ਕੋਠਿਆਂ ਪਰ ਚੜ੍ਹਕੇ ਸੁਣਦੇ ਹੈਂ। ਲੋਕ ਬਹੁਤ ਸਾਰੇ ਸਿੰਘਾਂ ਨੂੰ ਰੋਕਣ ਵਾਸਤੇ ਕਿਲੇ ਦੇ ਦਰਵਜੇ ਦੇ ਅੱਗੇ ਜਾਇ ਖੜੇ ਹੋਏ। ਬਹੁਤ ਲੋਕ ਜਮਾਂ ਹੋਇ ਗਏ। ਜਾਗਾ ਪਰ ਜਾਗਾ ਗੱਲਾਂ ਕਰਦੇ ਹੈਂ।ਲੋਕ ਕਹਿੰਦੇ ਹੈਂ ਖਵਰੇ ਕੌਣ ਕੌਣ ਅੰਦਰ ਵੜੇ ਹੋਏ ਹੈਂ।"

"ਪੈਹਰੇਦਾਰ ਨੇ ਖ਼ਵਰ ਦਿੱਤੀ ਕਿ ਦਰਵਜੇ ਦੇ ਅੱਗੇ ਲੋਕ ਇਕੱਠੇ ਹੋਏ ਹਨ। ਭਾਈ ਹੀਰਾ ਸਿੰਘ ਨੇ ਹੁਕਮ ਕੀਆ ਘੋੜਿਆਂ ਪਰ ਕਾਠੀਆਂ ਪਾਓ ਛੇਤੀ ਛੇਤੀ। ਸਿੰਘ ਫਿਰਦੇ ਹਨ। ਕਾਠੀ ਜਿਹੜੀ ਕਿਸੇ ਦੇ ਹੱਥ ਆਈ ਸੋ ਪਾਈ। ਕਾਠੀਆਂ ਤਾਹਰੂ ਪਾਇਕੇ ਸਿੰਘ ਛਪਾ ਛਪ ਤਿਆਰ ਹੋਏ।

"ਅਸਵਾਰ ਪਰਸਪਰ ਖੁਸ਼ੀ ਕੇ ਬੋਲੇ ਕਰਦੇ ਹੈਂ। ਬੇ-ਗ਼ਮ ਫਿਰਦੇ ਹੈਨ। ਗਦ ਗਦ ਪ੍ਰਸੰਨ ਅਕਾਲ ਪੁਰਖ ਦਾ ਭੈ ਰੱਖਦੇ ਹੈਂ। ਜਿੰਨ੍ਹਾਂ ਨੂੰ ਸਰਗੁਣ-ਸਰੂਪ ਕਾ ਨਿਸਚਾ ਹੈ ਹਾਜਰ ਨਾਜਰ ਪਰਮੇਸਰ ਕੋ ਜਾਨਨੇ ਵਾਲੇ ਹੈਂ। ਚੇਹਰਿਆਂ ਪਰ ਲਾਲੀਆਂ ਦਗਦੀਆਂ ਹੈਂ ਔਰ ਛਤਾਬੀ ਛਤਾਬੀ ਫਿਰਦੇ ਹੈਂ। ਹੀਰਾ ਸਿੰਘ ਨੇ ਕਿਹਾ ਚੜ੍ਹੋ ਘੋੜਿਆਂ ਪਰ, ਪਰ੍ਹਾ ਬੰਨ੍ਹ ਕੇ ਕਠੇ ਈ ਨਿਕਲੇ ਤੇ ਬੋਲਾ ਕੀਤਾ: ਬੰਦੂਕਾਂ ਕੀ ਝਾੜ ਕਰਕੇ ਮਾਰੋ ਜੇੜ੍ਹੇ ਖੜ੍ਹੇ ਹੈਂ ਭੁੰਨ ਦੇਵੋ। ਦੋ ਬੰਦੂਕਾਂ ਭੀ ਚਲਾਈਆਂ। ਏਕ ਨੇ ਉੱਤੋਂ ਛਾਲ ਮਾਰੀ। ਲੱਤ ਉਤਰ ਗਈ। ਲੋਕ ਪਰੇ ਹੋ ਗਏ। ਫ਼ਸੀਲ ਉਤੇ ਭੀ ਆਦਮੀ ਰਹੇ। ਦਰਵਜਾ ਅਖਤਿਆਰ ਆਪਣੇ ਰੱਖਿਆ।"

"ਦਰਵਜਾ ਖੋਹਲ ਕੇ ਖਾਲਸਾ ਤੁੰਬਲ ਦਾ ਤੁੰਬਲ ਇਕੱਠਾ ਨਿਕਲਿਆ . ਬਜ਼ਾਰ ਕੇ ਬੀਚ ਸੇ ਤੁਰੇ। ਸਰਦਾਰ ਨੇ ਉਤੋਂ ਹੁਕਮ ਦੀਆ ਮਾਰੋ ਬੱਟੇ ਢੀਮਾਂ। ਲੋਕਾਂ ਨੇ ਬੱਟੇ ਢੀਮਾਂ ਬਹੁਤ ਚਲਾਈਆਂ ਪਰ ਖਾਲਸਾ ਨਿਰਭੈ ਸ਼ੇਰਾਂ ਵਾਂਗੂੰ ਤੁਰਿਆ ਜਾਂਦਾ ਹੈ। ਜੋ ਕੁਛ ਕਿਸੇ ਦੇ ਹੱਥ ਆਇਆ ਸੋ ਚਲਾਇਆ। ਅੱਗੇ ਜਾਇਕੇ ਗਿਣਤੀ ਕੀਤੀ, ਲਹਿਣਾ ਸਿੰਘ ਨਹੀਂ ਹੈ ਵਿਚ। ਹੀਰਾ ਸਿੰਘ ਨੇ ਕਹਾ ਪਾਈ ਸੂ ਪੂਰੀ। ਖ਼ਾਲਸਾ ਜੀ ਸੋਚਾਂ ਕਰ ਰਹੇ ਹੈਂ। ਲਹਿਣਾ ਸਿੰਘ ਸਮੇਤ ਬਾਰਾਂ ਸਿੰਘ ਅੰਦਰ ਰਹੇ। ਲੋਕਾਂ ਨੇ ਕੋਠਿਆਂ ਕੀਆਂ ਕੜੀਆਂ ਉਤੋਂ ਮਾਰੀਆਂ। ਲਹਿਣਾ ਸਿੰਘ ਪਿਛਲੇ ਪਾਸਿਉਂ ਬਾਰੀ ਵਿਚੋਂ ਲੰਘ ਕੇ ਸੰਗਲ ਵੱਢ ਕੇ ਨਿਕਲਿਆ। ਘੋੜੀ ਉਤੇ ਚੜ੍ਹ ਕੇ ਲਤੜਦੇ ਲਤੜਾਉਂਦੇ ਉਤੋਂ ਦੀ ਲੰਘ ਗਿਆ। ਘੋੜੀ ਭਜਾਇਕੇ ਜਾਇ ਮਿਲਿਆ।"

"ਸਰਦਾਰ ਦੇ ਸੀਰੀ ਜਿਹੜੇ ਨੌਕਰ ਸੀ ਤਿਨ੍ਹਾਂ ਨੇ ਖੇੜੀ ਨਗਰ ਜੋ ਨਾਲ ਸੀ ਤਿੱਥੇ ਜਾਇਕੇ ਪੱਲਾ ਫੇਰਿਆ ਜੋ ਕਿਲੇ ਦੇ ਅੰਦਰ ਧਾੜ ਬੜੀ ਹੋਈ ਹੈ, ਲਾਠੀਆਂ ਲੈ ਚੱਲੋ। ਦਰਵਾਜਾ ਤਾਂ ਬੰਦ ਸੀ ਸਭ ਮੋਰੀਆਂ ਅੱਗੇ ਆਇ ਖੜੇ ਹੋਏ। ਕੋਲ ਰੋੜੀ ਨਾਮ ਗ੍ਰਾਮ ਸੀ ਤਿਸ ਜਗ੍ਹਾ ਕੇ ਲੋਗ ਭੀ ਆਇ ਗਏ। ਹੋਰ ਰਸਤਾ ਕੋਈ ਨਾ ਸੀ ਨਿਕਲਨੇ ਕਾ।ਘੋੜੇ ਲੰਘੇ ਨਾਂ, ਸਿੰਘ ਉੱਤਰ ਕੇ ਮੋਰੀ ਲੰਘਣ ਲੱਗੇ ਤਾਂ ਲੋਗ ਉਨ੍ਹਾਂ ਕੋ ਚੋਟ ਚਲਾਵਨ, ਲਾਠੀਆਂ ਮਾਰਨ। ਸਭ ਸਿੰਘ ਨਿਕਲ ਗਏ ਲਾਠੀਆਂ ਮਾਰਦਿਆਂ 'ਚੋਂ। ਚਾਰ ਪਾਂਚ ਸਿੰਘਾਂ ਕੋ ਸੱਟਾਂ ਲੱਗੀਆਂ, ਸੋ ਤਾਂ ਆਸੇ ਪਾਸੇ ਹੋ ਕੇ ਲੁਕ ਕੇ ਬੈਠ ਗਏ। ਤੁਰਿਆ ਨਾ ਗਿਆ ਸੀ।"

"ਉਸ ਵਖਤ ਮੇਹਰ ਸਿੰਘ ਨੇ ਸਰਾਫ ਦੀਆ, ਹੱਛਾ ਕਾਰਦਾਰ, ਤੈਨੇਂ ਹੱਲਾ ਕਰਵਾਇਆ ਹੈ। ਅਸੀਂ ਤਾਂ ਛਤ੍ਰ ਧਰਮ ਕੇ ਵਾਸਤੇ ਕਮਰਕੱਸਾ ਕੱਸਿਆ ਹੈ, ਤੈਨੇਂ ਸਿੰਘਾਂ ਪਰ ਇੱਟਾਂ ਦਾ ਹੱਲਾ ਕਰਵਾਇਆ ਹੈ। ਤੂੰ ਭੀ ਛੇਵੇਂ ਦਿਨ ਨੂੰ ਮਰੇਂਗਾ। ਸੋ ਛੇਵੇਂ ਦਿਨ ਬੁਰਜ ਉਤੋਂ ਡਿੱਗ ਕੇ ਮਰ ਗਿਆ। ਬਨੇਰੇ ਕੀਆਂ ਇਟਾਂ ਉਖੜ ਗਈਆਂ ਤਾਂ ਡਿੱਗ ਕੇ ਮੋਇਆ। ਦੋ ਸਿੰਘ ਭੀ ਚੜਾਈ ਕਰ ਗਏ। ਸਹਿਕਦਿਆਂ ਨੂੰ ਅੰਦਰ ਲਿਆ ਸੁੱਟਿਆ। ਇੱਕ ਤਾਂ ਨੰਦ ਸਿੰਘ ਹੰਡਿਆਏ ਦਾ ਸੀ, ਜਿਸਨੂੰ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੀ, ਪਹਿਲੇ ਚੜ੍ਹੇਗਾ, ਸੋ ਬਾਰੀ ਅੱਗੇ ਪਹਿਲੇ ਚੜ੍ਹਾਈ ਕਰੀ ਸੀ। ਏਕ ਰਾਮਦਾਸੀਆ ਸਿੰਘ ਸੀ (ਅਤਰ ਸਿੰਘ) ਉਸਨੇ ਖੂਹ ਵਿੱਚ ਛਾਲ ਮਾਰੀ। ਹੀਰਾ ਸਿੰਘ ਨੇ ਬੋਲਾ ਕੀਤਾ, ਕਿਉਂ ਅਜਾਈਂ ਮੌਤੇ ਮਰਦਾ ਹੈਂ ? ਕੱਢ ਲਿਆ।"[5]

ਨਬੀ ਬਖਸ਼ ਸਰਦਾਰ ਦਾ ਮੁਨਸ਼ੀ ਅਤੇ ਉਸਦੇ ਘੋੜੇ ਸਾਂਭਣ ਵਾਲਾ ਬੂਟਾ ਸਾਈਸ, ਇਹ ਦੋਵੇਂ ਸਿੰਘਾਂ ਹੱਥੋਂ ਮਾਰੇ ਗਏ ਅਤੇ ਭਾਈ ਨੰਦ ਸਿੰਘ ਹੰਡਿਆਇਆ ਅਤੇ ਗੋਰਖਾ ਸਿੰਘ ਭੈਣੀ ਸਾਹਿਬ ਇਹ ਜੱਥੇ ਦੇ ਦੋ ਸਿੰਘ ਮਲੌਦ ਵਾਲਿਆਂ ਨਾਲ ਲੜਦਿਆਂ ਜੂਝ ਗਏ ਸਨ। ਇਸ ਤੋਂ ਬਾਅਦ ਜੱਥਾ ਮਲੌਦ ਤੋਂ ਚੱਲ ਕੇ ਅੰਮ੍ਰਿਤ ਵੇਲੇ ਨਾਲ ਮਲੇਰਕੋਟਲੇ ਸ਼ਹਿਰ ਦੇ ਲਾਗੇ ਇਕ ਬਾਗ ਵਿੱਚ ਪੁੱਜਦਾ ਹੈ। ਇੱਥੋਂ 15 ਜਨਵਰੀ ਦੀ ਸਵੇਰ ਨੂੰ ਢਾਬੀ ਦਰਵਾਜੇ ਕੋਲੋਂ ਢੱਠੀ ਹੋਈ ਕੰਧ ਟੱਪ ਕੇ ਮਲੇਰਕੋਟਲੇ ਤੇ ਹੱਲਾ ਬੋਲਦੇ ਹਨ। ਸਿੰਘਾਂ ਵਾਲੇ ਪਾਸਿਉਂ ਅਤੇ ਦੂਸਰੇ ਬੰਨਿਉਂ ਵੀ 8-8 ਲੜਾਈ ਵਿਚ ਖੇਤ ਰਹੇ। ਮਾਈ ਇੰਦ ਕੌਰ ਤੇ ਖੇਮ ਕੌਰ ਨੇ ਇਸ ਹਮਲੇ ਵਿੱਚ ਅੱਗੇ ਵਧ ਵਧ ਕੇ ਵਾਰ ਵੀ ਕੀਤੇ ਅਤੇ ਦੋਹਾਂ ਨੇ ਵਿਰੋਧੀਆਂ ਦੇ ਵਾਰ ਆਪਣੇ ਸਰੀਰ ਤੇ ਝੱਲੇ ਵੀ। ਇਹਨਾਂ ਦੋਹਾਂ ਮਾਈਆਂ ਨੇ ਜ਼ਖਮੀ ਹਾਲਤ ਵਿੱਚ ਹੀ ਸ਼ਹੀਦੀ ਜੱਥੇ ਨਾਲ ਰੜ੍ਹ ਤੋਂ 15 ਜਨਵਰੀ ਦੀ ਸ਼ਾਮ ਨੂੰ ਸ਼ੇਰਪੁਰ ਦੇ ਕਿਲੇ ਵਿੱਚ ਪਟਿਆਲਾ

ਰਿਆਸਤ ਦੀ ਪੁਲੀਸ ਅੱਗੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ। ਹੁਣ ਜਦੋਂ 17 ਅਤੇ 18 ਜਨਵਰੀ ਨੂੰ 66 ਸਿੰਘ ਤੋਪਾਂ ਅਤੇ ਤਲਵਾਰ ਨਾਲ ਸ਼ਹੀਦ ਕਰ ਦਿੱਤੇ ਤਾਂ ਦੋਹਾਂ ਮਾਈਆਂ ਨੇ ਵੀ ਆਪਣੇ ਆਪ ਨੂੰ ਤੋਪ ਦੁਆਰਾ ਉਡਾ ਕੇ ਸ਼ਹੀਦੀ ਮਰਤਬਾ ਹਾਸਲ ਕਰਨ ਦੀ ਪੇਸ਼ਕਸ਼ ਕੀਤੀ।ਮਾਈ ਇੰਦ ਕੌਰ ਜੋ ਇਸ ਸਾਕੇ ਤੋਂ ਬਾਅਦ ਪਟਿਆਲਾ ਪੁਲੀਸ ਦੀ ਹਿਰਾਸਤ ਵਿੱਚੋਂ ਮੁਕਤ ਹੋਣ ਬਾਅਦ, ਕਈ ਵੇਰ ਪਿੰਡ ਨੰਗਲ ਕਲਾਂ, ਥਾਣਾ ਡੇਹਲੋਂ, ਜ਼ਿਲ੍ਹਾ ਲੁਧਿਆਣਾ ਦੇ ਗਿਆਨੀ ਕਾਹਲਾ ਸਿੰਘ ਪਾਸ ਜਾ ਕੇ ਇਹ ਇਤਿਹਾਸਿਕ ਘਟਨਾਵਾਂ ਬਿਆਨ ਕਰਿਆ ਕਰਦੇ ਸਨ।

"ਕਹੱਤਰ ਸਿੰਘ ਸ਼ਹੀਦ ਜਾਂ ਹੋ ਚੁੱਕੇ,
ਸਾਰਾ ਉਹਨਾਂ ਦਾ ਹਾਲ ਸੁਣਾਇਆ ਹੈ।
ਇੰਦ ਕੌਰ ਦੂਜੀ ਖੇਮ ਕੌਰ ਮਾਈ,
ਮੂਹਰੇ ਜੋਰ ਸਰਕਾਰ ਦੇ ਪਾਇਆ ਹੈ।
ਕਰੋ ਬੰਦ ਨਾ ਪਾਪੀਓ ਤੋਪ ਤਾਂਈਂ,
ਸਾਨੂੰ ਕਾਸਤੇ ਨਹੀਂ ਉਡਾਇਆ ਹੈ।
ਸਾਡੇ ਵਿੱਚ ਕੀ ਤੁਸੀਂ ਕਸੂਰ ਡਿਠਾ,
ਸਾਨੂੰ ਕਾਸਤੇ ਪਰੇ ਹਟਾਇਆ ਹੈ।
ਸਾਥੀ ਨਾਲ ਦੇ ਚਲੇ ਗਏ ਦੂਰ ਬਹੁਤੀ,
ਸਾਨੂੰ ਕਾਸਨੂੰ ਚਿਰ ਲਗਾਇਆ ਹੈ।
ਛੇਤੀ ਕਰੋ ਭਰਾਵਾਂ ਦੇ ਨਾਲ ਰਲੀਏ,
ਸਾਡਾ ਕਾਸਨੂੰ ਸਾਥ ਤੁੜਾਇਆ ਹੈ।
ਓਹਨਾਂ ਨਾਲ ਬੈਕੁੰਠ ਦੇ ਵਿਚ ਜਾਈਏ,
ਜਿਥੇ ਸਤਿਗੁਰਾਂ ਨੇ ਡੇਰਾ ਲਾਇਆ ਹੈ।
ਰੱਬ ਵਾਸਤੇ ਤੋਪ ਦਗਾ ਦੇਵੋ,
ਸਾਨੂੰ ਮਾਰ ਕਿਉਂ ਨਹੀਂ ਮੁਕਾਇਆ ਹੈ।
ਜੇੜਾ ਸਿੰਘਾਂ ਨੇ ਕੁਝ ਕਸੂਰ ਕਰਿਆ,
ਅਸੀਂ ਉਹਨਾਂ ਤੇ ਬਧ ਕਰਾਇਆ ਹੈ।
ਸਾਡੇ ਨਾਲ ਕਿਉਂ ਨਹੀਂ ਇਨਸਾਫ ਕਰਦੇ,

ਕਰੋ ਅਦਲ ਕਿਉਂ ਹਨ੍ਹੇਰ ਪਵਾਇਆ ਹੈ।
ਰੋਈਆਂ ਪਿੱਟੀਆਂ ਆ ਕੇ ਸਰਕਾਰ ਅੱਗੇ,
ਕਾਲਾ ਸਿੰਘ ਏ ਆਖ ਸੁਣਾਇਆ ਹੈ।
"ਦਿਤਾ ਹੁਕਮ ਸੀ ਹਾਕਮਾਂ ਬਖਤ ਉਸੇ,
ਬੁੱਢੀ ਤਾਈਂ ਸਰਕਾਰ ਨਾ ਮਾਰਦੀ ਹੈ।
ਚਲੀਆਂ ਜਾਓ ਮਾਈ ਥੋਨੂੰ ਬਰੀ ਕੀਤਾ,
ਵਾਰ ਵਾਰ ਸਰਕਾਰ ਪੁਕਾਰਦੀ ਹੈ।
ਰੋਣੋਂ ਪਿੱਟਣੋਂ ਮੂਲ ਨਾ ਫੇਰ ਹਟੀਆਂ,
ਖੇਮ ਕੌਰ, ਇੰਦੋ ਧਾਹਾਂ ਮਾਰਦੀ ਹੈ।
ਸਾਡੇ ਨਾਲ ਹੈ ਗੁਰੂ ਜੀ ਜ਼ੁਲਮ ਕੀਤਾ,
ਅੱਗੇ ਗੁਰਾਂ ਦੇ ਅਰਜ਼ ਗੁਜਾਰਦੀ ਹੈ।
ਗੁਰਾਂ ਹੁਕਮ ਦਿਤਾ ਤੁਸੀਂ ਬਰੀ ਕਰੀਆਂ,
ਮਰਜ਼ੀ ਬਣੀ ਏਹੋ ਪਰਵਰਦਗਾਰ ਦੀ ਹੈ।
ਜਮ ਡੰਡ ਚੁਰਾਸੀ ਤੇ ਬਰੀ ਦੋਵੇਂ,
ਰਿਧ ਸਿਧ ਥੋਡਾ ਜੱਸ ਧਾਰਦੀ ਹੈ।
ਕਾਲਾ ਸਿੰਘ ਇਹ ਸਤਿਗੁਰਾਂ ਹੁਕਮ ਕੀਤਾ,
ਮਾਈ ਦਾਸ ਦੇ ਤਾਈਂ ਪੁਕਾਰਦੀ ਹੈ।"[6]

ਕਵੀ ਕਾਲਾ ਸਿੰਘ ਜੀ ਨੂੰ ਮਲੇਰਕੋਟਲੇ ਦੇ ਸ਼ਹੀਦਾਂ ਦੀ ਗਿਣਤੀ ਬਾਰੇ ਟਪਲਾ ਲੱਗਣ ਦੇ ਕਈ ਕਾਰਨ ਹਨ। ਉਹ ਲੜਾਈ ਵਿੱਚ ਮਲੌਦ ਅਤੇ ਮਲੇਰਕੋਟਲਾ ਵਿਖੇ ਸ਼ਹੀਦ ਹੋਣ ਵਾਲੇ ਸਿੰਘਾਂ ਵਿੱਚੋਂ ਕੁਝ ਕੁ ਨਾਵਾਂ ਨੂੰ ਜਾਣਦੇ ਹਨ। ਉਹਨਾਂ ਨੂੰ ਭੁਲੇਖਾ ਹੈ ਕਿ ਤੋਪ ਨਾਲ ਸ਼ਾਇਦ 71 ਸਿੰਘ ਸ਼ਹੀਦ ਹੋਏ। ਮਲੌਦ ਦੇ ਚਾਰ ਜ਼ਖਮੀਆਂ ਨੂੰ ਜਿਹਨਾਂ ਵਿੱਚ ਕਾਰਦਾਰ ਨੂੰ ਸਰਾਪ ਦੇਣ ਵਾਲਾ ਮਿਹਰ ਸਿੰਘ ਅਲਾਵਲਪੁਰ (ਜਲੰਧਰ) ਵੀ ਹੈ ਬਾਕੀ ਤਿੰਨਾਂ ਸਿੰਘਾਂ ਨਾਲ ਉਮਰ ਕੈਦ ਕਾਲੇ ਪਾਣੀ ਭੇਜਣ ਦਾ ਅਦਾਲਤੀ ਨਾਟਕ ਕਮਿਸ਼ਨਰ ਫੋਰਸਿੱਥ 19 ਜਨਵਰੀ 1872 ਨੂੰ ਮਲੌਦ ਵਿਖੇ ਖੇਡਦਾ ਹੈ। ਭਾਈ ਕਾਲਾ ਸਿੰਘ ਮਾਈ ਇੰਦ ਕੌਰ ਤੋਂ ਸੁਣੇ ਸ਼ਹੀਦੀ ਸਾਕੇ ਦੀ ਚਰਚਾ ਇੱਕ ਤੋਂ ਵੱਧ ਵਾਰ ਕਰ ਕੇ ਆਪਣੀ ਰਚਨਾ ਨੂੰ ਪ੍ਰਮਾਣੀਕਤਾ ਦੀ ਮੋਹਰ ਲੁਆਉਂਦਾ ਹੈ।

"ਮਾਈ ਇੰਦ ਕੌਰ ਦੱਸਿਆ ਦਾਸ ਤਾਈਂ, ਕਾਲਾ ਸਿੰਘ ਮੈਂ ਕਥਾ ਸੁਣਾ ਦਿੱਤੀ।"[7]

ਦੋਹਾਂ ਮਾਈਆਂ ਨੂੰ ਕੋਟਲੇ ਦੇ ਰੱਕੜ ਵਿੱਚ ਜਾਨ ਬਖਸ਼ੀ ਦੀ ਸੂਚਨਾ, ਭਾਈ ਧਿਆਨ ਸਿੰਘ ਕਾਦਰਾਬਾਦੀ ਅਨੁਸਾਰ, ਮਧਰੇ ਕੱਦ ਵਾਲੇ ਭਾਈ ਵਰਿਆਮ ਸਿੰਘ ਮਹਿਰਾਜ ਦੇ ਨਾਲ ਇਕੱਠਿਆਂ ਮਿਲਦੀ ਹੈ। ਉਹ ਸਿੰਘ ਤਾਂ ਢੀਮਾਂ ਜੋੜ ਕੇ ਕੱਦ ਪੂਰਾ ਕਰ ਕੇ ਉੱਡ ਜਾਂਦਾ ਹੈ ਤੋਪ ਨਾਲ ਪਰ ਮਾਈਆਂ ਦੀ ਕੂਕ ਪੁਕਾਰ ਤੇ ਵੀ ਉਹਨਾਂ ਨੂੰ ਨਹੀਂ ਉਡਾਇਆ ਜਾਂਦਾ। ਸਾਕਾ ਮਲੇਰਕੋਟਲਾ ਵਿੱਚ ਮਾਈ ਇੰਦ ਕੌਰ ਅਤੇ ਖੇਮ ਕੌਰ ਦੀ ਭੱਜ ਭੱਜ ਕੇ ਤੋਪ ਅੱਗੇ ਆਉਣ ਦੀ ਦਲੇਰੀ ਇਸ ਸਾਕੇ ਦੀ ਸ਼ਾਨ ਨੂੰ ਦੋਬਾਲਾ ਕਰ ਦਿੰਦੀ ਹੈ। ਕਾਦਰਾਬਾਦੀ ਜੀ ਆਪਣੀ ਵਿਸ਼ੇਸ਼ ਸ਼ੈਲੀ ਵਿੱਚ ਇਹ ਮਨੋਹਰ ਕਾਵਿ ਟੂਕਾਂ ਪੇਸ਼ ਕਰਦੇ ਹਨ-

"ਯਾ ਬਿਧ ਏਕ ਸਿੰਘ ਜੁਗ (ਦੋ) ਮਾਈ।
ਛੋਰ ਤਿਨੋ ਕੋ ਦੀਓ ਗਾਈ।
ਦੌਰ ਸਿੰਘਨੀਆਂ ਕਰੀ ਪੁਕਾਰ
ਜਾਣਾ ਹਮ ਗੁਰ ਦੇ ਦਰਬਾਰ।
ਪਰ ਨਹਿ ਤਿਨ ਕੋ ਦੀਓ ਉਡਾਈ।
ਪਾਛੇ ਤਿਨ ਇਹ ਗਾਥ ਅਲਾਈ।"[8]

1935 ਈ. ਵਿੱਚ ਸ੍ਰੀ ਰਾਮ ਹਰੀ ਪ੍ਰਿੰਟਿੰਗ ਪ੍ਰੈੱਸ, ਸ੍ਰੀ ਭੈਣੀ ਸਾਹਿਬ ਤੋਂ ਛਪ ਕੇ ਉਸੇ ਸਾਲ ਅੰਗ੍ਰੇਜ਼ ਸਰਕਾਰ ਦੁਆਰਾ ਜ਼ਬਤ ਕੀਤਾ ਗਿਆ, ਕਿੱਸਾ ਸੰਤ ਖਾਲਸਾ (ਅਰਥਾਤ ਮੁਖ਼ਸਰ ਤਵਾਰੀਖ ਨਾਮਧਾਰੀ) ਦਾ ਕਰਤਾ, ਹਰਨਾਮ ਸਿੰਘ ਸ੍ਰੈਚ ਬਗੁਲੀ ਕਲਾਂ ਵੀ ਦੋਹਾਂ ਮਾਈਆਂ ਦੇ ਸਰਕਾਰ ਦੁਆਰਾ ਛੱਡੇ ਜਾਣ ਤੇ ਉਹਨਾਂ ਦੁਆਰਾ ਗ਼ਮਗੀਨ ਹੋ ਕੇ ਕਾਵਨ ਨੂੰ ਜੋ ਕਿਹਾ ਗਿਆ, ਉਹ ਇਉਂ ਕਾਵਿ ਬਧ ਕੀਤਾ ਹੈ-

"ਖੇਮ ਕੌਰ ਇੰਦ ਕੌਰ ਕਹਿਣ ਲੱਗੀ,
ਕਾਵਨ ਸਾਹਬ ਤੈਂ ਹਮੇਂ ਛੁਡਾਇਆ ਕਿਉਂ
ਕਿਉਂ ਤੈਂ ਜ਼ੁਲਮ ਏਡਾ ਸਾਡੇ ਨਾਲ ਕੀਤਾ,
ਸਾਨੂੰ ਵੀਰਾਂ ਤੋਂ ਦੂਰ ਕਰਾਇਆ ਕਿਉਂ
ਜੋ ਕੁਛ ਜਥੇ ਕੀਤਾ ਸੋਈ ਅਸਾਂ ਕੀਤਾ,
ਸਾਨੂੰ ਮੌਤ ਤੇ ਤੁਸਾਂ ਬਚਾਇਆ ਕਿਉਂ

ਸਾਨੂੰ ਮਰਨ ਦੀ ਖੁਸ਼ੀ ਹਰਨਾਮ ਸਿੰਘ,

ਸਾਨੂੰ ਛੱਡ ਤੈਂ ਜ਼ੁਲਮ ਕਮਾਇਆ ਕਿਉਂ।''[9]

ਮਸਤਾਨਾ ਦਲ ਇਸ ਤੋਂ ਪਹਿਲਾਂ ਜਦੋਂ ਰੜ ਵਿਖੇ ਚੱਲ ਕੇ ਕੁੱਝ ਸਮਾਂ ਪੜਾਅ ਕਰਦਾ ਹੈ ਤਾਂ ਸ਼ੇਰਪੁਰ ਦਾ ਥਾਣੇਦਾਰ ਉੱਤਮ ਸਿੰਘ ਉਹਨਾਂ ਪਾਸ ਆ ਕੇ, ਮੋਮੋ ਠਗਣੀਆਂ ਗੱਲਾਂ ਕਰਦਾ ਹੈ ਕਿ ਮੈਨੂੰ ਤੁਹਾਡੇ ਕਾਜ ਨਾਲ ਪੂਰਨ ਹਮਦਰਦੀ ਹੈ। ਤੁਸੀਂ ਨਿਸ਼ੰਗ ਮੇਰੇ ਨਾਲ ਸ਼ੇਰਪੁਰ ਥਾਣੇ ਚੱਲੋ ਜਿੱਥੋਂ ਦਾ ਮੈਂ ਥਾਣੇਦਾਰ ਹਾਂ। ਤੁਸੀਂ ਥੱਕੇ ਹੋ। ਉੱਥੇ ਵਿਸ਼ਰਾਮ ਕਰੋ। ਮੈਂ ਤੁਹਾਡੀ ਲੰਗਰ ਪਾਣੀ ਦੀ ਸੇਵਾ ਕਰਾਂਗਾ। ਫਿਰ ਤੁਸੀਂ ਜਿਤਨੇ ਹਥਿਆਰ ਚਾਹੋ ਮੈਂ ਅਸਲਾ ਖਾਨਾ ਖੋਹਲ ਦਿਆਂਗਾ। ਫਿਰ ਤੁਸੀਂ ਜੋ ਚਾਹੋ ਆਪਣੇ ਨੇਕ ਇਰਾਦੇ ਲਈ ਕਰਿਉ। ਉਸ ਦੀਆਂ ਚਲਾਕੀਆਂ ਦਾ ਹੀਰਾ ਸਿੰਘ ਜੀ ਨੇ ਪਾਜ ਉਧੇੜਿਆ ਤੇ ਇਹ ਵੀ ਕਿਹਾ ਕਿ ਅਸੀਂ ਸ਼ਹੀਦੀਆਂ ਵਰਨ ਲਈ ਕਾਹਲੇ ਹਾਂ। ਤੇਰੇ ਨਾਲ ਜਾਇਆਂ ਜੇ ਤੈਨੂੰ ਕਿਸੇ ਇਨਾਮ ਕਰਾਮ ਦੀ ਆਸ ਹੈ, ਉਹ ਪੂਰੀ ਕਰ ਲਵੀਂ। ਸੰਤ ਇੰਦਰ ਸਿੰਘ 'ਚੱਕਰਵਰਤੀ' ਇਸ ਪਰਸੰਗ ਵਿੱਚ ਆਪਣੇ ਮਹਾਂ ਕਾਵਿ ਵਿੱਚ ਮਾਈ ਇੰਦ ਕੌਰ ਦੁਆਰਾ ਥਾਣੇਦਾਰ ਨੂੰ ਯਰਕਾਉਣ ਦਾ ਸੁੰਦਰ ਵਰਨਣ ਵੀ ਕਰਦੇ ਹਨ-

''ਸੁਣਕੇ ਹੀਰਾ ਸਿੰਘ ਕਿਹਾ, ਠਾਣੇਦਾਰਾ ਬਾਤ

ਗੱਲਾਂ ਨਾਲ ਤੂੰ ਪਾ ਰਿਹਾ, ਦੇਸ਼ ਭਗਤ ਵੀ ਮਾਤ

ਸਾਨੂੰ ਸਾਰਾ ਪਤਾ ਹੈ, ਜੋ ਤੂੰ ਕਰਨੀ ਚਾਲ

ਸਮਝੋ ਸਾਨੂੰ ਇੰਵ ਤੂੰ, ਜਿਵੇਂ ਅੰਞਾਣੇ ਬਾਲ

ਜੀ ਚਾਹੇ ਤੇਰਾ ਹੁਣੇ, ਫਸਤਾ ਦੇਈਏ ਵੱਢ

ਜਾਂਦੇ ਜਾਂਦੇ ਇਹ ਵੀ, ਕੰਡਾ ਦੇਈਏ ਕੱਢ

ਪਰ ਨਹੀਂ ਕਰ ਸਕਦੇ, ਅਸੀਂ ਅਜੇਹੀ ਕਾਰ

ਭਾਈ ! ਆਪਣੇ ਤੇ ਅਸੀਂ, ਕਰ ਨਹੀਂ ਸਕਦੇ ਵਾਰ

ਸਫਾ ਜੰਗ ਫੜ੍ਹ ਇੰਦ ਕੌਰ, ਸਿਰ ਤੇ ਗਈ ਖਲੋ

ਇੱਕੋ ਫੂਕ ਬੁਝਾ ਦਿਆਂ, ਇਸ ਦੀਵੇ ਦੀ ਲੋ

ਫਿੱਟੇ ਤੇਰੀ ਜ਼ਿੰਦਗੀ, ਭੈੜੀ ਹੈ ਤੇਰੀ ਕਾਰ

ਰਾਖਾ ਤੇਰਾ ਕੌਣ ਦੱਸ ? ਕਰ ਦਿਆਂ ਬੇੜਾ ਪਾਰ

ਤੇਲੀ ਮੱਥੇ ਆ ਗਈ, ਮੁੜਕੇ ਨਾਲ ਗਿਆ ਭਿੱਜ

ਕਾਂਬਾ ਜੇਹਾ ਚੜ੍ਹ ਗਿਆ, ਪਈ ਸਮਝ ਕੇ ਬਿੱਜ
ਡਰਦਾ ਡਰਦਾ ਬੋਲਿਆ, ਮੈਂ ਹਾਂ ਤੇਰਾ ਵੀਰ
ਭਾਂਵੇਂ ਮਾਰ ਮੁਕਾ ਦੇ, ਭਾਂਵੇਂ ਫੜ੍ਹ ਕੇ ਚੀਰ
ਬੀਬਾ! ਵੈਰੀ ਅਸਾਂ ਦੇ, ਬੁੱਚੜ ਜਾਂ ਅੰਗ੍ਰੇਜ਼
ਤੇਰੇ ਦਿਲ ਵਿਚ ਜਿਨ੍ਹਾਂ ਲਈ, ਭਾਰੀ ਭਰਿਆ ਹੇਜ'[10]

ਮਾਤਾ ਇੰਦ ਕੌਰ ਦੀ ਸੂਰਬੀਰਤਾ, ਨਿਡਰਤਾ, ਦਲੇਰੀ, ਸਾਹਸ ਅਤੇ ਆਤਮ ਬਲੀਦਾਨ ਦੀ ਭਾਵਨਾ ਨਾਲ ਓਤਪੋਤ ਹੋਣ ਦਾ ਵਰਨਣ, ਨਾਮਧਾਰੀ ਇਤਿਹਾਸ ਬਾਰੇ ਲਿਖਣ ਵਾਲੇ ਨਾਮਧਾਰੀ ਲੇਖਕ ਸਨ, ਜਾਂ ਦੂਸਰੇ ਸਭ ਨੇ ਉਹਨਾਂ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਹੈ। ਜਿਸਦਾ ਪਤੀ ਸ਼ਹੀਦੀ ਪਰਾਪਤ ਕਰ ਗਿਆ, ਉਹ ਆਪਣੇ ਸੁਹਾਗ ਤੋਂ ਮਹਿਰੂਮ ਹੋ ਗਈ ਹੈ, ਪਰ ਇਸ ਸੰਕਟ ਦੀ ਘੜੀ ਵਿੱਚ ਢੇਰੀ ਢਾਹ ਕੇ ਬੈਠਣ ਦੀ ਬਜਾਏ, ਸਾਥੀਆਂ ਨੂੰ ਹੱਲਾਸ਼ੇਰੀ ਦਿੰਦੀ ਹੋਈ ਮਲੇਰਕੋਟਲੇ ਦੇ ਰਣ ਤੱਤੇ ਵਿੱਚ ਸਾਖਸ਼ਾਤ ਚੰਡੀ ਦੇ ਰੂਪ ਵਿੱਚ ਜੂਝਦੀ ਨਜ਼ਰ ਆਉਂਦੀ ਹੈ। ਪੰਜਾਬੀ ਵਾਰਾਂ ਦੇ ਬਾਦਸ਼ਾਹ, ਹਰਸਾ ਸਿੰਘ ਚਾਤਰ ਮਾਈ ਇੰਦ ਕੌਰ ਦੇ ਯੁੱਧ ਕੌਸ਼ਲ ਦਾ ਲੂੰ ਕੰਡੇ ਖੜ੍ਹੇ ਕਰਨ ਵਾਲਾ ਦਰਿਸ਼, ਆਪਣੀ ਪ੍ਰਸਿੱਧ ਰਚਨਾ, ਕੂਕਿਆਂ ਦੀ ਵਾਰ ਵਿੱਚ ਇਸ ਤਰ੍ਹਾਂ ਕਰਦਾ ਹੈ–

''ਸੀ ਮਾਈ ਭਾਗੋ ਵਾਂਗਰਾਂ, ਇੰਦ ਕੌਰਾਂ ਲੜਦੀ।
ਉਸ ਹੱਥ ਗੰਡਾਸਾ ਪਕੜਿਆ, ਲਾਹ ਪਾਸਾ ਖੜਦੀ।
ਉਹ ਜਿਧਰ ਜਿਧਰ ਝੂੰਮਦੀ, ਗੁਰ ਮੰਤਰ ਪੜ੍ਹਦੀ।
ਬੱਸ ਓਧਰ ਓਧਰ ਟੁੱਟਦੀ, ਲੱਗੀ ਸਿਰ ਧੜ ਦੀ।
ਉਹ ਪਈ ਕਮਾਲ ਵਖਾਲਦੀ, ਨੈਂ ਬਣਕੇ ਹੜ੍ਹ ਦੀ।
ਜਿੰਦ ਕੱਢੇ ਜਿਸ ਵਰਿਆਮ ਦੀ, ਮੁੜਕੇ ਨਾ ਵੜਦੀ।"[11]

ਸੰਤ ਸੰਤੋਖ ਸਿੰਘ ਬਾਹੋਵਾਲ ਲਿਖਦੇ ਹਨ– ''ਖੇਮੋ ਤਾਂ ਛੋੜ ਦਿੱਤੀ ਦਿਤੂ ਪੂਰੇ ਕੀ, ਹੰਡਿਆਏ ਵਾਲੀ ਮਸਤਾਨੀ (ਮਾਈ ਇੰਦ ਕੌਰ) ਨੂੰ ਕੈਦ ਕੀਤਾ। ਇਹ ਨੰਦ ਸਿੰਘ ਦੀ ਸਿੰਘਣੀ ਸੀ। ਬਾਰਾਂ ਦਿਨ ਪਰਸਾਦ ਨਾ ਛਕਿਆ। ਮਿਥ ਲਈ ਕਿ ਧਰਮ ਕੇ ਵਾਸਤੇ ਸਿੰਘ ਚੜ੍ਹੇ ਹੈਂ, ਸੋਈ ਧਰਮ ਅਸਾਂ ਕਿਉਂ ਛੱਡਣਾ ਹੈ। ਆਪਣੇ ਹੱਥੀਂ ਪ੍ਰਸ਼ਾਦਾ ਬਣਾਇ ਕੇ ਛਕਾਂਗੀ। ਬਾਰਾਂ ਦਿਨਾਂ ਬਾਅਦ ਇਕ ਬਾਣੀਏ ਇਕ ਡੋਲ ਦੀਆ, ਏਕ ਕੋਰੀ ਤੌੜੀ ਦਿੱਤੀ, ਪ੍ਰਸ਼ਾਦ ਬਣਾ ਕੇ ਪੁੱਠਿਆਂ ਹੱਥਾਂ ਪਰ ਧਰ ਕੇ ਛਕਿਆ। ਸ੍ਰੀ ਸਤਿਗੁਰੂ ਜੀ ਮਸਤਾਨੀ

ਨੂੰ ਦਰਸ਼ਨ ਦੀਆ ਤੇ ਆਵਾਜ਼ਾ ਕੀਤਾ, ਅੱਜ ਤੇ ਅਠਵੇਂ ਰੋਜ਼ ਛੁੱਟ ਜਾਏਂਗੀ। ਜਾਂ ਸੱਤ ਦਿਨ ਗੁਜ਼ਰੇ ਤਾਂ ਮੁਨਸ਼ੀ ਨੇ ਕਹਾ ਕਿ ਜਾਹ ਮਾਈ, ਤੇਰਾ ਗੁਰੂ ਡਾਢਾ ਹੈ। ਮਾਈ ਇੰਦ ਕੌਰ ਕੀ ਰਿਹਾਈ ਕੀਤੀ ਗਈ।"[12]

ਲੁਧਿਆਣੇ ਦਾ ਕਾਰਜਕਾਰੀ ਡਿਪਟੀ ਕਮਿਸ਼ਨਰ ਐਲ. ਕਾਵਨ, ਅੰਬਾਲਾ ਦੇ ਕਮਿਸ਼ਨਰ ਫੋਰਸਿੱਥ ਨੂੰ ਆਪਣੇ 17 ਜਨਵਰੀ 1872 ਦੇ ਪੱਤਰ ਵਿੱਚ ਲਿਖਦਾ ਹੈ ਕਿ 68 ਕੂਕਿਆਂ ਨੂੰ ਜਿਹਨਾਂ ਵਿੱਚ ਦੋ ਔਰਤਾਂ ਹਨ ਨੂੰ ਅੱਜ ਰੜ੍ਹ (ਨਹੀਂ ਸ਼ੇਰਪੁਰ ਦੇ ਕਿਲੇ) ਤੋਂ ਇੱਥੇ ਮਲੇਰਕੋਟਲੇ ਲਿਆਂਦਾ ਗਿਆ। ਇਹਨਾਂ ਕੈਦੀਆਂ ਦਾ ਵੱਤੀਰਾ ਸਰਕਾਰ ਦੇ ਪ੍ਰਤੀ ਬਹੁਤ ਨਾਬਰੀ ਵਾਲਾ ਸੀ। ਉਹ ਅੰਗਰੇਜ਼ ਸਰਕਾਰ ਅਤੇ ਰਿਆਸਤਾਂ ਦੇ ਰਾਜਿਆਂ ਪ੍ਰਤੀ ਗਾਲੀ ਗਲੋਚ ਦੀ ਭਾਸ਼ਾ ਵਰਤ ਰਹੇ ਸਨ। ਉਹ ਮਲੌਦ ਅਤੇ ਕੋਟਲੇ ਦੇ ਹਮਲਿਆਂ ਵਿੱਚ ਆਪਣੀ ਸ਼ਮੂਲੀਅਤ ਮੰਨਦੇ ਸਨ ਅਤੇ ਆਪਣੇ ਕੰਮ ਨੂੰ ਮਹਿਮਾ ਮੰਡਿਤ ਕਰ ਰਹੇ ਸਨ। ਉਹਨਾਂ ਨੇ ਮੰਨਿਆ ਕਿ ਮਲੌਦ ਤੇ ਹਮਲਾ ਹਥਿਆਰਾਂ ਲਈ ਅਤੇ ਮਲੇਰਕੋਟਲੇ ਤੇ ਇਸ ਲਈ ਕੀਤਾ ਸੀ ਕਿ ਉਹਨਾਂ ਦਾ ਧਰਮ ਗਊ ਘਾਤੀਆਂ ਦੇ ਸਫਾਏ ਲਈ ਆਖਦਾ ਹੈ। ਮੈਂ 49 ਕੂਕਿਆਂ ਨੂੰ ਅੱਜ ਤੋਪਾਂ ਨਾਲ ਉਡਾ ਦਿੱਤਾ ਹੈ ਅਤੇ ਇਕ ਮਜ਼ਬੂਤ ਕੂਕਾ (ਬਾਲਕ ਬਿਸ਼ਨ ਸਿੰਘ) ਜਿਸ ਮੇਰਾ ਗਲਾ ਘੁੱਟ ਕੇ ਮੈਨੂੰ ਮਾਰਨਾ ਚਾਹਿਆ, ਰਿਆਸਤੀ ਸਿਪਾਹੀਆਂ ਹੱਥੋਂ ਤਲਵਾਰ ਨਾਲ ਕੱਟ ਦਿੱਤਾ ਗਿਆ। ਦੋਵੇਂ ਔਰਤਾਂ (ਇੰਦ ਕੌਰ ਅਤੇ ਖੇਮ ਕੌਰ) ਕਿਉਂਕਿ ਪਟਿਆਲਾ ਰਿਆਸਤ ਦੀ ਪਰਜਾ ਹਨ, ਮੈਂ ਦੋਹਾਂ ਨੂੰ ਪਟਿਆਲਾ ਵੱਲੋਂ ਆਈ ਫੌਜ ਦੇ ਕਮਾਨ ਅਫਸਰ ਦੇ ਹਵਾਲੇ ਕਰ ਦਿੱਤਾ ਕਿ ਇਹਨਾਂ ਨੂੰ ਪਟਿਆਲੇ ਪੁਚਾ ਦਿੱਤਾ ਜਾਵੇ।[13]

ਬਿਸ਼ਨ ਸਿੰਘ ਨੰਗਲ ਲਿਖਦੇ ਹਨ ਕਿ ਦੋਹਾਂ ਮਾਈਆਂ ਨੂੰ ਦੋ ਸਾਲ ਬਹਾਦਰ ਗੜ੍ਹ ਦੇ ਕਿਲੇ ਵਿੱਚ ਕੈਦ ਰੱਖਿਆ ਤੇ ਫਿਰ ਆਪਣੇ ਪਿੰਡਾਂ ਵਿੱਚ ਨਜ਼ਰਬੰਦ ਕਰ ਦਿੱਤਾ। ਪਰ ਪਟਿਆਲਾ ਰੀਕਾਰਡ ਤੋਂ ਉਹਨਾਂ ਦੇ ਇਸ ਕਥਨ ਦੀ ਪੁਸ਼ਟੀ ਨਹੀਂ ਹੁੰਦੀ। ਨਾਜ਼ਿਮ ਅਨਾਹਦਗੜ੍ਹ (ਬਰਨਾਲਾ) ਦਾ ਪਟਿਆਲਾ ਰਿਆਸਤ ਦੇ ਮੀਰ ਮੁਨਸ਼ੀ ਸੱਯਦ ਮੁਹੰਮਦ ਹੁਸੈਨ ਸਾਹਿਬ ਦੇ ਨਾਮ 17 ਮਾਰਚ 1872 ਦਾ ਗੋਬਿੰਦਗੜ੍ਹ ਤੋਂ ਲਿਖੇ ਪੱਤਰ ਵਿੱਚ ਦਰਜ ਹੈ- 10 ਮਾਰਚ 1872 ਦਾ ਮੀਰ ਮੁਨਸ਼ੀ ਦਾ ਜੋ ਖਤ ਕੁਝ ਹੋਰ ਕਾਗਜ਼ਾਂ ਸਮੇਤ ਉਸ ਪਾਸ ਪੁੱਜਾ ਜਿਸ ਵਿੱਚ ਲਿਖਿਆ ਸੀ ਕਿ ਕੂਕਿਆਂ ਦੇ ਨਾਇਬ ਸੂਬਾ ਨੰਦ ਸਿੰਘ ਹੰਡਿਆਇਆ ਦੇ ਘਰ ਦੀ ਤਲਾਸ਼ੀ ਲਈ ਜਾਵੇ ਤੇ ਉਸਨੂੰ ਗ੍ਰਿਫਤਾਰ ਕੀਤਾ ਜਾਵੇ।

ਹਜ਼ੂਰ ਨੂੰ ਚੰਗੀ ਤਰ੍ਹਾਂ ਪਤਾ ਹੋਵੇਗਾ ਕਿ ਇਹ ਨੰਦ ਸਿੰਘ ਆਪਣੇ ਪੁੱਤਰ

ਸਮੇਤ ਫ਼ਸਾਦ ਸਮੇਂ ਕੋਟਲਾ (ਨਹੀਂ ਮਲੌਦ) ਵਿਖੇ ਮਾਰਿਆ ਗਿਆ ਸੀ ਅਤੇ ਉਸਦੀ ਪਤਨੀ ਸ੍ਰੀਮਤੀ ਇੰਦਾਂ, ਜਿਹੜੀ ਨਿਜ਼ਾਮਤ ਦੇ ਸਪੁਰਦ ਹੋਣੀ ਸੀ, ਨਿਜ਼ਾਮਤ ਵੱਲੋਂ ਤਹਿਕੀਕਾਤ ਕਰਨ ਮਗਰੋਂ ਅਦਾਲਤ ਸਦਰ ਦੇ ਸਪੁਰਦ ਹੋ ਚੁੱਕੀ ਹੈ। ਨੰਦ ਸਿੰਘ ਦੀ ਜਾਇਦਾਦ ਸਾਬਿਕ ਹੁਕਮ ਅਨੁਸਾਰ ਕੁਰਕ ਕੀਤੀ ਗਈ ਸੀ, ਤਾਂ ਸਿਵਾਏ ਖੇਤੀਬਾੜੀ ਵਾਲੀ ਜ਼ਮੀਨ ਦੇ ਹੋਰ ਕੋਈ ਜਾਇਦਾਦ ਉਸ ਦੇ ਘਰ ਵਿੱਚੋਂ ਬਰਾਮਦ ਨਾ ਹੋਈ ਸੀ ਕਿਉਂਕਿ ਇਹ ਨੰਦ ਸਿੰਘ ਆਪਣੀ ਪਤਨੀ ਸਮੇਤ ਤਿੰਨ ਸਾਲ ਤੋਂ ਆਪਣੇ ਘਰ ਦੀ ਬਜਾਏ, ਪੱਕੇ ਤੌਰ ਤੇ ਭੈਣੀ (ਸਾਹਿਬ) ਵਿਖੇ ਰਹਿੰਦਾ ਸੀ। ਹੁਣ ਵਧੇਰੇ ਇਹਤਿਆਤ ਵਜੋਂ ਹੁਕਮ ਦੇ ਮਨਸ਼ੇ ਅਨੁਸਾਰ ਤੇ ਦਾਸ ਦੇ ਲਿਖਣ ਮੁਤਾਬਿਕ ਲਾਲਾ ਬਿਸ਼ੰਭਰ ਦਾਸ ਸਾਹਿਬ ਨਾਇਬ ਨਾਜ਼ਮ ਨੇ ਜ਼ਾਤੀ ਤੌਰ ਤੇ ਕਸਬਾ ਹੰਢਿਆਇਆ ਵਿਖੇ ਜਾ ਕੇ ਨੰਦ ਸਿੰਘ ਦੇ ਘਰ ਦੀ ਦੋਬਾਰਾ ਤਲਾਸ਼ੀ ਕਰਵਾਈ ਤਾਂ ਉਸ ਦੇ ਘਰ ਵਿੱਚੋਂ ਪੋਥੀ ਆਦਿ ਸਮਾਨ ਬਰਾਮਦ ਨਹੀਂ ਹੋਇਆ। ਨੰਦ ਸਿੰਘ ਦੇ ਉਸੇ ਘਰ ਵਿੱਚ ਨੰਦ ਸਿੰਘ ਦਾ ਭਾਈ ਚੰਦਾ ਸਿੰਘ ਅੱਡ ਮਕਾਨ ਵਿੱਚ ਰਹਿੰਦਾ ਹੈ, ਨੰਦ ਸਿੰਘ ਦੀ ਕੋਠੀ ਵਿੱਚ। ਉਸ ਦੀ ਕੋਠੀ ਵਿੱਚੋਂ ਇੱਕ ਜਨਮ ਸਾਖੀ ਬਰਾਮਦ ਹੋਈ ਹੈ ਚੰਦਾ ਸਿੰਘ ਘਰ ਤੇ ਨਹੀਂ ਮਿਲਿਆ। ਪਤਾ ਲੱਗਿਆ ਕਿ ਰਾਜੋ ਮਾਜਰੇ ਗਿਆ ਹੋਇਆ ਹੈ। ਉਸ ਨੂੰ ਗ੍ਰਿਫਤਾਰ ਕਰਨ ਵਾਸਤੇ ਲਾਲਾ ਬਿਸ਼ੰਭਰ ਦਾਸ ਨੇ ਇੱਕ ਸਵਾਰ ਨੂੰ ਰਵਾਨਾ ਕੀਤਾ ਹੈ।"[14]

ਪਟਿਆਲਾ ਰਿਆਸਤ ਕੂਕਾ ਮਸਤਾਨਿਆਂ ਦੇ ਘਰਾਂ ਵਿੱਚੋਂ ਮਿਲਣ ਵਾਲੀਆਂ ਪੋਥੀਆਂ ਨੂੰ ਉਹਨਾਂ ਦੇ ਉਗਰ ਵਿਚਾਰਾਂ ਲਈ ਪ੍ਰੇਰਕ ਸਮਝ ਕੇ, ਉਹਨਾਂ ਦੀ ਖੋਜ ਕਰਵਾ ਰਹੀ ਸੀ। ਉਪਰੋਕਤ ਪੱਤਰ ਵਿੱਚੋਂ, ਨੰਦ ਸਿੰਘ-ਇੰਦ ਕੌਰ ਜੋੜੇ ਦੇ ਇਕਲੌਤੇ ਪੁੱਤਰ (ਨਾਮ ਨਿਰਭੈ ਸਿੰਘ) ਦੀ ਇਸ ਸਾਕੇ ਵਿੱਚ ਸ਼ਹੀਦੀ ਪਾਉਣ ਦੀ ਸੂਹ ਮਿਲਦੀ ਹੈ, ਪਰ ਸਾਡਾ ਇਤਿਹਾਸ ਇਸ ਬਾਰੇ ਖਾਮੋਸ਼ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਅਣਖੀ ਮਸਤਾਨਿਆਂ ਦੀਆਂ ਦੇਸ਼ ਕੌਮ ਲਈ ਕੀਤੀਆਂ ਵੱਡੀਆਂ ਕੁਰਬਾਨੀਆਂ ਅੱਗੇ ਸਿਰ ਝੁਕਦਾ ਹੈ।

ਪਟਿਆਲਾ ਰਿਆਸਤ ਨੇ ਉਸ ਦੇ ਇਲਾਕੇ ਦੇ ਜਿਹੜੇ ਵੀ ਕੂਕੇ 12 ਜਨਵਰੀ 1872 ਦੇ ਮਾਘੀ ਮੇਲੇ ਤੇ ਭੈਣੀ ਸਾਹਿਬ ਵਿਖੇ ਪੁੱਜੇ ਸਨ ਸਭਨਾਂ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕੀਤੇ ਸਨ ਤਾਂ ਕਿ ਉਹਨਾਂ ਦੀ ਮਲੇਰਕੋਟਲਾ ਸਾਕੇ ਵਿੱਚ ਸ਼ਮੂਲੀਅਤ ਦੀ ਪੜਤਾਲ ਕੀਤੀ ਜਾਏ।

"ਪੰਜਾਬ ਸਿੰਘ (ਪੁੱਤਰ ਜਵਾਲਾ ਸਿੰਘ), ਨਿਹਾਲ ਸਿੰਘ, ਬਚਿਤਰ ਸਿੰਘ ਜੋਗੇ ਵਾਲਿਆਂ ਕੋ ਬਰਨਾਲੇ ਮੈਂ ਲੈ ਗਏ। ਥਾਨੇਦਾਰ ਨੇ ਪੁੱਛਿਆ ਤੁਸੀਂ

(ਸਾਕੇ) ਵਿਚ ਸੇ ਤਾਂ ਸਿੰਘਾਂ ਨੇ ਕਿਹਾ, ਅਸੀਂ ਨਾਂ ਸੇ ਵਿਚ। ਥਾਨੇਦਾਰ ਨੇ ਕਿਹਾ, ਧੁਆਨੂੰ ਖ਼ਵਰ ਤਾਂ ਸੀ। ਸਿੰਘਾਂ ਨੇ ਕਹਿਆ ਸਾਨੂੰ ਖ਼ਵਰ ਤਾਂ ਸੀ ਪਰ ਸਾਨੂੰ ਹੁਕਮ (ਸਤਿਗੁਰੂ ਰਾਮ ਸਿੰਘ ਜੀ ਦਾ) ਸੀ ਕਿ ਆਪੋ ਆਪਣੇ ਘਰਾਂ ਨੂੰ ਚਲੇ ਜਾਵੋ।ਸੋ ਅਸੀਂ ਕਿਤੇ ਨਹੀਂ ਠਹਿਰੇ, ਘਰ ਹੀ ਆਇ ਗਏ ਹੈਂ। ਕਹਾ ਕਿ ਤੁਮਾਰੀ ਘੋੜੀ ਰੜ ਕਿਉਂ ਰਹੀ ? ਪੰਜਾਬ ਸਿੰਘ ਨੇ ਕਹਾ ਕਿ ਘੋੜੀ ਬੀਮਾਰ ਸੀ ਇਸ ਕਰ ਕੇ ਛੱਡ ਆਏ। ਨਾਜ਼ਮ ਨੇ ਕਹਾ ਕਿ ਤੁਮਾਰਾ ਚਲਾਨ ਸਰਹੰਦ ਬੱਸੀ ਕਾ ਹੈ। ਉਥੇ ਦੋ ਕੂਕੀਆਂ (ਮਾਈ ਇੰਦ ਕੌਰ ਤੇ ਖੇਮ ਕੌਰ) ਹੈਨ, ਜੇ ਉਹਨਾਂ ਨੇ ਕਿਹਾ ਵਿਚ ਸੇ ਤਾਂ ਤੁਮ ਫਾਂਸੀ ਜਾਂ ਤੋਪ ਅੱਗੇ ਉਡਾਏ ਜਾਉਗੇ, ਜੇ ਕਹਾ ਕਿ ਨਾ ਥੇ ਤਾਂ ਜੋ ਹਾਕਮ ਕੀ ਮਰਜ਼ੀ ਸੋ ਹੋਵੇਗਾ. ਚਾਲਾਨ ਕਰ ਦੀਆ।"

"ਅਗਲੇ ਦਿਨ ਕਚਹਿਰੀ ਵਿਚ ਸੱਦਿਆ। ਇੱਕ ਸਿੰਘਣੀ ਸੇ ਪੂਛਾ ਕਿ ਇਹ ਨਾਲ ਥੇ ? ਦਿੱਤੂਪੁਰੇ ਵਾਲੀ ਨੇ ਕਹਾ ਕਿ ਮੈਨੂੰ ਨਹੀਂ ਖ਼ਵਰ । ਹੰਡਿਆਏ ਵਾਲੀ ਮਸਤਾਨੀ ਨੇ ਕਹਾ ਕਿ ਹਾਂ ਮੈਂ ਜਾਣਦੀ ਹਾਂ, ਸਾਡੇ ਹਮੇਸ਼ਾ ਆਉਣੇ ਜਾਣੇ ਵਾਲੇ ਹੈਂ, ਵਿੱਚ ਨਾ ਥੇ। ਨਾਜ਼ਮ ਨੇ ਕਿਹਾ ਕਿ ਸਾਡੀ ਤਰਫੋਂ ਰਿਹਾਇ। ਤੁਮਾਰਾ ਸੂਬਾ ਜੋ ਚਾਹੇ, ਸੋ ਕਰੇ। ਫੇਰ ਬਰਨਾਲੇ ਭੇਜ ਦੀਏ। ਤੀਏ ਮਹੀਨੇ ਜ਼ਮਾਨਤਾਂ ਲੈ ਕੇ ਛੱਡੇ ਪਾਂਚ ਪਾਂਚ ਸੈ ਕੀਆਂ।'[15]

ਰਿਹਾਈ ਤੋਂ ਬਾਅਦ ਮਾਈ ਇੰਦ ਕੌਰ ਹੰਡਿਆਏ ਆ ਗਏ। ਪਿੰਡ ਵਿੱਚ ਸਰਕਾਰੀ ਕਰਿੰਦੇ ਸੁਬਹਾ ਸ਼ਾਮ ਉਹਨਾਂ ਦੀ ਹਾਜਰੀ ਲਾਉਂਦੇ। ਭਾਂਵੇਂ ਉਹ ਨਜ਼ਰਬੰਦ ਸਨ ਫਿਰ ਵੀ ਅੰਮ੍ਰਿਤਸਰ, ਭੈਣੀ ਸਾਹਿਬ ਦੇ ਗੁਰਧਾਮਾਂ ਦਾ ਦਰਸ਼ਨ ਦੀਦਾਰ ਕਰ ਆਉਂਦੇ ਸਨ। ਕਵੀ ਕਾਲਾ ਸਿੰਘ ਨੰਗਲ ਵਾਲਿਆਂ ਨੂੰ ਆਉਂਦੇ ਜਾਂਦੇ ਦਰਸ਼ਨ ਦੇ ਜਾਂਦੇ ਤਾਂ ਹੀ ਕਵੀ ਜੀ ਆਪਣੀ ਇਤਿਹਾਸ ਖੋਜ ਲਈ, ਮਾਈ ਜੀ ਦੇ ਰਿਣੀ ਹਨ। ਉਹ ਪੇਕਿਆਂ ਵੱਲੋਂ ਸਿੱਧੂ ਜ਼ਿਮੀਦਾਰ ਘਰਾਣੇ ਨਾਲ ਸਬੰਧਿਤ ਸਨ। ਸ੍ਰ. ਬਦਨ ਸਿੰਘ ਮਲੌਦ ਵਾਲਾ ਵੀ ਸਿੱਧੂ ਸੀ ਪਰ ਮਾਤਾ ਨੇ ਜਦੋਂ ਉਹ ਜੱਥੇ ਨੂੰ ਠੀਕ ਪੇਸ਼ ਨਾ ਆਇਆ ਤਾਂ ਉਸਦੇ ਮੱਥੇ ਵਿੱਚ ਸਫਾ ਜੰਗ ਦਾ ਸਿੱਧਾ ਵਾਰ ਕਰ ਕੇ ਫੱਟੜ ਕਰ ਦਿੱਤਾ। ਬਿਸ਼ਨ ਸਿੰਘ ਹੋਰਾਂ ਮੁਤਾਬਿਕ ਕੋਟਲੇ ਦੇ ਪਠਾਣ ਕੁਤਬ ਖਾਨ ਜੋ ਆਪ ਦਾ ਨਿਸ਼ਾਨ ਲੈ ਕੇ ਭੱਜਿਆ ਸੀ, ਉਸ ਦਾ ਵੱਧ ਵੀ ਮਾਤਾ ਨੇ ਸਫਾ ਜੰਗ ਨਾਲ ਕਰ ਦਿੱਤਾ। ਮਾਤਾ ਇੰਦ ਕੌਰ ਉਹ ਵੀਰਾਂਗਣਾ, ਰਣ ਚੰਡੀ ਸੀ ਜਿਸ ਤੇ ਇਤਿਹਾਸ ਜਿਤਨਾ ਵੀ ਮਾਣ ਕਰੇ ਥੋਹੜਾ ਹੈ। ਮਾਤਾ ਇੰਦ ਕੌਰ 1951 ਬਿ. (1894 ਈ.) ਵਿੱਚ ਭੈਣੀ ਸਾਹਿਬ ਹੁਕਮ ਸੱਤ ਹੋ ਗਈ। ਮਾਤਾ ਖੇਮ ਕੌਰ ਨੇ 1931 ਬਿ. (ਮੁਤਾਬਿਕ 1875 ਈ.) ਵਿੱਚ ਦਿੱਤੂ ਪੂਰੇ ਚੜ੍ਹਾਈ ਕੀਤੀ।[16]

## -ਹਵਾਲੇ ਤੇ ਟਿੱਪਣੀਆਂ-


1. ਸੰਤ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ਸਤਿਗੁਰੂ ਬਿਲਾਸ ਭਾਗ 1, ਸਫਾ 461
2. ਸੰਤ ਬਿਸ਼ਨ ਸਿੰਘ ਹਿਸਟੋਰੀਅਨ- ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ, ਸਫਾ 46
3. ਸੂਬਾ ਸੁਰਿੰਦਰ ਕੌਰ ਖਰਲ, ਲੁਕਿਆ ਸੱਚ (ਪਟਿਆਲਾ ਦਸਤਾਵੇਜ਼) ਸਫਾ 185-88
4. ਸੰਤ ਕਾਲਾ ਸਿੰਘ ਨੰਗਲ ਵਾਲੇ ਕ੍ਰਿਤ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼", ਸੰ. ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ), ਸਫਾ 137
5. ਸੰਤ ਸੰਤੋਖ ਸਿੰਘ ਬਾਹੋਵਾਲ, ਉਪਰੋਕਤ, ਸਫਾ 464-67
6. ਸੰਤ ਕਾਲਾ ਸਿੰਘ ਨੰਗਲ, ਉਪਰੋਕਤ, ਸਫਾ 169-71
7. ਉਪਰੋਕਤ, ਸਫਾ 166
8. ਸੰਤ ਨਿਧਾਨ ਸਿੰਘ ਜੀ ਕਾਦਰਾਬਾਦ (ਸੰ. ਡਾ. ਅਮਰ ਭਾਰਤੀ), ਸ੍ਰੀ ਸਤਿਗੁਰੂ ਬਿਲਾਸ, ਪਾਤਸ਼ਾਹੀ ਬਾਰ੍ਹਵੀਂ, ਸਫਾ 130
9. ਹਰਨਾਮ ਸਿੰਘ ਸ੍ਰੈਚ ਬਗੁਲੀ ਕਲਾਂ, ਕਿੱਸਾ ਸੰਤ ਖਾਲਸਾ, ਛਾਪ ਪਹਿਲੀ 1935 ਈ., ਸਫਾ 39-40
10. ਸੰਤ ਇੰਦਰ ਸਿੰਘ ਚੱਕਰਵਰਤੀ, ਮਹਾਂ-ਕਾਵਿ, ਮਾਲਵੇਦ, ਸਫਾ 361-62
11. ਹਰਸਾ ਸਿੰਘ ਚਾਤਰ, ਰੂਹਾਂ ਜਾਗੀਆਂ (ਨਾਮਧਾਰੀਆਂ ਦੀਆਂ ਦੋ ਵਾਰਾਂ), ਹਰਮੰਦਰ ਪੁਸਤਕ ਭੰਡਾਰ, ਅੰਮ੍ਰਿਤਸਰ, 1971 ਈ., ਸਫਾ 28-29
12. ਸੰਤ ਸੰਤੋਖ ਸਿੰਘ ਬਾਹੋਵਾਲ, ਉਪਰੋਕਤ, ਸਫਾ 475
13. ਸ੍ਰ. ਨਾਹਰ ਸਿੰਘ ਐਮ.ਏ. (ਸੰ.), ਗੁਰੂ ਰਾਮ ਸਿੰਘ ਐਂਡ ਦਾ ਕੂਕਾ ਸਿੱਖਜ਼ (ਦਸਤਾਵੇਜ਼), ਭਾਗ 2, ਸਫਾ 34
14. ਸੂਬਾ ਸੁਰਿੰਦਰ ਕੌਰ ਖਰਲ (ਸੰ.) - ਉਪਰੋਕਤ, ਸਫਾ 364
15. ਸੰਤ ਸੰਤੋਖ ਸਿੰਘ ਬਾਹੋਵਾਲ, ਉਪਰੋਕਤ, ਸਫਾ 490
16. ਸੰਤ ਬਿਸ਼ਨ ਸਿੰਘ ਨੰਗਲ, ਉਪਰੋਕਤ, ਸਫਾ 54

# ਭੂਰਿਆਂ ਵਾਲਿਆਂ ਵਿਚੋਂ ਇਕ ਬਾਬਾ ਕਾਹਨ ਸਿੰਘ ਬਾਜਾ ਖਾਨਾ

ਸਤਿਗੁਰੂ ਰਾਮ ਸਿੰਘ ਜੀ ਨੇ ਮਾਲਵੇ ਵਿੱਚ ਨਾਮਧਾਰੀ ਸੰਤ ਖਾਲਸੇ ਦੀ ਐਸੀ ਮੋਹੜੀ ਗੱਡੀ ਜੁ ਕੁਝ ਸਮੇਂ ਵਿੱਚ ਹੀ ਘਣਛਾਂਵੇਂ ਬਿਰਛ ਵਿੱਚ ਬਦਲ ਗਈ। ਮਲਵਈ ਨਾਮਧਾਰੀ ਸਿੰਘਾਂ ਦੀ ਕਾਰ ਬੜੀ ਸਖਤ ਸੀ। ਖੇਤੀ ਬਾੜੀ ਉਸ ਸਮੇਂ ਮੀਹਾਂ ਤੇ ਹੀ ਨਿਰਭਰ ਸੀ। ਸਿਰਹੰਦ ਨਹਿਰ ਨਿਕਲਣ ਤੋਂ ਪਹਿਲਾਂ ਦਾ ਸਮਾਂ ਸੀ। ਖੂਹ ਮਿੱਠੇ ਪਾਣੀ ਵਾਲੇ ਵਿਰਲੇ ਟਾਂਵੇਂ ਹੁੰਦੇ ਸਨ ਕੂਕੇ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੱਸੀ ਰਹਿਤ ਮਰਿਆਦਾ ਨੂੰ ਨਿਬਾਹੁਣ ਲਈ ਭੂਰਿਆਂ ਦੇ ਬਸਤਰ ਹੀ ਪਹਿਰਦੇ ਸਨ। ਜਾਂ ਫਿਰ ਭੂਰੇ ਉੱਪਰ ਲੈਂਦੇ ਸਨ। ਹਾੜ ਸਿਆਲ ਆਪਣੀ ਮਰਿਆਦਾ ਨਿਬਾਹੁਣ ਲਈ ਭੂਰਿਆਂ ਦੇ ਬਸਤਰ ਪਹਿਨਣਾ ਸੌਖਾ ਕੰਮ ਨਹੀਂ ਸੀ। ਇਸ ਤੋਂ ਪਹਿਲਾਂ ਅਠਾਰ੍ਹਵੀਂ ਸਦੀ ਦੇ ਜੰਗਜੂ ਸਿੰਘ ਜਦੋਂ ਜੰਗਲਾਂ ਬੇਲਿਆਂ ਵਿੱਚ ਲੁਕ ਛਿਪ ਕੇ ਦਿਨ ਕਟੀ ਕਰਦੇ ਸਨ, ਉਹਨਾਂ ਦੇ ਵਸਤਰ ਵੀ ਫਟੇ ਪੁਰਾਣੇ ਭੂਰੇ ਜਾਂ ਭੂਰਿਆਂ ਦੇ ਬਣੇ ਹੁੰਦੇ ਸਨ। ਉਹਨਾਂ ਸਿੰਘਾਂ ਦੀ ਪਹਿਚਾਣ ਵੀ ਭੂਰਿਆਂ ਵਾਲਿਆਂ ਜਾਂ ਭੂਰੀ ਵਾਲਿਆਂ ਦੇ ਤੌਰ ਤੇ ਹੀ ਹੁੰਦੀ ਸੀ। ਜਿਹਾ ਕਿ ਸਿੱਖ ਮਿਸਲਦਾਰਾਂ ਦੇ ੧੭੬੫ ਈ. ਦੇ ਲਾਗੇ ਚਾਗੇ ਸੱਤਾ ਧਾਰੀ ਹੋਣ ਨੂੰ, ਸੂਫੀ ਕਵੀ ਬੁੱਲ੍ਹੇ ਸ਼ਾਹ ਇਉਂ ਪੇਸ਼ ਕਰਦਾ ਹੈ–

"ਭੂਰਿਆਂ ਵਾਲੇ ਰਾਜੇ ਕੀਤੇ।

ਮੁਗਲਾਂ ਜ਼ਹਿਰ ਪਿਆਲੇ ਪੀਤੇ।"

ਸੱਯਦ ਵਾਰਿਸ ਸ਼ਾਹ ਆਪਣੀ ਰਚਨਾ "ਹੀਰ" ਵਿਚ, ਇਹ ਕਾਲੇ ਭੂਰੇ ਪਹਿਨਣ ਵਾਲੇ, ਪੰਜਾਬ ਦੇ ਸਿੰਘਾਂ ਦਾ ਦਿੱਲੀ ਵੱਲ ਧਾਵਾ ਵੇਖ ਕੇ ਹੀ, 'ਹੀਰ' ਦੇ ਨੈਣਾਂ ਵਿਚਲੇ ਸੁਰਮੇ ਨਾਲ ਸਿੰਘਾਂ ਦੇ ਲਸ਼ਕਰ ਦੀ ਤਸ਼ਬੀਹ ਸਿਰਜਦਾ ਹੈ–

"ਸੁਰਮਾ ਨੈਣਾਂ ਦੀ ਧਾਰ ਵਿਚ ਫੱਬ ਰਿਹਾ,

ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ ਜੀ।"

ਪੰਜਾਬ ਦੇ ਸਿਰਮੌਰ ਆਸ਼ਕ, ਰਾਂਝੇ ਦੀ ਪਹਿਚਾਣ ਵੀ ਲੋਕ ਗੀਤ ਵਿਚ ਭੂਰੀ ਵਾਲੇ ਜਿਉਂ ਹੁੰਦੀ ਹੈ, ਬਕੌਲ ਜਸਵੰਤ ਸਿਘ ਕੰਵਲ–

"ਜਿਊਂਦਾ ਜਾਗਦਾ ਏਂ ਤਾਂ ਬੋਲ ਭੂਰੀ ਵਾਲਿਆ,

ਤੇਰੀ ਹੀਰ ਨਿਮਾਣੀ ਨੈਂ ਵਿਚ ਡੁੱਬ ਕੇ ਮਰ ਜੁਗੀ"

ਕਿਰਤੀ ਕਾਮੇ ਕੱਖ-ਨੀਰੇ ਦੀ ਪੰਡ ਬੰਨ੍ਹਣ ਲਈ, ਭੂਰੀ ਮੋਢੇ ਤੇ ਰੱਖ ਕੇ ਹੀ ਘਰੋਂ ਨਿਕਲਦੇ ਸਨ।

ਸੰਨ ੧੮੭੧ ਈ. ਵਿੱਚ ਖੋਟਿਆਂ ਦੇ ਹੋਲੇ ਮਹੱਲੇ ਤੋਂ ਬਾਅਦ, ਜਦੋਂ ਸਤਿਗੁਰੂ ਜੀ ਧੂੜਕੋਟ (ਮੋਗਾ) ਪੜਾਅ ਕਰਦੇ ਹਨ ਤਾਂ ਇੱਥੇ ਆਪਦਾ ਭੂਰਿਆਂ ਜਾਂ ਭੂਰੀਆਂ ਵਾਲਿਆਂ ਨਾਲ, ਨਿੱਘਾ ਸਨੇਹ ਪ੍ਰਦਰਸ਼ਿਤ ਹੁੰਦਾ ਹੈ। "ਜਾਂ ਦੀਵਾਨ ਲੱਗਾ ਤਾਂ ਭੂਰੀਆਂ ਵਾਲੇ ਇਕ ਪਾਸੇ ਬੈਠੇ। ਹੋਰ ਭੀ ਸਰਬ ਖਾਲਸਾ ਬੈਠਾ ਹੈ। ਰਾਗ ਹੁੰਦਾ ਹੈ। ਦੀਨ ਦਿਆਲ ਜੀ ਆਏ। ਪਹਿਲੇ ਤਾਂ ਦੀਵਾਨ ਕੀ ਪਰਦੱਖਣਾਂ ਲਈ, ਫੇਰ ਭੂਰੀਆਂ ਵਾਲੇ ਜਿੱਥੇ ਬੈਠੇ ਹੈਂ ਤਿਨ੍ਹਾਂ ਕੇ ਬੀਚ ਬੈਠੇ । ਸੂਬਿਆਂ ਨੇ ਕਹਾ ਜੀ ਆਪਣੇ ਆਸਣ ਚੱਲੋ।ਏਥੇ ਬੈਠੇ ਸੋਭਾ ਪੌਂਦੇ ਹੋ। ਦੀਨਾ ਨਾਥ ਜੀ ਬਚਨ ਕੀਤਾ, ਭੂਰੀਆਂ ਵਾਲੇ ਮੇਰੀਆਂ ਭੁਜਾਂ ਹੈਨ। ਪਰਦੱਖਣਾਂ ਫੇਰ ਲਈ ਤੇ ਬਚਨ ਕੀਤਾ, ਮੈਂ ਤਾਂ ਏਨ੍ਹਾਂ ਭੂਰੀਆਂ ਵਾਲਿਆਂ ਦਾ ਦਿੱਤਾ ਛਕਦਾ ਹਾਂ। ਭੂਰੀਆਂ ਵਾਲੇ ਮੇਰੇ ਪਿਆਰੇ ਹੈਂ। ਜੁਗੋ ਜੁਗ ਨਾਲ ਈ ਆਂਵਦੇ ਹੈਂ।"[1]

ਮਾਲਵੇ ਦੇ ਸਤਿਗੁਰੂ ਜੀ ਦੇ ਐਸੇ ਪਰੇਮੀ ਸਿੰਘਾਂ ਵਿੱਚ ਇਕ ਸਨ ਭਾਈ ਕਾਹਨ ਸਿੰਘ ਜਿਹਨਾਂ ਦਾ ਗੋਤ ਢਿੱਲੋਂ ਅਤੇ ਪਿੰਡ ਬਾਜਾਖਾਨਾ, ਰਿਆਸਤ ਫਰੀਦਕੋਟ ਸੀ। ਇਸ ਰਿਆਸਤ ਦਾ ਸਤਿਗੁਰੂ ਜੀ ਦਾ ਪਹਿਲਾ ਦੌਰਾ, ਕਾਹਨ ਸਿੰਘ ਹੋਰਾਂ ਦੇ ਕੂਕਾ ਬਣਨ ਦਾ ਸਬੱਬ ਬਣਿਆ। ਜਨਵਰੀ ੧੮੬੨ ਈ. ਵਿਚ ਸਤਿਗੁਰੂ ਜੀ ਨੇ ਮਾਘੀ ਦਾ ਮੇਲਾ ਮੁਕਤਸਰ ਸਾਹਿਬ ਵਿਖੇ ਮਨਾਇਆ। ਸ੍ਰੀ ਸਤਿਗੁਰੂ ਜੀ ਅਰਦਾਸਾ ਕਰਕੇ ਚੱਲੋ। ਅਰਦਾਸਾਂ ਭੇਜੀਆਂ ਸੀਆਂ ਸਾਰੇ ਦੇਸ਼ ਵਿੱਚ ਸ੍ਰੀ ਸਤਿਗੁਰੂ ਜੀ ਮੁਕਤਸਰ ਆਵਨਗੇ। ਸਭ ਸਿੰਘ ਇਕੱਠੇ ਹੋ ਕੇ ਆਏ। ਫਰੀਦਕੋਟ ਮੇਂ ਗਏ। ਲੰਗਰ ਕੇ ਬਰਤਨਾਂ ਵਾਸਤੇ ਸਿੰਘ ਰਾਜੇ ਕੋਲ ਆਏ। ਅੱਗੇ ਨੌਕਰ ਨੇ ਕਹਿਆ ਕਿ ਜੀ ਅਜੇ ਰਾਜਾ ਸਾਹਿਬ ਸੁੱਤੇ ਪਏ ਹੈਂ। ਆ ਕੇ ਸਿੰਘਾਂ ਨੇ ਕਹਿਆ ਕਿ ਕਹਿੰਦੇ ਹੈਂ ਕਿ ਬਰਤਨ ਰਾਜਾ ਉਠ ਕੇ ਦੇਵੇਗਾ। ਸਤਿਗੁਰੂ ਜੀ ਬਚਨ ਕੀਤਾ ਏਨੋਂ ਕੀ ਸਾਰਨਾ ਹੈ ਜੇੜ੍ਹਾ ਹੁਣ ਤਾਈਂ ਸੁੱਤਾ ਪਿਆ ਹੈ। (ਇਸ ਰਾਜੇ ਦਾ ਨਾਮ ਵਜੀਰ ਸਿੰਘ ਸੀ ਜੋ ਫਰੰਗੀਆਂ ਦੇ ਯਾਰ', ਰਾਜਾ ਪਹਾੜਾ ਸਿੰਘ ਦਾ ਪੁੱਤਰ ਸੀ)।

"ਇਕ ਨਾਈ ਆ ਕੇ ਭਜਨ ਲੈ ਕੇ ਵਿਚ ਰੈਹਣ ਲੱਗਾ। ਕਛਹਿਰੇ ਚੁਰਾਇ ਲਏ। ਅਰਜ ਹੋਈ ਜੀ ਜਿਸ ਦਿਨ ਦਾ ਏਹ ਨਾਈ ਆਇਆ ਹੈ ਉਸੀ ਦਿਨ ਤੇ ਕਈ ਕਛਹਿਰੇ ਚੁੱਕੇ ਗਏ ਹਨ। ਗੁਰੂ ਜੀ ਬਚਨ ਕੀਤਾ, ਤਲਾਸ਼ੀ

ਲੈ ਲਵੋ। ਜਾਂ ਤਲਾਸ਼ੀ ਲਈ ਤਾਂ ਸਭ ਕਛਹਿਰੇ ਨਿਕਲ ਆਏ। ਬਚਨ ਕੀਤਾ, ਜਾਹ ਓਏ ਸਰਾਫਿਆ ਹੋਇਆ, ਉਠਾਏ ਦੇਵੋ ਮੇਰੇ ਸਾਹਮਣੇ ਤੇ। ਉਸੀ ਵਕਤ ਉਠਾਇ ਦਿੱਤਾ। ਇਹ ਨਾਈ ਰਾਜਾ ਫਰੀਦਕੋਟ ਨੇ ਮੁਖਬਰ ਛੱਡਿਆ ਥਾ। ਕਛਹਿਰੇ ਟਕਾ ਪੈਸਾ ਚੁਰਾਇ ਲੈਂਦਾ ਸੀ।"[2]

ਇਸੇ ਦੌਰੇ ਸਮੇਂ ਭਾਈ ਕਾਹਨ ਸਿੰਘ ਬਾਜਾਖਾਨਾ ਚੜ੍ਹਦੇ ੧੮੬੨ ਈ. ਵਿਚ ਕੂਕਾ ਬਣ ਗਿਆ ਸੀ ਜਿਸਦਾ ਜ਼ਿਕਰ ਬਾਹੋਵਾਲ ਜੀ ਅੱਗੇ ਜਾ ਕੇ ਇਸੇ ਮੁਖਬਰ ਨਾਈ ਵਾਲੀ ਸਾਖੀ ਨਾਲ ਜੋੜ ਕੇ ਕਰਦੇ ਹਨ। "ਏਕ ਨਾਈ ਨੇ ਆ ਕੇ ਭਜਨ ਲੀਤਾ। ਕੱਪੜੇ ਚੋਰੀ ਕਰਿਆ ਕਰੇ। ਇਕ ਚਾਦਰ ਬੜੇ ਮੁੱਲ ਵਾਲੀ ਚੁੱਕੀ। ਹੋਰ ਕਈਆਂ ਸਿੰਘਾਂ ਦੇ ਬਸਤਰ ਚੁੱਕੇ ਗਏ। ਬਾਬਾ ਜਵਾਹਰ ਸਿੰਘ ਜੀ ਸਤਿਗੁਰੂ ਜੀ ਪਾਸ ਅਰਜ ਕੀਤੀ ਜੀ ਰੋਜ਼ ਚੋਰੀ ਹੁੰਦੀ ਹੈ। ਪਤਾ ਨਹੀਂ ਲਗਦਾ ਕੌਣ ਉਠਾਈ ਜਾਂਦਾ ਹੈ। ਸੱਚੇ ਪਾਤਸ਼ਾਹ ਜੀ ਉਸਨੂੰ ਪ੍ਰਗਟ ਕਰੋ। ਓਹੀ ਫੜਿਆ ਜਾਏ, ਹੋਰ ਨਾ ਕੋਈ ਫੜਿਆ ਜਾਏ।

ਸਤਿਗੁਰੂ ਜੀ ਬਾਜੇ (ਖਾਨੇ) ਗਏ ਕਾਨ੍ਹ ਸਿੰਘ ਕੇ ਤਾਂ ਅਰੂੜ ਸਿੰਘ ਰੂਖੜ ਆਪਨੀ ਚਾਦਰ ਪੱਲੇ ਦੋ ਅਧਿਆਨੀਆਂ ਬੰਨ੍ਹ ਦਿੱਤੀਆਂ। ਉਹ ਨਾਈ ਖੋਲ੍ਹਣ ਲਗਾ ਸੁਤਾ ਜਾਣ ਕੇ। ਬਾਬੇ ਨੇ ਚਾਦਰ ਢਿੱਲੀ ਛੱਡ ਦਿੱਤੀ। ਨਾਈ ਜਦ ਚਾਦਰ ਲੈ ਕੇ ਦੌੜਿਆ ਬਾਬਾ ਅਰੂੜ ਸਿੰਘ ਨੇ ਦੌੜ ਕੇ ਫੜ ਲਿਆ ਤੇ ਮਾਰਿਆ।ਮਾਰ ਪੈਣ ਤੇ ਉਸਨੇ ਸਭ ਕੁਝ ਮੰਨ ਲਿਆ ਤੇ ਸਾਰੇ ਬਸਤਰ ਕੱਢ ਕੇ ਦੇ ਦੀਏ। ਬਾਹਰ ਲੁਕਾਏ ਹੋਏ ਸੇ। ਉਸਕੋ ਸ੍ਰੀ ਸਤਿਗੁਰੂ ਜੀ ਕੇ ਪਾਸ ਲੈ ਆਏ ਦੀਵਾਨ ਵਿਚ। ਬਾਹਰ ਨਿਕਾਲ ਦੀਆ। ਹੁਕਮ ਹੋਇਆ ਸੰਗਤ ਮੇਂ ਨਾ ਵੜੇ।"

ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਰਾਜੇ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਕੰਪਨੀ ਸਰਕਾਰ ਦੀ ਛਤਰ ਛਾਇਆ ਹੇਠ ਆ ਗਏ ਸਨ। ਮੁਦਕੀ ਦੀ ਦਸੰਬਰ ੧੮੪੫ ਦੀ ਜੰਗ ਸਮੇਂ, ਪਹਾੜਾ ਸਿੰਘ ਫਰੀਦਕੋਟ ਵਾਲੇ ਦੇ ਅੰਗਰੇਜ਼ ਪੱਖੀ ਰੋਲ ਨੂੰ ਤਾਂ ਕਵੀ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਬਿਆਨ ਕੀਤਾ ਗਿਆ ਹੈ। ਉਸੇ ਪਹਾੜਾ ਸਿੰਘ ਦਾ ਪੁੱਤਰ ਰਾਜਾ ਵਜੀਰ ਸਿੰਘ ਇਸੇ ਲਈ ਆਪਣੀ ਰਿਆਸਤ ਵਿਚ ਉੱਠਣ ਵਾਲੀ ਕਿਸੇ ਵੀ ਲੋਕ-ਲਹਿਰ ਦੀ ਨਿਗਰਾਨੀ ਕਰਕੇ, ਬਰਤਾਨਵੀ ਤਾਜ ਪ੍ਰਤੀ ਵਫਾਦਾਰੀ ਸਿੱਧ ਕਰ ਰਿਹਾ ਸੀ। ਸਤਿਗੁਰੂ ਜੀ ਦਾ ਉਤਾਰਾ ਇਸ ਸਮੇਂ ਕਾਹਨ ਸਿੰਘ ਦੇ ਘਰ ਹੀ ਸੀ। ਉਸਦਾ, ਸਤਿਗੁਰੂ ਰਾਮ ਸਿੰਘ ਜੀ ਦੀ ਸੰਤ ਖਾਲਸੇ ਵਾਲੀ ਰਹਿਤ ਮਰਿਆਦਾ ਅਤੇ ਦੇਸੀ-ਵਿਦੇਸ਼ੀ ਲੋਕ-ਵਿਰੋਧੀ ਸਰਕਾਰਾਂ ਵਿਰੁੱਧ ਲੜਨ ਦਾ, ਕੂਕਾ-ਸੰਗਰਾਮ ਵਿਚ ਅਤੁੱਟ ਭਰੋਸਾ ਸੀ।

ਭਾਈ ਕਾਹਨ ਸਿੰਘ ਦਾ ਜ਼ਿਕਰ ਫੀਰੋਜ਼ਪੁਰ ਜ਼ਿਲ੍ਹੇ ਵਿਚਲੇ ਮਹੱਤਵਪੂਰਨ ਕੂਕਿਆਂ ਦੀ ੧੮੮੧ ਵਾਲੀ ਸੂਚੀ ਵਿਚ ੧੬ ਨੰਬਰ ਤੇ ਦਰਜ਼ ਹੈ। ਉਸਦਾ ਪਿਤਾ ਸੁਹੇਲ ਸਿੰਘ, ਪਿੰਡ ਬਾਜਾ (ਖਾਨਾ), ਥਾਣਾ ਕੋਟਕਪੂਰਾ ਅਤੇ ਬਰੈਕਟ ਵਿਚ ਫਰੀਦਕੋਟ ਲਿਖਿਆ ਹੈ। ਉਹ ਜ਼ਿੰਮੀਦਾਰ ਸੀ ਅਤੇ ਖੇਤੀਬਾੜੀ ਕਰਦਾ ਸੀ। ਉਸਦਾ ਚਿਹਰਾ ਪਤਲਾ ਅਤੇ ਲੰਬੂਤਰਾ ਸੀ। ਸੱਜੀ ਅੱਖ ਵਿਚ ਮੋਤੀਆ ਸੀ। ਦਾਹੜੀ ਅਜੇ ਜ਼ਿਆਦਾ ਕਾਲੀ ਤੇ ਕੁਝ ਚਿੱਟੀ ਸੀ। ਕੱਦ ੫ ਫੁੱਟ ੮ ਇੰਚ, ਪਤਲਾ ਸਰੀਰ ਅਤੇ ਉਮਰ ੬੦ ਸਾਲ ਦੇ ਲਗਪਗ ਸੀ। ਉਹ ਫੀਰੋਜ਼ਪੁਰ ਜ਼ਿਲ੍ਹੇ ਵਿਚ ਹੋਣ ਵਾਲੀਆਂ ਕੂਕਿਆਂ ਦੀਆਂ ਸਭਾਵਾਂ ਵਿਚ ਜਾਂਦਾ ਸੀ ਅਤੇ ਉਸ ਬਾਰੇ ਸੁਭਾਉ ਵਾਲੇ ਖਾਨੇ ਵਿਚ, ਉਸਨੂੰ ਝਗੜਾਲੂ ਸੁਭਾਉ ਵਾਲਾ ਵਿਅਕਤੀ ਦੱਸਿਆ ਗਿਆ ਹੈ।[4]

ਦਰਅਸਲ ਅੰਗਰੇਜ਼ ਸਰਕਾਰ ਉਸ ਦੀ ਈਨ ਨਾਂ ਮੰਨਣ ਵਾਲੇ ਜਾਂ ਸਰਕਾਰੀ ਅਹਿਲਕਾਰਾਂ ਦਾ ਨਜਾਇਜ਼ ਦਬਾਉ ਨਾ ਮੰਨਣ ਵਾਲੇ ਵਿਅਕਤੀ ਨੂੰ ਝਗੜਾਲੂ ਜਾਂ ਮਾੜੇ ਕਿਰਦਾਰ ਵਾਲਾ, ਆਪਣੀਆਂ ਗੁਪਤ ਰਿਪੋਰਟਾਂ ਵਿਚ ਲਿਖਿਆ ਕਰਦੀ ਸੀ। ਫਿਰ ਕਾਹਨ ਸਿੰਘ ਬਾਰੇ ਤਾਂ ਉਪਰੋਕਤ ਦਸਤਾਵੇਜ਼ੀ ਸੂਚੀ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰਾ ਭੈਣੀ ਸਾਹਿਬ ਦੇ ਲੰਗਰ ਲਈ ਇਕ ਵੇਰ ਉਹ ਕੁਝ ਅਨਾਜ ਦੀ ਉਗਰਾਹੀ ਕਰ ਕੇ ਲਿਆਇਆ ਸੀ ਪਰ ਪੁਲੀਸ ਚੌਕੀ ਵਾਲੇ ਉਸਨੂੰ ਗੁਰਦੁਆਰੇ ਦੇ ਅੰਦਰ ਨਹੀਂ ਜਾਣ ਦਿੰਦੇ ਸਨ। ਇਸ ਤੇ ਉਸ ਸੂਰਮੇ ਸਿੰਘ ਨੇ ਮੌਕੇ ਤੇ ਮੌਜੂਦ ਪੁਲੀਸ ਵਾਲਿਆਂ ਨੂੰ ਪਾਸੇ ਧੱਕ ਕੇ, ਆਪਣਾ ਰਾਹ ਆਪ ਬਣਾ ਲਿਆ। ਇਸ ਤੇ ਧਾਰਾ ੩੫੩ ਆਈ.ਪੀ.ਸੀ. ਤਹਿਤ ਉਸ ਨੂੰ ਗਰਿਫਤਾਰ ਕਰਕੇ, ਲੁਧਿਆਣੇ ਭੇਜ ਦਿੱਤਾ ਜਿਸ ਤੇ ਉਹਨਾਂ ਨੂੰ ਕੁਝ ਮਹੀਨੇ ਕੈਦ ਕੱਟਣੀ ਪਈ।

ਕਾਹਨ ਸਿੰਘ ਹੋਰਾਂ ਦੇ ਪ੍ਰਭਾਵ ਕਾਰਨ ਬਾਜਾਖਾਨਾ ਵਿਚੋਂ ਵਰਿਆਮ ਸਿੰਘ ਗਿੱਲ ਅਤੇ ਤਿਰਲੋਕ ਸਿੰਘ ਅਨੋਖ ਸਿੰਘ ਸਿੱਧੂ ਬਰਾੜ ਭਰਾ ਆਦਿ ਸਿੰਘ ਵੀ ਕੂਕੇ ਬਣ ਗਏ ਸਨ ਅਤੇ ਆਸ ਪਾਸ ਦੇ ਪਿੰਡਾਂ ਵਿਚੋਂ ਵੀ ਕਾਫੀ ਲੋਕ, ਕੂਕਾ ਲਹਿਰ ਵਿਚ ਸਰਗਰਮ ਹੋ ਗਏ। ਅੰਮ੍ਰਿਤਸਰ ਬੁੱਚੜ ਬੱਧ, ਰਾਇਕੋਟ ਆਦਿ ਸਾਕਿਆਂ ਦੇ ਵਾਪਰਨ ਬਾਅਦ, ਅਗਲੇ ਸਮੇਂ ਵਿਚ ਹੋਣ ਵਾਲੀ ਰਾਜਸੀ ਉੱਥਲ ਪੁੱਥਲ ਤੋਂ ਸਤਿਗੁਰੂ ਰਾਮ ਸਿੰਘ ਜੀ ਭਲੀ ਭਾਂਤ ਪਰਿਚਿਤ ਸਨ। ਇਸ ਲਈ ਉਹ ਆਉਣ ਵਾਲੇ ਸੰਕਟ ਦੇ ਸਮੇਂ ਦਾ ਟਾਕਰਾ ਕਰਨ ਲਈ ਆਪਣੇ ਸਿੰਘਾਂ ਨੂੰ ਤਿਆਰ ਬਰ ਤਿਆਰ ਰੱਖਣਾ ਚਾਹੁੰਦੇ ਸਨ। ਸਰਕਾਰੀ ਦਸਤਾਵੇਜ਼ਾਂ ਵਿਚ ਦਰਜ਼ ਹੈ ਕਿ ਆਉਣ ਵਾਲੇ ਚੇਤ (ਮਾਰਚ-ਅਪਰੈਲ, ੧੮੭੨) ਵਿਚ ਕੂਕਾ-ਵਿਦਰੋਹ ਵਾਪਰਨ ਦੇ ਖਦਸ਼ੇ ਸਨ, ਜਿਸ

ਲਈ ਅੰਦਰ-ਖਾਤੇ ਤਿਆਰੀਆਂ ਚੱਲ ਰਹੀਆਂ ਸਨ। ਇਹ ਵੀ ਰਿਪੋਰਟਾਂ ਸਨ ਕਿ ਭੈਣੀ ਸਾਹਿਬ ਵਿਚ ਲੋਹਾ ਇਕੱਠਾ ਕੀਤਾ ਜਾ ਰਿਹਾ ਸੀ। ਸਤਿਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਨਕਦ ਨਾਵਾਂ ਹੱਥਾਂ ਹੇਠ ਰੱਖਣ ਤਾਂ ਕਿ ਕਿਸੇ ਸਮੇਂ ਵਰਤਿਆ ਜਾਏ ਅਤੇ ਨਵੀਆਂ ਉਸਾਰੀਆਂ ਨਾਂ ਕਰਨ ਲਈ ਕਿਹਾ। ਸ੍ਰ. ਮੰਗਲ ਸਿੰਘ ਰਾਈਸ ਬਿਸ਼ਨਪੁਰਾ (ਦੋਰਾਹੇ ਦੇ ਪਾਸ) ਇਸ ਸਮੇਂ, ਨਵੀਂ ਹਵੇਲੀ ਛੱਤਣ ਲਈ ਆਵਾ ਲਾਈ ਬੈਠੇ ਸਨ। ਸਤਿਗੁਰੂ ਜੀ ਦੇ ਰੋਕਣ ਤੇ ਉਹਨਾਂ ਆਵੇ ਦੀਆਂ ਇੱਟਾਂ, ਸ੍ਰੀ ਭੈਣੀ ਸਾਹਿਬ ਭੇਜ ਦਿੱਤੀਆਂ, ਜਿਹਨਾਂ ਨਾਲ ਗੁਰਦੁਆਰੇ ਦੀ ਡਿਉਢੀ ਪਾਸ ਵਾਲਾ ਖੂਹ ਲਾ ਦਿੱਤਾ ਗਿਆ। ਭਾਈ ਕਾਹਨ ਸਿੰਘ ਵੀ ਨਵੀਂ ਉਸਾਰੀ ਕਰਨੀ ਚਾਹੁੰਦੇ ਸਨ। ਸਤਿਗੁਰੂ ਜੀ ੧੮੭੦ ਈ. ਦੇ ਅਖੀਰ ਵਿਚ ਮਾਲਵੇ ਦੇ ਦੌਰੇ ਸਮੇਂ ਬਾਜੇ ਖਾਨੇ ਗਏ ਸਨ। "ਬਾਜੇ ਕਾਨ੍ਹ ਸਿੰਘ ਕੇ ਰਾਜ ਲਾਏ ਹੋਏ ਸੇ। ਦਰਵਾਜਾ ਬਣਦਾ ਸੀ। ਦੇਖਕੇ ਦੀਨਾ ਨਾਥ ਜੀ ਬਚਨ ਕੀਤਾ ਅਜੇ ਤਾਂ ਅਗਲੇ ਭੀ ਨਹੀ ਰਹਿਣੇ ਹੈਂ ਤੁਸੀਂ ਦਰਵਾਜਾ ਨਾ ਬਣਾਓ। ਬਚਨ ਮੰਨ ਕੇ ਉਸੀ ਵਕਤ ਰਾਜ ਹਟਾਏ ਦੀਏ। ਮਹਾਰਾਜ ਬੁੱਧ ਸਿੰਘ ਜੀ ਭੀ ਨਾਲ ਸੇ। ਗਰੀਬੀ ਬਾਣੇ ਮੈ ਰਹਿੰਦੇ ਸੇ। ਏਹੁ ਨ ਸੀ ਕਿਸੇ ਕੋ ਮਲੂਮ ਜੋ ਪਾਛੇ ਗੱਦੀ ਪਰ ਬੈਠਣਗੇ। ਅੰਤਰਯਾਮੀ ਜੀ ਗੁਪਤ ਰੱਖੇ ਹੋਏ ਹੈਂ ਲੁਕਾਇਕੇ। ਮਾਣ ਵਡਿਆਈ ਨ ਸੇ ਰੱਖਦੇ। ਨਿਰਮਾਣ ਹੀ ਰਹਿਣਾ। ਆਪਣਾ ਆਪ ਛੁਪਾਇਕੇ ਰੱਖਿਆ ਹੋਇਆ ਹੈ। ਪੈਦਲ ਹੀ ਤੁਰਨਾ। ਸੂਬੇ ਸਭ ਅਸਵਾਰ ਹੁੰਦੇ ਸੇ।"[5]

ਇਸ ਸਮੇਂ ਮਹਾਰਾਜ ਬੁੱਧ ਸਿੰਘ ਜੀ ਨਾਮਧਾਰੀ ਪੰਥ ਵਿਚ ਬਿਲਕੁਲ ਬੇਪਹਿਚਾਣ ਹੋ ਕੇ, ਸਾਧਾਰਨ ਸਿੱਖ ਜਿਉਂ ਵਿਚਰਦੇ ਸਨ। ਉਹਨਾਂ ਦਾ ਸਤਿਗੁਰੂ ਜੀ ਦੇ ਆਸਣ ਦੇ ਨੇੜੇ ਬੈਠਣਾ, ਉਪਰੋਕਤ ਦੌਰੇ ਸਮੇਂ, ਕਾਹਨ ਸਿੰਘ ਬਾਜਾਖਾਨਾ ਨੂੰ ਵੀ ਪਹਿਚਾਣ ਨਾਂ ਹੋਣ ਕਾਰਨ, ਅੱਖਰਿਆ ਸੀ ਜਿਸ ਤੇ ਉਹ ਮਹਾਰਾਜ ਜੀ ਵੱਲ ਸਲੋਤਰ ਉੱਗਰਨ ਦੀ ਗੁਸਤਾਖੀ ਵੀ ਕਰ ਬੈਠਾ ਸੀ ਕਿ ਕੋਈ ਦੂਜਾ ਵਿਅਕਤੀ, ਸਤਿਗੁਰੂ ਜੀ ਦੇ ਆਸਣ ਦਾ ਅਦਬ ਕਿਉਂ ਨਾਂ ਰੱਖੇ ? ਕਾਹਨ ਸਿੰਘ ਹੋਰਾਂ ਨੇ ਇਹ ਵਾਰਤਾ ਕਿਸੇ ਸਮੇਂ, ਸ੍ਰੀ ਭੈਣੀ ਸਾਹਿਬ ਵਿਖੇ ਆ ਕੇ, ਲਿਖਾਰੀ ਸੰਤੋਖ ਸਿੰਘ ਬਾਹੋਵਾਲ ਹੋਰਾਂ ਨੂੰ ਸੁਣਾਈ ਸੋ ਜੋ ਉਹਨਾਂ ਨੇ ਆਪਣੇ ਇਤਿਹਾਸਿਕ ਗਰੰਥ ਵਿਚ ਦਰਜ ਕਰ ਲਈ ਜਿਸ ਨਾਲ ਮਹਾਰਾਜ ਬੁੱਧ ਸਿੰਘ ਜੀ ਦੀ ਨਿਰਮਾਣਤਾ ਦੇ ਵੀ ਦਰਸ਼ਨ ਹੁੰਦੇ ਹਨ।

"ਕਾਹਨ ਸਿੰਘ ਰਾਮਦਾਸ ਪੁਰੇ ਸਾਹਿਬ ਆਇ ਲਿਖਾਰੀ ਨੂੰ ਕਹਿਣ ਲਗਾ ਕਿ ਛੱਬੀਏ ਕੇ ਮਾਘੀ (੧੯੨੬ ਬਿਕ੍ਰਮੀ ਮੁਤਾਬਿਕ ੧੮੭੦ ਈ.)

ਮੁਕਤਸਰ ਪਰ ਬਹੁਤ ਸੰਗਤ ਆਈ। ਸ੍ਰੀ ਸਤਿਗੁਰੂ ਜੀ ਭੀ ਗਏ, ਨਾਲ ਦੂਜੇ ਭਾਈ ਥੇ ਮਹਾਰਾਜ ਬੁੱਧ ਸਿੰਘ ਜੀ।ਬੈਲ ਕੇ ਕੋਲ ਖੜੇ ਸੇ। ਕਾਹਨ ਸਿੰਘ ਭੀ ਕੋਲ ਆਇ ਖੜਾ ਹੋਇਆ। ਬਚਨ ਹੋਇਆ ਕਿਤਨੇ ਕੂ ਮੁਲ ਦਾ ਬੈਲ ਹੈ। ਕਹਾ ਕਿ ੪੫ ਰੁਪਏ ਕਾ ਹੈ। ਬਚਨ ਹੋਇਆ ਠੀਕ ਏਤਨਾ ਈ ਹੈ। ਖਬਰ ਕੁਝ ਨਾ ਕਿ ਸਤਿਗੁਰੂ ਜੀ ਕੇ ਭਾਈ ਹੈਂ। ਦੀਵਾਨ ਮੈਂ ਜਾਂ ਗਿਆ ਤਾਂ ਦੇਖੇ ਸਤਿਗੁਰੂ ਜੀ ਦੇ ਨੇੜੇ ਬੈਠੇ ਹੈ। ਦੇਖ ਕੇ (ਕਾਹਨ ਸਿੰਘ) ਸਲੋਤਰ ਉਲਾਰ ਕੇ ਕਹਿਣ ਲਗਾ ਕੌਣ ਪੁਰਖ ਹੈ ਸਤਿਗੁਰੂ ਜੀ ਕੇ ਨੇੜੇ ਬਰਾਬਰੀ ਕਰਦਾ। ਅਗੋਂ ਸਿੰਘਾਂ ਨੇ ਕਹਿਆ ਤੂੰ ਨਹੀਂ ਜਾਣਦਾ ਹੈਂ ? ਕਹਾ ਕਿ ਮੈਂ ਨਹੀਂ ਜਾਣਦਾ ਹਾਂ। ਏਉ ਮਲੂਮ ਹੁੰਦਾ ਹੈ ਕਿ ਜੱਟ ਹੈ ਕੋਈ ਰਾਮਦਾਸ ਪੁਰੇ ਦਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਿਗਸ ਕੇ ਠੀਕ ਕੋਈ ਜੱਟ ਜੇਹਾ ਹੀ ਮਲੂਮ ਹੁੰਦਾ ਹੈ।'[6]

ਭਾਈ ਕਾਹਨ ਸਿੰਘ ਬਾਜਾਖਾਨਾ ਨਾਲ ਮਹਾਰਾਜ ਬੁੱਧ ਸਿੰਘ ਜੀ ਦੇ ਬੈਲ ਦੇ ਮੁੱਲ ਵਾਲੀ ਪੁੱਛ ਗਿੱਛ ਤੋਂ ਹੀ, ਉਸਨੇ ਅੰਦਾਜ਼ਾ ਲਾ ਲਿਆ ਸੀ ਕਿ ਸ੍ਰੀ ਭੈਣੀ ਸਾਹਿਬ ਦਾ ਕੋਈ ਜੱਟ ਜ਼ਿੰਮੀਦਾਰ, ਸਤਿਗੁਰੂ ਜੀ ਦੇ ਨਾਲ ਆਇਆ ਸੀ, ਇਸੇ ਲਈ ਉਸਨੂੰ ਉਸਦਾ ਸਤਿਗੁਰੂ ਜੀ ਦੇ ਨਜ਼ਦੀਕ ਬੈਠਣਾ ਕੁਝ ਅੱਖਰਿਆ ਵੀ ਸੀ। ਭਾਈ ਕਾਹਨ ਸਿੰਘ ਅਤੇ ਉਸ ਸਮੇਂ ਦੇ ਹੋਰ ਕੂਕਿਆਂ ਦੀ ਅਸਲੀ ਪ੍ਰੀਖਿਆ ਦਾ ਸਮਾਂ ਤਾਂ ਜਨਵਰੀ ੧੮੭੨ ਈ. ਵਿਚ ਮਲੇਰਕੋਟਲਾ ਦੇ ਸ਼ਹੀਦੀ ਸਾਕੇ, ਸਤਿਗੁਰੂ ਜੀ ਅਤੇ ਸੂਬਿਆਂ ਦੇ ਸਮੂਹਿਕ ਦੇਸ ਨਿਕਾਲੇ ਤੋਂ ਬਾਅਦ ਸ਼ੁਰੂ ਹੁੰਦਾ ਹੈ। ਇਸ ਸਮੇਂ ਅੰਗਰੇਜ਼ ਸਰਕਾਰ ਨੇ ਤਾਂ ਸਾਰੇ ਪੰਜਾਬ ਵਿਚ ਪੰਜ ਜਾਂ ਉਸ ਤੋਂ ਵੱਧ ਕੂਕਿਆਂ ਦੇ ਇਕੱਠ ਤੇ ਪਾਬੰਦੀ ਲਾ ਕੇ, ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਿਚ, ਸਮੁੱਚੇ ਕੂਕਾ ਫ੍ਰਿਰਕੇ ਦੇ ਲੋਕਾਂ ਨੂੰ ਗ਼ੈਰ ਕਾਨੂੰਨੀ ਫ਼ਿਰਕੇ ਦੇ ਲੋਕ ਘੋਸ਼ਿਤ ਕਰਕੇ, ਇਹਨਾਂ ਉਤੇ ਕਰੜੀ ਨਜ਼ਰ ਰੱਖਣ ਦਾ ਐਲਾਨ ਕਰ ਦਿੱਤਾ ਸੀ। ਪਰ ਰਿਆਸਤਾਂ ਦੇ ਰਾਜਿਆਂ, ਖ਼ਾਸ ਕਰਕੇ ਸਿੱਖ ਰਾਜਿਆਂ ਨੇ ਬਰਤਾਨਵੀ ਸਰਕਾਰ ਪ੍ਰਤੀ ਆਪਣੀ ਵਫਾਦਾਰੀ ਪਰਦਰਸ਼ਿਤ ਕਰਨ ਲਈ ਕੂਕਿਆਂ ਤੇ ਸਖਤੀਆਂ ਦੇ ਪਹਾੜ ਢਾਹੇ ਸਨ। ਇਸੇ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਹੁਕਮਨਾਮੇ ਵਿਚ ਲਿਖਿਆ ਸੀ–

"ਸਾਰੇ ਰਾਜੇ ਸਿੰਘ ਕੂਕਿਆਂ ਦਾ ਲਹੂ ਪੀਣ ਲਾਏ ਦਿਤੇ ਹੈਨ।"[7]

ਦਰਅਸਲ ਅੰਗਰੇਜ਼ ਸਰਕਾਰ ਦੀ ਸ਼ਹਿ ਤੇ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਅਤੇ ਹੋਰ ਸਿੱਖ ਇਤਿਹਾਸਿਕ ਗੁਰਦੁਆਰਿਆਂ ਦੇ ਸਰਕਾਰ ਪ੍ਰਸਤ ਪੁਜਾਰੀਆਂ ਨੇ ਕੂਕਿਆਂ ਦੇ ਵਿਰੁੱਧ ਉਹਨਾਂ ਦੇ ਸਿੱਖ ਨਾਂ ਹੋਣ ਦਾ ਝੂਠਾ

ਫ਼ਤਵਾ ਦੇ ਦਿਤਾ ਸੀ, ਜਿਸ ਤਰ੍ਹਾਂ ਕਾਮਾਗਾਟਾ ਮਾਰੂ ਜਹਾਜ਼ ਵਾਲੇ ਸਿੱਖਾਂ ਵਿਰੁੱਧ ੧੯੧੪ ਈ. ਵਿਚ ਵੀ ਇਹੋ ਜਿਹਾ ਫਤਵਾ ਦਿੱਤਾ ਗਿਆ ਸੀ। ਕੂਕਿਆਂ ਨੇ ਆਪਣਿਆਂ ਅਤੇ ਬੇਗਾਨਿਆਂ ਹੱਥੋਂ ਜੋ ਪਰਤਾੜਨਾ ਜਨਵਰੀ ੧੮੭੨ ਈ. ਤੋਂ ਬਾਅਦ ਝੱਲੀ, ਉਸਦਾ ਲੂ ਕੰਡੇ ਖੜ੍ਹੇ ਕਰਨ ਵਾਲਾ ਵਰਣਨ, ਸ੍ਰੀ ਸਤਿਗੁਰੂ ਜੀ ਦੇ ਉਪਰੋਕਤ ਹੁਕਮਨਾਮੇ ਵਿਚ ਮਿਲਦਾ ਹੈ।

"ਜਿਥੇ ਕੂਕੇ ਗੁਰੂ ਜੀ ਦਾ ਅਸਥਾਨ ਜਾਣ ਕੇ ਮੱਥਾ ਟੇਕਣ ਜਾਂਦੇ ਹੈਨ ਤਾ ਅਗਿਓ ਓਹ ਪੁਜਾਰੀ ਸਿੰਘ ਕੂਕਿਆਂ ਨੂ ਦੂਰੋ ਦੂਰੋ ਕਰਕੇ ਪੈਂਦੇ ਹੈਨ ਸਾਰੇ ਗੁਰਦੁਆਰੀ। ਜੇ ਓਨਾ ਨੂੰ ਕੂਕੇ ਪੁਛਦੇ ਹੈ ਭਾਈ ਜੀ ਕਿਉਂ ਨਹੀਂ ਮੱਥਾ ਟੇਕਣ ਦਿੰਦੇ ਤਾਂ ਓਹ ਅਗੇ ਤੇ ਆਧੇ ਨੇ ਤੁਸਾਂ ਦਾ ਗੁਰਦੁਆਰੇ ਨਾਲ ਕੀ ਵਾਸਤਾ ਹੈ ਮੁਸਲਿਆਂ ਦਾ ? ਫੇਰ ਕੂਕੇ ਆਧੇ ਹੈਨ ਤੁਸੀਂ ਸਾਨੂੰ ਮੁਸਲੇ ਕਿਸ ਤਰਾਂ ਆਧੇ ਹੋ ਤਾਂ ਓ ਆਧੇ ਹੈ ਸਾਨੂੰ ਅਕਾਲ ਬੁੰਗੇ ਤੋਂ ਲਿਖਾ ਆਇਆ ਹੈ ਨਾਲੇ ਮੁਕਤਸਰੋਂ ਲਿਖਾ ਆਇਆ ਹੈ ਬਡੇ ਬਡੇ ਮਹੰਤਾਂ ਦੀ ਸਹੀ ਨਾਲ। ਐਡੇ ਬਡੇ ਮਹੰਤਾਂ ਨੇ, ਅੰਮ੍ਰਿਤਸਰੀਆ ਅਕਾਲ ਬੁੰਗੇ ਵਾਲਿਆਂ ਨੇ ਝੂਠ ਨਹੀਂ ਬੋਲਾ, ਜਾਓ ਪਰੇ। ਦੂਰੋ ਦੂਰੋ ਕਰਕੇ ਤਾਹਿ ਦਿੰਦੇ ਹੈ। ਕੂਕੇ ਫੇਰ ਮੁੜ ਪੈਂਦੇ ਹੈਨ। ਆਂਧੇ ਹੈ ਅਛਾ ਗੁਰੂ ਤੇਰਾ ਭਾਣਾ।"[8]

ਸਾਡਾ ਸਮਕਾਲੀ ਇਤਿਹਾਸਕਾਰ ਵੀ ਰਿਆਸਤੀ ਰਾਜਿਆਂ ਦੁਆਰਾ, ਕੂਕਿਆਂ ਦੇ ਦਮਨ ਦਾ ਬਿਆਨ ਕਰਦਾ ਹੈ। "ਸਾਰਿਆਂ ਰਾਜਿਆਂ ਨੇ ਆਪੋ ਆਪਣੇ ਇਲਾਕਿਆਂ ਦੇ ਸਿੰਘ ਸੱਦ ਲਏ ਜੋ ਜੋ ਨਾਮਧਾਰੀ ਥੇ। ਸਾਰਿਆਂ ਨੂੰ ਕਹਿਆ ਤੁਸੀਂ ਕੂਕਪੁਣਾ ਛੱਡੋ। ਸਿੰਘਾਂ ਨੇ ਕਹਿਆ ਕੀ ਕੂਕਪੁਣਾ ਛਡੀਏ ? ਧਨੌਲੇ ਵਾਲੇ ਸੂਬੇ ਨੂੰ ਕਹਿਆ ਕਿ ਪਾਣੀ ਬੋਕੇ ਕਾ ਪੀਓ ਤੇ ਕਛਹਿਰੇ ਲਾਹ ਦੇਓ। ਤੁਸੀਂ ਕਿਸੇ ਕੇ ਨਾ ਜਾਓ ਨਾ ਕਿਸੇ ਨੂੰ ਬੜਨ ਦੇਓ। ਜੋ ਤੁਸੀਂ ਇਕੱਠੇ ਹੋਇਕੇ ਸ਼ਬਦ ਪੜਦੇ ਹੋ ਸੋ ਨਾ ਪੜੋ। ਜਿੱਥੇ ਜਾਮੋਂ ਇਤਲਾਹ ਦੇ ਕੇ ਜਾਓ। ਸਿੰਘਾਂ ਨੇ ਕਿਹਾ ਕਿ ਕਛਹਿਰੇ ਬੀ ਨਹੀਂ ਲਾਹ ਸਕਦੇ, ਬੋਕੇ ਕਾ ਪਾਣੀ ਬੀ ਨਹੀਂ ਪੀਂਦੇ। ਸਿੰਘਾਂ ਕੋ ਬੀ ਨਹੀਂ ਹਟਾਇ ਸਕਦੇ ਹੈ। ਰੁਖਸਦ ਦੇ ਕੇ ਤੋਰ ਦੀਆ, ਕਹਾ ਕੇ ਆਏ ਸਿੰਘਾਂ ਕੋ ਪ੍ਰਸਾਦਿ ਛਕਾਇਕੇ ਤੋਰ ਦੀਆ ਕਰੋ। ਸਿੰਘ ਆਪੋ ਆਪਨੇ ਘਰਾਂ ਨੂੰ ਚਲੇ ਗਏ।"[9]

ਇਸੇ ਤਰ੍ਹਾਂ ਫਰੀਦਕੋਟ ਦੇ ਰਾਜੇ ਵਜੀਰ ਸਿੰਘ ਨੇ ਵੀ ਆਪਣੀ ਰਿਆਸਤ ਦੇ ਪਰਮੁੱਖ ਕੂਕਿਆਂ ਨੂੰ ਸੱਦ ਭੇਜਿਆ ਸੀ ਜਿਹਨਾਂ ਦਾ ਮੁਖੀ ਭਾਈ ਕਾਹਨ ਸਿੰਘ ਬਾਜਾਖਾਨਾ ਸੀ। ਇੱਥੇ ਆਪ ਦੇ ਨਾਲ ਦੂਸਰੇ ਕੂਕੇ ਸਿੰਘ ਸਨ- ਭਾਈ ਕਾਹਨ ਸਿੰਘ ਵਾੜਾ ਦਰਾਕਾ, ਉਸਦਾ ਪੁੱਤਰ ਚੰਨਣ ਸਿੰਘ, ਸਿੰਘਣੀ

ਪਰੇਮ ਕੌਰ ਸਮੇਤ ਸੋਲਾਂ ਸਿੰਘ ਸਨ, ਸੱਤ ਸਿੰਘ ਬਾਜੇਖਾਨੇ ਤੋਂ ਸਨ। ਭਾਈ ਕਾਹਨ ਸਿੰਘ ਤੋਂ ਇਲਾਵਾ ਦੇਵਾ ਸਿੰਘ, ਇੰਦਰ ਸਿੰਘ, ਮਤਾਬ ਸਿੰਘ ਇਹ ਤਾਂ ਜਿਮੀਦਾਰ ਸਨ, ਭਾਈ ਭੋਲਾ ਸਿੰਘ ਸੁਨਿਆਰਾ ਸਿੱਖ ਸੀ ਬਾਜੇਖਾਨੇ ਦਾ ਹੀ। ਭਾਈ ਸਾਉਣ ਸਿੰਘ ਜੱਟ ਸਿੰਘ ਸੀ ਪਰ ਕੋਟਕਪੂਰੇ ਦੁਕਾਨ ਕਰਦਾ ਸੀ। ਇਸ ਤਰ੍ਹਾਂ ਇਹ ਸਾਰਾ ਜੱਥਾ ਪੰਜੀ ਸਿੰਘਾਂ ਦਾ ਸੀ ਜੋ ਫਰੀਦਕੋਟ ਦੇ ਰਾਜੇ ਵਜੀਰ ਸਿੰਘ ਨੇ ਜਨਵਰੀ ੧੮੭੨ ਵਿਚ ਜਿਹਲ ਵਿਚ ਡੱਕ ਦਿਤਾ ਅਤੇ ਉਹਨਾਂ ਤੇ ਕੂਕਪੁਣਾ ਛੱਡਣ ਲਈ ਦਬਾਅ ਪਾਉਣ ਲੱਗਾ। ਉਸ ਵੇਲੇ ਦੇ ਪਰਤੱਖ ਦਰਸ਼ੀ ਕਵੀ ਗਿਆਨੀ ਕਾਹਲਾ ਸਿੰਘ ਨੰਗਲ ਕਲਾਂ (ਲੁਧਿਆਣਾ) ਨੇ ਸਖਤੀਆਂ ਨਾ ਬਰਦਾਸ਼ਤ ਕਰਕੇ, ਕੂਕਾ ਪੰਥ ਤੋਂ ਮੂੰਹ ਫੇਰ ਲੈਣ ਵਾਲਿਆਂ ਦਾ ਵੀ ਆਪਣੀ ਰਚਨਾ ਵਿਚ ਜ਼ਿਕਰ ਕੀਤਾ ਹੈ-

"ਨੰਬਰਦਾਰਾਂ ਨੇ ਸਿੰਘਾਂ ਨੂੰ ਤੰਗ ਕੀਤਾ,
ਠਾਣੇ ਪਕੜਾਏ ਕਰਨ ਗੱਲਾਂ ਖੋਟੀਆਂ ਜੀ।
ਨਾਈ, ਝਿਊਰ, ਛੀਂਬੇ ਤੇ ਲੁਹਾਰ ਕੂਕੇ,
ਕੱਛਾਂ ਲਾਹ ਕੇ ਪੌਣ ਲੰਗੋਟੀਆਂ ਜੀ।
ਕਈਆਂ ਜੱਟਾਂ ਨੇ ਮੂੰਹ ਭਵਾ ਲਿਆ,
ਮੁੰਨੇ ਸਿਰ ਤੇ ਰੱਖੀਆਂ ਚੋਟੀਆਂ ਜੀ।
ਕਾਹਲਾ ਸਿੰਘ ਬੇਸਿਦਕ ਸੀ ਕਈ ਹੋਏ,
ਅੱਖਾਂ ਨਾਲ ਵੇਖੇ ਖਾਂਦੇ ਬੋਟੀਆਂ ਜੀ।"[10]

ਇਸ ਵੇਲੇ ਫਰੀਦਕੋਟ ਦਾ ਰਾਜਾ ਵਜੀਰ ਸਿੰਘ ਸੀ ਜੋ ੧੮੪੯ ਈ. ਤੋਂ ੧੮੭੪ ਈ. ਤੱਕ ਰਾਜਗੱਦੀ ਤੇ ਰਿਹਾ ਸੀ। ਗਿਆਨੀ ਕਾਹਲਾ ਸਿੰਘ ਉਸਦਾ ਨਾਮ ਹਮੀਰ ਸਿੰਘ ਲਿਖਦੇ ਹਨ।ਹੋ ਸਕਦਾ ਹੈ ਗਿਆਨੀ ਜੀ ਨੂੰ ਉਸ ਦੇ ਨਾਮ ਬਾਰੇ ਕਿਸੇ ਦੱਸਣ ਪੁੱਛਣ ਵਾਲੇ ਤੋਂ ਟਪਲਾ ਲੱਗ ਗਿਆ ਹੋਵੇ। ਉਂਜ ਵੀ ਸਾਡੇ ਪੰਜਾਬ ਦੇ ਪੇਂਡੂ ਹਲਕਿਆਂ ਵਿਚ ਕਿਸੇ ਵੀ ਨਾਮ ਨੂੰ ਆਪਣੀ ਸੁਵਿਧਾ ਅਨੁਸਾਰ ਉਚਾਰ ਲੈਣ ਦਾ ਰਵਾਜ ਰਿਹਾ ਹੈ। ਫਰੀਦਕੋਟ ਵਾਲੇ ਰਾਜੇ ਦਾ ਕੂਕਿਆਂ ਨਾਲ ਸਖਤੀ ਨਾਲ ਪੇਸ਼ ਆਉਣਾ ਅਤੇ ਕੂਕੇ ਸਿੰਘਾਂ ਦਾ ਆਪਣੇ ਅਕੀਦੇ ਉੱਤੇ, ਆਪਣੇ ਇਸ਼ਟ ਉੱਤੇ ਡਟੇ ਰਹਿਣਾ, ਇਸ ਦਾ ਪਤਾ ਗਿਆਨੀ ਜੀ ਦੀ ਇਸ ਵਡਮੁੱਲੀ ਰਚਨਾ ਤੋਂ ਲੱਗਦਾ ਹੈ ਜੋ ਉਹਨਾਂ ਦੇ ਦੇਹਾਂਤ ਤੋਂ ਕੋਈ ਚਾਰ ਦਹਾਕੇ ਬਾਅਦ ਉਹਨਾਂ ਦੇ ਪੋਤਰੇ ਨੇ ਛਪਵਾਈ ਸੀ ਅਤੇ ਪੁੱਤਰ ਭਾਈ ਬਿਸ਼ਨ ਸਿੰਘ ਹਿਸਟੋਰੀਅਨ ਨੇ ਉਹਨਾਂ ਦੇ ਕਾਗਜ਼ਾਂ ਪੁੱਤਰਾਂ ਦੇ ਅਨਮੋਲ ਖਜ਼ਾਨੇ ਵਿਚੋਂ ਇਸ ਕੰਮ ਲਈ

ਢੂੰਡ ਲਈ ਸੀ। "ਫਰੀਦਕੋਟ ਰਿਆਸਤ ਦੇ ਨਾਮਧਾਰੀਆਂ ਦੀ ਕਥਾ" ਅਨੁਵਾਦ ਹੇਠ, ਗਿਆਨੀ ਜੀ ਲਿਖਦੇ ਹਨ–

"ਹਮੀਰ ਸਿੰਘ ਰਾਜੇ ਫਰੀਦਕੋਟ ਦੇ ਨੇ,
ਓਹਨੇ ਕਰੇ ਕੂਕੇ ਗਿਰਫਤਾਰ ਸਾਰੇ।
ਬਾਲ ਬੱਚੇ ਤੇ ਔਰਤਾਂ ਸਿੰਘ ਪਕੜੇ,
ਜਿਹਲ ਅੰਦਰ ਸੀ ਕੀਤੇ ਪਰਵਾਰ ਸਾਰੇ।
ਦਿਨ ਤਿੰਨ ਨਾ ਖਾਣ ਨੂੰ ਅੰਨ ਦਿਤਾ,
ਬੱਚੇ ਦੁਖੀ ਰੋਂਦੇ, ਧਾਂਹਾਂ ਮਾਰ ਸਾਰੇ।
ਜਿਹਲ ਵਿਚ ਰਾਜਾ ਗਿਆ ਪਾਸ ਸਿੰਘਾਂ,
ਸੱਦ ਆਖਦਾ ਨਾਲ ਹੰਕਾਰ ਸਾਰੇ।
ਕਹਿੰਦਾ ਸਿੰਘਾਂ ਨੂੰ ਬੋਕੇ ਦਾ ਪੀਵੋ ਪਾਣੀ,
ਕੂਕ ਪੁਣਾ ਦੇਵੋ ਦੂਰ ਡਾਰ ਸਾਰੇ।
ਸਿਧਾ ਸਾਫਾ ਲਾਹੋ ਕੱਛ, ਉੱਨ ਮਾਲਾ,
ਛੱਡੋ ਕੂਕ ਮੰਤਰ ਨੂੰ ਵਿਸਾਰ ਸਾਰੇ।
ਮੰਨੋ ਸ਼ਰਤ ਮੇਰੀ ਮੇਰੇ ਰਾਜ ਅੰਦਰ,
ਕਰੋ ਕੰਮ ਤੇ ਆਪਣੀ ਕਾਰ ਸਾਰੇ।
ਕਾਹਲਾ ਸਿੰਘ ਇਹ ਆਖ ਕੇ ਜਿਹਲ ਅੰਦਰ,
ਅੱਗੋਂ ਦੁਖੀ ਕਰਦੇ ਅਹਿਲਕਾਰ ਸਾਰੇ।"[11]

ਰਾਜੇ ਵੱਲੋਂ ਵਾਰ ਵਾਰ ਕੂਕਾ ਰਹਿਤ ਮਰਿਆਦਾ ਤਿਆਗਣ ਲਈ, ਖੂਹ ਵਿਚੋਂ ਡੋਲ ਨਾਲ ਕੱਢਣ ਦੀ ਜਗ੍ਹਾ, ਚਮੜੇ ਦੇ ਬੋਕੇ ਨਾਲ ਉਸ ਵਿਚੋਂ ਕੱਢਿਆ ਪਾਣੀ, ਪੀਣ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣਾ ਇਸ਼ਟ ਨਾਂ ਮੰਨਣ ਲਈ ਕਿਹਾ ਜਾਂਦਾ। ਜਿਹਲ ਵਿਚ ਬੰਦ ਪੰਝੀ ਤਾਂ ਆਗੂ ਸਿੰਘ ਸਨ ਜਿਹਨਾਂ ਨੂੰ ਕਈ ਚਿਰ ਜਿਹਲ ਵਿਚ ਸ਼ਰਤਾਂ ਮਨਾਉਣ ਲਈ ਰੱਖਿਆ ਸੀ। ਬਾਲ ਬੱਚਾ ਤੇ ਔਰਤਾਂ ਅਤੇ ਸਧਾਰਨ ਸਿੱਖ, ਕੁਝ ਦਿਨਾਂ ਬਾਅਦ ਛੱਡ ਦਿੱਤੇ ਸਨ। ਕਿਉਂਕਿ ਜਿਹਲ ਵਿਚ ਉਹਨਾਂ ਦੀ ਮਰਿਆਦਾ ਵਾਲਾ ਪਾਣੀ ਨਹੀਂ ਸੀ ਇਸ ਲਈ ਤੀਸਰੇ ਦਿਨ ਨੰਗੀਆਂ ਤਲਵਾਰਾਂ ਦੇ ਪਹਿਰੇ ਹੇਠ, ਉਹਨਾਂ ਨੂੰ ਇਕ ਢਾਬ ਤੋਂ ਪਾਣੀ ਪੀਣ ਲਈ ਲਿਆਂਦਾ ਗਿਆ ਸੀ। ਭਾਈ ਕਾਹਨ ਸਿੰਘ ਬਾਜਾਖਾਨਾ ਨੂੰ ਜਦੋਂ ਰਾਜੇ ਨੇ ਦੁਬਾਰਾ ਗੈਰ ਨਾਮਧਾਰੀ

ਮਰਿਆਦਾ ਨਾਲ ਤਿਆਰ ਕੀਤਾ ਅੰਮ੍ਰਿਤ ਛਕਣ ਲਈ ਕਿਹਾ ਤਾਂ ਉਸ ਦਾ ਜੁਆਬ ਸੀ ਕਿ ਅੰਮ੍ਰਿਤ ਤਾਂ ਉਹ ਹੀ ਸੀ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਛਕਾਇਆ ਸੀ ਹੁਣ ਤੂੰ ਰਾਜ ਦੀ ਤਾਕਤ ਨਾਲ ਜੋ ਕਰਨ ਲੱਗਾ ਹੈਂ ਇਹ ਅੰਮ੍ਰਿਤ ਛਕਾਉਣ ਨਹੀਂ, ਮੂੜ ਦੇਣ ਵਾਲੀ ਗੱਲ ਹੈ। ਰਾਜੇ ਦੇ ਸਾਹਮਣੇ ਭਾਈ ਕਾਹਨ ਸਿੰਘ ਦੀ ਸਾਬਤ-ਕਦਮੀ ਦਾ ਜ਼ਿਕਰ, ਗਿਆਨੀ ਕਾਹਲਾ ਸਿੰਘ ਜੀ ਕਰਦੇ ਹਨ।

"ਬਾਜੇ ਪਿੰਡ ਦਾ ਸਿੰਘ ਦਲੇਰ ਹੈਸੀ,
ਕਾਹਨ ਸਿੰਘ ਜੀ ਕਹੇ ਪੁਕਾਰ ਬੁੱਚੜ !
ਕਰੇਂ ਨਿੰਦਿਆ ਤੂੰ ਸਤਿਗੁਰ ਰਾਮ ਸਿੰਘ ਦੀ,
ਧ੍ਰਿਗ ਜਨਮ ਤੇਰਾ ਵਾਰ ਵਾਰ ਬੁੱਚੜ !
ਪਕੜੇ ਬੇਗੁਨਾਹੇ ਤੂੰ ਸਿੰਘ ਦੁਸ਼ਟਾ,
ਕੜੀਆਂ ਬੇੜੀਆਂ ਦਿੱਤੀਆਂ ਮਾਰ ਬੁੱਚੜ !
ਖੁੱਲ੍ਹਾ ਹੁੰਦਾ ਪਤਾ ਮੈਂ ਸਾਰਾ ਦੱਸ ਦਿੰਦਾ,
ਮੂੰਹ ਵਿਚ ਪੌਂਦਾ ਮੈਂ ਛਾਰ ਬੁੱਚੜ !
ਕਾਹਨ ਸਿੰਘ ਦੇ ਸੁਣਕੇ ਸੁਖਨ ਮੂੰਹੋਂ,
ਰਾਜਾ ਉਠਿਆ ਨਾਲ ਹੰਕਾਰ ਬੁੱਚੜ !
ਇਕ ਸਾਲ ਦੀ ਕਾਹਨ ਸਿੰਘ ਕੈਦ ਕੀਤਾ,
ਪੈਰੀਂ ਬੇੜੀਆਂ ਪਾ ਮਕਾਰ ਬੁੱਚੜ !
ਸਿੰਘ ਛੱਡ ਦਿਤੇ ਸਾਰੇ ਗਏ ਘਰ ਨੂੰ,
ਨਜ਼ਰਬੰਦ ਕੀਤੇ ਜਥੇਦਾਰ ਬੁੱਚੜ !
ਕਾਹਲਾ ਸਿੰਘ ਮੁਚਲਕੇ ਲਏ ਸਭ ਦੇ,
ਫਰੀਦਕੋਟ ਫਰੰਗੀ ਦਾ ਯਾਰ ਬੁੱਚੜ !"[12]

ਜਥੇਦਾਰ ਕਾਹਨ ਸਿੰਘ ਹੋਰਾਂ ਤੋਂ ਬਿਨਾਂ ਬਾਕੀ ਸਭ ਸਿੰਘਾਂ ਨੂੰ ਜੇ ਛੱਡਿਆ ਵੀ ਤਾਂ ਨੇਕਚਲਨੀ ਦੀਆਂ ਜ਼ਮਾਨਤਾਂ ਲੈ ਕੇ ਕਿ ਉਹ ਕਿਸੇ ਕਿਸਮ ਦੀਆਂ ਸਰਕਾਰ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਨਹੀਂ ਹੋਣਗੇ। ਕੂਕਿਆਂ ਦੀ ਕਿਸੇ ਵੀ ਸਮਾਜਿਕ ਜਾਂ ਧਾਰਮਿਕ ਗਤੀਵਿਧੀ ਵਿਚ ਸ਼ਾਮਲ ਹੋਣਾ ਹੀ ਰਾਜ ਵਿਰੋਧੀ ਗਤੀਵਿਧੀ, ਸਮਝ ਲਿਆ ਜਾਂਦਾ ਸੀ।ਜੇ ਕੂਕੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਹਿਜ ਜਾਂ ਅਖੰਡ ਪਾਠਾਂ ਦੇ ਭੋਗ ਪੁਆਉਣ ਲਈ ਵੀ

ਜੁੜਦੇ ਸਨ ਤਾਂ ਕਿਹਾ ਜਾਂਦਾ ਸੀ ਕਿ ਕੂਕੇ ਇਸ ਸਮੇਂ ਕੀਤੀ ਜਾਣ ਵਾਲੀ ਅਰਦਾਸ ਵਿੱਚ ਜਦੋਂ "ਮਹਾਂ-ਮਲੇਛ ਦੇ ਨਾਸ" ਅਤੇ "ਆਪਣੇ ਸੰਤ ਖਾਲਸੇ ਦੇ ਪਰਕਾਸ਼' ਦੀ ਮੰਗ ਕਰਦੇ ਹਨ ਤਾਂ ਇਸ ਨਾਲ ਵੀ ਉਹ ਆਮ ਲੋਕਾਂ ਵਿੱਚ ਅੰਗਰੇਜ਼ ਰਾਜ ਵਿਰੋਧੀ ਜਜ਼ਬਾ ਉਭਾਰਦੇ ਹਨ, ਜਿਸ ਦੀ ਉਹਨਾਂ ਨੂੰ ਹਰਗਿਜ਼ ਇਜ਼ਾਜ਼ਤ ਨਹੀਂ ਦੇਣੀ ਚਾਹੀਦੀ।

ਰੰਗੂਨ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਪੰਜਾਬ ਵਿਚਲੇ ਕੂਕਾ ਅੰਦੋਲਨ ਉਪਰ ਵੀ ਆਪਣੇ ਪਾਸ ਆਉਣ ਜਾਣ ਵਾਲੇ ਕੂਕਿਆਂ ਰਾਹੀਂ, ਦੀਰਘ ਦ੍ਰਿਸ਼ਟੀ ਰੱਖ ਰਹੇ ਸਨ। ਇਹ ਜਾਣ ਕੇ ਕਿ ਬਿਪਤਾ ਦੇ ਸਮੇਂ ਕਾਹਨ ਸਿੰਘ ਬਾਜਾਖਾਨਾ ਅਤੇ ਹੋਰ ਅਨੇਕ ਸਿੰਘ ਫਰੰਗੀ ਸਰਕਾਰ ਅਤੇ ਦੇਸੀ ਰਿਆਸਤਾਂ ਦੇ ਜ਼ਬਰ ਦੀ ਕੁਠਾਲੀ ਵਿਚ ਪੈ ਕੇ, ਸਗੋਂ ਕੁੰਦਨ ਹੋ ਕੇ ਨਿਕਲੇ ਹਨ, ਆਪ ਐਸੇ ਸਿੰਘਾਂ ਨੂੰ ਆਪਣੇ ਕਿਰਪਾ ਪੱਤਰਾਂ ਵਿੱਚ ਉਹਨਾਂ ਦੇ ਨਾਮ ਲਿਖ ਕੇ ਨਿਵਾਜਣ ਦਾ ਕਾਰਜ ਕਰਿਆ ਕਰਦੇ ਸਨ। ਇਹਨਾਂ ਹੁਕਮਨਾਮਿਆਂ ਦੁਆਰਾ ਆਪ ਕੂਕਿਆਂ ਦੇ ਸੰਕਟ ਦਾ ਸਮਾਂ ਮੁੱਕਣ ਅਤੇ ਮਲੇਛਾਂ ਦੇ ਨਾਸ ਦਾ ਨੇੜੇ ਆਉਣ ਦਾ ਦਿਲਾਸਾ ਵੀ ਆਪਣੀ ਸੰਗਤ ਨੂੰ ਦਿਆ ਕਰਦੇ ਸਨ। ਹੁਕਮਨਾਮਾ ਨੰਬਰ ੫, ਮਾਲਵੇ ਦੇ ਮੁਖੀ ਕੂਕਿਆਂ ਨੂੰ ਸੰਬੋਧਿਤ ਹੈ, ਜਿਸ ਵਿੱਚ ਸਤਿਗੁਰੂ ਜੀ ਆਪਣੇ ਆਪ ਨੂੰ "ਗੰਗਾ ਵਾਲਾ ਮਸਤਾਨਾ" ਲਿਖਦੇ ਹਨ, ਕਿਉਂ ਜੁ ਮਾਰਚ ਅਪਰੈਲ ੧੮੬੧ ਈ. ਵਿੱਚ ਆਪ ਨੇ ਹਰਿਦੁਆਰ ਅਰਧ ਕੁੰਭੀ ਦੀ ਯਾਤਰਾ ਸਮੇਂ, ਅਨੇਕ ਕਉਤਕ ਮਸਤਾਨੀ ਬਿਰਤੀ ਵਿੱਚ ਕੀਤੇ ਸਨ। ਇਹ ਹੁਕਮਨਾਮਾ ਇਸ ਤਰ੍ਹਾਂ ਆਰੰਭ ਹੁੰਦਾ ਹੈ-

"੧ੳ ਸਤਿਗੁਰਿ ਪ੍ਰਸਾਦਿ।

ਲਿਖਤੋ ਗੰਗਾ ਵਾਲਾ ਮਸਤਾਨਾ ਸਿੰਘ, ਜੋਗ ਹਰੀ ਸਿੰਘ ਤੇ ਕੁਸਾਲ ਸਿੰਘ, ਸੁੰਦਰ ਸਿੰਘ ਕਲ੍ਹੇਰੀ, ਸੁੰਦਰ ਸਿੰਘ ਖੋਟੇ ਕੇ, ਭਾਈ ਹਰਨਾਮ ਸਿੰਘ ਸੁਚਾਲਾ, ਮਨੀ ਸਿੰਘ, ਮੰਗਲ ਸਿੰਘ ਸ੍ਰਦਾਰ, ਉਤਮ ਸਿੰਘ ਰਾਇਸਰੀਆ, ਗੁਰਬਖਸ਼ ਸਿੰਘ, ਕਾਨ੍ਹ ਸਿੰਘ ਬਾਜੇ ਕਾ, ਜੈਤਾ ਸਿੰਘ, ਲਾਲ ਸਿੰਘ ਗੁਮਟੀ ਕਾ, ਪੰਜਾਬ ਸਿੰਘ ਜੋਗੇ ਦਾ, ਜੀਉਣ ਸਿੰਘ ਹਰਿਨਾਮ ਸਿੰਘ ਮਿਹਰ ਸਿੰਘ ਉਭੇ ਦਾ, ਆਕਲੀਏ ਬਾਲੇ ਦੋਹਾਂ ਸਿੰਘਾਂ ਨੂ, ਸਰਬ ਪਿਥੋ ਕੇ ਸਿੰਘਾਂ ਨੂ, ਹੋਰ ਸਰਬ ਮੁਕਤਸਰੀਆ ਕੋ, ਨਾਉ ਗਾਉ ਲਿਖਣੇ ਤੇ ਕਾਗਤੁ ਬਧ ਜਾਂਦਾ ਹੈ, ਅਗੇ ਸਬੂਹ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਹਥ ਜੋੜ ਕੇ।

ਹੋਰੁ ਅਸੀ ਅਨੰਦ ਹਾ ਹਰਿ ਤਰਾ ਸੇ। ਇਕ ਸੰਗਤ ਦੇ ਬਛੋੜੇ ਦਾ ਬਡਾ

ਦੁਖ ਹੈ। ਸੋ ਏਹੁ ਦੁਖ ਗੁਰੂ ਸਾਹਿਬ ਦੇ ਮੇਟਣ ਦਾ ਹੈ, ਜਦ ਗੁਰੂ ਚਾਹੂ ਤੁਰਤ ਹੀ ਮੇਟ ਦੇਊਗਾ। ਹੋਰੁ ਸੰਗਤ ਸਾਰੀ ਦੀ ਖਬਰ ਸੁਣਕੇ ਬਡੇ ਅਨੰਦ ਹੋਇ, ਪਰ ਏਹੁ ਬਾਤ ਬੀ ਜਾਣੀ ਹੈ ਜੋ ਸੰਗਤ ਕੋ ਬੀ ਬਿਛੋੜੇ ਦਾ ਦੁਖ ਬਡਾ ਹੋਇ ਰਹਾ ਹੇ। ਸੋ ਖਾਲਸਾ ਜੀ ਤੁਸੀਂ ਸਭੇ ਗੁਰੂ ਸਾਹਿਬ ਦੇ ਬਚਨਾਂ ਉਪਰ ਪਰਤੀਤ ਰਖੋ, ਏਹ ਬੀ ਦੁਖ ਮੇਟ ਦੇਵੇਗਾ।"[13]

ਮਾਲਵਾ ਖਿੱਤੇ ਦੇ ਕੂਕਾ ਅੰਦੋਲਨ ਦੇ ਉੱਪਰ ਵਰਣਿਤ ਪਰਮੁੱਖ ਹਸਤਾਖਰਾਂ ਵਿੱਚ ਭਾਈ ਕਾਹਨ ਸਿੰਘ ਬਾਜਾਖਾਨਾ ਦਾ ਨਾਂ ਆਉਣਾ, ਉਹਨਾਂ ਦੀ ਇਸ ਅੰਦੋਲਨ ਵਿੱਚ ਨਿਬਾਹੀ ਭੂਮਿਕਾ ਨੂੰ ਸੁਨਿਸ਼ਚਿਤ ਕਰਦਾ ਹੈ।ਉਸਦੇ ਨਾਲ ਫਰੀਦਕੋਟ, ਫੜੇ ਜਾਣ ਵਾਲਿਆਂ ਵਿੱਚ ਸੁਜਾਨ ਸਿੰਘ ਸਿੱਧੂ, ਹੀਰਾ ਸਿੰਘ ਗਿੱਲ ਅਤੇ ਸਮੁੰਦ ਸਿੰਘ ਮਾਂਗਟ ਆਦਿ ਕੂਕੇ ਵੀ ਸਨ। ਭਾਈ ਕਾਹਲਾ ਸਿੰਘ ਦੀ ਲਿਖਤ ਮੁਤਾਬਿਕ, ਕਾਹਨ ਸਿੰਘ ਹੋਰਾਂ ਨੇ ਸੰਨ ੧੯੦੦ ਈ. ਵਿੱਚ ਉਸਨੂੰ ਇਕ ਸਾਲ ਕੈਦ ਤੇ ਪੰਜ ਸੌ ਰੁਪੈ ਜੁਰਮਾਨਾ ਹੋਣਾ ਦੱਸਿਆ ਸੀ। ਉਸ ਦੇ ਘਰ ਆਏ ਅਭਿਆਗਤਾਂ ਅਤੇ ਕੂਕਿਆਂ ਲਈ ਲੋਹ ਲੰਗਰ, ੧੯੩੫ ਬਿ. ਤੋਂ ੧੯੫੬ ਬਿ. ਤੱਕ (੧੮੭੮-੭੯ ਤੋਂ ੧੮੯੯-੧੯੦੦ ਈ. ਤੱਕ), ਸਮੇਤ ਮਹਾਂ ਕਾਲ ਦੇ ਸਮੇਂ ਵੀ ਚੱਲਦਾ ਰਿਹਾ ਸੀ। ੧੯੫੭ ਬਿ. ਦੇ ੧ ਸਾਵਣ, ਮੁਤਾਬਿਕ ਜੁਲਾਈ ੧੯੦੦ ਈ. ਨੂੰ ਆਪ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਮਾਲਾ ਫੇਰਦੇ ਹੀ ਜੀਵਨ-ਸਫ਼ਰ ਤੈਅ ਕਰ ਗਏ ਸਨ। ਆਪ ਨੇ ੮੦ ਸਾਲ ਉਮਰ ਭੋਗੀ ਸੀ।

੧੮੯੩ ਈ. ਦੀ ਮਾਘੀ ਦੇ ਨੇੜੇ ਮੁਕਤਸਰ ਸਾਹਿਬ ਵਿੱਚ, ਨਾਮਧਾਰੀ ਸੰਗਤ ਨੂੰ ਦਰਸ਼ਨ ਦੀਦਾਰੇ ਦੇਣ ਬਾਅਦ, ਗੁਰੂ ਸਿੰਘ ਜੀ ਨੇ ਮਾਲਵੇ ਦੇ ਦੌਰੇ ਸਮੇਂ, ਜੋ ਸੀਮਿਤ ਦਿਨਾਂ ਦੀ ਛੁੱਟੀ ਲੈ ਕੇ ਕੀਤਾ ਗਿਆ, ਬਾਜੇਖਾਨੇ ਵਿਖੇ ਵੀ ਸੰਗਤਾਂ ਨੂੰ ਨਿਹਾਲ ਕੀਤਾ ਸੀ।[14] ਬਾਬਾ ਕਾਹਨ ਸਿੰਘ ਹੋਰਾਂ ਦਾ ਵੀ ਗੁਰੂ ਹਰੀ ਸਿੰਘ ਜੀ ਤੇ ਪੂਰਨ ਨਿਸ਼ਚਾ ਸੀ ਅਤੇ ਅਕਸਰ ਉਹ ਸ੍ਰੀ ਭੈਣੀ ਸਾਹਿਬ ਉਹਨਾਂ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਵੀ ਬਾਜਾਖਾਨਾ ਵਿਚ ਨਾਮਧਾਰੀ ਸਿੰਘਾਂ ਦਾ ਕਾਫੀ ਬੋਲਬਾਲਾ ਸੀ। ਇੱਥੋਂ ਦੇ ਸ੍ਰ. ਸਰਵਣ ਸਿੰਘ ਸਿੱਧੂ ਬਰਾੜ ਦੀ ਵੱਡੀ ਸਪੁੱਤਰੀ, 'ਜਗਤ-ਮਾਤਾ' ਚੰਦ ਕੌਰ ਜੀ ਨੂੰ ੧੯੪੬ ਈ. ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਨੂੰਹ ਬਣਨ ਦਾ ਸੁਭਾਗ ਹਾਸਲ ਹੋਇਆ। ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਬਣ ਕੇ ਕੋਈ ਸੱਤਰ ਵਰ੍ਹੇ, ਨਾਮਧਾਰੀ ਸਾਧ ਸੰਗਤ ਅਤੇ ਹੋਰ ਦੀਨ ਦੁਖੀਆਂ ਦੀ ਬੇਮਿਸਾਲ ਸੇਵਾ ਕੀਤੀ ਅਤੇ ਅਖੀਰ ਸਤਿਗੁਰੂ ਉਦੈ ਸਿੰਘ ਜੀ ਅਤੇ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਲਈ, ਆਪਣਾ ਆਪ ਬਲੀਦਾਨ ਕਰ ਗਏ।

ਭਾਈ ਕਾਹਨ ਸਿੰਘ ਹੋਰਾਂ ਦਾ ਜੱਦੀ ਪਿੰਡ ਤਾਂ ਬਾਜਾਖਾਨਾ ਤੋਂ ਕੋਈ ਅੱਠ ਕੁ ਕਿਲੋਮੀਟਰ ਦੇ ਫਾਸਲੇ ਤੇ ਵੱਸਿਆ ਮਸ਼ਹੂਰ ਪਿੰਡ ਬਰਗਾੜੀ ਸੀ।ਉਹਨਾਂ ਦੇ ਬਰਗਾੜੀ ਤੋਂ ਚੱਲ ਕੇ ਬਾਜਾਖਾਨਾ ਆ ਕੇ ਵੱਸਣ ਦੀ ਕਥਾ ਵੀ ਬੜੀ ਵਚਿੱਤਰ ਹੈ। ਬਾਜਾਖਾਨਾ ਵਿਚ ਇਕ ਚਾਰ ਪੰਜ ਸੌ ਘੁਮਾਂ ਜ਼ਮੀਨ ਦਾ ਵੱਡਾ ਮਾਲਕ ਚੌਧਰੀ ਜਾਂ ਸਰਦਾਰ ਸੀ ਜਿਸਦੇ ਜ਼ਿੰਮੇ ਵੇਲੇ ਦੀ ਹਕੂਮਤ ਵੱਲੋਂ ਜ਼ਮੀਨ ਦਾ ਮਾਮਲਾ ਜਾਂ ਮਾਲੀਆ ਉਗਰਾਹੁਣ ਦੀ ਕਾਰਵਾਈ ਵੀ ਲਾਈ ਹੋਈ ਸੀ। ਇਸ ਕਰਕੇ ਉਹ ਉਸ ਵੇਲੇ ਦੇ ਲੰਬੜਦਾਰ ਵਜੋਂ ਪਿੰਡ ਦੇ ਲੋਕਾਂ ਅਤੇ ਸਰਕਾਰ ਦੇ ਦਰਮਿਆਨ ਇਕ ਕੜੀ ਵਜੋਂ ਕੰਮ ਕਰਦਾ ਸੀ। ਇਤਨੀ ਖੁੱਲ੍ਹੀ ਜ਼ਮੀਨ ਜਾਇਦਾਦ ਦਾ ਮਾਲਕ ਹੋਣ ਦੇ ਬਾਵਜੂਦ ਸੰਤਾਨ ਵਜੋਂ ਉਸ ਦੇ ਘਰ ਇੱਕੋ ਧੀ ਸੀ। ਲੜਕੀ ਵਰ ਪਰਾਪਤ ਉਮਰ ਦੀ ਹੋਈ। ਉਸ ਲੰਬੜਦਾਰ ਨੇ ਚਾਹਿਆ ਕਿ ਲੜਕੀ ਦੇ ਜੋਗ ਵਰ ਮਿਲ ਜਾਵੇ ਤੇ ਉਹ ਉਸ ਨੂੰ ਘਰ ਜੁਆਈ ਬਣਾਕੇ, ਆਪਣੀ ਸੰਪਤੀ ਦੀ ਰਖਵਾਲੀ ਵੀ ਕਰਵਾਏ ਅਤੇ ਦੋਹਾਂ ਜੀਆਂ ਦੀ ਬਿਰਧ ਅਵਸਥਾ ਦਾ ਬਾਨ੍ਹਣੂੰ ਵੀ ਬੰਨਿਆ ਜਾਏ। ਇਸ ਲਈ ਉਸਨੇ ਆਪਣੇ ਘਰ ਉਸ ਸਮੇਂ ਦੇ ਰਿਵਾਜ ਅਨੁਸਾਰ ਲਾਗੀ ਨੂੰ ਸੱਦਿਆ ਅਤੇ ਆਲੇ ਦੁਆਲੇ ਤੁਰ ਫਿਰ ਕੇ ਲੜਕੀ ਲਈ ਮੂੰਹ ਮੱਥੇ ਲੱਗਦਾ, ਸਾਊ, ਸੁਘੜ, ਖਾਨਦਾਨੀ, ਆਪਣੇ ਰੁਤਬੇ ਦੇ ਮੇਚ ਦਾ ਵਰ ਲੱਭਣ ਲਈ ਤੋਰਨਾਂ ਚਾਹਿਆ। ਦੇਵਨੇਤ ਇਹ ਹੋਇਆ ਕਿ ਜਦੋਂ ਉਹ ਚੌਧਰੀ ਤੇ ਉਸਦੇ ਘਰੋਂ ਮਾਈ, ਲਾਗੀ ਨੂੰ ਲੜਕੇ ਦੇ ਨਖਸ਼ਿਖ, ਰੰਗ ਰੂਪ ਕਿਹੋ ਜਿਹੇ ਹੋਣ ਬਾਰੇ ਹਦਾਇਤਾਂ ਦੇ ਰਹੇ ਸਨ ਤਾਂ ਉਦੋਂ ਹੀ ਚੌਧਰੀ ਦੇ ਬੂਹੇ ਅੱਗਿਉਂ ਲੰਘਦੇ ਸ਼ਰ੍ਹੇਆਮ ਰਸਤੇ ਤੇ ਭਾਈ ਕਾਹਨ ਸਿੰਘ ਜੋ ਵੀਹ ਇੱਕੀ ਸਾਲ ਦਾ ਭਰ ਜੁਆਨ ਸੀ ਆਪਣੇ ਘੋੜੇ ਤੇ ਚੜ੍ਹਿਆ ਲੰਘਿਆ, ਜੋ ਕਿਸੇ ਕਾਰਜ ਵੱਸ ਬਰਗਾੜੀ ਤੋਂ ਉਕੰਦ ਵਾਲੇ ਪਿੰਡ ਨੂੰ ਜਾ ਰਿਹਾ ਸੀ। ਅਚਾਨਕ ਲਾਗੀ ਦੀ ਨਜ਼ਰ ਇਸ ਨੌਜੁਆਨ ਤੇ ਪਈ ਜੋ ਉਸ ਦੀ ਪੜਤਾਲ ਦੇ ਘੇਰੇ ਵਿਚ ਆਉਂਦੇ ਨੌਜੁਆਨ ਜਿਹਾ ਹੀ ਸੀ ਤਾਂ ਲਾਗੀ ਤੁਰੰਤ ਉਸ ਵੱਲ ਇਸ਼ਾਰਾ ਕਰਕੇ ਬੋਲ ਉੱਠਿਆ– "ਲੰਬੜਦਾਰ ਜੀ ਉਸ ਮੁੰਡੇ ਵਰਗਾ।" ਹੁਣ ਵਾਰੀ ਲੰਬੜਦਾਰ ਦੀ ਸੀ। ਉਸਨੇ ਲਾਗੀ ਨੂੰ ਚੁੱਪ ਰਹਿਣ ਬਾਰੇ ਕਹਿਕੇ ਆਪਣੇ ਹੱਥ ਦਾ ਇਸ਼ਾਰਾ ਕਰਕੇ ਲੜਕੇ ਨੂੰ ਪਾਸ ਆਉਣ ਲਈ ਕਿਹਾ। ਲੜਕਾ ਘੋੜੇ ਤੋਂ ਉਤਰ ਕੇ ਉਹਨਾਂ ਨੂੰ ਫਤਹਿ ਬੁਲਾ ਕੇ, ਸਿਰ ਨਿਵਾ ਕੇ ਬੈਠ ਗਿਆ। ਲੰਬੜਦਾਰ ਜੀ ਨੇ ਉਸ ਤੋਂ ਘਰ ਪਰਵਾਰ ਬਾਰੇ ਪੁੱਛ ਕੇ ਵਿਆਹੇ ਜਾਂ ਕੁਆਰੇ ਹੋਣ ਬਾਰੇ ਵੀ ਪੁੱਛ ਲਿਆ ਤੇ ਜਦੋਂ ਲੜਕਾ ਕੁਆਰਾ ਹੀ ਨਿਕਲਿਆ ਤਾਂ ਉਹਨਾਂ ਉਸਨੂੰ ਕਿਹਾ ਕਿ ਤੇਰੇ ਪਰਵਾਰ ਨੂੰ ਮਿਲਾਂਗੇ, ਪਰ ਮੇਰੀ ਸੰਤਾਨ ਇੱਕੋ ਲੜਕੀ ਹੈ, ਸੋ ਕਾਕਾ ਤੈਨੂੰ

ਸਾਡੇ ਪਾਸ ਹੀ ਰਹਿਣਾ ਪਵੇਗਾ। ਕਾਹਨ ਸਿੰਘ ਜਲ ਪਾਣੀ ਛਕ ਕੇ ਆਪਣੇ ਰਾਹੇ ਪੈ ਗਿਆ। ਉਸ ਦੀ ਸੁਘੜ ਬੋਲਚਾਲ ਅਤੇ ਸਾਊ ਤੇ ਸਾਫ ਤੱਕਣੀ ਨੇ ਲੰਬੜਦਾਰ ਹੋਰਾਂ ਦਾ ਮਨ ਬਨਾਉਣ ਵਿਚ ਕੋਈ ਸਮਾਂ ਨਾਂ ਲਾਇਆ। ਇਉਂ ਝਬਦੇ ਹੀ ਵਿਆਹ ਹੋ ਗਿਆ ਅਤੇ ਸੰਨ ੧੯੪੦ ਈ. ਦੇ ਲਾਗੇ ਚਾਗੇ ਕਾਹਨ ਸਿੰਘ ਬਾਜੇਖਾਨੇ ਆ ਵੱਸਿਆ।ਉਸ ਦੇ ਮਿਲਾਪੜੇ ਅਤੇ ਉਦਾਰ ਸੁਭਾਉ ਨੇ ਛੇਤੀ ਹੀ ਉਸਨੂੰ ਪਿੰਡ ਵਿਚ ਮਕਬੂਲ ਕਰ ਦਿੱਤਾ। ਇਉਂ ਕਾਹਨ ਸਿੰਘ ਅਤੇ ਉਸਦਾ ਭਾਵੀ ਪਰਵਾਰ ਬਾਜਾਖਾਨਾ ਦੇ ਮੂਲ ਵਾਸੀਆਂ ਨਾਲ ਘਿਓ ਖਿਚੜੀ ਹੋ ਕੇ ਰਹਿਣ ਲੱਗ ਪਏ।(ਕਾਹਨ ਸਿੰਘ ਹੋਰਾਂ ਬਾਰੇ ਕੁਝ ਜਾਣਕਾਰੀ ਲਈ ਲੇਖਕ ਸ੍ਰ. ਗੁਰਚਰਨ ਸਿੰਘ ਬਾਜੇਵਾਲੇ ਹਾਲ ਦਮਦਮਾ ਦਾ ਵੀ ਮਸ਼ਕੂਰ ਹੈ।

ਸਮਾਂ ਪਾ ਕੇ ਕਾਹਨ ਸਿੰਘ ਦੇ ਘਰ ਇਸ ਬਾਜਾਖਾਨਾ ਵਾਲੀ ਬੀਬੀ ਤੋਂ ਚਾਰ ਪੁੱਤਰ ਹੋਏ ਜਿਹਨਾਂ ਦੇ ਨਾਮ ਕਰਮਵਾਰ, ਲਾਲ ਸਿੰਘ, ਬਹਾਲ ਸਿੰਘ, ਪਾਲਾ ਸਿੰਘ ਅਤੇ ਕਾਕੂ ਸਿੰਘ। ਪੁੰਨੂ ਸਿੰਘ ਪਾਲਾ ਸਿੰਘ ਦਾ ਪੁੱਤਰ ਸੀ। ਪੁੰਨੂ ਸਿੰਘ ਬਹੁਤ ਹੀ ਸਾਧੂ ਸੁਭਾਉ ਦੇ ਸਨ, ਸਾਰੀ ਉਮਰ ਸਿਮਰਨ ਕਰਦੇ ਰਹੇ ਅਤੇ ਗ੍ਰਹਿਸਤ ਦੇ ਝੰਜਟ ਵਿਚ ਨਹੀਂ ਪਏ। ਲਾਲ ਸਿੰਘ ਦਾ ਇੱਕੋ ਪੁੱਤਰ ਹਰਦਿਆਲ ਸਿੰਘ ਸੀ ਜਿਸਦਾ ਵੰਸ਼ ਸਭ ਤੋਂ ਜ਼ਿਆਦਾ ਫਲਿਆ। ਇਸ ਦੇ ਛੇ ਬੇਟੇ ਸਨ, ਝੱਗੜ ਸਿੰਘ, ਜੋਰਾ ਸਿੰਘ, ਬਚਿੱਤਰ ਸਿੰਘ, ਕਰਤਾਰ ਸਿੰਘ, ਮੁਖਤਿਆਰ ਸਿੰਘ ਅਤੇ ਬਲਦੇਵ ਸਿੰਘ। ਝੱਗੜ ਸਿੰਘ ਦੇ ਅਗੋਂ ਛੇ ਮੁੰਡੇ ਸਨ ਜਿਹਨਾਂ ਵਿੱਚੋਂ ਦੋ ਤਾਂ ਰਾਜਸਥਾਨ ਵਿਚ ਲੂਣਕਰਨਸਰ (ਬੀਕਾਨੇਰ) ਨੇੜੇ ਵੱਸਦੇ ਹਨ। ਜੋਰਾ ਸਿੰਘ, ਬਚਿੱਤਰ ਸਿੰਘ ਅਤੇ ਕਰਤਾਰ ਸਿੰਘ ਤਿੰਨੇ ਭਾਈ ਮਾਲਵੇ ਦੇ ਮਸ਼ਹੂਰ ਕਵੀਸ਼ਰ ਅਤੇ ਕੂਕਾ ਸੂਬਾ ਬਹਾਲ ਸਿੰਘ ਰੋਡਿਆਂ ਵਾਲੇ (ਮੋਗਾ) ਦੀਆਂ ਚਚੇਰੀਆਂ ਭੈਣਾਂ ਨਾਲ ਵਿਆਹੇ ਸਨ। ਇਹਨਾਂ ਬੀਬੀਆਂ ਦੀ ਹੀ ਚੌਥੀ ਭੈਣ ਬਸੰਤ ਕੌਰ ਬਾਜਾਖਾਨਾ ਦੇ ਹੀ ਦੇਵਾ ਸਿੰਘ ਗਿੱਲ ਹੋਰਾਂ ਨਾਲ ਵਿਆਹੀ ਸੀ। ਪਾਲਾ ਸਿੰਘ ਦਾ ਦੂਜਾ ਪੁੱਤਰ ਭਾਗ ਸਿੰਘ ਸੀ ਜਿਸਦੇ ਅੱਗੇ ਛੇ ਪੁੱਤਰ ਹੋਏ- ਜਰਨੈਲ ਸਿੰਘ, ਸਰਬਣ ਸਿੰਘ, ਗੁਰਦੇਵ ਸਿੰਘ (ਬਾਜਾਖਾਨਾ ਦੇ ਸਰਪੰਚ ਰਹੇ), ਬਲਦੇਵ ਸਿੰਘ, ਗੁਰਚਰਨ ਸਿੰਘ, ਗੁਰਜੰਟ ਸਿੰਘ। ਕਾਕੂ ਸਿੰਘ ਦਾ ਇੱਕੋ ਪੁੱਤਰ ਹਰੀ ਸਿੰਘ ਅਤੇ ਉਸਦੇ ਅੱਗੇ ਇੱਕੋ ਮੱਲ ਸਿੰਘ ਹੋਇਆ। ਮੱਲ ਸਿੰਘ ਦੇ ਦੋ ਪੁੱਤਰ ਹੋਏ ਗੁਰਮੇਲ ਸਿੰਘ ਅਤੇ ਹਰਮੇਲ ਸਿੰਘ ਅਤੇ ਦੋਵੇਂ ਲੰਬਾ ਸਮੇਂ ਬਾਜਾਖਾਨਾ ਦੇ ਸਰਪੰਚ ਰਹੇ। ਲਾਲ ਸਿੰਘ ਦੇ ਪੋਤਰੇ ਬਚਿੱਤਰ ਸਿੰਘ ਦੀ ਉਲਾਦ ਬਲਤੇਜ ਸਿੰਘ, ਜੀਤ ਸਿੰਘ ਹੋਰੀਂ ਭਾਈ ਕਾ ਕੇਰਾ (ਮੁਕਤਸਰ) ਵਿਖੇ ਵੱਸਦੇ ਹਨ। ਬਾਬਾ ਕਾਹਨ ਸਿੰਘ ਦੇ ਦੂਜੇ ਪੁੱਤਰ

ਬਹਾਲ ਸਿੰਘ ਦੇ ਤਿੰਨ ਲੜਕੇ ਸਨ, ਬਖਸ਼ੀ ਸਿੰਘ, ਕਰਨੈਲ ਸਿੰਘ ਅਤੇ ਜਰਨੈਲ ਸਿੰਘ ਬਖਸ਼ੀ ਸਿੰਘ ਦੇ ਚੰਦ ਸਿੰਘ ਅਤੇ ਗੁਰਦੇਵ ਸਿੰਘ ਦੋ ਪੁੱਤਰ ਹੋਏ। ਚੰਦ ਸਿੰਘ' ਦੇ ਅੱਗੋਂ ਕਰਮ ਸਿੰਘ ਅਤੇ ਗੁਰਤੇਜ ਸਿੰਘ ਹਨ। ਗੁਰਦੇਵ ਸਿੰਘ ਹੋਰਾਂ ਦੇ ਚਾਰ ਪੁੱਤਰ ਹਨ, ਜੀਤ ਸਿੰਘ, ਰਜਿੰਦਰ ਸਿੰਘ, ਇਕਬਾਲ ਸਿੰਘ ਅਤੇ ਮਨਜੀਤ ਸਿੰਘ। ਇਹ ਭਾਈ ਜੀਤ ਸਿੰਘ (੬੦ ਸਾਲ) ਹੋਰਾਂ ਨੇ ਹੀ ਮੈਨੂੰ ਫੋਨ ਤੇ ਬਾਬਾ ਕਾਹਨ ਸਿੰਘ ਜੀ ਦਾ ਬੰਸਾਵਲੀ ਨਾਮਾ ਲਿਖਾ ਕੇ ਧੰਨਵਾਦੀ ਬਣਾਇਆ ਹੈ। ਭਾਂਵੇ ਕੁਝ ਜਾਣਕਾਰੀ ਅਜੇ ਵੀ ਰਹਿ ਗਈ ਹੋਏ। ਕਰਨੈਲ ਸਿੰਘ ਪੋਤਰਾ ਭਾਈ ਕਾਹਨ ਸਿੰਘ ਦੇ ਤਿੰਨ ਪੁੱਤਰ ਹਨ, ਰੂਪ ਸਿੰਘ, ਛੋਟਾ ਸਿੰਘ ਅਤੇ ਗੁਰਮੇਲ ਸਿੰਘ। ਕਰਨੈਲ ਸਿੰਘ ਤੋਂ ਛੋਟੇ ਜਰਨੈਲ ਸਿੰਘ ਦਾ ਇੱਕੋ ਰਾਣਾ ਸਿੰਘ ਅਤੇ ਉਸਦੇ ਅੱਗੋਂ ਚਾਰ ਹਨ ਜਸਵਿੰਦਰ ਸਿੰਘ, ਰਾਜਵਿੰਦਰ ਸਿੰਘ, ਗੁਰਨਾਇਬ ਸਿੰਘ ਅਤੇ ਕੁਲਬੀਰ ਸਿੰਘ। ਇਹ ਕੁਲਬੀਰ ਸਿੰਘ ਵੀ ਬਾਜਾਖਾਨਾ ਦੇ ਸਰਪੰਚ ਰਹੇ ਹਨ।

ਬਾਬਾ ਕਾਹਨ ਸਿੰਘ ਦਾ ਸਹੁਰਾ ਲੰਬੜਦਾਰ ਸੀ ਬਾਜਾਖਾਨਾ ਪਿੰਡ ਦਾ।ਉਸ ਤੋਂ ਬਾਅਦ ਬਾਬਾ ਜੀ ਲੰਬੜਦਾਰ ਬਣੇ।ਉਹਨਾਂ ਤੋਂ ਬਾਅਦ ਪੋਤਰਾ ਹਰਦਿਆਲ ਸਿੰਘ ਲੰਬੜਦਾਰ ਰਿਹਾ। ਉਸ ਤੋਂ ਬਾਅਦ ਉਹਦੇ ਪੁੱਤਰ ਝੱਗੜ ਸਿੰਘ ਕੋਲ ਲੰਬੜਦਾਰੀ ਸੀ। ਅੱਜ ਕਲ੍ਹ ਝੱਗੜ ਸਿੰਘ ਦਾ ਪੁੱਤਰ ਮੋਹਨ ਸਿੰਘ ਲੰਬੜਦਾਰ ਹੈ। ਇਹ ਲੰਬੜਦਾਰੀਆਂ ਅਤੇ ਸਰਪੰਚੀਆਂ, ਬਾਬਾ ਕਾਹਨ ਸਿੰਘ ਪਰਵਾਰ ਦੇ ਰਸੂਖਵਾਨ ਹੋਣ ਦਾ ਦਮ ਭਰਦੀਆਂ ਹਨ। ਬਾਬਾ ਕਾਹਨ ਸਿੰਘ ਹੋਰਾਂ ਦੀ ਸਤਿਗੁਰੂ ਰਾਮ ਸਿੰਘ ਵਿਚ ਅਤੁੱਟ ਸ਼ਰਧਾ ਦੀਆਂ ਅਨੇਕ ਸਾਖੀਆਂ ਪ੍ਰਚਲਿਤ ਹਨ।ਇਕ ਸਾਖੀ ਇਸ ਪਰਕਾਰ ਹੈ ਕਿ ਇਕ ਵੇਰ ਮੁਕਤਸਰ ਦੀ ਮਾਘੀ ਸਮੇਂ ਉੱਥੇ ਫਰੀਦਕੋਟ ਦਾ ਰਾਜਾ ਵਜੀਰ ਸਿੰਘ ਵੀ ਆਇਆ ਸੀ। ਰਾਜੇ ਦੇ ਦਰਬਾਰ ਦੇ ਆਸ ਪਾਸ ਹੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਦੀਵਾਨ ਵਿਚ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਉਸ ਵੇਲੇ ਦੇ ਰਿਵਾਜ ਅਨੁਸਾਰ ਲੰਬੜਦਾਰ ਜਾਂ ਸਧਾਰਨ ਲੋਕ ਵੀ ਰਾਜਾ ਸਾਂਹਵੇਂ ਆਉਣ ਤੇ ਉਸਨੂੰ ਮੱਥਾ ਟੇਕਿਆ ਕਰਦੇ ਸਨ। ਬਾਬਾ ਕਾਹਨ ਸਿੰਘ ਨੇ ਰਾਜੇ ਨੂੰ ਇਕ ਰੁਪੈਆ ਮੱਥਾ ਟੇਕਿਆ ਅਤੇ ਉਸੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜ ਰੁਪੈ ਮੱਥਾ ਟੇਕਿਆ। ਰਾਜੇ ਨੇ ਹੈਰਾਨ ਹੋ ਕੇ ਕਿਹਾ- ਕਾਹਨ ਸਿੰਘ ਤੂੰ ਮੈਨੂੰ ਤਾਂ ਇਕ ਰੁਪੈਆ ਟੇਕਿਆ ਤਾਂ ਇਹਨਾਂ ਸਾਧੂਆਂ ਸੰਤਾਂ ਨੂੰ ਪੰਜ ਰੁਪੈ ਟੇਕ ਦਿਤੇ। ਤੈਨੂੰ ਮੇਰੀ ਸਰਕਾਰ ਦਾ ਭੈਅ ਨਹੀਂ ਆਇਆ ? ਕਾਹਨ ਸਿੰਘ ਦਾ ਜੁਆਬ ਸੀ, "ਤੂੰ ਹੈਂ ਝੂਠੀ ਸਰਕਾਰ ਦਾ ਰਾਜਾ, ਉਹ ਹਨ, ਦੀਨ ਦੁਨੀਆਂ ਦੇ ਵਾਲੀ, ਸਤਿਗੁਰੂ ਸੱਚੇ-

ਪਾਤਸ਼ਾਹ। ਤੇਰੀ ਝੂਠੀ ਸਰਕਾਰ ਦਾ ਉਸ ਸੱਚੀ ਸਰਕਾਰ ਨਾਲ ਕੀ ਮੁਕਾਬਲਾ ?" ਇਸੇ ਲਈ ਰਾਜੇ ਨੇ ਮੌਕਾ ਆਉਣ ਤੇ ਕਾਹਨ ਸਿੰਘ ਹੋਰਾਂ ਨੂੰ ਇਕ ਸਾਲ ਕੈਦ ਤੇ ਪੰਜ ਸੌ ਰੁਪੈ ਜੁਰਮਾਨਾ ਕਰਕੇ, ਪੁਰਾਣੀ ਕਿੜ ਕੱਢੀ ਸੀ।

ਸੰਨ ੧੯੬੨ ਈ. ਦੇ ਮਾਲਵੇ ਦੇ ਦੌਰੇ ਸਮੇਂ ਹੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਬਾਜਾਖਾਨਾ ਦਰਸ਼ਨ ਦਿਤੇ, ਕਾਹਨ ਸਿੰਘ ਕੂਕਾ ਬਣਿਆ ਸੀ। ਸਤਿਗੁਰੂ ਜੀ ਤਕਰੀਬਨ ਮਾਲਵੇ ਦੇ ਹਰ ਦੌਰੇ ਸਮੇਂ ਬਾਜਾਖਾਨਾ ਨੂੰ ਨਿਵਾਜਿਆ ਕਰਦੇ ਸਨ। ਮਾਲਵੇ ਦਾ ਪਿੰਡ ਜੋਗਾ ਵੀ ਕੂਕਾ ਪਰਚਾਰ ਦਾ ਉੱਘਾ ਕੇਂਦਰ ਸੀ। ਜੋਗੇ ਦੇ ਚਹਿਲਾਂ ਦੀ ਧੀ ਬੀਬੀ ਪ੍ਰੇਮ ਕੌਰ, ਬਾਜਾਖਾਨਾ ਦੇ ਤਿਰਲੋਕ ਸਿੰਘ ਸਿੱਧੂ ਬਰਾੜ ਨੂੰ ਵਿਆਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਬਾਜਾਖਾਨਾ, ਬਾਬਾ ਕਾਹਨ ਸਿੰਘ ਦੇ ਘਰ ਆਉਣ ਸਮੇਂ, ਮਾਈ ਪ੍ਰੇਮ ਕੌਰ ਵੀ ਨਾਮ ਦੇ ਰੰਗ ਵਿਚ ਰੰਗੀ ਗਈ। ਉਸ ਦੀ ਪਰੇਰਨਾ ਨਾਲ ਹੀ ਪਤੀ ਤਿਰਲੋਕ ਸਿੰਘ ਅਤੇ ਉਸਦਾ ਭਰਾ ਅਨੋਖ ਸਿੰਘ ਦੋਵੇਂ ਕੂਕੇ ਸਿੰਘ ਸਜ ਗਏ। ਤਿਰਲੋਕ ਸਿੰਘ ਦਾ ਪੁੱਤਰ ਗੁਰਦਿਆਲ ਸਿੰਘ ਵੀ ਬਾਜਾਖਾਨਾ ਦਾ ਪ੍ਰਸਿੱਧ ਕੂਕਾ ਸੀ ਜੋ ੧੯੪੭ ਦੀ ਦੇਸ਼ ਵੰਡ ਵੇਲੇ, ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਪਾਕਿਸਤਾਨ ਜਾ ਰਹੇ ਮੁਸਲਮਾਨਾਂ ਦੇ ਕਾਫਲੇ ਨੂੰ ਸੁਰੱਖਿਅਤ, ਆਪਣੇ ਪਿੰਡ ਦੀ ਜੂਹ ਵਿਚੋਂ ਲੰਘਾਉਣ ਗਿਆ, ਭੁਲੇਖੇ ਨਾਲ ਮਾਰਿਆ ਗਿਆ ਸੀ।ਉਹਨਾਂ ਦੇ ਤਿੰਨ ਪੁੱਤਰਾਂ ਸੰਤ ਸਿੰਘ, ਨਿਧਾਨ ਸਿੰਘ ਅਤੇ ਬਸੰਤ ਸਿੰਘ ਦੇ ਪਰਵਾਰ ਇਸ ਸਮੇਂ ਪਿੰਡ ਦਮਦਮਾ (ਸਿਰਸਾ) ਵਿਚ ਵੱਸਦੇ ਹਨ। ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਦੇ ਵੇਲੇ ਦੇ ਸਿੰਘ ਸਜੇ ਵਰਿਆਮ ਸਿੰਘ ਗਿੱਲ ਹੋਰਾਂ ਦੇ ਪੋਤਰਿਆਂ ਦੇਵਾ ਸਿੰਘ ਅਤੇ ਚੰਦ ਸਿੰਘ ਪੁੱਤਰਾਨ ਸੰਤ ਸਿੰਘ ਦੇ ਪਰਵਾਰ, ਦਮਦਮਾ, ਬਾਜਾਖਾਨਾ, ਬਠਿੰਡਾ ਵਿਖੇ ਵੱਸਦੇ ਹਨ। ਇਸੇ ਤਰ੍ਹਾਂ ੧੯੪੭ ਤੋਂ ਬਾਅਦ ਬਾਜਾਖਾਨਾ ਤੋਂ ਦਮਦਮਾ ਆ ਵੱਸੇ ਢਿੱਲੋਂ ਪਰਵਾਰ ਵਿਚ, ਲੇਖਕ ਦਾ ਮਰਹੂਮ ਮਿੱਤਰ ਕਾਮਰੇਡ ਬਲਦੇਵ ਸਿੰਘ ਢਿੱਲੋਂ ਅਤੇ ਦਾਰਾ ਸਿੰਘ ਢਿੱਲੋਂ ਸ਼ਾਮਿਲ ਹਨ। ਇਸ ਪਰਵਾਰ ਦਾ ਵਡੇਰਾ ਮਾਝੇ ਤੋਂ ਬਾਜਾਖਾਨਾ ਆਇਆ ਸੀ।

ਕਾਹਨ ਸਿੰਘ ਹੋਰਾਂ ਨੇ ਆਪਣੇ ਘਰ ਲੋਹ ਲੰਗਰ ਚਲਾਉਣ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਇਕ ਖਰਾਸ ਵੀ ਲਾਇਆ ਸੀ। ਇਸ ਖਰਾਸ ਦੇ ਪੁੜਾਂ ਦੀ ਢੰਗ ਨਾਲ ਸਾਂਭ ਸੰਭਾਲ ਨਾਂ ਹੋਣ ਕਾਰਨ, ਪਰਵਾਰ ਨੂੰ ਕੁਝ ਮੁਸ਼ਕਿਲਾਂ ਵੀ ਪੇਸ਼ ਆਈਆਂ। ਹੁਣ ਪਿਛਲੇ ੧੦-੧੫ ਸਾਲਾਂ ਤੋਂ ਉਹ ਇਤਿਹਾਸਕ ਪੁੜ, ਸ੍ਰੀ ਭੈਣੀ ਸਾਹਿਬ ਪੁਚਾ ਦਿਤੇ ਗਏ ਸਨ। ਪਰਵਾਰ ਦੇ ਕੁਝ ਮੈਂਬਰਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਇਕ ਵੇਰ ਤਿਆਗੀ

ਨਾਮਧਾਰੀ ਸਿੱਖੀ, ਮੁੜ ਗ੍ਰਹਿਣ ਕਰ ਲਈ। ਉਂਜ ਸਾਰਾ ਹੀ ਪਰਵਾਰ ਸ੍ਰੀ ਭੈਣੀ ਸਾਹਿਬ ਨਾਲ ਆਤਮਿਕ ਤੌਰ ਤੇ ਜੁੜਿਆ ਹੈ। ਸਤਿਗੁਰੂ ਪਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਹੋਰਾਂ ਦੇ ਅਨੇਕ ਦੌਰਿਆਂ ਬਾਅਦ ਵਰਤਮਾਨ ਸਤਿਗੁਰੂ ਉਦੈ ਸਿੰਘ ਵੀ ਇਸ ਨਗਰ ਦੀਆਂ ਸੰਗਤਾਂ ਨੂੰ ਦਰਸ਼ਨ ਦੀਦਾਰੇ ਦਿੰਦੇ ਰਹਿੰਦੇ ਹਨ। ਬਾਬਾ ਕਾਹਨ ਸਿੰਘ ਹੋਰਾਂ ਦਾ ਇਸ ਪਿੰਡ ਤੇ ਪ੍ਰਭਾਵ ਇਸ ਗੱਲੋਂ ਵੀ ਸਪਸ਼ਟ ਹੈ ਕਿ ਇਸ ਨਗਰ ਦੇ ਜ਼ਿਆਦਾਤਰ ਵਸਨੀਕ, ਸਾਬਤ ਸੂਰਤ ਰੂਪ ਵਿਚ ਵਿਚਰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦਾ ਤੀਜਾ ਹੋਲਾ ਮਹੱਲਾ ਮਾਰਚ ੧੯੬੨ ਈ. ਵਿਚ ਬਾਜਾਖਾਨਾ ਵਿਖੇ ਮਨਾਇਆ ਗਿਆ ਸੀ। ਵਿਸ਼ਵ ਪ੍ਰਸਿੱਧ ਕਬੱਡੀ ਖਿਡਾਰੀ, ਹਰਜੀਤ ਸਿੰਘ ਸਿੱਧੂ-ਬਰਾੜ ਵੀ ਬਾਜਾਖਾਨਾ ਦੀ ਮਾਨਾਂਪੱਤੀ ਵਿਚੋਂ ਹੀ ਸੀ।

ਬਾਬਾ ਕਾਹਨ ਸਿੰਘ ਸਤਿਗੁਰੂ ਰਾਮ ਸਿੰਘ ਦੇ ਪਿਆਰੇ, ਭੂਰਿਆਂ ਵਾਲਿਆਂ ਵਿਚੋਂ ਇੱਕ ਸਿੱਖ ਸਨ, ਜਿਹਨਾਂ ਦੀ ਘਾਲਣਾ ਅੱਗੇ ਸਮੂਹ ਪੰਜਾਬੀਆਂ ਦਾ ਸਿਰ ਉੱਚਾ ਹੁੰਦਾ ਹੈ। ਕੈਸੀ ਮਿੱਟੀ ਦੇ ਬਣੇ ਸਨ ਉਹ ਸੂਰਮੇ, ਜਿਹੜੇ ਝੁਕਣਾ ਨਹੀਂ ਟੁੱਟਣਾ ਪਸੰਦ ਕਰਦੇ ਸਨ।

ਬਾਬਾ ਕਾਹਨ ਸਿੰਘ ਹੋਰਾਂ ਦੀ ਦਲੇਰੀ, ਸੂਰਬੀਰਤਾ, ਉਦਾਰਤਾ, ਤਪ-ਤਿਆਗ ਅਤੇ ਜੂਝਣ ਕਾ ਚਾਉ ਸਦਕਾ, ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਪਿੰਡ ਬਾਜਾਖਾਨਾ, ਆਲੇ ਦੁਆਲੇ ਅਤੇ ਸਾਰੇ ਮਾਲਵੇ ਵਿਚ ਹੀ ਚੋਖਾ ਵਿਸਥਾਰ ਕਰ ਗਿਆ ਸੀ। ਸਤਿਗੁਰੂ ਜੀ ਦੇ ਪਿਆਰੇ ਇਹਨਾਂ ਭੂਰੀਆਂ ਵਾਲਿਆਂ ਸਿੱਖਾਂ ਨੇ, ਸਤਿਗੁਰੂ ਜੀ ਦੁਆਰਾ ਪ੍ਰਜਵਲਿਤ ਆਜ਼ਾਦੀ ਦੀ ਲਾਟ ਨੂੰ, ੧੯੪੭ ਤਕ ਮਘਦਾ ਰੱਖਿਆ। ਇਹ ਕੂਕਾ ਅੰਦੋਲਨ ਦੀਆਂ ਲੋਕ ਅਵਚੇਤਨ ਵਿਚ ਵੱਸੀਆਂ ਬੇਮਿਸਾਲ ਕੁਰਬਾਨੀਆਂ ਸਨ, ਜਿਹਨਾਂ ਕਾਰਨ ਮਾਲਵਾ ਹੁਣ ਤੱਕ ਲੋਕ ਲਹਿਰਾਂ ਦਾ ਪ੍ਰਮੁੱਖ ਖਿੱਤਾ ਬਣਿਆ ਰਿਹਾ ਹੈ।

## ਹਵਾਲੇ ਤੇ ਟਿੱਪਣੀਆਂ -


1. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ (ਸੰ. ਜਸਵਿੰਦਰ ਸਿੰਘ) ਭਾਗ ਪਹਿਲਾ, ਸਫਾ ੩੯੪
2. ਉਹੀ, ਸਫਾ ੨੦੯-੧੦
3. ਉਹੀ, ਸਫਾ ੩੫੨-੫੩
4. ਜਸਵਿੰਦਰ ਸਿੰਘ (ਸੰ.), ਪੰਜਾਬ ਵਿਚਲੇ ਮਹੱਤਵਪੂਰਨ ਕੂਕੇ-

੧੮੮੧, ਸਫ਼ਾ ੮੦-੮੧
5. (ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫ਼ਾ ੩੫੩
6. (ਬਾਹੋਵਾਲ, ਸਤਿਗੁਰੂ ਬਿਲਾਸ (ਭਾਗ ਦੂਜਾ) ਸੰ. ਜਸਵਿੰਦਰ ਸਿੰਘ, ਸਫ਼ਾ ੩੯੦-੯੧
7. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ), ਪਹਿਲੀ ਛਾਪ, ਹੁਕਮਨਾਮਾ ਨੰ: ੬੦, ਜੋ ਸਤਿਗੁਰੂ ਜੀ ਨੇ ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਦੇ ਹੱਥੀਂ ਅਕਾਲ ਬੁੰਗੇ ਦੀਆਂ ਅਤੇ ਹੋਰ ਸਮੂਹ ਪੁਜਾਰੀਆਂ ਨੂੰ ਉਹਨਾਂ ਦੇ ਅੰਨ੍ਹਾ ਕੂਕਾ ਵਿਰੋਧ ਤੋਂ ਸੁਚੇਤ ਕਰਨ ਲਈ ੧੮੮੦ ਈ. ਵਿਚ ਭੇਜਿਆ ਸੀ, ਸਫ਼ਾ 488
8. (ਉਪਰੋਕਤ, ਸਫ਼ਾ ੪੮੮-੯੦
9. ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ, ਸਫ਼ਾ ੩੧
10. ਗਿਆਨੀ ਕਾਹਲਾ ਸਿੰਘ ਨੰਗਲ, ਕੂਕੇ ਸਿੰਘ ਤੇ ਅੰਗ੍ਰੇਜ਼ ਰਾਜ, ੧੯੭੦, ਪਰਕਾਸ਼ਕ ਗਿਆਨੀ ਬੂਟਾ ਸਿੰਘ, ਦਮਦਮਾ, ਡਾ. ਧਰਮਪੁਰਾ ਜ਼ਿਲ੍ਹਾ ਹਿਸਾਰ (ਹੁਣ ਸਿਰਸਾ- ਹਰਿਆਣਾ), ਸਫ਼ਾ ੧੪-੧੫
11. ਉਹੀ, ਸਫ਼ਾ ੧੫-੧੬
12. ਹੁਕਮਨਾਮੇ, ਸਫ਼ਾ ੧੩੬-੩੮
13. ਗਿਆਨੀ ਕਾਹਲਾ ਸਿੰਘ, ਕੂਕੇ ਸਿੰਘ ਤੇ ਅੰਗ੍ਰੇਜ਼ ਰਾਜ, ਸਫ਼ਾ ੧੮-੧੯ ਦਾ ਫੁੱਟ ਨੋਟ
14. ਬਾਹੋਵਾਲ, ਭਾਗ ਦੂਜਾ, ਸਫ਼ਾ ੧੮੩

❀

# ਸ਼ੇਰ ਦੀ ਗਰਜ ਵਾਲੀ ਮਾਈ ਉੱਤਮੀ ਉਰਫ ਘੁੱਲੀ, ਚੱਕ ਦੇਸ ਰਾਜ

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸਾਜਣਾ ਕਰਨ ਤੋਂ ਬਾਅਦ 1863 ਈ. ਜੂਨ ਦੇ ਮਹੀਨੇ, ਸਿਆਹੜ ਪਿੰਡ ਵਿਚ ਮਾਈਆਂ ਬੀਬੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਰਹਿਤ ਮਰਿਆਦਾ ਦੀ ਧਾਰਨੀ ਬਣਾ ਦਿੱਤਾ ਸੀ। ਇਸ ਤੋਂ ਪਹਿਲਾਂ ਸਿੱਖ ਜਗਤ ਵਿਚ ਮਾਈਆਂ ਬੀਬੀਆਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਤੋਂ ਵਾਂਝਿਆਂ ਰੱਖਿਆ ਜਾਂਦਾ ਸੀ। ਸਤਿਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਆਪਣਾ ਪਰਸ਼ਾਦ ਪਾਣੀ ਰਹਿਤ ਮਰਿਆਦਾ ਵਿਚ ਰਹਿ ਕੇ ਬਨਾਉਣ, ਛੱਕਣ ਦਾ ਆਦੇਸ਼ ਦਿੱਤਾ। ਹੁਣ ਬੀਬੀਆਂ ਫਿਕਰਮੰਦ ਹੋਈਆਂ ਕਿ ਜੇ ਅਸੀਂ ਮਰਿਆਦਾ ਨਹੀਂ ਧਾਰਨ ਕਰਾਂਗੀਆਂ ਤਾਂ ਸਾਡੇ ਸਿੰਘ ਸਾਡੇ ਹੱਥੋਂ ਪਰਸ਼ਾਦ ਪਾਣੀ ਨਹੀਂ ਛਕਣਗੇ। ਉਹਨਾਂ ਨੇ ਸਿਆਹੜ ਪਿੰਡ ਵਿਖੇ ਸੂਬਿਆਂ ਦੁਆਰਾ ਸਤਿਗੁਰੂ ਜੀ ਨੂੰ ਬਿਨੈ ਪਹੁੰਚਾਈ ਕਿ ਸਾਨੂੰ ਵੀ ਪੰਥਕ ਮਰਿਆਦਾ ਦਾ ਹਿੱਸਾ ਬਣਾਉ। ਸਤਿਗੁਰੂ ਜੀ ਤਾਂ ਇਸੇ ਉਡੀਕ ਵਿਚ ਸਨ ਕਿ ਬੀਬੀਆਂ ਵੀ ਭਾਈਆਂ ਜਿਉਂ ਰਹਿਤ ਮਰਿਆਦਾ ਵਿਚ ਪਰਪੱਕ ਹੋਣ ਕਿਉਂਕਿ ਉਹ ਆਪਣੇ ਕੂਕਾ ਅੰਦੋਲਨ ਦੀ ਭਾਵੀ ਦਿਸ਼ਾ ਬਾਰੇ ਕਿਸੇ ਭੁਲੇਖੇ ਵਿਚ ਨਹੀਂ ਸਨ। ਉਹ ਜਾਣਦੇ ਸਨ ਕਿ ਸੱਤ ਸਮੁੰਦਰੋਂ ਪਾਰ ਆਏ ਲੁਟੇਰੇ ਗੋਰੇ ਹਾਕਮਾਂ ਨਾਲ ਸਾਡੀ ਟੱਕਰ ਨਿਸ਼ਚਿਤ ਹੈ ਅਤੇ ਇਸ ਯੁੱਧ ਦੀ ਸਫਲਤਾ, ਇਸ ਵਿਚ ਸਮਾਜ ਦੇ ਅੱਧ, ਨਾਰੀ ਜਗਤ ਦੀ ਸਰਗਰਮ ਹਿੱਸੇਦਾਰੀ ਨਾਲ ਜੁੜੀ ਹੋਈ ਹੈ। ਮੱਧਕਾਲ ਦਾ ਪੰਜਾਬੀ ਕਿੱਸਾ ਸਾਹਿਤ, ਹਿੰਦੀ ਦਾ ਭਗਤੀ ਕਾਵਿ ਇੱਥੋਂ ਤੱਕ ਕੇ ਨਾਥ ਬਾਣੀ ਵੀ ਇਸਤਰੀ ਨਿੰਦਾ ਨਾਲ ਭਰਪੂਰ ਹੈ। ਗੁਰੂ ਨਾਨਕ ਦੇਵ ਅਤੇ ਉਹਨਾਂ ਦੇ ਅਧਿਆਤਮਿਕ ਵਾਰਿਸ ਗੁਰੂ ਸਾਹਿਬਾਨ ਨੇ ਅਬਲਾ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਪੰਜਾਬ ਦਾ ਸਿੱਖ ਸਮਾਜ ਕੁੜੀ-ਮਾਰਾਂ ਦਾ ਭਾਈਚਾਰਾ ਬਣ ਚੁੱਕਾ ਸੀ। ਸਤਿਗੁਰ ਜੀ ਨੇ ਲੜਕੀ ਮਾਰਨ, ਵੇਚਣ, ਵੱਟਾ ਕਰਨ, ਬਾਲ ਅਤੇ ਅਨਜੋੜ ਵਿਆਹਾਂ ਤੇ ਪਾਬੰਦੀ ਲਾਈ। ਵਿਧਵਾ ਵਿਆਹ ਦੀ ਖੁੱਲ੍ਹ ਦਿੱਤੀ। ਦਾਜ ਦਹੇਜ ਰਹਿਤ, ਅੰਤਰਜਾਤੀ ਖੁੱਲ੍ਹੇ ਮੂੰਹ, ਘੁੰਡ ਪਰਦੇ ਤੋਂ ਬਿਨਾਂ 3 ਜੂਨ 1863 ਨੂੰ ਛੇ ਜੋੜਿਆਂ ਦੇ ਖੋਟੇ ਪਿੰਡ ਵਿਚ ਅਨੰਦ ਕਾਰਜ ਕਰਕੇ, ਪਾਂਧੇ ਪੱਤਰੀ ਤੋਂ ਖਹਿੜਾ ਛੁਡਾਇਆ। ਸਾਦੇ ਵਿਆਹ ਕਾਰਨ ਲੜਕੀਆਂ ਭਾਰ ਨਾਂ

ਸਮਝੀਆਂ ਜਾਣ ਲੱਗੀਆਂ। ਇਸ ਨਾਲ ਸਦੀਆਂ ਤੋਂ ਲਿਤਾੜੀ ਔਰਤ ਜਾਤ ਨੂੰ ਮਰਦ ਭਾਈਚਾਰੇ ਦੇ ਹਰ ਤਰ੍ਹਾਂ ਨਾਲ ਬਰਾਬਰ ਖੜ੍ਹਾ ਕਰਕੇ, ਆਦਰ ਯੋਗ ਸਥਾਨ ਦਿੱਤਾ।

ਇਸੇ ਸਮੇਂ ਔਰਤਾਂ ਨੂੰ ਵਹਿਮਾਂ ਭਰਮਾਂ ਦੇ ਪੁਰਾਣੇ ਜਾਲ ਵਿਚੋਂ ਕੱਢਣ ਲਈ, ਇਕ ਸੁਤੰਤਰ ਹਸਤੀ ਜਿਉਂ ਵਿਚਰਨ ਦਾ ਚੜ੍ਹਦੀਕਲਾ ਵਾਲਾ ਪਾਠ ਪੜ੍ਹਾਉਣ ਲਈ, ਸਤਿਗੁਰੂ ਜੀ ਦੀ ਸਿੱਖਿਆ ਦਾ ਸਾਰ, ਇਹਨਾਂ ਕਵਿਤਾ-ਬੋਲਾਂ ਵਿਚ ਅੰਕਿਤ ਹੈ-

"ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ,
ਬੁੱਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ ਦਾਨ ਇਸ਼ਨਾਨ ਸਣਕੇਸ ਕਰਨਾ,
ਖੋਹਲ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਥੰਮਣੀ ਸਿੱਟ ਪਰਾਂਦਿਆਂ ਨੂੰ,
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਜੋ,
ਤੀਲੀ ਲੌਂਗ ਨੂੰ ਦਈਂ ਉਤਾਰ ਬੀਬੀ।
ਛੱਲੇ ਪਹੁੰਚੀਆਂ ਹੱਥ ਨਾਂ ਭੁੱਲ ਪਾਈਂ,
ਸੋਧ ਨਾਲ ਹੈ ਇਹਨਾਂ ਦੀ ਖਾਰ ਬੀਬੀ।
ਸੋਨਾ ਕੂੜ ਰੂਪਾ ਗੁਰਾਂ ਹੁਕਮ ਦਿੱਤਾ,
ਕੂੜ ਸਮਝ ਲੈਣਾ ਪਹਿਨਣ ਹਾਰ ਬੀਬੀ।
ਬਰਦੀ ਸੇਤ ਸੁੱਥਣ ਕੁੜਤੀ ਪਹਿਰ ਲੈਣੀ,
ਨੀਲਾ ਰੰਗ ਦੇਣਾ ਦੂਰ ਡਾਰ ਬੀਬੀ।
ਸੂਹਾ ਰੰਗ ਕਾਲਾ ਹਰਾ ਹੋਰ ਜਿੰਨਾ,
ਦੇਵੀਂ ਸਰਬ ਨੂੰ ਦੂਰ ਵਿਸਾਰ ਬੀਬੀ।
ਦੇਸੀ ਕਾਟ ਸਿੱਧੀ ਸਾਦੀ ਪਹਿਰ ਬਸਤਰ,
ਬਾਣਾ ਗੁਰਮੁਖੀ ਜੋ ਚੂੜੀਦਾਰ ਬੀਬੀ।
ਰੋਣਾਂ ਪਿੱਟਣਾ ਸਿਆਪਾ ਨਾ ਕਰੀਂ ਜਾਕੇ,
ਚੜ੍ਹੇ ਸਾਕ ਸਰਬੰਧ ਵੀਚਾਰ ਬੀਬੀ।

ਜੇ ਕੁਝ ਸਰੇ ਨਮਿਤ ਦਾ ਦਾਨ ਕਰਨਾ,
ਸੇਵਾ ਪੰਥ ਕਰਨੀ ਨਿਰਾਧਾਰ ਬੀਬੀ।
ਮਾਈ ਤਰ੍ਹਾਂ ਲੋਈ ਮੇਰੀ ਸਿੱਖਣੀ ਸੋ,
ਸੇਵਾ ਪੰਥ ਦੀ ਕਰੇ ਹੋ ਤਿਆਰ ਬੀਬੀ।
ਸਿੰਘ ਭਗਤ ਪਹਿਲਾਦ ਦੇ ਵਾਂਗ ਹੋਵੇ,
ਦੇਵੇ ਸ਼ਬਦ ਨੂੰ ਸੀਸ ਜੋ ਵਾਰ ਬੀਬੀ।
ਸੱਚ ਖੰਡ ਦੇ ਵਿਚ ਨਮਾਸ ਦੇਵਾਂ,
ਕਰੇ ਵਾਹਿਗੁਰੂ ਨਾਲ ਜੋ ਪਿਆਰ ਬੀਬੀ।
ਸੰਗਤ ਮੇਰੀ ਨੂੰ ਦੇਵਤੇ ਸਰਬ ਪੂਜਣ,
ਮੇਰਾ ਹੁਕਮ ਏਹੋ ਵਾਰ-ਵਾਰ ਬੀਬੀ।
ਏਹੋ ਹੁਕਮ ਦਿੱਤਾ ਗੁਰਾਂ ਪੂਰਿਆਂ ਨੇ,
ਹੁਕਮ ਨਾਮਿਆਂ ਵਿਚ ਉਚਾਰ ਬੀਬੀ।
ਕਾਲਾ ਸਿੰਘ ਮੈਂ ਦੇਖਿਆ ਹੁਕਮਨਾਮਾ,
ਤਾਂ ਹੀ ਲਿਖਿਆ ਕਲਮ ਪਸਾਰ ਬੀਬੀ॥੨੩॥[1]

ਇਸ ਉਪਦੇਸ਼ ਵਿਚ ਉਸ ਰਹਿਤ ਮਰਿਆਦਾ ਦਾ ਜ਼ਿਕਰ ਸੀ ਜਿਸਦੇ ਧਾਰਨ ਕਰਨ ਦੀ ਸਤਿਗੁਰੂ ਜੀ ਨਾਮਧਾਰੀ ਬੀਬੀਆਂ ਪਾਸੋਂ ਤਵੱਕੋ ਕਰਦੇ ਸਨ। ਇਸ ਨਵੇਂ ਤਰਜ਼ ਦੀ ਸੁਤੰਤਰ ਜੀਵਨ ਤਿਆਰ ਬਰ ਤਿਆਰ ਹੋ ਕੇ ਜਿਊਣ ਦੀ, ਦੇਸ਼ ਕੌਮ ਦੇ ਲੇਖੇ ਸਰੀਰ ਲਾਉਣ ਵਾਲੀ ਸਿੱਖਿਆ ਦਾ, ਪੰਜਾਬ ਭਰ ਦੀਆਂ ਸਿੱਖ ਮਾਈਆਂ ਬੀਬੀਆਂ ਅਤੇ ਹੋਰਨਾਂ ਵਿਚ ਵੀ ਉਤਸ਼ਾਹ ਜਨਕ ਹੁੰਗਾਰਾ ਮਿਲਿਆ। ਇਸ ਰਹਿਤ ਬਹਿਤ ਦੀਆਂ ਅਨੁਸਾਰੀ ਬਹੁਤ ਸਾਰੀਆਂ ਭੈਣਾਂ ਨੇ ਸਤਿਗੁਰੂ ਜੀ ਦੇ ਮਿਸ਼ਨ ਨਾਲ ਉਮਰ ਭਰ ਦੇ ਪੈਂਡਿਆਂ ਦੀਆਂ ਪੀਡੀਆ ਗੰਢਾਂ ਸਿਰਜ ਲਈਆਂ। ਬਹੁਤ ਸਾਰੀਆਂ ਬੀਬੀਆਂ ਸਤਿਗੁਰੂ ਜੀ ਦੇ ਨੂਰਾਨੀ ਦਰਸ਼ਨਾਂ ਅਤੇ ਬਚਨ ਬਿਲਾਸ ਦੀ ਅੰਮ੍ਰਿਤ ਵਰਖਾ ਤੋਂ ਇਤਨੀਆਂ ਪ੍ਰਭਾਵਿਤ ਹੋਈਆਂ ਕਿ ਉਹ ਜਦੋਂ ਗ੍ਰਹਿਸਤ ਦੇ ਝਮੇਲੇ ਤੋਂ ਸੁਤੰਤਰ ਹੋ ਗਈਆਂ ਤਾਂ ਉਹਨਾਂ ਆਪਣਾ ਟਿਕਾਣਾ ਹੀ ਸ੍ਰੀ ਭੈਣੀ ਸਾਹਿਬ ਵਿਚ ਕਰ ਲਿਆ ਅਤੇ ਫਿਰ ਸਾਰੀ ਉਮਰ, ਸਤਿਗੁਰੂ ਜੀ ਦੇ ਪ੍ਰਦੇਸ਼ ਗਮਨ ਬਾਅਦ ਵੀ ਕੂਕਾ-ਕੇਂਦਰ ਵਿਖੇ ਹੀ ਬਤੀਤ ਕੀਤੀ। ਅਜੇਹੀ ਇਕ ਖੜਕੇ ਦੜਕੇ ਵਾਲੀ ਕੂਕਾ ਵੀਰਾਂਗਣਾ ਸੀ ਮਾਈ ਉੱਤਮੀ ਉਰਫ ਮਾਈ ਘੁੱਲੀ, ਚੱਕ ਦੇਸ ਰਾਜ ਜ਼ਿਲ੍ਹਾ ਜਲੰਧਰ ਦੀ ਜੰਮ ਪਲ।

ਹੋਰ ਉੱਘੀਆਂ ਨਾਮਧਾਰੀ ਮਾਈਆਂ ਜਿਉਂ ਮਾਈ ਉੱਤਮੀ ਦੇ ਸੰਖੇਪ ਰੂਪ ਵਿਚ ਮਿਲਦੇ ਜੀਵਨ ਸਮਾਚਾਰਾਂ ਲਈ ਅਸੀਂ ਗਿਆਨੀ ਕਾਲਾ ਸਿੰਘ ਨੰਗਲ ਵਾਲਿਆਂ ਦੇ ਸਪੁੱਤਰ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਹੋਰਾਂ ਦੀ ਲਿਖਤ ਤੇ ਹੀ ਨਿਰਭਰ ਕਰਾਂਗੇ ਜਿਸ ਲਈ ਅਸੀਂ ਆਪ ਜੀ ਦੇ ਬਹੁਤ ਬਹੁਤ ਅਭਾਰੀ ਹਾਂ। ਆਪਣੇ ਉੱਚੇ ਨਾਮ ਵਾਲੇ ਪਿਤਾ ਗਿਆਨੀ ਜੀ ਜਿਉਂ ਹੀ ਸੰਤ ਬਿਸ਼ਨ ਸਿੰਘ ਜੀ ਨੇ ਸਾਰਾ ਜੀਵਨ ਮੁਫਲਿਸੀ ਵਿਚ ਕੱਟਕੇ ਵੀ ਕੂਕਾ ਅੰਦੋਲਨ ਦੀ ਆਜ਼ਾਦੀ ਸੰਗਰਾਮ ਵਾਲੀ ਤਵਾਰੀਖ ਲਈ, ਬਹੁਤ ਸਾਰੀ ਅਧਾਰ ਭੂਤ ਸਮੱਗਰੀ ਆਪਣੇ ਦੁਆਰਾ ਸੰਗਤ ਦੇ ਸਹਿਯੋਗ ਨਾਲ ਛਾਪੀਆਂ ਅਨੇਕ ਪੁਸਤਿਕਾਵਾਂ ਵਿਚ ਦਰਜ਼ ਕਰ ਗਏ ਹਨ।

ਬੀਬੀ ਉੱਤਮੀ ਦਾ ਜਨਮ 1840 ਈ. ਦੇ ਨੇੜੇ ਤੇੜੇ ਸ੍ਰ. ਦੇਵਾ ਸਿੰਘ ਜ਼ਿਮੀਦਾਰ ਦੇ ਘਰ ਪਿੰਡ ਚੱਕ ਦੇਸ ਰਾਜ, ਜਿਸ ਨੂੰ ਅੰਨ੍ਹਿਆਂ ਦਾ ਚੱਕ ਵੀ ਕਹਿੰਦੇ ਸਨ, ਵਿਖੇ ਹੋਇਆ ਸੀ। ਆਪਦੇ ਨਾਨਕੇ ਪਿੰਡ ਮੂੰਡੀਆਂ, ਜ਼ਿਲ੍ਹਾ ਲੁਧਿਆਣਾ ਵਿਚ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਪ੍ਰਸਿੱਧ ਕੂਕਾ ਬਚਿੱਤਰ ਸਿੰਘ ਆਪ ਦਾ ਸੱਕਾ ਮਾਮਾ ਸੀ। ਹੀਰਾ ਸਿੰਘ ਜਿਸ ਨੂੰ ਨਾਮਧਾਰੀ ਸਿੰਘ ਟਿੱਕਾ ਕਹਿੰਦੇ ਸਨ, ਉਹ ਆਪਦਾ ਮਾਮੇ ਦਾ ਪੁੱਤ ਭਰਾ ਸੀ। ਬਚਿੱਤਰ ਸਿੰਘ ਦੇ ਪੁੱਤਰ ਹੀਰਾ ਸਿੰਘ ਨਾਲ ਵੀ ਸਤਿਗੁਰੂ ਜੀ ਦਾ ਬਹੁਤ ਪ੍ਰੇਮ ਸੀ। ਰੰਗੂਨ ਤੋਂ ਭੇਜੇ ਇਕ ਹੁਕਮਨਾਮੇ ਵਿਚ ਦੋਹਾਂ ਪਿਤਾ ਪੁੱਤਰਾਂ ਨੂੰ ਸਤਿਗੁਰੂ ਜੀ ਸੰਬੋਧਿਤ ਹੁੰਦੇ ਹਨ। ਇਹ ਦੋਵੇਂ ਚੰਗੇ ਪਾਠੀ ਵੀ ਸਨ। ਲੋਹਗੜ੍ਹ ਦੇ ਭਾਈ ਅਤਰ ਸਿੰਘ ਦੇ ਘਰ ਜਨਵਰੀ 1875 ਵਿਚ ਪੁੱਤਰ ਜਨਮ ਦੀ ਖੁਸ਼ੀ ਵਿਚ ਹੋਏ ਅਖੰਡ ਪਾਠਾਂ ਸਮੇਂ, ਜਿਹਨਾਂ ਸਿੰਘਾਂ ਨੂੰ ਸਜ਼ਾਵਾਂ ਮਿਲੀਆਂ ਸਨ ਉਹਨਾਂ ਵਿਚ ਬਾਪ-ਬੇਟਾ ਬਚਿੱਤਰ ਸਿੰਘ ਤੇ ਹੀਰਾ ਸਿੰਘ ਵੀ ਸ਼ਾਮਲ ਸਨ। ਥਾਣੇਦਾਰ ਨੇ ਬਾਰਬਟਨ ਪੁਲਿਸ ਕਪਤਾਨ ਨੂੰ ਕਿਹਾ ਸੀ ਕਿ ਇਸ ਬੱਚੇ ਨਾਮਧਾਰੀ ਨੂੰ, ਪੰਜ ਸਿਪਾਹੀਆਂ ਨੇ ਬੜੇ ਵਖਤ ਨਾਲ ਫੜਿਆ ਸੀ। ਹੀਰਾ ਸਿੰਘ ਨੂੰ ਨਾਬਾਲਿਗ ਕਰਕੇ, ਇਕ ਸਾਲ ਦੀ ਸਜ਼ਾ ਹੋਈ। ਬਚਿੱਤਰ ਸਿੰਘ ਨੂੰ ਪੰਜਾਹ ਰੁਪੈ ਜੁਰਮਾਨਾ ਤੇ ਪੰਜ ਸੌ ਦੀ ਘੋੜੀ ਦੀ ਜ਼ਬਤੀ ਦਾ ਹੁਕਮ ਹੋਇਆ। ਹੀਰਾ ਸਿੰਘ ਨੂੰ ਟਿੱਕਾ ਇਸ ਲਈ ਕਿਹਾ ਜਾਂਦਾ ਸੀ ਕਿ ਪੰਥ ਦੇ ਮੁਖੀ ਸਿੱਖਾਂ ਨੇ ਵਿਚਾਰਿਆ ਸੀ ਕਿ ਜੇ ਗੁਰੂ ਹਰੀ ਸਿੰਘ ਜੀ ਬਿਨਾਂ ਸਾਹਿਬਜ਼ਾਦਾ ਹੋਏ, ਦੇਹ ਦਾ ਓਹਲਾ ਕਰ ਗਏ ਤਾਂ ਹੀਰਾ ਸਿੰਘ ਨੂੰ ਉਹਨਾਂ ਦੇ ਅਸਥਾਨ ਦੀ ਜ਼ਿੰਮੇਵਾਰੀ ਸਉਂਪੀ ਜਾਏ। ਸਤਿਗੁਰੂ ਜੀ ਵਾਲੇ ਹੁਕਮਨਾਮੇ ਦਾ ਮੂਲ ਪਾਠ ਇਹ ਹੈ-

## ੧ੳ ਸਤਿਗੁਰਿ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਬਚਿਤ੍ਰ ਸਿੰਘ ਤੇ ਨਿਕਾ ਹੀਰਾ ਸਿੰਘ ਕੋ ਫਤੇ ਸ੍ਰੀ ਵਾਹਿਗੁਰੂ ਜੀ ਕੀ ਬੁਲਾਈ ਪ੍ਰਮਾਨ ਕਰਨੀ। ਸਵਾ ਪਾਚ ਰੁਪਏ ਭੇਜੇ ਹੈ ਤੇਰੇ ਵਾਸਤੇ ਬਸਤ੍ਰ ਬਣਾਇ ਲੈ। ਮੇਰੇ ਨਮਿਤ ਇਕ ਦੋ ਭੋਗ ਪਾਇ ਦੇਣੇ। ਜੀਉਣੀ, ਪ੍ਰਤਾਪੀ, ਬਿਛਨੀ ਏਨਾ ਨੂੰ ਮੇਰੀ ਰਾਮਸਤਿ ਬਾਚਣੀ।

ਮਲਾ ਸਿੰਘ ਦੀ ਕੀ ਖਵਰ ਹੈ? ਤਕੜਾ ਰਹਿਆ ਹੈ ਕਿ ਨਹੀਂ। ਫਰੰਗੀਆ, ਰਾਜਿਆ ਕੇ ਤੇ ਥੁਆਡੇ ਜਦ ਦਿਨ ਪੂਰੇ ਹੋਏ ਜਾਨਗੇ ਤਾ ਆਵਾਗੇ। ਕਿਸੇ ਕਾ ਇਕ ਦਿਨ ਨਹੀਂ ਰਖਕੇ ਔਣਾ ਹੈ। ਔਰੰਗਜੇਬ ਕੇ ਚਾਲੀ ਬਰਸ ਕਰਣੇ ਸੇ ਦੋ ਸੈ ਬਰਸ ਹੋ ਗਏ ਹੈ ਧੂ ਘਸੀਟ ਹੁੰਦੀ ਨੂੰ। ਰੂਸਾ ਕੇ ਆਇ ਤੇ ਆਵਾਗੇ। ਆਗੇ ਗੁਰੂ ਦੀ ਗੁਰੂ ਜਾਣੇ ਜੋ ਕਰਨੀ ਹੈ। ਭਜਨ ਬਾਣੀ ਕਰੋ, ਗੁਰੂ ਹਛੀ ਕਰੇਗਾ। ਗੁਰੂ ਗੁਰੂ ਜਪੋ ਰਾਤ ਦਿਨੇ ਤਕੜੇ ਹੋ ਕੇ। ਸ੍ਰਬਤ ਖਾਲਸਾ ਮਿਲ ਕੇ ਰਹਿਣਾ।[3]

"ਬੀਬੀ ਉੱਤਮੀ ਦਾ ਵਿਆਹ 'ਛੋਟੀ ਉਮਰ ਵਿਚ ਕਰ ਦਿੱਤਾ। ਸ਼ਾਦੀ ਹੋਣ ਤੋਂ ਬਾਅਦ ਪਤੀ ਦੇਵ ਲੋਕ ਵਿਚ ਜਾ ਵੱਸੇ।

"ਉੱਤਮੀ ਪੇਕੇ ਘਰ ਪੰਡਿਤਾਂ ਪਾਂਧਿਆਂ ਦੀ ਸੰਗਤ ਕਰਦੀ ਰਹੀ। ਗੀਤਾ ਦਾ ਪਾਠ ਪੂਜਾ ਕਰਦੀ।ਆਪ ਦੇਵੀ ਦੀ ਭਗਤਣੀ ਕਹਾਉਂਦੀ। ਇਕ ਸਮੇਂ ਜਵਾਲਾਮੁਖੀ ਸੰਗੀਆਂ ਦੇ ਸਾਥ ਗਈ। ਮੰਦਰ ਵਿਚ ਜਾ ਕੇ ਰਾਤ-ਜਾਗੋ ਕੀਤੀ। ਸਾਰੀ ਰਾਤ ਇਕ ਲੱਤ ਦੇ ਭਾਰ ਖੜ੍ਹਕੇ ਦੇਵੀ ਜੀ ਦੀ ਮੂਰਤ ਦਾ ਧਿਆਨ ਧਰਕੇ ਖੜ੍ਹੀ ਰਹੀ। ਮੰਦਰ ਵਿਚੋਂ ਗੈਬੀ ਆਵਾਜ਼ ਆਈ-ਪੂਰਾ ਗੁਰੂ ਭੈਣੀ ਸਾਹਿਬ ਵਿਚ ਪਰਗਟ ਹੋ ਗਿਆ ਹੈ, ਜਾਹ ਦਰਸ਼ਨ ਕਰਕੇ ਅਮਰ ਹੋ ਜਾ। ਇਹ ਸੁਣ ਕੇ ਉੱਤਮੀ ਪਿਛਾਂਹ ਨੂੰ ਪਰਤ ਆਈ। ਇਸ ਦੇ ਨਾਨਕੇ ਮੂੰਡੀਆ ਜ਼ਿਲ੍ਹਾ ਲੁਧਿਆਣੇ ਵਿਚ ਸਨ। ਇਸ ਦਾ ਮਾਮਾ ਬਚਿੱਤਰ ਸਿੰਘ ਨਾਮਧਾਰੀ ਸੀ। ਆਪਣੇ ਮਾਮੇ ਦੇ ਨਾਲ ਭੈਣੀ ਸਾਹਿਬ ਆ ਕੇ ਦਰਸ਼ਨ ਕੀਤਾ। ਦਰਸ਼ਨ ਕਰਦਿਆਂ ਮਨ ਦੀ ਬਿਰਤੀ ਇਕਾਗਰ ਹੋ ਗਈ। ਸੁਰਤੀ ਨੇ ਪਲਟਾ ਖਾਧਾ, ਉੱਤਮੀ ਦੇ ਅੰਦਰ ਚਮਤਕਾਰ ਪ੍ਰਗਟ ਹੋ ਗਿਆ। ਸਰੂਰ ਹੋ ਗਿਆ, ਮਸਤੀ ਨੇ ਆਪਣਾ ਆਪ ਭੁਲਾ ਦਿੱਤਾ। ਕਹਿ ਉਠੀ-'ਮੈਂ ਘੋਲੀ ਸਤਿਗੁਰੂ ਜੀ ਮੈਂ ਘੋਲੀ,ਮੈਨੂੰ ਬਖਸ਼ ਦਾਤਿਆ, ਨਾਮ ਦੀ ਦਾਤ। ਸ੍ਰੀ ਸਤਿਗੁਰੂ ਜੀ ਨੇ ਕੰਨ ਵਿਚ ਭਜਨ ਦੱਸ ਦਿੱਤਾ। ਉੱਤਮੀ ਦਾ ਨਾਂ ਉਸ ਦਿਨ ਤੋਂ ਘੁੱਲੀ ਪੈ ਗਿਆ।ਘੁੱਲੀ ਦੋ ਵਜੇ ਉਠ ਕੇ ਇਸ਼ਨਾਨ ਕਰਦੀ। ਚੱਕੀ ਨਾਲ ਦਸ ਸੇਰ ਆਟਾ ਪੀਂਹਦੀ। ਤਬੇਲੇ ਵਿਚ

ਘੋੜਿਆਂ ਦੀ ਲਿੱਦ ਸੁੱਟ ਕੇ ਬੁਹਾਰੀ ਕਰਦੀ। ਲੰਗਰ ਵਿਚ ਆਟਾ ਛਾਣਦੀ ਤੇ ਬਰਤਨ ਮਾਂਜਦੀ। ਸਾਰਾ ਦਿਨ ਨਾਮ ਦਾ ਸਿਮਰਨ ਕਰਦੀ ਰਹਿੰਦੀ। ਰਾਤ ਦਿਨ ਦੀ ਸਿਮਰਨ ਸ਼ਕਤੀ ਸਦਕਾ ਜਲਾਲ ਛਾ ਗਿਆ।ਆਪ ਦਾ ਤੇਜ ਪ੍ਰਤਾਪ ਪੂਰਨਮਾਸ਼ੀ ਦੇ ਚੰਦਰਮਾ ਜੈਸਾ ਸੀ। ਗਿਆਰਾਂ ਸਾਲ ਆਪਨੇ ਸ੍ਰੀ ਭੈਣੀ ਸਾਹਿਬ ਵਿਚ ਰਹਿ ਕੇ ਕਠਿਨ ਤੱਪਸਿਆ ਕੀਤੀ। ਬਿ. 1928 ਵਿਚ ਸਤਿਗੁਰੂ ਜੀ ਸੂਬਿਆਂ ਸਮੇਤ ਪਰਦੇਸ ਚਲੇ ਗਏ। ਮਾਈ ਘੋਲੀ ਵੀ ਕਈ ਯਾਤਰੂ ਸਿੰਘਾਂ ਦੇ ਨਾਲ ਗ੍ਰਿਫ਼ਤਾਰ ਹੋ ਕੇ ਲੁਧਿਆਣੇ ਚਲੀ ਗਈ। ਕਈਆਂ ਨੂੰ ਥਾਉਂ ਥਾਈਂ ਪਿੰਡਾਂ ਵਿਚ ਨਜ਼ਰਬੰਦ ਕਰ ਦਿੱਤਾ। ਮਾਈ ਘੁੱਲੀ ਨੂੰ ਵੀ ਜ਼ਮਾਨਤ ਤੇ ਭੈਣੀ ਸਾਹਿਬ ਭੇਜ ਦਿੱਤਾ। ਮਾਈ ਘੁੱਲੀ ਜੀ ਦੀ ਹਾਜ਼ਰੀ ਹਰ ਰੋਜ਼ ਪੁਲਿਸ ਲਿਖਦੀ ਹੁੰਦੀ ਸੀ। ਜੀਵਨ ਪ੍ਰਯੰਤ ਮਾਈ ਘੁੱਲੀ ਭੈਣੀ ਸਾਹਿਬ (ਇਕ ਕਿਸਮ ਦੀ) ਨਜ਼ਰਬੰਦ ਰਹੀ।

"ਇਸੇ ਸਮੇਂ ਵਿਚ ਆਪਨੇ ਲੰਗਰ ਦੇ ਖਜ਼ਾਨੇ ਦੀਆਂ ਕੁੰਜੀਆਂ ਦੋ ਸਾਲ ਸਾਂਭੀਆਂ। ਲੰਗਰ ਦਾ ਕੰਮ ਰਾਤ ਦਿਨ ਚਲਾਉਂਦੀ ਰਹੀ। ਪੁਲਿਸ ਗਾਰਦ ਨਾਲ ਆਪ ਦੀ ਕਈ ਵੇਰ ਮੁੱਠ ਭੇੜ ਹੋ ਜਾਂਦੀ ਸੀ। ਮਾਈ ਘੁੱਲੀ ਬੜੀ ਨਿਧੜਕ ਤੇ ਨਿਰਭੈ ਸੀ। ਇਸ ਦੀ ਆਵਾਜ਼ ਵਿਚ ਸ਼ੇਰ ਦੀ ਗਰਜ ਸੀ। ਮਾਈ ਘੁੱਲੀ ਦੇ ਹਿੰਦੂ ਮੁਸਲਮਾਨ ਬੇਟ ਦੇ ਸਾਰੇ ਹੀ ਸੇਵਕ ਸਨ ਕਿਉਂਕਿ ਮਾਈ ਘੁੱਲੀ ਹਰ ਤਰ੍ਹਾਂ ਦੇ ਬੱਚਿਆਂ ਦੇ ਰੋਗਾਂ ਦਾ, ਸੋਕੜੇ ਦਾ ਇਲਾਜ ਕਰ ਦਿੰਦੀ ਸੀ। ਇਸ ਵਾਸਤੇ ਮਾਈ ਘੁੱਲੀ ਨੂੰ ਲੋਕ ਹਰ ਰੋਜ਼ ਘਿਉ ਮੱਥਾ ਟੇਕ ਜਾਂਦੇ ਸਨ। ਉਹ ਘਿਉ, ਮਾਈ ਘੁੱਲੀ, ਜਿਹੜੇ ਲੋਕ ਮੱਥਾ ਟੇਕਦੇ ਸਨ, ਲੰਗਰ ਵਿਚ ਪਾ ਦਿੰਦੀ ਸੀ। ਗੁਰੂ ਹਰੀ ਸਿੰਘ ਜੀ ਦੇ ਹਜ਼ੂਰ ਆਸਾ ਦੀ ਵਾਰ ਦਾ ਕੀਰਤਨ ਕਰਦੀ ਆਪਣੀਆਂ ਸਾਥਣਾਂ ਸਮੇਤ। (ਹੋਰ) ਸੇਵਾ ਵੀ ਕਰਦੀ। ਮਾਈ ਘੁੱਲੀ ਦਾ ਅਗਾਧ ਪ੍ਰੇਮ ਸਿੱਖੀ ਸਿਦਕ ਦਾ ਸੋਮਾ ਸੀ। ਮਾਈ ਘੁੱਲੀ ਨੂੰ ਅੰਗਰੇਜਾਂ ਨੇ ਬਾਗੀਆਂ ਦੀ ਸਹਾਇਕ ਸਮਝ ਕੇ ਨਜ਼ਰਬੰਦ ਰੱਖਿਆ। ਬਿਕਰਮੀ 1955 ਮੱਘਰ ਮਾਈ ਦਾ ਦਰਸ਼ਨ ਲੇਖਕ ਨੇ ਕੀਤਾ ਤਾਂ ਆਪ ਦੇ ਚਿਹਰੇ ਤੇ ਰੱਬੀ ਜਲਾਲ ਚਮਕਦਾ ਸੀ।"[4]

ਸੰਨ 1861 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਮੁੱਠਡੇ (ਜਲੰਧਰ) ਦਰਸ਼ਨ ਦਿਤੇ ਸਨ। ਇੱਥੋਂ ਚੱਕ ਦੇਸ ਰਾਜ ਜੋ ਫਲੌਰ ਤਹਿਸੀਲ ਦਾ ਪਿੰਡ ਹੈ 10-12 ਕਿਲੋਮੀਟਰ ਹੈ। ਚੱਕ ਦੇਸ ਰਾਜ ਦੇ ਭਾਈ ਦੇਵਾ ਸਿੰਘ, ਹਰੀ ਸਿੰਘ ਅਤੇ ਖੁਸ਼ਹਾਲ ਸਿੰਘ ਹੋਰਾਂ ਨੇ ਸਤਿਗੁਰੂ ਜੀ ਦੇ ਮੁਠੱਡੇ ਦਰਸ਼ਨ ਪਰਸ਼ਨ ਅਤੇ ਭਜਨ ਲੈਣ ਤੋਂ ਬਾਅਦ ਅਰਜ਼ ਕੀਤੀ ਕਿ ਸਾਡੇ ਪਿੰਡ ਤੇ ਵੀ ਕਿਰਪਾ ਕਰੋ। ਪਾਸੋਂ ਕਿਸੇ ਸਿੰਘ ਨੇ ਕਿਹਾ, "ਜੀ ਇਹ ਗਰੀਬ ਸਿੰਘ ਹਨ ਇਹਨਾਂ ਤੋਂ ਆਪ ਜੀ ਦੇ ਦੌਰੇ ਦੀ ਝਾਲ ਨਹੀਂ ਝੱਲੀ ਜਾਣੀ। ਸਤਿਗੁਰੂ

ਜੀ ਨੇ ਹੁਕਮ ਕੀਤਾ-" ਜਾਉ ਤਿਆਰੀ ਕਰੋ ਮੈਂ ਤਾਂ ਆਇਆ ਹੀ ਗਰੀਬਾਂ ਲਈ ਹਾਂ। ਗਰੀਬ ਮੈਂ ਆਪਣਾ ਸਿੰਘ ਰਹਿਣ ਹੀ ਨਹੀਂ ਦੇਣਾ। "ਸਤਿਗੁਰੂ ਜੀ ਗਏ, ਸਿੰਘਾਂ ਨੇ ਬੜਾ ਮੇਲਾ ਕੀਤਾ। ਪਰਿਵਾਰਿਕ ਮਾਹੌਲ, ਨਾਨਕੇ ਦਾਦਕਿਆਂ ਦੇ ਕੂਕਾ ਪ੍ਰਭਾਵ ਕਾਰਨ ਹੀ ਮਾਈ ਉੱਤਮੀ ਉਮਰ ਭਰ ਆਪਣੇ ਅਕੀਦੇ ਤੇ ਦ੍ਰਿੜ ਰਹੀ। ਮਾਈ ਉੱਤਮੀ ਦਾ ਚਲਾਣਾ ਗੁਰੂ ਹਰੀ ਸਿੰਘ ਜੀ ਦੇ ਅੰਤਿਮ ਸਮੇਂ ਤੋਂ ਦੋ ਚਾਰ ਸਾਲ ਪਹਿਲਾਂ ਆਇਆ ਮਾਲੂਮ ਹੁੰਦਾ ਹੈ। ਅਨੁਮਾਨਿਤ ਆਯੂ 65-70 ਸਾਲ ਹੈ। ਮਾਈ ਉੱਤਮੀ ਬੇਸ਼ਕ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਨਿਵਾਸ ਕਰ ਲਿਆ ਸੀ ਪ੍ਰੰਤੂ ਇਕ ਵੇਰ, ਉਸ ਤੋਂ ਕੋਈ ਐਸੀ ਅਵੱਗਿਆ ਹੋ ਗਈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਉਸਨੂੰ ਆਪਣੇ ਡੇਰੇ ਵਿਚੋਂ ਬਾਹਰ ਕਰ ਦਿੱਤਾ। ਗੁਰੂ ਹਰੀ ਸਿੰਘ ਜੀ ਉਸਦੀਆਂ ਬੇਨਤੀਆਂ ਸੁਣ ਕੇ ਦੈਆ ਦੇ ਘਰ ਵਿਚ ਆ ਗਏ ਅਤੇ ਉਸ ਨੂੰ ਮੁੜ ਸ੍ਰੀ ਭੈਣੀ ਸਾਹਿਬ ਰਹਿਣ ਦਾ ਹੁਕਮ ਦੇ ਦਿੱਤਾ। ਇਸ ਦੌਰਾਨ ਇਧਰੋਂ ਜਾਣ ਵਾਲੇ ਸਿੰਘਾਂ ਪਾਸੋਂ ਸਤਿਗੁਰੂ ਜੀ ਨੂੰ ਰੰਗੂਨ ਵਿਖੇ ਮਾਈ ਉੱਤਮੀ ਦੇ ਮੁੜ ਭੈਣੀ ਸਾਹਿਬ ਆ ਟਿਕਣ ਦਾ ਸਮਾਚਾਰ ਮਿਲਿਆ। ਇਸ ਤੇ ਸਤਿਗੁਰੂ ਜੀ ਨੇ ਆਪਣੇ ਹੁਕਮਨਾਮਿਆਂ ਵਿਚ ਡੇਰੇ ਵਿਚ ਰਹਿਣ ਵਾਲੀਆਂ ਹੋਰ ਮਾਈਆਂ ਬੀਬੀਆਂ ਦੇ ਨਾਲ ਬੀਬੀ ਉੱਤਮੀ ਨੂੰ ਵੀ ਰਾਮ ਸਤਿ ਲਿਖਕੇ ਉਸਦਾ ਆਦਰ ਮਾਣ ਸੰਗਤ ਦੀਆਂ ਨਜ਼ਰਾਂ ਵਿਚ ਮੁੜ ਬਹਾਲ ਕਰ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ ਇਸ ਘਟਨਾ ਦਾ ਜ਼ਿਕਰ ਆਉਂਦਾ ਹੈ। ਇਸ ਘਟਨਾ ਦਾ ਸੰਦਰਭ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਇਸ ਦੇ ਨਾਲ ਗੁਰੂ ਹਰੀ ਸਿੰਘ ਜੀ ਦੀ ਅਜ਼ਮਤ ਜੁੜੀ ਹੋਈ ਹੈ। ਉਹਨਾਂ ਦਾ ਅਰਦਾਸੇ ਵਿਚ ਨਾਮ ਨਾਂ ਲੈਣ ਵਾਲਿਆਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਪਰਸੰਗ ਦੁਆਰਾ ਸਹੀ ਸੇਧ ਦਿੰਦੇ ਹਨ।

"ਮੈਂ ਅਰਜ਼ ਕਰਾਂ, ਬਹੁਤ ਸਾਰੇ ਸੱਜਣ ਜਿਨ੍ਹਾਂ ਨੂੰ ਕੁਦਰਤ ਨੇ ਏਸ ਗੇੜ ਵਿਚ ਪਾਇਆ ਹੋਇਆ ਹੈ, ਉਹ ਗੁਰੂ ਹਰੀ ਸਿੰਘ ਦਾ ਨਾਂ ਲੈਣ ਤੋਂ ਸੰਕੋਚ ਕਰਦੇ ਹਨ, ਔਰ ਗੁਪਤ ਤਰੀਕੇ ਨਾਲ ਲੋਕਾਂ ਨੂੰ ਇਹ ਗੱਲ ਕਹਿੰਦੇ ਹਨ ਕਿ ਉਹ ਗੁਰੂ ਨਹੀਂ ਹੋਇਆ। ਜੇ ਗੁਰੂ ਰਾਮ ਸਿੰਘ ਨੇ ਆਉਣਾ ਹੈ, ਤੇ ਗੁਰੂ ਹਰੀ ਸਿੰਘ ਗੁਰੂ ਕਿਵੇਂ ਹੋ ਗਿਆ! ਮੈਂ ਅਰਜ਼ ਕਰਾਂ-ਜਿਹਨੂੰ ਅਸੀਂ ਸਤਿਗੁਰੂ ਕਹਿੰਦੇ ਹਾਂ, ਜੇ ਉਸ ਸਤਿਗੁਰੂ ਦਾ ਹੁਕਮ ਹੈ, ਕਿ ਮੈਂ ਏਸ ਦਾ ਨਾਂਓ ਅੱਜ ਤੋਂ ਹਰੀ ਸਿੰਘ ਰੱਖਿਆ, ਨਾਂਓ ਬਦਲਿਆਂ-ਲਹਿਣੇ ਤੋਂ ਅੰਗਦ ਬਣਾਇਆ ਤਾਂ ਕਿਉਂ ਫਰਕ ਰਿਹਾ। ਫੇਰ ਪੜ੍ਹੋ ਵੱਡ ਤੀਰਥ ਦੀ ਸਾਖੀ, ਓਥੇ ਲਿਖਿਆ ਹੈ-

ਦੋਨੋਂ ਭਈਆ ਏਕ ਸਰੂਪ ਜਿਉਂ ਭਾਸੇ,

ਸਤਿਗੁਰ ਆਪ ਮੁਖੋਂ ਪਰਗਾਸੇ।

ਜੱਗ ਮੈਂ ਪ੍ਰਗਟੇ ਦੋਨੋ ਭਈਆ,

ਮਹਾਂ ਪ੍ਰਕਾਸ਼ ਪ੍ਰਕਾਸ਼ ਅਤੀਆ।

ਔਰ, ਇਹ ਬੀਮਾਰੀ ਹੈ। ਦੇਖੋ, ਮੈਂ ਅਰਜ਼ ਕੀਤੀ ਹੈ ਕਲਜੁਗ ਧੱਕੇ ਮਾਰਦਾ ਹੈ- ਬਚੋ, ਆਪਣੇ ਆਪ ਨੂੰ ਸਾਂਭੋ, ਆਪਣਾ ਧਿਆਨ ਕਰੋ। ਕੋਈ ਆਦਮੀ ਤੁਹਾਨੂੰ ਹੌਲੀ-ਹੌਲੀ, ਹੌਲੀ-ਹੌਲੀ ਪਹਿਲਾਂ ਪਤਾ ਨਹੀਂ ਤੁਹਾਨੂੰ ਲੱਗ ਸਕਦਾ-ਉਹ ਮਿੱਠੇ ਹੋ ਕੇ, ਇਹੋ ਜਹੀਆਂ ਗੱਲਾਂ ਕਰਦੇ ਹਨ। ਸਤਿਗੁਰ ਨਾਂ ਬਦਲਦੇ ਹਨ, ਕਹਿੰਦੇ ਨੇ, "ਇਸਨੂੰ ਸਿਰ ਕਰਤਾ ਜਾਨਣਾ, ਇਹ ਮੇਰੇ ਮਗਰੋਂ ਸਿੱਖੀ ਨੂੰ ਹਰੀ ਰੱਖੇਗਾ ਔਰ ਏਸ ਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ, ਮੇਰੇ ਧੱਕੇ ਨੂੰ ਇਹ ਬਖਸ਼ ਲਏਗਾ।"

ਦੋ ਆਦਮੀ-ਇਕ ਭਾਈ ਵੀਰ ਸਿੰਘ ਜੀ ਸਿਆੜ੍ਹ ਵਾਲੇ, ਇਕ ਮਾਈ ਉੱਤਮੀ ਘੁਲੀ ਜਿਹੜੀ ਗੁਰਦੁਆਰੇ ਰਹੀ। ਇਨ੍ਹਾਂ ਨੂੰ ਸਤਿਗੁਰਾਂ ਦਾ ਹੁਕਮ ਬਾਹਰ ਕੱਢਿਆ ਹੋਇਆ ਸੀ। ਇਨ੍ਹਾਂ ਨੂੰ ਗੁਰੂ ਹਰੀ ਸਿੰਘ ਜੀ ਨੇ ਬਖਸ਼ ਕੇ ਸੰਗਤ ਦੇ ਵਿਚ ਰਲਾਇਆ। ਸਤਿਗੁਰਾਂ ਨੇ ਪ੍ਰਵਾਨਗੀ ਦਿੱਤੀ, ਇਨ੍ਹਾਂ ਗੱਲਾਂ ਨੂੰ। ਤਾਂ ਇਹ ਮੈਂ ਤੁਹਾਡੇ ਅੱਗੇ ਅਰਜ਼ ਕਰਨੀ ਸੀ, ਇਹ ਤੁਹਾਡੇ ਧਿਆਨ ਦੀ ਲੋੜ ਹੈ।[5]

ਭਾਈ ਵੀਰ ਸਿੰਘ ਜੀ ਸਿਆਹੜ ਵਾਲੇ, ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਵਿਚ ਰਹਿ ਕੇ ਗੁਪਤ ਪਾਠ ਕਰਨ ਵਾਲੇ ਸਿੰਘਾਂ ਵਿਚੋਂ ਇਕ ਸਨ।ਪ੍ਰੀਤਮ ਸਿੰਘ ਕਵੀ ਜੀ ਦੀ ਖੋਜ ਮੁਤਾਬਿਕ ਜਿਸ ਦਿਨ ਸਿਆਹੜ ਪਿੰਡ ਵਿਚ 1 ਜੂਨ 1863 ਈ. ਨੂੰ ਸਤਿਗੁਰੂ ਜੀ ਨੇ ਪਹਿਲੀ ਵੇਰ ਮਾਈਆਂ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਸੀ ਜਿਸ ਵਿਚ 25 ਬੀਬੀਆਂ ਸ਼ਾਮਲ ਸਨ, ਜਿਹਨਾਂ ਵਿਚੋਂ 16 ਦੇ ਨਾਮ ਉਹਨਾਂ ਲਿਖੇ ਹਨ, ਉਸ ਸੂਚੀ ਵਿਚ ਬਾਰ੍ਹਵਾਂ ਨਾਮ ਬੀਬੀ ਉੱਤਮ ਕੌਰ ਜਾਂ ਉੱਤਮੀ ਚੱਕ ਦੇਸ ਰਾਜ ਦਾ ਸੀ।[6] ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਬੀਬੀ ਨੇ ਭਜਨ ਬੇਸ਼ਕ ਸਾਲ ਦੋ ਪਹਿਲਾਂ ਪੁੱਛਿਆ ਸੀ ਪਰ ਉਹ ਅੰਮ੍ਰਿਤ ਸਿਆਹੜ ਤੋਂ ਛਕ ਕੇ, ਇਸ ਸਮੇਂ ਤੱਕ ਸ੍ਰੀ ਭੈਣੀ ਸਾਹਿਬ ਦੁਬਾਰਾ ਪਹੁੰਚ ਗਈ ਸੀ ਜਿਸ ਕਾਰਨ ਉਸ ਦੇ ਬੇਨਤੀਆਂ ਵਾਲੇ ਪੱਤਰ ਵੀ ਸਤਿਗੁਰੂ ਜੀ ਤੱਕ ਰੰਗੂਨ ਜਾਣ ਵਾਲੇ ਸਿੰਘਾਂ ਦੇ ਹੱਥੀਂ ਪੁੱਜਦੇ ਰਹੇ। ਹੁਕਮਨਾਮਾ ਨੰ: 15 ਜੋ ਸਤਿਗੁਰੂ ਜੀ ਨੇ ਬੀਬੀ ਨੰਦਾਂ, ਆਪਣੀ ਪੁੱਤਰੀ, ਭਰਾਤਾ ਗੁਰੂ ਹਰੀ ਸਿੰਘ ਅਤੇ ਸ੍ਰੀ ਭੈਣੀ ਸਾਹਿਬ ਰਹਿਣ ਵਾਲੇ ਸਿੰਘਾਂ ਦੇ ਨਾਮ ਲਿਖਿਆ ਉਸ ਵਿਚ ਆਪ ਜੀ ਆਪਣੀ

ਪੁੱਤਰੀ ਨਾਲ ਬੀਬੀ ਉੱਤਮੀ ਬਾਰੇ ਫਿਕਰਮੰਦੀ ਦਰਜ਼ ਕਰਦੇ ਹਨ।

ਹੋਰੁ ਬੀਬੀ ਨੰਦਾ ਜਦ ਬਿਆਹਿ ਦੇਵੇ ਸੇਰ ਸਿੰਘ ਉਸ ਵੇਲੇ ਲੈ ਲੈਣਾ ਅਰ ਕੁੜੀਆ ਮੁੰਡਿਆ ਤੇ ਅੱਛੀ ਤਰਾ ਭਜਨ ਕਰਾਉਣਾ, ਬਾਣੀ ਕੰਠ ਕਰਾਉਣੀ ਸਭਦੇ। ਬਾਣੀ ਪੜ੍ਹਾਉਣੀ, ਗ੍ਰੰਥ ਸਾਹਿਬ ਦੇ ਪਾਠ ਕਰਾਉਣੇ ਅਰ ਪਿਛਲੀ ਰਾਤ ਸਭ ਕੋ ਇਸ਼ਨਾਨ ਕਰਾਕੇ ਭਜਨ ਕਰਾਉਣਾ। ਕਿਸੇ ਨੂੰ ਸੌਣ ਨਹੀਂ ਦੇਣਾ ਪਿਛਾ ਰਾਤ ਜੋ ਤੇਰੇ ਪਾਸ ਰਹਿੰਦੇ ਹੈ। ਕੁੜੀਆਂ ਮੁੰਡਿਆਂ ਵਿਚ ਬੀਬੀ ਤੇਰੀ ਮਹੰਤੀ ਹੈ। ਉੱਤਮੀ ਨੂੰ ਵੀ ਆਦਰ ਦੇਣਾ।ਉੱਤਮੀ ਨੇ ਲਿਖਾ ਅਗੇ ਨਿਮਾਣੀ ਨਿਤਾਣੀ ਹੈ। ਉੱਤਮੀ ਤੈ ਨੰਦਾ ਦੇ ਕਹੇ ਵਿਚ ਚਲਣਾ। ਜੋ ਨੰਦਾ ਆਖੇ ਸੋ ਮੰਨਣਾ।[7]

ਗੁਰੂ ਹਰੀ ਸਿੰਘ ਜੀ ਅਤੇ ਡੇਰੇ ਦੇ ਵਿਚ ਰਹਿਣ ਵਾਲੇ ਹੋਰ ਸਿੰਘਾਂ ਦੇ ਨਾਲ ਨਾਲ ਮਾਈਆਂ ਬੀਬੀਆਂ ਵਿਚ, ਹੁਕਮਨਾਮਾ ਨੰ:17 ਵਿਚ, ਬੀਬੀ ਉੱਤਮੀ ਦਾ ਨਾਮ ਲਿਖ ਕੇ ਉਸਨੂੰ ਮਾਣ ਬਖਸ਼ਦੇ ਹਨ।

ਬੀਬੀ ਨੰਦਾ ਨੂ, ਸਾਹਬੋ, ਭੋਲੀ, ਸੁਖਾ, ਭਾਗੋ, ਉੱਤਮੀ, ਭਾਗਣ ਹੋਰ ਸਰਵਤ ਕੋ ਰਾਮ ਸਤਿ ਬੁਲਾਈ ਵਾਚਨੀ।[8]

ਮਾਈ ਸਾਹਿਬੋ ਜੀ ਗੁਰੂ ਹਰੀ ਸਿੰਘ ਜੀ ਦੇ ਪਹਿਲੇ ਮਹਿਲ ਸਨ। ਭੋਲੀ ਆਪ ਦੇ ਮਾਮੇ ਹਰੀ ਸਿੰਘ ਲੁਧਿਆਣੇ ਵਾਲੇ ਦੀ ਨੂੰਹ ਸੀ। ਬੀਬੀ ਭਾਗੋ ਗੁਰੂ ਹਰੀ ਸਿੰਘ ਜੀ ਦੀ ਪਹਿਲੇ ਵਿਆਹ ਵਿਚੋਂ ਪੁੱਤਰੀ ਸੀ। ਬੀਬੀ ਸੁਖਾ ਅਤੇ ਭਾਗਣ ਵੀ ਡੇਰੇ ਵਿਚ ਰਹਿੰਦੀਆਂ ਸਨ। ਬਿਸ਼ਨ ਸਿੰਘ ਹਿਸਟੋਰੀਅਨ ਮੁਤਾਬਿਕ ਬੀਬੀ ਸੁੱਖਾਂ ਕਮਾਲੂ ਪਿੰਡ ਦੇ ਸਿੱਧੂ ਸਰਦਾਰਾਂ ਦੀ ਪੁੱਤਰੀ ਸੀ। ਬਾਲ ਉਮਰ ਵਿਚ ਸ਼ਾਦੀ ਚੋਟੀਆਂ ਪਿੰਡ ਦੇ ਸਰਦਾਰਾਂ ਦੇ ਘਰ ਹੋ ਗਈ। ਸਹੁਰੇ ਬਹੁਤ ਧਨਾਢ ਸਨ।ਪਿੰਡ ਦੇ ਸੰਤਾਂ ਪਾਸੋਂ ਸੁਖਾਂ ਨੇ ਗੁਰਮਤਿ ਦੇ ਗ੍ਰੰਥ ਪੜ੍ਹੇ।ਉਸਦਾ ਮਨ ਸਰਦਾਰਾਂ ਦੁਆਰਾ ਪਹਿਨਾਏ ਗਹਿਣੇ ਗੱਟਿਆਂ ਵਿਚ ਨਾ ਪਰਚਦਾ ਸਗੋਂ ਉਹ ਗੁਰਬਾਣੀ ਪੜ੍ਹਦੀ ਹੋਈ, ਸਰਦਾਰਾਂ ਦੇ ਐਸੋ ਇਸ਼ਰਤ ਵਾਲੇ ਜੀਵਨ ਤੋਂ ਉਪਰਾਮ ਹੋ ਗਈ ਸੀ। ਇਸੇ ਸਮੇਂ 1861 ਈ. ਵਿਚ ਉਸ ਦੇ ਮਾਤਾ ਪਿਤਾ ਗੁਜ਼ਰ ਗਏ। ਉਹਨਾਂ ਦੇ ਫੁੱਲ ਪਾਉਣ ਹਰਿਦੁਆਰ ਗਈ ਸੁੱਖਾਂ ਨੇ ਅਰਧ ਕੁੰਭੀ ਦੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਭਜਨ ਪੁੱਛਿਆ। ਪੇਕੇ ਪਰਿਵਾਰ ਨੂੰ ਨਾਲ ਲੈ ਕੇ ਸਰਦਾਰਾਂ ਦਾ ਗਹਿਣਾ ਕੱਪੜਾ ਉਹਨਾਂ ਨੂੰ ਵਾਪਸ ਕਰਕੇ, ਉਹਨਾਂ ਨਾਲੋਂ ਗ੍ਰਹਿਸਤ ਦਾ ਨਾਤਾ ਤੋੜ ਕੇ ਭੈਣੀ ਸਾਹਿਬ ਆ ਗਈ। ਸਿਰ ਤੇ ਦਸਤਾਰ, ਨੀਵਾਂ ਚੋਲਾ, ਗਾਤਰੇ ਡੇਢ ਫੁੱਟਾ ਖੰਡਾ ਧਾਰਨ ਕਰ ਲਿਆ। ਦੋ ਸਾਲ ਭੈਣੀ ਸਾਹਿਬ ਰਹਿ ਕੇ ਬਿਰਤੀ ਹਰ ਤਰ੍ਹਾਂ ਨਾਲ ਸ਼ੁੱਧ ਕਰ ਲਈ। ਕੁਝ ਵਰ੍ਹੇ

ਭੈਣੀ ਸਾਹਿਬ ਬਤੀਤ ਕਾਰਨ ਬਾਅਦ ਸੁੱਖਾਂ ਰਿਆਸਤ ਨਾਭਾ ਦੇ ਇਤਿਹਾਸਿਕ ਪਿੰਡ ਲੋਹਟਬੱਧੀ ਵਿਚ ਜਾ ਰਹੀ। ਕਿਉਂਕਿ ਉੱਥੋਂ ਦੀ ਸੰਗਤ ਆਪ ਨੂੰ ਗੁਰੂ ਹਰੀ ਸਿੰਘ ਜੀ ਤੋਂ ਮੰਗ ਕੇ ਲੈ ਗਈ ਸੀ ਗੁਰਮਤਿ ਪਰਚਾਰ ਵਾਸਤੇ। ਲੋਹਟਬੱਧੀ ਵਿਚ ਇਕ ਮਸ਼ਹੂਰ ਕੂਕਾ ਕੇਂਦਰ ਸਥਾਪਿਤ ਹੋ ਗਿਆ ਜਿੱਥੇ ਮਾਈ ਸੁੱਖਾਂ ਰੋਜ ਕਥਾ ਕੀਰਤਨ ਕਰਦੀ। ਇਕ ਦਿਨ ਰਾਤ ਛਿਪ ਕੇ ਮਹਾਰਾਜਾ ਹੀਰਾ ਸਿੰਘ ਨਾਭਾ ਨੇ ਉਸਦੀ ਕਥਾ ਸੁਣੀ, ਬਹੁਤ ਪ੍ਰਭਾਵਿਤ ਹੋਇਆ। ਲੋਹਟਬੱਧੀ ਜਿਤਨੇ ਕੂਕੇ ਸਿੰਘਾਂ ਦੀ ਹਾਜਰੀ ਰੋਜ਼ ਥਾਣੇ ਵਿਚ ਲੱਗਦੀ ਸੀ ਸਭ ਨੂੰ ਮੁਕਤ ਕਰ ਦਿੱਤਾ ਅਤੇ ਮਾਈ ਦੇ ਲੰਗਰ ਦੇ ਨਾਮ ਇਕ ਸੌ ਦਸ ਰੁਪੈ ਸਾਲਾਨਾ ਦੀ ਜਗੀਰ ਲਾ ਦਿੱਤੀ। ਮਾਈ ਦੇ ਅਸਰ ਨਾਲ ਸਾਰਾ ਪਿੰਡ ਇਸ ਸਮੇਂ ਕੂਕਾ ਅੰਦੋਲਨ ਦੇ ਪ੍ਰਭਾਵ ਵਿਚ ਆ ਗਿਆ। ਮਾਈ ਸੁੱਖਾਂ ਦੀ ਸੁਤੰਤਰਤਾ ਦੀ ਲਾਈ ਚਿਣਗ ਕਾਰਨ 1893 ਈ. ਵਿਚ ਉਸਦੇ ਦੇਹਾਂਤ ਬਾਅਦ ਵੀ ਜਦੋਂ 1914 ਈ. ਵਿਚ ਪੰਜਾਬ ਵਿਚ ਗ਼ਦਰ ਲਹਿਰ ਸਰਗਰਮ ਹੋਈ ਤਾਂ ਲੋਹਟਬੱਧੀ ਉਸ ਦਾ ਇਕ ਉੱਘਾ ਕੇਂਦਰ ਵਿਕਸਿਤ ਹੋਇਆ।[9]

ਮਾਈ ਭਾਗਣ ਦਾ ਪੇਕਾ ਨਗਰ ਸ਼ਾਹਬਾਜ਼ਪੁਰ ਸੀ। ਉਸ ਦੀ ਸ਼ਾਦੀ ਪੰਦਰਾਂ ਕੁ ਸਾਲ ਦੀ ਉਮਰ ਵਿਚ ਸ੍ਰ. ਸ਼ਾਮ ਸਿੰਘ ਵਾਲੀ ਅਟਾਰੀ ਵਿਚ ਰਾਮਗੜ੍ਹੀਆਂ ਦੇ ਪਰਿਵਾਰ ਵਿਚ ਹੋਈ ਸੀ। ਪਤੀ ਛੇਤੀ ਹੀ ਪਰਲੋਕ ਗਾਮੀ ਹੋ ਗਿਆ। ਬੀਬੀ ਭਾਗਣ ਚਰਖੇ ਤੇ ਸੂਤ ਕੱਤਦੀ ਹਰ ਰੋਜ਼ ਪੰਝੀ ਪਾਠ ਜਪੁਜੀ ਸਾਹਿਬ ਦੇ ਕਰਦੀ। ਉਦਾਸੀ ਸੰਤਾਂ ਦੇ ਡੇਰੇ ਰੋਜ਼ ਕਥਾ ਸੁਣ ਕੇ ਗੁਰਬਾਣੀ ਬੋਧ ਹਾਸਲ ਕੀਤਾ। ਲੂਣ ਤੇ ਮਿਰਚ ਦਾ ਤਿਆਗ ਕਰ ਦਿੱਤਾ। ਸੰਨ 1863 ਈ. ਦੀ ਵੈਸਾਖੀ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤਸਰ ਦਰਸ਼ਨ ਦਿਤੇ।ਆਪ ਦੀ ਸੋਅ ਸੁਣਕੇ ਭਾਗਣ ਨੇ ਵੀ ਦਰਸ਼ਨ ਕਰਕੇ, ਨਾਮ ਦਾਨ ਲੈ ਕੇ ਕੂਕਾ ਪੰਥ ਵਿਚ ਪ੍ਰਵੇਸ਼ ਕੀਤਾ। ਭਜਨ ਲੈ ਕੇ ਮਾਈ ਸਿਰ ਤੇ ਦਸਤਾਰ ਸਜਾਉਂਦੀ। ਮਾਝੇ ਤੇ ਦੜਪ ਦੇ ਦੌਰੇ ਵਿਚ ਸਤਿਗੁਰਾਂ ਦੇ ਨਾਲ ਰਹੀ। ਕੱਦ ਛੇ ਫੁੱਟ ਤੇ ਮੱਥੇ ਤੇ ਜਲਾਲ ਟਪਕਦਾ ਸੀ। ਸੰਨ 1865 ਈ. ਵਿਚ ਘਰ ਦੀ ਨਕਦੀ ਗਹਿਣੇ ਗੁਰੂ ਕੇ ਲੰਗਰ ਵਿਚ ਪਾ ਕੇ ਸ੍ਰੀ ਭੈਣੀ ਸਾਹਿਬ ਰਹਿਣ ਲੱਗ ਪਈ ਸੀ। ਸੁਬਹਾ ਦੋ ਵਜੇ ਉਠ ਕੇ ਭਜਨ ਬਾਣੀ ਕਰਕੇ ਲੰਗਰ ਦੀ ਸੇਵਾ ਵਿਚ ਜੁੱਟ ਜਾਂਦੀ। ਹੱਥ ਚੱਕੀ ਨਾਲ ਆਟਾ ਪੀਂਹਦੀ, ਦਾਲਾ ਦਲਦੀ, ਲੰਗਰ ਦੇ ਬਰਤਨ ਸਾਫ਼ ਕਰਦੀ, ਸਤਿਗੁਰੂ ਰਾਮ ਸਿੰਘ ਜੀ ਦੇ ਬਸਤਰ ਸੋਧਣ ਦੀ ਸੇਵਾ ਵੀ ਕਰਦੀ। ਮਾਈ ਬਹੁਤ ਅੱਛੀ ਘੋੜ ਸੁਆਰ ਵੀ ਸੀ। ਆਲੇ ਦੁਆਲੇ ਦੇ ਪਿੰਡਾਂ ਵਿਚੋਂ ਲੰਗਰ ਲਈ ਘਿਉ ਗੁੜ ਆਦਿ ਖਰੀਦ ਲਿਆਉਂਦੀ। 18 ਜਨਵਰੀ 1872 ਨੂੰ ਭੈਣੀ

ਸਾਹਿਬ ਦੀਆਂ ਹੋਰ ਸੰਗਤਾਂ, 172 ਵਿਅਕਤੀਆਂ ਵਿਚ ਗਰਿਫਤਾਰ ਕਰਕੇ ਲੁਧਿਆਣੇ ਲਿਜਾਏ ਜਾਣ ਵਾਲਿਆਂ ਵਿਚ ਆਪ ਵੀ ਸ਼ਾਮਲ ਸਨ। ਮਾਈ ਭਾਗਣ ਵੀ ਜ਼ਮਾਨਤ ਤੇ ਵਾਪਸ ਡੇਰੇ ਪਰਤ ਆਈ। ਬੱਚਿਆਂ ਦੇ ਸੋਕੜੇ ਆਦਿ ਰੋਗ ਮਾਈ ਦੁਆਰਾ ਠੀਕ ਕੀਤੇ ਜਾਣ ਕਾਰਨ ਬੇਟ ਦੇ ਹਿੰਦੂ ਮੁਸਲਮਾਨ ਮਾਈ ਦੇ ਇਕੋ ਜਿਹੇ ਉਪਾਸ਼ਕ ਸਨ। ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਵਿਚ ਆਸਾ ਦੀ ਵਾਰ ਲਾਉਣ ਵਾਲੇ ਮਾਈਆਂ ਦੇ ਜਥੇ ਵਿਚ ਮਾਈ ਘੁੱਲੀ, ਮਾਈ ਖੇਮੀ, ਮਾਈ ਭਗਵਾਨ ਕੌਰ, ਮਾਈ ਠਾਕੁਰੀ ਚਮਕੌਰੀ ਵਾਲੀ ਆਦਿ ਨਾਲ ਮਾਈ ਭਾਗਣ ਵੀ ਸ਼ਾਮਲ ਸੀ। ਇਕ ਵੇਰ ਮਾਈ ਭਾਗਣ ਦੀ ਪੁਲਿਸ ਕਪਤਾਨ ਬਾਰਬਟਨ ਨੇ ਗੁਰੂ ਹਰੀ ਸਿੰਘ ਪਾਸ ਭੈਣੀ ਸਾਹਿਬ ਸ਼ਕਾਇਤ ਲਾਈ ਕਿ ਭਾਗਣ ਮੈਨੂੰ ਗਾਹਲਾਂ ਕੱਢਦੀ ਹੈ। ਮਾਈ ਭਾਗਣ ਬਾਰਬਟਨ ਦੀਆਂ ਸਿੰਘਾਂ ਤੇ ਹੁੰਦੀਆਂ ਸਖ਼ਤੀਆਂ ਤੋਂ ਅੱਕੀ ਪਈ ਸੀ, ਉਹ ਉਸੇ ਸਮੇਂ ਕਹਿਣ ਲੱਗੀ–"ਕਿਉਂ ਵੇ ਬਾਰਬਟਨਾ ! ਹਰਾਮੀਆਂ !! ਕੁੱਤਿਆ!!! ਜੱਗੋਂ ਖਾਲੀ ਜਾਣਿਆ ਤੂੰ ਤੇ ਬੜੇ ਜ਼ੁਲਮ ਕੀਤੇ ਹਨ ਕਿਹੜਾ ਕੰਜਰ ਲੰਬੜਦਾਰ ਕਹਿੰਦਾ ਹੈ ਕਿ ਭਾਗਣ ਤੈਨੂੰ ਗਾਹਲਾਂ ਕੱਢਦੀ ਹੈ। ਮੇਰਾ ਤੇਰਾ ਕੋਈ ਵੰਡ ਵਿਹਾਰ ਨਹੀਂ।" ਇਹ ਸੁਣਕੇ ਬਾਰਬਟਨ ਤੇ ਸੁੱਖੂ ਘਮੰਡਾ ਦੋਵੇਂ ਪਿੰਡ ਦੇ ਲੰਬੜਦਾਰ ਵੀ ਮੂੰਹ ਲਮਕਾ ਕੇ ਵਾਪਿਸ ਮੁੜ ਗਏ। 84 ਸਾਲ ਦੀ ਉਮਰ ਵਿਚ ਮਾਈ ਦੇ ਨੇਤਰ ਬੰਦ ਹੋ ਗਏ ਸਨ। ਨੇਤਰ ਜੋਤੀ ਜਾਣ ਬਾਅਦ ਵੀ ਲੰਗਰ ਦੇ ਬਰਤਨ ਸਾਫ਼ ਕਰਦੇ ਰਹਿੰਦੇ। ਭੈਣੀ ਸਾਹਿਬ ਵਿਖੇ 1912 ਈ. ਵਿਚ ਹੁਕਮ ਸੱਤ ਹੋਈ ਸੀ। ਇਹੋ ਜਹੀਆਂ ਦਲੇਰ ਸਨ ਉਹ ਅੰਗਰੇਜ਼ ਸਰਕਾਰ ਦੀਆਂ ਕੱਟੜ ਦੁਸ਼ਮਣ ਨਾਮਧਾਰੀ ਮਾਈਆਂ ਬੀਬੀਆਂ, ਜਿਹੜੀਆਂ ਵੇਲੇ ਦੀ ਸਰਕਾਰ ਦੇ ਉੱਚ ਅਧਿਕਾਰੀਆਂ ਤੋਂ ਵੀ ਖ਼ਮ ਨਹੀਂ ਸਨ ਖਾਂਦੀਆਂ।

ਸਤਿਗੁਰੂ ਜੀ ਗਾਹੇਬਗਾਹੇ ਗੁਰੂ ਹਰੀ ਸਿੰਘ ਜੀ ਨੂੰ ਕ੍ਰਿਪਾ ਪੱਤਰ ਭੇਜਦੇ ਰਹਿੰਦੇ ਸਨ। ਇਕ ਇਸੇ ਤਰ੍ਹਾਂ ਦੇ ਹੁਕਮਨਾਮੇ ਵਿਚ ਬੀਬੀ ਉੱਤਮੀ ਨੂੰ ਸਾਧਣੀ ਕਹਿ ਕੇ ਉਸ ਦਾ ਧਿਆਨ ਰੱਖਣ ਲਈ ਲਿਖਦੇ ਹਨ।

**24**

ਹੋਰੁ ਭਾਈ ਹਰੀ ਸਿੰਘ ਜੀ ਸੰਗਤ ਕੋ ਹੁਕਮ ਦਿਓ ਜੋ ਸਭੇ ਭਜਨ ਬਾਣੀ ਕਰੋ ਤਕੜੇ ਹੋਇਕੇ ਫੇਰ ਬਹੁਤ ਸੁਖ ਨਿਕਲੂਗਾ, ਸਤਿ ਪ੍ਰਤੀਤ ਕਰਨੀ। ਅਰਿ ਗੁਰੂ ਜੀ ਅਗੇ ਬਾਰ ਬਾਰ ਬੇਨਤੀ ਕਰਕੇ ਗੁਰਮਤਿ ਦਾ ਤੇ ਸਿਦਕ ਦਾ ਦਾਨ ਮੰਗਣਾ। ਏਸ ਮੰਗ ਤੇ ਸਾਰੇ ਈ ਕਾਰਜ ਸੌਰ ਜਾਣਗੇ।

ਹੋਰੁ ਅਤਰੀ ਦਾ ਕੁਛ ਨਹੀਂ ਲਿਖਾ, ਬਿਆਹ ਅਜੇ ਕਿਤੇ ਕਰ ਲਿਆ ਹੈ

ਜਾ ਨਹੀਂ। ਉੱਤਮੀ ਨੂੰ ਲੀੜਾ ਰੁਤ ਰੁਤ ਦਾ ਦੇਣਾ, ਗਰੀਬਣੀ ਸਾਧਣੀ ਹੈ।[11]

ਅੰਮ੍ਰਿਤਸਰ ਸ਼ਹਿਰ ਵਿਚ ਰਹਿਣ ਵਾਲੀ ਬੀਬੀ ਜੁਆਲਾ ਦੇਵੀ ਵੀ ਨਾਮਧਾਰੀਆਂ ਦੀ ਉਘੀ ਕਾਰਕੁੰਨ ਸੀ। ਉਸ ਦੇ ਨਾਮ ਸਤਿਗੁਰੂ ਜੀ ਦੇ ਬਹੁਤ ਸਾਰੇ ਹੁਕਮਨਾਮੇ ਰੰਗੂਨ ਤੋਂ ਆਏ। ਇਹਨਾਂ ਹੁਕਮਨਾਮਿਆਂ ਵਿਚ ਸਿੱਖੀ ਸਿਦਕ ਅਤੇ ਗੁਰਮਤਿ ਦੇ ਗਿਆਨ ਦੀ ਵਿਚਾਰ ਚਰਚਾ ਕਰਦੇ ਹਨ। ਇਹ ਬੀਬੀ ਜੁਆਲਾ ਦੇਵੀ ਵੀ ਬੀਬੀ ਉੱਤਮੀ ਦੀ ਚੰਗੀ ਸਹੇਲੀ ਸੀ। ਜੁਆਲਾ ਦੇਈ ਦੀ ਮਾਰਫਤ ਸਤਿਗੁਰੂ ਜੀ ਉੱਤਮੀ ਪਾਸ ਵੀ ਹੁਕਮਨਾਮਾ ਪੁਚਾਉਣ ਦੀ ਤਾਕੀਦ ਕਰਕੇ ਉਸ ਵਿਚ ਆਪਣੇ ਸ਼ੁਭ ਵਿਚਾਰ ਅੰਕਿਤ ਕਰਦੇ ਹਨ।

## 53

...ਅਰ ਉੱਤਮੀ ਨੂੰ ਏਹ ਅਰਦਾਸੁ ਉਤਾਰ ਦੇਣੀ। ਓਹ ਬੀ ਤੇਰੀ ਸਹੇਲੀ ਹੈ। ਉਤਮੀ ਏਸ ਅਰਦਾਸ ਨੂੰ ਆਪਨੇ ਪਾਸ ਰਖੇ ਹਰ ਬਖਤ। ਪ੍ਰਮੇਸਰ ਦਾ ਸਿਮਰਨ ਕਰਨਾ ਹਰਿ ਬਖਤ। ਆਖਣਾ ਹੇ ਪ੍ਰਮੇਸਰ ਤੇਰੀ ਸਰਣ ਹੈ। ਮਨਮੁਖੀਓ ਰਖਿ ਲਈ, ਗੁਰਮਤਿ ਦਾ ਦਾਨੁ ਦੇਈ ਆਪਣੀ ਦਰਗਾਹੋ। ਗੁਰੂ ਦਇਆਲ ਹੈ। ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ ਬਿਰਦ ਸੁਆਮੀ ਸੰਦਾ ਹੈ। ਜਿਤਨੇ ਸੁਖ ਹੈਨ ਲੋਕ ਦੇ ਪਰਲੋਕ ਦੇ, ਸੋ ਸਾਰੇ ਗੁਰਮਤਿ ਮੈ ਹੈਨ। ਜਿਤਨੇ ਦੁਖ ਹੈਨ ਸੁ ਮਨਮਤ ਮੈ ਹੈਨ। ਗੁਰੂ ਜੀ ਨੇ ਲਿਖਾ ਹੈ ਜਿਤਨੇ ਨਰਕ ਸੇ ਮਨਮੁਖਿ ਭੋਗੈ, ਗੁਰਮੁਖਿ ਲੇਪੁ ਨ ਮਾਸਾ ਹੇ।

ਮੈਂ ਤਾਂ ਜੋ ਬਾਤ ਆਖਦਾ ਹਾਂ ਸੋ ਗੁਰੂ ਜੀ ਦਾ ਈ ਹੁਕਮੁ ਸੁਣਾਉਦਾ ਹਾਂ। ਮੈਂ ਤਾਂ ਬੁਰਬਾਲੇ ਦੀ ਮਾਫਕ ਹਾਂ। ਰਪਟੀਆ ਕੋਈ ਵੱਡਾ ਆਦਮੀ ਨਹੀਂ ਹੁੰਦਾ। ਅਰਦਾਸ ਦੇਣੀ ਜੁਆਲਾ ਦੇਈ ਨੂ।

ਹਰਿਦਾਸ ਲਿਖੀ ਚੇਤਰ ਸੁਦੀ ਤੀਜ, ਸਾਲ 1937।"[12]

ਰੰਗੂਨ ਤੋਂ ਇਹ ਹੁਕਮਨਾਮਾ 12 ਅਪ੍ਰੈਲ ਸੰਨ 1880 ਈ. ਸੋਮਵਾਰ 2 ਵਿਸਾਖ 1937 ਬਿ. ਨੂੰ ਸ੍ਰੀ ਸਤਿਗੁਰੂ ਜੀ ਨੇ ਬੀਬੀ ਜਵਾਲਾ ਦੇਵੀ ਦੇ ਨਾਮ ਲਿਖਿਆ ਸੀ ਜਿਸਦਾ ਪਾਠ ਕਰਨ ਤੇ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੇ ਲਿਖਣ ਮੁਤਾਬਿਕ, ਸਿੱਖ ਦਾ ਈਮਾਨ ਤਾਜ਼ਾ ਹੋ ਜਾਂਦਾ ਹੈ। ਬੀਬੀ ਜੁਆਲਾ ਦੇਈ ਨੂੰ ਸੰਬੋਧਿਤ ਅਤੇ ਉਸ ਦੇ ਜ਼ਿਕਰ ਵਾਲੇ ਘਟੋ ਘੱਟ ਸੱਤ ਹੁਕਮਨਾਮ ਹਨ ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਬੀਬੀ ਜੁਆਲਾ ਦੇਵੀ ਦਾ ਨਾਮਧਾਰੀ ਭਾਈਚਾਰੇ ਵਿਚ ਕਿਤਨਾ ਸਤਿਕਾਰਤ ਸਥਾਨ ਸੀ। ਉਸੇ ਬੀਬੀ ਜਵਾਲਾ ਦੇਵੀ ਦੇ ਨਿਕਟ ਸੰਪਰਕ ਵਿਚ ਰਹਿਣ ਵਾਲੀ, ਬੀਬੀ ਉੱਤਮੀ ਵੀ ਨਾਮਧਾਰੀ ਇਤਿਹਾਸ ਦੇ ਅਮਰ ਪਾਤਰ ਦਾ ਰੁਤਬਾ ਹਾਸਲ ਕਰ ਚੁੱਕੀ

ਸੀ। ਸਤਿਗੁਰੂ ਰਾਮ ਸਿੰਘ ਜੀ ਕਦੇ ਬੀਬੀ ਜੁਆਲਾ ਦੇਵੀ, ਕਦੇ ਬੀਬੀ ਨੰਦਾ ਅਤੇ ਕਦੇ ਗੁਰੂ ਹਰੀ ਸਿੰਘ ਜੀ ਦੀ ਮਾਰਫਤ ਮਾਈ ਉੱਤਮੀ ਦੇ ਸਬੰਧ ਵਿਚ ਉਸ ਦੀ ਠੀਕ ਦੇਖਭਾਲ ਕਰਨ ਲਈ, ਆਪਣੀ ਫਿਕਰਮੰਦੀ ਪ੍ਰਗਟ ਕਰਦੇ ਹਨ।

## 65

## ੧ਓ ਸਤਿਗੁਰੂ ਪ੍ਰਸਾਦਿ

ਲਿਖਤੋ ਦਿਆਲ ਸਿੰਘ ਅੱਗੇ ਜੋਗ ਭਾਈ ਬੁਧ ਸਿੰਘ ਜੀ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ। ਸਰਬ ਦੇਸਾ ਕੀ ਸੰਗਤ ਕੋ ਫਤੇ ਬੁਲਾਈ ਪ੍ਰਮਾਨ ਕਰਨੀ।

ਹੋਰ ਭਾਈ ਮੈਂ ਬਹੁਤ ਅਨੰਦ ਖੁਸ਼ੀ ਹਾਂ ਤੇ ਸਮੂਹ ਸੰਗਤ ਕੀ ਖੁਸ਼ੀ ਅਕਾਲ ਪੁਰਖ ਪਾਸੋ ਮੰਗਦੇ ਹਾਂ। ਹੋਰ ਭਾਈ ਮੈਂ ਹਰ ਤਰ੍ਹਾਂ ਖੁਸ਼ੀ ਅਨੰਦ ਹਾਂ ਤੇ ਇਕ ਸੰਗਤ ਕੇ ਵਿਛੋੜੇ ਕਾ ਬਡਾ ਦੁਖ ਹੈ। ਸੋ ਗੁਰੂ ਭਾਵੈ ਸੋ ਕਟ ਦੇਉਗਾ। ਹੋਰੁ ਹੁਨ ਜੇਕਰ ਕੋਈ ਆਵੇ ਤਾ ਰੁੜਕੀ ਬਿਨਾ ਨਾ ਆਵਨਾ। ਹੋਰ ਜੇਕਰ ਘੋੜਿਆ ਕਾ ਨਫਾ ਹੋਵੇ ਤਾ ਰਖੋ, ਤੇ ਅਸਵਾਰੀ ਵਾਸਤੇ ਕਾਸਨੂ ਰਖਣੇ ਹੈ? ਤੁਸਾ ਨੇ ਕਿਥੇ ਜਾਣਾ ਹੈ ਤੇ ਖੇਤੀ ਕਾ ਬੀ ਬਖੇਰਾ ਹੈ। ਆਦਮੀ ਬਹੁਤ ਨਾ ਰੱਖਣੇ, ਕੰਮਕਾਰ ਵਾਸਤੇ ਰਖ ਲੇਵਣੇ।...

...ਹੋਰੁ ਬੀਬੀ ਨੰਦਾ ਉੱਤਮੀ ਕਾ ਆਦਰ ਰੱਖਣਾ, ਲੀੜਾ ਕੱਪੜਾ ਬੀ ਕੁਸ ਦੇਵਨਾ।ਉੱਤਮੀ ਬੀ ਭਜਨੁ ਬਾਣੀ ਕੀ ਮੂਰਤ ਹੈ। ਉੱਤਮੀ ਤੈ ਵੀ ਭਜਨੁ ਬਾਣੀ ਕਰਦੇ ਰਹਿਣਾ ਰਾਤ ਦਿਨ, ਕਿਤੇ ਆਵਾਗਵਨ ਫਿਰਨਾ ਨਹੀਂ।

ਜਦ ਕੇ ਤੁਸੀਂ ਭੋਗ ਪਾਠ ਕਰਨ ਲੱਗੇ ਹੋ ਤਬ ਕਾ ਮੇਰੇ ਪਾਸੋ ਭਜਨੁ ਬਾਣੀ ਬਹੁਤ ਹੁੰਦਾ ਹੈ। ਹੋਰੁ ਸਾਨੂ ਹੁਣ ਤੁਸਾ ਖ੍ਰਚਾ ਕਦੇ ਕੁਸ ਨਹੀਂ ਘਲਣਾ। ਤੁਸੀਂ ਏਥੇ ਮੇਰੇ ਨਾਉ ਤੇ ਭਜਨ ਪਾਠ ਪੁੰਨ ਦਾਨ ਕਰੋ ਜਿਤਨਾ ਬਣ ਆਵੈ, ਤੇ ਹੁਣ ਕੋਈ ਆਦਮੀ ਏਥੇ ਨਾ ਆਇਓ ਕਿਉਕੇ ਖਰਚਾ ਬਹੁਤ ਹੁੰਦਾ ਹੈ। ਹੋਰ ਭਾਈ ਭਾਈ ਹਰੀ ਸਿੰਘ ਕੋ ਮੇਰਾ ਹੀ ਸਰੂਪ ਜਾਨਣਾ ਤੇ ਮੇਰਾ ਹੀ ਸਰੀਰ ਜਾਨਣਾ। ਹੋਰ ਸਾਨੂ ਪੋਥੀ ਕੋਈ ਨਹੀਂ ਪਹੁੰਚੀ ਅਤੇ ਸੌ ਰੁਪਯਾ (੧੦੦) ਅਸਾ ਲੈ ਲੀਤਾ ਹੈ। ਤੇ ਬੀਬੀ ਨੰਦਾ ਤੇ ਉੱਤਮੀ ਕੋ ਕਹਿਣਾ ਕੇ ਪੰਜ ਗ੍ਰੰਥ ਪੜਿਆ ਕਰਨ ਹਮੇਸ਼ਾ, ਨਾਲੇ ਬਸੰਤ ਸਿੰਘ ਹੋਰਾ ਕੋ ਅੱਖਰ ਪੜਾ ਦੇਵਣੇ ਤੇ ਨਾਲੇ ਬਾਣੀ ਕੰਠ ਕਰਵਾ ਦੇਵਨੀ।[13]

ਬਸੰਤ ਸਿੰਘ ਬੀਬੀ ਨੰਦਾ ਦਾ ਪੁੱਤਰ ਸੀ, ਸਤਿਗੁਰੂ ਜੀ ਦਾ ਦੋਹਤਾ। ਇਹ ਹੁਕਮਨਾਮਾ ਲਿਖੇ ਜਾਣ ਤੱਕ ਭਾਈ ਨਾਨੂੰ ਸਿੰਘ ਪੰਜਾਬ ਨਹੀਂ ਗਿਆ ਸੀ, ਇਸ ਲਈ ਸਤਿਗੁਰੂ ਜੀ ਆਉਣ ਵਾਲੇ ਸਿੰਘਾਂ ਪਾਸੋਂ ਰੁੜਕੀ ਤੋਂ ਭਾਈ

ਨਾਨੂੰ ਸਿੰਘ ਦੇ ਪਰਿਵਾਰ ਦੇ ਸਮਾਚਾਰ ਜਾਨਣ ਲਈ ਵੀ ਇੱਛਾ ਪ੍ਰਗਟ ਕਰਦੇ ਹਨ। ਉੱਤਮੀ ਨੂੰ "ਭਜਨ ਬਾਣੀ ਦੀ ਮੂਰਤ" ਲਿਖਕੇ ਵੱਡਾ ਮਾਨ ਸਨਮਾਨ ਵੀ ਦਿੰਦੇ ਹਨ ਅਤੇ ਆਪਣੇ ਅਬੋਧ ਬਾਲਕ ਜਿਉਂ ਕਿਤੇ ਡੋਲਣ ਖਿੜਕਣ ਤੋਂ ਉਸਨੂੰ ਬਚਾਉਣ ਲਈ ਅੱਠੇ ਪਹਿਰ ਭਜਨ ਬਾਣੀ ਵਿਚ ਜੁੱਟੇ ਰਹਿਣ, ਪੰਜ ਗ੍ਰੰਥੀ ਪੋਥੀ ਵਿਚ ਦਰਜ ਸਾਰੀਆਂ ਬਾਣੀਆਂ ਦਾ ਪਾਠ ਕਰਨ ਅਤੇ ਆਵਾਗਵਣ ਨਾਂ ਤੁਰੇ ਫਿਰਨ ਜਿਹੀਆਂ ਹਦਾਇਤਾਂ ਕਰਕੇ, ਸੁਚੇਤ ਵੀ ਕਰਦੇ ਰਹਿੰਦੇ ਹਨ। ਨਾਮ ਬਾਣੀ, ਪੁੰਨ ਦਾਨ ਕਰਨ, ਲੋੜਵੰਦ ਦੀ ਯਥਾ ਸ਼ਕਤ ਸਹਾਇਤਾ ਆਦਿ ਉਹ ਕਾਰਜ ਹਨ ਜਿਹਨਾਂ ਕਰਕੇ ਆਤਮਕ ਬਲ ਵਿਚ ਵਾਧਾ ਹੁੰਦਾ ਹੈ ਅਤੇ ਇਸੇ ਆਤਮਕ ਬਲ ਦੇ ਸਿਰ ਤੇ ਕੂਕੇ ਇਸ ਕਠਿਨ ਸਮੇਂ ਵਿਚ ਫਰੰਗੀ ਸਰਕਾਰ ਦੀ ਨਿਰੰਕੁਸ਼ ਸੱਤਾ ਦੇ ਦਮਨ ਨੂੰ ਖਿੜੇ ਮੱਥੇ ਝੱਲ ਸਕੇ ਸਨ।

ਮਾਤਾ ਉੱਤਮੀ ਦੇ ਪਰਤਾਪ ਨਾਲ ਉਸਦੇ ਪਿੰਡ ਚੱਕ ਦੇਸ ਰਾਜ ਵਿਖੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਨਾਮਧਾਰੀ ਸਿੱਖੀ ਬਹੁਤ ਫਲੀ ਫੁੱਲੀ ਸੀ। ਪਿਛਲੀ ਸਦੀ ਦੇ ਤੀਜੇ ਚੌਥੇ ਦਹਾਕੇ ਵਿਚ, ਨਾਮ ਬਾਣੀ ਦੇ ਰਸੀਏ, ਉੱਘੇ ਕੂਕਾ ਪਰਚਾਰਕ ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ ਵੀ ਇਸੇ ਨਗਰ ਦੇ ਹੀ ਸਨ ਜੋ ਨਾਮਧਾਰੀ ਪੰਥ ਵਿਚ ਭੂਰੀ ਵਾਲੇ ਸੰਤਾਂ ਦੇ ਨਾਮ ਨਾਲ ਮਸ਼ਹੂਰ ਸਨ। ਵੈਸੇ ਇਹਨਾਂ ਤੋਂ ਪਹਿਲਾਂ ਸ਼ਮੀਰਪੁਰ। (ਸਿਆਲ ਕੋਟ) ਦੇ ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ ਵੀ ਹੋਏ ਹਨ ਜੋ ਮਾਨਾਂਵਾਲਾ ਬਾਰ ਦੇ ਮਾਨ ਸਰਦਾਰਾਂ ਦੇ ਪ੍ਰੇਰਣਾਂ ਸ੍ਰੋਤ ਸਨ। ਸੰਤ ਹਜ਼ੂਰਾ ਸਿੰਘ 22 ਚੇਤਰ ਸੰਬਤ 1964 (ਮੁਤਾਬਿਕ 1907 ਈ.) ਨੂੰ ਅਰਜਨ ਸਿੰਘ ਦੇ ਘਰ ਪੈਦਾ ਹੋਏ। ਚਾਚਾ ਚੰਨਣ ਸਿੰਘ ਪੱਕਾ ਨਾਮਧਾਰੀ ਸੀ। ਪੰਡਤ ਬਸੰਤ ਸਿੰਘ ਗੜ੍ਹ ਪਧਾਣੇ ਵਾਲਿਆਂ ਤੋਂ ਭਜਨ ਪੁੱਛਿਆ।ਹੋਰ ਵਿਦਵਾਨਾਂ ਦੀ ਸੰਗਤ ਕਰਕੇ ਨਾਮਧਾਰੀ ਪਰਚਾਰ ਵਿਚ ਜੁੱਟ ਗਏ। ਪੋਹ ਸੁਦੀ ਸਤਮੀ ਦੇ ਗੁਰਪੁਰਬ ਤੇ ਕਲੱਕਤੇ ਸ਼ਹਿਰ ਸਤਿਗੁਰੂ ਪ੍ਰਤਾਪ ਸਿੰਘ ਦੇ ਹੁਕਮ ਅਨੁਸਾਰ ਗਏ। ਵਾਪਸੀ ਤੇ ਲਖਨਊ ਵਿਖੇ ਰੁਕੇ ਜਿੱਥੇ 17 ਮਾਘ 1996 ਬਿ. ਮੁਤਾਬਿਕ ਫਰਵਰੀ 1940 ਈ. ਨੂੰ ਹੁਕਮ ਸੱਤ ਹੋ ਗਏ ਸਨ। ਆਪ ਹਾੜ ਸਿਆਲ ਕਾਲੀ ਭੂਰੀ ਦੀ ਬੁੱਕਲ ਮਾਰ ਕੇ ਵਿਚਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਹਿਲੇ ਸਿਆਮ ਦੌਰੇ ਸਮੇਂ ਆਪ ਵੀ ਇਸ ਦਾ ਭਾਗ ਬਣੇ ਸਨ। ਸਿਰਫ 32 ਸਾਲ ਦੀ ਆਰਜਾ ਵਿਚ ਜਿਸ ਲਗਨ ਨਾਲ ਨਾਮਧਾਰੀ ਪੰਥ ਦੀ ਸੇਵਾ ਕੀਤੀ ਉਹ ਮਿਸਾਲੀ ਬਣ ਗਈ। ਉਹਨਾਂ ਦੀ ਘਾਲੀ ਵੱਡੀ ਘਾਲਣਾ ਨੂੰ ਮਾਈ ਉੱਤਮੀ ਦੀ ਵਿਰਾਸਤ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਸੰਤਾਂ ਦਾ ਵੱਡਾ ਭਾਈ ਸੁਵਰਨ ਸਿੰਘ ਭਗਾਉਤਾ

ਸੀ। ਉਸ ਦਾ ਲੜਕਾ ਜੋਗਿੰਦਰ ਸਿੰਘ ਚੱਕ ਦੇਸ ਰਾਜ ਵਿਚ ਰਹਿੰਦਾ ਹੈ। ਦੂਜਾ ਭਾਈ ਮਲਕੀਤ ਸਿੰਘ ਕੁੱਸਰ (ਸਿਰਸਾ) ਹੈ।

ਸਤਿਜੁਗ ਦੇ ਪਹਿਲੇ ਸੰਤ ਅੰਕ ਵਿਚ ਸੰਤ ਹਜ਼ੂਰਾ ਸਿੰਘ ਭੂਰੀ ਵਾਲਿਆਂ ਨੇ ਗੁਜ਼ਰਨ ਤੋਂ ਕੁਝ ਸਮਾਂ ਪਹਿਲਾਂ ਹੀ, ਮਾਈ ਉੱਤਮੀ ਦੇ ਪਿਤਾ ਬਾਬਾ ਦੇਵਾ ਸਿੰਘ ਜੀ ਚੱਕ ਦੇਸ ਰਾਜ ਬਾਰੇ ਇਕ ਲੇਖ ਲਿਖਵਾਇਆ ਸੀ। ਇਸ ਵਿਚ ਦਰਜ਼ ਹੈ ਕਿ ਇਹਨਾਂ ਤਿੰਨਾਂ ਸਿੰਘਾਂ ਦੇ ਪਿੰਡ ਵਿਚ ਚਰਨ ਪਾਉਣ ਦੀ ਅਰਜ਼ ਤੇ ਹੀ ਸੂਬਾ ਲੱਖਾ ਸਿੰਘ ਨੇ ਹੀ ਕਿਹਾ ਸੀ ਕਿ ਦੌਰਿਆ ਦਾ ਕੰਮ ਮਾੜਿਆਂ ਤਾੜਿਆਂ ਦਾ ਨਹੀਂ। ਇਸ ਤੇ ਸਿੰਘਾਂ ਨੇ ਕਿਹਾ ਸੀ– "ਦੁਨੀਆਂ ਵਿਚ ਤਾਂ ਮਾਇਆ ਵਾਲਿਆਂ ਦੀ ਜਿੱਤ ਹੈ। ਗਰੀਬ ਹਮੇਸ਼ਾ ਲਤਾੜੀਦੇ ਹਨ। ਕੀ ਅਕਾਲ ਪੁਰਖ ਦੇ ਦਰ ਤੇ ਵੀ ਗਰੀਬਾਂ ਨੂੰ ਧੱਕੇ ਤੇ ਮਾਇਆ ਵਾਲਿਆਂ ਦਾ ਹੀ ਆਦਰ ਹੈ। ਅਸੀਂ ਤੇ ਗਰੀਬ ਨਿਵਾਜ਼ ਜਾਣ ਕੇ ਆਏ ਸਾਂ। ਫਿਰ ਭੀ ਅਰਜ਼ ਮਨਜ਼ੂਰ ਨਾ ਹੋਈ।" ਸਵੇਰੇ ਆਸਾ ਦੀ ਵਾਰ ਦੇ ਭੋਗ ਬਾਅਦ ਸਤਿਗੁਰੂ ਜੀ ਨੇ ਆਪ ਇਹਨਾਂ ਪ੍ਰੇਮੀਆਂ ਪਾਸ ਆ ਕੇ ਕਿਹਾ ਕਿ ਦੋ ਸਿੰਘ ਨਾਲ ਲੈ ਜਾਵੋ, ਘਰ ਵਿਚ ਜੋ ਰੁੱਖਾ ਮਿੱਸਾ ਹੈ ਉਹੋ ਅੰਮ੍ਰਿਤ ਹੈ ਲੰਗਰ ਤਿਆਰ ਕਰੋ। ਪਿੰਡ ਤਾਂ ਸਾਰਾ ਸੁਲਤਾਨ ਦਾ ਚੇਲਾ ਸੀ। ਘਰ ਘਰ ਹੁੱਕੇ ਗੁੜਕਦੇ ਸਨ। ਜਦੋਂ ਸਤਿਗੁਰੂ ਜੀ ਦੇ ਨਾਲ ਹਜਾਰਾਂ ਸਿੰਘਾਂ ਦੇ ਦਰਸ਼ਨ ਕੀਤੇ ਤਾਂ ਸਾਰੇ ਪਿੰਡ ਦੀ ਕਾਇਆ ਪਲਟ ਗਈ। ਭਾਈ ਦੇਵਾ ਸਿੰਘ ਨੇ ਕਿਹਾ ਸੱਚੇ ਪਾਤਸ਼ਾਹ ਜੇ ਤੇਰੇ ਸਿੰਘ ਸਜੇ ਹਾਂ ਤਾਂ ਡੋਲੀਏ ਨਾਂ, ਸਿਖੀ ਸਿਦਕ ਵੀ ਬਖਸ਼ੋ। ਜਿਹੜੇ ਪਹਿਲਾਂ ਮਖੌਲ ਕਰਦੇ ਸਨ ਉਹ ਵੀ ਕੂਕੇ ਬਣ ਗਏ। ਸਾਰਾ ਪਿੰਡ ਨਾਮਧਾਰੀ ਸਜ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਚੱਕ ਦੇਸ ਰਾਜ ਵਿਚ ਦੋ ਵੇਰ, ਗੁਰੂ ਹਰੀ ਸਿੰਘ ਜੀ ਨੇ ਤਿੰਨ ਚਾਰ ਵਾਰ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਨੇਕ ਵਾਰ ਦਰਸ਼ਨ ਦਿਤੇ ਸਨ।[15]

ਇਸ ਤਰ੍ਹਾਂ ਦੇ ਸਿੱਖੀ ਸਿਦਕ ਨਾਲ ਭਰਪੂਰ ਬਾਬਾ ਦੇਵਾ ਸਿੰਘ ਦੇ ਘਰ ਪੈਦਾ ਹੋਣ ਵਾਲੀ ਬੀਬੀ ਉੱਤਮੀ, ਭਜਨ ਦੀ ਮੂਰਤ, ਖੜਕੇ ਦੜਕੇ ਵਾਲੀ ਸੂਰਬੀਰ ਮਾਈ ਹੋਈ ਅਤੇ ਦੀਨ ਦੁਖੀਆਂ ਦੇ ਦੁੱਖ ਦੂਰ ਕਰਕੇ ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਘਰ ਨਾਲ ਜੋੜਨ ਦੀ ਵੱਡੀ ਸੇਵਾ ਨਿਬਾਹ ਗਈ। ਗੁਰੂ ਹਰੀ ਸਿੰਘ ਕਾਲ ਵਿਚ ਉਸਦੀ ਸੇਵਾ ਵੱਡਮੁੱਲੀ ਹੈ।

## ਹਵਾਲੇ ਤੇ ਟਿੱਪਣੀਆਂ

(1) ਸੰਤ ਕਾਲਾ ਸਿੰਘ ਨੰਗਲ ਵਾਲੇ ਕ੍ਰਿਤ 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਸੰ. ਦੇਵਿੰਦਰ ਸਿੰਘ ਗਿੱਲ ਜੀਆ ਨੱਥਾ, ਦੂਜੀ ਛਾਪ 2014 ਈ. ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ, 'ਸਤਿਗੁਰਾਂ ਨੇ ਮਾਈਆਂ ਬੀਬੀਆਂ ਨੂੰ ਉਪਦੇਸ਼ ਕਰਨਾ', ਸਫਾ 29-30

(2) ਸੰਤ ਨਿਧਾਨ ਸਿੰਘ ਆਲਿਮ ਦੀ ਰਚਨਾ, "ਕੂਕਾ ਇਤਿਹਾਸ ਦਾ ਇਕ ਸ਼ਾਨਦਾਰ ਵਰਕਾ',-ਅਖੰਡ ਪਾਠਾਂ ਦੀ ਸਜ਼ਾ ਕੈਦ, ਜੁਰਮਾਨਾਂ ਤੇ ਮੌਤ, ਸਤਿਜੁਗ ਦਾ ਬਸੰਤ ਅੰਕ, ਮਾਘ-ਫੱਗਣ 2010 ਬਿ, ਜੀਵਨ ਨਗਰ (ਹਿਸਾਰ), ਸਫਾ 158-59

(3) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਸੰ, ਜਸਵਿੰਦਰ ਸਿੰਘ, 1998 ਈ.ਸਫਾ 289-90

(4) ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ, 1968, ਦਮਦਮਾ (ਜਿ ਹਿਸਾਰ), ਸਫਾ 28-30

(5) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-੩, ਲਾਲ ਏਹਿ ਰਤਨ, ਸੰ. ਪ੍ਰਿੰ. ਬੇਅੰਤ ਕੌਰ, ਸਫਾ 291-92

(6) ਪ੍ਰੀਤਮ ਸਿੰਘ ਕਵੀ-ਇਸਤਰੀ ਜਾਤੀ ਦੇ ਮੁਕਤੀ ਦਾਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਪੈਂਫਲਿਟ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਇਸਤਰੀ ਉਪਕਾਰਾਂ ਦਾ 150 ਵਾਂ ਵਰ੍ਹਾਂ (1863-2013 ਈ.), ਉਪਕਾਰਾਂ ਦੀ ਗਾਥਾ, ਭੈਣੀ ਸਾਹਿਬ, ਸਫਾ 5

(7) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਸਫਾ 217-18

(8) ਉਹੀ, ਸਫਾ 235

(9) ਬਿਸ਼ਨ ਸਿੰਘ, ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ, ਸਫਾ 105-07

(10) ਉਹੀ, ਸਫਾ 35-38

(11) ਹੁਕਮਨਾਮੇ, ਸਫਾ 278-79

(12) ਉਹੀ, ਸਫਾ 429-30

(13) ਉਹੀ, ਸਫਾ 530-37

(14) ਸੰਤ ਨਿਧਾਨ ਸਿੰਘ ਆਲਿਮ ਦਾ ਲੇਖ, ਸੰਤ ਹਜ਼ੂਰਾ ਸਿੰਘ ਭੂਰੀ ਵਾਲੇ, ਸਤਿਜੁਗ ਦਾ ਸੰਤ ਅੰਕ ੭ ਚੇਤਰ ਸੰਬਤ

1996, ਸ੍ਰੀ ਭੈਣੀ ਸਾਹਿਬ, ਸਫਾ 196-97

(15) ਸਤਿਜੁਗ ਦਾ ਪਹਿਲਾ ਸੰਤ ਅੰਕ, ਸਫਾ 177-79

❉

# ਲਾਹੌਰ ਸ਼ਹਿਰ ਦਾ ਪ੍ਰਮੁੱਖ ਕੂਕਾ ਆਗੂ ਭਾਈ ਦੇਵਾ ਸਿੰਘ

ਲਾਹੌਰ ਅਣਵੰਡੇ ਪੰਜਾਬ ਦੀ ਰਾਜਧਾਨੀ ਸੀ ਜਿਸ ਵਿੱਚ ਅਟਕ ਤੋਂ ਜਮਨਾ ਦਰਿਆ ਤੱਕ ਦਾ ਵਿਸ਼ਾਲ ਭੂ ਭਾਗ ਅਤੇ ਬਹੁਤ ਸਾਰਾ ਪਹਾੜੀ ਇਲਾਕਾ ਵੀ ਸ਼ਾਮਲ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਵੀ ਪੰਜਾਬ ਦੀ ਰਾਜਧਾਨੀ ਇਸੇ ਨੂੰ ਬਣਾਈ ਰੱਖਿਆ। ਉੱਤਰ ਪੱਛਮੀ ਭਾਰਤ ਦੇ ਇਲਾਕਿਆਂ ਅਤੇ ਇਸ ਦਿਸ਼ਾ ਵੱਲੋਂ ਅਕਸਰ ਆਉਣ ਵਾਲੇ ਵਿਦੇਸ਼ੀ ਆਕ੍ਰਮਣਕਾਰੀਆਂ ਨਾਲ ਸਿੱਝਣ ਲਈ ਵੀ ਅਨੇਕ ਮੁਗਲ ਅਤੇ ਹੋਰ ਬੰਸਾਂ ਦੇ ਦਿੱਲੀ ਦੇ ਸੁਲਤਾਨ, ਬਾਦਸ਼ਾਹ ਕਾਫੀ ਸਮਾਂ ਲਾਹੌਰ ਵਿੱਚ ਰਹਿ ਕੇ ਹੀ ਰਾਜ ਕਾਜ ਚਲਾਇਆ ਕਰਦੇ ਸਨ। ਧਰਤੀ ਤੇ ਸਵਰਗ ਦੇ ਟੁਕੜੇ ਕਸ਼ਮੀਰ ਦੀ ਸੈਰ ਨੂੰ ਜਾਣ ਵਾਲੇ, ਦਿੱਲੀ-ਪਤੀਆਂ ਦਾ ਰਸਤੇ ਵਿੱਚ ਵੱਡਾ ਪੜਾਅ, ਲਾਹੌਰ ਹੀ ਹੋਇਆ ਕਰਦਾ ਸੀ। ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਲਾਹੌਰ ਦੇ ਨਖਾਸ ਚੌਂਕ ਵਿੱਚੋਂ ਬੇਦੋਸ਼ੇ ਸਿੱਖਾਂ ਦੇ ਵੱਢੇ ਹੋਏ ਸਿਰਾਂ ਦੇ ਗੱਡੇ ਭਰ ਭਰ ਕੇ ਦਿੱਲੀ ਭੇਜੇ ਜਾਂਦੇ ਸਨ, ਤਾਂ ਕਿ ਹਕੂਮਤ ਦੇ ਬਾਗੀਆਂ ਨੂੰ ਮਿਲਣ ਵਾਲੀ ਸਜ਼ਾ ਦਾ ਸਾਮੂਹਿਕ ਜਸ਼ਨ ਦੇਸ਼ ਦੀ ਰਾਜਧਾਨੀ ਵਿੱਚ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਏ। ਸ਼ਹੀਦਾਂ ਦੇ ਸਿਰਤਾਜ ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਦੀ ਦਰਦੀਲੀ ਤੇ ਦਿਲ ਕੰਬਾਊ ਸ਼ਹੀਦੀ ਦੀ ਦਾਸਤਾਨ ਵੀ ਰਾਵੀ, ਜੋ ਉਦੋਂ ਸ਼ਾਹੀ ਕਿਲ੍ਹੇ ਲਾਹੌਰ ਦੇ ਨਾਲ ਖਹਿ ਕੇ ਵਗਦੀ ਸੀ, ਡੇਹਰਾ ਸਾਹਿਬ ਦੇ ਪਾਸ ਉਸਦਾ ਸੁੱਕ ਚੁੱਕਾ ਵਹਿਣ ਵੀ ਸੰਭਾਲੀ ਬੈਠਾ ਸੀ। ਇਸੇ ਲਾਹੌਰ ਨੇ ਧਰਤੀ-ਪੁੱਤਰ, ਮਹਾਂਬਲੀ ਰਣਜੀਤ ਸਿੰਘ ਦੇ ਤੇਜ ਪਰਤਾਪ ਦਾ ਸਿਖਰ ਵੀ ਵੇਖਿਆ ਤੇ ਤਾਸ਼ ਦੇ ਪੱਤਿਆਂ ਜਿਉਂ ਖਿੱਲਰਦੀ ਉਹ ਵਿਸ਼ਾਲ ਸਲਤਨਤ ਵੀ ਵੇਖੀ। ਨਾਮਧਾਰੀ ਸੰਤ ਖਾਲਸੇ ਦੀ ਸਾਜਨਾ ਤੋਂ ਪਹਿਲਾਂ, ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਆਰਜਾ ਦਾ ਭਰਪੂਰ ਜੁਆਨੀ ਵਾਲਾ ਤੀਜਾ ਦਹਾਕਾ, ਸਿੱਖ ਸੈਨਾ ਵਿੱਚ ਸੇਵਾ ਕਰਦਿਆਂ, ਲਾਹੌਰ ਸ਼ਹਿਰ ਦੀ ਸੈਨਿਕ ਛਾਉਣੀ ਵਿੱਚ ਹੀ ਬਤੀਤ ਕੀਤਾ ਜਿੱਥੇ ਉਹਨਾਂ ਨੇ ਸਿੱਖਾ- ਸ਼ਾਹੀ, ਡੋਗਰਾ-ਗਰਦੀ ਅਤੇ ਪੰਜਾਬ ਹੱੜਪਣ ਲਈ ਚੱਲੀਆਂ ਜਾ ਰਹੀਆਂ ਫਰੰਗੀਆਂ ਦੀਆਂ ਲੂੰਬੜ ਚਾਲਾਂ ਨੂੰ ਬਰੀਕ ਬੀਨੀ ਨਾਲ ਘੋਖਿਆ ਪੜਚੋਲਿਆ। ਭਾਈ ਮਹਾਰਾਜ ਸਿੰਘ, ਬਾਬਾ ਖੁਦਾ ਸਿੰਘ ਜਿਹੇ ਸੰਤ-ਸਿਪਾਹੀਆਂ ਅਤੇ ਨਾਮਬਾਣੀ ਦੇ ਰੰਗ ਵਿੱਚ ਰੰਗੇ

ਮਸਤਾਂ ਨਾਲ ਗਹਿਰੇ ਆਤਮਕ ਸੰਵਾਦ ਰਚਾਏ। ਵੈਸਾਖੀ ਸੰਨ 1857 ਨੂੰ ਨਾਮਧਾਰੀ ਸੰਤ ਖਾਲਸੇ ਦੀ ਸ੍ਰੀ ਭੈਣੀ ਸਾਹਿਬ ਵਿਖੇ ਸਾਜਣਾ ਉਪਰੰਤ ਉਹ ਆਪਣੇ ਪਰਚਾਰ ਦੌਰਿਆਂ ਸਮੇਂ ਜਾਂ ਹੋਰ ਵਿਸ਼ੇਸ਼ ਕਾਰਜਾਂ ਜਿਹਾ ਕਿ ਹਜਰੋਂ ਸਾਹਿਬ ਵਿਖੇ ਗੁਰੂ ਬਾਲਕ ਸਿੰਘ ਜੀ ਨਾਲ ਮੇਲ ਮਿਲਾਪ, ਦਰਸ਼ਨ ਪਰਸ਼ਨ ਕਰਨ ਜਾਂਦਿਆਂ ਜਾਂ ਆਉਂਦਿਆਂ, ਉਹ ਫਿਰ ਅਕਸਰ ਲਾਹੌਰ ਸ਼ਹਿਰ ਵਿੱਚ ਕਿਆਮ ਕਰਕੇ, ਸੰਗਤਾਂ ਨੂੰ ਨਾਮਬਾਣੀ ਨਾਲ ਜੋੜਦੇ ਅਤੇ ਫਰੰਗੀ ਸਰਕਾਰ ਵਿਰੁੱਧ ਲੋਕ ਚੇਤਨਾ ਪੈਦਾ ਕਰਕੇ, ਜਨ ਲਾਮਬੰਦੀ ਦੁਆਰਾ, ਬੰਧਨ ਮੁਕਤ ਹੋਣ ਦਾ ਉਪਦੇਸ਼ ਦਿੰਦੇ।

ਐਸੇ ਮਹੱਤਵਪੂਰਨ ਸ਼ਹਿਰ ਲਾਹੌਰ ਵਿੱਚ ਕੂਕਿਆਂ ਦਾ ਪਰਮੁੱਖ ਕੇਂਦਰ ਅਤੇ ਵੱਡਾ ਟਿਕਾਣਾ ਭਾਈ ਦੇਵਾ ਸਿੰਘ ਰਾਮਗੜ੍ਹੀਏ ਦਾ ਅਨਾਰਕਲੀ ਵਿੱਚ ਸਥਿੱਤ, ਕਾਰਖਾਨਾ ਹੋਇਆ ਕਰਦਾ ਸੀ। ਜਿੱਥੇ ਸਰਕਾਰ ਦੀਆਂ ਅੱਖਾਂ ਵਿੱਚ ਪੁੱਠ ਕੰਡੇ, ਜਿਉਂ ਰੜਕਣ ਵਾਲੇ ਬਾਗੀ ਕੂਕੇ ਜਾਂ ਨਾਮਧਾਰੀ ਸਿੱਖ, ਦਿਨ ਰਾਤ, ਜਦੋਂ ਚਾਹੁਣ ਕਿਸੇ ਸਮੇਂ ਵੀ ਆ ਕੇ ਰੁਕ ਸਕਦੇ ਸਨ। ਇਸ ਤਰ੍ਹਾਂ ਦੀ ਠਾਹਰ ਕੋਈ ਦਿਲ ਗੁਰਦੇ ਵਾਲਾ ਸੱਜਣ ਹੀ, ਪਰਦਾਨ ਕਰ ਸਕਦਾ ਸੀ। ਭਾਈ ਦੇਵਾ ਸਿੰਘ ਉਸ ਮਿੱਟੀ ਦਾ ਬਣਿਆ ਹੋਇਆ ਸੀ, ਜੋ ਕੁੱਟਿਆਂ ਭਰਨ ਦੀ ਥਾਂ ਸਗੋਂ ਫੌਲਾਦ ਬਣ ਜਾਂਦੀ ਹੈ। ਸਾਡਾ ਪਹਿਲਾ ਇਤਿਹਾਸ ਲੇਖਕ ਸੰਨ 1868 ਈ. ਦੀ ਦੀਵਾਲੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਅੰਮ੍ਰਿਤਸਰ ਜਾਣਾ ਲਿਖ ਕੇ ਫਿਰ ਲਾਹੌਰ ਆਗਮਨ ਬਾਰੇ ਲਿਖਦਾ ਹੈ। ਅੰਮ੍ਰਿਤਸਰ ਤੋਂ ਪਿੰਡਾਂ ਵਿੱਚ ਦੀ ਪੜਾਓ ਪੜਾਈ ਆਪ ਲਾਹੌਰ ਪੁੱਜਦੇ ਹਨ ਜਿੱਥੇ ਭਾਈ ਦੇਵਾ ਸਿੰਘ ਅਤੇ ਹੋਰ ਸੰਗਤ ਦਾ ਆਪ ਦੀ ਸ਼ਰਨ ਵਿੱਚ ਆਉਣ ਦਾ ਵੇਰਵਾ ਮਿਲਦਾ ਹੈ।

"ਅਰਦਾਸਾ ਕਰਕੇ ਚੱਲੇ। ਭਸੀਣ ਦੇ ਵਿੱਚੋਂ ਦੀ ਦਰਸ਼ਨ ਦਿੰਦੇ ਲਾਹੌਰ ਜਾਇ ਉੱਤਰੇ ਬੌਲੀ (ਬਾਉਲੀ) ਸਾਹਿਬ ਮੇਂ। (ਇਹ ਬਾਉਲੀ ਕਿਲੇ ਦੇ ਲਾਗੇ ਹੀ ਡੱਬੀ ਬਾਜ਼ਾਰ ਵਿਚ ਛੱਜੂ ਵਪਾਰੀ ਦੇ ਅਰਪੇ ਧਨ ਦੁਆਰਾ ਗੁਰੂ ਅਰਜਨ ਦੇਵ ਜੀ ਨੇ ਬਣਵਾਈ ਸੀ।) ਸੁਣ ਕੇ ਦੇਵਾ ਸਿੰਘ ਲਾਹੌਰ ਕਾ ਭੀ ਆਇਆ।ਦਰਸ਼ਨ ਕੀਤਾ ਤੇ ਭਜਨ ਲਿਆ। ਨਿਸ਼ਚਾ ਹੋਇਆ ਜੋ ਪੂਰਨ ਗੁਰੂ ਹੈਨ। ਜਿਸ ਗੁਰੂ ਜੀ ਦੀ ਉਪਮਾ (ਸ੍ਰੀ ਆਦਿ ਗੁਰੂ) ਗ੍ਰੰਥ ਸਾਹਿਬ ਵਿਚ ਲਿਖੀ ਹੈ। ਸਾਖੀਆਂ ਵਿੱਚ ਲਿਖਾ ਹੈ- ਕਲਜੁਗ ਤੇ ਸਤਿਜੁਗ ਕਰ ਠਾਨੋ। ਤਬੀ ਬਾਰ੍ਹਵਾਂ ਬਹੁ ਪਹਿਚਾਨੋ।" (ਗੁਰਿੰਡ ਨਾਮਾ)। ਗੁਰੂ ਜੀ ਬਚਨ ਕੀਤਾ ... ਦੇਖੋ ਅਸੀਂ ਹਰੇਕ ਜੀਵ ਦਾ ਭਲਾ ਕਰਦੇ ਹਾਂ ਫਰੰਗੀ ਏਸ ਦੇਸੋਂ ਚਲੇ ਜਾਣਗੇ। ਪਾਛੇ ਖੜਕੇਗਾ ਪੌਲਾ। ਅੱਗੇ ਜਿਸ ਕੋ ਦੇਵੇ ਮੌਲਾ।

“ਲਾਹੌਰ ਮੇਂ ਕਈ ਸਿੱਖਾਂ ਨੇ ਸਲਾਹ ਕੀਤੀ ਜੋ ਨਿੱਕਾ ਮੁੰਡਾ ਪੈਹਲੇ ਭੇਜਦੇ ਹਾਂ। ਭਾਈ ਧਿਆਨ ਸਿੰਘ ਨਾਮੇ ਭੇਜਿਆ। ਛੋਟਾ ਮੁੰਡਾ ਸਾਮ੍ਹਣੇ ਜਾਇਕੇ ਕੈਹਣੇ ਲੱਗਾ ਜੀ ਮੈਂ ਭਜਨ ਲੈਣਾ ਹੈ। ਝੱਟ ਭਜਨ ਦੇ ਦਿੱਤਾ। ਜਾਂ ਸੁਣ ਕੇ ਆਇਆ ਤਾਂ ਪਿਤਾ ਅਤੇ ਹੋਰ ਸਨਬੰਧੀ ਪੁੱਛਣ ਤਾਂ ਕੈਹਣੇ ਲੱਗਾ ਤੁਸੀਂ ਆਪ ਜਾ ਕੇ ਪੁੱਛ ਲਵੋ। ਹੱਕੇ ਬੱਕੇ ਰਹਿ ਗਏ ਕਿ ਦੇਖੋ ਇਸ ਇਵਾਣੇ ਕੋ ਖਬਰ ਨਹੀਂ ਕੀ ਦੱਸਿਆ ਹੈ ? ਸਖਾਲ ਕੇ ਭੇਜਿਆ ਸੀ ਪਰ ਦੱਸਦਾ ਨਹੀਂ ਹੈ ਸਭ ਅਚਰਜ ਹੋਏ।"[1]

ਇਹ ਛੋਟਾ ਬਾਲਕ, ਪਿੰਡ ਛੋਟੀਆਂ ਗਲੋਟੀਆਂ ਦੇ ਸ੍ਰੀ ਬੂਟਾ ਸਿੰਘ ਬਮਰਾਹ ਅਤੇ ਮਾਤਾ ਹਰ ਕੌਰ ਦਾ ਪੁੱਤਰ ਧਿਆਨ ਸਿੰਘ ਸੀ ਜਿਸ ਦਾ ਪਿਤਾ ਸਿਆਲਕੋਟ ਜ਼ਿਲ੍ਹੇ ਦੇ ਆਪਣੇ ਪਿੰਡ ਤੋਂ ਜੋ ਡਸਕੋ ਤੋਂ ਤਿੰਨ ਮੀਲ ਦੂਰ ਸੀ, ਲਾਹੌਰ ਆ ਵੱਸਿਆ ਸੀ। ਉਹ ਸ੍ਰ. ਬੂਟਾ ਸਿੰਘ ਆਪ ਭਜਨ ਪੁੱਛਣ, ਤਾਂ ਨਹੀਂ ਸੀ ਜਾਂਦੇ, ਕਿਉਂਕਿ ਸਿੱਖ ਤਖਤਾਂ ਦੇ ਪੁਜਾਰੀ, 1862 ਈ. ਦੀ ਦੀਵਾਲੀ ਤੋਂ ਕੂਕਿਆਂ ਉੱਪਰ ਇਹ ਝੂਠੀ ਤੋਹਮਤ ਲਾ ਰਹੇ ਸਨ ਕਿ ਕੂਕੇ ਮੁਸਲਮਾਨੀ ਕਲਾਮ ਕੰਨ ਵਿੱਚ ਸੁਣਾਉਂਦੇ ਹਨ। ਇਸ ਊਜ ਦਾ ਖੰਡਨ ਗਿਆਨੀ ਗਿਆਨ ਸਿੰਘ ਆਪਣੀ ਰਚਨਾ ਪੰਥ ਪ੍ਰਕਾਸ਼' ਵਿੱਚ ਆਪਣੀ ਨਿਜੀ ਅਗਵਾਹੀ ਤੇ ਕਰ ਚੁੱਕੇ ਹਨ।ਖੈਰ ਕੁਝ ਵੀ ਹੋਇਆ ਅੱਗੇ ਚੱਲ ਕੇ ਇਹੋ ਨਾਬਾਲਿਗ ਬੱਚਾ ਲਾਹੌਰ ਸ਼ਹਿਰ ਵਿੱਚ ਸ੍ਰ. ਧਿਆਨ ਸਿੰਘ ਪੱਥਰਾਂ ਵਾਲਾ ਕਰ ਕੇ ਮਸ਼ਹੂਰ ਹੋਇਆ। ਜਿਸ ਦਾ ਭਾਟੀ ਦਰਵਾਜਾ ਲਾਹੌਰ ਵਾਲਾ ਵਿਸ਼ਾਲ ਭਵਨ, ਨਾਮਧਾਰੀ ਸੰਗਤ ਦੀ ਆਵਾਜਾਈ ਲਈ ਦੇਸ਼ ਵੰਡ ਤੱਕ ਹਮੇਸ਼ਾਂ ਖੁੱਲ੍ਹਾ ਰਹਿੰਦਾ ਸੀ। ਇਸੇ ਬਾਲਕ ਧਿਆਨ ਸਿੰਘ ਨੇ ਕਾਲਾਂਤਰ ਵਿੱਚ ਨਾਂ ਸਿਰਫ ਬਾਬਾ ਦੇਵਾ ਸਿੰਘ ਜੀ ਦੇ ਚਲਾਣੇ ਤੋਂ ਬਾਅਦ ਲਾਹੌਰ ਦੀ ਨਾਮਧਾਰੀ ਸੰਗਤ ਦਾ ਮੁਖੀ ਬਣਨਾ ਸੀ ਸਗੋਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੋਹਾਂ ਛੋਟਿਆਂ ਭਾਈਆਂ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਸਹੁਰਾ ਹੋਣ ਦਾ ਮਾਨ ਵੀ ਹਾਸਿਲ ਕਰਨਾ ਸੀ। ਭਾਈ ਦੇਵਾ ਸਿੰਘ ਤਾਂ ਭਰ ਜੁਆਨੀ ਵਿੱਚ ਕੂਕੇ ਬਣ ਗਏ ਸਨ ਅਤੇ ਕੂਕਾ ਪਰਚਾਰ ਵਿੱਚ ਉਹਨਾਂ ਦੀ ਦਿਲਚਸਪੀ ਅਤੇ ਸਤਿਗੁਰੂ ਜੀ ਦੇ ਮਿਸ਼ਨ ਨਾਲ ਮੁਕੰਮਲ ਸਹਿਮਤੀ ਕਾਰਨ, ਉਹ ਆਪ ਜੀ ਦੇ ਪਿਆਰੇ ਸਿੱਖਾਂ ਵਿੱਚ ਗਿਣੇ ਜਾਂਦੇ ਸਨ। ਉਹਨਾਂ ਦੇ ਲਾਹੌਰ ਵਿੱਚ ਰਹਿੰਦੇ ਹੋਰ ਮਹੱਤਵਪੂਨ ਕੂਕਾ ਆਗੂਆਂ ਨਾਲ ਵੀ ਬੜੇ ਜੀਵੰਤ ਸਬੰਧ ਸਨ ਜਿਹਨਾਂ ਵਿੱਚੋਂ “ਆਫਤਾਬ ਏ ਪੰਜਾਬ' ਪਰਚਾ 1872 ਤੋਂ ਆਪਣੇ ਪ੍ਰਿੰਟਿੰਗ ਪ੍ਰੈੱਸ ਵਿੱਚ ਛਾਪਣ ਵਾਲਾ ਦੀਵਾਨ ਬੂਟਾ ਸਿੰਘ ਪਰਮੁੱਖ ਸੀ। ਦੀਵਾਨ ਸਾਹਿਬ ਮਹਾਰਾਣੀ ਜਿੰਦ ਕੌਰ ਦੇ ਦੀਵਾਨ ਸਨ ਅਤੇ ਪੰਜਾਬ ਉਪਰ ਅੰਗਰੇਜ਼ਾਂ ਦੇ ਕਬਜ਼ੇ ਬਾਅਦ, ਆਪ

ਨੂੰ ਜਲਾਵਤਨ ਕਰਕੇ ਸੱਤ ਸਾਲ ਅਲਾਹਾਬਾਦ ਕਿਲ੍ਹੇ ਵਿੱਚ ਨਜ਼ਰਬੰਦ ਰੱਖਿਆ ਸੀ। ਉੱਘੇ ਕੂਕਿਆਂ ਵਿੱਚ ਮਕਬੂਲ ਹੋਣ ਕਾਰਨ ਦੇਵਾ ਸਿੰਘ ਸਰਕਾਰੀ ਰੀਕਾਰਡ ਵਿੱਚ ਸੂਬਾ ਪਦਵੀ ਦਾ ਧਾਰਨੀ ਲਿਖਿਆ ਹੈ ਅਤੇ ਉਸ ਨੇ ਆਪਣੀਆਂ ਪੰਥਕ ਸਰਗਰਮੀਆਂ ਵਿੱਚ ਦੋ ਮਹੀਨੇ ਕੈਦ ਵੀ ਕੱਟੀ ਸੀ।

**ਸਰਕਾਰੀ ਰੀਕਾਰਡ ਵਿੱਚ ਦਰਜ ਹੈ–**

"ਲਾਹੌਰ ਜ਼ਿਲ੍ਹੇ ਦੇ ਈ. ਸੰਨ 1881 ਦੇ ਮਹੱਤਵਪੂਰਨ ਕੂਕਿਆਂ ਦੀ ਸੂਚੀ ਵਿੱਚ, ਪਹਿਲੇ ਨੰਬਰ ਤੇ ਦੇਵਾ ਸਿੰਘ ਪੁੱਤਰ ਸੋਭਾ ਸਿੰਘ ਰਾਮਗੜ੍ਹੀਏ ਦਾ ਨਾਮ ਲਿਖਿਆ ਹੈ ਜੋ ਸ਼ਹਿਰ ਲਾਹੌਰ ਵਿੱਚ ਰਹਿੰਦਾ ਹੈ। ਅੱਖਾਂ ਛੋਟੀਆਂ, ਰੰਗ ਗੋਰਾ, ਸੱਜੇ ਨਥਨੇ ਵਿੱਚ ਛੇਕ ਹੈ ਜੋ ਕਿ ਵਿੰਨ੍ਹਿਆ ਹੋਇਆ ਹੈ ਦਾਹੜੀ ਭੂਰੀ (ਸਫੈਦ), ਲੰਬੀ ਹੈ, ਕੱਦ ਲੰਬਾ, ਸਰੀਰ ਪਤਲਾ ਅਤੇ ਉਮਰ 58 ਸਾਲ ਦੀ ਹੈ। ਖ਼ਾਸੀਅਤਾਂ ਵਾਲੇ ਖਾਨੇ ਵਿੱਚ ਲਿਖਿਆ ਹੈ ਕਿ ਗੁਰੂ ਰਾਮ ਸਿੰਘ ਨੇ 1871 ਵਿੱਚ ਇਸ ਸ਼ਖ਼ਸ ਨੂੰ ਸੂਬਾ ਥਾਪਿਆ ਸੀ। ਫੌਜਦਾਰੀ ਕਾਨੂੰਨ ਦੀ ਦਫਾ 188 ਆਈ.ਪੀ.ਸੀ. ਤਹਿਤ, ਕੁਝ ਹੋਰ ਕੂਕਿਆਂ ਸਮੇਤ, ਮਈ 1872 ਵਿੱਚ ਮੁਕੱਦਮਾ ਚੱਲਿਆ ਸੀ ਜੋ ਕਿ ਕਿਸੇ ਸਰਕਾਰੀ ਕਰਮਚਾਰੀ ਵੱਲੋਂ ਉਹਦੇ ਵੱਲੋਂ ਐਲਾਨੇ ਗਏ ਹੁਕਮ ਦੀ ਉਲੰਘਣਾ ਨਾਲ ਸਬੰਧਿਤ ਸੀ। ਇਸ ਕੇਸ ਵਿੱਚ ਸੂਬਾ ਜੀ ਸਮੇਤ, ਧਾਰਾ 144 ਦੀ ਉਲੰਘਣਾ ਕਰਨ ਵਾਲੇ, ਹੋਰ ਕੂਕਿਆਂ ਨੂੰ ਦੋ-ਦੋ ਮਹੀਨੇ ਕੈਦ ਸਖਤ ਕੀਤੀ ਗਈ ਸੀ। ਅੱਗੇ ਚੱਲ ਕੇ ਲਿਖਿਆ ਗਿਆ ਹੈ ਕਿ ਆਪਣੇ ਮੱਤ ਦੇ ਲੋਕਾਂ ਵਿੱਚ ਉਸ ਦਾ ਵਿਆਪਕ ਪ੍ਰਭਾਵ ਹੈ ਪਰ ਉਹ ਵਿਅਕਤੀ ਸ਼ਾਂਤ ਸੁਭਾਉ ਅਤੇ ਭਲਾ ਸਲੂਕ ਕਰਨ ਵਾਲਾ ਹੈ। ਦੇਸ਼ ਦੇ ਹਰ ਭਾਗ ਵਿੱਚੋਂ ਕੂਕੇ ਉਸ ਦੇ ਪਾਸ ਆਉਂਦੇ ਹਨ ਅਤੇ ਗੁਪਤ ਮੀਟਿੰਗਾਂ ਕਰਦੇ ਹਨ। ਉਹ "ਖਾਲਸਾ ਰਾਜ" ਮੁੜ ਕਾਇਮ ਹੋਣ ਬਾਰੇ ਭਵਿੱਖ ਬਾਣੀਆਂ ਕਰਦਾ ਹੈ।[2]

ਲਾਹੌਰ ਸ਼ਹਿਰ ਵਿੱਚ ਹੀ ਉਸ ਸਮੇਂ ਕੰਘੇ ਬਣਾ ਕੇ ਅਤੇ ਵੇਚ ਕੇ ਉਦਰ ਪੂਰਤੀ ਕਰਨ ਵਾਲਾ, ਭਾਈ ਇੰਦਰ ਸਿੰਘ ਪੁੱਤਰ ਆਸਾ ਸਿੰਘ ਰਹਿੰਦਾ ਸੀ ਜੋ ਕਿ ਤਰਾਂਡੀ (ਸਿਆਲਕੋਟ) ਪਿੰਡ ਵਾਲੇ ਸੂਬਾ ਰਾਜਾ ਸਿੰਘ ਜੀ ਦਾ ਜੁਆਈ ਸੀ। ਉਸ ਨੂੰ ਵੀ ਇਕ ਮਸ਼ਹੂਰ ਅਤੇ ਉੱਚ ਚਰਿੱਤਰ ਕੂਕੇ ਜਿਉਂ ਰੀਕਾਰਡ ਨੋਟ ਕਰਦਾ ਹੈ। ਉਹ ਉਮਰ ਦੇ ਤੀਜੇ ਦਹਾਕੇ ਦੇ ਮੁੱਢ ਵਿੱਚ ਹੀ ਕੂਕਾ ਬਣ ਗਿਆ ਸੀ। ਇਸੇ ਤਰ੍ਹਾਂ ਗੁਜਰਾਂਵਾਲਾ ਜ਼ਿਲ੍ਹੇ ਦੇ ਪੰਜ ਗਰਾਈਂ ਪਿੰਡ ਤੋਂ ਲਾਹੌਰ ਆ ਕੇ ਰਹਿਣ ਵਾਲਾ, 45 ਵਰ੍ਹਿਆਂ ਦਾ ਫਾਰਸੀ ਅਤੇ ਗੁਰਮੁਖੀ ਦਾ ਜਾਣਕਾਰ, ਭਾਈ ਹਰਨਾਮ ਸਿੰਘ ਜੋ ਹੁਕਮ ਚੰਦ ਦਾ ਪੁੱਤਰ

ਹੈ, ਉਸ ਨੂੰ ਉਸਦੀ ਪ੍ਰਤਿਭਾ ਕਾਰਨ ਗੁਰੂ ਰਾਮ ਸਿੰਘ ਜੀ ਨੇ ਨਾਮ ਦਾਨ ਦੇਣ ਦਾ ਅਧਿਕਾਰ ਦਿੱਤਾ ਹੈ। ਦੀਵਾਨ ਬੂਟਾ ਸਿੰਘ ਦੇ ਉਪਰ ਵਰਣਿਤ ਪ੍ਰੈੱਸ ਦੀਆਂ ਸ਼ਾਖਾਵਾਂ, ਲਾਹੌਰ, ਪਿਸ਼ਾਵਰ ਅਤੇ ਅਜਮੇਰ ਵਿੱਚ ਵੀ ਕੰਮ ਕਰ ਚੁੱਕਾ ਹੈ। ਸੂਬਾ ਦੇਵਾ ਸਿੰਘ ਦੇ ਨਾਲ ਹੀ ਮਈ 1872 ਵਿੱਚ ਸਰਕਾਰੀ ਹੁਕਮ ਅਦੂਲੀ ਕਾਰਨ ਉਸਨੂੰ ਦੋ ਮਹੀਨੇ ਕੈਦ ਅਤੇ ਵੀਹ ਰੁਪੈ ਜੁਰਮਾਨਾ ਭੁਗਤਣਾ ਪਿਆ। ਮੁਸੱਦਾ ਸਿੰਘ ਦਾ ਪੁੱਤਰ ਮੱਖਣ ਸਿੰਘ ਮਹੰਤ, ਜਿਸ ਦੀ ਉਮਰ 50 ਸਾਲ ਹੈ ਲਾਹੌਰ ਰਹਿੰਦਾ ਹੈ ਅਤੇ ਨਾਮਧਾਰੀਆਂ ਦੀ ਡੱਬੀ ਬਜ਼ਾਰ ਵਿਚਲੀ ਧਰਮਸ਼ਾਲਾ ਦਾ ਗਰੰਥੀ ਹੈ। ਉਹ ਵੀ ਅਕਸਰ ਕੂਕਾ ਕੇਂਦਰ ਭੈਣੀ ਸਾਹਿਬ ਜਾਂਦਾ ਆਉਂਦਾ ਹੈ। ਅਜਿਹੀ ਹੀ ਇਕ ਮੁੱਢਲੀ ਯਾਤਰਾ ਸਮੇਂ ਮਈ 1872 ਵਿੱਚ ਲੁਧਿਆਣੇ ਉਸਨੂੰ ਭਾਈ ਦੇਵਾ ਸਿੰਘ, ਹਰਨਾਮ ਸਿੰਘ ਅਤੇ ਹੋਰਨਾਂ ਨਾਲ ਗ਼ੈਰ ਕਾਨੂੰਨੀ ਇਕੱਠ ਦਾ ਮੈਂਬਰ ਹੋਣ ਕਾਰਨ, ਉਪਰ ਵਰਣਿਤ ਸਜ਼ਾਵਾਂ ਭੁਗਤਣੀਆਂ ਪਈਆਂ ਸਨ। ਮੱਖਣ ਸਿੰਘ ਵੀ ਖਾਲਸਾ ਰਾਜ ਦੀ ਕਾਇਮੀ ਦੀ ਭਵਿਖਬਾਣੀ ਕਰਦਾ ਹੈ ਅਤੇ ਉਹਨੂੰ ਦਸੰਬਰ 1880 ਈ. ਵਿੱਚ ਗੁਰੂ ਹਰੀ ਸਿੰਘ ਜੀ ਨੇ ਮਹੰਤ ਥਾਪਿਆ ਸੀ।[3] ਉਸਦਾ ਵਿਆਹ ਵੀ ਬੀਬੀ ਮੂਲੇ ਦੇ ਨਾਲ ਆਪਣੀ 1892 ਈ. ਦੀ ਅੰਮ੍ਰਿਤਸਰ ਯਾਤਰਾ ਸਮੇਂ ਸੰਘਾ ਪਿੰਡ ਵਿੱਚ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਇਆ ਸੀ। ਦੀਵਾਲੀ ਤੋਂ ਬਾਅਦ ਇਹਨਾਂ ਦਾ ਅਨੰਦ ਕੀਤਾ। ਇਹ ਅਸਚਰਜ ਜੋੜੀ ਲਾਹੌਰ ਦੀ ਧਰਮਸ਼ਾਲਾ ਵਿੱਚ ਆਏ ਗਏ ਦੀ ਬਹੁਤ ਸੇਵਾ ਕਰਦੀ ਸੀ। ਗੁਰੂ ਹਰੀ ਸਿੰਘ ਜੀ ਨੇ ਇਸਨੂੰ ਸੰਗਤ ਦੇ ਨਾਮ ਹੁਕਮਨਾਮਾ ਵੀ ਬਖਸ਼ਿਆ ਸੀ ਕਿ ਇਹਨਾਂ ਦੀ ਯਥਾ ਸ਼ਕਤ ਸਹਾਇਤਾ ਕਰਨੀ।[4] ਉਪਰ ਵਰਣਿਤ ਸਾਰੇ ਸਿੰਘ ਭਾਈ ਦੇਵਾ ਸਿੰਘ ਦੇ ਜੱਥੇ ਵਿੱਚ ਸ਼ਾਮਲ ਹੋ ਕੇ ਲਾਹੌਰ ਆਈਆਂ ਗਈਆਂ ਸੰਗਤਾਂ ਦੀ ਟਹਿਲ ਸੇਵਾ ਵੀ ਕਰਦੇ ਅਤੇ ਕੂਕਾ ਪਰਚਾਰ ਲਈ ਸ਼ਹਿਰ ਲਾਹੌਰ ਦੇ ਵੱਖ-ਵੱਖ ਇਲਾਕਿਆਂ ਵਿੱਚ ਹਵਨ, ਗੁਰਬਾਣੀ ਦੇ ਸਧਾਰਨ ਅਤੇ ਅਖੰਡ ਪਾਠ ਕਰਦੇ ਕਰਾਉਂਦੇ ਅਤੇ ਕਥਾ ਕੀਰਤਨ ਦਾ ਪਰਵਾਹ ਵੀ ਚਲਾਉਂਦੇ।

ਸਤਿਗੁਰੂ ਰਾਮ ਸਿੰਘ ਜੀ ਦਾ ਭਾਈ ਦੇਵਾ ਸਿੰਘ ਬਹੁਤ ਪਿਆਰਾ ਸਿੱਖ ਸੀ। ਰੰਗੂਨ ਤੋਂ ਸੰਗਤਾਂ ਦੇ ਨਾਮ ਭੇਜੇ ਜਿਹਨਾਂ ਕਿਰਪਾ ਪੱਤਰਾਂ ਵਿੱਚ ਉਹ ਆਪਣੇ ਸਿੰਘਾਂ ਅਤੇ ਸਿੰਘਣੀਆਂ ਨੂੰ ਯਾਦ ਕਰਿਆ ਕਰਦੇ ਸਨ ਉਹਨਾਂ ਵਿੱਚ ਅਕਸਰ ਭਾਈ ਦੇਵਾ ਸਿੰਘ ਦਾ ਵੀ ਜ਼ਿਕਰ ਮਿਲਦਾ ਹੈ-

ਲਿਖਤੋਂ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਉਪਮਾ ਵਿਰਾਹੀਂ, ਭਾਈ ਨੈਣਾ ਸਿੰਘ, ਰਤਨ ਸਿੰਘ ਉਬੋਕੀ, ਭਾਈ ਮਤਾਬ ਸਿੰਘ, ਆਲਾ ਸਿੰਘ, ਬਸਾਵਾ ਸਿੰਘ, ਬਹਾਦਰ ਸਿੰਘ ਹੋਰ ਸੰਬੂਹ ਸੰਗਤ ਉਬੋਕੀ ਨੂ, ਠਟੀ ਕਾਨ

ਸਿੰਘ ਨੂ ਅਰੁ ਭਾਈ ਪੰਜੇ ਨੂ, ਹੋਰ ਸਾਰੀ ਸੰਗਤਿ ਠਟੀ ਕੀ ਨੂ, ਠਰੂ ਭਾਈ ਜੀਤ ਸਿੰਘ ਦੇਵਾ ਸਿੰਘ, ਸਾਰੀ ਸੰਗਤਿ ਠਰੂ ਕੀ ਨੂ, ਜੋਹਲੀ ਭਾਈ ਸਾਹਿਬ ਸਿੰਘ, ਸਾਰੀ ਸੰਗਤਿ ਜੌਲ੍ਹਾ ਦੀ ਨੂੰ, ਸਾਰੀ ਸੰਗਤਿ ਬਰਮਾਲੀ ਪੁਰ ਦੀ ਕੋ, ਸਾਰੀ ਸੰਗਤਿ ਅੰਮ੍ਰਿਤਸਰ ਦੀ ਕੋ, ਲਾਹੌਰ ਭਾਈ ਦੇਵਾ ਸਿੰਘ ਤੇ ਸਵਾਇਆ ਸਿੰਘ, ਹੋਰ ਸਾਰੀ ਸੰਗਤਿ ਲਾਹੌਰ ਦੀ ਨ. ਕਕੜਾ ਦੀ ਤੇ ਭਸੀਣ ਦੀ ਸੰਗਤਿ ਕੋ, ਨਾਮ ਗਾਮ ਲਿਖਣੇ ਤੇ ਬਹੁਤ ਕਾਗਤ ਬਧ ਜਾਂਦਾ ਹੈ, ਸੰਬੂਹਿ ਸੰਗਤਿ ਕੋ ਸ੍ਰੀ ਵਾਹਿਗੁਰੂ ਜੀ ਦੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ। ਮਾਈਆਂ ਬੀਬੀਆਂ ਨੂੰ ਰਾਮ ਸਤਿ ਬੁਲਾਈ ਬਾਚਣੀ।[5]

ਹੁਕਮਨਾਮਾ ਨੰ: 38 ਜੋ ਫਿਰ ਭਾਈ ਬਘੇਲ ਸਿੰਘ ਨਾਰਲੀ ਲੈ ਕੇ ਆਇਆ ਹੈ ਇਸ ਵਿੱਚ ਵੀ ਸਤਿਗੁਰੂ ਜੀ ਫਤੇਹ ਬੁਲਾ ਕੇ ਲਾਹੌਰ ਦੇ ਸਿੰਘਾਂ ਦੀ ਸੁੱਖ ਸਾਂਦ ਪੁੱਛਦੇ ਹਨ। ਫਲੌਰ ਦੇ ਮੁੰਨਸ਼ੀ ਨਰਾਇਣ ਸਿੰਘ ਦੇ ਨਾਮ ਭੇਜੇ ਹੁਕਮਨਾਮੇ ਵਿੱਚ ਵੀ ਲਿਖਦੇ ਹਨ-

ਅਰੁ ਲਹੌਰ ਕਦੇ ਜਾਮੇ ਤਾ ਸਾਰੇ ਸਿੰਘਾ ਨੂ ਸਾਡੀ ਫਤੇ ਬੁਲਾਉਣੀ, ਖਬਰ ਦੇਣੀ ਸਾਡੀ ਸੁਖ ਅਨੰਦ ਦੀ। ਹੁਕਮਨਾਮੇ ਦਾ ਦਿਦਾਰ ਕਰਾਉਣਾ। ਮੇਰੇ ਤਾ ਕੁਛ ਬਸੁ ਨਹੀ, ਜੋ ਗੁਰੂ ਲਿਖਵਾਇਆ ਸੋ ਮੈਂ ਲਿਖ ਦਿਤਾ ਹੈ।[6]

ਭਾਈ ਕਾਲਾ ਸਿੰਘ ਫੱਤੇਵਾਲ (ਅੰਮ੍ਰਿਤਸਰ) ਨੂੰ ਭੇਜੇ ਹੁਕਮਨਾਮੇ ਵਿੱਚ ਸੂਬਾ ਬਾਬਾ ਜਮੀਅਤ ਸਿੰਘ 'ਗਿਲ' ਬਾਰੇ ਉਸਦੇ ਨੇੜੇ ਦੇ ਰਾਵੀ ਦੇ ਦੂਜੇ ਕੰਢੇ ਦੇ ਵਸਨੀਕ ਕਾਲਾ ਸਿੰਘ ਤੋਂ ਕੁਝ ਸੇਵਾ ਮੰਗਦੇ ਹੋਏ ਇਸ ਸਬੰਧੀ ਵੀ ਭਾਈ ਦੇਵਾ ਸਿੰਘ ਨੂੰ ਇਹ ਕਾਰਜ ਹੋ ਜਾਵੇ ਉਸਦੀ ਤਾਕੀਦ ਕਰਦੇ ਹਨ।

ਅਗੇ ਦੇਵਾ ਸਿੰਘ ਤੈਨੂ ਥੋੜੀ ਬਿਹਾਰ ਦੀ ਬਾਤ ਲਿਖਦੇ ਹਾ। ਭਾਈ ਕਾਲਾ ਸਿੰਘ ਤੇ ਭਾਈ ਜਮੀਤ ਸਿੰਘ ਨੂੰ ਸਾਡੀ ਫਤੇ ਬੁਲਾਣੀ ਹਥਿ ਜੋੜ ਕੇ, ਨਾਲੇ ਜੋ ਤੇਰੇ ਪਾਸ ਹਰਿਦਾਸਾ ਹੋਇ, ਸੋ ਭਾਈ ਜਮੀਤ ਸਿੰਘ ਨੂ ਸੁਣਾ ਦੇਣੀ।[7]

ਭਾਈ ਦੇਵਾ ਸਿੰਘ ਦਾ ਕਾਰਖਾਨਾ ਅਤੇ ਘਰ ਉਸ ਸਮੇਂ ਦੇ ਕਰਾਂਤੀਕਾਰੀ ਕੂਕਿਆਂ ਦੀ ਲਾਹੌਰ ਵਿੱਚ ਵੱਡੀ ਠਾਹਰ ਸੀ। ਸੰਨ 1883 ਈ. ਵਿੱਚ ਗੁਰੂ ਹਰੀ ਸਿੰਘ ਜੀ ਨੇ ਇਤਿਹਾਸ ਲੇਖਕ ਸੰਤ ਸੰਤੋਖ ਸਿੰਘ ਬਾਹੋਵਾਲ ਨੂੰ, ਬਿਨਾਂ ਸਬੂਤਾਂ ਤੋਂ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਜਲਾਵਤਨ ਕਰਨ ਅਤੇ ਗਿਆਰਾਂ ਸਾਲਾਂ ਬਾਅਦ ਵੀ ਪੰਜਾਬ ਵਾਪਿਸ ਨਾ ਮੁੜਨ ਦੇਣ ਵਿਰੁੱਧ ਕਮਿਸ਼ਨਰ ਲਾਹੌਰ ਦੀ ਕਚਹਿਰੀ ਵਿੱਚ ਚਿੱਟੇ ਦਿਨ ਮਸ਼ਾਲ ਬਾਲ ਕੇ ਅਦਾਲਤੀਆਂ ਅਤੇ ਅੰਗਰੇਜ਼ੀ ਨਿਆਂ ਪ੍ਰਣਾਲੀ ਨੂੰ ਦਿਨ ਦੇ ਅੰਨ੍ਹੇ ਸਾਬਤ ਕਰਨ ਦਾ ਹੁਕਮ ਦਿੱਤਾ ਸੀ। ਸਾਡਾ ਲੇਖਕ ਇਉਂ ਲਿਖਦਾ ਹੈ ਆਪਣੀ ਕਾਰਵਾਈ ਬਾਰੇ, "ਸੰਤੋਖ ਸਿੰਘ ਲਾਹੌਰ ਮੈਂ ਗਿਆ। ਬਾਬੇ ਦੇਵਾ ਸਿੰਘ

ਕੇ ਕਾਰਖਾਨੇ ਉਤਰਿਆ ਅਨਾਰਕਲੀ ਮੈ। ਦੁਪਹਿਰ ਢਲੀ ਸੇ ਚਾਦਰ ਪਾੜ ਕੇ ਮਸਾਲ ਬੱਧੀ ਕੌਲੀ ਮੇਂ ਤੇਲ ਪਾਇਕੇ। ਕਮਿਸ਼ਨਰ ਕੀ ਕਚੈਹਰੀ ਮੇਂ ਜਾਇ ਕੇ ਮਸ਼ਾਲ ਬਾਲ ਲਈ। ਉਤਾਂਹ ਜਾਇ ਕਰੀ।[8]

1898 ਈ. ਵਿੱਚ ਗੁਰੂ ਹਰੀ ਸਿੰਘ ਜੀ ਨੂੰ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ, ਝੰਗ ਪੰਜ ਜ਼ਿਲ੍ਹਿਆਂ ਦਾ ਦੌਰਾ ਕਰਨ ਦੀ ਸਰਕਾਰ ਨੇ ਮਨਜ਼ੂਰੀ ਦਿੱਤੀ। ਇਹ ਦੌਰਾ ਤਿੰਨ ਮਹੀਨੇ ਦਾ ਸੀ। ਲੁਧਿਆਣੇ ਤੋਂ ਰੇਲ ਚੜ੍ਹ ਕੇ ਸਿੱਧੇ ਲਾਹੌਰ ਜਾ ਉੱਤਰੇ। ਲਾਹੌਰ ਆਏ ਬਾਬੇ ਦੇਵਾ ਸਿੰਘ ਕੇ ਅਨਾਰਕਲੀ ਜੋ ਵੇਲਨਾ ਹੈ ਰੂਈ ਕਾ ਬਾਰਾਂ ਲੰਗਰ ਹੋਏ। ਆਸੇ ਪਾਸੇ ਦੀਆਂ ਸਾਰੀਆਂ ਸੰਗਤਾਂ ਆਇ ਕੇ ਦਰਸ਼ਨ ਕਰਦੀਆਂ ਤੇ ਹਰੇ ਹੁੰਦੇ ਰਹੇ।[9] ਇਸ ਤੋਂ ਦੋ ਸਾਲ ਬਾਅਦ ਫਿਰ ਸ਼ੇਖੂਪੁਰਾ ਤੇ ਅੰਮ੍ਰਿਤਸਰ ਦੇ ਦੌਰੇ ਸਮੇਂ ਜਦੋਂ ਇਕ ਮਹੀਨੇ ਦੀ ਛੁੱਟੀ ਮਿਲੀ ਸੀ, ਗੁਰੂ ਹਰੀ ਸਿੰਘ ਜੀ ਦਾ ਲਾਹੌਰ ਜਾਣਾ ਸਾਡੇ ਇਤਿਹਾਸ ਵਿੱਚ ਦਰਜ ਹੈ।[10] ਸੰਨ 1901 ਈ. ਦੇ ਮਾਰਚ ਮਹੀਨੇ ਗੁਰੂ ਹਰੀ ਸਿੰਘ ਜੀ ਨੇ ਲਾਇਲਪੁਰ ਦੀ ਬਾਰ ਵਿੱਚ ਨਵੇਂ ਆਬਾਦ ਹੋਏ ਪਿੰਡ ਸੱਦੋਵਾਲ ਵਿਖੇ ਹੋਲਾ ਮਹੱਲਾ ਮਨਾਇਆ। ਵੈਸਾਖੀ ਦੇ ਸਮੇਂ ਆਪ ਗੁਜਰਾਂਵਾਲਾ ਜ਼ਿਲ੍ਹਾ ਵਿੱਚ ਨਾਮਧਾਰੀ ਸੰਗਤਾਂ ਨੂੰ ਦਰਸ਼ਨ ਦਿੰਦੇ ਲਾਹੌਰ ਆਏ। ਉਦੋਂ ਕੁ ਜਿਹੇ ਹੀ ਬਾਬਾ ਦੇਵਾ ਸਿੰਘ ਅੱਸੀ ਸਾਲ ਦੀ ਉਮਰ ਦੇ ਲਾਗੇ ਚਾਗੇ ਚਲਾਣਾ ਕਰ ਗਏ ਸਨ। ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਬਾਬਾ ਦੇਵਾ ਸਿੰਘ ਦਾ ਭੋਗ ਸਮਾਗਮ ਇਲਾਕੇ ਅਤੇ ਦੂਰ ਨੇੜੇ ਦੀਆਂ ਸੰਗਤਾਂ ਦੀ ਹਾਜਰੀ ਵਿੱਚ ਸੰਪੰਨ ਹੋਇਆ।" ਬਾਬੇ ਦੇਵਾ ਸਿੰਘ ਬਾਲੀ ਮਹੰਤੀ ਦਾ ਬਚਨ ਸੰਤ ਸਿੰਘ ਕੋ ਕੀਤਾ ਤੂੰ ਭਜਨ ਦੱਸਿਆ ਕਰ। ਸਿੰਘਾਂ ਨੇ ਕਹਿਆ ਜੀ ਇਹ ਝਾਂਸੀ ਚਲਾ ਜਾਂਦਾ ਹੈ। ਪਿੱਛੇ ਭਗਤ ਸਿੰਘ ਕੋ ਭੀ ਚਾਹੀਏ ਭਜਨ ਦਾ ਹੁਕਮ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਅਸੀਂ ਤਾਂ ਸੰਤ ਸਿੰਘ ਕੋ ਕਹਿੰਦੇ ਹਾਂ ਪਰ ਏਹ ਭੀ ਦੇਵੇ। ਭਜਨ ਦਾ ਹੁਕਮ ਦੋਹਾਂ ਭਾਈਆਂ ਨੂੰ ਹੋਇਆ। ਬਹੁਤਿਆਂ ਲੋਕਾਂ ਨੇ ਭਜਨ ਲੀਤਾ।"[11]

ਇਕ ਵੇਰ ਭਾਈ ਦੇਵਾ ਸਿੰਘ ਦਾ ਕਾਰਖਾਨਾ ਸੜ ਗਿਆ ਉਹ ਆਪਣੇ ਸਹਿ ਪੰਥੀ ਭਾਈ ਬਘੇਲ ਸਿੰਘ ਨਾਰਲੀ ਪਾਸ ਛੱਤੀ ਹਜਾਰ ਦੀ ਵੱਡੀ ਰਕਮ ਮੰਗਣ ਗਿਆ। ਭਾਈ ਬਘੇਲ ਸਿੰਘ ਨੇ ਮਾਇਆ ਦੇ ਦਿੱਤੀ ਤਾਂ ਦੇਵਾ ਸਿੰਘ ਨੇ ਕਿਹਾ ਕਿ ਕਾਗਜ਼ ਕਰਵਾ ਲਉ। ਬਘੇਲ ਸਿੰਘ ਦਾ ਜੁਆਬ ਸੀ- ਆਪਾਂ ਦੋਵੇਂ ਇੱਕੋ ਗੁਰੂ ਦੇ ਸਿੱਖ ਹਾਂ ਕਾਗਜ਼ ਕੈਸੇ ਅਤੇ ਨਾਂ ਕਾਗਜ਼ ਗੁਰੂ ਤੋਂ ਵੱਡਾ ਹੈ। ਐਸੇ ਸਨ ਉਹ ਉੱਚ ਕਿਰਦਾਰ ਵਾਲੇ ਨਾਮਧਾਰੀ। ਗੁਰੂ ਹਰੀ ਸਿੰਘ ਜੀ ਦੇਵਾ ਸਿੰਘ ਦੇ ਦੋਹਾਂ ਪੁੱਤਰਾਂ ਨੂੰ ਇਕੱਠਿਆਂ ਰਹਿਣ ਵਾਸਤੇ ਹਮੇਸ਼ਾਂ ਕਹਿੰਦੇ ਸਨ ਪਰ ਉਹ ਨਾਂ ਮੰਨੇ। ਸੰਤਾ ਸਿੰਘ ਝਾਂਸੀ ਚਲਾ ਗਿਆ

ਅਤੇ ਭਗਤ ਸਿੰਘ ਲਾਹੌਰ ਹੀ ਸੀ। ਜਾਲਸਾਜੀ ਝੂਠੇ ਨੋਟ ਬਨਾਉਣ ਦੇ ਮੁਆਮਲੇ ਵਿੱਚ ਝੂਠਾ ਹੀ ਅੜਾ ਦਿੱਤਾ ਗਿਆ। ਸੱਤ ਸਾਲ ਕੈਦ ਹੋ ਗਈ। ਗੁਰੂ ਹਰੀ ਸਿੰਘ ਜੀ ਪਾਸ ਭਾਈ ਮਤਾਬ ਸਿੰਘ ਪਕੌੜੀਏ ਨੇ ਅਰਜ਼ ਕੀਤੀ ਕਿ ਬਾਬੇ ਦੇਵਾ ਸਿੰਘ ਦਾ ਪੁੱਤਰ ਨਿਹੱਕ ਫਸ ਗਿਆ ਹੈ।ਗੁਰੂ ਜੀ ਨੇ ਆਪਣੇ ਮੁਖਤਿਆਰ ਭਾਈ ਦਾਨ ਸਿੰਘ ਨੂੰ ਲਾਹੌਰ ਭੇਜਿਆ। ਵਕੀਲ ਕੀਤੇ। ਨੱਸ ਭੱਜ ਕੀਤੀ। ਦਾਨ ਸਿੰਘ ਜੀ ਦੀ ਮਿਹਨਤ ਰੰਗ ਲਿਆਈ। ਸਤਿਗੁਰੂ ਜੀ ਦੀ ਕਿਰਪਾ ਹੋਈ ਭਗਤ ਸਿੰਘ ਰਿਹਾ ਹੋਇਆ ਫਿਰ ਉਹ ਗੁਰਸਿੱਖੀ ਵਿੱਚ ਹੀ ਜੀਵਿਆ।[12] ਬਾਬੇ ਦੇਵਾ ਸਿੰਘ ਦਾ ਨਾਮ ਨਾਮਧਾਰੀ ਇਤਿਹਾਸ ਵਿੱਚ ਮਾਣ ਨਾਲ ਲਿਆ ਜਾਂਦਾ।

## ਹਵਾਲੇ ਤੇ ਟਿੱਪਣੀਆਂ


1. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਸੀ. ਜਸਵਿੰਦਰ ਸਿੰਘ, ਸਫਾ 299
2. ਜਸਵਿੰਦਰ ਸਿੰਘ (ਸੰ.), ਦਸਤਾਵੇਜ਼, ਕੂਕਾਜ਼ ਆਫ ਨੋਟ ਇਨ ਪੰਜਾਬ-1881 ਈ., ਸਫਾ 94-95
3. ਉਪਰੋਕਤ, ਸਵਾ 96-104
4. ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ ਸਫਾ 180
5. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸ. ਜਸਵਿੰਦਰ ਸਿੰਘ), ਹੁਕਮਨਾਮਾ ਨੰ: 10 ਜੋ ਭਾਈ ਬਘੇਲ ਸਿੰਘ ਨਾਰਲੀ, ਜ਼ਿਲ੍ਹਾ ਤਰਨਤਾਰਨ 1877 ਈ. ਦੇ ਅਖੀਰ ਜਾਂ ਅਗਲੇ ਸਾਲ ਦੇ ਆਰੰਭ ਵਿੱਚ ਦਰਸ਼ਨ ਕਰਕੇ ਲੈ ਕੇ ਆਇਆ ਸੀ। ਇਸ ਵਿੱਚ ਮਾਝੇ ਦੇ ਕਾਫੀ ਸਿੰਘਾਂ ਅਤੇ ਸ਼ਹਿਰਾਂ, ਪਿੰਡਾਂ ਨੂੰ ਸਤਿਗੁਰੂ ਜੀ ਯਾਦ ਕਰਦੇ ਹਨ। ਸਫਾ 178-79
6. ਉਪਰੋਕਤ, ਹੁਕਮਨਾਮਾ ਨੰ: 45, ਸਫਾ 383
7. ਉਪਰੋਕਤ, ਹੁਕਮਨਾਮਾ ਨੰ: 33, ਸਫਾ 324, 25
8. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 164
9. ਉਪਰੋਕਤ, ਸਫਾ 211

10. ਉਪਰੋਕਤ, ਸਫਾ 26

11. ਉਪਰੋਕਤ, ਸਫਾ 286

12. ਉਪਰੋਕਤ, ਸਫਾ 344, 45

❊

# ਗੋਰਾਸ਼ਾਹੀ ਤੇ ਰਜਵਾੜਾਸ਼ਾਹੀ ਦੀ ਚੱਕੀ ਵਿੱਚ ਪਿਸਣ ਵਾਲੇ, ਬਾਬਾ ਸਾਹਿਬ ਸਿੰਘ ਭੰਮਾ ਬਦੀ ਤੇ ਹੋਰ ਕੂਕੇ

ਸਤਿਗੁਰੂ ਰਾਮ ਸਿੰਘ ਜੀ, ਮੁਖੀ ਸੂਬਿਆਂ ਅਤੇ ਸ੍ਰ. ਮੰਗਲ ਸਿੰਘ ਬਿਸ਼ਨਪੁਰਾ ਦੀ ਜਨਵਰੀ 1872 ਵਿੱਚ ਪੰਜਾਬ ਤੋਂ ਜਲਾਵਤਨੀ ਬਾਅਦ, ਕੂਕਿਆਂ ਤੇ ਸਖਤੀਆਂ ਦੇ ਪਹਾੜ ਝੁੱਲ ਗਏ ਸਨ। ਸ਼ਹੀਦ ਭਗਤ ਸਿੰਘ ਦੇ 1928 ਈ. ਦੇ ਕਿਰਤੀ ਪਰਚੇ ਦੇ ਇੱਕ ਮਾਸਿਕ ਅੰਕ ਵਿੱਚ ਛਪੇ ਲੇਖ ਮੁਜਬ, ਪੰਜਾਬ ਵਿੱਚ ਜੇ ਕੋਈ ਸਾਰੇ ਦਾ ਸਾਰਾ ਫ਼ਿਰਕਾ, ਅੰਗਰੇਜ ਰਾਜ ਵਿਰੋਧੀ, ਬਾਗੀ ਘੋਸ਼ਿਤ ਕੀਤਾ ਗਿਆ ਸੀ ਤਾਂ ਇਹ ਪੰਜਾਬ ਵਿੱਚ ਨਾਮਧਾਰੀਆਂ ਜਾਂ ਕੂਕਿਆਂ ਦਾ ਫ਼ਿਰਕਾ ਸੀ। ਇਸ ਸਮੇਂ ਪੰਜਾਬ ਦੀਆਂ ਸਿੱਖ ਰਿਆਸਤਾਂ, ਵਿਸ਼ੇਸ਼ ਕਰ ਪਟਿਆਲਾ, ਜੀਂਦ, ਫ਼ਰੀਦਕੋਟ, ਨਾਭਾ ਆਦਿ ਨੇ ਵੀ ਕੂਕਿਆਂ ਤੇ ਸਖਤੀਆਂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਇਹਨਾਂ ਰਿਆਸਤਾਂ ਦੀ ਰਜਵਾੜਾਸ਼ਾਹੀ ਦਾ ਕੂਕਿਆਂ ਪ੍ਰਥਾਇ ਰਵੱਈਆ ਤਾਂ ਅੰਗਰੇਜ਼ ਸਰਕਾਰ ਤੋਂ ਵੀ ਵੱਧ ਅੱਥਰਾ ਅਤੇ ਅੱਖੜ ਸੀ। ਇਉਂ ਉਹ ਪੰਜਾਬੀ ਮੁਹਾਵਰਾ, ਚੋਰ ਨਾਲੋਂ ਪੰਡ ਕਾਹਲੀ ਨੂੰ ਚਰਿਤਾਰਥ ਕਰਦਿਆਂ ਅੰਗਰੇਜ਼ ਸਰਕਾਰ ਦੀ ਖੁਸ਼ਨੂਦੀ ਹਾਸਿਲ ਕਰਨ ਲਈ, ਸਰਕਾਰ ਦੇ ਬਾਗੀ ਕੂਕਿਆਂ ਨੂੰ ਦਬਾਉਣ, ਸਤਾਉਣ ਅਤੇ ਪੀੜਿਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਸਨ ਛੱਡ ਰਹੇ। ਅਕਾਲ ਬੁੰਗੇ ਦਿਆਂ ਅਤੇ ਹੋਰ ਸੰਬੂਹ ਪੁਜਾਰੀਆਂ (ਸਿਖ ਤਖਤਾਂ ਦਿਆਂ) ਦੇ ਨਾਮ ਲਿਖੇ ਹੁਕਮਨਾਮੇ ਵਿੱਚ, ਸਤਿਗੁਰੂ ਰਾਮ ਸਿੰਘ ਜੀ ਲਿਖਦੇ ਹਨ, "ਸਾਰੇ ਰਾਜੇ ਸਿੰਘ ਕੂਕਿਆਂ ਦਾ ਲਹੂ ਪੀਣ ਲਾਏ ਦਿੱਤੇ ਹੈਨ।"[1]

ਸਾਡਾ ਸਮਕਾਲੀ ਇਤਿਹਾਸਕਾਰ, ਇਸ ਸਮੇਂ ਦਾ ਵਰਨਣ ਕਰਦਿਆਂ ਲਿਖਦਾ ਹੈ: "ਸਾਰਿਆਂ ਰਾਜਿਆਂ ਨੇ ਆਪੋ ਆਪਣੇ ਇਲਾਕਿਆਂ ਦੇ ਸਿੰਘ ਸੱਦ ਲਏ ਜੋ ਜੋ ਨਾਮਧਾਰੀ ਥੇ। ਸਾਰਿਆਂ ਨੂੰ ਕਹਿਆ ਤੁਸੀਂ ਕੂਕਪੁਣਾ ਛੱਡੋ। ਸਿੰਘਾਂ ਨੇ ਕਹਿਆ, ਕੀ ਕੂਕਪੁਣਾ ਛੱਡੀਏ? ਧਨੌਲੇ ਵਾਲੇ ਸੂਬੇ ਨੂੰ ਕਹਿਆ ਕਿ ਪਾਣੀ ਬੋਕੇ ਕਾ ਪੀਓ ਤੇ ਕਛਹਿਰੇ ਲਾਹ ਦੇਓ। ਤੁਸੀਂ ਕਿਸੇ ਕੇ ਨਾ ਜਾਓ, ਨਾ ਕਿਸੇ ਨੂੰ ਬੜਨ ਦੇਓ। ਜੋ ਤੁਸੀਂ ਇਕੱਠੇ ਹੋਇਕੇ ਸ਼ਬਦ ਪੜਦੇ ਹੋ ਸੋ ਨਾ ਪੜੋ। ਜਿੱਥੇ ਜਾਮੇਂ ਇਤਲਾਹ ਦੇ ਕੇ ਜਾਓ। ਸਿੰਘਾਂ ਨੇ ਕਿਹਾ ਕਿ ਕਛਹਿਰੇ ਨਹੀਂ ਲਾਹ ਸਕਦੇ, ਬੋਕੇ ਦਾ ਪਾਣੀ ਬੀ ਨਹੀਂ ਪੀਂਦੇ।

ਸਿੰਘਾਂ ਕੋ ਬੀ ਨਹੀਂ ਹਟਾਇ ਸਕਦੇ ਹੈਂ। ਰੁਖਸਦ ਦੇ ਕੇ ਤੋਰ ਦੀਆ ਕਹਾ ਕਿ ਆਏ ਸਿੰਘਾਂ ਕੋ ਪ੍ਰਸਾਦਿ ਛਕਾਇਕੇ ਤੋਰ ਦਿਆ ਕਰੋ। ਸਿੰਘ ਆਪੋ ਆਪਨੇ ਘਰਾਂ ਨੂੰ ਚਲੇ ਗਏ।

"ਛੇਮੇ ਦਿਨ ਫੇਰ ਮੰਗਵਾਇਕੇ ਕਹਾ ਕੇ ਅੰਮ੍ਰਿਤਸਰ ਜਾਇਕੇ ਲਿਖਵਾਇ ਲਿਆਓ, ਇਸ਼ਨਾਨ ਕੀਤਾ ਹੈ, ਅੰਮ੍ਰਿਤ ਛਕਿਆ ਹੈ, ਗੁਰੂ ਕੇ ਸਿੰਘ ਹੈਨ। ਸਿੰਘਾਂ ਨੇ ਕਹਿਆ ਅਸੀਂ ਨਿਤ ਜਾਂਦੇ ਹੈਂ ਅੰਮ੍ਰਿਤਸਰ। ਸਾਨੂੰ ਕੰਮੋਂ ਕਿਉਂ ਰੱਖਦੋ ਹੋ, ਕੀ ਗੁਨਾਹ ਹੈ? ਕਹਾ ਕੇ ਰਾਜੇ ਨੇ ਲਿਖਾ ਹੈ ਇਨਕੋ ਅੰਮ੍ਰਿਤਸਰ ਭੇਜੋ ਬਖਸ਼ਾਇ ਆਵਨ। ਰਣ ਸਿੰਘ (ਪਿਤਾ ਕੌਲਾ, ਪਿੰਡ ਸਿਆਹੜ, ਜ਼ਿਲ੍ਹਾ ਲੁਧਿਆਣਾ) ਨੇ ਕਹਾ ਕਿ ਮੈਂ ਸਾਰਿਆਂ ਕਾ ਹੀ ਲਿਖਵਾਇ ਲਿਆਮਦਾ ਹਾਂ। ਸਾਰਿਆਂ ਕਾ ਮੈਂ ਜ਼ੁੰਮੇਵਾਰ ਰਹਿਆ ਜੇਕਰ ਕੋਈ ਨੁਕਸਾਨ ਹੋਵੇ। ਰਣ ਸਿੰਘ ਅੰਮ੍ਰਿਤਸਰ ਗਿਆ। ਪੁਜਾਰੀ ਨਾਭੇ ਕਾ ਬਾਕਬ ਸੀ। ਉਸਨੇ ਝੱਟ ਲਿਖ ਦੀਆ ਕਿ ਇਸ਼ਨਾਨ ਕੀਤਾ ਹੈ, ਅੰਮ੍ਰਿਤ ਛਕਿਆ ਹੈ, ਗੁਰੂ ਕੇ ਸਿੰਘ ਹੈਂ। ਪੰਚਮੇਂ ਦਿਨ ਫੇਰ ਪੱਚੀ ਸਿੰਘ ਇਕੱਠੇ ਕਰ ਕੇ ਨਾਭੇ ਮੈਂ ਭੇਜੇ ਨਰਾਇਣ ਸਿੰਘ ਮਹੰਤ ਕੇ ਪਾਸ ਕਿ ਇਨ ਕੋ ਅੰਮ੍ਰਿਤ ਛਕਾਵੋ।ਸੋ ਕਰੋ ਜਿਸ ਕਰ ਕੇ ਏਨਾ ਕੋ ਕੋਈ ਨਾ ਬੁਲਾਵੇ। ਜਦ ਸਿੰਘ ਗਏ ਤਾਂ ਅੱਗੇ ਦਰੀ ਨੀਲੀ ਵਿਛੀ ਹੋਈ ਸੀ। ਦੇਖ ਕੇ ਸਿੰਘਾਂ ਨੇ ਪੈਰ ਵੀ ਨਾ ਧਰਿਆ ਦਰੀ ਪਰ। ਨਰਾਇਣ ਸਿੰਘ ਮਹੰਤ ਨੇ ਕਹਾ ਕਿ ਮੈਨੂੰ ਏਹ ਹੁਕਮ ਹੈ ਤਖਤਾਂ ਕਾ ਇਨਕੀ ਪੱਗ ਉਤਰਦੀ ਹੈ। ਅੰਮ੍ਰਿਤ ਕਰ ਕੇ ਛਕਾਉਣ ਲਗਾ। ਭਗਵਾਨ ਸਿੰਘ ਪਿੱਥੋ ਵਾਲੇ ਨੇ ਕਹਾ ਕਿ ਮੈਂ ਨਹੀਂ ਅੰਮ੍ਰਿਤ ਛਕਦਾ। ਮਹੰਤ ਨੇ ਕਹਾ ਕਿ ਅੰਮ੍ਰਿਤ ਕਲਗੀਧਰ ਜੀ ਕਾ ਹੈ। ਭਗਵਾਨ ਸਿੰਘ ਪਿੱਥੋ ਨੇ ਕਿਹਾ ਕਿ ਅੰਮ੍ਰਿਤ ਤਾਂ ਮੇਰਾ ਛਕਿਆ ਹੋਇਆ ਹੈ। ਅੰਮ੍ਰਿਤ ਨਾ ਛਕਿਆ। ਮਹੰਤ ਚੁੱਪ ਕਰ ਰਹਿਆ। ਰਣ ਸਿੰਘ ਨੇ ਕਹਾ ਕਿ ਸਾਨੂੰ ਲਿਖ ਦੇਓ ਜੋ ਟੋਕ ਨਾ ਕੋਈ ਕਰੇ।

ਅਨੰਦ ਭੀ ਪੜਾਮਾਂਗੇ, ਕੇਸੀਂ ਜਲ ਭੀ ਪਾਮਾਂਗੇ, ਬਬੇਕ ਭੀ ਰੱਖਾਂਗੇ, ਭਜਨ ਬਾਣੀ ਭੀ ਕਰਾਂਗੇ। ਜਿਹੜੀ ਇਹਨਾਂ ਵਿੱਚੋਂ ਨਹੀਂ ਕਰਨੀ ਸੋ ਸਾਨੂੰ ਤੁਸੀਂ ਕਹੋ। ਮਹੰਤ ਨੇ ਕਿਹਾ ਕਿ ਮੈਂ ਕਿਵੇਂ ਕਹਾਂ ਕਿ ਗੁਰੂ ਕੀ ਰੀਤੀ ਨਾ ਕਰੋ। ਥਾਨੇ ਪਰਥਾਨੇ ਸਾਰਿਆਂ ਕੋ ਲਿਖ ਭੇਜਿਆ ਕਿ ਰਾਜੇ ਕੇ ਕਹੇ ਬਮੂਜਬ ਰੀਤੀ ਕੀਤੀ ਗਈ ਹੈ। ਇਹਨਾਂ ਕੋ ਰੋਕ ਨਾ ਹੋਵੇ ਤਾਂ ਸਿੰਘ ਟਿਕਣੇ ਦੀਏ।"[2]

ਇਸ ਨਰਾਇਣ ਸਿੰਘ ਦਾ ਪਿੰਡ ਵੀ ਪਿੱਥੋ ਸੀ, ਜੋ ਨਾਭੇ ਦੇ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਦਾ ਮਹੰਤ ਸੀ। ਭਾਈ ਕਾਹਨ ਸਿੰਘ ਨਾਭਾ ਇਹਨਾਂ

ਦੇ ਹੀ ਸਪੁੱਤਰ ਸਨ। ਪਿੱਛੋ ਦੇ ਵੀ ਕਈ ਨਾਮਧਾਰੀ ਸਿੰਘ "ਕੂਕਪੁਣਾ ਕਢਾਉਣ" ਲਈ ਨਾਭੇ ਲਿਆਂਦੇ ਗਏ ਸਨ। ਨਾਭੇ ਦਾ ਵਰਤਮਾਨ ਰਾਜਾ ਹੀਰਾ ਸਿੰਘ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਸੰਗਤ, ਰਾਜਾ ਬਣਨ ਤੋਂ ਪਹਿਲਾਂ ਮਾਣ ਚੁੱਕਾ ਸੀ। ਇਸ ਲਈ ਨਾਭੇ ਦੇ ਸਿੰਘਾਂ ਨਾਲ ਪਰਸ਼ਾਸਨ ਦਾ ਰਵੱਈਆ ਜ਼ਿਆਦਾ ਸਖਤੀ ਵਾਲਾ ਨਹੀਂ ਸੀ। ਪਰ ਜੀਂਦ ਰਿਆਸਤ ਜਿਸ ਦੀ ਰਾਜਧਾਨੀ ਸੰਗਰੂਰ ਸੀ ਅਤੇ ਜੀਂਦ ਦਾ ਰਾਜਾ ਰਘੁਬੀਰ ਸਿੰਘ ਸੀ, ਉਸ ਦਾ ਰਵੱਈਆ ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ ਜਿਉਂ ਕਠੋਰ ਸੀ ਜੋ ਆਪਣੇ ਅੰਗਰੇਜ਼ ਮਾਈਬਾਪ ਨੂੰ ਖੁਸ਼ ਰੱਖਣ ਲਈ, ਕੂਕਿਆਂ ਦਾ ਤਲਾ ਮੂਲ ਮਿਟਾਉਣ ਲਈ ਉਤਾਵਲਾ ਸੀ।

ਗਿਆਨੀ ਕਾਲਾ ਸਿੰਘ ਨੰਗਲ ਰਚਿਤ ਪੁਸਤਕ "ਕੂਕੇ ਸਿੰਘ ਤੇ ਅੰਗਰੇਜ਼ ਰਾਜ" ਵਿੱਚ ਜੀਂਦ ਦੇ ਰਾਜੇ ਵੱਲੋਂ ਨਾਮਧਾਰੀਆਂ ਤੇ ਕੀਤੇ ਅੱਤਿਆਚਾਰਾਂ ਦੀ ਮੂੰਹ ਬੋਲਦੀ ਤਸਵੀਰ ਨਜ਼ਰ ਆਉਂਦੀ ਹੈ। ਸਭ ਤੋਂ ਵੱਡਾ ਜ਼ੁਲਮ ਕੂਕਿਆਂ ਦੀਆਂ ਜਮੀਨਾਂ ਜਾਇਦਾਦਾਂ ਜ਼ਬਤ ਕਰ ਕੇ, ਉਹਨਾਂ ਨੂੰ ਘਸਿਆਰੇ ਬਣਾ ਦੇਣਾ ਸੀ। ਅਸੀਂ ਗਿਆਨੀ ਜੀ ਦੇ ਸ਼ਬਦਾਂ ਵਿੱਚ ਇਹ ਸਾਰੇਂ ਵੇਰਵੇ ਪੜ੍ਹਦੇ ਹਾਂ।

"ਬਿਕ੍ਰਮ ਉਨੀ ਸੌ ਵਿਚ ਅਠਾਈਏ ਦੇ,
ਰਾਜਾ ਆਖਦਾ ਏ ਕਰਮਚਾਰੀਆਂ ਨੂੰ।
ਔਰਤ ਮਰਦ ਬਾਲਕ ਬਿਰਧ ਸਭ ਪਕੜੋ,
ਪਿੰਡ ਪਿੰਡ ਸਾਰੇ ਨਾਮਧਾਰੀਆਂ ਨੂੰ।
ਬਾਗੀ ਪੰਥ ਕੂਕਾ ਪੰਥ ਕੱਢ ਦੇਣਾ,
ਕਰੋ ਸਿੱਖ ਸੱਭੇ ਨਰ ਨਾਰੀਆਂ ਨੂੰ।
ਕਾਹਲਾ ਸਿੰਘ ਠਾਣੇਦਾਰ ਜਾਣ ਪਿੰਡਾਂ,
ਕੂਕੇ ਸਿੰਘ ਪਕੜਨ ਸੰਗੀ ਸਾਰੀਆਂ ਨੂੰ।੨੦।
ਸਿੰਘ ਗਏ ਪਕੜੇ ਤੇ ਰਾਜੇ ਪਾਸ ਆਂਦੇ,
ਰਾਜਾ ਕਹੇ ਹੈ ਰਾਜ ਸੰਗਰੂਰ ਮੇਰਾ।
ਕੂਕਾ ਪੰਥ ਨੂੰ ਛੱਡ ਦਿਓ ਤੁਸੀਂ ਸਾਰੇ,
ਮੇਰਾ ਹੁਕਮ ਤੇ ਹੈ ਦਸਤੂਰ ਮੇਰਾ।
ਛੱਡੋ ਰੀਤ ਤੁਸੀਂ ਕੂਕੇ ਪੰਥ ਵਾਲੀ,

ਸੁਖਨ ਸਖਤ ਹੈ ਮੰਨੋ ਜ਼ਰੂਰ ਮੇਰਾ।
ਮੰਨੋ ਬਾਹਮਣਾ ਨੂੰ ਕਹੋ ਮਲੇਛ ਨਾਹੀਂ,
ਗੰਗਾ ਜਾਇ ਨਾਵੋ ਨਹੀਂ ਘੂਰ ਮੇਰਾ।
ਵਫਾਦਾਰ ਅੰਗਰੇਜ਼ ਸਰਕਾਰ ਬਣ ਜਾਓ,
ਬਾਗੀ ਕੂਕਾ ਰਾਜੋਂ ਕਰਾਂਗਾ ਦੂਰ ਮੇਰਾ।
ਕਿਹਾ ਸਿੰਘਾਂ ਨੇ ਅਸੀਂ ਨਾ ਸਿਦਕ ਛਡੀਏ,
ਅੰਮ੍ਰਿਤ ਖੰਡੇ ਨੂੰ ਨਾ ਲਾਜ ਲਾਵਣੀ ਹੈ।
ਕਾਹਲਾ ਸਿੰਘ ਹੁਕਮ ਸਤਿਗੁਰ ਰਾਮ ਸਿੰਘ ਦਾ,
ਸਿਖਿਆ ਓਸਦੀ ਨਹੀਂ ਭੁਲਾਵਣੀ ਹੈ।੨੧।
ਬਾਲ ਬੱਚਾ ਤਿੰਨ ਸੌ ਜੇਹਲ ਅੰਦਰ,
ਰਾਜੇ ਕਿਹਾ ਜਵਾਬ ਸੁਣਾਂਵਦੇ ਕਿਉਂ?
ਨਵੀਂ ਰੀਤ ਸਿੱਖੀ ਥੋਡੀ ਰਾਮ ਸਿੰਘ ਜੀ,
ਅੰਮ੍ਰਿਤ ਔਰਤਾਂ ਤਾਈਂ ਛਕਾਂਵਦੇ ਕਿਉਂ?
ਅਨੰਦ ਰੀਤ ਥੋਡੀ ਨਵੀਂ ਤੋਰ ਦਿਤੀ,
ਕੱਛਾਂ ਔਰਤਾਂ ਤੋੜ ਪਵਾਂਵਦੇ ਕਿਉਂ?
ਝਟਕਾ ਮਾਸ ਦਾ ਖਾਵੋ ਤੇ ਪੀਵੋ ਸਿੰਘੋ,
ਸ਼ਰਾਬ ਪੀਣ ਤੇ ਤੁਸੀਂ ਸ਼ਰਮਾਂਵਦੇ ਕਿਉਂ?
ਮੁਸਲਮਾਨੀ ਕਲਾਮ ਕਿਉਂ ਕੰਨ ਦੱਸੋ,
ਸੰਤ ਖਾਲਸਾ ਪੰਥ ਬਤਾਵਦੇ ਕਿਉਂ?
ਨਾਲ ਢੋਲਕਾਂ ਛੈਣਿਆਂ ਕਰੋ ਜਲਸੇ,
ਮਰਦ ਔਰਤਾਂ ਸ਼ਬਦਾਂ ਨੂੰ ਗਾਂਵਦੇ ਕਿਉਂ?
ਛੱਡੋ ਪੰਥ ਕੂਕਾ ਅਤੇ ਰਹਿਤ ਕੂਕਾ,
ਦਸਵੇਂ ਗੁਰੂ ਦੀ ਰੀਤ ਮਨਜ਼ੂਰ ਕਰ ਲੌ।
ਕਾਹਲਾ ਸਿੰਘ ਮੈਂ ਜਪਤਾਂ ਜ਼ਮੀਨ ਥੋਡੀ,
ਬਾਗੀ ਪੁਣਾ ਕੱਢਾਂ ਮੇਰਾ ਦਸਤੂਰ ਕਰ ਲੋ।੨੨।
ਕੂਕੇ ਸਿੰਘ ਨਾ ਵੱਸਣ ਮੈਂ ਦੇਵਾਂ,

ਰਾਜਾ ਕਹਿ ਗਿਆ ਸੀ ਜ਼ਬਾਨ ਵਿਚੋਂ।
ਰਘਬੀਰ ਸਿੰਘ ਕਿਹਾ ਅਹਿਲਕਾਰਾਂ ਤਾਈਂ,
ਕਰੋ ਤੰਗ ਜੇਹਲ ਅੰਦਰ ਜਾਨ ਵਿਚੋਂ।
ਮਾਫੀ ਮੰਗੇ ਜਿਹੜਾ ਓਹਨੂੰ ਛੱਡ ਦੇਵੋ,
ਲਿਖ ਓਸਦੇ ਲਵੋ ਬਿਆਨ ਵਿਚੋਂ।
ਕਾਲਾ ਸਿੰਘ ਵੈਰੀ ਸੀ ਉਹ ਕੂਕਿਆਂ ਦਾ,
ਦੋਸਤ ਫਰੰਗੀ ਦਾ ਹਿੰਦੁਸਤਾਨ ਵਿਚੋਂ।੨੩।
ਚਾਰ ਦਿਨ ਸਿੰਘ ਸੀ ਤੰਗ ਕੀਤੇ,
ਚੌਥੇ ਦਿਨ ਸਭ ਪਿੰਡਾਂ 'ਚ ਵਾੜ ਦਿਤੇ।
ਓਹ ਆਪਣੇ ਆਪਣੇ ਗਏ ਪਿੰਡੀਂ,
ਨਜ਼ਰਬੰਦ ਕਰ ਕੇ ਹੁਕਮ ਚਾਹੜ ਦਿਤੇ।
ਦਿਨ ਪੰਦਰਾਂ ਬੀਤੇ ਸੀ ਜਦੋਂ ਦੇਖੋ,
ਕਹੇ ਮੁਕਬਰ ਦੇ ਸਿੰਘ ਸੀ ਤਾੜ ਦਿਤੇ।
ਭੰਮਾ ਬਦੀ ਤੋਂ ਪਕੜੇ ਸਿੰਘ ਕੂਕੇ,
ਇਕ ਸੌ ਦਸ ਗਿਣਤੀ ਜੋ ਬੈਰਾੜ ਦਿਤੇ।
ਦਿਨ ਤੀਸਰੇ ਉਹ ਵੀ ਛੱਡ ਦਿਤੇ,
ਸਿੱਧੂ ਗੋਤ ਦੇ ਸੀ ਸਰਦਾਰ ਕੂਕੇ।
ਕਾਹਲਾ ਸਿੰਘ ਪਕੜੇ ਰਾਜੇ ਵਾਰ ਤੀਜੀ,
ਭੰਮਾ ਬਦੀ ਦੇ ਬੱਸਣੇ ਹਾਰ ਕੂਕੇ। ੨੪।
ਰਾਜੇ ਅਹਿਲਕਾਰ ਨਾਲ ਵਜ਼ੀਰ ਆਏ,
ਸਿੰਘ ਜੇਹਲ ਵਿਚ ਸਾਰੇ ਘਲਾ ਦਿਤੇ।
ਕੱਛਾਂ ਲਾਹੋ ਤੁਸੀਂ ਜਾਵੋ ਅੱਜ ਘਰ ਨੂੰ,
ਸਿਪਾਹੀ ਆਖ ਕੇ ਸਿੰਘ ਪਕੜਾ ਦਿਤੇ।
ਕਹਿੰਦੇ ਪੀਵੋ ਹੁੱਕੇ ਤੁਸੀਂ ਛੱਡੋ ਸਿਖੀ,
ਤੱਤੀ ਰੇਤ ਸੇ ਪਿੰਡੇ ਸੜਾ ਦਿਤੇ।
ਕਾਹਲਾ ਸਿੰਘ ਨਾ ਸਿੰਘਾਂ ਨੇ ਸਿਦਕ ਹਾਰੋ,

ਸੜੇ ਪੈਰ ਸਰੀਰ ਅਕੜਾ ਦਿਤੇ।੨੫।
ਭੰਮਾ ਬਦੀ ਦੇ ਸਿੰਘ ਸਭ ਨਾਮਧਾਰੀ,
ਸਾਹਿਬ ਸਿੰਘ ਜਗੀਰ ਸੀ ਦਾਰ ਆਹਾ।
ਮਾਲਕ ਜਿਮੀ ਦਾ ਇਹ ਸੀ ਸਿੰਘ ਕੂਕਾ,
ਸਿੱਧੂ ਗੋਤ ਦਾ ਜੋ ਸਰਦਾਰ ਆਹਾ।
ਨਰੈਣ ਕੌਰ ਸਿੰਘਣੀ ਗ੍ਰਿਫਤਾਰ ਕੀਤੀ,
ਸਾਹਿਬ ਸਿੰਘ ਸਰਦਾਰ ਦੀ ਨਾਰ ਆਹਾ।
ਕਾਹਨ ਸਿੰਘ ਬਦਨ ਸਿੰਘ ਪਕੜ ਲਏ ਸੀ,
ਕਰਨ ਕੀਰਤਨ ਸ਼ਬਦ ਉਚਾਰ ਆਹਾ।
ਸਾਹਿਬ ਸਿੰਘ ਗ੍ਰੰਥੀ ਜੋ ਸਿੰਘ ਦਰਜ਼ੀ,
ਹਰਨਾਮ ਸਿੰਘ ਪੁੱਤਰ ਗਰਿਫਤਾਰ ਆਹਾ।
ਪੰਡਿਤ ਮਿਸ਼ਰਾ ਸਿੰਘ ਜੀ ਆਣ ਪਕੜੇ,
ਮਹਿਰੇ ਸਿੰਘ, ਤਿਖਾਣ ਲੁਹਾਰ ਆਹਾ।
ਇੱਕ ਸੌ ਸਿੰਘ ਤੇਰਾਂ ਗਿਣਤੀ ਵਿਚ ਸਾਰੇ,
ਬਾਲ ਬੱਚੇ ਤੇ ਔਰਤਾਂ ਚਾਰ ਆਹਾ।
ਸੰਮਤ ਉਨੀ ਸੌ ਉਨੱਤੀ ਬਿਕਰਮੀ ਸੀ,
ਦਿੱਤੇ ਜਿਹਲ ਅੰਦਰ ਸਿੰਘ ਡਾਰ ਆਹਾ।
ਬਾਰਾਂ ਦਿਨ ਨਾ ਦਿਤਾ ਸੀ ਖਾਣ ਤਾਈਂ,
ਸਿੰਘ ਭੁੱਖੇ ਲਹੂਰ ਅਪਾਰ ਆਹਾ।
ਬਾਲਕ ਔਰਤਾਂ ਭੁੱਖੀਆਂ ਧਾ ਮਾਰਨ,
ਭੁੱਖੇ ਬਾਲ ਮਾਰਨ ਚੰਗਿਆਰ ਆਹਾ।
ਦਿੱਤਾ ਤੇਰ੍ਹਵੇਂ ਦਿਨ ਆਟਾ ਬਾਜਰੇ ਦਾ,
ਭੁੱਖੇ ਹੋਏ ਸਰੀਰ ਲਚਾਰ ਆਹਾ।
ਦਿਸੇ ਪਿੰਜਰੇ ਸੁੱਕ ਸਰੀਰ ਗਏ,
ਮੱਥੇ ਚਮਕਦੇ ਜਿਵੇਂ ਅੰਗਿਆਰ ਆਹਾ।
ਕਈਆਂ ਸਿੰਘਾਂ ਦੇ ਪੈਰਾਂ ਨੂੰ ਕਾਠ ਬੇੜੀ,

ਰਾਤ ਦਿਨ ਲੱਗੇ ਪਹਿਰੇਦਾਰ ਆਹਾ।
ਜਿਨ੍ਹਾਂ ਸਿੰਘਾਂ ਦੇ ਪੈਰਾਂ ਨੂੰ ਬੇੜੀਆਂ ਸੀ,
ਬੈਠਣ ਪੈਣ ਤੇ ਬੜੇ ਲਾਚਾਰ ਆਹਾ।
ਗਾਹਲਾਂ ਕੱਢਣ ਸਿਪਾਹੀ ਆਣ ਕਰ ਕੇ,
ਕਰਨ ਬੋਲ ਕੁਬੋਲ ਮਕਾਰ ਆਹਾ।
ਕਈਆਂ ਸਿੰਘਾਂ ਨੂੰ ਆਣ ਕੇ ਕੁੱਟਦੇ ਸੀ,
ਅਫਸਰ ਜਿਹਲ ਦੇ ਤੇ ਅਹਿਲਕਾਰ ਆਹਾ।
ਕੂਕੇ ਸਿੰਘ ਨਾ ਗ਼ਦਰ ਆ ਫੇਰ ਪਾਵਣ,
ਸਾਡੀ ਗੋਰਿਆਂ ਦੀ ਸਰਕਾਰ ਆਹਾ।
ਇਕ ਭੁੱਖ ਤੇ ਦੂਸਰੀ ਕੁੱਟ ਪੈਂਦੀ,
ਮੱਘਰ ਮਾਂਹ ਚੜ੍ਹਿਆ ਠੰਢਾ ਠਾਰ ਆਹਾ।
ਸਰੂਪ ਸਿੰਘ ਰਾਜੇ ਦਾ ਪੁੱਤ ਹੈਸੀ,
ਰਘੁਬੀਰ ਸਿੰਘ ਰਾਜਾ ਮੁਖਤਿਆਰ ਆਹਾ।
ਸ਼ਰਾਬ ਪੀ ਕੇ ਕੰਜਰੀ ਪਾਸ ਰਹਿੰਦਾ,
ਜ਼ਾਲਮ ਸਖਤ ਦਿਲ ਦਾ ਤੇ ਮਕਾਰ ਆਹਾ।
ਸਿੰਘਾਂ ਤਾਈਂ ਕੁਟਾਂਵਦਾ ਨੌਕਰਾਂ ਤੇ,
ਬੇਈਮਾਨ, ਰਾਕਸ਼, ਬਦਕਾਰ ਆਹਾ।
ਸਿੰਘ ਭਜਨ ਕਰਦੇ ਬਾਣੀ ਪੜ੍ਹਨ ਗੁਰ ਦੀ,
ਸ਼ਬਦ ਪੜ੍ਹਦੇ ਬੋਲ ਕਰਾਰ ਆਹਾ।
ਤੇਰਾ ਭਾਣਾ ਮੀਠਾ ਲਾਗੇ,
ਤੁਕ ਬੋਲਦੇ ਸੀ ਵਾਰ ਵਾਰ ਆਹਾ।
ਨਰੈਣ ਕੌਰ ਵੱਡੀ ਮਾਤਾ ਨਿਕਲ ਆਈ,
ਗਈ ਜੇਹਲ 'ਚ ਸੁਰਗ ਸੁਧਾਰ ਆਹਾ।
ਕਾਹਲਾ ਸਿੰਘ ਰਾਜੇ ਨੇ ਜ਼ੁਲਮ ਕੀਤਾ,
ਤਾਹੀਂ ਲਿਖਦਾ ਕਲਮ ਪਸਾਰ ਆਹਾ।੨੯।
ਜਿਹੜੇ ਸਿਦਕ ਵਿਚ ਸਿੰਘ ਰਹੇ ਪੱਕੇ',

ਠਾਣੇਦਾਰ ਆਖੇ ਵਾਰ ਵਾਰ ਬਾਬਾ।
ਤੁਸੀਂ ਗੁਰੂ ਗੋਬਿੰਦ ਸਿੰਘ ਦੇ ਸਿੰਘ ਪੱਕੇ,
ਪੀਤੀ ਤੁਸਾਂ ਨੇ ਖੰਡੇ ਦੀ ਧਾਰ ਬਾਬਾ।
ਮੈਂ ਰਾਜੇ ਦੇ ਹੁਕਮ ਵਿਚ ਜੋ ਕੀਤਾ,
ਨੌਕਰ ਰਾਜੇ ਦਾ ਆਗਿਆਕਾਰ ਬਾਬਾ।
ਜਾਉ ਤੁਸੀਂ ਘਰ ਨੂੰ ਤੁਸੀਂ ਸਿੰਘ ਪੱਕੇ,
ਵਾ ਸਲਾਮ ਥੋਨੂੰ ਨਮਸਕਾਰ ਬਾਬਾ।
ਦਿਵਾਨ ਸਿੰਘ ਸਰਦਾਰ ਬਡ ਰੱਖਿਆਂ ਦਾ,
ਕੂਕਾ ਸਿੰਘ ਉਹ ਸੀ ਸਰਦਾਰ ਬਾਬਾ।
ਸਿੰਘ ਆਪਣੇ ਪਿੰਡ ਨੂੰ ਲੈ ਗਿਆ,
ਸੇਵ ਕਰੀਂ ਸੀ ਨਾਲ ਪਿਆਰ ਬਾਬਾ।
ਕਾਹਲਾ ਸਿੰਘ ਭੰਮਾ ਬਦੀ ਸਿੰਘ ਪੁੱਜੇ,
ਕਰਦੇ ਖੇਤੀ ਕਿਸਾਨੀ ਦੀ ਕਾਰ ਬਾਬਾ।੨੯[3]

ਇਹ ਲੰਮਾ ਵੇਰਵਾ ਰਿਆਸਤ ਜੀਂਦ ਦੀਆਂ ਸਖ਼ਤੀਆਂ ਦਾ ਗਿਆਨੀ ਕਾਹਲਾ ਸਿੰਘ ਨੂੰ 1946 ਬਿਕਰਮੀ, ਮੁਤਾਬਿਕ 1889-90 ਈ. ਵਿੱਚ, ਸੰਗਰੂਰ ਤੋਂ ਚਾਰ ਕੁ ਮੀਲ ਤੇ ਵਾਕਿਆ ਪਿੰਡ ਭੰਮਾ ਬਦੀ ਦੇ ਸਰਦਾਰ ਸਾਹਿਬ ਸਿੰਘ ਜੀ ਹੋਰਾਂ ਅਤੇ ਕਾਹਨ ਸਿੰਘ, ਬਦਨ ਸਿੰਘ ਜੀ ਨੇ ਦੱਸੇ ਸਨ ਕਿ ਕਿਸ ਤਰ੍ਹਾਂ ਮਹੀਨਿਆਂ ਬੱਧੀ, ਛੋਟੇ-ਛੋਟੇ ਬੱਚਿਆਂ, ਬਿਰਧਾਂ ਅਤੇ ਮਾਈਆਂ ਨੂੰ ਵੀ ਭੁੱਖਿਆਂ ਰਹਿਣਾ ਪੈਂਦਾ ਸੀ। ਉਪਰੋਕਤ ਸ੍ਰ. ਸਾਹਿਬ ਸਿੰਘ ਜੀ ਦੀ ਧਰਮ ਪਤਨੀ ਬੀਬੀ ਨਰਾਇਣ ਕੌਰ ਵੀ ਜਿਹਲ ਜੀਵਨ ਦੀਆਂ ਕਠੋਰ ਹਾਲਤਾਂ ਵਿੱਚ ਚੇਚਕ ਦੀ ਸ਼ਿਕਾਰ ਹੋ ਕੇ ਚੱਲ ਵੱਸੀ ਸੀ। ਨਾਮਧਾਰੀ ਪੰਥ ਵਿੱਚ ਇੱਕ ਛੂਤੀਆ ਸ਼ਾਖ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਰਤਾ ਪਹਿਲਾਂ ਤੋਂ ਲੈ ਕੇ ਕਾਫੀ ਪ੍ਰਸਿੱਧ ਹੋਈ ਹੈ। ਉਸ ਵਿੱਚ ਸੰਤ ਹਰਨਾਮ ਸਿੰਘ ਛੂਤੀਏ ਅਤੇ ਸੰਤ ਕਿਸ਼ਨ ਸਿੰਘ ਜੀ ਛੂਤੀਏ ਦੋ ਭਰਾ ਬੜੇ ਪ੍ਰਸਿੱਧ ਸਨ। ਇਹਨਾਂ ਦਾ ਪਿਤਾ ਬਾਬਾ ਸਾਹਿਬ ਸਿੰਘ ਅਤੇ ਮਾਤਾ ਸਾਹਿਬ ਕੌਰ, ਪਿੰਡ ਭੰਮਾਬਦੀ (ਸੰਗਰੂਰ ਰਿਆਸਤ) ਦੇ ਨਾਮਾ ਬੰਸੀ ਪਰਿਵਾਰ ਨਾਲ ਸਬੰਧਿਤ ਸਨ ਜੋ ਬਸਤਰ ਸਿਊਣ ਦਾ ਕਾਰਜ ਕਰਿਆ ਕਰਦੇ ਸਨ। ਇਹ ਭਾਈ ਸਾਹਿਬ ਸਿੰਘ ਦਰਜੀ ਵੀ ਭੰਮਾਬਦੀ ਦੇ 1872 ਈ. ਵਿੱਚ ਪਕੜੇ ਗਏ 113 ਕੂਕਿਆਂ ਵਿੱਚ ਹੀ ਸੰਗਰੂਰ ਜਿਹਲ ਵਿੱਚ

ਡੱਕੇ ਗਏ ਸਨ ਜਿੱਥੇ ਇਹਨਾਂ ਨੂੰ ਕਈ-ਕਈ ਦਿਨ ਖਾਣ ਲਈ ਅੰਨ ਦਾ ਦਾਣਾ ਨਸੀਬ ਨਹੀਂ ਸੀ ਹੁੰਦਾ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿੱਚ ਇਹ ਵਾਰਤਾ ਦਰਜ ਹੈ।

"ਉਸ ਵੇਲੇ ਜਿਹੜਾ ਕੋਈ ਰਈਸ ਸੀ, ਜਿਹੜਾ ਕੋਈ ਸਰਦਾਰ ਸੀ, ਜਿਹੜਾ ਕੋਈ ਮਹੰਤ ਸੀ, ਜਿਹੜਾ ਕੋਈ ਥੋੜ੍ਹੀ ਬਹੁਤ ਜਾਇਦਾਦ ਵਾਲਾ ਸੀ, ਉਹ ਸਭ ਅੰਗਰੇਜ਼ਾਂ ਦੇ ਹੁਕਮ ਵਿੱਚ ਚਲਦੇ ਸੀ। ਨਾਮਧਾਰੀ ਸਿੱਖ ਵਾਸਤੇ ਉਸ ਵੇਲੇ ਕੋਈ ਥਾਂ ਨਹੀਂ ਸੀ ਖੜੇ ਹੋਣ ਨੂੰ ਪਟਿਆਲੇ (ਅਤੇ ਹੋਰ ਫੂਲਕੀਆਂ ਰਿਆਸਤਾਂ) ਦੇ ਰਾਜ ਵਿੱਚ। ਜਿਸ ਵੇਲੇ ਸਤਿਗੁਰਾਂ ਨੂੰ ਲੈ ਗਏ ਸਨ, ਜਿਹੜੇ ਰਿਆਸਤ ਦੇ ਸਿੱਖ ਸਨ, ਉਹਨਾਂ (ਕੂਕਿਆਂ) ਨੂੰ ਜਬਰਨ ਭੇਜ ਕੇ— ਕਿਸੇ ਨੂੰ ਅਕਾਲ ਬੁੰਗੇ ਭੇਜਿਆ, ਕਿਸੇ ਨੂੰ ਕਿਤੇ ਭੇਜਿਆ- ਉਹਨਾਂ ਨੂੰ ਜਬਰਨ ਫੜ-ਫੜ ਕੇ ਅੰਮ੍ਰਿਤ ਛਕਾ ਕੇ ਕਿਹਾ, "ਸਾਡੇ ਰਾਜ ਵਿੱਚ ਕੂਕਾ ਕੋਈ ਨਹੀਂ" ਕਿਉਂਕਿ ਅੰਗਰੇਜ਼ ਦੀ ਵਫਾਦਾਰੀ ਨਹੀਂ ਸੀ ਨ ਰਹਿ ਸਕਦੀ, ਰਾਜਿਆਂ ਦਾ ਰਾਜ ਨਹੀਂ ਸੀ ਰਹਿ ਸਕਦਾ। ਜੋ ਉੱਥੇ ਨਾਮਧਾਰੀ ਸਿੱਖਾਂ ਨਾਲ ਹੋਇਆ, ਕੋਈ ਵਕਤ ਆਵੇਗਾ ਇਤਿਹਾਸ ਦੱਸੋਗਾ। ਹੁਣ ਤਾਂ ਉਹ ਸਰੀਰ ਹੀ ਨਹੀਂ ਰਹਿ ਗਏ, ਜਿਨ੍ਹਾਂ ਨੇ ਉਹ ਹਾਲਤਾਂ ਵੇਖੀਆਂ ਜਿਹੜੇ ਸਾਨੂੰ ਦੱਸਦੇ ਸੀ। ਅੱਠ-ਅੱਠ, ਨੌ-ਨੌ ਸਾਲ ਦੇ ਲੜਕੇ ਸੰਤ ਕਿਸ਼ਨ ਸਿੰਘ ਜੀ ਛੂਤੀਏ, ਜਿਨ੍ਹਾਂ ਦੀ ਸੱਤ ਸਾਲ ਜਾਂ ਛੇ ਸਾਲ ਦੀ ਉਮਰ ਸੀ- ਇਹਨਾਂ ਨੂੰ, ਇਹਨਾਂ ਦੇ ਪਿਤਾ ਨੂੰ, ਇਹਨਾਂ ਦੇ ਭਰਾਵਾਂ ਨੂੰ, ਇਹਨਾਂ ਦੇ ਸਾਥੀਆਂ ਨੂੰ— ਰਿਆਸਤ ਸੰਗਰੂਰ ਵਿੱਚ ਭੰਮਾ ਬਦੀ ਇਹ ਰਹਿੰਦੇ ਸਨ- ਕਾਠ ਮਾਰੇ ਸਨ। ਉਹਨਾਂ ਦਿਨਾਂ ਵਿੱਚ ਇੱਕ ਲੱਕੜ ਦਾ ਕਾਠ ਹੁੰਦਾ ਸੀ, ਜਿਹੜਾ ਲੱਤ ਵਿੱਚ ਮਾਰ ਕੇ ਫਾਨਾ ਠੋਕ ਦਿੰਦੇ ਸਨ। ਮੈਨੂੰ ਉਹਨਾਂ ਨੇ ਸੁਣਾਇਆ- ਛੋਟੀ ਉਮਰ ਸੀ, ਪਿਤਾ ਜੀ ਨਾਲ ਸਨ, ਭੁੱਖ ਲੱਗ ਆਈ, ਚਾਰ ਪਹਿਰ, ਛੇ ਪਹਿਰ ਲੰਘ ਗਏ- " ਪਿਤਾ ਜੀ, ਭੁੱਖ ਲੱਗੀ ਹੈ।" (ਪਿਤਾ ਜੀ) ਕਹਿੰਦੇ ਨੇ, "ਭਾਈ ਭਜਨ ਕਰ।"

"ਸੁਣਦਾ ਤੇ ਕੋਈ ਹੈ ਨਹੀਂ ਸੀ। ਫੇਰ ਆਖਿਆ, "ਭੁੱਖ ਲੱਗੀ ਹੈ।" ਇਤਨੇ ਚਿਰ ਨੂੰ ਇੱਕ ਮਾਈ ਆਈ ਕੋਈ ਬਾਹਰੋਂ, ਜਿਹਨੂੰ ਕੋਈ ਨਹੀਂ ਸੀ ਜਾਣਦਾ। ਉਸ ਨੇ ਪੰਜ-ਪੰਜ ਸੌ ਗਾਲ੍ਹ ਉਹਨਾਂ ਸਾਰਿਆਂ ਨੂੰ ਪੁਲਿਸ ਵਾਲਿਆਂ ਨੂੰ ਤੇ ਅਫਸਰਾਂ ਨੂੰ ਕੱਢੀ। ਉਸ ਨੇ ਕਹਿ ਕੇ ਸਿੱਖ ਛੁਡਵਾਏ, ਆਖਿਆ, "ਤੁਹਾਡਾ ਕੱਖ ਨਹੀਂ ਰਹਿਣਾ- ਤੁਸੀਂ ਇਹਨਾਂ ਨੂੰ ਕਿਉਂ ਮਾਰਦੇ ਹੋ?" ਉਸੇ ਵੇਲੇ ਉਹਨਾਂ ਸਾਰਿਆਂ ਦੀਆਂ ਬੇੜੀਆਂ ਲੁਹਾ ਦਿੱਤੀਆਂ।[4]

ਸਰਦਾਰ ਸਾਹਿਬ ਸਿੰਘ ਜੀ, ਜਿਹਨਾਂ ਨੂੰ ਨਾਮਧਾਰੀ ਸਿੰਘ (ਰਾਜਾ)

ਜਨਮੇਜਾ ਕਿਹਾ ਕਰਦੇ ਸਨ, ਉਹਨਾਂ ਦੀ ਮੁੱਠ ਭੇੜ, ਸੰਗਰੂਰ ਦੇ ਰਾਜੇ ਰਘੁਬੀਰ ਸਿੰਘ ਦੇ ਗੁਰੂ ਵਜੋਂ ਮਸ਼ਹੂਰ ਇੱਕ ਰਘਬੀਰ ਸਿੰਘ ਨਾਮ ਦੇ ਨਿਰਮਲੇ ਸੰਤ ਨਾਲ ਹੁੰਦੀ ਹੈ। ਸਾਹਿਬ ਸਿੰਘ ਕਿਸੇ ਕਾਰਜ ਵੱਸ, ਉਸ ਮਹੰਤ ਪਾਸ ਜਾਂਦੇ ਹਨ ਤਾਂ ਉਹ ਆਪਣੀ ਨਾਮਧਾਰੀ ਮਰਿਆਦਾ ਮੁਤਾਬਿਕ, ਆਪਣੇ ਗੜਵੇ ਡੋਰੀ ਨਾਲ ਖੂਹ ਵਿੱਚੋਂ ਜਲ ਲੈ ਕੇ ਛਕਣਾ ਚਾਹੁੰਦਾ ਹੈ ਜਦੋਂ ਕਿ ਮਹੰਤ ਉਸ ਨੂੰ ਆਪਣੇ ਘੜਿਆਂ ਵਿੱਚੋਂ ਪੀਣ ਲਈ ਕਹਿੰਦਾ ਹੈ। ਲੱਗਦੇ ਹੱਥ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਾਨ ਵਿੱਚ ਵੀ ਗੁਸਤਾਖੀ ਭਰੇ ਸ਼ਬਦ ਵਰਤਦਾ ਹੈ। ਇਸ ਤੇ ਸ੍ਰ. ਸਾਹਿਬ ਸਿੰਘ ਵੀ ਆਪਣਾ ਰੌਦਰ ਰੂਪ ਵਿਖਾਉਂਦਿਆਂ ਸੰਤ ਦੀ ਲੱਕੜੀ ਦੇ ਪਊਏ ਨਾਲ ਚੰਗੀ ਭੁਗਤ ਸੁਆਰ ਕੇ, ਉਸ ਦੇ ਦੰਦ ਤੋੜ ਦਿੰਦਾ ਹੈ। ਫਲਸਰੂਪ ਰਾਜਾ ਸੰਗਰੂਰ ਉਹਨਾਂ ਦੀ ਸਾਰੀ ਭੂਮੀ ਇੱਕੋ ਵਾਰ ਜ਼ਬਤ ਕਰ ਲੈਂਦਾ ਹੈ ਅਤੇ ਉਹਨਾਂ ਨੂੰ ਆਪਣੀ ਰਿਆਸਤ ਤੋਂ ਬਾਹਰ ਨਿਕਲਣ ਦੀ ਸਜ਼ਾ ਵੀ ਸੁਣਾ ਦਿੰਦਾ ਹੈ। ਅਸੀਂ ਇਹ ਬਿਰਤਾਂਤ ਵੀ ਸਾਹਿਬ ਸਿੰਘ ਹੋਰਾਂ ਤੋਂ ਸੁਣ ਕੇ ਲਿਖਣ ਵਾਲੇ ਗਿਆਨੀ ਕਾਹਲਾ ਸਿੰਘ ਜੀ ਦੀ ਜ਼ੁਬਾਨੀ ਹੀ ਸੁਣਦੇ ਹਾਂ।

"ਸ੍ਰ. ਸਾਹਿਬ ਸਿੰਘ ਰਾਜੇ ਦੇ ਗੁਰੂ ਰਘਬੀਰ ਸਿੰਘ ਨਾਲ ਰੌਲਾ"

ਜਗੀਰਦਾਰ ਸਾਹਿਬ ਸਿੰਘ ਨਾਮਧਾਰੀ,
ਓਸ ਦੱਸਿਆ ਸੀ ਬਰਤੰਤ ਮੈਨੂੰ।
ਉਹ ਗਿਆ ਸ਼ਹਿਰ ਸੰਗਰੂਰ ਹੈਸੀਂ,
ਰਘਬੀਰ ਸਿੰਘ ਜੀ ਮਿਲੇ ਮਹੰਤ ਮੈਨੂੰ।
ਡੇਰੇ ਓਸ ਦੇ ਜਦੋਂ ਮੈਂ ਗਿਆ ਹੈਸੀ,
ਲੱਗੀ ਪਾਣੀ ਦੀ ਪਿਆਸ ਬੇਅੰਤ ਮੈਨੂੰ।
ਪਾਣੀ ਪੀਣ ਲੱਗਾ ਜਦੋਂ ਮਾਂਜ ਗੜਵਾ,
ਮੂੰਹ ਤੇ ਨਿਰਮਲਾ ਬੋਲਦਾ ਸੰਤ ਮੈਨੂੰ।
ਸਾਹਿਬ ਸਿੰਘ ਪਾਣੀ ਠੰਢਾ ਠਾਰ ਪੀਵੋ,
ਘੜੇ ਭਰੇ ਕੋਰੇ ਸਰਦ ਨੀਰ ਸਿੰਘਾ।
ਮੈਂ ਕਿਹਾ ਮੈਂ ਸੋਧ ਦਾ ਪੀਆਂ ਪਾਣੀ,
ਹੱਥੀਂ ਆਪਣੀ ਕੱਢਾਂ ਰਘਬੀਰ ਸਿੰਘਾ।੩੦।
ਸੀ ਰਾਜੇ ਦਾ ਗੁਰੂ ਰਘਬੀਰ ਸਿੰਘ ਉਹ,

ਵਿਦਵਾਨ ਚੰਗਾ ਬੋਲ ਉੂਤ ਆਖੇ।
ਤੇਰੇ ਵਿੱਚੋਂ ਨਾ ਨਿਕਲਿਆ ਸਾਹਿਬ ਸਿੰਘਾ,
ਗੁਰੂ ਰਾਮ ਸਿੰਘ ਕੂਕੇ ਦਾ...... ਆਖੇ।
ਕੂਕਾ ਹੋ ਕੇ ਖੱਟਿਆ ਤੂੰ ਕੀ ਓਏ,
ਤੈਨੂੰ ਰਾਜੇ ਨਾ ਕੀਤਾ ਹੈ ਸੂਤ ਆਖੇ।
ਕਾਹਲਾ ਸਿੰਘ ਤੇਰੇ ਵਿੱਚ ਦਿਸਦਾ
ਰਾਮ ਸਿੰਘ ਨੇ ਵਾੜਿਆ ਭੂਤ ਆਖੇ।੩੧।

**ਸ੍ਰ. ਸਾਹਿਬ ਸਿੰਘ ਦਾ ਜੋਸ਼**

ਸਿੰਘ ਜੋਸ਼ ਖਾਧਾ ਗੁੱਸਾ ਚੜ੍ਹ ਗਿਆ,
ਰਘਬੀਰ ਸਿੰਘ ਦੇ ਭੰਨ ਸੀ ਦੰਦ ਦਿਤੇ।
ਪਊਆ ਓਸਦਾ ਚੱਕ ਕੇ ਮਾਰ ਮੂੰਹ ਤੇ,
ਨੱਕ ਫੰਡ ਦਿਤਾ ਦੰਦ ਰੰਦ ਦਿਤੇ।
ਕਰੀ ਨਿੰਦਿਆ ਸੀ ਜਿਸ ਨਾਲ ਓਹਨੇ,
ਇਕ ਪਲਕ ਅੰਦਰ ਬਦਲ ਰੰਗ ਦਿਤੇ।
ਕਾਹਲਾ ਸਿੰਘ ਸਾਹਿਬ ਸਿੰਘ ਹਰਨ ਹੋਇਆ,
ਇਕ ਦੋ ਹੋਰ ਸਾਥੀ ਉਹਦੇ ਫੰਡ ਦਿਤੇ।
ਸਿੰਘ ਪੁਲਸ ਦੇ ਹੱਥ ਸੀ ਨਾ ਆਇਆ,
ਰਾਜੇ ਜ਼ਬਤ ਕੀਤਾ ਘਰ ਬਾਰ ਸਾਰਾ।
ਜ਼ਮੀਨ ਜ਼ਬਤ ਕੀਤੀ ਇਕ ਸੌ ਬੀਸ ਏਕੜ,
ਜਲਾਵਤਨੀ ਹੁਕਮ ਸਰਕਾਰ ਸਾਰਾ।
ਪਿਨਸ਼ਨ ਜ਼ਬਤ ਕੀਤੀ ਸੀ ਜਗੀਰ ਸਾਰੀ,
ਛੱਡਿਆ ਪਿੰਡ ਤੇ ਸਿੱਧੂ ਪਰਵਾਰ ਸਾਰਾ।
ਲੋਹਗੜ੍ਹ ਪਿੰਡ ਵਿਚ ਆ ਨਿਵਾਸ ਕੀਤਾ,
ਕਾਹਲਾ ਸਿੰਘ ਨੇ ਕੀਤਾ ਦੀਦਾਰ ਸਾਰਾ।੩੩।"[5]

ਗਿਆਨੀ ਕਾਹਲਾ ਸਿੰਘ ਹੋਰਾਂ ਦਾ ਪਿੰਡ ਨੰਗਲ ਕਲਾਂ ਅਤੇ ਲੋਹਗੜ੍ਹ ਜਿੱਥੇ ਸ੍ਰ. ਸਾਹਿਬ ਸਿੰਘ ਜੀ ਨੇ ਰਹਿੰਦੀ ਉਮਰ ਬਤੀਤ ਕੀਤੀ, ਇੱਕ ਹੀ ਖਿੱਤੇ

ਦੇ ਪਿੰਡ ਹਨ, ਜਿਸ ਕਰ ਕੇ ਗਿਆਨੀ ਜੀ ਅਕਸਰ ਹੀ ਸਾਹਿਬ ਸਿੰਘ ਹੋਰਾਂ ਦੇ ਦਰਸ਼ਨ ਦੀਦਾਰ ਕਰ ਲਿਆ ਕਰਦੇ ਸਨ। ਇਸ ਲਈ ਗਿਆਨੀ ਜੀ ਦੀ ਇਹ ਰਚਨਾਂ ਪਹਿਲੇ ਦਰਜੇ ਦੀ ਅਗਵਾਹੀ ਜਿਹਾ ਮਹੱਤਵ ਰੱਖਦੀ ਹੈ।

ਸ੍ਰ. ਸਾਹਿਬ ਸਿੰਘ ਜੀ ਲੋਹਗੜ੍ਹ ਜ਼ਿਲ੍ਹਾ ਲੁਧਿਆਣਾ ਦੇ ਸ੍ਰ. ਕਿਸ਼ਨ ਸਿੰਘ ਗਰੇਵਾਲ ਨਾਮਧਾਰੀ ਦੇ ਖੇਤ ਵਿੱਚ ਲੱਗੇ ਖੂਹ ਤੇ ਨਿਵਾਸ ਰੱਖਦੇ ਸਨ। ਬਾਬਾ ਕਿਸ਼ਨ ਸਿੰਘ ਦੀ ਸਿੰਘਣੀ ਬੀਬੀ ਮਤਾਬ ਕੌਰ ਨੇ ਆਪਣੇ ਪਤੀ ਦੇ ਨਾਲ ਹੀ ਸਾਹਿਬ ਸਿੰਘ ਹੋਰਾਂ ਦੀ ਬਹੁਤ ਸੇਵਾ ਕੀਤੀ। ਇਸ ਜੋੜੀ ਦੇ ਅਕਾਲ ਚਲਾਣਾ ਕਰ ਜਾਣ ਬਾਅਦ ਇਹਨਾਂ ਦੀਆਂ ਨੂੰਹਾਂ ਬੀਬੀ ਇੰਦਰ ਕੌਰ ਤੇ ਬੀਬੀ ਹਰਨਾਮ ਕੌਰ ਬਿਰਧ ਅਵਸਥਾ ਵਿੱਚ ਬਾਬਾ ਜੀ ਦੀ ਸੇਵਾ ਕਰਦੀਆਂ ਰਹੀਆਂ ਸਨ। ਬਾਬਾ ਸਾਹਿਬ ਸਿੰਘ ਦਾ ਦੇਹਾਂਤ 1 ਵੈਸਾਖ ਸੰਬਤ ਬਿਕਰਮੀ 1955 ਮੁਤਾਬਿਕ ਅਪਰੈਲ 1898 ਈ. ਵਿੱਚ ਹੋਇਆ। ਬਿਸ਼ਨ ਸਿੰਘ ਹਿਸਟੋਰੀਅਨ ਮੁਤਾਬਿਕ ਇਸ ਸਮੇਂ ਬਾਬਾ ਜੀ ਦੀ ਆਯੂ 110 ਸਾਲ ਦੀ ਸੀ, ਜੋ ਦਰੁਸਤ ਮਾਲੂਮ ਨਹੀਂ ਹੁੰਦੀ।

ਇਹ ਸੰਤ ਕਿਸ਼ਨ ਸਿੰਘ ਅਤੇ ਹਰਨਾਮ ਸਿੰਘ ਛੂਤੀਏ ਦੋਵੇਂ ਭਾਈ ਲੋਹਗੜ੍ਹ ਦੇ ਸਰਦਾਰਾ ਸਿੰਘ ਦੇ ਪੁੱਤਰ ਸਨ, ਸਰਦਾਰਾ ਸਿੰਘ ਨੂੰ ਮਲੇਰਕੋਟਲੇ ਦੇ ਸਾਕੇ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਸੀ ਕਿ ਵੇਖੀਂ ਸਰਦਾਰਾ ਸਿੰਘ ਭਾਣਾ ਵਰਤਣ ਵਾਲਾ ਹੈ ਕਿਤੇ ਘਰ ਹੀ ਨਾ ਬੈਠਾ ਰਹੀਂ। ਲੋਹਗੜ੍ਹ ਦੇ ਉਪਰੋਕਤ ਸਰਦਾਰਾ ਸਿੰਘ ਪੁੱਤਰ ਲਾਲ ਸਿੰਘ, ਵਾਹੀਵਾਨ, ਸਾਹਿਬ ਸਿੰਘ ਉਰਫ ਕਰਾੜਾ ਸਿੰਘ ਪੁੱਤਰ ਕੇਸਰਾ ਸਿੰਘ, ਦੀਪ ਸਿੰਘ ਪੁੱਤਰ ਜਵਾਹਰ ਸਿੰਘ, ਸਾਵਣ ਸਿੰਘ ਪੁੱਤਰ ਕੂੰਮਾ ਸਿੰਘ, ਜੀਵਨ ਸਿੰਘ ਪੁੱਤਰ ਗੜਾ ਸਿੰਘ, ਸਾਰੇ ਵਾਹੀਵਾਨ ਅਤੇ ਨਿਵਾਸੀ ਲੋਹਗੜ੍ਹ ਸਰਕਾਰੀ ਰੀਕਾਰਡ ਮੁਤਾਬਿਕ ਮਲੇਰਕੋਟਲਾ ਸਾਕਾ ਵਿੱਚ ਸ਼ਾਮਲ ਸਨ ਪਰ ਬਾਅਦ ਵਿੱਚ ਨਿਕਲ ਆਏ ਸਨ।[7] ਇਸ ਤੋਂ ਲੋਹਗੜ੍ਹ ਦੀ ਕੂਕਾ ਇਤਿਹਾਸ ਵਿੱਚ ਮਹੱਤਤਾ ਪ੍ਰਗਟ ਹੁੰਦੀ ਹੈ। ਇਸ ਤੋਂ ਇਲਾਵਾ ਲੋਹਗੜ੍ਹ ਦਾ ਦੇਵਾ ਸਿੰਘ ਪੁੱਤਰ ਹਕੂਮਤ ਸਿੰਘ, ਮਲੇਰਕੋਟਲੇ ਦੇ ਸਾਕੇ ਵਿੱਚ ਤੋਪ ਨਾਲ ਉਡਾ ਕੇ ਸ਼ਹੀਦ ਕੀਤਾ ਗਿਆ। ਉਸ ਦੇ ਛੋਟੇ ਭਾਈ ਅਤਰ ਸਿੰਘ ਨੂੰ ਪੁੱਤਰ ਜਨਮੇ ਦੀ ਖੁਸ਼ੀ ਵਿੱਚ ਮਨਜ਼ੂਰੀ ਲੈ ਕੇ, ਅਖੰਡ ਪਾਠ ਕਰਾਉਣ ਤੇ ਮਿਥੀ ਗਿਣਤੀ ਤੋਂ ਸਿੰਘਾਂ ਦੇ ਵਧਣ ਜਾਂ ਦਿਨ ਵੱਧ ਲੱਗਣ ਦੇ ਬਹਾਨੇ, ਗ਼ੈਰ-ਕਾਨੂੰਨੀ ਸਭਾ ਕਰਨ ਦੇ ਦੋਸ਼ ਹੇਠ, 15 ਜਨਵਰੀ 1872 ਨੂੰ ਪਾਠੀਆਂ, ਧੂਪੀਆਂ, ਪਹਿਰੂਆਂ ਅਤੇ ਕਥਾ ਵਾਚਕਾਂ ਸਮੇਤ ਗ੍ਰਿਫਤਾਰ ਕਰ ਕੇ ਮੁਕਦਮਾ ਚਲਾ ਕੇ, ਲੁਧਿਆਣਾ ਜਿਹਲ ਵਿੱਚ ਵੱਖ-ਵੱਖ ਮਿਆਦ ਦੀਆਂ ਸਜ਼ਾਵਾਂ ਸੁਣਾ ਕੇ

ਡੱਕ ਦਿੱਤਾ। ਜਿੱਥੇ ਅਤਰ ਸਿੰਘ ਜਿਹਲ ਵਿੱਚ ਹੀ ਸ਼ਹੀਦ ਹੋ ਗਏ ਸਨ। ਬਾਬਾ ਸਾਹਿਬ ਸਿੰਘ ਭੰਮਾ ਬਦੀ ਦਾ ਕੂਕਿਆਂ ਦੀ ਛੂਤੀਆ ਸ਼ਾਖ ਨਾਲ ਇਤਨਾ ਸਨੇਹ ਸੀ ਕਿ ਇਸ ਦੇ ਮੁਖੀ ਭਾਈ ਸੱਦਾ ਸਿੰਘ 'ਕਬੀਰ' ਜੋ ਨਾਮਾ ਬੰਸੀ ਸਨ, ਉਹਨਾਂ ਦੀ ਪਹਿਲੀ ਪਤਨੀ ਦੀ ਮ੍ਰਿਤੂ ਹੋਣ ਤੇ ਆਪ ਨੇ ਆਪਣੀ ਪੁੱਤਰੀ ਰਾਮ ਕੌਰ ਦੀ ਸ਼ਾਦੀ ਉਹਨਾਂ ਨਾਲ ਅੰਤਰ ਜਾਤੀ ਕਰ ਦਿੱਤੀ ਸੀ।[8] ਬਾਬਾ ਸਾਹਿਬ ਸਿੰਘ ਹੋਰਾਂ ਦੀ ਅਨੁਮਾਨਿਤ ਜਨਮ ਮਿਤੀ ਵੀ 1820 ਈ. ਬਣਦੀ ਹੈ ਤੇ ਇਉਂ ਆਪ ਦੀ ਸੰਭਾਵਿਤ ਆਰਜਾ 80 ਕੁ ਸਾਲ ਦੇ ਲਗਪਗ ਹੀ ਬਣਦੀ ਹੈ। ਇਸ ਤਰ੍ਹਾਂ ਲੋਹਗੜ੍ਹ ਦੇ ਕੂਕਿਆਂ ਦੇ ਉਸ ਇਤਿਹਾਸਿਕ ਖੂਹ ਵਾਲੇ ਡੇਰੇ ਤੇ ਹੀ ਆਪ 1872 ਈ. ਤੋਂ ਬਾਅਦ ਵਾਲੀ ਸਾਰੀ ਉਮਰ, ਸਤਿਗੁਰੂ ਰਾਮ ਸਿੰਘ ਜੀ ਦੇ ਕੌਮੀ ਸੁਤੰਤਰਤਾ ਸੰਗਰਾਮ ਦੇ ਮਿਸ਼ਨ ਅਤੇ ਨਾਮ ਬਾਣੀ ਦਾ ਪਰਚਾਰ ਕਰਦਿਆਂ ਬਿਤਾ ਦਿੰਦੇ ਹਨ।

ਸੰਤ ਅਤਰ ਸਿੰਘ ਲੋਹਗੜ੍ਹ ਵਾਲੇ ਕਾਂਡ ਤੋਂ ਬਾਅਦ, ਬਾਹਰ ਪਿੰਡ ਵਿੱਚ 'ਕੂਕਿਆਂ ਦੇ ਖੂਹ' ਨਾਲ ਮਸ਼ਹੂਰ ਇਸ ਖੂਹ ਤੇ ਲੱਗੇ ਡੇਰੇ ਵਿੱਚ ਸੰਤ ਸੱਦਾ ਸਿੰਘ ਕਬੀਰ ਫਰਵਾਹੀ ਵਾਲੇ ਵੀ ਕੋਈ 30 ਸਾਲ ਰਹੇ ਸਨ। ਇਸ ਖੂਹ ਉੱਪਰ ਲੰਬੜਦਾਰ ਲਾਲ ਸਿੰਘ ਸਿਆਹੜ ਵਾਲੇ ਨੇ ਲੰਬੜਦਾਰੀ ਛੱਡ ਕੇ ਅਤੇ ਆਪਣੀ ਜ਼ਮੀਨ ਵੇਚ ਕੇ ਤਿੰਨ ਹਜਾਰ ਰੁਪੈ ਇਸ ਦੇ ਲੰਗਰ ਵਿੱਚ ਪਾ ਦਿੱਤੇ ਸਨ। ਭਾਈ ਲਾਲ ਸਿੰਘ, ਸਿੰਘਾਂ ਦੇ ਘਰਾਂ ਵਿੱਚ ਜਾ ਕੇ ਪਾਠ ਕਰ ਆਉਂਦੇ, ਜਦੋਂ 50-60 ਰੁਪੈ ਹੋ ਜਾਂਦੇ ਲੰਗਰ ਵਿੱਚ ਪਾ ਦਿੰਦੇ। ਬਾਬਾ ਸਾਹਿਬ ਸਿੰਘ ਭੰਮਾ ਬਦੀ ਵਾਲਿਆਂ ਦੀ ਕੁਝ ਜ਼ਮੀਨ ਜ਼ਬਤ ਹੋਣ ਤੋਂ ਬਚ ਗਈ ਸੀ, ਉਹ ਵੇਚ ਕੇ ਆਪ ਨੇ ਵੀ ਇਸ ਲੰਗਰ ਵਿੱਚ ਤਿੰਨ ਹਜਾਰ ਰੁਪੈ ਲਿਆ ਪਾਏ। ਬਾਬਾ ਕਿਸ਼ਨ ਸਿੰਘ ਛੂਤੀਏ ਪਾਠ ਕਰ ਕੇ ਜੋ ਪੈਸੇ ਹੁੰਦੇ ਇੱਥੇ ਹੀ ਭੇਟ ਕਰ ਦਿੰਦੇ। ਆਪ ਨੇ ਇੱਕ ਵੇਰ ਦੋ ਹਜਾਰ ਰੁਪੈ ਇੱਥੇ ਅਤੇ ਦਸ ਹਜਾਰ ਰੁਪੈ ਸ੍ਰੀ ਭੈਣੀ ਸਾਹਿਬ ਦੇ ਲੰਗਰ ਵਿੱਚ ਪਾਏ ਸਨ। ਲੋਹਗੜ੍ਹ ਵਿੱਚ ਇਹ ਇੱਕ ਕਿਸਮ ਦੀ "ਕੂਕਾ ਕਮਿਊਨ" ਹੀ ਸੀ। ਇਸ ਕਮਿਊਨ ਵਿੱਚ ਰਹਿਣ ਵਾਲੇ ਸਿੰਘਾਂ ਨੇ ਇੱਕ ਵੇਰ ਚਾਰ ਮੀਲ ਨਵਾਂ ਸੂਆ ਪੁੱਟ ਕੇ, ਕਿਰਤ ਦੀ ਕਮਾਈ ਲੰਗਰ ਵਿੱਚ ਪਾਈ ਸੀ।[9]

ਸਤਿਜੁਗ ਦੇ ਸੰਤ ਅੰਕ, 20 ਭਾਦਰੋਂ 1998 ਬਿਕਰਮੀ, ਵਿੱਚ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦਾ ਇੱਕ ਇਕਾਂਗੀ ਨਾਟਕ, "ਬੁਰੇ ਦਾ ਭਲਾ" ਛਪਿਆ ਸੀ, ਜਿਸ ਵਿੱਚ ਮੁੱਖ ਪਾਤਰ ਸੰਤ ਕਿਸ਼ਨ ਸਿੰਘ ਛੂਤੀਏ ਛੱਜਾਵਾਲ ਵਾਲੇ ਜੋ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਸਨ ਅਤੇ ਸਹਾਇਕ ਪਾਤਰ ਵਜੋਂ ਸਾਹਿਬ ਸਿੰਘ ਭੰਮਾ ਬਦੀ ਦਾ ਵੀ ਜ਼ਿਕਰ ਮਿਲਦਾ ਹੈ।

ਸਾਹਿਬ ਸਿੰਘ ਹੋਰਾਂ ਪਾਸ ਆਪਣੇ ਵੱਡਿਆਂ ਦੀ ਨਿਸ਼ਾਨੀ ਇੱਕ ਚਾਂਦੀ ਦਾ ਗੜਵਾ ਹੈ ਜੋ ਉਹ ਆਪਣੇ ਕਮਰੇ ਵਿੱਚ ਅੱਖਾਂ ਸਾਂਹਵੇਂ ਰੱਖਦੇ ਹਨ। ਪਰ ਇੱਕ ਦਿਨ ਕੋਈ ਖੂੰਖਾਰ ਡਾਕੂ ਉਹ ਗੜਵਾ ਚੁਰਾ ਕੇ ਲੈ ਜਾਂਦਾ ਹੈ, ਜਿਸ ਨੂੰ ਸੰਤ ਪਹਿਲਾਂ ਪਰਸ਼ਾਦਾ ਛਕਾਉਂਦੇ ਹਨ। ਜੋ ਪਕੜਿਆ ਜਾਂਦਾ ਹੈ ਤਾਂ ਪੁਲੀਸ ਉਸ ਦੇ ਦੱਸਣ ਤੇ ਗੜਵੇ ਸਮੇਤ ਸੰਤ ਜੀ ਪਾਸ ਲੈ ਆਉਂਦੀ ਹੈ। ਸੰਤ ਕਿਸ਼ਨ ਸਿੰਘ ਛੂਤੀਏ ਇਹ ਕਹਿ ਕੇ ਸਭ ਨੂੰ ਅਚੰਭਿਤ ਕਰ ਦਿੰਦੇ ਹਨ ਕਿ ਗੜਵਾ ਤੇ ਇਹਨੂੰ ਅਸਾਂ ਆਪ ਹੀ ਦਿੱਤਾ ਸੀ।[10]

ਸੰਤ ਸ੍ਰ. ਸਾਹਿਬ ਸਿੰਘ ਹੋਰਾਂ ਵਿੱਚ ਸਤਿਗੁਰੂ ਰਾਮ ਸਿੰਘ ਪ੍ਰਤੀ ਆਸਥਾ ਇਤਨੀ ਪਰਬਲ ਸੀ ਕਿ ਇੱਕ ਵੇਰ ਲੋਹਗੜ੍ਹ ਵਿੱਚ ਆਪਣੇ ਸਮੇਂ ਦੇ ਪ੍ਰਸਿੱਧ ਮਹਾਂਪੁਰਖ, ਸੰਤ ਅਤਰ ਸਿੰਘ ਜੀ ਮਸਤੂਆਣੀਆਂ ਦੇ ਕਈ ਦਿਨ ਦੀਵਾਨ ਲੱਗੇ। ਕਿਸੇ ਨੇ ਆਪ ਨੂੰ ਚੱਲਣ ਲਈ ਕਿਹਾ ਆਪ ਦਾ ਜੋ ਜੁਆਬ ਸੀ ਉਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿੱਚੋਂ ਸੁਣੀਏ।

"ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹ॥

ਮ ੪, ਪੰਨਾ ੧੩੧੮

ਜੇ ਕਿਸੇ ਦੂਏ ਵਲ ਝਾਕਦੀਆਂ ਹਨ ਤਾਂ ਮੇਰੀਆਂ ਅੱਖਾਂ ਕੱਢ ਦਿੱਤੀਆਂ ਜਾਣ। ਉਹਨਾਂ ਨੇ ਨਹੀਂ ਕੋਈ ਪਾਸਾ ਹੋਰ ਤੱਕਿਆ ਸੀ। ਬਾਬਾ ਸਾਹਿਬ ਸਿੰਘ ਜੀ ਇੱਕ ਲੋਹਗੜ੍ਹ ਪਿੰਡ ਵਿੱਚ ਰਹਿੰਦੇ ਸਨ, , ਲੁਧਿਆਣੇ ਦੇ ਜ਼ਿਲ੍ਹੇ 'ਚ, ਜਨਮ ਭੰਮਾ ਬਦੀ ਦਾ ਸੀ। ਲੋਹਗੜ੍ਹ ਵਿੱਚ ਸੰਤ ਮਸਤੂਆਣੀਏ ਆਏ। ਦੀਵਾਨ ਲਾਉਂਦੇ ਰਹੇ, ਖਵਰੇ ਉਨੀ ਦਿਨ ਕਿ ਬਾਈ ਦਿਨ ਰਹੇ।(ਬਾਬਾ ਸਾਹਿਬ ਸਿੰਘ ਜੀ) ਕਹਿੰਦੇ- ਬਿਨਾਂ ਸਤਿਗੁਰੂ ਰਾਮ ਸਿੰਘ ਦੀ ਸਾਧ ਸੰਗਤ ਤੋਂ ਦੀਵਾਨ ਨਹੀਂ ਸੁਣਨ ਜਾਣਾ।[11]

"ਹੋਰ ਕਿਸੇ ਚੀਜ਼ ਵਾਸਤੇ ਨਹੀਂ ਸਨ ਜਾਂਦੇ, ਦੂਸਰੇ ਪਾਸੇ ਧਿਆਨ ਨਹੀਂ ਸਨ ਕਰਦੇ। ਉਹ ਬਾਬਾ ਸਾਹਿਬ ਸਿੰਘ ਜੀ ਨੇ ਦੱਸਿਆ- ਬਈ, ਇੱਕੀ ਦਿਨ ਸੰਤ ਮਸਤੂਆਣੀਏ ਆਏ, ਦੀਵਾਨ ਲਗਦਾ ਰਿਹਾ, ਉਹ ਸੁਣਨ ਨਹੀਂ ਗਏ।[12]

ਸੰਤ ਨਿਧਾਨ ਸਿੰਘ ਆਲਿਮ ਦੀ ਲਿਖਤ ਮੁਤਾਬਿਕ, ਸਾਹਿਬ ਸਿੰਘ ਭੰਮਾ ਬਦੀ ਨੂੰ ਸ੍ਰ. ਅਤਰ ਸਿੰਘ ਲੋਹਗੜ੍ਹ ਦੇ ਘਰ ਹੋਏ ਅਖੰਡ ਪਾਠ ਕਾਰਨ, ਦੋ ਸਾਲ ਦੀ ਕੈਦ ਕੱਟਣ ਦੀ ਸਜ਼ਾ ਵੀ ਮਿਲੀ ਸੀ।[13]

ਆਪਣੇ ਦੇਸ਼ ਨਾਲ, ਆਪਣੀ ਮਿੱਟੀ ਨਾਲ, ਆਪਣੀ ਸੱਭਿਅਤਾ ਨਾਲ

ਪਿਆਰ ਕਰਨ ਦੀਆਂ, ਉਹ ਕਿਹੜੀਆਂ- ਕਿਹੜੀਆਂ ਕਠੋਰ ਸਜ਼ਾਵਾਂ ਸਨ, ਜੋ ਕੂਕਿਆਂ ਨੇ ਨਹੀਂ ਭੁਗਤੀਆਂ? ਉਹਨਾਂ ਨੂੰ ਵਿਦੇਸ਼ੀ ਦੁਸ਼ਮਣਾਂ ਨੇ ਤਾਂ ਸਰੀਰਕ ਤਸੀਹੇ ਦੇਣੇ ਹੀ ਸਨ, ਆਪਣਿਆਂ ਨੇ ਇਹਨਾਂ ਤਸੀਹਿਆਂ ਤੋਂ ਵੱਧ ਮਾਨਸਿਕ ਤਸੀਹੇ ਦਿੱਤੇ ਕਿ ਤੁਸੀਂ ਤਾਂ ਸਾਡੇ ਵਿੱਚੋਂ ਹੀ ਨਹੀਂ। ਪਰ ਧੰਨ ਸਨ ਉਹ ਗੁਰੂ ਕੇ ਸਿੱਖ ਜੋ ਸਾਬਤ ਕਦਮ ਰਹਿ ਕੇ, ਅੱਧੀ ਸਦੀ ਤਕ ਚੱਲਣ ਵਾਲੇ ਇਸ ਦਮਨ ਚੱਕਰ ਵਿੱਚੋਂ ਵੀ ਸਿਰ ਉਠਾ ਕੇ ਬਾਹਰ ਆਏ। ਘਰ ਦਾ ਵਿਗੋਚਾ, ਜਾਇਦਾਦ ਦੀ ਜ਼ਬਤੀ, ਸਾਰੀ ਉਮਰ ਹੋਰਨਾਂ ਦੇ ਦਰਾਂ ਤੇ ਕੱਟਣੀ, ਸੌਖੀ ਨਹੀਂ ਸੀ। ਪਰ ਹੋਰਾਂ ਦੇ ਦਰ ਕਿਉਂ, ਗੁਰੂ ਰਾਮ ਸਿੰਘ ਦੇ ਹਰ ਕੂਕੇ ਦਾ ਬੂਹਾ, ਨਾ ਸਿਰਫ ਹਰ ਕੂਕੇ ਲਈ, ਸਗੋਂ ਹਰ ਰੰਗ ਦੇ ਦੇਸ਼ਭਗਤ ਲਈ 1947 ਤੱਕ ਖੁੱਲ੍ਹਾ ਰਿਹਾ ਸੀ। ਬਾਬਾ ਸਾਹਿਬ ਸਿੰਘ ਜੀ ਦੇ ਬਹਾਨੇ, ਸਮੂਹ ਰਿਆਸਤਾਂ ਦੀ ਧੱਕੇਸ਼ਾਹੀ ਭੁਗਤਣ ਵਾਲੇ ਕੂਕੇ ਸੂਰਬੀਰਾਂ ਦੀ ਯਾਦ ਵਿੱਚ ਸਿਰ ਝੁਕਦਾ ਹੈ।

## -ਹਵਾਲੇ ਤੇ ਟਿੱਪਣੀਆਂ-


1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਜਸਵਿੰਦਰ ਸਿੰਘ), ਹੁਕਮਨਾਮਾ ਨੰ: 60, ਸਫਾ 488
2. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ (ਸੰ. ਜਸਵਿੰਦਰ ਸਿੰਘ), ਸਫਾ 31-32
3. ਗਿਆਨੀ ਕਾਹਲਾ ਸਿੰਘ ਨੰਗਲ, ਕੂਕੇ ਸਿੰਘ ਤੇ ਅੰਗਰੇਜ ਰਾਜ, 1970, ਪਰਕਾਸ਼ਕ ਬਿਸ਼ਨ ਸਿੰਘ ਹਿਸਟੋਰੀਅਨ (ਸਪੁੱਤਰ ਗਿਆਨੀ ਕਾਹਲਾ ਸਿੰਘ, ਨੰਗਲ ਕਲਾਂ ਨਜ਼ਦੀਕ ਪੱਖੋਵਾਲ, ਲੁਧਿਆਣਾ), ਹਾਲ ਮੁਕਾਮ ਦਮਦਮਾ ਇਲਾਕਾ ਜੀਵਨ ਨਗਰ, ਤਸੀਲ ਸਿਰਸਾ, ਜ਼ਿਲ੍ਹਾ ਹਿਸਾਰ, ਪੰਨਾ 19-25
4. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼, ਲਾਲ ਏਹਿ ਰਤਨ, ਭਾਗ 2, (ਸੰ. ਪ੍ਰਿੰ. ਬੇਅੰਤ ਕੌਰ), ਸਫਾ 34-35
5. ਗਿਆਨੀ ਕਾਹਲਾ ਸਿੰਘ ਨੰਗਲ, ਉਪਰੋਕਤ, ਸਫਾ 26-28
6. ਉਪਰੋਕਤ, ਸਫਾ 27
7. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-1881 (ਸੰ. ਜਸਵਿੰਦਰ ਸਿੰਘ), ਸਫਾ 40-45

8. ਸੰਤ ਇੰਦਰ ਸਿੰਘ ਚੱਕਰਵਰਤੀ ਦਾ ਲੇਖ ਸੰਤ ਸੱਦਾ ਸਿੰਘ 'ਕਬੀਰ', ਸਤਿਜੁਗ ਦਾ 'ਸੰਤ-ਅੰਕ', ਸ੍ਰੀ ਭੈਣੀ ਸਾਹਿਬ, 20 ਭਾਦਰੋਂ ਸੰਮਤ 1998, ਸਫਾ 23
9. ਉਪਰੋਕਤ, ਸਫਾ 21
10. ਸੰਤ ਇੰਦਰ ਸਿੰਘ ਚੱਕਰਵਰਤੀ ਦਾ ਇਕਾਂਗੀ "ਬੁਰੇ ਦਾ ਭਲਾ", ਉਪਰੋਕਤ ਅੰਕ, ਸਫਾ 103-17
11. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-4, (ਸੰ. ਪ੍ਰਿੰ. ਬੇਅੰਤ ਕੌਰ), ਸਫਾ 86
12. ਉਪਰੋਕਤ, ਸਫਾ 91
13. ਸੰਤ ਨਿਧਾਨ ਸਿੰਘ ਆਲਿਮ ਦਾ ਲੇਖ: ਕੂਕਾ ਇਤਿਹਾਸ ਦਾ ਇੱਕ ਸ਼ਾਨਦਾਰ ਵਰਕਾ, ਅਖੰਡ ਪਾਠਾਂ ਦੀ ਸਜ਼ਾ, ਕੈਦ, ਜੁਰਮਾਨਾ ਤੇ ਮੌਤ, ਸਤਿਜੁਗ, ਸ੍ਰੀ ਜੀਵਨ ਨਗਰ (ਹਿਸਾਰ) ਦਾ ਬਸੰਤ-ਅੰਕ, ਪਾਠ ਅੰਕ, ਮਾਘ-ਫੱਗਣ 2010 ਬਿਕਰਮੀ, ਸਫਾ 158

❊

# ਗੋਰਾ ਸ਼ਾਹੀ ਦੀਆਂ ਕੜੀਆਂ-ਬੇੜੀਆਂ 'ਚੋਂ ਨਿਕਲ ਜਾਣ ਵਾਲਾ
# ਸਵਾਮੀ ਤਖਤ ਸਿੰਘ ਗੁੱਜਰਪੁਰਾ

ਸੁਆਮੀ ਤਖਤ ਸਿੰਘ ਜੀ, ਨਾਮਧਾਰੀ ਇਤਿਹਾਸ ਵਿੱਚ ਉੱਘਾ ਰੁਤਬਾ ਰੱਖਦੇ ਹਨ। ਉਹ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਸਨ। ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨ ਲਈ ਜਾਣ ਵਾਲੇ ਸਿੰਘਾਂ ਵਿੱਚ ਆਪ ਦਾ ਵੀ ਸ਼ੁਮਾਰ ਹੁੰਦਾ ਹੈ। ਗੁਰੂ ਹਰੀ ਸਿੰਘ ਜੀ ਦੇ ਸਮੇਂ ਵੀ ਉਹ ਕੂਕਾ ਅੰਦੋਲਨ ਨਾਲ ਨੇੜਿਓਂ ਜੁੜੇ ਰਹੇ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਜਦੋਂ ਬਾਲਕ ਸਤਿਗੁਰੂ ਜਗਜੀਤ ਸਿੰਘ, ਮਹਾਰਾਜ ਬੀਰ ਸਿੰਘ ਅਤੇ ਹੋਰ ਵਿਦਿਆਰਥੀਆਂ ਦੀ ਸਿੱਖਿਆ ਦੀਖਿਆ ਲਈ, ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਵਿਦਿਆਲਾ, 1928-29 ਈ. ਵਿੱਚ ਸਥਾਪਿਤ ਕੀਤਾ ਗਿਆ, ਤਾਂ ਸੁਆਮੀ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਿਵਾਸ ਦੇ ਕੇ, ਉਹਨਾਂ ਪਾਸੋਂ, ਵਿਦਿਆਰਥੀਆਂ ਨੂੰ ਕੂਕਾ ਇਤਿਹਾਸ ਦੀਆਂ ਹਿਰਦੇ ਵੇਧਕ ਸਾਖੀਆਂ ਸੁਣਵਾਈਆਂ ਜਾਂਦੀਆਂ ਸਨ। ਇਸ ਸਮੇਂ ਕੋਈ ਇਕ ਦਹਾਕਾ ਭਰ ਦਾ ਸਮਾਂ ਸੁਆਮੀ ਜੀ ਨੇ ਇੱਥੇ ਹੀ ਬਤੀਤ ਕੀਤਾ।

ਸੁਆਮੀ ਜੀ ਦੇ ਜੀਵਨ ਵੇਰਵੇ ਬਾਰੇ ਅਸੀਂ ਸੰਤ ਤਰਨ ਸਿੰਘ ਵਹਿਮੀ ਹੋਰਾਂ ਦੇ ਆਭਾਰੀ ਹਾਂ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਵਹਿਮੀ ਜੀ ਨੂੰ ਉਚੇਚੀ ਹਦਾਇਤ ਕਰ ਕੇ ਆਪ ਨੂੰ ਸੁਆਮੀ ਜੀ ਦੇ ਪਾਸ ਭੇਜ ਕੇ, ਉਹਨਾਂ ਤੋਂ ਜੀਵਨ-ਗਾਥਾ ਲਿਖਣ ਲਈ ਕਿਹਾ ਸੀ। ਹੇਠਾਂ ਅਸੀਂ ਵਹਿਮੀ ਜੀ ਦੇ ਸ਼ਬਦਾਂ ਵਿੱਚ ਇਹ ਜਾਣਕਾਰੀ ਪੜ੍ਹਾਂਗੇ।

"(ਸਤਿਗੁਰੂ ਪਰਤਾਪ ਸਿੰਘ ਜੀ ਨੇ) ਸੰਤ ਬਾਬੇ ਤਖਤ ਸਿੰਘ ਦੀ ਸੰਗਤ ਸਾਹਿਬਜ਼ਾਦਿਆਂ ਨੂੰ ਕਰਨੀ ਕਹੀ ਤੇ ਸੁਆਮੀ ਜੀ ਨੂੰ ਆਪਣੀ ਕੋਠੜੀ ਵਿੱਚੋਂ ਆ (ਸਤਿਗੁਰੂ ਜੀ ਦੇ ਨਿਵਾਸ ਵਾਲੀ) ਕੋਠੀ ਟਿਕਣਾ ਕਿਹਾ ਤੇ ਉਨ੍ਹਾਂ ਦੀ ਰਜ਼ਾ ਤੇ ਭੀ ਰੱਖੀ।

### ਸੁਆਮੀ ਤਖਤ ਸਿੰਘ ਜੀ

"ਸੁਆਮੀ ਜੀ ਬਾਬਤ ਮੈਂ ਸਤਿਗੁਰੂ ਜੀ ਪਾਸੋਂ ਪੁੱਛਿਆ, ਇਹ ਕੈਸੇ ਹੋਏ ਨਿਭੇ ਹਨ ਤਾਂ ਸਤਿਗੁਰੂ ਜੀ ਕਿਹਾ,

ਸਾਧ ਕੀ ਸੋਭਾ ਸਾਧ ਬਨਿ ਆਈ॥

(ਗਉੜੀ ਮ: ੫ - ਅੰਗ ੨੭੨)

ਗੁਰਵਾਕ ਹੈ। ਪਰ ਮੈਂ ਤੈਨੂੰ ਦੱਸਦਾ ਹਾਂ, ਉਹ ਮਸਤ ਬਲੀ ਤੇ ਭਾਣੇ ਦੇ ਮੰਨਣ ਵਾਲੇ ਸਾਤਕੀ ਸਾਧੂ ਹਨ। ਤੂੰ ਉਨ੍ਹਾਂ ਤੋਂ ਹੀ ਉਨ੍ਹਾਂ ਦੇ ਜੀਵਨ ਬਾਬਤ ਪੁੱਛ ਤੇ ਲਿਖ ਲੈ। ਤੇ ਫਿਰ ਕਿਹੋ ਨੇ, ਜੇ ਸੁਘੜ ਬਣਨਾ ਈ ਤਾਂ ਆਪ ਤੋਂ ਉੱਚੇ ਸਾਧੂ ਬਿਰਧ ਦੀ ਸੰਗਤ ਕਰਿਆ ਕਰ ਤੇ ਉਨ੍ਹਾਂ ਤੋਂ ਉਤਮ ਬਚਨ ਮਿਲੇ ਲਿਖ ਲਿਆ ਕਰ, ਲਿਖਿਆ ਬੜੇ ਕੰਮ ਆਉਂਦਾ ਏ।"

"ਸੁਆਮੀ ਜੀ ਪਾਸ ਮੈਂ ਅਰਜ਼ ਕੀਤੀ ਤਾਂ ਉਨ੍ਹਾਂ ਮੈਨੂੰ ਦੱਸਿਆ, ਗੁੱਜਰਪੁਰੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਅਨੰਦ ਗੋਤ, ਖੱਤਰੀਆਂ ਦੀ ਕੁਲ ਵਿੱਚ 1905 ਬਿ. (ਮੁਤਾਬਿਕ 1848-49 ਈ.) ਜਨਮ ਹੋਇਆ। ਸੰਬਤ 1918 ਬਿ. (ਮੁਤਾਬਿਕ 1861-62 ਈ.) ਵਿੱਚ, (ਪਿੰਡ ਤੋਂ) ਦੋ ਢਾਈ ਕੋਹ ਤੇ ਮਾਹਲਪੁਰ, ਮਾਨ ਸਿੰਘ ਜ਼ਿਮੀਦਾਰ ਦੇ ਘਰ, ਸਤਿਗੁਰੂ (ਰਾਮ ਸਿੰਘ) ਜੀ ਦੇ ਸਮੇਤ ਸੂਬਿਆਂ, ਬਾਬਾ ਕਾਹਨ ਸਿੰਘ, ਬਾਬਾ ਸੁੱਧ ਸਿੰਘ ਅਤੇ ਬਾਬਾ ਸਾਹਿਬ ਸਿੰਘ ਜੀ ਆਦਿ ਦੇ ਦਰਸ਼ਨ ਹੋਏ ਤੇ ਭਜਨ ਪੁੱਛਿਆ ਸਤਿਗੁਰੂ ਜੀ ਤੋਂ ਤੇ ਮੁੜ ਐਸੇ ਮੋਹੇ ਗਏ ਘਰ ਨੂੰ ਨਾ ਪਰਤੇ। ਸੁਆਮੀ ਜੀ ਦੱਸਿਆ ਕਿ ਮਾਹਲਪੁਰ ਹੀ ਟੂਟੋ ਮਾਜਰੇ ਦੇ ਨਿਰਮਲਿਆਂ ਆ ਭਜਨ ਪੁੱਛਿਆ ਸੀ। ਸਤਿਗੁਰੂ ਜੀ ਉਹਨਾਂ ਦੇ ਡੇਰੇ ਜਾ ਲੰਗਰ ਕੀਤਾ ਸੀ। ਮਲੇਰਕੋਟਲੇ ਦੇ ਸਾਕੇ ਬਾਅਦ ਸਤਿਗੁਰੂ ਜੀ ਨੂੰ ਗੋਰਾ ਪਲਟਣ ਲੈਣ ਭੈਣੀ ਸਾਹਿਬ ਆਈ। ਗੁਰੂ ਹਰੀ ਸਿੰਘ ਜੀ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਕਿ ਮੈਂ ਮੰਨਦਾ ਹਾਂ, ਸਾਰੇ ਦੋਸ਼ ਜੋ ਗੋਰੇ ਆਪ ਤੇ ਲਾਉਂਦੇ ਹਨ। ਸਤਿਗੁਰੂ ਜੀ ਬਚਨ ਕੀਤਾ ਸੀ- ਤੂੰ ਏਧਰ ਹੀ ਰਹਿਣਾ ਹੈ ਤੇ ਮੈਂ ਪ੍ਰਦੇਸਾਂ ਨੂੰ ਜਾਣਾ ਹੈ। ਰਾਤ ਹੀ ਕੜਾਹ ਪਰਸ਼ਾਦ ਖੁੱਲ੍ਹਾ ਬਨਾਣਾ ਲਾਂਗਰੀਆਂ ਨੂੰ ਕਹਿ ਦਿੱਤਾ ਸੀ, ਸਤਿਗੁਰੂ ਜੀ। ਪਿਛਲੀ ਰਾਤ ਕਾਲੀ ਕੰਬਲੀ ਜੋ ਗੁੱਜਰਵਾਲ ਦੀ ਕਰਮੋਂ ਜੋ ਖੰਨੇ ਵਿਆਹੀ ਸੀ ਤੇ ਵਿਧਵਾ ਹੋਣ ਕਾਰਨ, ਪੇਕੇ ਹੀ ਜ਼ਿੰਦਗੀ ਗੁਜ਼ਾਰਦੀ ਸੀ ਲਿਆਈ ਸੀ। ਸੋ ਪਹਿਨ ਤਿਆਰ ਹੋਏ ਗੱਡੇ ਤੇ। ਸੁਆਮੀ ਜੀ ਦੱਸਿਆ ਕਰਮੋਂ ਦੀ ਕੰਬਲੀ ਭੇਟਾ ਧਰੀ ਦੇਖਦਿਆਂ ਸਤਿਗੁਰੂ ਜੀ ਬਚਨ ਕੀਤਾ ਸੀ- ਲਿਆਈ ਹੈਂ ਦੇਸ਼-ਨਿਕਾਲੇ ਵਾਲਾ ਬਾਣਾ ਤੇ ਉਹ ਬਹੁਤ ਦੁਖੀ ਹੋਈ, ਰੋਈ ਤੇ ਕਿਹਾ, "ਮੈਂ ਬੜੀ ਬੰਦਗੀ ਕਰ (ਉੰਨ) ਤੁੰਬ, ਕੱਤ, ਉਣਾ ਲਿਆਈ ਹਾਂ, ਆਪ ਇਹ ਕੀ ਬਚਨ ਕੀਤਾ ਹੈ।" ਸਤਿਗੁਰੂ ਜੀ ਕਿਹਾ ਸੀ, "ਅਸਾਂ ਪ੍ਰਦੇਸ ਜਾਣਾ ਹੈ ਤੇ ਇਹ ਕੰਬਲੀ ਤੇਰੀ ਸੰਗ ਰੱਖਾਂਗੇ ਤੇ ਹੰਡਾਵਾਂਗੇ। ਤੇਰੀ ਇਹ ਕੰਬਲੀ ਦੀ ਭੇਟਾ ਸਾਡੇ ਨਾਲ ਯਾਦ ਰਹੇਗੀ।"

"ਸ੍ਰੀ ਸਤਿਗੁਰੂ ਜੀ ਅੱਗੇ ਤਾਂ (ਮਦਾਨ) ਜੰਗਲ ਜਾਣ ਸਮੇਂ ਹੀ ਪਹਿਰਦੇ

ਸੀ। ਉਸ ਦਿਨ ਬਦੇਸ਼ ਜਾਣ ਸਮੇਂ ਪਹਿਰ ਗੱਡੇ ਤੇ ਹੋ ਬੈਠੇ। ਸਾਥ ਨਾਨੂੰ ਸਿੰਘ ਜੀ ਰੁੜਕੀ, ਜ਼ਿਲ੍ਹਾ ਅੰਬਾਲਾ ਤੇ ਗੁਰਦਿੱਤ ਸਿੰਘ ਮੋਰੋਂ ਜ਼ਿਲ੍ਹਾ ਜਲੰਧਰ ਹੀ ਲਏ। (ਸੂਬਾ ਜਵਾਹਰ ਸਿੰਘ ਤੇ ਸੂਬਾ ਸਾਹਿਬ ਸਿੰਘ ਵੀ ਉਸੇ ਗੱਡੇ ਤੇ ਬੈਠੇ)। ਸਭ ਸੰਗਤ ਜੋ ਚਿੱਠੀਆਂ ਭੇਜ ਸੱਦੀ ਸੀ ਕਿ ਦਰਸ਼ਨ ਮੇਲੇ ਦਾ ਕੋਈ ਮੁੱਲ ਨਹੀਂ ਹੁੰਦਾ, ਸਭ ਰੋਂਦੀ ਹੀ ਰਹਿ ਗਈ। ਸਤਿਗੁਰੂ ਜੀ ਇਕ ਵਜੇ ਰਾਤ ਉੱਠੇ ਸੀ ਤੇ ਰਾਤ ਦੋ ਵਜੇ ਫੌਜ ਆਈ ਸੀ। (ਸਤਿਗੁਰੂ ਜੀ ਇਕ ਦੋ ਵਜੇ ਵੱਡੇ ਤੜਕੇ, 18 ਜਨਵਰੀ 1872 ਨੂੰ ਤਾਂ ਲੁਧਿਆਣੇ ਰੇਲਵੇ ਸਟੇਸ਼ਨ ਦੇ ਲਾਗੇ, ਰੈਸਟ ਹਾਊਸ ਵਿੱਚ ਪੁੱਜ ਗਏ ਸਨ)। ਫੌਜ ਦੋਂਹ ਨੂੰ ਇਕੱਠਾ ਨਹੀਂ ਖਲੋਣ ਦੇਂਦੀ ਸੀ। ਲੁਧਿਆਣੇ ਗੱਡਾ ਪੁੱਜਾ, ਸਟੇਸ਼ਨ ਤਦੋਂ ਹੋਰ ਸ਼ਕਲ ਦਾ ਸੀ। ਗੁਰਦਿੱਤ ਸਿੰਘ ਗੱਡਾ ਸਟੇਸ਼ਨ ਤੋਂ ਬਾਹਰ ਖਲ੍ਹਾਰਿਆ। ਥੋਹੜੀ ਦੇਰ ਬਾਅਦ ਗੋਰਿਆਂ ਰੌਲਾ ਪਾਇਆ- ਕੂਕਾ ਭਾਗ ਗਿਆ। ਪਰ ਝੱਟ ਬਾਅਦ ਹੀ ਸਟੇਸ਼ਨ ਦੇ ਅੰਦਰੋਂ ਹੀ ਸਤਿਗੁਰੂ ਜੀ ਦੇ ਦਰਸ਼ਨ ਹੋਏ— ਬਾਣੀ ਪੜ੍ਹਦਿਆਂ ਦੇ। ਗੱਡੀ ਤੇ ਚੜ੍ਹੇ ਸਤਿਗੁਰੂ ਜੀ ਪਰ ਗੱਡੀ ਨਾ ਤੁਰੇ। ਇਕ ਬੁੱਢਾ ਸਾਧੂ ਦੂਰੋਂ ਭੱਜਾ ਆਉਂਦਾ ਸੀ, ਉਹ ਚਰਨੀਂ ਲੱਗਾ ਤਾਂ ਸਤਿਗੁਰੂ ਜੀ ਕਿਹਾ— ਤੇਰੇ ਲਈ ਗੱਡੀ ਰੋਕ ਰੱਖੀ ਹੈ। ਇਹ ਸੁਆਮੀ ਜੀ ਦੱਸਿਆ, ਗੁਰਦਿਤ ਸਿੰਘ ਤੇ ਉਸ ਬਿਰਧ ਸਾਧੂ ਨੇ ਦੋਇ ਬਚਨ ਸਟੇਸ਼ਨ ਤੇ ਵਰਤੇ ਦੱਸੇ ਸੀ। ਭੈਣੀ ਸਾਹਿਬ ਥੋਹੜੇ ਸਿੱਖ ਰਹਿਣ ਦਿੱਤੇ, ਬਹੁਤਿਆਂ ਦੇ ਨਾਮ ਲਿਖ ਘਰੀਂ ਘੱਲਿਆ ਤੇ ਸੂਬਿਆਂ ਨੂੰ ਭੀ ਫੜ ਲੈ ਗਏ ਪ੍ਰਾਗਰਾਜ ਸਤਿਗੁਰੂ ਜੀ ਪਾਸ। ਫੇਰ ਰੰਗੂਨ ਸਤਿਗੁਰੂ ਜੀ ਨੂੰ ਭੇਜਿਆ। ਸਿਰਫ ਨਾਨੂੰ ਸਿੰਘ ਜੀ ਨੂੰ ਨਾਲ ਰਹਿਣ ਦਿੱਤਾ, ਸੂਬੇ ਵੱਖ ਵੱਖ ਕਰ ਦਿੱਤੇ। ਰੰਗੂਨ ਬੰਗਲੇ ਵਿੱਚ ਡਿੱਘੀ ਸੀ। ਪਰ ਸਤਿਗੁਰੂ ਜੀ ਨਾ ਜਲ ਛਕਦੇ ਸੀ। ਗੋਰਿਆਂ ਖੂਹੀ ਲਾ ਦਿੱਤੀ, ਦੋ ਬ੍ਰਾਹਮਣ ਸੇਵਾ ਤੇ ਲਾਏ। ਇੱਕ ਗਊ ਦੀ ਸੇਵਾ ਤੇ ਇਕ ਭਾਂਡੇ ਮਾਂਜਣ ਤੇ। ਪਰ ਇਹ ਮੁਖਬਰ ਸੀ।

......"ਉਹ ਚੁਗਲੀਆਂ ਲਾਉਂਦੇ ਕਿ ਇਸ ਕਾਗਤ, ਕਲਮ, ਦੁਆਤ ਰੱਖੀ ਹੈ। ਚਿੱਠੀਆਂ ਲਿਖ ਪਾਉਂਦਾ ਹੈ ਤੇ ਸਿੱਖ ਭੀ ਪੰਜਾਬ ਵਿਚੋਂ ਇਸ ਪਾਸ ਆਉਂਦੇ ਨੇ। ਸਿੱਖਾਂ ਲਈ ਮੁਖਬਰ ਮਗਰ ਫਿਰਦੇ ਸੀ। ਕਲਕੱਤੇ ਹਾਵੜੇ ਦੇ ਸਟੇਸ਼ਨ ਤੇ। ਸਤਿਗੁਰੂ ਜੀ ਮਸਤਾਨੇ ਕਰ ਸੁਆਮੀ ਜੀ ਨੂੰ ਕਲਕੱਤੇ ਪਹਿਲੋਂ ਹੀ ਭੇਜਿਆ ਸੀ। ਇਨ੍ਹਾਂ ਤੋਂ ਇਕ ਬਿਹਾਰੀ ਮੱਲ ਸੁਧਰ ਬਿਹਾਰਾ ਸਿੰਘ ਬਣ ਸਮੇਤ ਪਰਿਵਾਰ ਸਿੱਖ ਸਜ ਗਿਆ ਸੀ। ਸੋ ਸਿੱਖਾਂ ਦੀ ਸੇਵਾ ਸਹਾਇਤਾ ਕਰਦਾ ਸੀ। ਬੱਘੀ ਸਟੇਸ਼ਨ ਤੇ ਤਿਆਰ ਖਲਹਾਰ ਰੱਖਦਾ। ਸਿੱਖ ਆਏ ਨੂੰ ਚੜ੍ਹਾਇ ਘਰ ਲੈ ਜਾਂਦਾ। ਅੱਠੀਂ ਦਿਨੀਂ ਜਹਾਜ ਕਲਕੱਤਿਉਂ ਚੱਲਦਾ ਸੀ, ਪਤਾ ਕਰ ਰਸਦ ਦੇ, ਚੜ੍ਹਾ 60 ਮੀਲ ਖਾੜੀ ਤੋਂ ਹੋ ਮੁੜਦਾ

ਸੀ। ਖੁਸ਼ਹਾਲ ਸਿੰਘ (ਅੰਮ੍ਰਿਤਸਰ ਵਾਲੇ ਕੂਕੇ ਭਾਈ ਮਹਿਤਾਬ ਸਿੰਘ ਪਕੌੜੀਏ ਦਾ ਭਰਾ) ਬਿਹਾਰਾ ਸਿੰਘ ਦੇ ਘਰ ਨੇੜੇ ਹੀ ਰਹਿੰਦਾ ਸੀ। ਸੋ ਮੁਖਬਰ ਬਣ ਗਿਆ ਸੀ ਪਰ ਬਿਹਾਰਾ ਸਿੰਘ ਉਸ ਤੋਂ ਚੋਰੀ ਸੇਵਾ ਸਹਾਇਤਾ ਕਰਦਾ ਸੀ।

“ਸਤਿਗੁਰੂ ਜੀ ਸਿੱਖਾਂ ਦੀ ਤਕਲੀਫ ਤੋਂ ਹੁਕਮ ਦਿੱਤਾ ਸੀ ਕਿ ਕੋਈ ਸਿੱਖ ਏਧਰ ਨਾ ਆਵੇ। ਸੁਆਮੀ ਜੀ ਰੰਗੂਨ ਗਏ ਤੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਕਿ ਤੁਸਾਂ ਇਹ ਹੁਕਮ ਕਿਉਂ ਕੀਤਾ ਹੈ— ਸਤਿਗੁਰੂ ਜੀ ਕਿਹਾ, ਮੇਰੇ ਮਤਲਬ ਭੇਦ ਨੂੰ ਤੂੰ ਕੀ ਜਾਣਦਾ ਹੈਂ? ਚੁੱਪ ਕਰ ਕੇ ਦੇਸ਼ ਨੂੰ ਚਲਾ ਜਾ। ਮੈਂ ਕੁਝ ਡੇਰ ਕੀਤੀ ਤੇ ਵਾਪਸ ਆਉਂਦਾ ਸਮੁੰਦਰੀਂ ਜਹਾਜ ਵਿਚ ਹੀ ਫੜਿਆ ਗਿਆ। ਸਿਪਾਹੀਆਂ ਹੱਥਕੜੀਆਂ ਲਾ ਕੇ ਜਿਹਲ ਵਿਚ ਡੱਕ ਦਿੱਤਾ, ਹੱਥ ਪੈਰ ਬੰਨ੍ਹ ਕੇ। ਬਹੁਤ ਤਕਲੀਫ ਹੋਈ, ਦੁਖੀ ਹੋਇ ਸਤਿਗੁਰੂ ਜੀ ਨੂੰ ਯਾਦ ਕੀਤਾ। ਅਰਜ਼ ਕੀਤੀ ਸਹਾਇਤਾ ਹੋਵੇ। ਜਿਹਲ ਦੁਆਲੇ ਪਹਿਰਾ ਸੀ। ਸਤਿਗੁਰੂ ਜੀ ਦੀ ਘੋੜੀ ਦੀਆਂ ਪੌੜਾਂ ਦੀ ਆਵਾਜ਼ ਕੰਨੀਂ ਪਈ। ਸਭ ਜੰਦਰੇ ਖੁੱਲ੍ਹ ਗਏ, ਪਹਿਰੂ ਸੌਂ ਗਏ ਤੇ ਸੁਆਮੀ ਜੀ ਜਿਹਲੋਂ ਬਾਹਰ ਆ ਗਏ। ਸਤਿਗੁਰੂ ਜੀ ਦਾ ਦਰਸ਼ਨ ਕੀਤਾ, ਸਤਿਗੁਰੂ ਜੀ ਅਲੋਪ ਹੋ ਗਏ। ਬੜਾ ਵੈਰਾਗ ਕੀਤਾ। ਰੋਂਦਿਆਂ ਦੂਰ ਜਾ ਇਕ ਛਪੜੀ ਤੋਂ ਇਸ਼ਨਾਨ ਕੀਤਾ। ਫੇਰ ਸਤਿਗੁਰੂ ਜੀ ਦਰਸ਼ਨ ਦਿੱਤਾ ਤੇ ਹੁਕਮ ਕੀਤਾ, ਨੱਸਣਾਂ ਨਹੀਂ। ਜਿੱਥੇ ਬੈਠਾਣ ਬੈਠਣਾ ਹੈ ਤੇ ਜਿਵੇਂ ਰੱਖਣ ਰਹਿਣਾ ਹੈ। ਪਿੱਛੋਂ ਪਹਿਰੂ ਜਾਗੇ ਤੇ ਕਪਤਾਨ ਨੂੰ ਦੱਸਿਆ- ਕੂਕਾ ਭਾਗ ਗਿਆ ਹੈ। ਇਤਨੇ ਨੂੰ ਤਖਤ ਸਿੰਘ ਜੀ ਸੁਆਮੀ ਇਸ਼ਨਾਨ ਕਰ ਆਉਂਦੇ ਦਿਸੇ। ਕਪਤਾਨ ਦੇ ਹਾਜ਼ਰ ਕੀਤੇ ਸਿਪਾਹੀਆਂ ਤੇ ਸੁਆਮੀ ਜੀ ਬੀਤੀ ਦੱਸੀ। ਮੈਂ ਤਕਲੀਫ਼ ਹੋਈ ਯਾਦ ਕੀਤਾ ਸੀ ਤੇ ਸਤਿਗੁਰੂ ਜੀ ਕੱਢਿਆ ਸੀ। ਕਪਤਾਨ ਫੇਰ ਹਥਕੜੀ ਲਵਾ ਕਿਹਾ- ਤੇਰਾ ਸਤਿਗੁਰੂ ਕਿੱਥੇ ਹੈ? ਸੁਆਮੀ ਤਖਤ ਸਿੰਘ ਜੀ ਕਿਹਾ— ਅੰਗ ਸੰਗ ਹੈ। ਉਸ ਕਿਹਾ— ਅਬ ਉਤਾਰੋ ਹਥਕੜੀਆਂ ਬੇੜੀਆਂ। ਤਖਤ ਸਿੰਘ ਕਿਹਾ- ਮੇਰੇ ਵਿਚ ਸਕਤ ਨਹੀਂ ਜਬ ਸਤਿਗੁਰੂ ਜੀ ਚਾਹੁਣਗੇ ਉੱਤਰੇਗੀ। ਸਾਹਿਬ ਸਾਂਹਵੇਂ ਕੁਰਸੀ ਤੇ ਹੋ ਬੈਠਾ। ਤਖਤ ਸਿੰਘ ਜੀ ਨੂੰ ਮਸਤੀ ਆਈ, ਹੱਥ ਛਿਣਕੇ ਤਾਂ ਕੜੀਆਂ ਝੜ ਗਈਆਂ। ਫੇਰ ਲਵਾਈਆਂ ਤਾਂ ਫੇਰ ਝੜ ਗਈਆਂ। ਸਾਹਿਬ ਦੇਖ ਕਿਹਾ, ਇਸ ਨੂੰ ਕਲਕੱਤੇ ਲੈ ਜਾਓ। ਕੜੀ ਕਿਸੇ ਨਾਂ ਲਾਈ ਤੇ ਕਲਕੱਤੇ ਤੋਂ ਸਾਲ ਕੈਦ ਕਰ ਪਿਸ਼ੌਰ ਭੇਜਿਆ। ਕੈਦ ਭੋਗ ਆਏ। ਗੁਰੂ ਹਰੀ ਸਿੰਘ ਜੀ ਨੂੰ ਮਿਲੇ। ਸੁਆਮੀ ਜੀ ਦੱਸਿਆ, ਸਤਿਗੁਰੂ ਰਾਮ ਸਿੰਘ ਜੀ ਰੰਗੂਨ ਤੋਂ ਮਰਗੋਈ ਗਏ ਤੇ ਅਲੋਪ ਹੋ ਗਏ, ਮੈਂ ਇਹ ਸੁਆਮੀ ਜੀ ਦੀ ਜ਼ਬਾਨੀ

ਲਿਖਿਆ ਹੈ। ਸੁਆਮੀ ਜੀ ਗਤਕਾ ਭੀ ਚੰਗਾ ਜਾਣਦੇ ਸੀ। ਬੰਗਾਲੀ ਲੋਕ ਇਹਨਾਂ ਨੂੰ ਉਸਤਾਦ ਮੰਨ ਸੁਆਮੀ ਜੀ ਕਹਿੰਦੇ ਸੀ ਪ੍ਰੇਮ ਨਾਲ। ਸਿੱਖਾਂ ਓਧਰ ਦਾ ਨਾਮ ਸੁਣਿਆ, ਏਧਰ ਭੀ ਆਏ, ਸੁਆਮੀ ਜੀ ਬਾਬਤ ਦੱਸਿਆ ਸੀ ਤੇ ਇਹੋ ਨਾਮ ਪ੍ਰਸਿੱਧ ਹੋ ਗਿਆ ਸੀ।

"ਮੈਨੂੰ ਸਤਿਗੁਰੂ ਜੀ ਇਸ ਤਰ੍ਹਾਂ ਬਿਰਧਾਂ ਤੋਂ ਪੁੱਛ ਪੁਰਾਣੇ ਨਵੇਂ ਸਾਧਾਂ ਦੇ ਬਚਨ ਲਿਖਣ ਦਾ ਸਵਾਦ ਪਾਇਆ ਹੈ। ਮੈਂ ਭੀ ਸੁਆਮੀ ਜੀ ਦੀ ਸੰਗਤ ਕੁਝ ਦਿਨ ਕੀਤੀ ਹੈ ਤੇ ਡਿਠਾ ਹੈ।

ਤ੍ਰਿਸਨਾ ਤਾਮਸ ਲਾਗ ਨ ਮੂਲੇ॥

ਵਾਕ ਦੀ ਵਰਤੋਂ ਵਾਲੇ ਸ਼ਾਂਤੀ ਸਰੂਪ ਭਜਨੀਕ ਸੀ।

ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ॥

(ਮਾਝ ਮ: ੫, ੧੩੨-੩੩)

ਗੁਰਵਾਕ ਦੀ ਵਿਵਸਥਾ ਵਾਲੇ ਸਾਧੂ ਸੀ। ਇਸੇ ਲਈ ਸਤਿਗੁਰੂ ਜੀ ਬਾਬਿਆਂ (ਆਪਣੇ ਸਾਹਿਬਜ਼ਾਦਿਆਂ) ਨੂੰ ਇਹਨਾਂ ਸੁਆਮੀ ਜੀ ਦੀ ਸੰਗਤ ਕਰਨ ਦਾ ਸੁਭਾਗ ਸਮਾਂ ਪਿਛਲੇ ਸਾਲਾਂ ਵਿੱਚ ਦਿੱਤਾ ਸੀ। ਇਹ ਸੁਆਮੀ ਜੀ 8 ਜੇਠ, 1997 ਬਿਕਰਮੀ ਮੁਤਾਬਿਕ 19 ਮਈ 1940, ਕੱਚੇ ਗੋਜਰੇ, ਲਾਇਲਪੁਰ (ਹੁਣ ਜ਼ਿਲ੍ਹਾ ਟੋਬਾ ਟੇਕ ਸਿੰਘ - ਪਾਕਿਸਤਾਨ) ਆਪਣੇ ਪਰਿਵਾਰ ਵਿੱਚ ਚੜ੍ਹੇ।"[1]

ਗੁੱਜਰ ਪੁਰਾ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦਾ ਪਿੰਡ ਹੈ ਜੋ ਸੈਲਾ ਖੁਰਦ ਤੋਂ 4 ਕਿਲੋਮੀਟਰ ਦੂਰ ਹੈ। ਇਸ ਦਾ ਰਕਬਾ 159 ਹੈਕਟਰ ਹੈ। ਹੁਸ਼ਿਆਰਪੁਰ-ਗੜ੍ਹਸ਼ੰਕਰ ਸੜਕ ਤੋਂ ਡੇਢ ਕਿਲੋਮੀਟਰ ਪਾਸੇ ਹੈ। ਇਹ ਛੋਟਾ ਜਿਹਾ ਪਿੰਡ ਹੈ, ਪਰ ਇਸ ਵਿੱਚ ਮਹਾਜਨ ਖੱਤਰੀਆਂ ਦੇ ਘਰ ਕਿਸੇ ਸਮੇਂ ਕਾਫੀ ਸਨ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ਾਂ ਵਿੱਚ ਵੀ ਸਵਾਮੀ ਤਖਤ ਸਿੰਘ ਜੀ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਦਰਜ ਹੈ। ਸਵਾਮੀ ਜੀ ਵੱਡੇ ਰਾਮ-ਵਿਓਗੀ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੀ ਭਾਹ ਵਿੱਚ ਤਪ ਤਪ ਕੇ ਉਹਨਾਂ ਦਾ ਸਰੀਰ ਕੁੰਦਨ ਹੋ ਗਿਆ ਸੀ। ਸਤਿਗੁਰੂ ਪਰਤਾਪ ਸਿੰਘ ਜੀ ਕਈ ਗੁਰੂ-ਪਿਆਰਿਆਂ, ਪ੍ਰੀਤਵਾਨਾਂ ਦਾ ਜ਼ਿਕਰ ਕਰਦਿਆਂ ਸਵਾਮੀ ਜੀ ਨੂੰ ਇਉਂ ਯਾਦ ਕਰਦੇ ਹਨ।

"ਮੇਰੇ ਅੱਗੇ ਇਕ ਚੀਜ਼ ਆ ਗਈ ਹੈ, ਹੁਣ ਸੰਤ ਤਖਤ ਸਿੰਘ ਜੀ, ਗੁੱਜਰ ਪੁਰਾ ਪਿੰਡ ਸੀ ਉਹਨਾਂ ਦਾ ਗੜ੍ਹਸ਼ੰਕਰ ਦੇ ਨਜ਼ਦੀਕ, ਨੱਬੇ ਸਾਲ ਤੋਂ ਉੱਤੇ

ਸਰੀਰ ਹੋ ਕੇ ਚੱਲਿਆ ਹੈ। ਮੈਂ ਉਹਨਾਂ ਦਾ ਦਰਸ਼ਨ ਕੀਤਾ ਹੈ। ਸਤਿਗੁਰੂ ਸੱਚੇ ਪਾਤਸ਼ਾਹ, ਸਤਿਗੁਰੂ ਰਾਮ ਸਿੰਘ ਜੀ ਜਿਸ ਵੇਲੇ ਰੰਗੂਨ ਆ ਗਏ, ਉਹ ਕਲਕੱਤੇ ਰਹਿੰਦੇ ਰਹੇ। ਕਲਕੱਤੇ ਉਹਨਾਂ ਨੇ ਬੰਗਾਲੀਆਂ ਨੂੰ ਸਿਖ ਸਜਾਇਆ, ਉੱਥੇ ਉਹ ਰਹਿੰਦੇ ਸਨ। ਬਹੁਤ ਸਖਤ ਪਹਿਰਾ ਹੋ ਗਿਆ— ਜਹਾਜ਼ ਉੱਤੇ। ਸਤਿਗੁਰਾਂ ਦਾ ਦਰਸ਼ਨ ਕਰਨ ਕਿਸੇ ਨੂੰ ਨਾ ਜਾਣ ਦਿੱਤਾ ਜਾਏ। ਆਪ ਉਹਨਾਂ ਨੇ ਬਚਨ ਸੁਣਾਇਆ, ਚਿੱਤ ਨੂੰ ਖਿੱਚ ਬੜੀ ਲੱਗੀ ਹੋਈ। ਅਸੀਂ ਤਾਂ ਹੁਣ, ਸੁੰਨੀ ਸਿੱਖ ਹਾਂ, ਜਿਨ੍ਹਾਂ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ, ਜਿਨ੍ਹਾਂ ਨੂੰ ਉਹ ਚੀਜ਼ ਪ੍ਰਾਪਤ ਹੋਈ, ਇਸ ਗੱਲ ਨੂੰ ਉਹ ਹੀ ਜਾਣਦੇ ਹਨ। ਸਾਹਿਬ ਰਾਮ ਕੁਇਰ ਦਾ ਪ੍ਰਸੰਗ ਪੜ੍ਹੋ- ਜਦੋਂ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੱਖਣ ਨੂੰ ਜਾਣ ਲੱਗੇ, ਕਹਿਣ ਲੱਗੇ, "ਸੱਚੇ ਪਾਤਸ਼ਾਹ ਮੈਂ ਤੇ ਤੇਰੇ ਦਰਸ਼ਨ ਤੋਂ ਬਗੈਰ ਪ੍ਰਸ਼ਾਦਾ ਨਹੀਂ ਛਕਦਾ, ਮੇਰਾ ਕੀ ਹਾਲ ਹੋਵੇਗਾ?" ਸਾਹਿਬ ਕਹਿੰਦੇ ਨੇ, "ਤੈਨੂੰ ਰੋਜ਼ ਦਰਸ਼ਨ ਹੋਇਆ ਕਰੇਗਾ।" ਉਹ ਨਹੀਂ ਬਗੈਰ ਦਰਸ਼ਨ ਬਚਦੇ।

"(ਸੰਤ ਤਖਤ ਸਿੰਘ ਜੀ) ਕਹਿਣ ਲੱਗੇ, "ਚਿੱਤ ਨੂੰ ਬੜੀ ਖਿੱਚ ਲੱਗੀ।" ਢਾਕੇ ਵਾਲੇ ਪਾਸੇ ਨੂੰ ਤੁਰ ਪਏ। ਹੁਣ ਦਾੜ੍ਹਾ ਵੱਡਾ-ਵੱਡਾ, ਗੋਰਾ ਰੰਗ, ਉਹ ਬੰਗਾਲੀ ਕਾਲੇ, ਸਿਰ ਮੂੰਹ ਮੁੰਨੇ, ਵਾਲ ਖੁੱਥੇ- ਕਿਸ ਤਰ੍ਹਾਂ ਰਲ ਸੱਕਣ ਉਹਨਾਂ 'ਚ। ਢਾਕੇ ਦੇ ਸੁਪਰਡੈਂਟ ਪੁਲਿਸ ਨੇ ਪਕੜ ਲਏ। ਬਾਰਬਟਨ ਅੰਗਰੇਜ਼ ਮਿੱਸਾ ਜਿਹਾ ਸੀ- ਕਸ਼ਮੀਰਨ ਦੇ ਪੇਟੋਂ- ਇੱਕੀ ਸਾਲ ਪੁਲਿਸ ਸੁਪਰਡੈਂਟ ਉਹ ਲੁਧਿਆਣੇ ਲੱਗਾ ਰਿਹਾ ਹੈ, ਇਸੇ ਵਾਸਤੇ ਕਿ ਨਾਮਧਾਰੀ ਅਖੰਡ ਪਾਠ ਨਾ ਕਰਨ, ਕੁਛ ਨਾ ਕਰਨ। ਉਸ ਨੇ ਸਾਰੇ ਲਿਖ ਕੇ ਭੇਜਿਆ ਹੋਇਆ- ਅਸੀਂ ਸਵਾਮੀ ਜੀ ਇਹਨਾਂ ਨੂੰ ਕਹਿੰਦੇ ਸਾਂ ਤਖਤ ਸਿੰਘ ਜੀ ਬਾਬਤ, ਕਿ ਇਹ ਉੱਡ ਜਾਂਦਾ ਹੈ। ਤਖਤ ਸਿੰਘ ਜੀ ਕਹਿਣ ਲੱਗੇ, ਢਾਕੇ ਵਾਲੇ ਨੇ ਸਾਨੂੰ ਫੜ ਕੇ ਪੈਰਾਂ 'ਚ ਬੇੜੀ ਪਾ ਲਈ, ਹੱਥਾਂ 'ਚ ਹੱਥਕੜੀਆਂ ਲਾ ਲਈਆਂ। ਜਿਸ ਵੇਲੇ ਸਾਨੂੰ ਲੈ ਕੇ ਗਏ, ਅੱਗੇ ਜਾ ਕੇ ਕਹਿੰਦਾ ਹੈ, "ਮੈਨੋ ਸੁਣਾ ਹੈ ਤੁਮ ਉੱਡ ਜਾਤੇ ਹੈ।

"ਮੈਂ ਕਿਹਾ ਜੀ ਮੈਨੂੰ ਤੇ ਕੋਈ ਪਤਾ ਨਹੀਂ।" ਕਹਿਣ ਲੱਗੇ, ਸਤਿਗੁਰੂ ਨੇ ਜਿਸ ਵੇਲੇ ਬਖਸ਼ਿਸ਼ ਕੀਤੀ, ਐਸ ਤਰ੍ਹਾਂ ਮੈਂ ਹਥਕੜੀਆਂ ਲਾਹ ਦਿਤੀਆਂ, ਐਸ ਤਰ੍ਹਾਂ ਬੇੜੀਆਂ ਲਾਹ ਦਿੱਤੀਆਂ", ਆਖਿਆ, "ਲਉ ਭਾਈ ਮੈਂ ਜਾਨਾ ਹਾਂ"- ਕੋਈ ਨਾ ਫੜ ਸਕਿਆ। ਜਦੋਂ ਸਤਿਗੁਰਾਂ ਕੋਲ ਰੰਗੂਨ ਪਤਾ ਪਹੁੰਚਿਆ, ਸਤਿਗੁਰਾਂ ਨੇ ਕਿਹਾ, "ਨਹੀਂ ਬਈ ਤਖਤ ਸਿੰਘ, ਇਹ ਕੰਮ ਨਹੀਂ ਕਰਨਾ।"

"ਉਸ ਤੋਂ ਬਾਅਦ ਫਿਰ ਆਪ ਕੈਦ ਹੋ ਕੇ, ਡੇਢ ਸਾਲ ਜਾ ਕੇ ਪਿਸ਼ੌਰ ਜਿਹਲ ਵਿੱਚ ਪੱਥਰ ਕੁੱਟੇ।"[2]

ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਕਾਜ ਵਿੱਚ ਜੇ ਕਦੇ ਅੰਗਰੇਜ਼ੀ ਸੈਨਾ ਨੂੰ ਵੀ ਪੰਜਾਬ ਵਿੱਚੋਂ ਲੰਘਣਾ ਪੈਂਦਾ ਸੀ ਤਾਂ ਉਹਨਾਂ ਨਾਲ ਇਹ ਅਹਿਦ ਸੀ ਕਿ ਉਹ ਕਿਉਂਕਿ ਗਊ ਮਾਸ ਭਖਸ਼ਕ ਸਨ ਪਰ ਪੰਜਾਬ ਵਿੱਚ ਉਹ ਗਊ-ਬੱਧ ਨਹੀਂ ਕਰ ਸਕਦੇ ਸਨ। ਹੁਣ 29 ਮਾਰਚ 1849 ਈ. ਵਿੱਚ ਪੰਜਾਬ, ਅੰਗਰੇਜ਼ੀ ਅਲਮਬਰਦਾਰੀ ਹੇਠ ਆ ਗਿਆ ਤਾਂ ਮਈ 1849 ਈ. ਤੋਂ ਅੰਗਰੇਜ਼ੀ ਸੈਨਾ ਅਤੇ ਅਧਿਕਾਰੀਆਂ ਨੇ ਆਪਣੀ ਲੋੜ ਲਈ, ਪੰਜਾਬ ਵਿੱਚ ਗਊ-ਬੱਧ ਕਰਵਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਗਊ-ਬੱਧ ਹਿੰਦੂ ਸਿੱਖਾਂ ਦੇ ਪਵਿੱਤਰ ਤੀਰਥ, ਗੁਰੂ ਕੀ ਨਗਰੀ, ਅੰਮ੍ਰਿਤਸਰ ਵਿੱਚ ਵੀ ਹੋਣ ਲੱਗ ਪਿਆ। ਅੰਮ੍ਰਿਤਸਰ ਵਿੱਚ ਬੇਸ਼ਕ ਵੱਡਾ ਬੁੱਚੜਖਾਨਾ ਸ਼ਹਿਰੋਂ ਬਾਹਰ ਸੀ ਪਰ ਇਕ ਬੁੱਚੜਖਾਨਾ ਹਰਿਮੰਦਰ ਸਾਹਿਬ ਦੇ ਬਿਲਕੁਲ ਨਜ਼ਦੀਕ ਵੀ ਸੀ ਜਿੱਥੋਂ ਕਾਂ ਇੱਲਾਂ ਗਊ ਮਾਸ ਦੀਆਂ ਬੋਟੀਆਂ, ਹੱਡੀਆਂ ਪਰਕਰਮਾਂ ਤੇ ਪਵਿੱਤਰ ਸਰੋਵਰ ਵਿੱਚ ਸੁੱਟਦੇ ਸਨ। ਇਸੇ ਤੋਂ ਚਿੜ ਕੇ ਭਾਈ ਬੀਹਲਾ ਸਿੰਘ, ਲਹਿਣਾ ਸਿੰਘ ਆਦਿ ਨਾਮਧਾਰੀ ਸਿੰਘਾਂ ਨੇ ਜੂਨ 1871 ਵਿੱਚ ਬੁੱਚੜਾਂ ਨੂੰ ਇੱਥੇ ਸੋਧਿਆ ਸੀ ਅਤੇ ਆਪਣੇ ਹੋਰ ਸਾਥੀਆਂ ਸਮੇਤ ਸ਼ਹੀਦੀਆਂ ਪਾਈਆਂ ਅਤੇ ਕਾਲੇ ਪਾਣੀ ਦੀਆਂ ਉਮਰ ਕੈਦਾਂ ਕੱਟੀਆਂ ਸਨ। ਕਿਸੇ ਗਹਿਰੀ ਨੀਤੀ ਨੂੰ ਵਿਚਾਰ ਕੇ ਸਰਕਾਰੀ ਦਸਤਾਵੇਜਾਂ ਵਿੱਚ ਹਰਿਮੰਦਰ ਸਾਹਿਬ ਵਾਲੇ ਬੁੱਚੜਖਾਨੇ ਦਾ ਜ਼ਿਕਰ ਤਾਂ ਨਹੀਂ ਮਿਲਦਾ ਹੈ। ਪਰ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਉਪਦੇਸ਼ਾਂ ਵਿੱਚ ਜ਼ਿਕਰ ਕਰਦੇ ਹਨ ਕਿ ਸਵਾਮੀ ਤਖਤ ਸਿੰਘ ਜੀ ਇਸ ਹਰਿਮੰਦਰ ਸਾਹਿਬ ਵਾਲੇ ਬੁੱਚੜਖਾਨੇ ਦੇ ਪ੍ਰਤੱਖ ਦਰਸ਼ੀ ਸਨ।

"ਪਿਆਰੇ ਸੱਜਣੋਂ, ਕੱਲ੍ਹ ਪ੍ਰਸੰਗ, ਮੈਂ ਥੋੜ੍ਹੀ ਜਿਹੀ ਅਰਜ਼ ਕੀਤੀ ਸੀ ਕਿ ਅੰਮ੍ਰਿਤਸਰ ਜੀ ਘੰਟਾ ਘਰ ਓਦੂੰ ਬਾਅਦ ਬਣਾਇਆ - ਉਹਦੇ ਨਾਲ ਜਿਹੜਾ ਚੜ੍ਹਦਾ ਪਾਸਾ ਸੀ, ਬੁੱਚੜਖਾਨਾ ਬਣਾਇਆ - ਉਂਝ ਲਿਖਣ ਵਿੱਚ ਨਹੀਂ, ਉਹ ਇਹ ਗੱਲ ਮੰਨਦੇ। ਪਰ ਸਾਡੇ ਕੋਲ ਉਹ ਮਹਾਂਪੁਰਖ, ਜਿਨ੍ਹਾਂ ਦੀ ਮੈਂ ਗੱਲ ਤੁਹਾਨੂੰ ਕੀ ਕਹਾਂ ਕਿ ਨੱਬੇ ਸਾਲ ਦੀ ਉਮਰ ਤੋਂ ਕੁਝ ਦਿਨ ਉੱਤੇ ਹੋਣਗੇ, ਇੱਕ ਵਜੇ ਤੜਕੇ ਉਠਣਾ, ਜੰਗਲ ਜਾਣਾ- ਬਸਤਰ ਲਾਹ ਕੇ, ਦੋ ਵਜੇ ਨੂੰ ਇਸ਼ਨਾਨ ਕਰ ਲੈਣਾ। ਫਿਰ ਉਸ, ਬਾਨਵੇਂ ਤਰਾਨਵੇਂ ਸਾਲ ਦੀ ਉਮਰ ਵਿੱਚ ਕੁਝ ਚਿਰ ਅੰਨ ਪਾਣੀ ਛੱਡ ਛੱਡਿਆ - ਕਹਿਣ ਲੱਗੇ, "ਹੁਣ ਸਤਿਗੁਰਾਂ ਦਾ ਦਰਸ਼ਨ ਨਹੀਂ ਹੁੰਦਾ, ਹੁਣ ਅੰਨ ਹੀ ਨਹੀਂ ਛਕਦੇ।" ਮੈਂ ਅਰਜ਼ ਕਰੀ, "ਬਈ ਥੋਹੜਾ ਬਹੁਤਾ ਛਕ ਲਿਆ ਕਰੋ", ਤੇ ਫਿਰ ਉਹ

ਛਕਣ ਲੱਗ ਪਏ। ਇਸ ਨੱਬੇ ਸਾਲ ਦੀ ਉਮਰ ਵਿੱਚ ਦੋ ਵਜੇ ਤੋਂ ਕੋਈ ਛੋਟੀ-ਮੋਟੀ ਸੋਟੀ ਫੜ ਲੈਣੀ ਤੇ ਖੜ੍ਹ ਕੇ ਭਜਨ ਕਰਨਾ, ਕਿਤੇ ਨੀਂਦ ਨਾ ਆ ਜਾਵੇ। ਉਨ੍ਹਾਂ ਮਹਾਂਪੁਰਖਾਂ ਨੇ ਜੋ ਆਪਣੀ ਅੱਖੀਂ ਜੋ ਕੁਝ ਦੇਖਿਆ, ਉਹਨਾਂ ਹੀ ਦੱਸਿਆ ਕਿ ਘੰਟਾਘਰ ਦੇ ਨਾਲ ਬੁੱਚੜਖਾਨਾ ਬਣਿਆ ਸੀ। ਸਤਿਗੁਰ ਜੀ ਜਿਸ ਵੇਲੇ ਪ੍ਰਦੇਸ ਗਏ-ਰੰਗੂਨ ਸੰਤ ਤਖਤ ਸਿੰਘ ਜੀ ਉਹਨਾਂ ਦਾ ਨਾਮ ਸੀ, ਗੁਜਰਪੁਰਾ ਪਿੰਡ ਸੀ .... ਖੱਤਰੀਆਂ ਦੇ ਘਰ ਦਾ ਜਨਮ ਸੀ- ਸਵਾਮੀ ਜੀ ਕਰ ਕੇ ਸਾਡੇ ਵਿੱਚ ਮਸ਼ਹੂਰ ਸਨ। ਕਲਕੱਤੇ ਉਸ ਵੇਲੇ ਨਾਮਧਾਰੀਆਂ ਤੇ ਪਹਿਰਾ ਰਹਿੰਦਾ ਸੀ, ਸਿੱਖਾਂ ਨੂੰ ਲੰਘਣਾ ਨਹੀਂ ਸੀ ਮਿਲਦਾ। ਕਲਕੱਤੇ ਆ ਕੇ ਉਹਨਾਂ ਨੇ ਬੰਗਾਲੀਆਂ ਨੂੰ ਸਿੰਘ ਸਜਾਇਆ। ਕਲਕੱਤੇ ਵਿੱਚ ਅਜੇ ਉਨ੍ਹਾਂ ਦੀ ਅੰਸ ਹੈ। ਹੁਣ ਇਧਰਲੇ ਪਾਸੇ ਬੜੀ ਸਖਤੀ ਹੋ ਗਈ, ਜਾਣ ਦਾ ਹੁਕਮ ਬੰਦ ਹੋ ਗਿਆ। ਉਹਨਾਂ ਦੇ ਵਾਸਤੇ ਇੱਕ ਗੱਲ ਮਸ਼ਹੂਰ ਸੀ ਕਿ ਉਹ ਕਦੇ ਕਦੇ ਉੱਡ ਵੀ ਜਾਂਦੇ ਸੀ। ਬਾਰਬਟਨ ਨੇ ਬੰਗਾਲ- ਸਾਰੇ ਵਿੱਚ, ਲਿਖ ਕੇ ਭੇਜ ਦਿੱਤਾ ਕਿ ਇਸ ਤਰ੍ਹਾਂ ਦਾ ਉਹ ਆਦਮੀ ਹੈ, ਉਹ ਹੱਥਾਂ ਵਿੱਚੋਂ ਨਿਕਲ ਜਾਂਦਾ ਹੈ। ਇਹ ਮੇਰੇ ਨਾਲ ਆਪ ਉਹਨਾਂ ਨੇ ਬਚਨ ਕੀਤੇ ਸਨ। ਕਹਿਣ ਲੱਗੇ, ਇਧਰਲਾ ਰਸਤਾ ਬੰਦ ਹੋ ਗਿਆ ਰੰਗੂਨ ਜਾਣ ਦਾ, ਚਿੱਤ ਸਤਿਗੁਰਾਂ ਦੇ ਦਰਸ਼ਨ ਨੂੰ ਕਰੇ। ਇਹ ਗੱਲ ਅਸੀਂ ਨਹੀਂ ਜਾਣ ਸਕਦੇ। ਇਹ ਗੱਲਾਂ ਜਿਹੜੀਆਂ ਹਨ, ਦਰਸ਼ਨ ਦੀ ਸਿੱਕ, ਜਿਹਨਾਂ ਨੂੰ ਲੱਗੀ ਉਹ ਹੀ ਜਾਣਦੇ ਹਨ।"[3]

ਇਸ ਤੋਂ ਬਾਅਦ ਸਤਿਗੁਰੂ ਪਰਤਾਪ ਸਿੰਘ ਜੀ ਦੱਸਦੇ ਹਨ ਕਿ 1904 ਈ. ਵਿੱਚ ਉਹਨਾਂ ਨੇ 90 ਸਾਲ ਦੀ ਉਮਰ ਵਾਲੇ, ਅਨੰਦਪੁਰ ਸਾਹਿਬ ਦੇ ਪੁਜਾਰੀਆਂ ਵਿੱਚੋਂ ਇੱਕ ਸੰਤ ਸੰਪੂਰਨ ਸਿੰਘ ਹੋਰਾਂ ਦੇ ਦਰਸ਼ਨ ਕੀਤੇ ਸਨ। ਉਹ ਹਕੀਮ ਵੀ ਸਨ ਤੇ ਵੱਡੇ ਸਾਧੂ ਵੀ। ਉਹ ਕਿਹਾ ਕਰਦੇ ਸਨ ਕਿ ਰਾਤ ਦੇ ਦੀਵਾਨ ਤੋਂ ਬਾਅਦ, ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਨਿਵਾਸ ਵਾਲੇ ਕਿਲ੍ਹੇ ਦੇ ਬੂਹੇ ਬੰਦ ਹੋ ਜਾਂਦੇ ਸਨ। ਗੁਰੂ ਸਾਹਿਬ ਦੇ ਆਸ਼ਕ ਦੀਵਾਨ ਨੰਦ ਲਾਲ, ਸਾਰੀ ਰਾਤ ਕਿਲ੍ਹੇ ਦੇ ਬੂਹੇ ਨਾਲ ਸਿਰ ਲਾ ਕੇ ਰੋਂਦੇ ਰਹਿੰਦੇ ਸਨ ਕਿ ਹਾਇ ਸੂਰਜ ਡੁੱਬ ਗਿਆ, ਹਾਇ ਸੂਰਜ ਡੁੱਬ ਗਿਆ। ਜਦੋਂ ਸੁਬਹਾ ਅੰਮ੍ਰਿਤ ਵੇਲੇ ਕਿਲ੍ਹੇ ਦੇ ਬੂਹੇ ਖੁੱਲ੍ਹਣੇ, ਸਤਿਗੁਰੂ ਜੀ ਨੇ ਆਸਾ ਦੀ ਵਾਰ ਵਿੱਚ ਦਰਸ਼ਨ ਦੇਣੇ, ਫਿਰ ਆਖਣਾ- "ਆਹਾ- ਹਾ- ਹਾ- ਸੂਰਜ ਚੜ੍ਹ ਗਿਆ।" ਇਸ ਤਰ੍ਹਾਂ ਹੀ ਸਤਿਗੁਰੂ ਜੀ ਭਾਈ ਟਹਿਲ ਸਿੰਘ ਸੇਖਵਾਂ ਵਾਲੇ, ਸੰਤ ਜਿਊਣ ਸਿੰਘ ਜੀ ਸਰਹਾਲੀ ਵਾਲੇ, ਭਾਈ ਹਰਨਾਮ ਸਿੰਘ ਤੇ ਬੀਬੀ ਚੰਦੇ ਭਾਣੇ ਵਾਲੇ ਦੰਪਤੀ ਦਾ ਜ਼ਿਕਰ ਕਰਦੇ ਸਨ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਹਿਜਰ ਵਿਛੋੜੇ ਦੀ ਭਾਹ ਵਿੱਚ ਅੱਠੇ ਪਹਿਰ ਭੁੱਜਦੇ ਸਨ ਤੇ

ਇਹ ਸਭ ਵੀ ਭਾਰੀ ਮੁਸ਼ਕਿਲਾਂ ਝਾਗ ਕੇ, ਰੰਗੂਨ ਦਰਸ਼ਨ ਕਰ ਕੇ ਆਏ ਸਨ, ਇਸੇ ਤਰ੍ਹਾਂ ਗੁਰੂ ਵਿਛੋੜੇ ਦੀ ਭਾਹ ਸਵਾਮੀ ਜੀ ਦੇ ਹਿਰਦੇ ਵਿੱਚ ਧਧਕ ਰਹੀ ਸੀ।

"ਉਹ ਸੰਤ ਤਖਤ ਸਿੰਘ ਜੀ ਕਹਿਣ ਲੱਗੇ, ਦਿਲ ਵਿੱਚ ਬੜੀ ਤਕਲੀਫ ਹੋਈ, ਸਤਿਗੁਰਾਂ ਦੇ ਦਰਸ਼ਨ ਨੂੰ ਚੱਲੀਏ। ਅਸੀਂ ਆਖਿਆ ਬਈ (ਸਮੁੰਦਰੀ ਜਹਾਜਾਂ ਤੇ ਸਖਤ ਪਹਿਰਾ ਹੋਣ ਕਾਰਨ) ਪੈਦਲ ਰਸਤੇ ਬਰਮਾ ਨੂੰ ਚਲਦੇ ਹਾਂ, ਅਸਾਮ ਵੱਲੋਂ ਦੀ ਢਾਕੇ ਵੱਲ ਤੁਰ ਪਏ। ਬਹੁਤ ਰੰਗ ਗੋਰਾ ਸੀ, ਬਹੁਤ ਖੂਬਸੂਰਤ ਸਰੀਰ ਸੀ। ਅਸੀਂ ਤਾਂ ਬਿਰਧ ਹੋਇਆਂ ਦੇਖਿਆ ਹੈ- ਜਵਾਨ ਅਵਸਥਾ ਵਿੱਚ ਖਬਰੇ ਕਿਤਨੇ ਕੁ ਸੁੰਦਰ ਹੋਣਗੇ।...

"......ਉਹ ਸੱਜਣ ਸਨ ਜਿਨ੍ਹਾਂ ਨੇ ਆਪਣੇ ਅੱਖੀਂ ਇਹ ਹਾਲਤ ਦੇਖੀ ਕਿ ਅੰਮ੍ਰਿਤਸਰ ਜੀ ਵਿੱਚ ਇਸ ਤਰ੍ਹਾਂ ਬੁੱਚੜਖਾਨਾ ਲੱਗਾ ਸੀ। ਇਹ ਸਿੱਖਾਂ ਦੀ ਅਣਖ ਨੂੰ ਅੰਗਰੇਜ਼ ਦਾ ਚੈਲੰਜ ਸੀ, ਉਸ ਵੇਲੇ ਗੁਰਦਵਾਰੇ ਦੇ ਨਾਲ ਬੁੱਚੜਖਾਨਾ ਲਾਉਣਾ ਅੰਮ੍ਰਿਤਸਰ ਜੀ ਦੇ ਕਿ ਇਹਨਾਂ ਵਿੱਚ ਕੋਈ ਜਿੰਦ ਜਾਨ ਹੈ ਕਿ ਨਹੀਂ। ਸਤਿਗੁਰ ਜੀ ਨੇ ਕਿਰਪਾ ਕੀਤੀ, ਸਿੱਖਾਂ ਨੇ ਇਹ ਕੰਮ ਕੀਤਾ।"[4]

ਸਤਿਗੁਰੂ ਪਰਤਾਪ ਸਿੰਘ ਜੀ ਨੇ ਹੀ ਜਨ-ਕਲਿਆਣ ਅਤੇ ਆਜ਼ਾਦੀ ਦੀ ਲੜਾਈ ਵਿੱਚ ਜੁੱਟੀਆਂ ਸਭੇ ਦੇਸ਼ ਭਗਤ ਤਾਕਤਾਂ ਦੀ ਫਤਹਿ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਸ੍ਰੀ ਭੈਣੀ ਸਾਹਿਬ ਵਿਖੇ 29 ਚੇਤਰ 1988 ਬਿਕਰਮੀ ਨੂੰ ਇਕ ਅਖੰਡ ਵਰਨੀ ਦੀ ਅਰੰਭਤਾ ਦੀ ਅਰਦਾਸ ਵੀ ਸਵਾਮੀ ਤਖਤ ਸਿੰਘ ਹੋਰਾਂ ਤੋਂ ਕਰਵਾਈ ਸੀ। ਸਤਿਗੁਰੂ ਜੀ ਦਾ ਵਿਸ਼ਵਾਸ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਵਿਚਾਰਾਂ ਦਾ ਡੰਕਾ ਦੇਸ਼ ਵਿੱਚ ਵੱਜਣ ਨਾਲ ਹੀ ਗਊ ਗਰੀਬ ਦੇ ਗਲੇ ਤੋਂ ਛੁਰੀ ਉੱਤਰੇਗੀ। ਇਸ ਤੋਂ ਇਲਾਵਾ ਟੁੱਟੀ ਗੰਢਣ ਵਾਲੇ, ਸ੍ਰੀ ਗੁਰੂ ਹਰੀ ਸਿੰਘ ਜੀ ਦਾ ਨਾਮ ਵੀ ਨਾਮਧਾਰੀ ਅਰਦਾਸ ਵਿੱਚ ਸ਼ਾਮਲ ਕਰਵਾਉਣ ਦਾ ਸੰਪਰਦਾਈ ਕਾਰਜ, ਸਵਾਮੀ ਜੀ ਤੋਂ ਹੀ ਕਰਵਾਇਆ ਗਿਆ।

"ਸਤਿਗੁਰੂ ਜੀ ਭੈਣੀ ਸਾਹਿਬ ਆਪ ਪਹਿਲਾਂ, ਉਹ ਨੇਮ ਅਰੰਭਣ ਦੇ ਖਿਆਲੋਂ ਜੋ ਸੰਗਤ ਨੂੰ ਦੇਣਾ ਚਾਹੁੰਦੇ ਸੀ, ਸ਼ਹੀਦੀ ਬੁੰਗੇ 29 ਚੇਤਰ ਅੰਮ੍ਰਿਤ ਵੇਲੇ ਉੱਠ, ਭਾਈ ਵਜ਼ੀਰ ਸਿੰਘ ਜੀ ਨਾਲ ਵਿਚਾਰ ਮੇਲ ਵਰਨੀ ਅਰੰਭੀ। ਕਿਉਂਕਿ ਇੱਕ ਵੈਸਾਖ, ਅੰਮ੍ਰਿਤਸਰ ਦੇ ਜ਼ਿਲ੍ਹੇ ਵੱਲੋਂ ਕੀਤੇ ਪਾਠਾਂ ਦੇ ਭੋਗ ਜਾ ਮੇਲੇ ਤੇ ਪਾਣੇ ਸੀ। ਤੇ ਸਭ ਕੁਝ ਆਪ ਨੇ ਨਵੇਂ ਸਿਰੇ ਸ਼ੁਰੂ ਕਰਨਾ ਸੀ।"

"ਸਤਿਗੁਰੂ ਜੀ ਆਸਾ ਦੀ ਵਾਰ ਦੇ ਭੋਗ ਬਾਅਦ ਪਵਿੱਤਰ ਜਲ ਦਾ ਕੁੰਭ ਧਰ, ਘਿਓ ਦੀ ਜੋਤ ਜਗਾ, ਧੂਫ਼ ਧੁਖਾ, ਸੰਤ ਬਹਾਦਰ ਸਿੰਘ ਜੀ, ਭਾਈ ਵਜੀਰ ਸਿੰਘ ਜੀ, ਸਵਾਮੀ ਤਖਤ ਸਿੰਘ ਜੀ, ਬਾਬਾ ਅਰੂੜ ਸਿੰਘ ਜੀ, ਸੇਵਾ ਸਿੰਘ ਜੀ ਮਹੰਤ ਤੇ ਲਾਂਗਰੀ ਕਿਰਪਾ ਸਿੰਘ ਸਮੇਤ ਕੜਾਹ ਪ੍ਰਸ਼ਾਦਿ ਕਰ ਸਵਾਮੀ ਜੀ ਤੋਂ ਪਾਤਸ਼ਾਹੀ ੧੨ਵੀਂ ਕਹਿ, ਗੁਰੂ ਹਰੀ ਸਿੰਘ ਜੀ ਤਕ ਅਰਦਾਸਾ ਕਰਾਇ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਵਰਨੀ ਟੋਰੀ ਤੇ ਬਚਨ ਕੀਤਾ ਸਾਡੀ ਸਹਾਇਤਾ ਰਹੇ ਤੇ ਨੇਮ ਨਿਭੇ। ਇਹ ਵਰਨੀ ਤਦ ਹੀ ਹਟੇ ਜਦ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੀ ਅਰਜ਼ ਮਨਜ਼ੂਰ ਹੋਵੇ ਇੱਥੋਂ ਉਠ ਜਾਂ ਰਵਾਲਸਰ ਜਾਂ ਸੁਹੇਵੇ ਸਾਹਿਬ ਜਾਣਾ ਪਵੇ ਤੇ ਸਤਿਗੁਰੂ ਜੀ ਦੇ ਦਰਸ਼ਨ ਦੀ ਸੋ ਆਵੇਗੀ ਤੇ ਨੇੜੇ ਹੀ ਆਸ ਬੱਝੇਗੀ।

"ਇਸ ਸਮੇਂ ਤੋਂ ਪਹਿਲੋਂ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਤੋਰਿਆ ਅਰਦਾਸਾ, ਪਹਿਲਾਂ ਪਾਤਸ਼ਾਹੀ ੧੨ਵੀਂ ਕਹਿ, ਪ੍ਰਿਥਮ ਭਗੌਤੀ ਤੋਂ ਲੈ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਅਕਾਲ ਪੁਰਖ ਜੀ, ਸਭ ਥਾਈਂ ਹੋਇ ਸਹਾਇ ਤੱਕ ਹੀ ਪਉੜੀ ਨਾਲ ਮੇਲ ਪੜ੍ਹ , ਫੇਰ ' ਗੁਰੂ ਬਾਲਕ ਸਿੰਘ ਤੇ ਸਤਿਗੁਰ ਰਾਮ ਸਿੰਘ ਜੀ ਦਾ ਨਾਮ ਲਿਆ ਜਾਂਦਾ ਸੀ, ਪਰ ਇਸ ਦਿਨ ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਅਕਾਲ ਪੁਰਖ ਜੀ, ਸਭ ਥਾਈਂ ਹੋਇ ਸਹਾਇ, ਜਿਉਂ ਕਾ ਤਿਉਂ ਤੁਕ ਰੂਪ ਵਿੱਚ ਕਾਇਮ ਰੱਖ ਬਾਅਦ ਜੋਗ ਹੁਕਮ ਦਿੱਤਾ ਸਵਾਮੀ ਜੀ ਨੂੰ ੧੧ਵੀਂ ਪਾਤਸ਼ਾਹੀ ਗੁਰੂ ਬਾਲਕ ਸਿੰਘ ਜੀ, ੧੨ਵੀਂ ਪਾਤਸ਼ਾਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਅਕਾਲ ਪੁਰਖ, ਜਿਨ੍ਹਾਂ ਜਮ ਤੋਂ ਲੀਆ ਛੁਡਾਇ॥ ਜੋਤਿ ਕਾ ਜਾਮਾ ਗੁਰੂ ਹਰੀ ਸਿੰਘ ਜੀ ਜਿਨ੍ਹਾਂ ਟੁੱਟੀ ਲਈ ਮਿਲਾਇ, ਕਹਿਣ ਦਾ ਹੁਕਮ ਦਿੱਤਾ ਤੇ ਗੁਰੂ ਕੇ ਚਾਰ ਸਾਹਿਬਜ਼ਾਦੇ, ਪੰਜ ਪਿਆਰੇ, ਚਾਲੀ ਮੁਕਤੇ, ਸਭ ਸ਼ਹੀਦਾਂ ਦੀ ਕਮਾਈ ਵੱਲ ਧਿਆਨ ਧਰ ਕੇ ਆਪ ਦਾ ਨਾਮ ਚਿੱਤ ਆਵੇ ਤੇ ਦਿਹੋ ਦੀਦਾਰ- ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ, ਆਪ ਦੇ ਭਾਣੇ ਸਰਬੱਤ ਦਾ ਭਲਾ" ਕਹਿ, ਅਰਦਾਸਾ ਕਰਾਇਆ।"

"ਸੁਆਮੀ ਤਖਤ ਸਿੰਘ ਜੀ ਪਿੰਡ ਗੁੱਜਰਵਾਲ, ਜ਼ਿਲ੍ਹਾ ਹੁਸ਼ਿਆਰਪੁਰ ਨੇ ਭਜਨ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਲਿਆ। ਨੰਦ ਗੋਤ ਖੱਤਰੀ, ਕੁਝ ਚਿਰ ਮਸਤ ਰਹੇ। ਬਦੇਸ਼ ਭੀ ਗਏ ਸਤਿਗੁਰੂ ਜੀ ਦੇ ਦਰਸ਼ਨ ਕਰਨ। ਕੈਦ ਭੀ ਕੱਟੀ। ਹੁਣ ਕੁਝ ਚਿਰ ਦੇ ਭੈਣੀ ਸਾਹਿਬ ਟਿਕੇ ਸੀ।"[5]

ਸੁਆਮੀ ਤਖਤ ਸਿੰਘ ਜੀ ਰੰਗੂਨ ਜਾਣ ਲਈ ਕਲਕੱਤੇ ਜਿਸ ਭਾਈ ਬਿਹਾਰੀ ਸਿੰਘ ਪਾਸ ਠਹਿਰੇ ਸਨ, ਉਹ ਕਲਕੱਤੇ, 6 ਮਾਚੋਆ ਰੋਡ ਤੇ ਰਹਿੰਦੇ

ਸਨ। ਪਹਿਲਾਂ ਸਿੰਘਾਂ ਦੀ ਮੱਦਦ ਕਰਨ ਵਾਲਾ ਖੁਸ਼ਹਾਲ ਸਿੰਘ, ਅੰਮ੍ਰਿਤਸਰ ਵਾਲਾ, ਜੋ ਬਾਅਦ ਵਿੱਚ ਸਵਾਮੀ ਜੀ ਦੇ ਲਿਖਣ ਮੁਤਾਬਿਕ ਮੁਖਬਰ ਹੋ ਗਿਆ ਸੀ, ਉਸ ਦੀ ਦੁਕਾਨ ਕਲਕੱਤੇ ਚਿੱਤਪੁਰ ਰੋਡ ਤੇ ਸੀ।[6] ਸਰਕਾਰੀ ਰਿਕਾਰਡ ਮੁਤਾਬਿਕ ਤਾਂ ਸਰਕਾਰ ਖੁਸ਼ਹਾਲ ਸਿੰਘ ਦੀਆਂ ਕੂਕਿਆਂ ਨੂੰ ਦਿੱਤੀਆਂ ਸੇਵਾਵਾਂ ਤੋਂ ਪਰੇਸ਼ਾਨ ਸੀ ਅਤੇ ਉਸਨੂੰ ਕਲਕੱਤੇ ਤੋਂ ਛੇਤੀ ਤੋਂ ਛੇਤੀ ਪਾਸੇ ਕਰਨਾ ਚਾਹੁੰਦੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਲਕੱਤੇ ਵਿਖੇ ਰਹਿਣ ਵਾਲੇ, ਬੰਗਾਲ, ਬਿਹਾਰ ਦੇ ਆਪਣੇ ਸਿੰਘਾਂ ਦੇ ਨਾਲ (ਸਵਾਮੀ) ਤਖਤ ਸਿੰਘ ਹੋਰਾਂ ਨੂੰ ਵੀ ਇਕ ਹੁਕਮਨਾਮੇ ਵਿੱਚ ਸੰਬੋਧਿਤ ਕਰਦੇ ਹਨ-

## ੨੯

ੴ ਸਤਿਗੁਰ ਪ੍ਰਸਾਦਿ।

ਲਿਖਤੋ ਦਿਆਲ ਸਿੰਘ ਜੋਗ ਉਪਮਾ ਭਾਈ ਰਾਮ ਸਿੰਘ ਜੀ ਤੇ ਬਿਹਾਰੀ ਸਿੰਘ, ਭਗਮਾਨ ਸਿੰਘ, ਲੱਖਾ ਸਿੰਘ, ਉਮਰਾਉ ਸਿੰਘ, ਤਖਤ ਸਿੰਘ ਹੋਰ ਸੰਬੂਹ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਹਥ ਜੋੜਕੇ ਸ੍ਰਵਤ ਨੇ।

ਹੋਰ ਜੀ ਏਥੇ ਹਮਾਰੇ ਪਾਸ ਸੁਖ ਆਨੰਦ ਹੈ, ਆਪਕੋ ਗੁਰੂ ਸਾਹਿਬ ਜੀ ਸੁਖੀ ਅਨੰਦ ਰਖੇ। ......ਹੋਰ ਜੀ ਹਮਾਰੇ ਕੋ ਕੁਛ ਲੋੜ ਨਹੀਂ, ਨਾ ਕਪੜੇ ਕੀ ਨਾ ਕਿਸੇ ਛਕਣ ਦੀ ਚੀਜ ਕੀ ਨਾ ਟਕੇ ਪੈਸੇ ਕੀ। ਹਮਾਰੇ ਪਾਸ ਸਭੋ ਕੁਛ ਗੁਰੂ ਜੀ ਨੇ ਦੇ ਰਖਾ ਹੈ ਬਥੇਰਾ...

ਲੋੜਿ ਏਹੁ ਬਡੀ ਹੈ ਜੋ ਏਕੁ ਤੁਮਾਰੇ ਦਰਸਨ ਦੀ ਅਰੁ ਭਜਨੁ ਪ੍ਰਮੇਸਰ ਕਾ ਕਰਨ ਦੀ ਬੀ ਤੇ ਕਰਾਉਣ ਦੀ ਬੀ। ਸੋ ਜੀ ਤੁਸੀ ਤਕੜੇ ਹੋ ਕੇ ਭਜਨ ਬਾਣੀ ਕਰੋ ਸਾਰੀ ਸੰਗਤਿ। ਬਹੁਤੁ ਸੁਖੁ ਹੋਵੇਗਾ ਭਜਨੁ ਬਾਣੀ ਤੇ। ਹੋਰ ਜੀ ਪਿਛਾ ਰਾਤ ਸਵਾ ਪਹਰਿ ਰਹੀ ਤੇ ਇਸਨਾਨ ਕਰਨ ਦਾ ਗੁਰੂ ਜੀ ਨੇ ਬਡਾ ਮਹਾਤਮ ਲਿਖਾ ਹੈ। ਸੋ ਸਨਾਨ ਬੀ ਜਰੂਰ ਕਰਨਾ ਪਿਛਾ ਰਾਤ ਜਰੂਰਿ।

ਹੋਰ ਜੀ ਭਾਈ ਗੁਰਦਿਤੇ ਰਾਮ ਦੀ ਸੇਵਾ ਜਰੂਰਿ ਕਰਨੀ ਜਿਤਨੀ ਬਣਿ ਆਵੇ। ਸ੍ਰਬ ਸਿਖਾ ਕੋ ਹੁਕਮੁ ਹੈ ਸਬਦੁ ਦੀ ਭੇਟਾ ਦੇਣੀ। ਸੋ ਗੁਰੂ ਜੀ ਕੋ ਪਹੁੰਚਦੀ ਹੈ ਜੋ ਸਬਦਿ ਦੀ ਭੇਟਾ ਦਿੰਦਾ ਹੈ ਕੋਈ। ........ਹੋਰ ਗੁਰਦਿਤਾ ਰਾਮ ਜੀ ਹਮਾਰੀ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਆਪ ਨੇ। ਜੇ ਮੇਰੇ ਕੋ ਗੁਰੂ ਜੀ ਪੰਜਾਬ ਲੈ ਜਾਉ ਤਾਂ ਤੁਮਕੋ ਅਛਾ ਹੋਵੇਗਾ।

ਭਜਨ ਬਾਣੀ ਕਰਨਾ ਰਾਤ ਦਿਨ ਤਕੜੇ ਹੋ ਕੇ। ਸ਼ਬਦ ਬੀ ਪੜਨਾ ਵੇਲੇ ਸਬਦ ਦੇ। ਫੇਰ ਭਜਨ ਕਰਨਾ ਤਕੜੇ ਹੋ ਕੇ, ਫੇਰ ਕੋਈ ਥੁੜ ਨਾ ਕੋਈ ਦੁਖੁ ਰਹੂਗਾ। ਸਤਿ ਪ੍ਰਤੀਤ ਕਰਨੀ ਏਸ ਬਚਨ ਦੀ ਸਭ ਨੇ। ਏਹੁ ਹਰਿਦਾਸ ਦੇਣੀ ਕਲਕਤੇ ਭਾਈ ਰਾਮ ਸਿੰਘ ਜੀ ਕੋ ਬਡੀ ਸੰਗਤ ਮੈਂ।[7]

ਭਾਈ ਰਾਮ ਸਿੰਘ ਕਲਕੱਤੇ ਦੇ ਵਡੀ ਸੰਗਤ ਨਾਮ ਦੇ ਗੁਰਦੁਆਰੇ ਵਿਚ ਰਹਿੰਦੇ ਸਨ। ਰੰਗੂਨ ਦਰਸ਼ਨਾਂ ਲਈ ਆਏ ਸਿੱਖ ਇਸ ਗੁਰਦੁਆਰੇ ਜਾਂ ਫਿਰ ਮਕਾਨ ਕਿਰਾਏ ਤੇ ਲੈ ਕੇ ਰਹਿੰਦੇ ਸਨ। ਰਾਇਕੋਟ ਸ਼ਹਿਰ ਦੇ ਨੇੜੇ ਪਿੰਡ ਤਾਜਪੁਰ ਦੇ ਇਕ ਡੇਰੇ ਦੇ ਸਾਧੂ ਬੂਟਾ ਰਾਮ ਵੀ 1871 ਈ. ਤੋਂ ਬਾਅਦ ਕਲਕੱਤੇ ਹੀ ਆ ਰਹੇ ਸਨ। ਉਹ ਵੀ ਸਤਿਗੁਰੂ ਜੀ ਦਾ ਬਿਹਾਰਾ ਸਿੰਘ ਨਾਲ ਜਾ ਕੇ ਦਰਸ਼ਨ ਕਰ ਆਏ ਸਨ। ਸਵਾਮੀ ਤਖਤ ਸਿੰਘ ਜੀ ਵੀ ਉਪਰੋਕਤ ਗੁਰਦੁਆਰੇ ਵਿੱਚ ਵੀ ਟਿਕਿਆ ਕਰਦੇ ਸਨ। ਸਵਾਮੀ ਜੀ 14-15 ਸਾਲ ਦੀ ਉਮਰ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿੱਚ ਆਏ ਅਤੇ ਫਿਰ ਸਾਰੀ ਉਮਰ ਆਪ ਨੇ ਉਹਨਾਂ ਦੇ ਮਿਸ਼ਨ ਦੇ ਪ੍ਰਚਾਰ ਵਿੱਚ ਹੀ ਬਤੀਤ ਕੀਤੀ। ਉਹ ਨਾਮ ਬਾਣੀ ਦੇ ਰੰਗ ਵਿੱਚ ਰੰਗੇ ਹੋਏ, ਭਜਨੀਕ ਸੰਤ ਅਤੇ ਦਰਸ਼ਨੀ ਜੁਆਨ ਸਨ ਜਿਹਨਾਂ ਨੇ ਜੀਵਨ ਦੇ ਛੇ ਸੱਤ ਦਹਾਕੇ ਗੁਰੂ ਦਰਸ਼ਨਾਂ ਦੀ ਉਡੀਕ ਵਿੱਚ ਹਉਕੇ ਭਰਦਿਆਂ ਬਿਤਾਏ। ਦੇਸ਼ ਸੁਤੰਤਰਤਾ ਲਈ ਪਾਈਆਂ ਸਵਾਮੀ ਜੀ ਦੀਆਂ ਪੈੜਾਂ ਤੇ ਚੱਲਦਿਆਂ ਹੀ, ਮਾਹਲਪੁਰ, ਗੜ੍ਹਸ਼ੰਕਰ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ, ਸਮੇਂ ਸਮੇਂ ਅਨੇਕ ਲੋਕ- ਲਹਿਰਾਂ ਪਰਗਟ ਹੁੰਦੀਆਂ ਰਹੀਆਂ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਜਿਲਦ ਤੀਜੀ, ਸਾਧੂ ਸਿੰਘ ਕਿਸਾਨ, ਰਾਮਪੁਰ (ਬੁੱਢੀ ਮਾੜੀ) ਜ਼ਿਲ੍ਹਾ ਸਿਰਸਾ, ਫਰਵਰੀ 1976, ਸਫਾ 89-91
2. ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-2, ਸੰ. ਬੀਬੀ ਪ੍ਰਿੰਸੀਪਲ ਬੇਅੰਤ ਕੌਰ, ਸਫਾ 49-50, ਸਤਿਗੁਰੂ ਜੀ ਦਾ 7-2-1951 ਨੂੰ ਬੰਗਕੌਕ-ਥਾਈਲੈਂਡ ਵਿੱਚ ਦਿੱਤਾ ਪਰਵਚਨ।
3. ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼, ਭਾਗ

ਪਹਿਲਾ, (ਸੰ. ਪ੍ਰਿੰ. ਬੇਅੰਤ ਕੌਰ), ਸਫਾ 225-226, ਸਤਿਗੁਰੂ ਜੀ ਦਾ ਬੰਗਕੌਕ ਵਿੱਚ 3-3-1950 ਨੂੰ ਦਿੱਤਾ ਪਰਵਚਨ।

4. ਉਪਰੋਕਤ, ਸਫਾ 230-31
5. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ-2, ਪਰਕਾਸ਼ਕ ਸਾਧੂ ਸਿੰਘ, ਬਲੀ ਸਿੰਘ, ਗੁਰਦੇਵ ਸਿੰਘ, ਗੁਰਮੁਖ ਸਿੰਘ, ਰਾਮਪੁਰ (ਬੁੱਢੀ ਮਾੜੀ) ਜ਼ਿਲ੍ਹਾ ਹਿਸਾਰ, ਜਨਵਰੀ 1974, ਸਫਾ 245-46
6. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰ. ਜਸਵਿੰਦਰ ਸਿੰਘ), ਹੁਕਮਨਾਮਿਆਂ ਬਾਰੇ, ਭੂਮਿਕਾ ਜਸਵਿੰਦਰ ਸਿੰਘ, ਸਫਾ 87-88
7. ਉਪਰੋਕਤ, ਸਫਾ 304-07

❊

# ਮੁਕਤੀ ਸੰਗਰਾਮ ਦਾ ਪਾਂਧੀ
# ਭਾਈ ਸੱਦਾ ਸਿੰਘ ਅੰਮ੍ਰਿਤਸਰੀ

ਨਾਮਧਾਰੀ ਇਤਿਹਾਸ ਵਿੱਚ ਉਹਨਾਂ ਸਿੰਘਾਂ ਸਿੰਘਣੀਆਂ ਦਾ ਨਾਮ ਵਿਸ਼ੇਸ਼ ਸਤਿਕਾਰ ਨਾਲ ਲਿਆ ਜਾਂਦਾ ਹੈ ਜੋ ਬ੍ਰਿਟਿਸ਼ ਬਰਮਾਂ (ਹੁਣ ਮਿਆਂਮਾਰ) ਦੇ ਰੰਗੂਨ ਜਾਂ ਮਰਗੋਈ ਸ਼ਹਿਰ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨ ਵਾਸਤੇ ਗਏ, ਜਿੱਥੇ ਆਪ ਅੰਗਰੇਜ਼ ਸਰਕਾਰ ਦੀ ਕੈਦ ਵਿੱਚ ਸਨ। ਅੰਗਰੇਜ਼ ਸਰਕਾਰ ਨੇ ਇਹ ਸਖਤ ਪ੍ਰਬੰਧ ਕੀਤੇ ਸਨ ਕਿ ਗੁਰੂ ਰਾਮ ਸਿੰਘ ਜੀ ਦਾ ਪੰਜਾਬ ਵਿੱਚੋਂ ਆਉਣ ਵਾਲੇ ਕਿਸੇ ਵੀ ਕੂਕੇ ਨਾਲ ਪੱਤਰ ਵਿਹਾਰ ਨਾ ਹੋਵੇ। ਨਾ ਪੰਜਾਬ, ਗੁਰਦੁਆਰਾ ਭੈਣੀ ਸਾਹਿਬ, ਨਾਮਧਾਰੀ ਪੰਥ ਦੀਆਂ ਹੋਰ ਗਤੀਵਿਧੀਆਂ ਜਾਂ ਇੱਥੋਂ ਦੀ ਧਾਰਮਿਕ, ਸਮਾਜਿਕ, ਰਾਜਨੀਤਿਕ ਜਾਂ ਆਰਥਿਕ ਸਥਿਤੀ ਬਾਰੇ ਕੋਈ ਸੁੱਖ-ਸੁਨੇਹੜਾ ਸਤਿਗੁਰੂ ਰਾਮ ਸਿੰਘ ਜੀ ਤੱਕ ਪਹੁੰਚੇ ਅਤੇ ਨਾ ਹੀ ਇਸ ਦੇ ਜੁਆਬ ਵਿੱਚ ਆਪਣੇ ਸਿੰਘਾਂ ਦੇ ਮਨੋਬਲ ਨੂੰ ਕਾਇਮ ਕਰਨ ਵਾਲਾ ਜਾਂ ਕਿਸੇ ਤਰ੍ਹਾਂ ਦੀ ਲੁਕੇ ਛਿਪੇ ਢੰਗ ਨਾਲ ਕੋਈ ਰਾਜਨੀਤਿਕ ਸੇਧ ਦੇਣ ਵਾਲਾ, ਆਪ ਦਾ ਕੋਈ ਕ੍ਰਿਪਾ ਪੱਤਰ, ਪੰਜਾਬ ਵਿੱਚ ਨਾਮਧਾਰੀ ਸਮੁਦਾਇ ਪਾਸ ਪਹੁੰਚੇ। ਪਰ ਫਿਰ ਵੀ ਇਹ ਰੋਕਾਂ ਉਲੰਘ ਕੇ, ਲੰਮੇ ਪੈਂਡਿਆਂ ਤੇ ਓਪਰੀਆਂ ਧਰਤੀਆਂ ਤੇ ਸਫਰ ਦੀਆਂ ਖੱਜਲ ਖੁਆਰੀਆਂ ਭੁਗਤ ਕੇ, ਖਰਚ ਖੇਚਲ ਝਾਗ ਕੇ, ਇਕ ਸੈਂਕੜੇ ਦੇ ਲਗਪਗ ਗੁਰੂ ਪਿਆਰੇ, ਅੰਗਰੇਜ਼ ਸਰਕਾਰ ਦੇ ਸਾਰੇ ਪਰਬੰਧਾਂ ਦਾ ਮੂੰਹ ਚਿੜਾ ਕੇ, ਆਪ ਜੀ ਦੇ ਪਾਸ ਪੁੱਜਦੇ ਰਹੇ। ਪੰਜਾਬ ਤੋਂ ਰੰਗੂਨ ਜਾਂ ਮਰਗੋਈ ਦਾ ਇਹ ਸਫ਼ਰ ਉਨ੍ਹੀਵੀਂ ਸਦੀ ਦੇ ਅਠਵੇਂ ਜਾਂ ਨੌਵੇਂ ਦਹਾਕੇ ਵਿੱਚ ਸਾਡੇ ਕੌਮੀ ਮੁਕਤੀ ਸੰਗਰਾਮ ਦਾ ਇੱਕ ਅੰਗ ਹੀ ਗਿਣਿਆ ਜਾਵੇਗਾ।

ਅਜਿਹੇ ਹੀ ਇੱਕ ਮੁਕਤੀ ਸੰਗਰਾਮੀ ਸਨ ਅੰਮ੍ਰਿਤਸਰ ਸ਼ਹਿਰ ਵਿੱਚ ਨਿਵਾਸ ਰੱਖਣ ਵਾਲੇ ਭਾਈ ਸੱਦਾ ਸਿੰਘ ਜੀ। ਆਪ ਦਾ ਪਿੰਡ ਤਾਂ ਅੰਮ੍ਰਿਤਸਰ ਜ਼ਿਲ੍ਹੇ ਦਾ ਸੁਲਤਾਨਵਿੰਡ ਸੀ ਪਰ ਜਨਮ ਨਾਨਕਾ ਪਰਿਵਾਰ ਵਿੱਚ ਇਸੇ ਜ਼ਿਲ੍ਹੇ ਦੇ ਨਗਰ ਮਜੀਠਾ ਵਿਖੇ ਸੰਮਤ 1893 ਬਿਕਰਮੀ ਮੁਤਾਬਿਕ 1836-37 ਈ. ਵਿੱਚ ਹੋਇਆ। ਆਪ ਅਜੇ ਆਪਣੇ ਬਚਪਨ ਵਿੱਚ ਹੀ ਸਨ ਕਿ ਪਿਤਾ ਭਾਈ ਅਮੀਰ ਸਿੰਘ ਜੀ ਨੇ ਅੰਮ੍ਰਿਤਸਰ ਸ਼ਹਿਰ ਵਿਖੇ ਵਧਾਊ ਦੀ ਗਲੀ ਵਿੱਚ ਮਕਾਨ ਲੈ ਕੇ ਨਿਵਾਸ ਕਰ ਲਿਆ ਅਤੇ ਫਿਰ ਸਾਰੀ ਆਰਜਾ ਇੱਥੇ ਹੀ ਬਤੀਤ ਕੀਤੀ।[1]

ਸੰਤ ਖੜਗ ਸਿੰਘ ਹੋਰਾਂ ਦੇ ਮੁਤਾਬਿਕ, "ਜਦ ਇਨ੍ਹਾਂ ਦੀ ਪੈਦਾਇਸ਼ ਹੋਈ ਸੀ ਤਾਂ ਇਨ੍ਹਾਂ ਦੀ ਮਾਤਾ ਜੀ ਨੂੰ ਸ਼ਹੀਦਾਂ ਸਿੰਘਾਂ ਨੇ ਦਰਸ਼ਨ ਦਿੱਤੇ ਅਤੇ ਹੁਕਮ ਕੀਤਾ ਕਿ ਇਸ ਬਾਲਕ ਨੂੰ ਕਿਸੇ ਦਾ ਜੂਠਾ ਨਾ ਖਵਾਈਂ।" ਬਾਲਕ ਜਦੋਂ ਪੰਜ ਛੇ ਸਾਲ ਦਾ ਹੋਇਆ ਤਾਂ ਕੁਝ ਢਿੱਲਾ ਮੱਠਾ ਰਹਿਣ ਲੱਗਾ। ਵੇਲੇ ਦੇ ਰਿਵਾਜ ਮੁਤਾਬਿਕ ਮਾਤਾ ਨੇ ਘਰ ਰੱਖੀ ਮੱਝ ਦੇ ਦੁੱਧ ਦੀ ਖੀਰ ਰਿੰਨ੍ਹ ਕੇ, ਸੱਦਾ ਸਿੰਘ ਦੇ ਵੱਡੇ ਭਰਾ ਜਵਾਲਾ ਸਿੰਘ ਦੇ ਸਿਰ ਤੇ ਵਲਟੋਹੀ ਧਰ ਕੇ, ਕਿਸੇ ਸੁੱਖਣਾ ਲਾਹੁਣ ਵਾਲੀ ਥਾਂ ਭੇਜ ਦਿੱਤੀ। ਪਰ ਜਵਾਲਾ ਸਿੰਘ ਨੂੰ ਐਸਾ ਠੇਡਾ ਲੱਗਾ ਕਿ ਵਲਟੋਹੀ ਵਿੱਚੋਂ ਖੀਰ ਡੁੱਲ੍ਹ ਗਈ, ਪੈਰ ਤੇ ਸੱਟ ਲੱਗ ਗਈ, ਉਹ ਰੋਂਦਾ ਰੋਂਦਾ ਘਰ ਆ ਗਿਆ। ਸ਼ਾਮ ਨੂੰ ਮੱਝ ਚੋਣ ਲੱਗੇ ਤਾਂ ਥਣਾਂ ਵਿੱਚ ਦੁੱਧ ਦੀ ਥਾਂ ਕਚਲਹੂ ਜਿਹਾ ਆ ਰਿਹਾ ਸੀ। ਮਾਤਾ ਨੂੰ ਆਪਣੀ ਬਿਰਤੀ ਲੱਗੀ ਵਿੱਚ ਸ਼ਹੀਦ ਸਿੰਘਾਂ ਦੀ ਤਾੜਨਾ ਸੁਣੀ ਕਿ ਹੋਰ ਖੀਰ ਭੇਜ ! ਮਾਤਾ ਨੇ ਅਵੱਗਿਆ ਲਈ ਪ੍ਰਾਸ਼ਚਿਤ ਕੀਤਾ ਅਤੇ ਸ਼ਹੀਦ ਸਿੰਘਾਂ ਦਾ ਧਿਆਨ ਧਰ ਕੇ ਪੂਜਾ ਅਰਚਨਾ ਕੀਤੀ। ਸਮਾਂ ਪਾ ਕੇ ਮੱਝ ਦਾ ਦੁੱਧ ਠੀਕ ਹੋ ਗਿਆ।

ਘਰ ਦਾ ਮਾਹੌਲ ਤਾਂ ਗੁਰਮਤਿ ਵਾਲਾ ਸੀ। ਪਿਤਾ ਅਮੀਰ ਸਿੰਘ ਰੋਜ਼ ਪੋਥੀ ਪੰਜ ਗਰੰਥੀ ਦਾ ਪਾਠ ਕਰ ਕੇ ਵਿਹਾਰ ਕਾਰ ਨੂੰ ਲੱਗਦੇ ਸਨ। ਭਾਈ ਸੱਦਾ ਸਿੰਘ ਨੇ ਜਦੋਂ ਤੋਂ ਮੱਤ ਬੁੱਧ ਸੰਭਾਲੀ, ਉਹ ਆਪਣੀ ਮਾਤਾ ਜੀ ਨੂੰ ਨਾਲ ਲੈ ਕੇ, ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿੱਚ ਲੱਗੀ ਹੋਈ, ਭਾਈ ਸਵਾਇਆ ਸਿੰਘ ਹੋਰਾਂ ਦੀ ਛਬੀਲ ਤੇ ਰੋਜ਼ ਸ਼ਾਮ ਨੂੰ ਕੌਲੇ ਮਾਂਜਣ ਦੀ ਸੇਵਾ ਨਿਬਾਹੁੰਦਾ ਅਤੇ ਜਦੋਂ ਗੁਰੂ ਗਰੰਥ ਸਾਹਿਬ ਦੀ ਅਸਵਾਰੀ ਅਕਾਲ ਤਖਤ ਵਿਖੇ ਸੁਖਾਸਨ ਲਈ ਜਾਂਦੀ ਤਾਂ ਰਾਤ 11 ਵਜੇ ਤੋਂ ਬਾਅਦ ਹੀ ਉਹ ਘਰ ਆਇਆ ਕਰਦੇ ਸਨ।

ਦੇਸ਼ ਦੁਨੀਆਂ ਨੂੰ ਸੱਦ ਮਾਰਗ ਅਤੇ ਆਜ਼ਾਦੀ ਸੰਗਰਾਮ ਦਾ ਸੰਦੇਸ਼ ਦਿੰਦੇ ਹੋਏ, ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸੰਗਤ ਦੇ ਵਡੇਰੇ ਹਿੱਸੇ ਤੱਕ ਰਸਾਈ ਕਰਨ ਲਈ ਪੰਜਾਬ ਭਰ ਦੇ ਸਿੱਖ ਤੀਰਥ ਅਸਥਾਨਾਂ ਦੀ ਯਾਤਰਾ ਕਰਿਆ ਕਰਦੇ ਸਨ। ਦੀਵਾਲੀ ਦੇ ਪਾਵਨ ਪੁਰਬ ਤੇ ਸਤਿਗੁਰੂ ਜੀ ਪੰਜਾਬ ਭਰ ਵਿੱਚੋਂ ਆਈਆਂ ਹਜਾਰਾਂ ਸੰਗਤਾਂ ਦੀ ਹਾਜਰੀ ਵਿੱਚ, ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰ ਅਸਥਾਨਾਂ ਵਿਖੇ ਸੀਸ ਝੁਕਾਉਣ ਲਈ ਜਾਇਆ ਕਰਦੇ ਸਨ। 1867-68 ਈ. ਦੇ ਦੋਵੇਂ ਸਾਲ ਜਦੋਂ ਸਤਿਗੁਰੂ ਜੀ ਦੀਪਮਾਲਾ ਤੇ ਅੰਮ੍ਰਿਤਸਰ ਦਰਸ਼ਨ ਦਿੱਤੇ ਤਾਂ ਡੇਰਾ ਭਾਈ ਸੰਤੋਖ ਸਿੰਘ ਬਾਹੋਵਾਲ ਜੀ ਦੇ ਲਿਖਣ ਮੁਤਾਬਿਕ, ਘੜਿਆਲੀਆਂ ਦੇ ਤਲਾਉ ਉੱਤੇ ਸੀ। ਸੰਤ ਸੱਦਾ ਸਿੰਘ ਹੋਰਾਂ ਦੇ ਸਪੁੱਤਰ, ਸੰਤ ਖੜਗ ਸਿੰਘ ਜੀ ਲਿਖਦੇ ਹਨ ਕਿ ਜਦੋਂ ਜਦੋਂ ਵੀ

ਸਤਿਗੁਰੂ ਜੀ ਦੇ ਦਰਸ਼ਨ ਸੱਦਾ ਸਿੰਘ ਜੀ ਨੇ ਘੜਿਆਲੀਆਂ ਦੇ ਤਲਾਉ ਉੱਤੇ ਕੀਤੇ, ਉਹ ਦਰਸ਼ਨਾਂ ਤੋਂ ਪ੍ਰਭਾਵਿਤ ਤਾਂ ਹੁੰਦੇ ਸਨ ਪਰ ਨਾਮ ਦੀ ਦਾਤ ਪ੍ਰਾਪਤ ਕਰਨ ਦਾ ਸਬੱਬ ਨਾ ਬਣਦਾ ਰਿਹਾ। ਇਹ ਕਿਰਪਾ ਆਪ ਉੱਤੇ ਉਦੋਂ ਹੋਈ ਜਦੋਂ ਸਤਿਗੁਰੂ ਜੀ ਮਹੇਸ਼ੇ ਦੇ ਤਲਾਉ ਤੇ ਦਰਸ਼ਨ ਦੇ ਰਹੇ ਸਨ। ਇਉਂ ਅਸੀਂ ਕਹਿ ਸਕਦੇ ਹਾਂ ਕਿ ਆਪ ਸਤਿਗੁਰੂ ਜੀ ਦੀ ਸੰਗਤ ਵਿੱਚ 1869 ਜਾਂ 1870 ਈ. ਦੀ ਦੀਵਾਲੀ ਸਮੇਂ ਹੀ ਆਏ ਸਨ।

ਇਸ ਸਮੇਂ ਦੀ ਜਦੋਂ ਕੁ ਜਿਹੇ ਭਾਈ ਸੱਦਾ ਸਿੰਘ ਹੋਰਾਂ ਨੂੰ ਭਰ ਜੁਆਨੀ ਦੀ ਉਮਰ ਵਿੱਚ ਨਾਮ ਦਾਨ ਮਿਲਦਾ ਹੈ, ਇੱਕ ਹੋਰ ਦਿਲਚਸਪ ਘਟਨਾ ਸੰਤ ਖੜਗ ਸਿੰਘ ਬਿਆਨ ਕਰਦੇ ਹਨ। "ਜਦ ਦੂਜੀ ਵਾਰ ਸਤਿਗੁਰੂ ਜੀ ਮਹੇਸ਼ੇ ਦੇ ਤਲਾਉ ਤੇ ਉਤਾਰਾ ਕੀਤਾ ਤਾਂ ਆਪ ਨੇ ਭਜਨ ਪੁੱਛਿਆ। ਇਸੇ ਹੀ ਸਮੇਂ ਭਾਈ ਬੁੱਢਾ ਸਿੰਘ ਜੀ ਵਾਂ ਵਾਲਿਆਂ ਨੇ ਵੀ ਭਜਨ ਪੁੱਛਿਆ ਅਤੇ ਭਜਨ ਪੁੱਛਦੇ ਸਾਰ ਮਸਤ ਹੋ ਗਏ। ਮਸਤੀ ਵਿੱਚ ਇਹ ਬੋਲਾ ਕੀਤਾ, "ਤੈਨੂੰ ਡੰਡੇ ਦੇ ਜੋਰ ਸਮੁੰਦਰੋਂ ਪਾਰ ਕੱਢਾਂਗੇ।" ਕਈ ਸਿੰਘ ਉਹਨਾਂ ਨੂੰ ਮਾਰਨ ਨੂੰ ਤਿਆਰ ਹੋਏ ਪਰ ਸਤਿਗੁਰਾਂ ਨੇ ਕਿਹਾ, "ਨਾ ਭਾਈ ਇਹ ਇਸੇ ਤਰ੍ਹਾਂ ਹੀ ਹੋਣਾ ਹੈ। ਇਹ ਆਪ ਥੋਹੜਾ ਕਹਿੰਦਾ ਹੈ, ਇਸ ਦੇ ਵਿੱਚੋਂ ਅਕਾਲ ਪੁਰਖ ਦਾ ਅਵਾਜ਼ਾ ਆਉਂਦਾ ਹੈ।"[1]

ਇਸ ਤੋਂ ਬਾਅਦ ਭਾਈ ਸੱਦਾ ਸਿੰਘ ਜੀ ਨੇ ਦਰਬਾਰ ਸਾਹਿਬ ਵਿਖੇ ਰਾਤ ਦਾ ਜਾਣਾ ਛੱਡ ਦਿੱਤਾ। ਹੁਣ ਉਹਨਾਂ ਅੰਮ੍ਰਿਤ ਵੇਲੇ ਤਿੰਨ ਪਹਿਰੇ ਸਮੇਂ ਉੱਥੇ ਜਾਣਾ ਸ਼ੁਰੂ ਕੀਤਾ। ਆਖਰੀ ਸਮੇਂ ਤੱਕ ਜਦੋਂ ਆਪ ਨੂੰ ਚੂਲੇ ਦੀ ਸੱਟ ਲੱਗ ਗਈ ਸੀ, ਦਰਬਾਰ ਸਾਹਿਬ ਦੇ ਅੰਮ੍ਰਿਤ ਵੇਲੇ ਦੇ ਦਰਸ਼ਨਾਂ ਦਾ ਨੇਮ ਆਪ ਨਿਬਾਹੁੰਦੇ ਰਹੇ। 17-18 ਜਨਵਰੀ 1872 ਦੀ ਰਾਤ ਨੂੰ ਲੱਖਾਂ ਨਾਮਧਾਰੀਆਂ ਨੂੰ ਰੋਂਦੇ ਕੁਰਲਾਉਂਦੇ ਛੱਡ ਕੇ, ਉਹਨਾਂ ਦੇ ਹਿਰਦੇ ਸਮਰਾਟ, ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਿੱਚੋਂ ਜਲਾਵਤਨ ਕਰ ਕੇ, ਪਹਿਲਾਂ ਅਲਾਹਾਬਾਦ ਤੇ ਫਿਰ ਅੱਧ ਮਾਰਚ 1872 ਨੂੰ ਰੰਗੂਨ ਭੇਜ ਦਿੱਤਾ। ਪਿੱਛੋਂ ਨਾਮਧਾਰੀਆਂ ਤੇ ਸਾਰੇ ਪੰਜਾਬ ਵਿੱਚ ਸਖਤੀ ਦੇ ਝੱਖੜ ਝੁਲਾ ਦਿੱਤੇ ਗਏ। ਗੁਰਦੁਆਰਾ ਭੈਣੀ ਸਾਹਿਬ ਦੇ ਬੂਹੇ ਅੱਗੇ ਅੱਧੀ ਸਦੀ ਤੋਂ ਵੱਧ ਸਮੇਂ ਲਈ ਪੁਲਿਸ ਚੌਕੀ ਤਾਇਨਾਤ ਕਰ ਕੇ ਦਰਸ਼ਨ ਅਭਿਲਾਖੀਆਂ ਦੀ ਗਿਣਤੀ ਸਮੇਂ ਬੱਧ ਅਤੇ ਸੀਮਿਤ ਕਰ ਦਿੱਤੀ। ਉਦੋਂ ਪੰਜ ਨਾਮਧਾਰੀ ਹੀ ਅੱਠਾਂ ਪਹਿਰਾਂ ਵਿੱਚ ਗੁਰਦੁਆਰੇ ਦੇ ਅੰਦਰ ਜਾ ਕੇ ਦਰਸ਼ਨ ਕਰ ਸਕਦੇ ਸਨ। ਇਕ ਵੇਰ ਦਰਸ਼ਨ ਕਰ ਆਇਆ ਦੁਬਾਰਾ ਛੇ ਮਹੀਨਿਆਂ ਬਾਅਦ ਹੀ ਗੁਰਦੁਆਰੇ ਦੇ ਅੰਦਰ ਜਾ ਸਕਦਾ ਸੀ। ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦੇ ਇਕੱਠ ਤੇ ਸਾਰੇ ਪੰਜਾਬ ਵਿੱਚ ਪਾਬੰਦੀ ਸੀ। ਉਹਨਾਂ ਸਮਿਆਂ ਵਿੱਚ ਭਾਈ ਸੱਦਾ

ਸਿੰਘ ਜੀ ਸਮੇਤ ਅੰਮ੍ਰਿਤਸਰ ਦੀ ਸਾਰੀ ਨਾਮਧਾਰੀ ਸੰਗਤ ਨੂੰ ਸਵੇਰੇ ਕੁਤਵਾਲੀ ਵਿੱਚ ਸੱਦ ਲੈਂਦੇ ਸਨ ਅਤੇ ਰਾਤ ਪਈ ਤੋਂ ਹੀ ਘਰ ਜਾਣ ਦਿੱਤਾ ਜਾਂਦਾ ਸੀ। ਇੱਕ ਮਹੀਨਾ ਇਸ ਤਰ੍ਹਾਂ ਅੰਮ੍ਰਿਤਸਰ ਦੀ ਸੰਗਤ ਨੂੰ ਡਾਢਾ ਤੰਗ ਪਰੇਸ਼ਾਨ ਕੀਤਾ ਜਾਂਦਾ ਰਿਹਾ। ਇਸ ਸਮੇਂ ਇਹਨਾਂ ਸਖਤੀਆਂ ਤੋਂ ਪਰੇਸ਼ਾਨ ਹੋ ਕੇ ਕਈਆਂ ਨੇ ਆਪਣੇ ਨਾਮਧਾਰੀ ਹੋਣ ਨਾਲ ਲਾ ਤਅੱਲਕੀ ਜ਼ਾਹਰ ਕਰ ਦਿੱਤੀ। ਸੰਗਤ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਉਹ ਭਵਿੱਖਤ ਵਾਕ ਯਾਦ ਆ ਰਿਹਾ ਸੀ ਜੋ ਆਪ ਨੇ 1867 ਈ. ਦੀ ਦੀਵਾਲੀ ਸਮੇਂ ਅੰਮ੍ਰਿਤਸਰ ਵਿੱਚ ਹੀ ਉਚਾਰਿਆ ਸੀ–"ਹੁਣ ਤਾਂ ਮੇਰਾ ਕੈਹਣਾ ਨਹੀਂ ਮੰਨਦੇ ਹੋ, ਯਾਦ ਰੱਖਿਓ ਵਿਚੋਂ ਹੀ ਚਲਾ ਜਾਵਾਂਗਾ, ਤੁਸੀਂ ਦੇਖਦੇ ਹੀ ਰਹਿ ਜਾਵੋਗੇ। ਇਕੰਤ ਭਜਨ ਬੰਦਗੀ ਕਰਾਂਗਾ। ਫੇਰ ਉਚੀ ਆਵਾਜ਼ ਸੇ ਬੋਲਾ ਕੀਤਾ ਅਬ ਰਾਮ ਸਿੰਘ ਸਸਤਾ ਹੈ, ਕਿਸੇ ਦਿਨ ਤੋਂ ਮਹਿੰਗਾ ਹੋ ਜਾਊਗਾ। ਫੇਰ ਨਾ ਆਖਿਓ ਕਿ ਪੈਹਲੇ ਨਾ ਸੀ ਖ਼ਬਰ ਕੀਤੀ। ਅਸੀਂ ਹੁਣ ਉਚੀ ਸੇ ਪੁਕਾਰ ਕੇ ਆਖਦੇ ਹਾਂ ਪਰ ਤੁਸੀਂ ਸਮਝਦੇ ਨਹੀਂ ਹੋ, ਫੇਰ ਪਛਤਾਵੋਗੇ।"[2]

ਇਸੇ ਭਾਈ ਸੱਦਾ ਸਿੰਘ ਹੋਰਾਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਇਹ ਖ਼ਬਰ ਮਿਲੀ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਘਰ ਅਤੇ ਗੁਰਦੁਆਰਾ ਭੈਣੀ ਸਾਹਿਬ ਦੀਆਂ ਕੁੰਜੀਆਂ ਛੋਟੇ ਭਾਈ, ਮਹਾਰਾਜ ਬੁੱਧ ਸਿੰਘ ਜੀ ਨੂੰ ਸਉਂਪ ਦਿੱਤੀਆਂ ਹਨ। ਸੰਗਤ ਉਹਨਾਂ ਦੇ ਅਤੇ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਂਦੀ ਤਾਂ ਹੈ ਪਰ ਦਰਸ਼ਨ ਸੌਖਿਆਂ ਨਹੀਂ ਹੁੰਦੇ। ਭੈਣੀ ਸਾਹਿਬ ਗੁਰਦੁਆਰੇ ਵਿੱਚ ਅੱਠੀਂ ਪਹਿਰੀਂ ਸਿਰਫ ਪੰਜਾਂ ਸਰੀਰਾਂ ਨੂੰ ਦਾਖਲਾ ਮਿਲਦਾ ਹੈ। ਬਾਕੀਆਂ ਨੂੰ ਭੈਣੀ ਸਾਹਿਬ ਗੁਰਦੁਆਰੇ ਦੇ ਲਾਗੇ ਹੀ, ਜੂਹ ਵਿੱਚ ਵੀ ਪੁਲੀਸ ਨਹੀਂ ਰਹਿਣ ਦਿੰਦੀ। ਭੁੱਖ, ਤਰੇਹ, ਮੀਂਹ, ਹਨੇਰੀ, ਗਰਮੀ, ਸਰਦੀ ਖੁੱਲ੍ਹੇ ਅਸਮਾਨ ਹੇਠਾਂ ਬਰਦਾਸ਼ਤ ਕਰਨੀ। ਭਾਈ ਸੱਦਾ ਸਿੰਘ ਜੀ ਵੀ ਗੁਰਦੁਆਰੇ ਅਤੇ ਮੁਰਸ਼ਦ ਦੇ ਅਸਥਾਨ ਤੇ ਬੈਠੇ ਮਹਾਰਾਜ ਬੁੱਧ ਸਿੰਘ ਜੀ ਦੇ ਦਰਸ਼ਨਾਂ ਲਈ ਬਿਹਬਲ ਹੋਏ। ਭੈਣੀ ਸਾਹਿਬ ਦੇ ਆਲੇ ਦੁਆਲੇ, ਰੋਹੀਆਂ, ਟਿੱਬਿਆਂ ਅਤੇ ਝਾੜ ਬੇਲਿਆਂ ਵਿੱਚ 15-20 ਦਿਨ ਕਦੇ ਭੁੱਖੇ ਕਦੇ ਕੋਈ ਸਿੱਖ ਚੋਰੀ ਪਰਸ਼ਾਦਾ ਦੇ ਗਿਆ, ਇਸ ਤਰ੍ਹਾਂ ਸਮਾਂ ਬਿਤਾਉਂਦਿਆਂ, ਭਾਈ ਸੱਦਾ ਸਿੰਘ ਇੱਕ ਦਿਨ ਗੁਰਦੁਆਰਾ ਅਤੇ ਮਹਾਰਾਜ ਜੀ ਦੇ ਦਰਸ਼ਨ ਕਰਨ ਵਿੱਚ ਸਫਲ ਹੋ ਗਏ। ਫਿਰ ਜਨਵਰੀ 1875 ਵਿੱਚ ਤਾਂ ਭਾਈ ਦਰਬਾਰਾ ਸਿੰਘ ਰਾਇਪੁਰੀਆ ਰੰਗੂਨ ਤੋਂ ਸਤਿਗੁਰੂ ਜੀ ਦਾ ਉਹ ਹੁਕਮਨਾਮਾ ਵੀ ਲੈ ਆਇਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਭਾਈ ਬੁੱਧ ਸਿੰਘ ਦਾ ਨਾਮ ਹਰੀ ਸਿੰਘ ਹੋਇਆ। ਇਹ ਸਿੱਖੀ ਹਰੀ ਰੱਖੇਗਾ। ਮੇਰੇ ਧੱਕੇ ਨੂੰ ਇਹ ਬਖਸ਼ੇਗਾ ਪਰ ਇਸ ਦੇ ਧੱਕੇ ਨੂੰ ਮੈਂ ਵੀ ਨਹੀਂ ਬਖਸ਼

ਸੱਕਾਂਗਾ। ਇਸ ਨੂੰ ਸਿਰ ਕਰਤਾ ਜਾਨਣਾ। ਹੁਣ ਭਾਈ ਸੱਦਾ ਸਿੰਘ ਜੀ ਹਰ ਵਰ੍ਹੇ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਕਰਦੇ ਅਤੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਦੀਦਾਰ ਨਾਲ ਫੈਜ਼ਯਾਬ ਹੁੰਦੇ। ਆਪ ਦੇ ਨਾਲ ਅੰਮ੍ਰਿਤਸਰ ਦੇ ਹੋਰ ਸਿਦਕੀ ਸਿੱਖ ਵੀ ਗੁਰੂ ਧਾਮ ਦੇ ਦਰਸ਼ਨ ਕਰ ਆਉਂਦੇ।

ਫ਼ਾਰਸੀ ਦੇ ਉੱਘੇ ਵਿੱਦਵਾਨ, ਬਾਬੂ ਨਰਾਇਣ ਸਿੰਘ ਫਲੌਰ ਵਾਲੇ ਇਹਨਾਂ ਸਮਿਆਂ ਵਿੱਚ ਗੌਰਮਿੰਟ ਸਕੂਲ ਅੰਮ੍ਰਿਤਸਰ ਵਿੱਚ ਫ਼ਾਰਸੀ ਪੜ੍ਹਾਉਂਦੇ ਸਨ। ਉਹ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਸਿਦਕੀ ਸਿੱਖ ਸਨ। ਇਹਨਾਂ ਦੋਹਾਂ ਗੁਰੂ ਪਿਆਰਿਆਂ ਨੇ ਆਪਸ ਵਿੱਚ ਮਤਾ ਮੇਲ ਕੇ ਰੰਗੂਨ ਜਾ ਕੇ ਸਤਿਗੁਰੂ ਦਰਸ਼ਨ ਕਰਨ ਦਾ ਸਬੱਬ ਬਨਾਉਣਾ ਸ਼ੁਰੂ ਕਰ ਲਿਆ। ਸੰਤ ਖੜਗ ਸਿੰਘ ਜੀ ਨੇ ਦੋਹਾਂ ਦੀ ਰੰਗੂਨ ਯਾਤਰਾ ਦਾ ਵਰ੍ਹਾ 1938 ਸੰਮਤ ਬਿਕਰਮੀ ਲਿਖਿਆ ਹੈ ਜੋ ਦਰੁਸਤ ਨਹੀਂ ਕਿਉਂਕਿ ਇਸ ਸਮੇਂ ਤਾਂ ਸਤਿਗੁਰੂ ਜੀ ਮਰਗੋਈ ਪਹੁੰਚ ਚੁੱਕੇ ਸਨ ਜਿੱਥੇ ਆਪ ਜੀ ਦੇ ਦਰਸ਼ਨਾਂ ਲਈ ਜਾਣ ਦਾ ਸੁਭਾਗ ਸਿਰਫ ਭਾਈ ਮੀਹਾਂ ਸਿੰਘ ਸਰਹਾਲੀ ਅਤੇ ਨਰਾਇਣ ਸਿੰਘ ਜੀ ਰੋੜਿਆਂ ਵਾਲਿਆਂ ਨੂੰ ਹੀ ਮਿਲਿਆ ਹੈ। ਨਰਾਇਣ ਸਿੰਘ ਰੋੜਿਆਂ ਵਾਲਾ ਜੂਨ 1879 ਵਿੱਚ ਰੰਗੂਨ ਤੋਂ ਹੁਕਮਨਾਮਾ ਲਿਆਇਆ। ਬਾਹੋਵਾਲ ਜੀ ਇਸ ਤੋਂ ਬਾਅਦ ਨਰਾਇਣ ਸਿੰਘ ਫਲੌਰ ਤੇ ਸੱਦਾ ਸਿੰਘ ਹੋਰਾਂ ਦਾ ਜਾਣਾ ਲਿਖਦੇ ਹਨ– 'ਫੇਰ ਸੱਦਾ ਸਿੰਘ ਅੰਮ੍ਰਿਤਸਰ ਜੀ ਤੇ ਨਰਾਇਣ ਸਿੰਘ ਫਲੌਰ ਕਾਂ ਨੇ ਹੁਕਮਨਾਮੇ ਆਂਦੇ। ਨਰਾਇਣ ਸਿੰਘ ਨੇ ਸ੍ਰੀ ਸਤਿਗੁਰੂ ਜੀ ਪਾਸ ਅਰਜ਼ ਕੀਤੀ ਜੀ ਰਹਿਤ ਕਾ ਹੁਕਮਨਾਮਾ ਮਿਲੇ। ਸ੍ਰੀ ਸਤਿਗੁਰੂ ਜੀ ਨੇ ਹੁਕਮਨਾਮਾ ਲਿਖ ਕੇ ਦਿਤਾ।"[2]

ਸੋ ਭਾਈ ਸੱਦਾ ਸਿੰਘ ਨਰਾਇਣ ਸਿੰਘ ਵੀ 1879 ਈ. ਦੇ ਮਗਰਲੇ ਅੱਧ ਵਿੱਚ ਰੰਗੂਨ ਗਏ ਮਾਲੂਮ ਹੁੰਦੇ ਹਨ ਜਦੋਂ ਸੰਮਤ ਬਿਕਰਮੀ 1936 ਬਣਦੀ ਹੈ। ਦਰਸ਼ਨਾਂ ਲਈ ਤੁਰਨ ਤੋਂ ਪਹਿਲਾਂ ਸੱਦਾ ਸਿੰਘ ਨੇ ਸਾਧੂਆਂ ਵਾਲਾ ਭਗਵਾ ਵੇਸ ਧਾਰਨ ਕੀਤਾ। ਭਾਈ ਨਰਾਇਣ ਸਿੰਘ ਨੇ ਪਠਾਣੀ ਵੇਸ ਬਣਾਇਆ। ਉਹ ਮਸਾਲੇ ਵੇਚਣ ਵਾਲਾ ਬਣਿਆ। ਪਸ਼ਤੋ ਫਾਰਸੀ ਬੋਲ ਲੈਂਦਾ ਸੀ। ਜਦੋਂ ਇਹ ਦੋਵੇਂ ਕਲਕੱਤੇ ਪੁੱਜੇ ਤਾਂ ਇੱਥੇ ਭਾਈ ਬਿਹਾਰੀ ਸਿੰਘ ਪਟਨਾ ਵਾਲੇ ਦੇ ਘਰ ਇਹਨਾਂ ਨੇ ਡੇਰਾ ਲਾਇਆ। ਜਦੋਂ ਸਤਿਗੁਰੂ ਰਾਮ ਸਿੰਘ ਜੀ ਅਲਾਹਬਾਦ ਤੋਂ ਕਲਕੱਤੇ ਨੂੰ ਆਏ ਹਨ ਤਾਂ ਕਿਹਾ ਜਾਂਦਾ ਹੈ ਕਿ ਬਿਹਾਰੀ ਸਿੰਘ ਹੋਰਾਂ ਨੂੰ ਉਦੋਂ ਪਟਨਾ ਦੇ ਸਟੇਸ਼ਨ ਤੇ ਸਤਿਗੁਰੂ ਜੀ ਦੇ ਦਰਸ਼ਨ ਹੋਏ। ਫਿਰ ਕੋਈ ਗੁਰੂ ਸਵਾਰਿਆ ਸਿੰਘ ਮਿਲਿਆ ਜਿਸ ਤੋਂ ਮਾਂ ਪੁੱਤਰਾਂ ਨੇ ਭਜਨ ਲਿਆ। ਸੰਭਾਵਨਾ ਇਹ ਵੀ ਹੈ ਕਿ ਜਦੋਂ ਤਿੰਨੇ ਸੂਬੇ ਜਵਾਹਰ ਸਿੰਘ, ਬ੍ਰਹਮਾ ਸਿੰਘ, ਲੱਖਾ ਸਿੰਘ ਅਲਾਹਬਾਦ ਤੋਂ ਮੌਲਮੀਨ

ਜਾਣ ਲਈ ਕਲਕੱਤੇ ਜਾ ਰਹੇ ਸਨ, ਉਦੋਂ ਦੋਹਾਂ ਨੇ ਸੂਬਾ ਲੱਖਾ ਸਿੰਘ ਜੀ ਤੋਂ ਭਜਨ ਲਿਆ। ਹੁਣ ਇਹ ਰੰਗੂਨ ਦਰਸ਼ਨ ਕਰਨ ਜਾਣ ਵਾਲੇ ਸਿੰਘਾਂ ਨੂੰ ਆਪਣੇ ਘਰ ਲਿਆਉਂਦੇ। ਦੋ, ਚਾਰ, ਅੱਠ, ਦਸ ਜਿਤਨੇ ਦਿਨ ਵੀ ਉਹ ਇਹਨਾਂ ਪਾਸ ਰਹਿੰਦੇ, ਰੱਖ ਕੇ ਪਰਸ਼ਾਦੇ, ਜਲ ਪਾਣੀ ਦੀ ਸੇਵਾ ਕਰਦੇ। ਸਵਾਮੀ ਤਖਤ ਸਿੰਘ ਜੀ ਬਾਰੇ ਖੜਗ ਸਿੰਘ ਹੋਰਾਂ ਦੀ ਲਿਖਤ ਮੁਤਾਬਿਕ ਉਹਨਾਂ ਨੂੰ ਪੂਰਾ ਇੱਕ ਸਾਲ ਦੋਹਾਂ ਮਾਂ ਪੁੱਤਾਂ ਕਲਕੱਤੇ ਆਪਣੇ ਘਰ ਲੁਕਾ ਕੇ ਰੱਖਿਆ। ਅੰਗਰੇਜ਼ ਸਰਕਾਰ ਦੇ ਭੈਅ ਤੋਂ ਮੁਕਤ ਸਨ। ਬਹੁਤ ਸੇਵਾ ਕੀਤੀ। ਖੜਗ ਸਿੰਘ ਹੋਰੀਂ ਤਾਂ ਸਵਾਮੀ ਜੀ ਨੂੰ ਫੌਜ ਦੇ ਭਗੌੜੇ ਵੀ ਦੱਸਦੇ ਹਨ, ਜਿਸ ਕਰ ਕੇ ਉਹਨਾਂ ਨੂੰ ਲੁਕ ਕੇ ਰਹਿਣਾ ਪਿਆ ਸੀ। ਹੁਣ ਸੱਦਾ ਸਿੰਘ ਤੇ ਨਰਾਇਣ ਸਿੰਘ ਹੋਰੀਂ ਜਦੋਂ ਕਲਕੱਤੇ ਇਹਨਾਂ ਦੇ ਘਰ ਆਏ ਤਾਂ ਇੱਥੇ ਹੀ ਉਹਨਾਂ ਨੂੰ ਭਾਈ ਦਿੱਤੂ ਰਾਗੀ ਉਰਫ ਭਾਈ ਗੁਰਦਿਤ ਸਿੰਘ ਧੁਲੇਤੇ ਵਾਲੇ ਰੰਗੂਨ ਤੋਂ ਦਰਸ਼ਨ ਕਰ ਕੇ ਆਉਂਦੇ ਮਿਲੇ ਸਨ। ਭਾਈ ਗੁਰਦਿਤ ਸਿੰਘ ਨੇ ਦੱਸਿਆ ਕਿ ਸਤਿਗੁਰੂ ਜੀ ਦਾ ਹੁਕਮ ਹੈ ਕਿ ਜਿਹੜਾ ਸਿੱਖ ਹੁਣ ਦਰਸ਼ਨ ਕਰਨ ਰੰਗੂਨ ਜਾਵੇ ਉਹ ਥੋਹੜਾ ਜਿਹਾ ਸੁੱਖਾ ਜਰੂਰ ਲੈ ਆਵੇ। ਇਸ ਲਈ ਦੋਹਾਂ ਸਿੰਘਾਂ ਨੇ ਕਿਵੇਂ ਅੱਧ ਸੇਰ ਸੁੱਖਾ ਲਿਆਂਦਾ। ਉਸ ਨੂੰ ਧੋਤਾ ਅਤੇ ਫਿਰ ਛਾਂਵੇਂ ਸੁਕਾਇਆ। ਇਸ ਤਰ੍ਹਾਂ ਦੋ ਤਿੰਨ ਦਿਨ ਵਧ ਲੱਗ ਗਏ। ਫਿਰ ਆਪ ਰੰਗੂਨ ਪੁੱਜੇ ਅਤੇ ਸਤਿਗੁਰੂ ਜੀ ਨੂੰ ਸੁੱਖਨਿਧਾਨ ਪਹੁੰਚਾਇਆ। ਆਪਣੇ ਹਾਲ ਚਾਲ ਦੀਆਂ, ਸ੍ਰੀ ਭੈਣੀ ਸਾਹਿਬ ਬਾਰੇ ਅਰਦਾਸਾਂ ਉਹਨਾਂ ਤੱਕ ਪੁਚਾਈਆਂ ਅਤੇ ਵਾਪਸੀ ਸਮੇਂ ਦੋ ਕਿਰਪਾ ਪੱਤਰ ਸਤਿਗੁਰੂ ਜੀ ਦੇ ਹਸਤ ਕੰਵਲਾਂ ਦੁਆਰਾ ਲਿਖੇ ਪਰਾਪਤ ਕੀਤੇ। ਪਹਿਲਾ ਹੁਕਮਨਾਮਾ, ਭਾਈ ਨਰਾਇਣ ਸਿੰਘ ਫਲੌਰ ਦੇ ਰਹਿਤ ਦਾ ਹੁਕਮਨਾਮਾ' ਮੰਗਣ ਦੇ ਜੁਆਬ ਵਿਚ ਦੋਹਾਂ ਸਿੰਘਾਂ ਨੂੰ ਦਿਤਾ ਜੋ ਆਪਣੀ ਵਿਆਪਕ ਸਿੱਖਿਆ ਕਾਰਨ ਦੋਹਾਂ ਸਿੰਘਾਂ, ਫਿਰ ਸਾਰੇ ਨਾਮਧਾਰੀ ਪੰਥ ਅਤੇ ਅਸੀਂ ਕਹਿ ਸਕਦੇ ਹਾਂ ਕਿ ਇਸ ਦਾ ਸੰਦੇਸ਼ ਤਾਂ ਸਾਰੀ ਮਾਨਵ ਜਾਤੀ ਲਈ ਹਿਤਕਰ ਹੈ।

## ੨੮

ੴ ਸਤਿਗੁਰਿ ਪ੍ਰਸਾਦਿ॥

ਲਿਖਤੋ ਦਿਆਲ ਸਿੰਘ (ਸਤਿਗੁਰੂ ਜੀ ਦਾ ਸੰਕੇਤਕ ਨਾਮ) ਜੋਗ ਉਪਮਾ ਭਾਈ ਨਰਾਇਣ ਸਿੰਘ (ਫਲੌਰ) ਤੇ ਜੋਗ ਸੰਬੂਹਿ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਸੰਬੂਹਿ ਮਾਈ ਬੀਬੀਆ ਕੋ ਰਾਮਸਤ ਬੁਲਾਈ ਬਾਚਨੀ।

ਹੋਰ ਜੀ ਏਥੇ ਹਮਾਰੇ ਹਰਿ ਤਰਾ ਸੇ ਸੁਖ ਅਨੰਦ ਹੈ, ਸੰਬੂਹਿ ਸੰਗਤ ਕੀ ਸੁਖ ਅਨੰਦ ਹਮੇਸ਼ਾ ਸਿਰੀ ਗੁਰੂ ਮਹਾਰਾਜ ਪਾਸੋ ਮੰਗਦੇ ਹਾ ਨਾਲੇ ਦਰਸ਼ਨ ਮੰਗਦੇ ਹਾਂ ਸੰਗਤ ਕਾ। ਅਗੇ ਜੋ ਗੁਰੂ ਜੀ ਕੋ ਭਾਵੇ।

ਹੋਰ ਨਰਾਇਣ ਸਿੰਘ ਜੀ ਤੁਸੀਂ ਜੋ ਆਖਦੇ ਹੋ ਰਹਿਤ ਦਾ ਹੁਕਮਨਾਮਾ ਦੇਓ, ਸੋ ਜੀ ਅਸੀ ਕੀ ਹੁਕਮਨਾਮਾ ਦੇਣਾ ਹੈ। ਹੁਕਮਨਾਮਾ ਤਾ ਗੁਰੂ ਜੀ ਨੇ ਅਗੇ ਈ ਦੇ ਰਖਾ ਹੈ ਸਾਰੀ ਸੰਗਤ ਕੋ ਅਰੁ ਸਾਰੇ ਭੇਖਾ ਕੋ ਅਰੁ ਸਾਰੀਆ ਜਾਤਾ ਕੋ। ਦੋ ਈ ਗਰੰਥ ਸਾਹਿਬ (ਆਦਿ ਅਤੇ ਦਸਮ), ਸੌ ਸਾਖੀ, ਪਰੇਮ ਸਮਾਰਗੁ ਹੋਰ ਬੀ ਬਹੁਤੁ। ਮੈ ਤਾ ਜੀਉ ਹਾ, ਸੂਬਾ ਪਊਣਾ ਕਰ ਕੇ ਪੂਰਾ ਹੋਆ। ਅਛਾ ਤੁਸੀ ਆਖਦੇ ਹੋ ਬਾਰੰਬਾਰ ਤਾ ਕੁਛੁ ਲਿਖਿ ਦਿੰਦਾ ਹਾ ਗੁਰੂ ਜੀ ਦਾ ਈ ਹੁਕਮ।

ਸੋ ਜੀ ਇਕੁ ਤੇ ਸਵਾ ਪਹਰ ਰਾਤ ਦੇ ਇਸਨਾਨ ਦਾ ਗੁਰੂ ਜੀ ਨੇ ਬੜਾ ਮਹਾਤਮ ਲਿਖਾ ਹੈ। ਸਵਾ ਪਹਰੁ ਨਾ ਪੁਜੇ ਤਾ ਚਾਰਿ ਘੜੀ ਤੇ, ਕੇ ਤਾ ਦੋ ਘੜੀ ਤੇ, ਨਹੀ ਤਾ ਪਹਿ ਪਾਟੀ ਤੇ ਨਾ ਡੇਰ ਕਰਨੀ ਸਨਾਨ ਕੀ। ਅਰ ਬਾਣੀ ਪੜਨੀ ਗੁਰੂ ਜੀ ਦੀ ਪੰਜ ਗਰੰਥ ਤਾਈਂ। ਪੰਜ ਗਰੰਥ ਨਾ ਪੁਜਣਿ ਤਾ ਜਪੁ ਜਾਪੁ ਰਹਿਰਾਸ, ਸੋਹਿਲਾ, ਚੰਡੀ ਦੀ ਵਾਰ, ਸੁਖਮਨੀ, ਉਗਰ ਦੰਤੀ ਏਹੁ ਤਾ ਜਰੂਰਿ ਪੜਨਾ।

ਫੇਰ ਭਜਨੁ ਕਰਨਾ ਸਾਰਾ ਦਿਨੁ ਕੰਮ ਕਾਰ ਮੈ ਵੀ ਜਿਤਨਾ ਪੁਜਿ ਆਵੇ। ਜੇ ਕੰਮ ਕਾਰ ਤੇ ਵੇਲ ਲਗੇ, ਇਕੰਤ ਕੱਲੇ ਬੈਠਕੇ ਭਜਨ ਕਰਿਨਾ ਜਿਤਨਾ ਪੁਜਿ ਆਵੇ, ਪਹਰੁ ਚਾਰਿ ਘੜੀ ਦੋ ਘੜੀ ਤਾਈ। ਵੇਲ ਮੈ ਜਰੂਰਿ ਕਲੇ ਬੈਠਣਾ ਅਰੁ ਬਾਣੀ ਜਿਸਦੇ ਕੰਠ ਨਾ ਹੋਵੇ ਓਸਨੇ ਜਰੂਰਿ ਕੰਠ ਕਰਨੀ ਜਿਤਨੀ ਪੁਜਿ ਆਵੇ। ਅਰੁ ਲੜਿਕੇ ਲੜਕੀਆ ਕੋ, ਸਭ ਕੋ ਅਖਰ ਪੜਾ ਦੇਣੇ ਨਾਲੋ ਬਾਣੀ ਕੰਠ ਕਰਾਉਣੀ ਬਾਲਿਆ ਦੇ। ਜੇ ਆਪ ਨਾ ਅੱਖਰ ਪੜੇ ਹੋਣ, ਆਪਦੇ ਬਾਲਿਆ ਤੇ ਬਾਣੀ ਕੰਠ ਕਰਿ ਲੈਣੀ ਪਟੀ ਉਤੇ ਲਿਖਾਕੇ ਬੀਬੀ ਮਾਈ ਨੇ ਬਾਹਰ ਜਾਣ ਤੋ। ਇਹ ਤੇ ਭਜਨ ਬਾਣੀ ਦੀ ਬਾਤ ਹੋਈ।

ਹੋਰੁ ਬਗਾਨੀ ਅੰਸ ਕਿਸੇ ਤਰਾ ਬੀ ਨਾ ਲੈਣੀ, ਚੁਰਾ ਕੇ ਨਾ ਖੋਹ ਕੇ, ਨਾ ਠੱਗੀ ਕਰਕੇ। ਜੋ ਡਿਗੀ ਪਈ ਬੀ ਲਭੇ ਤਾਂ ਜਿਸਦੀ ਹੋਵੇ ਓਸਕੋ ਦੇ ਦੇਣੀ। ਅਰ ਕਰਜਾ ਲੈ ਕੇ ਨਾ ਦੇਣਾ ਏਹੁ ਚੋਰੀ ਧਾੜੇ ਤੇ ਬੀ ਬਡਾ ਪਾਪ ਹੈ। ਸੋ ਖਾਲਸਾ ਜੀ ਬਗਾਨੀ ਅੰਸ ਦਾ ਸਦਾ ਤਿਆਗੁ ਕਰਨਾ ਏਹੁ ਬਡਾ ਧਰਮੁ ਹੈ। ਗੁਰੂ ਜੀ ਦਾ ਹੁਕਮੁ ਹੈ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ। ਸੋ ਭਾਈ ਜਿਸ ਹਿੰਦੂ ਨੇ ਗਊ ਖਾਇ ਲਈ ਓਸਦਾ ਤਾ ਕੁਛੁ ਨਾ ਰਿਹਾ, ਚਾਹੇ ਸਿਖ ਹੋਵੇ ਭਾਮੇ ਬਾਮਣ, ਖਤਰੀ ਹੋਵੇ ਭਾਮੇ ਮੁਸਲਮਾਨੁ ਹੋਵੇ,

ਓਸਦਾ ਪਖੁ ਨਾ ਗੁਰੂ ਕਰੇ ਨਾ ਪੀਰੁ ਕਰੇਗਾ। ਪ੍ਰਤੀਤ ਜਾਣਨੀ ਭਾਮੇ ਪੂਜਾ ਕਰੇ ਭਾਮੇ ਨਿਮਾਜ ਪੜੇ ਕੁਛ ਭੀ ਥਾਇ ਨਾ ਪਊਗਾ। ਨਾਏ ਨਾਏ ਬਾਣੀ ਬੀ ਭਾਮੇ ਪੜੇ ਸਭ ਨਿਫਲਿ।

ਹੋਰ ਆਗੇ ਜੋ ਲੜਕੀ ਮਾਰ ਦੇਣੇ ਦੇ ਅਰੁ ਲੜਕੀ ਬੇਚਣੇ ਦਾ, ਬਟਾ ਕਰਨੇ ਦਾ ਬਡਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪੁ ਹੈ ਜੋ ਲੜਕੀਆ ਮੈਂ ਬਹੁਤ ਈ ਗੁਣ ਹੈਨ, ਅਨੇਕ ਤਰਾ ਦੇ ਸੁਖ ਦਿੰਦੀਆ ਹੈਨ ਇਸਤਰੀਆਂ। ਗਿਣੇ ਨਹੀ ਜਾਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬੀ ਬਡਾ ਪਾਪੁ ਹੈ ਅਰੁ ਬਰ ਬਟਾ ਕਰਨੇ ਤੇ, ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ, ਕੇ ਬੁਢਾ ਕੇ ਕਿਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜਕੁ ਨਹੀ ਰਹਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਭਿਚਾਰਨੀ ਹੋਇ ਜਾਦੀ ਹੈ। ਬਹੁਤੀ ਥਾਈਂ ਖਰਾਬ ਹੁੰਦੀ ਰਹਦੀ ਹੈ। ਏਹ ਸਾਰੇ ਪਾਪ ਮਾਪਿਆ ਕੋ ਲਗਦਾ ਹੈ।

ਮਾਪਿਆ ਦੇ ਬੀ ਬੁਰੇ ਹਾਲ ਹੋਇ ਜਾਦੇ ਹੈ। ਮੈਂ ਆਪਣੀ ਅਖੀ ਦੇਖੀ ਹੈ ਇਹੁ ਬਾਤਿ, ਸਤਿ ਪ੍ਰਤੀਤ ਜਾਨਣੀ ਖਾਲਸਾ ਜੀ ਜੋ ਲਿਖੀ ਹੈ। ਖਾਲਸਾ ਜੀ ਲੜਕੀ ਮਾਰੇ ਯਾ ਬੇਚੇ ਬਟਾ ਕਰੋ ਓਸ ਦੇ ਨਾਲ ਨਹੀਂ ਸੰਗਤ ਨੇ ਬਰਤਣਾ, ਨਾ ਓਸ ਦੇ ਘਰ ਜਾਣਾ, ਨਾ ਓਸ ਕੇ ਸੰਗਤ ਮੈਂ ਬੜਨ ਦੇਣਾ, ਨਾ ਓਸ ਦੇ ਹਥ ਦਾ ਜਲ ਪਾਨ ਕਰਨਾ। ਏਦੂ ਪਿਛੋਂ ਜੋ ਹੋਈ ਸੋ ਹੋਈ, ਹੁਣ ਅਗੇ ਸਮਝਕੇ ਬਰਤਣਾ।

ਅਗੇ ਮਾਸ ਖਾਣਿ ਦੀ ਬਾਤਿ ਗੁਰੂ ਨਾਨਕ ਜੀ ਨੇ ਲਿਖੀ ਹੈ ਮੱਕੇ ਦੀ ਗੋਸਟਿ ਵਿਚ, ਜੋ ਮਾਸ ਸੋ ਖਾਏ ਜਿਸ ਜੀ ਕੇ ਖਾਏ ਓਸਕੋ ਫੇਰ ਜਿਉਦਾ ਕਰਿ ਸਕੇ। ਗਰੰਥ ਜੀ ਮੈ ਏਹ ਬੀ ਲਿਖਾ ਹੈ ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲ। ਦਫਤਰੁ ਦਈ ਜਬ ਕਾਢਿਹੈ ਹੋਇਗਾ ਕਉਨੁ ਹਵਾਲੁ। ਹੋਰ ਬੀ ਲਿਖਾ ਹੈ ਆਗ ਦੋਆ ਘਰ ਲਾਗੀ। ਜੀਉ ਬਧਿ ਕਰਨ ਵਾਲਿਆ ਹਿੰਦੂ ਤੇ ਨਾਲੇ ਤੁਰਕਾ ਕੇ ਜੇ ਘਰ ਨੂ ਅੱਗ ਲਗ ਗਈ ਤਾ ਰਿਹਾ ਕੀ ਪਿਛੇ?

ਸਰਾਵ ਨੂੰ ਵੀ ਮਨੇ ਕੀਤਾ ਹੈ ਗਰੰਥ ਜੀ ਮੈਂ। ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ। ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ। ਝੂਠਾ ਮਦੁ ਮੂਲਿ ਨ ਪੀਚਈ ਜੇਕਾ ਪਾਰਿ ਵਸਾਇ॥ਸੋ ਏ ਦੋਨੋ ਨਹੀ ਮਾਸ ਤੇ ਛਰਾਵ ਬਰਤਣੇ। ਏਹ ਤੇ ਮਲੇਛਾ ਦਾ ਖਾਣਾ ਹੈ। ਜੋ ਖਾਊ ਓਸਦੀ ਬੁਧਿ ਮਲੇਛੀ ਹੋਇ ਜਾਊਗੀ।

ਹੋਰ ਨੀਲਾ ਬੀ ਮਲੇਛਾ ਦਾ ਬਾਣਾ ਹੈ।.

ਸੋ ਖਾਲਸਾ ਜੀ ਤੁਸੀ ਹਰਿ ਬੋਲੇ ਸਿਮ੍ਰਨੁ ਕਰਨਾ, ਬਾਣੀ ਪੜਨੀ, ਭੁਖੇ ਕੋ ਅੰਨੁ ਦੇਣਾ ਜਿੰਨਾ ਸਰੇ। ਨੰਗੇ ਕੇ ਕਪੜਾ ਜੋੜਾ ਦੇਣਾ ਜਿਤਨਾ ਸਰੇ ਜਰੂਰਿ। ਅਰੁ ਹਰਿ ਬਖਤ ਗੁਰੂ ਜੀ ਅਗੇ ਬੇਨਤੀ ਕਰਨੀ ਜੋ ਹੇ ਗੁਰੂ ਜੀ ਤੇਰੀ ਸ੍ਰਨ ਹੈ, ਵੇਮੁਖੀ ਤੇ ਵੇਸਿਦਕੀ ਤੇ ਮਨਮੁਖੀ ਤੇ ਰਖ ਲਈ। ਜਿਥੇ ਜੀਉ ਰਹੇ ਸਾਰੇ ਈ ਰਖ ਲਈ ਤੇਰੀ ਸਨ ਹੈ। ਬੋਲਕੇ ਬੀ ਬੇਨਤੀ ਕਰਨੀ ਅੰਤ੍ਰਗਤੀ ਬੀ ਕਰਨੀ। ਗੁਰੂ ਜੀ ਸਾਰੇ ਈ ਸੁਣਦਾ ਹੈ ਅੰਤ੍ਰਜਾਮੀ।

ਅਰੁ ਬਸਿ ਕਰਦੇ ਕਿਸੇ ਕੋ ਫਿਕਾ ਬੀ ਨਹੀਂ ਬੋਲਣਾ। ਬਹੁਤੁ ਬੁਰਾ ਲਿਖਾ ਹੈ ਗੁਰੂ ਜੀ ਨੇ ਆਸਾ ਦੀ ਵਾਰ ਮੈ, ਦੇਖ ਲੈਣਾ ਏਹੁ ਸਭ ਜੋ ਲਿਖਾ ਹੈ। ਮੈਂ ਗੁਰੂ ਨਹੀਂ, ਮੈਂ ਤਾ ਗੁਰਾ ਦੇ ਦਰ ਦਾ ਰਪਟੀਆ ਹਾਂ। ਮੈਂ ਬੀ ਅਠੇ ਪਹਰਿ ਏਹੀ ਬੇਨਤੀ ਕਰਦਾ ਹਾ ਜੋ ਹੇ ਗੁਰੂ ਜੀ ਤੇਰੀ ਸ੍ਰਨ ਹੈ। ਵੇਮੁਖੀ, ਵੇਸਿਦਕੀ, ਮਨਮੁਖੀ ਤੇ ਰਖ ਲਈ, ਅਗੇ ਜੋ ਗੁਰੂ ਜੀ ਨੋ ਭਾਵੇ। ਮਨਮੁਖੀ, ਵੇਸਿਦਕੀ ਏਸ ਦਾ ਨਾਉ ਹੈ ਜੋ ਗੁਰੂ ਜੀ ਨੇ ਕਰਨਾ ਕਹਾ ਹੈ ਸੋ ਨਾ ਕਰਿਨਾ ਜੋ ਨਹੀ ਕਰਨਾ ਕਹਾ ਸੋ ਕਰਿ ਲੈਣਾ। ਫੇਰਿ ਸਾਰੇ ਦੁਖ ਵੇਮੁਖਾ ਤੇ ਵੇਸਿਦਕਾ ਕੋ ਈ ਹੈ।

ਹੋਰ ਲਿਖਣਾ ਕੀ ਹੈ ਬਹੁਤਾ। ਭਾਈ ਨਰਾਇਣ ਸਿੰਘ ਜੀ ਏਹੁ ਹੁਕਮਨਾਮਾ ਤੈਨੂ ਤੇ ਭਾਈ ਸਦਾ ਸਿੰਘ ਨੂੰ ਤੇ ਸਾਰੀ ਸੰਗਤ ਕੋ ਹੈ। ਜੋ ਸੁਣਕੇ ਮੰਨੇਗਾ ਓਸਨੂ ਬਹਤੁ ਲਾਭੁ ਹੋਊਗਾ, ਸਤਿ ਕਰਕੇ ਪ੍ਰਤੀਤ ਕਰਨੀ।[4]

ਅਸੀਂ ਵੇਖਦੇ ਹਾਂ ਕਿ ਭਾਈ ਨਰਾਇਣ ਸਿੰਘ ਅਤੇ ਸੱਦਾ ਸਿੰਘ ਹੋਰਾਂ ਦੁਆਰਾ ਲਿਆਂਦਾ ਇਹ ਹੁਕਮਨਾਮਾ ਇਕ ਕਿਸਮ ਦਾ ਰਹਿਤਨਾਮਾ ਹੀ ਹੈ ਜੋ ਸੁਖੀ, ਸਫਲ ਤੇ ਸੰਤੁਸ਼ਟ ਜੀਵਨ ਜਾਚ ਲਈ ਇਕ ਰਾਹ ਦਸੇਰਾ ਹੈ। ਇਸ ਵਿੱਚ ਪ੍ਰਗਟਾਏ ਨਾਰੀ ਮੁਕਤੀ ਪ੍ਰਥਾਇ ਵਿਚਾਰਾਂ ਦੀ ਉਹੋ ਸਾਰਥਿਕਤਾ ਅੱਜ ਹੈ ਜੋ ਡੇਢ ਸਦੀ ਪਹਿਲਾਂ ਸੀ। ਦਾਰੂ ਮਾਸ ਦੇ ਬਹਾਨੇ ਹਰ ਤਰ੍ਹਾਂ ਦੇ ਵਿਕਾਰਾਂ ਅਤੇ ਨਸ਼ਿਆਂ ਤੋਂ ਮੁਕਤੀ ਅਜੋਕੇ ਜੁੱਗ ਦਾ ਹੋਕਾ ਮਾਲੂਮ ਹੁੰਦਾ ਹੈ। ਲੋੜਵੰਦ ਦੀ ਸਹਾਇਤਾ ਕਰਨਾ ਆਪਣੀ ਕਮਾਈ ਨੂੰ ਸਫਲ ਕਰਨਾ ਹੈ। ਮਿੱਠਾ ਬੋਲਣਾ ਅਤੇ ਅਭਿਮਾਨ ਰਹਿਤ ਹੋਣਾ ਸਫਲ ਜੀਵਨ ਜਾਚ ਦੇ ਚਿੰਨ੍ਹ ਹਨ।

ਇਹਨਾਂ ਦੋਹਾਂ ਸਿੰਘਾਂ ਨੂੰ ਸਉਂਪੇ ਦੂਸਰੇ ਹੁਕਮਨਾਮੇ ਵਿੱਚ ਸਤਿਗੁਰੂ ਜੀ ਪੰਜਾਬ ਦੀ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਥਿਤੀ ਤੇ ਵੀ ਚਰਚਾ ਕਰਦੇ ਹਨ। ਪੰਜਾਬ ਵਿੱਚ ਸਰਕਾਰ-ਭਗਤ, ਮੱਧ ਵਰਗੀ ਬੁੱਧੀਜੀਵੀਆਂ ਨੇ ਨਾਮਧਾਰੀਆਂ ਤੇ ਹੋਏ ਸਰਕਾਰੀ ਦਮਨ ਤੋਂ ਭੈਅ ਭੀਤ ਹੋ ਕੇ, ਕੂਕਿਆਂ ਨਾਲੋਂ ਆਪਣੀ ਲਾ ਤੁਅਲਕੀ ਜ਼ਾਹਿਰ ਕਰਨ ਲਈ, ਆਪਣੀ ਬ੍ਰਿਟਿਸ਼ ਰਾਜ

ਪ੍ਰਤੀ ਭਗਤੀ ਨੂੰ ਸਿੰਘ ਸਭਾ ਦੇ ਸੰਗਠਨ ਰਾਹੀਂ ਪ੍ਰਗਟ ਕੀਤਾ ਸੀ। ਰੰਗੂਨ ਬੈਠੇ ਸਤਿਗੁਰੂ ਜੀ ਇਸ ਪ੍ਰਥਾਇ ਆਪਣੇ ਹੁਕਮਨਾਮੇ ਵਿੱਚ ਕਠੋਰ ਟਿੱਪਣੀਆਂ ਕਰਦੇ ਹਨ।

45

ਮੈਂ ਤੇ ਬਥੇਰੇ ਉਪਾ ਕਰਿ ਦੇਖੈ ਸੁਖ ਦੇ ਬਾਸਤੇ, ਸੁਖ ਨਾ ਹੋਆ।ਜਾ ਸੁਖੁ ਹੋਆ ਤਾ ਨਾਮ ਤੇ ਈ ਹੋਆ ਭਾਈ। ਤਾਂ ਹੀ ਮੈ ਸਭਿ ਕਿਸੇ ਨੂ ਆਖਦਾ ਹਾ ਭਾਈ ਨਾਮ ਜਪੋ, ਨਾਮ ਜਪੋ, ਅਖੀ ਦੇਖਕੇ ਨਾਮ ਦੀ ਬਡਿਆਈ ਕੋ। ਹੁਣਿ ਏਥੇ ਬੰਦ ਮੈਂ ਹੈ, ਬੰਦ ਬੁਰੀ ਹੁੰਦੀ ਹੈ। ਨਾਮ ਦੇ ਆਸਰੇ ਏਥੇ ਵੀ ਕੋਈ ਦੁਖੁ ਨਹੀ ਬੰਦ ਦਾ। ਅਬੀਰੀ ਬਣੀ ਹੋਈ ਹੈ, ਨਹੀ ਤਾ ਹਮਾਰੇ ਤੇ ਅਛੇ ਪਥਰ ਕੁਟਦੇ ਹੈਨ। ਹਰਿ ਤਰਾ ਸੋ ਬੁਰਾ ਹਾਲੁ ਹੈ ਬੰਦ ਬਾਲੇ ਲੋਕਾਂ ਦਾ।

ਸਾਨੂੰ ਕਿਸੇ ਈ ਬਾਤ ਦੀ ਕਮਤੀ ਨਹੀ ਘੋ, ਖੰਡ, ਚਾਵਲ, ਦੁਧ, ਕਪੜੇ ਦੀ। ਇਕੁ ਹੀ ਦੁਖੁ ਹੈ, ਸੰਗਤ ਦੇ ਦਰਸਨ ਦੀ ਲੋੜ ਹੈ। ਸੋ ਏਹ ਬੀ ਹੋਇ ਜਾਊਗਾ ਗੁਰੂ ਜੀ ਦਾ ਬਚਨੁ ਤੇ ਹੈ ਪਰੁ ਤਦਿ ਹੋਣਾ ਲਿਖਾ ਹੈ ਗੁਰੂ ਜੀ ਨੇ ਜਦਿ ਸਰੂਪ ਸਿੰਘ (ਰੂਸ ਦਾ ਸੰਕੇਤਿਕ ਨਾਮ) ਮਾਝੇ ਦੇਸ ਮੈ ਆਵੇਗਾ। ਅਗੇ ਭਾਈ ਗੁਰੂ ਗੁਰੂ ਜਾਣੋ। ਪੈਲਾਦੁਸਰਿ (ਅਬੋਹਰ ਦੇ ਨੇੜੇ ਪਿੰਡ ਹਰੀਪੁਰਾ ਵਿੱਚ) ਮੈਂ ਪੋਥੀ ਬੀ ਨਿਕਲੀ ਹੈ ਓਸ ਮੈਂ ਲਿਖਾ ਹੈ।

ਮੁਠੱਡੀਬੀ ਫਤੋ ਬੁਲਾਉਣੀ ਸਾਰੇ ਸਿੰਘਾ ਨੂ ਜਾਕੇ। ਆਖਣਾ ਭਜਨੁ ਬਾਣੀ ਕਰੋ ਤਕੜੇ ਹੋ ਕੇ ਨਾਲੇ ਹੁਕਮਨਾਮਾ ਦੇਖਾ ਦੇਣਾ ਪੜਦੇ ਮੈ। ਅਛੀ ਤਰਾ ਧੀਰ ਦਲਾਸਾ ਦੇਣਾ। ਸਿਆਮ ਸਿੰਘ ਦਰਜੀ ਨੂ ਫਤੇ ਗਜਾ ਦੇਣੀ। ਮੈਂ ਜੇ ਦੇਸ ਮੈ ਆ ਜਾਊ ਤਾ ਤੈਨੂ ਬੀ ਬਹੁਤੁ ਸੁਖੁ ਹੋਊਗਾ ਸਿਆਮ ਸਿੰਘ ਜੀ।

ਅਰੂ ਹਰਿਦਾਸਾ ਦੇ ਅਖਰ ਨ ਜੁੜਿ ਜਾਣਿ। ਅਛੀ ਤਰਾ ਸਮਾਲ ਕੇ ਲੈ ਜਾਣੀਆ। ਬੜੀ ਮਿਣਤਿ ਨਾਲ ਲਿਖੀਆ ਹੈ ਭਜਨੁ ਬਾਣੀ ਛੱਡਕੇ। ਏਥੇ ਆਉਣ ਦਾ ਤਾ ਏਹੀ ਨਫਾ ਹੈ ਭਜਨੁ ਬਾਣੀ ਕਰਿਨਾ ਤੇ ਨਾਲੇ ਕਰਾਉਣਾ।

ਭਾਈ ਨਰੈਣ ਸਿੰਘ ਤੈ ਸਦਾ ਸਿੰਘ ਜੀ ਅਰੁ ਜੋ ਹੁਕਮਨਾਮਾ ਲਿਖਾਇਆ ਹੈ ਸੋ ਓਸਦੀ ਬਾਤ ਮੰਨਣੀ। ਅਗੈ ਤੁਸੀਂ ਇਆਣੇ ਨਹੀਂ ਸਿਆਣੇ ਹੋ ਮੇਰੇ ਤੇ ਤਾਂ। ਜੇ ਮੈਂ ਬੁਧਿਮਾਨੁ ਹੁੰਦਾ ਤਾ ਕੈਦ ਕਿਉ ਹੋਇ ਜਾਣਾ ਥੀ? ਬੁਧਿਮਾਨੁ ਕੈਦ ਹੋਆ ਹੈ ਕਦੇ? ਵੇਅਕਲ ਈ ਹੁੰਦੇ ਹੈ ਕੈਦਿ।

ਹੋਰ ਨਰੈਣ ਸਿੰਘ ਤੈ ਸਮਝੀ ਨਹੀ ਏਹੁ ਬਾਤ ਜੋ ਸਿੰਘ ਸਭਾ ਬਣਾਈ ਹੈ, ਸੋ ਏਨਾ ਤੇ ਰੀਸ ਕੀਤੀ ਹੈ ਗੁਰੂ ਦੇ ਕੰਮ ਦੀ। ਏਧਰਿ ਕੰਮੁ ਤੇ ਨਿਕਲ

ਪਿਆ ਗੁਰੂ ਦਾ, ਏਧਰ ਏ ਮਿਲਣਿ ਜੋਗੇ ਹੈਨ ਨਹੀਂ। ਕੀ ਮੂਹੁ ਲੈਕੇ ਮਿਲਣਿ? ਬਹੁਤੁ ਬਕੇ ਹੈ ਮੂੰਹ ਆਉਦਾ। ਹੁਣ ਏਹੁ ਸਲਾਹਿ ਕੀਤੀ ਹੈ ਜੋ ਆਪਣੇ ਘਰ ਦੀ ਹੀ ਬਾਤ ਬਣਾ ਲੇਓ। ਕੂਕਿਆਂ ਨੇ ਤੋਰਿ ਲਿਆ ਹੈ ਸਭ ਕੰਮੁ ਕੰਗਾਲਾ ਨੇ। ਸਾਡੇ ਬਿਚ ਤਾ ਬਡੇ ਬਡੇ ਆਦਮੀ ਬਹੁਤੁ ਹੈ, ਸਾਡੇ ਪਾਸੋ ਕਿਉ ਨਹੀ ਤੁਰੂਗਾ। ਏਹੁ ਤੇ ਕੰਮ ਨਾ ਬਡੇ ਤੇ ਤੁਰਦਾ ਹੈ ਨਾ ਛੋਟੇ ਤੇ ਤੁਰਦਾ ਹੈ। ਇਹ ਤਾਂ ਕੰਮ ਗੁਰੂ ਦੇ ਕਰਿਨ ਦਾ ਹੈ, ਸੋ ਗੁਰੂ ਜੀ ਨੇ ਕੀਤਾ ਹੈ। ਜੇ ਤਾ ਨਾਮਧਾਰੀਆ ਦੇ ਪੰਥ ਨੂੰ ਮਿਟਾ ਦੇਣ ਤਾ ਤੇ ਏ ਆਪਦਾ ਬੀ ਕੰਮੁ ਤੋਰਿ ਲੈਣਗੇ, ਜੇ ਨਾਮਧਾਰੀ ਨਾ ਮਿਟੇ ਤਾ ਏਨਾ ਤੇ ਕੁਛ ਬੀ ਨਹੀ ਹੋਣਾ। ਏਹੁ ਤਾ ਭੂਤਾ ਦੀ ਅਗਿ ਮਾਲੂਮ ਹੁੰਦੀ ਹੈ ਮੈਨੂੰ ਤਾ ਅਗੇ ਭਾਈ ਗੁਰੂ ਜਾਣੇ।

ਅਰੁ ਲਹੌਰ ਕਦੇ ਜਾਮੇ ਤਾ ਸਾਰੇ ਸਿੰਘਾ ਨੂ ਸਾਡੀ ਫਤੇ ਬੁਲਾਉਣੀ, ਖਬਰ ਦੇਣੀ ਸਾਡੀ ਸੁਖ ਅਨੰਦ ਦੀ। ਹੁਕਮਨਾਮੇ ਦਾ ਦਿਦਾਰੁ ਕਰਾਉਣਾ। ਮੇਰੇ ਤਾ ਕੁਛ ਬਸਿ ਨਹੀ, ਜੋ ਗੁਰੂ ਲਿਖਵਾਇਆ ਸੋ ਮੈ ਲਿਖ ਦਿਤਾ ਹੈ।

ਹੋਰ ਭਾਈ ਏਥੇ ਸਾਡੇ ਪਾਸ ਕਿਸੇ ਨੂੰ ਨਾ ਬੋਲਣ ਦਿੰਦੇ ਹੈ, ਨਾ ਖੜਾ ਹੋਣ ਦਿੰਦੇ ਹੈ। ਇਨਾ ਨੂੰ ਏਨਾ ਦੋ ਕਰਮ ਨੇ ਬਹੁਤ ਭੈ ਦੇ ਰਖਾ ਹੈ। ਆਧੇ ਹੈ ਜੇ ਏਧੀ ਬਾਤ ਪੰਜਾਬ ਮੈਂ ਜਾ ਰਹੀ ਤਾ ਕੂਕੇ ਸੂੜ ਕਰ ਦੇਣਗੇ ਵਿਲਿਆ ਦਾ। ਕਾਲ ਜੈਸਾ ਭੈ ਹੈ ਏਨਾ ਕੋ ਨਾਮਧਾਰੀਆ ਦਾ। ਰਜਾਇ ਪ੍ਰਮੇਸਰ ਦੀ ਐਸੀ ਈ ਹੈ ਕੁਛ।

ਸੁਧਿ ਸਿੰਘ ਕੋ ਵੀ ਮਿਲਦੇ ਜਾਣਾ, ਰਸਤੇ ਵਿਚ ਈ ਹੈ। ਥੋੜਾ ਈ ਲਾਭ ਹੈ ਰਸਤੇ ਤੇ। ਅਰੁ ਤੁਸੀਂ ਸਹਰ ਮੈਂ ਰਹਿੰਦੇ ਹੋ। ਰੰਨ ਮੁੰਡੇ ਤੇ ਬਚਕੇ ਰਹਣਾ ਅਛੀ ਤਰਾ ਸੇ। ਰੰਨ ਮੁੰਡੇ ਨੇ ਬੁਰਾ ਹਾਲ ਕਰਿ ਦਿਤਾ ਅੰਬ੍ਰਸਰ ਜੀ ਮੈ ਲੋਕਾ ਦਾ। ਹੀਰੇ ਦਾ ਤਾ ਤੈਨੂੰ ਮਾਲੂਮ ਈ ਹੈ ਸਭ ਬਾਤਿ। ਹੋਰ ਬੀ ਐਸਾ ਬਿਹਾਰੁ ਬਹੁਤੁ ਹੈ ਓਥੇ।[5]

ਸਤਿਗੁਰੂ ਜੀ ਆਪਣੇ ਸਿੱਖਾਂ ਦਾ ਸਦਾਚਾਰਕਕ ਪੱਖ ਮਜ਼ਬੂਤ ਵੇਖਣਾ ਚਾਹੁੰਦੇ ਸਨ। ਭਾਈ ਸੱਦਾ ਸਿੰਘ ਹੋਰਾਂ ਨੇ ਇਹਨਾਂ ਦੋਹਾਂ ਹੁਕਮਨਾਮਿਆਂ ਤੋਂ ਬਿਨਾ ਸਤਿਗੁਰੂ ਜੀ ਤੋਂ ਪ੍ਰਾਪਤ ਹੋਰ ਹੁਕਮਨਾਮੇ ਵੀ, ਮੂੰਹ ਵੇਖਣ ਵਾਲੇ ਸ਼ੀਸ਼ੇ ਦੀ ਫੱਟੀ ਉਖਾੜ ਕੇ, ਉਸ ਵਿੱਚ ਰੱਖ ਕੇ ਜੜ ਦਿੱਤੇ। ਪੰਜਾਬ ਜਾ ਕੇ ਗੁਰੂ ਹਰੀ ਸਿੰਘ ਜੀ ਨੂੰ ਬੜੇ ਅਦਬ ਸਤਿਕਾਰ ਨਾਲ ਸੰਭਾਲ ਦਿੱਤੇ। ਜਦੋਂ ਗੁਰੂ ਹਰੀ ਸਿੰਘ ਜੀ ਨੂੰ 1892 ਈ. ਵਿੱਚ ਦੌਰੇ ਕਰਨ ਦੀ ਲੰਮੀ ਛੁੱਟੀ ਮਿਲਦੀ ਆਪ ਸਤਿਗੁਰੂ ਜੀ ਨੂੰ ਕਈ ਕਈ ਦਿਨ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਅਗਦੀਂ ਜਾ ਕੇ ਉਡੀਕਿਆ ਕਰਦੇ, ਸੰਗਤਾਂ ਸਮੇਤ। ਰੋਜ਼

20-25 ਗਾਗਰਾਂ ਦੁੱਧ ਪਿੰਡਾਂ ਵਿੱਚੋਂ ਆ ਜਾਂਦਾ। ਸਤਿਗੁਰੂ ਜੀ ਦੇ ਨਾ ਆਉਣ ਤੇ ਉਹ ਦੁੱਧ ਸੰਗਤ ਵਿੱਚ ਵਰਤਾ ਦਿੰਦੇ। ਅਗਲੇ ਦਿਨ ਹੋਰ ਆ ਜਾਂਦਾ। ਮੁਸਲਮਾਨ, ਹਿੰਦੂ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ।

ਸੰਤ ਸੱਦਾ ਸਿੰਘ ਜੀ ਹਰ ਸਾਲ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੇ ਸਨ। ਇਸ ਸਮੇਂ ਆਪ ਲੰਗਰ ਦੀ ਸੇਵਾ ਕਰਦੇ ਸਨ। ਆਪ ਜਲੇਬੀਆਂ, ਪੂਰੀਆਂ ਆਦਿ ਬਨਾਉਣ ਦੇ ਮਾਹਰ ਹਲਵਾਈ ਸਨ। ਕਈ ਵੇਰ ਗੁਰੂ ਹਰੀ ਸਿੰਘ ਆਪ ਪਾਸੋਂ ਸੰਗਤ ਨੂੰ ਉਚੇਚੇ ਪਕਵਾਨ ਬਣਵਾ ਕੇ ਵਰਤਾਇਆ ਕਰਦੇ ਸਨ। ਨਾਮਧਾਰੀ ਸੰਗਤ ਦੇ ਘਰਾਂ ਵਿੱਚ ਵੀ ਵਿਆਹ ਸ਼ਾਦੀਆਂ ਸਮੇਂ ਆਪ ਆਪਣੀਆਂ ਸੇਵਾਵਾਂ ਅਰਪਿਤ ਕਰਦੇ। ਸਤਿਗੁਰੂ ਰਾਮ ਸਿੰਘ ਜੀ ਦਾ ਇਹ ਪਿਆਰਾ ਸਿੱਖ ਉਹਨਾਂ ਦੇ ਦੇਸ਼ ਵਿੱਚ ਦਰਸ਼ਨਾਂ ਦੀ ਆਸ ਵਿੱਚ ਹੀ 26 ਅੱਸੂ 1989 ਬਿਕਰਮੀ ਮੁਤਾਬਿਕ ਅਕਤੂਬਰ 1932 ਵਿੱਚ, ਪਰਲੋਕ ਸਿਧਾਰ ਗਿਆ।[6] ਆਪ ਨੇ 95-96 ਸਾਲ ਉਮਰ ਭੋਗੀ। ਆਪ ਲੱਕੜੀ ਦੇ ਵਧੀਆ ਕਾਰੀਗਰ ਸਨ। ਇਕ ਸੁੰਦਰ ਕੁਰਸੀ ਬਣਾ ਕੇ, ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਨੂੰ ਆਪਨੇ ਭੇਂਟ ਕੀਤੀ ਸੀ। ਗੁਰੂ ਹਰੀ ਸਿੰਘ ਜੀ ਨੇ ਫੁਰਮਾਇਆ ਕਿ ਇਤਨੀ ਸੋਹਣੀ ਕੁਰਸੀ ਤਾਂ ਸ੍ਰੀ ਸਤਿਗੁਰੂ ਜੀ ਦੇ ਬੈਠਣ ਲਾਇਕ ਹੈ। ਇਸ ਲਈ ਇਸ ਨੂੰ ਸਾਂਭ ਛੱਡੋ ਜਦੋਂ ਉਹ ਆਉਣਗੇ ਤਾਂ ਬੈਠਣਗੇ।

## -ਹਵਾਲੇ ਤੇ ਟਿੱਪਣੀਆਂ-

1. ਸੰਤ ਖੜਗ ਸਿੰਘ ਜੀ ਅੰਮ੍ਰਿਤਸਰ, ਦਾ ਲੇਖ "ਸ੍ਰੀਮਾਨ ਭਾਈ ਸੱਦਾ ਸਿੰਘ ਜੀ- ਅੰਮ੍ਰਿਤਸਰੀ, ਹਫਤਾਵਾਰ ਸਤਿਜੁਗ, ਸ੍ਰੀ ਜੀਵਨ ਨਗਰ (ਹਿਸਾਰ), 3 ਕੱਤਕ 2018, ਬਿਕਰਮੀ ਸਫਾ 3. ਯਾਦ ਰਹੇ ਕਿ ਸੰਤ ਖੜਗ ਸਿੰਘ ਜੀ ਭਾਈ ਸੱਦਾ ਸਿੰਘ ਹੋਰਾਂ ਦੇ ਸਪੁੱਤਰ ਸਨ। ਇਹਨਾਂ ਦਿਨਾਂ ਵਿੱਚ ਸ੍ਰ. ਨਾਹਰ ਸਿੰਘ ਐਮ.ਏ. ਦਾ ਇਤਿਹਾਸਿਕ ਲੇਖ, ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਕੂਕਿਆਂ ਬਾਰੇ ਛਪਿਆ ਸੀ। ਸਰਦਾਰ ਜੀ ਨੇ ਆਮ ਸਿੰਘਾਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੇ ਵਡੇਰਿਆਂ ਬਾਰੇ ਜੋ ਵੀ ਜਾਣਦੇ ਹਨ, ਸਤਿਜੁਗ ਨੂੰ ਲਿਖ ਕੇ ਭੇਜਣ। ਇਸ ਤੇ ਸੰਤ ਖੜਗ ਸਿੰਘ ਜੀ ਨੇ ਆਪਣੇ ਪਿਤਾ ਜੀ ਤੋਂ ਇਲਾਵਾ ਭਾਈ ਗੁਰਦਿੱਤ ਸਿੰਘ ਰਾਗੀ ਅਤੇ ਪਟਨੇ ਵਾਲੇ ਭਾਈ ਬਿਹਾਰੀ ਸਿੰਘ ਹੋਰਾਂ ਬਾਰੇ ਲਿਖ ਕੇ ਭੇਜਿਆ ਜੋ ਇਸੇ ਸਮੇਂ ਦੇ ਸਤਿਜੁਗ ਦੇ ਅੰਕਾਂ ਵਿੱਚ ਛਪੇ ਸਨ।

2. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, (ਸੰ. ਜਸਵਿੰਦਰ ਸਿੰਘ) ਸਫਾ 266

3. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ, (ਸੰ. ਜਸਵਿੰਦਰ ਸਿੰਘ) ਸਫਾ 108

4. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰ. ਜਸਵਿੰਦਰ ਸਿੰਘ), ਛਾਪ ਪਹਿਲੀ, ਸਫਾ 291-303

5. ਉਪਰੋਕਤ, ਸਫਾ 378-385

6. ਸੰਤ ਖੜਗ ਸਿੰਘ ਜੀ ਦਾ ਉਪਰੋਕਤ ਸਤਿਜੁਗ ਵਿੱਚ ਲੇਖ, ਸਫਾ 4

❊

# ਗੁਰੂ ਦਰਸ਼ਨਾਂ ਦਾ ਭੌਰਾ
# ਭਾਈ ਈਸ਼ਰ ਸਿੰਘ ਚੂੰਨ੍ਹੀ

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ, ਅੰਬਾਲਾ ਜ਼ਿਲ੍ਹੇ ਦਾ ਪਿੰਡ ਚੂੰਨ੍ਹੀ ਕਲਾਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਰੰਭੇ ਗਏ, ਕੂਕਾ ਅੰਦੋਲਨ ਦਾ ਇਕ ਮੁੱਖ ਕੇਂਦਰ ਸੀ। ਉਦੋਂ ਇਹ ਪਿੰਡ ਖਰੜ ਥਾਣੇ ਵਿੱਚ ਆਉਂਦਾ ਸੀ। ਇਸ ਤੋਂ ਇਲਾਵਾ ਹੋਰ ਪਿੰਡ ਚੂੰਨ੍ਹੀ ਖੁਰਦ, ਡੱਡਿਆਣਾ, ਮਜਾਤਰੀ ਅਤੇ ਲੋਪੋਂ ਵੀ ਇਸੇ ਥਾਣੇ ਦੇ ਕੂਕਾ ਪ੍ਰਭਾਵ ਵਾਲੇ ਪਿੰਡ ਸਨ। ਅੰਬਾਲਾ ਹਰਿਆਣੇ ਵਿੱਚ ਜਾਣ ਕਰ ਕੇ ਅੱਜ ਕੱਲ੍ਹ ਇਹ ਪਿੰਡ ਜ਼ਿਲ੍ਹਾ ਫਤਿਹਗੜ੍ਹ, ਪੰਜਾਬ ਵਿੱਚ ਹੈ। ਸੰਨ 1869 ਈ. ਵਿੱਚ ਸੂਬਾ ਕਾਹਨ ਸਿੰਘ ਚੱਕ ਵਾਲੇ, ਦੇ ਪਰਚਾਰ ਨਾਲ, ਇਸ ਇਲਾਕੇ ਵਿੱਚ ਸੰਗਤ, ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਜੁੜਨੀ ਸ਼ੁਰੂ ਹੋ ਗਈ।

"ਉਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਸੂਬਾ ਕਾਹਨ ਸਿੰਘ ਨੂੰ ਭਜਨ ਦੇਣ ਵਾਸਤੇ ਭੇਜਿਆ ਮੈਨ ਦਵਾਬ ਮੈ। ਸੂਬਾ ਕਾਹਨ ਸਿੰਘ ਚੂੰਨ੍ਹੀ ਮੈਂ ਆਇਆ, ਦੀਵਾਨ ਲੌਣਾ ਸ਼ੁਰੂ ਕੀਤਾ। ਸ਼ਬਦ ਦੀ ਧੁਨ ਸੁਣ ਕੇ ਕਈਆਂ ਦਾ ਸੂਤਰ ਭੀ ਨਿਕਲਨੇ ਲਗਾ। (ਭਾਵ ਮਸਤਾਨੇ ਹੋਣ ਲੱਗੇ)। ਲੋਕ ਕਹਿੰਦੇ ਹੈਂ ਪੰਥ ਕੈਸਾ ਪਰਗਟ ਹੋਇਆ ਹੈ? ਮੰਤਰ ਸੁਣ ਕੇ ਲੋਕ ਖੇਡਣ ਲਗ ਪੈਂਦੇ ਹੈਂ। ਖ਼ਵਰੇ ਕੀ ਜਾਦੂ ਕਲਾਮ ਸੁਣਾਇ ਦੇਂਦੇ ਹੈਂ। ਸਢੌਰੇ ਵੱਲ ਜਾਇਕੇ ਬਾਬਾ ਕਾਹਨ ਸਿੰਘ ਆਇਆ। ਅੱਗੇ ਤਾਂ ਬਡੀ ਚੂੰਨ੍ਹੀ ਸਿੰਘਾਂ ਨੇ ਭਜਨ ਲਏ ਸੇ, ਫੇਰ ਛੋਟੀ ਚੂੰਨ੍ਹੀ ਦੇ ਭੀ ਦਲੀਲਾਂ ਕਰਦੇ ਹੈਂ ਭਜਨ ਲੈਣ ਦੀਆਂ। ਜਿਊਣ ਦਾਸ ਨੂੰ ਦ੍ਰਿਸ਼ਟਾਂਤ ਮੈਂ ਦਰਸ਼ਨ ਹੋਇਆ ਕਿ ਪਾਂਚ ਅਸਵਾਰ ਹੈਂ, ਸਿਰ ਪਰ ਖੰਡਾ ਲਿਸ਼ਕਦਾ ਹੈ। ਇਕ ਰਸਤੇ ਪਰ ਖੜ੍ਹਾ ਸੀ। ਪੁੱਛਿਆ ਕੌਣ ਹੈ? ਅੱਗੇ ਤੇ ਆਵਾਜ਼ਾ ਹੋਇਆ ਨਾ ਏਹ ਰਾਜਾ ਨਾ ਏਹ ਪਰਜਾ। ਹੋਰ ਈ ਪਰਗਟ ਹੋਇਆ ਹੈ। ਖੰਡੇ ਕੀ ਲਿਸ਼ਕ ਬਿਜਲੀ ਵਾਂਗ ਪੈਂਦੀ ਹੈ ਜੋ ਬਾਬੇ ਕੇ ਸੀਸ ਪਰ ਸੀ।"[1]

ਜਿਊਣ ਦਾਸ ਮਾਲਵੇ ਦੇ ਕਾਰੀਗਰਾਂ ਦਾ ਲੜਕਾ ਸੀ ਜੋ ਸੰਗਰੂਰ ਰਿਆਸਤ ਵੱਲੋਂ ਕਈ ਜੋਗੀਆਂ ਅਤੇ ਸਾਧੂਆਂ ਦੀ ਸੰਗਤ ਕਰਦਾ ਕਰਦਾ, ਇਸ ਪਿੰਡ ਵਿੱਚ ਗੁੱਗੇ ਦੀ ਮਾੜੀ ਤੇ ਆ ਬੈਠਾ ਅਤੇ 24 ਸਾਲ ਬੰਦਗੀ ਕਰਦਾ ਰਿਹਾ। ਲੋਕਾਂ ਵਿੱਚ ਮਾਨਤਾ ਹੋ ਗਈ। ਹੁਣ ਸੂਬਾ ਕਾਹਨ ਸਿੰਘ ਹੋਰਾਂ ਦੇ ਦਰਸ਼ਨ ਅਤੇ ਬੋਲ ਬਾਣੀ ਦਾ ਐਸਾ ਪ੍ਰਭਾਵ ਪਿਆ ਕਿ ਉਹਨਾਂ ਨੇ ਬਾਬਾ ਜੀ ਨੂੰ

ਅਰਜ਼ ਕੀਤੀ ਕਿ ਲੰਗਰ ਛਕੋ। ਸੂਬਾ ਜੀ ਨੇ ਕਿਹਾ ਕਿ ਨਾਮ ਦੀ ਦਾਤ ਲੈ ਲਵੋ ਤਾਂ ਲੰਗਰ ਛਕ ਲਵਾਂਗੇ। ਸਾਧੂ ਨੇ ਨਾਮ ਲੈ ਲਿਆ। ਲੰਗਰ ਤਿਆਰ ਹੋਣ ਲੱਗਾ। ਜਿਊਣ ਦਾਸ ਨੂੰ ਭਜਨ ਦੇ ਕੇ ਫੇਰ ਪਰਸਾਦ ਛਕਿਆ। ਇੰਦਰ ਸਿੰਘ ਨੇ ਭਜਨ ਲਿਆ, ਈਸ਼ਰ ਸਿੰਘ ਨੇ ਭਜਨ ਲਿਆ। ਹੋਰ ਚਾਰ ਪਾਂਚ ਸਰੀਰਾਂ ਨੇ ਭਜਨ ਲਿਆ। ਜੀਊਣ ਦਾਸ ਕੋ ਬਾਬੇ ਨੇ ਬਚਨ ਕੀਤਾ ਰਾਮਦਾਸ ਪੁਰੇ ਆਉ। ਗੁਰੂ ਜੀ ਦਾ ਦਰਸ਼ਨ ਕਰੋ ਨਾਲੇ ਮੋਹਰ ਲੁਆ ਲਵੋ। ਅਤਰ ਸਿੰਘ ਕੋ ਸੂਤਰ ਹੋਇ ਗਿਆ।" ਸੰਤ ਜਿਊਣ ਦਾਸ ਨੇ ਅੰਮ੍ਰਿਤ ਛਕਿਆ, ਕਛਿਹਰੇ ਧਾਰਨ ਕੀਤੇ ਅਤੇ ਨਾਮ ਜਿਊਣ ਸਿੰਘ ਹੋ ਗਿਆ।

ਹੁਣ ਸੰਤ ਜਿਊਣ ਸਿੰਘ ਜੀ ਸ੍ਰੀ ਭੈਣੀ ਸਾਹਿਬ ਪੁੱਜ ਗਏ, ਆਪਣੇ ਹੋਰ ਸੰਗੀ ਸਾਥੀਆਂ ਈਸ਼ਰ ਸਿੰਘ, ਇੰਦਰ ਸਿੰਘ, ਅਤਰ ਸਿੰਘ ਆਦਿ ਸਮੇਤ। ਸਾਰੇ ਸਤਿਗੁਰੂ ਜੀ ਦੇ ਦਰਸ਼ਨਾਂ ਨਾਲ ਨਿਹਾਲ ਹੋ ਗਏ। ਸੰਤ ਜੀ ਨੂੰ ਫਿਰ ਸ੍ਰੀ ਸਤਿਗੁਰੂ ਜੀ ਤੋਂ ਦੁਬਾਰਾ ਮੰਗਣ ਤੇ ਨਾਮ ਦੀ ਦਾਤ ਮਿਲੀ। ਸੰਤ ਮਸਤਾਨੇ ਹੋ ਗਏ। ਹੋਰ ਸਿੰਘਾਂ ਸਮੇਤ ਚੁੰਨ੍ਹੀ ਮੁੜ ਆਏ। "ਚੁੰਨ੍ਹੀ ਕੇ ਲੋਕ ਕਹਿੰਦੇ ਹੈਂ ਧੰਨ ਗੁਰੂ ਜੀ ਹੈਂ, ਜਿਨ੍ਹਾਂ ਨੇ ਐਸੇ ਬੰਦਗੀ ਵਾਲੇ ਸੰਤ ਕੋ ਬਸੀ ਕਰ ਲਿਆ ਹੈ, ਬੜਾ ਬਲੀ ਗੁਰੂ ਹੈ।"[2]

ਹੁਣ ਹੀਰਾ ਸਿੰਘ ਅਤੇ ਅਗੰਮ ਸਿੰਘ ਆਦਿ ਸਿੰਘਾਂ ਨੇ ਦੀਵਾਨ ਲਾਉਣਾ ਸ਼ੁਰੂ ਕਰ ਦਿੱਤਾ। ਦੁਨੀਆਂ ਸੂਤਰ ਨੂੰ ਵੇਖ ਕੇ ਭੁੱਲ ਜਾਂਦੀ ਹੈ। ਹੌਲੀ ਹੌਲੀ ਆਲੇ ਦੁਆਲੇ ਦੇ ਪਿੰਡਾਂ ਅਤੇ ਚੁੰਨ੍ਹੀ ਵਿੱਚ ਨਾਮਧਾਰੀ ਸੰਗਤ ਦਾ ਕਾਫੀ ਪਰਚਾਰ ਹੋ ਗਿਆ। ਇਹ ਸਾਰੇ ਲੋਕ ਅੰਗਰੇਜ਼ ਸਰਕਾਰ ਦੀ ਈਨ ਨਾ ਮੰਨਣ ਵਾਲੇ ਅਤੇ ਆਪਣੇ ਸਤਿਗੁਰੂ ਦੇ ਹੁਕਮ ਤੇ ਤਨ, ਮਨ ਅਤੇ ਧਨ ਨਿਉਛਾਵਰ ਕਰ ਦੇਣ ਵਾਲੇ ਸਨ।

ਮਾਰਚ 1870 ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਮਿਸ਼ਨ ਦੇ ਪਰਚਾਰ ਲਈ ਹੋਲੇ ਮਹੱਲੇ ਦੇ ਪੁਰਬ ਤੇ ਸ੍ਰੀ ਅਨੰਦਪੁਰ ਸਾਹਿਬ ਦੀ ਯਾਤਰਾ ਕੀਤੀ ਸੀ। ਵਾਪਸੀ ਤੇ ਕਸ਼ਮੀਰ ਕੂਕਾ ਪਲਟਣ ਵਾਲੇ ਸ੍ਰ. ਹੀਰਾ ਸਿੰਘ 'ਲੰਮੂ' ਦੇ ਬੇਨਤੀ ਕਰਨ ਤੇ ਸਤਿਗੁਰੂ ਜੀ ਉਸ ਦੇ ਪਿੰਡ ਸਢੌਰੇ ਗਏ। "ਲੋਕ ਦਰਸ਼ਨ ਕੋ ਬੇਸ਼ੁਮਾਰ ਆਏ। ਦੇਖ ਦੇਖ ਲੋਕ ਆਪਸ ਮੇਂ ਬਾਤਾਂ ਕਰਦੇ ਹੈਂ ਕਿ ਦੇਖੋ ਇਹ ਸਤਿਗੁਰੂ ਰਾਮ ਸਿੰਘ ਹੈ ਜਿਸ ਨੇ ਨਾਮਧਾਰੀ ਪੰਥ ਤੋਰਿਆ ਹੈ। ਸ੍ਰ. ਹੀਰਾ ਸਿੰਘ ਨੇ ਬੜੇ ਪ੍ਰੇਮ ਸੇ ਸੇਵਾ ਕੀਤੀ। ਬਹੁਤ ਸਿੰਘਾਂ ਨੇ ਭਜਨ ਲਿਆ। ਮੈਣ ਦਵਾਬ ਮੈਂ ਨਾਮ ਕਾ ਛਿੱਟਾ ਦਿੱਤਾ।"

"ਚੁੰਨ੍ਹੀ ਕੇ ਏਕ ਬਾਗ ਮੈਂ ਸ਼ਹੀਦਾਂ ਦਾ ਡੇਰਾ ਸੀ। ਉੱਥੇ ਬੰਦਗੀ ਕਰਨ

ਚਲੇ ਗਏ। ਰਸਤੇ ਮੈਂ ਹਮੇਸ਼ਾਂ ਪਹਿਰਾ ਖੜਾ ਕਰ ਦਿੰਦੇ ਕਿ ਕੋਈ ਨਾ ਆਵੇ। ਉੱਥੇ ਬੈਠ ਕੇ ਇਸ਼ਨਾਨ ਕਰ ਕੇ ਨਿਤਨੇਮ ਬਾਣੀ ਜਪੁ ਸਾਹਿਬ ਪੜਨ ਲਗ ਗਏ। ਫੇਰ ਚੂੰਨ੍ਹੀ ਗਏ, ਉੱਥੇ ਕਈ ਦੀਵਾਨ ਹੋਏ। ਉੱਥੋਂ ਚੱਲੇ ਆਏ ਲੋਕਾਂ ਕੋ ਉਪਦੇਸ਼ ਦੇਂਦੇ ਸੰਗਤਾਂ ਨੂੰ ਤਾਰਦੇ। ਮੈਣ ਦਵਾਬ ਮੈਂ ਸਿੰਘ ਬੜੇ ਸਜੇ। ਸਤਿਗੁਰੂ ਰਾਮ ਸਿੰਘ ਜੀ ਨਾਮ ਰੂਪੀ ਜਹਾਜ਼ ਪਰ ਜੀਆਂ ਕੋ ਚਾੜ੍ਹ ਭਵਸਾਗਰ ਰੂਪੀ ਸਮੁੰਦਰ ਪਾਰ ਕਰਦੇ ਹੈਂ।"[3]

ਮਲੇਰਕੋਟਲੇ ਦੀ ਘਟਨਾ ਬਾਅਦ 17 ਜਨਵਰੀ 1872 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਐਕਟ 1818 ਦੇ ਬੰਗਾਲ ਰੈਗੂਲੇਸ਼ਨ ਤਿੰਨ ਹੇਠ, ਮੁਖੀ ਸੂਬਿਆਂ ਸਮੇਤ, ਪੰਜਾਬ ਤੋਂ ਜਲਾਵਤਨ ਕਰ ਕੇ, ਬ੍ਰਿਟਿਸ਼ ਬਰਮਾ ਦੇ ਸ਼ਹਿਰ ਰੰਗੂਨ ਵਿੱਚ ਭੇਜ ਦਿੱਤਾ। ਪੰਜਾਬ ਤੋਂ 1875 ਈ. ਵਿੱਚ ਬਹੁਤ ਸਾਰੇ ਸਿੰਘ ਸਤਿਗੁਰੂ ਜੀ ਦਾ ਦਰਸ਼ਨ ਕਰਨ ਲਈ ਭੇਸ ਬਦਲ ਕੇ, ਰੰਗੂਨ ਆਪ ਦੇ ਬੰਗਲੇ ਦੇ ਸਾਹਮਣੇ ਪੁੱਜਦੇ ਰਹੇ। ਪੰਜਾਬ ਦੇ ਸਮਾਚਾਰਾਂ ਦੀਆਂ ਅਰਦਾਸਾਂ, ਸਤਿਗੁਰੂ ਜੀ ਨੂੰ ਪੁਚਾਉਂਦੇ ਅਤੇ ਉਹਨਾਂ ਪਾਸੋਂ ਹੁਕਮਨਾਮੇ ਲੈ ਕੇ ਪੰਜਾਬ ਵਿੱਚ ਮੁੜ ਆਉਂਦੇ। ਇਹਨਾਂ ਹੁਕਮਨਾਮਿਆਂ ਦੇ ਉਤਾਰੇ ਬਹੁਤ ਸਾਰੇ ਸਿੰਘ ਕਰ ਕੇ ਹੋਰਨਾਂ ਤੱਕ ਪੁਚਾਉਂਦੇ ਅਤੇ ਇਸ ਤਰ੍ਹਾਂ ਗੁਰੂ ਬਿਰਹੋਂ ਦੇ ਕੁੱਠੇ ਹਿਰਦਿਆਂ ਨੂੰ ਕੁਝ ਧਰਵਾਸ ਮਿਲ ਜਾਂਦੀ। ਸਤਿਗੁਰੂ ਜੀ ਵੱਖੋ ਵੱਖਰੇ ਪਿੰਡਾਂ ਦੀ ਸੰਗਤ ਨੂੰ ਵੀ ਆਪਣੇ ਵੱਲੋਂ ਭੇਜੇ ਹੁਕਮਨਾਮੇ ਭੇਜਣ ਦੀ ਤਾਕੀਦ ਕਰਦੇ ਹਨ। ਇਸ ਤਰ੍ਹਾਂ ਚੂੰਨ੍ਹੀ ਕਲਾਂ ਦੇ ਨਾਮਧਾਰੀ ਸਿੰਘਾਂ ਨੂੰ ਭਾਈ ਮਨੀ ਸਿੰਘ ਮਾਈਸਰ ਖਾਨਾ (ਬਠਿੰਡਾ) ਦੀ ਮਾਰਫਤ ਭੇਜੇ ਗਏ ਹੁਕਮਨਾਮੇ ਵਿੱਚ ਯਾਦ ਕਰਦੇ ਹੋਏ ਗੁਰਮਤਿ ਜੀਵਨ ਜਾਚ ਦੀ ਤਾਕੀਦ ਕਰਦੇ ਹਨ।

"ਜਿਥੇ ਤੂ ਜਾਵੇ ਓਥੇ ਹੀ ਸਿੰਘਾਂ ਨੂੰ ਬਾਣੀ ਕੰਠ ਕਰਨ ਦਾ, ਭੋਗ ਪਾਉਣ ਦਾ ਸਭ ਨੂੰ ਆਖਦਾ ਜਾਈਂ। ਅਖਰ ਜੁੜ ਨਾ ਜਾਣ ਬਡੀ ਮਿਹਨਤ ਨਾਲ ਲਿਖੇ ਹਨ ਭਜਨ ਬਾਣੀ ਛਡਕੇ। ਚੂੰਨੀ ਤੇ ਖਮਾਣੋਂ ਜਾਈ, ਬਚਨ ਬਿਲਾਸ ਸੁਣਾਈ ਨਾਲੇ ਹਰਿਦਾਸ ਸੁਣਾਈ। ਸਭ ਨੂੰ ਬਾਣੀ ਕੰਠ ਕਰਨ ਦਾ ਹੁਕਮ ਸੁਣਾਈ। ਜੇ ਪੁਜ ਆਉਣ ਤਾਂ ਪੰਜ ਗ੍ਰੰਥ ਕੰਠ ਕਰਨ, ਨਹੀ ਤਾ ਜਪੁ, ਜਾਪ, ਰਹਿਰਾਸ, ਆਰਤੀ ਸੋਹਿਲਾ, ਸੁਖਮਨੀ, ਆਸਾ ਦੀ ਵਾਰ ਸਭ ਕੰਠ ਕਰਨ ਜਨਾਨੇ ਮਰਦਾਨੇ ਨਾਲੇ ਪਿਛਲੀ ਰਾਤ ਨਾਇਕੇ ਪੜਨਾ। ਨਾਲੇ ਫੇਰ ਬਾਣੀ ਪੜਕੇ ਜਿਤਨਾ ਬਨਿ ਆਵੇ ਉਤਨਾ ਭਜਨ ਕਰਨਾ। ਗੁਰੂ ਜੀ ਅਗੇ ਹਰਿਦਾਸ ਕਰਨੀ ਹਥ ਜੋੜਕੇ, ਬਾਣੀ ਪੜਕੇ। ਖਾਲਸਾ ਜੀ ਗੁਰੂ ਜੀ ਕਹਾ ਹੈ- ਭਜਹੁ ਗੋਬਿੰਦ ਭੂਲਿ ਮਤ ਜਾਹੁ। ਮਾਨਸ ਜਨਮ ਕਾ ਏਹੀ ਲਾਹੁ। ਗੁਰੂ ਜੀ ਨੇ ਅਨੇਕ ਬਾਰ ਏਹੁ ਬਾਤ ਲਿਖੀ ਹੈ ਸਾਰੇ ਗ੍ਰੰਥ ਸਾਹਿਬ ਮੈਂ।"[4]

ਚੂੰਨ੍ਹੀ ਕਲਾਂ ਜਿਹੇ ਮਸ਼ਹੂਰ ਕੂਕਿਆਂ ਦੇ ਪਿੰਡ ਵਿੱਚੋਂ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਰੰਗੂਨ ਜਾਣ ਵਾਸਤੇ ਉਸ ਭਾਈ ਈਸ਼ਰ ਸਿੰਘ ਚੂੰਨ੍ਹੀ ਨੇ ਤਿਆਰੀ ਕਰ ਲਈ, ਜਿਹੜਾ ਸੰਤ ਜਿਊਣ ਸਿੰਘ ਜੀ ਦੇ ਨਾਲ ਹੀ ਕੂਕਾ ਬਣਿਆ ਸੀ। ਕਿਸੇ ਵੀ ਨਾਮਧਾਰੀ ਵਾਸਤੇ ਰੰਗੂਨ ਦੇ ਸਫਰ ਤੇ ਤੁਰਨ ਤੋਂ ਪਹਿਲਾਂ ਆਪਣਾ ਨਾਮਧਾਰੀ ਲਿਬਾਸ ਬਦਲ ਕੇ ਹੋਰ ਭੇਸ ਧਾਰਨਾ ਜ਼ਰੂਰੀ ਹੁੰਦਾ ਸੀ। ਨਾਮਧਾਰੀ ਸਿੰਘ ਛਕਣ ਛਕਾਉਣ ਦੇ ਮਾਮਲੇ ਵਿੱਚ ਵੀ ਆਪਣੀ ਰਹਿਤ ਮਰਿਆਦਾ ਦੇ ਧਾਰਨੀ ਹੁੰਦੇ ਸਨ। ਇਸ ਲਈ ਉਹਨਾਂ ਨੂੰ ਰੇਲ ਅਤੇ ਸਮੁੰਦਰੀ ਸਫ਼ਰ ਦੀਆਂ ਆਪੇ ਸਹੇੜੀਆਂ ਤੰਗੀਆਂ ਤੁਰਸ਼ੀਆਂ ਵੀ ਬਰਦਾਸ਼ਤ ਕਰਨੀਆਂ ਪੈਂਦੀਆਂ ਸਨ। ਉਹ ਪਹਿਲਾਂ ਗੁਰੂ ਹਰੀ ਸਿੰਘ ਜੀ ਪਾਸ ਭੈਣੀ ਸਾਹਿਬ ਪੁੱਜਦੇ। ਡੇਰੇ ਦਾ ਸੁੱਖ ਸੁਨੇਹਾ ਅਤੇ ਇੱਥੋਂ ਮਿਲਣ ਵਾਲੀਆਂ ਅਰਦਾਸਾਂ ਸਤਿਗੁਰੂ ਜੀ ਤੱਕ ਪੁਚਾਉਂਦੇ ਸਨ।

ਅਗਸਤ 1880 ਈ. ਵਿੱਚ ਪੰਜ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਭੈਣੀ ਸਾਹਿਬੋਂ ਹੋ ਕੇ ਰੰਗੂਨ ਨੂੰ ਚੱਲੇ ਸਨ। “ਹੀਰਾ ਸਿੰਘ ਸਢੌਰੇ ਕਾ, ਸਾਹਿਬ ਸਿੰਘ ਜੋਲ੍ਹਾਂ ਕਾ, ਵਸਾਖਾ ਸਿੰਘ ਭੋਮੇ ਵਡਾਲੇ ਕਾ, ਚੰਦਾ ਸਿੰਘ ਸਕਤੂ ਨੰਗਲ ਕਾ, (ਤਿੰਨਾਂ ਕਾ ਜ਼ਿਲ੍ਹਾ ਅੰਮ੍ਰਿਤਸਰ), ਲਾਲ ਸਿੰਘ ਲਤਾਲੇ (ਲੁਧਿਆਣਾ) ਕਾ ਤੇ ਈਸ਼ਰ ਸਿੰਘ ਚੂੰਨ੍ਹੀ ਕਾ। ਸਿੰਘ ਤੁਰਨੇ ਲਗੇ ਤਾਂ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਅਸੀਂ ਕੀ ਕੈਹਣਾ ਹੈ, ਸਤਿਗੁਰੂ ਜੀ ਮਨੇ ਕਰ ਭੇਜਦੇ ਹੈਂ। ਈਸ਼ਰ ਸਿੰਘ ਸੁੱਧ ਸਿੰਘ ਕੇ ਕੋਲ ਭੀ ਗਿਆ ਸਢੌਰੇ। ਬਾਬੇ ਸੁੱਧ ਸਿੰਘ ਨੇ ਕਿਹਾ ਕਿ ਮੇਰੀ ਅਰਜ਼ ਕਰਕੇ ਕੈਹਣਾ ਜੇਹੜਾ ਕੰਮ ਕਿਸੇ ਨਹੀਂ ਕੀਤਾ ਸੋ ਕੰਮ ਮੈਂ ਕੀਤਾ ਹੈ। ਤੂੰ ਬਖਸ਼ਿੰਦ ਹੈਂ।”[5]

ਜਦੋਂ ਇਹ ਸਿੰਘ ਅੰਬਾਲੇ ਪੁੱਜੇ ਤਾਂ ਉਥੇ ਇਕ ਲੱਖਾ ਸਿੰਘ ਨਾਮੇ ਪੁਲੀਸ ਦਾ ਮੁਖਬਰ ਇਹਨਾਂ ਨੂੰ ਨਾਮਧਾਰੀ ਬਾਣੇ ਵਿੱਚ ਮਿਲਿਆ ਅਤੇ ਪਰਸ਼ਾਦਾ ਛਕਣ ਦੀ ਬੇਨਤੀ ਕੀਤੀ। ਸਿੰਘ ਪਰਸ਼ਾਦਾ ਛਕ ਕੇ ਰੇਲ ਤੇ ਚੜ੍ਹ ਗਏ ਤਾਂ ਉਸ ਨੇ ਮੁਖਬਰੀ ਕੀਤੀ ਪੁਲੀਸ ਪਾਸ ਕਿ ਪੰਜੇ ਸਿੰਘ ਰੰਗੂਨ, ਗੁਰੂ ਰਾਮ ਸਿੰਘ ਦਾ ਦਰਸ਼ਨ ਕਰਨ ਗਏ ਹਨ। ਸਿੰਘਾਂ ਨੂੰ ਵੀ ਉਸਦੀ ਸ਼ਰਾਰਤ ਦੀ ਸੂਹ ਲੱਗ ਗਈ ਸੋ ਉਹ ਸਿੱਧੇ ਕਲਕੱਤੇ ਜਾਣ ਦੀ ਬਜਾਏ ਚਾਰ ਦਿਨ ਪਹਿਲਾਂ ਅਜੁੱਧਿਆ ਦਾ ਟਿਕਟ ਲੈ ਕੇ ਉੱਥੇ ਰਹੇ ਅਤੇ ਫਿਰ ਚਾਰ ਦਿਨ ਕਾਸ਼ੀ ਜਾ ਕੇ ਰਹੇ। ਫਿਰ ਕਲਕੱਤੇ ਗਏ। ਮੁਖਬਰ ਨੇ ਕਲਕੱਤੇ ਸਿੰਘਾਂ ਦੇ ਨਾਮ ਪਤਾ ਪੁੱਛੇ ਜੋ ਉਹਨਾਂ ਬਦਲ ਕੇ ਦੱਸ ਦਿੱਤੇ।

ਇਕ ਨਾਮਧਾਰੀ, ਮਹਿਤਾਬ ਸਿੰਘ ਪਕੌੜੀਏ, ਅੰਮ੍ਰਿਤਸਰ ਸ਼ਹਿਰ ਵਾਲੇ

ਦਾ ਭਰਾ, ਖੁਸ਼ਹਾਲ ਸਿੰਘ ਕਲਕੱਤੇ ਰਹਿੰਦਾ ਸੀ। ਰੰਗੂਨ ਜਾਣ ਵਾਲੇ ਨਾਮਧਾਰੀ ਸਿੰਘ ਆਪਣਾ ਨਾਮਧਾਰੀ ਬਾਣਾ ਤੇ ਹੋਰ ਸਾਮਾਨ ਉਸ ਪਾਸ ਕਲਕੱਤੇ ਹੀ ਰੱਖ ਦਿੰਦੇ ਸਨ ਅਤੇ ਗ਼ੈਰ ਨਾਮਧਾਰੀ ਬਾਣੇ ਵਿੱਚ ਰੰਗੂਨ ਲਈ ਇੱਥੋਂ ਜਹਾਜ ਤੇ ਚੜ੍ਹਦੇ ਸਨ ਕਿਉਂਕਿ ਕਿਸੇ ਨਾਮਧਾਰੀ ਸਿੱਖ ਨੂੰ ਪੁਲੀਸ ਜਹਾਜ ਤੇ ਸਵਾਰ ਨਹੀਂ ਹੋਣ ਦਿੰਦੀ ਸੀ। ਜਦੋਂ ਇਹ ਸਿੰਘ ਰੰਗੂਨ ਤੋਂ ਵਾਪਸ ਕਲਕੱਤੇ ਪੁੱਜਦੇ ਸਨ ਤਾਂ ਖੁਸ਼ਹਾਲ ਸਿੰਘ ਇਹਨਾਂ ਨੂੰ ਜਹਾਜ ਤੇ ਲੈਣ ਵੀ ਜਾਇਆ ਕਰਦਾ ਸੀ। ਇਸੇ ਲਈ ਕਲਕੱਤਾ ਪੁਲੀਸ ਦੇ ਡਿਪਟੀ ਕਮਿਸ਼ਨਰ ਨੇ 9 ਸਤੰਬਰ 1880 ਦੀ ਗੁਪਤ ਚਿੱਠੀ ਵਿੱਚ ਸਰਕਾਰ ਨੂੰ ਕਿਹਾ ਸੀ ਕਿ ਉਹ ਖੁਸ਼ਹਾਲ ਸਿੰਘ ਨੂੰ ਕਲਕੱਤੇ ਤੋਂ ਪਾਸੇ ਕਰ ਦੇਵੇ।[6]

"ਏਸ ਗੱਲ ਦੀ ਬੜੀ ਤਕੜਾਈ ਕੀਤੀ ਹੋਈ ਸੀ ਕਿ ਸਿੰਘ ਰਾਜਾ (ਸਤਿਗੁਰੂ) ਰਾਮ ਸਿੰਘ ਕੋ ਨਾ ਮਿਲਣ। ਪੁਲਿਸ ਤਲਾਸ਼ੀ ਲੈਣ ਲਈ ਚਲੀ ਔਂਦੀ ਸੀ। ਸਿੰਘਾਂ ਸਾਰਿਆਂ ਨੇ ਰਲ ਕੇ ਅਰਦਾਸ ਕੀਤੀ ਹੈ ਅੰਤਰਜਾਮੀ ਗੁਰੂ ਜੀ ਸਾਡੀ ਲਜਿਆ ਰਖੋ। ਸਾਡੀ ਤਲਾਸ਼ੀ ਨਾ ਕੋਈ ਲਵੇ। ਜਹਾਜ ਦੇ ਕਪਤਾਨ ਨੇ ਸੰਗਲ ਚੁੱਕ ਲਿਆ। ਜਹਾਜ ਤੁਰ ਪਿਆ। ਤਲਾਸ਼ੀ ਕਿਸੇ ਨਾ ਲਈ। ਸਿੰਘਾਂ ਨੇ ਸ਼ੁਕਰ ਕੀਤਾ। ਉਸਤਤ ਕਰਨੇ ਲਗੇ ਕਿ ਧੰਨ ਗੁਰੂ ਹੈ। ਪੰਜ ਦਿਨ ਸਿੰਘ ਜਹਾਜ ਵਿੱਚ ਰਹੇ। ਪ੍ਰਸਾਦ ਵੀ ਨਹੀਂ ਛਕਿਆ ਜਲ ਵੀ ਨਹੀਂ ਛਕਿਆ। ਜਦ ਜਹਾਜ ਤੋਂ ਉਤਰਨ ਲਗੇ (ਰੰਗੂਨ ਜਾ ਕੇ) ਤਾਂ ਪੁਲਿਸ ਨੇ ਪੁਛਿਆ ਤੁਮ ਕਿਧਰ ਚਲੇ ਹੋ? ਸਿੰਘਾਂ ਨੇ ਕਿਹਾ ਕਿ ਨੌਕਰੀ ਵਾਸਤੇ ਆਏ ਹੈਂ। ਠਾਕੁਰ ਵਾੜੀ ਜਾਇ ਉਤਰੇ। ਪੰਜਾਬ ਕੇ ਬੱਤੀ ਸਿੰਘ ਪਹਿਲੇ ਹੀ ਉਥੇ ਸੀ, ਉਮੀਦਵਾਰਾਂ ਮੈਂ ਨੌਕਰੀ ਵਾਸਤੇ ਗਏ ਹੋਏ।"

"ਰੰਗੂਨ ਮੇਂ ਜਾਂ ਗਏ ਤਾਂ ਓਥੇ ਅੱਗ ਲਗੀ ਹੋਈ ਸੀ ਕਿ ਧੰਨਾ ਸਿੰਘ ਗੁਮਟੀ ਵਾਲਾ ਫੜਿਆ ਹੋਇਆ ਹੈ। ਹੁਕਮਨਾਮਾ ਭੀ ਥਾ ਓਸਦੇ ਕੋਲ। ਨੌਕਰੀ ਕਰਨ ਦਾ ਬਹਾਨਾ ਸੀ। ਜਿੱਥੇ ਉਮੀਦਵਾਰ ਸੇ ਓਨਾਂ ਦੇ ਵਿਚ ਜਾਇ ਬੈਠੇ। ਹੀਰਾ ਸਿੰਘ ਸਢੌਰੇ ਵਾਲੇ ਨੂੰ ਭੀ ਜਹਾਜ ਮੈ ਬੋਲਾ ਹੋਇਆ ਸੀ ਕਿ ਰੰਗੂਨ ਮੇਂ ਇਕ ਸਿੰਘ ਫੜਿਆ ਹੋਇਆ ਹੈ। ਈਸ਼ਰ ਸਿੰਘ ਇਕੱਲਾ ਹੀ ਗਿਆ ਅਰਦਾਸਾ ਕਰਕੇ। ਜਿੱਥੇ ਭੁੱਲ ਜਾਏ ਤਾਂ ਅਕਾਸ਼ਬਾਣੀ ਨਾਲ ਦਸਣਾਂ। ਜਾਂ ਕੋਲ ਗਿਆ ਤਾਂ ਦਰਸ਼ਨ ਹੋਇਆ। ਬਚਨ ਕੀਤਾ ਸੁੱਟ ਅਰਦਾਸ। ਈਸ਼ਰ ਸਿੰਘ ਨੇ ਕਹਾ ਕਿ ਮੈਂ ਅਨਪੜ ਹਾਂ। ਬਚਨ ਹੋਇਆ ਸਿੰਘਾਂ ਨੂੰ ਲੈ ਆਓ, ਜੋ ਚਿਠੀ ਲਿਆਂਦੀ ਹੈ ਸਾਨੂੰ ਏਸੇ ਪਹਿਰੇ ਮੇਂ ਦੇ ਜਾਵਣ। ਏਹ ਸਪਾਹੀ ਵਾਕਫ਼ ਹੈਨ। ਈਸ਼ਰ ਸਿੰਘ ਨੇ ਹੌਲੀ ਹੌਲੀ ਸਿੰਘਾਂ ਨੂੰ ਕਹਿਆ ਕਿ ਸਤਿਗੁਰੂ ਜੀ ਸਦਦੇ ਹੈਨ ਤੁਹਾਨੂੰ। ਸਿੰਘਾਂ ਨੇ ਆਪਸ ਮੈਂ ਸਲਾਹ ਕੀਤੀ ਕਿ ਚਲੋ ਰਾਜਾ ਰਾਮ ਸਿੰਘ ਪੰਜਾਬ ਦੇਸ ਕਾ ਏਥੇ ਆਇਆ

ਹੈ ਦਰਸ਼ਨ ਕਰ ਆਵੀਏ। ਜੇੜੇ ਦੋ ਉਮੀਦਵਾਰ ਸੇ ਓਨਾ ਨੇ ਭੀ ਕਹਾ ਚਲੋ ਅਸੀਂ ਭੀ ਦਰਸ਼ਨ ਕਰਾਂਗੇ। ਸਿੰਘ ਓਨਾਂ ਨੂੰ ਏਹ ਨਾ ਆਖ ਸਕਣ ਕਿ ਤੁਸੀਂ ਨਾ ਜਾਓ। ਆਪਣੇ ਭੀ ਸਾਰੇ ਸਿੰਘ ਤੇ ਉਮੈਦਵਾਰ ਸਾਰੇ ਈ ਨਾਲ ਜਾਇ ਖੜੇ ਹੋਏ। ਸਭਨੇ ਦੀਦਾਰ ਕੀਤਾ।"

"ਦੀਨਾ ਨਾਥ ਜੀ ਬਚਨ ਕੀਤਾ ਕਿ ਸਾਰੇ ਨਾਮਧਾਰੀਏ ਹੈਨ ਕਿ ਦੂਏ ਹੈਨ। ਈਸ਼ਰ ਸਿੰਘ ਨੇ ਕਿਹਾ ਕਿ ਤੇਰੇ ਜੰਤ ਹੈਂ ਸਰਬ ਵੀ ਪਰ ਉਮੈਦਵਾਰ ਸਿੰਘ ਭੀ ਹੈਨ। (ਨੌਕਰੀ ਦੀ ਭਾਲ ਵਿਚ ਆਏ)। ਤੇਜ਼ੀ ਮੈ ਬਚਨ ਕੀਤਾ ਸਤਿਗੁਰੂ ਜੀ ਕਿ ਮੈਂ ਤਾਂ ਮਨੇ ਕਰਦਾ ਹਾਂ ਪਰ ਸਿੰਘ ਡਾਰਾਂ ਦੀਆਂ ਡਾਰਾਂ ਔਣ ਲਗੇ ਹੈਨ। ਜਿਉਂ ਜਿਉਂ ਮਨੇ ਕਰਦੇ ਹੈਂ ਤਿਓਂ ਤਿਓਂ ਜ਼ਿਆਦਾ ਔਂਦੇ ਹੈਨ। ਕਹਿਆ ਨਹੀਂ ਮੰਨਦੇ ਹਨ। ਬਚਨ ਹੋਇਆ ਤੁਰੇ ਜਾਂਦੇ ਈ ਗੱਲਾਂ ਕਰੋ ਖੜੋਇ ਕੇ ਨਾ ਕਰੋ। ਸਾਡੀ ਪੰਜਾਬੀ ਬੋਲੀ ਕੀ ਏਨਾਂ ਕੋ ਸਮਝ ਨਹੀਂ ਪੈਂਦੀ। ਏਧਰ ਦੇਖ ਕੇ ਖੜੋਇ ਕੇ ਕੋਈ ਨਾ ਗੱਲ ਕਰੋ। ਤੁਰੇ ਜਾਂਦੇ ਈ ਕਰੋ ਜਾਂ ਲਿਖ ਕੇ ਸੁੱਟੋ। ਧੰਨਾ ਸਿੰਘ ਗੁਮਟੀ ਵਾਲਾ ਫੜਿਆ ਹੋਇਆ ਹੈ। ਅੱਗ ਮਚੀ ਹੋਈ ਹੈ। ਫੇਰ ਦਰਸ਼ਨ ਦੋ ਵਜੇ ਕਰਨਾ। ਹੁਣ ਹੋਰ ਸਪਾਹੀ ਦਾ ਪਹਿਰਾ ਹੈ। ਜਦ ਕੋਈ ਵਾਕਬ ਸਪਾਹੀ ਹੁੰਦਾ ਹੈ ਤਾਂ ਗੱਲ ਕਰ ਲਈਦੀ ਹੈ। ਲਿਖ ਕੇ ਹਵਾਲ ਦੇਵੋ। ਜਹਾਜ ਤੁਰੇ ਤਾਂ ਤੁਰ ਜਾਣਾ। ਸਭ ਸਿੰਘ ਮੁੜ ਆਏ ਦਰਸ਼ਨ ਕਰਕੇ।"[7]

ਕਿਉਂਕਿ ਪੰਜਾਬ ਵਿੱਚੋਂ ਆਉਣ ਵਾਲੇ ਸਿੰਘਾਂ ਦਾ ਖਰਚ ਖੇਚਲ ਬਹੁਤ ਹੁੰਦਾ ਸੀ, ਸਫਰ ਦੀਆਂ ਦੁਸ਼ਵਾਰੀਆਂ ਵੀ ਸਨ, ਪਕੜੇ ਜਾਣ ਤੇ ਸਰਕਾਰ ਵੀ ਸਜ਼ਾ ਦੇ ਸਕਦੀ ਸੀ, ਫਿਰ ਚੰਗੀ ਤਰ੍ਹਾਂ ਦਰਸ਼ਨ ਮੇਲਾ ਵੀ ਨਹੀਂ ਹੁੰਦਾ ਸੀ, ਇਸੇ ਲਈ ਸਤਿਗੁਰੂ ਜੀ ਸਿੰਘਾਂ ਪ੍ਰਥਾਇ ਇਹੋ ਹੁਕਮ ਭੇਜਦੇ ਸਨ ਕਿ ਵਰ੍ਹੇ ਛਿਮਾਹੀਂ ਇਕਾ ਦੁੱਕਾ ਆਵੇ। ਉਹ ਫਿਰ ਵੀ ਲਿਖਦੇ ਸਨ ਕਿ ਸਿੰਘ ਤਾਂ ਸਾਡੀ ਦੇਹ ਪ੍ਰਾਣ ਹਨ ਪਰ ਉਹਨਾਂ ਦੀ ਤਕਲੀਫ ਨੂੰ ਮੁੱਖ ਰੱਖ ਕੇ ਕਹਿੰਦੇ ਹਾਂ ਕਿ ਘੱਟ ਆਉਣ। ਅਗਸਤ, ਸਤੰਬਰ 1880 ਵਿੱਚ ਤਾਂ ਪੰਜਾਬ ਵਿੱਚੋਂ ਆਉਣ ਵਾਲੇ ਸਿੰਘਾਂ ਦੀ ਗਿਣਤੀ, ਜਦੋਂ ਭਾਈ ਈਸ਼ਰ ਸਿੰਘ ਚੁੰਨ੍ਹੀ ਆਏ ਸਨ 27-28 ਤੱਕ ਪੁੱਜ ਗਈ ਸੀ। ਇਸੇ ਲਈ ਲਾਲ ਸਿੰਘ ਲਤਾਲੀਏ ਨੂੰ ਵੀ ਦਰਸ਼ਨ ਨਾਂ ਹੋ ਸਕਿਆ। ਲਾਲ ਸਿੰਘ ਮੌਲਮੀਨ ਦੋਹਾਂ ਸੂਬਿਆਂ ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਹੋਰਾਂ ਨੂੰ ਵੀ ਮਿਲ ਆਇਆ ਸੀ।

"ਲਾਲ ਸਿੰਘ ਮੋਰਮਈ ਤੋਂ ਵਾਪਸ ਆ ਕੇ ਫੇਰ ਦਰਸ਼ਨ ਕਰਨ ਗਿਆ, ਸਿੰਘਾਂ ਨਾਲ ਤਾਂ ਦਰਸ਼ਨ ਨਾ ਹੋਇਆ। ਜੇ ਹੋਇਆ ਸੀ ਤਾਂ ਪਿੱਠ ਕਾ

ਦਰਸ਼ਨ ਹੋਇਆ। (ਸੇਵਕ) ਨਾਨੂੰ ਸਿੰਘ ਨੇ ਕਹਿਆ ਖਾਲਸਾ ਜੀ ਸਤਿਗੁਰੂ ਜੀ ਕ੍ਰੋਪ ਹੋਏ ਹੋਏ ਹੈਨ। ਤੁਸੀਂ ਜਹਾਜ ਪਰ ਚੜ੍ਹਕੇ ਚਲੇ ਜਾਓ। ਦੀਦਾਰ ਕਰਕੇ ਸਿੰਘਾਂ ਦੀ ਮਨਸ਼ਾ ਪੂਰੀ ਹੋਈ। ਨੇਤਰਾਂ ਦੀ ਤਪਤ ਸੀ ਸੋ ਸੀਤਲ ਹੋਈ। ਸਤਿਗੁਰੂ ਜੀ ਕੀ ਮੂਰਤੀ ਕਾ ਦੀਦਾਰ ਕਰਕੇ ਸ਼ਾਂਤ ਆਇ ਗਈ। ਜੈਸੇ ਬਬੀਹੇ ਨੂੰ ਸੁਆਤੀ ਬੂੰਦ ਮੁਖ ਪੈਂਦੀ ਹੈ ਤਿਸੀ ਤਰ੍ਹਾਂ ਸਿੰਘਾਂ ਨੂੰ ਸ਼ਾਂਤ ਆਇ ਗਈ। ਈਸ਼ਰ ਸਿੰਘ ਕੋ ਅਗਲੇ ਦਿਨ ਹੁਕਮਨਾਮਾ ਦਿਤਾ ਤੇ ਬਚਨ ਕੀਤਾ ਕਿ ਦੂਏ ਆਦਮੀ ਕੋ ਨਹੀਂ ਦਖਾਲਣਾ। ਪੜਕੇ ਸਮਝਕੇ ਪਾਣੀ ਮੈਂ ਗਾਲ ਦੇਣਾ ਜਾਂ ਅਗਨੀ ਮੈ ਦਾਹ ਕਰ ਦੇਈਂ, ਪਾਸ ਨਹੀਂ ਰੱਖਣਾ। ਜੇ ਏਨਾਂ ਕੇ ਹੱਥ ਆਇ ਗਿਆ ਤਾਂ ਮੈਨੂੰ ਤਾਂ ਖਵਰੇ ਕੇਹੜੇ ਦੇਸ ਪੁਚਾਇ ਦੇਣਗੇ ਨਾਲੇ ਧੁਹਾਨੂੰ ਦੁਖ ਦੇਣਗੇ। ਹੋਰ ਉਸ ਵਕਤ ਧੰਨਾ ਸਿੰਘ ਕੇ ਜਹਾਰ ਹੁੰਦੇ ਸੀ। ਹੁਕਮ ਇਹ ਦੀਆ ਕਿ ਜਾਓ ਦੇਸ ਨੂੰ।"

"ਫੇਰ ਠਾਕੁਰਬਾੜੀ ਮੈ ਆਇਆ ਈਸ਼ਰ ਸਿੰਘ। ਸਿੰਘਾਂ ਪੁੱਛਿਆ ਤੂੰ ਹੁਕਮਨਾਮਾ ਲਿਆਇਆ ਹੈਂ? ਕਹਾ ਕਿ ਲਿਆਇਆ ਹਾਂ, ਲਵੇ ਜਿਨ ਲੈਣਾ ਹੈ। ਸਿੰਘਾਂ ਨੇ ਸਮਝਿਆ ਕਿ ਧੰਨਾ ਸਿੰਘ ਫੜਿਆ ਹੋਇਆ ਹੈ, ਜੋ ਸਾਡੇ ਕੋਲੋਂ ਹੁਕਮਨਾਮਾ ਫੜਿਆ ਗਿਆ ਤਾਂ ਸਾਨੂੰ ਫੜ ਲੈਣਗੇ। ਏਸ ਡਰ ਦਾ ਮਾਰਿਆ ਕੋਈ ਨਾਂ ਸਾਂਭੇ। ਤਾਂ ਈਸ਼ਰ ਸਿੰਘ ਰਾਤੋ ਰਾਤ ਜਹਾਜ ਪਰ ਜਾਇ ਬੈਠਾ। ਸਿੰਘਾਂ ਨੇ ਸਮਝਿਆ ਕਿ ਹੁਕਮਨਾਮੇ ਤੋਂ ਬਿਨਾਂ ਜਾਣਾ ਮੁਸ਼ਕਿਲ ਹੈ ਤਾਂ ਈਸ਼ਰ ਸਿੰਘ ਥੀਂ ਹੁਕਮਨਾਮਾ ਲਜਾਇਕੇ ਸਿੰਘਾਂ ਨੇ ਉਤਾਰ ਕਰ ਲੀਆ।"

"ਦੋ ਸਿੰਘ ਹੋਰ ਜਹਾਜ ਮੈ ਚੜੇ। ਜਾਂ ਜਾਇਕੇ ਜਹਾਜ ਲਗਾ ਤਾਂ ਦੋਨੋਂ ਸਿੰਘ ਹੁਕਮਨਾਮੇ ਕੇ ਡਰ ਸੇ ਕਿ ਤਲਾਸ਼ੀ ਨਾ ਲੈਣ ਅਗੇ ਕਿਸ਼ਤੀ ਉਤੇ ਛਾਲ ਮਾਰ ਕੇ ਜਾਇ ਚੜੇ। ਜਾਂ ਕਿਸ਼ਤੀ ਉਤੋਂ ਉਤਰੇ ਤਾਂ ਮੁਕਬਲਾਂ ਨੇ ਦੇਖ ਲਿਆ ਪਰ ਕਿਹਾ ਕੁਝ ਨਹੀਂ। ਕਲਕੱਤੇ ਜਾਇ ਉਤਰੇ ਤਾਂ ਭੀ ਮੁਕਬਲਾਂ ਨੇ ਦੇਖ ਲਿਆ। ਅਗਲੇ ਦਿਨ (ਰੇਲ) ਸਟੇਸ਼ਨ ਪਰ ਗਏ, ਟਿਕਟ ਲੈਂਦੇ ਭੀ ਦੇਖ ਲਿਆ। ਸਿੰਘਾਂ ਨੇ ਸਮਝਿਆ ਜੋ ਏਹ ਮੁਕਬਲ ਹੈਂ ਤਾਂ ਦੋਨੋ ਸਿੰਘ ਆਪਸ ਮੈਂ ਲੜ ਪਏ। ਗਾਲਾਂ ਦੇਣ ਲਗੇ। ਫੇਰ ਦੋਨੋਂ ਹੀ ਜੁਦਾ ਜੁਦਾ ਗੱਡੀ ਪਰ ਚੜ੍ਹੇ। ਹੁਕਮਨਾਮੇ ਭੀ ਦੋਹਾਂ ਸਿੰਘਾਂ ਪਾਸ ਸੀ। ਈਸ਼ਰ ਸਿੰਘ ਭੀ ਰੇਲ ਪਰ ਚੜਿਆ। ਜਾਂ ਈਸ਼ਰ ਸਿੰਘ ਅੰਬਾਲੇ ਆਇਆ ਤਾਂ ਦੋ ਫਰੰਗੀ ਆਏ। ਪੂਛਾ ਤੁਮ ਕਹਾਂ ਸੇ ਆਏ ਹੋ? ਸਿੰਘਾਂ ਨੇ ਕਿਹਾ ਕਿ ਨੌਕਰੀ ਨੂੰ ਗਏ ਸੇ ਨੌਕਰੀ ਨਾ ਮਿਲੀ ਤਾਂ ਹੁਣ ਮੁੜੇ ਜਾਂਦੇ ਹੈਂ। ਫਰੰਗੀ ਨੇ ਕਿਹਾ— ਵੈਲ ਰਾਜਾ ਰਾਮ ਸਿੰਘ ਪਾਸ ਗਏ, ਚਿੱਠੀ ਲਿਆਏ ਹੋ? ਈਸ਼ਰ ਸਿੰਘ ਨੇ ਕਿਹਾ ਸਾਨੂੰ ਕੁਝ ਖਵਰ ਨਹੀਂ ਰਾਜਾ ਰਾਮ ਸਿੰਘ ਕੀ। ਹਮਾਰੇ

ਕੋਲ ਕੋਈ ਚਿੱਠੀ ਨਹੀਂ ਹੈ। ਫਰੰਗੀ ਨੂੰ ਕਹੇ ਤੇ ਨਾਂ ਇਤਬਾਰ ਆਇਆ ਤਾਂ ਸਿੰਘਾਂ ਕੀ ਤਲਾਸ਼ੀ ਲਈ। ਜਾਂ ਕੁਝ ਨਾ ਨਿਕਲਿਆ ਤਾਂ ਸਣੇ ਮੁਕਬਲ ਸ਼ਰਮਿੰਦੇ ਹੋਏ।

"ਲੱਖਾ ਸਿੰਘ ਨਿੰਦਕ ਨੇ ਰਾਮਦਾਸ ਪੁਰੇ (ਭੈਣੀ ਸਾਹਿਬ) ਪਹਿਰੇ ਖੜੇ ਕੀਤੇ ਸੀ ਕਿ ਈਸ਼ਰ ਸਿੰਘ ਨੇ ਔਣਾ ਹੈ। ਹੁਕਮਨਾਮਾ ਭੀ ਹੈ ਉਸ ਕੋਲ, ਉਸ ਨੂੰ ਪਕੜਾਂਵਾਂਗਾ। ਈਸ਼ਰ ਸਿੰਘ ਪਿੰਡ ਕੁਰਕੀ (ਭੈਣੀ ਸਾਹਿਬ ਦਾ ਗੁਆਂਢੀ ਪਿੰਡ- ਕਟਾਣੀ ਖੁਰਦ) ਆਇ ਕੇ ਦਲੇਲ ਸਿੰਘ ਨੂੰ ਭੇਜਿਆ। ਗੁਰੂ (ਹਰੀ ਸਿੰਘ) ਜੀ ਕੋਲ ਹੁਕਮਨਾਮਾ ਲੈ ਗਿਆ। ਫੇਰ ਈਸ਼ਰ ਸਿੰਘ ਦਰਸ਼ਨ ਆਇ ਕੀਤਾ। ਸਾਰਾ ਹਾਲ ਹਵਾਲ ਸੁਣਾਇਆ। ਖੁਸ਼ੀਆਂ ਲੈ ਕੇ ਮੁੜ ਗਿਆ। ਮੁਕਬਲ ਝਾਕਦਾ ਹੀ ਰਿਹਾ। ਕੁਝ ਨ ਪੱਲੇ ਪਿਆ, ਸ਼ਰਮਿੰਦਾ ਹੋਇਆ। ਮੂੰਹ ਕਾਲਾ ਕਰਾਇ ਗਿਆ।"[8]

ਵਾਪਸੀ ਤੇ ਭਾਈ ਈਸ਼ਰ ਸਿੰਘ ਚੁੰਨ੍ਹੀ ਨਾਲ ਸੇਖਵਾਂ (ਲਾਹੌਰ) ਦੇ ਭਾਈ ਟਹਿਲ ਸਿੰਘ ਤੇ ਮਤਾਬ ਸਿੰਘ ਵੀ ਸਨ। ਇਸ ਤਰ੍ਹਾਂ ਨਾਮ ਬਾਣੀ ਦਾ ਰਸੀਆ ਸਤਿਗੁਰੂ ਰਾਮ ਸਿੰਘ ਜੀ ਦਾ ਸਿਦਕੀ ਸਿੱਖ, ਭਾਈ ਈਸ਼ਰ ਸਿੰਘ ਚੁੰਨ੍ਹੀ, ਸਮੁੰਦਰੋਂ ਪਾਰ ਜਾ ਕੇ ਗੁਰੂ ਦਰਸ਼ਨਾਂ ਦਾ ਲਾਹਾ ਖੱਟ ਆਇਆ ਸੀ। ਉਹਨਾਂ ਦਾ ਅਨੁਮਾਨਿਤ ਜੀਵਨ, 1835-1895 ਈ. ਹੈ। ਈਸ਼ਰ ਸਿੰਘ ਹੋਰਾਂ ਦਾ ਇਕ ਲੜਕਾ ਸੀ ਜੋ ਵਿਆਹਿਆ ਤੇ ਸੀ ਪਰ ਬੇਉਲਾਦ ਜੁਆਨੀ ਵਿੱਚ ਹੀ ਗੁਜਰ ਗਿਆ ਸੀ। ਉਹਨਾਂ ਦੀ ਇੱਕੋ ਲੜਕੀ ਰਾਈਆਂ (ਲੁਧਿਆਣਾ) ਦੇ ਈਸ਼ਰ ਸਿੰਘ ਨਾਮੀ ਹੀ ਰਾਇ ਗੋਤ ਦੇ ਸਿੱਖ ਕਿਸਾਨ ਨਾਲ ਵਿਆਹੀ ਸੀ। ਈਸ਼ਰ ਸਿੰਘ ਚੁੰਨ੍ਹੀ ਹੋਰਾਂ ਆਪਣੀ ਜ਼ਮੀਨ ਜਾਇਦਾਦ ਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਰਦੁਆਰੇ ਭੈਣੀ ਸਾਹਿਬ ਦੇ ਨਾਮ ਲੁਆ ਦਿੱਤੀ ਸੀ।

## -ਹਵਾਲੇ ਤੋਂ ਟਿੱਪਣੀਆਂ-


1. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ 1, ਸੰ. ਜਸਵਿੰਦਰ ਸਿੰਘ, ਸਫਾ 333-34
2. ਉਹੀ, ਸਫਾ 334
3. ਉਹੀ, ਸਫਾ 348
4. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰ. ਜਸਵਿੰਦਰ

ਸਿੰਘ), ਹੁਕਮਨਾਮਾ ਨੰ. 13, ਸਫਾ 209-11

5. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ 2, (ਸੰ. ਜਸਵਿੰਦਰ ਸਿੰਘ), ਸਫਾ 118-19
6. ਉਹੀ, ਫੁੱਟ ਨੋਟ ਨੰ. 2, ਸਫਾ 119
7. ਉਹੀ, ਸਫਾ 119-21
8. ਉਹੀ, ਸਫਾ 124-25

❊

# ਵਿਦਿਆ ਦਾਤਾ ਅਤੇ ਰੰਗੂਨ ਯਾਤਰੀ : ਬਾਬਾ ਹਰਨਾਮ ਸਿੰਘ ਨਥਾਣਾ

ਬ੍ਰਿਟਿਸ਼ ਬਰਮਾ ਦੇ ਚੀਫ ਕਮਿਸ਼ਨਰ ਦੇ ਕਾਰਜਕਾਰੀ ਸਕੱਤਰ, ਜੀ. ਡੀ. ਬਰਗੈਂਸ ਨੇ ਰੰਗੂਨ ਤੋਂ 13 ਅਗਸਤ 1880 ਨੂੰ, ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਲਿਖੇ ਪੱਤਰ ਵਿੱਚ ਦੱਸਿਆ ਕਿ ਉਹ ਉਹਨਾਂ ਨੂੰ, ਰੰਗੂਨ ਵਿੱਚ, ਕੂਕਾ ਸ਼ਾਹੀ ' ਕੈਦੀ (ਗੁਰੂ) ਰਾਮ ਸਿੰਘ ਨਾਲ, ਪੱਤਰ ਵਿਹਾਰ ਕਰਨ ਦੇ ਦੋਸ਼ ਵਿੱਚ, ਨਥਾਣਾ ਸਿੰਘ ਨਾਮ ਦੇ ਕੂਕੇ ਦੇ ਪਕੜੇ ਜਾਣ ਦੀ ਸੂਚਨਾ, 6 ਅਗਸਤ 1880 ਈ. ਦੇ ਪੱਤਰ ਵਿੱਚ ਦੇ ਚੁੱਕਿਆ ਹੈ। ਅਜਿਹਾ ਉਸਨੂੰ ਡਿਪਟੀ ਕਮਿਸ਼ਨਰ ਅਤੇ ਟਾਊਨ ਮੈਜਿਸਟਰੇਟ ਰੰਗੂਨ ਦੇ ਉਪਰਲੀ ਮਿਤੀ ਦੇ ਲਿਖੇ ਪੱਤਰ ਵਿੱਚ ਦਰਜ ਜਾਣਕਾਰੀ ਤੋਂ ਪਤਾ ਚੱਲਦਾ ਹੈ।

ਇਸੇ ਪੱਤਰ ਦੇ ਦੂਜੇ ਪੈਰ੍ਹੇ ਵਿੱਚ ਦਰਜ ਹੈ ਕਿ ਮਾਲੂਮ ਹੁੰਦਾ ਹੈ ਕਿ ਨਥਾਣਾ ਸਿੰਘ ਅਤੇ 26 ਹੋਰ ਵਿਅਕਤੀ ਕੁਝ ਸਮਾਂ ਪਹਿਲਾਂ, ਇੱਕ ਹਰਨਾਮ ਸਿੰਘ ਦੀ ਅਗੁਆਈ ਵਿੱਚ, ਪੰਜਾਬ ਤੋਂ ਰੰਗੂਨ ਪੁੱਜੇ ਸਨ। ਇਹਨਾਂ ਵਿਅਕਤੀਆਂ ਨੇ ਆਪਸੀ ਵਿਚਾਰ ਵਟਾਂਦਰਾ ਕਰਕੇ ਗੁਰੂ ਰਾਮ ਸਿੰਘ ਜੀ ਨਾਲ ਸੰਪਰਕ ਸਾਧਣ ਦਾ ਬੇਹਤਰੀਨ ਢੰਗ ਲੱਭਣਾ ਚਾਹਿਆ। ਹਰਨਾਮ ਸਿੰਘ ਨੇ ਇਸ਼ਾਰੇ ਨਾਲ ਨਥਾਣਾ ਸਿੰਘ ਨੂੰ ਉਹ ਜਗ੍ਹਾ ਵਿਖਾਈ, ਜਿੱਥੇ ਗੁਰੂ ਰਾਮ ਸਿੰਘ ਨੂੰ ਰੱਖਿਆ ਗਿਆ ਸੀ। ਹਰਨਾਮ ਸਿੰਘ ਨੇ ਉਸਨੂੰ ਇੱਕ ਪੱਤਰ ਵੀ ਦਿਤਾ ਜਿਹੜਾ ਉਸ ਨੇ, ਗੁਰੂ ਰਾਮ ਸਿੰਘ ਦੀ ਰਿਹਾਇਸ਼ ਵਾਲੀ ਜਗ੍ਹਾ ਦੀ ਕੰਧ ਦੇ ਉਸ ਪਾਰ ਸੁੱਟ ਦਿੱਤਾ। ਬੰਗਲੇ ਦੀ ਰਾਖੀ ਕਰ ਰਹੇ ਸਿਪਾਹੀ ਨੇ ਅਜਿਹਾ ਕਰ ਰਹੇ ਨਥਾਣਾ ਸਿੰਘ ਨੂੰ ਵੇਖ ਲਿਆ, ਉਸ ਨੂੰ ਗਰਿਫ਼ਤਾਰ ਕਰ ਲਿਆ ਅਤੇ ਤਲਾਸ਼ੀ ਲੈਣ ਤੇ ਉਸ ਕੋਲੋਂ ਇੱਕ ਪਾਰਸਲ ਪਕੜਿਆ ਗਿਆ, ਜਿਸ ਵਿੱਚੋਂ ਗੁਰੂ ਰਾਮ ਸਿੰਘ ਦੇ ਉਹ ਦੋ ਪੱਤਰ ਮਿਲੇ, ਜੋ ਮੈਜਿਸਟਰੇਟ ਨੇ ਮੁਕੱਦਮੇ ਦੀ ਫਾਈਲ ਨਾਲ ਨੱਥੀ ਕਰ ਦਿੱਤੇ ਸਨ। ਨਥਾਣਾ ਸਿੰਘ ਵਲੋਂ ਅੰਦਰ ਨੂੰ ਸੁੱਟੇ ਪੱਤਰ, ਖੋਜ ਕਰਨ ਤੇ ਵੀ ਨਹੀਂ ਲੱਭੇ।

ਇਸੇ ਪੱਤਰ ਵਿੱਚ ਦਰਜ ਹੈ ਕਿ ਕਿਉਂਕਿ ਇਸ ਬੰਗਲੇ ਨੂੰ 1870 ਦੇ ਜਿਹਲ ਐਕਟ ਮੁਤਾਬਿਕ ਜਿਹਲ ਨਹੀਂ ਐਲਾਨਿਆ ਗਿਆ, ਸੋ ਨਥਾਣਾ ਸਿੰਘ ਤੇ ਕਿਸੇ ਜੁਰਮ ਹੇਠ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਹਰਨਾਮ ਸਿੰਘ ਅਤੇ ਉਸਦੇ ਤਿੰਨ ਸਾਥੀ ਕਲਕੱਤੇ ਲਈ ਵਾਪਸ ਮੁੜ ਗਏ ਸਨ। ਕਲਕੱਤਾ ਪੁਲੀਸ ਨੂੰ ਉਹਨਾਂ ਬਾਰੇ ਸੂਚਿਤ ਕੀਤਾ ਗਿਆ ਹੈ। ਪਤਾ

ਲੱਗਾ ਹੈ ਕਿ ਕਲਕੱਤੇ ਤੋਂ ਉਹ ਪੰਜਾਬ ਨੂੰ ਚਲੇ ਗਏ ਹਨ ਅਤੇ ਪੰਜਾਬ ਸਰਕਾਰ ਨੂੰ ਉਹਨਾਂ ਦੀਆਂ ਕਾਰਵਾਈਆਂ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ।

ਅੱਗੇ ਚੱਲ ਕੇ ਇਸੇ ਪੱਤਰ ਵਿੱਚ ਦਰਜ ਹੈ ਕਿ ਗੁਰੂ ਰਾਮ ਸਿੰਘ ਜੀ ਨੂੰ ਛੇਤੀ ਤੋਂ ਛੇਤੀ, ਉਸਦੇ ਪੰਜਾਬ ਵਿਚਲੇ ਲੋਕਾਂ ਨਾਲੋਂ ਸੰਪਰਕ ਤੋੜਣ ਲਈ ਹੋਰ ਦੁਰਾਡੇ, ਮਰਗੋਈ ਟਾਪੂ ਵਿੱਚ ਉਹਨਾਂ ਲਈ ਬਣ ਰਹੇ ਬੰਗਲੇ ਵਿੱਚ ਭੇਜ ਦਿੱਤਾ ਜਾਏ।[1]

ਬਾਅਦ ਵਿੱਚ ਇਹ ਭੇਦ ਖੁੱਲ੍ਹਦਾ ਹੈ ਕਿ ਆਪਣਾ ਨਾਮ ਨਥਾਣਾ ਸਿੰਘ, ਦੱਸਣ ਵਾਲਾ ਵਿਅਕਤੀ, ਦਰਅਸਲ ਗੁਮਟੀ, ਰਿਆਸਤ ਨਾਭਾ, ਪਿੰਡ ਦੇ ਲਾਲ ਸਿੰਘ ਕੂਕੇ ਦਾ ਪੁੱਤਰ ਧੰਨਾ ਸਿੰਘ ਹੈ।ਉਸ ਦਾ ਆਪਣਾ ਨਾਮ ਨਥਾਣਾ ਸਿੰਘ ਦੱਸਣ ਦੀ ਵਜ੍ਹਾ ਇਹ ਹੈ ਕਿ ਉਹਨਾਂ ਦੇ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਆਉਣ ਵਾਲੇ ਵੱਡੇ ਜਥੇ ਦੇ ਮੁਖੀ ਭਾਈ ਹਰਨਾਮ ਸਿੰਘ ਹੋਰਾਂ ਦਾ ਪਿੰਡ ਨਥਾਣਾ ਅਤੇ ਜ਼ਿਲ੍ਹਾ ਉਸ ਸਮੇਂ ਫੀਰੋਜ਼ਪੁਰ ਸੀ, ਅੱਜ ਕੱਲ੍ਹ ਇਸ ਪਿੰਡ ਦਾ ਜ਼ਿਲ੍ਹਾ ਬਠਿੰਡਾ ਹੈ।

ਸਤਿਗੁਰੂ ਜੀ ਦੇ ਦਰਸ਼ਨਾਂ ਲਈ ਇੱਕੋ ਸਮੇਂ, ਇਤਨੇ ਸਿੰਘ ਰੰਗੂਨ ਵਿੱਚ ਕਦੇ ਨਹੀਂ ਸਨ ਪੁੱਜੇ, ਜਿਤਨੇ ਭਾਈ ਹਰਨਾਮ ਸਿੰਘ ਨਥਾਣੀਏ ਦੀ ਅਗਵਾਈ ਵਿੱਚ ਪੁੱਜਦੇ ਹਨ। ਭਾਈ ਧੰਨਾ ਸਿੰਘ ਨੂੰ ਦਿੱਤੇ ਦੋਵੇਂ ਹੁਕਮਨਾਮੇ, ਰੰਗੂਨ ਤੋਂ ਹੁੰਦੇ ਹੋਏ ਦਿੱਲੀ ਭਾਰਤ ਸਰਕਾਰ ਦੇ ਕੇਂਦਰੀ ਮੁਹਾਫ਼ਿਜ਼ਖਾਨੇ ਵਿੱਚ ਪੁੱਜ ਗਏ। ਜਿਹਨਾਂ ਦੀਆਂ ਫੋਟੋ ਕਾਪੀਆਂ ਕਈ ਪੁਸਤਕਾਂ ਰਸਾਲਿਆਂ ਵਿੱਚ ਪਰਕਾਸ਼ਿਤ ਹੋਣ ਕਾਰਨ, ਅਸੀਂ ਸਤਿਗੁਰੂ ਜੀ ਦੀ ਹਸਤ ਲਿਖਤ ਦੇ ਦਰਸ਼ਨ ਕਰ ਸੱਕਦੇ ਹਾਂ।

ਮਹੱਤਵਪੂਰਨ ਕੂਕਿਆਂ ਦੀ 1881 ਈ. ਦੇ ਆਰੰਭ ਵਿੱਚ, ਪੰਜਾਬ ਪੁਲੀਸ ਦੁਆਰਾ ਗੁਪਤ ਤੌਰ ਤੇ ਬਣਾਈ ਅਤੇ ਜ਼ਿਲ੍ਹਾ ਪੁਲਿਸ ਕਪਤਾਨਾਂ ਪਾਸ ਜਿੰਦਰੇ ਹੇਠ ਰੱਖੀ ਜਾਂਦੀ, ਇਸ ਸੂਚੀ ਵਿੱਚ, ਹਰਨਾਮ ਸਿੰਘ ਬਾਰੇ ਇਹ ਜਾਣਕਾਰੀ ਦਰਜ ਹੈ- ਹਰਨਾਮ ਸਿੰਘ ਦੇ ਪਿਤਾ ਦਾ ਨਾਮ ਦੀਪ ਸਿੰਘ ਹੈ। ਉਹ ਨਾਈ ਭਾਈਚਾਰੇ ਨਾਲ ਸੰਬੰਧਿਤ ਹੈ। ਉਸ ਦਾ ਪਿੰਡ ਅਤੇ ਥਾਣਾ ਨਥਾਣਾ ਹੈ। ਚਿਹਨ ਚੱਕਰ ਵਾਲੇ ਖਾਨੇ ਵਿੱਚ ਦਰਜ ਹੈ- ਖੱਬੀ ਅੱਖ ਦੇ ਹੇਠਾਂ ਤਿੰਨ ਕਾਲੇ ਦਾਗ ਹਨ ਅਤੇ ਇੱਕ ਅਜਿਹਾ ਦਾਗ ਨੱਕ ਦੇ ਖੱਬੇ ਪਾਸੇ ਵੀ ਹੈ। ਲੰਬਾ ਦਾਹੜਾ, ਕੋਈ ਕੋਈ ਵਾਲ ਸਫੈਦ, ਸਰੀਰ ਤੇ ਵਾਲ ਹਨ, ਲੰਬਾ ਅਤੇ ਮਜ਼ਬੂਤ ਜੁੱਸਾ, ਉਮਰ 41 ਸਾਲ ਦੇ ਲਗਪਗ ਗੁਰਮੁਖੀ ਚੰਗੀ ਤਰ੍ਹਾਂ ਪੜ੍ਹ ਅਤੇ ਲਿਖ ਸੱਕਦਾ ਹੈ।

ਖ਼ਾਸੀਅਤ ਅਤੇ ਸੁਭਾਉ ਵਾਲੇ ਖਾਨੇ ਵਿੱਚ ਦਰਜ ਹੈ- "ਇਹ ਵਿਅਕਤੀ ਹਰਨਾਮ ਸਿੰਘ ਅਤੇ ਦੀਵਾਨ ਸਿੰਘ, ਦੋ ਕਾਰੀਗਰ ਸਿੰਘਾਂ ਦੇ ਘਰਾਂ ਵਿੱਚ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ। ਨਾਮਧਾਰੀ ਪੰਥ ਵਿੱਚ ਇਸ ਦੀ ਬਹੁਤ ਮਾਨਤਾ ਹੈ। ਇਹ ਅਮਨ ਪਸੰਦ ਚੰਗੀ ਵਰਤੋਂ ਵਿਹਾਰ ਵਾਲਾ ਸੱਜਣ ਪੁਰਖ ਹੈ। ਜੁਲਾਈ 1880 ਦੇ ਪਹਿਲੇ ਅੱਧ ਵਿੱਚ, 25 ਕੂਕਿਆਂ ਨੇ ਰੰਗੂਨ ਵਾਸਤੇ ਚਾਲੇ ਪਾਏ ਸਨ, ਜਿੱਥੇ ਉਹ ਉਸ ਮਹੀਨੇ ਦੀ 27 ਤਾਰੀਖ ਨੂੰ ਪੁੱਜ ਗਏ। ਹਰਨਾਮ ਸਿੰਘ ਨਥਾਣਾ, ਇਸ ਕੂਕਾ-ਦਲ ਦਾ ਆਗੂ ਸੀ। ਇਹਨਾਂ ਵਿੱਚੋਂ ਇੱਕ ਆਦਮੀ, ਗੁਰੂ ਰਾਮ ਸਿੰਘ ਨਾਲ ਪੱਤਰ ਵਿਹਾਰ ਕਰਦਾ ਗਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਤੋਂ ਬਾਅਦ ਹਰਨਾਮ ਸਿੰਘ ਨਥਾਣਾ, ਪੰਜਾਬ ਨੂੰ ਮੁੜ ਆਇਆ, ਅਤੇ ਪੁਲੀਸ ਦੇ ਖੁਫੀਆ ਕਾਗਜ਼ਾਂ ਮੁਤਾਬਿਕ ਉਹ 14 ਅਗਸਤ ਨੂੰ ਆਪਣੇ ਘਰ ਪੁੱਜ ਗਿਆ ਸੀ।[2]

ਭਾਈ ਹਰਨਾਮ ਸਿੰਘ ਨਥਾਣਾ ਦਾ ਜਨਮ 1840 ਈ. ਵਿੱਚ ਹੋਇਆ। ਉਸ ਦਾ ਪਿੰਡ ਨਥਾਣਾ, ਰਾਮਪੁਰਾ ਫੂਲ ਤੋਂ ਬਠਿੰਡਾ ਵਾਲੇ ਪਾਸੇ ਕੋਈ 15 ਕੁ ਕਿਲੋਮੀਟਰ ਤੇ ਸਥਿਤ ਹੈ। ਸ਼ਹੀਦ ਵਰਿਆਮ ਸਿੰਘ ਦਾ ਪਿੰਡ ਮਹਿਰਾਜ ਵੀ ਇੱਥੋਂ ਜ਼ਿਆਦਾ ਦੂਰ ਨਹੀਂ ਹੈ। ਇਹ ਪਿੰਡ ਭੁੱਚੋ ਤੋਂ ਉੱਤਰ ਵੱਲ ਭਗਤਾ ਭਾਈ ਕਾ ਰੋਡ ਉੱਪਰ ਸਥਿੱਤ ਹੈ। ਮਹਿਰਾਜ ਦੀ ਜੰਗ ਜਿੱਤ ਕੇ, ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਇੱਥੋਂ ਦੇ ਸਾਧੂ ਕਾਲੂ ਨਾਥ ਦੇ ਬੇਨਤੀ ਕਰਨ ਤੇ ਇੱਥੇ ਦਰਸਨ ਦਿੱਤੇ ਸਨ। ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿੱਚ ਨਗਰ ਵਿੱਚ ਇਤਿਹਾਸਕ ਗੁਰਦੁਆਰਾ ਸਾਹਿਬ ਹੈ। ਭਾਈ ਹਰਨਾਮ ਸਿੰਘ ਨਥਾਣੀਆ, ਨਾਮਧਾਰੀ ਸੰਗਤ ਵਿੱਚ 1868 ਈ. ਤੋਂ ਪਹਿਲਾਂ ਸ਼ਾਮਲ ਹੁੰਦਾ ਹੈ। ਇਸ ਸਮੇਂ ਤੱਕ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ, ਨਾਮਧਾਰੀ ਸੰਤ ਖਾਲਸੇ ਨੂੰ ਕੋਈ ਦਸ ਸਾਲ ਹੋ ਚੁੱਕੇ ਸਨ ਅਤੇ ਆਪ ਦੇ ਸਫਲ ਪਰਚਾਰ, ਸਿੱਧੀ ਸਾਦੀ ਵੇਸ਼-ਭੂਸ਼ਾ, ਨਾਮ ਬਾਣੀ ਦਾ ਸਿਮਰਨ, ਜਾਪ ਅਤੇ ਆਪਣੀ ਮਿੱਟੀ ਦੇ ਪ੍ਰੇਮ ਸਦਕਾ, ਵਿਦੇਸ਼ੀ ਹਾਕਮਾਂ ਨਾਲ ਹਰ ਤਰ੍ਹਾਂ ਦੇ ਅਸਹਿਯੋਗ ਸਦਕਾ, ਪੰਜਾਬ ਵਿੱਚ ਆਮ ਕਰਕੇ ਅਤੇ ਮਾਲਵੇ ਵਿੱਚ ਖ਼ਾਸ ਕਰਕੇ, ਪਿੰਡ ਪਿੰਡ ਸਤਿਗੁਰੂ ਰਾਮ ਸਿੰਘ ਜੀ ਦੇ ਉੱਚੇ ਸੁੱਚੇ ਨਾਮ ਦਾ ਡੰਕਾ ਵੱਜ ਰਿਹਾ ਸੀ। ਮਾਲਵੇ ਦੇ ਇਸ ਖਿੱਤੇ ਵਿੱਚ ਕੂਕਾ ਪਰਚਾਰ ਦੀ ਮੁੱਖ ਜ਼ਿੰਮੇਵਾਰੀ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਥਾਪੇ, ਮੁਢਲੇ ਦੌਰ ਦੇ ਬਾਈ ਸੂਬਿਆਂ ਦੀ ਸੂਬਾ ਪੰਚਾਇਤ ਦੇ ਮੁਖੀ, ਸੂਬਾ ਜਵਾਹਰ ਸਿੰਘ ਜੀ ਦੇ ਸਿਰ ਸੀ। ਸੂਬਾ ਜੀ ਦਾ ਜਨਮ ਤਾਂ ਅੰਮ੍ਰਿਤਸਰ ਦੇ ਪਿੰਡ ਸੋਹਲ ਦਾ ਸੀ ਪਰ ਪਿਤਾ ਦੇ ਚਲਾਣੇ ਬਾਅਦ, ਉਹਨਾਂ ਨੂੰ ਨਾਲ ਲੈ

ਕੇ ਬਚਪਨ ਵਿੱਚ ਹੀ ਮਾਤਾ, ਆਪਣੇ ਪੇਕੇ ਪਿੰਡ ਭਾਈ ਕੀ ਡਰੌਲੀ (ਮੋਗਾ) ਜਾ ਰਹੀ ਸੀ। ਉਂਜ ਸੂਬਾ ਜੀ ਅਵਿਵਾਹਿਤ ਹੋਣ ਕਾਰਨ, ਵੱਖ-ਵੱਖ ਪਿੰਡਾਂ ਦੇ ਡੇਰਿਆਂ ਵਿੱਚ ਰਿਹਾ ਕਰਦੇ ਸਨ, ਜਿਹਾ ਕਿ ਬਿਲਾਸਪੁਰ, ਤਖਤੂਪੁਰਾ ਅਤੇ ਲੋਪੋ ਆਦਿ ਕਿਉਂਕਿ ਕੂਕਾ ਬਣਨ ਤੋਂ ਪਹਿਲਾਂ ਉਹ ਨਿਰਮਲੇ ਸਾਧੂ ਸਨ।

ਮਾਲਵੇ ਦੇ ਆਪਣੇ ਪਰਚਾਰ ਦੌਰੇ ਤੇ ਨਿਕਲੇ ਸੂਬਾ ਜਵਾਹਰ ਸਿੰਘ ਜੀ, ਇੱਕ ਦਿਨ ਨਥਾਣੇ ਪਿੰਡ ਵਿਖੇ ਆ ਉੱਤਰੇ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਸੰਤ ਖਾਲਸੇ ਦੀ ਮਹਿਮਾ ਸੁਣ ਕੇ, ਬਹੁਤ ਸਾਰੇ ਲੋਕ ਉਹਨਾਂ ਦੇ ਦੀਵਾਨ ਵਿੱਚ ਆਉਂਦੇ ਅਤੇ ਭਜਨ ਪੁੱਛ ਕੇ, ਕੂਕਾ ਜਥੇਬੰਦੀ ਦਾ ਅਭਿੰਨ ਅੰਗ ਬਣ ਜਾਂਦੇ। ਪਿੰਡ ਦੇ ਹੋਰ ਮੁੰਡਿਆਂ ਨਾਲ, ਭਰ-ਜੁਆਨ ਹਰਨਾਮ ਸਿੰਘ ਵੀ ਸੂਬਾ ਜੀ ਦੇ ਦੀਵਾਨ ਵਿੱਚ ਪੁੱਜ ਤਾਂ ਜਾਂਦਾ ਹੈ ਪਰ ਕਿਸੇ ਸੰਗ ਕਾਰਨ ਸੋਚਦਾ ਹੈ ਕਿ ਦੂਸਰੇ ਲੋਕ ਚਲੇ ਜਾਣ ਤਾਂ ਫਿਰ ਨਾਮ ਲੈ ਲਵਾਂਗਾ। ਇਤਨੇ ਨੂੰ ਇੱਕ ਦਲਿਤ ਵਿਅਕਤੀ ਨੇ ਆ ਕੇ ਨਾਮ ਲੈਣ ਦੀ ਬੇਨਤੀ ਕੀਤੀ। ਸੂਬਾ ਜੀ ਨੇ ਕਿਹਾ ਕਿ ਪਹਿਲਾਂ ਬਸਤਰਾਂ ਸਮੇਤ ਸਣੇ ਕੇਸੀਂ ਇਸ਼ਨਾਨ ਕਰ ਆਉ। ਨੇੜੇ ਹੀ ਢਾਬ ਸੀ, ਉਹ ਇਸ਼ਨਾਨ ਕਰਕੇ ਆਇਆ ਤੇ ਭਜਨ ਲੈ ਗਿਆ। ਹਰਨਾਮ ਸਿੰਘ ਦੇ ਮਨ ਵਿੱਚ ਸਨਾਤਨੀ ਪ੍ਰਭਾਵ ਹੇਠ ਇਹ ਸ਼ੰਕਾ ਉਪਜੀ ਕਿ ਉਹੋ ਭਜਨ ਜੋ ਹੁਣੇ ਹੁਣੇ ਦਲਿਤ ਨੂੰ ਮਿਲਿਆ ਹੈ, ਮੈਂ ਕਿਵੇਂ ਲਵਾਂ ਅਤੇ ਉਸਨੇ ਟਾਲਾ ਵੱਟ ਲਿਆ। ਮੁਕਤਸਰ ਅਤੇ ਹੋਰ ਮਾਲਵੇ ਦੇ ਇਲਾਕਿਆਂ ਵਿੱਚ, ਖਟੜੇ (ਲੁਧਿਆਣਾ) ਪਿੰਡ ਦਾ ਸੂਬਾ ਨਰਾਇਣ ਸਿੰਘ, ਜਿਸਨੂੰ ਉਸਦੀ ਵਿੱਦਵਤਾ ਕਰਕੇ ਪੰਡਿਤ ਵੀ ਕਿਹਾ ਜਾਂਦਾ ਸੀ, ਨਾਮਧਾਰੀ ਮੱਤ ਦਾ ਤੁਰ ਫਿਰ ਕੇ ਪਰਚਾਰ ਕਰਿਆ ਕਰਦਾ ਸੀ। ਇੱਕ ਵੇਰ ਨਥਾਣੇ ਵਿੱਚ- "ਫੇਰ ਪੰਡਿਤ ਨਰੈਣ ਸਿੰਘ ਗਿਆ ਤਾਂ ਹਰਨਾਮ ਸਿੰਘ ਨੇ ਭਜਨ ਲਿਆ। ਜਾਂ ਕੰਨ ਵਿੱਚ ਸੁਣਿਆ ਤਾਂ ਸ਼ਾਂਤੀ ਆਈ। ਘਰ ਦੇ ਕਹਿਣ ਸਾਡੇ ਕੰਮੋਂ ਗਿਆ, ਜੇੜ੍ਹਾ ਕੂਕਾ ਹੋਇ ਗਿਆ ਹੈ। ਪਤਾ ਨਹੀਂ ਕੀ ਕਲਾਮ ਸੁਣਾਇ ਕੇ ਮੋਹ ਲੈਂਦੇ ਹੈਂ?[3]

ਨਾਮਧਾਰੀ ਸਿੰਘ ਸਜਣ ਤੋਂ ਬਾਅਦ ਭਾਈ ਹਰਨਾਮ ਸਿੰਘ, ਅੱਠੇ ਪਹਿਰ ਨਾਮ ਬਾਣੀ ਦੇ ਰੰਗ ਵਿੱਚ ਰੰਗਿਆ ਰਹਿੰਦਾ। ਉਹ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਧੀਆ ਪਾਠੀ ਸੀ ਅਤੇ ਗੁਰਬਾਣੀ ਦੇ ਗੋਹਜ ਅਰਥਾਂ ਨੂੰ ਸਮਝਣ ਅਤੇ ਸਮਝਾਉਣ ਵਾਲਾ ਵੀ ਸੀ। ਸ੍ਰੀ ਭੈਣੀ ਸਾਹਿਬ ਜਾਣ ਸਮੇਂ ਜਾਂ ਸਤਿਗੁਰੂ ਜੀ ਦੇ ਪਰਚਾਰ ਦੌਰਿਆਂ ਸਮੇਂ, ਉਹ ਦੂਸਰੇ ਸਿੰਘਾਂ ਨਾਲ ਮਿਲ ਕੇ, ਲੰਗਰ ਸਜਾਉਣ ਦੀ ਸੇਵਾ ਵੀ ਕਰਿਆ ਕਰਦਾ ਸੀ। ਇੱਕ ਦਿਨ ਉਹ ਸਮੇਂ ਸਿਰ ਲੰਗਰ ਵਿੱਚ ਨਾ ਪਹੁੰਚਿਆ ਕਿਉਂਕਿ ਉਸਦਾ ਰੋਜ਼ਾਨਾ

ਨਿੱਤਨੇਮ ਦਾ ਪਾਠ ਬਾਕੀ ਸੀ। ਇਸ ਤੇ ਸਤਿਗੁਰੂ ਜੀ ਨੇ ਉਸ ਨੂੰ ਸਿੱਖਿਆ ਦਿਤੀ ਸੀ ਕਿ ਸਮੇਂ ਸਿਰ ਕੀਤੀ ਸੇਵਾ ਦਾ ਮਹੱਤਵ ਹਮੇਸ਼ਾਂ ਹੋਰਨਾਂ, ਧਾਰਮਿਕ ਕਾਰਜਾਂ ਤੋਂ ਵੱਡਾ ਹੁੰਦਾ ਹੈ।

"ਦਸ ਸਿੰਘ ਸੇ ਲੰਗਰ ਵਰਤਾਵਣੇ ਵਾਲੇ। ਏਕ ਸਿੰਘ ਹਰਨਾਮ ਸਿੰਘ ਚਿਰਕਾ ਆਇਆ। ਅਰਜ਼ ਹੋਈ। ਉਸ ਥੀਂ ਪੁਛਿਆ ਤਾਂ ਉਸ ਨੇ ਕਹਿਆ ਕਿ ਮੈਂ ਤਾਂ ਪਾਂਚ ਗ੍ਰੰਥੀ ਬਾਣੀ ਪੜ੍ਹ ਕੇ ਔਂਦਾ ਹੁੰਦਾ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਸਾਡੇ ਊਠਾਂ ਗੱਡਿਆਂ ਵਾਲੇ ਸਿੰਘ ਮੂੰਹ ਵੀ ਨਹੀਂ ਧੋਂਦੇ ਹੈਂ, ਉਨ੍ਹਾਂ ਕੀ ਮੁਕਤ ਨਾ ਚਾਹੀਏ? ਪਾਂਚ ਗ੍ਰੰਥੀ ਬਾਣੀ ਪੜ੍ਹਨ ਵਾਲੇ ਕੀ ਮੁਕਤ ਹੋਈ ਚਾਹੀਏ, ਹੋਰ ਨਾ ਮੁਕਤ ਹੋਵੇ? ਸੇਵਾ ਕਰਨੀ ਭਜਨ ਬਾਣੀ ਥੀਂ ਉੱਤਮ ਹੈ।"[4]

ਇਸ ਤੋਂ ਬਾਅਦ ਭਾਈ ਨਥਾਣੀਆ ਨਾਮਧਾਰੀ ਗੁਰਸਿੱਖੀ ਦਾ ਕਦੇ ਆਪਣੇ ਪਿੰਡ ਰਹਿ ਕੇ ਅਤੇ ਕਦੇ ਤੁਰ ਫਿਰ ਕੇ, ਆਸ ਪਾਸ ਦੇ ਇਲਾਕਿਆਂ ਵਿੱਚ ਪਰਚਾਰ ਕਰਨ ਲੱਗ ਪਿਆ। ਸਤਿਗੁਰੂ ਰਾਮ ਸਿੰਘ ਜੀ ਉਸਦੇ ਕੂਕਾ ਬਣਨ ਤੋਂ ਬਾਅਦ 4-5 ਸਾਲ ਹੀ ਪੰਜਾਬ ਵਿੱਚ ਵਿਚਰ ਸੱਕੇ ਸਨ। ਜਿਤਨਾ ਸਮਾਂ ਆਪ ਦੇ ਦਰਸ਼ਨ ਦੀਦਾਰਿਆਂ ਵਿੱਚ ਬਤੀਤ ਹੁੰਦਾ, ਹਰਨਾਮ ਸਿੰਘ ਆਪ ਦੀ ਸੰਗਤ ਮਾਨਣ ਅਤੇ ਉਸਦੀ ਸੇਵਾ ਕਰਨ ਵਿੱਚ ਜੁੱਟਿਆ ਰਹਿੰਦਾ। ਪਰ ਉਸ ਮੋਹਣੀ ਮੂਰਤ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਦਾ ਸੁਭਾਗ ਜ਼ਿਆਦਾ ਸਮਾਂ ਪਰਾਪਤ ਨਾ ਹੋਇਆ। ਜ਼ਾਲਮ ਅੰਗਰੇਜ਼ ਸਰਕਾਰ, ਆਪ ਦੀ ਦਿਨੋ ਦਿਨ ਵਧ ਰਹੀ ਲੋਕਪ੍ਰਿਅਤਾ ਅਤੇ ਆਪ ਦੇ ਇੱਕ ਇਸ਼ਾਰੇ ਤੇ ਤਨ, ਮਨ, ਧਨ ਕੁਰਬਾਨ ਕਰਨ ਵਾਲੇ ਲੱਖਾਂ ਕੂਕੇ ਮਰਜੀਵੜਿਆਂ ਦੇ ਆਪਾ ਵਾਰੂ ਜਜ਼ਬੇ ਤੋਂ ਭੈਅ-ਭੀਤ ਹੋ ਰਹੀ ਸੀ। ਆਪਣੀ ਮਿੱਟੀ ਅਤੇ ਆਪਣੇ ਲੋਕਾਂ ਦੀ ਬੰਦ ਖਲਾਸੀ ਦਾ ਸਤਿਗੁਰੂ ਜੀ ਦਾ ਸੰਕਲਪ, ਉਹਨਾਂ ਨੂੰ ਰਾਜ ਧਰੋਹ ਦਾ ਮੁਜਰਿਮ ਠਹਿਰਾ ਕੇ, ਦੇਸ਼ ਨਿਕਾਲੇ ਦੀ ਸਜ਼ਾ ਦਾ ਹੱਕਦਾਰ ਬਨਾਉਣ ਦਾ ਸਬੱਬ ਬਣਿਆ। ਪਹਿਲਾਂ ਕੁਝ ਸਮਾਂ ਤਾਂ ਆਪ ਦੇ ਪਿਆਰਿਆਂ ਨੂੰ ਕੋਈ ਸੂਹ ਨਾ ਮਿਲੀ ਕਿ ਪਰਦੇਸੀ ਪ੍ਰੀਤਮ ਕਿਹੜੀ ਧਰਤੀ ਤੇ ਨਜ਼ਰਬੰਦ ਹਨ। ਰੰਗੂਨ ਦਾ ਪਤਾ ਲੱਗਣ ਤੇ, ਗੁਰੂ ਪਿਆਰਿਆਂ ਨੇ, ਬਰਹਮਾਂ ਨੂੰ ਜਾਣ ਵਾਲੇ ਰਾਹ ਨੀਵੇਂ ਕਰ ਛੱਡੇ। ਸੰਨ 1875 ਤੋਂ 1881 ਦੇ ਛੇ ਕੁ ਸਾਲਾਂ ਵਿੱਚ, ਘੱਟੋ ਘੱਟ ਇੱਕ ਸੈਂਕੜਾ ਮਾਈ ਭਾਈ, ਆਪ ਜੀ ਦੇ ਦਰਸ਼ਨ ਦੀਦਾਰ ਕਰਨ ਲਈ ਅੰਗਰੇਜ਼ ਸਰਕਾਰ ਦੀ ਪੁਲੀਸ ਅਤੇ ਸੂਹੀਆ ਤੰਤਰ ਤੋਂ ਲੁਕ ਛਿਪ ਕੇ, ਪਹਿਲਾਂ ਰੰਗੂਨ ਅਤੇ ਫਿਰ ਮਰਗੋਈ ਪੁੱਜ ਗਏ। ਇਹ ਕਾਰਜ ਵੱਡਾ ਜੋਖਮ ਭਰਿਆ ਹੁੰਦਾ ਸੀ। ਸਤਿਗੁਰੂ ਜੀ ਦੇ ਰੰਗੂਨ ਸਥਿਤ ਬੰਗਲੇ ਦੇ ਆਸ ਪਾਸ, ਫਿਰਨ ਵਾਲਿਆਂ ਲਈ ਲਿਖ ਕੇ ਲਾਇਆ

ਸੀ ਕਿ ਇਹਨਾਂ ਪਾਸੋਂ ਜੇ ਕੋਈ ਚੀਜ਼ ਖ਼ਤ-ਪੱਤਰ ਬੰਗਲੇ ਵਿੱਚ ਸੁੱਟਿਆ ਜਾਏ ਜਾਂ ਅੰਦਰੋਂ ਬਾਹਰ ਡਿੱਗਦਾ ਕੋਈ ਚੁੱਕ ਲਵੇ ਤਾਂ ਉਹਨਾਂ ਨੂੰ ਉਸੇ ਸਮੇਂ ਗਰਿਫਤਾਰ ਕਰ ਲਿਆ ਜਾਵੇਗਾ। ਦਿਨ ਸਮੇਂ ਹਥਿਆਰਬੰਦ ਮਦਰਾਸੀ ਸਿਪਾਹੀਆਂ ਅਤੇ ਰਾਤ ਨੂੰ ਗੋਰਿਆਂ ਦਾ ਪਹਿਰਾ ਹੁੰਦਾ ਸੀ। ਇਸ ਲਿਖਤੀ ਆਦੇਸ਼ ਦੀ, ਰੋਕਣ ਦੇ ਬਾਵਜੂਦ ਵੀ ਉਲੰਘਣਾ ਕਰਨ ਵਾਲੇ ਨੂੰ ਗੋਲੀ ਵੀ ਮਾਰੀ ਜਾ ਸੱਕਦੀ ਸੀ।

ਭਾਈ ਹਰਨਾਮ ਸਿੰਘ ਨਥਾਣੀਏ ਨੇ ਵੀ 1880 ਈ. ਦੇ ਜੁਲਾਈ ਮਹੀਨੇ, ਗੁਰੂ ਹਰੀ ਸਿੰਘ ਜੀ ਤੋਂ ਲੁਕ ਛਿਪ ਕੇ, ਭੈਣੀ ਸਾਹਿਬ ਜਾ ਕੇ, ਰੰਗੂਨ ਦਰਸ਼ਨ ਕਰਨ ਜਾਣ ਦੀ ਆਗਿਆ ਲਈ। ਇਹ ਵਿਵਰਣ, ਆਪ ਦੀ ਰੰਗੂਨ ਯਾਤਰਾ ਤੋਂ ਦੋ ਕੁ ਸਾਲ ਬਾਅਦ ਹੀ ਡੇਰਾ ਸ੍ਰੀ ਭੈਣੀ ਸਾਹਿਬ ਆਪਣਾ ਪੱਕਾ ਟਿਕਾਣਾ ਕਰ ਲੈਣ ਵਾਲੇ, ਸਾਡੇ ਸਮਕਾਲੀ ਇਤਿਹਾਸਕਾਰ ਨੇ ਕਲਮਬੰਦ ਕੀਤਾ ਹੈ। ਸੰਨ 1880 ਈ. ਦੇ ਮੱਧ ਵਿੱਚ ਅਕਲੀਆ (ਜ਼ਿਲ੍ਹਾ ਮਾਨਸਾ) ਵਿੱਚ ਨਾਮਧਾਰੀ ਸਿੰਘਾਂ ਦਾ ਕੋਈ ਸਮਾਗਮ ਸੀ। ਧੰਨਾ ਸਿੰਘ ਗੁਮਟੀ ਅਤੇ ਕਿਰਪਾਲ ਸਿੰਘ ਰਾਗੀ ਭਦੌੜ, ਦੋਹਾਂ ਸਿੰਘਾਂ ਨੇ ਰੰਗੂਨ ਜਾਣ ਦਾ ਮਤਾ ਮੇਲ ਲਿਆ। ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੀ ਆਗਿਆ ਲੈਣ ਗਏ।ਉੱਥੋਂ ਦੋਹਾਂ ਮਲਵਈ ਸਿੰਘਾਂ ਨਾਲ ਤੀਜਾ ਦੁਆਬੀਆ ਸੋਭਾ ਸਿੰਘ (ਪਿੰਡ ਖੁਰਦ ਪੁਰ ਜਾਂ ਖੁਦਪੁਰ, ਜ਼ਿਲ੍ਹਾ ਜਲੰਧਰ) ਰਲ ਗਿਆ। ਇਹ ਤਿੰਨੇ ਸਿੰਘ ਜਦੋਂ ਕਲਕੱਤੇ, ਗੁਰਦੁਆਰਾ ਵੱਡੀ ਸੰਗਤ ਵਿੱਚ ਆਏ ਤਾਂ ਦਿਨ ਛਿਪ ਗਿਆ ਸੀ। ਇਹਨਾਂ ਦੇ ਮਗਰ ਹੀ ਉਸੀ ਸ਼ਾਮ, ਉਸੇ ਗੁਰਦੁਆਰੇ, ਹਰਨਾਮ ਸਿੰਘ ਨਥਾਣੀਆ, ਹਰਨਾਮ ਸਿੰਘ (ਗੁਲਾਬੇ ਕੀ) ਮੰਡੀ ਅਤੇ ਸਾਉਣ ਸਿੰਘ ਰੋਡਿਆਂ (ਮੋਗਾ) ਦਾ ਵੀ ਆ ਰਲੇ। ਇਸ ਤਰ੍ਹਾਂ ਜਹਾਜ਼ ਉੱਪਰ ਚੜ੍ਹਨ ਤੱਕ ਛੇ ਦਰਸ਼ਨ ਅਭਿਲਾਖੀ ਸਿੰਘ ਹੋ ਗਏ। ਗੁਰੂ ਹਰੀ ਸਿੰਘ ਜੀ ਅਤੇ ਕੁਝ ਹੋਰ ਪ੍ਰੇਮੀ ਸਿੰਘ ਵੀ ਰੰਗੂਨ ਜਾਣ ਵਾਲੇ ਸਿੰਘਾਂ ਹੱਥ ਆਪਣੀਆਂ ਬੇਨਤੀਆਂ, ਅਰਦਾਸਾਂ ਦੇ ਰੂਪ ਵਿੱਚ ਲਿਖਤੀ ਸਤਿਗੁਰੂ ਜੀ ਨੂੰ ਪੁਚਾਇਆ ਕਰਦੇ ਸਨ ਅਤੇ ਇਹਨਾਂ ਦੇ ਜੁਆਬ ਵਿੱਚ ਆਪ ਪਾਸੋਂ, ਆਪ ਜੀ ਦੇ ਕਿਰਪਾ-ਪੱਤਰ, ਹੁਕਮਨਾਮੇ ਲੈ ਕੇ ਆਇਆ ਕਰਦੇ ਸਨ। ਪੰਜਾਬ ਵਿੱਚ ਇਹ ਹੁਕਮਨਾਮਾ ਲੈ ਕੇ ਆਇਆ ਸਿੰਘ, ਜਿੱਥੇ ਜਿੱਥੇ ਵੀ ਜਾਂਦਾ ਸੀ, ਉੱਥੋਂ ਦੇ ਸਿੰਘ ਇਤਨੀ ਖੁਸ਼ੀ ਮਨਾਉਂਦੇ ਸਨ ਕਿ ਮਾਨੋਂ ਉਹਨਾਂ ਨੂੰ, ਸਤਿਗੁਰੂ ਜੀ ਦਾ ਦਰਸ਼ਨ ਹੀ ਹੋ ਗਿਆ ਹੋਵੇ। ਅਰਦਾਸਾਂ ਸਤਿਗੁਰੂ ਜੀ ਤੱਕ ਪੁਚਾਉਣੀਆਂ ਅਤੇ ਹੁਕਮਨਾਮੇ ਆਪ ਤੋਂ ਪਰਾਪਤ ਕਰਨੇ, ਵੱਡਾ ਕਠਿਨ ਕੰਮ ਸੀ। ਗੁਰੂ ਕੇ ਸਿੰਘ ਇਸ ਕਠਿਨਾਈ ਤੇ ਅਕਸਰ ਕਾਬੂ ਪਾ ਲੈਂਦੇ ਸਨ।

“ਚੌਵੀ ਅਰਦਾਸਾਂ ਸੀ ਏਸ ਪਾਸੇ ਕੀਆਂ, ਡੇਰੇ ਕੇ ਸਾਰੇ ਬਿਵਹਾਰ ਕੀਆਂ। ਸੈਂਚੀਆਂ ਕੇ ਗੱਤੇ ਮੈ ਖਾਮ ਕੀਤੀਆਂ ਹੋਈਆਂ ਸੀ। ਹਰਨਾਮ ਸਿੰਘ (ਨਥਾਣੀਏ) ਕੋਲ ਫੜਾਇ ਦਿੱਤੀਆਂ ਕਿ ਤੂੰ ਸਿਆਣਾ ਹੈਂ ਸਾਡੇ ਵਿੱਚੋਂ। ਹਰਨਾਮ ਸਿੰਘ ਨੇ ਕਿਰਪਾਲ ਸਿੰਘ ਰਾਗੀ ਕੋ ਫੜਾਈਆਂ ਤੇ ਨਾਲੇ ਮਾਲਾ ਭੀ ਕ੍ਰਿਪਾਲ ਸਿੰਘ ਕੋ ਫੜਾਇ ਦਿੱਤੀਆਂ। ਕ੍ਰਿਪਾਲ ਸਿੰਘ ਨੇ ਦੋਨੋ ਮਾਲਾ ਇਕੱਠੀਆਂ ਕਰਕੇ ਖਿੱਦੋ ਵਾਂਗੂੰ ਉਤੋਂ ਦੀ ਚਿਟੀ ਲੀਰ (ਟਾਕੀ) ਬੰਨ੍ਹ ਕੇ ਲੱਡੂ ਵਾਂਗੂੰ ਬਣਾਇਕੇ ਲੱਡੂਆਂ ਮੈਂ ਕਰ ਲਈ। ਜਾਂ ਫਰੰਗੀ ਤਲਾਸ਼ੀ ਨੂੰ ਆਇਆ ਤਾਂ ਲੱਡੂ ਅੱਗੇ ਰੱਖ ਦੀਏ। ਕਹਾ ਕਿ ਏਹ ਹਮਾਰੇ ਖਾਣੇ ਕੇ ਲੱਡੂ ਹੈਂ। ਫਰੰਗੀ ਨੇ ਕਿਹਾ ਕਿ ਉਠਾਇ ਲਵੋ। ਹੇਠਾਂ ਸਭ ਦੇ ਕਛਹਿਰੇ ਉੱਤੋਂ ਦੀ ਧੋਤੀਆਂ ਬੱਧੀਆਂ। ਲਾਲ ਪਗੜੀਆਂ ਭੀ ਬੱਧੀਆਂ।ਦਾੜ੍ਹੀਆਂ ਭੀ ਚਾਹੜ ਕੇ ਬੰਨ੍ਹ ਲਈਆਂ।

“ਜਹਾਜ ਚੜਨੇ ਵੇਲੇ ਸਿੰਘਾਂ ਨੇ ਗਲ ਮੈਂ ਪੱਲਾ ਪਾਇਕੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੀ ਤੇਰਾ ਪੜਦੇ ਢੱਕ ਨਾਮ ਹੈ। ਸਾਡੀ ਤਲਾਸ਼ੀ ਨਾ ਲੈਣ ਨਾ ਸਾਨੂੰ ਪੁੱਛਣ। ਪੜਦੇ ਢੱਕੇ ਢਕਾਏ ਹੀ ਤੇਰਾ ਦਰਸ਼ਨ ਕਰੀਏ। ਐਸੀ ਗੁਰੂ ਕੀ ਮੇਹਰ ਹੋਈ ਕਿ ਜਹਾਜ ਕੇ ਰੱਸੇ ਟੁੱਟ ਗਏ। ਫੇਰ ਰੱਸੇ ਪਾਉਣ ਦੀ ਸਲਾਹ ਕੀਤੀ ਤਾਂ ਕਪਤਾਨ ਨੇ ਕਿਹਾ ਕੋਈ ਪ੍ਰਵਾਹ ਨਹੀਂ ਹੈ ਚੱਲਣ ਦਿਓ। ਲੰਗਰ ਉਠਾਇ ਲਵੋ।ਲੰਗਰ ਉਠਾਇ ਲੀਏ। ਜਹਾਜ ਤੁਰ ਪਿਆ।

“ਪਾਂਚ ਦਿਨ ਰਸਤੇ ਵਿਚ ਪਾਣੀ ਨਾ ਪੀਤਾ। ਸਿੰਘਾਂ ਕਾ ਦਿਲ ਟਿਕਾਣੇ ਹੋਇਆ। ਛੇਵੇਂ ਦਿਨ ਜਹਾਜ (ਰੰਗੂਨ) ਜਾਇ ਲਗਾ।ਜਾਂ ਉਤਰਨੇ ਲਗੇ ਤਾਂ ਫਰੰਗੀ ਨੇ ਪੁੱਛਿਆ-ਤੁਸੀਂ ਕਿਉਂ ਆਏ ਹੋ ਏਸ ਦੇਸ। ਸਿੰਘਾਂ ਨੇ ਕਿਹਾ ਨੌਕਰੀ ਵਾਸਤੇ ਆਏ ਹੈਂ। ਸਿੰਘ ਠਾਕਰਵਾੜੀ ਜਾਇ ਉਤਰੇ। (ਠਾਕਰ ਵਾੜੀ ਮੰਦਰ ਰੰਗੂਨ ਦੀ ਗ੍ਰੈਰੀ ਸਟ੍ਰੀਟ ਤੇ ਸਥਿੱਤ ਹੈ। ਇਸ ਸੜਕ ਨੂੰ ਹੁਣ ਪੈਸੋਡਨ ਸਟ੍ਰੀਟ ਕਹਿੰਦੇ ਹਨ)।”

ਇਹ ਸਿੰਘ ਵਾਰੀ ਵਾਰੀ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਹਨ। ਸਭ ਤੋਂ ਪਹਿਲਾਂ ਸੋਭਾ ਸਿੰਘ ਖੁਰਦ ਪੁਰ, ਫਿਰ ਰਾਗੀ ਕਿਰਪਾਲ ਸਿੰਘ ਭਦੌੜ ਅਤੇ ਧੰਨਾ ਸਿੰਘ ਗੁਮਟੀ ਨੇ ਦਰਸ਼ਨ ਵੀ ਕੀਤੇ ਅਤੇ ਬਚਨ ਬਿਲਾਸ ਵੀ। ਦੂਜੇ ਸਿੰਘਾਂ ਦੇ ਨਾਮ ਅਤੇ ਪਿੰਡਾਂ ਦੇ ਨਾਂ ਵੀ ਸਤਿਗੁਰੂ ਜੀ ਨੇ ਪੁੱਛੇ। ਉਸ ਸਮੇਂ ਪੰਜਾਬ ਦੇ ਕੂਕੇ ਸਿੰਘ ਸਤਿਗੁਰੂ ਵਿਛੋੜੇ ਦੀ ਅਗਨੀ ਵਿੱਚ ਕਿਵੇਂ ਜਲ ਰਹੇ ਸਨ ਅਤੇ ਸਤਿਗੁਰੂ ਜੀ ਕਿਵੇਂ ਸਿਖਰ ਦੇ ਸ੍ਵੈ-ਵਿਸ਼ਵਾਸ ਨਾਲ ਉਹਨਾਂ ਦੀ ਧੀਰਜ ਬੰਨ੍ਹਾਉਂਦੇ ਹਨ-

"ਦੂਜੇ ਦਿਨ ਸੱਤ ਵਜੇ ਗਏ। ਬਚਨ ਹੋਇਆ ਤੁਸੀਂ ਸਾਰੀ ਸੰਗਤ ਮੈਂ ਫਿਰਦੇ ਹੋ ਅਖੰਡ ਪਾਠ ਬਰਨੀਆਂ ਹੋਇ ਰਹੇ ਹੈਂ? ਸਿੰਘਾਂ ਕਹਿਆ ਜੀ ਧੁਆਡੇ ਦਰਸਨ ਕੀ ਪਿਆਸ ਬਹੁਤ ਲੱਗ ਰਹੀ ਹੈ। ਸਾਰੀ ਸੰਗਤ ਕੀ ਏਹ ਅਰਜ ਹੈ ਕਿ ਸੋ ਦਿਨ ਦੱਸੋ ਸੱਚੇ ਪਾਤਸ਼ਾਹ ਜੀ ਕਿ ਜਿਸ ਦਿਨ ਪੰਜਾਬ ਧਰਤੀ ਕੇ ਸਿੰਘਾਂ ਕੋ ਆਪ ਕਾ ਦੀਦਾਰ ਹੋਵੇ।ਹੋਵੇ। ਕੇਹੜੇ ਮਹੀਨੇ ਕੋਹੜੇ ਸਾਲ, ਕਿਸ ਦਿਨ ਆਵੋਗੇ? ਬਚਨ ਕੀਤਾ- ਦਸਵੇਂ ਪਾਤਸ਼ਾਹ ਜੀ ਆਗੇ ਹੀ ਲਿਖਾ ਹੈ- ਮਦਰ ਦੇਸ ਜਬ ਜੁੱਧ ਮਚਾਵੇ। ਤਬ ਸਤਿਗੁਰੂ ਦੇਸ ਮੈ ਆਵੇ। ਭਾਈ ਜੇ ਅੰਗ੍ਰੇਜ਼ ਕਹਿਣ ਜਾਂ ਪੁਜਾਰੀ ਕਹਿਣ ਹੁਣ ਨਈ ਔਂਦਾ ਹੈ, ਤੁਸਾਂ ਨਹੀਂ ਮੰਨਣਾ।ਅਗਨੀ ਨਾਲ ਮੈਂ ਜਲਦਾ ਨਹੀਂ, ਪਾਣੀ ਵਿਚ ਮੈਂ ਡੁਬਦਾ ਨਹੀਂ, ਪੌਣ ਨਾਲ ਮੈਂ ਉਡਦਾ ਨਹੀਂ। ਕਾਲ ਮੇਰੇ ਅਖਤਿਆਰ ਹੈ। ਜਿੰਨਾ ਚਿਰ ਏਨਾਂ (ਅੰਗਰੇਜ਼ਾਂ) ਕੀਆਂ ਜੜ੍ਹਾਂ ਪੱਟ ਖਾਰੇ ਸਮੁੰਦਰ ਮੈਂ ਨਹੀਂ ਸਿੱਟ ਲੈਂਦਾ, ਓਨਾ ਚਿਰ ਮੈਂ ਨਹੀਂ ਜਾਂਦਾ ਹਾਂ। ਜਿੰਨਾ ਚਿਰ ਗਊ ਗਰੀਬ ਦੇ ਗਲੋਂ ਛੁਰੀ ਨਹੀਂ ਲਹਿੰਦੀ, ਓਨਾਂ ਚਿਰ ਨਹੀਂ ਜਾਂਦੇ ਹੈਂ।..... ਬਚਨ ਕੀਤਾ ਕਿ ਮੈਂ ਕਿਸੇ ਦਾ ਲਿਆਂਦਾ ਨਹੀਂ ਆਇਆ।ਅਕਾਲ ਪੁਰਖ ਦੇ ਹੁਕਮ ਨਾਲ ਆਏ ਹੈਂ ਅਕਾਲ ਪੁਰਖ ਕੇ ਹੁਕਮ ਨਾਲ ਜਾਵਾਂਗੇ। ਏਥੇ ਆਇਕੇ ਸਾਖੀਆਂ ਦੇ ਭੀ ਬਚਨ ਬਿਚਾਰੇ ਹੈਂ। ਭਾਈ ਏਸ ਦੇਹੀ ਵਿਚ ਦਰਸ਼ਨ ਦੇਵਾਂਗੇ।"[6]

ਕੂਕਾ ਅੰਦੋਲਨ ਦੀ ਪਰਚੰਡ ਜੁਆਲਾ ਨੂੰ ਮਘਦੀ ਰੱਖਣ ਲਈ ਆਪਣੇ ਪਿਆਰੇ ਸਿੱਖਾਂ ਦਾ ਮਨੋਬਲ, ਬਸਤੀਵਾਦ ਵਿਰੋਧੀ ਲੜਾਈ ਵਿੱਚ ਪਰਪੱਕ ਰੱਖਣ ਲਈ, ਇੱਕ ਰਣਨੀਤਿਕ ਪੈਂਤੜੇ ਦੇ ਤੌਰ ਤੇ ਸਤਿਗੁਰੂ ਜੀ, ਸੰਗਤ ਨੂੰ ਇਸੇ ਦੇਹ ਵਿੱਚ ਆਉਣ ਦੇ ਭਰੋਸੇ ਨਾਲ, ਮਾਲਾਮਾਲ ਕਰ ਰਹੇ ਹਨ। ਸਤਿਗੁਰੂ ਰਾਮ ਸਿੰਘ ਹੁਣ ਇੱਕ ਉਸ ਵਿਚਾਰ ਦਾ ਅਗੰਮ ਰੂਪ ਧਾਰਨ ਕਰ ਚੁੱਕੇ ਹਨ, ਜਿਸ ਵਿਚਾਰ ਦੇ ਲੜ ਲੱਗਿਆਂ ਹੀ ਵਿਸ਼ਵ ਕਲਿਆਣ ਅਤੇ ਦੱਬੇ ਕੁਚਲਿਆਂ ਦੀ ਮੁਕਤੀ ਦਾ ਰਾਹ ਪੱਧਰਾ ਹੁੰਦਾ ਹੈ। ਜਦੋਂ ਦੁਨੀਆਂ ਦੇ ਹਰ ਖਿੱਤੇ ਵਿੱਚੋਂ ਨ ਬਰਾਬਰੀ, ਸਮਾਜਿਕ ਬੇਇਨਸਾਫੀ, ਨਫ਼ਰਤ ਵਿਤਕਰੇ ਅਤੇ ਜੰਗ ਦੇ ਭਾਂਬੜ ਸ਼ਾਂਤ ਹੋ ਜਾਣਗੇ ਤਾਂ ਇਸ ਤਰ੍ਹਾਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਉੱਚੇ ਸੁੱਚੇ ਵਿਚਾਰਾਂ ਦੀ ਦਿੱਗ ਵਿਜੈ ਮਨਾਈ ਜਾ ਸਕੇਗੀ।

ਸਿੰਘਾਂ ਦੇ ਆਉਣ ਤੋਂ ਸੱਤਵੇਂ ਦਿਨ ਸਤਿਗੁਰੂ ਜੀ ਨੇ ਇਹਨਾਂ ਸਿੰਘਾਂ ਦੀਆਂ ਅਰਦਾਸਾਂ ਦੇ ਜੁਆਬ ਵਿੱਚ ਭਾਈ ਧੰਨਾ ਸਿੰਘ ਗੁਮਟੀ ਨੂੰ ਦੋ ਹੁਕਮਨਾਮੇ ਲਿਖ ਕੇ, ਕੱਪੜੇ ਵਿੱਚ ਲਪੇਟ ਕੇ, ਗੀਟੇ ਨਾਲ ਬੰਨ੍ਹ ਕੇ ਬਾਹਰ ਸੁੱਟੇ। ਧੰਨਾ ਸਿੰਘ ਨੇ ਜਦੋਂ ਉਹ ਨਿਉਂ ਕੇ ਚੁੱਕੇ, ਸੂਰਜ ਅਸਤ ਗਿਆ ਸੀ ਅਤੇ

ਗੋਰਿਆਂ ਦਾ ਪਹਿਰਾ ਸ਼ੁਰੂ ਹੋ ਚੁੱਕਾ ਸੀ। ਗੋਰੇ ਸਿਪਾਹੀ ਨੇ ਚੁੱਪ ਚਾਪ ਪਿੱਛੇ ਜਾ ਕੇ ਧੰਨਾ ਸਿੰਘ ਤੋਂ ਹੁਕਮਨਾਮੇ ਪਕੜ ਲਏ ਅਤੇ ਉਸਨੂੰ ਹਿਰਾਸਤ ਵਿੱਚ ਲੈ ਲਿਆ। ਫਿਰ ਹੋਰ ਕੂਕੇ ਸਿੰਘਾਂ ਦੇ ਦਲ ਪੰਜਾਬ ਵਿੱਚੋਂ ਆਏ ਦਰਸ਼ਨ ਕਰਨ, ਜਿਹਨਾਂ ਦੇ ਨਾਮ ਹਨ- ਹੀਰਾ ਸਿੰਘ ਸਢੌਰਾ (ਅੰਬਾਲਾ), ਸਾਹਿਬ ਸਿੰਘ ਜੌਹਲ (ਅੰਮ੍ਰਿਤਸਰ), ਵਸਾਖਾ ਸਿੰਘ ਭੋਮਾ ਵਡਾਲਾ, ਚੰਦਾ ਸਿੰਘ ਸਕਤੂ ਨੰਗਲ, ਦੋਹਾਂ ਦਾ ਜ਼ਿਲ੍ਹਾ ਅੰਮ੍ਰਿਤਸਰ, ਈਸ਼ਰ ਸਿੰਘ ਚੂੰਨ੍ਹੀ (ਅੰਬਾਲਾ) ਅਤੇ ਲਾਲ ਸਿੰਘ ਲਤਾਲਾ (ਲੁਧਿਆਣਾ)। ਇਹਨਾਂ ਤੋਂ ਬਾਅਦ ਫਿਰ ਵਸਾਖਾ ਸਿੰਘ ਅੰਮ੍ਰਿਤਸਰ ਸ਼ਹਿਰ, ਸਾਹਿਬ ਸਿੰਘ ਨਾਰੰਗਵਾਲ (ਲੁਧਿਆਣਾ), ਹੀਰਾ ਸਿੰਘ ਬਡਰੁੱਖਾ (ਰਿਆਸਤ ਨਾਭਾ) ਅਤੇ ਚੰਦਾ ਸਿੰਘ (ਕਾਲੂਵਾਹਰ-ਹੁਸ਼ਿਆਰਪੁਰ?) ਇਹਨਾਂ ਤੋਂ ਇਲਾਵਾ ਪੰਜਾਬ ਵਿੱਚੋਂ ਨੌਕਰੀ ਦੀ ਭਾਲ ਲਈ ਕੁਝ ਗ਼ੈਰ ਕੂਕੇ ਸਿੰਘ ਵੀ ਠਾਕੁਰ ਵਾੜੀ ਠਹਿਰੇ ਹੋਏ ਸਨ। ਉਹਨਾਂ ਵਿੱਚੋਂ ਵੀ ਦੋ ਸਿੰਘ ਸਤਿਗੁਰੂ ਜੀ ਦੇ ਨੇੜੇ ਆ ਕੇ ਦਰਸ਼ਨ ਕਰਨ ਵਿੱਚ ਸਫਲ ਹੋਏ।

ਪਰ ਸਰਕਾਰੀ ਰੀਕਾਰਡ ਮੁਤਾਬਿਕ 28 ਜੁਲਾਈ ਨੂੰ ਭਾਈ ਧੰਨਾ ਸਿੰਘ ਗੁਮਟੀ ਨੂੰ ਸਿਪਾਹੀ ਅਬਦੁੱਲ ਖਾਨ ਪਕੜਦਾ ਹੈ ਅਤੇ 20 ਵੀਂ ਰੈਜ਼ੀਮੈਂਟ ਦੇ ਹੀ ਆਪਣੇ ਨਾਇਕ, ਮੁਹੰਮਦ ਸ਼ਮਸ਼ਾ ਨੂੰ ਉਸੇ ਦਿਨ ਦੋ ਹੁਕਮਨਾਮਿਆਂ ਸਮੇਤ ਸਉਂਪ ਦਿੰਦਾ ਹੈ।[8]

ਆਪਣੇ ਬਿਆਨ ਵਿੱਚ ਨਥਾਣਾ ਸਿੰਘ ਉਰਫ ਧੰਨਾ ਸਿੰਘ ਗੁਮਟੀ ਦੱਸਦਾ ਹੈ ਕਿ ਉਹ ਪੰਜਾਬ ਤੋਂ 27 ਜੁਲਾਈ ਨੂੰ ਇੱਥੇ ਪੁੱਜੇ ਸਨ। ਉਹ ਕੁੱਲ 24 ਵਿਅਕਤੀ ਸਨ ਅਤੇ ਹਰਨਾਮ ਸਿੰਘ (ਨਥਾਣਾ) ਉਹਨਾਂ ਦਾ ਆਗੂ ਸੀ।[9]

ਧੰਨਾ ਸਿੰਘ ਦੇ ਪਕੜੇ ਜਾਣ ਬਾਅਦ ਸਤਿਗੁਰੂ ਜੀ ਦੀ ਹਦਾਇਤ ਤੇ ਭਾਈ ਹਰਨਾਮ ਸਿੰਘ, ਸੋਭਾ ਸਿੰਘ ਤੇ ਕਿਰਪਾਲ ਸਿੰਘ ਹੋਰਾਂ ਨਾਲ ਝੱਟ ਪੱਟ ਵਾਪਸੀ ਜਹਾਜ਼ ਤੇ ਚੜ੍ਹ ਕੇ ਕਲਕੱਤੇ ਅਗਸਤ 1880 ਨੂੰ ਜਾ ਪੁੱਜੇ। ਸਉਣ ਸਿੰਘ ਰੋਡੇ ਵੀ ਇਹਨਾਂ ਦੇ ਨਾਲ ਸਨ। ਕਲਕੱਤੇ ਕਾਫੀ ਪੁੱਛਗਿੱਛ ਖੁਫੀਆ ਪੁਲੀਸ ਨੇ ਕੀਤੀ। ਸਿੰਘਾਂ ਨੇ ਬਹਾਨਾ ਲਾਇਆ ਕਿ ਰੰਗੂਨ ਸੌਦਾ ਖਰੀਦਣ ਗਏ ਸਾਂ ਪਰ ਸੌਦਾ ਪਸੰਦ ਨਾ ਆਉਣ ਕਾਰਨ, ਖਾਲੀ ਮੁੜ ਆਏ ਹਾਂ। ਸੋਭਾ ਸਿੰਘ ਤੇ ਕਿਰਪਾਲ ਸਿੰਘ ਰਾਗੀ ਹੀ ਭੈਣੀ ਸਾਹਿਬ ਪੁੱਜੇ ਪਰ ਬਾਬਾ ਦਰਬਾਰਾ ਸਿੰਘ ਰਾਇਪੁਰੀਏ ਨੇ ਕਿਹਾ ਕਿ ਇੱਥੇ ਮੁਖਬਰ ਰੋਜ਼ ਗੇੜੇ ਕੱਢਦੇ ਹਨ ਕਿ ਰੰਗੂਨ ਵਾਲਾ ਵੱਡਾ ਜਥਾ ਅਜੇ ਦਰਸ਼ਨ ਕਰਕੇ ਮੁੜਿਆ ਹੈ ਕਿ ਨਹੀਂ, ਸੋ ਤੁਸੀਂ ਫਿਰ ਆ ਕੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨੇ। ਲੰਗਰ ਦੀ ਮਾਇਆ 140 ਰੁਪੈ ਜੋ ਸਤਿਗੁਰੂ ਜੀ ਨੇ ਰੰਗੂਨ ਤੋਂ ਭੇਜੀ ਸੀ,

ਉਹ ਬਾਬਾ ਜੀ ਦੇ ਹਵਾਲੇ ਕਰਕੇ ਅਤੇ ਹੋਰ ਵਿਹਾਰ ਕਾਰ ਦੇ ਬਚਨ ਬਿਲਾਸ ਜ਼ੁਬਾਨੀ ਸੁਣਾਕੇ, ਸਤਿਗੁਰੂ ਜੀ ਦੀਆਂ ਦੂਰੋਂ ਹੀ ਖੁਸ਼ੀਆਂ ਲੈ ਕੇ, ਇਹ ਸਿੰਘ ਘਰੋ ਘਰੀਂ ਮੁੜ ਗਏ। ਭਾਈ ਹਰਨਾਮ ਸਿੰਘ ਨਥਾਣੀਆ ਵੀ ਇਸ ਤੋਂ ਕੁਝ ਸਮਾਂ ਬਾਅਦ ਵਿੱਚ ਹੀ ਸ੍ਰੀ ਭੈਣੀ ਸਾਹਿਬ ਆ ਕੇ, ਸਤਿਗੁਰੂ ਜੀ ਦੇ ਬਚਨ ਬਿਲਾਸ, ਗੁਰੂ ਹਰੀ ਸਿੰਘ ਜੀ ਨਾਲ ਸਾਂਝੇ ਕਰਦਾ ਹੈ। ਇਸ ਵੱਡੇ ਜਥੇ ਦੀ ਵਾਪਸੀ ਤੋਂ ਕੁਝ ਦਿਨ ਬਾਅਦ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਮਰਗੋਈ ਟਾਪੂ ਭੇਜ ਦਿੱਤਾ ਜਾਂਦਾ ਹੈ। ਆਪ ਨੂੰ ਰੰਗੂਨ ਤੋਂ ਲੈ ਕੇ ('ਅਨੰਦ' ਨਾਮ ਦਾ ਇਹ) ਜਹਾਜ਼ 18 ਸਤੰਬਰ 1880 ਨੂੰ ਚੱਲਿਆ ਸੀ ਅਤੇ 21 ਸਤੰਬਰ ਨੂੰ ਮਰਗੋਈ ਪੁੱਜ ਗਿਆ ਸੀ।

ਭਾਈ ਧੰਨਾ ਸਿੰਘ ਪਾਸੋਂ ਜੋ ਦੋ ਹੁਕਮਨਾਮੇ ਪਕੜੇ ਗਏ ਸਨ, ਉਹਨਾਂ ਵਿੱਚੋਂ ਇੱਕ ਹੁਕਮਨਾਮਾ ਤਾਂ ਭਾਈ ਹਰਨਾਮ ਸਿੰਘ ਨਥਾਣੀਆ, ਸਾਉਣ ਸਿੰਘ ਰੋਡੇ, ਹਰਨਾਮ ਸਿੰਘ ਗੁਲਾਬੇ ਕੀ ਮੰਡੀ, ਸੋਭਾ ਸਿੰਘ ਖੁਰਦਪੁਰ, ਧੰਨਾ ਸਿੰਘ ਗੁਮਟੀ ਅਤੇ ਕਿਰਪਾਲ ਸਿੰਘ ਰਾਗੀ ਭਦੌੜ ਦੇ ਨਾਮ ਲਿਖ ਕੇ ਹੋਰ ਸੰਬੂਹਿ ਸੰਗਤ ਨੂੰ ਸੰਬੋਧਿਤ ਹੈ। ਇਸ ਹੁਕਮਨਾਮੇ ਵਿੱਚ ਸਤਿਗੁਰੂ ਜੀ ਸਿੰਘਾਂ ਦੀਆਂ ਅਨੇਕ ਪੁੱਛਾਂ ਪ੍ਰਸ਼ਨਾਂ ਦਾ ਜੁਆਬ ਦਿੰਦੇ ਹਨ। ਉਹਨਾਂ ਦੀਆਂ ਸਾਰੀਆਂ ਸਮੱਸਿਆਵਾਂ ਦੀ ਪੂਰਤੀ ਗੁਰਮਤਿ ਅਨੁਸਾਰ ਨਾਮ ਜਪਣ ਨਾਲ ਜੋੜਦੇ ਹਨ। ਅੰਮ੍ਰਿਤ ਵੇਲੇ ਉੱਠ ਕੇ ਭਜਨ ਬੰਦਗੀ ਕਰਨ, ਜਥਾ ਸਕਤਿ ਆਪਣੀ ਕਮਾਈ ਵਿੱਚੋਂ ਦਾਨ ਪੁੰਨ ਕਰਨ, ਕਿਸੇ ਦੀ ਚੀਜ਼ ਚੁੱਕਣ ਚੁਰਾਉਣ ਤੋਂ ਹਟਕਣ, ਵੇਲੇ ਦੀਆਂ ਭਰਿਸ਼ਟ ਹੋ ਚੁੱਕੀਆਂ ਅਧਿਆਤਮਿਕ ਅਤੇ ਰਾਜਸੀ ਸੱਤਾਵਾਂ ਭਾਵ ਪੁਜਾਰੀ ਪੁਰੋਹਿਤ ਸ਼੍ਰੇਣੀ ਅਤੇ ਫਰੰਗੀ ਰਾਜ ਦੇ ਛੇਤੀ ਖਾਤਮੇ ਨਾਲ ਸੰਬੰਧਿਤ, ਮੀਰੀ ਪੀਰੀ ਦੇ ਦੋ ਨਿਸ਼ਾਨ ਟੁੱਟਣ ਬਾਰੇ, ਦੋਵੇਂ ਆਦਿ ਅਤੇ ਦਸਮ ਸ੍ਰੀ ਗੁਰੂ ਗਰੰਥ ਸਾਹਿਬ, ਸੌ ਸਾਖੀ ਅਤੇ ਪ੍ਰੇਮ ਸੁਮਾਰਗ ਗ੍ਰੰਥਾਂ ਦੇ ਅਨੁਸਾਰ ਜੀਵਨ ਜਿਊਣ, ਅਸਲ ਹੁਕਮਨਾਮਾ ਲੈਣਾ ਤਾਂ ਗੁਰੂ ਦਾ ਬਚਨ ਮੰਨਣਾ, ਰੰਗੂਨ ਆਉਣ ਦੀ ਬਜਾਏ ਇਸ ਖਰਚ ਨਾਲ ਦੇਸ ਵਿੱਚ ਹੀ ਗੁਰਬਾਣੀ ਦੇ ਵੱਧ ਤੋਂ ਵੱਧ ਪਾਠ ਕਰਨ, ਨਾਮ ਜਪਣ ਦਾ ਸ਼ੁਭ ਉਪਦੇਸ਼ ਦਿੰਦੇ ਹਨ।

ਦਰਸ਼ਨ ਅਭਿਲਾਖੀ ਸਿੰਘਾਂ ਦੀਆਂ ਖਰਚ ਖੇਚਲ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦਿਆਂ, ਉਹਨਾਂ ਨੂੰ ਇਧਰ ਆਉਣ ਤੋਂ ਬੜੇ ਪਿਆਰ ਨਾਲ ਤਾੜਨਾ ਕਰਕੇ ਵਰਜਦੇ ਹਨ। ਹੁਕਮਨਾਮੇ ਦਾ ਹੇਠਲਾ ਭਾਗ, ਇਸ ਸਮੇਂ ਦੇ ਕਠਿਨ ਹਾਲਾਤ ਅਤੇ ਅੰਗਰੇਜ਼ ਸਰਕਾਰ ਦੇ ਜ਼ਾਲਮ ਸੁਭਾਉ ਦਾ ਚਿਤਰਨ ਕਰਦਾ ਹੈ-

ਹੋਰੁ ਜੀ ਹੁਣਿ ਏਥੇ ਦਾ ਹਵਾਲ ਲੇਵੋ ਜਿਸ ਕਰਿਕੇ ਅਸੀ ਮਨੇ ਕਰਦੇ ਹਾਂ ਏਥੇ ਆਉਣ ਤੇ ਸਿੰਘਾ ਨੂੰ। ਸੰਗਤ ਤਾ ਸਾਡੇ ਦੇਹ ਪਰਾਨੁ ਹੈਨ। ਏਹੁ ਬਾਤ ਮੈ ਸਚੀ ਲਿਖੀ ਹੈ ਝੂਠੀ ਨਾ ਜਾਣਨੀ। ਏਵਾਈ (ਸਿਪਾਹੀ) ਬੰਦੂਕਾ (ਲਈ) ਸਾਡੇ ਉਤੇ ਖੜੇ ਹੈਨ। ਏਨਾ ਨੂ ਏਹੁ ਹੁਕਮੁ ਦਿੰਦੇ ਹੈਨ ਏਨਾ ਦੇ ਉਹਦੇਦਾਰ, ਜੋ ਕੋਈ ਬਾਤ ਕਰੇ ਇਨ ਕੇ ਨਾਲ ਉਨ ਕੋ ਫਕੜੋ ਅਰੁ ਕੋਈ ਚੀਜ ਬਾਹਰ ਤੇ ਸਿਟੇ ਤਾਂ ਓਸਕੋ ਫਕੜੋ। ਜੇ ਕੋਈ ਅੰਦ੍ਰ ਤੇ ਕਿਸੇ ਕੋ ਦੇਵੇ ਤਾਂ ਓਸ ਕੋ ਫਕੜੋ। ਦਿਨੁ ਰਾਤ ਏਹੋ ਹੁਕਮੁ ਸੁਣਾਈਦਾ ਹੈ ਪਹਰੇ ਬਾਲਿਆ ਕੋ।

ਜੇ ਚਾਰ ਉਗਲਿ ਕਾਗਤ ਦਿੰਦੇ ਲੈਦੇ ਕੋ ਦੇਖ ਲੈਣ ਜੋ ਏਥੇ ਸਾਡੇ ਪਹਰੇ ਪੁਰਿ ਹੈਨ, ਤਾਂ ਨਾਲੇ ਏਨਾ ਸੰਤਰੀ ਨੂ ਕੈਦ ਕਰਿ ਦੇਣ ਨਾਲੇ ਬੈਤਾ ਮਾਰਨ ਪਹਰੇ ਬਾਲਿਆ ਦੇ, ਨਾਲੇ ਨਾਮੇ ਕਟਿ ਦੇਣ ਏਨਾ ਦੇ, ਅਰੁ ਨਾਲੇ ਥੁਆਨੂ ਕੈਦ ਕਰਿ ਦੇਣਿ, ਅਰੁ ਸਾਨੂ ਬੀ ਖਵਰ ਨਹੀ ਕਿਥੇ ਲੈ ਜਾਣਿ ਦੁਖ ਦੇ ਥਾਂ ਅਰੁ ਬਹੁਤ ਦੁਖੁ ਦੇਣ। ਏ ਮਹਾ ਮਲੇਛ ਹੈਨ, ਇਨ ਮੈ ਦਿਆ ਰਤੀ ਭਰਿ ਨਹੀ। ਏਸ ਬਾਸਤੇ ਅਸੀ ਮਨੇ ਕਰਦੇ ਹਾਂ। ਅਰੁ ਦਰਸਨੁ ਮੇਲਾ ਕੁਛੁ ਨਹੀ ਹੁੰਦਾ ਅਰ ਖਰਚ ਖੇਚਲ ਬਹੁਤੁ ਹੈ ਆਉਣ ਮੈ। ਜੇ ਏ ਮਿਲਣ ਦੇਣ ਤਾਂ ਭਾਮੇ ਸੌ ਸੌ ਕਠਾ ਆਇ ਜਾਵੇ ਤਾਂ ਬੀ ਅਛਾ ਹੈ।

ਅਰੁ ਮੈ ਕਈ ਬਾਰਿ ਲਿਖਾ ਜੋ ਏਥੇ ਨਾ ਆਓ। ਜੇ ਆਓ ਤਾ ਇਕੁ ਕੇ ਤਾ ਦੋ ਆਦਮੀ ਬ੍ਰਸ ਦਿਨ ਪਿਛੇ ਆਉਣ ਤਾਂ ਅਛਾ ਹੈ। ਬਡੀਆ ਬਾਤਾ ਕੀ ਲਿਖੀਏ, ਗੁਰੂ ਜੀ ਹੀ ਪੜਦੇ ਕੱਜੀ ਜਾਦਾ ਹੈ ਨਹੀ ਤਾਂ ਹੋਰ ਠਕਾਣਾ ਨਹੀ। ਸੁਖ ਤਾਂ ਬਚਨੁ ਮੰਨਣਿ ਬਿਚ ਹੈ। ਬਚਨੁ ਨਾ ਮਨਿਆ ਤਾਂ ਕੁਛੁ ਬੀ ਸੁਖੁ ਨਹੀ ਹਥਿ ਆਉਦਾ। ਜਿਤਨਾ ਪੈਸਾ ਖਰਚ ਕਰਕੇ ਏਥੇ ਆਉਦੇ ਹੈ, ਜੇ ਓਨਾ ਪੈਸਾ ਲਾ ਕੇ ਭੋਗੁ ਪਾਠੁ ਕਰੋ ਤਾ ਅਛਾ ਹੈ, ਵੇਅਰਥ ਏਨਾ ਪੈਸਾ ਖ੍ਰਚ ਹੁੰਦਾ ਹੈ। ਅਗੇ ਤੁਸੀਂ ਜਾਣੋ।[10]

ਆਖਰੀ ਪਹਿਰੇ ਵਿੱਚ ਲਿਖਦੇ ਹਨ ਕਿ ਇਹ ਹੁਕਮਨਾਮਾ ਉਪਰ ਵਰਣਿਤ ਛੇਆਂ ਹੀ ਸਿੰਘਾਂ ਵਾਸਤੇ ਹੈ। ਉਨ੍ਹਾਂ ਨੂੰ ਇਹ ਵੀ ਹਦਾਇਤ ਕਰਦੇ ਹਨ ਕਿ ਮੋਰਮਈ, ਜਿੱਥੇ ਤਿੰਨ ਮੁੱਖ ਸੂਬੇ, ਬਾਬਾ ਜਵਾਹਰ ਸਿੰਘ, ਬਾਬਾ ਲੱਖਾ ਸਿੰਘ ਅਤੇ ਬਾਬਾ ਬ੍ਰਹਮਾ ਸਿੰਘ ਕੈਦ ਹਨ, ਉੱਥੇ ਨਾ ਜਾਣਾ ਕਿਉਂਕਿ ਸਰਕਾਰ ਕਿਸੇ ਵੀ ਆਉਣ ਵਾਲੇ ਨੂੰ ਉਹਨਾਂ ਨਾਲ ਮਿਲਣ ਨਹੀਂ ਦਿੰਦੀ।[11]

1914 ਈ. ਵਿੱਚ ਛਪੇ "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਵਿੱਚ ਰੰਗੂਨ ਯਾਤਰਾ ਕਰਨ ਵਾਲਿਆਂ ਕੁਝਨਾਂ ਸਿੰਘਾਂ ਦਾ ਵੇਰਵਾ, ਕਵੀ ਕਾਲਾ ਸਿੰਘ ਇਉਂ ਦਿੰਦਾ ਹੈ–

"ਕ੍ਰਿਪਾਲ ਸਿੰਘ ਭਦੌੜ ਦੇ ਵਿੱਚ ਰਾਗੀ,
ਹਰਨਾਮ ਸਿੰਘ ਮੰਡੀ ਜਥੇਦਾਰ ਭਾਈ।
ਲਾਲ ਸਿੰਘ ਲਤਾਲੇ ਦਾ ਰਹਿਣ ਵਾਲਾ,
ਸੋਭਾ ਸਿੰਘ ਖੁਰਦ ਪੁਰੋਂ ਉਚਾਰ ਭਾਈ।
ਸਾਹਿਬ ਸਿੰਘ ਹੈ ਜੌਹਲਾਂ ਦੇ ਪਿੰਡ ਰਹਿੰਦਾ,
ਸਰਮੁਖ ਸਿੰਘ ਰਹਿੰਦਾ ਲੱਲੂਵਾਲ ਭਾਈ।
ਹੀਰਾ ਸਿੰਘ ਸਢੌਰਾ ਸਮੁੰਦ ਸਿੰਘ ਖੋਟੇ,
ਹਰਨਾਮ ਸਿੰਘ ਨਥਾਣਾ ਵਿਚਾਰ ਭਾਈ।"[12]

ਸਤਿਗੁਰੂ ਜੀ ਦੇ ਦਰਸ਼ਨ ਕਰਨ ਤੋਂ ਬਾਅਦ ਕੁਝ ਵਰ੍ਹੇ ਤਾਂ ਆਪ ਨਥਾਣਾ ਵਿਖੇ ਹੀ ਰਹੇ। ਫਿਰ ਜਿਵੇਂ ਜਿਵੇਂ ਸਖਤੀਆਂ ਸਰਕਾਰ ਵਲੋਂ ਕੁਝ ਘਟੀਆਂ ਤਾਂ ਆਪ ਆਲੇ ਦੁਆਲੇ ਦੇ ਪਿੰਡਾਂ ਵਿੱਚ ਤੁਰ ਫਿਰ ਕੇ ਸੰਗਤ ਨੂੰ ਨਾਮ ਬਾਣੀ ਨਾਲ ਜੋੜਨ ਦਾ ਪਰਚਾਰ ਕਰਦੇ। ਪਿੰਡ ਲੱਲ ਕਲਾਂ ਜੋ ਇਤਿਹਾਸਿਕ ਪਿੰਡ ਹੈ, ਗੁਰੂ ਗੋਬਿੰਦ ਸਿੰਘ ਮਾਰਗ ਤੇ ਸਥਿੱਤ ਹੈ, ਜਿੱਥੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੀ ਦਰਸ਼ਨ ਦਿੱਤੇ ਸਨ ਇੱਥੇ ਮਹੰਤ ਮਾਘਾ ਸਿੰਘ ਜੀ, ਮਹੰਤ ਅਤਰ ਸਿੰਘ ਜੀ ਅਤੇ ਮਹੰਤ ਬਿਸ਼ਨ ਸਿੰਘ ਜੀ ਤਿੰਨੇ ਪ੍ਰਸਿੱਧ ਨਾਮਧਾਰੀ ਸਾਧੂ, ਇਸ ਗੁਰਦੁਆਰੇ ਦੇ ਮਹੰਤ ਰਹੇ ਸਨ। ਇਹ ਪਿੰਡ ਉਸ ਸਮੇਂ ਰਿਆਸਤ ਪਟਿਆਲਾ ਵਿੱਚ ਸੀ ਅਤੇ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਤੋਂ 6-7 ਕਿਲੋਮੀਟਰ ਦਾ ਹੀ ਫਾਸਲਾ ਸੀ। ਅੱਜ ਕੱਲ੍ਹ ਇਸ ਦਾ ਜ਼ਿਲ੍ਹਾ ਲੁਧਿਆਣਾ ਹੈ। ਸੰਨ 1890 ਤੋਂ ਬਾਅਦ ਇਸ ਗੁਰਦੁਆਰੇ ਵਿਖੇ ਕਈ ਕਈ ਮਹੀਨੇ ਉਪਰੋਕਤ ਸਾਧੂਆਂ ਪਾਸ ਰਹਿ ਕੇ, ਹਰਨਾਮ ਸਿੰਘ ਜੀ ਨਥਾਣੀਆ ਗਿਆਨ ਚਰਚਾ ਕਰਦੇ ਰਹਿੰਦੇ ਅਤੇ ਚੋਰੀ-ਛਿਪੇ ਗੁਰਦੁਆਰੇ ਭੈਣੀ ਸਾਹਿਬ ਜਾ ਕੇ ਜਾਂ ਪਿੰਡ ਦੀ ਰੋਹੀ ਵਿਚ ਬੰਦਗੀ ਕਰਦੇ, ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਆਉਂਦੇ। ਇੱਥੇ ਰਹਿੰਦਿਆਂ ਆਪ ਨੇ ਆਸ-ਪਾਸ ਦੇ ਅਨੇਕ ਬੱਚਿਆਂ ਨੂੰ ਵਿੱਦਿਆ ਦਾਨ ਦੇ ਕੇ, ਗੁਰਬਾਣੀ ਨਾਲ ਵੀ ਜੋੜਿਆ। ਆਪ ਤੋਂ ਫੈਜ਼ਯਾਬ ਹੋਣ ਵਾਲਿਆਂ ਵਿੱਚੋਂ ਵੱਡਾ ਨਾਮ, ਨਾਮਧਾਰੀ ਪੰਥ ਦੇ ਵੇਦ-ਵਿਆਸ, ਸੰਤ ਇੰਦਰ ਸਿੰਘ ਚੱਕਰਵਰਤੀ ਦਾ ਹੈ, ਜੋ ਲੱਲ ਪਿੰਡ ਦੇ ਟਕਸਾਲੀ ਕੂਕਾ ਪਰਿਵਾਰ ਦੇ ਬਾਲਕੇ ਸਨ। ਸੰਨ 1908-12 ਈ. ਤੱਕ ਚੱਕਰਵਰਤੀ ਜੀ ਨੇ ਆਪ ਤੋਂ ਵਿੱਦਿਆ ਦੀ ਦਾਤ ਅਤੇ ਨਾਮਧਾਰੀ ਇਤਿਹਾਸ ਦੇ ਦਿਲ ਕੰਬਾਊ ਤਾਰੀਖੀ ਵਾਕਿਆਤ ਸੁਣੇ। ਉਹ ਕੂਕਾ ਇਤਿਹਾਸ ਦੇ ਆਪਣੇ ਸਰੋਤਾਂ ਵਿੱਚ ਆਪਣੇ ਵਿਦਿਆ ਗੁਰੂ

ਜੀ ਨੂੰ ਵੀ ਅਦਬ ਨਾਲ ਯਾਦ ਕਰਦੇ ਹਨ–

"ਮਾਮਾ ਮੰਗਲ ਸਿੰਘ ਜੀ, ਘਨੱਯਾ, ਮੱਯਾ ਸਿੰਘ,
ਮੱਯਾ ਸਿੰਘ ਵਿਦਿਆ ਗੁਰੂ, ਬਾਬਾ ਹਰਿਨਾਮ ਸਿੰਘ,
ਓਹਨਾਂ ਜਾ ਰੰਗੂਨ ਵਿੱਚ ਦਰਸ ਕਰੇ ਭਗਵਾਨ,
ਲਾਲ ਸਿੰਘ ਲਤਾਲੀਏ, ਸਾਹਿਬ ਸਿੰਘ ਦੇ ਬਿਆਨ" [13]

ਬਿਰਧ ਅਵਸਥਾ ਵਿੱਚ ਬਾਬਾ ਨਥਾਣੀਆ ਜੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਆ ਟਿਕੇ ਸਨ। ਸਤਿਗੁਰੂ ਪਰਤਾਪ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਮੂੰਹ ਕੂਕੇ ਬਜ਼ੁਰਗਾਂ, ਸਾਧੂਆਂ ਦਾ ਵਿਸ਼ੇਸ਼ ਖਿਆਲ ਰੱਖਿਆ ਕਰਦੇ ਸਨ। 1914 ਈ. ਵਿਚ ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਅਨੰਦ ਕਾਰਜ ਸਮੇਂ ਸਤਿਗੁਰੂ ਜੀ ਆਪ ਨੂੰ ਵੀ ਲਾਹੌਰ ਲੈ ਕੇ ਗਏ ਸਨ।[14] ਸਤਿਗੁਰੂ ਜੀ ਦੇ ਅਨੰਦ ਕਾਰਜ ਵਿੱਚ ਵੀ ਸ਼ਾਮਲ ਹੋਏ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਨਾਮਧਾਰੀ ਪੰਥ ਦੇ ਸਮਾਚਾਰਾਂ ਵਿੱਚ, ਇੱਕ ਹੋਰ ਹਰਨਾਮ ਸਿੰਘ ਨਥਾਣੀਏ ਦਾ ਵੀ ਜ਼ਿਕਰ ਆਉਂਦਾ ਹੈ। ਇਹ ਬਾਬਾ ਨਥਾਣੀਆ ਜੀ ਤੋਂ ਘੱਟੋ ਘੱਟ 45–50 ਸਾਲ ਛੋਟਾ ਸੀ ਅਤੇ ਗੱਤਕੇ ਦਾ ਉਸਤਾਦ ਅਤੇ ਸਤਿਗੁਰੂ ਜੀ ਦੇ ਹਜ਼ੂਰੀ ਜਥੇ ਵਿੱਚ ਸ਼ਾਮਲ ਸੀ। ਘੋੜਿਆਂ ਵਾਲੇ ਬਹੁਤ ਸਾਰੇ ਸਿੰਘਾਂ ਨੂੰ ਇਸਨੇ ਗੱਤਕਾ ਸਿਖਾਇਆ ਸੀ। ਇਸ ਦਾ ਗੋਤ ਦਿਓ ਜੱਟ ਸੀ ਅਤੇ ਇਸਦਾ ਪਿੰਡ ਨਥਾਣਾ ਬਾਬਾ ਜੀ ਵਾਲਾ ਹੋਵੇ ਜਾਂ ਪੰਜਾਬ ਦੇ ਕਿਸੇ ਹੋਰ ਇਲਾਕੇ ਦਾ, ਇਸ ਨਾਮ ਦਾ ਪਿੰਡ, ਇਹ ਖੋਜ ਦਾ ਮੁਥਾਜ ਹੈ।

ਬਾਬਾ ਹਰਨਾਮ ਸਿੰਘ ਨਥਾਣੀਆ ਬਿਹੰਗਮ ਸਿੱਖ ਸਨ, ਗ੍ਰਹਿਸਤੀ ਨਹੀਂ ਸਨ। ਪਿੰਡ ਵਿੱਚ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਕੂਕਿਆਂ ਦੇ ਕਈ ਘਰ ਸਨ। ਬਾਬਾ ਜੀ ਦੇ ਕਿਸੇ ਭਾਈ ਦਾ ਪਰਿਵਾਰ ਪਿੰਡ ਵਿੱਚ ਹੋ ਸੱਕਦਾ ਹੈ, ਜੋ ਉਸ ਸਮੇਂ ਕੂਕੇ ਬਣੇ ਹੋਣ ਪਰ ਹੁਣ ਨਹੀਂ ਹਨ। ਪਿੰਡ ਦੇ ਇੱਕ ਰਾਜਾ ਪਰਿਵਾਰ ਦੇ ਸ੍ਰ. ਗੁਰਚਰਨ ਸਿੰਘ ਜੀ (57) ਨਾਲ, ਡਾ. ਲਖਬੀਰ ਸਿੰਘ ਰਾਮਪੁਰਾ ਫੂਲ ਨੇ ਪਿਛਲੇ ਦਿਨੀਂ ਮੁਲਾਕਾਤ ਕੀਤੀ। ਉਹਨਾਂ ਦਾ ਪਿਤਾ ਸ. ਗੁਰਦਿਆਲ ਸਿੰਘ, ਦਾਦਾ ਧੰਨਾ ਸਿੰਘ ਅਤੇ ਪੜਦਾਦਾ ਸ੍ਰ. ਉੱਤਮ ਸਿੰਘ ਸੀ। ਸ੍ਰ. ਉੱਤਮ ਸਿੰਘ ਬਾਰੇ ਪਿੰਡ ਦੀ ਇੱਕ ਸੌ ਦਸ ਸਾਲ ਤੋਂ ਉੱਪਰ ਉਮਰ ਦੀ ਮਾਤਾ ਜਗੀਰ ਕੌਰ ਜੋ ਉਹਨਾਂ ਦੀ ਨੂੰਹ ਹੈ, ਨੇ ਦੱਸਿਆ ਕਿ ਉਹ ਪੂਰੇ ਨਾਮਧਾਰੀ ਸਿੱਖ ਸਨ।ਉਹਨਾਂ ਦਾ ਪਿਤਾ ਖਜ਼ਾਨ ਸਿੰਘ ਸੀ। ਇਹ ਖਜ਼ਾਨ ਸਿੰਘ ਅਤੇ ਬਾਬਾ

ਹਰਨਾਮ ਸਿੰਘ ਦਾ ਪਰਿਵਾਰਿਕ ਪਿਛੋਕੜ ਜ਼ਰੂਰ ਮਿਲਦਾ ਹੋਵੇਗਾ। ਨਥਾਣੇ ਵਿੱਚ ਗੁਰੂ ਹਰੀ ਸਿੰਘ ਜੀ 1893 ਈ. ਵਿੱਚ ਆਏ ਸਨ। ਇੱਥੋਂ ਦੇ ਪਹਾੜਾ ਸਿੰਘ ਅਤੇ ਕੁਝ ਹੋਰ ਕੂਕਿਆਂ ਦਾ ਸਾਡੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ। ਖਜ਼ਾਨ ਸਿੰਘ ਦਾ ਪਿਤਾ ਦਲੀਪ ਸਿੰਘ ਜਾਂ ਦੀਪ ਸਿੰਘ ਹੋ ਸਕਦਾ ਹੈ ਜੋ ਬਾਬਾ ਨਥਾਣੀਏ ਦਾ ਵੀ ਪਿਤਾ ਸੀ। ਇਸ ਖਜਾਨ ਸਿੰਘ ਦੇ ਸਾਰੇ ਪਰਵਾਰ ਦੇ ਜੀਅ ਕੇਸਾਧਾਰੀ ਤੁਰੇ ਆਉਂਦੇ ਹਨ।

ਸਾਧਨਾਂ ਦੀ ਕਮੀ ਅਤੇ ਪਛੜੇ ਹੋਏ ਪਰਿਵਾਰ ਵਿੱਚੋਂ ਹੋਣ ਦੇ ਬਾਵਜੂਦ ਵੀ ਬਾਬਾ ਹਰਨਾਮ ਸਿੰਘ ਨੇ ਅੱਜ ਤੋਂ 140 ਸਾਲ ਪਹਿਲਾਂ, ਰੰਗੂਨ ਯਾਤਰਾ ਦਾ ਜੋਖਮ ਉਠਾਉਣ ਤੋਂ ਪਰਹੇਜ਼ ਨਹੀਂ ਕੀਤਾ ਅਤੇ ਇਸ ਕਾਰਨ, ਉਹ ਚਿਰ ਸਥਾਈ ਕੀਰਤੀ ਦੇ ਸੁਆਮੀ ਬਣ ਗਏ। ਉਹਨਾਂ ਦੀ ਵਿੱਦਵਤਾ ਨੇ ਕੂਕਿਆਂ ਨੂੰ ਮਸਤਾਨੀ ਲੇਖਣੀ ਵਾਲੇ ਕਲਮਕਾਰ ਦਾ ਪੱਲਾ ਫੜਾਇਆ, ਜਿਹਨਾਂ ਦੀਆਂ  ਪਾਈਆਂ ਪੈੜਾਂ ਤੇ ਕਾਫਲੇ ਚੱਲਦੇ ਨਜ਼ਰ ਆਉਂਦੇ ਹਨ। ਕੂਕੇ ਸੰਗਰਾਮੀਆਂ ਦੇ ਮਾਲਵੇ ਵਿੱਚ ਵੱਡੇ ਯੋਗਦਾਨ ਨੇ ਇਸ ਇਲਾਕੇ ਨੂੰ ਲੋਕ ਲਹਿਰਾਂ ਦੇ ਗੜ੍ਹ ਵਿੱਚ ਬਦਲ ਦਿੱਤਾ। ਕੋਈ ਵੀ ਜਨ ਅੰਦੋਲਨ ਸਧਾਰਨ ਮਨੁੱਖਾਂ ਤੋਂ ਕਿਹੋ ਜਿਹੇ ਕ੍ਰਿਸ਼ਮੇਂ ਕਰਵਾ ਲੈਂਦਾ ਹੈ, ਬਾਬਾ ਨਥਾਣੀਆ ਇਸ ਦੀ ਵੱਡੀ ਮਿਸਾਲ ਹੈ। ਉਹਨਾਂ ਦਾ ਅੰਤ ਸਮਾਂ 1920-25 ਈ. ਦੇ ਦਰਮਿਆਨ, ਭੈਣੀ ਸਾਹਿਬ ਵਿਖੇ ਹੀ ਅਨੁਮਾਨਿਤ ਹੈ।

## -ਹਵਾਲੇ ਤੇ ਟਿੱਪਣੀਆਂ-


1. ਜਸਵਿੰਦਰ ਸਿੰਘ, (ਸੰਪਾਦਕ), ਕੂਕਾ ਮੂਵਮੈਂਟ, ਫਰੀਡਮ ਸਟਰਗਲ ਇਨ ਪੰਜਾਬ, ਸਫ਼ਾ 1-3
2. ਜਸਵਿੰਦਰ ਸਿੰਘ (ਸੰ.) ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫ਼ਾ 80-81
3. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫ਼ਾ 287
4. ਉਹੀ, ਸਫਾ 290
5. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਦੂਜਾ, ਸਫ਼ਾ 113-14
6. ਉਹੀ, ਸਫਾ 115-16
7. ਉਹੀ, ਸਫ਼ਾ 120

8. ਜਸਵਿੰਦਰ ਸਿੰਘ, (ਸੰਪਾਦਕ), ਕੂਕਾ ਮੂਵਮੈਂਟ, ਫਰੀਡਮ ਸਟਰਗਲ ਇਨ ਪੰਜਾਬ, ਸਫਾ 6-7

9. ਉਹੀ, ਸਫ਼ਾ 4

10. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰਪਾਦਕ) ਜਸਵਿੰਦਰ ਸਿੰਘ, ਪਹਿਲੀ ਛਾਪ, ਹੁਕਮਨਾਮਾ ਨੰ. 62, ਸਫ਼ਾ 509-12

11. ਉਪਰੋਕਤ, ਹੁਕਮਨਾਮਾ ਨੰ. 63, ਸਫ਼ਾ 523

12. ਗਿਆਨੀ ਕਾਲਾ ਸਿੰਘ ਨੰਗਲ, "ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼", ਛਾਪ ਦੂਜੀ, (ਸੰ) ਦਵਿੰਦਰ ਸਿੰਘ ਗਿੱਲ ਜੀਆ ਨੱਥਾ, ਸਫ਼ਾ 177

13. ਸੰਤ ਇੰਦਰ ਸਿੰਘ ਚੱਕਰਵਰਤੀ, ਮਾਲਵੇਂਦ੍ਰ (ਮਹਾਂ ਕਾਵਿ), ਸਫ਼ਾ 464

14. ਸੁਵਰਨ ਸਿੰਘ ਵਿਰਕ (ਸੰਪਾਦਕ) ਅੱਖੀ ਡਿੱਠਾ ਕਿੱਸਾ ਕੀਤਾ, ਸਫ਼ਾ 98

# ਪਿਰ ਦੇਖਨ ਕੀ ਆਸ:
# ਬਾਬਾ ਸ਼ੇਰ ਸਿੰਘ 'ਗਰੰਥ ਗੜ੍ਹ'

ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਕੀਤੀ ਸੀ ਤਾਂ ਉਸ ਸਮੇਂ, ਪੰਜਾਬ ਵਿਚ ਜੋ ਸਿੱਖ ਸਮੁਦਾਇ ਦੇ ਭਿੰਨ ਭਿੰਨ ਫਿਰਕੇ ਸਨ, ਜਿਹਾ ਕਿ ਉਦਾਸੀ, ਨਿਰਮਲੇ, ਨਿਹੰਗ ਅਤੇ ਕੁਝ ਗੈਰ ਸਿੱਖ ਵਿਸ਼ਵਾਸਾਂ ਵਾਲੇ ਬੈਰਾਗੀ, ਗੁਲਾਬ ਦਾਸੀਏ ਆਦਿ ਮੱਤਾਂ ਨਾਲ ਸਬੰਧਿਤ ਸਾਧੂ ਸੰਤਾਂ ਅਤੇ ਉਹਨਾਂ ਦੇ ਪੈਰੋਕਾਰਾਂ ਨੇ ਵੀ ਸਿੱਖ ਪੁਨਰ ਜਾਗਰਣ ਅਤੇ ਕੌਮੀ ਮੁਕਤੀ ਸੰਗਰਾਮ ਦੀ ਇਸ ਵਿਸ਼ਾਲ ਜਨਤਕ ਲਹਿਰ ਵਿਚ, ਆਪਣਾ ਵਿਸ਼ਵਾਸ ਵਿਅਕਤ ਕੀਤਾ। ਇਸੇ ਤਰ੍ਹਾਂ ਸਿੱਖਾਂ ਵਿਚ ਸੇਵਾ, ਸਿਮਰਨ ਅਤੇ ਸਿੱਖਿਆ ਨੂੰ ਸਮਰਪਿਤ ਇਕ ਸੇਵਾ ਪੰਥੀ ਜਾਂ ਅੱਡਣ ਸ਼ਾਹੀ ਨਾਮ ਦੀ ਸੰਪ੍ਰਦਾਇ ਵੀ ਬਹੁਤ ਪ੍ਰਸਿੱਧ ਸੀ। "ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਦੇ ਸੋਦਰਾ ਪਿੰਡ ਦਾ ਵਸਨੀਕ, ਧੰਮਣ ਗੋਤ ਦਾ ਖੱਤਰੀ ਘਨੱਈਆ ਰਾਮ ਗੁਰੂ ਤੇਗ ਬਹਾਦਰ ਜੀ ਦਾ ਸਿੱਖ ਹੋਇਆ। ਇਹ ਲੰਗਰ ਲਈ ਜਲ ਢੋਣ ਦੀ ਸੇਵਾ ਕੀਤਾ ਕਰਦਾ ਸੀ। ਦਸਵੇਂ ਪਾਤਸ਼ਾਹ ਵੇਲੇ ਇਸ ਨੇ ਅਨੰਦਪੁਰ ਦੇ ਜੰਗਾਂ ਵਿਚ ਜ਼ਖਮੀ ਸਿੱਖਾਂ ਅਤੇ ਮੁਸਲਮਾਨਾਂ ਨੂੰ ਸਮਭਾਵ ਨਾਲ ਜਲ ਪਿਆ ਕੇ ਅਤੇ ਮਰਹੱਮ ਪੱਟੀ ਕਰਕੇ ਸਤਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਕੀਤੀ। ਕਲਗੀਧਰ ਨੇ ਘਨੱਈਆ ਰਾਮ ਨੂੰ ਆਪਣਾ ਦਸਤੀ ਰੁਮਾਲ ਬਖਸ਼ ਕੇ ਮਹੰਤ ਥਾਪਿਆ। ਇਸ ਦੀ ਗੱਦੀ ਤੇ ਸਹਿਜ ਰਾਮ, ਰਾਣਾ ਰਾਮ, ਲਛਮਨ ਰਾਮ, ਨਾਰਾਇਣ ਰਾਮ, ਸਾਹਿਬ ਰਾਮ, ਭੱਦਰ ਰਾਮ, ਸੰਤੋਖ ਰਾਮ, ਅੱਡਨ ਸ਼ਾਹ ਅਤੇ ਸੇਵਾ ਰਾਮ ਆਦਿ ਮਹੰਤ ਹੋਏ। ਅੱਡਨ ਸ਼ਾਹ ਅਤੇ ਸੇਵਾ ਰਾਮ ਮਹਾਂ ਪ੍ਰਤਾਪੀ ਅਤੇ ਕਰਨੀ ਵਾਲੇ ਹੋਏ ਹਨ। ਇਸ ਲਈ ਘਨੱਈਆ ਰਾਮ ਦੀ ਸੰਪ੍ਰਦਾਇ ਦਾ ਨਾਮ 'ਅੱਡਨ ਸ਼ਾਹੀ' ਅਤੇ 'ਸੇਵਾ ਪੰਥੀ' ਪ੍ਰਸਿੱਧ ਹੋਇਆ। ਸੇਵਾ ਪੰਥੀਆਂ ਦਾ ਮਸ਼ਹੂਰ ਡੇਰਾ ਥਲ (ਸਿੰਧ ਸਾਗਰ) ਦੋਆਬ ਵਿਚ ਹੁੰਦਾ ਸੀ।"[1] ਅੱਜ ਕੱਲ੍ਹ ਇਹਨਾਂ ਦੇ ਪ੍ਰਸਿੱਧ ਡੇਰੇ ਯਮੁਨਾ ਨਗਰ (ਹਰਿਆਣਾ) ਅਤੇ ਗੋਨਿਆਨਾ (ਬਠਿੰਡਾ) ਵਿਚ ਹਨ।

ਸਤਿਗੁਰੂ ਰਾਮ ਸਿੰਘ ਜੀ ਤੋਂ ਆਯੂ ਵਿਚ ੧੩ ਸਾਲ ਵੱਡੇ ਅੰਮ੍ਰਿਤਸਰ ਸ਼ਹਿਰ ਵਿਚ ਰਹਿਣ ਵਾਲੇ ਭਾਈ ਸ਼ਾਮ ਸਿੰਘ ਜੀ ਰਾਗੀ, ਅੱਡਣ ਸ਼ਾਹੀਏ, ਬਹੁਤ ਪ੍ਰਸਿੱਧ ਸਨ। ਆਪ ਧਰਮਸ਼ਾਲਾ ਭਾਈ ਸ਼ੋਭਾ ਰਾਮ ਜੀ ਅੱਡਣ ਸ਼ਾਹੀ, ਕਟੜਾ ਹਰੀ ਸਿੰਘ ਵਿਚ ਨਿਵਾਸ ਰੱਖਦੇ ਸਨ। ਇਹਨਾਂ ਦਾ ਜਨਮ

੧੮੦੩ ਈ. ਦਾ ਹੈ। ਬਚਪਨ ਤੋਂ ਹੀ ਆਪ ਨੂੰ ਸੰਗੀਤ ਦੀ ਲਗਨ ਲੱਗ ਗਈ। ਇਸ ਲਈ ਸਰੰਦਾ ਸਾਜ ਵਜਾਉਣਾ, ਉਸਤਾਦਾਂ ਦੀ ਸੇਵਾ ਕਰਕੇ ਸਿੱਖਿਆ। ਰਿਆਜ਼ ਕਰਨ ਵਿਚ ਬਹੁਤ ਸਮਾਂ ਬਿਤਾਇਆ। "ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਉਨ੍ਹਾਂ ਲਗਭਗ ਅਠੱਤਰ ਵਰ੍ਹੇ ਨਿਸ਼ਕਾਮ ਸੇਵਾ ਕੀਤੀ, ਪਹਿਲੀ ਚੌਂਕੀ ਲਗਾਂਦੇ ਸਨ... ਇਸ ਏਨੇ ਲੰਮੇ ਸਮੇਂ ਦੌਰਾਨ, ਮਜਾਲ ਕੀ ਕਿ ਉਹ ਕਦੇ ਆਪਣੀ ਸੇਵਾ ਤੋਂ ਕੁਝ ਮਿੰਟ ਵੀ ਲੇਟ ਹੋਏ ਹੋਣ। ਝੱਖੜ ਝੱਲਣ, ਮੀਂਹ ਜਾਏ ਭਾਂਵੇਂ ਹਨੇਰੀ, ਆਪ ਆਪਣੀ ਸੇਵਾ ਤੋਂ ਕਾਫੀ ਸਮਾਂ ਪਹਿਲਾਂ ਪਹੁੰਚ ਜਾਂਦੇ ਸਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਰਬਾਰ ਸਾਹਿਬ ਜੀ ਦੀ ਪਵਿੱਤਰ ਮਰਯਾਦਾ ਅਨੁਸਾਰ, ਅੱਧੀ ਰਾਤ ਤੋਂ ਬਾਅਦ ਦੋ ਵਜੇ ਸਵੇਰੇ ਅੰਮ੍ਰਿਤ ਵੇਲੇ ਤਿੰਨ ਪਹਿਰ ਦੀ ਚੌਂਕੀ ਕੀਰਤਨ ਲਈ ਕਿਵਾੜ ਖੁੱਲ੍ਹ ਜਾਂਦੇ ਅਤੇ ਉਧਰੋਂ ਆਪ ਦਰਸ਼ਨੀ ਡਿਓੜੀ ਦੇ ਬਾਹਰ ਬੈਠ ਕੇ, "ਦਰਮਾਦੇ ਠਾਢੇ ਦਰਬਾਰਿ ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲਿ ਕਿਵਾਰ।।" ਦਾ ਗਾਇਣ ਕਰਦੇ।

"੧੯੨੩ ਵਿਚ ਹੋਈ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਦੇ ਆਰੰਭ ਸਮੇਂ, ਪੰਜਾਂ ਪਿਆਰਿਆਂ ਵਿਚ ਸ਼ਾਮਲ ਸਨ। ਦਰਗਾਹੀ ਸੱਦੇ ਅਨੁਸਾਰ ੧੯੨੮ ਈ. ਨੂੰ ਆਪ ਚੜ੍ਹਾਈ ਕਰ ਗਏ।" ਚਾਟੀਵਿੰਡ ਅੰਮ੍ਰਿਤਸਰ ਦੇ ਸ਼ਮਸ਼ਾਨਘਾਟ ਵਿਖੇ ਸੰਗਤ ਦੇ ਵੱਡੇ ਇਕੱਠ ਅਤੇ ਚੰਦਨ ਦੀਆਂ ਲੱਕੜੀਆਂ ਦੀ ਚਿਖਾ ਤੇ ਆਪ ਦਾ ਸਸਕਾਰ ਕੀਤਾ ਗਿਆ।"[2]

ਸਤਿਗੁਰੂ ਰਾਮ ਸਿੰਘ ਜੀ ਅੰਮ੍ਰਿਤਸਰ ਦੀਪਮਾਲਾ ਦੇ ਪੁਰਬ ਸਮੇਂ ਜਾਂ ਅੱਗੇ ਪਿੱਛੇ ਵੀ ਜਦੋਂ ਆਪ ਪੱਛਮੀ ਪੰਜਾਬ ਦੇ ਦੌਰੇ ਤੇ ਚੜ੍ਹਦੇ ਤਾਂ ਇਸ ਗੁਰੂ ਨਗਰੀ ਦੇ ਦਰਸ਼ਨ ਦੀਦਾਰੇ ਵੀ ਕਰਦੇ ਅਤੇ ਆਪਣੇ ਸੇਵਕਾਂ ਨੂੰ ਵੀ ਦਰਸ਼ਨ ਦਾਤ ਨਾਲ ਨਿਹਾਲ ਕਰਦੇ। ਜਿਸ ਭਾਈ ਰਾਇ ਸਿੰਘ ਮਧੀਰ (ਜ਼ਿਲ੍ਹਾ ਫੀਰੋਜ਼ਪੁਰ) ਨੂੰ ਆਪ ਨੇ ੧੮੫੭ ਦੇ ਅਖੀਰ ਜਾਂ ੫੮ ਦੇ ਆਰੰਭ ਵਿਚ, ਖ਼ਾਲਸਈ ਰਹਿਤ ਮਰਿਆਦਾ ਲਿਆਉਣ ਲਈ ਹਜ਼ੂਰ ਸਾਹਿਬ ਭੇਜਿਆ ਸੀ ਉਸਨੇ ਵੀ ਸਤਿਗੁਰੂ ਜੀ ਦੇ ਪਹਿਲ ਪ੍ਰਿਥਮ ਦਰਸ਼ਨ, ਕਟੜਾ ਹਰੀ ਸਿੰਘ, ਸ੍ਰੀ ਅੰਮ੍ਰਿਤਸਰ ਵਿਖੇ ਹੀ ਕੀਤੇ ਸਨ।

"ਕਟੜੇ ਹਰੀ ਸਿੰਘ ਕੇ ਮਾਂਹਿ॥
ਤਾਂਹਿ ਮਿਲੇ ਵਾਲੀ ਜਗ ਜਾਹਿ॥
ਕਛ ਕੜਾ ਸੀਧਾ ਦਸਤਾਰ॥
ਬਾਣਾ ਸਵੇਤ ਪਹਿਰਿਆ ਸਾਰ॥੨੨॥

ਲਾਂਬੀ ਭੁਜਾ ਵਾ ਲਾਂਬੀ ਡੀਲ॥
ਮ੍ਰਿਦੁਲ ਬਾਕ ਪੂਰਣ ਗੁਣ ਸੀਲ॥
ਛਟੀ ਹਾਥ ਸੁੰਦਰ ਨਿਜ ਮੌਜ॥
ਚਲੇ ਆਤ ਸੁਆਮੀ ਜਗ ਫੌਜ॥੨੩॥
ਗੁਰੂ ਰਾਮ ਸਿੰਘ ਧਰਮੀ ਧੀਰ॥
ਜਾਨ ਸਿਖ ਕੀ ਬਿਰਹੋਂ ਪੀਰ॥
ਪਹੁੰਚੇ ਰਾਇ ਸਿੰਘ ਕੇ ਪਾਸ॥
ਦਰਸ਼ਨ ਪਾਇਓ ਜਬ ਸੁਖ ਰਾਸ ॥੨੪॥[3]

ਇਸ ਉਪਰੋਕਤ ਕਟੜੇ ਹਰੀ ਸਿੰਘ ਵਿਚ ਹੀ ਬਾਬਾ ਸ਼ਾਮ ਸਿੰਘ ਜੀ ਦਾ ਨਿਵਾਸ ਸੀ। ਸਤਿਗੁਰੂ ਜੀ ਦੁਆਰਾ, ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਨਾਲ ਅਤੇ ਆਪ ਦੀ ਗੁਰਮਤਿ ਗਾਡੀ ਰਾਹ ਵਾਲੀ ਸ਼ੁਭ ਸਿੱਖਿਆ ਅਤੇ ਵਿਦੇਸ਼ੀ ਸਰਕਾਰ ਨਾਲ ਉਹਨਾਂ ਦੀ ਅਸਹਿਯੋਗ ਵਾਲੀ ਨੀਤੀ ਕਾਰਨ, ਬਹੁਤ ਸਾਰੇ ਜਾਗਦੀ ਜ਼ਮੀਰ ਵਾਲੇ ਲੋਕ, ਆਪਦੇ ਝੰਡੇ ਹੇਠ ਇੱਕਠੇ ਹੋਣੇ ਸ਼ੁਰੂ ਹੋ ਗਏ ਸਨ। ਬਾਬਾ ਸ਼ਾਮ ਸਿੰਘ ਜੀ ਅੱਡਣ ਸ਼ਾਹੀ ਵੀ ਕੂਕਾ ਲਹਿਰ ਦੀ ਚੜ੍ਹਤ ਦੇ ਸਮੇਂ, ਇਸ ਵਿਚ ਸ਼ਾਮਲ ਹੋ ਗਏ ਸਨ। ਉਹ ਅਧਿਆਤਮਕ ਸ਼ਕਤੀ ਨਾਲ ਮਾਲਾ ਮਾਲ ਤਾਂ ਪਹਿਲਾਂ ਹੀ ਸਨ, ਸਤਿਗੁਰੂ ਜੀ ਦੀ ਸੰਗਤ ਨੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ ਸੀ। ਜਦੋਂ ਅਨੰਦ ਮਰਿਆਦਾ ਦੀ ਖੋਟੇ ਪਿੰਡ ਵਿਚ, ਸਤਿਗੁਰੂ ਜੀ ਨੇ ੩ ਜੂਨ ੧੮੬੩ ਈ. ਨੂੰ ਆਰੰਭਤਾ ਕੀਤੀ ਤਾਂ ਬ੍ਰਾਹਮਣਾਂ ਅਤੇ ਹੋਰ ਸਰਕਾਰ ਪੱਖੀ ਲੋਕਾਂ ਦੁਆਰਾ ਆਪ ਵਿਰੁੱਧ ਸ਼ਿਕਾਇਤਾਂ ਕਰਨ ਤੇ ਸਤਿਗੁਰੂ ਜੀ ਨੂੰ ਪਹਿਲਾਂ ਬਾਘਾ ਪੁਰਾਣਾ ਥਾਣਾ ਤੋਂ ਥਾਣਿਉਂ ਥਾਣੀਂ ਭੈਣੀ ਸਾਹਿਬ ਪੁਚਾਇਆ ਗਿਆ ਅਤੇ ਫਿਰ ਅਠਾਈ ਦਿਨ ਹਰ ਰੋਜ਼ ਆਪ ਨੂੰ ਜੂਨ ਜੁਲਾਈ ੧੮੬੩ ਵਿਚ, ਲੁਧਿਆਣੇ ਡੀ. ਸੀ. ਦੀ ਕਚਿਹਰੀ ਵਿਚ ਪੇਸ਼ ਹੋਣ ਲਈ ਸੱਦਿਆ ਜਾਂਦਾ ਸੀ। ਉਸ ਸਮੇਂ ਸਤਿਗੁਰੂ ਜੀ ਦੀ ਚੜ੍ਹਦੀ ਕਲਾ ਲਈ ਬਾਬਾ ਸ਼ਾਮ ਸਿੰਘ ਜੀ ਰੋਜ਼ ਬੰਦਗੀ ਕਰਦੇ ਰਹੇ ਸਨ। ਵੇਰਵਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿਚ ਮਿਲਦਾ ਹੈ। ਇਹ ਬੰਦਗੀ ਵੀ ਆਪ ਹਰਮੰਦਰ ਸਾਹਿਬ ਵਾਲੇ ਸਰੋਵਰ ਦੇ ਜਲ ਵਿਚ ਕਰਦੇ ਸਨ।

"ਬਾਬਾ ਸ਼ਾਮ ਸਿੰਘ ਜੀ– ਹੁਣ ਅਸੀਂ ਕੀ ਆਖੀਏ ਅੱਜ, ਬਈ ਭੁੱਲ ਗਏ– ਬਾਬਾ ਸ਼ਾਮ ਸਿੰਘ ਜੀ ਅੱਡਣ ਸ਼ਾਹੀਏ, ਲੋਕ ਉਹਨਾਂ ਨੂੰ ਜਾਣਦੇ ਸਨ, ਬ੍ਰਹਮ ਗਿਆਨੀ ਕਹਿੰਦੇ ਸਨ, ਅੰਮ੍ਰਿਤਸਰ ਜੀ ਰਹਿੰਦੇ ਸਨ। ਇਹ ਫੱਤੇ

ਵਾਲੀਏ ਲਛਮਣ ਸਿੰਘ ਹੁਰਾਂ ਦੇ ਪਿਤਾ (ਸ. ਸ਼ੇਰ ਸਿੰਘ ਗਰੰਥ ਗੜ੍ਹ) ਉਹਨਾਂ ਦੇ ਸੇਵਕ ਸੇ। ਇਹਨਾਂ ਨੂੰ ਉਹਨਾਂ ਆਖਿਆ- ਬਈ ਜਾਓ, ਅਵਤਾਰ ਦਾ ਪਤਾ ਲੱਗਾ ਹੈ ਕਿ ਪ੍ਰਗਟ ਹੈ ਕਿ ਪ੍ਰਗਟ ਹੋਇਐ, ਤੁਸੀਂ ਭਜਨ ਪੁੱਛੋ। ਇਨ੍ਹਾਂ ਭਜਨ ਪੁੱਛਿਆ, ਫਿਰ ਬਾਬੇ ਸ਼ਾਮ ਸਿੰਘ ਹੁਰਾਂ ਸਤਿਗੁਰਾਂ ਤੋਂ ਭਜਨ ਪੁੱਛਿਆ। ਜਦੋਂ ਪਤਾ ਲੱਗਾ ਬਈ ਸਤਿਗੁਰਾਂ ਨੂੰ ਲੈ ਗਏ ਨੇ ਫੜ ਕੇ ਤੇ ਅਠਾਈ ਦਿਨ ਰੋਜ਼ ਮੁਕੱਦਮਾ ਲੁਧਿਆਣੇ ਪੇਸ਼ ਹੁੰਦਾ ਰਿਹਾ- ਅਨੰਦਾਂ ਦੇ ਬਾਬਤ, ਬਾਬੇ ਸ਼ਾਮ ਸਿੰਘ ਹੁਰੀਂ ਡੇਢ ਪਹਿਰ ਰਾਤ ਨਾਲ ਗਲ-ਗਲ ਜਲ 'ਚ ਆ ਕੇ, ਖਲੋ ਕੇ, ਸਤਿਗੁਰਾਂ ਵੱਲ ਚਿਹਰਾ ਕਰਕੇ, ਭਜਨ ਕਰਦੇ ਰਹੇ, ਬਈ ਇਹ ਕੰਮ ਕਿਵੇਂ ਨਿੱਬੜੇ। ਜਿਸ ਦਿਨ ਸਤਿਗੁਰ ਸੱਚੇ ਪਾਤਸ਼ਾਹ- ਉਹ ਕੰਮ ਨਿੱਬੜ ਗਿਆ- ਭੈਣੀ ਸਾਹਿਬ ਚਲੇ ਗਏ, ਬਾਬੇ ਹੋਰਾਂ ਨੂੰ ਅਵਾਜ਼ ਹੋਈ- ਬਈ ਕੰਮ ਫ਼ਤਹਿ ਹੋ ਗਿਐ, ਹੁਣ ਨਾ ਜਾਇਓ। ਅਗਲੇ ਦਿਨ ਜਾ ਕੇ ਖਲੋਤੇ, ਖਲੋਤਾ ਹੀ ਨਾ ਗਿਆ।ਉਹ ਬਾਬੇ ਹੋਰੀਂ ਵੀ ਭੁੱਲ ਗਏ। ਗੁਰੂ ਨਾਨਕ ਨੇ ਆਖਿਆ ਸੀ- ਕਿਸੇ ਤੇ ਸ਼ੰਕਾ ਨਾ ਕਰੋ, ਆਪਣਾ ਫਰਜ਼ ਹੈ ਕਹਿਣਾ ਇੱਕ ਦੂਏ ਨੂੰ, ਸਾਧ-ਸੰਗਤ ਵਿਚ ਇਹੋ ਗੱਲ ਹੈ, ਇਕ-ਦੂਏ ਦੀ ਬਾਂਹ ਫੜੋ, ਉਠਾਓ- ਬੱਚਾ ਅਜਿਤਿਆ ਅਜਿਹਾ ਸਮਾਂ ਆਏਗਾ, ਤੂੰ ਵੀ ਭੁੱਲ ਜਾਏਂਗਾ।"[4]

ਉਪਰੋਕਤ ਭਾਈ ਸ਼ੇਰ ਸਿੰਘ, ਆਪਣੇ ਸਮੇਂ ਦਾ ਆਹਲੂਵਾਲੀਆਂ ਦੇ ਗਰੰਥ ਗੜ੍ਹ, ਫੱਤੇਵਾਲ ਆਦਿਕ ਪਿੰਡ ਜੋ ਅਜਨਾਲਾ ਤਹਿਸੀਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਆਉਂਦੇ ਹਨ ਨਾਲ ਸਬੰਧਿਤ, ਇੱਕ ਉੱਘਾ ਨਾਮਧਾਰੀ ਸੰਤ-ਸਰਦਾਰ ਹੋਇਆ ਹੈ। ਗਰੰਥ ਗੜ੍ਹ ਅਤੇ ਫੱਤੇਵਾਲ ਗੁਆਂਢੀ ਪਿੰਡ ਹਨ ਅਤੇ ਆਹਲੂਵਾਲੀਏ ਸਰਦਾਰ ਇੱਥੇ ਸਿੱਖ ਮਿਸਲਾਂ ਦੇ ਸਮੇਂ ਤੋਂ ਆ ਵੱਸੇ ਸਨ। ਫੱਤੇਵਾਲ ਦਾ ਸੂਬਾ ਭਗਵਾਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਦੀਵਾਨਾਂ ਵਿਚ ਚੋਬਦਾਰ ਦੀ ਸੇਵਾ ਵੀ ਨਿਬਾਹਿਆ ਕਰਦਾ ਸੀ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਰਹਿ ਕੇ ਨਾਮਧਾਰੀ ਪੰਥ ਦਾ ਪਰਚਾਰ ਵੀ ਕਰਦਾ ਸੀ। ਸੂਬਾ ਜੀ ਗੁਰਦਿੱਤ ਸਿੰਘ ਦੇ ਪੁੱਤਰ ਸਨ ਅਤੇ ਉਹਨਾਂ ਦੇ ਚਾਚੇ ਜਾਂ ਤਾਏ ਹਰਦਿੱਤ ਸਿੰਘ ਦਾ ਪੁੱਤਰ ਕਾਲਾ ਸਿੰਘ ਵੀ ਸਰਕਾਰੀ ਰਿਕਾਰਡ ਮੁਤਾਬਿਕ ਕੱਟੜ ਕੂਕਾ ਸੀ। ਨੇਪਾਲ ਅਤੇ ਕਸ਼ਮੀਰ ਆਦਿ ਰਿਆਸਤਾਂ ਨਾਲ ਕੂਕਾ ਦਰਬਾਰ ਦੇ ਕੂਟਨੀਤਿਕ ਸੰਬੰਧ ਸਿਰਜਣ ਵਿਚ ਪ੍ਰਮੁੱਖ ਸੂਤਰਧਾਰ, ਭਾਈ ਕਿਸ਼ਨ ਸਿੰਘ ਗਰੰਥ ਗੜ੍ਹ ਦੇ ਰਾਮਦੱਤ ਸਿੰਘ ਦਾ ਪੁੱਤਰ ਸੀ। ਮਾਲੂਮ ਹੁੰਦਾ ਹੈ ਕਿ ਰਾਮਦੱਤ ਸਿੰਘ, ਹਰਦਿੱਤ ਸਿੰਘ ਅਤੇ ਗੁਰਦਿੱਤ ਸਿੰਘ ਤਿੰਨੇ ਭਰਾ ਹੀ ਸਨ। ਭਾਈ ਸ਼ੇਰ ਸਿੰਘ ਦਾ ਜਨਮ ੧੯੩੧ ਈ. ਵਿਚ ਸ੍ਰ. ਜਵਾਹਰ ਸਿੰਘ ਆਹਲੂਵਾਲੀਆ ਦੇ ਘਰ ਹੋਇਆ ਸੀ। ਗ੍ਰੰਥਗੜ੍ਹ ਜਾਂ

ਫੱਤੇਵਾਲ ਦੇ ਇਹ ਸਾਰੇ ਆਹਲੂਵਾਲੀਏ ਸਿੰਘ, ਇੱਕ ਹੀ ਖ਼ਾਨਦਾਨ ਨਾਲ ਸੰਬੰਧਿਤ ਸਨ ਅਤੇ ਸਿੱਖ ਰਾਜ ਸਮੇਂ ਇਹ ਫੌਜੀ ਸੇਵਾਵਾਂ ਦੇ ਬਦਲੇ, ਜਗੀਰਾਂ, ਸਰਦਾਰੀਆਂ ਲੈਣ ਵਾਲਾ ਘਰਾਣਾ ਸੀ।

ਸ਼ੇਰ ਸਿੰਘ ਦੇ ਜੁਆਨੀ ਚੜ੍ਹਨ ਤੱਕ, ਲਾਹੌਰ ਦਾ ਸਿੱਖ ਦਰਬਾਰ, ਕੰਪਨੀ ਸਰਕਾਰ ਦੇ ਅਧੀਨ ਆ ਚੁੱਕਾ ਸੀ। ਪੁਰਾਣੇ ਫੌਜੀ ਘਰਾਣਿਆਂ ਦੇ ਨੌਜੁਆਨਾਂ ਨੂੰ ਅੰਗਰੇਜ਼ ਸਰਕਾਰ ਆਪਣੀ ਸੈਨਾ ਵਿਚ ਭਰਤੀ ਕਰ ਰਹੀ ਸੀ। ਸ਼ੇਰ ਸਿੰਘ ਵੀ ਅੰਗਰੇਜ਼ ਸਰਕਾਰ ਦੇ ਇਕ ਫੌਜੀ ਰਸਾਲੇ ਵਿਚ ਭਰਤੀ ਹੋ ਗਿਆ। ਉਸ ਸਮੇਂ ਆਪ ਦੀ ਉਮਰ ੧੮-੧੯ ਸਾਲ ਦੀ ਸੀ। ਇਕ ਵੇਰ ਛੁੱਟੀ ਮਿਲਣ ਤੇ ਆਪ ਆਪਣੇ ਪਿੰਡ ਫੱਤੇਵਾਲ ਆਏ ਤਾਂ ਹੁਣ ਤਿੰਨੇ ਭਾਈ ਆਪੋ ਵਿਚ ਸਲਾਹ ਕਰਕੇ ਘਰ ਵੱਖ ਵੱਖ ਕਰ ਲਏ। ਘਰ ਲਈ ਜ਼ਰੂਰੀ ਸਮੱਗਰੀ, ਬਰਤਨ ਵਗੈਰਾ ਖਰੀਦਣ ਲਈ, ਆਪ ਅੰਮ੍ਰਿਤਸਰ ਨਗਰ ਵਿਖੇ ਪਹੁੰਚ ਗਏ। ਇਹ ਘਟਨਾ ੧੮੬੫ ਈ. ਦੇ ਨੇੜੇ ਤੇੜੇ ਦੀ ਹੈ। ਆਪ ਦੇ ਪਿੰਡ ਵਿਚ ਉੱਪਰ ਵਰਣਿਤ ਬਾਬਾ ਸ਼ਾਮ ਸਿੰਘ ਜੀ ਅੱਡਣ ਸ਼ਾਹੀਏ ਦੀ ਕਾਫੀ ਸਿੱਖੀ ਸੇਵਕੀ ਸੀ। ਗੁਰਮਤਿ ਪਰਚਾਰ ਲਈ ਬਾਬਾ ਜੀ ਇਹਨਾਂ ਪਿੰਡਾਂ ਵਿਚ ਆਉਂਦੇ ਜਾਂਦੇ ਰਹਿੰਦੇ ਸਨ ਅਤੇ ਇਹਨਾਂ ਪਿੰਡਾਂ ਦੇ ਲੋਕ ਵੀ ਕਿਸੇ ਵਿਹਾਰ ਕਾਰ ਵਾਸਤੇ, ਅੰਮ੍ਰਿਤਸਰ ਜਾਂਦੇ ਤਾਂ ਉਹ ਆਪਣਾ ਟਿਕਾਣਾ, ਬਾਬਾ ਜੀ ਦੇ ਡੇਰੇ ਵਿਖੇ ਹੀ ਕਰਿਆ ਕਰਦੇ ਸਨ। ਭਾਈ ਸ਼ੇਰ ਸਿੰਘ ਵੀ ਬਾਬਾ ਜੀ ਦੇ ਡੇਰੇ ਵਿਖੇ ਜਾ ਹਾਜ਼ਰ ਹੋਏ। ਬਾਬਾ ਜੀ ਆਪਦਾ ਸੁੰਦਰ, ਸੁਡੌਲ ਸਰੀਰ ਅਤੇ ਸਾਊ ਦਿੱਖ ਵੇਖ ਕੇ, ਬੜੇ ਪ੍ਰਭਾਵਿਤ ਹੋਏ ਅਤੇ ਇਹਨਾਂ ਨੂੰ ਆਪਣੇ ਪਾਸ ਬਿਠਾ ਕੇ ਕਹਿਣ ਲੱਗੇ, "ਭਾਈ ਲੜਕਿਆ ਤੂੰ ਬੰਦਗੀ ਕਰਿਆ ਕਰ।" ਆਪ ਨੇ ਬਾਬਾ ਜੀ ਦੀ ਇਸ ਮੰਗ ਦਾ ਹਾਂ ਪੱਖੀ ਜੁਆਬ ਦੇ ਕੇ ਫਿਰ ਪੁੱਛਿਆ ਕਿ ਮੈਨੂੰ ਬੰਦਗੀ ਕਰਨ ਦਾ ਵੱਲ ਵੀ ਸਮਝਾ ਦਿਉ ! ਇਸ ਤੇ ਭਾਂਵੇ ਬਾਬਾ ਜੀ ਆਪ ਵੀ ਪੂਰਨ ਸਾਧੂ ਸਨ ਪਰ ਉਹਨਾਂ ਨੇ ਸ਼ੇਰ ਸਿੰਘ ਨੂੰ ਜਿਸ ਮਾਲਾ ਦਾ ਉਹ ਮਣਕਾ ਸੀ, ਉਸ ਵਿਚ ਪਰੋਣ ਲਈ ਫੁਰਮਾਇਆ ਕਿ ਅਸਾਂ ਸੁਣਿਆ ਹੈ ਕਿ ਪਿੰਡ "ਭੈਣੀ" ਜ਼ਿਲ੍ਹਾ ਲੁਧਿਆਣਾ ਵਿਚ ਅਵਤਾਰ ਪ੍ਰਗਟਿਆ ਹੈ ਤੂੰ ਹੁਣ ਉੱਥੇ ਪੁੱਜ ਜਾ ਅਤੇ ਉਹਨਾਂ ਪਾਸੋਂ ਹੀ ਨਾਮ ਦੀ ਦਾਤ ਅਤੇ ਸਿੱਖੀ ਸਿਦਕ ਗ੍ਰਹਿਣ ਕਰ ! ਉਹਨਾਂ ਦੇ ਦਰਸ਼ਨਾਂ ਮਾਤਰ ਨਾਲ ਹੀ ਜਨਮ ਜਨਮਾਂਤਰਾਂ ਦੇ ਖੋਟੇ ਕਰਮ ਕੱਟੇ ਜਾਂਦੇ ਹਨ। ਭਾਈ ਸ਼ੇਰ ਸਿੰਘ ਇੱਥੋਂ ਵਾਪਸ ਆਪਣੇ ਪਿੰਡ ਗਰੰਥ ਗੜ੍ਹ ਜਾਂ ਫੱਤੇਵਾਲ ਨਹੀਂ ਗਏ ਸਗੋਂ ਸਿੱਧੇ, ਪੁੱਛਦੇ ਪੁਛਾਉਂਦੇ, ਭੈਣੀ ਸਾਹਿਬ ਦੇ ਰਾਹੇ ਪੈ ਗਏ।

ਜਦੋਂ ਕੁ ਜਿਹੇ ਉਹ ਇਸ ਨਵੇਂ ਸਫਰ ਦੇ ਪਾਂਧੀ ਬਣੇ ਤਾਂ ਆਪਣੇ ਮਨ

ਵਿਚ ਇਹ ਸੰਕਲਪ ਕਰ ਲਿਆ ਕਿ ਜੇ ਉਹ ਪੂਰਨ ਗੁਰੂ ਜੋਤਿ ਹੋਏ ਤਾਂ ਇਹ ਫੁਰਨੇ ਸ਼ਾਂਤ ਕਰਨਗੇ।

(੧) ਮੇਰਾ ਨਾਮ ਲੈ ਕੇ ਬੁਲਾਉਣਗੇ (੨) ਆਪਣਾ ਸੀਤ ਪਰਸਾਦ ਦੇਣਗੇ ਅਤੇ (੩) ਨੌਕਰੀ ਬਾਬਤ ਮੈਨੂੰ ਕੁਝ ਕਹਿਣਗੇ। ਆਪ ਇਹ ਵਿਚਾਰਦੇ ਗੁਰੂਧਾਮ ਪਹੁੰਚ ਗਏ। ਭੈਣੀ ਸਾਹਿਬ (ਉਸ ਸਮੇਂ) ਹਮੇਸ਼ਾਂ ਗੁੜ ਦੀ ਸਰਦਾਈ ਬਣਦੀ ਸੀ, ਪਰ ਆਪ ਕਦੇ ਗੁੜ ਵਾਲਾ ਜਲ ਨਹੀਂ ਸਨ ਛਕਦੇ ਹੁੰਦੇ। ਇਹਨਾਂ ਦੇ ਬਿਨਾਂ ਕੁਝ ਕਹਿਣ ਸੁਣਨ ਦੇ ਹੀ ਆਪ ਨੂੰ ਖੰਡ ਦੀ ਸਰਦਾਈ ਮਿਲਦੀ ਰਹੀ।

"ਤਿੰਨ ਦਿਨ ਆਪ ਕੀਰਤਨ ਦਾ ਰਸ ਮਾਣਦੇ ਰਹੇ ਭਾਂਵੇਂ ਆਪ ਦਾ ਹਿਰਦਾ ਤਾਂ ਉਸ ਮੋਹਣੀ ਮੂਰਤ ਦੇ ਦਰਸ਼ਨ ਪਰਸਨ ਨਾਲ ਹੀ ਖਿੱਚਿਆ ਗਿਆ। ਆਪਣੇ ਕੀਤੇ ਹੋਏ ਸੰਕਲਪ ਨੂੰ ਪੂਰਾ ਨਾ ਹੁੰਦਾ ਵੇਖ ਕੇ, ਆਪ ਭੈਣੀ ਸਾਹਿਬ ਤੋਂ ਕਿਸੇ ਨੂੰ ਕੁਛ ਕਹਿਣ ਸੁਣਨ ਤੋਂ ਬਿਨਾਂ ਹੀ ਵਾਪਸ ਆਏ। ਜਦ ਆਪ ਕੋਈ ਅੱਧ ਮੀਲ ਦੇ ਫਾਸਲੇ ਤੇ ਗਏ, ਤਾਂ ਆਪਦੇ ਦਿਲ ਵਿਚ ਆਈ ਕਿ ਚਲੋ ਅੱਜ ਦਾ ਦੀਵਾਨ ਭੀ ਸੁਣ ਚੱਲੀਏ। ਆਪ ਦੀਵਾਨ ਅਸਥਾਨ ਤੇ ਸਭ ਤੋਂ ਪਿੱਛੇ ਹਟ ਕੇ ਖਲੋ ਗਏ। ਸੱਚੇ ਪਾਤਸ਼ਾਹ ਜੀ ਨੇ ਇਕ ਸਿੱਖ ਨੂੰ ਹੁਕਮ ਦਿੱਤਾ ਕਿ ਸ਼ੇਰ ਸਿੰਘ ਨਾਮ ਦਾ ਇਕ ਸਿੱਖ ਪਿਛੇ ਖੜ੍ਹਾ ਹੈ, ਉਸਨੂੰ ਆਵਾਜ਼ ਦਿਉ। ਜਿਸ ਵੇਲੇ ਆਪ ਦੇ ਸਾਹਮਣੇ ਹੋਏ ਤਾਂ ਅੰਤਰਯਾਮੀ ਦਾਤਾ ਜੀ ਨੇ ਕਿਹਾ– "ਸ਼ੇਰ ਸਿੰਘ ਅਜੇ ਭਾਂਡੇ ਖਰੀਦੇ ਹਨ ਕਿ ਨਹੀਂ।" ਝੱਟ ਆਪਦੇ ਮਨ ਅੰਦਰ ਇਕ ਕਰੰਟ ਪੈਦਾ ਹੋ ਗਿਆ, ਪਰ ਆਪ ਸੰਭਲ ਗਏ ਕਿਉਂਕਿ ਅਜੇ ਦੋ ਹਿੱਸੇ ਬਾਕੀ ਸਨ। (ਫਿਰ ਸਾਹਿਬਾਂ ਨੇ ਪੁੱਛਿਆ। "ਕਿਉਂ ਭਾਈ ਅੱਜ ਇਸ਼ਨਾਨ ਕੀਤਾ ਹੈ ?" "ਜੀ ਹਾਂ! ਸੱਚੇ ਪਾਤਸ਼ਾਹ!!" ਇਤਨੇ ਨੂੰ ਇਕ ਸਿੱਖ ਸਤਿਗੁਰਾਂ ਲਈ ਸਰਦਾਈ ਦੀਵਨ ਵਿਚ ਹੀ ਲੈ ਆਇਆ। ਸਰਦਾਈ ਛਕ ਕੇ ਉਹੋ ਛੰਨਾ ਆਪ ਨੇ ਸ਼ੇਰ ਸਿੰਘ ਨੂੰ ਦੇ ਦਿੱਤਾ ਅਤੇ ਕਿਹਾ ਲੈ ਕਾਕਾ ਤੂੰ ਵੀ ਜਲ ਛਕ। ਨਾਲ ਹੀ ਇਹ ਵੀ ਕਿਹਾ ਕਿ ਬਹੁਤੀਆਂ ਅਜ਼ਮੈਸ਼ਾਂ ਨਹੀਂ ਕਰੀਦੀਆਂ। ਬੱਸ ਆਪ ਨੇ ਝੱਟ ਆਪਣਾ ਆਪ ਛੱਡ ਕੇ ਭਜਨ ਪੁੱਛ ਲਿਆ ਪਰ ਦੀਨ ਦਿਆਲ ਜੀ ਨੇ ਤੀਸਰਾ ਬਚਨ ਭੀ ਨਾਲ ਹੀ ਕਰ ਦਿਤਾ ਕਿ ਮਲੇਛਾਂ ਦੀ ਨੌਕਰੀ ਨਹੀਂ ਕਰਨੀ।'[5]

ਜਦੋਂ ਸ਼ੇਰ ਸਿੰਘ ਨੇ ਦੱਸਿਆ ਕਿ ਉਸ ਨੇ ਇਸ਼ਨਾਨ ਕੀਤਾ ਹੋਇਆ ਹੈ ਤਾਂ ਉਸਦਾ ਮੋਢਾ ਪਕੜ ਕੇ ਕੰਨ ਵਿਚ ਨਾਮ ਦੀ ਦਾਤ ਸਤਿਗੁਰੂ ਜੀ ਨੇ ਬਖਸ਼ ਦਿੱਤੀ। ਇਸ ਨਾਲ ਉਹ ਨਦਰਿ ਨਿਹਾਲ ਵਾਲੀ ਅਵਸਥਾ ਵਿਚ

ਪੁੱਜ ਗਏ ਸਨ। ਇਹ ਕਹਿੰਦਿਆਂ ਕਿ ਸ਼ੇਰ ਸਿੰਘ, ਸਾਧ ਸੰਗਤ ਦਾ ਦਰਸ਼ਨ ਬੜੀ ਚੀਜ਼ ਹੈ, ਹੋਰ ਹੁਕਮ ਇਉਂ ਸਾਦਰ ਕੀਤੇ- (੧) ਮਾਸ ਮਦਰਾ ਆਦਿ ਨਹੀਂ ਵਰਤਨਾਂ (੨) ਘਰ ਆਏ ਸਾਧ ਦੀ ਸੇਵਾ ਕਰਨੀ (੩) ਪਰਸ਼ਾਦਾ ਧਰਮ ਦੀ ਕਿਰਤ ਕਰਕੇ ਛਕਣਾ (੪) ਅੱਠੇ ਪਹਿਰ ਭਜਨ ਕਰਨਾ (੫) ਜੇ ਕੋਈ ਬੋਲ ਕਬੋਲ ਕਰੇ ਤਾਂ ਉਸਨੂੰ ਸਹਾਰਨਾ।[6]

ਸਮਾਂ ਪਾ ਕੇ ਸਤਿਗੁਰੂ ਜੀ ਮਾਝੇ ਦੇ ਕਿਸੇ ਦੌਰੇ ਸਮੇਂ ਪਿੰਡ ਫੱਤੇਵਾਲ ਪਹੁੰਚੇ ਸਨ। ਹੁਣ ਭਾਈ ਸ਼ੇਰ ਸਿੰਘ ਜੀ ਆਪਦੇ ਹੁਕਮ ਅਨੁਸਾਰ ਅੰਗਰੇਜ਼ ਸਰਕਾਰ ਦੀ ਨੌਕਰੀ ਦੁਬਾਰਾ ਕਰਨ ਦੇ ਇੱਛੁਕ ਨਾ ਰਹੇ। ਇਸ ਤੋਂ ਪਹਿਲਾਂ ਆਪ ਵਾਲਾ ਰਸਾਲਾ ਕਿਸੇ ਕਾਰਨ ਟੁੱਟ ਚੁੱਕਾ ਸੀ। ਆਪ ਆਪਣੇ ਵਾਲੇ ਫੌਜੀ ਘੋੜੇ ਅਤੇ ਇਸ ਨੂੰ ਸਾਂਭਣ ਵਾਲੇ ਇਕ ਸਾਈਸ, ਜਿਸ ਦਾ ਨਾਮ ਸਾਵਣ ਸਿੰਘ ਸੀ, ਉਸ ਨੂੰ ਵੀ ਨਾਲ ਹੀ ਆਪਣੇ ਪਿੰਡ ਲੈ ਆਏ ਸਨ। ਸਾਵਣ ਸਿੰਘ ਦੇ ਪਿਤਾ ਦਾ ਨਾਮ ਜੀਤਾ ਸਿੰਘ ਸੀ। ਉਸ ਦਾ ਜਨਮ ੧੮੩੫-੪੦ ਈ. ਦੇ ਦਰਮਿਆਨ ਦਾ ਸੀ। ਹੁਣ ਜਦੋਂ ਸਤਿਗੁਰੂ ਜੀ ਫੱਤੇਵਾਲ ਵਿਖੇ ਪਧਾਰੇ ਤਾਂ ਉਸ ਦੇ ਘਰ ਚਰਨ ਪਾਉਣ ਸਮੇਂ, ਸ਼ੇਰ ਸਿੰਘ ਹੋਰਾਂ ਨੇ ਘੋੜਾ ਸਮੇਤ ਜ਼ੀਨ ਵਗੈਰਾ ਸੁਨਹਿਰੀ ਕਾਠੀ ਦੇ ਸਾਰੇ ਸਾਜ਼ ਜੜਤ ਅਤੇ ਸੁਣੇ ਸਾਈਸ ਸਾਵਣ ਸਿੰਘ ਦੇ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤਾ। ਇਸ ਭਾਈ ਸਾਵਣ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਆਪਣੇ ਸਮੇਂ ਹੀ ਸ੍ਰੀ ਭੈਣੀ ਸਾਹਿਬ ਵਿਖੇ, ਆਪਣੇ ਘੋੜਿਆਂ ਦਾ ਦਰੋਗਾ ਥਾਪ ਦਿੱਤਾ ਸੀ। ਪਰਦੇਸ ਗਮਨ ਸਾਕੇ ਤੋਂ ਬਾਅਦ ਇਹ ਬਿਪਤਾ ਦੇ ਸਮੇਂ ਵੀ ਡੇਰਾ ਭੈਣੀ ਸਾਹਿਬ ਵਿਖੇ ਰਹਿ ਕੇ, ਆਪਣੇ ਅਸਤਬਲ ਦੇ ਘੋੜੇ ਘੋੜੀਆਂ ਦੀ ਸੇਵਾ ਕਰਦਾ ਰਿਹਾ। ਗੁਰੂ ਹਰੀ ਸਿੰਘ ਜੀ ਦੇ ਹਜ਼ੂਰੀ ਸਿੱਖਾਂ ਵਿਚੋਂ ਸੀ ਅਤੇ ਇਸ ਦਾ ਅੰਤ ਸਮਾਂ, ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰਤਾ ਗੱਦੀ ਤੇ ਬਿਰਾਜਣ ਤੋਂ ਕੁਝ ਹੀ ਵਰ੍ਹੇ ਬਾਅਦ ਆਇਆ ਸੀ।

ਹੁਣ ਭਾਈ ਸ਼ੇਰ ਸਿੰਘ ਦਾ ਨਾਮਧਾਰੀ ਬਣਨਾ ਇਸ ਪਿੰਡ ਅਤੇ ਇਲਾਕੇ ਵਿਚ, ਨਾਮਧਾਰੀ ਸਿੱਖੀ ਦੇ ਫੈਲਣ ਵਿਚ ਬਹੁਤ ਉਪਯੋਗੀ ਸਿੱਧ ਹੋਇਆ। ਆਪ ਦਾ ਪਿੰਡ ਫੱਤੇਵਾਲ ਤਾਂ ਉਸ ਸਮੇਂ ਸਾਰਾ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਬਖਸ਼ੇ ਪਾਵਨ ਨਾਮ ਨਾਲ ਜੁੜ ਚੁੱਕਾ ਸੀ। ਸਤਿਗੁਰੂ ਰਾਮ ਸਿੰਘ ਜੀ ਜਦੋਂ ਵੀ ਸਿਆਲਕੋਟ ਜ਼ਿਲ੍ਹੇ ਦੇ ਦੌਰੇ ਤੇ ਚੜ੍ਹਦੇ ਸਨ ਤਾਂ ਮਾਝੇ ਵਿਚੋਂ ਫੱਤੇਵਾਲ ਪੁੱਜ ਕੇ, ਇੱਥੋਂ ਰਾਵੀ ਨਦੀ ਪਾਰ ਕਰ ਕੇ, ਦੜਪ ਦੇ ਇਲਾਕੇ ਵਿਚ ਪੁੱਜ ਜਾਂਦੇ ਸਨ। ਇੱਥੋਂ ਨਜ਼ਦੀਕ ਹੀ ਆਪ ਜੀ ਦੇ ਸੈਨਿਕ ਜੀਵਨ ਦੇ ਸਾਥੀ ਬਾਬਾ ਜਮੀਅਤ ਸਿੰਘ ਹੋਰਾਂ ਦਾ ਪਿੰਡ ਗਿੱਲ ਸੀ। ਸਤਿਗੁਰੂ ਜੀ ਫੱਤੇਵਾਲ ਨੂੰ ਦੜਪ ਦੀ ਡਿਉਢੀ ਕਹਿਕੇ ਨਿਵਾਜਿਆ ਕਰਦੇ ਸਨ। ਬਾਬਾ

ਸ਼ੇਰ ਸਿੰਘ ਜੀ ਨੇ ਸਾਰੀ ਮਗਰਲੀ ਆਯੂ, ਨਾਮ ਬਾਣੀ ਨਾਲ ਜੁੜ ਕੇ, ਆਪਣੇ ਇਲਾਕੇ ਵਿਚ ਗੁਰਮਤਿ ਪਰਚਾਰ ਕਰਦਿਆਂ ਬਿਤਾਈ। ਜਿਹਾ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਆਪਦਾ ਇਹ ਸਾਰਾ ਆਹਲੂਵਾਲੀਆ ਪਰਵਾਰ, ਗੁਰੂ ਚਰਨਾਂ ਦਾ ਭੌਰਾ ਬਣ ਗਿਆ ਸੀ। ਅੰਮ੍ਰਿਤਸਰ ਸ਼ਹਿਰ ਵਿਚ ਰਹਿ ਕੇ ਨਾਮਧਾਰੀ ਮੱਤ ਦਾ ਪਰਚਾਰ ਕਰਨ ਵਾਲੀ ਬੀਬੀ ਜੁਆਲਾ ਦੇਵੀ ਵੀ ਇਸੇ ਪਰਵਾਰ ਨਾਲ ਸਬੰਧਿਤ ਸੀ, ਜਿਹਨਾਂ ਦੇ ਨਾਮ ਆਏ ਅਨੇਕ ਹੁਕਮਨਾਮਿਆਂ ਵਿਚ, ਸਤਿਗੁਰੂ ਜੀ ਗੁਰਮਤਿ ਅਤੇ ਸਿੱਖੀ ਦੀਆਂ ਬਰੀਕੀਆਂ ਸਮਝਾਉਂਦੇ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਇੱਕ ਉਪਦੇਸ਼ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਬਾਬਾ ਸ਼ੇਰ ਸਿੰਘ ਹੋਰੀਂ ਵੀ ਸਤਿਗੁਰੂ ਜੀ ਦਾ ਰੰਗੂਨ ਦਰਸ਼ਨ ਕਰਕੇ ਆਏ ਸਨ। ਆਪ ਤੋਂ ਬਿਨਾਂ ਆਪ ਦੇ ਪਿੰਡ ਦੇ ਹੀ ਸੂਬਾ ਭਗਵਾਨ ਸਿੰਘ, ਕਾਲਾ ਸਿੰਘ ਅਤੇ ਮੂਲਾ ਸਿੰਘ, ਇਹ ਸਾਰੇ ਵੀ ਆਹਲੂਵਾਲੀਏ ਸਿੰਘ ਹੀ ਸਨ ਜੋ ਰੰਗੂਨ ਜਾ ਕੇ, ਦਰਸ਼ਨ ਕਰਕੇ ਆਏ ਸਨ।

ਬਾਬਾ ਸ਼ੇਰ ਸਿੰਘ ਹੋਰਾਂ ਦੇ ਸ੍ਰ. ਲਛਮਣ ਸਿੰਘ ਅਤੇ ਡਾਕਟਰ ਇੰਦਰ ਸਿੰਘ 'ਦਮਕ' ਨਾਮ ਦੇ ਦੋ ਪੁੱਤਰਾਂ ਦਾ ਹਵਾਲਾ ਤਾਂ ਸਾਡੇ ਤੱਕ ਪੁੱਜਦਾ ਹੈ। ਸ੍ਰ. ਲਛਮਣ ਸਿੰਘ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਤੀਜੇ, ਚੌਥੇ ਦਹਾਕੇ (ਵੀਹਵੀਂ ਸਦੀ) ਵਿਚ, ਨਾਮਧਾਰੀ ਦਰਬਾਰ ਦੇ ਪ੍ਰਧਾਨ ਵੀ ਰਹੇ ਸਨ। ਡਾ. ਇੰਦਰ ਸਿੰਘ ਹੋਰਾਂ ਨੇ ਕਵਿਤਾ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਸੰਖੇਪ ਬਿਰਤਾਂਤ, "ਜਗਦਾ ਦੀਵਾ" ਨਾਮ ਦੀ ਕਿਤਾਬ ੧੯੧੨ ਈ. ਵਿਚ ਛਪਵਾਈ ਸੀ ਕਿਉਂਕਿ ਉਸ ਸਮੇਂ ਮੁਲਤਾਨ ਜ਼ਿਲ੍ਹੇ ਵਿਚ ਰਹਿੰਦੇ ਸਨ। ਉਹਨਾਂ ਨੂੰ ਡਾ. ਇੰਦਰ ਸਿੰਘ 'ਮੁਲਤਾਨੀ' ਵੀ ਲਿਖਿਆ ਮਿਲਦਾ ਹੈ। ਇਹ ਲਛਮਣ ਸਿੰਘ ਤੋਂ ਛੋਟੇ ਸਨ ਅਤੇ ਦੋਹਾਂ ਨੇ ਸਤਿਜੁਗ ਸਪਤਾਹਿਕ ਵਿਚ ਆਪਣੇ ਪਿਤਾ ਜੀ ਬਾਰੇ ਦੋ ਲੇਖ ਵੀ ਲਿਖੇ ਸਨ। ਇੰਦਰ ਸਿੰਘ ਹੋਰਾਂ ਦਾ ਲੇਖ ਉਸ ਦ੍ਰਿੜ ਅਕੀਦੇ ਦੀ ਦੱਸ ਪਾਉਂਦਾ ਹੈ ਜੋ ਸ੍ਰ ਸ਼ੇਰ ਸਿੰਘ ਜੀ, ਸਤਿਗੁਰੂ ਰਾਮ ਸਿੰਘ ਵਿਚ ਪ੍ਰਗਟ ਕਰਿਆ ਕਰਦੇ ਸਨ। ਉਹਨਾਂ ਨੇ ਪਿਤਾ ਤੋਂ ਸੁਣਕੇ ਲਿਖਿਆ ਸੀ।

"ਸਤਿਗੁਰਾਂ ਨੇ ਕ੍ਰਿਪਾ ਕਰਕੇ ਮੇਰੇ ਕੰਨ ਵਿਚ ਨਾਮ (ਭਜਨ) ਦੇ ਦਿਤਾ। ਬੱਸ ਫੇਰ ਕੀ ਸੀ ਮੈਂ ਉਹ ਸ਼ੇਰ ਸਿੰਘ ਹੀ ਨਹੀਂ ਰਿਹਾ ਸਾਂ। ਮੇਰੇ ਵਿਚ ਕੁਝ ਵਜਦ ਜਿਹਾ ਆ ਗਿਆ ਅਤੇ ਕੋਈ ਅਨੋਖੀ ਹੀ ਬਿਜਲੀ ਵੱਤ ਤਾਰ, ਮੇਰੀ ਨਾੜ ਨਾੜ ਵਿਚ ਧੁੱਸ ਗਈ ਅਤੇ ਅਵੱਸ਼ ਹੀ ਮੇਰੇ ਮੂੰਹੋਂ, ਇਹ ਸ਼ਬਦ ਨਿਕਲਣ ਲੱਗ ਪਏ– "ਧੰਨ ਸਤਿਗੁਰੂ ਰਾਮ ਸਿੰਘ, ਅਕਾਲ ਪੁਰਖ" ਅਤੇ ਭਜਨ ਨਾਲ ਹਰ ਵੇਲੇ ਜੀਭ ਹਿੱਲਣ ਤੇ ਬੁੱਲ੍ਹ ਫਰਕਣ ਲੱਗ ਪਏ।ਮੈਂ ਇਸੇ

ਹਾਲਤ ਵਿਚ ਪਿੰਡ ਪਰਤ ਆਇਆ। ਪਰ ਪਹਿਰ ਰਾਤ ਰਹਿੰਦੀ ਜਾਗਣਾ। ਸਣੇ ਕੇਸਾਂ ਇਸ਼ਨਾਨ ਕਰਨਾ। ਗੁਰਬਾਣੀ ਅਤੇ ਭਜਨ ਦਾ ਇਤਨਾ ਅਭਿਆਸੀ ਹੋ ਗਿਆ ਅਤੇ ਲੌਕਿਕ ਬਾਤਾਂ ਤੋਂ ਮਨ ਇਤਨਾ ਉਚਾਟ ਹੋ ਗਿਆ ਕਿ ਸੱਚਮੁੱਚ ਮੇਰੀ ਜੂਨ ਨੇ ਪਲਟਾ ਖਾ ਲਿਆ। ਜਿਸ ਦਿਨ ਤੋਂ ਸਤਿਗੁਰਾਂ ਨੇ ਮਿਹਰ ਕੀਤੀ ਹੈ, ਮੈਨੂੰ ਬਿਨਾਂ ਉਹਨਾਂ ਦੇ ਹੋਰ ਕੋਈ ਦੂਜਾ ਪ੍ਰਮਾਤਮਾ ਜਾਂ ਅਕਾਲ ਪੁਰਖ ਭਾਸਦਾ ਹੀ ਨਹੀਂ। ਜੇ ਕੋਈ ਅਕਾਲ ਪੁਰਖ ਹੈ ਤਾਂ ਸਤਿਗੁਰੂ ਰਾਮ ਸਿੰਘ ਹੀ ਹੈ।... ਸੱਜਨੋਂ ! ਦੂਜੇ ਮੱਤ ਮੱਤਾਂਤਰਾਂ ਦੇ ਵੱਡੇ ਵੱਡੇ ਲੋਕ ਅਤੇ ਉਹਨਾਂ ਤੋਂ ਛੁੱਟ ਬੜੇ ਬੜੇ ਠੱਗ, ਡਾਕੂ, ਚੋਰ ਆਦਿਕ ਵੀ ਮਹਾਰਾਜ ਦੀ ਸ਼ਕਤੀ ਦੀ ਅਜਮਾਇਸ਼ ਕਰਨ ਆਉਂਦੇ ਰਹੇ, ਪਰ ਦਰਸ਼ਨ ਕਰਨ ਅਤੇ ਭਜਨ ਲੈਣ ਤੋਂ ਉਪਰੰਤ, ਆਯੂ ਪਰਯੰਤ, ਸਤਿਗੁਰਾਂ ਦੇ ਚਰਨਾਂ ਦੇ ਭੌਰੇ ਬਣੇ ਰਹੇ ਅਤੇ ਆਪਣੇ ਕੁਟੰਬਾਂ ਸਮੇਤ ਜਨਮ ਸੁਫਲੇ ਕਰ ਗਏ। ਸੋ ਸਤਿਗੁਰੂ ਰਾਮ ਸਿੰਘ ਜੀ ਸੱਚੇ ਈਸ਼ਵਰ ਅਵਤਾਰ, ਸੱਚੇ ਰਹਿਬਰ ਅਤੇ ਵਲੀ ਅੱਲਾਹ ਹੋਏ ਹਨ।ਉਹਨਾਂ ਵਿਚ ਅਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਹੈ। ਜਿਹਨਾਂ ਨੇ ਉਹਨਾਂ ਦੇ ਭਜਨ ਦਾ ਅਭਿਆਸ ਕੀਤਾ, ਤਰ ਗਏ ਅਤੇ ਖਾਨਦਾਨਾਂ ਦੇ ਖਾਨਦਾਨ ਸੁਧਰ ਗਏ ਅਤੇ ਲੋਕ ਸੁਖੀਏ ਤੇ ਪਰਲੋਕ ਸੁਹੇਲੇ ਹੋ ਗਏ।[8]

ਸ੍ਰ. ਲਛਮਣ ਸਿੰਘ ਜੀ ਵਾਲੇ ਲੇਖ ਵਿਚੋਂ ਵੀ ਸ੍ਰ. ਸ਼ੇਰ ਸਿੰਘ ਦੁਆਰਾ ਬਿਆਨ ਕੀਤੇ ਗਏ ਰਹੱਸਮਈ ਅਨੁਭਵ ਦੀ ਝਾਤ ਮਿਲਦੀ ਹੈ ਅਤੇ ਬਾਬਾ ਸ਼ਾਮ ਸਿੰਘ ਹੋਰਾਂ ਬਾਰੇ ਵੀ ਵੱਡਮੁੱਲੀ ਜਾਣਕਾਰੀ ਦਰਜ ਹੈ, ਜੋ ਉਸ ਸਮੇਂ ਸਤਿਗੁਰ ਰਾਮ ਸਿੰਘ ਜੀ ਦੇ ਆਤਮਿਕ ਮੰਡਲ ਵਿਚ ਸ਼ਾਮਲ ਹੋ ਚੁੱਕੇ ਸਨ। ਸਤਿਗੁਰੂ ਜੀ ਦੇ ਪਰਦੇਸ ਗਮਨ ਤੋਂ ਬਾਅਦ ਬੇਸ਼ਕ ਉਹਨਾਂ ਦਾ ਨਾਮਧਾਰੀ ਪੰਥ ਨਾਲ ਪਹਿਲੋਂ ਜਿਹਾ ਸਬੰਧ ਨਾਂ ਰਿਹਾ, ਪਰ ਆਪਣੀ ਵੇਸ਼ਭੂਸ਼ਾ ਅਤੇ ਦਸਤਾਰ ਦੇ ਬੰਧੇਜ ਤੋਂ ਉਹ ਪੱਕੇ ਨਾਮਧਾਰੀ ਸਿੱਖ ਹੀ ਨਜ਼ਰ ਆਉਂਦੇ ਸਨ।

"ਜਦ ਏਨੀ ਵਾਰਤਾ ਦੱਸ ਚੁੱਕੇ ਤਾਂ ਦਾਸ ਨੇ ਅਰਜ਼ ਕੀਤੀ ਕਿ ਭਜਨ ਪੁੱਛਣ ਨਾਲ ਆਪ ਜੀ ਨੂੰ ਕੀ ਹੋਇਆ ਹੈ? ਫੁਰਮਾਇਆ, ਜਦੋਂ ਦਾ ਦਰਸ਼ਨ ਕਰਕੇ ਭਜਨ ਪੁੱਛਿਆ ਹੈ, ਮੈਨੂੰ ਸ਼ਾਂਤੀ ਹੈ। ਇਕਾਂਤ ਸਮੇਂ ਭਜਨ ਕਰਦਿਆਂ, ਸਤਿਗੁਰਾਂ ਦੀ ਮੂਰਤੀ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ। ਜੁਗਤੀ ਅਨੁਸਾਰ ਸ਼ਬਦ ਜੋ ਸਤਿਗੁਰਾਂ ਦੱਸਿਆ ਹੋਇਆ ਹੈ, ਸੁਰਤ ਨੂੰ ਸ਼ਬਦ ਨਾਲ ਟਿਕਾ ਕੇ, ਅੰਤਰ ਧਿਆਨ ਹੋ ਕੇ, ਅਕਾਲ ਪੁਰਖ ਦੇ ਦੀਦਾਰੇ ਹੁੰਦੇ ਹੈਨ। ਸਤਿਗੁਰੂ ਸੱਚੇ ਪਾਤਸ਼ਾਹ ਹਮੇਸ਼ਾ ਅੰਗ ਸੰਗ ਸਹਾਈ ਹੈਨ। ਜਨਮ ਮਰਨ ਦਾ ਭਉ ਚੁੱਕ ਗਿਆ ਹੈ। ਹੁਣ ਹਮੇਸ਼ਾਂ ਦਿਲ ਵਿਚ ਚਾਉ ਹੈ

ਕਿ ਆਯੂ ਪੂਰੀ ਕਰਕੇ, ਇਸ ਪੰਜ ਭੂਤਕ ਸਰੀਰ ਨੂੰ ਛੱਡ ਕੇ ਸਤਿਗੁਰ-ਪੁਰੀ ਵਿਚ ਨਿਵਾਸ ਕਰੀਏ ਜਿਸਦਾ ਅੰਤਰ ਧਿਆਨ ਹੋਣ ਤੇ ਸਤਿਗੁਰ ਸੱਚੇ ਪਾਤਸ਼ਾਹ ਜੀ ਦਰਸ਼ਨ ਕਰਵਾਉਂਦੇ ਹਨ। ਭਾਈ ਸ਼ਾਮ ਸਿੰਘ ਜੀ ਜਿਹਨਾਂ ਦੇ ਉਪਦੇਸ਼ ਨਾਲ ਮੈਂ ਭੈਣੀ ਸਾਹਿਬ ਗਿਆ ਸੀ, ਪਿੱਛੋਂ ਸਤਿਗੁਰਾਂ ਦੇ ਪ੍ਰਸਿੱਧ ਸੂਬੇ ਹੋਏ ਤੇ ਹੁਣ ੨ ਵਜੇ ਸਵੇਰੇ ਸਭ ਤੋਂ ਪਹਿਲਾਂ, ਸ੍ਰੀ ਦਰਬਾਰ ਸਾਹਿਬ ਉਹਨਾਂ ਦੀ ਚੌਂਕੀ ਹੁੰਦੀ ਹੈ। ਉਹਨਾਂ ਨੇ ਕਟੜੇ ਨਿਹਾਲ ਸਿੰਘ ਵਿਚ ਆਪਣਾ ਡੇਰਾ ਬਣਾਇਆ ਹੋਇਆ ਹੈ। ਦੇਸ ਪਰਦੇਸ ਦੀ ਸੰਗਤ, ਪਰਸਿੱਧ ਸੰਤ ਜੀ ਨੂੰ ਮੰਨਦੀ ਹੈ।

"ਮੇਰੀ ਉਮਰ ਉਸ ਵੇਲੇ (ਪਿਤਾ ਜੀ ਤੋਂ ਉਪਰੋਕਤ ਬਚਨ ਸੁਣਨ ਸਮੇਂ) ਬਹੁਤ ਛੋਟੀ ਸੀ ਤੇ ਪਿਤਾ ਜੀ ਦਾ ਉਪਦੇਸ਼ ਹੋਣ ਤੇ ਮੈਂ ਵੀ ਭਾਈ ਭਗਵਾਨ ਸਿੰਘ ਜੀ, ਜੋ ਸਾਡੇ ਪਿੰਡ ਦੇ ਵਸਨੀਕ ਸੀ, ਸਤਿਗੁਰਾਂ ਦੇ ਸੂਬੇ ਸਨ ਅਤੇ ਉਹਨਾਂ ਨੂੰ ਭਜਨ ਦੱਸਣ ਦਾ ਹੁਕਮ ਸੀ, (ਉਹਨਾਂ ਤੋਂ) ਭਜਨ ਪੁੱਛਿਆ। ਭਜਨ ਪੁੱਛ ਕੇ ਕੋਈ ਅਮਲ ਯੁਕਤੀ ਅਨੁਸਾਰ, ਜੋ ਭਜਨ ਦੱਸਣ ਵੇਲੇ ਦੱਸੀ ਗਈ ਸੀ, ਨਾਂ ਕੀਤਾ। ਬੜੀ ਆਯੂ ਹੋ ਗਈ, ਕਈ ਕੰਮ ਉਸ ਅਵਸਥਾ ਵਿਚ ਭੈੜੇ ਕੀਤੇ, ਜਿਹਨਾਂ ਦਾ ਹੁਣ ਪਸ਼ਚਾਤਾਪ ਕਰਦਾ ਹਾਂ। ਸਤਿਗੁਰੂ ਹਰੀ ਸਿੰਘ ਜੀ, ਠੰਢੀ ਮੂਰਤੀ, ਦੌਰੇ ਕਰਦੇ ਹੋਏ ਸਾਡੇ ਪਿੰਡ ਫੱਤੇਵਾਲ ਆਏ। ਭਾਈ ਗੁਰਦਿੱਤ ਸਿੰਘ ਜੀ (ਉਰਫ ਭਾਈ ਦਿੱਤੂ) ਪ੍ਰਸਿੱਧ ਰਾਗੀ ਨਾਲ ਸਨ, ਜਿਹਨਾਂ ਦਾ ਸ਼ਬਦ ਸੁਣਕੇ ਪੰਛੀ ਵੀ ਮਸਤਾਨੇ ਹੋ ਜਾਂਦੇ ਸੀ, ਦਰਸ਼ਨ ਕੀਤੇ। ਮੇਰਾ ਜਨਮ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਕਰਨ ਤੋਂ ਪਿੱਛੋਂ ਦਾ ਏ। ਹੁਣ ਸਤਿਗੁਰੂ ਪਰਤਾਪ ਸਿੰਘ ਜੀ ਨੇ ਕਿਰਪਾ ਕੀਤੀ ਅਤੇ ਸੰਨ ੧੯੨੨ ਈ. ਵਿਚ ਗੁਰਦੁਆਰਾ, ਸ੍ਰੀ ਭੈਣੀ ਸਾਹਿਬ ਦੀ ਇੱਕ ਸਾਲ ਵਾਸਤੇ ਸੇਵਾ ਬਖਸ਼ੀ। ਸੰਨ ੧੯੨੩ ਈ. ਨੂੰ ਆਪਣਾ ਮੁਖਤਾਰ ਨਾਮਾ ਆਪ ਦਿਤਾ ਜੋ ਅੱਜ ਤੀਕ ਇਹ ਸੇਵਾ ਦਾਸ ਦੇ ਸਪੁਰਦ ਹੈ। ਸਤਿਗੁਰ ਦੀ ਕਿਰਪਾਲਤਾ ਨਾਲ ਹੁਕਮ ਅਨੁਸਾਰ ਕੰਮ ਕੀਤਾ ਜਾਂਦਾ ਹੈ। ਜਦੋਂ ਸਤਿਗੁਰਾਂ ਭੈਣੀ ਸਾਹਿਬ ਸੇਵਾ ਬਖਸ਼ੀ ਸੀ ਤੇ ਪਿੰਡ ਆਇਆ, ਪਿਤਾ ਜੀ ਨੂੰ ਮਿਲਿਆ ਤਾਂ ਉਹਨਾਂ ਫੁਰਮਾਇਆ ਕਿ ਤੂੰ ਭੈਣੀ ਸਾਹਿਬ ਸੇਵਾ ਵਾਸਤੇ ਗਿਆ ਹੈਂ, ਦੇਖੀਂ ਕਿਤੇ ਕੋਈ ਲਾਲਚ ਕਰਕੇ ਕੁਲ ਨੂੰ ਗਾਲ ਦਿੰਦਾ ਹੋਵੇਂ। ਬਚਨ ਸੁਣਕੇ ਬੜਾ ਕੰਬਿਆ ਅਤੇ ਦਿਲ ਵਿਚ ਭੈ ਆਇਆ ਕਿ ਐਸਾ ਨਾਂ ਹੋਵੇ, ਪਿਤਾ ਜੀ ਦੇ ਬਚਨ ਅਨੁਸਾਰ, ਕੋਈ ਕੰਮ ਅਜਿਹਾ ਹੋ ਜਾਵੇ ਤੇ ਲੋਕ ਪਰਲੋਕ ਬਿਗੜ ਜਾਵੇ। ਸਤਿਗੁਰਾਂ ਪਾਸ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀ, ਜੀਵ ਦੇ ਵੱਸ ਕੁੱਝ ਨਹੀਂ, ਤੇਰੀ ਕਿਰਪਾ ਨਾਲ ਹੀ ਬਚਾਉ ਹੋਣਾ ਹੈ। ਸੋ ਪਿਤਾ ਜੀ ਦਾ ਫੁਰਮਾਨ ਹਮੇਸ਼ਾਂ ਹਿਰਦੇ

ਵਿਚ ਰਹਿੰਦਾ ਹੈ।[9]

ਸੰਤ ਸ਼ੇਰ ਸਿੰਘ ਜੀ ਗਰੰਥ ਗੜ੍ਹ ਦੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਅਟੁੱਟ ਪ੍ਰੀਤੀ ਦਾ ਜ਼ਿਕਰ, ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਵਿਚ ਵੀ ਮਿਲਦਾ ਹੈ ਕਿ ਅੱਠੇ ਪਹਿਰ ਉਹ ਹਜ਼ੂਰ ਦੀ ਯਾਦ ਅਤੇ ਉਡੀਕ ਵਿਚ, ਕਿਵੇਂ ਸਿੱਕਦੇ ਰਹਿੰਦੇ ਸਨ ਅਤੇ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਬੈਠੇ ਸਨ ਉਸ ਹਿਰਦੇ ਵਿਚ, ਦੂਸਰੇ ਦਾ ਕੀ ਕੰਮ–

“ਹਿੱਕ ਦਿਲ ਆਹਾ ਸੋ ਰਾਂਝਣ ਲੀਤਾ,

ਖੇੜਿਆਂ ਨੂੰ ਕੀ ਦੇਸਾਂ ?''

–ਹੀਰ ਦਮੋਦਰ

ਪਿਤਾ–ਪੁੱਤਰ ਦੀ ਵਾਰਤਾਲਾਪ ਦੇ ਆਧਾਰ ਤੇ ਸਤਿਗੁਰੂ ਜੀ ਫ਼ਰਮਾਉਂਦੇ ਹਨ– “ਮੇਰਾ ਮੁਰਸ਼ਿਦ ਕਿਸ ਗੱਲ ਨੂੰ ਪਸੰਦ ਕਰਦਾ ਹੈ। ਸਿਖਿਆ ਆਇਆ, ਇੱਕ ਤਾਂ ਸਿਖਿਆ ਹੋਇਆ, ਦੂਜਾ ਅੰਦਰ ਇਸ਼ਕ– ਜਦੋਂ ਨਚਿਆ ਆ ਕੇ–

ਤੇਰੇ ਇਸ਼ਕ ਨਚਾਇਆ ਕਰ ਥਈਆ–ਥਈਆ।

ਬਹੁੜੀਂ ਵੇ ਤਬੀਬਾ ਮੈਂ ਮਰ ਗਈਆਂ।

ਤਾਂ ਉਹ ਦੇਖਦੇ ਨੇ, ਮੁੜਕੇ ਗੋਡਦੇ–ਗੋਡਦੇ, ਕਹਿੰਦੇ ਨੇ, “ਬੁੱਲਾ ਹੈਂ।”

ਕਹਿੰਦਾ, “ਨਹੀਂ ਜੀ ਭੁੱਲਾਂ ਹਾਂ।”

ਤਾਂ ਇਹ ਚੀਜ਼ ਮਿਲੀ। ਦਿਵਾਨ ਨੰਦ ਨਾਲ ਨੂੰ ਇਹ ਮਿਲੀ, ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੂੰ ਇਹ ਮਿਲੀ। ਉਹ ਸਿੱਖ, ਉਹ ਬਾਬੇ ਸ਼ੇਰ ਸਿੰਘ ਹੁਰੀਂ, ਸਰਦਾਰ ਲਛਮਣ ਸਿੰਘ ਦੇ ਪਿਤਾ, ਫੱਤੇਵਾਲ ਦੇ– ਲਛਮਣ ਸਿੰਘ ਕਹਿੰਦੈ, “ਪਿਤਾ ਜੀ ਜੇ ਕੋਈ ਹੋਰ ਹੋਵੇ ਚੰਗਾ ਤਾਂ ਉਹਨੂੰ ਨਾ ਮੰਨੋ!''

ਉਹ ਕਹਿੰਦੇ, “ਓਏ ਹੋਰ ਹੋਵੇ ਕੌਣ ਚੰਗਾ ਸਤਿਗੁਰੂ ਰਾਮ ਸਿੰਘ ਤੋਂ ਬਿਨਾਂ, ਹੋਰ ਹੈ ਕੀ, ਤੂੰ ਇਹ ਗੱਲ ਕੀ ਕਰਦਾ ਹੈਂ– ਓਦੂੰ ਚੰਗਾ। ਸਾਨੂੰ ਇਹ ਪਤਾ ਹੈ, ਸਾਡੇ ਸਾਹਮਣੇ ਕੋਈ ਕੰਧਾਂ ਉਡਾ ਕੇ ਲੈ ਜਾਏ– ਅਸੀਂ ਉਹਦੇ ਵੱਲ ਛਿੱਤਰ ਨਹੀਂ ਮਾਰਦੇ।”

ਤਾਂ ਇਹ ਉਹਨਾਂ ਦੀ ਕਥਾ ਹੈ, ਓਸ ਸਤਿਗੁਰੂ ਦੀ ਇਹ ਕਥਾ ਹੈ। ਇਹ ਉਹਦੀ ਬੇਅੰਤ ਖੇਡ ਹੈ। ਭਾਈ, ਸਾਡਾ ਫ਼ਰਜ਼ ਹੈ, ਹਰ ਇਕ ਨਾਮਧਾਰੀ ਦਾ ਇਹ ਫ਼ਰਜ਼ ਹੈ, ਜਿਹੜੇ ਉਹਨਾਂ ਨੇ ਹੁਕਮ ਦਿਤੇ ਨੇ, ਉਹਨਾਂ ਨੇ ਕਿਹਾ ਹੈ– ਬਈ, ਮੈਂ ਤਾਂ ਸੁਣਾਉਣ ਵਾਲਾ ਹਾਂ, ਚੌਕੀਦਾਰ ਰਾਤ ਨੂੰ ਰੌਲਾ ਪਾਉਂਦਾ

ਹੈ, ਚੋਰੀ ਹੁੰਦੀ ਹੈ- ਬਚੋ। ਜਿਹੜੇ ਜਾਗ ਪੈਂਦੇ ਨੇ, ਬਚ ਰਹਿੰਦੇ ਨੇ, ਨਹੀਂ ਲੁੱਟੇ ਜਾਂਦੇ ਹਨ, ਫਿਰ ਮਗਰੋਂ ਤੰਗ ਹੁੰਦੇ ਹਨ। ਪਛਤਾਉਣਾ ਪਵੇਗਾ, ਉਹਨਾਂ ਆਉਣਾ ਹੈ, ਉਹਨਾਂ ਦਰਸ਼ਨ ਦੇਣੈ, ਉਹਨਾਂ ਨੇ ਆਖਿਆ ਹੈ- ਸੂਰਜ ਪਾਣੀ ਵਰਸਾਉਣ ਲੱਗ ਜਾਏ, ਧਰਤੀ ਉਤਾਂਹ ਨੂੰ ਅੱਗ ਵਰਸਾਉਣ ਲੱਗ ਜਾਏ, ਇਹ ਗੱਲਾਂ ਬੇਸ਼ਕ ਹੋ ਜਾਣ ਪਰ ਇਹ ਜ਼ਰੂਰ ਹੋਊ, ਮੇਰਾ ਦਰਸ਼ਨ ਜ਼ਰੂਰ ਹੋਊ।"[10]

"ਪਿਰ ਦੇਖਨ ਕੀ ਆਸ"

ਬੱਸ ! ਇਸ ਖ਼ਾਹਿਸ਼ ਵਾਲੇ ਪੁਰਸ਼, ਉਹ ਸਿੱਖ ਨਾਮਧਾਰੀ ਜਿਹਨਾਂ ਨੇ, ਬਾਬੇ ਸ਼ੇਰ ਸਿੰਘ ਹੁਰੀਂ, ਫੱਤੇਵਾਲੇ ਦੇ- ਸਰਦਾਰ ਲਛਮਣ ਸਿੰਘ ਹੁਰੀਂ ਨੇ ਸਾਡੇ, ਇਹਨਾਂ ਦੇ ਪਿਤਾ- ਫਿਰ ਮੈਂ (ਲਛਮਣ ਸਿੰਘ) ਆਖਿਆ- ਬਾਬਾ ਜੀ, ਜੇ ਕੋਈ ਹੋਰ ਏਦੂੰ ਅੱਗੇ ? ਪਿਤਾ ਜੀ ਕਹਿੰਦੇ- ਓ, ਇਹ ਨਾ ਤੂੰ ਗੱਲ ਕਹੁ, ਏਦੂੰ ਅੱਗੇ ਹੋਰ ਹੈ ਹੀ ਕੋਈ ਨਹੀਂ। ਉਹਨਾਂ ਨੂੰ ਹੋਰ ਕੁਝ ਨਹੀਂ। ਉਹਨਾਂ (ਫਰੀਦ ਜੀ) ਨੇ ਇਹੀ ਆਖਿਆ- ਮੇਰਾ ਸਰੀਰ ਬੇਸ਼ਕ ਤੂੰ ਢੰਡੋਲ ਲਿਆ ਹੈ, ਪਰ ਨੇਤ੍ਰ ਨਾ ਮੇਰੇ ਖੋਹਵੀਂ, ਮੈਂ ਦਰਸ਼ਨ ਕਰਨਾ ਹੈ।[11]

ਬਾਬਾ ਜੀ ਆਪਣੇ ਨਗਰ ਫੱਤੇਵਾਲ ਵਿਖੇ ੧੯੨੬-੨੭ ਈ. ਵਿਚ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨੇ ਲਗਪਗ ੯੫ ਸਾਲ ਦੀ ਉਮਰ ਹੰਡਾਈ। ਬਾਬਾ ਜੀ ਦਾ ਸਿੱਖੀ ਸਿਦਕ, ਸਤਿਗੁਰੂ ਅਤੇ ਉਸਦੀ ਸੰਗਤ ਨਾਲ ਅਥਾਹ ਪ੍ਰੇਮ, ਉਹਨਾਂ ਦੇ ਵੱਡੇ ਸਪੁੱਤਰ ਸ੍ਰ. ਲਛਮਣ ਸਿੰਘ ਹੋਰਾਂ ਦੇ ਜੀਵਨ ਵਿਚੋਂ ਵੀ ਝਲਕਦਾ ਸੀ। ਇਹ ਸਰਦਾਰ ਸਾਹਿਬ ਦੇਸ਼ ਬਟਵਾਰੇ ਦੇ ਲਾਗੇ ਚਾਗੇ ਦਿੱਲੀ ਵਿਚ ਆ ਵੱਸੇ ਸਨ। ਇਹਨਾਂ ਬਾਰੇ ਪ੍ਰਸਿੱਧ ਨਾਮਧਾਰੀ ਵਿਦਵਾਨ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਲਿਖਦੇ ਹਨ: "ਸਰਦਾਰ ਲਛਮਨ ਸਿੰਘ ਜੀ ਉਹਨਾਂ ਵਿਅਕਤੀਆਂ ਵਿਚੋਂ ਇਕ ਹਨ, ਜਿਹਨਾਂ ਦਾ ਦਿਲ, ਕੌਮ- ਪਿਆਰ, ਪੰਥ-ਪਿਆਰ, ਦੇਸ਼-ਪਿਆਰ ਨਾਲ ਲਬਾਲਬ ਭਰਿਆ ਪਿਆ ਹੈ। ਆਪ ਜੀ ਦਾ ਅਤਿਥੀ ਸਤਿਕਾਰ ਪੰਥ ਵਿਚ ਬਹੁਤ ਹੀ ਪਰਸਿੱਧ ਹੈ।... ਸ੍ਰੀਮਾਨ ਮਰਾਹਾਜ ਗੁਰਦਿਆਲ ਸਿੰਘ ਜੀ (੧੮੯੭-੧੯੨੯) ਦੀ ਪੰਥ ਸੇਵਾ ਤੇ ਰਾਜਨੈਤਿਕ ਕੰਮ ਲਈ ਬਣਾਈ ਕੌਮੀ ਸੰਸਥਾ, (ਨਾਮਧਾਰੀ) ਸੇਵਕ ਜੱਥੇ ਦੇ ਆਪ ਬਹੁਤ ਚਿਰ ਤੀਕ ਪ੍ਰਧਾਨ ਰਹੇ।... ਕਾਫੀ ਚਿਰ ਆਪ 'ਨਾਮਧਾਰੀ ਦਰਬਾਰ' ਦੇ ਪ੍ਰਧਾਨ ਵੀ ਰਹੇ।... ਆਪ ਸਰੀਰਕ ਅਵਸਥਾ ਕਰ ਕੇ ਭਾਂਵੇਂ ਕਾਫੀ ਬਿਰਧ ਹਨ, ਪਰ ਆਪ ਜੀ ਦੇ ਦਿਲ ਵਿਚ ਜੁਆਨਾਂ ਜਿਹੀ ਹਿੰਮਤ, ਹੌਂਸਲਾ, ਕੰਮ ਕਰਨ

ਦੀ ਰੀਝ ਤੇ ਦਲੇਰੀ ਹੈ। ਇਸ ਉਮਰ ਵਿਚ ਵੀ ਆਪ ਕਮਾ ਕੇ, ਦਸਾਂ ਨਹੁੰਆਂ ਦੀ ਕਿਰਤ ਕਰਕੇ ਛਕਦੇ ਹਨ ਤੇ ਸੰਗਤ ਨੂੰ ਛਕਾਉਂਦੇ ਹਨ।"[12]

ਇਉਂ ਅਸੀਂ ਵੇਖਦੇ ਹਾਂ ਕਿ ਬਾਬਾ ਸ਼ੇਰ ਸਿੰਘ ਗਰੰਥਗੜ੍ਹ ਅਤੇ ਉਹਨਾਂ ਦੇ ਫੱਤੇਵਾਲ ਪਿੰਡ ਦੇ ਆਹਲੂਵਾਲੀਆ ਪਰਵਾਰ ਨੇ, ਕੂਕਾ ਲਹਿਰ ਵਿਚ ਅਦੁੱਤੀ ਘਾਲਣਾਂ ਘਾਲ਼ੀਆਂ ਹਨ। ਬਾਬਾ ਜੀ ਦੇ ਕੂਕਾ ਬਣਨ ਨਾਲ ਉਹਨਾਂ ਦੇ ਮੁੱਢਲੇ ਪਰੇਰਕ, ਬ੍ਰਹਮ ਗਿਆਨੀ ਭਾਈ ਸ਼ਾਮ ਸਿੰਘ ਜੀ ਅੱਡਣ-ਸ਼ਾਹੀਆ ਵੀ ਲੰਮਾਂ ਸਮਾਂ ਸਤਿਗੁਰੂ ਰਾਮ ਸਿੰਘ ਜੀ ਦੀ ਅਜ਼ਮਤ ਦੇ ਪ੍ਰਭਾਵ ਹੇਠ ਰਹੇ। ਜਿੱਥੇ ਉਹਨਾਂ ਨੇ ਲੰਮਾਂ ਸਮਾਂ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਕੀਤਾ ਉੱਥੇ ਪੁਰਾਤਨ ਸਿੰਘਾਂ ਤੋਂ ਇਹ ਵੀ ਸੁਣਿਆ ਕਰਦੇ ਸਾਂ ਕਿ ਬਾਬਾ ਸ਼ਾਮ ਸਿੰਘ ਜੀ ਬਹੁਤ ਵਰ੍ਹੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਮਰਿਆਦਾ ਪੂਰਵਕ ਕਰਕੇ ਦਰਬਾਰ ਸਾਹਿਬ ਸੁਬਹਾ ਸਵੇਰੇ ਚੜ੍ਹਾਇਆ ਕਰਦੇ ਸਨ। ਅਸਲੀਅਤ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਪੰਜਾਬ ਵਿਚ ਚੜ੍ਹਦੀ ਕਲਾ ਦੇ ਦੌਰ ਸਮੇਂ, ਸਿੱਖਾਂ ਦੀ ਕੋਈ ਵੀ ਸੰਪਰਦਾ ਜਾਂ ਟਕਸਾਲ ਅਜਿਹੀ ਨਹੀਂ ਸੀ, ਜਿਸ ਨੇ ਆਪਣਾ ਨਾਤਾ ਕੂਕਿਆਂ ਨਾਲ ਨਾ ਜੋੜਿਆ ਹੋਵੇ। ਇਸ ਲਈ ਸੇਵਾ ਪੰਥੀ ਜਾਂ ਅੱਡਣ-ਸ਼ਾਹੀ ਮਹਾਂਪੁਰਖ ਵੀ ਅਪਵਾਦ ਨਾਂ ਰਹੇ।

## ਹਵਾਲੇ ਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਛਾਪ ੧੯੯੦ ਈ., ਭਾਸ਼ਾ ਵਿਭਾਗ, ਪੰਜਾਬ, ਸਫਾ ੫੦
2. ਬਲਬੀਰ ਸਿੰਘ ਕੰਵਲ, ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ, ਦੂਜੀ ਛਾਪ, ੨੦੧੭, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਫ਼ਾ
3. ੧੧੧-੧੧੩
4. ਸੰਤ ਧਿਆਨ ਸਿੰਘ ਜੀ ਕਾਦਰਾਬਾਦ-ਮਿੰਟਗੁਮਰੀ, ਸ੍ਰੀ ਸਤਿਗੁਰੂ ਬਿਲਾਸ (ਪਾਤਸ਼ਾਹੀ ਬਾਰ੍ਹਵੀਂ), ਤੀਜੀ ਛਾਪ ੧੯੯੮ ਈ., ਸ੍ਰੀ ਭੈਣੀ ਸਾਹਿਬ, ਸਫ਼ਾ ੩੨
5. ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-੩, ਲਾਲ ਏਹਿ ਰਤਨ, (ਸਵ. ਪ੍ਰਿੰ. ਬੇਅੰਤ ਕੌਰ), ਸਫਾ ੨੧੮, ਸਤਿਗੁਰੂ ਜੀ ਦਾ ੯-੨-੧੯੫੪ ਨੂੰ ਬੰਕੋਕ (ਥਾਈਲੈਂਡ) ਵਿਚ ਦਿੱਤਾ

ਉਪਦੇਸ਼।

6. ਸੰਤ ਮੰਗਲ ਸਿੰਘ ਜੀ (ਲਾਇਲਪੁਰੀ) ਅੰਮ੍ਰਿਤਸਰ, ਸਤਿਜੁਗ ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, ੯ ਚੇਤਰ ਸੰਮਤ ੧੯੯੬ ਬਿ., 'ਸੰਤ ਸ਼ੇਰ ਸਿੰਘ ਜੀ ਗ੍ਰੰਥ ਗੜ੍ਹ' ਵਾਲਾ ਲੇਖ, ਸਫ਼ਾ 205-206
7. ਸ੍ਰ. ਲਛਮਣ ਸਿੰਘ, ਪਰਧਾਨ ਨਾਮਧਾਰੀ ਦਰਬਾਰ, ਸਤਿਜੁਗ (ਸਪਤਾਹਿਕ) ਸ੍ਰੀ ਭੈਣੀ ਸਾਹਿਬ, ੧੮ ਫੱਗਣ ੧੯੯੦ ਬਿ., ਸਫ਼ਾ ੧੦-੧੧
8. ਲਾਲ ਏਹਿ ਰਤਨ-੩, ਸਫ਼ਾ ੨੧੯
9. ਡਾਕਟਰ ਇੰਦਰ ਸਿੰਘ 'ਦਮਕ, ਅੰਮ੍ਰਿਤਸਰ, ਸਤਿਜੁਗ ਦਾ ਬਸੰਤ ਅੰਕ, ੧੮ ਮਾਘ ੧੯੮੯ (ਬਿ.), ਲੇਖ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਆਤਮਕ ਸ਼ਕਤੀ, ਸਫਾ ੫੧-੫੩
10. ਸ੍ਰ. ਲਛਮਣ ਸਿੰਘ, ਉਪਰੋਕਤ ਲੇਖ, ਸਫ਼ਾ ੧੦-੧੧
11. ਲਾਲ ਏਹਿ ਰਤਨ-੩, ਸਤਿਗੁਰੂ ਪਰਤਾਪ ਸਿੰਘ ਜੀ ਦਾ ਬੰਕੋਕ ਵਿਚ ੨੫-੬-੧੯੫੩ ਦਾ ਉਪਦੇਸ਼, ਸਫ਼ਾ ੧੩੬-੧੩੭
12. ਲਾਲ ਏਹਿ ਰਤਨ-੫, ਸਤਿਗੁਰੂ ਪਰਤਾਪ ਸਿੰਘ ਜੀ ਦਾ ਬੰਕੋਕ ਵਿਚ ੩੦-੧੨-੧੯੫੮ ਨੂੰ ਉਪਦੇਸ਼, ਸਫ਼ਾ ੩੨੩ (੧੨) ਸੰਤ ਇੰਦਰ ਸਿੰਘ ਚੱਕਰਵਰਤੀ, ਕੂਕਿਆਂ ਬਾਰੇ, ੧੯੫੬ ਈ., ਪਟਿਆਲਾ, ਸਫ਼ਾ ੨੩੯-੨੪੧

❊

# ਮਾਲਵੇ ਦਾ ਮਾਣ, ਪਰਉਪਕਾਰੀ ਭਾਈ ਸੁੰਦਰ ਸਿੰਘ ਕਲਹਿਰੀ

ਉਨ੍ਹੀਂਵੀਂ ਸਦੀ ਦੇ ਪਹਿਲੇ ਅੱਧ ਵਿੱਚ ਰਾਜ ਸੱਤਾ ਦਾ ਸੁਖ ਮਾਣਦਿਆਂ, ਸਿੱਖ ਸਰਦਾਰ, ਰਾਜੇ ਮਹਾਰਾਜੇ ਅਤੇ ਹੋਰ ਦਰਬਾਰੀ, ਰਾਜ ਮੱਦ ਵਿੱਚ ਇਤਨੇ ਚੂਰ ਹੋਏ ਕਿ ਉਹ ਨੈਤਿਕ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਬੈਠੇ। ਸੁਰਾ-ਸੁੰਦਰੀ ਦਾ ਇਹਨਾਂ ਥਾਂਵਾਂ ਤੇ ਬੋਲਬਾਲਾ ਸੀ। ਆਪਣੇ ਸੌੜੇ ਸੁਆਰਥਾਂ ਲਈ ਵੱਡੇ ਜ਼ਿੰਮੇਵਾਰਾਂ ਨੇ ਦੇਸ਼ ਅਤੇ ਲੋਕ ਹਿੱਤ ਨੂੰ ਦਾਅ ਤੇ ਲਾ ਦਿੱਤਾ। ਨਤੀਜਾ, ਅੱਧੀ ਸਦੀ ਦੇ ਲਹੂ ਵੀਟਵੇਂ ਸੰਗਰਾਮ ਬਾਅਦ ਮਿਲਿਆ, ਆਪਣਾ ਰਾਜ ਭਾਗ ਖੁਹਾ ਬੈਠੇ। ਈਸਟ ਇੰਡੀਆ ਕੰਪਨੀ ਦੇ ਵਪਾਰਕ ਹਿੱਤਾਂ ਦੀ ਰਾਖੀ ਲਈ, ਕੰਪਨੀ ਸਰਕਾਰ ਨੇ ਪੰਜਾਬ ਹੜਪ ਲਿਆ। ਜਿਹੜਾ ਖਲਾਅ ਬਰਤਾਨਵੀ ਰਾਜ ਦੇ ਕਾਇਮ ਹੋਣ ਬਾਅਦ ਪੈ ਗਿਆ ਸੀ ਉਸਨੂੰ ਭਰਨ ਲਈ, ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਸੰਗਰਾਮ ਦੀ ਅਗਵਾਈ ਕੀਤੀ। ਨਾਮਧਾਰੀ ਸੰਤ ਖਾਲਸੇ ਨੂੰ ਰਹਿਤ ਬਹਿਤ ਵਿੱਚ ਪਰਪੱਕ ਕਰਕੇ, ਉੱਚੇ ਆਤਮਿਕ ਜੀਵਨ ਦੇ ਲੜ ਲਾ ਕੇ, ਮਰਜੀਵੜਿਆਂ ਦੀ ਫੌਜ ਤਿਆਰ ਕੀਤੀ। ਲਗਾਤਾਰ ਮਜ਼ਬੂਤ ਹੋ ਰਿਹਾ ਕੂਕਾ ਸੰਗਠਨ, ਵਿਦੇਸ਼ਾਂ ਨਾਲ ਸੰਪਰਕ, ਅੰਗਰੇਜ਼ ਰਾਜ ਵਿਰੁੱਧ ਖੁੱਲ੍ਹਮ ਖੁੱਲ੍ਹਾ ਪਰਚਾਰ, ਸਰਕਾਰ ਨੇ ਕਦੋਂ ਜਰਨਾ ਸੀ। ਨਤੀਜੇ ਵਜੋਂ ਸਤਿਗੁਰੂ ਜੀ ਨੂੰ ਬ੍ਰਿਟਿਸ਼ ਬਰਮਾ ਦੇ ਰੰਗੂਨ ਸ਼ਹਿਰ ਵਿੱਚ, ਮਾਰਚ 1872 ਈ. ਵਿੱਚ ਪੁਚਾ ਦਿੱਤਾ। ਆਪ ਦੇ ਹੋਰ ਦਸ ਪ੍ਰਮੁੱਖ ਸੂਬੇ ਵੀ ਦੇਸ਼ ਬਦਰ ਕਰ ਦਿੱਤੇ। ਹੁਣ ਸਰਕਾਰ ਸਮਝਦੀ ਸੀ ਕਿ ਉਹ ਸਤਿਗੁਰੂ ਜੀ ਅਤੇ ਉਹਨਾਂ ਦੇ ਸਿੱਖਾਂ ਵਿਚਾਲੇ ਸੰਪਰਕ ਰੋਕ ਕੇ, ਕੂਕਾ ਕਾਰਵਾਈਆਂ ਠੱਪ ਕਰ ਸੱਕਦੀ ਹੈ। ਸਤਿਗੁਰੂ ਜੀ ਦੇ ਪਾਸ ਪੰਜਾਬ ਵਿੱਚੋਂ ਸਿੱਖਾਂ ਦਾ ਆਉਣਾ ਸਖਤੀ ਨਾਲ ਰੋਕਿਆ। ਸ਼ੱਕੀ ਕੂਕੇ ਜਿਹਨਾਂ ਤੇ ਰੰਗੂਨ ਜਾਣ ਦਾ ਸ਼ੱਕ ਸੀ ਉਹਨਾਂ ਦੀ ਇਕ ਗੁਪਤ ਸੂਚੀ ਤਿਆਰ ਕਰਕੇ, ਹਰ ਜ਼ਿਲ੍ਹੇ ਦੇ ਪੁਲੀਸ ਕਪਤਾਨ ਨੂੰ ਦਿੱਤੀ ਗਈ। ਪਰ ਕੀ ਸਰਕਾਰ ਇਸ ਮੰਤਵ ਵਿੱਚ ਸਫਲ ਹੋਈ, ਬਿਲਕੁਲ ਨਹੀਂ ਕਿਉਂਕਿ 1875 ਈ. ਤੱਕ ਕੂਕੇ ਸਤਿਗੁਰੂ ਜੀ ਦਾ ਦਰਸ਼ਨ ਕਰਕੇ, ਬੇਨਤੀਆਂ ਭੇਜ ਕੇ, ਜੁਆਬ ਵਿੱਚ ਆਪ ਦੁਆਰਾ ਹਸਤ ਲਿਖਤ ਹੁਕਮਨਾਮੇ ਲੈ ਕੇ, ਆਉਣ ਵਿੱਚ ਸਫਲ ਹੋ ਗਏ। ਇਸ ਤੋਂ ਅਗਲੇ 5-6 ਸਾਲ, ਸਰਕਾਰ ਦੇ ਲਗਾਤਾਰ ਤਰਲੋ ਮੱਛੀ ਹੋਣ ਦੇ ਸਾਲ ਹਨ, ਜਦੋਂ ਕੂਕੇ ਕਈ

ਪਾਪੜ ਵੇਲ ਕੇ, ਪਹਿਚਾਣਾਂ ਛੁਪਾ ਕੇ, ਸਤਿਗੁਰੂ ਜੀ ਤੱਕ ਪੁੱਜਣ ਵਿੱਚ ਸਫਲ ਹੋਏ। ਮਾਲਵੇ ਦਾ ਇਕ ਕੂਕਾ, ਭਾਈ ਸੁੰਦਰ ਸਿੰਘ ਕਲਹਿਰੀ ਵੀ ਅਜਿਹੇ ਸਿਰਲੱਥ ਸੂਰਮਿਆਂ ਵਿੱਚੋਂ ਇਕ ਸੀ। ਉਸ ਨੂੰ ਉਸਦੀ ਵੱਡੀ ਕਰਨੀ ਸਦਕਾ ਮਾਲਵੇ ਦਾ ਮਾਣ ਕਿਹਾ ਜਾ ਸਕਦਾ ਹੈ।

ਪਿੰਡ ਕਲਹਿਰੀ, ਮਾਨਸਾ ਬੁਢਲਾਡਾ ਸੜਕ ਤੇ ਮਾਨਸਾ ਤੋਂ ਕੋਈ 16 ਕਿੱਲੋਮੀਟਰ ਪਰੇ ਅਤੇ ਬੁਢਲਾਡੇ ਤੋਂ ਦਸ ਕੁ ਕਿੱਲੋਮੀਟਰ ਉਰੇ ਹੈ। ਇਸੇ ਜ਼ਿਲ੍ਹੇ ਮਾਨਸਾ ਦਾ ਪਿੰਡ ਕੁਲਾਣਾ ਜੋ ਦਰੀਆਪੁਰ ਦੇ ਨਾਲ ਹੈ, ਉਹ ਇੱਥੋਂ 15 ਕਿੱਲੋਮੀਟਰ ਤੇ ਵਾਕਿਆ ਹੈ। ਯਾਦ ਰਹੇ ਕਿ ਇਹ ਕੁਲਾਣਾ ਹੀ ਹੈ ਜੋ 1857 ਦੇ ਵਿਦਰੋਹੀ ਸੈਨਿਕ ਤੋਂ ਕੂਕਿਆਂ ਦੇ ਆਗੂਆਂ ਵਿੱਚ ਗਿਣੇ ਗਏ, ਸੂਬਾ ਬ੍ਰਹਮਾ ਸਿੰਘ ਹੋਰਾਂ ਦਾ ਪਿੰਡ ਸੀ। ਅੰਗਰੇਜ਼ੀ ਰਾਜ ਅਤੇ ਰਿਆਸਤ ਪਟਿਆਲਾ ਦੀ ਹੱਦ ਤੇ ਪੈਂਦੇ ਇਹ ਬਾਰਾਂ ਪਿੰਡ ਅਤੇ ਇਹਨਾਂ ਦੇ ਕੇਂਦਰ ਬੁਢਲਾਡੇ ਨੂੰ ਕਦੇ ਕੈਥਲ ਰਿਆਸਤ ਦੇ ਅਧੀਨ ਹੋਣਾ ਪਿਆ ਜੋ 1850 ਦੇ ਆਸ ਪਾਸ, ਅੰਗਰੇਜ਼ਾਂ ਨੇ ਜ਼ਬਤ ਕਰ ਲਈ ਸੀ। ਇਸ ਕਾਰਨ ਅੰਗਰੇਜ਼ੀ ਰਾਜ ਸਮੇਂ ਪਹਿਲਾਂ ਕੈਥਲ ਜ਼ਿਲ੍ਹਾ ਬਣਿਆ, ਫਿਰ ਅੰਬਾਲਾ ਜਾਂ ਕਰਨਾਲ ਵਿੱਚ ਸ਼ਾਮਲ ਕੀਤਾ ਗਿਆ। ਓੜਕ ਇਹ ਬੁਢਲਾਡਾ ਇਲਾਕਾ, ਹਿਸਾਰ ਜ਼ਿਲ੍ਹੇ ਵਿੱਚ ਵੀ ਸ਼ਾਮਲ ਰਿਹਾ। ਅੱਜਕੱਲ੍ਹ ਜ਼ਿਲ੍ਹਾ ਮਾਨਸਾ ਹੈ। ਇਸੇ ਕਾਰਨ ਕੂਕਿਆਂ ਬਾਰੇ ਸਰਕਾਰੀ ਰੀਕਾਰਡ ਵਿੱਚ, ਇਹਨਾਂ ਪਿੰਡਾਂ ਦਾ ਉੱਪਰਲੇ ਚਾਰਾਂ ਵਿੱਚੋਂ ਕਦੇ ਕੋਈ ਜ਼ਿਲ੍ਹਾ ਲਿਖਿਆ, ਕਦੇ ਕੋਈ। ਹੁਣ ਜਦੋਂ ਅਸੀਂ ਭਾਈ ਸੁੰਦਰ ਸਿੰਘ ਹੋਰਾਂ ਬਾਰੇ ਇੰਦਰਾਜ ਦਸਤਾਵੇਜਾਂ ਦੇ ਅਧਾਰ ਤੇ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਬਾਰੇ "ਕਿਸਦਾ ਕੌਣ" ਡਾ. ਫੌਜਾ ਸਿੰਘ ਹੋਰਾਂ ਨੇ ਦਿੱਤਾ ਹੈ, ਉਸ ਮੁਤਾਬਿਕ ਸੁੰਦਰ ਸਿੰਘ ਦਾ ਪਿੰਡ ਕਲਹਿਰੀ, ਥਾਣਾ ਬੁਢਲਾਡਾ ਅਤੇ ਜ਼ਿਲ੍ਹਾ ਕਰਨਾਲ ਲਿਖਿਆ ਹੈ। ਉਸ ਦੇ ਪਿਤਾ ਦਾ ਨਾਮ ਖੜਕ ਸਿੰਘ ਸੀ। ਉਸ ਨੂੰ ਕੂਕਾ ਆਗੂ ਲਿਖਦਿਆਂ ਦੱਸਿਆ ਗਿਆ ਹੈ ਕਿ 1872 ਦੇ ਐਕਟ ਦਸ ਦੇ 504 ਅਤੇ 505 ਸੀ.ਆਰ.ਪੀ.ਸੀ. ਕੋਡ ਤਹਿਤ, ਉਸ ਨੂੰ ਗਰਿਫਤਾਰ ਕੀਤਾ ਗਿਆ ਸੀ।[1]

ਸੁੰਦਰ ਸਿੰਘ ਖਿਲਾਫ ਉਪਰੋਕਤ ਕਾਰਵਾਈ ਦਾ ਜ਼ਿਕਰ ਅੱਗੇ ਆਵੇਗਾ। ਇੱਥੇ ਇਹ ਦੱਸਣਾ ਹੀ ਕਾਫੀ ਹੈ ਕਿ ਸੂਬਾ ਬ੍ਰਹਮਾ ਸਿੰਘ ਹੋਰਾਂ ਦੇ ਪਰਚਾਰ ਕਾਰਨ ਹੀ ਕਲਹਿਰੀ ਵਿੱਚ ਭਾਈ ਸੁੰਦਰ ਸਿੰਘ ਅਤੇ ਕੁਝ ਹੋਰ ਸਿੰਘ ਕੂਕੇ ਬਣ ਗਏ ਸਨ। ਸੁੰਦਰ ਸਿੰਘ ਵੀ ਬ੍ਰਹਮਾ ਸਿੰਘ ਜਿਉਂ ਜ਼ਿਮੀਦਾਰ ਪਰਿਵਾਰ ਵਿੱਚੋਂ ਸੀ। ਮਾਲਵੇ ਦੇ ਇਸ ਇਲਾਕੇ ਵਿੱਚ ਬ੍ਰਹਮਾ ਸਿੰਘ ਤੋਂ ਬਿਨਾਂ ਮੰਡੀ ਕਲਾਂ (ਬਠਿੰਡਾ) ਦੇ ਸੂਬਾ ਗਿਆਨੀ ਰਤਨ ਸਿੰਘ ਹੋਰਾਂ ਦੇ ਪਰਚਾਰ ਸਦਕਾ, ਗੁਆਂਢੀ ਜ਼ਿਲ੍ਹਾ ਸਿਰਸਾ ਦੇ ਸੂਬਾ ਖੁਸ਼ਹਾਲ ਸਿੰਘ, ਸੂਬਾ ਸਰਮੁਖ ਸਿੰਘ

ਲੱਲੂਵਾਲ (ਮਾਨਸਾ) ਅਤੇ ਸੂਬਾ ਸਮੁੰਦ ਸਿੰਘ ਖੋਟੇ, ਸੂਬਾ ਹੁਕਮਾ ਸਿੰਘ ਪਿੱਥੋ ਦੇ ਪਰਚਾਰ ਕਾਰਨ, ਨਾਮਧਾਰੀ ਸਿੱਖੀ ਕੌੜੀ ਵੇਲ ਵਾਂਗ ਵੱਧ ਰਹੀ ਸੀ। ਮਲੇਰ ਕੋਟਲੇ ਦੀ ਘਟਨਾ ਬਾਅਦ ਦਮਨ ਬਹੁਤ ਤੇਜ ਸੀ। ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦਾ ਇਕੱਠ ਗ਼ੈਰ ਕਾਨੂੰਨੀ ਸੀ। ਫਿਰ ਵੀ ਨਾਮਧਾਰੀ ਸਿੰਘ ਚੋਰੀ ਛਿਪੇ ਆਪਣੀਆਂ ਸਮਾਜਿਕ, ਧਾਰਮਿਕ ਤੇ ਸਿਆਸੀ ਗਤੀਵਿਧੀਆਂ ਜਾਰੀ ਰੱਖ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਨੂੰ ਅਨੰਦ ਮਰਿਆਦਾ ਕਾਇਮ ਕਰਨ ਬਾਅਦ ਢਾਈ ਕੁ ਸਾਲ ਭੈਣੀ ਸਾਹਿਬ ਵਿੱਚ ਜੂਹ ਬੰਦ ਰਹਿਣਾ ਪਿਆ। ਬਾਕੀ ਸਮਾਂ ਉਹ ਮਾਲਵਾ ਸਮੇਤ, ਅਟਕ ਤੋਂ ਜਮਨਾ ਦਰਿਆ ਦੇ ਵਿਚਕਾਰਲੇ ਇਲਾਕੇ ਵਿੱਚ ਕੂਕਾ ਅੰਦੋਲਨ ਦੇ ਪਰਚਾਰ ਤੇ ਲਾਉਂਦੇ ਸਨ। ਮਾਨਸਾ ਦੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਵੀ ਆਪ ਦਮਦਮਾ ਸਾਹਿਬ ਦੀ ਵੈਸਾਖੀ ਤੇ ਆਉਂਦੇ ਜਾਂਦੇ ਸਮੇਂ ਆਉਂਦੇ। ਆਪ ਦੀ ਜਲਾਵਤਨੀ ਤੋਂ ਬਾਅਦ ਮਾਈ ਅਤਰ ਕੌਰ, ਮਾਈਸਰਖਾਨੇ ਵਾਲੀ ਦਾ ਡੇਰਾ ਵੀ ਮਾਲਵੇ ਵਿੱਚ ਕੂਕਾ ਸਰਗਰਮੀਆਂ ਦਾ ਕੇਂਦਰ ਬਣ ਗਿਆ। ਭਾਈ ਸੁੰਦਰ ਸਿੰਘ ਆਪਣੇ ਪਿੰਡ ਦੇ ਭਾਈ ਬਿਸ਼ਨ ਸਿੰਘ ਕੂਕੇ ਦੇ ਨਾਲ ਹੀ ਕੂਕਾ ਮਿਸ਼ਨ ਦੇ ਪਰਚਾਰ ਲਈ ਇਕੱਠੇ ਵਿਚਰਦੇ। ਸਰਕਾਰੀ ਰੀਕਾਰਡ ਮੁਤਾਬਿਕ ਨੰਦ ਸਿੰਘ ਦਾ ਪੁੱਤਰ ਬਿਸ਼ਨ ਸਿੰਘ ਵੀ ਪਿੰਡ ਕਲਹਿਰੀ ਦਾ ਵਾਹੀਵਾਨ ਅਤੇ ਆਗੂ ਕੂਕਿਆਂ ਵਿੱਚ ਗਿਣਿਆ ਜਾਂਦਾ ਸੀ।

ਮਾਈ ਅਤਰ ਕੌਰ ਦੇ ਡੇਰੇ ਜਿਉਂ ਹੀ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਸੀਲ ਦਾ 'ਰੋੜੀ-ਬੜਾ ਗੁੜ੍ਹਾ' ਇਲਾਕੇ ਦੇ ਪਿੰਡ ਥਰਾਜ ਦਾ, ਸੂਬਾ ਖੁਸ਼ਹਾਲ ਸਿੰਘ ਦੰਦੀਵਾਲ ਦਾ ਘਰ ਵੀ ਸਰਕਾਰੀ ਕਰੋਪੀ ਦੇ ਸ਼ਿਕਾਰ ਕੂਕਿਆਂ ਦਾ ਪੱਕਾ ਟਿਕਾਣਾ ਸੀ। ਉਹਨਾਂ ਦੇ ਘਰ ਸਤਿਗੁਰੂ ਰਾਮ ਸਿੰਘ ਜੀ ਨੇ 1871 ਵਿੱਚ ਚਰਨ ਪਾਏ ਸੀ। ਗੁਰੂ ਹਰੀ ਸਿੰਘ ਜੀ ਵੀ ਇਕ ਦੋ ਦਫਾ ਪਧਾਰੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦਾ ਤਾਂ ਇਹ ਨਾਨਕਾ ਘਰ ਸੀ। ਘਰ ਵਿੱਚ ਆਉਣ ਵਾਲੇ ਸਿੱਖਾਂ ਸਾਧਾਂ ਦੀ ਸੇਵਾ, ਮਾਤਾ ਜੀਵਨ ਕੌਰ ਜੀ ਬੜੇ ਚਾਅ ਨਾਲ ਕਰਦੇ। ਉਹ ਪਿਤਾ ਦੇ ਘਰ ਦਾ ਵਰਣਨ ਕਰਦੇ, ਆਉਣ ਵਾਲੇ ਮਹੱਤਵਪੂਰਨ ਕੂਕਿਆਂ ਬਾਰੇ ਦੱਸਦੇ ਹਨ: "ਆਪ (ਬਾਬਾ ਖੁਸ਼ਹਾਲ ਸਿੰਘ) ਸਨ ਤਾਂ ਅਨਪੜ੍ਹ ਅਰ ਗੁਰਬਾਣੀ ਦਾ ਸ਼ੁੱਧ ਪਾਠ ਸੁਨਣ ਲਈ ਭਾ: ਮਹਿਤਾਬ ਸਿੰਘ, ਭਾਈ ਭਗਵਾਨ ਸਿੰਘ (ਪਿੱਥੋ) ਜੈਸੇ ਗੁਰਮੁਖ ਗੁਰਸਿੱਖਾਂ ਨੂੰ ਆਪਣੇ ਪਾਸ ਰੱਖਦੇ ਸਨ। ਇਹਨਾਂ ਨਾਮ ਅਭਿਆਸੀ ਸੱਜਣਾਂ ਤੋਂ ਬਿਨਾਂ ਭਾ: ਸੁੰਦਰ ਸਿੰਘ, ਬਿਸ਼ਨ ਸਿੰਘ ਕਲੈਰੀ ਰਿਆਸਤ ਪਟਿਆਲਾ, ਭਾਈ ਸੁੰਦਰ ਸਿੰਘ ਜੀ ਚੀਮਾ ਜ਼ਿਲ੍ਹਾ ਲੁਧਿਆਣਾ, ਭਾ: ਮੱਲ ਸਿੰਘ ਲਹਿਰਾ ਜ਼ਿਲ੍ਹਾ

ਫੀਰੋਜ਼ਪੁਰ ਅਤੇ ਭਾਈ ਗੁਲਾਬ ਸਿੰਘ ਜੀ ਦਮਦਮਾ ਸਾਹਿਬ ਆਦਿ ਸਾਧੂਆਂ ਨੂੰ ਆਪਣੇ ਪਾਸ ਰੱਖਿਆ ਕਰਦੇ ਸਨ।[2]

ਮਾਝੇ ਦਾ ਪ੍ਰਸਿੱਧ ਖਾੜਕੂ ਕੂਕਾ, ਭਗਵਾਨ ਸਿੰਘ ਅੜਬੰਗੀ 1871 ਈ: ਦੇ ਅੰਮ੍ਰਿਤਸਰ, ਰਾਇਕੋਟ ਬੁੱਚੜਬੱਧ ਸਾਕਿਆਂ ਵਿੱਚ ਹਿੱਸੇਦਾਰ ਹੀ ਨਹੀਂ ਸੀ ਸਗੋਂ ਇਹਨਾਂ ਦਾ ਸੂਤਰਧਾਰ ਵੀ ਗਿਣਿਆ ਜਾਂਦਾ ਸੀ। ਉਹ ਸਾਬਕਾ ਸਿੱਖ ਸੈਨਿਕ ਵੀ ਸੀ ਅਤੇ ਤਲਵਾਰ, ਗਤਕੇ ਦਾ ਮਾਹਰ ਖਿਡਾਰੀ ਵੀ। ਉਹ ਯੋਜਨਾਵਾਂ ਉਲੀਕਣ ਤੇ ਸਿਰੇ ਚੜ੍ਹਾਉਣ ਵਿੱਚ ਨਿਪੁੰਨ ਸੀ। 1871 ਈ: ਤੋਂ ਆਪਣੇ ਅਕਾਲ ਚਲਾਣੇ 1912 ਈ: ਤੱਕ, ਉਸਨੇ ਵੱਖ ਵੱਖ ਥਾਂਵਾਂ ਤੇ ਗੁਪਤ ਭੇਸ ਵਿਚ ਵਿਚਰਦਿਆਂ, ਮਫ਼ਰੂਰੀ ਦਾ ਜੀਵਨ ਹੰਡਾਇਆ ਸੀ। ਜਨਵਰੀ 1883 ਵਿੱਚ ਉਸ ਦੁਆਰਾ ਹੋਏ ਭੈਣੀ ਸਾਹਿਬ ਪੁਲੀਸ ਚੌਕੀ ਦੇ ਗੇਂਦੇ ਸਿਪਾਹੀ ਦੇ ਕਤਲ ਤੋਂ ਕਈ ਸਾਲ ਬਾਅਦ, ਪਕੜਿਆ ਗਿਆ, ਪਰ ਅਦਾਲਤ ਵਿੱਚ ਉਸਦੀ ਪਹਿਚਾਣ ਮਰਹਾਣਾ (ਅੰਮ੍ਰਿਤਸਰ) ਵਾਲੇ ਭਗਵਾਨ ਸਿੰਘ ਵਜੋਂ ਨਾਂ ਹੋਣ ਕਾਰਨ, ਉਹ ਬਰੀ ਹੋ ਗਿਆ ਸੀ।ਉਹ ਪਰਉਪਕਾਰੀ ਅਤੇ ਆਪਾ ਵਾਰਨ ਦੀ ਭਾਵਨਾ ਨਾਲ ਲਬਰੇਜ਼ ਸੀ। ਉਹ ਉਦਾਸੀ ਸਾਧੂ ਦੇ ਵੇਸ ਵਿੱਚ, 'ਅੜਬੰਗੀ ਦਾਸ' ਨਾਮ ਹੇਠ ਮਫ਼ਰੂਰੀ ਦਾ ਜ਼ਿਆਦਾ ਸਮਾਂ, ਆਪਣੇ ਪਿੰਡ ਅਤੇ ਕੇਂਦਰ, ਭੈਣੀ ਸਾਹਿਬ ਤੋਂ ਦੂਰ-ਦਰਾਜ, ਮਾਲਵੇ ਦੇ ਪਿੰਡਾਂ ਦੀਆਂ ਰੋਹੀਆਂ ਵਿੱਚ ਬਣੇ ਉਦਾਸੀ ਸਾਧੂਆਂ ਦੇ ਡੇਰੇ ਜਾਂ ਕੂਕਿਆਂ ਦੇ ਘਰਾਂ ਵਿੱਚ ਕੱਟਿਆ ਕਰਦੇ ਸਨ। ਮਾਨਸਾ ਜ਼ਿਲ੍ਹੇ ਦਾ ਪਿੰਡ ਬੱਪੀਆਣਾ ਉਨ੍ਹਾਂ ਦੀ ਵਿਸ਼ੇਸ਼ ਠਾਹਰ ਸੀ। ਬੱਪੀਆਣੇ ਤੋਂ ਕਲਹਿਰੀ ਵੀ 10-12 ਕਿੱਲੋਮੀਟਰ ਤੇ ਹੀ ਸਥਿੱਤ ਹੈ। ਇਸ ਤਰ੍ਹਾਂ ਭਾਈ ਸੁੰਦਰ ਸਿੰਘ ਅਤੇ ਉਹਨਾਂ ਦੇ ਪਿੰਡ ਦੇ ਹੋਰ ਸਿੰਘਾਂ ਨੂੰ ਵਿਸ਼ਵਾਸ਼ ਪਾਤਰ ਸੰਗੀ ਸਾਥੀ ਜਾਣ ਕੇ, ਅੜਬੰਗੀ ਜੀ ਉਹਨਾਂ ਪਾਸ ਅਕਸਰ ਆ ਟਿਕਿਆ ਕਰਦੇ। ਇਹ ਮੇਲ ਜੋਲ, ਹੌਲੇ ਹੌਲੇ ਗੂਹੜੀ ਸਾਂਝ ਵਿੱਚ ਵਟ ਗਿਆ ਕਿਉਂਕਿ ਦੋਵੇਂ ਸਿੰਘ, ਕੂਕਿਆਂ ਵਿੱਚ ਪਿਆਰੇ-ਸਤਿਕਾਰੇ ਜਾਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਜਿਹੜੇ ਹੁਕਮਨਾਮੇ 1878 ਈ: ਵਿੱਚ ਭੇਜੇ ਸਨ, ਉਹਨਾਂ ਵਿੱਚੋਂ ਇਕ ਹੁਕਮਨਾਮੇ ਵਿੱਚ, ਆਪ ਜੀ ਮਾਲਵੇ ਦੇ ਜਿਹਨਾਂ 19-20 ਸਿੰਘਾਂ ਨੂੰ ਯਾਦ ਕਰਦੇ ਹਨ, ਉਹਨਾਂ ਵਿੱਚ (ਗੁਰੂ) ਹਰੀ ਸਿੰਘ ਅਤੇ ਸੂਬਾ ਖੁਸ਼ਹਾਲ ਸਿੰਘ ਤੋਂ ਬਾਅਦ ਭਾਈ ਸੁੰਦਰ ਸਿੰਘ ਕਲਹਿਰੀ ਦਾ ਨਾਮ ਮਿਲਦਾ ਹੈ।[3]

ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਤਕਰੀਬਨ ਮੁਖੀ ਕੂਕੇ ਅਤੇ ਹੋਰ ਵੀ ਗੁਰੂ-ਪ੍ਰੇਮੀ ਰੰਗੂਨ ਪੁੱਜਦੇ ਰਹੇ। ਅੰਮ੍ਰਿਤਸਰ ਬੁੱਚੜਬੱਧ ਕੇਸ ਦੇ ਇੱਕ ਮਫ਼ਰੂਰ, ਅੜਬੰਗੀ ਜੀ ਦੇ ਇਨ੍ਹਾਂ ਸਾਥੀਆਂ ਵਿੱਚੋਂ ਇੱਕ, ਮਿਹਰ

ਸਿੰਘ ਲੋਪੋਕੀ (ਅੰਮ੍ਰਿਤਸਰ) ਨੇ ਮਾਝੇ ਦੇ ਸਿੰਘ ਕਾਹਨ ਸਿੰਘ ਬੁਰਜ ਰਾਇ ਕੇ ਹੱਥ, ਸਤਿਗੁਰੂ ਜੀ ਤੋਂ ਇਧਰ ਆ ਕੇ ਦਰਸ਼ਨ ਕਰਨ ਦੀ ਆਗਿਆ ਮੰਗੀ ਜਿਸ ਤੇ ਆਪ ਦਾ ਪ੍ਰਤੀਕਰਮ ਸੀ-

"ਅਰ ਭਾਈ ਕਾਨ੍ਹ ਸਿੰਘ, ਮਿਹਰ ਸਿੰਘ ਨੂੰ ਆਖਣਾ ਏਥੇ ਨਾ ਆਵੇ ਸਾਡੇ ਪਾਸ। ਏਧਰੇ ਲੁਕ ਛਿਪ ਕੇ ਦਿਨ ਕਟ ਲੈ। ਕੋਈ ਦਿਨ ਦਾ ਹੀ ਕਸਟ ਹੈ। ਭਾਈ ਤੁਸਾ ਦੇ ਈ ਪੈਰੋ ਕੰਗ ਉਠੀ ਹੈ ਪਹਿਲੇ ਅਛਾ ਕੋਈ ਚਿੰਤਾ ਨਹੀ, ਗੁਰੂ ਜੀ ਦਾ ਹੁਕਮ ਏਸੇ ਤਰਾ ਦਾ ਸੀ ਜੀ, ਸਾਡੇ ਕੀ ਬਸ ਹੈ। ਜੇ ਏਥੇ ਮਿਲਣ ਦੇਣ ਤਾ ਭਾਵੇ ਸੈਂਕੜੇ ਆਇ ਜਾਣਿ। ਬਾਤਿ ਤੇ ਏਹੁ ਹੈ ਬਡੀ ਜੋ ਖਰਚ ਖੇਚਲ ਬਹੁਤੁ ਹੈ ਏਥੇ ਆਉਣ ਦੀ ਅਰ ਮੇਲਾ ਕੁਛ ਨਾਹੀ ਹੁੰਦਾ ਹੈ ਕੁਛ ਤਿਰਪਤਿ ਨਹੀ ਹੁੰਦੀ ਦਰਸਨ ਮੇਲੇ ਦੀ। ਨਾ ਬੋਲਣ ਦਿੰਦੇ ਹੈ ਨਾ ਖੜਾ ਹੀ ਹੋਣ ਦਿੰਦੇ ਹੈ ਹਮਾਰੇ ਪਾਸ। ਐ ਹਵਾਲ ਹੈ ਏਥੇ ਦਾ ਅਗੇ ਗੁਰੂ ਜਾਣੇ ਗੁਰੂ ਨੇ ਜੋ ਕਰਨੀ ਹੈ।[4]

ਭਾਈ ਭਗਵਾਨ ਸਿੰਘ ਅੜਬੰਗੀ ਵੀ ਕੁਝ ਸਮਾਂ ਤਾਂ ਖਾਮੋਸ਼ ਰਿਹਾ ਪਰ ਜਦੋਂ ਉਹਦੇ ਅੰਦਰੋਂ ਵੈਰਾਗ ਦੀ ਲਹਿਰ ਉੱਠੀ ਅਤੇ ਉਸ ਲਈ ਸਤਿਗੁਰੂ ਵਿਛੋੜਾ ਅਸਹਿ ਹੋ ਗਿਆ ਤਾਂ ਉਸ ਨੇ ਭਾਈ ਸੁੰਦਰ ਸਿੰਘ ਨਾਲ ਮਤਾ ਮੇਲਿਆ। ਸੁੰਦਰ ਸਿੰਘ ਹੋਰੀਂ ਪਹਿਲਾਂ ਹੀ ਬਿਹਬਲ ਅਵਸਥਾ ਕਾਰਨ, ਉਹਨਾਂ ਤੋਂ ਝਿਜਕ ਰਹੇ ਸਨ। ਹੁਣ ਜਦੋਂ ਅੜਬੰਗੀ ਜੀ ਰੁਕਣ ਵਾਲੇ ਨਹੀਂ ਸਨ ਤਾਂ ਉਹ ਝੱਟ ਤਿਆਰ ਹੋ ਗਏ। ਇਸ ਤੇ ਇਹ ਦੋਵੇਂ ਸਿੰਘ ਇਹਨਾਂ ਦੇ ਨਾਲ ਹੀ ਸੁੱਧ ਸਿੰਘ ਮੌੜਾਂ ਤੇ ਹੀਰਾ ਸਿੰਘ ਵਿਰਕ (ਬਠਿੰਡਾ) ਦਾ ਗੁਰੂ ਹਰੀ ਸਿੰਘ ਜੀ ਪਾਸ ਆਗਿਆ ਲੈਣ, 1880 ਈ: ਦੇ ਸ਼ੁਰੂ ਵਿੱਚ ਭੈਣੀ ਸਾਹਿਬ ਆਏ। ਪਰ ਉਸ ਸਮੇਂ ਰੰਗੂਨ ਵਿੱਚ ਕਾਫੀ ਸਿੰਘ ਜਾ ਰਹੇ ਸਨ, ਸਤਿਗੁਰੂ ਜੀ ਰੋਕ ਰਹੇ ਸਨ, ਸੋ ਗੁਰੂ ਹਰੀ ਸਿੰਘ ਜੀ ਨੇ ਆਗਿਆ ਨਾ ਦਿੱਤੀ।[5]

ਓੜਕ ਇਹ ਦੋਵੇਂ ਗੁਰੂ ਪਿਆਰੇ ਸੁੰਦਰ ਸਿੰਘ ਅਤੇ ਭਗਵਾਨ ਸਿੰਘ ਰੰਗੂਨ ਪੁੱਜ ਹੀ ਗਏ। ਭਗਵਾਨ ਸਿੰਘ ਹੋਰਾਂ ਨੇ ਇੱਕ ਚਿੜੀ ਦੀ ਸ਼ਕਲ ਦਾ ਚਾਂਦੀ ਦਾ ਬਣਿਆ ਜਾਨਵਰ ਭੇਂਟ ਕੀਤਾ। ਆਪਣੀਆਂ ਬੇਨਤੀਆਂ ਲਿਖ ਕੇ ਅੰਦਰ ਸੁੱਟੀਆਂ ਜੁਆਬ ਵਿਚ ਜੋ ਹੁਕਮਨਾਮਾ ਮਿਲਿਆ, ਉਹ ਦੇਸ਼ ਵਾਪਸ ਆ ਕੇ ਭਾਈ ਸੁੰਦਰ ਸਿੰਘ ਹੋਰਾਂ ਪਾਸੋਂ, ਬੀਬੀ ਅਤਰ ਕੌਰ ਕੋਲ ਮਾਈਸਰਖਾਨੇ ਪੁੱਜ ਗਿਆ। ਜਦੋਂ ਇਹ ਬੀਬੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਲਈ, ਭੈਣੀ ਸਾਹਿਬ ਜਾਣ ਦੀ ਉਡੀਕ ਵਿੱਚ ਲਾਟੋਂ (ਭੈਣੀ ਸਾਹਿਬ ਦਾ ਗੁਆਂਢੀ ਪਿੰਡ) ਦੀ ਢੱਕੀ ਵਿੱਚ ਬੈਠੀ ਸੀ ਤਾਂ ਅਚਾਨਕ ਛਾਪਾ

ਮਾਰ ਕੇ ਪੁਲੀਸ ਕਪਤਾਨ ਲੁਧਿਆਣਾ, ਜੇ.ਪੀ. ਵਾਰਬਰਟਨ ਨੇ ਇਹ ਹੁਕਮਨਾਮਾ, ਮਾਈ ਅਤਰੀ ਦੀ ਨਿੱਤਨੇਮ ਵਾਲੀ ਪੋਥੀ ਵਿੱਚੋਂ ਬਰਾਮਦ ਕਰ ਲਿਆ ਅਤੇ ਬੀਬੀ ਅਤੇ ਸੁੰਦਰ ਸਿੰਘ, ਬਿਸ਼ਨ ਸਿੰਘ ਕਲਹਿਰੀ ਸਮੇਤ 38 ਸਿੰਘਾਂ ਸਿੰਘਣੀਆਂ ਨੂੰ ਗਰਿਫਤਾਰ ਕਰਕੇ, ਲੁਧਿਆਣੇ ਭੇਜਿਆ, ਜਿੱਥੇ ਗ਼ੈਰ ਕਾਨੂੰਨੀ ਸਭਾ ਵਿੱਚ ਸ਼ਾਮਲ ਹੋਣ ਤੇ ਉਹਨਾਂ ਖਿਲਾਫ ਕਾਰਵਾਈ ਹੋਈ। ਉਸ ਸਮੇਂ ਜ਼ਬਤ ਹੁਕਮਨਾਮੇ ਦਾ ਵਾਰਬਰਟਨ ਨੇ ਜੋ ਅੰਗਰੇਜੀ ਅਨੁਵਾਦ ਰੀਕਾਰਡ ਵਿੱਚ ਦਰਜ ਕੀਤਾ ਹੈ, ਉਸ ਦਾ ਪੰਜਾਬੀ ਅਨੁਵਾਦ, ਪਾਠਕਾਂ ਦੀ ਸੇਵਾ ਵਿੱਚ ਪੇਸ਼ ਹੈ ਜਿਸ ਤੋਂ ਉਸ ਸਮੇਂ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਹਾਲਾਤ ਬਾਰੇ ਸਤਿਗੁਰੂ ਜੀ ਕੀ ਸੋਚਦੇ ਹਨ, ਪਤਾ ਲੱਗਦਾ ਹੈ।

“ਪੱਤਰ (ਹੁਕਮਨਾਮਾ) ਨੰ: 1- ਭਾਈ ਭਗਵਾਨ ਸਿੰਘ ਅਤੇ ਸੁੰਦਰ ਸਿੰਘ ਨੂੰ ਮੇਰੀ ਫ਼ਤੇਹ ਪਰਵਾਨ ਹੋਵੇ। ਮੈਂ ਸਰੀਰਕ ਤੌਰ ਤੇ ਅਨੰਦ ਪ੍ਰਸੰਨ ਹਾਂ, ਪਰ ਸੰਗਤ ਦੇ ਵਿਛੋੜੇ ਦਾ ਵਡਾ ਦੁੱਖ ਹੈ। ਇਹ ਦੁੱਖ ਗੁਰੂ ਦੇ ਮੇਟਣ ਵਾਲਾ ਹੈ। ਭਾਈ ਤੁਸਾਂ ਦਾ ਧੰਨ ਜਨਮ ਹੈ ਜੋ ਤੁਸਾਂ ਇਤਨੀ ਦੂਰ ਸਮੁੰਦਰੋਂ ਪਾਰ ਆ ਕੇ ਦਰਸ਼ਨ ਦਿੱਤਾ ਹੈ। ਭਾਈ ਤੁਸਾਂ ਤਾਂ ਸਿੱਖਾਂ ਵਾਲੀ ਕੀਤੀ ਹੈ। ਇਹ ਪੱਤਰ ਲਿਖਣ ਦਾ ਹੁਣ ਮੈਂ ਕਾਰਨ ਦੱਸਦਾ ਹਾਂ। ਤੁਹਾਡੇ ਵਿਚੋਂ ਇਕ ਮੇਰੇ ਪਾਸ ਸਵੇਰੇ ਸੱਤ ਵਜੇ ਆਏ, ਦੂਜਾ ਨੌਂ ਵਜੇ ਅਤੇ ਫਿਰ 11 ਵਜੇ। ਸਮੇਂ ਵੱਲੋਂ ਸੁਚੇਤ ਰਹਿਣਾ ਅਤੇ ਹਮੇਸ਼ਾਂ ਸਹੀ ਮਿਥੇ ਸਮੇਂ ਤੇ ਹੀ ਪੁੱਜਣਾ। ਜ਼ਬਾਨੀ ਗੱਲ ਬਾਤ ਕਰਨੀ ਮੁਸ਼ਕਿਲ ਹੈ। ਮੇਰੇ ਸੁਆਲਾਂ ਦਾ ਲਿਖਤੀ ਜੁਆਬ ਦੇਣਾ। ਜੋ ਕੁਝ ਤੁਸੀਂ ਮੈਥੋਂ ਪੁੱਛਣਾ ਹੈ ਉਹ ਵੀ ਲਿਖ ਕੇ ਹੀ ਦਿਉ। ਮੈਂ ਲਿਖਤੀ ਜੁਆਬ ਦਿਆਂਗਾ। ਜਦੋਂ ਇਹਨਾਂ ਕਾਗਜ਼ਾਂ ਦਾ ਮਤਲਬ ਸਮਝ ਲਵੋ ਇਹਨਾਂ ਨਾਲ ਬਰੀਕ ਪੱਥਰ ਜਾਂ ਰੋੜੇ ਦਾ ਟੁਕੜਾ ਬੰਨ੍ਹ ਕੇ ਪਾਣੀ ਵਿੱਚ ਡੋਬ ਦਿਉ। ਸਭ ਤੋਂ ਪਹਿਲਾਂ ਇਹ ਪੱਤਰ ਪੜ੍ਹੋ।

(ਪੱਤਰ ਨੰ: 2) ਮੈਨੂੰ ਹੇਠਲੇ ਨੁਕਤਿਆਂ ਬਾਰੇ ਜੁਆਬ ਲਿਖ ਕੇ ਭੇਜੋ- ਪੇਸ਼ਾਵਰ ਬਾਰੇ। ਉੱਥੇ ਲੜਾਈ ਕਿਵੇਂ ਚੱਲ ਰਹੀ ਹੈ। ਕੌਣ ਜਿੱਤਿਆ ਹੈ ਜਾਂ ਕੌਣ ਹਾਰਿਆ ਹੈ ? ਕੀ ਜੰਗ ਹੋਰ ਵੱਧ ਰਹੀ ਹੈ ਜਾਂ ਇਹ ਮੁੱਕ ਗਈ ਹੈ? (ਇਹ ਜੰਗ ਅੰਗਰੇਜਾਂ ਅਤੇ ਅਫਗਾਨਾਂ ਵਿਚਾਲੇ ਸੀ)। ਕੀ ਕਾਬਲ ਦੀ ਮੱਦਦ ਲਈ ਰੂਸ ਆਇਆ ਹੈ ਜਾਂ ਨਹੀਂ? ਕੀ ਰੂਸ ਅਤੇ ਇੰਗਲੈਂਡ ਦੀ ਲੜਾਈ ਲੱਗੀ ਹੈ ਜਾਂ ਨਹੀਂ? ਕੀ ਪੰਜਾਬੀਆਂ ਨੂੰ ਫੌਜ ਵਿੱਚ ਭਰਤੀ ਕੀਤਾ ਜਾ ਰਿਹਾ ਹੈ ਜਾਂ ਨਹੀਂ? ਫਸਲਾਂ ਦੀ ਹਾਲਤ ਦੇਸ਼ ਵਿੱਚ ਕੈਸੀ ਹੈ, ਚੰਗੀ ਜਾਂ ਮਾੜੀ ? ਅਤੇ ਕਣਕ ਵਗੈਰਾ ਦਾ ਕੀ ਭਾਉ ਹੈ ? ਕੀ ਲਾਮ ਵਾਸਤੇ ਲੋਕਾਂ ਦੇ ਊਠ ਗੱਡੇ ਆਦਿ ਸਰਕਾਰ ਲੈ ਲਏ ਹਨ ਜਾਂ ਨਹੀਂ ? ਕੀ

ਨਾਭਾ, ਪਟਿਆਲਾ ਅਤੇ ਹੋਰ ਜਗੀਰਦਾਰਾਂ ਦੀਆਂ ਫੌਜਾਂ ਪਿਸ਼ਾਵਰ ਵੱਲ ਭੇਜੀਆਂ ਗਈਆਂ ਹਨ ਜਾਂ ਨਹੀਂ ? ਕੀ ਸਾਡੇ ਡੇਰੇ ਦੇ ਲਾਗੇ ਪੁੱਟੀ (ਸਰਹਿੰਦ) ਨਹਿਰ ਵਿੱਚ ਪਾਣੀ ਛੱਡਿਆ ਗਿਆ ਹੈ ਜਾਂ ਨਹੀਂ? ਕੀ ਡੇਰੇ ਵਿੱਚ ਲੰਗਰ ਵਧੀਆ ਚੱਲ ਰਿਹਾ ਹੈ ਜਾਂ ਛੋਟੀ ਹਾਲਤ ਵਿੱਚ ਹੈ? ਕੀ ਡੇਰੇ ਵਿੱਚ ਅਨਾਜ ਜਮ੍ਹਾਂ ਹੈ? ਕੀ ਇਹ ਕਾਫੀ ਮਾਤਰਾ ਵਿੱਚ ਹੈ ਜਾਂ ਘੱਟ ਹੈ ? ਕੀ ਸਿੰਘ ਭਜਨ, ਬਾਣੀ ਦਾ ਪਾਠ ਕਰਦੇ ਹਨ? ਸੰਗਤ ਚੜ੍ਹਦੀ ਕਲਾ ਵਿੱਚ ਹੈ ਜਾਂ ਨਹੀਂ ? ਮੈਨੂੰ ਨਾਨੂੰ ਸਿੰਘ (ਅਤੇ ਉਸ) ਦੇ ਪਰਿਵਾਰ ਬਾਰੇ ਲਿਖਣਾ। ਰੁੜਕੀ (ਅੰਬਾਲਾ) ਦੇ ਸਿੰਘਾਂ ਬਾਰੇ ਵੀ ਲਿਖਣਾ।

ਭਗਵਾਨ ਸਿੰਘ, ਤੂੰ ਆਪਣੀ ਖਬਰ ਦਿਹ। ਤੂੰ ਕਿੱਥੇ ਰਹਿੰਦਾ ਹੈਂ ਅਤੇ ਤੇਰੇ ਨਾਲ ਦੇ (ਸਾਕਿਆਂ ਦੇ ਮਫਰੂਰ) ਸਿੰਘ ਕਿੱਥੇ ਹਨ ? ਝੰਡਾ ਸਿੰਘ (ਠੱਟਾ) ਕਿੱਥੇ ਹੈ ?

ਫਿਰ ਅੱਗੇ ਪੜ੍ਹਨਾਂ। (ਕਾਗਜ ਦੇ ਛੋਟੇ ਛੋਟੇ ਟੁਕੜੇ ਜੋ ਸਤਿਗੁਰੂ ਜੀ ਨੂੰ ਮਿਲਦੇ ਸਨ ਇਹ ਪੱਤਰ ਉਨ੍ਹਾਂ ਤੇ ਲਿਖੇ ਗਏ ਹਨ)

(ਪੱਤਰ ਨੰ: 3) ਇਹ ਪੱਤਰ ਦੂਜੇ ਪੱਤਰ ਤੋਂ ਬਾਅਦ ਪੜ੍ਹਨਾ। ਪ੍ਰਹਿਲਾਦ ਸਾਗਰ (ਬੱਡ ਤੀਰਥ, ਹਰੀਪੁਰ-ਅਬੋਹਰ) ਤੋਂ (ਖੁਦਾਈ ਸਮੇਂ) ਜੋ ਸਾਖੀਆਂ (ਸਾਖੀ ਪੋਥੀ) ਨਿਕਲੀਆਂ ਹਨ, ਉਸ ਬਾਰੇ ਜੋ ਜਾਣਦੇ ਹੋ ਮੈਨੂੰ ਲਿਖੋ। ਖਰਚੇ ਲਈ ਤੁਸੀਂ ਮਾਇਆ ਕਿਥੋਂ ਲਈ ਹੈ ? ਤੁਹਾਡਾ ਦੋਹਾਂ ਦਾ ਰੇਲ ਭਾੜਾ ਕਿਤਨਾ ਲੱਗਿਆ ਅਤੇ ਫਿਰ ਸਮੁੰਦਰੀ ਜਹਾਜ ਵਿੱਚ ਕਿਤਨੇ ਪੈਸੇ ਖਰਚ ਹੋਏ ? ਕੀ ਯੂਰਪੀਨ (ਅੰਗਰੇਜ਼ ਆਦਿਕ) ਪਿਸ਼ਾਵਰ ਵੱਲ ਜਾ ਰਹੇ ਹਨ ਜਾਂ ਮੁੜ ਰਹੇ ਹਨ ? ਕੀ ਪ੍ਰਮੇਸ਼ਰ ਵਿਰੋਧੀ, ਪੁਜਾਰੀ, ਬੱਡ ਤੀਰਥ ਆਉਂਦੇ ਹਨ ਜਾਂ ਨਹੀਂ ? ਕੀ ਉਹ ਇਸ ਬਾਰੇ ਲਗਾਤਾਰ ਮੰਦਾ ਬੋਲ ਰਹੇ ਹਨ ? ਇਹਨਾਂ ਨੁਕਤਿਆਂ ਦਾ ਲਿਖਤੀ ਜੁਆਬ ਦਿਉ। ਇਸ ਤੋਂ ਬਿਨਾਂ ਹੋਰ ਵੀ ਕੋਈ ਦੇਸ਼ ਦੇ ਹਾਲਾਤ ਬਾਰੇ ਜਾਣਕਾਰੀ, ਤੁਹਾਡੇ ਪਾਸ ਹੋਵੇ ਮੈਨੂੰ ਦੱਸੋ। ਕੋਈ ਨੁਕਤਾ ਛੱਡਣਾ ਨਹੀਂ ਸਭ ਦਾ ਲਿਖਤੀ ਜੁਆਬ ਦਿਉ। ਜੇ ਤੁਸੀਂ ਮੋਰਮਈ (ਤਿੰਨ ਬੰਦੀ ਸੂਬਿਆਂ ਪਾਸ) ਜਾਣਾ ਹੋਵੇ ਤਾਂ ਮੈਨੂੰ ਅਗਾਉਂ ਦੱਸਣਾਂ ਮੈਂ ਤੁਹਾਨੂੰ ਉਹਨਾਂ ਨੂੰ ਦੇਣ ਲਈ ਪੱਤਰ ਦਿਆਂਗਾ। ਆਪਣੇ ਜੁਆਬ ਵਾਲੇ ਪੱਤਰ ਇੱਕ ਸਮੇਂ ਹੀ ਦੇਣੇ। ਕੀ (ਗੁਰੂ) ਗਰੰਥ ਸਾਹਿਬ ਦੇ ਪਾਠ ਭੋਗ ਪੈਂਦੇ ਹਨ ? ਜੇ ਪੈਂਦੇ ਹਨ ਤਾਂ ਕਾਫੀ ਗਿਣਤੀ ਵਿੱਚ ਜਾਂ ਥੋਹੜੇ ?

(ਪੱਤਰ ਨੰ: 4) ਭਾਈ ਜੋ ਤੁਸਾਂ 'ਸੀਤ-ਪ੍ਰਸਾਦਿ' ਮੰਗਿਆ ਹੈ, ਗੁਰੂ ਦਾ ਬਚਨ ਹੀ ਸੱਚਾ 'ਸੀਤ-ਪ੍ਰਸਾਦਿ' ਹੈ। ਜੋ ਗੁਰੂ ਦੇ ਬਚਨ ਸੁਣਕੇ ਉਹਨਾਂ

ਨੂੰ ਹਿਰਦੇ ਵਿੱਚ ਵਸਾਉਂਦਾ ਹੈ, ਉਸਦਾ ਬਹੁਤ ਫਲ ਮਿਲੇਗਾ। ਜੂਠਾ ਟੁੱਕ ਕਾਹਦਾ ਸੀਤ ਪ੍ਰਸਾਦਿ ਹੈ। ਸਾਰਿਆਂ ਨੂੰ ਆਖੋ ਕਿ ਉਹ ਨਾ ਕਿਸੇ ਦਾ ਜੂਠਾ ਖਾਣ ਅਤੇ ਨਾਂ ਹੀ ਕਿਸੇ ਨੂੰ ਜੂਠਾ ਦੇਣ। ਭਜਨ ਬਾਣੀ ਦਾ ਹੀ ਬਹੁਤ ਲਾਭ ਹੈ ਅਤੇ ਭਜਨ ਬਾਣੀ ਨਾਲ ਹੀ ਅਨੰਦ ਮਿਲਦਾ ਹੈ। ਭਾਈ ਜਿੱਥੇ ਵੀ ਜਾਵੋ (ਸੰਗਤ ਨੂੰ) ਮੇਰੀ ਫਤਹਿ ਬੁਲਾਉਣੀ। ਮਤਲਬ ਸਮਝ ਕੇ ਇਹਨਾਂ ਪੱਤਰਾਂ ਨੂੰ ਪਾੜ ਦੇਣਾ। ਦੇਸ਼ ਵਾਸਤੇ ਇਹ ਪੱਤਰ ਵੱਡੀ ਸਾਵਧਾਨੀ ਨਾਲ ਲੈ ਕੇ ਜਾਣੇ।

ਭਗਵਾਨ ਸਿੰਘ ! ਇਹ ਪੱਤਰ ਤੂੰ ਨਾਂ ਲੈ ਕੇ ਜਾਵੀਂ। ਇਹ ਸੁੰਦਰ ਸਿੰਘ ਦੇ ਹਵਾਲੇ ਕਰ ਦੇਣੇ। ਖਬਰਦਾਰ ਰਹੀਂ ਕਿ ਕੋਈ ਤੈਨੂੰ ਤਾੜ ਨਾਂ ਲਵੇ। ਪੱਤਰ ਲੈ ਕੇ ਜਾਣ ਦੀ ਮੁਸੀਬਤ ਤਾਂ ਉਠਾਉਣੀ ਪੈਂਦੀ ਹੈ। ਇਕ ਵੇਰ ਤੁਸੀਂ ਸਮੁੰਦਰ ਪਾਰ ਕਰ ਜਾਉ ਫਿਰ ਕੋਈ ਖਤਰਾ ਨਹੀਂ।

ਇਹ ਪੱਤਰ ਤੁਹਾਡੇ ਲਈ ਹੈ ਤੇ ਦੂਜਾ ਡੇਰੇ ਲਈ। ਮਤਲਬ ਸਮਝ ਕੇ ਇਹਨਾਂ ਨੂੰ ਨਸ਼ਟ ਕਰ ਦੇਣਾ।

(ਛੋਟੇ ਕਾਗਜ਼ ਦੇ ਟੁਕੜਿਆਂ ਤੇ)

1. ਮੈਨੂੰ ਸਿਆਹੀ ਦੀ ਦਵਾਤ ਅਤੇ ਚਾਰ ਕਾਨੇ ਭੇਜਣੇ ਜਿਹਨਾਂ ਦੀਆਂ ਮੈਂ ਕਲਮਾਂ ਘੜ ਲਵਾਂਗਾ।
2. ਸਿਆਹੀ ਦੀ ਦਵਾਤ ਭਰੀ ਹੋਵੇ ਖਾਲੀ ਨਾਂ ਹੋਵੇ। ਦੁਆਤਾਂ ਰੱਖਣ ਵਾਲੇ (ਦੁਆਤਖਾਨੇ) ਵੀ ਇੱਥੇ ਵਿਕਦੇ ਹਨ।
3. ਸਾਰੇ ਖਤ ਇਕੱਠੇ ਹੀ ਇੱਕੋ ਵਾਰੀ ਅੰਦਰ ਸੁੱਟ ਦਿਉ। ਘੜੀ ਮੁੜੀ ਟੁਕੜਿਆਂ ਵਿੱਚ ਨਾਂ ਭੇਜੋ। ਕਿਉਂਕਿ ਵਾਰ ਵਾਰ ਚੁੱਕਣੇ ਤੇ ਉਹਨਾਂ ਦਾ ਜੁਆਬ ਲਿਖਣਾ ਸੌਖਾ ਨਹੀਂ ਹੈ।
4. ਇੱਥੇ ਜਿਹਲ ਵਿੱਚ ਮਾਝੇ ਦੇ ਸਿੱਖ ਹਨ (ਸ਼ਾਇਦ ਮੁਲਾਜ਼ਮ) ਪਰ ਉਹਨਾਂ ਨੂੰ ਮਿਲਣਾ ਵੀ ਨਹੀਂ ਅਤੇ ਦਿਲ ਦਾ ਭੇਤ ਵੀ ਉਹਨਾਂ ਪਾਸ ਨਹੀਂ ਖੋਹਲਣਾ। ਇੱਥੇ ਇਕ ਸ਼ਾਮ ਸਿੰਘ ਹੈ (ਅੰਮ੍ਰਿਤਸਰ ਦਾ ਕਾਰੀਗਰ ਸਿੰਘ) ਉਸਨੂੰ ਮਿਲ ਲੈਣਾ। ਮੇਰੇ ਸੁਆਲਾਂ ਦਾ ਜੁਆਬ ਦੇਣਾ। ਤੁਹਾਡੇ ਅੱਖਰ ਸਾਫ ਸੁਥਰੇ ਪੜ੍ਹਨ ਯੋਗ ਹੋਣ ।
5. ਸਮੇਂ ਸਮੇਂ ਮੈਨੂੰ ਮਿਲਦੇ ਰਹਿਣਾ (ਲੰਘਦੇ ਟੱਪਦੇ)। ਸਬੱਬ ਬਣੇ ਤਾਂ ਅਸੀਂ ਬਚਨ ਬਿਲਾਸ ਵੀ ਕਰ ਸੱਕਦੇ ਹਾਂ ਨਹੀਂ ਤਾਂ ਦਰਸ਼ਨ ਦੀਦਾਰੇ ਹੀ ਸਹੀ। ਮੇਰੇ ਲਈ ਕਿਸੇ ਸਿੰਘ ਦੇ ਦਰਸ਼ਨ ਤੋਂ ਕੀਮਤੀ ਵਸਤੂ ਕੋਈ ਨਹੀਂ।

6. ਭਾਈ ਭਗਵਾਨ ਸਿੰਘ ਮੈਂ ਆਪਣੇ ਸਿੰਘਾਂ ਨੂੰ ਇੱਥੇ ਆਉਣ ਤੋਂ ਇਸ ਲਈ ਮਨੇ ਕਰਦਾ ਹਾਂ ਕਿ ਉਹ ਜਿਤਨਾ ਖਰਚ ਖੇਚਲ ਝੱਲ ਕੇ ਇੱਥੇ ਪੁੱਜਦੇ ਹਨ ਉਸ ਦੇ ਮੁਕਾਬਲੇ ਦਰਸ਼ਨ ਮੇਲਾ ਤਾਂ ਬਹੁਤ ਘੱਟ ਹੁੰਦਾ ਹੈ। ਇਹਨਾਂ (ਅੰਗਰੇਜ਼ ਸਰਕਾਰ) ਨੂੰ ਮੇਰੇ ਸਰੀਰ ਦਾ ਕਾਲ ਵਰਗਾ ਭੈ ਹੈ। ਭਾਈ ਮੈਂ ਤਾਂ ਇਹਨਾਂ ਬਾਰੇ ਕੁਛ ਵੀ ਨਹੀਂ ਕੀਤਾ ਇਹਨਾਂ ਨੂੰ ਤਾਂ ਆਪਣੀ ਕਰਨੀ ਤੋਂ ਹੀ ਖ਼ਤਰਾ ਜਾਪਦਾ ਹੈ।
7. ਅਤਰੀ ਦਾ ਕੀ ਹਾਲ ਹੈ ? ਮੈਨੂੰ ਦੱਸਣਾਂ ਅਤੇ ਇਹ ਵੀ ਕਿ ਕੀ ਉਹ ਮਰਿਆਦਾ ਵਿੱਚ ਰਹਿੰਦੀ ਹੈ।
8. ਕੀ ਲੋਕ ਅਤਰੀ ਨੂੰ ਭੇਟਾਵਾਂ ਚੜ੍ਹਾ ਕੇ ਮੱਥੇ ਟੇਕਦੇ ਹਨ ਅਤੇ ਲੋਕ ਉਸ ਕੋਲ ਪੁੱਜਦੇ ਹਨ ? ਅਤਰੀ ਵਿੱਚ ਕੋਈ ਸੱਤਿਆ ਨਹੀਂ। ਉਹ ਐਵੇਂ ਹੀ ਇਸ ਸਮੇਂ ਆਪਣੇ ਆਪ ਵਿੱਚ ਕੁਝ ਬਣੀ ਫਿਰਦੀ ਹੈ। ਮੈਨੂੰ ਕੰਘੇ ਨਹੀਂ ਚਾਹੀਦੇ, ਕਿਸੇ ਸਿੱਖ ਨੂੰ ਦੇ ਦੇਣੇ।
9. (ਗੁਰੂ) ਗ੍ਰੰਥ ਸਾਹਿਬ ਦੇ ਪਾਠ ਅਤੇ ਭੋਗ, ਚੰਗੀ ਗਿਣਤੀ ਵਿੱਚ ਪਾਉ। ਸਾਰੇ ਖਾਲਸੇ ਨੂੰ ਇਹ ਸੁਣਾ ਦੇਣਾ। ਜਦੋਂ ਜਹਾਜ ਜਾਵੇ ਚੜ੍ਹ ਜਾਣਾ। ਦੇਸ਼ ਜਾ ਕੇ ਭੋਗ ਪਾਠਾਂ ਦੇ ਪੁਆਉਣੇ। ਮੈਂ ਸਰਬ ਸ਼ਕਤੀ ਮਾਨ, ਅਕਾਲ ਪੁਰਖ ਦੀ ਕ੍ਰਿਪਾ ਨਾਲ ਇਹ ਪੱਤਰ ਬੰਦ ਕਰਦਾ ਹਾਂ।

ਇਹਨਾਂ ਪੱਤਰਾਂ ਦੇ ਅਰੰਭ ਵਿੱਚ ਵਾਰਬਰਟਨ, ਕਰਨਲ ਏ.ਐਚ. ਬਾਮਫੀਲਡ, ਇੰਸਪੈਕਟਰ ਜਨਰਲ ਪੁਲੀਸ, ਪੰਜਾਬ ਨੂੰ ਲੁਧਿਆਣੇ ਤੋਂ 23 ਮਾਰਚ 1881 ਨੂੰ ਇਹ ਸੂਚਨਾ ਭੇਜਦਾ ਹੈ ਮਾਰਚ ਦੀ 19 ਤਾਰੀਖ ਨੂੰ ਮੈਂ ਮਾਈਸਰਖਾਨਾ ਦੀ ਬੀਬੀ ਅਤਰੀ (ਰਿਆਸਤ ਪਟਿਆਲਾ) ਪਾਸੋਂ (ਗੁਰੂ) ਰਾਮ ਸਿੰਘ ਦੀ ਆਪਣੀ ਹਸਤਲਿਖਤ ਵਿੱਚ ਕੁਝ ਪੱਤਰ ਬਰਾਮਦ ਕੀਤੇ ਹਨ। ਇਹ ਪੱਤਰ 1880 ਵਿੱਚ ਮੇਰੀ ਸਮਝ ਹੈ ਕਿ ਦੋ ਕੂਕਿਆਂ ਇਕ ਸੁੰਦਰ ਸਿੰਘ ਕਲਹਿਰੀ, ਥਾਣਾ ਬੁਢਲਾਢਾ ਜ਼ਿਲ੍ਹਾ ਕਰਨਾਲ ਅਤੇ ਦੂਜਾ ਕਿਸੇ ਭਗਵਾਨ ਸਿੰਘ ਦੁਆਰਾ ਲਿਆਂਦੇ ਗਏ ਹਨ ਜਿਸਦੇ ਟਿਕਾਣੇ ਦਾ ਪਤਾ ਨਹੀਂ। ਇੱਕ ਦੋ ਦਿਨਾਂ ਵਿੱਚ ਅਸਲ ਪੱਤਰ ਮੈਂ ਤੁਹਾਨੂੰ ਭੇਜ ਦਿਆਂਗਾ। ਇੱਕ ਨਕਲ ਮੈਂ ਆਪਣੀ ਵਰਤੋਂ ਲਈ ਰੱਖ ਰਿਹਾ ਹਾਂ। (ਗੁਰੂ) ਰਾਮ ਸਿੰਘ ਪਾਸੋਂ ਆਏ ਜੋ ਪੱਤਰ ਮੈਂ ਪਕੜੇ ਹਨ, ਉਹਨਾਂ ਦੀ ਇਹ ਪੰਜਵੀਂ ਕਿਸ਼ਤ ਹੈ।

ਇਹ ਪੱਤਰ ਲੈ ਕੇ ਅੜਬੰਗੀ ਹੋਰੀਂ ਤਾਂ ਮਾਲਵੇ ਦੇ ਪਿੰਡਾਂ ਵਿੱਚੋਂ ਘੁੰਮਦੇ

ਰੋਹੀਆਂ, ਜੰਗਲਾਂ ਅਤੇ ਘੱਗਰ ਨਾਲੀ ਦੇ ਬੇਲਿਆਂ ਵਿੱਚ ਅਲੋਪ ਹੋ ਜਾਂਦੇ। ਭਾਈ ਸੁੰਦਰ ਸਿੰਘ ਨੇ ਹੁਕਮਨਾਮੇ ਗੁਰੂ ਹਰੀ ਸਿੰਘ ਜੀ ਤੱਕ ਭੈਣੀ ਸਾਹਿਬ ਪੁਚਾ ਦਿੱਤੇ ਅਤੇ ਫਿਰ ਪਿੰਡ ਪਰਤਿਆ। ਸਰਕਾਰੀ ਰੀਕਾਰਡ ਮੁਤਾਬਿਕ 1880 ਵਿੱਚ ਉਸਦੀ ਉਮਰ 45 ਸਾਲ ਸੀ। ਸੰਨ 1870 ਵਿੱਚ ਗੁਰੂ ਰਾਮ ਸਿੰਘ ਜੀ ਨੇ ਉਸਨੂੰ ਭਜਨ ਦੇ ਕੇ ਕੂਕਾ ਬਣਾਇਆ ਛੇਤੀ ਹੀ ਮਾਰਚ 1872 ਵਿੱਚ ਹੋਣ ਵਾਲੇ ਸਰਕਾਰ ਵਿਰੋਧੀ ਕੂਕਾ ਵਿਦਰੋਹ ਦੀ ਤਿਆਰੀ ਲਈ ਉਸ ਨੇ ਆਪਣੀ ਜ਼ਮੀਨ ਵੇਚ ਦਿੱਤੀ। ਉਸ ਤੋਂ ਬਾਅਦ ਉਹ ਸਾਰੇ ਦੇਸ਼ ਵਿੱਚ ਕੂਕਾ ਦੀਵਾਨਾਂ ਵਿੱਚ ਵੱਖ ਵੱਖ ਥਾਂਵਾਂ ਤੇ ਸ਼ਾਮਲ ਹੁੰਦਾ ਹੈ ਅਤੇ ਲੋਕ-ਚੇਤਨਾ ਪਰਚੰਡ ਕਰਦਾ ਹੈ। ਉਹ ਬੀਬੀ ਅਤਰੀ ਦੇ ਡੇਰੇ ਉੱਤੇ ਵੀ ਅਕਸਰ ਜਾਂਦਾ ਹੈ। ਲਾਟੋਂ ਢੱਕੀ ਵਿੱਚ ਬੀਬੀ ਅਤਰੀ ਦੀ ਹਾਜ਼ਰੀ ਵਿੱਚ ਹੋਣ ਵਾਲੀ ਗੁਪਤ ਸਭਾ ਵਿੱਚ ਹਿੱਸਾ ਲੈਣ ਕਾਰਨ, ਜੋ 17 ਮਾਰਚ 1881 ਨੂੰ ਹੋਈ, ਉਸ ਪਾਸੋਂ ਇੱਕ ਸਾਲ ਵਾਸਤੇ, ਇੱਕ ਹਜ਼ਾਰ ਰੁਪੈ ਦੀ ਨੇਕ-ਚਲਣੀ ਦੀ ਜ਼ਮਾਨਤ ਮੰਗੀ ਗਈ ਸੀ। ਗੁਰੂ ਹਰੀ ਸਿੰਘ ਜੀ ਨੇ 1892 ਈ: ਤੋਂ ਮਾਲਵੇ ਦੇ ਕਈ ਦੌਰੇ ਕੀਤੇ, ਪਰ ਆਪ ਦਾ ਭਿੱਖੀ, ਲੱਲੂਵਾਲ ਜਾਣਾ ਤਾਂ ਮਿਲਦਾ ਹੈ ਪਰ ਕਲਹਿਰੀ ਨਹੀਂ। ਲੱਗਦਾ ਹੈ ਕਿ ਸਤਿਗੁਰੂ ਰਾਮ ਸਿੰਘ ਦਾ ਇਹ ਵਿਓਗੀ ਸਿੱਖ, 55 ਕੁ ਵਰ੍ਹੇ ਦੀ ਉਮਰ ਵਿੱਚ ਚਲਾਣਾ ਕਰ ਗਿਆ। ਉਹਨਾਂ ਦਾ ਜਨਮ 1835 ਅਤੇ ਦੇਹਾਂਤ 1890 ਈ: ਅਨੁਮਾਨਿਤ ਹੈ।

ਭਾਈ ਸੁੰਦਰ ਸਿੰਘ ਸਤਿਗੁਰੂ ਦਾ ਸੱਚਾ ਸਿੱਖ, ਪਰਉਪਕਾਰੀ, ਤਿਆਗ ਬਿਰਤੀ ਵਾਲਾ ਅਤੇ ਹਰ ਖ਼ਤਰੇ ਨੂੰ ਹੱਸ ਕੇ ਸਹੇੜਨ ਵਾਲਾ ਸੀ। ਪੈਂਡਾ ਜਿਸ ਦੇ ਪੈਰੀਂ ਚੜ੍ਹਿਆ ਸੀ। ਉਸ ਲਈ ਕੋਈ ਮੰਜ਼ਿਲ ਅਪਹੁੰਚ ਨਹੀਂ ਸੀ। ਉਹ ਭਜਨ ਬਾਣੀ ਵਿੱਚ ਪਰਪੱਕ, ਨਿੱਤਨੇਮੀ ਅਤੇ ਸਾਦਾ ਜੀਵਨ ਜਿਊਂਦਾ ਸੀ। ਮਾਲਵੇ ਵਿੱਚ ਅੱਜ ਦੇ ਕਾਰਪੋਰੇਟ ਵਿਰੋਧੀ ਵਿਸ਼ਾਲ ਕਿਸਾਨ ਅੰਦੋਲਨ ਦੀ ਤਹਿ ਵਿੱਚ, ਬਸਤੀਵਾਦ ਵਿਰੋਧੀ ਸੁੰਦਰ ਸਿੰਘ ਜਿਹੇ ਕੂਕਿਆਂ ਦੀ ਵੱਡੀ ਘਾਲਣਾ ਵੀ ਛਿਪੀ ਹੈ।

## -ਹਵਾਲੇ ਤੇ ਟਿੱਪਣੀਆਂ-


1. ਡਾ. ਫੌਜਾ ਸਿੰਘ ਬਾਜਵਾ, (ਸੰਪਾਦਿਤ), ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਦਾ "ਕੌਣ ਕਿਸਦਾਅੰਗਰੇਜ਼ੀ) ਭਾਗ 1 ਅਤੇ 2, ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੂਜੀ ਛਾਪ-2000 ਈ: ਸਫ਼ਾ-41
2. ਅਵਤਾਰ ਸਿੰਘ ਆਜ਼ਾਦ, ਨਾਮਧਾਰੀ ਇਤਿਹਾਸ ਦੇ ਕੁਝ ਪੱਤਰੇ,

ਸ੍ਰੀ ਮਾਤਾ ਜੀਵਨ ਕੌਰ ਜੀ ਦੀ ਪਵਿੱਤਰ ਰਸਨਾ ਤੋਂ, ਸਤਿਜੁਗ, ਸ੍ਰੀ ਭੈਣੀ ਸਾਹਿਬ ਦਾ ਬਸੰਤ ਅੰਕ, 12 ਮਾਘ 1995 (ਬਿ:), ਸਫ਼ਾ 68

3. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ: ਸਵਿੰਦਰ ਸਿੰਘ), ਪਹਿਲੀ ਛਾਪ, ਹੁਕਮਨਾਮਾ ਨੰ: 5, ਸਫ਼ਾ 136 4. ਉਪਰੋਕਤ, (ਕਾਹਨ ਸਿੰਘ ਬੁਰਜ ਅਤੇ ਨੱਥਾ ਸਿੰਘ ਗਾਦੜੀ ਫੀਰੋਜ਼ਪੁਰ ਦੇ ਨਾਮ) ਹੁਕਮਨਾਮਾ ਨੰ: 20 ਸਫ਼ਾ 263-64
4. ਸੰਤ ਸੰਤੋਖ ਸਿੰਘ ਬਾਹੋਵਾਲ (ਸੰ: ਜਸਵਿੰਦਰ ਸਿੰਘ), ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 127
5. ਭਾਈ ਨਾਹਰ ਸਿੰਘ ਕ੍ਰਿਪਾਲ ਸਿੰਘ (ਸੰ: ਦਸਤਾਵੇਜ), ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ ਇਨ ਪੰਜਾਬ, ਸਫ਼ਾ 815-25
6. ਜਸਵਿੰਦਰ ਸਿੰਘ (ਸੰਪਾਦਕ), ਦਸਤਾਵੇਜ਼, ਕੂਕਾ ਮੂਵਮੈਂਟ ਫਰੀਡਮ ਸਟਰਗਲ ਪੰਜਾਬ, ਸਫ਼ਾ 68-71

❈

# ਰੰਗੂਨ ਦਰਸ਼ਨ ਕਰਨ ਵਾਲੇ ਭਾਈ ਸਾਉਣ ਸਿੰਘ ਰੋਡੇ

ਰੋਡੇ, ਹੁਣ ਜ਼ਿਲ੍ਹਾ ਮੋਗਾ (ਪਹਿਲਾਂ ਫੀਰੋਜ਼ਪੁਰ) ਦਾ ਪਿੰਡ ਹੈ। ਇਸ ਪਿੰਡ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹੀ, ਨਾਮਧਾਰੀ ਸਿੱਖੀ ਦਾ ਕਾਫੀ ਬੋਲਬਾਲਾ ਹੋ ਗਿਆ ਸੀ। ਇਸ ਪਿੰਡ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਥਾਪਿਆ ਇੱਕ ਨਰਾਇਣ ਸਿੰਘ ਮਹੰਤ ਹੁੰਦਾ ਸੀ ਜਿਸ ਪਾਸ ਦਬੜੀ ਖਾਨੇ ਤੋਂ ਜਦੋਂ ਉਹ ਪਿੰਡ ਰਿਆਸਤ ਨਾਭਾ ਨੇ ਉਜਾੜਿਆ ਸੀ ਨਰਾਇਣ ਸਿੰਘ ਪੁੱਤਰ ਦੇਵਾ ਸਿੰਘ ਜਿਸਦੀ ਭੂਆ ਦਾ ਪਿੰਡ ਰੋਡੇ ਸੀ, ਉਹ ਭੂਆ ਪਾਸ ਆ ਟਿਕਿਆ ਸੀ ਪਰ ਉਸਦਾ ਜ਼ਿਆਦਾ ਟਿਕਾਣਾ ਮਹੰਤ ਨਰਾਇਣ ਸਿੰਘ ਪਾਸ ਹੁੰਦਾ ਸੀ। ਇਹ ਦਬੜੀ ਖਾਨੇ ਤੋਂ ਆਇਆ ਨਰਾਇਣ ਸਿੰਘ ਵੀ ਨਾਮਧਾਰੀ ਪੰਥ ਵਿੱਚ ਨਰਾਇਣ ਸਿੰਘ ਰੋਡੇ ਦੇ ਨਾਮ ਨਾਲ ਮਸ਼ਹੂਰ ਹੋਇਆ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਦੋ ਵੇਰ ਰੰਗੂਨ ਅਤੇ ਤੀਜੀ ਵੇਰ ਮੀਹਾਂ ਸਿੰਘ ਸਰਹਾਲੀ ਨਾਲ ਮਰਗੋਈ ਪੁੱਜਿਆ ਸੀ। ਇਸ ਪਾਸੋਂ ਬਾਰਬਰਟਨ, ਐਸ.ਪੀ. ਲੁਧਿਆਣਾ ਨੇ ਜਗਰਾਉਂ ਦੇ ਇਲਾਕੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ 28 ਹੁਕਮਨਾਮੇ ਵੀ ਬਰਾਮਦ ਕੀਤੇ ਸਨ। ਕੁਝ ਹੁਕਮਨਾਮੇ ਸਤਿਗੁਰੂ ਜੀ ਨੇ ਇਸ ਨੂੰ ਸੰਬੋਧਿਤ ਵੀ ਬਖਸ਼ੇ ਸਨ। ਕੂਕਿਆਂ ਦੇ ਅਜਿਹੇ ਖੜਕੇ ਦੜਕੇ ਵਾਲੇ ਪਿੰਡ ਵਿੱਚ, ਭਾਈ ਸਾਉਣ ਸਿੰਘ ਰੋਡੇ ਵੀ ਹੋਏ ਹਨ ਜਿਹਨਾਂ ਦੇ ਵੰਸ਼ਿਜ਼ ਅੱਜ ਵੀ ਨਾਮਧਾਰੀ ਸਿੱਖੀ ਨਾਲ ਸਬੰਧਿਤ ਹਨ। ਉਹ ਭਜਨ ਬਾਣੀ ਦਾ ਪਾਠ ਕਰਨ ਵਾਲੇ, ਹਠੀ, ਜਪੀ, ਤਪੀ ਸਿੰਘ ਸਨ। ਰੰਗੂਨ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰ ਕੇ, ਹੁਕਮਨਾਮਾ ਪ੍ਰਾਪਤ ਕਰ ਕੇ, ਪੰਜਾਬ ਪਰਤਣ ਵਾਲੇ ਤਕਰੀਬਨ ਇੱਕ ਸੈਂਕੜਾ ਸਿੰਘਾਂ ਵਿੱਚ ਭਾਈ ਸਾਉਣ ਸਿੰਘ ਜੀ ਦਾ ਨਾਮ ਵੀ ਬੋਲਦਾ ਹੈ, ਇਸ ਲਈ ਉਹ ਸਾਡੇ ਇਤਿਹਾਸ ਦੇ ਅਮਰ-ਨਾਇਕਾਂ ਵਿੱਚ ਦਰਜ ਹੋ ਚੁੱਕੇ ਹਨ।

ਭਾਈ ਸਾਉਣ ਸਿੰਘ ਰੋਡੇ ਦੇ ਰੰਗੂਨ ਗੁਰੂ ਦਰਸ਼ਨਾਂ ਲਈ ਜਾਣ ਦੀ ਪੁਸ਼ਟੀ ਭਾਈ ਸੰਤੋਖ ਸਿੰਘ ਬਾਹੋਵਾਲ ਸਮਕਾਲੀ ਕੂਕਾ ਇਤਿਹਾਸ ਲੇਖਕ ਕਰਦੇ ਹਨ। ਗਿਆਨੀ ਕਾਲਾ ਸਿੰਘ ਨੰਗਲ ਵਾਲੇ ਸਾਉਣ ਸਿੰਘ ਰੋਡੇ ਦਾ ਨਾਮ ਰੰਗੂਨ ਜਾ ਕੇ ਗੁਰ- ਦਰਸ਼ਨ ਕਰਨ ਵਾਲੇ ਸਿੰਘਾਂ ਵਿੱਚ ਲਿਖਦੇ ਹਨ:-

"ਜੇੜੇ ਸਿੰਘ ਗਏ ਪਾਸ ਸਤਿਗੁਰਾਂ ਦੇ,

ਕੀਤੇ ਟਾਪੂਆਂ ਵਿਚ ਦੀਦਾਰ ਭਾਈ।

ਸੌਣ ਸਿੰਘ, ਨਰੈਣ ਸਿੰਘ ਰਹੇ ਰੋਡੀਂ,

ਸਾਹਿਬ ਸਿੰਘ ਰਹਿੰਦਾ ਨਾਰੰਗਵਾਲ ਭਾਈ।''[1]

"ਕ੍ਰਿਪਾਲ ਸਿੰਘ ਤੇ ਧੰਨਾ ਸਿੰਘ ਦੋਨੋਂ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਗੁਰੂ ਹਰੀ ਸਿੰਘ ਜੀ ਕਾ ਦਰਸ਼ਨ ਕੀਤਾ ਰਾਮਸਰ ਪਰ। ਗੁਰੂ ਜੀ ਦੋ ਮਾਲਾ ਦਿੱਤੀਆਂ। ਬਚਨ ਹੋਇਆ ਸੋਭਾ ਸਿੰਘ ਨੂੰ ਨਾਲ ਲੈ ਜਾਓ। ਤਿੰਨ ਹੋਇ ਗਏ। ਬਚਨ ਕੀਤਾ ਰਾਗਾ ਸਿੰਘ ਕਰ ਅਰਦਾਸ ਸੁਖ ਨਾਲ ਮੁੜ ਆਵਣ।"

"ਤਿੰਨੇ ਇਕੱਠੇ ਕਲਕੱਤੇ ਜਾਇ ਉਤਰੇ। ਅਗੇ ਜਹਾਜ ਉਸੀ ਦਿਨ ਤੁਰ ਗਿਆ ਹੋਇਆ ਸੀ। ਮਗਰੋਂ ਮੁਕਬਲਾਂ ਨੇ ਮੁਕਬਲੀ (ਮੁਖਬਰੀ) ਕੀਤੀ।ਲਿਖਿਆ ਭੀ ਜਾਇ ਰਹਿਆ। ਜਾਂ ਸਿੰਘ ਉੱਤਰੇ ਕਲਕੱਤੇ ਤਾ ਮੁਕੱਬਲ ਨੇ ਨਾਉਂ ਬੁਲਾ ਕੇ ਕਿਹਾ- ਤੁਮ ਰਾਜਾ ਰਾਮ ਸਿੰਘ ਕੋ ਮਿਲਨ ਚਲੇ ਹੋ। ਸਿੰਘਾਂ ਨੇ ਕਿਹਾ ਕਿ ਨੌਕਰੀ ਵਾਸਤੇ ਆਏ ਹੈਂ। ਨਾਮ ਲਿਖੇ ਸਿੰਘਾਂ ਦੇ। ਸਪਾਹੀ ਥਾਨੇਦਾਰ ਕੋ ਲੈਣ ਗਿਆ। ਸਿੰਘ ਤੁਰ ਕੇ ਬਡੀ ਸੰਗਤ (ਕਲਕੱਤੇ ਦਾ ਵੱਡਾ ਗੁਰਦੁਆਰਾ) ਮੈ ਆਏ। ਦਿਨ ਲੱਥੇ ਕਾ ਵੇਲਾ ਸੀ।"

"ਤਿੰਨ ਸਿੰਘ ਮਗਰੋਂ ਹੋਰ ਆਇ ਮਿਲੇ। ਹਰਨਾਮ ਸਿੰਘ ਨਥਾਨੇ ਕਾ, ਹਰਨਾਮ ਸਿੰਘ (ਗੁਲਾਬੇ ਕੀ) ਮੰਡੀ ਕਾ, ਸੌਣ ਸਿੰਘ ਰੋਡਿਆਂ ਕਾ। ਛੇ ਸਿੰਘ ਹੋਇ ਗਏ।"

"ਚੌਵੀ ਅਰਦਾਸਾਂ ਸੀ ਏਸ ਪਾਸੇ ਕੀਆਂ, ਡੇਰੇ (ਸ੍ਰੀ ਭੈਣੀ ਸਾਹਿਬ) ਕੇ ਸਾਰੇ ਬਿਵਹਾਰ ਕੀਆਂ। ਸੈਂਚੀਆਂ ਕੇ ਗੱਤੇ ਮੈਂ ਖਾਮ ਕੀਤੀਆਂ ਹੋਈਆਂ ਸੀ। ਹਰਨਾਮ ਸਿੰਘ (ਨਥਾਣੀਏ) ਕੋ ਫੜਾਇ ਦਿਤੀਆਂ ਕਿ ਤੂੰ ਸਿਆਣਾ ਹੈਂ ਸਾਡੇ ਵਿਚੋਂ। ਹਰਨਾਮ ਸਿੰਘ ਨੇ ਕ੍ਰਿਪਾਲ ਸਿੰਘ ਰਾਗੀ ਕੋ ਫੜਾਈਆਂ ਤੇ ਨਾਲੇ ਮਾਲਾ ਭੀ ਕ੍ਰਿਪਾਲ ਸਿੰਘ ਕੋ ਫੜਾਇ ਦਿਤੀਆਂ। ਕ੍ਰਿਪਾਲ ਸਿੰਘ ਨੇ ਦੋਨੋ ਮਾਲਾ ਇਕੱਠੀਆਂ ਕਰ ਕੇ ਖਿੱਦੋ ਵਾਂਗੂ ਉਤੋਂ ਦੀ ਚਿੱਟੀ ਲੀਰ ਬੰਨ੍ਹ ਕੇ ਲੱਡੂ ਵਾਂਗੂੰ ਬਣਾਇਕੇ ਲਡੂਆਂ ਮੈਂ ਕਰ ਲਈ।ਜਾਂ ਫਰੰਗੀ ਤਲਾਸ਼ੀ ਨੂੰ ਆਇਆ ਤਾਂ ਲੱਡੂ ਅੱਗੇ ਰੱਖ ਦੀਏ। ਕਹਾ ਕਿ ਏਹ ਹਮਾਰੇ ਖਾਣੇ ਕੇ ਲੱਡੂ ਹੈਂ। ਫਰੰਗੀ ਨੇ ਕਿਹਾ ਕਿ ਉਠਾਇ ਲਵੋ। ਹੇਠਾਂ ਸਭ ਦੇ ਕਛਹਿਰੇ ਉਤੋਂ ਵੀ ਧੋਤੀਆਂ ਬੱਧੀਆਂ। ਲਾਲ ਪਗੜੀਆਂ ਭੀ ਬੱਧੀਆਂ। ਦਾੜ੍ਹੀਆਂ ਭੀ ਚਾੜ੍ਹ ਕੇ ਬੰਨ੍ਹ ਲਈਆਂ।"[2]

ਇਹ ਛੀਏ ਸਿੰਘ ਪੰਜ ਦਿਨ ਬਿਨਾਂ ਜਲ ਪਾਣੀ ਛਕੇ ਜਹਾਜ਼ ਦਾ ਸਫ਼ਰ

ਕਰ ਕੇ ਛੇਵੇਂ ਦਿਨ ਰੰਗੂਨ ਜਾ ਉੱਤਰੇ। ਠਾਕੁਰਬਾੜੀ ਡੇਰਾ ਕੀਤਾ, ਇਹ ਮੰਦਰ ਰੰਗੂਨ ਦੀ ਫੈਰੀ ਸਟ੍ਰੀਟ ਤੇ ਸਥਿੱਤ ਹੈ, ਜਿਸ ਨੂੰ ਹੁਣ ਪੈਸੋਡਨ ਸਟ੍ਰੀਟ ਕਹਿੰਦੇ ਹਨ। ਇਹਨਾਂ ਸਿੰਘਾਂ ਵਿਚੋਂ ਸੋਭਾ ਸਿੰਘ ਖੁਰਦਪੁਰ (ਜ਼ਿਲ੍ਹਾ ਜਲੰਧਰ) ਸਭ ਤੋਂ ਪਹਿਲਾਂ ਦਰਸ਼ਨ ਕਰ ਕੇ ਆਇਆ। ਫਿਰ ਉਸ ਨੂੰ ਸਤਿਗੁਰੂ ਜੀ ਨੇ ਇਸ਼ਾਰਾ ਕੀਤਾ ਕਿ ਉਹ ਦੂਜੇ ਸਿੰਘਾਂ ਨੂੰ ਵੀ ਲੈ ਆਵੇ। ਧੰਨਾ ਸਿੰਘ ਤੇ ਸੋਭਾ ਸਿੰਘ ਪਹਿਲਾਂ ਗਏ ਸਨ। ਧੰਨਾ ਸਿੰਘ ਮੁੜ ਗਿਆ ਤਾਂ ਸੋਭਾ ਸਿੰਘ ਨੂੰ ਦਰਸ਼ਨ ਹੋਏ। ਉਸਨੂੰ ਸਤਿਗੁਰੂ ਜੀ ਨੇ ਦੂਸਰੇ ਸਿੰਘਾਂ ਨੂੰ ਵੀ ਬੇਖੌਫ ਹੋ ਕੇ ਆਉਣ ਲਈ ਕਿਹਾ।

"ਨਾਨੂੰ ਸਿੰਘ ਨੇ ਪਰਨੇ ਦੀ ਸੈਨਤ ਨਾਲ ਕਹਿ ਦੀਆ ਕਿ ਏਸ ਸੜਕੇ ਆਓ। ਹਾਥ ਸੇ ਸੈਨਤ ਦਿਤੀ ਕਿ ਧੀਰਜ ਨਾਲ ਚਲੋ। ਜਾਂ ਕੋਲ ਗਏ ਤਾਂ ਬਚਨ ਹੋਇਆ ਕਿੱਥੋਂ ਹੈਂ ਸਿੰਘ ? ਫੇਰ ਬਚਨ ਕੀਤਾ ਨਿਕਿਆ ਤੇਰਾ ਘਰ ਕਿੱਥੇ ਹੈ ? ਕਹਾ ਕਿ ਜੀ ਮੇਰਾ ਘਰ ਭਦੌੜ ਹੈ (ਕਿਰਪਾਲ ਸਿੰਘ ਰਾਗੀ ਦਾ)। ਪ੍ਰੇਮ ਸਿੰਘ (ਰਾਗੀ) ਕਾ ਪੁੱਤਰ ਹਾਂ। ਬੜੇ ਪਰਸੰਨ ਹੋਏ। ਧੰਨਾ ਸਿੰਘ ਭੀ ਦੱਸਿਆ ਉਹ ਗੁਮਟੀ ਵਾਲੇ ਲਾਲ ਸਿੰਘ ਕਾ ਬੇਟਾ ਹੈ। ਹੋਰ ਸਿੰਘਾਂ ਕੇ ਨਾਮ ਵੀ ਦੱਸੇ। ਪਿੰਡਾਂ ਕੇ ਨਾਮ ਭੀ ਦੱਸੇ। ਬਚਨ ਕੀਤਾ ਭਲਕੇ ਫੇਰ ਔਣਾਂ। ਅਗਲੇ ਦਿਨ ਫੇਰ ਗਏ। ਬਚਨ ਕੀਤਾ ਜੇ ਏਹ (ਫਰੰਗੀ) ਨੇੜੇ ਆਵਣ ਦੇਣ ਤਾਂ ਤੁਹਾਡੀ ਸੇਵਾ ਟਹਿਲ ਕਰੀਏ।"

## ਤੁਸਾਂ ਨਹੀਂ ਮੰਨਣਾ

"ਦੂਜੇ ਦਿਨ ਸੱਤ ਵਜੇ ਗਏ। ਬਚਨ ਹੋਇਆ ਤੁਸੀਂ ਸਾਰੀ ਸੰਗਤ ਮੈਂ ਫਿਰਦੇ ਹੋ ਅਖੰਡ ਪਾਠ ਬਰਨੀਆਂ ਹੋਇ ਰਹੇ ਹੈਂ ? ਸਿੰਘਾਂ ਕਿਹਾ ਕਿ ਧੁਆਡੇ ਦਰਸਨਾਂ ਕੀ ਪਿਆਸ ਬਹੁਤ ਲਗ ਰਹੀ ਹੈ। ਸਾਰੀ ਸੰਗਤ ਕੀ ਏਹ ਅਰਜ ਹੈ ਕਿ ਸੇ ਦਿਨ ਦਸੋ ਸਚੇ ਪਾਤਸ਼ਾਹ ਜੀ ਕਿ ਜਿਸ ਦਿਨ ਪੰਜਾਬ ਧਰਤੀ ਕੇ ਸਿੰਘਾਂ ਕੋ ਆਪ ਕਾ ਦੀਦਾਰ ਹੋਵੇ। ਕੇਹੜੇ ਮਹੀਨੇ ਕੇਹੜੇ ਸਾਲ ਕਿਸ ਦਿਨ ਆਵੋਗੇ। ਬਚਨ ਕੀਤਾ ਦਸਵੇਂ ਪਾਤਸ਼ਾਹ ਜੀ ਆਗੇ ਹੀ ਲਿਖਾ ਹੈ– "ਮਦਰ ਦੇਸ ਜਬ ਜੁਧ ਮਚਾਵੈ। ਤਬ ਸਤਿਗੁਰੂ ਦੇਸ ਮੈਂ ਆਵੇ।" ਭਾਈ ਜੇ ਅੰਗਰੇਜ ਕਹਿਣ ਜਾਂ ਪੁਜਾਰੀ ਕਹਿਣ ਹੁਣ ਨਹੀਂ ਔਂਦਾ ਹੈ, ਤੁਸਾਂ ਨਹੀਂ ਮੰਨਣਾ। ਅਗਨੀ ਨਾਲ ਮੈਂ ਜਲਦਾ ਨਹੀਂ, ਪਾਣੀ ਵਿਚ ਮੈਂ ਡੁਬਦਾ ਨਹੀਂ, ਪੌਣ ਨਾਲ ਮੈਂ ਉਡਦਾ ਨਹੀਂ। ਕਾਲ ਮੇਰੇ ਅਖਤਿਆਰ ਹੈ। ਜਿੰਨਾਂ ਚਿਰ ਏਨਾਂ (ਬਰਤਾਨਵੀ ਬਸਤੀਵਾਦ) ਕੀਆਂ ਜੜ੍ਹਾਂ ਪੱਟ ਖਾਰੇ ਸਮੁੰਦਰ ਮੈਂ ਨਹੀਂ ਸਿਟ ਲੈਂਦਾ, ਓਨਾਂ ਚਿਰ ਮੈਂ ਨਹੀਂ ਜਾਂਦਾ ਹਾਂ। ਜਿੰਨਾਂ ਚਿਰ ਗਊ ਗਰੀਬ ਦੇ ਗਲੋਂ ਛੁਰੀ ਨਹੀਂ ਲੈਂਹਦੀ ਓਨਾਂ

ਚਿਰ ਨਹੀਂ ਜਾਂਦੇ ਹੈਂ।"

"ਗੁਰੂ ਨਾਨਕ ਜੀ ਥੀਂ ਲੈ ਕੇ ਸਭੇ ਪਾਤਸ਼ਾਹੀਆਂ ਏਸੇ ਕਾਰ ਬਿਚ ਗਈਆਂ ਹੈਂ। ਬਚਨ ਕੀਤਾ ਕਿ ਮੈਂ ਕਿਸੇ ਦਾ ਲਿਆਂਦਾ ਨਹੀਂ ਆਇਆ। ਅਕਾਲ ਪੁਰਖ ਕੇ ਹੁਕਮ ਨਾਲ ਆਏ ਹੈਂ ਅਕਾਲ ਪੁਰਖ ਕੇ ਹੁਕਮ ਨਾਲ ਜਾਵਾਂਗੇ। ਏਥੇ ਆਇਕੇ ਸਾਖੀਆਂ ਦੇ ਭੀ ਬਚਨ ਬਿਚਾਰੇ ਹੈਂ। ਭਾਈ ਏਸ ਦੇਹੀ ਵਿਚ ਦਰਸ਼ਨ ਦੇਵਾਂਗੇ।"

"ਤਿੰਨ ਵੇਲੇ ਦਾ ਹੁਕਮ ਸੀ, ਰਹਿੰਦੇ ਸਾਰਾ ਦਿਨ ਬੰਗਲੇ ਕੇ ਦੁਆਲੇ। ਕਦੀ ਕਿਸੇ ਸੜਕ ਲੰਘ ਜਾਣਾ ਕਦੀ ਕਿਸੇ। ਦਰਸ਼ਨ ਭੀ ਹੋਇ ਜਾਣਾ। ਜੇਕਰ ਕੋਈ ਪੈਹਰੇ ਵਾਲਾ ਵਾਕਫ਼ ਹੁੰਦਾ ਸੀ ਤਾਂ ਬਚਨ ਭੀ ਪੰਜਾਬੀ ਬੋਲੀ ਵਿਚ ਕਰ ਲੈਣਾ। ਜੇ ਸਪਾਹੀ ਵਾਕਫ਼ ਨਾ ਹੋਵੇ ਤਾਂ ਨਾਂ ਬੋਲਣਾ। ਤਿੰਨ ਫੇਰੀ (ਸੁਬਹਾ, ਦੁਪਹਿਰੇ ਅਤੇ ਸ਼ਾਮ) ਬਚਨ ਕਰਨੇ। ਦਰਸ਼ਨ ਸਾਰਾ ਦਿਨ ਕਰਨਾ। ਦੋ ਮਾਲਾ ਤੇ ਚਿੱਟੀਆਂ ਜੁਰਾਬਾਂ ਦਾ ਜੋੜਾ, ਹੋਰ ਭੇਟਾ ਸੀ ਰੁਪਏ, ਸਭ ਚੀਜ਼ਾਂ ਰੁਮਾਲ ਮੈਂ ਬੰਨ੍ਹ ਕੇ ਅੰਦਰ ਸੁੱਟੀਆਂ। ਸਤਿਗੁਰਾਂ ਨੇ ਚਿੱਠੀ ਲਿਖ ਕੇ ਬਾਹਰ ਸੁੱਟੀ। ਬਾਹਰੋਂ ਲਿਖ ਕੇ ਅੰਦਰ ਸੁੱਟੀ। ਲਿਖ ਕੇ ਬਚਨ ਹੁੰਦੇ ਹਨ। ਸੱਤ ਵਜੇ, ਬਾਰਾਂ ਵਜੇ, ਚਾਰ ਵਜੇ ਏਨਾਂ ਬਖਤਾਂ ਮੈਂ ਦਰਸ਼ਨ ਕਰਨਾ ਤੇ ਬਚਨ ਭੀ ਜੇਹੜਾ ਕਰਨਾ ਹੋਵੇ ਸੋ ਕਰ ਲੈਣਾ। ਤੁਰੇ ਜਾਂਦੇ ਈ ਗੱਲ ਕਰ ਲੈਣੀ, ਖੜੌਨਾ ਨਹੀਂ। ਓਨਾਂ ਸਪਾਹੀਆਂ ਕੋ ਕੁਝ ਸਮਝ ਨਾ ਸੀ ਪੈਂਦੀ। ਸਤਿਗੁਰੂ ਜੀ ਇਕ ਸੌ ਚਾਲੀ ਰੁਪਏ ਬੰਨ੍ਹ ਕੇ ਸੁੱਟੇ। ਬਚਨ ਹੋਯਾ ਸਾਂਭ ਕੇ ਲੈ ਜਾਣੇ, ਡੇਰੇ ਜਾ ਦੇਣੇ। ਰੁਪਏ ਸਿੰਘਾਂ ਨੇ ਵੰਡ ਲਏ। ਇਕ ਸਰੀਰ ਕੋ ਸਾਂਭਣੇ ਔਖੇ ਹੈਂ।"

## ਧੰਨਾ ਸਿੰਘ ਪਕੜਿਆ ਗਿਆ

"ਸਤਵੇਂ ਦਿਨ ਧੰਨਾ ਸਿੰਘ ਫੇਰ ਗਿਆ। ਇਕ ਅਰਦਾਸ ਲਿਖ ਕੇ ਅੰਦਰ ਸੁੱਟੀ।ਉਸ ਵਕਤ ਕਾਲੇ ਲੋਕਾਂ ਦਾ ਪੈਹਰਾ ਸੀ। ਹੁਕਮਨਾਮਾ ਲਿਖਦਿਆਂ ਸ੍ਰੀ ਸਤਿਗੁਰੂ ਜੀ ਕੋ ਕੁਛ ਦੇਰੀ ਹੋ ਗਈ। ਸੂਰਜ ਛਿਪ ਗਿਆ। ਗੋਰਿਆਂ ਕਾ ਪੈਹਰਾ ਆਇ ਗਿਆ। ਸਤਿਗੁਰੂ ਜੀ ਹੁਕਮਨਾਮਾ ਬਾਹਰ ਸੁੱਟਿਆ। ਧੰਨਾ ਸਿੰਘ ਚੁੱਕਿਆ ਤਾਂ ਸਪਾਹੀ ਸ਼ਤਾਬੀ ਨਾਲ ਬੋਲਿਆ- ਕਿਆ ਹੈ ? ਸਿੰਘ ਚੁੱਪ ਕਰ ਕੇ ਤੁਰਿਆ। ਸਪਾਹੀ ਨੇ ਸ਼ਤਾਬੀ ਨਾਲ ਮਗਰ ਜਾਇਕੇ ਸੱਤਰ ਕਰਮ ਪਰ ਜਾਇ ਹੱਥ ਪਾਇਆ। ਸਿੰਘ ਨੇ ਕਿਹਾ ਕਿ ਕੁਝ ਰੂਪਏ ਲੈ ਲੈ ਛੱਡ ਦੇ। ਸਪਾਹੀ ਨੇ ਕਿਹਾ, ਨਹੀਂ ਛੱਡਦਾ ਹਾਂ। ਅਹੁਦਾ ਪਾਵਾਂਗਾ ਸਰਕਾਰੋਂ ਮੈਂ ਨਹੀਂ ਛੱਡਾਂਗਾ।" (ਇਸ ਸਪਾਹੀ ਦਾ ਨਾਂ ਅਬਦੁੱਲਾ ਖਾਂ ਸੀ ਜੋ 20 ਵੀਂ ਰੈਜੀਮੈਂਟ ਵਿੱਚ ਨੌਕਰ ਸੀ)।

"ਨਾਨੂੰ ਸਿੰਘ ਨੇ ਸਪਾਹੀ ਨੂੰ ਕਿਹਾ ਕਿ ਏਸਨੂੰ ਛੱਡ ਦੇ ਜੋ ਮੰਗੇਂਗਾ, ਸੋ ਦੇਮਾਂਗੇ। ਤੇਰਾ ਸਾਰੀ ਉਮਰ ਦਾਮਨਗੀਰ ਰਹੂੰਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ— ਇਸਨੂੰ ਛੱਡ ਦਿਓ, ਪਰ ਉਸਨੂੰ ਛੱਡਿਆ ਨਾਂ। ਗੁਰੂ ਜੀ ਸੱਜੇ ਹੱਥ ਸੇ ਧੀਰਜ ਦਿਤੀ ਕਿ ਛੁੱਟ ਜਾਏਂਗਾ। ਹੁਕਮਨਾਮਾ ਸਪਾਹੀ ਨੇ ਪਹਿਲੋਂ ਫੜ ਲਿਆ ਸੀ, ਨਜ਼ਰਬੰਦ ਕੀਤਾ। ਫੇਰ ਕੁਤਵਾਲੀ ਭੇਜ ਦੀਆ ਧੰਨਾ ਸਿੰਘ। ਸਪਾਹੀ ਨੇ ਕਹਾ ਕਿ ਏਸ ਨੇ ਬਾਹਰ ਸੇ ਕੁਝ ਅੰਦਰ ਸੁਟਿਆ ਹੈ। ਤਾਂ ਫਰੰਗੀ ਨੇ ਤਲਾਸ਼ੀ ਲਈ ਸਤਿਗੁਰੂ ਜੀ ਕੇ ਬਿਸਤਰੇ ਕੀ। ਜੇਹੜਾ ਕਾਗਜ਼ ਬਾਹਰ ਸੇ ਸੁੱਟਿਆ ਸੀ ਸੋ ਫੂਕ ਦਿੱਤਾ ਸੀ। ਜਾਂ ਕੁਝ ਨਾ ਨਿਕਲਿਆ ਤਾਂ ਸ਼ਰਮਿੰਦੇ ਹੋਇ ਕੇ ਮੁੜ ਗਏ।"[3]

ਧੰਨਾ ਸਿੰਘ ਤਾਂ ਪਕੜਿਆ ਗਿਆ ਸੀ, ਭਾਈ ਸਾਉਣ ਸਿੰਘ ਰੋਡੇ ਸਮੇਤ ਇਹ ਪੰਜੇ ਸਿੰਘ ਠਾਕੁਰਬਾੜੀ ਵਿੱਚ ਸਨ। ਉੱਥੇ ਅੰਗਰੇਜ਼ ਅਫਸਰ ਆ ਕੇ ਇਹਨਾਂ ਤੋਂ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਭਾਸ਼ਾ ਪੜ੍ਹੇ ਹੋਣ ਬਾਰੇ ਪੁੱਛਦਾ ਹੈ ਤਾਂਕਿ ਇਹਨਾਂ ਤੋਂ ਹੁਕਮਨਾਮੇ ਸੁਣ ਸੱਕੇਂ ਜਿਹੜੇ ਦੋਵੇਂ ਧੰਨਾ ਸਿੰਘ ਤੋਂ ਪਕੜੇ ਗਏ ਸਨ। ਸਿੰਘ ਮੁੱਕਰ ਗਏ ਕਿ ਅਸੀਂ ਤਾਂ ਨਹੀਂ ਪੜ੍ਹੇ। ਇੱਕ ਹੋਰ ਸਿੰਘ ਆਸਾ ਸਿੰਘ ਨਾਮੇ ਉੱਥੇ ਰਹਿੰਦਾ ਸੀ ਪੰਜਾਬ ਤੋਂ ਆਇਆ ਗ੍ਰੰਥੀ ਸਿੰਘ ਸੀ। ਉਸ ਤੋਂ ਪੜ੍ਹਵਾਏ ਤਾਂ ਉਸ ਕਈ ਤੱਥ ਨਰਮ ਕਰ ਕੇ ਦੱਸੇ।

ਇਸ ਤੋਂ ਪਹਿਲਾਂ ਜਦੋਂ ਅੰਗਰੇਜ਼ ਅਫਸਰ ਧੰਨਾ ਸਿੰਘ ਨੂੰ ਪੁੱਛਦਾ ਹੈ ਕਿ ਤੁਸੀਂ ਇੱਥੇ ਕਿਉਂ ਆਏ ਤਾਂ ਉਹਨਾਂ ਕਿਹਾ ਕਿ ਨੌਕਰੀ ਵਾਸਤੇ ਆਏ ਹਾਂ। ਇਹ ਪੁੱਛਣ ਤੇ ਕਿ 'ਤੁਮ ਰਾਜਾ ਰਾਮ ਸਿੰਘ ਕੇ ਬੰਗਲੇ ਕਿਉਂ ਗਏ ?' ਜੁਆਬ ਦਿੱਤਾ ਕਿ 'ਰਣਜੀਤ ਸਿੰਘ ਕੇ ਵਕਤ ਕਾ ਪਾਤਸ਼ਾਹ ਸੀ ਸਾਡੇ ਦੇਸ ਕਾ, ਅਸੀਂ ਆਪਣਾ ਹਾਲ ਲਿਖ ਕੇ ਦਿਤਾ ਹੈ ਕਿ ਏਨਾਂ ਦੀ ਫਰਮਾਇਸ਼ ਨਾਲ ਸਾਨੂੰ ਨੌਕਰੀ ਮਿਲ ਜਾਵੇਗੀ। ਮੈਂ ਲਿਖ ਕੇ ਸੁੱਟੀ ਸੀ ਉਹਨਾਂ ਨੂੰ। ਓਨਾਂ ਮੈਨੂੰ ਲਿਖ ਕੇ ਸੁੱਟੀ ਤਾਂ ਮੈਂ ਚੁੱਕ ਲਈ ਹੈ। ਤਾਂ ਮੈਨੂੰ ਸਪਾਹੀ ਨੇ ਫੜ ਲਿਆ ਹੈ। ਚਾਰ ਘੱਟ ਸੌ ਰੁਪਿਆ ਤਲਾਸ਼ੀ ਮੇ ਨਿਕਲਿਆ। ਫਿਰ ਉਸਨੂੰ ਜਿਹਲ ਵਿਚ ਲੈ ਗਏ।

ਸੋਭਾ ਸਿੰਘ ਤੇ ਕਿਰਪਾਲ ਸਿੰਘ ਧੰਨਾ ਸਿੰਘ ਦਾ ਪਤਾ ਕਰਨ ਗਏ। ਉਹ ਸਤਿਗੁਰੂ ਜੀ ਪਾਸ ਆਏ ਤਾਂ ਆਪ ਨੇ ਧੀਰਜ ਦਿੱਤੀ ਕਿ ਸੰਸਾ ਨਾ ਕਰਨਾਂ, ਧੰਨਾ ਸਿੰਘ ਛੁੱਟ ਜਾਏਗਾ। ਤੁਹਾਡੀ ਸਾਰਿਆਂ ਦੀ ਵੀ ਸਰਕਾਰ ਨੂੰ ਇੱਥੇ ਆਉਣ ਦੀ ਖ਼ਬਰ ਮਿਲ ਗਈ ਹੈ। ਇਸ ਲਈ ਤੁਸੀਂ ਹੁਣ ਜਿਹੜਾ ਵੀ ਜਹਾਜ ਮਿਲੇ ਉਸ ਤੇ ਚੜ੍ਹ ਜਾਣਾ। ਇਹ ਸਿੰਘ ਰਾਜੀ ਬਾਜੀ

ਕਲਕੱਤੇ ਪੁੱਜ ਗਏ। ਰੇਲ ਤੇ ਉੱਤਰਦਿਆਂ ਨੂੰ ਸਰਕਾਰੀ ਮੁਖਬਰਾਂ ਨੇ ਘੇਰ ਲਿਆ। ਦੋ ਅੰਗਰੇਜ਼ ਅਫਸਰ ਵੀ ਆ ਗਏ। ਰੰਗੂਨ ਜਾਣ ਦਾ ਕਾਰਨ ਪੁੱਛਣ ਤੇ ਸੌਦਾ ਲੈਣ ਗਏ ਸਾਂ, ਕਿਹਾ।"ਫਿਰ ਲਿਆਏ ਕਿਉਂ ਨਹੀਂ ?" ਤਾਂ ਜੁਆਬ ਦਿੱਤਾ ਕਿ ਪਿੱਛੇ ਸਲਾਹ ਕਰ ਕੇ ਫਿਰ ਸੌਦਾ ਲਵਾਂਗੇ। ਅੰਗਰੇਜ਼ ਅਧਿਕਾਰੀ ਦੇ ਜ਼ਿਲ੍ਹਾ ਪੁੱਛਣ ਤੇ ਫੀਰੋਜ਼ਪੁਰ, ਅਤੇ ਨਾਮ ਵੀ ਸਾਰਿਆਂ ਅਦਲ ਬਦਲ ਕੇ ਦੱਸੇ। ਪਿੰਡ ਵੀ ਹੋਰ ਦੱਸੇ। ਨਾਂ ਪੜੇ ਲਿਖੇ ਗਏ। ਵਾਪਸੀ ਤੇ ਜਾਂ ਕਾਸ਼ੀ (ਬਨਾਰਸ) ਆਏ ਤਾਂ ਸਟੇਸ਼ਨ ਤੋਂ ਪਕੜੇ ਜਾਣ ਦੇ ਭੈਅ ਕਾਰਨ ਤਿੰਨ ਸਿੰਘ ਉੱਤਰ ਕੇ ਭੱਜ ਚੱਲੇ। ਸਿੰਘਾਂ ਨੇ ਸਿਪਾਹੀ ਦੇ ਪੁੱਛਣ ਤੇ ਭੱਜਣ ਦਾ ਬਹਾਨਾ ਘੜ ਲਿਆ ਕਿ ਕੋਈ ਕੰਮ ਸੀ ਮਤੇ ਰੇਲ ਛੇਤੀ ਤੁਰ ਪਵੇ। ਅਗਲੇ ਪੜਾਅ ਤੇ ਫਿਰ ਨੱਸੇ। ਪੁੱਛਣ ਤੇ ਦੱਸਿਆ- ਪੀਣ ਲਈ ਪਾਣੀ ਲੱਭਦੇ ਸਾਂ। ਤਿੰਨ ਸਿੰਘ ਤਾਂ ਅਲਾਹਬਾਦ ਜੰਕਸ਼ਨ ਤੇ ਉੱਤਰ ਕੇ ਬਾਅਦ ਵਿੱਚ ਆਏ। ਸੋਭਾ ਸਿੰਘ ਤੇ ਕਿਰਪਾਲ ਸਿੰਘ ਰਾਗੀ ਦੋਰਾਹੇ ਉਤਰ ਕੇ ਭੈਣੀ ਸਾਹਿਬ ਦੀ ਜੂਹ ਵਿੱਚ ਬਾਹਰ ਹੀ ਡੇਰਾ ਮੁਖਤਿਆਰ, ਬਾਬਾ ਦਰਬਾਰਾ ਸਿੰਘ ਰਾਇਪੁਰੀਏ ਨੂੰ ਮਿਲ ਕੇ, ਸਤਿਗੁਰੂ ਜੀ ਦੁਆਰਾ ਦਿੱਤੀ ਲੰਗਰ ਦੀ ਮਾਇਆ ਦਿੱਤੀ ਅਤੇ ਹੋਰ ਸਮਾਚਾਰ ਸਤਿਗੁਰੂ ਜੀ ਅਤੇ ਰੰਗੂਨ ਦੇ ਉਹਨਾਂ ਨਾਲ ਸਾਂਝੇ ਕੀਤੇ। ਕਿਉਂਕਿ ਇਸ ਸਮੇਂ, ਅਗਸਤ 1880 ਈ. ਵਿੱਚ ਸ੍ਰੀ ਭੈਣੀ ਸਾਹਿਬ ਡੇਰੇ ਵਿੱਚ ਵੀ ਬਾਹਰੋਂ ਅਤੇ ਖ਼ਾਸ ਕਰ ਕੇ ਰੰਗੂਨ ਤੋਂ ਆਉਣ ਵਾਲੇ ਸਿੰਘਾਂ ਬਾਰੇ ਸਰਕਾਰ ਦੇ ਸੂਹੀਏ ਬੜੀ ਸੋਘੀ ਨਜ਼ਰ ਰੱਖ ਕੇ ਥਾਂ ਥਾਂ ਘੁੰਮ ਰਹੇ ਸਨ। ਸੋ ਬਾਬਾ ਦਰਬਾਰਾ ਸਿੰਘ ਨੇ ਇਹਨਾਂ ਸਿੰਘਾਂ ਨੂੰ ਡੇਰੇ ਤੋਂ ਬਾਹਰ ਲੁਕਵੀਆਂ ਥਾਵਾਂ ਤੇ ਹੀ ਜਲ, ਪਰਸ਼ਾਦਾ ਆਦਿ ਛਕਾ ਕੇ ਮੋੜ ਦਿੱਤਾ ਅਤੇ ਫਿਰ ਕਿਸੇ ਸਮੇਂ ਆ ਕੇ, ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਲਈ ਕਿਹਾ। ਬਾਕੀ ਸਿੰਘਾਂ ਨੂੰ ਵੀ ਸਾਉਣ ਸਿੰਘ ਰੋਡੇ ਸਮੇਤ ਇਕ ਵੇਰ ਆਪੋ ਆਪਣੇ ਟਿਕਾਣਿਆਂ ਤੇ ਜਾ ਟਿਕਣ ਦਾ ਸੰਦੇਸ਼ ਦਿੱਤਾ।

ਸਰਕਾਰੀ ਰਿਕਾਰਡ ਵਿੱਚ ਇਹ ਵੀ ਦਰਜ਼ ਹੈ ਕਿ ਜਿਸ ਸਮੇਂ ਧੰਨਾ ਸਿੰਘ ਪਕੜਿਆ ਗਿਆ ਸੀ, ਉਸ ਸਮੇਂ 26 ਕੂਕੇ ਰੰਗੂਨ ਵਿੱਚ ਗੁਰੂ ਦਰਸ਼ਨਾਂ ਦੀ ਸਿੱਕ ਵਿੱਚ ਬੈਠੇ ਸਨ।[4] ਧੰਨਾ ਸਿੰਘ ਆਪਣੇ ਬਿਆਨ ਵਿੱਚ 24 ਹੋਰ ਕੂਕਿਆਂ ਦੇ ਉਸ ਨਾਲ ਇੱਥੇ 27 ਜੁਲਾਈ 1880 ਨੂੰ ਪਹੁੰਚਣ ਦਾ ਜ਼ਿਕਰ ਕਰਦਾ ਹੈ। ਉਹ ਪੱਤਰਾਂ ਦਾ ਆਦਾਨ ਪ੍ਰਦਾਨ ਕਰਦਾ 29 ਜੁਲਾਈ ਨੂੰ ਗਰਿਫਤਾਰ ਕਰ ਲਿਆ ਗਿਆ। 3 ਅਗਸਤ ਨੂੰ ਉੱਪਰ ਵਰਣਿਤ ਪੰਜ ਸਿੱਖ ਸਮੇਤ ਭਾਈ ਸਾਉਣ ਸਿੰਘ ਰੋਡੇ, ਸਤਿਗੁਰੂ ਜੀ ਦਾ ਕੁਝ ਦਿਨ ਰੋਜ਼ ਕਈ ਕਈ ਦਫਾ ਦਰਸ਼ਨ ਕਰ ਕੇ, ਪੰਜਾਬ ਵਾਪਸੀ ਲਈ ਜਹਾਜ ਤੇ

ਸਵਾਰ ਹੋ ਕਲਕੱਤੇ ਪੁੱਜ ਜਾਂਦੇ ਹਨ। ਬਾਕੀ 20 ਕੁ ਸਿੰਘਾਂ ਦੇ ਨਾਮ ਜੋ ਸਾਡੇ ਇਤਿਹਾਸ ਵਿੱਚ ਦਰਜ਼ ਹਨ, ਉੱਪਰਲੇ ਛਿਆਂ ਤੋਂ ਇਲਾਵਾ ਵਿੱਚੋਂ ਕੁਝ ਦੇ ਨਾਂ ਇਸ ਪ੍ਰਕਾਰ ਹਨ- ਹੀਰਾ ਸਿੰਘ ਲੰਬੂ ਸਢੌਰਾ (ਅੰਬਾਲਾ), ਸਾਹਿਬ ਸਿੰਘ ਜੌਹਲ (ਅੰਮ੍ਰਿਤਸਰ), ਵਸਾਖਾ ਸਿੰਘ, ਭੋਮਾ ਵਡਾਲਾ (ਅੰਮ੍ਰਿਤਸਰ), ਚੰਦਾ ਸਿੰਘ ਸਕਤੂ ਨੰਗਲ (ਅੰਮ੍ਰਿਤਸਰ), ਲਾਲ ਸਿੰਘ ਲਤਾਲਾ (ਲੁਧਿਆਣਾ), ਈਸ਼ਰ ਸਿੰਘ ਚੁੰਨ੍ਹੀ (ਅੰਬਾਲਾ)। ਜਦੋਂ ਇਹ ਛੀਏ ਸਿੰਘ ਗੁਰੂ ਹਰੀ ਸਿੰਘ ਜੀ ਪਾਸ ਜਾਣ ਤੋਂ ਪਹਿਲਾਂ ਗਏ ਤਾਂ ਉਹਨਾਂ ਵਰਜਿਆ ਸੀ ਕਿ ਤੁਹਾਡੇ ਖਰਚ ਖੇਚਲ ਤੋਂ, ਦਰਸ਼ਨ ਜਾਂ ਗੱਲਬਾਤ ਚੰਗੀ ਤਰ੍ਹਾਂ ਨਾਂ ਹੋਣ ਕਾਰਨ, ਭਾਈ ਸਤਿਗੁਰੂ ਜੀ ਤਾਂ ਮਨੋ ਕਰਦੇ ਹਨ ਅੱਗੇ ਤੁਸੀਂ ਰੁਕਦੇ ਨਹੀਂ। ਇਉਂ ਅਸੀਂ ਵੇਖਦੇ ਹਾਂ ਕਿ 25-26 ਸਿੰਘਾਂ ਦੇ ਇਸ ਸਮੂਹ ਵਿੱਚ ਸਤਿਗੁਰੂ ਜੀ ਜਿਹੜੇ ਦੋ ਹੁਕਮਨਾਮੇ ਧੰਨਾ ਸਿੰਘ ਗੁਮਟੀ ਨੂੰ ਪੁਚਾਉਂਦੇ ਹਨ, ਉਹ ਦੋਵੇਂ ਸਰਕਾਰੀ ਰੀਕਾਰਡ ਵਿੱਚ ਦਰਜ ਹਨ ਅਤੇ ਸਤਿਗੁਰੂ ਜੀ ਦੀ ਮੂਲ ਹਸਤ ਲਿਖਤ ਦੇ ਸ਼ਾਨਦਾਰ ਗੁਆਹ ਹਨ। ਇਹਨਾਂ ਵਿੱਚੋਂ ਪਹਿਲਾ ਹੁਕਮਨਾਮਾ, ਜੋ ਨਾਮਧਾਰੀ ਦਰਬਾਰ ਵੱਲੋਂ ਪ੍ਰਕਾਸ਼ਿਤ ਹੁਕਮਨਾਮਿਆਂ ਵਿੱਚ 62 ਨੰਬਰ ਤੇ ਦਰਜ ਹੈ, ਇਸ ਹੁਕਮਨਾਮੇ ਦਾ ਭਾਈ ਸਾਉਣ ਸਿੰਘ ਦੇ ਨਾਮ ਨਾਲ ਅਰੰਭ ਹੋਣਾ, ਨਾਮਧਾਰੀ ਜਗਤ ਵਿੱਚ ਆਪ ਦੇ ਸਥਾਨ ਦੀ ਮਹੱਤਤਾ ਵੱਲ ਇਸ਼ਾਰਾ ਕਰਦਾ ਹੈ। ਅੱਗੇ ਵੀ ਗੋਹਜ ਗਿਆਨ ਅਤੇ ਪਰਮਾਰਥ ਦੀਆਂ ਜੋ ਗੱਲਾਂ ਸਾਉਣ ਸਿੰਘ ਹੋਰੀਂ ਸਤਿਗੁਰੂ ਜੀ ਨਾਲ ਆਪਣੀਆਂ ਅਰਦਾਸਾਂ ਵਿੱਚ ਸਾਂਝੀਆਂ ਕਰਦੇ ਹਨ, ਉਹਨਾਂ ਦਾ ਨਿਰਨਾ ਵੀ ਇਸ ਹੁਕਮਨਾਮੇ ਵਿੱਚ ਹੁੰਦਾ ਹੈ। ਵਿਸ਼ੇਸ਼ ਕਰ ਕੇ ਮੀਰੀ ਅਤੇ ਪੀਰੀ ਦੇ ਦੋ ਨਿਸ਼ਾਨ ਡਿੱਗਣ ਦਾ ਬਚਨ, ਕਿਉਂਜੁ 'ਮੀਰੀ' ਅੰਗਰੇਜ਼ ਹਾਕਮਾਂ ਦੀ ਸੱਤਾ ਅਤੇ 'ਪੀਰੀ' ਸਿੱਖ ਤਖਤਾਂ ਦੇ ਪੁਜਾਰੀਆਂ ਅਤੇ 'ਪੰਮੇ-ਪਰੋਹਿਤਾਂ' ਦੇ ਲੋਕ ਜੀਵਨ ਵਿੱਚ ਦਖਲ ਦੀ ਪ੍ਰਤੀਕ ਹੈ ਅਤੇ ਦੋਵੇਂ ਹੀ ਕੂਕਾ ਅੰਦੋਲਨ ਦੇ ਤਪ ਤੇਜ ਅੱਗੇ ਆਪਣੀ ਪਰਸੰਗਕਿਤਾ ਗੁਆਂਉਂਦੇ ਨਜ਼ਰ ਆ ਰਹੇ ਹਨ। ਸਤਿਗੁਰੂ ਜੀ ਦਾ ਇੱਕ ਇੱਕ ਹੁਕਮਨਾਮਾ ਅਤੇ ਉਸ ਦਾ ਪਾਠ ਪੰਜਾਬ ਵਿੱਚ ਕੂਕੇ ਸਿੰਘਾਂ ਨੂੰ ਅੰਦੋਲਿਤ ਕਰਨ ਲਈ ਅੱਗ ਤੇ ਘਿਉ ਦਾ ਕੰਮ ਕਰਦਾ ਹੈ। ਇਸੇ ਵਜ੍ਹਾ ਕਾਰਨ 25-26 ਸਿੰਘਾਂ ਦੇ ਇਸ ਦਲ ਦੀ ਰੰਗੂਨ ਫੇਰੀ ਤੋਂ ਥੋਹੜਾ ਚਿਰ ਬਾਅਦ ਹੀ ਸਤਿਗੁਰੂ ਜੀ ਨੂੰ ਰੰਗੂਨ ਤੋਂ ਹੋਰ ਦੂਰ, ਮਰਗੋਈ ਟਾਪੂ ਵਿੱਚ 1880 ਦੀ ਆਖਰੀ ਤਿਮਾਹੀ ਵਿੱਚ ਭੇਜ ਦਿੱਤਾ ਜਾਂਦਾ ਹੈ ਜਿੱਥੇ ਜਾਣ ਲਈ ਸਟੀਮਰ, ਸਿਰਫ ਪੰਦਰਾਂ ਦਿਨਾਂ ਬਾਅਦ ਹੀ ਮਿਲਦਾ ਹੈ ਅਤੇ ਉੱਥੇ ਗਿਆ ਪੰਜਾਬੀ ਮਨੁੱਖ, ਅਧਿਕਾਰੀਆਂ ਦੀਆਂ ਤਾੜੂ ਨਜ਼ਰਾਂ ਦੀ ਪੜਤਾਲ ਵਿੱਚ ਵੀ ਛੇਤੀ ਆ

ਜਾਂਦਾ ਹੈ। ਕੂਕਿਆਂ ਲਈ ਮਰਗੋਈ ਦੇ ਅਜਿੱਤ ਹੋਣ ਦਾ ਭਰਮ ਵੀ ਮੀਂਹਾਂ ਸਿੰਘ ਸਰਹਾਲੀ ਅਤੇ ਨਰਾਇਣ ਸਿੰਘ ਰੋਡੇ ਨੇ ਜਨਵਰੀ 1881 ਦੇ ਆਖਰੀ ਹਫਤੇ ਤੋੜ ਦਿੱਤਾ ਜਦੋਂ ਉਹ ਗੁਰੂ ਦਰਸ਼ਨਾਂ ਨੂੰ ਉੱਥੇ ਵੀ ਪੁੱਜ ਗਏ। ਮੀਹਾਂ ਸਿੰਘ ਸਰਹਾਲੀ ਤਾਂ ਪੂਰੀ ਰਾਤ ਸਤਿਗੁਰੂ ਜੀ ਪਾਸ ਉਹਨਾਂ ਦੇ ਬੰਗਲੇ ਵਿੱਚ ਕੱਟਣ ਬਾਅਦ, ਸਵੇਰੇ ਪਕੜਿਆ ਗਿਆ ਸੀ।

ਭਾਈ ਸਾਉਣ ਸਿੰਘ ਹੁਕਮਨਾਮਾ ਪਰਾਪਤ ਕਰਨ ਦੀ ਅਰਜੋਈ ਲਿਖਦਾ ਹੈ, ਜੋਦੜੀ ਕਰਦਾ ਹੈ। ਉਸ ਨੂੰ ਸ੍ਰੀ ਸਤਿਗੁਰੂ ਜੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ, ਸੌ ਸਾਖੀ, ਪ੍ਰੇਮ ਸੁਮਾਰਗ ਆਦਿ ਪੋਥੀਆਂ ਵਿੱਚ ਦਰਜ਼ ਗੁਰ ਉਪਦੇਸ ਅਤੇ ਰਹਿਤ ਬਹਿਤ ਦੀ ਸਿੱਖਿਆ ਨੂੰ ਸਮੂੰਹ ਜਾਤਾਂ ਵਰਣਾਂ, ਭੇਖਾਂ ਦੇ ਗੁਰੂ ਨਾਨਕ ਪੰਥੀਆਂ ਅਤੇ ਹੋਰਨਾਂ ਸਾਧੂ ਸੰਤਾਂ ਲਈ ਵੀ ਹੁਕਮਨਾਮਾ ਹੀ ਦੱਸਦੇ ਹਨ। ਸ੍ਰੀ ਭੈਣੀ ਸਾਹਿਬ ਤੋਂ ਨਾਮਧਾਰੀ ਸੰਗਤ ਦੇ ਨਾਮ ਜਾਰੀ ਕੀਤੇ ਪਹਿਲੇ ਰਹਿਤਨਾਮੇ ਨੂੰ ਵੀ ਰਹਿਤ ਦਾ ਹੁਕਮਨਾਮਾ ਦੱਸਦੇ ਹਨ। ਪਾਠਕਾਂ ਦੀ ਦਿਲਚਸਪੀ ਲਈ ਇਸ ਹੁਕਮਨਾਮੇ ਦਾ ਪਾਠ ਦਰਜ ਕੀਤਾ ਜਾਂਦਾ ਹੈ।

## ੬੨

੧ੴ ਸਤਿਗੁਰ ਪ੍ਰਸਾਦਿ।

ਲਿਖਤੋ ਦਿਆਲ ਸਿੰਘ, ਜੋਗ ਉਪਮਾ ਭਾਈ ਸਾਉਣ ਸਿੰਘ ਤੇ ਹਰਿਨਾਮ ਸਿੰਘ, ਦੂਆ ਹਰਨਾਮ ਸਿੰਘ, ਸੋਭਾ ਸਿੰਘ, ਧੰਨਾ ਸਿੰਘ, ਕ੍ਰਿਪਾਲ ਸਿੰਘ ਹੋਰੁ ਸਬੂੰਹਿ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਮਾਈ ਬੀਬੀ ਕੋ ਰਾਮ ਸਤਿ ਵਾਚਣੀ।

ਹੋਰੁ ਅਸੀ ਆਨੰਦ ਹੈ, ਗੁਰੂ ਸਾਹਿਬ ਜੀ ਸਾਰੀ ਸੰਗਤ ਕੋ ਸੁਖੀ ਆਨੰਦ ਰਖੇ ਇਹੁ ਮੰਗਦੇ ਹਾਂ ਗੁਰੂ ਜੀ ਪਾਸ ਤੇ। ਅਗੇ ਜੋ ਗੁਰੂ ਜੀ ਨੂ ਭਾਵੇ। ਹੋਰੁ ਜੀ ਜਿਸ ਜਿਸ ਸਰੀਰ ਨੇ ਕਹਾ ਹੈ ਕਿ ਮੈਨੂ ਏਹੁ ਦੁਖੁ ਹੈ, ਇਹੁ ਦੁਖੁ ਹੈ ਸੋ ਸਭੋ ਹੀ ਦੁਖ ਕਟਿ ਜਾਊਗਾ। ਢੂਹੀ ਦੁਖੁ, ਸੁੰਨਪਾਤੁ, ਮਿਰਗੀ ਬੀ, ਭੂਤੁ ਬੀ, ਹੋਰ ਬੀ ਜੋ ਮਾਨੁਖਾ ਕੋ ਮਾਨੁਖ ਦੁਖ ਦੇ ਰਹੈ, ਹੋਰੁ ਬੀ ਜੋ ਨੰਗ ਭੁਖੁ ਕਾ ਦੁਖੁ ਹੈ, ਸੋ ਸਾਰਾ ਈ ਦੁਖੁ ਪ੍ਰਮੇਸਰ ਦੇ ਭਜਨ ਤੇ ਕਟਿ ਜਾਊਗਾ।

ਗੁਰੂ ਜੀ ਦਾ ਹੁਕਮੁ ਹੈ ਸਰਬ ਰੋਗ ਕਾ ਅਉਖਧੁ ਨਾਮੁ ॥ ਸੋ ਜੀ ਨਾਮ ਦਾ ਤੇ ਬਾਣੀ ਪੜ੍ਹਨ ਦਾ ਏਹੁ ਬਡਾ ਮਹਾਤਮੁ ਹੈ ਜੋ ਸਵਾ ਪਹਿਰ ਰਾਤ ਤੇ ਪਹਰ ਤੇ ਉਠਕੇ ਹਮੇਸਾ ਸਨਾਨੁ ਕਰਨਾ, ਬਾਣੀ ਪੜ੍ਹਨੀ, ਫੇਰ ਭਜਨੁ ਕਰਨਾ ਦਿਨ ਰਾਤ ਕੰਮ ਕਾਰ ਮੈ ਜਿੰਨਾ ਹੋਇ ਆਵੇ। ਅਰੁ ਜਥਾ ਸਕਤ ਦਾਨੁ ਕਰਨਾ ਅਰੁ ਕਿਸੇ ਦੀ ਕੋਈ ਬੀ ਚੀਜ ਚਕਣੀ ਚੁਰਾਉ ਨਾ, ਪਰੁ ਪਿਛਾ

ਰਾਤ ਨਾਉਣਾ ਜਰੂਰ, ਤਾਂ ਸਾਰੇ ਈ, ਸਭ ਦੇ ਦੁਖ ਕਟਿ ਜਾਣਗੇ। ਏਹੁ ਸਭ ਕੋ ਸੁਣਾ ਦੇਣਾ।

ਹੋਰ ਭਾਈ ਸਾਉਣ ਸਿੰਘ, ਜੋ ਤੈ ਲਿਖਾ ਥਾ ਦੋ ਨਸਾਨ ਟੁਟਿ ਗਏ, ਸੋ ਸਾਨੂ ਖਬ੍ਰ ਨਹੀ ਸੀ ਅਗੇ ਜੋ ਕੀਧੇ ਟੁਟੈ ਹੈ, ਤਾਂ ਨਹੀ ਤੈਨੁ ਜਬਾਬੁ ਲਿਖਾ। ਹੁਣ ਖਬ੍ਰ ਲਗੀ ਹੈ ਸਾਨੂ। ਥੋੜੇ ਦਿਨ ਹੋਏ ਹੈਨ। ਦੋ ਈ ਨਸਾਨ ਮੀਰੀ ਤੇ ਪੀਰੀ ਦੇ ਟੂਟੇ ਹੈ। ਅਗਲੀ ਮੀਰੀ ਪੀਰੀ ਦੂਰਿ ਹੋਣ ਦਾ ਸਮਾ ਹੀ ਹੁਣ ਆਇਆ। ਅਗੇ ਗੁਰੂ ਵੇਅੰਤੁ ਹੈ। ਆਪਣੇ ਭਾਣੇ ਨੂੰ ਆਪੇ ਹੀ ਜਾਣਦਾ ਹੈ, ਪਰ ਏਹੁ ਹੁਕਮ ਗੁਰੂ ਜੀ ਦਾ ਈ ਲਿਖਾ ਹੈ, ਤਾ ਮੈ ਲਿਖਾ ਹੈ।

ਹੋਰੁ ਜੀ ਹੁਕਮਨਾਮੇ ਮੈਂ ਕੀ ਲਿਖਣੇ ਹੈ। ਹੁਕਮਨਾਮੇ ਤਾਂ ਗੁਰੂ ਜੀ ਦੇ ਈ ਲਿਖੇ ਦੇਖ ਲੈਣੇ ਜਿਨ ਦੇਖਣੇ ਹੋਣ, ਮੰਨਣੇ ਹੋਣ।ਮੰਨੇ ਬਿਨਾ ਦੇਖੇ ਦਾ ਕੁਛ ਫਾਇਦਾ ਨਹੀ ਹੁੰਦਾ। ਦੋ ਈ ਤਾਂ ਗਰੰਥ ਸਾਹਿਬ, ਸੌ ਸਾਖੀ, ਪਰੇਮ ਸਮਾਰਗੁ ਏਹੁ ਹੁਕਮਨਾਮਾ ਹੈ ਸਾਰੀ ਸੰਗਤਿ ਕੋ ਅਰੁ ਸਾਰੇ ਭੇਖਾ ਕੋ, ਜਾਤਾ ਕੋ। ਅਰੁ ਮੈ ਵੀ ਸਾਰੀ ਸੰਗਤ ਦੇ ਬਾਸਤੇ ਲਿਖਕੇ ਭੇਜ ਦਿਤੀ ਹੈ। ਰਾਮਦਾਸਪੁਰ ਪਏ ਹੈ, ਜਿਨ ਦੇਖਣੇ ਹੋਣਿ ਸੋ ਦੇਖ ਲੇਵੇ, ਦੇਖਣੇ ਈ ਹੈਨ ਭਾਮੇ ਕਿਤਨੇ ਦੇਖ ਲੈਣ, ਚਟਣੇ ਤਾਂ ਨਹੀ। ਇਕ ਚਟਿ ਲਉ ਇਕੁ ਐਮੇ ਰਹੂਗਾ।

ਹੋਰੁ ਜੀ ਨਾਮ ਗਾਮ ਸਭਦੇ ਲਿਖਣੇ ਅਉਖੇ ਹੈ, ਸਭਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾ ਦੇਣੀ। ਭਜਨ ਬਾਣੀ ਕਾ ਹੁਕਮੁ ਸਭ ਕੋ ਸੁਣਾ ਦੇਣਾ, ਅਰੁ ਪਿਛਾ ਰਾਤ ਨਾਇਕੇ ਜੋ ਭਜਨੁ ਕਰੂਗਾ, ਓਸਦਾ ਸਾਰਾ ਦੁਖੁ ਕਟਿ ਜਾਊਗਾ। ਏਥੇ ਸਾਨੂ ਭੀ ਬਡਾ ਦੁਖੁ ਹੋਆ ਥਾ, ਸਰੀਰੁ ਤੜਫਦਾ ਸੀ ਰਾਤ ਦਿਨ। ਜਿਸ ਦਿਨ ਤੇ ਪਿਛਾ ਰਾਤ ਨ੍ਹਾ ਕੇ ਭਜਨੁ ਬਾਣੀ ਕਰਨ ਲਗੇ, ਓਸੇ ਦਿਨ ਤੇ ਠੰਢ ਬ੍ਰਤ ਗਈ ਸਾਨੂ। ਅਰੁ ਗੁਰੂ ਜੀ ਦਾ ਬੀ ਹੁਕਮੁ ਹੈ, ਪਿਛਾ ਰਾਤ ਦੇ ਨਾਮਣ ਦਾ ਬਡਾ ਹੀ ਮਹਾਤਮੁ ਲਿਖਾ ਹੈ ਗੁਰੂ ਜੀ ਨੇ।ਗੁਰੂ ਜੀ ਦਾ ਤਾਂ ਹੁਕਮੁ ਮੰਨੇਗਾ, ਓਸਨੂ ਬਹੁਤੁ ਸੁਖੁ ਹੋਊਗਾ।

ਬਿਨਾ ਹੁਕਮੁ ਮੰਨੇ ਦੇਖ ਲੇਓ ਗੁਰੂ (ਨਾਨਕ) ਜੀ ਦੇ ਪੁਤ ਪਾਸ ਈ ਬੈਠੇ ਰਹੇ, ਗੁਰਿਆਈ ਅੰਗਦ ਜੀ ਨੂ ਮਿਲੀ, ਕਿਸੇ ਥਾਂ ਦੇ ਖਤ੍ਰੀ ਨੂੰ। ਅਗੇ ਦਾਤੂ, ਦਾਸੂ, ਮੋਹਰੀ, ਮੋਹਣੁ ਬੈਠੇ ਰਹੇ, ਰਾਮਦਾਸ ਕੋ ਗਦੀ ਮਿਲੀ, ਕਿਸੇ ਥਾਂ ਦੇ ਖਤ੍ਰੀ ਦੇ ਮੁੰਡੇ ਨੂੰ, ਨਾਲੇ ਲੜਕੀ।ਸੋ ਜੀ ਬਿਨਾ ਹੁਕਮੁ ਮੰਨੇ ਭਾਮੇ ਸੌ ਹੁਕਮਨਾਮਾ ਹੋਵੇ ਪਾਸ, ਤਾ ਵੀ ਕੁਛ ਸੁਖੁ ਨਹੀ ਹੁੰਦਾ।

ਹੋਰੁ ਜੀ ਹੁਣਿ ਏਥੇ ਦਾ ਹਵਾਲੁ ਲੇਵੋ ਜਿਸ ਕਰਕੇ ਅਸੀ ਮਨੇ ਕਰਦੇ ਹਾਂ ਏਥੇ ਆਉਣ ਤੇ ਸਿੰਘਾ ਨੂ। ਸੰਗਤ ਤਾਂ ਸਾਡੇ ਦੇਹ ਪਰਾਨ ਹੈਨ। ਏਹੁ

ਬਾਤ ਮੈ ਸਚੀ ਲਿਖੀ ਹੈ ਝੂਠੀ ਨਾ ਜਾਣਨੀ। ਏਵਾਈ (ਸਿਪਾਹੀ) ਬੰਦੂਕਾ (ਲਈ) ਸਾਡੇ ਉਤੇ ਖੜੇ ਹੈਨ। ਏਨਾ ਨੂ ਏਹੁ ਹੁਕਮੁ ਦਿੰਦੇ ਹੈਨ ਏਨਾ ਦੇ ਉਹਦੇਦਾਰ, ਜੋ ਕੋਈ ਬਾਤ ਕਰੇ ਇਨ ਕੇ ਨਾਲ ਉਨਕੋ ਫਕੜੋ ਅਰੁ ਕੋਈ ਚੀਜ ਬਾਹਰ ਤੇ ਸਿਟੇ ਤਾਂ ਓਸਕੋ ਫਕੜੋ। ਜੇ ਕੋਈ ਅੰਦ੍ਰ ਤੇ ਕਿਸੇ ਕੋ ਦੇਵੇ ਤਾਂ ਓਸਕੋ ਫਕੜੋ। ਦਿਨੁ ਰਾਤ ਏਹੋ ਹੁਕਮੁ ਸੁਣਾਈਦਾ ਹੈ ਪਹਰੇ ਬਾਲਿਆ ਕੋ।

ਜੇ ਚਾਰ ਉਗਲਿ ਕਾਗਤੁ ਦਿੰਦੇ ਲੈਦੇ ਕੋ ਦੇਖ ਲੈਣ ਜੋ ਏਥੇ ਸਾਡੇ ਪਹਰੇ ਪੁਰ ਹੈਨ, ਤੇ ਨਾਲੇ ਏਨਾ ਸੰਤਰੀ ਨੂ ਕੈਦ ਕਰਿ ਦੇਣ ਨਾਲੇ ਬੈਤਾ ਮਾਰਨ ਪਹਰੇ ਬਾਲਿਆ ਦੇ, ਨਾਲੇ ਨਾਮੇ ਕਟਿ ਦੇਣ ਏਨਾ ਦੇ, ਅਰੁ ਨਾਲੇ ਥੁਆਨੂ ਕੈਦ ਕਰਿ ਦੇਣਿ, ਅਰੁ ਸਾਨੂ ਬੀ ਖਬ੍ਰ ਨਹੀ ਕਿਥੇ ਲੈ ਜਾਣਿ ਦੁਖੁ ਦੇ ਥਾ ਅਰੁ ਬਹੁਤੁ ਦੁਖੁ ਦੇਣ। ਏ ਮਹਾ ਮਲੇਛ ਹੈਨ, ਇਨ ਮੈ ਦਿਆ ਰਤੀ ਭਰਿ ਨਹੀ। ਏਸ ਵਾਸਤੇ ਅਸੀਂ ਮਨੇ ਕਰਦੇ ਹਾਂ। ਅਰੁ ਦ੍ਰਸਨੁ ਮੇਲਾ ਕੁਛੁ ਨਹੀਂ ਹੁੰਦਾ ਅਰੁ ਖ੍ਰਚ ਖੇਚਲ ਬਹੁਤੁ ਹੈ ਆਉਣ ਮੈ। ਜੇ ਏ ਮਿਲਣ ਦੇਣ ਤਾਂ ਭਾਮੇ ਸੌ ਸੌ ਕਠਾ ਆਇ ਜਾਬੇ ਤਾਂ ਭੀ ਅਛਾ ਹੈ।

ਅਰੁ ਮੈ ਕਈ ਬਾਰਿ ਲਿਖਾ ਜੋ ਏਥੇ ਨਾ ਆਓ। ਜੇ ਆਓ ਤਾ ਇਕ ਕੇ ਤਾ ਦੋ ਆਦਮੀ ਬ੍ਰਸ ਦਿਨ ਪਿਛੇ ਆਉਣ ਤਾਂ ਅਛਾ ਹੈ। ਬਡੀਆ ਬਾਤਾ ਕੀ ਲਿਖੀਏ, ਗੁਰੂ ਜੀ ਹੀ ਪੜ੍ਹਦੇ ਕੱਜੀ ਜਾਦਾ ਹੈ ਨਹੀ ਤਾਂ ਹੋਰ ਠਕਾਣਾ ਨਹੀ। ਸੁਖ ਤਾਂ ਬਚਨੁ ਮੰਨਣਿ ਬਿਚ ਹੈ। ਬਚਨੁ ਨਾ ਮੰਨਿਆਂ ਤਾਂ ਕੁਛ ਬੀ ਸੁਖੁ ਨਹੀ ਹਥ ਆਉਦਾ। ਜਿਤਨਾ ਪੈਸਾ ਖਰ੍ਚ ਕਰਕੇ ਏਥੇ ਆਉਦੇ ਹੈ, ਜੇ ਓਨਾ ਪੈਸਾ ਲਾ ਕੇ ਭੋਗ ਪਾਠ ਕਰੋ ਤਾਂ ਅਛਾ ਹੈ, ਵੇਅਰਥ ਏਨਾ ਪੈਸਾ ਖ੍ਰਚ ਹੁੰਦਾ ਹੈ। ਅਗੇ ਤੁਸੀਂ ਜਾਣੋ। ਅਗੇ ਏਥੇ ਆਏ ਹਾਂ ਖਾਲਸੇ ਦੇ ਭੇਜੇ, ਹੁਣਿ ਜੇ ਕਿਤੇ ਹੋਰੁ ਅਗੇ ਭੇਜਣਾ ਹੈ ਤਾਂ ਤੁਸੀ ਜਾਣੋ। ਜੇ ਅਛੀ ਕਰੇ ਖਾਲਸਾ ਤਾਂ ਏਥੇ ਆਉਣ ਦੀ ਬਾਤ ਤਾਂ ਨਾਂ ਕਰੋ। ਭਜਨੁ, ਪਾਠੁ, ਭੋਗੁ ਪਾਓ ਤਕੜੇ ਹੋਕੇ, ਤਾਂ ਸਭੇ ਕੰਮ ਸੌਰ ਜਾਣਗੇ।

ਹੋਰੁ ਬਾਤ ਹੈ, ਜੇ ਤਾਂ ਮੇਰਾ ਸਰੀਰੁ ਓਹੋ ਹੈ ਜੋ ਪ੍ਰੇਮ ਸਮਾਰਗ ਮੈਂ, ਸਾਖੀਆਂ ਮੈ, ਰਾਮ ਮਿਰਗਿੰਦ ਅਰੁ ਪੈਲਾਦ ਸਾਗਰ (ਬਡਤੀਰਥ, ਹਰੀਪੁਰਾ ਇਲਾਕਾ ਅਬੋਹਰ) ਮੈ ਤੇ ਜੋ ਪੋਥੀ ਨਿਕਲੀ ਹੈ ਓਸ ਮੈ ਜੋ ਲਿਖਾ ਹੈ ਬਾਰਮਾ ਬ੍ਰਤਾਰਾ, ਤਾ ਤੇ ਮੈ ਆਪੇ ਹੀ ਦੇਸ ਮੈ ਆਇ ਜਾਊਗਾ, ਅਰੁ ਮੀਰਾ ਦਾ ਤੇ ਪੀਰਾ ਦਾ ਨਾਸੁ ਏਹੋ ਅਭਾਉ ਹੋਇ ਜਾਊਗਾ ਸਭਦਾ। ਜੇ ਓਹੁ ਨਹੀ ਮੇਰਾ ਸਰੀਰੁ, ਤੁਸੀ ਕਾਸਨੂ ਏਥੇ ਆਉਣਾ ਹੈ, ਮੇਰੇ ਜੇਹੇ ਸੈਂਕੜੇ ਤਖਾਣ ਫਿਰਦੇ ਹੈ ਦੇਸ ਮੈ, ਏਥੇ ਕਾਨੂ ਆਉਣਾ ਹੈ। ਅਛੀ ਬਾਤ ਏਹੋ ਹੈ ਹੁਣਿ

ਏਥੇ ਆਉਣ ਦੀ ਨਾ ਕਰੋ। ਭਜਨੁ, ਪਾਠ, ਭੋਗ ਕਰੋ ਜਿਤਨੇ ਬਣਿ ਆਉਣ। ਐਮੇ ਬਾਟ ਦੀ, ਖ਼ਰਚ ਦੀ ਖੇਚਲ ਹੈ, ਹੋਰ ਕੁਛ ਕੰਮ ਨਹੀ ਸਰਦਾ। ਅਗੇ ਜਾਣੋ ਸੋ ਕਰੋ ਜੋ ਖਾਲਸੇ ਕੋ ਅਛੀ ਲਗੇ। ਮੈ ਤੇ ਆਪਣੀ ਆਖ ਸੁਣਾਈ ਹੈ, ਮੰਨੋ ਭਾਮੇ ਨਾ ਮੰਨੋ।

ਅਰੁ ਇਹੁ ਮੈਨੂ ਕੁਛ ਖਬ਼ ਨਹੀ ਜੋ ਮੈ ਕਦਿ ਜਾਣਾ ਹੈ ਦੇਸ ਮੈਂ। ਨਾ ਮਹੀਨਾ ਮਾਲੂਮ ਹੈ ਮੈਨੂ ਨਾ ਦਿਨ, ਨਾ ਥਾਉ ਈ ਮਾਲੂਮ ਹੈ, ਕਿਥੇ ਜਾਣਾ ਹੈ ਕਦਿ। ਪੈਲਾਦਸ਼ ਮੈਂ ਤੇ ਜੋ ਪੋਥੀ ਨਿਕਲੀ ਹੈ ਓਸ ਮੈ ਤੇ ਲਿਖਾ ਦੇ ਗਿਆ ਹੈ ਨਾਰਾਇਣ ਸਿੰਘ (ਪੁੱਤਰ ਦੇਵਾ ਸਿੰਘ, ਪਿੰਡ ਰੋਡੇ), ਓਸ ਮੈ ਲਿਖਾ ਹੈ ਜਦ ਮਾਝੇ ਦੇਸ ਮੈ ਜੁਧੁ ਹੋਊ ਤਾ ਮੇਰਾ ਜਾਣਾ ਲਿਖਾ ਹੈ ਦੇਸ ਮੈ, ਅਗੇ ਗੁਰੂ ਦੀ ਗੁਰੂ ਜਾਣੇ।

ਅਰੁ ਜੇ ਰੌਲਾ ਪੈ ਜਾਏ ਤਾਂ ਪਚੀ ਆਦਮੀ ਗੁਰੂ ਜੀ ਅਗੇ ਬੇਨਤੀ ਹਰਿਦਾਸ ਕਰਕੇ ਬੇਨਤੀ ਕਰਨੀ 'ਹੇ ਗੁਰੂ ਜੀ, ਜਿਥੇ ਸਾਨੂ ਅਛਾ ਹੋਵੇ, ਸਾਨੂ ਪਰੇਰ ਕੇ ਓਥੇ ਲੈ ਜਾਹਿ, ਫੇਰਿ ਆਪੇ ਗੁਰੂ ਲੈ ਜਾਊ ਜਿਥੇ ਅਛਾ ਹੋਣਾ ਹੋਊ। ਮੈਂ ਕੀ ਦੱਸਣਾ ਹੈ, ਜੇ ਮੈ ਸਿਆਣਾ ਹੁੰਦਾ ਤਾਂ ਕੈਦ ਕਿਉਂ ਹੋਇ ਜਾਂਦਾ। ਏਹੁ ਬਾਤ ਬਿਚਾਰੋ ਤੁਸੀ ਸਾਰੇ ਜਣੇ।

ਸਿਰੀ ਵਾਹਿਗੁਰੂ ਸ਼ਬ ਸੰਗਤ ਕੋ ਸਹਾਈ ਹੋਹੁ ਜੀ, ਗੁਰਮਤਿ ਦਾਨ ਦੇਹ ਜੀ। ਗੁਰੂ ਸਾਹਿਬ ਜੀ ਤੇਰੀ ਸ਼ਨ ਹੈ ਜੀ। ਏਹੁ ਹਰਿਦਾਸ ਛੇਆ ਈ ਸਿੰਘਾ ਬਾਸਤੇ ਹੈ।[5]

ਸਤਿਗੁਰੂ ਜੀ ਆਪਣੇ ਸਿੰਘਾਂ ਨੂੰ ਧੀਰਜ ਬੰਨ੍ਹਾਉਣ ਲਈ ਅਤੇ ਫਰੰਗੀ ਹਾਕਮਾਂ ਵਿਰੁੱਧ ਲੜਾਈ ਨੂੰ 'ਮਹਾਂ ਮਲੇਛ' ਦੇ ਖਾਤਮੇ ਤੱਕ ਪੁਚਾਉਣ ਲਈ ਇਹਨਾਂ ਹੁਕਮਨਾਮਿਆਂ ਵਿੱਚ ਅਧਿਆਤਮਕ ਢੰਗ ਤਰੀਕਿਆਂ ਦੀ ਭਰਪੂਰ ਵਰਤੋਂ ਕਰਦੇ ਹਨ। ਆਪਣੀ ਨਿਰਮਾਣਤਾ ਦਾ ਸਬੂਤ ਵੀ ਦਿੰਦੇ ਹਨ। ਭਾਈ ਸਾਉਣ ਸਿੰਘ ਤੇ ਉਸ ਦੇ ਸਾਥੀਆਂ ਦੇ ਨਾਮ ਆਇਆ ਇਹ ਹੁਕਮਨਾਮਾ, ਬਹੁਤ ਸਾਰੇ ਇਤਿਹਾਸਿਕ ਹਵਾਲਿਆਂ ਅਤੇ ਘਟਨਾਵਾਂ ਨਾਲ ਭਰਪੂਰ ਹੈ। ਭਾਈ ਸਾਉਣ ਸਿੰਘ ਰੋਡੇ ਦਾ ਜੀਵਨ ਕਾਲ 1825-1905 ਈ. ਅਨੁਮਾਨਿਤ ਹੈ। ਉਹਨਾਂ ਦੀ ਇਕ ਨੂੰਹ ਪਹਿਲਾਂ ਨਾਮਧਾਰੀ ਪਰਿਵਾਰ ਵਿੱਚੋਂ ਨਹੀਂ ਸੀ। "ਰੋਡਿਆਂ ਵਾਲੇ ਸੌਣ ਸਿੰਘ ਕੇ ਘਰ ਨੂੰਹ ਕੁਸੰਗੀਆਂ ਕੀ ਆਈ। ਆਇਕੇ ਕਹਿਣ ਲਗੀ ਭਜਨ ਮੈਨੂੰ ਭੀ ਦੁਆਓ। ਭਜਨ ਦੁਆਇਆ।ਜਾਂ ਪੇਕੀਂ ਗਈ ਤਾਂ ਉਸ ਬਡੀ ਰਾਤ ਉਠ ਕੇ ਇਸ਼ਨਾਨ ਕਰਨਾ ਭਜਨ ਕਰਨਾ ਜਾਂ ਸੌਹਰਾ ਪਿੰਨੀਆਂ ਲੈ ਕੇ ਗਿਆ (ਕੁੜੀ ਦੇ ਪੇਕੇ) ਤਾਂ ਕੁੜੀ ਦੇ ਪਿਓ ਨੇ ਕਹਿਆ- ਭਾਈ ਜੀ ਕੁੜੀ ਨੂੰ ਕੀ ਕਰ ਦਿਤਾ ਜੋ

ਪਿਛਲੀ ਰਾਤ ਨ੍ਹਾਂਉਂਦੀ ਹੈ, ਸੌਣ ਨਹੀਂ ਦਿੰਦੀ। ਕਹਾ ਕਿ ਕੀਤਾ ਕੁਝ ਨਹੀਂ ਭਜਨ ਹੀ ਸੁਣਾਇਆ ਹੈ।"[6]

ਭਾਈ ਸਾਉਣ ਸਿੰਘ ਜੀ ਦੇ ਸਪੁੱਤਰ ਮਹਾਂ ਸਿੰਘ ਪਿੰਡ ਵਿੱਚ ਬਾਲਕਾਂ ਨੂੰ ਗੁਰਮੁਖੀ ਵਿੱਦਿਆ ਪੜ੍ਹਾਇਆ ਕਰਦੇ ਸਨ। ਮਹਾਂ ਸਿੰਘ ਦੇ ਵੱਡੇ ਸਪੁੱਤਰ ਸੂਰਜ ਸਿੰਘ ਪਿਤਾ ਤੋਂ ਪੜ੍ਹੇ ਅਤੇ ਸਾਧੂ ਬਿਰਤੀ ਵਾਲੇ, ਨਾਮ ਬਾਣੀ ਦੇ ਅਭਿਆਸੀ ਸਨ। ਕੈਨੇਡਾ ਦੇ ਪਹਿਲੇ ਗੁਰਦੁਆਰੇ ਵਿੱਚ, ਗੁਰੂ ਗ੍ਰੰਥ ਸਾਹਿਬ ਦੀ ਬੀੜ 1903-04 ਈ. ਵਿੱਚ ਸੂਰਜ ਸਿੰਘ ਹੋਰਾਂ ਹੀ ਸਥਾਪਿਤ ਕੀਤੀ ਸੀ। ਉਹਨਾਂ ਦੇ ਛੋਟੇ ਭਰਾਤਾ ਇੰਦਰ ਸਿੰਘ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਨਾਲ 1921 ਈ. ਵਿੱਚ ਸੂਬਾ ਮੁਕੱਰਰ ਕੀਤਾ ਗਿਆ। ਸੂਬਾ ਜੀ ਦੇ ਸਪੁੱਤਰਾਂ ਦੇ ਨਾਮ ਕ੍ਰਮਵਾਰ ਬਲਵੰਤ ਸਿੰਘ, ਅਮਰ ਸਿੰਘ ਤੇ ਰਣਜੀਤ ਸਿੰਘ ਸਨ। ਛੋਟੇ ਰਣਜੀਤ ਸਿੰਘ ਬਿਹੰਗਮ ਸਨ। ਬਲਵੰਤ ਸਿੰਘ ਆਦਿ ਗੁਰੂ ਗ੍ਰੰਥ ਸਾਹਿਬ ਦੇ ਉੱਚ ਕੋਟੀ ਦੇ ਪਾਠੀ ਸਨ। ਅਮਰ ਸਿੰਘ, ਬਹਾਲ ਸਿੰਘ-ਸਾਂਈ ਦਾਸ ਰੋਡਿਆਂ ਵਾਲਿਆਂ ਨਾਲ ਕਵੀਸ਼ਰੀ ਕਰਦੇ ਰਹੇ ਸਨ। ਬਲਵੰਤ ਸਿੰਘ ਅਤੇ ਅਮਰ ਸਿੰਘ ਹੋਰਾਂ ਦੇ ਪਰਿਵਾਰ ਪਿੰਡ ਦਮਦਮਾ ਜ਼ਿਲ੍ਹਾ ਸਿਰਸਾ ਵਿੱਚ ਹਨ। ਬਲਵੰਤ ਸਿੰਘ ਦੇ ਸਪੁੱਤਰ ਕਾ. ਬਲਦੇਵ ਸਿੰਘ ਬਰਾੜ, ਇਲਾਕੇ ਦੇ ਉੱਘੇ ਕਿਸਾਨ ਆਗੂ ਹਨ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਕਾਲਾ ਸਿੰਘ ਨੰਗਲ ਵਾਲੇ ਕ੍ਰਿਤ- 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, (ਦੂਜੀ ਛਾਪ) 2014, ਸੰ. ਦਵਿੰਦਰ ਸਿੰਘ ਗਿੱਲ, ਜੀਆ ਨੱਥਾ, ਸ੍ਰੀ ਭੈਣੀ ਸਾਹਿਬ, ਸਫਾ 177-78
2. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ, (ਸੰ. ਜਸਵਿੰਦਰ ਸਿੰਘ), ਸਫਾ 113-14
3. ਉਪਰੋਕਤ, ਸਫਾ 115-17
4. ਕੂਕਾ ਮੂਵਮੈਂਟ- ਫਰੀਡਮ ਸਟਰਗਲ ਇਨ ਪੰਜਾਬ, (ਸ. ਜਸਵਿੰਦਰ ਸਿੰਘ), 13 ਅਗਸਤ 1880 ਦਾ, ਚੀਫ ਕਮਿਸ਼ਨਰ, ਬਰਮਾ ਦੇ ਕਾਰਜਕਾਰੀ ਸਕੱਤਰ ਜੀ.ਡੀ. ਬਰਗਸ ਦਾ, ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਪੱਤਰ। ਹਰਨਾਮ ਸਿੰਘ ਨਥਾਣਾ ਇਨ੍ਹਾਂ ਛੱਬੀਆਂ ਕੂਕਿਆਂ ਦਾ ਆਗੂ ਸੀ ਅਤੇ ਉਸੇ ਨੇ ਸਾਰਿਆਂ ਵਿੱਚੋਂ ਤੇਜ਼

ਤਰਾਰ ਅਤੇ ਰੋਸ਼ਨ ਦਿਮਾਗ ਜਾਣ ਕੇ ਧੰਨਾ ਸਿੰਘ ਨੂੰ ਹੀ ਗੁਰੂ ਰਾਮ ਸਿੰਘ ਜੀ ਨਾਲ ਪੱਤਰਾਂ ਦਾ ਵਟਾਂਦਰਾ ਕਰਨ ਲਈ ਠੀਕ ਵਿਅਕਤੀ ਸਮਝਿਆ ਸੀ।

5. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰ. ਜਸਵਿੰਦਰ ਸਿੰਘ), ਛਾਪ ਦੂਜੀ, ਸਫਾ 516-27, ਦਿਆਲ ਸਿੰਘ ਸਤਿਗੁਰੂ ਜੀ ਦਾ ਕੂਟਨੀਤਕ ਨਾਂਉਂ ਹੈ।
6. ਬਾਹੋਵਾਲ, ਦੂਜਾ ਭਾਗ, ਸਫਾ 364-65

❊

# ਕੂਕਾ-ਕਾਰ, ਧੌਂਕਲ ਦਾ ਟੱਲ ਅਤੇ ਸੰਤ ਨਰਾਇਣ ਸਿੰਘ ਘੋੜੀਆਂ ਵਾਲੇ

ਹਰ ਲੋਕ ਲਹਿਰ ਆਪਣੇ ਵੇਲੇ ਦੇ ਵਿਧੀ ਵਿਧਾਨ ਸਿਰਜਣ ਦੇ ਸਮਰੱਥ ਹੁੰਦੀ ਹੈ। ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ, ਨਵੇਂ ਜੁੱਗ ਦੀ ਤੋਰ ਵਿੱਚ ਅੜਿੱਕੇ ਪਾਉਂਦੀਆਂ ਹਨ। ਇਸ ਲਈ ਉਹਨਾਂ ਤੋਂ ਮੁਕਤ ਹੋਣਾ ਵਿਕਾਸ ਦੇ ਨਿਯਮ ਦੇ ਅਨੁਰੂਪ ਹੁੰਦਾ ਹੈ। ਨਵੇਂ ਦੀ ਉਸਾਰੀ ਪੁਰਾਣੇ ਨੂੰ ਢਾਹੁਣ ਬਾਅਦ ਹੀ ਕੀਤੀ ਜਾ ਸਕਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਨਾਮਧਾਰੀ ਸੰਤ ਖਾਲਸੇ ਦੀ ਸਾਜਨਾ ਕਰਕੇ ਦੇਸ਼ ਆਜ਼ਾਦੀ ਲਈ ਕੂਕਾ ਲਹਿਰ ਆਰੰਭ ਕੀਤੀ ਤਾਂ ਆਪ ਨੇ ਵੀ ਵਹਿਮਾਂ ਭਰਮਾਂ ਵਿਚ ਫਸੀ ਹੋਈ ਲੋਕਾਈ ਨੂੰ ਪੁਰਾਣੇ ਮਨਾਉਤਾਂ ਦੇ ਕੇਂਦਰਾਂ ਤੋਂ ਮੁਕਤ ਕਰਕੇ, ਇਕ ਅਕਾਲ ਪੁਰਖ ਅਤੇ ਆਦਿ ਗੁਰੂ ਗਰੰਥ ਸਾਹਿਬ ਦੀ ਬਾਣੀ ਨਾਲ ਜੋੜਨ ਦਾ ਵੱਡਾ ਕਾਰਜ ਕੀਤਾ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਸਮੇਂ, ਜਦੋਂ ਸਤਿਗੁਰੂ ਜੀ ਆਪਣੇ ਮਿਸ਼ਨ ਦਾ ਪਰਚਾਰ ਕਰ ਰਹੇ ਸਨ, ਉਸ ਸਮੇਂ ਪੰਜਾਬ ਦੇ ਲੋਕ, ਭਿੰਨ-ਭਿੰਨ ਲੋਕ ਵਿਸ਼ਵਾਸਾਂ ਕਾਰਨ, ਸਖੀ ਸਰਵਰ, ਭੈਰੋਂ, ਗੁੱਗਾ, ਭੂਤ ਪਰੇਤ, ਪਿੱਤਰ, ਜਠੇਰੇ ਆਦਿ ਪੂਜਣ, ਮੰਨਣ ਦੇ ਨਾਮ ਤੇ ਥਾਂ-ਥਾਂ ਮੜ੍ਹੀਆਂ, ਮਸਾਣਾਂ, ਕਬਰਾਂ, ਸਮਾਧਾਂ ਤੇ ਹੋਰ ਇਹੋ ਜਿਹੀਆਂ ਅਣਗਿਣਤ ਥਾਵਾਂ ਤੇ ਨੱਕ, ਮੱਥੇ ਰਗੜਿਆ ਕਰਦੇ ਸਨ। ਇਸ ਤੋਂ ਡੇਢ੍ਹ ਸਦੀ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸਾ ਸਾਜਣ ਸਮੇਂ, ਇਹਨਾਂ ਝੂਠੀਆਂ ਲੋਕ ਮਨਾਉਤਾਂ ਦਾ ਪਰਦਾ ਫਾਸ਼ ਕੀਤਾ ਸੀ। ਭਾਈ ਗੁਰਦਾਸ ਦੂਜੇ ਦੀ ਵਾਰ ਵਿਚ ਇਉਂ ਦਰਜ ਹੈ-

"ਗੁਰੂਬਰ ਅਕਾਲ ਕੇ ਹੁਕਮ ਸਿਉਂ,
ਉਪਜਿਓ ਬਿਗਿਆਨਾ।
ਤਬ ਸਹਿਜੇ ਰਚਿਓ ਖਾਲਸਾ, ਸਾਬਤ ਮਰਦਾਨਾ।
ਇਉਂ ਉਠੇ ਸਿੰਘ ਭਭਕਾਰਿ ਕੈ, ਸਭ ਜਗ ਡਰਪਾਨਾ।
ਮੜ੍ਹੀ ਦੇਵਲ ਗੋਰ ਮਸੀਤ ਢਾਹਿ, ਕੀਏ ਮੈਦਾਨਾ।
ਬੇਦ ਪੁਰਾਨ ਖਟ ਸਾਸਤ੍ਰ, ਫੁਨ ਮਿਟੇ ਕੁਰਾਨਾ।
ਤਬ ਸੁਨਤ ਕੋਇ ਨ ਕਰਿ ਸਕੈ, ਕਾਂਪਤ ਤੁਰਕਾਨਾ।

ਇਉਂ ਉਮਤ ਸਭ ਮੁਹੰਮਦੀ, ਖਪ ਗਈ ਨਿਦਾਨਾ।

ਇਉਂ ਤੀਸਰ ਪੰਥ ਚਲਾਇਅਨ, ਵਡ ਸੂਰ ਗਹੇਲਾ।

ਵਾਹੁ-ਵਾਹੁ ਗੋਬਿੰਦ ਸਿੰਘ, ਆਪੇ ਗੁਰੂ ਚੇਲਾ॥੧੬॥"

ਉਪਰੋਕਤ ਵਾਰ ਦੀ ਸਤਿਗੁਰੂ ਰਾਮ ਸਿੰਘ ਜੀ ਦੇ ਉਪਦੇਸ਼ਾਂ ਦੇ ਸਬੰਧ ਵਿਚ ਚਰਚਾ ਕਰਦੇ ਹੋਏ, ਪ੍ਰਸਿੱਧ ਸਿੱਖ ਵਿਦਵਾਨ, ਸਿਰਦਾਰ ਕਪੂਰ ਸਿੰਘ ਜੀ ਆਈ. ਸੀ. ਐਸ. ਲਿਖਦੇ ਹਨ "ਇਉਂ, ਇਹ ਕਿਸੇ ਗੁਮਨਾਮ ਕਵੀ ਦੀ ਵਾਰ ਪੰਜਾਬ ਵਿਚ ਪ੍ਰਚਲਤ ਸੀ। ਜਦੋਂ ਉਨ੍ਹੀਵੀਂ ਸਦੀ ਦੀ ਪਿਛਲੀ ਚੌਥਾਈ ਵਿਚ ਬਾਬਾ ਰਾਮ ਸਿੰਘ ਦਾ ਤੇਜ ਪ੍ਰਤਾਪ ਚਮਕਿਆ, ਤੇ ਡੂੰਘੀਆਂ ਨਜ਼ਰਾਂ ਨੇ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਤੇ ਉਦੇਸ਼ਾਂ ਵਿਚ ਗੁਰੂ ਗੋਬਿੰਦ ਸਿੰਘ ਦੀ ਮਹਾਨ ਆਤਮਾ ਦਾ ਝਾਉਲਾ ਪ੍ਰਤੱਖ ਦੇਖਿਆ, ਤਾਂ ਉਹਨਾਂ ਨੇ ਉਪਰੋਕਤ ਵਾਰ ਨੂੰ ਹੇਠ ਲਿਖਿਆ ਰੂਪ ਦੇ ਕੇ ਗਾਉਣਾ ਤੇ ਪ੍ਰਚਾਰਨਾ ਅਰੰਭ ਦਿੱਤਾ:

ਮੜ੍ਹੀ ਮਸੀਤਾਂ ਢਾਇ ਕੇ ਕਰ ਦਿਉ ਮੈਦਾਨਾ।

ਪੈਹਲਾਂ ਪਾਂਧਾ ਪੀਰ ਫਿਰ ਮਾਰੋ ਸੁਲਤਾਨਾ।

ਉਮਤ ਸਭ ਮੁਹੰਮਦੀ ਖਪ ਜਾਇ ਮੈਦਾਨਾ।

ਸੁੰਨਤ ਕੋਇ ਨਾ ਕਰ ਸਕੇ, ਕੰਬਣ ਤੁਰਕਾਨਾ।

ਭੈਣੀ ਸਤਿਗੁਰੂ ਜਾਗਿਆ, ਹੋਰ ਝੂਠ ਜਹਾਨਾ।

"ਭਾਵ ਇਹ ਕਿ ਮੜ੍ਹੀਆਂ ਮਸੀਤਾਂ ਆਦਿ ਨਿਰਜਿੰਦ ਵਸਤੂਆਂ ਦੀ ਪੂਜਾ ਬੰਦ ਕਰ ਦਿਉ। ਪਾਂਧੇ, ਪੀਰ ਜੋ ਲੋਕਾਂ ਨੂੰ ਭਰਮ ਭੁਲੇਖਿਆਂ ਵਿਚ ਪਾ ਕੇ ਜਨਤਾ ਨੂੰ ਧਾਰਮਿਕ ਭਰਮਾਂ ਵਿੱਚ ਪਾਉਂਦੇ ਹਨ, ਉਹਨਾਂ ਦੀ ਪੈਰਵੀ ਪਹਿਲਾਂ ਛੱਡੋ। ਪਾਤਸ਼ਾਹਾਂ ਸੁਲਤਾਨਾਂ ਦੀ ਰਾਜਸੀ ਗੁਲਾਮੀ ਦੀ ਛੱਟ ਉਸ ਤੋਂ ਪਿੱਛੋਂ ਲਾਹ ਦਿਉ। ਜਿਵੇਂ ਕਈ ਮੁਸਲਮਾਨ ਪਾਤਸ਼ਾਹ ਤੇ ਹਾਕਮ ਧਰਮ ਵਿਚ ਜਬਰ ਕਰਨ ਹਿੱਤ, ਸ਼ਸਤਰ ਵਰਤਦੇ ਸਨ, ਅਜਿਹੇ ਲੋਕਾਂ ਦਾ ਸ਼ਸਤਰਾਂ ਨਾਲ ਮੁਕਾਬਲਾ ਕਰੋ ਤੇ ਉਹਨਾਂ ਦਾ ਨਾਸ਼ ਕਰ ਦਿਉ। ਧਰਮ ਵਿਚ ਧੱਕਾ ਕੋਈ ਨਾ ਕਰ ਸਕੇ ਤੇ ਤੁਸੀਂ ਇਤਨੇ ਤੱਕੜੇ ਹੋ ਜਾਉ, ਜੁ ਅਜਿਹਾ ਧੱਕਾ ਕਰਨ ਵਾਲੇ ਤੁਹਾਨੂੰ ਦੇਖ ਕੇ ਕੰਬਣ ਗੁਰੂ, ਜਿਹੜੇ ਕਿ ਜਗਤ ਨੂੰ ਰੋਸ਼ਨੀ ਦਿਖਣ ਤੇ ਸੰਸਾਰ ਦੀ ਰਹਿਨੁਮਾਈ ਕਰਨ ਆਏ ਸਨ, ਭਾਵ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦਸ ਗੁਰੂ ਸਾਹਿਬਾਨ, ਉਹਨਾਂ ਗੁਰੂਆਂ ਦੀ ਆਤਮਿਕ ਸੱਤਾ ਫਿਰ ਮੁੜ ਕੇ ਭੈਣੀ (ਸਾਹਿਬ) ਪਿੰਡ ਵਿਖੇ ਚਮਕ ਉੱਠੀ ਹੈ। ਜੋ ਕੋਈ ਇਸ ਵਿਚ ਸ਼ੱਕ ਕਰਕੇ, ਕਿਵੇਂ ਹੋਰਵੇਂ ਗੱਲ ਕਹਿੰਦਾ

ਹੈ, ਉਹ ਸੱਤ ਤੇ ਝੂਠ ਇਸ ਜਹਾਨ ਵਿਚ ਬੋਲਦਾ ਹੈ।

"ਬਾਬਾ ਰਾਮ ਸਿੰਘ ਦਾ ਵਿਅਕਤੀਤਵ, ਉਹਨਾਂ ਦੇ ਉਪਦੇਸ਼ਾਂ ਤੇ ਉਦੇਸ਼ਾਂ ਦਾ ਜੋ ਪ੍ਰਭਾਵ ਲੋਕਾਂ ਦੇ ਮਨਾਂ ਉੱਤੇ ਉਸ ਸਮੇਂ ਪਿਆ, ਦਾ ਵਰਣਨ ਹੈ।"

ਲੋਕਾਂ ਦੇ ਮਨਾਂ ਨੂੰ ਵਹਿਮਾਂ ਤੇ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਨਰੋਏ ਬਨਾਉਣਾ ਤਾਂ ਜੁ ਉਹ ਕੌਮੀ ਮੁਕਤੀ ਸੰਗਰਾਮ ਵਿਚ ਵੱਡੀ ਤੋਂ ਵੱਡੀ ਕੁਰਬਾਨੀ ਕਰ ਸੱਕਣ, ਇਹ ਸਤਿਗੁਰੂ ਜੀ ਦਾ ਨਿਸ਼ਾਨਾ ਸੀ। ਇਸ ਲਈ ਆਪ ਵਹਿਮ ਪ੍ਰਸਤੀ ਦੇ ਅੱਡਿਆਂ ਤੋਂ ਆਪਣੀ ਸੰਗਤ ਨੂੰ ਲਗਾਤਾਰ ਸੁਚੇਤ ਕਰਦੇ ਆ ਰਹੇ ਸਨ ਅਤੇ ਆਪ ਜੀ ਦੀ ਇਸ ਸਿੱਖਿਆ ਤੇ ਅਮਲ ਕਰਦਿਆਂ, ਕੂਕੇ ਸਿੰਘਾਂ ਨੇ ਪੰਜਾਬ ਭਰ ਵਿਚ ਅਜਿਹੇ ਅਖਾਉਤੀ ਪੂਜਾ ਅਸਥਾਨਾਂ ਨੂੰ ਢਾਹ ਢੇਰੀ ਤਾਂ ਕੀਤਾ ਉਹ ਗੁਆਂਢੀ ਰਾਜ ਰਿਆਸਤ ਬੀਕਾਨੇਰ ਵਿਚ ਸਥਿਤ ਗੁੱਗੇ ਦੀ ਮਾੜੀ ਨੂੰ ਵੀ ਢਾਹੁਣ ਤੱਕ ਚਲੇ ਗਏ ਸਨ, ਜਿਸ ਦਾ ਜ਼ਿਕਰ ਸਾਡੇ ਇਤਿਹਾਸਕ ਸਰੋਤਾਂ ਵਿਚੋਂ ਮਿਲਦਾ ਹੈ। ਪ੍ਰਸਿੱਧ ਨਾਮਧਾਰੀ ਸਾਹਿਤਕਾਰ ਸੰਤ ਇੰਦਰ ਸਿੰਘ ਚੱਕਰਵਰਤੀ ਆਪਣੇ ਮਹਾਂ-ਕਾਵਿ ਵਿਚ ਇਕ ਪੂਰਾ ਕਾਂਡ ਇਸ ਬਾਰੇ ਦਿੰਦੇ ਹਨ, ਜਿਸ ਵਿਚੋਂ ਕੁਝ ਹਵਾਲੇ ਪਾਠਕਾਂ ਦੀ ਨਜ਼ਰ ਹਨ-

"ਉਨੀ ਸੌ ਸਤਾਰਵਾਂ,
(ਮੁਤਾਬਿਕ 1860 ਈ.) ਆਇਆ ਚੜ੍ਹਕੇ ਸਾਲ
ਸਿਖੀ ਵਿਚ ਪੰਜਾਬ ਦੇ, ਫੈਲੀ ਤੇਜੀ ਨਾਲ
ਭੈਣੀ ਸਾਹਿਬ ਵਿਚ ਹੁਣ, ਲਗੀ ਰਹਿੰਦੀ ਭੀਰ
ਇਕ ਆਇਆ ਇਕ ਜਾ ਰਿਹਾ, ਚਲਦਾ ਪਿਆ ਵਹੀਰ
ਹੋ ਗਿਆ ਸਾਰੇ ਦੇਸ਼ ਵਿਚ, ਗੁਰੂ ਮਤ ਪ੍ਰਚਾਰ
ਝਾੜ-ਝਾੜ ਵਿਚ ਗੂੰਜਦੀ, ਧੁਨੀ ਸਤਿ ਕਰਤਾਰ
ਜਾਗਤ ਜੋਤੀ ਜਪਣ ਦਾ, ਸਤਿਗੁਰੂ ਸ੍ਰੀ ਦਸ਼ਮੇਸ਼
ਮੜ੍ਹੀ ਗੋਰ ਨਾ ਮੰਨਣੀ, ਕੀਤਾ ਹੁਕਮ ਵਿਸ਼ੇਸ਼
ਪਰ ਭੁੱਲ ਗਏ ਸਿੱਖ ਸਨ, ਗੁਰੂ ਮਤ ਦੀ ਰੀਤ
ਮੜੀਆਂ ਮੱਟਾਂ ਕਬਰਾਂ, ਨਾਲ ਲਗਾਕੇ ਪ੍ਰੀਤ
ਪੀਰ-ਖਾਨੇ ਕੀ ਮਕਬਰੇ, ਕੀ ਮਾਤਾ ਦੇ ਥਾਨ
ਜਿਥੇ ਜਾ ਕੇ ਵੇਖੀਏ, ਸਭ ਥਾਂ ਸਿੱਖ ਪ੍ਰਧਾਨ

ਦੇਣ ਸੀਰਨੀ ਖਾਨਗਾਹ, ਚੁੰਮਣ ਧੌਂਕਲ ਟੱਲ
ਅਸਲੋਂ ਕੋਈ ਨਾ ਜਿੰਨਾਂ ਨੂੰ, ਸੀ ਗੁਰੂ ਮੱਤ ਦਾ ਵੱਲ
ਕਰ ਅਰਦਾਸਾ ਖਾਲਸੇ, ਲਿਆ ਗੁਰਮਤਾ ਧਾਰ
ਏਨਾਂ ਦਾ ਇਸ ਜਾਲ ਤੋਂ, ਕਰ ਦਈਏ ਨਿਸਤਾਰ
ਮੜੀ ਮਸਾਣਾਂ ਢਾਹ ਕੇ, ਕਰੀਏ ਸਾਫ ਮੈਦਾਨ
ਮਨ-ਮਤ ਦਿਲਾਂ 'ਚੋਂ ਨਿਕਲੇ, ਗੁਰਮਤ ਕਰੇ ਸਥਾਨ
ਤੋੜ ਦੇਵੀਏ ਕੁਫਰ ਦਾ, ਜੋ ਇਹ ਤਣਿਆਂ ਜਾਲ
ਧਰਤੀ ਕਰੀਏ ਪੱਧਰੀ, ਢਾਹ ਮਾਤਾ ਦਾ ਮਾਲ
ਮਾਈ ਦਾ ਥਾਂ ਜਰਗ ਦਾ, ਗੁੱਗਾ ਮੜ੍ਹੀ ਛਪਾਰ
ਹਦਰ ਸੇਖ ਦੀ ਕਬਰ ਨੂੰ, ਕਰ ਦੇਣਾ ਮਿਸਮਾਰ
ਅੱਲਾ ਯਾਰ ਦੀ ਖਾਨਗਾਹ, ਤੇ ਧੌਂਕਲ ਦਾ ਟੱਲ
ਪੀਰ ਖਾਨੇ ਤੇ ਮਕਬਰੇ, ਦਿਤੇ ਥੱਲ ਪਥੱਲ
ਬੀਕਾਨੇਰ ਦੇ ਰਾਜ ਵਿਚ, ਮਾੜੀ ਗੁੱਗਾ ਪੀਰ
ਪੀਰ ਅਖੌਤੀ ਦੇਸ ਦੇ, ਕੀਤੇ ਸਿਧੇ ਤੀਰ
ਸ਼ਰਧਾ ਉਡੀ ਇਨ੍ਹਾਂ ਤੋਂ, ਦਿਲ ਵਿਚੋਂ ਅਵਾਮ
ਤਾਕਤ ਹੁੰਦੀ ਇਨ੍ਹਾਂ ਵਿਚ, ਢੱਠਦੇ ਕਿਵੇਂ ਤਮਾਮ?
ਕੋਈ ਨਾ ਰਿਹਾ ਕੁਫਰ ਦਾ, ਜੇਹਾ ਗੜ੍ਹ ਸਥਾਨ
ਜਿਸ ਨੂੰ ਢਾਹ ਕੇ ਖਾਲਸੇ, ਕੀਤਾ ਨਹੀਂ ਮੈਦਾਨ
ਰੌਲਾ ਪੈ ਗਿਆ ਦੇਸ਼ ਵਿਚ, ਇਹ ਕੂਕਿਆਂ ਦੀ ਕਾਰ
ਓਹ ਨਹੀਂ ਮੰਨਦੇ ਗੁਰੂ ਬਿਨਾਂ, ਜਣੀ ਖਣੀ ਨੂੰ ਯਾਰ
ਗੋਰਾ ਸੁਣ-ਸੁਣ ਕੰਬਦਾ, ਗੁਰਮਤ ਦਾ ਪ੍ਰਚਾਰ
ਉਹ ਚਾਂਹਦਾ ਸੀ ਮੇਟਣਾ, ਜੋ ਸਾਜੀ ਕਰਤਾਰ
ਉੱਘੇ-ਉੱਘੇ ਸਿੰਘ ਸਭ, ਫੜ ਕੇ ਲਏ ਸੰਭਾਲ
ਬਿਨਾਂ ਹੀ ਕਿਸੇ ਸਬੂਤ ਦੇ, ਦਿਤੇ ਜਿਹਲੀਂ ਡਾਲ[2]

ਗਿਆਨੀ ਕਾਹਲਾ ਸਿੰਘ ਜੀ ਨੰਗਲ ਵੱਡਾ ਪਾਸ ਪੱਖੋਵਾਲ (ਲੁਧਿਆਣਾ) ਦੇ ਵਸਨੀਕ ਸਨ। ਸੰਨ 1885 ਈ. ਵਿਚ ਕੋਈ 21 ਸਾਲ ਦੀ ਉਮਰ

ਵਿਚ, ਗੁਰੂ ਹਰੀ ਸਿੰਘ ਜੀ ਦੇ ਸਮੇਂ ਕੂਕੇ ਸਿੰਘ ਸਜੇ ਸਨ। ਉਹਨਾਂ ਦੇ ਪਿਤਾ ਭਾਈ ਰਾਮ ਸਿੰਘ ਨਿੱਝਰ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਕਈ ਇਤਿਹਾਸਕ ਪਰਸੰਗਾਂ ਦੇ ਚਸ਼ਮਦੀਦ ਅਗਵਾਹ ਵੀ ਸਨ। ਸੰਨ 1914 ਈ. ਵਿਚ ਛਪੀ ਕਵੀ ਜੀ ਦੀ ਪ੍ਰਸਿੱਧ ਰਚਨਾ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼" ਵਿਚ "ਮੜ੍ਹੀਆਂ ਗੌਰਾਂ ਢਾਹੁਣ" ਦਾ ਸਤਿਗੁਰੂ ਜੀ ਦਾ ਹੁਕਮ ਇਉਂ ਕਾਨੀ ਬੱਧ ਕੀਤਾ ਗਿਆ ਹੈ-

ਬੈਠ ਵਿਚ ਦੀਵਾਨ ਦੇ ਹੁਕਮ ਦਿੰਦੇ,
ਸਾਰੇ ਖਾਲਸੇ ਤਾਂਈ ਸੁਣਾਵੰਦੇ ਨੇ
ਮੜੀ ਗੋਰ ਤੇ ਮਕਬਰੇ ਪੀਰ ਖਾਨੇ,
ਹੁਕਮ ਦੇ ਕੇ ਆਪ ਢਹਾਵੰਦੇ ਨੇ।
ਸ਼ਿਵਲਿੰਗ ਸਮਾਧ ਤੇ ਖਾਨਗਾਹ ਜੋ,
ਥਾਨ ਦੇਵੀ ਦੇ ਸਫਾ ਕਰਾਵੰਦੇ ਨੇ।
ਭੈਰੋਂ ਭੂਤ ਮਸਾਣੀ ਦੇ ਥਾਨ ਜਿੰਨੇ,
ਮਾੜੀ ਗੁੱਗੇ ਦੀ ਅਲਖ ਚੁਕਾਵੰਦੇ ਨੇ।
ਦੂਵਤਾ ਪੜੋ ਨ ਹਰੀ ਬਿਨ ਹੋਰ ਪੂਜੋ,
ਗੁਰੂ ਵਿਚ ਗਰੰਥ ਅਲਾਵੰਦੇ ਨੇ।
ਦਸਾਂ ਗੁਰਾਂ ਦੇ ਹੁਕਮ ਨੂੰ ਕਰਨ ਸੁਫਲਾ,
ਮਟ ਮੜ੍ਹੇ ਮਸਾਣ ਢਹਾਵੰਦੇ ਨੇ।
ਸ਼ਕਤੀ ਆਪਣੀ ਨਾਮ ਦੇ ਨਾਲ ਭਰਕੇ,
ਗੀਦ ਜੀਵ ਨੂੰ ਸ਼ੇਰ ਬਣਾਵੰਦੇ ਨੇ।
ਫਲ ਮਿਲੂਗਾ ਭੋਗ ਦਾ ਰੱਬ ਪਾਸੋਂ,
ਮੜੀ ਇਕ ਜੋ ਢਾਹਿ ਢਹਾਵੰਦੇ ਨੇ।
ਇਕ ਦੋ ਤੇ ਤਿੰਨ ਜਾਂ ਚਾਰ ਤਾਂਈ,
ਪੰਜਾਂ ਪਾਠਾਂ ਦਾ ਫਲ ਬਤਾਵੰਦੇ ਨੇ।
ਜੀ ਦੀ ਮੰਨਤਾ ਬਹੁਤ ਸੰਸਾਰ ਕਰਦਾ,
ਓਹਦਾ ਪੰਜ ਅਖੰਡ ਫਰਮਾਂਵਦੇ ਨੇ।
ਹੁਕਮ ਪਾਏ ਮੜ੍ਹੀਆਂ ਸਿੰਘਾਂ ਸਾਫ ਕਰੀਆਂ,

ਹਨੇਰ ਜਗਤ ਦਾ ਦੂਰ ਹਟਾਵੰਦੇ ਨੇ।
ਕਾਲਾ ਸਿੰਘ ਅਜਮੈਸ਼ ਮੈਂ ਆਪ ਕੀਤੀ,
ਗਾਹ ਵਾਂਗ ਪੱਕੇ ਗਿਰ ਜਾਵੰਦੇ ਨੇ॥21॥[3]

ਸੰਨ 1936 ਈ. ਵਿਚ ਭਾਈ ਹਰਨਾਮ ਸਿੰਘ ਬਗੁਲੀ ਕਲਾਂ (ਲੁਧਿਆਣਾ) ਦਾ ਪੰਜਾਬੀ ਬੈਂਤਾਂ ਵਿਚ ਛਪਿਆ ਕਿੱਸਾ, "ਸੰਤ ਖਾਲਸਾ" ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ। ਉਸ ਵਿਚ ਵੀ ਕਵੀ ਜੀ ਸਤਿਗੁਰੂ ਜੀ ਦੀ ਸ਼ੁਭ ਸਿੱਖਿਆ ਦਾ ਇਉਂ ਵਰਣਨ ਕਰਦੇ ਹਨ-

"ਬੁੱਤ ਪੀਰ ਖਾਨਾ ਭੈਰੋਂ ਅਤੇ ਗੁੱਗਾ,
ਕੋਈ ਪੂਜਣੀ ਮੜ੍ਹੀ ਮੁਨਾਰ ਨਾਹੀਂ
ਭਵਾਂ ਮਿਲਣ ਹਕੂਮਤਾਂ ਬੜੇ ਔਧੇ,
ਕਰਨੀ ਨੌਕਰੀ ਵਿਚ ਸ੍ਰਕਾਰ ਨਾਹੀਂ
ਲੀੜਾ ਨ ਬਦੇਸੀ ਕਦੇ ਭੁੱਲ ਪੌਣਾ,
ਰੰਗੀ ਬੰਨ੍ਹਣੀ ਕਦੇ ਦਸਤਾਰ ਨਾਹੀਂ
ਕਾਮੀ ਬਹੁਤ ਲੋਭੀ ਬੰਦਾ ਕੌਮ ਘਾਤੀ,
ਬੇਈਮਾਨ ਬਣਾਵਣਾ ਯਾਰ ਨਾਹੀਂ
ਕੁਠਾ ਮਾਸ ਸ਼ਰਾਬ ਨ ਜੈਜ਼ ਪੀਣੀ,
ਨੜੀ ਮਾਰ ਕਰਨਾ ਰਿਸ਼ਤੇਦਾਰ ਨਾਹੀਂ
ਰਾਮ ਰਾਈਏ, ਮਸੰਦੀਏ,
ਧੀਰ ਮੱਲੀਏ, ਕਰਨਾਂ ਏਨ੍ਹਾਂ ਦੇ ਨਾਲ ਵਿਹਾਰ ਨਾਹੀਂ
ਅਪਨੀ ਇਸਤ੍ਰੀ ਤੋਂ ਬਿਨਾਂ ਗੈਰ ਤ੍ਰਿਯਾ,
ਸੁਪਨੇ ਵਿਚ ਭੀ ਭੋਗਨੀ ਨਾਰ ਨਾਹੀਂ
ਸ੍ਵਾਸ ਸ੍ਵਾਸ ਜਪਣਾ ਨਾਮ ਵਾਹਿਗੁਰੂ ਦਾ
ਵੇਲੇ ਕਿਸੇ ਭੀ ਦੇਣਾ ਵਿਸਾਰ ਨਾਹੀਂ
ਨਾਮਧਾਰੀਆ ਸਿੰਘ ਹਰਨਾਮ ਸਿੰਘਾ,
ਕਰੇ ਕੋਈ ਭੀ ਵਿਸ਼ਾ ਵਿਕਾਰ ਨਾਹੀਂ।[4]

ਜੁਲਾਈ 1863 ਤੋਂ ਮਾਰਚ 1867 ਈ. ਤੱਕ ਸਤਿਗੁਰੂ ਰਾਮ ਸਿੰਘ ਜੀ ਨੂੰ

3 ਜੂਨ 1863 ਈ. ਨੂੰ ਖੋਟੇ (ਫੀਰੋਜ਼ਪੁਰ) ਵਿਖੇ ਅਨੰਦ ਮਰਿਆਦਾ ਦਾ ਮੁੱਢ ਬੰਨ੍ਹਣ ਸਮੇਂ, ਬਾਗੀਆਨਾ ਤਕਰੀਰਾਂ ਦੇ ਦੋਸ਼ ਹੇਠ, ਭੈਣੀ ਸਾਹਿਬ ਵਿਖੇ ਨਜ਼ਰਬੰਦ ਰੱਖਿਆ ਗਿਆ। ਇਸ ਦੌਰਾਨ ਕੂਕੇ ਸਿੰਘਾਂ ਨੇ ਆਸਥਾ ਵਾਲੀਆਂ ਪੁਰਾਣੀਆਂ ਥਾਵਾਂ ਤੇ ਕਾਫੀ ਤੋੜ ਫੋੜ ਕੀਤੀ ਜਿਸ ਕਾਰਨ ਉਹਨਾਂ ਤੇ ਮੁਕਦਮੇ ਵੀ ਚੱਲੇ, ਸਜ਼ਾਵਾਂ ਵੀ ਹੋਈਆਂ। 20 ਜਨਵਰੀ 1868 ਦੇ ਪੰਜਾਬ ਪੁਲਿਸ ਦੇ ਆਈ. ਜੀ. ਦੇ ਸਕੱਤਰ ਪੰਜਾਬ ਸਰਕਾਰ ਦੇ ਨਾਮ ਵੱਡ ਅਕਾਰੀ ਪੱਤਰ ਵਿਚ, 'ਧਾਰਮਿਕ ਜੋਸ਼ ਹੇਠ ਕੂਕਿਆਂ ਦੀਆਂ ਕਾਨੂੰਨ ਵਿਰੁੱਧ ਕਾਰਵਾਈਆਂ" ਦੇ ਸਿਰਲੇਖ ਹੇਠ ਇਹ ਘਟਨਾਵਾਂ ਦਰਜ਼ ਹਨ। ਲਾਹੌਰ ਜ਼ਿਲ੍ਹੇ ਦੇ ਸੇਖਵਾਂ ਪਿੰਡ, ਥਾਣਾ ਮੁਰੀਦਕੇ ਦੇ ਦੇਵਾ ਸਿੰਘ ਨਾਮਧਾਰੀ ਨੂੰ ਦੋ ਮੂਰਤੀਆਂ ਤੋੜਣ ਕਾਰਨ, ਦੋ ਸਾਲ ਸਖ਼ਤ ਸਜ਼ਾ, ਜਿਸ ਵਿਚੋਂ ਦੋ ਮਹੀਨੇ ਕੋਠੀ ਬੰਦੀ ਸੀ ਤੇ ਪੰਝੀ ਰੁਪਏ ਜੁਰਮਾਨਾ ਹੋਇਆ। ਲੁਧਿਆਣਾ ਜਿਲ੍ਹਾ ਦੇ ਥਾਣਾ ਡੇਹਲੋਂ ਦੇ ਪਿੰਡ ਛਪਾਰ ਵਿਚ, ਪੁਲਿਸ ਅਧਿਕਾਰੀ ਮੇਜਰ ਪਰਕਿਨਜ ਦੇ ਮੁਤਾਬਿਕ 22 ਕੂਕਿਆਂ ਦੇ ਦਲ ਨੇ ਇਕ ਪੁਰਾਣੇ ਆਸਥਾ ਦੇ ਸਥਾਨ ਤੇ ਤੋੜ ਭੰਨ ਕੀਤੀ। ਪਰ ਕੋਈ ਗਵਾਹੀਆਂ ਨਾ ਮਿਲਣ ਕਾਰਨ ਇਹਨਾਂ ਪਕੜੇ ਕੂਕਿਆਂ ਨੂੰ ਛੱਡ ਦਿੱਤਾ ਗਿਆ। ਇਸ ਘਟਨਾਂ ਤੋਂ ਕੁਝ ਹਫਤੇ ਬਾਦ ਖਟੜੇ ਕੋਸੇ' ਪਿੰਡ ਥਾਣਾ ਡੇਹਲੋਂ ਵਿਚ, ਚਾਰ ਕੂਕਿਆਂ ਨੇ 22 ਮਟੀਆਂ ਜੋ ਸ਼ਮਸ਼ਾਨ ਵਿਚ ਬਣੀਆਂ ਸਨ, ਤੋੜ ਦਿੱਤੀਆਂ। ਇਹ ਕੰਮ ਇਸੇ ਪਿੰਡ ਦੇ ਚਾਰ ਮਜ਼ਬੀ ਸਿੰਘਾਂ, ਖਜ਼ਾਨ ਸਿੰਘ, ਕਾਹਨ ਸਿੰਘ, ਬਸਾਵਾ ਸਿੰਘ ਅਤੇ ਬਹਾਦਰ ਸਿੰਘ ਨੇ ਚਿੱਟੇ ਦਿਨ ਕੀਤਾ ਸੀ। ਸੋ ਅਗਵਾਹ ਭੁਗਤੇ। ਚਾਰਾਂ ਨੂੰ ਛੇ-ਛੇ ਮਹੀਨੇ ਕੈਦ ਤੇ ਦਸ-ਦਸ ਰੁਪਏ ਜੁਰਮਾਨਾਂ ਅਤੇ ਜੁਰਮਾਨਾਂ ਨਾਂ ਭਰਨ ਦੀ ਸੂਰਤ ਵਿਚ, ਇਕ ਮਹੀਨਾ ਹੋਰ ਕੈਦ ਦੀ ਸਜ਼ਾ ਸੁਣਾਈ ਗਈ। ਇਸ ਘਟਨਾ ਤੋਂ ਇਕ ਮਹੀਨਾ ਬਾਅਦ ਖੰਨਾ ਥਾਣਾ ਦੇ ਪੁਨੱਦੀ ਪਿੰਡ ਵਿਚ, ਚਾਰ ਕੂਕਿਆਂ ਮੇਘ ਸਿੰਘ, ਸ਼ੇਰ ਸਿੰਘ, ਜੋਤਾ ਸਿੰਘ ਅਤੇ ਗੁਲਾਬ ਸਿੰਘ, (ਚਾਰੇ ਮਜ਼ਬੀ ਸਿੰਘਾਂ) ਨੇ ਅੱਧੀ ਰਾਤ ਇਕ ਮੜ੍ਹੀ, ਚਾਰ ਕਬਰਾਂ ਅਤੇ ਇਕ ਪੀਰਖਾਨੇ ਦੀ ਤੋੜ ਭੰਨ ਕੀਤੀ। ਇਹਨਾਂ ਨੂੰ ਵੀ ਉੱਪਰਲੇ ਸਿੰਘਾਂ ਜਿਤਨੀ ਸਜ਼ਾ ਭੁਗਤਣੀ ਪਈ।

ਅੰਮ੍ਰਿਤਸਰ ਵਿਚ ਫਰਵਰੀ 1867 ਈ ਵਿਚ ਸੂਬਾ ਬ੍ਰਹਮਾ ਸਿੰਘ ਅਤੇ ਸੂਬਾ ਜੋਤਾ ਸਿੰਘ, ਅਨੇਕ ਪਿੰਡਾਂ ਵਿਚ ਕੂਕਾ ਸਭਾਵਾਂ ਕਰਦੇ ਰਹੇ। ਪੁਲਿਸ ਕਪਤਾਨ ਮੈਂਜ਼ੀਜ ਦੀ ਰਿਪੋਰਟ ਮੁਤਾਬਿਕ, ਜਿਲ੍ਹੇ ਵਿਚ ਜੰਡਿਆਲਾ ਅਤੇ ਲੋਪੋਕੀ ਥਾਣਿਆਂ ਦੇ ਪਿੰਡਾਂ ਵਿਚ, ਕੂਕਿਆਂ ਨੇ ਮਸਜਿਦ, ਠਾਕੁਰ ਦੁਆਰੇ ਅਤੇ ਕਬਰਾਂ ਨੂੰ ਨੁਕਸਾਨ ਪੁਚਾਇਆ ਹੈ ਪਰ ਸੰਬੰਧਿਤ ਲੋਕਾਂ ਨੇ ਪੁਲਿਸ ਪਾਸ ਕੋਈ ਕਾਰਵਾਈ ਨਾ ਕਰਵਾਉਣ ਲਈ ਕਿਹਾ। ਰਈਆ ਥਾਣੇ ਦੇ

ਮੱਲੋਕੇ ਪਿੰਡ ਵਿਚ ਵੀ ਕੂਕਿਆਂ ਦੁਆਰਾ ਇਹ ਗਤੀਵਿਧੀਆਂ ਦੁਹਰਾਈਆਂ ਗਈਆਂ। ਪਰਤਾਪ ਸਿੰਘ, ਲਹਿਣਾ ਸਿੰਘ, ਲੱਖਾ ਸਿੰਘ, ਪਿਆਰਾ ਸਿੰਘ, ਨਿਹਾਲ ਸਿੰਘ ਅਤੇ ਕੇਸਰ ਸਿੰਘ ਨੂੰ ਵੀ ਕੁਝ ਥਾਵਾਂ ਦੀ ਤੋੜ ਫੋੜ ਬਦਲੇ, ਸਜ਼ਾ ਹੋਈ ਜੋ ਪਿੰਡ ਕੱਕੜ ਦੇ ਕੂਕੇ ਸਨ। ਇਸੇ ਪਿੰਡ ਦੇ ਵਧਾਵਾ ਸਿੰਘ ਅਤੇ ਭੂਪ ਸਿੰਘ ਉਪਰ ਆਪਣੇ ਵਡੇਰਿਆਂ ਦੀਆਂ ਸਮਾਧਾਂ ਢਾਹੁਣ ਦੇ ਦੋਸ਼ ਲੱਗੇ, ਪਰ ਦੂਜੇ ਹਿੱਸੇਦਾਰਾਂ ਨੇ ਉਹਨਾਂ ਨੂੰ ਸਜ਼ਾਵਾਂ ਕਰਾਉਣ ਵਿਚ ਦਿਲਚਸਪੀ ਨਾਂ ਲਈ। ਕੱਕੜਾਂ ਦੇ ਮੁਸਲਮਾਨਾਂ ਨੇ ਕੂਕਿਆਂ ਦੁਆਰਾ ਉਹਨਾਂ ਦੀ ਬੀਜੀ ਹੋਈ ਤੰਬਾਕੂ ਦੀ ਫਸਲ ਉਜਾੜਨ ਦਾ ਵੀ ਦੋਸ਼ ਲਾਇਆ। ਅੰਮ੍ਰਿਤਸਰ ਜ਼ਿਲ੍ਹੇ ਸਾਰੇ ਕੂਕਿਆਂ ਨੂੰ ਡਿਪਟੀ ਕਮਿਸ਼ਨਰ ਨੇ ਤਾੜਨਾ ਕਰ ਕੇ ਛੱਡ ਦਿੱਤਾ।

ਜਲੰਧਰ ਵਿਚ ਪੁਲਿਸ ਕਪਤਾਨ ਰਾਮਸੇ ਨੇ ਨਿਗਾਹੇ ਦਾ ਥਾਨ ਕੂਕਿਆਂ ਦੁਆਰਾ ਤੋੜੇ ਜਾਣ ਦੀ ਅਫਵਾਹ ਦਾ ਜ਼ਿਕਰ ਕੀਤਾ, ਪਰ ਇਹ ਅਫਵਾਹ ਹੀ ਸੀ। ਗੁਰਦਾਸਪੁਰ ਦੇ ਪੁਲਿਸ ਕਪਤਾਨ ਕਿਨਚੈਂਟ ਵੱਲੋਂ, ਠਾਕੁਰ ਦੁਆਰੇ ਵਿਚੋਂ ਇਕ ਮੂਰਤੀ ਚੁਰਾਏ ਜਾਣ ਦਾ ਸ਼ੱਕ, ਕੂਕਿਆਂ ਤੇ ਕੀਤਾ ਗਿਆ। ਡੇਹਰਾ ਬਾਬਾ ਨਾਨਕ ਦੇ ਪਿੰਡ ਠੇਠਰ ਕੇ ਵਿਚ, ਕੂਕਿਆਂ ਦੁਆਰਾ ਇਕ ਕੰਧ ਡੇਗੇ ਜਾਣ ਦਾ ਰੀਕਾਰਡ ਵਿਚ ਜ਼ਿਕਰ ਹੈ। ਗੁਜਰਾਂ ਵਾਲਾ ਦੇ ਜ਼ਿਲ੍ਹਾ ਪੁਲਿਸ ਕਪਤਾਨ ਵਾਲ ਨੇ ਜ਼ਿਲ੍ਹੇ ਭਰ ਵਿਚ ਕੁਝ ਪੁਰਾਣੀਆਂ ਮਾਨਤਾਵਾਂ ਦੇ ਕੇਂਦਰਾਂ ਨੂੰ ਕੂਕਿਆਂ ਦੁਆਰਾ ਨੁਕਸਾਨ ਪੁਚਾਏ ਜਾਣ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਸਿਆਲਕੋਟ ਦੇ ਪਿੰਡ ਸਖਾਣਾ ਵਿਚ ਕੁਝ ਮਕਬਰੇ ਡੇਗੇ ਜਾਣ ਦੀ ਰੀਪੋਰਟ ਸੀ। ਕੂਕਿਆਂ ਦੀ ਆੜ ਵਿਚ ਕੁਝ ਆਪਸੀ ਕਿੜਾਂ ਕੱਢਣ ਵਾਲੇ ਵੀ ਇਹ ਕਾਰਜ ਕਰਦੇ ਵੇਖੇ ਗਏ।[5]

ਸਤਿਗੁਰੂ ਰਾਮ ਸਿੰਘ ਜੀ ਤਾਂ ਸਭ ਧਰਮਾਂ ਦਾ ਸਤਕਾਰ ਕਰਦੇ ਸਨ। ਉਹ ਆਪਣੇ ਅਨੁਆਈਆਂ ਅਤੇ ਪੰਜਾਬ ਦੇ ਸਿੱਖ ਭਾਈਚਾਰੇ ਨੂੰ ਗੁਰੂ ਸਾਹਿਬਾਨ ਦੇ ਦੱਸੇ ਮਾਰਗ ਤੇ ਚੱਲਣ ਅਤੇ ਗੁਰਬਾਣੀ ਮੁਤਾਬਿਕ ਜੀਵਨ ਜਾਚ ਬਿਤਾਉਣ ਦੀ ਸਿੱਖਿਆ ਦਿੰਦੇ ਸਨ। ਕਿਉਂਕਿ ਉਸ ਸਮੇਂ ਸਿੱਖੀ ਵਿਚ ਨਿਘਾਰ ਆ ਚੁੱਕਾ ਸੀ ਅਤੇ ਸਿੱਖ ਵੀ ਗੁਰਬਾਣੀ ਦੁਆਰਾ ਵਿਵਰਜਿਤ ਅਸਥਾਨਾਂ ਦੀ ਯਾਤਰਾ ਕਰਦੇ, ਉੱਥੇ ਚੜ੍ਹਾਵੇ ਚੜਾਉਂਦੇ ਆਮ ਵੇਖੇ ਜਾਂਦੇ ਸਨ। ਕੂਕਿਆਂ ਨੇ ਇਹਨਾਂ ਅਸਥਾਨਾਂ ਦੇ ਖਿਲਾਫ ਕਾਰਵਾਈਆਂ ਕਰਕੇ, ਭੋਲੀ ਭਾਲੀ ਸਿੱਖ ਜਨਤਾ ਨੂੰ ਇਹ ਸੰਦੇਸ਼ ਦਿੱਤਾ ਕਿ ਉਹ ਆਪਣੇ ਸਤਿਗੁਰੂ ਸਾਹਿਬਾਨ ਦੇ ਦੱਸੇ ਮਾਰਗ ਤੇ ਹੀ ਚੱਲਣ ਅਤੇ ਇਹਨਾਂ ਕਰਮ ਕਾਂਡਾਂ ਵਿਚ ਉਲਝਣ ਦੀ ਕੋਈ ਲੋੜ ਨਹੀਂ। ਹਿੰਦੂ ਜਾਂ ਮੁਸਲਮਾਨ ਆਪਣੇ ਧਰਮ ਮੁਤਾਬਿਕ ਜਿਵੇਂ ਮੁਨਾਸਿਬ ਸਮਝਣ, ਉਹਨਾਂ ਨਾਲ ਕੋਈ ਵਿਰੋਧ ਨਹੀਂ

ਸੀ। ਦੂਸਰਾ ਕਿਉਂਕਿ ਸਤਿਗੁਰੂ ਜੀ ਨੂੰ ਬੇਵਜ੍ਹਾ ਭੈਣੀ ਸਾਹਿਬ ਵਿਚ ਵਰ੍ਹਿਆਂ ਬੱਧੀ ਨਜ਼ਰਬੰਦ ਕੀਤਾ ਗਿਆ ਸੀ, ਇਸ ਲਈ ਮਾਨਤਾ ਦੇ ਪੁਰਾਣੇ ਕੇਂਦਰਾਂ ਤੇ ਹਮਲੇ ਕਰਕੇ, ਕੂਕੇ ਸਰਕਾਰੀ ਕਾਨੂੰਨਾਂ ਨੂੰ ਤੋੜ ਕੇ, ਸਰਕਾਰ ਅੰਗਰੇਜ਼ੀ ਦੇ ਖਿਲਾਫ ਆਪਣਾ ਵਿਰੋਧ ਵੀ ਦਰਜ਼ ਕਰਵਾ ਰਹੇ ਸਨ।

ਬੱਡ ਤੀਰਥ ਨਾਂ ਦੇ ਹਰੀਪੁਰ (ਹੁਣ ਜ਼ਿਲ੍ਹਾ ਫਾਜ਼ਿਲਕਾ) ਪਿੰਡ ਦੇ ਤਲਾਬ ਦੀ ਖੁਦਾਈ ਸਮੇਂ, ਅਕਤੂਬਰ 1876 ਵਿਚ ਗੁਰੂ ਸਾਹਿਬ ਨਾਲ ਸਬੰਧਿਤ ਹੋਰ ਵਸਤਾਂ ਤੋਂ ਬਿਨਾਂ ਇਕ ਸਾਖੀ ਪੋਥੀ ਵੀ ਮਿਲੀ ਸੀ। ਉਸ ਪੋਥੀ ਦੀ ਪਹਿਲੀ ਸਾਖੀ ਵਿਚ ਅੰਗਰੇਜਾਂ ਦੇ ਪੰਜਾਬ ਵਿਚ ਆਉਣ ਦਾ, ਗਿਆਰ੍ਹਵੇਂ ਗੁਰੂ ਦੇ ਗੁਪਤ ਰਹਿਣ ਅਤੇ ਬਾਰ੍ਹਵੇਂ ਦੇ 'ਭਾਈਆਂ ਦੇ ਪਰਿਵਾਰ ਵਿਚ' ਪ੍ਰਗਟ ਹੋਣ ਦਾ ਜ਼ਿਕਰ ਸੀ। ਉਸ ਵਿਚ (ਨਾਮਧਾਰੀ) ਸੰਤ ਖਾਲਸੇ ਦਾ ਪ੍ਰਭਾਵ 1861-62 ਈ. ਵਿਚ ਵੱਧਣ ਅਤੇ ਪੁਰਾਣੇ ਆਸਥਾ ਦੇ ਕੇਂਦਰਾਂ, ਮਸੀਤਾਂ ਮਕਬਰਿਆਂ ਦੀ ਤੋੜ ਫੋੜ ਅਤੇ (ਕੂਕੇ) ਸਿੱਖਾਂ ਦੁਆਰਾ ਗਊਆਂ ਦੀ ਰੱਖਿਆ ਕੀਤੇ ਜਾਣ ਦਾ ਜ਼ਿਕਰ ਮਿਲਦਾ ਹੈ।[6] ਇਸੇ ਸਾਖੀ ਪੋਥੀ ਦੀ ਇਕ ਪ੍ਰਤੀ, ਰੰਗੂਨ ਵਿਚ ਨਰਾਇਣ ਸਿੰਘ ਰੋਡਿਆਂ ਵਾਲੇ ਨੇ ਨਜ਼ਰਬੰਦ, ਸਤਿਗੁਰੂ ਰਾਮ ਸਿੰਘ ਜੀ ਤੱਕ ਪੁਚਾਈ ਸੀ ਤਾਂ ਹੀ ਇਸ ਦੇ ਹਵਾਲੇ ਨਾਲ ਆਪ ਜੀ ਇਕ ਹੁਕਮਨਾਮੇ ਵਿਚ ਲਿਖਦੇ ਹਨ-

ਸੋ ਭਾਈ ਮੜੀਗੋਰ ਦਾ ਜੋ ਹੁਕਮ ਥੀ ਢਾਹੁਣੇ ਦਾ ਸੋ ਤਾ ਤੁਸਾ ਦੀ ਹਥੀ ਵਰਤਿਆ ਹੈ। ਸੋ ਭਾਈ ਏਤਨੇ ਬਚਨ ਪੂਰੇ ਹੋਏ ਤਾਂ ਸੰਗਤ ਦੇ ਜੋ ਦਰਸਨ ਦਾ ਹੁਕਮ ਹੈ ਸੋ ਬੀ ਮੈਨੂੰ ਜ਼ਰੂਰ ਹੋਣਾ ਚਾਹੀਏ। ਸੋ ਭਾਈ ਈਸਰਾ ਦੇ ਬਚਨ ਸਤਿ ਹੁੰਦੇ ਹਨ। ਗੁਰਾਂ ਦੇ ਬਚਨਾ ਉੱਤੇ ਸਿਦਕ ਭਰੋਸਾ ਰਖੇ ਸਾਰੀ ਸੰਗਤਿ। ਸਮੇਂ-ਸਮੇਂ ਨਾਲ ਸਭ ਕੁਛ ਬਣਦਾ ਆਇਆ ਹੈ ਬਡਾ ਛੋਟਾ ਕਾਰਜ ਸਹਿਜੇ ਈ।(ਹੁਕਮਨਾਮਾ ਨੰ: 5)[7]

ਇਹ ਹੁਕਮਨਾਮਾ, ਹਰੀ ਸਿੰਘ ਜੀ, ਸੂਬਾ ਖੁਸ਼ਹਾਲ ਸਿੰਘ ਥਰਾਜ, ਸੁੰਦਰ ਸਿੰਘ ਕਲੈਹਰੀ (ਮਾਨਸਾ), ਸੁੰਦਰ ਸਿੰਘ ਖੋਟੇ (ਮੋਗਾ), ਭਾਈ ਹਰਨਾਮ ਸਿੰਘ ਸੁਚਾਲਾ, ਮਨੀ ਸਿੰਘ ਮਾਈਸਰ ਖਾਨਾ (ਬਠਿੰਡਾ), ਉਤਮ ਸਿੰਘ ਰਾਇਸਰ (ਬਰਨਾਲਾ), ਗੁਰਬਖਸ਼ ਸਿੰਘ ਸੈਦੋਕੀ (ਮੋਗਾ) ਕਾਹਨ ਸਿੰਘ ਬਾਜਾਖਾਨਾ (ਫਰੀਦਕੋਟ) ਜੈਤਾ ਸਿੰਘ ਪਿੰਡ ਘਣੀਆ, ਲਾਲ ਸਿੰਘ ਗੁਮਟੀ, ਪੰਜਾਬ ਸਿੰਘ ਜੋਗੇ ਦਾ, ਜੀਊਣ ਸਿੰਘ, ਮਿਹਰ ਸਿੰਘ, ਹਰਨਾਮ ਸਿੰਘ ਉੱਭੇਦਾ, ਆਕਲੀਏ ਵਾਲੇ ਦੋਹਾਂ ਸਿੰਘਾਂ, ਪਿੱਥੋ ਅਤੇ ਇਲਾਕਾ ਮੁਕਤਸਰ ਦੇ ਸਮੂੰਹ ਸਿੰਘਾਂ, ਮਾਲਵੇ ਦੇ ਮੁਖੀ ਕੂਕਿਆਂ ਨੂੰ ਸੰਬੋਧਿਤ ਹੈ ਜਿਹਨਾਂ ਨੇ ਭੇਖ ਧਾਰੀਆਂ ਦੇ ਅੱਡੇ ਚੁੱਕਣ ਵਿਚ ਹਿੱਸਾ ਪਾਇਆ ਸੀ।

ਇਸ ਸਾਰੇ ਪਰਕਰਣ ਵਿਚ ਸਭ ਤੋਂ ਵੱਡਾ ਕਾਰਜ, ਕੂਕਿਆਂ ਦੁਆਰਾ ਪੱਛਮੀ ਪੰਜਾਬ ਵਿਚ ਵਜੀਰਾਬਾਦ ਕੋਲ, ਧੌਂਕਲ ਦਾ ਟੱਲ ਤੋੜਨ ਵਾਲਾ ਸੀ। ਇਸ ਟੱਲ ਨੂੰ ਹਿੰਦੂ, ਮੁਸਲਿਮ, ਸਿੱਖ, ਈਸਾਈ ਸਭ ਮੇਲੇ ਦੇ ਸਮੇਂ, ਮਨੋਕਾਮਨਾਵਾਂ ਪੂਰੀਆਂ ਕਰਨ ਲਈ ਚੁੰਮਿਆ ਕਰਦੇ ਸਨ। ਇਹ ਸੁਲਤਾਨ ਜਾਂ ਸਖੀ ਸਰਵਰ ਦਾ ਥਾਨ ਸੀ, ਜਿਸ ਦੀ ਪੰਜਾਬ ਭਰ ਵਿਚ ਵੱਡੀ ਮਾਨਤਾ ਸੀ। ਭਾਈ ਕਾਹਨ ਸਿੰਘ ਨਾਭਾ ਇਸ ਬਾਰੇ ਮਹਾਨ ਕੋਸ਼ ਵਿਚ ਇਉਂ ਦਰਜ ਕਰਦੇ ਹਨ-

"ਇਕ ਮੁਸਲਮਾਨ ਪੀਰ, ਜਿਸ ਦੇ ਨਾਉਂ ਸਖੀ ਸਰਵਰ, ਲਖ ਦਾਤਾ, ਲਾਲਾਂ ਵਾਲਾ, ਧੌਂਕਲੀਆ ਆਦਿਕ ਪ੍ਰਸਿੱਧ ਹਨ। ਸੁਲਤਾਨ ਦਾ ਅਸਲ ਨਾਉਂ ਸੈਯਦ ਅਹਿਮਦ ਸੀ। ਇਹ ਇਕ ਬਗਦਾਦੀ ਦਾ ਪੁੱਤਰ ਸੀ। ਇਸ ਦਾ ਬਾਪ ਸਿਆਲਕੋਟ ਪਿੰਡ ਵਿਚ, ਜੋ ਮੁਲਤਾਨ ਤੋਂ 12 ਮੀਲ ਪੂਰਵ ਹੈ, ਸੰਨ 1220 ਨੂੰ ਅਬਾਦ ਹੋਇਆ ਸੀ। ਸੁਲਤਾਨ ਦੇ ਥਾਨਾਂ ਨੂੰ ਪੀਰਖਾਨਾ ਆਖਦੇ ਹਨ, ਜੋ ਪੰਜਾਬ ਦੇ ਬਹੁਤ ਪਿੰਡਾਂ ਵਿਚ ਹਨ। ਵੀਰਵਾਰ ਨੂੰ ਸੁਲਤਾਨੀਏ ਪੀਰਖਾਨੇ ਜਮਾਂ ਹੁੰਦੇ ਹਨ ਅਰ ਭੇਟਾ ਚੜ੍ਹਾਉਦੇ ਹਨ। ਇਸ ਦੀ ਮੁੱਖ ਭੇਟਾ ਰੋਟ ਹੈ। ਇਹ ਵੱਡੀ ਰੋਟੀ, ਜਿਸ ਦਾ ਵਜ਼ਨ ਸਵਾ ਮਣ ਤੀਕ ਹੁੰਦਾ ਹੈ, ਜ਼ਮੀਨ ਤਪਾਕੇ ਪਕਾਈ ਜਾਂਦੀ ਹੈ। ਇਸ ਨੂੰ ਗੁੜ ਨਾਲ ਚੋਪੜ ਕੇ ਪੀਰ ਅੱਗੇ ਅਰਪਦੇ ਹਨ। ਭਿਰਾਈ (ਸੁਲਤਾਨ ਦਾ ਪੁਜਾਰੀ) ਦਰੂਦ ਪੜ੍ਹ ਕੇ ਕੁਝ ਰੋਟੀ ਆਪ ਲੈ ਲੈਂਦਾ ਹੈ ਅਤੇ ਕੁਝ ਉਪਾਸ਼ਕਾਂ ਨੂੰ ਦੇ ਦਿੰਦਾ ਹੈ। ਸੁਲਤਾਨ ਦੀ ਕਬਰ ਨਗਾਹੇ ਪਿੰਡ (ਜ਼ਿਲ੍ਹਾ ਡੇਰਾ ਗਾਜ਼ੀ ਖਾਂ) ਵਿਚ ਹੈ, ਜੋ ਈਸਵੀ ਤੇਰ੍ਹਵੀਂ ਸਦੀ ਵਿਚ ਬਣੀ ਹੈ। ਇਸ ਥਾਂ ਸੁਲਤਾਨ ਦੀ ਇਸਤਰੀ ਬੀਬੀ ਬਾਈ ਦੀ ਕਬਰ ਭੀ ਹੈ। ਸੁਲਤਾਨ ਦੇ ਤਿੰਨ ਸੇਵਕਾਂ ਦੀ ਉਲਾਦ ਪੂਜਾ ਲੈਂਦੀ ਹੈ ਜੋ 1650 ਹਿੱਸਿਆਂ ਵਿਚ ਵੰਡੀਦੀ ਹੈ। ਨਗਾਹੇ ਤੋਂ ਦੂਜੇ ਦਰਜੇ ਸੁਲਤਾਨ ਦਾ ਪੀਰ ਖਾਨਾ ਧੌਂਕਲ ਪਿੰਡ ਵਿਚ (ਵਜੀਰਾਬਾਦ ਪਾਸ) ਹੈ। ਇਸ ਤੋਂ ਹੀ ਪੀਰ ਦਾ ਨਾਉਂ ਧੌਂਕਲੀਆ ਹੋ ਗਿਆ ਹੈ।"[8]

ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ਾ ਕਰਦਿਆਂ ਹੀ 1850 ਈ. ਵਿਚ ਲੁਧਿਆਣਾ ਦੇ ਮਿਸ਼ਨ ਪਰੈਸ ਵਿਚ ਬੂਲੇਸ਼ਾਹ ਦੀ ਪੰਜਾਬੀ ਪੁਸਤਕ ਗੁਰਮੁਖੀ ਅੱਖਰਾਂ ਵਿਚ-'ਪੰਜਾਬ ਦੀ ਜੋਗਰਾਫਆਈ ਤਵਾਰੀਖ' ਦੇ ਨਾਂ ਹੇਠ ਛਪੀ ਸੀ। ਇਸ ਵਿਚ 'ਰਚਨਾ ਦੁਆਬ' ਦੇ ਸ਼ਹਿਰਾਂ ਕਸਬਿਆਂ ਤੇ ਪ੍ਰਮੁੱਖ ਪਿੰਡਾਂ ਦੇ ਵੇਰਵੇ ਵਿਚ ਬਜੀਰਾਬਾਦ (ਵਜ਼ੀਰਾਬਾਦ) ਦਾ ਜ਼ਿਕਰ ਹੈ।"ਬਜ਼ੀਰਾਬਾਦ ਇਕ ਮਸ਼ਹੂਰ ਸ਼ਹਿਰ ਹੈ, ਜੋ ਨਬਾਬ ਬਜੀਰ ਖਾਂ ਦਾ ਬਸਾਇਆ ਹੋਇਆ ਹੈ, ਉਸ ਵੇਲੇ ਅੱਤ ਬੱਸਦਾ ਸੀ, ਜਾ ਸਿੱਖਾਂ ਨੇ ਖਰੂਦ ਚੁੱਕਿਆ, ਅਤੇ ਪੰਜਾਬ ਬੈਰਾਨ ਹੋਈ, ਤਦ ਇਹ ਸ਼ਹਿਰ ਬੀ ਉਜਾੜ ਹੋ

ਗਿਆ ਅਤੇ ਜਿਸ ਵੇਲੇ ਸਰਦਾਰ ਗੁਰਬਖਸ਼ ਸਿੰਘ ਨੂੰ ਇਹ ਸ਼ਹਿਰ ਲੱਭਾ, ਉਸਨੇ ਇਸਦੇ ਬਸਾਉਣ ਵਿਚ ਬਹੁਤ ਕੋਸਿ਼ਸ਼ਿ ਕੀਤੀ। ਫੇਰ ਸਰਦਾਰ ਮਹਾਂ ਸਿੰਘ ਨੇ ਸਰਾਂ ਦੇ ਕੋਲ ਇਕ ਬਾਗ ਲਵਾਇਆ। ਇਸ ਵੇਲੇ ਬਾਰਾਂ ਹਜ਼ਾਰ ਘਰ ਅਰ ਦੋ ਹਜ਼ਾਰ ਹੱਟ ਆਬਾਦ ਹੈ।...ਅੰਤ ਸ਼ਹਿਰੋਂ ਦੋ ਕੋਹ ਇਕ ਹੋਰ ਪਿੰਡ ਹੈ, ਜੋ ਉਹਨੂੰ ਧੌਂਕਲ ਕਰਕੇ ਕਹਿੰਦੇ ਹਨ, ਉਹਦੇ ਹੇਠ ਇਕ ਢਾਹਾ ਹੈ, ਅਤੇ ਦੱਖਣ ਦੇ ਦਾਉ ਲੱਕੜੀ ਦੇ ਥੰਮਾਂ ਪਰ ਇਕ ਮਸੀਤ ਹੈ, ਜੋ ਸੇਖ ਰਾਊ ਦੇ ਬੈਠਣ ਦੀ ਜਗ੍ਹਾ ਹੈ, ਜਿਹਨੂੰ ਸੁਲਤਾਨ ਸਰਵਰ ਕਰਕੇ ਆਖਦੇ ਹਨ, ਅਤੇ ਚੇਤ ਦੇ ਮਹੀਨੇ ਹਰ ਦੇਸ਼ ਦੇ ਲੋਕ ਉਥੇ ਪਰਸਣ ਲਈ ਜਾਂਦੇ ਹਨ, ਪਰ ਅਣਪੜ੍ਹ ਲੋਕ ਉਸ ਪਰਮਹੰਸ ਪਰ ਅਜਿਹੀ ਪਤੀਜ ਧਰਦੇ ਹਨ, ਜੋ ਕੁਫਰ ਦੇ ਨੇੜੇ ਢੁਕ ਜਾਂਦੇ ਹਨ, ਬਲਕਿ ਜਾਹਰਾ ਕਾਫਰ ਬਣ ਜਾਂਦੇ ਹਨ; ਕਿਉਂਕਿ ਜਿਹੜੇ ਕੰਮ ਪਰਮੇਸ਼ਰ ਦੇ ਕਰਨੇ ਦੇ ਹਨ, ਸੋ ਉਸ ਪਰਮਹੰਸ ਤੋਂ ਮੰਗਦੇ ਹਨ; ਬਲਕਿ ਉਹਨੂੰ ਕਰਤਾ ਪੁਰਖ ਸਮਝਦੇ ਹਨ।"[੭]

ਹਾੜ ਸੁਦੀ ਗਿਆਰ੍ਹਵੀਂ ਨੂੰ ਵੀ ਇੱਥੇ ਧੌਂਕਲ ਪਿੰਡ ਵਿਚ ਮੇਲਾ ਭਰਿਆ ਕਰਦਾ ਸੀ ਇਸ ਕਰਕੇ ਧੌਂਕਲ ਵਾਲੇ ਪੀਰ ਨੂੰ ਗਿਆਰ੍ਹਵੀਂ ਜਾਂ "ਯਾਰ੍ਹਵੀਂ ਵਾਲਾ ਪੀਰ" ਵੀ ਕਹਿੰਦੇ ਸਨ। ਮੇਰੇ ਬਾਪੂ ਜੀ ਦਾ ਇਕ ਘਸੀਟਾ ਸਿੰਘ ਨਾਮ ਦਾ ਚਾਚਾ, 1960 ਈ. ਦੀ ਜਨਵਰੀ ਵਿਚ ਗੁਜ਼ਾਰਿਆ ਸੀ। ਉਹ ਪਾਕਿਸਤਾਨ ਵਾਲੇ ਸਾਡੇ ਪਿੰਡ ਝੱਬਰਾਂ (ਸ਼ੇਖੂਪੁਰਾ) ਵਿਚ ਰਹਿਣ ਸਮੇਂ, ਨਾਮਧਾਰੀ ਨਹੀਂ ਸਨ। ਇਧਰ ਆ ਕੇ ਉਹਨਾਂ ਕਛਹਿਰਾ ਤਾਂ ਪਹਿਰ ਲਿਆ ਸੀ, ਆਖਰੀ ਵਰ੍ਹਿਆਂ ਵਿਚ ਅੱਖਾਂ ਤੋਂ ਮੁਨਾਖੇ ਹੋ ਗਏ। ਮੰਜੇ ਦੇ ਦੁਆਲੇ ਖੂੰਡੀ ਖੜਕਾ ਕੇ ਜਿਹੜਾ ਭਜਨ ਉਹ ਕਰਿਆ ਕਰਦੇ ਸਨ ਉਹ ਸੀ-"ਗੁਰੂ ਰਾਮ ਸਿੰਹਾਂ ਵੇ, ਗੁਰੂ ਹਰੀ ਸਿਹਾਂ ਵੇ (ਗੁਰੂ) ਪਰਤਾਪ ਸਿੰਹਾਂ ਵੇ ਪਰ ਜਦੋਂ ਕਦੇ ਉਹ ਅਵਾਜ਼ਾਰੀ ਮਹਿਸੂਸ ਕਰਦੇ ਸਨ ਜਾਂ ਆਪਣੀ ਲੰਮੀ ਉਮਰ ਦਾ ਝੋਰਾ ਝੁਰਦੇ ਤਾਂ ਫਿਰ ਕਿਹਾ ਕਰਦੇ ਸਨ-'ਚੁੱਕ ਲੈ ਓ ਹੁਣ ਯਾਰ੍ਹਵੀਂ ਵਾਲਿਆ!" ਇਹ ਸੀ ਸਾਡੇ ਪੰਜਾਬ ਦੀ ਮਿਲੀ ਜੁਲੀ ਲੋਕ-ਸੰਸਕ੍ਰਿਤੀ!

ਇਸ ਟੱਲ ਨੂੰ ਤੋੜਨ ਲਈ ਸਿਆਲਕੋਟ ਅਤੇ ਇਲਾਕਾ ਸ਼ੇਖੂਪੁਰਾ ਦੇ ਕੂਕੇ ਸਰਗਰਮ ਹੋਏ। ਇਹਨਾਂ ਦੇ ਮੁਖੀ ਸੰਤ ਨਰਾਇਣ ਸਿੰਘ ਜੀ ਸਨ ਜਿਹਨਾਂ ਨੂੰ ਘੋੜੀਆਂ ਵਾਲੇ ਕਿਹਾ ਜਾਂਦਾ ਸੀ। ਸੰਨ 1881 ਦੀ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਮੁਤਾਬਿਕ ਉਹ ਮਹੰਤ ਸਨ। ਉਹਨਾਂ ਦਾ ਪਿਤਾ ਭਾਈ ਲੱਧਾ ਮੱਲ, ਕਿੱਤਾ ਕੋਈ ਨਹੀਂ ਭਾਵ ਇਕੋ ਕਿੱਤਾ ਸੀ, ਕੂਕਾ ਪਰਚਾਰ ਅਤੇ ਪਿੰਡ ਸੰਤਪੁਰਾ ਥਾਣਾ ਸ਼ੇਖੂਪੁਰਾ ਅਤੇ ਜ਼ਿਲ੍ਹਾ ਗੁਜਰਾਂਵਾਲਾ ਸੀ ਉਹਨਾਂ ਦਾ ਰੰਗ ਸਾਫ਼, ਖੱਬੀ ਗੱਲ੍ਹ ਤੇ ਤਿਲ, ਸੱਜੇ ਭਰਵੱਟੇ ਤੇ ਫੋੜੇ

ਦਾ ਨਿਸ਼ਾਨ, ਲੰਬਾ ਕਰੜ ਬਰੜਾ ਦਾਹੜਾ ਸੀ, ਸਰੀਰ ਲੰਮਾ ਅਤੇ ਮਜ਼ਬੂਤ ਸੀ, ਉਹ ਗੁਰਮੁਖੀ ਜਾਣਦੇ ਸਨ। ਉਹਨਾਂ ਦੀ ਬਹੁਤ ਮਾਨਤਾ ਸੀ। ਉਹ ਭਜਨ ਦੇਣ ਦਾ ਅਧਿਕਾਰ ਰੱਖਦੇ ਸਨ। ਬੜੇ ਉਤਸ਼ਾਹੀ ਅਤੇ ਜੋਸ਼ੀਲੇ ਕੂਕਾ ਪਰਚਾਰਕ ਸਨ। ਉਹ ਹਮੇਸ਼ਾ ਆਪਣੇ ਮਿਸ਼ਨ ਦੇ ਪਰਚਾਰ ਵਾਸਤੇ ਲਗਾਤਾਰ ਸਫ਼ਰ ਵਿਚ ਹੀ ਰਹਿੰਦੇ ਸਨ। ਜੂਨ 1879 ਈ. ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਉਹਨਾਂ ਤੋਂ ਨੇਕ ਚਲਨੀ ਭਾਵ ਸਰਕਾਰ ਵਿਰੁੱਧ ਬਾਗੀ ਕਾਰਵਾਈਆਂ ਨਾਂ ਕਰਨ ਦੀ ਜ਼ਮਾਨਤ ਵੀ ਮੰਗੀ ਸੀ। ”[10]

ਪੱਛਮੀ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ ਦੇ ਥਾਣਾ ਡਸਕਾ ਵਿਚ ਗਲੋਟੀਆਂ ਕਲਾਂ ਤੇ ਗਲੋਟੀਆਂ ਖੁਰਦ ਨਾਮਧਾਰੀਆਂ ਦੇ ਅਨੇਕ ਪਿੰਡਾਂ ਵਿਚੋਂ ਦੋ ਪਿੰਡ ਸਨ। ਗਲੋਟੀਆਂ ਖੁਰਦ ਵਿਚ ਛੇਵੀਂ ਅਤੇ ਸਤਵੀਂ ਪਾਤਸ਼ਾਹੀ ਦੇ ਚਰਨ ਪਏ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਇਸ ਪਿੰਡ ਦਰਸ਼ਨ ਦਿਤੇ ਸਨ। ਇਸ ਨੂੰ ਛੋਟੀਆਂ ਗਲੋਟੀਆਂ ਜਾਂ ਗੁਰੂ ਕੀਆਂ ਗਲੋਟੀਆਂ ਵੀ ਕਿਹਾ ਜਾਂਦਾ ਸੀ। ਇਸ ਪਿੰਡ ਦੇ ਮਿਸਤਰੀ ਬੇਲਾ ਸਿੰਘ ਹੋਰਾਂ ਦੇ ਤਿੰਨ ਪੁੱਤਰਾਂ, ਲੱਖਾ ਸਿੰਘ, ਝੰਡਾ ਸਿੰਘ ਅਤੇ ਦੂਲਾ ਸਿੰਘ ਹੋਰਾਂ ਨੇ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਕਿਲਾ ਸੂਬਾ ਸਿੰਘ ਪਾਸ, ਗਿੱਲ ਪਿੰਡ ਵਿਖੇ ਉਤਾਰਾ ਕੀਤਾ – ਸੀ, ਉੱਥੇ ਆਪ ਦੇ ਦਰਸ਼ਨ ਪਰਸ ਕੇ ਨਾਮਧਾਰੀ ਸੰਗਤ ਵਿਚ ਪਰਵੇਸ਼ ਕੀਤਾ ਸੀ। ਇਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਬਾਬਤ ਦੱਸ ਤਾਂ ਇਹਨਾਂ ਦੇ ਪਿਤਾ ਨੇ ਪਾਈ ਸੀ, ਪਰ ਉਹ ਇਸ ਸਮੇਂ ਤੋਂ ਪਹਿਲਾਂ ਚਲਾਣਾ ਕਰ ਗਏ ਸਨ। ਪੁੱਤਰਾਂ ਨੇ ਪਿਤਾ ਦੀ ਤਾਕੀਦ ਅਨੁਸਾਰ, ਸਤਿਗੁਰੂ ਜੀ ਦੇ ਦਰਸ਼ਨ ਕਰਕੇ ਅਤੇ ਨਾਮ ਦੇ ਬੇੜੇ ਤੇ ਸਵਾਰ ਹੋ ਕੇ, ਜਨਮ ਸਫਲਾ ਕਰ ਲਿਆ ਸੀ। ਉਹਨਾਂ ਨੂੰ ਇਕ ਦਿਨ ਸੰਤ ਨਰਾਇਣ ਸਿੰਘ ਘੋੜੀਆਂ ਵਾਲਿਆਂ ਨੇ ਜਥੇ ਸਮੇਤ ਦਰਸ਼ਨ ਦਿਤੇ ਅਤੇ ਧੌਂਕਲ ਦਾ ਟੱਲ, ਲਾਹ ਲਿਆਉਣ ਦਾ ਹੁਕਮ ਦਿੱਤਾ ਤਾਂ ਜੁ ਕੁਫਰ ਦੇ ਇਸ ਵੱਡੇ ਗੜ੍ਹ ਨੂੰ ਤੋੜਿਆ ਜਾ ਸਕੇ। ਇਹਨਾਂ ਤਿੰਨਾਂ ਭਰਾਵਾਂ ਨੇ ਸੰਤ ਜੀ ਨਾਲ ਇਕਰਾਰ ਕਰ ਲਿਆ ਕਿ ਉਹ ਜਦੋਂ ਸੱਦਣਗੇ, ਇਸ ਕਾਰਜ ਲਈ ਇਹ ਸਿੰਘ ਹਾਜ਼ਰ ਹੋਣਗੇ।

ਹਾੜ ਸੁਦੀ ਦਸਵੀਂ ਨੂੰ ਇਹ ਤਿੰਨੇ ਭਰਾ ਇਕ-ਇਕ ਟਕੂਆ ਹੱਥਾਂ ਵਿਚ ਲੈ ਕੇ, ਲੌਢੇ ਵੇਲੇ ਆਪਣੇ ਪਿੰਡ ਤੋਂ ਚੱਲ ਪਏ ਜਿੱਥੋਂ ਧੌਂਕਲ ਕੋਈ ਤੀਹ ਪੈਂਤੀ ਕੁ ਕਿੱਲੋ ਮੀਟਰ ਪੈਂਡਾ ਹੋਵੇਗਾ ਅਤੇ ਅੱਧੀ ਰਾਤ ਦੇ ਲਾਗੇ ਚਾਗੇ, ਜਦੋਂ ਹਜਾਰਾਂ ਦੀ ਗਿਣਤੀ ਵਿਚ ਖ਼ਲਕਤ, ਮੇਲੇ ਵਾਲੀ ਥਾਂ ਦੇ ਆਸ ਪਾਸ ਸੁੱਤੀ ਹੋਈ ਸੀ ਤਾਂ ਇਹਨਾਂ ਸਿੰਘਾਂ ਨੇ ਜਾ ਮੋਰਚਾ ਮੱਲਿਆ। ਇਹਨਾਂ ਦੁਆਰ ਟੱਲ ਤੋੜਨ ਦਾ ਵਰਣਨ, ਸੰਤ ਆਤਮਾ ਸਿੰਘ ਸਨਖੱਤਰਾ ਦੇ

ਸ਼ਬਦਾਂ ਵਿਚ ਇਸ ਪਰਕਾਰ ਹੈ–

"ਇਨ੍ਹਾਂ ਤਿੰਨਾਂ ਭਰਾਵਾਂ ਵਿਚੋਂ ਇਕ ਜਣਾ ਟੱਲ ਹੇਠਲੇ ਤਖਤਪੋਸ਼ ਉੱਤੇ, ਪੈਰਾਂ ਪਰਨੇ ਬੈਠ ਗਿਆ, ਦੂਸਰੇ ਭਰਾ ਨੇ ਉਸ ਦੇ ਮੋਢਿਆਂ ਤੇ ਖਲੋਕੇ ਟੱਲ ਵਾਲੇ ਸੰਗਲ ਨੂੰ ਮਰੋੜਾ ਚਾੜ੍ਹਿਆ ਤੇ ਤੀਸਰੇ ਨੇ ਪਾਸੇ ਵਲੋਂ ਜ਼ੋਰ ਨਾਲ ਐਸਾ ਸਫਾ ਜੰਗ (ਟਕੂਆ) ਮਾਰਿਆ ਕਿ ਉਹ ਟੱਲ ਸੰਗਲ ਨਾਲੋਂ ਇੰਜ ਟੁਟਿਆ ਜਿਵੇਂ ਵੇਲ ਨਾਲੋਂ ਕੱਦੂ ਟੁੱਟਦਾ ਹੈ। ਪਰ ਸਤਿਗੁਰੂ ਜੀ ਨੇ ਐਸੀ ਕਲਾ ਵਰਤਾਈ ਕਿ ਉਹਨਾਂ ਨੂੰ ਕੋਈ ਵੀ ਦਰਸ਼ਕ ਨਾਂ ਵੇਖ ਸਕਿਆ ਜੋ ਹਜਾਰਾਂ ਦੀ ਗਿਣਤੀ ਵਿਚ ਆਏ ਹੋਏ ਸਨ, ਸੁੱਤੇ ਹੀ ਰਹੇ ਅਤੇ ਇਹ ਸਿੰਘ ਟੱਲ ਨੂੰ ਰੇਹੜ ਕੇ ਖਾਨਗਾਹ ਦੀ ਚਾਰ ਦੀਵਾਰੀ ਤੋਂ ਬਾਹਰ ਲੈ ਆਏ। ਅੱਗੇ ਬਾਬਾ ਨਰਾਇਣ ਸਿੰਘ ਘੋੜੀਆਂ ਵਾਲਾ ਇਨ੍ਹਾਂ ਨੂੰ ਉਡੀਕ ਰਿਹਾ ਸੀ। ਉਸ ਨੇ ਟੱਲ ਨੂੰ ਘੋੜੀ ਤੇ ਲੱਦ ਕੇ ਡੱਸਕੇ ਵਿਚ ਇਕ ਠਠਿਆਰ ਸਿੰਘ ਨੂੰ ਇਸ ਦਾ ਵੱਡਾ ਦੇਗਬਰਾ ਬਨਾਉਣ ਵਾਸਤੇ ਦੇ ਦਿੱਤਾ। ਉਹ ਦੇਗ–ਬਰਾ ਅੱਜ ਵੀ ਸ੍ਰੀ ਭੈਣੀ ਸਾਹਿਬ ਇਕ ਮੱਟੀ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਗਰਮ ਤੇ ਜੋਸ਼ੀਲੇ ਨਾਮਧਾਰੀਆਂ ਦੇ ਜਥਿਆਂ ਨੇ ਕਿੰਨੀਆਂ ਕੁ ਖਾਨਗਾਹਾਂ, ਗੋਰਾਂ ਤੇ ਸਮਾਧਾਂ ਨੂੰ ਢਾਹਿਆ, ਉਸ ਦਾ ਬਿਓਰਾ ਲੱਗ ਹੀ ਨਹੀਂ ਸਕਿਆ। ਇਸ ਮੁਹਿੰਮ ਉਤੇ ਸਰਕਾਰ ਅੰਗਰੇਜ਼ੀ ਵੀ ਕਾਬੂ ਨਾ ਪਾ ਸਕੀ।[11]

ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ ਵੀ ਸੰਤ ਨਰਾਇਣ ਸਿੰਘ ਜੀ ਘੋੜੀਆਂ ਵਾਲਿਆਂ ਦੁਆਰਾ, ਇਹ ਟੱਲ ਤੋੜੇ ਜਾਣ ਅਤੇ ਉਹਨਾਂ ਦੇ ਹੋਰ ਸਿੰਘਾਂ ਉੱਤੇ ਕੀਤੇ ਪਰ ਉਪਕਾਰਾਂ ਦਾ ਵਰਣਨ ਵੀ ਮਿਲਦਾ ਹੈ।

"ਧੌਂਕਲ ਦਾ ਟੱਲ ਢਾਹਿਆ ਨਾਮਧਾਰੀਆਂ ਨੇ। ਪੰਜਾਬ 'ਚ ਕੈਦ ਨਾਮਧਾਰੀਆਂ ਕੱਟੀ ਕਬਰਾਂ ਢਾਹੀਆਂ। ਸਤਿਗੁਰਾਂ ਦੀ ਬਖਸ਼ਿਸ਼ ਸੀ। ਇਥੋਂ ਤੱਕ ਤਾਕਤ ਵਾਲੀਆਂ ਢਾਹੀਆਂ...। ਮੁੜਕੇ ਅੱਗ ਨਹੀਂ ਨਿਕਲੀ, ਕਬਰ ਢਾਹ ਸੁੱਟੀ। ਕਈ ਹੋਰ ਜਗ੍ਹਾ ਢਾਹੀਆਂ। ਇਹ ਰੂਹਾਂ ਫੇਰ ਆਪਣੇ ਭਗਤਾਂ 'ਚ ਜਾ ਕੇ ਬੋਲਣ, "ਬਈ, ਸਾਡੀ ਜਗ੍ਹਾ ਬਣਾਓ।"

ਭਗਤਾਂ ਆਖਿਆ, "ਤੁਸੀਂ ਉਨ੍ਹਾਂ ਦੇ ਨੇੜੇ ਕਿਉਂ ਨਹੀਂ ਸੀ ਜਾਂਦੇ।"

ਰੂਹਾਂ ਆਖਿਆ, "ਉਹਨਾਂ ਤੋਂ ਸਾਨੂੰ ਸੇਕ ਆਉਂਦਾ ਸੀ।"

ਧੌਂਕਲ ਦਾ ਟੱਲ ਬਾਬੇ ਨਰੈਣ ਸਿੰਘ ਹੋਰਾਂ ਘੋੜੀਆਂ ਵਾਲਿਆਂ ਦੀ ਕਿਰਪਾ ਦਾ ਫਲ ਹੈ। ਭਾਵੇਂ ਸਤਿਗੁਰਾਂ ਦੀ ਬਖਸ਼ਿਸ਼ ਬਾਬੇ ਭਗਵਾਨ ਸਿੰਘ ਹੋਰਾਂ ਤੇ ਹੋਈ, ਸੇਠ ਦਿਆਲ ਸਿੰਘ ਦੇ ਦਾਦੇ ਤੇ, ਪਰ ਫਲ ਦੇਣ ਵਾਲੇ ਮਗਰੋਂ ਉਹ

(ਬਾਬੇ ਨਰੈਣ ਸਿੰਘ) ਸਨ। ਸ਼ਬਦ ਪੜ੍ਹਦੇ-ਪੜ੍ਹਦੇ ਘਰ ਨੂੰ ਤੁਰੇ ਜਾਂਦੇ ਹਨ- ਇਹ ਸਭ ਕੁਝ ਹੀ ਸਾਰੀ ਜਗ੍ਹਾ ਹੁੰਦਾ ਹੈ-ਕੋਈ ਸਰੀਰ ਮਖੌਲ ਕਰਦਾ ਹੈ, ਓਏ, ਇਹ ਕਿਧਰ ਚਲੇ ਨੇ ਕੂਕੇ ?

"ਚਲੋ ਨੇ ਭਗਵਾਨ ਸਿੰਘ ਦੇ ਘਰ।"

ਉਹਨੂੰ ਤੇ ਫੇਰ ਉਜਾੜ ਦੇਣਗੇ ਅੱਜ।"

ਦਸ ਵੀਹ, ਪੰਝੀ ਜੁ ਗਏ-ਘਰ। ਬਾਬੇ ਹੋਰਾਂ ਦੇ ਕੰਨ 'ਚ ਇਹ ਆਵਾਜ਼ ਪਈ, ਪੁੱਛਦੇ ਨੇ, "ਕੀ ਆਖਿਐ? " ਬਾਬੇ ਨਰੈਣ ਸਿੰਘ ਕਹਿੰਦੇ ਨੇ", ਜਾਹ ਓਏ ਭਗਵਾਨ ਸਿੰਘ-ਤੈਨੂੰ ਸ਼ਾਹਾਂ ਦਾ ਸ਼ਾਹ ਕੀਤਾ।"

ਨਾਮਧਾਰੀ ਜਿਹੜੇ ਇਥੇ (ਬੰਕੋਕ-ਥਾਈਲੈਂਡ) ਬੈਠੇ ਹਨ, ਉਸ ਬਾਬੇ ਨਰੈਣ ਸਿੰਘ ਦੀ ਕ੍ਰਿਪਾ ਦਾ ਫਲ ਹੈ। ਭਗਵਾਨ ਸਿੰਘ ਦੀ ਔਲਾਦ ਨੇ ਆ ਕੇ ਇਥੇ ਡੇਰਾ ਲਾਇਆ, ਤੇ ਆ ਕੇ ਨਾਮਧਾਰੀਆਂ ਦੀ ਵਾੜੀ ਖਿੜੀ। ਉਹਨਾਂ ਮਹਾਂ ਪੁਰਖਾਂ ਦੀਆਂ ਇਹ ਗੱਲਾਂ ਹਨ।

ਉਹ ਬਾਬਾ ਨਰੈਣ ਸਿੰਘ ਜੀ ਪੰਦਰਾਂ ਕੋਹ ਤੋਂ ਰਾਤ ਨੂੰ ਘੋੜੀ ਉਤੇ ਚੜ੍ਹ ਕੇ ਤੇ ਰਾਤ ਅੱਧੀ ਜਾ ਕੇ ਧੌਂਕਲ ਦੇ ਟੱਲ-ਮੈਨੂੰ ਉਹਨਾਂ ਆਪਣੀ ਜ਼ਬਾਨੀ ਏਹ ਦੱਸਿਆ, ਮੈਂ ਉਹਨਾਂ ਤੋਂ ਸੁਣਿਆ-ਰੌਣਾ ਜਿਹੜਾ ਵਿਚ ਖੜਕਾਉਣ ਵਾਲਾ ਸੀ ਉਹਨੂੰ ਪਹਿਲਾਂ ਪਰਨਾ ਬੰਨ੍ਹ ਲਿਆ, ਥੱਲੇ ਉਹਦੇ ਘੋੜੀ ਖੜੀ ਕਰਕੇ, ਤੇ ਟਕੂਏ ਨਾਲ ਵੱਢਿਆ ਸੰਗਲ ਨੂੰ, ਤੇ ਪੰਦਰਾਂ ਕੋਹ ਰਾਤ-ਰਾਤ ਵਾਪਸ ਆ ਗਏ-ਲੈ ਕੇ ਟੱਲ। ਉਹ ਟੱਲ ਭੈਣੀ ਸਾਹਿਬ 'ਚ ਮੈਂ ਦੇਖਿਐ-ਹੁਣ ਮੈਨੂੰ ਨਹੀਂ ਪਤਾ-ਉਹਦਾ ਬਹੁਤ ਵੱਡਾ ਦੇਗਚਾ ਬਣਿਆ ਏਡਾ ਸਾਰਾ ਵੱਡਾ, ਜਿਸ ਵਿਚ ਲੰਗਰ 'ਚ ਦਾਲਾ ਰਿਝਦਾ ਰਿਹਾ।"12

ਸੇਠ ਭਗਵਾਨ ਸਿੰਘ ਜੀ ਦਾ ਪਿੰਡ ਫਿਲੋਕੇ ਜ਼ਿਲ੍ਹਾ ਗੁਜਰਾਂਵਾਲਾ ਸੀ। ਧੌਂਕਲ ਦਾ ਇਹ ਟੱਲ ਕਾਂਸੇ ਦਾ ਸਵਾ ਮਣ ਪੱਕਾ ਵਜ਼ਨੀ ਸੀ। ਸੰਤ ਨਰਾਇਣ ਸਿੰਘ ਜੀ ਨੇ ਪੱਛਮੀ ਤੇ ਕੇਂਦਰੀ ਪੰਜਾਬ ਵਿਚ ਨਾਮਧਾਰੀ ਸਿੱਖੀ ਫੈਲਾਉਣ ਵਿਚ ਬਹੁਤ ਯੋਗਦਾਨ ਪਾਇਆ ਸੀ। ਛੋਟੀਆਂ ਗਲ੍ਹੋਟੀਆਂ ਦੇ ਇਹ ਤਿੰਨੇ ਰਾਮਗੜ੍ਹੀਏ ਭਰਾ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਰਹੇ ਡਾ. ਧਿਆਨ ਸਿੰਘ ਸਮਾਣਾ, ਸੰਤ ਮੰਗਲ ਸਿੰਘ ਜੀ ਹਜੂਰੀ ਲਾਂਗਰੀ ਅਤੇ ਸੰਤ ਗੋਪਾਲ ਸਿੰਘ ਜੀ ਰਮੇਸ਼ ਨਗਰ ਨਵੀਂ ਦਿੱਲੀ ਵਾਲਿਆਂ ਦੇ ਵਡੇਰੇ ਸਨ। ਸੰਤ ਗੋਪਾਲ ਸਿੰਘ ਜੀ ਤੋਂ ਸੁਣਕੇ, ਸੰਤ ਆਤਮਾ ਸਿੰਘ ਸਨਖਤਰਵੀ ਹੋਰਾਂ ਸਤਿਜੁਗ ਦੇ ਪ੍ਰਦੇਸ ਗਮਨ ਸ਼ਤਾਬਦੀ ਅੰਕ, 1972 ਈ. ਵਿਚ 'ਧੌਂਕਲ ਦਾ ਟੱਲ" ਨਾਮ ਦੀ ਇਕ ਰੌਚਕ ਵਾਰਤਾ ਵੀ ਪ੍ਰਕਾਸ਼ਿਤ ਕਰਵਾਈ ਸੀ। ਉਸ ਵਾਰਤਾ ਵਿਚ ਟੱਲ ਨੂੰ ਭੰਨ ਕੇ, ਦੇਗਬਰਾ ਬਨਾਉਣ ਵਾਲੇ ਡਸਕੇ

ਦੇ ਠਠਿਆਰ ਦਾ ਨਾਮ ਬੁਲਾਕੀ ਸ਼ਾਹ ਸੀ। ਜਦੋਂ ਉਸ ਠਠਿਆਰ ਨੂੰ ਸਿੰਘਾਂ ਨੇ ਪੁੱਛਿਆ ਕਿ ਬੁਲਾਕੀ ਸ਼ਾਹ ਤੈਨੂੰ ਟੱਲ ਨੂੰ ਭੰਨਣ ਲੱਗਿਆਂ ਡਰ ਤਾਂ ਨਹੀਂ ਲੱਗੇਗਾ ਤਾਂ ਉਹਦਾ ਜੁਆਬ ਸੀ–"ਬਾਬਾ ਜਿਹੜੇ ਗੁਰੂ ਦੇ ਹੁਕਮ ਨਾਲ ਤੁਸੀਂ ਸ਼ੇਰ ਦੇ ਘੁਰਨੇ ਵਿਚੋਂ ਇਹ ਟੱਲ ਕੱਢ ਲਿਆਏ ਹੋ, ਤੇ ਮੈਨੂੰ ਉਸਦੇ ਬਰਤਨ ਬਣਾਉਂਦਿਆ ਕੀ ਭਾਰ ਹੈ।"[13]

ਨਵੀਆਂ ਇਮਾਰਤਾਂ ਉਸਾਰਨ ਲਈ ਪੁਰਾਣੀਆਂ ਢਾਹੁਣੀਆਂ ਪੈਂਦੀਆਂ ਹਨ। ਵੇਲਾ ਵਿਹਾ ਚੁੱਕੀਆਂ ਮਨਾਉਤਾਂ ਛੱਡਣੀਆਂ ਪੈਂਦੀਆਂ ਹਨ ਤਾਂ ਕਿ ਨਵੇਂ ਜੁਗ ਦੇ ਪੂਰਨੇ ਪਾਏ ਜਾਣ। ਦਸਮ ਪਾਤਸ਼ਾਹ ਦਾ ਹਜ਼ੂਰੀ ਕਵੀ ਕੰਕਣ ਲਿਖਦਾ ਹੈ–

"ਪੀਰਨ ਤੇ ਔ ਫਕੀਰਨ ਤੇ ਕੋਊ
ਕਾਮ ਨ ਸੌਰਤ ਹੈ ਕਲ ਮਾਹੀ।
ਹੋਇ ਹੈ ਕਾਜ ਬਿਲੰਬ ਬਿਨਾ,
ਜਬ ਸਿਖਨ ਪਹਿ ਅਰਦਾਸ ਕਰਾਹੀ।"

ਸੋ ਆਸਥਾ ਦੇ ਪੁਰਾਣੇ ਕੇਂਦਰਾਂ ਤੇ ਹਮਲੇ ਕੂਕਾ ਕਾਰ ਦਾ ਨਮੂਨਾ ਸਨ। ਧੌਂਕਲ ਦਾ ਟੱਲ ਇਸ ਦਾ ਇਕ ਪ੍ਰਤੀਕ ਸੀ ਅਤੇ ਸੰਤ ਨਰਾਇਣ ਸਿੰਘ ਇਸ ਲਹਿਰ ਦੇ ਸ਼ਾਹ ਸਵਾਰ ਸਨ।

## ਹਵਾਲੇ ਤੇ ਟਿੱਪਣੀਆਂ


(1) ਸਿਰਦਾਰ ਕਪੂਰ ਸਿੰਘ ਆਈ.ਸੀ.ਐਸ, ਲੇਖ ਬਾਬਾ ਰਾਮ ਸਿੰਘ ਕੂਕਾ, ਪੁਸਤਕ "ਪੰਚ ਨਦ", 2009 ਈ. ਸੰਪਾਦਕ, ਜੈ ਤੇਗ ਸਿੰਘ ਅਨੰਤ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਫਾ 69–70

(2) ਸੰਤ ਇੰਦਰ ਸਿੰਘ ਚੱਕਰਵਰਤੀ, ਮਹਾਂ ਕਾਵਿ- ਮਾਲਵੇਂਦ੍ਰ, ਕਾਂਡ-13, ਮੜ੍ਹੀਆਂ ਤੇ ਗੌਰਾਂ ਢਾਹੁਣੀਆਂ ਸਫਾ 130–32

(3) ਸੰਤ ਕਾਲਾ ਸਿੰਘ ਨੰਗਲ ਵਾਲੇ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, (ਸੰ. ਦਵਿੰਦਰ ਸਿੰਘ ਗਿੱਲ ਜੀਆ ਨੱਥਾ), ਦੂਜੀ ਛਾਪ, 2014, ਸ੍ਰੀ ਭੈਣੀ ਸਾਹਿਬ, ਸਫਾ 27–28

(4) ਹਰਨਾਮ ਸਿੰਘ ਬਗੁਲੀ ਕਲਾਂ, ਸੰਤ ਖਾਲਸਾ, ਸਤਿਗੁਰੂ ਰਾਮ ਹਰੀ ਪ੍ਰੈਸ, 1936 ਈ. ਸ੍ਰੀ ਭੈਣੀ ਸਾਹਿਬ, ਸਫਾ 12

(5) ਭਾਈ ਨਾਹਰ ਸਿੰਘ ਕਿਰਪਾਲ ਸਿੰਘ, ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼

ਰੂਲ, (ਗੁਰੂ ਰਾਮ ਸਿੰਘ ਐਂਡ ਦਾ ਕੂਕਾ ਸਿਖਜ਼), ਸਫਾ 72 ਤੋਂ 75

(6) ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ (ਸੰਪਾਦਕ), ਕੂਕਾ ਮੂਵਮੈਂਟ, ਫਰੀਡਮ ਸਟਰਗਲ ਇਨ ਪੰਜਾਬ, ਸਫਾ 289

(7) ਸ. ਜਸਵਿੰਦਰ ਸਿੰਘ (ਸੰਪਾਦਕ), ਹੁਕਮਨਾਮੇ ਸੀ ਸਤਿਗੁਰੂ ਰਾਮ ਸਿੰਘ ਜੀ, ਪਹਿਲੀ ਛਾਪ, ਸਫਾ 138-39

(8) ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਗੁਰੂ ਸ਼ਬਦ ਰਤਨਾਗਰ, 1990, ਭਾਸ਼ਾ ਵਿਭਾਗ ਪੰਜਾਬ ਸਫਾ 220-21 (9) ਬੂਲੇ ਸ਼ਾਹ, ਪੰਜਾਬ ਦੀ ਜੋਗਰਾਫਯਾਈ ਤਵਾਰੀਖ ਭੂਮਿਕਾ ਅਹਿਮਦ ਸਲੀਮ, 2007, ਲੋਕ ਗੀਤ ਪ੍ਰਕਾਸ਼ਨ, ਮੋਹਾਲੀ ਅਤੇ ਚੰਡੀਗੜ੍ਹ, ਸਫਾ 109-10

(9) ਜਸਵਿੰਦਰ ਸਿੰਘ (ਸੰਪਾਦਕ), ਕੂਕਾਜ਼ ਆਫ ਨੋਟ- 1881, ਸਫਾ 118-19

(10)ਆਤਮਾ ਸਿੰਘ 'ਸਨਖੱਤਰਵੀ', ਸ੍ਰੀ ਨਾਨਕ ਰਾਜ, 1997 ਈ., ਸ੍ਰੀ ਭੈਣੀ ਸਾਹਿਬ, ਸਫਾ 232

(11)ਪ੍ਰਿ. ਬੇਅੰਤ ਕੌਰ (ਸੰਪਾਦਕ), ਲਾਲ ਏਹਿਰਤਨ, ਭਾਗ-2, (ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼), ਸਫਾ 345-46

(12)ਆਤਮਾ ਸਿੰਘ ਸਨਖਤਰਵੀ, ਕਹਾਣੀ, ਧੌਂਕਲ ਦਾ ਟੱਲ, ਸਤਿਜੁਗ ਦਾ ਪ੍ਰਦੇਸ ਗਮਨ ਸ਼ਤਾਬਦੀ ਅੰਕ, 1972 ਈ, ਸ੍ਰੀ ਜੀਵਨ ਨਗਰ (ਹਿਸਾਰ), ਸਫਾ 139-153

❋

# ਸ਼ੇਰ ਮਰਦ, ਭਾਈ ਰੰਗੀਲਾ ਸਿੰਘ ਜੰਮੂ

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਅਤੇ ਗੁਆਂਢੀ ਰਿਆਸਤਾਂ ਵਿੱਚ ਵੀ ਕੂਕਾ ਸੰਗਰਾਮ ਨੂੰ ਇਕ ਵਿਆਪਕ ਲਾਮਬੰਦੀ ਰਾਹੀਂ, ਦੂਰ ਦੂਰ ਤੱਕ ਪਹੁੰਚਾ ਦਿੱਤਾ। ਉਹ ਇਤਿਹਾਸ ਦੇ ਇਕ ਅਜਿਹੇ ਕਾਲ ਖੰਡ ਵਿੱਚ, ਬਸਤੀਵਾਦੀ ਹਾਕਮਾਂ ਖਿਲਾਫ ਜਨ ਚੇਤਨਾ ਪ੍ਰਚੰਡ ਕਰਨ ਦਾ ਆਪਣਾ ਮਹਾਨ ਕਾਰਜ ਅਰੰਭ ਕਰਦੇ ਹਨ ਜਦੋਂ ਹਾਲਾਤ ਸਧਾਰਨ ਨਹੀਂ ਸਨ। ਨਵਾਂ ਨਵਾਂ ਰਾਜ ਭਾਗ ਖੁੱਸਣ ਕਾਰਨ, ਪੰਜਾਬੀ ਕੌਮ ਬੇ ਹਥਿਆਰੀ ਤੇ ਬਿਨਾਂ ਯੋਗ ਅਗੁਆਈ ਤੋਂ ਡਿੱਕੇ ਡੋਲੇ ਖਾ ਰਹੀ ਸੀ। ਸਰਕਾਰ ਦੇਸ਼ ਭਗਤਾਂ ਦੀਆਂ ਜਾਇਦਾਦਾਂ ਜ਼ਬਤ ਕਰ ਕੇ, ਫਿਰ ਆਪਣੇ ਵਫਾਦਾਰਾਂ ਨੂੰ ਜਗੀਰਾਂ ਵੰਡ ਰਹੀ ਸੀ। ਹੌਲੇ ਹੌਲੇ ਪੁਰਾਣੇ ਜਗੀਰਦਾਰ ਅਤੇ ਉੱਪਰਲਾ ਮੱਧ ਵਰਗ, ਰਾਜ ਦੀ ਹਾਜਰੀ ਭਰਨ ਵਾਲਾ ਹੋ ਗਿਆ। ਕਿਰਤੀ, ਕਿਰਸਾਨ, ਦਸਤਕਾਰ, ਪੂਰਬ ਸੈਨਿਕ ਉਹਨਾਂ ਦੇ ਰੁਜ਼ਗਾਰ ਖੁੱਸਣ ਕਾਰਨ ਪਰੇਸ਼ਾਨ ਸਨ। ਸਿੱਖ ਸਰਦਾਰ, ਰਿਆਸਤਾਂ ਦੇ ਰਾਜੇ ਵੀ ਸਿੱਖੀ ਜੀਵਨ ਤੋਂ ਦੂਰ ਜਾ ਰਹੇ ਸਨ। ਥੋਹੜੇ ਸਾਲਾਂ ਵਿੱਚ ਹੀ ਸਤਿਗੁਰੂ ਜੀ ਅਤੇ ਉਹਨਾਂ ਦੇ ਸੂਬਿਆਂ ਨੇ ਜਿੱਥੇ ਲੱਖਾਂ ਲੋਕਾਂ ਨੂੰ ਫਿਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਮਾਰਗ ਤੇ ਮੁੜ ਤੋਰਿਆ, ਉੱਥੇ ਆਪ ਜੀ ਦੇ ਸ਼ੁਭ ਉਪਦੇਸ਼ਾਂ ਨੇ ਪੰਜਾਬ ਦੀ ਵੱਡੀ ਗਿਣਤੀ ਨੂੰ ਅਸਰ ਅੰਦਾਜ਼ ਕੀਤਾ। ਨਾਮਧਾਰੀਆਂ ਦੇ ਉੱਚੇ ਚਲਣ ਅਤੇ ਗੁਰਮੁਖੀ ਸਰੂਪ ਤੋਂ ਪ੍ਰਭਾਵਿਤ ਹੋ ਕੇ, ਤੋਂ ਲੋਕ ਲਗਾਤਾਰ ਆਪ ਦੀ ਸ਼ਰਨ ਵਿੱਚ ਆ ਕੇ ਜੀਵਨ ਮੁਕਤ ਹੋ ਰਹੇ ਸਨ। ਵੱਡੀਆਂ ਕੁਰਬਾਨੀਆਂ ਕਰਨ ਦੀ ਹਿੰਮਤ, ਹੌਂਸਲਾ ਜੁਟਾ ਰਹੇ ਸਨ।

ਉਂਜ ਤੇ ਆਪ ਜੀ ਦੀ ਸੰਗਤ ਤੋਂ ਲੱਖਾਂ ਸੁਧਰੇ ਪਰ ਉਹਨਾਂ ਵਿੱਚੋਂ ਕੁਝ ਅਜਿਹੇ ਮਰਜੀਵੜੇ ਵੀ ਸਨ ਜਿਹੜੇ ਆਪਣੇ ਪੰਥ ਦੀ ਆਨ ਸ਼ਾਨ ਲਈ ਸਵਾ ਲੱਖ ਹੀ, ਨੰਗੇ ਧੜ ਵਿਰੋਧੀ ਖੇਮੇ ਨਾਲ ਭਿੜ ਸਕਦੇ ਸਨ। ਰਿਆਸਤ ਜੰਮੂ ਕਸ਼ਮੀਰ ਦੇ ਜੰਮੂ ਪ੍ਰਾਂਤ ਦੇ ਸਾਂਬਾ ਜ਼ਿਲ੍ਹੇ ਦੇ ਇਕ ਪਿੰਡ ਸਿੰਗੜੀ ਦਾ, ਭਾਈ ਰੰਗੀਲਾ ਸਿੰਘ ਵੀ ਐਸਾ ਹੀ ਕਲਾਧਾਰੀ ਕੂਕਾ ਸਿੰਘ ਸੀ ਜਿਸ ਦਾ ਉਸ ਸਮੇਂ ਦੇ ਕੂਕਾ ਸੰਗਠਨ ਵਿੱਚ ਵਿਸ਼ੇਸ਼ ਯੋਗਦਾਨ ਸੀ ਅਤੇ ਉਹ ਆਪਣੇ ਸਮੇਂ ਦੇ ਮਹੱਤਵਪੂਰਨ ਕੂਕਾ ਆਗੂਆਂ ਦੇ ਸੰਪਰਕ ਵਿੱਚ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸੋਅ, ਇਸ ਇਲਾਕੇ ਤੱਕ ਪੁੱਜ ਚੁੱਕੀ ਸੀ ਕਿਉਂਕਿ ਜੰਮੂ ਤੋਂ ਸਿਆਲਕੋਟ ਮਸਾਂ 25 ਕੁ ਕਿੱਲੋਮੀਟਰ ਹੈ। ਸਿਆਲਕੋਟ ਵਿੱਚ ਸਤਿਗੁਰੂ ਜੀ ਦੇ ਮੁਖੀ ਸੂਬਿਆਂ ਵਿੱਚੋਂ ਇਕ ਸੂਬਾ ਬ੍ਰਹਮਾਂ ਸਿੰਘ ਜੀ ਦਾ

ਤੋਰਾ ਫੇਰਾ ਅਕਸਰ ਬਣਿਆ ਰਹਿੰਦਾ ਸੀ। ਬੇਸ਼ਕ ਉਸ ਜ਼ਿਲ੍ਹੇ ਵਿੱਚ ਪਹਿਲਾਂ ਵੀ ਬਾਬਾ ਜਮੀਅਤ ਸਿੰਘ ਗਿੱਲ, ਰਾਜਾ ਸਿੰਘ ਤ੍ਰਾਂਡੀ ਅਤੇ ਜੋਤਾ ਸਿੰਘ ਢਪਈ ਤਿੰਨ ਸੂਬੇ ਸਨ। ਬ੍ਰਹਮਾਂ ਸਿੰਘ 1857 ਦੇ ਪਹਿਲੇ ਜਨ ਵਿਦਰੋਹ ਵਿੱਚ ਭਾਗ ਲੈ ਚੁੱਕੇ ਸਨ, ਉਹ ਕੂਕਿਆਂ ਦੇ ਸਿਆਸੀ ਮਿਸ਼ਨ ਨੂੰ ਵੀ ਸੰਚਾਲਿਤ ਕਰਦੇ ਸਨ। ਇਸ ਲਈ ਸਿਆਲਕੋਟ, ਗੁਜਰਾਂਵਾਲਾ, ਲਾਹੌਰ ਜਾਂ ਅੰਮ੍ਰਿਤਸਰ ਵਿੱਚ ਵਿਚਰਦਿਆਂ ਹੋਇਆਂ ਉਹ ਜੰਮੂ ਕਸ਼ਮੀਰ ਨਾਲ ਕੂਕਾ ਸਬੰਧਾਂ, ਕਸ਼ਮੀਰ ਕੂਕਾ ਰੈਜੀਮੈਂਟ ਆਦਿ ਤੇ ਵੀ ਨਿਗਾਹ ਰੱਖਦੇ ਤੇ ਸਨ। ਉਹ ਕਸ਼ਮੀਰ ਅਤੇ ਉਸ ਤੋਂ ਅੱਗੇ ਕਬਾਇਲੀ ਇਲਾਕਿਆਂ ਤੱਕ ਜਾਂਦੇ। ਉਹ ਵਹਾਬੀਆਂ ਨਾਲ ਵੀ ਸਬੰਧ ਬਣਾ ਚੁੱਕੇ ਸਨ।[1]

ਭਾਈ ਰੰਗੀਲਾ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਪਰਚਾਰ ਦੌਰਿਆਂ ਦੇ ਸਿਖਰਲੇ ਸਾਲਾਂ 1867-68-69 ਈ. ਵਿੱਚ ਹੀ ਕਿਸੇ ਸਮੇਂ ਕੂਕਾ ਬਣ ਗਿਆ ਅਤੇ ਅੱਠੇ ਪਹਿਰ, ਤਿਆਰ ਬਰ ਤਿਆਰ ਅਵਸਥਾ ਵਿੱਚ, ਧਰਮ ਯੁੱਧ ਦੇ ਚਾਉ ਵਿੱਚ ਡਟਿਆ ਰਹਿੰਦਾ ਸੀ। ਸਿੰਗੜੀ ਸਾਂਬਾ ਜ਼ਿਲ੍ਹੇ ਦੇ ਵਿਜੈਪੁਰ ਤੋਂ ਕੋਈ 8-10 ਕਿੱਲੋਮੀਟਰ ਤੇ ਰਾਮਗੜ੍ਹ ਪਿੰਡ ਹੈ ਜੋ ਇਸਦੇ ਲਾਗੇ ਚਾਗੇ ਸੀ। ਅੱਜ ਕਲ੍ਹ ਇਹ ਪਿੰਡ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦਾ ਭਾਗ ਹੈ। ਪਰ ਉਹਨਾਂ ਭਲੇ ਮਾਨਸਾਂ ਨੇ ਪੁਰਾਣੇ ਪਿੰਡਾਂ ਦੇ ਤਕਰੀਬਨ ਨਾਮ ਬਦਲ ਦਿੱਤੇ ਹਨ, ਇਸ ਲਈ ਗੂਗਲ ਵਿੱਚ ਵੀ ਇਹ ਪਿੰਡ ਨਹੀਂ ਮਿਲਦਾ। ਮਾਲੂਮ ਹੁੰਦਾ ਹੈ ਕਿ ਜੰਮੂ ਤੋਂ ਸਿਆਲਕੋਟ ਜਾਣ ਵਾਲੇ ਰਾਹ ਦੇ ਇਹ ਪਿੰਡ ਉਪਰ ਜਾਂ ਨੇੜੇ ਤੇੜੇ ਸੀ ਜੋ ਜੰਮੂ ਤੋਂ ਵੀ 25 ਕੁ ਕਿੱਲੋਮੀਟਰ ਦੀ ਵਿੱਥ ਤੇ ਹੀ ਸੀ। ਰਾਮਗੜ੍ਹ ਅਤੇ ਇਸਦੇ ਆਸ ਪਾਸ ਲੁਬਾਣੇ ਸਿੱਖਾਂ ਦੇ ਕਈ ਪਿੰਡ ਹਨ। ਮਾਲੂਮ ਹੁੰਦਾ ਹੈ ਕਿ ਭਾਈ ਰੰਗੀਲਾ ਸਿੰਘ ਵੀ ਲੋਬਾਣਾ ਸਿੱਖ ਹੀ ਸੀ। ਲੋਬਾਣੇ ਜਿੱਥੇ ਸਫਲ ਕਿਸਾਨ ਹੁੰਦੇ ਹਨ ਉੱਥੇ ਉਹ ਕਾਰੋਬਾਰੀ ਯੋਗਤਾ ਵਿੱਚ ਵੀ ਨਿਪੁੰਨ ਹੁੰਦੇ ਹਨ ਅਤੇ ਰੰਗੀਲਾ ਸਿੰਘ, ਮਿਹਨਤੀ, ਹਿੰਮਤੀ, ਨਿਡਰ ਅਤੇ ਉਤਸ਼ਾਹੀ ਨੌਜੁਆਨ ਹੋਣ ਦੇ ਨਾਲ ਨਾਲ ਬਹੁਤ ਕੁਸ਼ਾਗਰ ਬੁੱਧੀ ਸੀ। ਇਸੇ ਲਈ ਉਹ ਸੂਬਾ ਬ੍ਰਹਮਾ ਸਿੰਘ ਹੋਰਾਂ ਦੀ ਪਾਰਖੂ ਨਜ਼ਰ ਵਿੱਚ ਚੜ੍ਹ ਸਕਿਆ ਅਤੇ ਸੂਬਾ ਜੀ ਨੇ ਉਸਨੂੰ ਆਪਣੇ ਰਾਜਨੀਤਿਕ ਮਿਸ਼ਨ ਦਾ ਰਾਜ਼ਦਾਰ ਬਣਾਉਂਦਿਆਂ, ਮਾਘੀ 1872 ਈ. ਵਿੱਚ ਮਾਈ ਜੱਸਾਂ ਅਤੇ ਮਲੇਰਕੋਟਲੇ ਤੋਂ ਪਹਿਲੇ ਸ਼ਹੀਦੀ ਸਾਕਿਆਂ ਵਿੱਚ ਜੂਝਣ ਵਾਲੇ ਸਿੰਘਾਂ ਨਮਿੱਤ, ਪਾਠਾਂ ਦੇ ਭੋਗ ਸਮੇਂ ਹੋਣ ਵਾਲੇ ਮੇਲੇ ਵਿੱਚ, ਅੰਮ੍ਰਿਤਸਰ ਤੋਂ ਭੈਣੀ ਸਾਹਿਬ ਵਿੱਚ ਆਪਣੇ ਨਾਲ ਚੱਲਣ ਦਾ ਮਾਣ ਬਖਸ਼ਿਆ। ਸਿੰਗੜੀ ਪਿੰਡ ਵਿੱਚ ਰੰਗੀਲਾ ਸਿੰਘ ਹੋਰਾਂ ਤੋਂ

ਇਲਾਵਾ ਮਿਹਰ ਸਿੰਘ ਜ਼ਿੰਮੀਦਾਰ ਅਤੇ ਸ਼ਾਹੂਕਾਰ ਵੀ ਕੂਕਾ ਸੀ ਜਿਸ ਪਾਸ ਆਪਣੇ ਪਰਚਾਰ ਦੌਰਿਆਂ ਸਮੇਂ ਅਕਸਰ ਸੂਬਾ ਬ੍ਰਹਮਾਂ ਸਿੰਘ ਰੁਕਿਆ ਕਰਦੇ ਸਨ।[2]

ਕਮਿਸ਼ਨਰ ਮੈਕਨਬ ਜਿਸ ਦੇ ਜ਼ਿੰਮੇ ਨਾਮਧਾਰੀ ਸੂਬਿਆਂ ਦੇ ਸਿਆਸੀ ਪਾਰੇ ਨੂੰ ਮਾਪਣਾ ਲਾਇਆ ਸੀ ਜਿਸ ਮੁਤਾਬਿਕ, ਉਹਨਾਂ ਦੀ ਨਜ਼ਰਬੰਦੀ ਦੀ ਮਿਆਦ ਵਧਾਈ ਘਟਾਈ ਜਾ ਸਕੇ (ਪਰ ਹਕੀਕਤ ਇਹ ਹੈ ਕਿ ਸਾਰੇ ਸੂਬਾ ਸਾਹਿਬਾਨ ਨੇ 15-16 ਸਾਲ ਤੋਂ ਘੱਟ ਦਾ ਦੇਸ਼-ਨਿਕਾਲਾ ਨਹੀਂ ਭੋਗਿਆ, ਲਿਖੇ ਬੇਸ਼ਕ ਕਿਸੇ ਨੂੰ ਦੋ, ਕਿਸੇ ਨੂੰ ਇੱਕ, ਕਿਸੇ ਨੂੰ ਦਸ ਸਾਲ ਜਾਂ ਕਿਸੇ ਨੂੰ ਤਾਅ ਉਮਰ ਸੀ।) ਸੂਬਾ ਬ੍ਰਹਮਾਂ ਸਿੰਘ ਦੇ ਕਈ ਵਰ੍ਹੇ ਘੋੜੇ ਸਾਂਭਣ ਵਾਲਾ ਸਾਈਸ ਰਹਿਆ ਵੈਸਾਖਾ ਸਿੰਘ ਧੋਥੜ, ਪਿੰਡ ਧੂੰਨੀ (ਗੁਜਰਾਂਵਾਲੇ) ਦੇ, ਡੀ.ਸੀ. ਗੁਜਰਾਂਵਾਲਾ ਦੇ ਸਾਹਮਣੇ ਕਲਮਬੰਦ ਕਰਵਾਏ ਗਏ ਬਿਆਨ ਵਿੱਚ, ਉਹ ਪੜਾਅ ਦਰ ਪੜਾਅ ਸੂਬਾ ਬ੍ਰਹਮਾਂ ਸਿੰਘ ਦੀ 1871 ਦੇ ਦਸੰਬਰ ਦੇ ਆਖਰੀ ਦਿਨਾਂ ਦੀ ਯਾਤਰਾ ਦਾ ਜ਼ਿਕਰ ਕਰਦਾ ਹੈ, ਜਿਹੜੇ ਬਿਆਨ ਮੈਕਨਬ ਰੀਪੋਰਟ ਵਿੱਚ ਦਰਜ਼ ਹਨ-

“ਪੋਹ (ਦਸੰਬਰ) ਸੰਬਤ 1928 (1871 ਈ.) ਮੈਂ ਕੁਝ ਵਕਫੇ ਬਾਅਦ ਉੱਗੂ ਚੱਕ (ਗੁਰੂ ਚੱਕ) ਜ਼ਿਲ੍ਹਾ ਸਿਆਲਕੋਟ ਵਿੱਚ ਫਿਰ ਸੂਬਾ ਬ੍ਰਹਮਾਂ ਸਿੰਘ ਨੂੰ ਮਿਲਿਆ। ਮੈਨੂੰ ਅਤੇ ਦੂਸਰੇ ਘੋੜੇ ਸਾਂਭਣ ਵਾਲੇ ਜਵੰਦ ਸਿੰਘ ਜੀ ਨੂੰ ਸੂਬਾ ਜੀ ਨੇ ਦੱਸਿਆ ਕਿ ਉਹਨਾਂ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਤੁਰੰਤ ਆਪਣੇ ਪਾਸ, ਭੈਣੀ ਸਾਹਿਬ ਵਿਖੇ ਪਹੁੰਚਣ ਦਾ ਹੁਕਮ ਕੀਤਾ ਹੈ। ਸੂਬਾ ਜੀ ਨੇ ਮੈਨੂੰ ਕਿਹਾ ਕਿ ਤੁਸੀਂ ਵੱਡਾ ਘੋੜਾ ਲੈ ਕੇ ਇੱਥੇ ਹੀ ਉੱਗੂ ਚੱਕ ਵਿਖੇ ਰੁਕੋ। ਜਵੰਦ ਸਿੰਘ ਛੋਟੇ ਘੋੜੇ ਨੂੰ ਲੈ ਕੇ, ਸੂਬਾ ਜੀ ਦੇ ਨਾਲ ਅੰਮ੍ਰਿਤਸਰ ਨੂੰ ਜਾਏਗਾ। ਗੁਲਾਬ ਸਿੰਘ ਮਲਵਈ ਅਤੇ ਰੰਗੀਲਾ ਸਿੰਘ ਪਿੰਡ ਸਿੰਗੜੀ ਇਲਾਕਾ ਜੋ ਜੰਮੂ ਦੀ ਹਦੂਦ ਵਿੱਚ ਹੈ, ਉਹ ਸੂਬਾ ਜੀ ਦੇ ਨਾਲ ਅੰਮ੍ਰਿਤਸਰ ਚੱਲਣਗੇ। ਉੱਥੋਂ ਉਹ ਦੋਵੇਂ ਵੀ ਸਤਿਗੁਰੂ ਜੀ ਦੇ ਦਰਸ ਦੀਦਾਰ ਲਈ ਉਹਨਾਂ ਦੇ ਨਾਲ ਹੀ ਭੈਣੀ ਸਾਹਿਬ ਜਾਣਗੇ। ਬ੍ਰਹਮਾਂ ਸਿੰਘ ਜੀ ਸਿੱਧੀ ਸੜਕੇ ਰੱਈਏ ਤੋਂ ਬੇੜੀ ਚੜ੍ਹ ਕੇ ਰਾਵੀ ਤੋਂ ਪਾਰ ਲੰਘ ਕੇ, ਅੰਮ੍ਰਿਤਸਰ ਪੁੱਜ ਗਏ। ਮੇਰੇ ਕੋਲੋਂ ਜਾਣ ਮਗਰੋਂ ਪੂਰੇ ਨੌਂ ਦਿਨਾਂ ਬਾਅਦ, ਜਵੰਦ ਸਿੰਘ ਛੋਟੇ ਘੋੜੇ ਸਮੇਤ ਵਾਪਸ ਮੇਰੇ ਪਾਸ ਉਂਗੂ ਚੱਕ ਆ ਗਿਆ।ਹੁਦ ਜਦੋਂ ਮਲੇਰਕੋਟਲੇ ਦਾ ਭਾਣਾ ਵਰਤਿਆ ਤਾਂ ਪੁਲੀਸ ਨੇ ਮੈਨੂੰ ਗਰਿਫਤਾਰ ਕਰ ਲਿਆ ਅਤੇ ਦੋਹਾਂ ਘੋੜਿਆਂ ਸਮੇਤ ਪਸਰੂਰ ਤਹਿਸੀਲ ਵਿੱਚ ਲੈ ਗਏ ਕਿਉਂਕਿ ਘੋੜੇ ਸੂਬਾ ਜੀ ਦੇ ਸਨ। ਮੈਂ ਇਹਨਾਂ ਦੀ ਸੰਭਾਲ ਵਿੱਚ ਸਾਂ। ਘੋੜੇ ਦੀ ਅਤੇ ਮੇਰੀ ਖੁਰਾਕ ਲਈ ਇਕ ਘੋੜਾ ਵੇਚ ਦਿੱਤਾ।

ਇਤਿਆਦਿ।"…. ਉਹ ਆਪਣੀਆਂ ਮੁਸੀਬਤਾਂ ਦਾ ਜ਼ਿਕਰ ਕਰਦਾ ਇਹ ਵੀ ਲਿਖਦਾ ਹੈ, "ਮੈਂ ਹੁਣ ਕੂਕਿਆਂ ਦੇ ਪਿੰਡੋਂ ਪਿੰਡ ਵਿਚਰ ਰਿਹਾ ਸਾਂ ਅਤੇ ਇਕ ਦਿਨ ਮੈਂ ਸਿੰਗੜੀ ਦੇ ਮਿਹਰ ਸਿੰਘ ਕੂਕੇ ਪਾਸ ਵੀ ਪੁੱਜ ਗਿਆ ਸਾਂ ਰਿਆਸਤ ਜੰਮੂ ਵਿੱਚ।"[3]

ਵੈਸਾਖਾ ਸਿੰਘ ਮੁਤਾਬਿਕ ਸੂਬਾ ਬ੍ਰਹਮਾਂ ਸਿੰਘ ਮਲੇਰਕੋਟਲੇ ਦੀ ਘਟਨਾ ਤੋਂ 4 ਦਿਨ ਪਹਿਲਾਂ ਅੰਮ੍ਰਿਤਸਰ ਤੋਂ ਚੱਲੇ ਸਨ। ਮਾਘੀ ਦਾ ਮੇਲਾ 11-12 ਜਨਵਰੀ 1872 ਈ. ਦਾ ਸੀ। ਅਤੇ ਮਲੌਦ ਤੇ ਹਮਲਾ 14 ਦੀ ਸ਼ਾਮ ਨੂੰ ਅਤੇ ਮਲੇਰਕੋਟਲੇ 15 ਦੀ ਸਵੇਰ ਦਾ ਹੈ। ਇਸ ਦਾ ਭਾਵ ਇਹੋ ਕਿ ਸੂਬਾ ਜੀ, ਰੰਗੀਲਾ ਸਿੰਘ ਅਤੇ ਗੁਲਾਬ ਸਿੰਘ 9-10 ਜਨਵਰੀ ਦੀ ਸ਼ਾਮ ਅੰਮ੍ਰਿਤਸਰੋਂ ਰੇਲ ਰਾਹੀਂ ਲੁਧਿਆਣੇ ਗਏ ਹੋਣਗੇ। ਮੇਲੇ ਦਾ ਇਕੱਠ ਹੋਣਾ, ਵਿੱਛੜਣਾ, ਮਸਤਾਨੇ ਸਿੰਘਾਂ ਦਾ ਇੱਥੋਂ 13 ਦੁਪਹਿਰ ਬਾਅਦ ਮਲੇਰਕੋਟਲੇ ਨੂੰ ਤੁਰਨਾ, ਸ਼ਹੀਦੀਆਂ, ਸਤਿਗੁਰੂ ਜੀ ਅਤੇ ਬ੍ਰਹਮਾਂ ਸਿੰਘ ਸਮੇਤ ਦੂਜੇ ਸੂਬਿਆਂ ਦੇ ਦੇਸ ਨਿਕਾਲੇ ਲਈ ਗੱਡੇ ਦੀ ਸਵਾਰੀ ਇਹ ਸਭ ਦਰਦਨਾਕ ਪਲ, ਭਾਈ ਰੰਗੀਲਾ ਸਿੰਘ ਨੇ ਕੁਝ ਸੁਣੇ, ਕੁਝ ਨੇਤਰੀਂ ਨਿਹਾਰੇ ਅਤੇ ਇਸ ਬਾਅਦ ਉਹ ਵੀ 18 ਜਨਵਰੀ ਦੀ ਸਵੇਰ ਨੂੰ ਗਰਿਫਤਾਰ ਹੋ ਕੇ, ਲੁਧਿਆਣੇ ਲਿਆਂਦੇ ਗਏ ਕੂਕਿਆਂ ਵਿੱਚ ਸ਼ਾਮਲ ਸੀ ਜਿੱਥੋਂ ਉਸਨੂੰ ਕੁਝ ਚਿਰ ਜਮਾਨਤ ਨਾਂ ਮਿਲਣ ਤੇ ਕੈਦ ਕਟਣੀ ਪਈ। ਪਰ ਉਮੀਦ ਹੈ ਲੁਧਿਆਣੇ ਦੇ ਕੂਕੇ ਸਿੰਘਾਂ ਨੇ ਜਮਾਨਤ ਕਰਵਾ ਦਿਤੀ ਹੋਏਗੀ। ਖ਼ੈਰ ਇਹਨਾਂ ਖ਼ੂਨੀ ਪਲਾਂ ਦੀ ਯਾਦ, ਰੰਗੀਲਾ ਸਿੰਘ ਦੇ ਮਨ ਮਸਤਕ ਵਿੱਚ ਉਮਰ ਭਰ ਵੱਸਦੀ ਰਹੀ ਤਾਂ ਹੀ ਤਾਂ ਉਹ ਆਖਰੀ ਸਾਹ ਤੱਕ ਪੱਕਾ ਨਾਮਧਾਰੀ ਸਿੰਘ ਰਿਹਾ।

ਗੁਰੂ ਹਰੀ ਸਿੰਘ ਜੀ ਦੇ ਵਕਤ ਵੀ ਜੰਮੂ ਦੀ ਪੁਲੀਸ ਨੇ ਉਸ ਦੇ ਉੱਚ ਧਾਰਮਿਕ ਤੇ ਸਿਆਸੀ, ਕੂਕਾ ਆਗੂਆਂ ਨਾਲ ਸਬੰਧਾਂ ਕਰਕੇ ਅਤੇ ਉਸਨੂੰ ਇਕ ਕ੍ਰਿਆਸ਼ੀਲ, ਖ਼ਤਰਨਾਕ ਕੂਕਾ ਸਮਝ ਕੇ ਇਲਾਕੇ ਵਿੱਚੋਂ ਬਾਹਰ ਵਿਸ਼ੇਸ਼ ਕਰਕੇ ਭੈਣੀ ਸਾਹਿਬ ਜਾਣ ਦੀ ਆਗਿਆ ਨਹੀਂ ਦਿੱਤੀ ਸੀ। ਉਹ ਆਪਣੀ 1905 ਈ. ਵਿੱਚ ਕੀਤੀ ਭੈਣੀ ਸਾਹਿਬ ਯਾਤਰਾ ਸਮੇਂ ਅਵੱਸ਼ ਹੀ ਸਾਡੇ ਪਹਿਲੇ ਇਤਿਹਾਸਕਾਰ ਸੰਤ ਸੰਤੋਖ ਸਿੰਘ ਬਾਹੋਵਾਲ ਨੂੰ ਮਿਲਿਆ ਹੋਵੇਗਾ ਜਿਹਨਾਂ ਨੇ ਉਸਦੀ ਭੈਣੀ ਸਾਹਿਬ ਫੇਰੀ ਦਾ ਵਿਸ਼ੇਸ਼ ਨੋਟਿਸ ਲੈਂਦਿਆਂ, ਉਸ ਦੁਆਰਾ ਪਿੰਡ ਸਿੰਗੜੀ ਦੀ ਜੂਹ ਵਿੱਚ ਨਾਮਧਾਰੀ ਸਿੰਘਾਂ ਅਤੇ ਹੋਰ ਅਭਿਆਗਤਾਂ ਲਈ, ਵੱਡੀ ਜੱਦੋ ਜਹਿਦ ਕਰਕੇ, ਜਿਵੇਂ ਗੁਰਦੁਆਰਾ ਬਣਾਇਆ ਉਹ ਵੀ ਬਾਹੋਵਾਲ ਜੀ ਨੇ ਆਪਣੇ ਗ੍ਰੰਥ ਵਿੱਚ ਦਰਜ ਕੀਤਾ ਹੈ ਜਿਸ ਤੋਂ ਇਸ ਸਿੰਘ ਦੇ ਨਾ ਝੁਕਣ ਵਾਲੇ, ਖਾੜਕੂ ਸਰੂਪ ਦੇ ਵੀ ਦਰਸ਼ਨ ਹੁੰਦੇ ਹਨ ਕਿ ਕਿਵੇਂ ਗੁਰੂ ਦੇ ਪਰਤਾਪ ਨਾਲ ਇੱਕੜ ਦੁੱਕੜ

ਸਿੰਘ ਵੀ ਸਦਾ ਚੜ੍ਹਦੀ ਕਲਾ ਵਿੱਚ ਵਿਚਰਦੇ ਹਨ।

"ਜੰਮੂ ਕੇ ਅਲਾਕੇ ਮੈਂ ਗੁਰਦੁਆਰਾ ਬਣਾਉਣੇ ਲਗੇ ਰੰਗੀਲਾ ਸਿੰਘ ਹੋਰੀਂ ਭਈ (ਗੁਰੂ) ਗ੍ਰੰਥ ਸਾਹਿਬ ਜੀ ਪ੍ਰਗਾਸਾਂਗੇ ਤੇ ਨਿਆਰੇ ਬੈਠ ਕੇ ਭਜਨ ਕਰਾਂਗੇ। ਦੋ ਪਿੰਡਾਂ ਕੀ ਰਾਇ ਸੀ ਕਿ ਇਹ ਜਗਾ ਨਾ ਪਵੇ।ਓਨਾਂ ਨੇ ਅਰਜ਼ੀ ਜਾਇ ਦਿਤੀ ਕਿ ਜਗਾ  ਨਾ ਪਵੇ। ਹੱਥੀਂ ਭੀ ਕੁਛ ਪਏ। ਮੌਕੇ ਤੇ ਹਾਕਮ ਨੇ ਚੜ੍ਹ ਆਉਣਾ ਸੀ। ਅੱਠਾਂ ਕੁ ਸਰੀਰਾਂ ਨੇ ਹੱਥੋਪਾਈ ਕੀਤੀ। ਆਏ ਹਾਕਮ ਨੂੰ ਸਿੰਘ ਨੇ ਕਹਿਆ ਕਿ ਬ੍ਰਾਹਮਣ ਗਲ ਆਇ ਪਏ ਹੈਂ। ਕਹਿੰਦੇ ਹੈਂ ਜੇ (ਗੁਰੂ) ਗ੍ਰੰਥ ਸਾਹਿਬ ਆਇ ਗਿਆ ਤਾਂ ਸਾਰੇ ਸਿੰਘ ਹੋ ਜਾਣਗੇ। ਇਹ ਜਗਾ ਨਾ ਪਵੇ ਨੰਬਰਦਾਰਾਂ ਨੂੰ ਹਾਕਮ ਨੇ ਘੂਰਿਆ ਕਿ ਤੁਮਨੇ ਕਿਉਂ ਫਸਾਦ ਹੋਣ ਦੀਆ। ਫੇਰ ਲੋਕਾਂ ਨੇ ਉਦਾਸੀ (ਸਾਧ) ਨੂੰ ਚੁੱਕਿਆ। ਉਸ ਨੇ ਅਰਜ਼ੀ ਜਾਇ ਪਾਈ ਕਿ ਪਿੱਪਲ ਮੇਰਾ ਹੈ। ਤਸੀਲਦਾਰ ਆਇਆ। ਸਿੰਘ ਨੇ ਕਹਿਆ ਸਾਡੀ ਬੰਜਰ ਜ਼ਮੀਨ ਮੈਂ ਇਸ ਨੇ ਪਿੱਪਲ ਕਿਉਂ ਲਾਯਾ ਹੈ। ਤਸੀਲਦਾਰ ਨੇ ਕਿਹਾ- ਤੂੰ ਜਗਾ ਨਾ ਪਾਓ। ਸਿੰਘ ਨੇ ਕਿਹਾ ਪਾਊਂਗਾ। ਹਾਕਮ ਨੇ ਕਹਿਆ ਪਾਇ ਲਈਂ ਤਾਹੀਏ ਕਹਾ ਨਹੀਂ ਮੰਨਦਾ ਹੈ? ਸਿੰਘ ਨੇ ਕਹਿਆ ਹੁਣ ਪੈ ਜਾਏਗੀ, ਤੇਰਾ ਕਿਹਾ ਪੂਰਾ ਹੋਇ ਜਾਵੇਗਾ।

ਪੈਂਦੀ ਜਗਾ ਦੇਖ ਕੇ ਲੋਕਾਂ ਨੇ ਪਟਵਾਰੀ ਨੂੰ ਕਹਿਆ ਕਿ ਤੂੰ ਹਟਾਉ। ਪਟਵਾਰੀ ਨੇ ਸਿੰਘ ਨੂੰ ਕਹਿਆ ਕਿ ਤੂੰ ਜਗਾ ਨਾ ਪਾਓ। ਸਿੰਘ ਨੇ ਕਹਿਆ, ਸਾਡੀ ਬੰਜਰ ਜ਼ਮੀਨ ਹੈ ਅਸੀਂ ਪਾਵਾਂਗੇ। ਪਟਵਾਰੀ ਨੇ ਗਾਲ੍ਹ ਕੱਢੀ। ਸਿੰਘ ਨੇ ਭੀ ਗਾਲ੍ਹ ਕੱਢੀ। ਪਟਵਾਰੀ ਸਿੰਘ ਦੇ ਗਲ ਜਾਇ ਪਿਆ। ਸਿੰਘ ਨੇ ਸਲੋਤਰ ਮਾਰਿਆ ਮੂੰਹ ਉੱਤੇ। ਫੇਰ ਤਸੀਲਦਾਰ ਆਇਆ। ਉਸਨੇ ਭੀ ਕਹਾ ਕਿ ਪਟਵਾਰੀ ਨੂੰ ਕਿਉਂ ਮਾਰਿਆ ਹੈ ਤੇ ਨਾਲੇ ਗਾਲ੍ਹ ਕੱਢੀ। ਸਿੰਘ ਨੇ ਭੀ ਗਾਲ੍ਹ ਕੱਢੀ। ਤਸੀਲਦਾਰ ਨੇ ਫੇਰ ਗਾਲ੍ਹ ਕੱਢੀ। ਸਿੰਘ ਨੇ ਤਸੀਲਦਾਰ ਦੇ ਭੀ ਲਗਾਈ। ਹੋਰ ਨੇੜੇ ਨਾ ਕੋਈ ਗਿਆ ਡਰਦਾ। ਸਿੰਘ ਨੇ ਜ਼ਿਲ੍ਹੇ ਦੇ ਜਾਇ ਕੇ ਅਰਜ਼ੀ ਦਿਤੀ ਪਟਵਾਰੀ ਤੇ, ਤਸੀਲਦਾਰ ਤੇ, ਦੋ ਪਿੰਡਾਂ ਦੇ ਜ਼ਿਮੀਦਾਰ ਮੈਨੂੰ ਮਾਰਨ ਨੂੰ ਚੜ੍ਹ ਕੇ ਆਉਂਦੇ ਹੈਨ। ਸਰਕਾਰ ਦਾ ਹੁਕਮ ਇਤਲਾਹ ਕਰਨ ਦਾ ਹੈ ਸੋ ਮੈਂ ਇਤਲਾਹ ਕੀਤੀ ਹੈ। ਜੰਮੂ ਦੇ ਰਾਜੇ ਕੋਲ ਭੀ ਸਿੰਘ ਭੇਜਿਆ। ਪਟਵਾਰੀ, ਤਸੀਲਦਾਰ ਸੱਦੇ। ਸਿੰਘ ਨੇ ਕਹਿਆ ਮੈਂ ਆਪਣੀ ਬੰਜਰ ਜ਼ਮੀਨ ਵਿੱਚ ਧਰਮਸਾਲ ਬਣਾਉਂਦਾ ਸੀ। ਰਾਜੇ ਨੇ ਹੁਕਮ ਦੇ ਦੀਆ ਸਿੰਘ ਕੋ ਕਿ ਜਾਓ ਧਰਮਸਾਲ ਬਣਾਓ। ਸਗੋਂ ਰਾਜਾ ਰਾਜੀ ਹੋਇਆ ਸੁਣਕੇ।"[4]

ਪੁਰੋਹਿਤ ਵਰਗ ਅਤੇ ਸਰਕਾਰੀ ਕਰਿੰਦੇ, ਭਾਈ ਰੰਗੀਲਾ ਸਿੰਘ ਦੇ ਸੰਕਲਪ ਅੱਗੇ ਅੜਿੱਕੇ ਪੈਦਾ ਕਰਦੇ ਸਨ। ਬ੍ਰਾਹਮਣਾਂ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਪ੍ਰਕਾਸ਼ ਹੋਣ ਨਾਲ, ਜੰਮਣ, ਮਰਨ ਅਤੇ ਖੁਸ਼ੀ ਗਮੀ ਦੇ ਹੋਰ ਕਾਰਜ ਕਰਮਾਂ ਵਿੱਚ, ਵਹਿਮ ਗ੍ਰਸਤ ਲੋਕਾਂ ਨੂੰ ਉਹਨਾਂ ਦੇ ਆਲ ਜੰਜਾਲ ਵਿੱਚੋਂ ਨਿਕਲਣ ਦਾ ਗੁਰਮਤਿ ਦਾ ਮਾਰਗ ਮਿਲ ਜਾਣਾ ਸੀ, ਉਹਨਾਂ ਦੀ ਭੇਟਾ, ਪੂਜਾ ਜਜਮਾਨੀ ਤੇ ਲੱਤ ਵੱਜਣੀ ਸੀ, ਉਹ ਇਸ ਲਈ ਗੁਰਦੁਆਰੇ ਦਾ ਵਿਰੋਧ ਕਰਦੇ ਸਨ। ਗੁਰਦੁਆਰਿਆਂ ਨੂੰ ਸੰਗਤ ਦੇ ਜੁੜ ਬੈਠਣ ਅਤੇ ਆਪਣੀਆਂ ਮੁਸ਼ਕਿਲਾਂ ਦਾ ਹੱਲ ਲੱਭਣ ਲਈ ਸੋਚ ਵਿਚਾਰ ਕਰਨ ਲਈ, ਸੰਗਠਿਤ ਹੋਣ ਲਈ ਇਕ ਟਿਕਾਣਾ ਮਿਲਦਾ ਸੀ ਜਿੱਥੇ ਅੱਤਿਆਚਾਰੀ ਹਾਕਮਾਂ ਵਿਰੁੱਧ ਵੀ ਮਤੇ ਪਕਾਏ ਜਾ ਸਕਦੇ ਸਨ, ਇਸ ਲਈ ਰਾਜ ਪ੍ਰਬੰਧ ਦੀ ਮਸ਼ੀਨਰੀ ਵੀ ਗੁਰਦੁਆਰਾ ਬਨਾਉਣ ਤੋਂ ਰਿਆਸਤਾਂ ਵਿੱਚ ਅਕਸਰ ਟਾਲਾ ਵੱਟਦੀ ਸੀ। ਗੁਰਦੁਆਰਿਆਂ ਵਿੱਚ ਸੰਗਤ ਅਤੇ ਆਮ ਲੋਕਾਈ ਦੇ ਬੱਚੇ ਵਿੱਦਿਆ ਗ੍ਰਹਿਣ ਕਰਕੇ ਸਾਖਰ ਹੋ ਜਾਂਦੇ ਸਨ। ਸਾਮੰਤੀ ਸਰਕਾਰਾਂ ਅਤੇ ਬਸਤੀਵਾਦੀਆਂ ਦਾ ਹਿੱਤ ਵੀ ਲੋਕਾਂ ਨੂੰ ਅਨਪੜ੍ਹ ਰੱਖਣ ਵਿੱਚ ਸੀ। ਰਿਆਸਤ ਪਟਿਆਲਾ ਵਿੱਚ ਤਾਂ ਵੀਹਵੀਂ ਸਦੀ ਦੇ ਤੀਜੇ ਦਹਾਕੇ ਤੱਕ, ਪਿੰਡਾਂ ਵਿੱਚ ਗੁਰਦੁਆਰੇ ਅਸਾਨੀ ਨਾਲ ਨਹੀਂ ਬਣਨ ਦਿੱਤੇ ਜਾਂਦੇ ਸਨ। ਬਣਦੇ ਸਨ ਤਾਂ ਰਾਤ ਬਰਾਤੇ ਹੀ ਬਣਾਏ ਜਾਂਦੇ ਸਨ। ਭਾਈ ਰੰਗੀਲਾ ਸਿੰਘ ਦੇ ਅਜ਼ਮ, ਦ੍ਰਿੜ ਨਿਸ਼ਚੈ ਨੂੰ ਵੇਖ ਕੇ ਰਾਜਾ ਜੰਮੂ ਉਸ ਨੂੰ ਆਗਿਆ ਦੇਣ ਲਈ ਮਜ਼ਬੂਰ ਹੋਇਆ।

ਉਸ ਸਮੇਂ ਸਿੰਘ ਕਿਤਨਾ ਤੱਰਦਦ ਕਰਕੇ, ਆਪਣੇ ਕੇਂਦਰੀ ਅਸਥਾਨ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਦੇ ਸਨ, ਇਹ ਰੰਗੀਲਾ ਸਿੰਘ ਦੀ ਭੈਣੀ ਸਾਹਿਬ ਫੇਰੀ ਤੋਂ ਪ੍ਰਤੱਖ ਹੈ- "ਰੰਗੀਲਾ ਸਿੰਘ ਨੇ ਸਾਲ 1961 ਬਿਕਰਮੀ (1904-05 ਈ:) ਮੈਂ ਅਰਜ਼ੀ ਦਿੱਤੀ ਕਿ ਮੈਨੂੰ ਗੁਰਦਵਾਰੇ ਦਾ ਦਰਸ਼ਨ ਕਰਨ ਕਿਉਂ ਨਹੀਂ ਜਾਣ ਦਿੰਦੇ, ਹੋਰ ਸਭ ਲੋਕ ਜਾਂਦੇ ਹੈਂ। ਪਾਂਚ ਦਿਨ ਦੀ ਛੁੱਟੀ ਮਿਲੀ। ਥਾਨੇ ਨੇ ਕਹਿਆ, ਐਤਕੀਂ ਪੰਜਵੇਂ ਦਿਨ ਮੁੜ ਆਵੀਂ, ਫੇਰ ਜਦ ਤੇਰੀ ਮਰਜੀ ਹੋਵੇ ਤਦ ਚਲਾ ਜਾਈਂ, ਜਦ ਮਰਜ਼ੀ ਹੋਵੇ ਤਦ ਆਵੀਂ। ਤੀਨ ਦਿਨ ਮੇਰੀ ਤਰਫੋਂ ਹੋਏ, ਅੱਠ ਦਿਨ ਸੇ ਜ਼ਿਆਦਾ ਨਾ ਲੈਣੇ।"

"ਰੰਗੀਲਾ ਸਿੰਘ ਪਹਿਲਾਂ ਸੰਮਤ 1955 ਮੈਂ ਅਰਜ਼ੀ ਦਿੱਤੀ ਸੀ, ਜੋ ਨਾ ਮਨਜ਼ੂਰ ਹੋਈ। ਫੇਰ 1961 ਮੈਂ ਅਰਜ਼ੀ ਮਨਜ਼ੂਰ ਹੋਈ ਹੈ। ਗੁਰੂ (ਹਰੀ ਸਿੰਘ) ਜੀ ਦਾ ਦਰਸ਼ਨ ਕੀਤਾ, ਕਰਕੇ ਮੁੜ ਗਿਆ। ਬਚਨ ਕੀਤਾ (ਗੁਰੂ ਜੀ ਨੇ) ਕੁਝ ਦਿਨ ਹੋਰ ਰੁਕ ਜਾ ਕਹਿਆ ਜੀ ਸਤਿਗੁਰੂ (ਰਾਮ ਸਿੰਘ) ਜੀ ਦੇ ਗਏ ਹੁਣ ਤੇਤੀ ਸਾਲ ਦੇ ਪਿਛੋਂ ਦਰਸ਼ਨ ਦੀ ਛੁੱਟੀ ਮਿਲੀ ਹੈ। ਜੇ ਕਰ

ਹੁਣ ਇਕਰਾਰ ਪਰ ਨਾ ਗਿਆ ਤਾਂ ਫੇਰ ਕਦੇ ਛੁੱਟੀ ਨਹੀਂ ਦੇਣਗੇ। ਦੁਨੀਆਂ ਕੇ ਲੋਕ ਕਹਿੰਦੇ ਹੈਂ ਨਾਮਧਾਰੀਆਂ ਕਾ ਗੁਰੂ ਬਡਾ ਜੋਰਾਵਰ ਹੈ। ਉਸਦੇ ਸਿੰਘ ਨੇ ਸ਼ੇਰ ਵਾਂਗੂੰ ਜੋਰ ਨਾਲ ਜਗਾ ਪਾਈ ਹੈ।ਰਾਜਾ' ਭੀ ਆਦਰ ਰਖਦਾ ਹੈ।''5

ਭਾਈ ਰੰਗੀਲਾ ਸਿੰਘ ਦਾ ਜੀਵਨ ਕਾਲ (1840-1910 ਈ.) ਅਨੁਮਾਨਿਤ ਹੈ। ਰਿਆਸਤ ਜੰਮੂ ਕਸ਼ਮੀਰ ਵਿੱਚ ਉਹ ਕੂਕਾ ਜੱਥੇਬੰਦੀ ਦਾ ਇਕ ਮਹੱਤਵਪੂਰਨ ਭਾਗ ਸੀ। ਸਤਿਗੁਰੂ ਰਾਮ ਸਿੰਘ ਤੋਂ ਉਸਨੇ ਨਿਰਭੈਤਾ ਦਾ ਦਾਨ ਲੈ ਕੇ, ਵੱਡੇ ਕਾਰਜ ਕੀਤੇ। ਉਸ ਆਪਣਾ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਇਆ ਸੀ।

## -ਹਵਾਲੇ ਤੇ ਟਿੱਪਣੀਆਂ-


1. ਜਸਵਿੰਦਰ ਸਿੰਘ (ਸੰਪਾਦਕ), ਕੂਕਾ ਮੂਵਮੈਂਟ ਐਂਡ ਦਾ ਮੈਕਲੱਬ ਰੀਪੋਰਟ, ਆਰਸੀ ਪਬਲਿਸ਼ਰਜ਼ ਨਿਊ ਦੇਹਲੀ- 2016, ਨਰਾਇਣ ਸਿੰਘ, ਐਕਸਟਰਾ ਅਸਿਸਟੈਂਟ ਕਮਿਸ਼ਨਰ ਦੀ ਸਟੇਟਮੈਂਟ ਦਾ ਅੰਬਾਲਾ ਦੇ ਕਮਿਸ਼ਨਰ ਫੋਰ ਸਿੱਥ ਵੱਲੋਂ ਅੰਗਰੇਜ਼ੀ ਅਨੁਵਾਦ ਜੋ ਉਸਨੇ 3 ਅਪਰੈਲ 1872 ਨੂੰ ਪੰਜਾਬ ਪੁਲੀਸ ਦੇ ਆਈ.ਜੀ, ਲੈਫਟੀਨੈਂਟ ਕਰਨਲ, ਜੀ. ਹਚਿਨਸਨ ਨੂੰ ਭੇਜਿਆ, ਸਫਾ 153-54
2. ਉਪਰੋਕਤ, 6 ਮਈ 1872 ਨੂੰ ਆਈ.ਜੀ. ਹਚਿਨਸਨ ਵੱਲੋਂ, ਜੇ.ਡਬਲਯੂ ਮੈਕਲੱਬ ਨੂੰ ਜੋ ਹੁਣ ਸ਼ਿਮਲੇ ਦਾ ਡਿਪਟੀ ਕਮਿਸ਼ਨਰ ਹੈ ਭੇਜਿਆ ਵਿਸਤਰਿਤ ਪੱਤਰ ਜੋ ਮੈਕਨੱਬ ਰੀਪੋਰਟ ਦੀ ਅੰਤਿਕਾ 9 ਵਿੱਚ ਦਰਜ਼ ਹੈ, ਪਿੰਡ ਧੁੰਨੀ (ਗੁਜਰਾਂਵਾਲਾ-ਪਾਕਿਸਤਾਨ) ਦੇ ਵੈਸਾਖਾ ਸਿੰਘ ਪੁੱਤਰ ਮੇਘ ਸਿੰਘ ਥੋਥੜ, ਜੋ ਸੂਬਾ ਬ੍ਰਹਮਾਂ ਸਿੰਘ ਦਾ ਘੋੜੇ ਸਾਂਭਣ ਵਾਲਾ ਸਾਈਸ ਸੀ ਉਸ ਦਾ ਬਿਆਨ, ਸਫਾ 274
3. ਉਪਰੋਕਤ, ਸਫਾ 268 ਤੋਂ 271
4. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ-ਭਾਗ ਦੂਜਾ (ਸੰਪਾਦਿਤ-ਜਸਵਿੰਦਰ ਸਿੰਘ), ਸਫਾ 371-72 5. ਉਪਰੋਕਤ, ਸਫਾ 372

# ਕੂਕਾ ਵੀਰਾਂਗਣਾਂ- ਮਾਈ ਅਤਰ ਕੌਰ, ਮਾਈਸਰ ਖਾਨਾ

ਇਤਿਹਾਸ ਕੇਵਲ ਕੁਝ ਵਿਅਕਤੀਆਂ, ਅਸਥਾਨਾਂ ਦੇ ਨਾਵਾਂ ਜਾਂ ਘਟਨਾਵਾਂ ਦੀ ਪੇਸ਼ਕਾਰੀ ਹੀ ਨਹੀਂ ਹੁੰਦੀ ਸਗੋਂ ਮਨੁੱਖੀ ਮਨ ਦੇ ਅਨੇਕ ਉਤਰਾਵਾਂ, ਚੜ੍ਹਾਵਾਂ ਦਾ ਪਰਤੌ ਵੀ ਹੁੰਦਾ ਹੈ। ਸਾਡੀਆਂ ਮਨ ਚਿਤਵੀਆਂ ਆਸ਼ਾਵਾਂ, ਉਮੰਗਾਂ, ਉਹ ਬੇਸ਼ੱਕ ਪੂਰੀਆਂ ਹੋਈਆਂ ਜਾਂ ਅਧੂਰੀਆਂ ਰਹੀਆਂ, ਉਹਨਾਂ ਦਾ ਚਿਤਰਣ ਵੀ ਹੁੰਦਾ ਹੈ ਤੇ ਕਿਸੇ ਖਿੱਤੇ ਵਿਸ਼ੇਸ਼ ਵਿੱਚ ਰਹਿਣ ਵਾਲੇ, ਭਾਸ਼ਾ, ਧਰਮ, ਸੰਸਕਾਰਾਂ, ਮਨਾਉਤਾਂ ਨਾਲ ਜੁੜੇ ਲੋਕਾਂ ਦਾ ਇੱਕ ਸੱਭਿਆਚਾਰਕ ਸਮੂਹ ਵੀ ਹੁੰਦਾ ਹੈ, ਜਿਹਨਾਂ ਦਾ ਖਾਣ-ਪਾਣ, ਆਸ਼ਾ ਉਪਾਸਨਾ ਦੇ ਸਾਧਨ ਅਤੇ ਇਸ਼ਟ ਵੀ ਇੱਕ ਹੁੰਦਾ ਹੈ ਅਤੇ ਰੋਟੀ ਰਿਜ਼ਕ ਹਾਸਲ ਕਰਨ ਦੇ ਵਸੀਲੇ ਵੀ ਤਕਰੀਬਨ ਰਲਦੇ ਮਿਲਦੇ ਹਨ। ਇਸ ਸੱਭਿਆਚਾਰਕ ਇਕਾਈ ਦੀ ਜੇ ਰਾਜਨੀਤਕ ਆਰਥਿਕ ਸੋਚ ਵੀ ਇੱਕ ਹੋ ਜਾਵੇ ਤਾਂ ਇਹ ਇੱਕ ਬੜਾ ਗੁੰਦਵਾਂ ਭਾਈਚਾਰਾ ਬਣ ਜਾਂਦਾ ਹੈ। ਇਸ ਤਰ੍ਹਾਂ ਦਾ ਭਾਈਚਾਰਕ ਸੰਗਠਨ, ਆਪਣੀਆਂ ਸਮੂਹਿਕ ਮਿੱਠੀਆਂ ਕੌੜੀਆਂ ਯਾਦਾਂ ਵੀ ਵਿਕਸਿਤ ਕਰ ਲੈਂਦਾ ਹੈ, ਇੱਕ ਸੋਚ ਤੇ ਨਿਸ਼ਾਨੇ ਤੇ ਆਧਾਰਿਤ, ਸਮੂਹਿਕ ਅਵਚੇਤਨ ਦਾ ਨਿਰਮਾਣ ਵੀ ਕਰ ਲੈਂਦਾ ਹੈ, ਜੋ ਇਤਿਹਾਸ ਦੇ ਕੇਂਦਰੀ ਪਾਤਰਾਂ ਦੇ ਰੰਗ ਮੰਚ ਤੋਂ ਅਲੋਪ ਹੋਣ ਬਾਅਦ ਵੀ ਊਰਜਿਤ ਕਰਨ ਵਾਲੀਆਂ ਆਪਣੀਆਂ ਯਾਦਾਂ ਦੇ ਨਾਲ ਨਾਲ, ਆਪਣੀ ਭਾਵਨਾਤਮਕ ਮੌਜੂਦਗੀ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੇਸ਼ ਦੀ ਆਜ਼ਾਦੀ ਅਤੇ ਸਿੱਖ ਪੁਨਰ ਜਾਗਰਣ ਲਈ ਸਾਜਿਆ, ਕੂਕਾ ਪੰਥ ਜਾਂ ਨਾਮਧਾਰੀ ਸੰਤ ਖਾਲਸਾ ਅਜਿਹਾ ਹੀ ਇੱਕ ਸੰਗਠਿਤ ਜਨ ਸਮੁਦਾਇ ਹੈ।

ਸ਼ਹੀਦ ਭਗਤ ਸਿੰਘ ਹੋਰਾਂ ਨੂੰ ਜਦੋਂ ਅੰਤਿਮ ਸਮੇਂ, ਲਾਹੌਰ ਜਿਹਲ ਵਿੱਚੋਂ ਕੱਢਣ ਦੀ ਸਾਥੀਆਂ ਦੀ ਯੋਜਨਾ ਦਾ ਪਤਾ ਲੱਗਾ ਤਾਂ ਉਹਨਾਂ ਕਿਹਾ ਸੀ ਕਿ ਆਪਣੇ ਜੀਵਨ ਦਾ ਮਨੋਰਥ, ਕੌਮੀ ਆਜ਼ਾਦੀ ਹਾਸਿਲ ਕਰਨ ਲਈ, ਹੁਣ ਮੇਰਾ ਚਲੇ ਜਾਣਾ ਬਹੁਤ ਠੀਕ ਰਹੇਗਾ। ਭਗਤ ਸਿੰਘ ਇੱਕ ਸੁਚੇਤ ਕ੍ਰਾਂਤੀਕਾਰੀ ਸੀ ਤੇ ਮਨੁੱਖ ਦੇ ਜੀਵਨ ਵਿੱਚ ਆਉਣ ਵਾਲੇ ਅਣਕਿਆਸੇ ਪਰਿਵਰਤਨਾਂ ਤੋਂ ਵੀ ਉਹ ਜਾਣੂ ਸੀ। ਇਤਿਹਾਸ ਵਿੱਚ ਅਜਿਹੇ ਬਹੁਤ ਪਾਤਰ ਮਿਲਦੇ ਹਨ ਜਿਹੜੇ ਮਹਾਨਤਾ ਦੀ ਟੀਸੀ ਤੇ ਬਿਰਾਜਮਾਨ ਹੁੰਦਿਆਂ

ਹੁੰਦਿਆਂ ਰਹਿ ਗਏ। ਆਖਰੀ ਸਮੇਂ ਵਿੱਚ ਉਹ ਆਪਣੀ ਮਹਾਨਤਾ ਹੱਥੋਂ ਹੀ ਛਲੇ ਗਏ ਸਨ। ਪਰ ਕੀ ਐਸੇ ਤ੍ਰਾਸਦਿਕ ਪਾਤਰਾਂ ਦੇ ਜੀਵਨ ਭਰ ਦੀ ਸਾਰੀ ਕਾਰਗੁਜ਼ਾਰੀ ਨੂੰ, ਜਿਹੜੀ ਉਹਨਾਂ ਕਦੇ ਵੇਲੇ ਦੀਆਂ ਜਾਬਰ ਤਾਕਤਾਂ ਦੇ ਵਿਰੁੱਧ ਮਨੁੱਖੀ ਮੁਕਤੀ ਲਈ ਵੱਡੇ ਘੋਲ ਲੜਦਿਆਂ ਕੀਤੀ ਹੋਵੇ, ਉਹਨਾਂ ਦੇ ਜੀਵਨ ਵਿੱਚ ਦੋਖੀਆਂ ਵਲੋਂ ਸਾਜ਼ਿਸ਼ੀ ਢੰਗ ਨਾਲ ਪਾ ਦਿੱਤੇ ਕਿਸੇ ਭਿਆਨਕ ਭੁਲੇਖੇ ਕਾਰਨ, ਇੱਕ ਵਾਢਿਉਂ ਹੀ ਰੱਦ ਕਰ ਦੇਣਾ ਚਾਹੀਦਾ ਹੈ। ਬੇਸ਼ੱਕ ਇਤਿਹਾਸ ਕੁਝ ਬੱਜਰ ਗ਼ਲਤੀਆਂ ਦੀ ਮੁਆਫੀ ਤਾਂ ਨਹੀਂ ਦਿੰਦਾ ਪਰ ਆਪਣੇ ਇਤਿਹਾਸ ਦੀਆਂ ਬਾਰੀਕੀਆਂ ਨੂੰ ਸਮਝਣ ਲਈ, ਸਾਨੂੰ ਅਜਿਹੇ ਇਤਿਹਾਸਿਕ ਪਾਤਰਾਂ ਪ੍ਰਤੀ ਵੀ ਇੱਕ ਸੰਤੁਲਿਤ ਸੋਚ ਬਣਾ ਕੇ, ਉਹਨਾਂ ਦੇ ਜੀਵਨ ਭਰ ਦੇ ਕਾਰਜਾਂ ਦਾ ਲੇਖਾ ਜੋਖਾ ਕਰਨਾ ਬਣਦਾ ਹੈ।

ਉਪਰੋਕਤ ਸੋਚ ਦੇ ਤਹਿਤ ਹੀ ਮੈਂ ਇੱਕ ਕੂਕਾ ਵੀਰਾਂਗਣਾਂ, ਮਾਈ ਅਤਰੀ ਜਾਂ ਬੀਬੀ ਅਤਰ ਕੌਰ ਬਾਰੇ ਕੁਝ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਾਂਗਾ। ਅੰਗਰੇਜ਼ੀ ਰਾਜ ਸਮੇਂ, ਰਿਆਸਤ ਪਟਿਆਲਾ ਦੀ ਨਜ਼ਾਮਤ (ਜ਼ਿਲ੍ਹਾ) ਬਰਨਾਲਾ, ਤਸੀਲ ਬਠਿੰਡਾ ਅਤੇ ਥਾਣਾ ਰਾਮਾ ਦਾ ਪਿੰਡ ਮਾਈਸਰ ਖਾਨਾ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਮਾਲਵਾ ਦੌਰੇ ਸਮੇਂ ਇੱਥੇ ਚਰਨ ਪਾਏ ਸਨ। ਦਸਵੇਂ ਪਾਤਸ਼ਾਹ ਦੀ ਯਾਦ ਵਿੱਚ ਵੀ ਪਿੰਡ ਵਿੱਚ ਇੱਕ ਗੁਰਦੁਆਰਾ ਬਣਿਆ ਹੈ। ਪਿੰਡ ਵਿੱਚ ਇੱਕ ਦੇਵੀ ਦਾ ਮੰਦਰ ਵੀ ਹੈ। ਇਸ ਲਈ ਚੇਤਰ-ਵਿਸਾਖ ਦੇ ਮਹੀਨੇ ਇੱਥੇ ਮੇਲਾ ਵੀ ਲੱਗਦਾ ਹੈ, ਜਿਸ ਕਾਰਨ ਇਹ ਮਾਲਵੇ ਦਾ ਮਸ਼ਹੂਰ ਪਿੰਡ ਹੈ। ਅੱਜ ਕੱਲ੍ਹ ਇਹ ਪਿੰਡ ਬਠਿੰਡਾ ਤੋਂ ਮਾਨਸਾ ਜਾਣ ਵਾਲੀ ਸੜਕ ਤੇ ਮੌੜ ਮੰਡੀ ਦੇ ਨਜ਼ਦੀਕ ਹੈ। ਇਸ ਪਿੰਡ ਦਾ ਬਰਾੜ ਗੋਤ ਦਾ ਜ਼ਿਮੀਦਾਰ ਰਾਮ ਸਿੰਘ ਜਾਂ ਹਰਨਾਮ ਸਿੰਘ ਸੀ ਕਿਉਂਕਿ ਰੀਕਾਰਡ ਵਿੱਚ ਦੋਵੇਂ ਨਾਮ ਮਿਲਦੇ ਹਨ। ਹੋ ਸੱਕਦਾ ਹੈ ਕਿ ਉਸਦਾ ਪਹਿਲਾ ਨਾਂ ਰਾਮ ਸਿੰਘ ਹੋਵੇ ਅਤੇ ਜਦੋਂ ਉਹ ਕੂਕਾ ਸਿੰਘ ਸਜਿਆ ਤਾਂ ਕਿਉਂਕਿ ਇਹ ਸਤਿਗੁਰੂ ਜੀ ਦਾ ਨਾਮ ਸੀ, ਆਪਣਾ ਨਾਮ ਹਰਨਾਮ ਸਿੰਘ ਕਰ ਲਿਆ ਹੋਵੇ।ਉਸਦੇ ਛੋਟੇ ਭਾਈ ਦਾ ਨਾਮ ਮਨੀ ਸਿੰਘ ਸੀ। ਮਾਲੂਮ ਹੁੰਦਾ ਹੈ ਕਿ ਗੁਆਂਢ ਵਿੱਚ ਹੀ ਸਿੱਖ ਤੀਰਥ ਅਸਥਾਨ ਦਮਦਮਾ ਸਾਹਿਬ, ਤਲਵੰਡੀ ਸਾਬੋ ਹੋਣ ਕਾਰਨ ਉਥੋਂ ਭਾਈ ਮਨੀ ਸਿੰਘ ਨੇ ਗੁਰਬਾਣੀ ਪੜ੍ਹਨ ਲਿਖਣ ਦੀ ਸੰਥਿਆ ਲਈ ਹੋਵੇਗੀ ਕਿਉਂਕਿ ਉਸ ਸਮੇਂ ਦਮਦਮਾ ਸਾਹਿਬ ਵਿਖੇ ਗੁਰਬਾਣੀ ਦੀਆਂ ਪੋਥੀਆਂ ਹੱਥ ਨਾਲ ਹੀ ਲਿਖੀਆਂ ਜਾਂਦੀਆਂ ਸਨ। ਮਨੀ ਸਿੰਘ ਦੀ ਲਿਖਤ ਖੁਸ਼ਖੱਤ ਸੀ ਅਤੇ ਉਹ ਆਪਣੇ ਵਿਹਲੇ ਸਮੇਂ ਗੁਰਬਾਣੀ ਪੜ੍ਹਨ ਅਤੇ ਪੋਥੀਆਂ ਲਿਖਣ ਦਾ ਕਾਰਜ ਵੀ ਕਰਦਾ ਸੀ,

ਜਿਹਾ ਕਿ ਉਸਨੂੰ ਲਿਖੇ ਇੱਕ ਹੁਕਮਨਾਮੇ ਵਿੱਚ ਸਤਿਗੁਰੂ ਜੀ ਇਸ ਦਾ ਜ਼ਿਕਰ ਕਰਦੇ ਹਨ।[1]

ਬੀਬੀ ਅਤਰ ਕੌਰ ਦਾ ਜਨਮ, ਮਾਈਸਰ ਖਾਨੇ ਪਿੰਡ ਦੇ ਰਾਮ ਸਿੰਘ ਉਰਫ ਹਰਨਾਮ ਸਿੰਘ ਦੇ ਭਰਾ ਗਿਆਨ ਸਿੰਘ ਦੇ ਘਰ ਸੰਨ 1854-55 ਈ. ਅਨੁਮਾਨਿਤ ਹੈ। ਬਚਪਨ ਵਿੱਚ ਉਸ ਨੇ ਗੁਰਮੁਖੀ ਵਿੱਦਿਆ ਅਤੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਆਪਣੇ ਚਾਚੇ ਮਨੀ ਸਿੰਘ ਤੋਂ ਸਿੱਖਿਆ ਸੀ। ਬਚਪਨ ਤੋਂ ਹੀ ਹੁੰਦੜ ਹੇਲ ਸੀ। ਮਾਲਵੇ ਵਿੱਚ ਜਿਵੇਂ ਜਿਵੇਂ ਨਾਮਧਾਰੀ ਸਿੱਖੀ ਦਾ ਪਰਚਾਰ ਹੋਇਆ ਆਮ ਲੋਕ ਕੂਕਾ ਲਹਿਰ ਵੱਲ ਆਕ੍ਰਸ਼ਿਤ ਹੋ ਰਹੇ ਸਨ। ਮੁਕਤਸਰ ਸਾਹਿਬ ਦੀ ਮਾਘੀ ਤੇ ਜਾਂਦਿਆਂ ਜਾਂ ਆਉਂਦਿਆਂ ਸਤਿਗੁਰੂ ਜੀ ਮਾਲਵੇ ਦੇ ਪਿੰਡਾਂ ਦਾ ਦੌਰਾ ਕਰਦੇ ਸਨ। ਇਸ ਤਰ੍ਹਾਂ ਹੀ ਕਿਸੇ ਸਮੇਂ ਮਾਈਸਰ ਖਾਨੇ ਵਿੱਚ ਵੀ ਕੁਝ ਮਾਈ ਭਾਈ ਕੂਕੇ ਬਣੇ ਅਤੇ ਫਿਰ ਇੱਕ ਸਮਾਂ ਐਸਾ ਆਇਆ ਕਿ ਸਾਰਾ ਪਿੰਡ ਹੀ ਕੂਕਾ ਹੋ ਗਿਆ। ਬੀਬੀ ਅਤਰ ਕੌਰ ਵੀ ਨਾਮਧਾਰੀ ਸਿੱਖੀ ਦੇ ਇਸੇ ਪ੍ਰਭਾਵ ਖੇਤਰ ਵਿੱਚ ਬਚਪਨ ਤੋਂ ਜੁਆਨੀ ਵੱਲ ਵਧ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਦਿਆਂ ਹੀ ਹਰ ਕੋਈ ਆਸਥਾਵਾਨ ਮਾਈ ਭਾਈ, ਉਹਨਾਂ ਦਾ ਹੀ ਹੋ ਜਾਂਦਾ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਸੰਨ 1871 ਚੜ੍ਹਦਿਆਂ ਤੱਕ ਸਰੀਰ ਕਰਕੇ ਠੀਕ ਨਹੀਂ ਰਹਿੰਦੇ ਸਨ। ਉਹਨਾਂ ਦੀਆਂ ਦੋਹਾਂ ਪੁੱਤਰੀਆਂ ਵਿੱਚੋਂ ਛੋਟੀ ਦੈਆ ਕੌਰ ਕੁਝ ਵਰ੍ਹੇ ਹੀ ਪਹਿਲਾਂ ਚਲਾਣਾ ਕਰ ਗਈ ਸੀ। ਆਪਦਾ ਇੱਕ ਲੜਕਾ ਸੀ ਜੋ 1845 ਈ. ਵਿੱਚ ਅੱਠਾਂ ਕੁ ਦਿਨਾਂ ਦਾ ਹੋ ਕੇ ਚੜ੍ਹਾਈ ਕਰ ਗਿਆ ਸੀ। ਮਾਲਵੇ ਦੇ ਸਿੰਘਾਂ ਨੇ ਸੂਬਾ ਗਿਆਨੀ ਸਿੰਘ ਉਰਫ ਰਤਨ ਸਿੰਘ ਮੰਡੀ ਕਲਾਂ ਨਾਲ ਇਹ ਰੀਝ ਸਾਂਝੀ ਕੀਤੀ ਕਿ ਸਤਿਗੁਰੂ ਜੀ ਦੇ ਘਰ ਕੋਈ ਸਾਹਿਬਜ਼ਾਦਾ ਖੇਡਦਾ ਵੇਖੀਏ। ਇਸ ਲਈ ਸਿੰਘਾਂ ਦੇ ਕਹਿਣ ਤੇ ਭਾਈ ਗਿਆਨ ਸਿੰਘ ਮਾਈਸਰ ਖਾਨਾ ਆਪਣੀ ਲੜਕੀ ਬੀਬੀ ਅਤਰ ਕੌਰ ਦਾ ਰਿਸ਼ਤਾ, ਸਤਿਗੁਰੂ ਜੀ ਨੂੰ ਕਰਨ ਲਈ ਤਿਆਰ ਹੋ ਗਿਆ। ਸੰਨ 1871 ਈ. ਦੀ ਵੈਸਾਖੀ ਤੇ ਸਤਿਗੁਰੂ ਜੀ ਨੇ ਦਮਦਮੇ ਸਾਹਿਬ ਗੁਰੂ ਧਾਮ ਦੀ ਯਾਤਰਾ ਕੀਤੀ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਕੂਕਿਆਂ ਨੇ ਦੀਵਾਨ ਵਿੱਚ ਭਾਗ ਲਿਆ। ਇਸ ਮੇਲੇ ਦੀ ਸਮਾਪਤੀ ਤੇ ਸੰਗਤ ਵਿੱਚੋਂ ਕੁਝ ਸਰੀਰਾਂ ਨੇ ਫਿਰ ਸੂਬਾ ਗਿਆਨੀ ਸਿੰਘ ਜੀ ਨੂੰ ਅਰਜ਼ ਕਰਨ ਲਈ ਕਿਹਾ। "ਗਿਆਨਾ ਸਿੰਘ ਨੇ ਅਰਜ਼ ਕੀਤੀ ਜੀ ਤੁਸੀਂ ਅਨੰਦ ਪੜਾਇ ਲਵੋ। ਜ਼ਿਮੀਦਾਰਾਂ ਦੀਆਂ ਲੜਕੀਆਂ ਤਿਆਰ ਕੀਤੀਆਂ ਹੈਨ। ਦੀਨਾ ਨਾਥ ਜੀ ਬਚਨ ਕੀਤਾ ਸਾਡੀ ਸਲਾਹ ਨਹੀਂ ਹੈ।

ਸਾਨੂੰ ਬਿੱਲੇ ਫੜ ਕੇ ਲੈ ਜਾਣਗੇ।"[2]

ਦਮਦਮੇ ਸਾਹਿਬ ਤੋਂ ਸਤਿਗੁਰੂ ਜੀ ਸੂਬਾ ਖੁਸ਼ਹਾਲ ਸਿੰਘ ਹੋਰਾਂ ਦੇ ਪਿੰਡ ਥਰਾਜ, ਇਲਾਕਾ ਰੋੜੀ, ਜ਼ਿਲ੍ਹਾ ਸਿਰਸਾ ਦਾ ਦੌਰਾ ਕਰਦਿਆਂ, ਬੜਾ ਗੂੜ੍ਹਾ, ਸੁਖਚੈਨ, ਸੂਰਤੀਆ ਆਦਿ ਇਸ ਜ਼ਿਲ੍ਹੇ ਦੇ ਪਿੰਡਾਂ ਵਿੱਚ ਦਰਸ਼ਨ ਉਪਦੇਸ਼ ਦਿੰਦਿਆਂ ਫਿਰ ਨੰਗਲੇ ਦੀ ਢਾਬ ਤੇ ਮਸਤਾਨਾ ਜਥੇ ਨਾਲ ਕਉਤਕ ਵਰਤਾਇਆ। ਗੁਰਦਿੱਤ ਸਿੰਘ ਦੇ ਪਿੰਡ ਕਸਾਈਵਾੜੇ (ਕਰਤਾਰਗੜ੍ਹ) ਮਸਤਾਨਿਆਂ ਨੂੰ ਖੁਸ਼ੀਆਂ ਦਿੱਤੀਆਂ, ਪਰਸ਼ਾਦ ਛਕਾਇਆ। ਇਸੇ ਦੌਰੇ ਵਿੱਚ "ਸਤਿਗੁਰੂ ਜੀ ਮਾਈਸਰ ਖਾਨੇ ਪੜਾਉ ਕੀਤਾ। ਗਿਆਨਾ ਸਿੰਘ (ਭਾਵ- ਸੂਬਾ ਗਿਆਨੀ ਸਿੰਘ ਜਾਂ ਰਤਨ ਸਿੰਘ) ਨੇ ਸ੍ਰੀ ਸਤਿਗੁਰੂ ਜੀ ਅੱਗੇ ਫੇਰ ਅਨੰਦ ਪੜ੍ਹਾਉਣ ਦੀ ਅਰਜ਼ ਕੀਤੀ।ਗੁਰੂ ਜੀ ਬਚਨ ਕੀਤਾ- ਗਿਆਨਾ ਸਿੰਘ ਏਹ ਗੱਲ ਨਹੀਂ ਕਰਨੀ ਹੈ। ਸਾਡਾ ਏਕ ਗਾਨਾ ਬੱਧਾ ਹੋਇਆ ਹੈ। ਜੇਕਰ ਇਹ ਪੂਰਾ ਹੋ ਗਿਆ ਤਾਂ ਇੱਕ ਕੀ ਅਨੇਕਾਂ ਗਾਨੇ ਬੰਨਾਂਗੇ। ਗਿਆਨਾ ਸਿੰਘ ਤੂੰ ਮੈਨੂੰ ਬਹੁਤ ਅਕਾਉਂਦਾ ਹੈਂ। ਮੈਂ ਤੈਨੂੰ ਸਰਾਫ ਦੇਊਂਗਾ। ਗਿਆਨਾ ਸਿੰਘ ਨੇ ਕਹਿਆ- ਜੀ ਮੈਨੂੰ ਨਹੀਂ ਧੁਆਡਾ ਸਰਾਫ ਲੱਗਦਾ। ਬਚਨ ਹੋਇਆ ਕਿਉਂ ਨਹੀਂ ਲਗਦਾ ਹੈ? ਕਹਾ ਕਿ ਜੇ ਤੂੰ ਗੋਬਿੰਦ ਹੈਂ ਤਾਂ ਤੇਰੇ ਰੰਗ ਵਿਚ ਮੈਂ ਗੁਧਾ ਹੋਇਆ ਹਾਂ। ਜੇਕਰ ਮਨੁੱਖ ਹੈਂ ਤਾਂ ਭੀ ਨਹੀਂ ਲੱਗਦਾ। ਦੀਨਾ ਨਾਥ ਜੀ ਬਚਨ ਕੀਤਾ- ਜੋ ਪੜ੍ਹਿਆ ਹੋਇਆ ਹੁੰਦਾ ਹੈ, ਜੈਸੇ ਬੰਦਰ ਪਿੱਠ ਪਰਣੇ ਸਿੱਟੀਏ ਤਾਂ ਭੀ ਪੈਰਾਂ ਭਾਰ ਡਿੱਗਦਾ ਹੈ।

"ਕੁੜੀ ਦੇ ਪਿਉ ਨੂੰ ਸੱਦ ਕੇ ਬਚਨ ਕੀਤਾ- ਮੈਂ ਤਾਂ ਤਰਖਾਣ ਹਾਂ, ਤੁਸੀਂ ਬੈਰਾੜ (ਸਿੱਧੂ) ਹੋ। ਧੁਆਨੂੰ ਕਬੀਲਾ ਦੁੱਖ ਦੇਊਗਾ। ਸਰਕਾਰ ਦੁੱਖ ਦੇਵੇਗੀ। ਸਾਡਾ ਤਾਂ ਏਥੇ ਕੋਈ ਦਿਨ ਦਾ ਹੀ ਰਹਿਣਾ ਹੈ। ਮੇਰੇ ਨਾਲ ਕੀ ਸੁਖ ਪਾਊਗੀ। ਸਾਡੇ ਨਾਲ ਵਿਆਹ ਕਰਾਉਣਾ ਅਜਰ ਜਰਨਾ ਹੈ। ਜੋ ਅਜਰ ਜਰੇ ਸੋ ਸਾਡੇ ਨਾਲ ਵਿਆਹ ਕਰਵਾਵੇ। ਏਤਨੇ ਕੁ ਬਚਨ ਕਰਕੇ ਸ੍ਰੀ ਸਤਿਗੁਰੂ ਜੀ ਚੁੱਪ ਕਰ ਗਏ।"[3]

ਦਮਦਮਾ ਸਾਹਿਬ ਦੀ ਵਿਸਾਖੀ ਤੇ ਹੋਇਆ ਗਿਆਨਾ ਸਿੰਘ ਹੋਰਾਂ ਦਾ ਇਹ ਬਚਨ ਅਤੇ ਸਤਿਗੁਰੂ ਜੀ ਦਾ ਇਨਕਾਰ, ਸੂਬਾ ਗਿਆਨਾ ਸਿੰਘ ਹੋਰਾਂ ਅਤੇ ਹੋਰ ਇਲਾਕਾਈ ਸੰਗਤ ਦੀ ਇਸ ਮੰਗ ਬਾਰੇ ਤੀਬਰਤਾ, ਬਾਹੋਵਾਲ ਜੀ ਅਨੁਸਾਰ, ਇਹ ਖ਼ਬਰ ਗਿੱਲ (ਸਿਆਲਕੋਟ) ਪਿੰਡ ਵਿਖੇ ਡੇਰਾ ਬਣਾ ਕੇ ਰਹਿੰਦੇ, ਸੈਨਿਕ ਜੀਵਨ ਸਮੇਂ ਲਾਹੌਰ ਦੇ ਸਾਥੀ, ਸੂਬਾ ਜਮੀਅਤ ਸਿੰਘ ਹੋਰਾਂ ਤੱਕ ਵੀ ਪੁੱਜੀ। ਉਸਨੇ ਮੈਂਗਲ ਸਿੰਘ ਨਾਮੇ ਆਪਣਾ ਇੱਕ ਸਿੱਖ ਸਤਿਗੁਰੂ ਜੀ ਪਾਸ, ਚੱਲ ਰਹੇ ਮਾਲਵੇ ਦੇ ਦੌਰੇ ਵਿੱਚ ਹੀ ਭੇਜਿਆ ਕਿ

ਬਾਬਾ ਜੀ ਵੀ ਆਪ ਦੀ ਹੀ ਦਲੀਲ ਨਾਲ ਸਹਿਮਤ ਹਨ, ਹੁਣ ਅਨੰਦ ਵਾਲਾ ਸਮਾਂ ਨਹੀਂ। ਸਤਿਗੁਰੂ ਜੀ ਨੇ ਮੈਂਗਲ ਸਿੰਘ ਦੀ ਗੱਲ ਸੁਣ ਕੇ ਉਸਨੂੰ ਆਪਣੀ ਸਥਿਤੀ ਬਾਰੇ ਦੱਸਿਆ, ਨਾਲ ਹੀ ਇਹ ਵੀ ਕਿਹਾ ਕਿ ਗਿਆਨਾ ਸਿੰਘ ਅਤੇ ਉਸਦੇ ਸੰਗੀ ਸਾਥੀ ਇਸ ਗੱਲ ਦੀ ਜ਼ਿੱਦ ਕਰੀ ਬੈਠੇ ਹਨ। "ਦੀਨਾ ਨਾਥ ਜੀ ਬਚਨ ਕੀਤਾ ਤੂੰ ਹੁਣ ਇਸੀ ਵਕਤ ਮੁੜ ਜਾਓ। ਜੇਕਰ ਮਲਵਈਆਂ ਨੇ ਸੁਣ ਲਿਆ ਕਿ ਏਹ ਹਟਾਉਂਦਾ ਹੈ ਤਾਂ ਤੈਨੂੰ ਮਾਰ ਦੇਣਗੇ। ਸੁਣਦੇ ਸਾਰ ਅਸਵਾਰ ਹੋਇਕੇ ਚਲਾ ਗਿਆ ਪਿਛਾਂਹ ਨੂੰ ਮੈਂਗਲ ਸਿੰਘ।"[4]

ਸਤਿਗੁਰੂ ਜੀ ਇਸ ਸਮੇਂ ਤੱਕ ਕੂਕਾ ਲਹਿਰ ਦੇ ਰਾਜਸੀ ਨਿਸ਼ਾਨੇ, ਪੰਜਾਬ ਵਿੱਚੋਂ ਫਰੰਗੀ ਸਰਕਾਰ ਦੇ ਖ਼ਾਤਮੇ ਅਤੇ ਆਪਣੇ ਲੋਕਾਂ ਦੀ ਅਗਵਾਈ ਵਾਲੇ, ਸਮਤਾ ਮੂਲਕ, ਹਲੇਮੀ ਰਾਜ ਦੀ ਪੰਜਾਬ ਵਿੱਚ ਸਥਾਪਨਾ ਲਈ, ਰਣ ਤੱਤੇ ਵਿੱਚ ਉਹਨਾਂ ਦਾ ਇਹੋ ਇੱਕ ਮਾਤਰ ਗਾਨਾ ਸੀ ਜੋ ਉਹਨਾਂ ਨੇ ਬੱਧਾ ਸੀ। ਮਾਤਾ ਪਿਤਾ ਦੇ ਨਰ ਸੰਤਾਨ ਵਾਲੇ ਮੋਹ ਤੋਂ ਆਪ ਜੀ ਬਹੁਤ ਪਹਿਲਾਂ ਉਪਰ ਉੱਠ ਚੁੱਕੇ ਸਨ। ਹਾਲਾਂ ਕਿ ਆਪ ਦੇ ਘਰ ਜਾਂ ਆਪਦੇ ਭਾਈ ਬੁੱਧ ਸਿੰਘ ਦੇ ਵਿਹੜੇ ਪੋਤਰੇ ਵੇਖਣ ਦੀ ਖ਼ਾਹਿਸ਼, ਪਿਤਾ ਬਾਬਾ ਜੱਸਾ ਸਿੰਘ ਦੁਹਰਾ ਚੁੱਕੇ ਸਨ, ਕਈ ਵੇਰ। ਉਸ ਦੀ ਇਹ ਖਾਹਿਸ਼ ਮਹਾਰਾਜ ਬੁੱਧ ਸਿੰਘ ਜੀ (ਗੁਰੂ ਹਰੀ ਸਿੰਘ ਜੀ) ਦੁਆਰਾ ਪੂਰੀ ਹੋਣ ਦਾ ਸੰਕੇਤ ਸਤਿਗੁਰੂ ਜੀ ਦੇ ਚੁੱਕੇ ਸਨ। ਆਪ ਦੇ ਮਹਿਲ ਮਾਤਾ ਜੱਸਾਂ ਜੀ ਦੇ ਇਹ ਮੰਗ ਦੁਹਰਾਉਣ ਦਾ ਵੀ ਜ਼ਿਕਰ ਸਾਡਾ ਇਤਿਹਾਸ ਕਰਦਾ ਹੈ। ਮਾਤਾ ਜੱਸਾਂ ਦੇ ਪੁੱਤਰਾਂ ਦੀ ਮੰਗ ਤੇ ਕਹਿੰਦੇ ਹਨ ਕਿ ਇਹ ਸਾਰੇ ਸਿੰਘ ਸਾਡੇ ਪੁੱਤਰ ਹੈਨ। "ਜੋ ਸੁਖ ਸਾਨੂੰ ਪੁੱਤਰਾਂ ਨੇ ਦੇਣਾ ਸੀ ਸੋ ਸੁਖ ਸਾਨੂੰ ਖ਼ਾਲਸਾ ਦੇਵੇਗਾ।"[5]

ਸੂਬਾ ਪੰਚਾਇਤ ਦਾ ਮੁਖੀ, ਸੂਬਾ ਜਵਾਹਰ ਸਿੰਘ ਵੀ ਇਸ ਘਟਨਾ ਤੇ ਚਿੰਤਾਤੁਰ ਹੋਇਆ।"ਪੁੱਛਣ ਲੱਗਾ ਕਿ ਸਿੰਘ ਕਹਿੰਦੇ ਹੈਂ ਅਨੰਦ ਪੜਾਉਣ ਲੱਗੇ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਬਾਬਾ ਅਸੀਂ ਤਾਂ ਛਾਪਾ ਮਗਰੋਂ ਲਾਹਿਆ ਹੈ। ਅਜੇ ਤਾਂ ਹੋਰ ਕਾਰ ਤੁਰਨੀ ਹੈ। ਬਾਬੇ ਗਿਆਨਾ ਸਿੰਘ ਨੇ ਸਤਿਗੁਰਾਂ ਦੇ ਹੱਥ ਦੀ ਮੁੰਦਰੀ ਲਾਹ ਕੇ ਕੁੜੀ ਦੇ ਹੱਥ, ਖਾਨੇ ਪਾ ਦਿੱਤੀ ਮੱਲੋ ਮੱਲੀ।

"ਖਾਨੇਂ ਸੇ ਕੁੜੀ ਨੂੰ ਨਾਲ ਲੈ ਕੇ ਗਿਆਨਾ ਸਿੰਘ ਖਟੜੀਂ ਆਇ ਮਿਲਿਆ। ਦਰਸ਼ਨ ਦੇਂਦੇ ਸਤਿਗੁਰੂ ਜੀ ਰਾਮਦਾਸ ਪੁਰੇ (ਸ੍ਰੀ ਭੈਣੀ ਸਾਹਿਬ) ਆਏ। ਗਿਆਨਾ ਸਿੰਘ ਨੇ ਫੇਰ ਅਰਜ਼ ਕੀਤੀ ਕਿ ਅਨੰਦ ਤੁਸੀਂ ਪੜਾਵੋ। ਸ੍ਰੀ

ਸਤਿਗੁਰੂ ਜੀ ਬਚਨ ਕੀਤਾ ਸਤਾਬੀ ਨਾ ਕਰ, ਅਸਾਂ ਅਜੇ ਪਰਦੇਸ ਜਾਣਾ ਹੈ। ਬੜਾ ਕੰਮ ਰਹਿੰਦਾ ਹੈ। ਅਜੇ ਤਾਂ ਮੈਂ ਗੋੜ੍ਹੇ ਵਿੱਚੋਂ ਪੂਣੀ ਬੀ ਨਹੀਂ ਕੱਤੀ। ਗਿਆਨਾ ਸਿੰਘ ਨੇ ਫੇਰ ਕਹਾ ਜੀ ਅਨੰਦ ਪੜ੍ਹਾਇ ਲਵੋ, ਡੇਰ ਕਿਉਂ ਕਰਦੇ ਹੋ? ਸਤਿਗੁਰੂ ਜੀ ਬਚਨ ਕੀਤਾ-ਗਿਆਨਾ ਸਿੰਘ ਕਿਉਂ ਸ਼ਤਾਬੀ ਗਲ ਫਾਂਸੀ ਪੌਂਦਾ ਹੈਂ। ਗਿਆਨਾ ਸਿੰਘ ਕੋ ਫਾਂਸੀ ਕਾ ਸਰਾਫ ਹੋਇਆ। ਗਿਆਨਾ ਸਿੰਘ ਕੀ ਭੀ ਏਹੋ ਮੰਗ ਸੀ ਕਿ ਮੇਰਾ ਸਰੀਰ ਧਰਮ ਹੇਤ ਲੱਗੇ। ਤਾਂ ਅੱਛਾ ਹੈ, ਤਾਂ ਉਹੀ ਬੋਲਾ ਹੋ ਗਿਆ। ਸਤਿਗੁਰੂ ਜੀ ਨੇ ਸੋਈ ਬਿਧ ਬਣਾਈ ਹੈ। ਫੇਰ ਹੁਕਮ ਦਿੱਤਾ ਸਤਿਗੁਰੂ ਜੀ ਅਜੇ ਤਾਂ ਅਸਾਂ ਪਰਦੇਸ ਜਾਣਾ ਹੈ। ਜੇਕਰ ਓਨਾ ਚਿਰ ਠੈਹਰਨਾ ਹੈ ਤਾਂ ਉਤਨਾ ਚਿਰ ਮਨੀ ਸਿੰਘ ਥੋਂ ਵਿੱਦਿਆ ਪੜੇ ਤੇ ਚੁਬਾਰੇ ਮੈਂ ਬੈਠ ਕੇ ਜਤ ਸਤ ਮੈਂ ਰਹੇਗੀ ਤੇ ਬੰਦਗੀ ਕਰੇਗੀ ਤਾਂ ਆਇ ਕੇ ਦੇਖਿਆ ਜਾਏਗਾ। ਬਚਨ ਕੀਤਾ ਤੁਸੀਂ ਮੁੜ ਜਾਓ ਖਾਨੇ ਨੂੰ। ਥੋਹੜੇ ਜੈਹੇ ਦਿਨ ਰਹਿ ਕੇ ਅਤਰੀ ਮੁੜ ਗਈ।"[6]

ਸਤਿਗੁਰੂ ਜੀ ਉਪਰੋਕਤ ਵਾਰਤਾਲਾਪ ਵਿੱਚ ਪਹਿਲਾਂ ਗਿਆਨੀ ਸਿੰਘ ਤੇ ਖ਼ਾਸੇ ਕਰੋਧਵਾਨ ਵੀ ਹੋਏ, ਫਿਰ ਫਾਂਸੀ ਵਾਲੇ ਬਚਨ ਬਾਅਦ, ਸਿੱਖ ਨੂੰ ਥੋਹੜੀ ਧੀਰਜ ਬਨ੍ਹਾਉਣ ਲਈ ਬਾਅਦ ਵਿੱਚ ਵੇਖੇ ਜਾਣ ਵਾਲਾ ਬਚਨ ਕਰ ਦਿੱਤਾ। ਉਂਜ ਸਤਿਗੁਰੂ ਜੀ ਨੇ ਦਮਦਮੇ ਸਾਹਿਬ, ਮਾਈਸਰ ਖਾਨੇ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਇਸ ਤਜ਼ਵੀਜ਼ ਦਾ ਪੁਰਜ਼ੋਰ ਵਿਰੋਧ ਕੀਤਾ ਅਤੇ ਇਸੇ ਲਈ ਸ੍ਰੀ ਭੈਣੀ ਸਾਹਿਬ ਦੋ ਚਾਰ ਦਿਨ, ਸੰਗਤ ਦੇ ਦਰਸ਼ਨ ਕਰਨ ਬਾਅਦ ਬੀਬੀ ਅਤਰੀ ਨੂੰ ਹੁਕਮ ਕਰਕੇ, ਉਸਦੇ ਪਿੰਡ ਨੂੰ ਤੋਰ ਦਿੱਤਾ। ਪਰ ਤੀਰ ਤਾਂ ਕਮਾਨ ਵਿੱਚੋਂ ਨਿਕਲ ਚੁੱਕਾ ਸੀ। ਅਤਰੀ ਦੇ ਅੱਲ੍ਹੜ ਮਨ ਮਸਤਕ ਵਿੱਚ ਸ੍ਰੀ ਸਤਿਗੁਰੂ ਜੀ ਦੇ ਸਰੂਪ ਦੀ ਛਾਪ, ਉਸ ਦੇ ਭਾਵੀ ਪਤੀ ਪਰਮੇਸ਼ਰ ਵਜੋਂ ਉੱਕਰੀ ਜਾ ਚੁੱਕੀ ਸੀ। ਉਸ ਨੇ ਆਪਣੇ ਲਈ ਇੱਕ ਨਵਾਂ ਸੁਪਨ ਸੰਸਾਰ ਸਿਰਜ ਲਿਆ ਸੀ ਅਤੇ ਇਸ ਸਵੈ ਸਿਰਜੇ ਸੰਸਾਰ ਨੇ ਉਸਦੇ ਜੀਵਨ ਦੀ ਧਾਰਾ ਨੂੰ ਬਿਲਕੁਲ ਬਦਲ ਦੇਣਾ ਸੀ। ਉਸ ਲਈ ਆਪਣੀ ਇਸ ਸਿਰਜਤ ਦੁਨੀਆਂ ਦਾ ਰੋਮਾਂਸ ਇਤਨਾ ਪ੍ਰਬਲ ਸੀ ਕਿ ਅਗਲੇ ਤਕਰੀਬਨ ਤਿੰਨ ਦਹਾਕਿਆਂ ਦੀਆਂ ਕੂਕਿਆਂ ਦੁਆਰਾ ਭੁਗਤੀਆਂ ਸਰਕਾਰੀ ਸਖਤੀਆਂ ਉਸ ਦਾ ਵੀ ਨਸੀਬਾ ਬਣ ਜਾਣਾ ਸੀ, ਜਿਹਨਾਂ ਨੂੰ ਉਸ ਖਿੜੇ ਮੱਥੇ ਬਰਦਾਸ਼ਤ ਕਰਨਾ ਸੀ। ਮਾਲਵੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਪਰਸਾਰ ਅਤੇ ਇਸ ਨੂੰ ਜਿਉਂਦਿਆਂ ਰੱਖਣ ਲਈ, ਉਸ ਨੇ ਇੱਕ ਕੇਂਦਰ ਬਣ ਕੇ ਉਭਰਨਾ ਸੀ ਅਤੇ ਸਾਧ ਸੰਗਤ ਨੇ ਵੀ ਉਸ ਨੂੰ ਆਪਣੇ ਸਿਰਜਤ ਆਭਾ ਮੰਡਲ ਦੇ ਜਲੌਅ ਵਿੱਚ ਵਿਚਰਦਿਆਂ ਵੇਖ ਕੇ, ਉਸ ਨੂੰ ਗੁਰੂ ਪਤਨੀ ਸਮਝ ਕੇ, ਮਾਤਾ ਜਿਹਾ

ਸਤਿਕਾਰ ਦੇਣਾ ਸੀ। ਬੇਸ਼ੱਕ ਸਤਿਗੁਰੂ ਜੀ ਨੇ ਉਸ ਨੂੰ ਇਸ ਸਿਰਜਤ ਆਭਾ ਮੰਡਲ ਵਿੱਚੋਂ ਕੱਢਣ ਦੇ ਅਨੇਕ ਸੁਚੇਤ ਉਪਰਾਲੇ ਕਰਕੇ, ਵਸਤੂ ਸਥਿਤੀ ਤੋਂ ਜਾਣੂ ਕਰਵਾ ਕੇ, ਉਸ ਨੂੰ ਖ਼ਿਆਲੀ ਦੁਨੀਆਂ ਵਿੱਚੋਂ ਬਾਹਰ ਆ ਕੇ ਸਫਲ ਗ੍ਰਹਿਸਤ ਜੀਵਨ ਬਿਤਾਉਣ ਦੀ ਪਰੇਰਣਾ ਵਾਰ-ਵਾਰ ਕਰਨੀ ਸੀ, ਜੋ ਉਸ ਤੋਂ ਮੰਨੀ ਨਹੀਂ ਸੀ ਜਾਣੀ ਅਤੇ ਇਸ ਰੀਝਾਂ ਭਰੇ, ਵੱਡੀਆਂ ਆਸ਼ਾਵਾਂ ਅਤੇ ਉਮੰਗਾਂ ਵਾਲੇ ਮਘਦੇ ਜੀਵਨ ਦਾ ਇੱਕ ਤਰਾਸਦਿਕ ਅੰਤ ਹੋਣਾ ਸੀ। ਇਸ ਨੇ ਸਾਡੇ ਇਤਿਹਾਸ ਦੇ ਰੰਗ ਮੰਚ ਤੇ ਇੱਕ ਅਜਿਹੇ ਨਾਟਕ ਦੇ ਰੂਪ ਵਿੱਚ ਉਭਰਨਾ ਸੀ ਜਿਸ ਦਾ ਹਰ ਪਾਤਰ ਆਪੋ ਆਪਣੀ ਸਲੀਬ ਆਪ ਆਪਣੇ ਮੋਢਿਆਂ ਤੇ ਢੋਂਦਾ ਨਜ਼ਰ ਆਉਣਾ ਸੀ।

ਸਤਿਗੁਰੂ ਜੀ ਦੇ ਨਾਲ ਨਾਤਾ ਜੋੜਨ ਦੇ ਯਤਨ ਕਰਨ ਵਾਲਾ ਇਹ ਪ੍ਰਸੰਗ, ਅਪਰੈਲ-ਮਈ 1871 ਵਿੱਚ ਵਾਪਰਦਾ ਹੈ। ਅੱਧ ਜੂਨ ਤੇ ਅੱਧ ਜੁਲਾਈ ਨੂੰ ਕੂਕੇ ਸਿੰਘ ਅੰਮ੍ਰਿਤਸਰ ਅਤੇ ਰਾਇਕੋਟ ਵਿੱਚ ਬੁੱਚੜ ਖਾਨਿਆਂ ਤੇ ਹਥਿਆਰ ਬੰਦ ਹਮਲਾ ਕਰਕੇ, ਆਪਣੇ ਢੰਗ ਨਾਲ ਅੰਗਰੇਜ਼ ਸਰਕਾਰ ਦੇ ਹੁਕਮਾਂ ਦਾ ਵਿਰੋਧ ਕਰਕੇ, ਸੰਗਰਾਮ ਛੇੜ ਦਿੰਦੇ ਹਨ। ਰਾਇਕੋਟ ਸਾਕੇ ਦੀ ਜ਼ੱਦ ਵਿੱਚ ਲਿਆ ਕੇ, ਸੂਬਾ ਗਿਆਨੀ ਸਿੰਘ ਤੇ ਨਾਇਬ ਸੂਬਾ ਰਤਨ ਸਿੰਘ ਨਾਈਵਾਲਾ 26 ਨਵੰਬਰ 1871 ਨੂੰ ਲੁਧਿਆਣੇ ਜਿਹਲ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤੇ ਜਾਂਦੇ ਹਨ। ਦਰਜਨ ਦੇ ਕਰੀਬ ਕੂਕੇ ਸਿੰਘ ਫਾਂਸੀਆਂ ਦੁਆਰਾ, 65 ਮਲੇਰਕੋਟਲੇ 17-18 ਜਨਵਰੀ ਨੂੰ ਤੋਪਾਂ ਦੁਆਰਾ ਅਤੇ ਇੱਕ ਸਿੰਘ ਤਲਵਾਰ ਦੁਆਰਾ ਸ਼ਹੀਦ ਕਰ ਦਿੱਤੇ ਗਏ। ਦਰਜਨ ਦੇ ਕਰੀਬ ਲੜਦਿਆਂ ਸਾਕਿਆਂ ਵਿੱਚ ਸ਼ਹੀਦ ਹੋਏ। ਅੱਧੀ ਦਰਜਨ ਤੋਂ ਵੱਧ ਕਾਲੇ ਪਾਣੀ ਭੇਜ ਦਿੱਤੇ। ਸਤਿਗੁਰੂ ਰਾਮ ਸਿੰਘ ਜੀ 18 ਜਨਵਰੀ 1872 ਨੂੰ ਮੁਖੀ ਸੂਬਿਆਂ ਸਮੇਤ, ਪਹਿਲਾਂ ਅਲਾਹਾਬਾਦ ਕਿਲ੍ਹੇ ਵਿੱਚ ਦੋ ਮਹੀਨੇ ਤੋਂ ਕੁਝ ਘੱਟ ਦਿਨ ਰੱਖ ਕੇ, ਫਿਰ ਰੰਗੂਨ ਭੇਜ ਦਿੱਤੇ ਜਾਂਦੇ ਹਨ। ਜਿੱਥੇ ਉਹ ਸੇਵਕ ਨਾਨੂੰ ਸਿੰਘ ਸਮੇਤ ਕੋਈ ਸਾਢੇ ਕੁ ਅੱਠ ਸਾਲ ਨਜ਼ਰਬੰਦ ਰਹਿੰਦੇ ਹਨ। ਅਗਲੇ ਪੰਜ ਵਰ੍ਹੇ 29 ਨਵੰਬਰ 1885 ਤੱਕ ਆਪ ਮਰਗੋਈ ਟਾਪੂ ਵਿੱਚ ਬਿਤਾਉਂਦੇ ਹਨ, ਆਪਣੀ ਲੀਲ੍ਹਾ ਵਰਤਾਉਣ ਤੱਕ।

ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਬੂਹੇ ਤੇ 19 ਜਨਵਰੀ 1872 ਤੋਂ ਪੁਲੀਸ ਚੌਕੀ ਬਹਾ ਦਿੱਤੀ ਗਈ, ਜਿਸਨੇ ਹਰ ਤਰ੍ਹਾਂ ਦੀਆਂ ਕੂਕਾ ਸਰਗਰਮੀਆਂ ਠੱਪ ਕਰ ਦਿੱਤੀਆਂ। ਪੰਜਾਬ ਭਰ ਵਿੱਚ ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦਾ ਇਕੱਠ, ਗ਼ੈਰ ਕਾਨੂੰਨੀ ਐਲਾਨਿਆ ਗਿਆ। ਆਪਣੇ ਗੁਰਦੁਆਰੇ ਅਤੇ ਉਸ ਵਿੱਚ ਬਿਰਾਜਮਾਨ, ਮਹਾਰਾਜ ਬੁੱਧ ਸਿੰਘ ਜੀ (ਜਿਹਨਾਂ ਨੂੰ ਜਨਵਰੀ 1875 ਵਿੱਚ ਦਰਬਾਰਾ ਸਿੰਘ ਰਾਇਪੁਰੀਏ ਹੱਥ ਭੇਜੇ ਹੁਕਮਨਾਮੇ ਵਿੱਚ

ਸਤਿਗੁਰੂ ਜੀ ਨੇ ਸੰਗਤ ਦਾ ਸਿਰ ਕਰਤਾ ਕਰਕੇ, ਬੁੱਧ ਸਿੰਘ ਨਾਮ ਬਦਲ ਕੇ, ਸੰਗਤ ਹਰੀ ਰੱਖਣ ਵਾਲਾ (ਗੁਰੂ) ਹਰੀ ਸਿੰਘ ਕਰ ਦਿੱਤਾ) ਦੇ ਅੱਠ ਪਹਿਰੀਂ ਪਹਿਲਾਂ ਪੰਜ ਅਤੇ ਕਈ ਸਾਲਾਂ ਬਾਅਦ ਦਸ ਕੂਕੇ ਦਰਸ਼ਨ ਕਰ ਸਕਦੇ ਸਨ। ਕੂਕਿਆਂ ਦੇ ਘਰ ਘਾਟ ਢਾਹ ਦਿੱਤੇ। ਜਾਇਦਾਦਾਂ ਜ਼ਬਤ ਕੀਤੀਆਂ। ਸੁਬਹਾ ਸ਼ਾਮ ਪਿੰਡ ਵਿੱਚ ਜ਼ਰਾਇਮ ਪੇਸ਼ਾ ਲੋਕਾਂ ਜਿਉਂ ਸਰਕਾਰੀ ਅਮਲਾ ਉਹਨਾਂ ਦੀ ਹਾਜ਼ਰੀ ਲਾਉਂਦਾ। ਵਿਆਹ, ਪਾਠ, ਮਿਰਤਕ ਭੋਗ, ਹੁਣ ਦੇ ਕਰੋਨਾ ਕਾਲ ਜਿਉਂ ਸਰਕਾਰੀ ਮਨਜ਼ੂਰੀ ਲੈ ਕੇ ਕਰਨੇ ਪੈਂਦੇ। ਰੰਗੂਨ ਜਾਂ ਮਰਗੋਈ ਤੋਂ ਸਤਿਗੁਰੂ ਰਾਮ ਸਿੰਘ ਜੀ ਜਾਂ ਹੋਰ ਕੂਕੇ ਬੰਦੀਆਂ ਨੂੰ ਪੰਜਾਬ ਵਿਚਲੇ ਆਪਣੇ ਵਾਰਿਸਾਂ ਨਾਲ, ਸੰਗੀਆਂ ਸਾਥੀਆਂ ਜਾਂ ਆਪਣੇ ਪਿਆਰੇ ਗੁਰਸਿੱਖਾਂ ਨਾਲ, ਕਿਸੇ ਕਿਸਮ ਦੇ ਪੱਤਰ ਵਿਹਾਰ ਕਰਨ ਦੀ ਸਖਤ ਮਨਾਹੀ ਸੀ। ਪਰ ਸਤਿਗੁਰੂ ਜੀ ਦੇ ਸਿਦਕੀ ਸਿੰਘ, ਭੇਸ ਬਦਲ ਕੇ, ਸਰਕਾਰ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ, ਲੰਮੇ ਸਫ਼ਰ ਅਤੇ ਆਪਣਾ ਹੀ ਜਲ ਪਾਣੀ ਛਕਣ ਦੀ ਕਠਿਨ ਮਰਿਆਦਾ ਨਿਬਾਹੁੰਦਿਆਂ, ਇੱਕ ਸੈਂਕੜੇ ਦੀ ਗਿਣਤੀ ਵਿੱਚ ਸਤਿਗੁਰੂ ਜੀ ਦਾ ਦਰਸ਼ਨ ਕਰਨ ਵਿੱਚ ਸਫਲ ਰਹੇ ਅਤੇ ਆਪਣੇ ਹਾਲਾਤ ਬਾਰੇ ਅਰਦਾਸਾਂ, ਇੱਧਰੋਂ ਲਿਖ ਕੇ ਸਤਿਗੁਰੂ ਜੀ ਤੱਕ, ਅੱਠੇ ਪਹਿਰ ਹਥਿਆਰਬੰਦ ਸਿਪਾਹੀਆਂ ਤੋਂ ਅੱਖ ਬਚਾ ਕੇ ਪੁਚਾਉਂਦੇ ਅਤੇ ਇਹਨਾਂ ਦੇ ਜੁਆਬ ਦੇ ਰੂਪ ਵਿੱਚ, ਹੁਕਮਨਾਮੇ ਪਰਾਪਤ ਕਰਦੇ। 65 ਅਜਿਹੇ ਹੁਕਮਨਾਮੇ ਨਾਮਧਾਰੀ ਦਰਬਾਰ ਨੇ ਪ੍ਰਕਾਸ਼ਿਤ ਕੀਤੇ ਹਨ, ਜਿਹਨਾਂ ਵਿੱਚ ਪਹਿਲੇ ਦੋ ਤਾਂ ਪੂਰਵ ਬੰਦੀ ਕਾਲ ਦੇ, ਸ੍ਰੀ ਭੈਣੀ ਸਾਹਿਬ ਤੋਂ ਲਿਖੇ ਹਨ। ਪੰਜਾਬ ਵਿੱਚੋਂ ਗਏ ਸਿੰਘਾਂ ਦੀਆਂ ਲਿਖਤੀ ਅਰਦਾਸਾਂ ਵਿੱਚੋਂ ਸਤਿਗੁਰੂ ਜੀ ਨੂੰ ਬੀਬੀ ਅਤਰ ਕੌਰ ਦੀਆਂ ਪੰਥਕ ਸਰਗਰਮੀਆਂ ਦੀ ਸੂਹ ਮਿਲਦੀ ਰਹੀ ਅਤੇ ਆਮ ਕੂਕਿਆਂ ਵਿੱਚ ਸਤਿਗੁਰੂ ਜੀ ਦੀ ਮੰਗੇਤਰ ਦੇ ਤੌਰ ਤੇ ਹੁੰਦੇ ਉਸ ਦੇ ਅਦਬ ਸਤਿਕਾਰ ਦਾ ਪਤਾ ਵੀ ਲੱਗਦਾ ਰਿਹਾ। ਇਸ ਲਈ ਬਹੁਤ ਸਾਰੇ ਹੁਕਮਨਾਮਿਆਂ ਵਿੱਚ, ਸਤਿਗੁਰੂ ਜੀ ਦੁਆਰਾ ਬੀਬੀ ਅਤਰ ਕੌਰ ਨੂੰ ਕੀਤੀਆਂ ਹਦਾਇਤਾਂ ਤੋਂ ਸਤਿਗੁਰੂ ਜੀ ਦੀ ਉਸ ਪ੍ਰਥਾਇ ਸਪਸ਼ਟ ਸੋਚ ਦਾ ਗਿਆਨ ਹੁੰਦਾ ਹੈ।

ਮਾਲੂਮ ਹੁੰਦਾ ਹੈ ਕਿ ਪਰਦੇਸ ਗਮਨ ਸਾਕੇ ਤੋਂ ਤੁਰੰਤ ਬਾਅਦ ਹੀ ਬੀਬੀ ਅਤਰ ਕੌਰ ਨੇ ਪਿੰਡ ਮਾਈਸਰ ਖਾਨਾ ਦੇ ਬਾਹਰ ਪੱਛਮ ਪਾਸੇ, ਆਪਣਾ ਇੱਕ ਡੇਰਾ ਕਾਇਮ ਕਰ ਲਿਆ ਅਤੇ ਕੁਝ ਸੇਵਕ ਸਿੱਖਾਂ ਅਤੇ ਮਾਈਆਂ ਸਮੇਤ ਉੱਥੇ ਰਹਿ ਕੇ ਭਜਨ ਬਾਣੀ ਕਰਨ ਲੱਗ ਪਈ। ਗੁਰਬਾਣੀ ਦੇ ਪਾਠ ਦੀ ਸਿੱਖਿਆ ਆਪਣੇ ਚਾਚੇ ਮਨੀ ਸਿੰਘ ਤੋਂ ਲੈ ਲਈ ਸੀ। ਡੇਰੇ ਦੇ ਉੱਪਰ ਚੁਬਾਰੇ ਵਿੱਚ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਪਰਕਾਸ਼ ਕਰਕੇ,

ਪਾਠ ਵੀ ਕਰਦੀ ਰਹਿੰਦੀ। ਨਾਮਧਾਰੀ ਮਰਿਆਦਾ ਅਨੁਸਾਰ ਖੱਦਰ ਦੇ ਸਫੈਦ ਬਸਤਰ ਪਹਿਨਦੀ ਅਤੇ ਸਤਿਗੁਰੂ ਜੀ ਦੀ ਯਾਦ ਅਤੇ ਉਡੀਕ ਵਿੱਚ, ਸਾਖੀਆਂ ਦੀਆਂ ਪੋਥੀਆਂ ਪੜ੍ਹ ਕੇ, ਜੁੜੀ ਸੰਗਤ ਨਾਲ ਬਚਨ ਬਿਲਾਸ ਕਰਦੀ ਰਹਿੰਦੀ ਅਤੇ ਗੁਰਮਤਿ ਆਸ਼ੇ ਅਨੁਸਾਰ, ਸਿੱਧਾ ਸਾਦਾ ਜੀਵਨ ਬਿਤਾਉਣ ਲੱਗ ਪਈ। ਪਹਿਲਾਂ ਪਹਿਲਾਂ ਤਾਂ ਅੰਗਰੇਜ਼ੀ ਰਾਜ ਜਿਉਂ ਰਿਆਸਤਾਂ ਵਿੱਚ ਵੀ ਕੂਕਿਆਂ ਉਪਰ ਕਿਤੇ ਵੀ ਆਉਣ ਜਾਣ ਤੇ ਰੋਕ ਸੀ। ਹੌਲੀ ਹੌਲੀ ਪਾਬੰਦੀਆਂ ਕੁਝ ਘਟਾਈਆਂ ਜਾਣ ਤੇ ਆਲੇ ਦੁਆਲੇ ਦੇ ਨਾਮਧਾਰੀ ਮਾਈ ਭਾਈ, ਬੀਬੀ ਪਾਸ ਦਰਸ਼ਨ ਮੇਲੇ ਨੂੰ ਆਉਣ ਲੱਗ ਪਏ।

ਪੰਜਾਬ ਸਰਕਾਰ ਨੂੰ ਕੂਕਿਆਂ ਬਾਰੇ ਗੁਪਤ ਸੂਚਨਾਵਾਂ ਪੁਚਾਉਣ ਦਾ ਕਾਰਜ ਸ੍ਰ. ਅਤਰ ਸਿੰਘ ਭਦੌੜ ਕਰਿਆ ਕਰਦਾ ਸੀ। ਉਹ ਅੰਗਰੇਜ਼ੀ ਅਤੇ ਭਾਰਤੀ ਭਾਸ਼ਾਵਾਂ ਸੰਸਕ੍ਰਿਤ, ਬਰਿੱਜ ਅਤੇ ਅਰਬੀ ਫਾਰਸੀ ਆਦਿ ਦਾ ਵਿਦਵਾਨ ਸੀ। ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ 11 ਜਨਵਰੀ 1874 ਨੂੰ ਭੇਜੇ ਆਪਣੇ ਪੱਤਰ ਵਿੱਚ ਉਹ ਲਿਖਦਾ ਹੈ–

"ਉਸ ਲੜਕੀ ਦੇ ਬਾਰੇ ਜਾਣਕਾਰੀਆਂ ਦਿੱਤੀਆਂ ਹਨ, ਜਿਸ ਨਾਲ (ਗੁਰੂ) ਰਾਮ ਸਿੰਘ ਦਾ ਅਨੰਦ ਕਾਰਜ ਹੋਣਾ ਸੀ। ਦੱਸਿਆ ਗਿਆ ਕਿ ਲੜਕੀ 'ਉੱਚੀ ਜਾਤ' ਦੀ ਸੀ ਅਤੇ ਇਸ ਵਜ੍ਹਾ ਕਾਰਨ ਉਸ ਦੇ ਭਾਈਚਾਰੇ ਦੇ ਜ਼ਜ਼ਬਾਤਾਂ ਦੇ ਖਿਲਾਫ ਹੋਣੀ ਸੀ ਇਹ ਸ਼ਾਦੀ, (ਹੋ ਸਕਦਾ ਹੈ ਉਹ ਕੁਝ ਗੜਬੜ ਵੀ ਕਰਦੇ) ਪਰ ਲੜਕੀ ਗੁਰੂ ਜੀ ਦੀ ਦੇਸ਼ ਵਾਪਸੀ ਉਡੀਕ ਰਹੀ ਹੈ।" ਅਤਰ ਸਿੰਘ ਕੁਝ ਅਜਿਹੀਆਂ ਉਦਾਹਰਣਾ ਵੀ ਦਿੰਦਾ ਹੈ ਜਦੋਂ ਗੁਰੂ ਰਾਮ ਸਿੰਘ ਨੇ ਜ਼ਾਤ ਪਾਤੀ ਪ੍ਰਬੰਧ ਨੂੰ ਤੋੜ ਕੇ ਅਨੰਦ ਕਾਰਜ ਕੀਤੇ ਸਨ।[7]

ਸਰ ਆਰ. ਐਚ. ਡੇਵੀਅਸ ਲਾਟ ਪੰਜਾਬ ਨੂੰ 4 ਜੂਨ 1874 ਦੇ ਲਿਖੇ ਪੱਤਰ ਵਿੱਚ ਅਤਰ ਸਿੰਘ ਕੂਕਿਆਂ ਦੀਆਂ ਰੂਸ ਅਤੇ ਜੰਮੂ ਸਰਕਾਰ ਵੱਲ ਆਪਣੇ ਬੰਦੇ ਭੇਜਣ ਵਾਲੀਆਂ ਕਾਰਵਾਈਆਂ ਬਾਰੇ ਲਿਖ ਕੇ, ਲੜਕੀ ਜੋ ਗੁਰੂ ਰਾਮ ਸਿੰਘ ਨਾਲ ਅਨੰਦ ਕਰਾਉਣਾ ਚਾਹੁੰਦੀ ਹੈ, ਉਸ ਦੇ ਪਰਿਵਾਰ ਬਾਰੇ ਜਾਣਕਾਰੀ ਭੇਜਦਾ ਹੈ। ਅਤਰ ਸਿੰਘ ਪੰਜਾਬ ਸਰਕਾਰ ਨੂੰ ਇਹ ਸੁਝਾਅ ਵੀ ਦਿੰਦਾ ਹੈ ਕਿ ਕੁਝ ਆਪਣੇ ਬੰਦਿਆਂ, ਮੁਖਬਰਾਂ ਨੂੰ ਨਕਲੀ ਕੂਕੇ ਬਣਾ ਕੇ ਕੂਕਿਆਂ ਵਿੱਚ ਭੇਜ ਕੇ ਉਹਨਾਂ ਦੀ ਅੰਦਰੂਨੀ ਸੂਹ ਲਈ ਜਾਵੇ।[8] ਇਸੇ ਖਤ ਵਿੱਚ ਉਹ ਗੁਰੂ ਦਰਸ਼ਨਾਂ ਲਈ ਰੰਗੂਨ ਜਾਣ ਵਾਲੇ ਕੁਝ ਕੂਕਿਆਂ ਬਾਰੇ ਵੀ ਦੱਸਣਾ ਚਾਹੁੰਦਾ ਹੈ ਪਰ ਤੱਥ ਦੀ ਪੁਸ਼ਟੀ ਬਾਅਦ ਹੀ ਸਰਕਾਰ ਨੂੰ ਦੱਸੇਗਾ।

13 ਅਕਤੂਬਰ 1876 ਨੂੰ ਲਾਟ ਪੰਜਾਬ ਦੇ ਨਿਜੀ ਸਕੱਤਰ ਦੇ ਨਾਮ ਲਿਖੇ

ਪੱਤਰ ਵਿੱਚ, ਅਤਰ ਸਿੰਘ ਦੱਸਦਾ ਹੈ ਕਿ ਕੂਕਾ ਮਨੀ ਸਿੰਘ ਜਿਸ ਬਾਰੇ ਪਹਿਲਾਂ ਦੱਸਿਆ ਸੀ ਕਿ ਰੰਗੂਨ ਗਿਆ ਹੈ, ਹੁਣ ਉੱਥੋਂ ਮੁੜ ਆਇਆ ਹੈ ਪਰ ਉਹ ਆਪਣਾ ਰੰਗੂਨ ਜਾਣਾ ਮੰਨਦਾ ਨਹੀਂ। ਕਹਿੰਦਾ ਹੈ ਕਿ ਅੰਬਾਲਾ ਦੇ ਕਿਸੇ ਪਿੰਡ ਗਿਆ ਸਾਂ, ਜਿੱਥੇ ਬੀਮਾਰ ਹੋ ਗਿਆ ਸੀ। ਭਾਵੇਂ ਇਹ ਕੋਰਾ ਝੂਠ ਹੈ। ਇਸਦੇ ਮੁੜਨ ਬਾਅਦ ਗੁਰੂ ਰਾਮ ਸਿੰਘ ਦੀ ਮੰਗੇਤਰ (ਇਸਦੀ ਭਤੀਜੀ) ਰੰਗੂਨ ਜਾਣ ਲਈ ਬਹੁਤ ਉਤਸੁਕ ਹੈ ਅਤੇ ਕਹਿੰਦੀ ਹੈ ਕਿ ਕਿਵੇਂ ਵੀ ਹੋਵੇ ਮੈਂ ਪਹੁੰਚਾਂਗੀ ਜ਼ਰੂਰ। ਕੁਝ ਕੂਕੇ ਰੂਸ ਦੇ ਭਾਰਤ ਵੱਲ ਵਧਣ ਦੀਆਂ ਕਨਸੋਆਂ ਲੈਂਦੇ ਫਿਰਦੇ ਹਨ ਅਤੇ ਕਈਆਂ ਦਾ ਪਤਾ ਨਹੀਂ ਲੱਗ ਰਿਹਾ ਕਿ ਉਹ ਕਿੱਥੇ ਹਨ? (ਭਾਵ ਉਹ ਕਿਸੇ ਸਿਆਸੀ ਪੈਂਤੜੇ ਤੋਂ ਭੂਮੀਗਤ ਹੋ ਗਏ ਹਨ)।

30 ਜੁਲਾਈ 1877 ਨੂੰ ਲਾਟ ਪੰਜਾਬ ਦੇ ਨਾਂ ਲਿਖੇ ਪੱਤਰ ਵਿੱਚ ਉਹ ਕੂਕਿਆਂ ਦੀ ਰੂਸੀ ਇਲਾਕੇ ਵਿੱਚ ਸਰਗਰਮੀ ਬਾਰੇ ਲਿਖਦਾ ਹੋਇਆ ਦੱਸਦਾ ਹੈ ਕਿ ਹੁਣ ਮਨੀ ਸਿੰਘ (ਮਾਈਸਰ ਖਾਨਾ) ਵੀ ਰੂਸ ਜਾਣ ਦੀ ਤਿਆਰੀ ਕਰ ਰਿਹਾ ਹੈ।[9] ਯਾਦ ਰਹੇ ਕਿ ਇਹ ਅੰਗਰੇਜ਼-ਅਫਗਾਨ ਜੰਗ ਦਾ ਸਮਾਂ ਸੀ, ਜਿਸ ਉਪਰ ਰੂਸੀਆਂ ਨੇ ਗਹਿਰੀ ਨੀਝ ਲਾਈ ਸੀ। ਦੇਸ਼ ਭਗਤ ਕੂਕੇ ਚਾਹੁੰਦੇ ਸਨ ਕਿ ਜੇ ਰੂਸ ਹਿੰਦ ਵੱਲ ਸੈਨਿਕ ਹਮਲਾ ਕਰੇ ਤਾਂ ਫਰੰਗੀਆਂ ਦਾ ਬਿਸਤਰਾ ਗੋਲ ਕਰਕੇ ਹੀ ਸਤਿਗੁਰੂ ਰਾਮ ਸਿੰਘ ਜੀ ਦੀ ਦੇਸ਼ ਵਾਪਸੀ ਦਾ ਰਾਹ ਪੱਧਰਾ ਕੀਤਾ ਜਾ ਸਕਦਾ ਸੀ। ਰੂਸੀ ਫੌਜੀ ਮੱਦਦ ਦਾ ਵਿਚਾਰ, ਆਖਰੀ ਸਿੱਖ ਮਹਾਰਾਜੇ ਦਲੀਪ ਸਿੰਘ ਨੇ ਵੀ ਇਸ ਤੋਂ ਕੁਝ ਵਰ੍ਹੇ ਬਾਅਦ ਕੂਕਿਆਂ ਤੋਂ ਹੀ ਉਧਾਰਾ ਲਿਆ ਸੀ। 28 ਅਕਤੂਬਰ 1867 ਨੂੰ ਸਰਕਾਰੀ ਰੀਕਾਰਡ ਅਨੁਸਾਰ ਜਦੋਂ ਸਤਿਗੁਰੂ ਰਾਮ ਸਿੰਘ ਅੰਮ੍ਰਿਤਸਰ ਦੇ ਦੀਵਾਲੀ ਪੁਰਬ ਤੇ ਪੁੱਜੇ ਸਨ, ਤਾਂ ਸ਼ਮਸ਼ੇਰ ਸਿੰਘ ਅਤੇ ਠਾਕਰ ਸਿੰਘ ਸੰਧਾਂਵਾਲੀਏ ਭਰਾ, ਆਪ ਦੇ ਬੁੰਗੇ ਵਿੱਚ ਆ ਕੇ ਦਰਸ਼ਨ ਦੀਦਾਰ ਕਰਦੇ ਰਹੇ। ਕੂਕਿਆਂ ਦੇ ਰੂਸ ਨਾਲ ਸੰਬੰਧ ਕਾਇਮ ਕਰਨ ਦੇ ਯਤਨਾਂ ਦਾ ਮਹਾਰਾਜਾ ਦਲੀਪ ਸਿੰਘ ਨੂੰ ਉਸਦੇ ਸ਼ਰੀਕ ਭਰਾ, ਠਾਕਰ ਸਿੰਘ ਤੋਂ ਪਤਾ ਲੱਗਾ ਸੀ, ਜਦੋਂ ਉਹ ਇੰਗਲੈਂਡ ਵਿੱਚ ਆਪਣੇ ਅੰਗਰੇਜ਼ ਸਰਕਾਰ ਵਿਰੋਧੀ ਮਿਸ਼ਨ ਤੇ ਦਲੀਪ ਸਿੰਘ ਨੂੰ ਮਿਲਿਆ ਸੀ।

20 ਜਨਵਰੀ 1868 ਦੀ ਆਈ. ਜੀ. ਪੁਲੀਸ ਪੰਜਾਬ ਦੇ, ਸਕੱਤਰ ਪੰਜਾਬ ਸਰਕਾਰ ਨੂੰ ਪੱਤਰ, ਇਸ ਸਮੇਂ ਕੂਕਿਆਂ ਦਾ ਅੱਡੀਆਂ ਚੁੱਕ ਚੁੱਕ ਕੇ ਰੂਸ ਦਾ ਰਾਹ ਵੇਖਣਾ, ਅੰਗਰੇਜ਼ ਸਰਕਾਰ ਲਈ ਵੱਡੀ ਨਾ ਖੁਸ਼ਗਵਾਰ ਘਟਨਾ ਸੀ। ਅਤਰ ਸਿੰਘ ਇਹ ਵੀ ਲਿਖਦਾ ਹੈ ਕਿ ਜਦੋਂ ਕੂਕੇ ਆਪਣੇ ਗੁਰੂ ਰਾਮ ਸਿੰਘ ਦੇ ਹੁਕਮ ਅਨੁਸਾਰ, ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਲਈ ਜੁੜ

ਬੈਠਦੇ ਹਨ ਤਾਂ ਉਦੋਂ ਹੀ ਉਹ ਧਾਰਮਿਕ ਪਰਦੇ ਹੇਠ, ਆਪਣੀ ਰਾਜਨੀਤਕ ਆਕਾਂਖਿਆ ਪੂਰੀ ਕਰ ਰਹੇ ਹੁੰਦੇ ਹਨ। ਇਸ ਮਾਹੌਲ ਵਿੱਚ ਬੀਬੀ ਅਤਰ ਕੌਰ ਦਾ ਮਾਈਸਰ ਖਾਨੇ ਦਾ ਡੇਰਾ, ਕੂਕਿਆਂ ਦੀਆਂ ਵਧ ਰਹੀਆਂ ਸਰਗਰਮੀਆਂ ਕਾਰਨ ਰਿਆਸਤੀ ਅਤੇ ਪੰਜਾਬ ਸਰਕਾਰਾਂ ਲਈ ਖਤਰੇ ਦੀ ਘੰਟੀ ਬਣ ਰਿਹਾ ਸੀ।

1 ਜੁਲਾਈ 1875 ਦੇ ਲਾਟ ਪੰਜਾਬ ਦੇ ਨਿਜੀ ਸਕੱਤਰ ਦੇ ਨਾਂ ਲਿਖੇ ਪੱਤਰ ਵਿੱਚ ਅਤਰ ਸਿੰਘ ਦੱਸਦਾ ਹੈ ਕਿ ਉਸ ਨੂੰ ਬੀਬੀ ਅਤਰ ਕੌਰ ਦੇ ਬਾਪ ਪਾਸੋਂ ਕਿਸੇ ਤਰ੍ਹਾਂ ਗੁਰੂ ਰਾਮ ਸਿੰਘ ਜੀ ਦੇ ਤਿੰਨ ਹੁਕਮਨਾਮਿਆਂ ਦੀਆਂ ਨਕਲਾਂ ਮਿਲੀਆਂ। ਇੱਕ ਹੁਕਮਨਾਮਾ ਤਾਂ ਗੁਰੂ ਰਾਮ ਸਿੰਘ ਵਲੋਂ ਸਮਾਜਿਕ ਧਾਰਮਿਕ ਰਸਮਾਂ ਬਾਰੇ ਸੀ। ਦੂਸਰਾ ਦਰਬਾਰਾ ਸਿੰਘ (ਰਾਇਪੁਰੀਆ) ਦੁਆਰਾ ਅਤੇ ਤੀਜਾ ਹਰਨਾਮ ਸਿੰਘ (ਪਿੰਡ ਭਾਣਾ-ਫਰੀਦਕੋਟ) ਦੁਆਰਾ ਲਿਆਂਦਾ ਹੁਕਮਨਾਮਾ ਸੀ। ਅਤਰ ਕੌਰ ਦਾ ਪਿਤਾ ਇਹ ਵੀ ਦੱਸਦਾ ਹੈ ਕਿ ਉਸ ਦੀ ਪੁੱਤਰੀ ਹੋਰ ਬੀਬੀਆਂ ਨਾਲ ਰਲ ਕੇ ਸਤਿਗੁਰੂ ਜੀ ਦੀ ਦੇਸ ਵਾਪਸੀ ਅਤੇ ਫਰੰਗੀਆਂ ਨੂੰ ਦੇਸੋਂ ਕੱਢਣ ਦੇ ਗੀਤ ਗਾਉਂਦੀ ਹੈ।[10]

ਅਸੀਂ ਵੇਖਦੇ ਹਾਂ ਕਿ ਬੀਬੀ ਅਤਰ ਕੌਰ ਦਾ ਪਿੰਡ ਚਨਾਰਥਲ ਨੂੰ ਜਾਣ ਵਾਲੇ ਕੱਚੇ ਰਸਤੇ ਤੇ ਉੱਸਰਿਆ, ਪਿੰਡ ਖਾਨੇ ਤੋਂ ਲਹਿੰਦੇ ਵੱਲ ਰਤਾ ਹਟਵਾਂ ਇਹ ਡੇਰਾ, ਆਸਥਾਵਾਨ ਕੂਕਿਆਂ ਲਈ ਜੁੜ ਬੈਠ ਕੇ ਭਜਨ ਬੰਦਗੀ ਕਰਨ, ਕਥਾ ਕੀਰਤਨ ਸੁਣਨ ਅਤੇ ਪੰਜਾਬ ਵਿੱਚ ਅੰਗਰੇਜ਼ ਸਰਕਾਰ ਵਿਰੁੱਧ ਲੋਕ ਰੋਹ ਪਰਚੰਡ ਕਰਨ ਲਈ, ਦੇਸ਼ ਭਗਤ ਲੋਕਾਂ ਲਈ ਵੀ ਮਿਲ ਬੈਠਣ ਦਾ ਟਿਕਾਣਾ ਬਣ ਗਿਆ ਸੀ। ਆਲੇ ਦੁਆਲੇ ਦੇ ਵੱਡੇ ਛੋਟੇ ਨਾਮਧਾਰੀ ਵੀ ਅਕਸਰ ਸੰਗਤ ਦਾ ਦਰਸ਼ਨ ਮੇਲਾ ਕਰਨ ਲਈ ਆ ਜਾਂਦੇ। ਕਿਹਾ ਜਾਂਦਾ ਹੈ ਕਿ ਬੀਬੀ ਅਤਰ ਕੌਰ ਗੁਰਬਾਣੀ ਦੇ ਸ਼ਬਦ ਗਾਇਨ ਤੋਂ ਇਲਾਵਾ, ਸਤਿਗੁਰੂ ਜੀ ਦੇ ਪ੍ਰੇਮ ਵਿੱਚ ਭਿੱਜੇ ਸ੍ਵੈ ਰਚਿਤ ਗੀਤ ਵੀ ਗਾਇਆ ਕਰਦੀ ਸੀ। ਉਸਦੀ ਦਿਨੋ ਦਿਨ ਵਧ ਰਹੀ ਮਹਿਮਾ ਅਤੇ ਸਤਿਗੁਰੂ ਜੀ ਦੀ ਤੀਬਰ ਉਡੀਕ ਬਾਰੇ, ਸਤਿਗੁਰੂ ਜੀ ਤੱਕ ਰੰਗੂਨ ਵਿਖੇ ਖ਼ਬਰਾਂ ਪੁੱਜ ਰਹੀਆਂ ਸਨ। ਸਤਿਗੁਰੂ ਜੀ ਨੂੰ ਪਤਾ ਸੀ ਕਿ ਕਿਸੇ ਵੀ ਮਾਈ ਬੀਬੀ ਲਈ, ਰੰਗੂਨ ਦੀ ਯਾਤਰਾ ਵੱਡੇ ਕਸ਼ਟ ਤੇ ਜੋਖਮ ਵਾਲੀ ਸਿੱਧ ਹੋ ਸਕਦੀ ਹੈ। ਉਹਨਾਂ ਆਪਣੀ ਸਪੁੱਤਰੀ ਬੀਬੀ ਨੰਦਾਂ ਨੂੰ ਵੀ ਸੁਚੇਤ ਕੀਤਾ ਸੀ ਕਿ ਤੂੰ ਕਿਤੇ ਰੰਗੂਨ ਵੱਲ ਤੁਰ ਨਾ ਪਵੀਂ। ਬੀਬੀ ਅਤਰ ਕੌਰ ਬਾਰੇ ਵੀ ਉਹ ਸੁਚੇਤ ਸਨ ਕਿ ਇਧਰ ਨਾ ਆਵੇ। ਇਸ ਲਈ ਆਪ ਜੀ ਨੇ ਜਨਾਨਾ ਸਰੀਰ ਵਲੋਂ ਉਹਨਾਂ ਪਾਸ ਆਉਣ ਲਈ ਤੁਰਨ ਨੂੰ ਮੁਕੰਮਲ ਤੌਰ ਤੇ ਵਰਜ ਕੇ ਹੁਕਮਨਾਮਿਆਂ ਵਿੱਚ ਸਖਤ ਹਦਾਇਤਾਂ ਕੀਤੀਆਂ ਸਨ।"[11]

ਜੂਨ 1879 ਵਿੱਚ ਭਾਈ ਲਾਲ ਸਿੰਘ ਗੁਮਟੀ, ਨਰਾਇਣ ਸਿੰਘ ਰੋਡੇ ਰੰਗੂਨ ਦਰਸ਼ਨ ਕਰਕੇ ਹੁਕਮਨਾਮੇ ਲਿਆਏ। ਇੱਕ ਹੁਕਮਨਾਮਾ ਗੁਰੂ ਹਰੀ ਸਿੰਘ ਜੀ ਨੂੰ ਸੰਬੋਧਿਤ ਸੀ। ਉਸ ਵਿੱਚ ਸਤਿਗੁਰੂ ਜੀ ਲਿਖਦੇ ਹਨ-

ਹੋਰੁ ਅਤਰੀ ਦੀ ਬੀ ਬਾਤ ਕੁਛ ਨਹੀ ਲਿਖੀ ਕਿਤੇ ਅਨੰਦ ਪੜ੍ਹਾ ਲਿਆ ਹੈ ਕਿ ਨਹੀ। ਲੋਕਾਂ ਦੇ ਕਹੇ ਕਹਾਇ ਤੂ ਕਿਤੇ ਅਤਰੀ ਨੂੰ ਗਲ ਨਾ ਪਾ ਲਈ।[12]

ਇਸ ਤੋਂ ਪਹਿਲਾਂ ਜੁਲਾਈ 1877 ਤੱਕ ਬੀਬੀ ਅਤਰ ਕੌਰ ਦਾ ਚਾਚਾ ਮਨੀ ਸਿੰਘ ਸਤਿਗੁਰੂ ਜੀ ਦੇ ਰੰਗੂਨ ਦਰਸ਼ਨ ਕਰ ਆਇਆ ਸੀ। ਉਸ ਨੂੰ ਦਿੱਤੇ ਹੁਕਮਨਾਮੇ ਵਿੱਚ, ਬੀਬੀ ਨੂੰ ਅਤੇ ਉਸਦੇ ਪਰਿਵਾਰ ਨੂੰ, ਉਸਦਾ ਵਿਆਹ ਕਰਨ ਦੀਆਂ ਸਖਤ ਹਦਾਇਤਾਂ ਕਰਦੇ ਹਨ-

ਅਗੇ ਮਨੀ ਸਿੰਘ ਜੀ ਤੁਸੀ ਅਤਰੀ ਦੇ ਮਾ ਪਿਓ ਨੂ ਆਖਣਾ ਮੇਰਾ ਕਹਿਣਾ ਤੁਸੀ ਕਿਉ ਨਹੀ ਸਮਝਦੇ? ਕਿਉ ਕਮਲੇ ਹੋਏ ਹੋ? ਅਤਰੀ ਦਾ ਅਨੰਦ ਕਿਸੇ ਸਿਖ ਦੇ ਲੜਕੇ ਨਾਲ ਕਿਉ ਨਹੀਂ ਪੜਾ ਦਿਦੇ? ਅਤਰੀ ਤਾਂ ਇਆਣੀ ਹੈ, ਤੁਸੀ ਵੀ ਇਆਣੇ ਹੋ? ਏਸਦੀ ਏਸ ਤਰਾ ਕਦ ਤਕ ਨਿਭੂਗੀ? ਹੋਰ ਕੀ ਮੈ ਬਹੁਤਾ ਕਾਗਤ ਕਾਲਾ ਕਰਾ।ਥੋੜਾ ਲਿਖਾ ਬਹੁਤਾ ਕਰਕੇ ਜਾਣਨਾ। ਜਿਉ ਤਿਉ ਕਰਕੇ ਭਾਈ ਮਨੀ ਸਿੰਘ ਜੀ ਅਤਰੀ ਦਾ ਸੰਯੋਗ ਕਰ ਦੇਣਾ। ਮੈ ਅਪਣੀ ਬਲੋ ਥੁਆਨੂ ਆਖ ਦਿਤਾ ਹੈ ਅਗੇ ਤੁਸੀ ਜਾਣੋ। ਜੇ ਮਨੀ ਸਿੰਘ ਤੇਰਾ ਆਖਿਆ ਨਾ ਮੰਨਣ ਤਾ ਤੂ ਫੇਰ ਕੁਛ ਨਾ ਆਖੀ।ਆਪਣੀ ਨੂ ਕੁਮਾਰੀ ਰਖਣ ਚਾਹੇ ਵਿਆਹਿ ਦੇਵਣ ਚਾਹੇ ਮੇਲੇ ਲੈ ਜਾਵਣ, ਚਾਹੇ ਏਸਦੇ ਨਾਲ ਜਾਵਣ।

ਹੋਰ ਭਾਈ ਜੋ ਤੁਸੀ ਪੁਛੀ ਹੈ ਸੋ ਮੈ ਸਮਝੀ। ਭਾਈ ਮੇਰੀ ਤਾ ਸਾਦੀ ਕਰਨ ਦੀ ਸਲਾਹਿ ਨਾ ਅਗੇ ਥੀ ਨਾ ਹੁਣ ਹੈ। ਜਿਤਨਾ ਦਿਨ ਜੀਉਣਾ ਹੈ ਓਤਨੇ ਦਿਨ ਏਹੁ ਗੁਰੂ ਪਾਸੋ ਖੈਰ ਮੰਗਦੇ ਹਾ ਹੇ ਗੁਰੂ ਮੇਰੇ ਪਾਸੋ ਸਾਸ ਸਾਸ ਆਪਣਾ ਨਾਮ ਜਪਾਓ। ਅਗੇ ਜੋ ਗੁਰੂ ਨੇ ਕਰਨੀ ਹੈ ਸੋ ਗੁਰੂ ਜਾਣੇ। ਅਤਰੀ ਦੇ ਮਾ ਪਿਉ ਨੂ ਮੈ ਹਮੇਸਾ ਏਹੁ ਲਿਖਦਾ ਹਾ ਤੁਸੀ ਏਨੂ ਕਿਉ ਨਹੀ ਪ੍ਰਨਾ ਦਿੰਦੇ। ਫੇਰ ਫਲਾਣੇ ਦੀ ਉਧਲ ਗਈ, ਫਲਾਣੇ ਦਾ ਨਕ ਬਢਾ। ਥੁਆਨੂ ਫਿਟ-ਫਿਟ ਹੋਊ। ਤੈਨੂ ਬੀ ਕਹਾ ਥਾ ਜਾਇ ਕਹੀ, ਏਹੁ ਤਾ ਬਾਤ ਮੁਕੀ।....... ਨਿਰ੍ਦੇਖ ਤਾ ਇਕ ਗੁਰੂ ਈ ਹੈ ਜੀ।[13]

ਹੋਰ ਮਨੀ ਸਿੰਘ ਦੇਖੀ ਕਿਤੇ ਅਤਰੀ ਤੁਰ ਨਾ ਪਵੇ ਏਥੇ ਨੂ ਏਥੇ ਦਾ ਹਵਾਲ ਤਾ ਤੈ ਸਭ ਦੇਖਾ ਹੈ। ਏਥੇ ਸਾਡੇ ਪਾਸ ਤਾ ਕੋਈ ਆਉਦਾ ਨਹੀ, ਰਸਤ ਲੈ ਕੇ ਆਉਦੇ ਹੈ। ਪਰ ਸਾਡੇ ਹਛੇ ਬਾਸਤੇ ਕੀਤੀ ਹੈ ਮਹਾਰਾਜ ਨੇ।.......

ਹੁਣ ਸੁਖਾਲੇ ਭਜਨ ਬਾਣੀ ਕਰਦੇ ਹਾ ਕੋਈ ਵਖੇਪਤਾ ਨਹੀ।[14]

ਸੂਬਾ ਸਮੁੰਦ ਸਿੰਘ ਖੋਟੇ, ਸੂਬਾ ਸਰਮੁਖ ਸਿੰਘ ਲੱਲੂਵਾਲ ਅਤੇ ਭਾਈ ਗੁਰਦਿਤ ਸਿੰਘ ਕੋਟ ਧਰਮੂ, ਮਾਲਵੇ ਦੇ ਤਿੰਨ ਮਹੱਤਵਪੂਰਨ ਕੂਕੇ ਸਿੰਘ, ਸੰਨ 1878 ਈ. ਵਿੱਚ ਰੰਗੂਨ ਗੁਰੂ ਦਰਸ਼ਨਾਂ ਹਿਤ ਗਏ। ਇਹਨਾਂ ਨੂੰ ਦਿੱਤੇ ਹੁਕਮਨਾਮੇ ਰਾਹੀਂ ਸਤਿਗੁਰੂ ਜੀ ਅਤਰੀ ਨੂੰ ਆਪਣੇ ਨਾਲ ਵਿਆਹ ਕਰਨ ਦਾ ਖਿਆਲ ਮਨੋਂ ਕੱਢ ਸੁੱਟਣ ਤੇ ਜ਼ੋਰ ਦਿੰਦੇ ਸਨ। ਕਿਉਂ ਜੁ ਬਾਹੋਵਾਲ ਜੀ ਦੇ ਲਿਖਣ ਮੁਤਾਬਿਕ ਬੀਬੀ ਅਤਰੀ, ਪੰਜਾਬ ਤੋਂ ਰੰਗੂਨ ਜਾਣ ਵਾਲੇ ਹਰ ਸਿੰਘ ਰਾਹੀਂ ਆਪਣੀ ਬੇਨਤੀ ਸਤਿਗੁਰੂ ਜੀ ਤੱਕ ਪੁਚਾਉਂਦੀ ਸੀ।

"ਜੇਹੜਾ ਸਿੰਘ ਜਾਏ ਸਤਿਗੁਰਾਂ ਕਾ ਦਰਸ਼ਨ ਕਰਨ ਓਹੀ ਕਹੇ ਕੇ ਜੀ ਅਤਰੀ ਕਹਿੰਦੀ ਹੈ ਕਿ ਤੇਰੇ ਚਰਨਾਂ ਬਿਨਾਂ ਮੈਨੂੰ ਹੋਰ ਕੋਈ ਆਸਰਾ ਨਹੀਂ ਹੈ। ਪਿਛਲੇ ਪਹਿਰ ਨਾਨੂੰ ਸਿੰਘ ਨੂੰ ਬਚਨ ਕੀਤਾ ਲੈ ਗਏ ਸੇ ਮੇਰੀ ਉਂਗਲੀਉਂ ਛਾਪ ਲਾਹ ਕੇ। ਮੇਰਾ ਬਚਨ ਏਹੋ ਹੈ ਜਤ ਸਤ ਰਖੇ ਬਿਦਿਆ ਪੜੇ ਮਨੀ ਸਿੰਘ ਥੀਂ, ਅੰਦਰ ਬੜਕੇ ਭਜਨ ਕਰੇ ਤੇ ਫਿਰੇ ਨਾ।...... ਮੈਨੂ ਪੁੱਤਰਾਂ ਦੀ ਕੋਈ ਲੋੜ ਨਹੀਂ ਹੈ। ਮੈਂ ਅਗਲੇ ਪੁੱਤਰ ਨਾ ਰੈਹਨ ਦੀਏ। ਏਹ ਖਾਲਸਾ ਮੇਰੇ ਪੁੱਤਰ ਹੈਂ।[15]

ਸਮੁੰਦ ਸਿੰਘ ਨੂੰ ਪੱਕੀ ਕਰਦੇ ਹਨ ਕਿ ਖਾਨੇ ਜਾ ਕੇ ਉਹਨਾਂ ਨੂੰ ਸਮਝਾਉਣਾ ਫਿਰ ਇਹ ਵੀ ਲਿਖਦੇ ਹਨ ਕਿ ਹੋਰ ਭਲੇ ਮਾਣਸ ਵੀ ਇਸ ਪ੍ਰਥਾਇ ਨਾਲ ਲੈ ਜਾਣੇ।

ਹੋਰ ਸਮੁੰਦ ਸਿੰਘ ਜੀ ਤੁਸੀ ਖਾਨੇ ਆਪ ਜਾ ਕੇ ਅਤਰੀ ਦੇ ਮਾ ਬਾਪ ਨੂ ਆਖਣਾ ਏਹੁ ਤਾ ਇਆਣੀ ਹੈ, ਤੁਸੀ ਬੀ ਇਆਣੇ ਹੋ? ਕਿਸੇ ਸਿਖ ਦੇ ਲੜਕੇ ਨਾਲ ਅਨੰਦ ਪੜਾਇ ਦੇਵੋ ਅਤਰੀ ਦਾ। ਮੇਰੇ ਤਾ ਆਉਣ ਦੀ ਗਲ ਗੁਰੂ ਗੋਚਰੀ ਹੈ, ਅੰਗ੍ਰੇਜ ਤਾ ਮੈਨੂੰ ਛਡਦੇ ਨਹੀ, ਗੁਰੂ ਛਡਾਇ ਲਵੇ ਤਾ ਭਾਵਾ ਛੁਡਾਇ ਲੇਵੇ। ਫੇਰ ਮੇਰੀ ਚਿਟੀ ਦਾਹੜੀ ਆਇ ਗਈ ਹੈ ਜੋ ਏਹੁ ਬਾਤ ਦਾ ਹੁਣ ਸਮਾਂ ਨਹੀ ਰਹਾ।ਅਗੇ ਜੇ ਸਾਰੀ ਉਮਰ ਕਟਣੀ ਹੈ ਤਾ ਸਤ ਸੰਤੋਖ ਨਾਲ ਬੈਠੀ ਰਹੇ, ਭਜਨ ਬਾਣੀ ਬੈਠੀ ਕਰੇ ਤਾ ਬੀ ਚੰਗੀ ਹੈ। ਮਨੁਖ ਜਨਮ ਸਵਾਰ ਲਏ। ਜੇ ਵਿਚ ਡੁਲ ਗਈ ਤਾ ਦੂਹਾ ਸਿਰਿਆ ਤੇ ਜਾਊ। ਸਮਾ ਬਡਾ ਕਰੂਰ ਹੈ।

ਤੁਸੀ ਭਾਈ ਸਮੁੰਦ ਸਿੰਘ ਜੀ ਆਪ ਖਾਨੇ ਜਾਣਾ ਤੇ ਹੋਰ ਭਲੇ ਮਾਣਸ ਲੈ ਜਾਣੇ ਨਾਲ। ਦੋਹਾ ਬਾਤਾ ਤੇ ਇਕ ਪ੍ਰਮਾਨ ਕਰ ਲਏ, ਕੇ ਤਾ ਅਨੰਦ ਪੜਾ ਲਏ ਕਿਸੇ ਸਿਖ ਦੇ ਲੜਕੇ ਸਾਥ ਨਹੀ ਤਾ ਸਤਿ ਸੰਤੋਖ ਨਾਲ ਬੈਠੀ ਪ੍ਰਮੇਸਰ ਦਾ ਨਾਮ ਜਪੇ। ਅੰਨ ਪਾਣੀ ਦਾ ਘਾਟਾ ਕੋਈ ਨਹੀ ਰਹੂਗਾ। ਦੇਵੀ ਸਰੂਪ

ਹੋਇ ਜਾਊ ਜੇ ਪਰ ਅਛੀ ਤਰਾ ਰਹੂਗੀ। ਸਮੁੰਦ ਸਿੰਘ ਜੀ ਤੁਸੀ ਅਛੀ ਤਰਾ ਸਮਝਾਇਓ ਅਤਰੀ ਨੂ ਨਾਲੇ ਅਤਰੀ ਦੇ ਮਾ ਬਾਪ ਨੂ। ਏਹ ਲਿਖੀ ਤੁਸੀ ਬਹੁਤ ਕਰਕੇ ਸਮਝਣੀ।[16]

ਸੰਨ 1882 ਈ. ਵਿੱਚ ਗੁਰੂ ਹਰੀ ਸਿੰਘ ਜੀ ਨੂੰ ਸੰਬੋਧਿਤ ਹੁਕਮਨਾਮੇ ਵਿੱਚ ਵੀ ਆਪ ਲਿਖਦੇ ਹਨ-

ਖਾਨੇ ਵਾਲੀ ਅਤਰੀ ਕੋ ਆਖਨਾ ਕਿ ਕਿਤੇ ਵਿਵਾਹੁ ਕਰਾ ਲੇਵੇ, ਭਰੀ ਉਮਰ ਲੰਘਣੀ ਔਖੀ ਹੈ।

ਪਰ ਬੀਬੀ ਅਤਰ ਕੌਰ ਨੂੰ ਤਾਂ ਉਸ ਦਾ ਪਰਿਵਾਰ ਆਪਣੇ ਵਲੋਂ ਗੁਰੂ ਦੇ ਲੜ ਲਾ ਚੁੱਕਾ ਸੀ। ਸ਼ਰਧਾਵਾਨ ਸਿੱਖਾਂ ਨੇ ਸਤਿਗੁਰੂ ਜੀ ਦੇ ਇਨਕਾਰ ਕਰਨ ਤੇ ਉਦੋਂ ਵੀ ਕਿਹਾ ਸੀ ਕਿ ਸਾਡਾ ਇਸ ਨਾਲ, ਧੀ ਭੈਣ ਵਾਲਾ ਰਿਸ਼ਤਾ ਤਾਂ ਮੁੱਕ ਗਿਆ ਹੈ। ਹੁਣ ਸਾਡੇ ਲਈ ਇਹ ਗੁਰੂ ਮਹਿਲ ਹੋਣ ਕਰਕੇ, ਮਾਤਾ ਸਮਾਨ ਹੋ ਗਈ ਹੈ। ਹੁਣ ਸਮੁੱਚੇ ਕੂਕਿਆਂ ਵਿੱਚ ਮਾਤਾ ਦੇ ਤੌਰ ਤੇ ਸਥਾਪਿਤ ਹੋ ਚੁੱਕੀ ਬੀਬੀ ਅਤਰੀ ਲਈ, ਇਸ ਰੁਤਬੇ ਤੋਂ ਹੇਠਾਂ ਉਤਰਨਾਂ ਬਹੁਤ ਔਖਾ ਹੋ ਗਿਆ ਸੀ। ਉਸ ਕੋਲੇ ਇੱਕੋ ਰਾਹ ਬਚਿਆ ਸੀ ਕਿ ਉਹ ਕੂਕਾ ਲਹਿਰ ਦੇ ਸਿਆਸੀ ਨਿਸ਼ਾਨੇ ਦੀ ਪੂਰਤੀ ਲਈ ਜੀਅ-ਜਾਨ ਨਾਲ ਜੁੱਟ ਜਾਏ।ਉਸ ਦੇ ਲੋਕ ਪ੍ਰਭਾਵ ਦੀ ਧਾਂਕ ਨਾਭੇ ਵਾਲੇ ਰਾਜੇ ਹੀਰਾ ਸਿੰਘ ਤੱਕ ਵੀ ਪੁੱਜੀ। ਮਾਈਸਰਖਾਨੇ ਵਿੱਚ ਮਾਤਾ ਦੇ ਪਰਿਵਾਰਿਕ ਸਰੋਤਾਂ ਤੋਂ ਪਤਾ ਚੱਲਦਾ ਹੈ ਕਿ ਗੁਰੂ ਰਾਮ ਸਿੰਘ ਜੀ ਦਾ ਸ਼ਰਧਾਲੂ ਰਿਹਾ, ਮਹਾਰਾਜਾ ਹੀਰਾ ਸਿੰਘ ਨਾਭਾ ਵੀ ਮਾਈ ਦੇ ਦਰਸ਼ਨ ਕਰਨ ਦੋ ਵੇਰ ਮਾਈਸਰ ਖਾਨੇ ਆਇਆ ਅਤੇ ਪੱਚੀ- ਪੱਚੀ ਰੁਪੈ ਮੱਥਾ ਟੇਕ ਕੇ ਗਿਆ ਸੀ। ਮਾਈਸਰ ਖਾਨੇ ਵਾਲੇ ਅਤੇ ਤਲਵੰਡੀ ਸਾਬੋ ਦੇ ਚੌਧਰੀ ਡੱਲ ਸਿੰਘ ਮੱਲ ਸਿੰਘ ਆਦਿ ਦੇ ਸਿੱਧੂ ਬਰਾੜ ਪਰਿਵਾਰ, ਇੱਕੋ ਵਡੇਰੇ ਦੀ ਉਲਾਦ ਹਨ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ 1880 ਦੇ ਆਖਰੀ ਦੋ ਤਿੰਨ ਮਹੀਨਿਆਂ ਵਿੱਚ ਰੰਗੂਨ ਤੋਂ ਮਰਗੋਈ ਲੈ ਗਏ ਤਾਂ ਅਖੀਰ ਜਨਵਰੀ 1881 ਵਿੱਚ ਮੀਹਾਂ ਸਿੰਘ ਸਰਹਾਲੀ ਅਤੇ ਨਰਾਇਣ ਸਿੰਘ ਰੋਡੇ ਮਰਗੋਈ ਦਰਸ਼ਨ ਕਰ ਕੇ ਮੁੜੇ। ਮੀਹਾਂ ਸਿੰਘ ਰਾਤ ਭਰ ਸਤਿਗੁਰੂ ਜੀ ਵਾਲੇ ਬੰਗਲੇ ਵਿੱਚ ਰਿਹਾ। ਰੂਸ ਸਰਕਾਰ ਦੀਆਂ ਚਿੱਠੀਆਂ ਉਹ ਸਤਿਗੁਰੂ ਜੀ ਵੱਲ ਲੈ ਕੇ ਗਿਆ ਸੀ, ਜੋ ਪਿੱਛੋਂ ਬਾਬਾ ਗੁਰਚਰਨ ਸਿੰਘ ਚੱਕ ਰਾਮਦਾਸ ਲੈ ਕੇ ਆਇਆ ਸੀ। ਆਪਣਾ ਭੇਸ ਬਦਲ ਕੇ ਇਕ ਰਥ ਤੇ ਸਵਾਰ ਹੋ ਕੇ ਮਾਈ ਅਤਰ ਕੌਰ, ਬਹੁਤ ਮਹੱਤਵਪੂਰਨ ਸਿੱਖਾਂ ਸਮੇਤ ਲਾਟੋਂ ਦੀ ਢੱਕੀ ਵਿੱਚ ਪੁੱਜੀ ਅਤੇ ਇੱਥੇ

ਹੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਕੋਈ 150 ਕੂਕੇ ਸਿੰਘਾਂ ਦੀ ਗੁਪਤ ਸਭਾ ਹੋਈ। ਭੈਣੀ ਸਾਹਿਬ ਦੇ ਨੰਬਰਦਾਰ ਸੁੱਖੂ ਨੇ ਜੇ. ਪੀ. ਵਾਰਬਰਟਨ ਐਸ. ਪੀ. ਲੁਧਿਆਣਾ ਨੂੰ 17 ਮਾਰਚ 1881 ਨੂੰ ਸੂਚਨਾ ਦਿੱਤੀ ਕਿ ਲਾਟੋਂ ਦੀ ਢੱਕੀ, ਭੈਣੀ ਸਾਹਿਬ ਦੇ ਬਿਲਕੁਲ ਨੇੜੇ ਦਾਨ ਸਿੰਘ, ਗੁਰਦਿਤ ਸਿੰਘ, ਠਾਕੁਰ ਸਿੰਘ, ਜੈਮਲ ਸਿੰਘ ਤੇ ਦਰਬਾਰਾ ਸਿੰਘ (ਕਿਲਾ ਰਾਇਪੁਰ) ਸਾਰੇ ਵਾਸੀ ਭੈਣੀ ਸਾਹਿਬ ਅਤੇ ਮੰਗਲ ਸਿੰਘ ਰਾਈਆਂ ਆਦਿ, (ਸਾਰੇ ਰਾਜ-ਵਿਰੋਧੀ, ਖਤਰਨਾਕ ਕੂਕੇ) ਕੋਈ ਨਵੀਂ ਸ਼ਰਾਰਤ (ਸਰਕਾਰ ਦੇ ਵਿਰੁੱਧ) ਛੇੜਨ ਦੀ ਯੋਜਨਾ ਬਣਾ ਰਹੇ ਸਨ। 18 ਮਾਰਚ ਨੂੰ ਐਸ.ਪੀ. ਦੀ ਹਦਾਇਤ ਤੇ ਸਰਫਰਾਜ਼ ਖਾਨ ਇੰਸਪੈਕਟਰ ਨੇ 39 ਕੂਕੇ, ਮਾਈ ਭਾਈ, ਗਰਿਫਤਾਰ ਕੀਤੇ। ਇੰਸਪੈਕਟਰ ਦੇ ਆਉਂਦਿਆਂ ਹੀ ਕੂਕੇ ਸਭਾ ਬਰਖਾਸਤ ਕਰਕੇ ਉਹਨਾਂ ਵਿੱਚੋਂ ਜ਼ਿਆਦਾਤਰ ਇਧਰ ਉਧਰ ਨੱਸ ਗਏ ਜਾਂ ਛਿਪ ਗਏ। ਗੁਆਂਢੀ ਪਿੰਡਾਂ ਦੇ ਨੰਬਰਦਾਰਾਂ ਦੀ ਮਦਦ ਨਾਲ 39 ਕੂਕੇ ਪਕੜੇ ਗਏ। ਇੱਕ ਚਾਰ ਪਹੀਆ ਰਥ ਉਸਨੂੰ ਖਿੱਚਣ ਲਈ ਤਿੰਨ ਬੈਲ, ਇੱਕ ਖੱਚਰ, ਇੱਕ ਊਠ, ਕੁਝ ਟਕੂਏ, ਸਧਾਰਨ ਅਤੇ ਸੰਮਾਂ ਵਾਲੀਆਂ ਡਾਂਗਾਂ ਬਰਾਮਦ ਹੋਈਆਂ। ਰਥ ਵਾਲੇ ਗੁਰਦਾਸ ਸਿੰਘ ਨੇ ਕਿਹਾ ਕਿ ਘੁੰਡ ਵਿੱਚ ਲਿਪਟੀ ਉਸ ਦੀ ਭੈਣ ਹੈ, ਜੋ ਲੱਧੜਾਂ ਦੇ ਸਰਦਾਰ ਬਸੰਤ ਸਿੰਘ ਨੂੰ ਵਿਆਹੀ ਹੈ ਅਤੇ ਉਹਨਾਂ ਦਾ ਆਪਣਾ ਪਿੰਡ ਨਰੰਗੜ, ਥਾਣਾ ਗੋਬਿੰਦਗੜ੍ਹ ਪਟਿਆਲਾ ਹੈ। ਆਪਣੀ ਭੈਣ ਨੂੰ ਰਥ ਵਿੱਚ ਬਹਾ ਕੇ ਜਦੋਂ ਉਸ ਰਥ ਭਜਾ ਲਿਆ ਤਾਂ ਪੁਲੀਸ ਨੇ ਬਾਅਦ ਵਿੱਚ ਉਹਨਾਂ ਦਾ ਪਿੱਛਾ ਕਰਕੇ ਮੋੜ ਕੇ ਲਿਆਂਦੇ। ਬਿਸ਼ਨ ਸਿੰਘ ਕਲੈਹਰੀ ਜਿਸ ਦਾ ਊਠ ਸੀ, ਉਸਨੇ ਇੰਸਪੈਕਟਰ ਨੂੰ ਰਿਸ਼ਵਤ ਪੇਸ਼ ਕੀਤੀ ਕਿ ਰਥ ਸੁਆਰਾਂ ਨੂੰ ਜਾਣ ਦੇਵੇ। ਸਾਰੇ ਹੀ ਹਾਜ਼ਰ ਕੂਕੇ ਉਹਨਾਂ ਦੀ ਸੁਰੱਖਿਆ ਬਾਰੇ ਚਿੰਤੁਤ ਸਨ। ਜਦੋਂ ਇੰਸਪੈਕਟਰ ਨੇ ਉਸ ਬੀਬੀ ਨਾਲ ਗੱਲ ਕਰਨੀ ਚਾਹੀ ਤਾਂ ਗੁਰਦਾਸ ਸਿੰਘ ਨੇ ਆਪਣੇ ਰਿਵਾਜ ਦਾ ਹਵਾਲਾ ਦੇ ਕੇ ਉਸਨੂੰ ਵਰਜਿਆ ਕਿ ਉਨ੍ਹਾਂ ਦੀਆਂ ਔਰਤਾਂ, ਪਰਦੇ ਵਿੱਚ ਰਹਿੰਦੀਆਂ ਹਨ।ਉਹ ਕੂਕਾ ਹੋਣ ਤੋਂ ਮੁੱਕਰਦਾ ਸੀ।

ਜੇ. ਪੀ. ਵਾਰਬਰਟਨ ਕਹਿੰਦਾ ਹੈ ਕਿ ਗੁਰਦਾਸ ਸਿੰਘ ਅਤੇ ਉਸ ਦੀ ਕਥਿੱਤ ਭੈਣ ਦੀ ਸ਼ਨਾਖਤ ਲਈ ਮੈਂ 18 ਮਾਰਚ ਸ਼ਾਮ ਨੂੰ ਕੂਕਿਆਂ ਦਾ ਇੱਕ ਖਾਸ ਮੁਖਬਰ ਸੱਦਿਆ।ਉਸ ਸਾਰਿਆਂ ਨੂੰ ਵੇਖ ਕੇ ਦੱਸਿਆ ਕਿ ਇਹ ਤਾਂ ਸਰਦਾਰ ਗੁਰਦਿਤ ਸਿੰਘ ਨਾਈਵਾਲਾ ਹੈ, (ਥਾਣਾ ਬਰਨਾਲਾ ਰਿਆਸਤ ਪਟਿਆਲਾ) ਉਸਦਾ ਸੰਬੰਧੀ ਅਤੇ ਗੂਹੜਾ ਮਿੱਤਰ ਰਤਨ ਸਿੰਘ ਨਾਈਵਾਲਾ, ਰਾਇਕੋਟ ਕੇਸ ਵਿੱਚ ਫਾਂਸੀ ਲੱਗਾ ਸੀ। ਉਹ ਮਹੱਤਵਪੂਰਨ ਕੂਕਾ ਸੂਬਾ ਹੈ। ਰਿਆਸਤ ਪਟਿਆਲਾ ਨੇ ਉਸ ਤੋਂ, ਰਾਇਕੋਟ ਬੁੱਚੜ

ਕਤਲ ਕੇਸ ਸਮੇਂ, 500 ਰੁਪੈ ਨੇਕ ਚਲਣੀ ਦੀ ਜ਼ਮਾਨਤ ਲਈ ਸੀ ਕਿ ਉਹ ਭੈਣੀ ਸਾਹਿਬ ਨਹੀਂ ਜਾਵੇਗਾ। ਉਸਦੀ ਕਥਿਤ ਭੈਣ ਵੀ ਮਾਈਸਰ ਖਾਨੇ ਦੀ ਮੁਸੰਮਤ ਅਤਰੀ ਹੈ, ਜੋ ਆਪਣੇ ਆਪ ਨੂੰ ਗੁਰੂ ਰਾਮ ਸਿੰਘ ਦੀ ਪਤਨੀ ਦੱਸਦੀ ਹੈ, ਉਹ ਵੀ ਇੱਥੇ ਲੁਕ ਕੇ ਆਈ ਹੈ, ਕਿਉਂਕਿ ਪਟਿਆਲਾ ਸਰਕਾਰ ਵਲੋਂ ਉਸਦੇ ਭੈਣੀ ਸਾਹਿਬ ਜਾਣ ਤੇ ਜਾਂ ਪਿੰਡ ਛੱਡ ਕੇ ਕਿਤੇ ਵੀ ਜਾਣ ਤੇ ਰੋਕ ਲਾਈ ਹੋਈ ਹੈ। ਵਾਰਬਰਟਨ ਲਿਖਦਾ ਹੈ ਕਿ ਕਾਫੀ ਜੱਦੋ ਜਹਿਦ ਬਾਅਦ ਜਦੋਂ ਮੈਂ ਉਸ ਨੂੰ ਚਿਹਰੇ ਤੋਂ ਪਰਦਾ ਹਟਾਉਣ ਲਈ ਮਨਾਇਆ ਤਾਂ ਮੈਂ ਉਸ ਨੂੰ ਤੁਰੰਤ ਪਹਿਚਾਣ ਲਿਆ ਕਿਉਂ ਜੁ 4 ਜਾਂ 5 ਸਾਲ ਪਹਿਲਾਂ ਜਦੋਂ ਉਹ ਗੁਪਤ ਤੌਰ ਤੇ ਭੈਣੀ ਸਾਹਿਬ ਆਈ ਸੀ ਤਾਂ ਡਿਪਟੀ ਕਮਿਸ਼ਨਰ ਲੁਧਿਆਣਾ, ਮੇਜਰ ਗਾਰਡਨ ਨੇ ਉਸਨੂੰ ਤੁਰੰਤ ਭੈਣੀ ਸਾਹਿਬ ਤੋਂ ਉਸਦੇ ਪਿੰਡ ਭੇਜ ਦਿੱਤਾ ਸੀ। ਉਦੋਂ ਉਸ ਨੂੰ ਵੇਖਿਆ ਸੀ। ਹੁਣ ਆਪਣੀ ਪਹਿਚਾਣ ਸਥਾਪਿਤ ਹੋਣ ਤੇ ਉਸ ਨੇ ਕਿਹਾ ਹੈ ਕਿ ਉਸਦੇ ਮਾਤਾ ਪਿਤਾ ਚਲਾਣਾ ਕਰ ਚੁੱਕੇ ਹਨ।ਮਾਈਸਰ ਖਾਨਾ ਵਿੱਚ ਹੁਣ ਪਟਿਆਲਾ ਸਰਕਾਰ ਦੁਆਰਾ, ਉਸ ਨੂੰ ਪਰੇਸ਼ਾਨ ਕਰਨ ਲਈ ਕੀਤੀਆਂ ਸਖਤੀਆਂ, ਉਸ ਦੀ ਬਰਦਾਸ਼ਤ ਤੋਂ ਬਾਹਰ ਹਨ, ਸੋ ਉਹ ਇੱਥੇ ਭੈਣੀ ਸਾਹਿਬ ਵਿੱਚ (ਗੁਰੂ ਹਰੀ ਸਿੰਘ ਜੀ) ਮਹਾਰਾਜ ਬੁੱਧ ਸਿੰਘ ਪਾਸ ਰਹਿਣ ਆਈ ਹੈ। 19 ਮਾਰਚ ਨੂੰ ਬੀਬੀ ਅਤਰ ਕੌਰ ਦੀ ਬਾਣੀਆਂ ਵਾਲੀ ਪੋਥੀ ਵਿੱਚੋਂ ਐਸ. ਪੀ. ਨੂੰ ਗੁਰੂ ਰਾਮ ਸਿੰਘ ਜੀ ਦੇ ਅਸਲ ਹੁਕਮਨਾਮੇ ਵੀ ਮਿਲ ਗਏ, ਜਿਹੜੇ ਪਿਛਲੇ ਵਰ੍ਹੇ (1879 ਈ.) ਵਿੱਚ, ਸੁੰਦਰ ਸਿੰਘ ਕਲੈਹਰੀ (ਮਾਨਸਾ) ਅਤੇ ਭਗਵਾਨ ਸਿੰਘ (ਅੜਬੰਗੀ) ਮਰਹਾਣਾ (ਅੰਮ੍ਰਿਤਸਰ) ਲੈ ਕੇ ਆਏ ਸਨ। ਜਦੋਂ ਮੈਂ ਉਸਨੂੰ ਪੁੱਛਿਆ ਕਿ ਤੇਰੇ ਪਾਸ ਇਹ ਕਿਵੇਂ ਆਏ ਹਨ ਤਾਂ ਉਸ ਨੇ ਕਿਹਾ ਕਿ ਸਰਕਾਰ ਦੇ ਕਿਸੇ ਮੁਖਬਰ ਨੇ ਹੀ ਲਿਆ ਕੇ ਚੁੱਪ ਚਾਪ ਉਸਦੀ ਪੋਥੀ ਵਿੱਚ ਰੱਖ ਦਿੱਤੇ ਸਨ।

ਵਾਰਬਰਟਨ ਲਿਖਦਾ ਹੈ ਕਿ ਇਹਨਾਂ 39 ਗਰਿਫਤਾਰ ਕੂਕੇ ਮਰਦ ਔਰਤਾਂ ਵਿੱਚ, ਖੁਸ਼ਹਾਲ ਸਿੰਘ ਸੂਬਾ ਥਰਾਜ, ਗੁਰਦਿੱਤ ਸਿੰਘ ਨਾਈਵਾਲਾ, ਨਾਇਬ ਸੂਬਾ ਨੱਥਾ ਸਿੰਘ ਗਾਦੜੀਵਾਲਾ ਅਤੇ ਕਾਹਨ ਸਿੰਘ ਬਾਜਾਖਾਨਾ ਕੂਕਿਆਂ ਦੇ ਵੱਡੇ ਆਗੂ ਹਨ। ਖ਼ੁਦ ਬੀਬੀ ਅਤਰੀ ਇਸ ਸਮੇਂ ਜੋ ਦੂਜਿਆਂ ਨਾਲ ਗ੍ਰਿਫਤਾਰ ਹੋਈ ਹੈ, ਕੂਕਿਆਂ ਉਪਰ ਬੇਹੱਦ ਅਸਰ ਅੰਦਾਜ਼ ਹੈ। ਉਸਦਾ ਲਬੋ ਲਿਬਾਬ ਇਹ ਹੈ ਕਿ ਭੈਣੀ ਸਾਹਿਬ ਦੇ ਨੇੜੇ ਏਹੋ ਜਿਹੀ ਸਭਾ ਹੋਣੀ ਖਤਰਨਾਕ ਹੈ। ਹੁਣ ਉਹ ਭੈਣੀ ਸਾਹਿਬ ਦੀ ਪੁਲਿਸ ਚੌਕੀ ਅਤੇ ਥਾਣਾ ਸਾਹਨੇਵਾਲ ਵਿੱਚ ਹੋਰ ਨਫਰੀ ਵਧਾਉਣ ਦਾ ਸੁਝਾਅ ਦਿੰਦਾ ਹੈ, ਕਿਉਂਕਿ ਭੈਣੀ ਸਾਹਿਬ ਦੀ ਜੂਹ ਵਿੱਚ ਤਾਂ ਕੂਕੇ ਰਤਾ ਭਰ ਵੀ ਰੋਕੇ ਜਾਣ ਤੇ ਹਿੰਸਕ

ਹੋਣ ਲੱਗਿਆਂ, ਦੇਰ ਨਹੀਂ ਲਾਉਂਦੇ। ਅੰਮ੍ਰਿਤਸਰ ਦੇ ਇੱਕ ਸਿੰਘ ਸ਼ੇਰ ਸਿੰਘ ਤੋਂ ਇਲਾਵਾ ਇਹ ਸਾਰੇ ਹੀ ਪਟਿਆਲਾ, ਨਾਭਾ, ਫਰੀਦਕੋਟ ਰਿਆਸਤਾਂ, ਕਰਨਾਲ, ਸਿਰਸਾ, (ਫਾਜ਼ਿਲਕਾ) ਬੰਗਲਾ, ਫਿਰੋਜ਼ਪੁਰ, ਲੁਧਿਆਣਾ ਆਦਿ ਜ਼ਿਲ੍ਹਿਆਂ ਦੇ ਮਲਵਈ ਸਿੰਘ ਹੀ ਸਨ। ਮਲਵਈਆਂ ਵਿੱਚ ਇਸ ਸਮੇਂ ਤੱਕ ਬੀਬੀ ਅਤਰੀ ਦੀ ਮਾਨਤਾ ਕਾਫੀ ਵਧ ਚੁੱਕੀ ਸੀ। ਦਫਾ 504, 505 ਸੀ. ਆਰ. ਪੀ. ਸੀ ਤਹਿਤ ਕਾਰਵਾਈ ਕਰਦਿਆਂ, ਵਾਰਬਰਟਨ ਨੇ ਇਹ ਸਾਰੇ ਮਾਈ ਭਾਈ ਜਮਾਨਤਾਂ ਲੈ ਲੈ ਕੇ ਛੱਡੇ ਅਤੇ ਫੇਰ ਮੈਜਿਸਟ੍ਰੇਟ ਦੇ ਪੇਸ਼ ਹੋਣ ਲਈ ਕਿਹਾ।"**17**

ਉਪਰੋਕਤ ਘਟਨਾ ਸਾਡੇ ਇਤਿਹਾਸ ਵਿੱਚ ਇਉਂ ਦਰਜ ਹੈ-

"ਅਤਰੀ ਖਾਨੇ ਵਾਲੀ ਭੀ ਦਰਸ਼ਨ ਕੋ ਆਈ ਰੱਥ ਪਰ। ਲਾਟੋਂ ਕੀ ਢੱਕੀ ਮੈਂ ਗੁਰੂ ਜੀ ਭੀ ਗਏ। ਓਧਰ ਸੇ ਮੁਕਬਲਾਂ ਨੇ ਥਾਣੇਦਾਰ ਚਾੜ੍ਹ ਆਂਦਾ। ਥਾਨੇਦਾਰ ਨੇ ਸਿਪਾਹੀ ਭੇਜਿਆ ਕਿ ਫੜ ਲਿਆਵੇ। ਸਪਾਹੀ ਕੋ ਸਿੰਘਾਂ ਦੋ ਰੁਪਏ ਦੇ ਦੀਏ। ਸਪਾਹੀ ਨੇ ਕਹਾ ਕਿ ਇਸੀ ਕਣਕ ਮੇਂ ਵੜ ਕੇ ਛੁਪ ਜਾਓ। ਸਭ ਛੁਪ ਗਏ। ਸਪਾਹੀ ਨੇ ਕਹਾ ਕਿ ਏਈ ਥੇ ਹੋਰ ਸਿੰਘ ਚਲੇ ਗਏ। ਗੁਰੂ ਮਹਾਰਾਜ ਜੀ ਡੇਰੇ ਆਏ। ਸਪਾਹੀ ਰਥ ਨਾਲ ਲੈ ਗਿਆ ਲੁਦਿਹਾਣੇ। ਗੁਰੂ ਮਹਾਰਾਜ ਜੀ ਕੋ ਬੁਲਾਇਆ। ਖਾਨੇ ਵਾਲੀ ਕੇ ਪੈਰਾਂ ਮੇਂ ਭਵਟੇ ਪਾਇ ਦੀਏ ਤੇ ਕਹਾ ਸਰਦਾਰ ਕੀ ਰਾਨੀ ਹੈ। ਬਟਨ ਕਹੇ ਕਿ ਖਾਨੇ ਵਾਲੀ ਅਤਰੀ ਹੈ।

ਬੀਸ ਕੁ ਦਿਨ ਰਖਕੇ ਖਾਨੇ ਨੂੰ ਭੇਜੀ।**18**

ਸੋ ਮਾਲੂਮ ਹੁੰਦਾ ਹੈ ਕਿ ਸਿੰਘਾਂ ਦੇ ਇਸ ਗ਼ੈਰ ਕਾਨੂੰਨੀ ਇਕੱਠ ਕਰਨ ਦੇ ਦੋਸ਼ ਵਿੱਚ, ਬੀਬੀ ਅਤਰੀ ਨੂੰ ਵੀਹ ਦਿਨ ਅਦਾਲਤੀ ਲਾਕ ਅੱਪ ਵਿੱਚ ਰਹਿ ਕੇ ਜਿਹਲ ਕੱਟਣੀ ਪਈ ਅਤੇ ਜ਼ਮਾਨਤ ਹੋਣ ਬਾਅਦ ਵੀ ਉਹ ਆਪਣੇ ਪਿੰਡ ਖਾਨੇ ਪੁਲੀਸ ਹਿਰਾਸਤ ਵਿੱਚ ਹੀ ਪੁਚਾਈ ਗਈ। ਇਹ ਜਾਣ ਕੇ ਕਿ ਸ੍ਰੀ ਸਤਿਗੁਰੂ ਜੀ ਰੰਗੂਨ ਤੋਂ ਸੰਗਤ ਨੂੰ ਵਧ ਤੋਂ ਵੱਧ ਪਾਠ ਕਰਨ ਦੇ ਹੁਕਮਨਾਮੇ ਭੇਜ ਰਹੇ ਹਨ, ਆਪਣੇ ਡੇਰੇ ਵਿੱਚ ਬੀਬੀ ਅਤਰ ਕੌਰ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਤੋਂ ਰੋਜ਼ਾਨਾ ਘੰਟਿਆਂ ਬੱਧੀ ਪਾਠ ਕਰਦੀ ਰਹਿੰਦੀ। ਲਾਟੋਂ ਢੱਕੀ ਵਾਲੀ ਘਟਨਾ ਤੋਂ ਮਾਲੂਮ ਹੋਇਆ ਕਿ ਮਾਰਚ 1881 ਈ. ਤੱਕ ਅਤਰੀ ਦਾ ਪਿਤਾ ਅਤੇ ਮਾਤਾ ਚਲਾਣਾ ਕਰ ਚੁੱਕੇ ਸਨ। ਹੁਣ ਪਰਿਵਾਰ ਵਿੱਚ ਉਹ ਅਤੇ ਉਸਦਾ ਭਰਾ ਮੱਸਾ ਸਿੰਘ ਹੀ ਰਹਿ ਗਏ ਸਨ ਜਾਂ ਹੋਰ ਚਾਚੇ ਤਾਇਆਂ ਦੇ ਕੋੜਮੇ ਸਨ। ਬੀਬੀ ਅਤਰੀ ਦੀਆਂ ਲਗਾਤਾਰ ਸਰਕਾਰ ਵਿਰੋਧੀ ਵਧਦੀਆਂ ਸਰਗਰਮੀਆਂ ਤੋਂ ਪਟਿਆਲਾ ਅਤੇ

ਪੰਜਾਬ ਦੀ ਅੰਗਰੇਜ਼ ਸਰਕਾਰ ਚਿੰਤਾਤੁਰ ਸਨ ਕਿ ਉਸ ਦੇ ਪਾਸ ਆਉਣ ਵਾਲੇ ਨਾਮਧਾਰੀ ਸਿੰਘ ਵੀ ਆਪੋ ਆਪਣੇ ਇਲਾਕਿਆਂ ਵਿੱਚ, ਅੰਗਰੇਜ਼ ਸਰਕਾਰ ਵਿਰੁੱਧ ਪ੍ਰਚਾਰ ਕਰ ਰਹੇ ਸਨ ਕਿ ਸਤਿਗੁਰੂ ਜੀ ਦੇ ਜਿਹਲ ਵਿੱਚੋਂ ਲਿਖੇ ਪੱਤਰ ਪੜ੍ਹ ਕੇ, ਰੂਸ ਹਿੰਦੁਸਤਾਨ ਤੇ ਹਮਲਾ ਕਰੇਗਾ ਅਤੇ ਫਰੰਗੀ ਹਕੂਮਤ ਦਾ ਖਾਤਮਾ ਹੋ ਜਾਵੇਗਾ। ਮਰਗੋਈ ਜਿਹਲ ਵਿਚੋਂ ਹਜ਼ੂਰੀ ਸੇਵਕ ਭਾਈ ਨਾਨੂੰ ਸਿੰਘ ਨੂੰ ਨਵੰਬਰ 1881 ਦੇ ਪਹਿਲੇ ਅੱਧ ਵਿੱਚ, ਪੌਣੇ ਕੁ ਦਸ ਸਾਲ ਜਲਾਵਤਨ ਰੱਖ ਕੇ, ਪੰਜਾਬ ਭੇਜ ਦਿੱਤਾ ਗਿਆ ਸੀ।

ਇਹ ਜਾਣ ਕੇ ਕਿ ਹੁਣ ਸ੍ਰੀ ਸਤਿਗੁਰੂ ਜੀ ਪਾਸ ਸੇਵਾ ਕਰਨ ਵਾਲਾ ਉਨ੍ਹਾਂ ਦਾ ਕੋਈ ਆਪਣਾ ਹਮਵਤਨੀ ਸਰੀਰ ਨਹੀਂ ਰਹਿ ਗਿਆ, ਬੀਬੀ ਅਤਰ ਕੌਰ ਨੇ ਅੰਗਰੇਜ਼ ਸਰਕਾਰ ਨੂੰ ਇਹ ਬਿਨੇ ਪੱਤਰ ਲਿਖਣੇ ਸ਼ੁਰੂ ਕੀਤੇ ਕਿ ਗੁਰੂ ਰਾਮ ਸਿੰਘ ਮੇਰੇ ਪਤੀ ਦੇਵ ਹਨ ਅਤੇ ਮੈਨੂੰ ਉਨ੍ਹਾਂ ਦੀ ਸੇਵਾ ਵਿੱਚ ਮਰਗੋਈ ਹਾਜ਼ਰ ਹੋਣ, ਉੱਥੇ ਜਾ ਕੇ ਰਹਿਣ ਦੀ ਆਗਿਆ ਦਿੱਤੀ ਜਾਵੇ। ਉਸ ਨੇ ਖੁਦ ਨੂੰ ਸਤਿਗੁਰੂ ਜੀ ਦੀ ਮੰਗੇਤਰ ਅਤੇ ਰੂਹਾਨੀ ਤੌਰ ਤੇ ਹੋ ਚੁੱਕੀ, ਉਹਨਾਂ ਦੀ ਪਤਨੀ ਲਿਖ ਕੇ ਸਰਕਾਰ ਤੋਂ ਇਜ਼ਾਜਤ, ਮਰਗੋਈ ਰਹਿਣ ਦੀ ਚਾਹੀ ਸੀ। ਪਰ ਅਧਿਕਾਰੀਆਂ ਨੇ ਜਦੋਂ 20 ਮਈ 1882 ਨੂੰ ਸਤਿਗੁਰੂ ਜੀ ਨੂੰ ਇਸ ਬਾਬਤ ਪੁੱਛਿਆ ਸੀ, ਤਾਂ ਉਨ੍ਹਾਂ ਦਾ ਜਵਾਬ ਸੀ ਕਿ ਮੇਰੀ ਇੱਕੋ ਪਤਨੀ ਸੀ, ਜੋ ਚਲਾਣਾ ਕਰ ਚੁੱਕੀ ਹੈ। ਹੁਣ ਕਿਸੇ ਨੂੰ ਵੀ ਇਸ ਤਰ੍ਹਾਂ ਮੇਰੇ ਪਾਸ ਨਾ ਭੇਜਿਆ ਜਾਏ। ਮੈਂ ਰੱਖਾਂਗਾ ਨਹੀਂ।[19] ਇਤਿਹਾਸਕਾਰ ਇਸ ਘਟਨਾ ਨੂੰ ਸਤਿਗੁਰੂ ਜੀ ਦੇ ਉੱਚੇ ਆਤਮਿਕ ਜੀਵਨ ਨਾਲ ਜੋੜ ਕੇ, ਉਹਨਾਂ ਦੀ ਮਹਿਮਾ ਵਿੱਚ ਇਕਮਤ ਹਨ। ਦੂਜੇ ਪਾਸੇ ਬੀਬੀ ਅਤਰੀ ਆਪਣੇ ਅਕੀਦੇ ਤੇ ਦ੍ਰਿੜ ਸੀ। ਉਹ ਸਮਰਪਨ ਭਾਵ ਨਾਲ ਸਤਿਗੁਰੂ ਜੀ ਦੇ ਮਿਸ਼ਨ ਦੇ ਪਰਚਾਰ ਵਿੱਚ ਜੁਟੀ ਹੋਈ ਸੀ। ਉਸ ਦੀਆਂ ਵਾਰ ਵਾਰ ਆਉਂਦੀਆਂ ਦਰਖਾਸਤਾਂ ਤੋਂ, ਪੰਜਾਬ ਅਤੇ ਭਾਰਤ ਦੀਆਂ ਅੰਗਰੇਜ਼ ਸਰਕਾਰਾਂ ਘਬਰਾ ਉੱਠੀਆਂ। ਉਹਨਾਂ ਮਹਾਰਾਜਾ ਪਟਿਆਲਾ ਨੂੰ ਕਹਿ ਕੇ, ਬੀਬੀ ਅਤਰੀ ਨੂੰ ਲੰਮੀ ਕੈਦ ਵਿੱਚ ਸੁੱਟ ਦਿੱਤਾ . ਕੂਕਾ ਪੰਥ ਦੇ ਪ੍ਰਸਿੱਧ ਵਿਅਕਤੀ, ਬੀਬੀ ਅਤਰੀ ਦੇ ਜਿਹਲ ਜੀਵਨ ਵਿਚ ਉਸ ਦੇ ਇਮਦਾਦੀ ਹੁੰਦੇ ਰਹੇ। ਸਮਕਾਲੀ ਇਤਿਹਾਸਕਾਰ ਇਸ ਘਟਨਾ ਨੂੰ ਸੂਤਰਬੱਧ ਕਰ ਗਿਆ ਹੈ।

"ਖਾਨੇ ਵਾਲੀ (ਮਾਈ) ਅਤਰ ਕੌਰ ਕੋ ਖਾਨੇ ਸੇ ਪਟਿਆਲੇ ਮੇਂ ਲੈ ਗਏ, ਨਜ਼ਰਬੰਦ ਰੱਖੀ। ਫੇਰ ਬਹਾਦਰਗੜ੍ਹ ਕੇ ਕਿਲੇ ਮੇਂ ਰੱਖੀ। (ਗੁਰੂ) ਗ੍ਰੰਥ ਸਾਹਿਬ ਜੀ ਕਾ ਪਾਠ ਕਰਨਾ। ਸਿੰਘ ਔਂਦੇ ਜਾਂਦੇ ਰਹੇ। ਜਦ ਹਾਕਮ ਨੇ ਪੁੱਛਣਾ ਤੂੰ ਕਿੱਥੇ ਰਹਿਣ ਮੇਂ ਰਾਜ਼ੀ ਹੈਂ, ਆਖਣਾ ਕਿ ਮੈਂ ਭੈਣੀ ਸਾਹਿਬ

ਰਹਾਂਗੀ, ਮੇਰਾ ਘਰ ਹੈ। ਬਹਾਦਰ ਗੜ੍ਹ ਤੀਨ ਬਰਸ ਰਹੀ। ਤਾਂ ਬਾਬਾ ਕੁਸ਼ਾਲ ਸਿੰਘ (ਸੂਬਾ ਪਿੰਡ ਥਰਾਜ-ਸਿਰਸਾ) ਗਿਆ ਪਟਿਆਲੇ ਮੇਂ। ਨਾਲ ਮਾਈ ਜੀਉਣ ਕੋਰ ਮਾਈ ਫਤਹ ਕੌਰ ਹੈਂ। ਗੰਡਾ ਸਿੰਘ ਬਖਸ਼ੀ ਨੇ ਰਿਹਾਈ ਕਰਵਾਇ ਦਿਤੀ। ਕਹਾ ਕਿ ਜਹਾਂ ਤੁਮਾਰੀ ਰਜ਼ਾ ਹੈ ਤਹਾਂ ਰਹੋ। ਫੇਰ ਖਾਨੇ ਨੂੰ ਗਈ। ਸੱਤ ਦਿਨ ਰਹਿ ਕੇ ਫੇਰ ਰਾਮਦਾਸ ਪੁਰੇ (ਭੈਣੀ) ਸਾਹਿਬ ਮੇਂ ਆਈ। ਨਾਲ ਮਾਈ ਫਤੇ ਕੌਰ ਤੇ ਜੀਉਣ ਕੌਰ। ਕੋਈ ਕੁ ਦਿਨ ਰਹਿ ਕੇ ਮੁੜ ਗਈਆਂ ਥਰਾਜ ਨੂੰ।"[20]

ਬੀਬੀ ਅਤਰ ਕੌਰ ਵੀ ਨਾਮਧਾਰੀ ਸੰਗਤ ਦੀਆਂ ਬਾਬਾ ਜੱਸਾ ਸਿੰਘ ਜੀ ਦੇ ਪੋਤਰੇ ਵੇਖਣ ਵਾਲੀਆਂ ਉਮੰਗਾਂ ਦੀ ਪੂਰਤੀ ਲਈ ਖਾਹਿਸ਼ਮੰਦ ਸੀ। ਸਤਿਗੁਰੂ ਜੀ ਵਲੋਂ ਉਸਨੂੰ ਪਰਵਾਨਗੀ ਨਾ ਮਿਲਣ ਬਾਅਦ ਉਸ ਦਾ ਧਿਆਨ, ਗੁਰੂ ਹਰੀ ਸਿੰਘ ਜੀ ਵੱਲ ਹੋਇਆ ਕਿਉਂਕਿ ਲੜਕਾ ਉਹਨਾਂ ਦਾ ਵੀ ਕੋਈ ਨਹੀਂ ਸੀ। ਥਰਾਜ ਵਾਲੇ ਸੂਬਾ ਖੁਸ਼ਹਾਲ ਸਿੰਘ ਦੀਆਂ ਦੋਹਾਂ ਪੁੱਤਰੀਆਂ, ਬੀਬੀ ਜੀਵਨ ਕੌਰ ਅਤੇ ਫਤੇਹ ਕੌਰ ਦੇ ਅਨੰਦ ਸੰਨ 1871 ਈ. ਵੈਸਾਖ ਦੇ ਮਹੀਨੇ, ਸਤਿਗੁਰੂ ਰਾਮ ਸਿੰਘ ਦੀ ਹਜ਼ੂਰੀ ਵਿੱਚ ਪਿੰਡ ਅਬਲੂ ਦੇ ਲੜਕਿਆਂ ਨਾਲ ਥਰਾਜ ਵਿਖੇ ਹੀ ਹੋ ਗਏ ਸਨ। ਅਜੇ ਮੁਕਲਾਵਾ ਨਹੀਂ ਸੀ ਤੁਰਿਆ। ਲੜਕਿਆਂ ਵਾਲੇ ਕੂਕੇ ਨਾ ਰਹੇ, ਸਰਕਾਰੀ ਸਖਤੀਆਂ ਤੋਂ ਡਰ ਕੇ। ਬਾਬਾ ਖੁਸ਼ਹਾਲ ਸਿੰਘ ਹੋਰਾਂ ਨੇ ਰਿਸ਼ਤੇ ਤੋਂ ਇਨਕਾਰ ਕਰ ਦਿੱਤਾ। ਬਾਬਾ ਜੀ ਅਤੇ ਉਹਨਾਂ ਦੀਆਂ ਪੁੱਤਰੀਆਂ ਮਾਈਸਰ ਖਾਨੇ ਜੋ ਥਰਾਜ ਤੋਂ ਮਸਾਂ 30-32 ਕਿਲੋਮੀਟਰ ਦੀ ਵਾਟ ਹੈ, ਬੀਬੀ ਅਤਰ ਕੌਰ ਦੇ ਡੇਰੇ ਤੇ ਅਕਸਰ ਆਉਂਦੇ ਜਾਂਦੇ ਸਨ। ਮਾਤਾ ਅਤਰੀ ਦੀ ਪਹਿਲ ਕਦਮੀ ਤੇ ਹੀ ਦੋਹਾਂ ਬੀਬੀਆਂ ਦਾ ਨਾਤਾ ਸੰਨ 1887 ਈ. ਦੀ ਵੈਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਨਾਲ ਜੁੜ ਗਿਆ ਸੀ।

"ਕੋਈ ਕੁ ਦਿਨ ਠਹਿਰ ਕੇ ਖਾਨੇ ਵਾਲੀ ਨੇ ਅਰਜ਼ੀ ਦਿਤੀ ਫਰੰਗੀ ਕੋ ਕਿ ਮੇਰੀ ਸੇਵਾ ਵਾਸਤੇ ਜੀਉਣ ਕੌਰ ਤੇ ਫਤੇ ਕੌਰ ਚਾਹੀਏ। ਫਰੰਗੀ ਨੇ ਕਹਾ ਕਿ ਹੋਰ ਜ਼ਨਾਨੇ ਬਹੁਤ ਹੈਂ। ਗੁਰਦੇਈ ਹੈ (ਖੰਨੇ ਵਾਲੀ) ਉਸ ਸੇ ਕਰਵਾਇ ਲਵੋ ਸੇਵਾ। ਖਾਨੇ ਵਾਲੀ ਨੇ ਕਹਾ ਕਿ ਹੋਰ ਕੋ ਮੇਰੀ ਟੈਹਲ ਕਰਨੇ ਕੀ ਕੁਛ ਖਵਰ ਨਹੀਂ ਹੈ। ਓਹ ਮੇਰੀ ਟੈਹਲ ਨੂੰ ਜਾਣਦੀਆਂ ਹੈ, ਅੱਗੇ ਮੇਰੀ ਸੇਵਾ ਕਰਦੀਆਂ ਰਹੀਆਂ। ਫਰੰਗੀ ਨੇ ਹੁਕਮ ਦੀਆ ਕਿ ਮੰਗਵਾ ਲਵੋ। ਤਾਂ ਮਾਈ ਜੀਉਣ ਕੌਰ ਆਈ। ਰਾਮਦਾਸ ਪੁਰੇ ਸਾਹਿਬ ਖਾਨੇ ਵਾਲੇ ਕੀ ਟੈਹਲ ਸੇਵਾ ਮੇਂ ਹਾਜ਼ਰ ਹੋਈ। ਪਹਿਲਾਂ ਤਾਂ ਏਕ ਬੁਰਜ ਸੀ ਤਿਸ ਮੇਂ ਰਹਿਣ ਲੱਗੀਆਂ। ਫੇਰ ਮੰਦਰ ਬਣਾਇਆ, ਉਪਰ ਚੁਬਾਰਾ।

"ਖਾਨੇ ਵਾਲੀ ਕੇ ਦਿਲ ਮੇਂ ਹੋਈ ਕਿ ਜੇ ਮੇਰੇ ਪਾਸ ਕੁੰਜੀਆਂ ਆਇ ਜਾਵਣ ਤਾਂ ਮੈਂ ਬੰਦੋਬਸਤ ਕਰਾਂ ਜੇਹੜਾ ਫਾਲਤੂ ਖਰਚ ਹੈ। ਦਾਨ ਸਿੰਘ ਨੇ ਕੁੰਜੀਆਂ ਸੁੱਟ ਦਿੱਤੀਆਂ ਕਿਸੇ ਬੋਲੇ ਥੀਂ ਖਿਝਕੇ। ਗੁਰੂ ਮਹਾਰਾਜ ਜੀ ਕੁੰਜੀਆਂ ਚੁੱਕ ਕੇ ਖਾਨੇ ਵਾਲੀ ਕੋ ਫੜਾਇ ਦਿਤੀਆਂ। ਉਸੀ ਦਿਨ ਸੇ ਫਾਲਤੂ ਖਰਚ ਸਭ ਹਟਾਇ ਦੀਏ, ਮਾਮੂਲੀ ਖਰਚ ਰੱਖਿਆ। ਜਿਸ ਸੇ ਨਾ ਸਰੇ ਸੋ ਰਖਿਆ ਅਤੇ ਹੋਰ ਸਭ ਬੰਦ ਕੀਤੇ। ਜੇਹੜਾ ਬਚਨ ਮੰਨੇ ਉਸ ਪਰ ਰਾਜੀ ਜੇਹੜਾ ਬਚਨ ਨਾ ਮੰਨੇ ਉਸ ਪਰ ਨਰਾਜ। ਗੁਰੂ ਹਰੀ ਸਿੰਘ ਜੀ ਕਾ ਤੇ ਮਾਈ ਜੀਉਣ ਕੌਰ ਕਾ ਅਰਦਾਸਾ ਕਰ ਦੀਆ।"[21]

ਮਾਲੂਮ ਹੁੰਦਾ ਹੈ ਕਿ 1887 ਤੋਂ 1891 ਈ. ਤੱਕ ਮਾਈ ਅਤਰੀ ਡੇਰਾ ਪ੍ਰਬੰਧਕ ਦੇ ਤੌਰ ਤੇ ਸ੍ਰੀ ਭੈਣੀ ਸਾਹਿਬ ਰਹਿ ਕੇ ਸੇਵਾ ਨਿਬਾਹੁੰਦੀ ਰਹੀ। ਇਸੇ ਸਮੇਂ 9 ਮਾਰਚ 1890 ਈ. ਨੂੰ ਮਾਤਾ ਜੀਵਨ ਕੌਰ ਜੀ ਦੇ ਉਦਰ ਥੀਂ ਸਾਹਿਬਜ਼ਾਦਾ ਪਰਤਾਪ ਸਿੰਘ ਜੀ ਨੇ ਪਰਕਾਸ਼ ਲਿਆ। ਪੰਥ ਵਿੱਚ ਖੁਸ਼ੀਆਂ ਹੋਈਆਂ। ਮਾਤਾ ਅਤਰੀ ਨੂੰ ਵੀ ਆਪਣਾ ਮਨ ਚਿਤਵਿਆ ਸੁਖ ਹਾਸਲ ਹੋਇਆ। ਬਾਬਾ ਜੱਸਾ ਸਿੰਘ ਜੀ ਦੇ ਘਰ ਪੋਤਰਾ ਆਇਆ। ਕੁਝ ਪਟਿਆਲੇ ਵਾਲਿਆਂ ਦਾ ਵੀ ਦਬਾਅ ਸੀ ਸੋ ਮਾਈ ਅਤਰੀ, ਫਿਰ ਵਾਪਸ ਆਪਣੇ ਡੇਰੇ ਮਾਈਸਰ ਖਾਨੇ ਚਲੀ ਗਈ। ਇਸ ਤੋਂ ਕੁਝ ਚਿਰ ਬਾਅਦ ਇੱਕ ਵੇਰ ਫਿਰ ਭੈਣੀ ਸਾਹਿਬ ਆਈ ਤੇ ਮੁੜਨ ਲੱਗੀ ਨੂੰ ਗੁਰੂ ਹਰੀ ਸਿੰਘ ਜੀ ਨੇ ਕਿਹਾ ਸੀ ਕਿ ਬੇਸ਼ਕ ਡੇਰੇ ਵਿੱਚ ਹੀ ਰਹੋ. ਉਸਨੇ ਕਿਹਾ ਕਿ ਨਵੇਂ ਘਰ ਬਣਵਾਏ ਹਨ, ਜੇ ਵਿੱਚ ਨਾ ਰਹੀਏ ਤਾਂ ਢਹਿ ਜਾਣਗੇ। ਮਕਾਨ ਉਦੋਂ ਕੱਚੇ ਹੀ ਹੁੰਦੇ ਸਨ। ਫਿਰ ਗੁਰੂ ਜੀ ਨੇ ਇਹ ਵੀ ਕਿਹਾ ਕਿ ਲੋੜ ਮੂਜਬ ਜੋ ਚੀਜ ਵਸਤ ਚਾਹੋ ਲੈ ਜਾ ਸਕਦੇ ਹੋ। ਪਰ ਬੀਬੀ ਨੇ, ਸਤਿਗੁਰੂ ਵਿਛੋੜੇ ਦੀ ਸੋਗ ਦੀ ਨਿਸ਼ਾਨੀ ਵਜੋਂ ਇੱਕ ਕਾਲੀ ਕੰਬਲੀ ਹੀ ਚੁੱਕੀ।"[22]

1893 ਈ. ਵਿੱਚ ਗੁਰਦੁਆਰਾ ਭੈਣੀ ਸਾਹਿਬ ਦਾ ਇੱਕ ਸਿੰਘ ਮਾਲਵੇ ਵਿੱਚ ਗੁਰਦੁਆਰੇ ਦੀ ਉਗਰਾਹੀ ਕਰਨ ਗਿਆ, ਇਲਾਕਾ ਮੁਕਤਸਰ ਵਿੱਚ ਮਾਰਿਆ ਗਿਆ ਜਿਸ ਦੀ ਕੋਈ ਉੱਘ ਸੁੱਘ ਨਾ ਲੱਗੀ। ਸਿਰਫ ਇਤਨਾ ਪਤਾ ਲੱਗਾ ਕਿ ਮਾਈ ਅਤਰੀ ਦੇ ਤਿੰਨ ਸਿੰਘ ਉਸਨੂੰ ਸੱਦ ਕੇ ਲੈ ਗਏ ਸੀ। ਗੁਰੂ ਹਰੀ ਸਿੰਘ ਜੀ ਨੇ ਕਿਹਾ ਕਿ ਸਾਡੀ ਦਰਖਾਸਤ ਸਤਿਗੁਰੂ ਰਾਮ ਸਿੰਘ ਅੱਗੇ ਹੈ, ਅੰਗਰੇਜ਼ਾਂ ਦੀ ਪੁਲੀਸ ਨੂੰ ਕੁਝ ਨਹੀਂ ਕਹਿਣਾ। ਫਿਰ ਜਦੋਂ ਗੁਰੂ ਹਰੀ ਸਿੰਘ ਜੀ ਸੰਤੋਖ ਸਿੰਘ ਬਾਹੋਵਾਲ ਨੂੰ ਭੇਜਿਆ ਇੱਕ ਪੱਤਰ ਦੇ ਕੇ ਕਿ ਮੁਕਤਸਰੀਆਂ ਦੇ ਇਲਾਕੇ ਵਿੱਚ ਖੂਨ ਹੋਇਆ ਹੈ, ਇਸ ਦਾ ਨਿਤਾਰਾ ਕਰੋ। ਨਹੀਂ ਉਤਨਾ ਚਿਰ ਤੁਹਾਡਾ ਅੰਨ ਜਲ ਨਹੀਂ ਛਕਾਂਗੇ। ਉਸ ਸਿੰਘ ਦੇ ਬਸਤਰ ਲੱਕੜ ਵਾਲੀ ਦਾ ਇੱਕ ਸਿੰਘ ਦੇ ਗਿਆ ਸੀ।

ਗੁਰੂ ਹਰੀ ਸਿੰਘ ਜੀ ਦੀ ਚਿੱਠੀ ਦਾ ਮਾਈ ਅਤਰੀ ਨੇ ਬੁਰਾ ਮਨਾਇਆ ਕਿ ਮੇਰੇ ਜ਼ਿੰਮੇਂ ਖ਼ੂਨ ਲਾਉਂਦੇ ਹਨ। ਸਿੰਘਾਂ ਦੇ ਮਨਾਂ ਵਿੱਚ ਵੀ ਮਾਤਾ ਪ੍ਰਤੀ ਕੁਝ ਰੋਸ ਪੈਦਾ ਹੋਇਆ।[23]

ਲੱਕੜ ਵਾਲੀ ਦਾ ਜਿਹੜਾ ਸਿੰਘ ਕੱਪੜੇ ਦੇ ਗਿਆ ਸੀ, ਉਸ ਦੇ ਪਿਤਾ ਵੀਰ ਸਿੰਘ ਨੂੰ ਗੁਰੂ ਹਰੀ ਸਿੰਘ ਜੀ ਭੈਣੀ ਸਾਹਿਬ ਬੁਲਾ ਕੇ ਪੁੱਛਿਆ। ਕੁਝ ਦੱਸਣ ਦੀ ਬਜਾਏ ਸਵੇਰੇ ਚੋਰੀ ਨੱਸ ਆਇਆ। ਦੇਵਨੇਤ ਸੰਨ 1895 ਵਿੱਚ ਜਦੋਂ ਗੁਰੂ ਜੀ ਮਾਲਵੇ ਦੇ ਦੌਰੇ ਵਿੱਚ ਸਨ ਉਹੋ ਵੀਰ ਸਿੰਘ ਮਰ ਗਿਆ। ਗੁਰੂ ਹਰੀ ਸਿੰਘ ਜੀ ਨੇ ਕਿਹਾ ਸਾਡਾ ਨਿਆਂ ਹੋ ਗਿਆ ਹੈ। ਭਾਈ ਬਖਤੌਰ, ਗੁਰੂ ਹਰੀ ਸਿੰਘ ਜੀ ਦਰਸ਼ਨ ਦਿੱਤੇ ਤਾਂ ਉੱਥੇ ਮਾਈ ਖਾਨੇ ਵਾਲੀ ਵੀ ਆਈ ਅਤੇ ਮੱਥਾ ਟੇਕ ਕੇ ਮੁੜ ਗਈ। ਮਨ ਵਿੱਚ ਕੁਝ ਰੋਸਾ ਸੀ।[24]

ਸੰਨ 1899 ਵਿੱਚ, ਆਪਣੇ ਭਾਈ ਮੱਸਾ ਸਿੰਘ ਨਾਲ ਬੀਬੀ ਅਤਰੀ ਗੁੱਸੇ ਹੋ ਗਈ। ਉਹ ਭੈਣੀ ਸਾਹਿਬ ਆ ਗਿਆ। ਗੁਰੂ ਹਰੀ ਸਿੰਘ ਨੂੰ ਕਹਿੰਦਾ ਕਿ ਮੈਨੂੰ ਚਾਰ ਸਿੰਘਾਂ ਤੋਂ ਕੁਟਵਾਇਆ ਹੈ। ਬੀਬੀ ਆਖੇ ਕਿ ਇਹ ਬੇ ਮਰਿਆਦਗੀਆਂ ਕਰਦਾ ਹੈ। ਬੀਬੀ ਅਤਰੀ ਗੁੱਸੇ ਵਿੱਚ ਅਕਾਲ ਬੁੰਗੇ ਬੈਠੀ ਰਹੀ। ਗੁਰੂ ਜੀ ਨੇ ਮਾਤਾ ਜਿਊਣ ਕੌਰ ਜੀ ਨੂੰ ਭੇਜਿਆ ਪਰ ਉਨ੍ਹਾਂ ਨਾਲ ਵੀ ਨਾ ਆਈ। ਅਖੀਰ ਗੁਰੂ ਹਰੀ ਸਿੰਘ ਆਪ ਆਏ ਅਤੇ ਘਰ ਲੈ ਗਏ। ਉਸਨੂੰ ਸਮਝਾਇਆ ਅਤੇ ਕਰੋਧ ਸ਼ਾਂਤ ਕੀਤਾ। ਗੁਰੂ ਜੀ ਨੇ ਇਹ ਵੀ ਕਿਹਾ-"ਤੂੰ ਸਾਨੂੰ ਜੱਸਾਂ ਕੇ ਸਮਾਨ ਹੈ।"[25]

ਗੁਰੂ-ਮਹਿਲ ਮਾਤਾ ਜੱਸਾਂ ਜੀ, ਗੁਰੂ ਹਰੀ ਸਿੰਘ ਜੀ ਦੀ ਮਾਤਾ ਸਮਾਨ, ਵੱਡੀ ਭਰਜਾਈ ਸੀ। ਗੁਰੂ ਹਰੀ ਸਿੰਘ ਜੀ ਨੇ ਭੈਣ ਭਰਾ ਨੂੰ ਸਮਝਾ ਬੁਝਾ ਕੇ ਖਾਨੇ ਤੋਰਿਆ।

1900 ਈ. ਦੀ ਕੱਤਕ ਪੁੰਨਿਆ ਨੂੰ ਮਾਈ ਅਤਰੀ ਦਾ ਬਡ ਤੀਰਥ, ਹਰੀ ਪੁਰਾ (ਫਾਜ਼ਿਲਕਾ) ਜਾਣਾ ਵੀ ਸਾਡੇ ਇਤਿਹਾਸ ਵਿੱਚ ਦਰਜ ਹੈ। ਇਹ ਭਿਆਨਕ ਅਕਾਲ ਦਾ ਸਮਾਂ ਸੀ। ਕਈ ਸਿੰਘਾਂ ਪਾਸ ਦਾਣੇ ਨਹੀਂ ਸਨ। ਭੈਣੀ ਸਾਹਿਬ ਗੁਰਦੁਆਰੇ ਦੀ ਉਗਰਾਹੀ ਦੇ ਦਾਣੇ ਇੱਥੇ ਪਏ ਸਨ। ਮਾਈ ਅਤਰੀ ਨੇ ਸਿੰਘਾਂ ਨੂੰ ਕਿਹਾ ਕਿ ਇਹ ਦਾਣੇ ਵਰਤ ਸੱਕਦੇ ਹੋ, ਪਰ ਸਿਦਕੀ ਸਿੰਘਾਂ ਨੇ ਗੁਰੂ ਘਰ ਦੇ ਦਾਣੇ ਗ੍ਰਹਿਣ ਨਾ ਕੀਤੇ।[26]

ਜਨਵਰੀ 1901 ਈ. ਨੂੰ ਮੁਕਸਤਰ ਦੀ ਮਾਘੀ ਤੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਦਿੰਦਿਆਂ, ਗੁਰੂ ਹਰੀ ਸਿੰਘ ਜੀ ਮਾਲਵੇ ਦੇ ਅੰਗਰੇਜ਼ ਸਰਕਾਰ ਵਾਲੇ ਪਿੰਡਾਂ ਵਿੱਚ ਜਾ ਰਹੇ ਸਨ, ਜਿੱਥੋਂ ਦੀ ਮਨਜ਼ੂਰੀ ਮਿਲੀ ਹੋਈ ਸੀ।

ਰਿਆਸਤੀ ਪਿੰਡਾਂ ਵਿੱਚ ਦੌਰੇ ਦੀ ਮਨਜ਼ੂਰੀ ਨਹੀਂ ਮਿਲੀ ਸੀ। ਮਾਈਸਰ ਖਾਨੇ ਦੇ ਬੀਬੀ ਅਤਰੀ ਅਤੇ ਉਸ ਦੇ ਪਰਿਵਾਰ ਤੋਂ ਬਿਨਾਂ ਹੋਰ ਸਿੰਘ ਵੀ ਬਹੁਤ ਸ਼ਰਧਾਲੂ ਕੂਕੇ ਸਨ। ਬਾਹੋਵਾਲ ਜੀ ਅਨੁਸਾਰ ਮਨੀ ਸਿੰਘ ਤੋਂ ਬਿਨਾਂ ਵੀ ਹੋਰ ਸਿੰਘ ਮਾਈਸਰ ਖਾਨੇ ਵਿੱਚੋਂ ਵੀ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਰੰਗੂਨ ਲਈ ਪੰਜਾਬ ਵਿੱਚੋਂ ਤੁਰੇ ਤਾਂ ਸਨ, ਇਹ ਪਤਾ ਨਹੀਂ ਕਿ ਉਹ ਪਹੁੰਚ ਕੇ, ਦਰਸ਼ਨਾਂ ਵਿੱਚ ਸਫਲ ਹੋਏ ਜਾਂ ਨਹੀਂ।"[27]

ਜਨਵਰੀ 1901 ਵਿੱਚ ਮਾਘੀ ਮੁਕਤਸਰ ਦਾ ਦਰਸ਼ਨ ਮੇਲਾ ਕਰਕੇ, ਗੁਰੂ ਹਰੀ ਸਿੰਘ ਜੀ ਫੀਰੋਜ਼ਪੁਰ ਅਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਆਏ। ਜਿਸ ਤਰ੍ਹਾਂ ਉਪਰ ਵੇਖਿਆ ਹੈ ਕਿ 1892 ਈ. ਤੱਕ ਪਹਿਲੇ ਵੀਹ ਸਾਲ, ਗੁਰੂ ਹਰੀ ਸਿੰਘ ਜੀ ਨੂੰ ਭੈਣੀ ਸਾਹਿਬ ਵਿੱਚੋਂ ਬਾਹਰ ਜਾਣ ਦੀ ਬਹੁਤ ਸੀਮਿਤ ਸਮੇਂ ਸਥਾਨ ਲਈ ਹੀ ਅੰਗਰੇਜ਼ ਸਰਕਾਰ ਮਨਜ਼ੂਰੀ ਦਿੰਦੀ ਸੀ। ਸੋ ਮਾਝੇ, ਮਾਲਵੇ, ਮੈਨ ਦੁਆਬ ਆਦਿ ਪੰਜਾਬ ਦੇ ਵੱਖ ਵੱਖ ਭਾਗਾਂ ਵਿੱਚ ਕੁਝ ਮਾਨਤਾ ਪਰਾਪਤ, ਸਾਧੂ ਸੰਤ, ਹਿਰਦੇ ਨੂੰ ਅਭਿਮਾਨ ਦੀ ਪੁੱਠ ਲੱਗਣ ਕਾਰਨ, ਹਉਮੈਂ ਦਾ ਕੰਡਾ ਧਾਰਨ ਕਰ ਬੈਠੇ ਸਨ। ਦੇਸਾਂ ਵਿਦੇਸਾਂ ਵਿੱਚ ਪ੍ਰਸਿੱਧੀ ਮਿਲਣ ਨਾਲ, ਅਤਰੀ ਵੀ ਉਹਨਾਂ ਸਾਧੂ ਸੰਤਾਂ ਵਿੱਚ ਗਿਣੀ ਜਾਣ ਲੱਗੀ ਜੋ ਆਪਣੇ ਆਪ ਨੂੰ ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਸਮਾਨੰਤਰ ਉਸਾਰ ਰਹੇ ਸਨ। ਨਾਇਬ ਸੂਬਾ ਜੋਗਾ ਸਿੰਘ ਧੂੜਕੋਟ ਗੁਰੂ ਹਰੀ ਸਿੰਘ ਜੀ ਨੂੰ ਅਰਜ਼ ਕਰਦਾ ਸੀ-

"ਜੀ ਉਦੋਂ ਤਾਂ ਬਾਈ ਮੰਜੀਆਂ ਸੀ ਹੁਣ ਚੌਬੀ ਮੰਜੀਆਂ ਹੈਂ। ਬਚਨ ਹੋਇਆ ਅਸੀਂ ਤਾਂ ਚੁੱਪ ਧਾਰੀ ਹੋਈ ਹੈ।[28]

ਮਾਝੇ ਦੀਆਂ ਮੰਜੀਆਂ ਤਾਂ ਗੁਰੂ ਹਰੀ ਸਿੰਘ ਜੀ ਦੇ 1892 ਈ. ਵਾਲੇ ਪਹਿਲੇ ਦੌਰੇ ਨਾਲ ਹੀ ਚੁੱਕੀਆਂ ਗਈਆਂ ਸਨ। ਮਾਲਵੇ ਵਿੱਚ ਵਰਤਮਾਨ ਦੌਰੇ ਸਮੇਂ, ਜਗਦੀਸ਼ ਸਿੰਘ ਸੇਖਾ, ਹਰਨਾਮ ਸਿੰਘ ਉੱਭਾ ਆਦਿ ਦੀਆਂ ਮੰਜੀਆਂ ਹਟਾਉਂਦੇ ਹੋਏ ਹੁਣ ਗੁਰੂ ਹਰੀ ਸਿੰਘ ਜੀ ਨੇ ਬੀਬੀ ਅਤਰ ਕੌਰ ਦੀ ਮੰਜੀ ਵੱਲ ਧਿਆਨ ਕੀਤਾ। ਖੇਮੋਆਣੇ ਆ ਕੇ ਸਿੰਘਾਂ ਨੂੰ ਕਿਹਾ-

"ਖਾਨੇ ਜ਼ਰੂਰ ਜਾਣਾ ਹੈ। (ਕਿਉਂਕਿ ਭਾਈ ਸੰਤ ਸਿੰਘ (ਪਿੰਡ ਵਾਸੀ) ਨੇ ਵੀ ਮਾਘੀ ਤੇ ਅਰਜ਼ ਕੀਤੀ ਸੀ ਕਿ ਖਾਨੇ ਦਰਸ਼ਨ ਦੇਣਾ)।ਸਿੰਘਾਂ ਕਹਿਆ ਜੀ ਰਾਜੇ ਕਾ ਰਾਜ ਹੈ, ਦੂਏ ਅਲਾਕੇ ਜਾਣਾ ਹੈ। ਗੁਰੂ ਜੀ ਬਚਨ ਕੀਤਾ, ਤਾਂ ਭੀ ਜ਼ਰੂਰ ਚੱਲਾਂਗੇ। ਜਾਂ ਗਏ ਤਾਂ ਪਹਿਲਾਂ ਸੰਤ ਸਿੰਘ ਕੇ ਘਰ ਜਾਇ ਰਹੇ। ਥੋੜਾ ਚਿਰ ਬੈਠ ਕੇ ਫਿਰ ਬਾਹਰ ਆਏ. ਜਿੱਥੇ ਡੇਰਾ ਸੀ ਖਾਨੇ ਵਾਲੀ ਦਾ ਆਇ ਮੰਜੇ ਪਰ ਬੈਠ ਰਹੇ। ਅਤਰੀ ਨਾ ਉੱਤਰੀ ਚੁਬਾਰੇ ਵਿੱਚੋਂ।

ਘੰਟਾ ਭਰ ਬਹਿ ਰਹੇ। ਜੇੜਾ ਸਿੰਘ ਸੱਦਣ ਜਾਇ ਚੁੱਪ ਕਰਕੇ ਆਇ ਖੜਾ ਹੋਵੇ। ਬਚਨ ਹੋਇਆ ਹੇਠਾਂ ਨਹੀਂ ਔਂਦੀ ਤਾਂ ਚੱਲੋ ਉਤੇ ਚੱਲੀਏ। ਗੁਰੂ ਜੀ ਉਤੇ ਗਏ ਤਾਂ ਗ੍ਰੰਥ ਸਾਹਿਬ ਕੀ ਤਾਬਿਆ ਬੈਠੀ ਸੀ। ਗੁਰੂ ਜੀ ਬਚਨ ਕੀਤਾ ਅਸੀਂ ਤੈਨੂੰ ਮਿਲਨ ਆਏ ਹੈਂ। ਕਹਿਣੇ ਲੱਗੀ ਤੇਰਾ ਸਾਡਾ ਕੀ ਮੇਲ ਹੈ। ਮੇਹਣੇ ਮਾਰਨੇ ਲਗੀ ਮੇਰਾ ਕੀ ਬਣਾਇਆ ਜੇ। ਤੁਸੀਂ ਅਰਦਾਸ ਲਿਖੀ ਮੁਕਤਸਰ ਕਿ ਏਸਨੇ ਸਿੰਘ ਮਰਵਾਇਆ ਹੈ। ਹੋਰ ਉਲਾਂਭੇ ਨਿਰਾਦਰੀ ਕੇ ਕਰੇ। ਕਹਿਣੇ ਲਗੀ ਜੇਕਰ ਮੇਰੇ ਡੇਰੇ ਆਏ ਹੋ ਤਾਂ ਰਹੋ ਏਥੇ ਹੀ। ਬਚਨ ਕੀਤਾ ਚਾਰ ਦਿਨ ਤਾਂ ਰੱਖ, ਫੇਰ ਸਰਕਾਰੋਂ ਛੁੱਟੀ ਲੈ ਲੈ ਤਾਂ ਰਹਿੰਦੇ ਹਾਂ। ਕਹਿਣ ਲੱਗੀ ਮੈਂ ਲਾਹੌਰ ਸੇ ਰੁਖਸਦ ਲੈ ਆਵਾਂਗੀ। ਗੁਰੂ ਜੀ ਦੀਵਾਨ ਵਿਚ ਜਾ ਕੇ ਢਾਡੀ ਕੀ ਵਾਰ ਸੁਣੀ। ਦੂਏ ਪਾਸੇ ਦੀਵਾਨ ਲੱਗਾ ਤਾਂ ਅਤਰੀ ਨਾ ਗਈ।

"ਅਗਲੇ ਦਿਨ ਆਸਾ ਕੀ ਬਾਰ ਕਾ ਅਰਦਾਸਾ ਹੋਇਆ ਤਾਂ ਬਚਨ ਕੀਤਾ ਚੱਲੋ ਅਤਰੀ ਕੇ ਚਲੀਏ। ਜਾਂ ਗਏ ਡੇਰੇ ਮੈਂ ਤਾਂ ਇਤਨੇ ਚਿਰ ਨੂੰ ਘੋੜਿਆਂ ਵਾਲਿਆਂ ਸਿੰਘਾਂ ਕਹਿਆ ਜੀ ਮਾਈ ਨੇ ਪਹਿਰਾ ਖੜਾ ਕੀਤਾ ਹੋਇਆ ਹੈ। ਗੁਰੂ ਜੀ ਬਚਨ ਕੀਤਾ ਚੱਲੋ ਅਸੀਂ ਚੱਲਦੇ ਹਾਂ। ਅਤਰੀ ਆਪ ਆਈ ਹੱਥ ਵਿੱਚ ਲਾਠੀ ਲੈ ਕੇ। ਆਇ ਕੇ ਬਿਸ਼ਨ ਸਿੰਘ ਕੋ ਲਾਠੀ ਉਲਾਰੀ। ਸਿੰਘ ਨੇ ਲਾਠੀ ਫੜ ਲਈ। ਗੁੱਸੇ ਹੋਇਕੇ ਬੋਲੀ ਮਸੰਦ ਇਕੱਠੇ ਹੋਏ ਹੋਏ ਹੈਂ। ਅੱਧੇ ਅੱਧੇ ਨਾਉਂ ਸਿੰਘਾਂ ਦੇ ਸੱਦੇ। ਕਹਾ ਮੈਂ ਨਹੀਂ ਦਿੰਦੀ ਨੀਰਾ। ਸਿੰਘਾਂ ਨੇ ਕਹਿਆ ਜੀ ਸਾਡਾ ਛਕਿਆ ਕਿਸ ਕੰਮ ਜੇ ਘੋੜੇ ਭੁੱਖੇ ਰਹੇ। ਗੁਰੂ ਜੀ ਬਚਨ ਕੀਤਾ ਪਾਓ ਕਾਠੀਆਂ। ਅਸਵਾਰ ਹੋਇਕੇ ਝਟਾ ਝਟ ਹੱਲੇ ਨਾਲ ਚੱਲੇ।[29]

ਗੁਰੂ ਹਰੀ ਸਿੰਘ ਜੀ ਨੇ ਮੌੜੇ (ਜਿਸ ਨੂੰ ਹਲਕਿਆਂ ਵਾਲੀ ਵੀ ਕਹਿੰਦੇ ਸੀ), ਪਿੰਡ ਦੇ ਭਾਈ ਭੂਪ ਸਿੰਘ ਦਰਜੀ ਪਾਸ ਪੜਾਅ ਕੀਤਾ। ਸਿੰਘ ਨੇ ਬੜੇ ਪ੍ਰੇਮ ਨਾਲ ਟਹਿਲ ਸੇਵਾ ਕੀਤੀ। ਇੱਥੇ ਹੀ ਮਾਈਸਰ ਖਾਨੇ ਤੋਂ ਦੋ ਸਿੰਘ ਬੀਬੀ ਅਤਰੀ ਦੇ ਕੀਤੇ ਵਿਹਾਰ ਦੀ ਪਿੰਡ ਵਲੋਂ ਭੁੱਲ ਬਖਸ਼ਾਉਣ ਆਏ। ਗੁਰੂ ਜੀ ਕਿਹਾ- ਪਿੰਡ ਦਿਆਂ ਪਰ ਰਾਜ਼ੀ ਹੈਂ, ਨਰਾਜ਼ ਨਹੀਂ। ਮੌੜਾਂ ਤੋਂ ਗੁਰੂ ਜੀ ਸਵੇਰੇ ਆਸਾ ਦੀ ਵਾਰ ਦਾ ਭੋਗ ਪਾ ਕੇ ਮੰਡੀ ਆਏ। ਇੱਥੇ ਫਿਰ ਬੀਬੀ ਅਤਰ ਕੌਰ ਆਈ ਤੇ ਗੁਰੂ ਕੇ ਮੁਖਤਾਰ ਦਾਨ ਸਿੰਘ ਨਾਲ ਵਾਧੇ ਘਾਟੇ ਦੇ ਬਚਨ ਕੀਤੇ। ਗੁਰੂ ਹਰੀ ਸਿੰਘ ਜੀ ਸਿੰਘਾਂ ਨੂੰ ਕਿਹਾ ਕਿ ਤੁਸੀਂ ਨਹੀਂ ਬੋਲਣਾ ਧੀਰਜ ਰੱਖੋ। ਮੰਡੀ ਤੋਂ ਗਿੱਲ ਪਿੰਡ ਪੜਾਅ ਕੀਤਾ। ਇੱਥੇ ਫਿਰ ਬੀਬੀ ਅਤਰ ਕੌਰ ਦੋ ਸਿੰਘ ਲੈ ਕੇ ਨਾਲ, ਗੁਰੂ ਜੀ ਨੂੰ ਅਰਜ਼ ਕੀਤੀ ਕਿ ਹੁਣ ਖਾਨੇ ਜ਼ਰੂਰ ਚੱਲੋ। ਗੁਰੂ ਜੀ ਨਾਂਹ ਕੀਤੀ ਕਿ ਦੂਜਾ ਇਲਾਕਾ ਹੈ।

ਸ਼ਾਮੀ ਫਿਰ ਆਈ ਪਰ ਗੁਰੂ ਜੀ ਹੁਣ ਵਾਪਸ ਸ੍ਰੀ ਭੈਣੀ ਸਾਹਿਬ ਨੂੰ ਚੱਲ ਪਏ। ਇਸ ਘਟਨਾ ਤੋਂ ਬਾਅਦ ਮਾਤਾ ਦੀ ਪ੍ਰਤਿਭਾ ਨੂੰ ਖੋਰਾ ਲੱਗਣਾ ਤਾਂ ਸ਼ੁਰੂ ਹੋ ਗਿਆ। ਪਰ ਨਾਮਧਾਰੀ ਸੰਗਤ ਦੇ ਹਰ ਵੱਡੇ ਇਕੱਠ ਵਿੱਚ ਮਾਤਾ ਆਪਣੇ ਸਿੰਘਾਂ ਸਮੇਤ ਦਰਸ਼ਨ ਮੇਲੇ ਕਰਨ ਜਾਂਦੀ ਰਹੀ।

ਲਾਹੌਰ ਵਿੱਚ ਭਾਈ ਦੇਵਾ ਸਿੰਘ ਪੁੱਤਰ ਸੋਭਾ ਸਿੰਘ ਰਾਮਗੜ੍ਹੀਆ ਸਤਿਗੁਰੂ ਰਾਮ ਸਿੰਘ ਜੀ ਦਾ ਅਨਿੰਨ ਸਿੱਖ ਸੀ। ਉਸਦੇ ਰੂੰ ਪਿੰਜਣ ਵਾਲਾ, ਤੇਲ ਕੱਢਣ ਵਾਲਾ ਇਤਿਆਦਿਕ ਕੰਮਾਂ ਦਾ ਲਾਹੌਰ ਵਿੱਚ ਕਾਰਖਾਨਾ ਸੀ। ਲਾਹੌਰ ਵਿੱਚ ਰਹਿੰਦਿਆਂ ਹੀ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕੂਕਾ ਸਿੰਘ ਸਜ ਗਿਆ ਸੀ। ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਲਾਹੌਰ ਦੌਰਿਆਂ ਸਮੇਂ ਉਸਨੂੰ ਨਿਵਾਜਦੇ ਸਨ। ਪਿਛਲੇ 30-35 ਸਾਲ ਤੋਂ ਲਾਹੌਰ ਜਾਣ ਵਾਲੇ ਨਾਮਧਾਰੀ ਸਿੰਘਾਂ ਦੇ ਕਮਰਕੱਸੇ ਉਸਦੇ ਕਾਰਖਾਨੇ ਹੀ ਖੁੱਲ੍ਹਦੇ ਸਨ। ਲੰਗਰ ਉੱਥੇ ਚੱਲਦਾ ਰਹਿੰਦਾ। ਜਦੋਂ ਕੂਕਿਆਂ ਨੂੰ 1872 ਵਿੱਚ ਬਾਗੀ ਕਰਾਰ ਦਿੱਤਾ ਤਾਂ ਭਾਈ ਦੇਵਾ ਸਿੰਘ ਦਾ ਕੂਕਾ ਸਭਾਵਾਂ ਕਰਾਉਣ ਸਦਕਾ ਚਲਾਨ ਵੀ ਹੋਇਆ। ਕੈਦ ਵੀ ਉਹ ਇੱਕ ਤੋਂ ਵੱਧ ਵਾਰ ਹੋਏ। ਬਘੇਲ ਸਿੰਘ ਨਾਰਲੀ ਦੇ ਹੱਥ ਭੇਜੇ ਹੁਕਮਨਾਮੇ ਵਿੱਚ, ਸਤਿਗੁਰੂ ਜੀ, ਮਾਝੇ ਦੀ ਹੋਰ ਨਾਮਧਾਰੀ ਸੰਗਤ ਦੇ ਨਾਲ ਨਾਲ ਲਾਹੌਰ ਭਾਈ ਦੇਵਾ ਸਿੰਘ ਤੇ ਸਵਾਇਆ ਸਿੰਘ ਨੂੰ ਆਪਣੀ ਤਰਫੋਂ, ਫਤੇਹ ਬੁਲਾਉਣੀ ਲਿਖਦੇ ਹਨ। ਸੰਨ 1901 ਈ. ਦੇ ਅਪਰੈਲ ਮਹੀਨੇ ਭਾਈ ਦੇਵਾ ਸਿੰਘ ਅਕਾਲ ਚਲਾਣਾ ਕਰ ਗਿਆ। ਵੈਸਾਖੀ ਤੋਂ ਕੁਝ ਦਿਨ ਬਾਅਦ, 1901 ਈ ਦਾ ਸੱਦੋਵਾਲ (ਲਾਇਲਪੁਰ) ਦਾ ਹੋਲਾ ਮਹੱਲਾ ਮਨਾ ਕੇ, ਬਾਰ ਦੁੱਲੇ ਦੀ ਦਾ ਦੌਰਾ ਕਰਦਿਆਂ, ਗੁਰੂ ਹਰੀ ਸਿੰਘ ਜੀ ਇਸ ਮਹਾਨ ਕੂਕਾ ਆਗੂ ਦੇ ਭੋਗ ਤੇ ਦਰਸ਼ਨ ਦੇਣ ਲਾਹੌਰ ਆਏ। ਬੇਅੰਤ ਨਾਮਧਾਰੀ ਸੰਗਤਾਂ ਵਿੱਚ ਮਾਈ ਅਤਰੀ ਵੀ ਆਈ। ਗੁਰੂ ਹਰੀ ਸਿੰਘ ਜੀ ਫਿਰ ਉਸਨੂੰ ਪ੍ਰੇਮ ਨਾਲ ਸਮਝਾਇਆ ਕਿ ਆਪਣੀ ਸੇਵਾ ਲਈ ਜਨਾਨੇ ਸਰੀਰ ਬੇਸ਼ੱਕ ਰੱਖੋ, ਮਰਦਾਨੇ ਨਹੀਂ ਰੱਖਣੇ। ਬੈਠ ਕੇ ਚੁਬਾਰੇ ਵਿਚ ਭਜਨ ਬਾਣੀ ਕਰੋ।ਤੁਹਾਡਾ ਜਿਤਨਾ ਖਰਚਾ ਹੋਵੇ ਦੱਸੋ, ਅਸੀਂ ਭੈਣੀ ਸਾਹਿਬ ਤੋਂ ਪੁਚਾਵਾਂਗੇ।"[30]

ਗੁਰੂ ਹਰੀ ਸਿੰਘ ਜੀ ਬੀਬੀ ਅਤਰ ਕੌਰ ਦੇ ਵਾਧੇ ਘਾਟੇ ਦੇ ਬਚਨਾਂ ਨੂੰ ਅਕਸਰ ਦਰ ਗੁਜਰ ਕਰਨ ਲਈ ਸਿੰਘਾਂ ਨੂੰ ਵੀ ਪਰੇਰਿਆ ਕਰਦੇ ਸਨ। ਸੁਭਾਉ ਵੱਸ ਜਾਂ ਮਾਨਤਾ ਪਰਾਪਤੀ ਦੇ ਅਭਿਮਾਨ ਹੇਠ, ਕਈ ਵੇਰ ਉਸ ਤੋਂ, ਗੁਰੂ ਹਰੀ ਸਿੰਘ ਜੀ ਦਾ ਅਦਬ ਸਤਿਕਾਰ ਰੱਖਣ ਵਿੱਚ ਕੁਤਾਹੀ ਵੀ ਹੋ ਜਾਂਦੀ ਸੀ। ਸੰਨ 1895 ਈ. ਦੀ ਮਾਘੀ ਤੇ ਗੁਰੂ ਹਰੀ ਸਿੰਘ ਜੀ ਦੇ ਦੌਰੇ ਸਮੇਂ ਮੁਕਤਸਰ ਸਾਢੇ ਤਿੰਨ ਸੌ ਆਦਿ ਗੁਰੂ ਗਰੰਥ ਸਾਹਿਬ ਦੇ ਪਾਠਾਂ

ਦੇ ਭੋਗ ਪਏ ਸਨ। ਪੌਣੇ ਕੁ ਪੰਜ ਸਾਲ ਦੀ ਆਰਜਾ ਵਿੱਚ ਸਾਹਿਬਜ਼ਾਦਾ ਪਰਤਾਪ ਸਿੰਘ ਜੀ ਦੌਰੇ ਵਿੱਚ ਸ਼ਾਮਲ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਦਰਜ ਹੈ-

"ਮੁਕਤਸਰ ਦੇ ਮੇਲੇ ਤੇ ਸਾਢੇ ਤ੍ਰੈ ਸੌ ਭੋਗ ਪਿਆ ਸੀ,....... ਤੇ ਗੁਰੂ ਹਰੀ ਸਿੰਘ ਜੀ ਨੂੰ ਓਦਣ ਪ੍ਰਸਾਦਾ ਪਰਾਤ ਵਿੱਚ ਮਿਲਿਆ ਸੀ। ਮਾਈ ਖਾਨੇ ਵਾਲੀ ਦਾ ਉੱਥੇ ਜ਼ਰਾ ਜ਼ੋਰ ਸੀ-ਤੇ ਉਹ ਕੁਦਰਤੀ ਗੱਲ।"[31]

ਇਸ ਸਮੇਂ ਜਦੋਂ ਕੂਕਾ ਲਹਿਰ ਉਪਰ ਪੰਜਾਬ ਅਤੇ ਰਿਆਸਤਾਂ ਵਿੱਚ ਦਮਨ ਚੱਕਰ ਚੱਲ ਰਿਹਾ ਸੀ ਤਾਂ ਸਿੱਖਾਂ ਵਿੱਚ ਦੇਸ਼-ਭਗਤੀ ਦੀ ਥਾਂ ਰਾਜ-ਭਗਤੀ ਪੱਕੀ ਕਰਨ ਲਈ, ਸਿੰਘ ਸਭਾ ਲਹਿਰ ਦਾ 1873 ਈ. ਵਿੱਚ ਗਠਨ ਹੋਇਆ। ਉਸ ਸਮੇਂ ਦੇ ਸਾਰੇ ਪੜ੍ਹੇ ਲਿਖੇ ਸਿੱਖ, ਵਿਦਵਾਨ, ਰਈਸ, ਰਾਜੇ, ਤਖਤ ਸਾਹਿਬਾਨ ਦੇ ਪੁਜਾਰੀ ਆਦਿ ਅੰਗਰੇਜ਼ ਭਗਤੀ ਦੇ ਗੀਤ ਗਾਉਣ ਲੱਗ ਪਏ। ਇੱਕ ਭਾਈ ਤੇਜਾ ਸਿੰਘ ਭਸੌੜ (ਜ਼ਿਲ੍ਹਾ ਸੰਗਰੂਰ) ਦਾ ਵੀ ਪੜ੍ਹਿਆ ਲਿਖਿਆ ਵਿਅਕਤੀ ਸੀ, ਜਿਸ ਨੇ ਸਿੱਖਾਂ ਵਿੱਚ ਕੂਕਿਆਂ ਦਾ ਵਿਰੋਧ ਕਰਨ ਲਈ ਅਤੇ ਆਪਣੀ ਅੰਗਰੇਜ਼ ਸਰਕਾਰ ਭਗਤੀ ਦਾ ਪਰਦਰਸ਼ਨ ਕਰਨ ਲਈ, ਪੰਚ-ਖੰਡ ਭਸੌੜ ਬਣਾਇਆ ਸੀ। ਉਹ ਇੱਕ ਵੇਰ ਭੈਣੀ ਸਾਹਿਬ ਵੀ ਆਇਆ ਅਤੇ ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਨਾਲ ਕੂਕਿਆਂ ਦੇ ਅਕੀਦੇ ਬਾਰੇ ਬਹਿਸ ਕਰਨ ਲੱਗਾ ਪਰ ਨਿਰੁੱਤਰ ਹੋ ਕੇ ਤੁਰ ਗਿਆ ਸੀ।[32] ਇੱਥੇ ਬੀਬੀ ਨੰਦਾਂ ਦਾ ਪੁੱਤਰ ਬਾਬਾ ਸੂਰਤ ਸਿੰਘ ਵੀ ਕੁਝ ਸਮਾਂ ਉਸ ਦੇ ਪ੍ਰਭਾਵ ਵਿੱਚ ਰਿਹਾ ਸੀ।[33]

ਉਸੇ ਤੇਜਾ ਸਿੰਘ ਪੰਚ ਖੰਡੀਏ ਨੇ ਕੂਕਿਆਂ ਲਈ ਨਵੀਂ ਮੁਸੀਬਤ ਪੈਦਾ ਕਰਨ ਲਈ ਇੱਕ ਛੜਯੰਤਰ ਰਚ ਲਿਆ। ਤੇਜਾ ਸਿੰਘ ਦੀ ਇਹ ਸਾਜਿਸ਼ ਪੌਰਾਣਿਕ ਕਥਾ ਵਿੱਚ ਗੌਤਮ ਰਿਖੀ ਦੀ ਪਤਨੀ ਅਹੱਲਿਆ ਨਾਲ, ਦੇਵ ਰਾਜ ਇੰਦਰ ਵਲੋਂ ਕੀਤੇ ਛਲ ਕਪਟ ਜਿਹੀ ਸੀ। ਜਿਸ ਛਲ ਵਿੱਚ ਇੰਦਰ ਦੀ ਇਮਦਾਦ, ਚੰਦਰਮਾ, ਨਦੀ ਅਤੇ ਮੁਰਗੇ ਆਦਿ ਨੇ ਅਹੱਲਿਆ ਨੂੰ ਭਰਮਾਉਣ ਲਈ ਕੀਤੀ। ਜਿੱਥੇ ਗੌਤਮ ਰਿਖੀ ਦੇ ਭੇਸ ਵਿੱਚ ਘਰ ਆਏ ਧੋਖੇਬਾਜ਼ ਇੰਦਰ ਨੂੰ ਅਹੱਲਿਆ ਪਹਿਚਾਣ ਨਾ ਸੱਕੀ ਤੇ ਇੰਦਰ ਹੀ ਸਮਝ ਬੈਠੀ।

ਤੇਜਾ ਸਿੰਘ ਭਸੌੜ ਨੇ ਸੰਨ 1901 ਈ. ਦੇ ਦਰਮਿਆਨ ਜਿਹੇ ਬੀਬੀ ਦੇ ਡੇਰੇ ਵਿਖੇ, ਕੁਝ ਆਪਣੀਆਂ ਜਾਸੂਸ ਔਰਤਾਂ ਕੂਕਾ ਵੇਸ ਵਿੱਚ, ਮਾਈ ਦੀ ਸੇਵਾ ਵਿਚ ਕਿਸੇ ਤਰ੍ਹਾਂ ਪੁਚਾ ਦਿੱਤੀਆਂ ਅਤੇ ਇੱਕ ਉੱਚੇ, ਲੰਮੇ, ਸੁੰਦਰ, ਤਿੱਖੇ ਨੈਣ ਨਕਸ਼ ਵਾਲੇ ਅਧਖੜ ਉਮਰ ਦੇ ਤੇਲੀ ਨੂੰ ਖਾਨੇ ਦੇ ਆਸ ਪਾਸ

ਸਥਾਪਿਤ ਕਰ ਦਿੱਤਾ, ਉਹ ਵੀ ਨਾਮਧਾਰੀ ਬਾਣੇ ਵਿੱਚ ਵਿਚਰਦਾ ਸੀ। ਪਹਿਲਾਂ ਪਹਿਲਾਂ ਜਾਸੂਸ ਔਰਤਾਂ ਰਾਹੀਂ ਅਤਰੀ ਤੱਕ ਉਸ ਦੇ ਸੁਨੇਹੇ ਪੱਤਰਾਂ ਦੇ ਰੂਪ ਵਿੱਚ ਪੁਚਾਏ ਜਾਂਦੇ ਕਿ ਤੂੰ ਮੈਨੂੰ ਫਲਾਣੇ ਦਿਨ, ਫਲਾਣੇ ਸਮੇਂ, ਯਾਦ ਕੀਤਾ ਅਤੇ ਮੈਂ ਹੁਣ ਛੇਤੀ ਦਰਸ਼ਨ ਦਿਆਂਗਾ। ਦੁਸ਼ਟ ਤੇਲੀ ਨੇ ਆਪਣੇ ਆਪ ਨੂੰ ਮਾਈ ਪਾਸ ਗੁਰੂ ਰਾਮ ਸਿੰਘ ਪਰਗਟ ਕਰਨਾ ਸ਼ੁਰੂ ਕਰ ਦਿੱਤਾ ਅਤੇ ਮਾਈ ਅਤਰੀ ਉਸ ਦੀ ਜਾਲਸਾਜ਼ੀ ਨੂੰ ਪਹਿਚਾਣ ਨਾ ਸੱਕੀ ਅਤੇ ਉਸ ਦੇ ਛਲਾਵੇ ਵਿੱਚ ਆ ਗਈ। ਹੌਲੇ ਹੌਲੇ ਉਹ ਮਾਈਸਰ ਖਾਨੇ ਦੇ ਜੰਗਲ ਵਿੱਚ ਜਿਧਰ ਬੀਬੀਆਂ ਬਾਹਰ ਅੰਦਰ ਜਾਂਦੀਆਂ ਸਨ, ਛਿਪ ਕੇ ਮਿਲਣ ਲੱਗ ਪਿਆ। ਅਤੇ ਗੱਲ ਇੱਥੋਂ ਤੱਕ ਵੱਧ ਗਈ ਕਿ ਮਾਈ ਪਹਿਲਾਂ ਤਾਂ ਅੰਮ੍ਰਿਤਸਰ ਦੀ ਦੀਵਾਲੀ ਸਮੇਂ 1901 ਵਿੱਚ, ਭਗਵਾਨ ਸਿੰਘ ਅੜਬੰਗੀ ਜਿਹੇ ਸਿੰਘਾਂ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ, ਅੰਮ੍ਰਿਤਸਰ ਨਕਲੀ ਗੁਰੂ ਦੇ ਡੇਰੇ ਤੇ ਪੁੱਜ ਗਈ ਅਤੇ ਫਿਰ ਇੱਕ ਦਿਨ ਉਸ ਨੂੰ 1903 ਈ. ਤੱਕ ਆਪਣੇ ਡੇਰੇ ਵਿੱਚ ਵੀ ਲੈ ਆਈ।

ਜਦੋਂ ਤੇਜਾ ਸਿੰਘ ਭਸੌੜੀਆ ਇਹ ਸਾਜਿਸ਼ ਘੜ ਰਿਹਾ ਸੀ ਤਾਂ ਬਾਬਾ ਜਵੰਦ ਸਿੰਘ ਖਿਆਲਾ 40 ਚੱਕ (ਮਿੰਟਗੁਮਰੀ) ਨੇ ਲੁਧਿਆਣਾ ਪੁਲੀਸ ਨੂੰ, ਇਸ ਬਾਬਤ ਇੱਕ ਅਰਜ਼ੀ ਦੇ ਕੇ, ਸਰਕਾਰ ਨੂੰ ਕਿਹਾ ਸੀ ਕਿ ਜੇ ਇਹ ਸਾਜਿਸ਼ ਨਾ ਰੋਕੀ ਗਈ ਤਾਂ ਨਤੀਜਾ ਮਾੜਾ ਨਿਕਲੇਗਾ। ਸਬੂਤ ਮੰਗਣ ਤੇ ਬਾਬਾ ਜੀ ਪੁਲੀਸ ਅਧਿਕਾਰੀ ਨੂੰ ਨਾਲ ਲੈ ਕੇ, ਤੁਰੰਤ ਭਸੌੜ ਪੁੱਜੇ ਅਤੇ ਤੇਜਾ ਸਿੰਘ ਦੇ ਘਰ ਕਿੱਲੀ ਨਾਲ ਲਟਕਦੇ ਉਸ ਦੇ ਕੋਟ ਦੀ ਜੇਬ ਵਿੱਚੋਂ ਸਤਾਰਾਂ ਜਾਅਲੀ ਚਿੱਠੀਆਂ ਗੁਰੂ ਰਾਮ ਸਿੰਘ ਬਣੇ ਤੇਲੀ ਦੀਆਂ ਅਤਰੀ ਦੇ ਨਾ ਲਿਖੀਆਂ ਕੱਢ ਕੇ ਪਕੜਾ ਦਿੱਤੀਆਂ। ਪਰ ਸਰਕਾਰ ਤਾਂ ਇਸ ਸਾਜਿਸ਼ ਨੂੰ ਸ਼ਹਿ ਦੇਣ ਵਾਲੀ ਸੀ। ਉਹਨਾਂ ਕੁਝ ਵੀ ਨਹੀਂ ਸੀ ਕਰਨਾ ਤੇ ਕੁਝ ਵੀ ਨਾ ਕੀਤਾ। ਕੂਕੇ ਸਿੰਘਾਂ ਲਈ ਇਹ ਸਭ ਕੁਝ ਬਰਦਾਸ਼ਤ ਤੋਂ ਬਾਹਰ ਸੀ।[33(ੳ)]

ਮਾਰਚ ਸੰਨ 1905 ਈ. ਵਿੱਚ ਬਾਬਾ ਜਵੰਦ ਸਿੰਘ ਖਿਆਲਾ, ਵਧਾਵਾ ਸਿੰਘ ਝੀਤਾ, ਕਿਸ਼ਨ ਸਿੰਘ ਵਰਨ ਅਤੇ ਅਰੂੜ ਸਿੰਘ ਬੱਲੂਆਣੀਆ ਇਹ ਚਾਰੇ ਸਿੰਘ ਊਠ ਸੁਆਰ ਹੋ ਕੇ, ਇੱਕ ਸ਼ਾਮ ਮਾਈ ਦੇ ਡੇਰੇ ਤੇ ਪੁੱਜ ਗਏ। ਪਲਾਂ ਛਿਣਾਂ ਵਿੱਚ ਮਾਈ, ਤੇਲੀ ਤੇ ਤਿੰਨ ਹੋਰ, ਛਵੀਆਂ ਗੰਡਾਸਿਆਂ ਨਾਲ ਪਾਰ ਬੁਲਾ ਦਿੱਤੇ। ਬੂਹੇ ਅੱਗੇ ਆਣ ਜੁੜੇ ਪਿੰਡ ਦੇ ਸਿਆਣਿਆਂ ਨੂੰ ਬੇਨਤੀ ਕੀਤੀ ਕਿ ਸਾਡੀ ਮਾਤਾ ਸੀ, ਸਾਥੋਂ ਉਸ ਦਾ ਇਹ ਕਾਰਾ ਜਰਿਆ ਨਹੀਂ ਗਿਆ। ਤੁਹਾਡੇ ਨਾਲ ਸਾਡਾ ਕੋਈ ਵੈਰ ਨਹੀਂ। ਸਿਆਣਿਆਂ ਬਜ਼ੁਰਗਾਂ ਨੇ ਪਿੰਡ ਦੇ ਗੱਭਰੂਆਂ ਨੂੰ ਕਿਹਾ– 'ਰਸਤਾ ਛੱਡ ਦਿਉ– ਇਹਨਾਂ ਨੂੰ ਜਾਣ

ਦਿਉ।' ਖਾਲਸੇ ਹਰਨ ਹੋ ਗਏ। ਤਫਤੀਸ਼ ਵਿੱਚ ਬੇਗੁਨਾਹ ਅੜਬੰਗੀ ਭਗਵਾਨ ਸਿੰਘ ਨੂੰ ਪਟਿਆਲੇ ਹਵਾਲਾਤ ਵਿੱਚ ਕਸ਼ਟ ਝੱਲਣੇ ਪਏ। ਇਹ ਸੁਣ ਕੇ ਜਵੰਦ ਸਿੰਘ ਖਿਆਲਾ ਆਪ ਆ ਕੇ ਵਧਾਵਾ ਸਿੰਘ ਝੀਤੇ ਸਣੇ ਪੇਸ਼ ਹੋ ਗਏ। ਕਿਸ਼ਨ ਸਿੰਘ ਵਰਨ ਸ਼ੇਖੂਪੁਰੇ ਜ਼ਿਲ੍ਹੇ ਵਿੱਚੋਂ ਫੜ ਕੇ, ਧੂਰੀ ਜਿਹਲ ਵਿੱਚ ਲਿਆਂਦੇ, ਜਿੱਥੇ ਉਹ ਚਲਾਣਾ ਕਰ ਗਏ। ਅਰੂੜ ਸਿੰਘ ਦਾ ਕਿਸੇ ਨਾਂ ਹੀ ਨਾ ਲਿਆ। ਬਾਬਾ ਜਵੰਦ ਸਿੰਘ ਤੇ ਵਧਾਵਾ ਸਿੰਘ ਨੇ ਅਦਾਲਤ ਵਿੱਚ ਸੱਚੋ ਸੱਚ ਦੱਸਿਆ।ਉਹਨਾਂ ਨੂੰ ਬਰੀ ਕਰ ਦਿੱਤਾ ਗਿਆ।ਇਸ ਤਰ੍ਹਾਂ ਇੱਕ ਘਟਨਾਵਾਂ ਭਰਪੂਰ, ਊਰਜਾਵਾਨ ਜੀਵਨ ਦਾ ਦੁਖਦਾਈ ਅੰਤ ਹੋ ਗਿਆ। ਇਹੋ ਵਜ੍ਹਾ ਸੀ ਕਿ ਸਤਿਗੁਰੂ ਜੀ ਉਸਨੂੰ, ਉਸਦੇ ਪਰਿਵਾਰ ਨੂੰ, ਬੀਬੀ ਅਤਰ ਕੌਰ ਨੂੰ ਕਿਸੇ ਗੁਰਸਿੱਖ ਲੜਕੇ ਨਾਲ ਪਰਨਾ ਦੇਣ ਦੀ ਵਾਰ ਵਾਰ ਤਾਕੀਦ ਕਰਦੇ ਰਹੇ ਸਨ।

ਭਾਈ ਸਉਣ ਸਿੰਘ ਘਾਲੀ ਆਦਿਕ ਮਾਲਵੇ ਦੇ ਸਿੰਘ, ਮਾਈ ਅਤਰੀ ਨੂੰ ਕਈ ਵੇਰ ਉਸ ਦੀਆਂ ਕੁਝ ਵਧੀਕੀਆਂ ਪਰਵਾਨ ਕਰਕੇ ਵੀ ਉਸਦੇ ਅਦਬ ਸਤਿਕਾਰ ਵਿੱਚ ਇਸ ਕਰਕੇ ਫਰਕ ਨਹੀਂ ਸਨ ਆਉਣ ਦਿੰਦੇ, "ਅਸੀਂ ਤੈਨੂੰ ਸਤਿਗੁਰਾਂ ਦਾ ਨਾਉਂ ਪੈਣ ਕਰਕੇ ਮੰਨਦੇ ਹਾਂ ਨਹੀਂ ਤੇ ਬਿਨਾਂ ਸਤਿਗੁਰੂ ਸੁਆਮੀ ਤੋਂ ਹੋਰ ਕਿਸੇ ਨੂੰ ਨਹੀਂ ਮੰਨਦੇ ਹੈਂ।"[34]

ਜਿਤਨੀ ਦੇਰ ਤੱਕ ਮਾਈ ਅਤਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਫਿਰ ਉਹਨਾਂ ਦੇ ਜਾਂ-ਨਸ਼ੀਨ ਗੁਰੂ ਹਰੀ ਸਿੰਘ ਜੀ ਪ੍ਰਤੀ, ਸਮਰਪਿਤ ਰਹੀ, ਉਹ ਨਾਮਧਾਰੀ ਪੰਥ ਵਿੱਚ ਵੀ ਅਤੇ ਹੋਰ ਭਾਈਚਾਰੇ ਵਿੱਚ ਵੀ ਵੱਡੇ ਅਦਬ ਸਤਿਕਾਰ ਦੀ ਪਾਤਰ ਬਣੀ ਰਹੀ। ਸਿੱਖੀ ਰਹਿਤ ਮਰਿਆਦਾ ਵਿੱਚ ਰਤਾ ਭਰ ਕੁਤਾਹੀ ਉਹ ਬਰਦਾਸ਼ਤ ਨਹੀਂ ਸੀ ਕਰਦੀ। ਇਸ ਲਈ ਆਪਣੇ ਭਾਈ ਮੱਸਾ ਸਿੰਘ ਦੁਆਰਾ ਉਸਦੇ ਲੜਕਿਆਂ ਦੇ ਸਿਰ ਮੁੰਨੇ ਜਾਣ ਦੀ ਘਟਨਾ ਦੀ ਉਹਨੇ ਗੁਰੂ ਹਰੀ ਸਿੰਘ ਜੀ ਨੂੰ ਸ਼ਕਾਇਤ ਲਾਈ ਸੀ।[35]

ਮਾਲਵੇ ਦੀ ਸੰਗਤ ਨੂੰ ਨਿਹਾਲ ਕਰਦੇ ਹੋਏ, ਪਰਦੇਸ ਜਾਣ ਤੋਂ ਥੋਹੜੇ ਸਾਲ ਪਹਿਲਾਂ ਹੀ ਸਤਿਗੁਰੂ ਰਾਮ ਸਿੰਘ ਜੀ ਪਿੱਥੋ ਆਏ ਸਨ। ਉਸ ਸਮੇਂ ਮਾਈਸਰ ਖਾਨੇ ਵਿੱਚ ਜੋ ਪਿੱਥੋ ਤੋਂ 20 ਕੁ ਕਿਲੋਮੀਟਰ ਦੂਰ ਹੈ, ਆਮ ਲੋਕਾਂ ਵਿੱਚ ਚਰਚਾ ਸੀ ਕਿ ਕੂਕਿਆਂ ਦਾ ਗੁਰੂ ਮੁਸਲਮਾਨੀ ਕਲਾਮ ਦੱਸ ਕੇ, ਮਸਤ ਕਰ ਦਿੰਦਾ ਹੈ। ਰਾਮ ਸਿੰਘ, ਮਨੀ ਸਿੰਘ ਅਤੇ ਗਿਆਨ ਸਿੰਘ ਸ਼ਰੀਕੇ ਵਿੱਚੋਂ ਭਾਈ ਲੱਗਦੇ ਤਿੰਨ ਜਣੇ ਵੀ ਵੇਖਣ ਗਏ। ਸ਼ਾਮ ਦੇ ਦੀਵਾਨ ਵਿੱਚ ਜਦੋਂ ਭਜਨ ਪੁੱਛਿਆ, ਦੋ ਮਸਤਾਨੇ ਹੋ ਗਏ, ਤੀਜਾ ਨਾਂ ਹੋਇਆ। ਸਵੇਰੇ ਆਸਾ ਦੀ ਵਾਰ ਫਿਰ ਪਿੱਥੋ ਲੱਗੀ, ਉਸ ਵਿੱਚ ਤਿੰਨੇ ਮਸਤਾਨੇ ਹੋ

ਗਏ ਅਤੇ ਤਿੰਨਾਂ ਨੇ ਬੇਨਤੀ ਕੀਤੀ, 'ਪਾਤਸ਼ਾਹ ਜੀ ਸਾਡੇ ਪਿੰਡ ਵੀ ਦਰਸ਼ਨ ਦਿਉ, ਫਿਰ ਸਤਿਗੁਰੂ ਜੀ ਮਾਈਸਰਖਾਨੇ ਆਉਂਦੇ ਹਨ। ਇਸ ਤਰ੍ਹਾਂ ਉੱਥੇ ਨਾਮਧਾਰੀ ਸਿੱਖੀ ਦਾ ਮੁੱਢ ਬੱਝਾ। ਇਹ ਵਾਰਤਾ ਮੈਨੂੰ ਸੰਤ ਹਰਦੇਵ ਸਿੰਘ ਜੀ (82), ਨਰੰਜਨ ਸਿੰਘ ਪੁੱਤਰ ਕਿਰਪਾਲ ਸਿੰਘ ਦੋਹਾਂ ਬਜ਼ੁਰਗਾਂ ਅਤੇ ਗਿਆਨ ਸਿੰਘ ਦੇ ਵੰਸ਼ਜ਼, ਭਾਈ ਮੱਸਾ ਸਿੰਘ ਦੇ ਪੜਪੋਤੇ, ਗੁਰਵੇਲ ਸਿੰਘ ਨੇ ਸੁਣਾਈ ਸੀ। ਇੱਕ ਘੁੰਡੀ, ਹੋਰ ਖੁੱਲ੍ਹ ਗਈ। ਇਹ ਰਾਮ ਸਿੰਘ ਉਰਫ ਹਰਨਾਮ ਸਿੰਘ ਅਤਰੀ ਦਾ ਪਿਤਾ ਨਹੀਂ, ਸ਼ਰੀਕੇ ਵਿੱਚੋਂ ਚਾਚਾ ਤਾਇਆ ਸੀ। ਅਤਰੀ ਦਾ ਪਿਤਾ ਗਿਆਨ ਸਿੰਘ ਸੀ ਜਿਹਾ ਕਿ ਅੰਗਰੇਜ਼ ਸਰਕਾਰ ਦੁਆਰਾ ਨਰਾਇਣ ਸਿੰਘ ਰੋਡੇ ਤੋਂ ਪਕੜੇ ਇੱਕ ਹੁਕਮਨਾਮੇ ਤੋਂ ਵੀ ਸਾਬਤ ਹੁੰਦਾ ਹੈ। ਜਿਸ ਦਾ ਅੰਗਰੇਜ਼ੀ ਅਨੁਵਾਦ, ਵਾਰਬਰਟਨ ਨੇ ਕਰਵਾਇਆ ਸੀ। ਇਸ ਹੁਕਮਨਾਮੇ ਵਿੱਚ ਸਤਿਗੁਰੂ ਜੀ ਮਨੀ ਸਿੰਘ ਅਤੇ ਗਿਆਨ ਸਿੰਘ ਅਤਰੀ ਦੇ ਪਿਤਾ ਅਤੇ ਹੋਰ ਸਭ ਨੂੰ ਸਮੇਤ ਅਤਰੀ ਅਤੇ ਉਸਦੀ ਮਾਤਾ ਨੂੰ ਆਪਣੇ ਵਲੋਂ 'ਫਤੇਹ-ਰਾਮ ਸਤ' ਭੇਜਦੇ ਹਨ। ਇਸ ਵਿੱਚ ਵੀ ਉਹ ਆਪਣੀ ਵੱਡੀ ਅਵਸਥਾ, ਪੰਜਾਬ ਤੋਂ ਹਜ਼ਾਰਾਂ ਕੋਹਾਂ ਦੀ ਦੂਰੀ ਅਤੇ ਜਿਊਂਦੇ ਜੀਅ ਫਰੰਗੀ ਸਰਕਾਰ ਉਹਨਾਂ ਨੂੰ ਰਿਹਾ ਨਹੀਂ ਕਰੇਗੀ ਲਿਖ ਕੇ, ਕਿਸੇ ਮਰਜ਼ੀ ਦੇ ਸਿੱਖ ਲੜਕੇ ਨਾਲ ਅਤਰੀ ਨੂੰ ਵਿਆਹੁਣ ਲਈ ਲਿਖਦੇ ਹਨ। ਇਹ ਹੁਕਮਨਾਮਾ ਸੂਬਾ ਸਮੁੰਦ ਸਿੰਘ ਖੋਟੇ ਲਿਆਏ ਸਨ।[36]

ਮਾਈ ਅਤਰੀ ਆਪਣੀਆਂ ਸਾਰੀਆਂ ਸੀਮਾਵਾਂ ਅਤੇ ਪਿਛਲੇ ਤਿੰਨ ਚਾਰ ਸਾਲਾਂ ਵਿੱਚ ਉਸ ਨਾਲ ਹੋਈਆਂ ਬੀਤੀਆਂ ਅੱਤਿ ਦੀਆਂ ਸੋਗੀ ਘਟਨਾਵਾਂ ਦੇ ਬਾਵਜੂਦ, ਸਾਡੇ ਇਤਿਹਾਸ ਵਿੱਚ ਆਪਣਾ ਬਣਦਾ ਥਾਂ ਜ਼ਰੂਰ ਸੁਰੱਖਿਅਤ ਕਰ ਗਈ ਹੈ। ਬਾਹੋਵਾਲ ਜੀ ਉਸਦਾ ਮੁਲਤਾਨ ਤੱਕ ਜਾਣਾ ਲਿਖਦੇ ਹਨ। ਮੁਲਤਾਨ ਵਿਖੇ 1887 ਈ. ਤੱਕ ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ, ਨਜ਼ਰਬੰਦ ਸਨ।ਉਹ ਰੂਸ ਕੂਕਾ ਸੰਬੰਧਾਂ ਦੇ ਸੂਤਰਧਾਰ ਸਨ ਅਤੇ ਮਾਈ ਅਤਰੀ ਵੀ ਇਹੋ ਆਸ਼ਾ ਲੈ ਕੇ ਸੂਬਾ ਜੀ ਨੂੰ ਮਿਲਣ ਗਈ ਸੀ। ਪਿੰਡ ਵਿੱਚ ਉਸ ਦੀ ਦਰਿਆਦਿਲੀ ਦੇ ਕਿੱਸੇ ਵੀ ਸੁਣੇ ਜਾਂਦੇ ਹਨ। ਜਦੋਂ ਕਦੀ ਪਿੰਡ ਦੇ ਲੋਕ ਅਕਾਲ ਦੀ ਲਪੇਟ ਵਿੱਚ ਆਉਂਦੇ ਸਨ, ਉਹ ਆਪਣੀਆਂ ਅਨਾਜ ਦੀਆਂ ਬੁਖਾਰੀਆਂ ਦੇ ਮੂੰਹ, ਉਹਨਾਂ ਲਈ ਖੋਹਲ ਦਿੰਦੀ ਸੀ। ਜਦੋਂ 1880-82 ਦੇ ਨੇੜੇ ਇਲਾਕੇ ਵਿੱਚ ਸਰਹਿੰਦ ਨਹਿਰ ਦਾ ਪਾਣੀ ਆ ਗਿਆ ਤਾਂ ਉਸ ਆਪਣੇ ਡੇਰੇ ਵਿੱਚ, ਇੱਕ ਸਰੋਵਰ ਵੀ ਖੁਦਵਾਇਆ ਸੀ। ਸ੍ਰੀ ਭੈਣੀ ਸਾਹਿਬ ਡੇਰੇ ਦਾ ਚਾਰ ਪੰਜ ਸਾਲ ਪਰਬੰਧ ਕਰਕੇ, ਉਸ ਨੇ ਇੱਕ ਯੋਗ ਪਰਬੰਧਕ ਹੋਣ ਦਾ ਸਬੂਤ ਵੀ ਦਿੱਤਾ ਸੀ। ਉਹ ਇੱਕ ਵਧੀਆ ਘੋੜ ਸੁਆਰ ਵੀ ਸੀ। ਰਿਆਸਤਾਂ ਦੀਆਂ ਸਰਕਾਰਾਂ

ਅਤੇ ਪੰਜਾਬ ਸਰਕਾਰ ਲਈ ਉਹ ਹਮੇਸ਼ਾਂ ਸਿਰ ਪੀੜ ਬਣੀ ਰਹੀ। ਉਸ ਦੇ ਦੁਖਾਂਤਕ ਅੰਤ ਬਾਅਦ, ਜਿਹੜੇ ਪੁਲੀਸ ਪਰਸ਼ਾਸ਼ਨ ਦੇ ਕਰਮਚਾਰੀ, ਮੌਕਾ ਵਾਰਦਾਤ ਤੇ ਆਏ, ਉਹਨਾਂ ਦੀ ਉਸ ਬਾਰੇ ਇਹ ਟਿੱਪਣੀ ਬੜੀ ਸਟੀਕ ਸੀ–

"ਜਿਊਂਦੀ ਨੇ ਭੀ ਦੁੱਖ ਦਿੱਤਾ, ਹੁਣ ਮੋਈ ਨੇ ਭੀ ਦੁੱਖ ਖੜਾ ਕਰਿਆ ਹੈ।"[37]

ਆਪਣੀਆਂ ਮਨੁੱਖੀ ਸੁਭਾ ਦੀਆਂ ਕਮਜ਼ੋਰੀਆਂ ਦੇ ਬਾਵਜੂਦ, ਅਤਰ ਕੌਰ ਉਹਨਾਂ ਕੁਝ ਕੁ ਮਹਾਨਤਮ ਔਰਤਾਂ ਵਿੱਚੋ ਇੱਕ ਸੀ, ਜੋ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ, ਫਰੰਗੀ ਸਰਕਾਰ ਵਿਰੁੱਧ ਬੇਕਿਰਕ ਜੰਗ ਲੜਦੀਆਂ ਰਹੀਆਂ।

## ਹਵਾਲੇ ਤੇ ਟਿੱਪਣੀਆਂ


1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ), ਪਹਿਲੀ ਛਾਪ, ਹੁਕਮਨਾਮਾ ਨੰ. 12, ਜੋ ਗੁਰੂ ਹਰੀ ਸਿੰਘ ਜੀ ਨੂੰ ਸਾਦਰ ਹੈ, ਵਿੱਚ ਸਤਿਗੁਰੂ ਜੀ, ਦੇਵਾ ਸਿੰਘ ਦੁਆਰਾ ਲਿਖੇ ਜਾ ਰਹੇ ਗੁਰੂ ਗ੍ਰੰਥ ਸਾਹਿਬ ਦੇ ਕੁੱਲ ਲਿਖੇ ਪੱਤਰੇ ਇਕੱਠੇ ਕਰਕੇ, ਗੁਰੂ ਹਰੀ ਸਿੰਘ ਜੀ ਨੂੰ ਹੁਕਮ ਕਰਦੇ ਹਨ ਕਿ ਮਨੀ ਸਿੰਘ ਨੂੰ ਦੇ ਦਿਉ। ਉਹ ਜਾਂ ਕਿਸੇ ਚੰਗੇ ਲਿਖਾਰੀ ਤੋਂ ਜਾਂ ਦੇਵਾ ਸਿੰਘ ਤੋਂ ਹੀ ਲਿਖਵਾ ਲਵੇਗਾ . ਭਾਵ ਇਹ ਹੈ ਕਿ ਲਿਖਣ ਪੜਣ ਦੇ ਕੰਮ ਵਿੱਚ ਉਸਨੂੰ ਮੁਹਾਰਤ ਸੀ। ਸਫ਼ਾ 196 ਅਤੇ 197 ਪੱਤਰੇ ਮਨੀ ਸਿੰਘ ਤੱਕ ਪੁੱਜੇ ਹਨ ਜਾਂ ਨਹੀਂ ਇਸਦੀ ਪੁੱਛ ਸਤਿਗੁਰੂ ਜੀ ਹੁਕਮਨਾਮਾ ਨੰ. 11 ਵਿੱਚ ਕਰਦੇ ਹਨ, ਸਫ਼ਾ 19
2. ਭਾਈ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ (ਸੰ. ਜਸਵਿੰਦਰ ਸਿੰਘ), ਸਫ਼ਾ 390
3. ਉਹੀ, ਸਫ਼ਾ 396–97
4. ਉਹੀ, ਸਫ਼ਾ 397
5. ਉਹੀ, ਸਫ਼ਾ 283
6. ਉਹੀ, ਸਫ਼ਾ 398

7. ਜਸਵਿੰਦਰ ਸਿੰਘ ਹਿਸਟੋਰੀਅਨ, (ਸੰ.) 'ਲਾਇਲ ਸਰਵਿਸਜ਼ ਬਾਈ ਸ੍ਰ. ਅਤਰ ਸਿੰਘ' ਛਾਪ 2013, ਆਰਸੀ ਪਬਲਿਸ਼ਰਜ਼ ਦਿੱਲੀ, ਸਫ਼ਾ 82
8. ਉਹੀ, ਸਫ਼ਾ 84
9. ਉਹੀ, ਸਫ਼ਾ 94
10. ਉਹੀ, ਸਫ਼ਾ 92
11. ਹੁਕਮਨਾਮਾ ਨੰ. 9, "ਅਸੀ ਜੋ ਬਾਰ ਬਾਰ ਮਨੇ ਕਰਦੇ ਹਾਂ....... ਅਰ ਜਨਾਨਾ ਕੋਈ ਨਾ ਆਵੇ", ਸਫ਼ਾ 169 "ਅਰੁ ਜੇ ਤੀਮੀ ਕੋਈ ਆਈ ਤਾ ਮੈ ਬਹੁਤ ਗੁਸੇ ਹੋਊਗਾ।" ਹੁਕਮਨਾਮਾ ਨੰ 63, ਸਫ਼ਾ 518
1. 12.ਹੁਕਮਨਾਮਾ ਨੰ. 11, ਸਫ਼ਾ 191-92
12. ਹੁਕਮਨਾਮਾ ਨੰ. 12, ਸਫ਼ਾ 197-99 ਅਤੇ 202-03
13. ਹੁਕਮਨਾਮਾ ਨੰ. 13, ਸਫ਼ਾ 208
14. ਸਤਿਗੁਰੂ ਬਿਲਾਸ ਭਾਗ ਦੂਜਾ, ਸਫ਼ਾ 106-07
15. ਹੁਕਮਨਾਮਾ ਨੰ. 31, ਸਫ਼ਾ 313-14
16. ਭਾਈ ਨਾਹਰ ਸਿੰਘ ਕਿਰਪਾਲ ਸਿੰਘ, ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਸਫ਼ਾ 815-24
17. ਸਤਿਗੁਰੂ ਬਿਲਾਸ ਭਾਗ ਦੂਜਾ, ਸਫ਼ਾ 64
18. ਹੋਮ ਡੀਪਾਰਟਮੈਂਟ ਜਿਊਡੀਸ਼ੀਅਲ-ਬੀ, ਜੁਲਾਈ 1882, ਨੰ.243-45 (ਗੁਪਤ ਪੱਤਰ) ਬੀਬੀ ਅਤਰੀ ਦੇ ਸਤਿਗੁਰੂ ਜੀ ਪਾਸ ਰਹਿਣ ਦੀ ਇੱਛਾ ਜਾਹਿਰ ਕਰਨ ਵਾਲੇ ਪੱਤਰ ਸੰਬੰਧੀ ਪੜਤਾਲ ਕਰਨ ਲਈ 20 ਮਈ 1882 ਨੂੰ ਮਰਗੋਈ ਦਾ ਡਿਪਟੀ ਕਮਿਸ਼ਨਰ ਜੇ, ਬਟਲਰ ਕੈਪਟਨ ਉੱਥੋਂ ਦੇ ਸਿਵਲ ਸਰਜਨ ਸਮੇਤ ਸਵੇਰੇ ਸਤਿਗੁਰੂ ਰਾਮ ਸਿੰਘ ਜੀ ਪਾਸ ਗਿਆ ਅਤੇ ਬੀਬੀ ਅਤਰੀ ਵਾਲੀ ਦਰਖਾਸਤ ਬਾਬਤ ਪੁੱਛਿਆ।ਸਤਿਗੁਰੂ ਜੀ ਦੇ ਇਨਕਾਰ ਕਰਨ ਤੇ ਸਰਕਾਰ ਨੇ ਸੁਖ ਦਾ ਸਾਹ ਲਿਆ ਨਹੀਂ ਤਾਂ ਉਹ ਸਮਝਦੇ ਸੀ ਕਿ ਮਸਾਂ ਮਸਾਂ ਪੰਜਾਬ ਦੇ ਸਿੱਖਾਂ ਨਾਲ ਬੰਦ ਹੋਇਆ ਸਤਿਗੁਰੂ ਜੀ ਦਾ ਪੱਤਰ ਵਿਹਾਰ ਜੇ ਇਹ ਬੀਬੀ ਆ ਗਈ ਤਾਂ ਫਿਰ ਸ਼ੁਰੂ ਹੋ ਸਕਦਾ ਹੈ। ਇਸ ਰੀਪੋਰਟ ਵਿੱਚ ਇਹ ਵੀ ਦਰਜ਼

ਹੈ ਕਿ ਪਟਿਆਲਾ ਸਰਕਾਰ ਦੀ ਬਿਨਾਂ ਮਨਜ਼ੂਰੀ ਤੋਂ ਬੀਬੀ ਅਤਰੀ ਕਈ ਵੇਰ ਰਿਆਸਤੀ ਇਲਾਕਾ ਚੁੱਪ ਚਾਪ ਛੱਡ ਜਾਂਦੀ ਹੈ। ਸੰਨ 1881 ਈ. ਦੇ (ਕੂਕਾ ਪਿੰਡਾਂ) ਵਿੱਚ ਪਰਚਾਰ ਕਰਦੀ ਹੋਈ ਵਾਪਸ ਆਈ ਸੀ। ਰੀਕਾਰਡ ਵਿੱਚ ਇਹ ਵੀ ਲਿਖਿਆ ਹੈ ਕਿ ਉਹ ਇੱਕ ਦਲੇਰ ਅਤੇ ਸਕੀਮਾਂ ਘੜਨ ਵਾਲੀ ਔਰਤ ਸੀ ਜੋ (ਸਰਕਾਰ ਖਿਲਾਫ) ਸਾਜਿਸ਼ਾਂ ਬਨਾਉਣ ਵਿੱਚ ਰੁੱਝੀ ਰਹਿੰਦੀ ਸੀ। ਜਿਸ ਤਰ੍ਹਾਂ ਦੁਸ਼ਮਣਾਂ ਦਾ ਸੁਭਾਅ ਹੁੰਦਾ ਹੈ ਕਿ ਉਹ ਸਾਡੇ ਸੂਰਬੀਰ ਬਲੀਦਾਨੀਆਂ ਨੂੰ ਲੋਕਾਂ ਵਿੱਚ ਕੱਦ ਛੋਟਾ ਕਰਨ ਲਈ, ਕਿਤੇ ਕਿਤੇ ਉਹਨਾਂ ਦੇ ਚਰਿਤਰ ਹਨਨ ਦੇ ਬੇ ਬੁਨਿਆਦ ਅਤੇ ਕੋਝੇ ਯਤਨ ਵੀ ਕਰਿਆ ਕਰਦੇ ਸਨ। ਸਤਿਗੁਰੂ ਜੀ ਦੇ ਇਨਕਾਰ ਬਾਦ ਗਵਰਨਰ ਜਨਰਲ ਹਿੰਦ ਨੇ, ਅਤਰੀ ਦੀ ਅਰਜ਼ੀ ਦਾਖਲ ਦਫਤਰ ਕਰਵਾ ਦਿੱਤੀ।

19. ਸਤਿਗੁਰੂ ਬਿਲਾਸ ਭਾਗ ਦੂਜਾ, ਸਫ਼ਾ 171
20. ਉਹੀ, ਸਫ਼ਾ 171-72
21. ਉਹੀ, ਸਫ਼ਾ 177
22. ਉਹੀ, ਸਫ਼ਾ 186-87
23. ਉਹੀ, ਸਫ਼ਾ 190
24. ਉਹੀ, ਸਫ਼ਾ 229
25. ਉਹੀ, ਸਫ਼ਾ 263-64
26. ਉਹੀ, ਸਫ਼ਾ 127
27. ਉਹੀ, ਸਫ਼ਾ 254
28. ਉਹੀ, ਸਫ਼ਾ 279-80
29. ਉਹੀ, ਸਫ਼ਾ 286
30. ਲਾਲ ਏਹਿ ਰਤਨ-ਭਾਗ 5 (ਸੰ. ਬੀਬੀ ਬੇਅੰਤ ਕੌਰ), (ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ 1955 ਜਾਂ 56 ਵਿੱਚ ਸ੍ਰੀ ਭੈਣੀ ਸਾਹਿਬ ਰੀਕਾਰਡ ਹੋਇਆ ਉਪਦੇਸ਼), ਸਫ਼ਾ 63
31. ਸਤਿਗੁਰੂ ਬਿਲਾਸ ਭਾਗ ਦੂਜਾ, ਸਫ਼ਾ 254
32. ਉਹੀ, ਸਫ਼ਾ 322

33. (ੳ). ਸੁਵਰਨ ਸਿੰਘ ਵਿਰਕ (ਸੰ.) ਅੱਖੀਂ ਡਿੱਠਾ ਕਿੱਸਾ ਕੀਤਾ, ਸਫ਼ਾ 125

34. ਸਤਿਗੁਰੂ ਬਿਲਾਸ ਭਾਗ ਦੂਜਾ ਸਫ਼ਾ

35. ਉਹੀ, ਸਫ਼ਾ 229

36. ਜਸਵਿੰਦਰ ਸਿੰਘ (ਸੰਪਾਦਕ)-ਕੂਕਾ ਮੂਵਮੈਂਟ ਫਰੀਡਮ ਸਟਰਗਲ ਇਨ ਪੰਜਾਬ, ਸਫ਼ਾ-57

37. ਸਤਿਗੁਰੂ ਬਿਲਾਸ ਭਾਗ ਦੂਜਾ, ਸਫ਼ਾ 381

❋

# ਮਸਤ ਸ਼ੇਰ ਸਿੰਘ ਜੀ ਡੱਫਰਕਿਆਂ ਵਾਲੇ

ਲੋਕ-ਲਹਿਰਾਂ ਵਿੱਚ ਕਈ ਵੇਰ ਭਵਿੱਖਤ-ਵਾਕਾਂ ਦੀ ਵੀ ਮਹੱਤਵਪੂਰਨ ਭੂਮਿਕਾ ਸਮਝੀ ਜਾਂਦੀ ਰਹੀ ਹੈ। ਅੰਗਰੇਜ਼ ਸਰਕਾਰ ਜਿਸ ਕੂਕੇ ਦੇ ਘਰੋਂ ਸੌ-ਸਾਖੀ ਮਿਲਦੀ ਸੀ, ਇਤਰਾਜ਼ ਜੋਗ ਸਮੱਗਰੀ ਰੱਖਣ ਦੇ ਦੋਸ਼ ਵਿੱਚ, ਉਸ ਸਿੰਘ ਦਾ ਚਲਾਣ ਕਰ ਦਿਆ ਕਰਦੀ ਸੀ। ਕਿਉਂਕਿ ਸੌ ਸਾਖੀ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਅਤੇ ਲਾਹੌਰ ਦੇ ਆਖਰੀ ਸਿੱਖ ਮਹਾਰਾਜੇ ਦਲੀਪ ਸਿੰਘ ਦੁਆਰਾ, ਅੰਗਰੇਜ਼ਾਂ ਨੂੰ ਫਿਰ ਜੁੱਧ ਵਿੱਚ ਹਰਾ ਕੇ ਦਿੱਲੀ ਦੇ ਤਖਤ ਤੇ ਬਹਿਣ ਦੇ ਇਸ਼ਾਰੇ ਮਿਲਦੇ ਸਨ। ਇਹ ਭਵਿੱਖਤ ਵਾਕ ਕਿਤਨੇ ਸਹੀ ਸਿੱਧ ਹੋਏ ਜਾਂ ਨਹੀਂ ਪਰ ਇਹਨਾਂ ਤੇ ਯਕੀਨ ਕਰਨ ਨਾਲ ਲਹਿਰਾਂ ਨਾਲ ਜੁੜਿਆ ਜਨ-ਸਮੂਹ ਕਈ ਵੇਰ ਕਾਫੀ ਉਤੇਜਿਤ ਹੋ ਕੇ ਅਸੰਭਵ ਕਾਰਵਾਈਆਂ ਨੂੰ ਵੀ ਸੰਭਵ ਕਰ ਵਿਖਾਉਂਦਾ ਹੈ। ਸੰਨ 1910 ਈ. ਵਿੱਚ ਕੂਕਿਆਂ ਨਾਲ ਸਬੰਧਿਤ 'ਗੁਰਿੰਡ ਨਾਮਾ' ਨਾਮ ਦੀ ਭਵਿੱਖਤ ਬਚਨਾਂ ਦੀ ਇਕ ਪੁਸਤਕ ਕਿਲਾ ਸੰਤ ਹਰਨਾਮ ਸਿੰਘ (ਸਿਆਲਕੋਟ) ਦੇ ਇਕ ਨਾਮਧਾਰੀ ਧਰਮ ਸਿੰਘ ਨੇ ਅੰਮ੍ਰਿਤਸਰ ਦੇ ਕਿਸੇ ਮੁਸਲਮਾਨ ਸੱਜਣ ਦੇ ਪ੍ਰੈੱਸ ਵਿੱਚੋਂ ਛਪਵਾਈ ਸੀ ਜੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਹੋਏ ਅਨੰਦਪੁਰ ਸਾਹਿਬ ਦੇ ਪਹਿਲੇ ਹੋਲੇ ਮਹੱਲੇ ਵਿੱਚ ਵੰਡੀ ਗਈ ਸੀ, ਇਸ ਤੋਂ ਛੇਤੀ ਬਾਅਦ ਭਾਈ ਧਰਮ ਸਿੰਘ ਨੂੰ ਗਰਿਫਤਾਰ ਕਰ ਲਿਆ ਗਿਆ।[1]

ਅਜਿਹਾ ਹੀ ਆਪਣੇ ਭਵਿੱਖਤ ਬਚਨਾਂ ਸਦਕਾ ਮਸ਼ਹੂਰ ਹੋਇਆ, ਇੱਕ ਨਾਮਧਾਰੀ ਜਾਂ ਕੂਕਾ ਸੰਤ ਬਾਬਾ ਸ਼ੇਰ ਸਿੰਘ ਡੱਫਰਕਿਆਂ ਵਾਲਾ ਸੀ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਰਦੇਸ ਗਮਨ ਕਰ ਗਏ ਸਨ ਅਤੇ ਗੁਰੂ ਹਰੀ ਸਿੰਘ ਜੀ ਦੇ ਮਾਤਾ ਸਾਹਿਬ ਕੌਰ ਨਾਲ ਹੋਏ ਵਿਆਹ ਵਿੱਚੋਂ ਦੋ ਪੁੱਤਰੀਆਂ ਹੀ ਸਨ, ਬਾਅਦ ਵਿੱਚ ਮਾਤਾ ਸਾਹਿਬ ਕੌਰ ਵੀ ਚਲਾਣਾ ਕਰ ਗਏ ਸਨ ਤਾਂ ਇਸ ਸਮੇਂ ਨਾਮਧਾਰੀ ਪੰਥ ਦੇ ਭਵਿੱਖੀ-ਮੁਖੀ ਬਾਰੇ ਦੋਸਤਾਂ-ਦੁਸ਼ਮਣਾਂ ਵਿੱਚ ਅਕਸਰ ਕਿਆਸ ਅਰਾਈਆਂ ਹੁੰਦੀਆਂ ਸਨ। ਅਜਿਹੇ ਸਮੇਂ ਬਾਬਾ ਸ਼ੇਰ ਸਿੰਘ ਹੋਰਾਂ ਦੁਆਰਾ ਕੀਤੀ ਭਵਿੱਖ-ਬਾਣੀ ਕੂਕਿਆਂ ਲਈ ਢਾਰਸ ਬੰਨ੍ਹਾਉਣ ਵਾਲੀ ਸਾਬਤ ਹੁੰਦੀ ਸੀ। ਗੁਰੂ ਬਾਲਕ ਸਿੰਘ ਜੀ ਹਜਰੋਂ ਨਿਵਾਸੀ ਵਾਲਿਆਂ ਦਾ ਇੱਕ ਪਿਆਰਾ ਸਿੱਖ ਭਾਈ ਬੈਂਕਾ ਹੋਇਆ ਹੈ। ਇਹ ਸਤਿਗੁਰੂ ਰਾਮ ਸਿੰਘ ਜਾਂ ਗੁਰੂ ਹਰੀ ਸਿੰਘ ਜੀ ਦੇ ਗੁਰੂ ਰੂਪ ਵਿੱਚ ਪ੍ਰਗਟ ਹੋਣ ਤੋਂ ਪਹਿਲਾਂ ਬੰਦਗੀ ਕਰਦਾ ਜੰਗਲ ਵਿੱਚ ਜਾ ਕੇ, ਤਿੰਨ ਆਸਣ

ਵਿਛਾ ਕੇ, ਇਹ ਬੋਲਾ ਕਰਿਆ ਕਰਦਾ ਸੀ- "ਆਉ ਬਾਬਾ ਬਾਲਕ ਸਿੰਘ, ਆਉ ਬਾਬਾ ਰਾਮ ਸਿੰਘ, ਆਉ ਬਾਬਾ ਬੁੱਧ ਸਿੰਘ, ਬੈਠੋ।" ਯਾਦ ਰਹੇ ਕਿ ਗੁਰੂ ਹਰੀ ਸਿੰਘ ਜੀ ਦਾ ਗੁਰਤਾ ਪ੍ਰਾਪਤੀ ਤੋਂ ਪਹਿਲਾਂ ਨਾਮ ਬੁੱਧ ਸਿੰਘ ਹੀ ਸੀ। ਨਾਮਧਾਰੀ ਗੁਰਤਾ ਦੀ ਇਸ ਲੜੀ ਨੂੰ ਅੱਗੇ ਸਤਿਗੁਰੂ ਪਰਤਾਪ ਸਿੰਘ ਜੀ (1890-1959 ਈ.) ਤੱਕ ਤੋਰਨ ਵਿੱਚ, ਬਾਬਾ ਸ਼ੇਰ ਸਿੰਘ ਜਿਸ ਨੂੰ ਮਸਤ ਵੀ ਆਖਦੇ ਸਨ, ਉਸ ਦੇ ਬੋਲੇ ਵੀ ਨਿਰਣਾਇਕ ਸਿੱਧ ਹੁੰਦੇ ਹਨ।

## ਮਸਤ ਬਾਬਾ ਸ਼ੇਰ ਸਿੰਘ ਜੀ ਡੱਫਰਕਿਆਂ ਵਾਲੇ

ਇਹ ਮਸਤੀ ਵਿੱਚ ਕਈ ਵਾਰ ਬੋਲਾ ਕਰਦੇ ਕਿ ਬੜੇ ਪ੍ਰਤਾਪ ਵਾਲਾ ਪਰਤਾਪ ਸਿੰਘ ਹੋਵੇਗਾ, ਜੀਵਨ ਜੋਤ ਹੋਵੇਗਾ। ਡੱਫਰਕਿਆਂ ਦੀਆਂ ਗਲੀਆਂ ਵਿੱਚ ਫਿਰਦੇ ਅਝੱਕ ਕਈ ਵਾਰ ਮਿਲੇ ਨੂੰ ਕਹਿੰਦੇ, 'ਪੁੱਛ ਜੋ ਪੁੱਛਣਾ ਈ।' ਜੋ ਬੋਲਾ ਇਹ ਸੰਤ ਜੀ ਮਸਤ ਹੋਏ ਕਰਦੇ, ਸੱਚਾ ਹੁੰਦਾ।"

"ਗੁਰੂ ਹਰੀ ਸਿੰਘ ਜੀ ਸਾਹਵੇਂ ਖੜ੍ਹੇ ਭੀ ਬੜੇ ਤੇਜ਼ ਚੇਹਰੇ ਤੇ ਸੁਭਾਵਿਕ ਕਹਿੰਦੇ, ਜੀਵਨ-ਜੋਤੋਂ ਤੁਸਾਂ ਦੇ ਘਰ ਬੜੇ ਪ੍ਰਤਾਪ ਵਾਲਾ ਪਰਤਾਪ ਸਿੰਘ ਹੋਵੇਗਾ।"

ਇਸ ਮਸਤ ਦੇ ਬੋਲੇ ਸੁਣ ਸਭ ਸੋਚਦੇ, ਸੱਚ ਹੁੰਦੇ ਹਨ। ਤੇ ਕਈ ਸਾਧ ਕਹਿੰਦੇ ਭੀ। ਜਿਵੇਂ ਬਾਲਮੀਕ ਰਾਮ ਚੰਦਰ ਜੀ ਤੋਂ ਪਹਿਲਾਂ ਤੇ ਸੁਕਦੇਵ, ਗੁਰੂ ਨਾਨਕ ਜੀ ਤੋਂ ਲੈ ਦੁਆਦਸ ਗੁਰਿੰਦ ਸਤਿਗੁਰੂ ਰਾਮ ਸਿੰਘ ਤੱਕ ਬਚਨ ਕੀਤੇ ਹਨ ਤੇ ਜਿਵੇਂ ਦਸਮ ਜੀ ਕਈ ਭਵਿੱਖਤ ਵਾਕ ਕੀਤੇ ਹਨ। ਜਿਵੇਂ ਗੁਰੂ ਬਾਲਕ ਸਿੰਘ ਜੀ ਦੇ ਸੇਵਕ ਮਸਤ ਬੰਕਾ ਜੀ, ਸਤਿਗੁਰੂ ਰਾਮ ਸਿੰਘ ਜੀ ਤੇ ਗੁਰੂ ਹਰੀ ਸਿੰਘ ਜੀ ਬਾਬਤ ਬਚਨ ਕੀਤਾ ਕਰਦੇ ਸੀ। ਜਿਵੇਂ ਬਾਬਾ ਬੁੱਢਾ ਸਿੰਘ ਜੀ (ਵਾਂ ਡੱਲ ਵਾਲਿਆਂ) ਸਤਿਗੁਰੂ ਰਾਮ ਸਿੰਘ ਜੀ ਦੇ ਬਦੇਸ਼ ਜਾਣ ਦਾ ਬੋਲਾ ਪਹਿਲੋਂ ਕੀਤਾ ਸੀ ਤੇ ਜਿਵੇਂ ਸਤਿਗੁਰੂ ਰਾਮ ਸਿੰਘ ਜੀ (ਕਰਮੋਂ ਗੁੱਜਰਵਾਲ ਦੀ ਨੂੰ) (ਕਾਲੀ) ਕਮਲੀ ਲਿਆ ਭੇਟ ਕਰਨ ਸਮੇਂ ਕਿਹਾ ਸੀ, "ਲੈ ਆਈ ਹੈਂ ਦੇਸ਼ ਨਿਕਾਲੇ ਦਾ ਬਾਣਾ।"

......ਤੇ ਜਿਵੇਂ ਉਹ ਸਭ ਵਾਕ ਪੂਰੇ ਹੋਏ ਹਨ। ਹੁਣ ਜਾਪਦੈ ਬੜੇ ਪ੍ਰਤਾਪ ਵਾਲਾ ਪਰਤਾਪ ਸਿੰਘ ਹੋਵੇਗਾ ਤੇ ਮਸਤ ਦਾ ਵਾਕ ਭੀ ਪੂਰਾ ਹੋਵੇਗਾ। ਤੇ ਜੋ ਸਤਿਗੁਰੂ ਰਾਮ ਸਿੰਘ ਜੀ ਕਾਨ੍ਹ ਸਿੰਘ (ਗੜ੍ਹੀ-ਫਗਵਾੜੇ ਦੇ ਪਰਗਣੇ ਵਿੱਚ) ਜੀ ਨਾਲ ਬਚਨ ਕੀਤਾ ਹੋਇਆ ਹੈ ਤੇ ਇਹ ਮਸਤ ਹੁਣ ਬੋਲਾ ਕਰਦਾ ਹੈ। ਬੜੇ ਪ੍ਰਤਾਪ ਵਾਲਾ ਪਰਤਾਪ ਸਿੰਘ ਤੁਹਾਡੇ ਘਰ ਪ੍ਰਗਟ ਹੋਵੇਗਾ।"[2]

ਸਰਕਾਰੀ ਕਾਗਜ਼ਾਂ ਵਿੱਚ ਬਾਬਾ ਜੀ ਦੇ ਪਿੰਡ ਡੱਫਰਕੇ ਨੂੰ ਜ਼ੱਫਰਕੇ ਲਿਖਿਆ ਜਾਂਦਾ ਸੀ। ਸੰਨ 1881 ਈ. ਦੀ ਮਹੱਤਵਪੂਰਨ ਕੂਕਿਆਂ ਅਤੇ ਕੂਕਾ-ਵੱਸੋਂ ਵਾਲੇ ਪਿੰਡਾਂ ਦੀ ਸੂਚੀ ਮੁਤਾਬਿਕ ਲਾਹੌਰ (ਹੁਣ ਪੱਛਮੀ ਪੰਜਾਬ-ਪਾਕਿਸਤਾਨ) ਜ਼ਿਲ੍ਹੇ ਵਿੱਚ ਕੂਕਿਆਂ ਦੇ 77 ਪਿੰਡ ਸਨ। ਉਸ ਵੇਲੇ ਦੇ ਲਾਹੌਰ ਜ਼ਿਲ੍ਹੇ ਦੇ 21 ਥਾਣਿਆਂ ਵਿੱਚੋਂ ਰਾਇਵਿੰਡ ਇੱਕ ਥਾਣਾ ਵੀ ਸੀ ਅਤੇ ਮੰਡੀ ਵੀ। ਇਸ ਥਾਣੇ ਵਿੱਚ ਕੂਕਾ ਵੱਸੋਂ ਵਾਲੇ ਛੇ ਪਿੰਡ ਸਨ, ਭੰਬਾ ਕਲਾਂ, ਭੰਬਾ ਖੁਰਦ, ਜ਼ੱਫਰਕੇ, ਧੂੰਦਾ, ਮੱਠਾ ਅਤੇ ਰਾਜਾ ਜੰਗ।[3]

“ਨੱਕੇ ਦੇ ਇਲਾਕੇ ਵਿੱਚ ਬਾਬਾ ਸ਼ੇਰ ਸਿੰਘ ਜੀ ਇੱਕ ਮਸ਼ਹੂਰ ਵਿਅਕਤੀ ਸਨ। ਆਪ ਦਾ ਨਗਰ ਡੱਫਰਕੇ (ਜ਼ਿਲ੍ਹਾ ਲਾਹੌਰ) ਸੀ। ਆਪ ਦਾ ਜਨਮ ਸ੍ਰੀਮਾਨ ਬਾਬਾ ਵਸਾਵਾ ਸਿੰਘ ਜੀ ਦੇ ਗ੍ਰਹਿ ਵਿਖੇ ਸੰਮਤ 1801 ਬਿਕ੍ਰਮੀ, ਮੁਤਾਬਿਕ 1844 ਈ. ਵਿੱਚ ਹੋਇਆ। ਆਪ ਬਚਪਨ ਤੋਂ ਹੀ ਸਾਧੂ ਬ੍ਰਿਤੀ ਦੇ ਸਨ।ਹੋਣਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ। ਆਪ ਦੀ ਇਸ ਨੰਨ੍ਹੀ ਅਵਸਥਾ ਵਿੱਚ ਰੱਬੀ ਅੰਸਰ ਮੌਜੂਦ ਸਨ ਜਿਹਨਾਂ ਨੂੰ ਅਪਨਾਉਣ ਲਈ ਬੜੀਆਂ ਬੜੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਜਿਉਂ ਜਿਉਂ ਬਾਬਾ ਜੀ ਵਡੇਰੇ ਹੁੰਦੇ ਗਏ ਤਿਉਂ ਤਿਉਂ ਆਪ ਦੀ ਰੱਬੀ ਲਗਨ ਤੇ ਪ੍ਰੇਮ ਵੀ ਪਲਦਾ ਗਿਆ। ਆਪ ਦੇ ਵੱਡੇ ਭਾਈ ਚੇਤ ਸਿੰਘ ਜੀ ਵੀ ਅਲੌਕਿਕ ਸ਼ਖਸੀਅਤ ਦੇ ਮਾਲਕ ਸਨ। ਉਹ ਵੀ ਰੱਬ ਦੇ ਰੂਪ ਹੀ ਸਨ। ਇਸ ਜੋੜੀ ਦਾ ਆਪਸ ਵਿਚਲਾ ਪਿਆਰ ਸਾਰੇ ਨਗਰ ਦੀ ਚਰਚਾ ਸੀ। “ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸੱਚੇ ਪਾਤਸ਼ਾਹ ਇੱਕ ਵੇਰ ਮਾਂਗੇ (ਜ਼ਿਲ੍ਹਾ ਲਾਹੌਰ) ਆਏ। ਉੱਥੇ ਇਹਨਾਂ ਵੀਰਾਂ ਦੀ ਜੋੜੀ ਵੀ ਗਈ। ਦਰਸ਼ਨ ਪਰਸ ਨਿਹਾਲ ਹੋਈ ਤੇ ਭਜਨ ਪੁੱਛਿਆ। ਉਨ੍ਹੀਂ ਦਿਨੀਂ ਬਾਬਾ ਕੇਸਰ ਸਿੰਘ ਜੀ ਰਾਜੇ ਜੰਗਾਂ ਵਾਲੇ ਸਤਿਗੁਰਾਂ ਦੇ ਸੂਬੇ ਸਨ ਤੇ ਨਾਲ ਹੀ ਨਾਮ ਦੇ ਭੰਡਾਰੀ ਵੀ ਸਨ। ਆਪ ਦੇ ਨਾਮ ਦੀ ਦਾਤ ਦੇਣ ਨਾਲ ਇਹਨਾਂ ਤੇ ਸੋਨੇ ਵਿੱਚ ਸੁਗੰਧੀ ਵਾਲਾ ਕੰਮ ਹੋ ਗਿਆ। ਭਜਨ ਪੁੱਛਣ ਤੋਂ ਬਾਅਦ ਭਜਨ ਵਿੱਚ ਬਿਰਤੀ ਐਸੀ ਜੁੜੀ ਕਿ ਇਸ ਅਲੂਣੀ ਸਿੱਲ ਵਿੱਚੋਂ ਆਪ ਨੂੰ ਅਜਿਹਾ ਰਸ ਤੇ ਅਨੰਦ ਆਇਆ ਕਿ ਆਪ ਦੀ ਜ਼ੁਬਾਨ ਤਾ ਜ਼ਿੰਦਗੀ ਅਰੁਕ ਚੱਲਦੀ ਰਹੀ। ਅੰਤਿਮ ਸਮੇਂ ਤੱਕ ਆਪ ਦੀ ਜਿਹਬਾ 'ਚੋਂ ਚੌ-ਅੱਖਰੇ ਮੰਤਰ ਦੀ ਗਰਾਰੀ ਗੇੜੀ ਜਾ ਰਹੀ ਸੀ।

“ਵੱਡੇ ਭਾਈ ਚੇਤ ਸਿੰਘ ਜੀ ਮਹੀਆਂ ਚਾਰਿਆ ਕਰਦੇ ਸਨ ਤੇ ਛੋਟੇ ਭਾਈ ਸ਼ੇਰ ਸਿੰਘ ਜੀ ਹਲ ਵਾਹੁੰਦੇ ਤੇ ਘਰ ਦੇ ਹੋਰ ਕਾਰ ਵਿਹਾਰ ਵੀ ਕਰਦੇ ਰਹਿੰਦੇ। ਉਹਨਾਂ ਨੂੰ ਮਹੀਆਂ ਵਿੱਚ ਹੀ ਉਸ ਈਸ਼ਵਰ ਦੀ ਝਲਕ ਪੈ ਗਈ ਸੀ, ਜਿਹਨੂੰ ਯੋਗੀ ਜਨ ਅਨੇਕ ਸਾਧਨਾਂ ਨਾਲ ਪਾਉਂਦੇ ਹਨ ਤੇ ਇਹਨਾਂ ਨੂੰ

ਆਪਣੇ ਬੈਲਾਂ ਦੀ ਜੋੜੀ ਹੀ ਸਾਖਿਆਤ ਪ੍ਰਭੂ ਨਜ਼ਰ ਆ ਰਹੀ ਸੀ। ਜਿਉਂ ਅੰਮ੍ਰਿਤ ਵੇਲੇ ਤੋਂ ਜਾਂਦੇ, ਪਿਆਰੇ ਪਿਆਰੇ ਮਿੱਠੇ ਮਿੱਠੇ ਬਚਨ ਕਰ ਕੇ ਬੈਲਾਂ ਨੂੰ ਹੱਕਦੇ ਤੇ ਹਲ ਜੋਤਦੇ, ਫਿਰ ਜੇ ਵਕਤ ਮਿਲਦਾ ਤਾਂ ਵਿਹਲੇ ਹੋ, ਦੋਨੋਂ ਭਰਾ ਆਪਸ ਵਿੱਚ ਦੀ ਸਤਿ- ਸੰਗਤ ਦੀ ਗੁਫ਼ਤਗੂ ਕਰਦੇ! ਕਥਾ ਵਾਚਦੇ, ਜਨਮ-ਸਾਖੀਆਂ ਤੇ ਹੋਰ ਧਾਰਮਿਕ ਪੁਸਤਕਾਂ ਦਾ ਰਟਨ ਕਰਦੇ ਰਹਿੰਦੇ।"

"ਆਪ ਦੇ ਜੀਵਨ ਵਿੱਚੋਂ ਇੱਕ ਖ਼ਾਸ ਸਬਕ ਇਹ ਮਿਲਦਾ ਹੈ ਕਿ ਆਪ ਨੇ ਆਪਣੀ ਸਾਰੀ ਨਾਮ ਦੀ ਦੌਲਤ, ਪ੍ਰਭੁਤਾ ਅਤੇ ਈਸ਼ਵਰੀ ਤਾਕਤ ਆਪਣੇ ਕਾਰ ਵਿਹਾਰ ਵਿੱਚ ਲੱਗਿਆਂ ਹੀ ਇਕੱਠੀ ਕੀਤੀ ਹੈ। ਕੰਮ ਛੱਡ, ਭੋਰਿਆਂ ਵਿੱਚ ਬੈਠ ਤਪ ਸਾਧ ਸਾਧ ਆਪਣੇ ਜੀਵਨ ਦਾ ਕੋਈ ਦਿਨ ਅਜਿਹਾ ਨਹੀਂ ਬਿਤਾਇਆ। ਆਪ ਕਿਹਾ ਕਰਦੇ- 'ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।' ਨਿਰੰਜਨ ਨਾਲ ਚਿਤ ਲੱਗੇ ਦੀ ਹੀ ਇਹ ਗੱਲ ਸੀ ਕਿ ਆਪ ਨੂੰ ਬਹੁਤਾ ਬੋਲਦਿਆਂ, ਲੜਦਿਆਂ, ਝਗੜਦਿਆਂ ਕੋਈ ਸਾਰੀ ਜ਼ਿੰਦਗੀ ਵਿੱਚ ਨਹੀਂ ਪਾ ਸਕਿਆ।"

ਸਭ ਤੋਂ ਵੱਡੀ ਗੱਲ ਜਿਸ ਨੇ ਸਾਰੇ ਇਲਾਕੇ ਵਿੱਚ ਆਪ ਦਾ ਪ੍ਰਤਾਪ ਫੈਲਾਇਆ, ਉਹ ਆਪ ਦੀਆਂ ਪੇਸ਼ੀਨਗੋਈਆਂ ਸਨ। ਬਾਬਾ ਜੀ ਨੇ ਮਸਤ ਅਵਸਥਾ ਵਿੱਚ ਹੋ ਕੇ ਸੰਗਤ ਨੂੰ ਫਰਮਾਇਆ ਸੀ-

"ਗੁਰੂ ਏਸੇ ਦੇਹ ਵਿੱਚੋਂ ਹੋਵੇਗਾ (ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵੱਲ ਇਸ਼ਾਰਾ ਸੀ) ਜੀਵਨ-ਜੋਤਿ ਹੋਵੇਗਾ। ਬੜਾ ਕਲਾਵਾਨ ਤੇ ਪ੍ਰਤਾਪੀ, ਜਿਸ ਦੇ ਪ੍ਰਗਟ ਹੋਣ ਨਾਲ ਪੰਥ ਦੀਆਂ ਮੁਸ਼ਕਿਲਾਂ ਦੂਰ ਹੋਣਗੀਆਂ। ਚੌਂਕੀਆਂ, ਪਹਿਰਿਆਂ, ਸਭ ਤੋਂ ਖਲਾਸੀ ਹੋਵੇਗੀ। ਇਸ ਦਾ ਨਾਮ ਪਰਤਾਪ ਸਿੰਘ ਹੋਵੇਗਾ।"

"ਸੰਗਤ ਬਾਬੇ ਦੇ ਬਚਨ ਸੁਣ ਕੇ ਹੈਰਾਨ ਪਰੇਸ਼ਾਨ ਸੀ ਤੇ ਉਸ ਘੜੀ ਖ਼ਾਸ ਸ਼ਰਧਾਲੂ ਵੀ ਕਹਿ ਉਠੇ, ਹੋਰ ਤਾਂ ਬਾਬੇ ਦੀਆਂ ਸਾਰੀਆਂ ਗੱਲਾਂ ਸੱਚ ਹੁੰਦੀਆਂ ਆਈਆਂ ਨੇ ਪਰ ਐਤਕਾਂ ਜੋ ਕੁਝ ਕਿਹਾ ਸੂ, ਇਹ ਅਣਹੋਣੀ ਗੱਲ ਏ ਤੇ ਕੋਰਾ ਝੂਠ ਏ। ਤਕਰੀਬਨ ਸੰਗਤ ਦਾ ਕਹਿਣਾ ਵਾਜਬ ਸੀ, ਕਿਉਂਕਿ ਸੰਗਤ ਨੂੰ ਪਤਾ ਸੀ ਕਿ ਗੁਰੂ ਜੀ ਦਾ ਅਜੇ ਤਕ ਅਨੰਦ ਨਹੀਂ ਸੀ ਹੋਇਆ। ਕਦੋਂ ਉਹ ਪ੍ਰਤਾਪੀ ਗੁਰੂ ਪ੍ਰਗਟ ਹੋਵੇਗਾ? "

"ਪਰ ਜਿਸ ਅਰਸ਼ੀ ਦੂਰਬੀਨ ਨਾਲ ਬਾਬਾ ਜੀ ਦੇਖ ਰਹੇ ਸਨ, ਕਿਸੇ ਕੋਲ ਹੁੰਦੀ ਤਾਂ ਕੋਈ ਨਾ ਕੁਸਕਦਾ, ਸੰਗਤ ਨੂੰ ਬਾਬੇ ਜਿੰਨੀ ਲਖਤਾ ਕਿੱਥੇ ਸੀ? ਹਾਂ ਓਦੋਂ ਯਕੀਨ ਦਾ ਜਾਦੂ ਸਾਰਿਆਂ ਤੇ ਹੋਣ ਲੱਗ ਪਿਆ। ਜਦੋਂ ਸੰਗਤ

ਵਿੱਚ ਇਹ ਖ਼ਬਰ ਆਮ ਹੋ ਗਈ ਕਿ ਸਤਿਗੁਰੂ ਜੀ ਨਾਲ ਦੋਂਹ ਬੀਬੀਆਂ ਦਾ ਅਨੰਦ (ਅਰਦਾਸਾ) ਹੋ ਗਿਆ। ਬਾਬੇ ਦੇ 'ਜੀਵਨ-ਜੋਤ' ਲਫਜ਼ ਦੀ ਰਮਜ਼ ਹੁਣ ਹੱਥ ਆਈ ਜਦੋਂ ਕਿ ਸ੍ਰੀ ਮਾਤਾ ਜੀਵਨ ਕੌਰ ਜੀ ਸਾਰੇ ਪੰਥ ਦੀ ਮਾਤਾ ਹੋ ਗਏ। ਆਖਿਰ ਉਹ ਰੱਬੀ-ਸੱਤਾ ਵੀ ਵਜੂਦ ਵਿੱਚ ਆ ਗਈ – ਤੇ ਨਾ ਸਿਰਫ ਵਜੂਦ ਵਿੱਚ ਆਈ, ਬਲਕਿ ਉਸ ਦੇ ਪਰਗਟ ਹੋਣ ਨਾਲ, ਉਹ ਹਨੇਰਾ ਜੋ ਪੰਥ ਨੂੰ ਇੱਕ ਧੁੰਦ ਜਿਹੀ ਥੱਲੇ ਦਬਾ ਰਿਹਾ ਸੀ, ਦੂਰ ਹੋ ਗਿਆ। ਤੇ ਛੇਤੀ ਹੀ ਮਹਾਰਾਜ ਪੰਥਕ ਸਿੰਘਾਸਨ ਤੇ ਆ ਸੁਸ਼ੋਭਿਤ ਹੋਏ।"

"ਇਸ ਘਟਨਾ ਨੇ ਹਰੇਕ ਕੂਕੇ ਦੇ ਦਿਲ ਵਿੱਚ, ਬਾਬਾ ਜੀ ਲਈ ਵਿਸ਼ੇਸ਼ ਸਤਕਾਰ ਬਣਾ ਦਿੱਤਾ ਸੀ।.......

"ਇਹੋ ਜਿਹੇ ਕਈ ਹੋਰ ਵਾਕਿਆਤ ਜਿਨ੍ਹਾਂ ਦਾ ਸਿੱਧਾ ਸਬੰਧ ਨਾਮਧਾਰੀ ਪੰਥ ਨਾਲ ਹੁੰਦਾ ਸੀ, ਆਪ ਦੇ ਦ੍ਰਿਸ਼ਟੀਗੋਚਰ ਹੁੰਦੇ। ਆਪ ਉਹਨਾਂ ਨੂੰ ਜ਼ਾਹਰ ਕਰਦੇ ਤੇ ਸਾਡੇ ਨਗਰ ਦੇ ਲੋਕ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਜੋ ਕੁਝ ਵੀ ਬਾਬਾ ਜੀ ਨੇ ਕਿਹਾ ਸੀ- ਸੋ ਸਭ ਕੁਝ ਸੱਚ ਹੁੰਦਾ ਰਿਹਾ ਹੈ। ਆਉਣ ਵਾਲੇ ਜ਼ਮਾਨੇ ਸਬੰਧੀ ਆਪ ਨੇ ਕਈ ਕੌਤਕ ਦੇਖੇ ਸਨ ਤੇ ਉਹਨਾਂ ਦਾ ਜ਼ਿਕਰ ਸੰਗਤ ਵਿੱਚ ਕੀਤਾ ਸੀ। ਸਾਡੇ ਨਗਰ (ਡੱਫਰਕੇ) ਦੀ ਸੰਗਤ ਦਾ ਬਾਬਾ ਜੀ ਦੇ ਹਰਫ਼ ਹਰਫ਼ ਤੇ ਯਕੀਨ ਹੈ ਤੇ ਦ੍ਰਿੜ ਭਰੋਸਾ ਹੈ ਕਿ ਜੋ ਕੁਝ ਬਾਬਾ ਜੀ ਨੇ ਕਿਹਾ ਹੈ— ਸਭ ਸੱਚਾ ਹੋਵੇਗਾ।"

"ਇੱਕ ਵੇਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸੱਚੇ ਪਾਤਸ਼ਾਹ ਟੁਕੜੀ ਦੇ ਮੇਲੇ ਨਨਕਾਣੇ ਸਾਹਿਬ ਗਏ ਹੋਏ ਸਨ। ਨਾਲ ਬੇਸ਼ੁਮਾਰ ਸੰਗਤਾਂ ਸਨ। ਬਾਬਾ ਜੀ ਨੇ ਮੇਲੇ ਦੇ ਖਰਚ ਦਾ ਪ੍ਰਬੰਧ ਕਰ ਕੇ, ਸਤਿਗੁਰੂ ਜੀ ਦੀ ਸੇਵਾ ਵਿੱਚ ਇਕ ਅਰਦਾਸ ਭੇਜ ਦਿੱਤੀ। ਜਿਸ ਦਾ ਮਤਲਬ ਸੀ ਕਿ ਸੱਚੇ ਪਾਤਸ਼ਾਹ, ਬਣੀਆਂ ਬਣਾਈਆਂ ਸੰਗਤਾਂ ਨਾਲ ਮੇਰੇ ਗ਼ਰੀਬਖਾਨੇ ਦਰਸ਼ਨ ਦੇਣ। ਸਤਿਗੁਰੂ ਜੀ ਨੇ ਮਨਜ਼ੂਰੀ ਦੇ ਦਿੱਤੀ ਤੇ ਹਜ਼ੂਰ ਨਨਕਾਣਾ ਸਾਹਿਬ ਦੇ ਮੇਲੇ ਤੋਂ ਡੱਫਰਕੀਂ ਆ ਪਰਵਿਰਸੇ। ਉਹ ਮੇਲਾ, ਉਹ ਸਤਿਜੁਗੀ ਨਜ਼ਾਰਾ ਕਲਮ ਬਿਆਨ ਨਹੀਂ ਕਰ ਸਕਦੀ। ਉਸ ਦੀ ਮਿਸਾਲ ਉਹ ਆਪ ਹੀ ਸੀ। ਇਸ ਮੇਲੇ ਤੇ ਨਾਮਧਾਰੀ ਪੰਥ ਦੇ ਪਹਿਲੇ (ਛੰਦਾ ਬੰਦੀ ਵਿੱਚ ਲਿਖਣ ਵਾਲੇ) ਇਤਿਹਾਸਕਾਰ, ਸ੍ਰੀਮਾਨ ਸੰਤ ਧਿਆਨ ਸਿੰਘ ਜੀ ਭੀ ਆਏ ਸਨ। ਤੇ ਇਸ ਮੇਲੇ ਦਾ ਜ਼ਿਕਰ (ਉਹਨਾਂ ਦੀ ਰਚਨਾ), ਸਤਿਗੁਰੂ ਬਿਲਾਸ ਪਾਤਸ਼ਾਹੀ 12ਵੀਂ' ਵਿੱਚ ਵੀ ਹੈ।"

ਇਸ ਤਰ੍ਹਾਂ ਬੜੀ ਮਿੱਠੀ ਜਿਹੀ ਤੇ ਪਿਆਰੀ ਜਿਹੀ ਜ਼ਿੰਦਗੀ ਬਸਰ ਕਰ ਕੇ

ਮਾਘ 1990 ਬਿਕਰਮੀ ਸੰਮਤ (ਮੁਤਾਬਿਕ ਜਨਵਰੀ ਫਰਵਰੀ 1934 ਈ.) ਸਵਰਗਵਾਸ ਹੋ ਗਏ। ਆਪ ਦੇ ਜਾਣ ਨਾਲ ਜੋ ਸ਼ੋਕ ਸਾਡੇ ਨਗਰ ਨਿਵਾਸੀਆਂ ਨੂੰ ਹੋਇਆ ਉਹ ਡਾਢਾ ਰੋਮਾਂਚਿਕ ਸੀ। ਆਪ ਦੇ ਸਤਾਰੀਏ ਤੇ ਇੱਕ ਬੜਾ ਭਾਰੀ ਮੇਲਾ ਕੀਤਾ ਗਿਆ। ਜਿਸ ਵਿੱਚ ਹਜ਼ੂਰ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਉਹਨਾਂ ਦੇ ਵੱਡੇ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ ਜੀ) ਵੀ ਸੁਸ਼ੋਭਿਤ ਸਨ। ਬਾਬਾ ਜੀ ਦਾ ਅੰਤਿਮ ਮੇਲਾ ਦਰਸ਼ਕਾਂ ਦੇ ਨੇਤਰਾਂ ਤੋਂ ਕਦੇ ਓਝਲ ਹੋ ਨਹੀਂ ਸਕਦਾ।"[4]

ਉਪਰੋਕਤ ਲੇਖ ਵਿੱਚ ਕਵੀ ਜੀ ਬਾਬਾ ਸ਼ੇਰ ਸਿੰਘ, ਚੇਤ ਸਿੰਘ ਹੋਰਾਂ ਦਾ ਕੂਕਾ ਬਣਨਾ ਗੁਰੂ ਹਰੀ ਸਿੰਘ ਜੀ ਦੇ ਵੇਲੇ ਦੱਸਦੇ ਹਨ ਜਦੋਂ ਕਿ ਭਜਨ ਬਾਬਾ ਕੇਸਰ ਸਿੰਘ ਜੀ ਸੂਬਾ ਰਾਜਾ ਜੰਗ ਤੋਂ ਮਿਲਿਆ ਲਿਖਦੇ ਹਨ। ਇਹ ਸੂਬਾ ਕੇਸਰ ਸਿੰਘ ਜੀ, ਸੰਧੂ ਜੱਟਾਂ ਵਿੱਚੋਂ ਸਨ, ਪਿਤਾ ਦਾ ਨਾਮ ਸੁੱਧ ਸਿੰਘ ਸੀ। ਇਹਨਾਂ ਦਾ ਰੰਗ ਕਣਕਵੰਨਾ ਸੀ, ਸੰਘਣਾ ਦਾਹੜਾ, ਸਰੀਰ ਪਤਲਾ ਕੱਦ ਦਰਮਿਆਨਾ, ਉਮਰ 1881 ਈ. ਵਿੱਚ 50 ਸਾਲ ਦੀ ਸੀ। ਸੰਨ 1870 ਈ. ਵਿੱਚ ਕੂਕੇ ਬਣੇ ਸਨ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਜਦੋਂ ਆਪ ਰਾਜਾ ਜੰਗ ਪਧਾਰੇ ਸਨ। ਸੰਨ 1872 ਈ. ਵਿੱਚ ਇਹਨਾਂ ਦੀ ਵੀ ਨੇਕ ਚਲਣੀ ਦੀ ਜ਼ਮਾਨਤ ਅੰਗਰੇਜ਼ ਸਰਕਾਰ ਨੇ ਮੰਗ ਲਈ ਸੀ।[5]

ਪ੍ਰੀਤਮ ਸਿੰਘ ਕਵੀ ਜੀ ਦੀ "ਬੀਤੇ ਦੀਆਂ ਪੈੜਾਂ' ਭਾਗ ਦੂਜਾ ਵਿੱਚ ਦਰਜ਼ ਇੱਕ ਇੰਦਰਾਜ ਮੁਤਾਬਿਕ ਬਾਬਾ ਸ਼ੇਰ ਸਿੰਘ ਹੋਰਾਂ ਨੇ ਭਜਨ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਹੀ ਪੁੱਛ ਲਿਆ ਸੀ ਕਿਉਂਕਿ ਸਤਿਗੁਰੂ ਜੀ ਦੇ ਪਰਦੇਸ ਜਾਣ ਤੱਕ ਸ਼ੇਰ ਸਿੰਘ ਹੋਰਾਂ ਦੀ ਉਮਰ 28 ਅਤੇ ਵੱਡੇ ਭਾਈ ਚੇਤ ਸਿੰਘ ਦੀ 30-32 ਸਾਲ ਹੋਵੇਗੀ। ਇਹ ਬਿਆਨ ਵਧੇਰੇ ਦਰੁਸਤ ਜਾਪਦਾ ਹੈ। ਕਵੀ ਜੀ ਦਾ ਪਿੰਡ ਵੀ ਬੇਸ਼ਕ ਡੱਫਰਕੇ ਹੀ ਸੀ ਪਰ ਸੰਤ ਅੰਕ ਵਾਲੀ ਲਿਖਤ ਉਹਨਾਂ ਦੀ ਪਹਿਲੀ ਉਮਰ ਦੀ ਲਿਖਤ ਸੀ। ਕਵੀ ਜੀ ਕਰੀਵਾਲੇ ਜੱਥੇਦਾਰ ਗੁਰਮੁਖ ਸਿੰਘ ਝੱਬਰ ਤੋਂ ਇਤਿਹਾਸਿਕ ਜਾਣਕਾਰੀ ਇਕੱਤਰ ਕਰਨ ਗਏ ਸਨ।

## ਪੁਰਾਣੇ ਸਿੱਖ

"ਮੇਰੇ ਝੱਬਰ ਹੁਰਾਂ ਪਾਸ ਬੈਠਿਆਂ ਹੀ ਸੰਤ ਹਰਨਾਮ ਸਿੰਘ ਮਾਂਗਾ ਅਤੇ ਇਕ ਹੋਰ ਸੱਜਣ ਆ ਬੈਠੇ। ਗੱਲਬਾਤ ਚੱਲਦਿਆਂ ਗੁਰੂ ਰਾਮ ਸਿੰਘ ਜੀ ਦੇ ਵੇਲੇ ਦੀ ਚਰਚਾ ਛਿੜ ਪਈ। ਇਹਨਾਂ ਦੱਸਿਆ, ਸਤਿਗੁਰੂ ਰਾਮ ਸਿੰਘ ਜੀ ਨੇ ਐਨੀ ਉਤਸੁਕਤਾ ਲੋਕਾਂ ਦੇ ਅੰਦਰ ਜਗਾਈ ਕਿ ਲੋਕ ਲੱਭਦੇ ਫਿਰਦੇ ਸਨ ਕਿ ਗੁਰੂ ਰਾਮ ਸਿੰਘ ਕਿੱਥੇ ਹੈ? ਬਾਬਾ ਸ਼ੇਰ ਸਿੰਘ ਡੱਫਰਕਾ ਜ਼ਿਲ੍ਹਾ

ਲਾਹੌਰ ਦਾ ਇਕ ਮਹਾਨ ਸੰਤ ਜਿਸ ਨੇ ਆਪਣੇ ਘਰ ਸਤਿਜੁਗ ਦਾ, ਕੂਕਿਆਂ ਦਾ ਸਫੈਦ ਝੰਡਾ ਝੁਲਾਇਆ ਹੋਇਆ ਸੀ, ਪਹਿਲਾਂ- ਪਹਿਲਾਂ ਗੁਰੂ ਰਾਮ ਸਿੰਘ ਜੀ ਦੀ ਟੋਹ ਲੈਂਦਾ ਲੈਂਦਾ ਬਾਬਾ ਜਮੀਅਤ ਸਿੰਘ ਕਾਛੇ ਵਾਲੇ (ਕਾਹਨਾਂ ਕਾਛਾ ਜ਼ਿਲ੍ਹਾ ਲਾਹੌਰ) ਪਾਸ ਆਇਆ। ਬਾਬਾ ਜਮੀਅਤ ਸਿੰਘ ਗੁਰੂ ਰਾਮ ਸਿੰਘ ਦੇ ਲੱਭੇ ਢਾਈ ਸਿੱਖਾਂ ਵਿੱਚੋਂ ਇਕ ਪੂਰਾ ਸਿੰਘ ਸੀ। ਇਸ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਦਾ ਪਤਾ ਪੁੱਛਿਆ ਅਤੇ ਉਹਨਾਂ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ, ਭਜਨ ਪੁੱਛ ਕੇ ਸਿੰਘ ਸਜਿਆ।"[6]

ਭਾਈ ਧਿਆਨ ਸਿੰਘ ਕਾਦਰਾਬਾਦੀ ਸੰਮਤ 1961 ਬਿਕ੍ਰਮੀ, ਥਿੱਤ ਨਿਰਜਲਾ ਇਕਾਦਸ਼ੀ, 31 ਜੇਠ ਸ਼ੁੱਕਰਵਾਰ, ਮੁਤਾਬਿਕ ਜੂਨ 1904 ਈ. ਨੂੰ ਨਨਕਾਣਾ ਸਾਹਿਬ ਮੇਲਾ ਵੇਖਣ ਜਾਂਦਾ ਹੈ। ਇਸ ਮੇਲੇ ਤੇ ਕਵੀ ਪ੍ਰੀਤਮ ਸਿੰਘ ਜੀ ਤਾਂ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਦੇਣ ਦਾ ਜ਼ਿਕਰ ਕਰਦੇ ਹਨ ਪਰ ਨਾ ਭਾਈ ਧਿਆਨ ਸਿੰਘ ਕਾਦਰਾਬਾਦੀ ਅਤੇ ਨਾ ਹੀ ਭਾਈ ਸੰਤੋਖ ਸਿੰਘ ਬਾਹੋਵਾਲ ਆਪਣੀ ਰਚਨਾ ਵਿੱਚ ਇਸ ਸਮੇਂ ਨਨਕਾਣੇ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਪਹੁੰਚਣ ਦਾ ਜ਼ਿਕਰ ਕਰਦੇ ਹਨ। ਨਨਕਾਣੇ ਸਾਹਿਬ ਮੇਲੇ ਤੇ ਹਾਜਰ ਨਾਮਧਾਰੀ ਸੰਗਤ ਪਾਸ ਭਾਈ ਸ਼ੇਰ ਸਿੰਘ ਹੋਰਾਂ ਦੀ ਇੱਥੋਂ ਮੁੜਦਿਆਂ ਡੱਫਰਕੇ ਵਿਖੇ ਤਿੰਨ ਰੋਜ਼ਾ ਮੇਲਾ ਕਰਨ ਦੀ ਅਰਦਾਸ ਪੁੱਜਦੀ ਹੈ ਅਤੇ ਸੂਬਾ ਕੇਸਰ ਸਿੰਘ ਰਾਜਾ ਜੰਗ, ਭਾਈ ਧਿਆਨ ਸਿੰਘ ਕਾਦਰਾਬਾਦੀ ਆਦਿ ਹੋਰ ਸਿੰਘ ਜ਼ਰੂਰ ਭਾਈ ਸ਼ੇਰ ਸਿੰਘ ਚੇਤ ਸਿੰਘ ਹੋਰਾਂ ਦੁਆਰਾ ਕੀਤੇ ਜੋੜ ਮੇਲੇ ਵਿੱਚ ਡੱਫਰਕੇ ਪੁੱਜਦੇ ਹਨ। ਇਸੇ ਮੇਲੇ ਵਿੱਚ ਸੂਬਾ ਕੇਸਰ ਸਿੰਘ ਰਾਜਾ ਜੰਗ ਮਾਰਚ 1870 ਈ. ਦੇ ਸਤਿਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਸਾਹਿਬ ਵਿਖੇ ਹੋਏ ਦੂਜੇ ਹੋਲੇ ਮਹੱਲੇ ਦਾ ਬਿਰਤਾਂਤ ਵੀ ਸੁਣਾਉਂਦਾ ਹੈ ਕਿ ਕਿਵੇਂ ਇੱਕ ਸ਼ਰਾਬੀ ਹੋਏ ਜੋਗੀ ਦੀਆਂ ਮੁਸ਼ਕਾਂ ਬੰਨ੍ਹ ਕੇ, ਉਸਨੂੰ ਸੂਬਾ ਗਿਆਨੀ ਰਤਨ ਸਿੰਘ ਮੰਡੀ ਕਲਾਂ ਦੇ ਘੋੜੇ ਪਿੱਛੇ ਧੂਹਿਆ ਗਿਆ ਸੀ ਤਾਂ ਕਿ ਹੋਲੇ ਮਹੱਲੇ ਤੇ ਆਉਣ ਵਾਲੇ ਹੋਰ ਸ਼ਰਾਬੀਆਂ, ਵਿਕਰਮੀਆਂ ਨੂੰ ਕੰਨ ਹੋ ਜਾਣ।

"ੲੇਕੰਕਾਰ ਅਕਾਰ ਗੁਰ ਨਾਨਕ ਭਵ ਅਸਥਾਨ।

ਸ੍ਰੀ ਨਨਕਾਣਾ ਦਰਸ ਹਿਤ ਪਹੁੰਚਾ ਸਿੰਘ ਧਿਆਨ।੪।

ਸੰਮਤ ਉਨੀ ਸੱਤ ਚਵਨ ਜੇਠ ਇਕੱਤੀ ਜਾਨ।

ਥਿਤਿ ਇਕਾਦਸੀ ਨਿਰਜਲਾ ਸ਼ੁੱਕਰਵਾਰ ਪਛਾਨ।੫।

ਸੰਗਤ ਪੰਗਤ ਮਿਲੀ ਬਹੁ ਢੋਲਕ ਛੈਣੇ ਸਾਥ।

ਕੀਰਤਨ ਕਰਤੇ ਗਏ ਤਹਿ ਜਹਿ ਮੰਦਰ ਹਰਿ ਨਾਥ॥੯।

ਚੌਪਈ

ਸਭ ਸਥਾਨ ਗੁਰ ਨਾਨਕ ਲੀਲਾ।
ਦਰਸਨ ਕਿਯੋ ਹੋਤ ਮਨ ਸੀਲਾ।
ਬਾਲ ਖੇਲ ਸਰ ਬਾਲ ਨਿਹਾਰੇ।
ਤਟ ਸੰਗਤਿ ਬਹੁ ਧੁਨ ਜੈਕਾਰੇ।੭।
ਮਾਲ ਚਰਾਇ ਉਜਾਰਾ ਖੇਤ।
ਫੇਰ ਸਵਾਰਾ ਸੁਖ ਨਿਕੇਤ।
ਛਪੇ ਜਾਹਿ ਕਰ ਸੌਦਾ ਸਾਚਾ।
ਕਾਲੂ ਪਕਰਾ ਲਾਇ ਤਮਾਚਾ॥੮॥
ਵਣ ਸਾਏ ਬਨਵਾਲੀ ਸੋਇ।
ਸਾਇਆ ਸੇਸ ਸਮਾਨ ਸਜੋਇ।
ਸ੍ਰੀ ਹਰਗੋਬਿੰਦ ਕੋ ਅਸਥਾਨ।
ਉਤਰੇ ਹੇਤ ਦਰਸ ਭਗਵਾਨ।੯।
ਬਾਲੇ ਭਾਈ ਕਾ ਜੋ ਕੂਆ।
ਸੋ ਭੀ ਪਰਸ ਦਰਸ ਜਲ ਲੀਆ।
ਕੰਠੇ ਤਹਿ ਪੀਪਰ ਕੇ ਤਰੇ।
ਪਾਠ ਨਿਯਮ ਨਿਤ ਹਮ ਨੇ ਕਰੇ।੧੦।
ਯਾ ਬਿਧ ਪਰਸ ਧਿਆਨ ਹਰਿਦੂਾਰੇ।
ਮੋਖ ਦਾਇ ਗੁਰ ਥਾਨ ਜੋ ਸਾਰੇ।
ਸਹਿ ਸਰਧਾ ਕਰ ਦਰਸਨ ਪੂਜਾ।
ਗੁਰ ਬਿਨ ਦਾਤਾ ਅਵਰ ਨ ਦੂਜਾ।੧੧।
ਸਾਧੂ ਰਾਮ ਮਹੰਤ ਪੁਜਾਰੀ।
ਗੁਰ ਕੀ ਜਨਮ ਜਾਇ ਪੁਨ ਭਾਰੀ।
ਪੰਚਾਮ੍ਰਿਤ ਕੀ ਦੇਗ ਬੰਟਵਾਈ।
ਸੰਗਤ ਮਿਲ ਕਰਕੇ ਸਮੁਦਾਈ।੧੨।

ਤਾਂਹਿ ਖਬਰ ਅਰਦਾਸੇ ਗਏ।
ਡਫਰਕੇ ਇਕ ਨਗਰ ਅਹੇ।
ਤਹਾਂ ਸਧਾਰਨ ਭੋਗ ਗਰੰਥਾ
ਸੰਗਤ ਸਭ ਆਵੇ ਇਹ ਪੰਥਾ।੧੩।
ਸਿੰਘਨ ਦਿਸ ਅਰਦਾਸੇ ਗਏ।
ਹਮ ਸਭ ਭੀ ਤਿਸ ਰਸਤੇ ਪਏ।
ਆ ਪਹੁੰਚੇ ਤਿਸ ਗ੍ਰਾਮ ਮਝਾਰੇ।
ਸ਼ੇਰ ਸਿੰਘ ਜਹਾਂ ਗੁਰ ਕੇ ਪਿਆਰੇ।੧੪।
ਝੰਡਾ ਗਾਡਿਓ ਮਿਲ ਕਰ ਤਾਹੀ।
ਦੂਰ ਨਿਕਟ ਬਹੁ ਸੰਗਤ ਆਹੀ।
ਤੀਨ ਦਿਨ ਮੇਲਾ ਬਡ ਸੁੰਦਰ।
ਕੀਰਤਨ ਹੋਤ ਮਿਟੈ ਸਭ ਦੁੰਦਰ।੧੫।
ਢੋਲਕ ਛੈਣੇ ਸ਼ਬਦ ਬਹਾਰ।
ਗੁਰੂ ਧੰਨ ਜਾਂਕੀ ਇਹ ਕਾਰ।
ਸੂਬਾ ਇਕ ਕੇਸਰ ਸਿੰਘ ਨਾਮ
ਆਇਓ ਤਹਿ ਜਿਹ ਜੰਗੇ ਧਾਮ।੧੬।
ਸਮੇਂ ਗੁਰੂ ਅਨੰਦਪੁਰ ਜਾਣੇ।
ਬੀਚ ਹੁਤੇ ਕੇਸਰ ਸਿੰਘ ਸਿਆਣੇ।
ਦੇਖਾ ਕੌਤਕ ਸਗਲ ਸੁਨਾਯੋ।
ਮੈਂ ਲਿਖਿਓ ਜੈਸੇ ਸੁਣ ਪਾਯੋ।੧੭।"[7]

ਭਾਈ ਚੇਤ ਸਿੰਘ ਅਤੇ ਸ਼ੇਰ ਸਿੰਘ ਦੋਵੇਂ ਭਾਈ ਗ੍ਰਹਿਸਤੀ ਸਨ। ਚੇਤ ਸਿੰਘ ਦੇ ਕੇਸਰ ਸਿੰਘ, ਈਸ਼ਰ ਸਿੰਘ, ਸੱਜਣ ਸਿੰਘ ਤੇ ਗੱਜਣ ਸਿੰਘ ਚਾਰ ਪੁੱਤਰ ਸਨ। ਈਸ਼ਰ ਸਿੰਘ ਦਾ ਗੁਰਬਖਸ਼ ਸਿੰਘ ਅਤੇ ਗੱਜਣ ਸਿੰਘ ਦਾ ਸੋਹਣ ਸਿੰਘ ਸੀ। ਇਹ ਸੋਹਣ ਸਿੰਘ ਡੱਫਰਕੇ ਹੀ ਰੌਲੇ ਤੋਂ ਕੁੱਝ ਸਾਲ ਪਹਿਲਾਂ ਅਤੇ ਗੁਰਬਖਸ਼ ਸਿੰਘ ਰੌਲੇ ਤੋਂ ਚਾਰ ਦਹਾਕੇ ਬਾਅਦ ਕਰੀਵਾਲਾ, ਜ਼ਿਲ੍ਹਾ ਸਿਰਸਾ (ਹਰਿਆਣਾ) ਵਿੱਚ ਪੂਰਾ ਹੋਇਆ। ਗੁਰਬਖਸ਼ ਸਿੰਘ ਦੇ ਤਿੰਨ ਪੁੱਤਰ ਸਨ, ਭਾਈ ਠਾਕੁਰ ਸਿੰਘ ਜੱਥੇਦਾਰ ਨਿਹੰਗ ਸਿੰਘ ਬੁੱਢਾ ਦੱਲ,

ਜੱਥੇਦਾਰ ਦਰਸ਼ਨ ਸਿੰਘ ਬੁੱਢਾ ਦੱਲ ਅਤੇ ਕਾਮਰੇਡ ਬਲਵੰਤ ਸਿੰਘ ਸੰਧੂ ਲੋਕ-ਕਵੀ'। ਸੋਹਣ ਸਿੰਘ ਦਾ ਪੁੱਤਰ ਹਰਸਾ ਸਿੰਘ ਗੁਜ਼ਰ ਚੁੱਕਾ ਹੈ। ਉਸਦਾ ਛੋਟਾ ਭਰਾ ਤਾਰਾ ਸਿੰਘ ਕਰੀਵਾਲੇ ਹੀ ਰਹਿੰਦਾ ਹੈ। ਸ਼ੇਰ ਸਿੰਘ ਦੇ ਜਗਤ ਸਿੰਘ, ਬੁੱਢਾ ਸਿੰਘ, ਕਰਮ ਸਿੰਘ, ਤਾਬਾ ਸਿੰਘ ਚਾਰ ਪੁੱਤਰ ਸਨ। ਜਗਤ ਸਿੰਘ ਦਾ ਇੱਕੋ ਪੁੱਤਰ ਹਰਨਾਮ ਸਿੰਘ ਵੀ ਕਰੀਵਾਲੇ ਗੁਜ਼ਰਿਆ। ਬੁੱਢਾ ਸਿੰਘ ਦਾ ਮਹੰਤਾ ਸਿੰਘ ਅਤੇ ਤਾਬਾ ਸਿੰਘ ਦਾ ਧਿਆਨ ਸਿੰਘ ਵੀ ਕਰੀਵਾਲੇ ਹੀ ਗੁਜ਼ਰੇ। ਕਰਮ ਸਿੰਘ ਦੇ ਤਿੰਨ ਪੁੱਤਰ ਗਿਆਨ ਸਿੰਘ, ਭਗਵਾਨ ਸਿੰਘ ਅਤੇ ਕਾਹਨ ਸਿੰਘ ਵੀ ਕਰੀਵਾਲੇ ਹੀ ਪੂਰੇ ਹੋਏ। ਦੋਹਾਂ ਬਜੁਰਗਾਂ ਦੇ ਪਰਿਵਾਰਾਂ ਦੀ ਜ਼ਮੀਨ ਕਰੀਵਾਲੇ ਹੀ ਅਲਾਟ ਹੋਈ ਸੀ। ਇਉਂ ਅਸੀਂ ਵੇਖਦੇ ਹਾਂ ਕਿ ਦੋਹਾਂ ਕੂਕਾ ਸਾਧੂਆਂ ਦਾ ਇਹ ਪਰਿਵਾਰ ਕਾਫੀ ਵਧਿਆ ਫੁੱਲਿਆ।

## -ਹਵਾਲੇ ਤੇ ਟਿੱਪਣੀਆਂ-


1. ਪ੍ਰੀਤਮ ਸਿੰਘ ਕਵੀ, ਬੀਤੇ ਦੀਆਂ ਪੈੜਾਂ, ਭਾਗ ਦੂਜਾ, ਸਫਾ 456, ਰੋਜ਼ਨਾਮਚਾ 21 ਜੂਨ 1978, ਕਰੀਵਾਲਾ ਪੂਰਬੀ ਵਿਖੇ ਕਵੀ ਜੀ ਦੀ ਜੱਥੇਦਾਰ ਗੁਰਮੁਖ ਸਿੰਘ ਝੱਬਰ ਅਤੇ ਸੰਤ ਹਰਨਾਮ ਸਿੰਘ ਮਾਂਗਾ ਨਾਲ ਮੁਲਾਕਾਤ ਤੇ ਆਧਾਰਿਤ
2. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਸਫਾ 35-36
3. ਜਸਵਿੰਦਰ ਸਿੰਘ (ਸੰ.) ਕੂਕਾਜ਼ ਆਫ ਨੋਟ, ਇਨ ਦਾ ਪੰਜਾਬ-1881, ਸਫਾ 8
4. ਪ੍ਰੀਤਮ ਸਿੰਘ ਕਵੀ ਜੀ ਡੱਫਰਕੇ, ਦਾ ਲੇਖ "ਸੰਤ ਸ਼ੇਰ ਸਿੰਘ ਜੀ ਡੱਫਰਕੇ, ਸਤਿਜੁਗ ਦਾ ਸੰਤ ਅੰਕ, ਭਾਗ ਦੂਜਾ, ਸ੍ਰੀ ਭੈਣੀ ਸਾਹਿਬ, 20 ਭਾਦਰੋਂ ਸੰਮਤ 1998 ਬਿ., ਸਫਾ 128-131
5. ਜਸਵਿੰਦਰ ਸਿੰਘ, ਉਪਰੋਕਤ, ਸਫਾ 98-99
6. ਪ੍ਰੀਤਮ ਸਿੰਘ ਕਵੀ, ਬੀਤੇ ਦੀਆਂ ਪੈੜਾਂ ਭਾਗ ਦੂਜਾ, ਸਫਾ 455
7. ਸੰਤ ਧਿਆਨ ਸਿੰਘ, ਕਾਦਰਾਬਾਦ, ਮਿੰਟਗੁਮਰੀ, ਸ੍ਰੀ ਸਤਿਗੁਰੂ ਬਿਲਾਸ, ਪਾਤਸ਼ਾਹੀ ਬਾਰ੍ਹਵੀਂ, ਸਫਾ 119-20

# ਆਦੀ ਕੂਕਾ ਸਿੱਖ
# ਬਾਬਾ ਵਸਾਵਾ ਸਿੰਘ ਦੁਰਗਾਪੁਰ

ਦੁਰਗਾਪੁਰ ਪਹਿਲੋਂ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਵਾਂ ਸ਼ਹਿਰ ਅਤੇ ਥਾਣਾ ਰਾਹੋਂ ਦਾ ਦੁਆਬੇ ਦਾ ਇਤਿਹਾਸਕ ਪਿੰਡ ਹੈ। ਰੇਲਵੇ ਸਟੇਸ਼ਨ ਨਵਾਂ ਸ਼ਹਿਰ ਤੋਂ ਕੋਈ ਢਾਈ ਕੁ ਕਿੱਲੋਮੀਟਰ ਪੂਰਬ ਵੱਲ ਹੁੰਦਾ ਸੀ। ਅੱਜ ਕੱਲ੍ਹ ਸ਼ਹਿਰ ਦੇ ਵਿੱਚ ਹੀ ਆ ਚੁੱਕਾ ਹੈ ਅਤੇ ਹੁਣ ਜ਼ਿਲ੍ਹਾ ਵੀ ਨਵਾਂ ਸ਼ਹਿਰ ਹੈ। ਭਾਈ ਕਾਹਨ ਸਿੰਘ ਜੀ ਦੇ ਅਨੁਸਾਰ, "ਇਸ ਪਿੰਡ ਤੋਂ ਲਹਿੰਦੇ ਵੱਲ ਪਾਸ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਜੀਂਦੋਵਾਲ ਤੋਂ ਕੀਰਤਪੁਰ ਜਾਂਦੇ ਹੋਏ ਏਥੇ ਠਹਿਰੇ ਸਨ। ਪਹਿਲਾਂ ਗੁਰੂ ਜੀ ਦੇ ਬੈਠਣ ਵਾਲੀ ਥਾਂ ਸਧਾਰਨ ਜਿਹਾ ਨਿਸ਼ਾਨ ਸੀ। ਸੰਮਤ 1920 ਮੁਤਾਬਿਕ 1863-64 ਈ. ਵਿੱਚ ਗੁਰਸਿੱਖਾਂ ਨੇ ਗੁਰੂਦੁਆਰਾ ਬਣਾਇਆ ਹੈ। ਬਾਬਾ ਰਾਮ ਸਿੰਘ ਜੀ ਭੈਣੀ (ਸਾਹਿਬ) ਵਾਲੇ ਨਾਮਧਾਰੀਏ ਦੀ ਪਰੇਰਨਾ ਨਾਲ 10 ਘੁਮਾਉਂ ਜ਼ਮੀਨ ਭੀ ਗੁਰਦੁਆਰੇ ਨਾਲ ਪਿੰਡ ਨੇ ਲਾ ਦਿੱਤੀ ਹੈ। ਜਿਸ ਦੀ ਆਮਦਨ ਨਾਲ ਗੁਰਦੁਆਰੇ ਦਾ ਨਿਰਵਾਹ ਹੁੰਦਾ ਹੈ। ਪੁਜਾਰੀ ਨਾਮਧਾਰੀਆ ਸਿੰਘ ਹੈ।[1]

ਦੁਰਗਾਪੁਰ ਪਿੰਡ ਦੇ ਨਾਲ ਦੋ ਵੱਡੇ ਕੂਕਾ ਮੁਖੀਆਂ ਦਾ ਨਾਮ ਵੀ ਜੁੜਦਾ ਹੈ। ਦੋਵੇਂ 12 ਅਪਰੈਲ 1857 ਨੂੰ ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮ ਦੀ ਦਾਤ ਲੈਣ ਵਾਲੇ ਪਹਿਲੇ ਪੰਜਾਂ ਵਿੱਚੋਂ ਸਨ, ਦੋਵੇਂ ਰਾਗ ਵੀ ਕਰਦੇ ਸਨ, ਭਾਈ ਲਾਭ ਸਿੰਘ ਰਾਗੀ ਜੋ ਬਾਅਦ ਵਿੱਚ ਸ਼ਹਿਰ ਅੰਮ੍ਰਿਤਸਰ ਚਲੇ ਗਏ ਅਤੇ ਸੂਬਾ ਸੁੱਧ ਸਿੰਘ ਜੋ ਫਿਰ ਅੰਬਾਲੇ ਦੇ ਮਢੌਰ ਪਿੰਡ ਵਿੱਚ ਜਾ ਵੱਸੇ। ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਇਸ ਗੁਰਦੁਆਰੇ ਦੇ ਮਹੰਤ ਰਹੇ ਸਨ ਕਾਫੀ ਲੰਮਾਂ ਸਮਾਂ, ਬਾਬਾ ਵਸਾਵਾ ਸਿੰਘ ਜੀ। ਉਹ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਸਨ, ਸ੍ਰੀ ਗੁਰੂ ਹਰੀ ਸਿੰਘ ਜੀ ਦੀ ਵਿਸ਼ੇਸ਼ ਕਿਰਪਾ ਦੇ ਪਾਤਰ ਸਨ। ਨਾਮ ਬਾਣੀ ਵਿੱਚ ਰੰਗਿਆ ਹੋਇਆ ਉੱਚ ਆਤਮਕ ਅਵਸਥਾ ਵਾਲਾ, ਕਮਾਇਆ ਹੋਇਆ ਜੀਵਨ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਨਾਮਧਾਰੀ ਸਿੱਖੀ ਦਾ ਦੁਆਬੇ ਵਿੱਚ ਆਪ ਨੇ ਬੜੀ ਸ਼ਾਨ ਨਾਲ ਪਰਚਾਰ ਪਰਸਾਰ ਕੀਤਾ ਸੀ। ਸੰਤ ਵਸਾਵਾ ਸਿੰਘ ਜੀ ਦਾ ਮੁੱਢਲਾ ਪਿੰਡ ਤਾਂ ਬਹਿਰਾਮ ਜ਼ਿਲ੍ਹਾ ਹੁਸ਼ਿਆਰਪੁਰ ਸੀ ਪਰ ਉਹਨਾਂ ਦੀ ਉਮਰ ਦਾ ਵਡੇਰਾ ਹਿੱਸਾ ਦੁਰਗਾਪੁਰ ਵਿੱਚ ਹੀ ਬਤੀਤ

ਹੋਇਆ। ਆਪ ਦੇ ਪਿਤਾ ਦਾ ਨਾਮ ਜਵਾਹਰ ਸਿੰਘ ਅਤੇ ਮਾਤਾ ਦਾ ਨਾਮ ਹਰ ਕੌਰ ਸੀ। ਕਰਤਾਰਪੁਰ (ਜਲੰਧਰ) ਦੇ ਸੋਢੀ ਬਾਬਿਆਂ ਦੇ ਇਹ ਪਹਿਲੇ ਸਮੇਂ ਵਿੱਚ ਸੇਵਕ ਸਨ। ਸੇਵਾ ਵਜੋਂ ਸੋਢੀਆਂ ਤੋਂ ਕੁਝ ਉਜਰਤ ਵੀ ਮਿਲਦੀ ਸੀ। ਪਰ ਕਛਿਹਰੇ ਦੇ ਆਪ ਪਹਿਲੇ ਦਿਨ ਤੋਂ ਹੀ ਧਾਰਨੀ ਸਨ। ਇਹ ਸੋਢੀ ਸ਼ਿਕਾਰ ਖੇਡਣ ਦੇ ਸ਼ੌਕੀਨ ਸਨ ਅਤੇ ਛੋਟੇ ਰਜਵਾੜਿਆਂ ਜਿਉਂ ਐਸ਼ੋ ਇਸ਼ਰਤ ਦਾ ਜੀਵਨ ਬਿਤਾਉਂਦੇ ਸਨ। ਇਕ ਦਿਨ ਸੋਢੀ ਸ਼ਿਕਾਰ ਖੇਡਣ ਵਾਸਤੇ ਕਪੂਰਥਲੇ ਵੱਲ ਗਏ। ਸ਼ਿਕਾਰ ਮਾਰਿਆ। ਵਸਾਵਾ ਸਿੰਘ ਹੋਰਾਂ ਨੇ ਉਹ ਆਪਣੀ ਖੱਚਰ ਤੇ ਲੱਦ ਲਿਆ, ਸੋਢੀ ਘੋੜਿਆਂ ਤੇ ਚੜ੍ਹੇ ਪਿਛਾਂਹ ਨੂੰ ਪਰਤ ਰਹੇ ਸਨ। ਵਸਾਵਾ ਸਿੰਘ ਖੱਚਰ ਲਈ ਜਾਂਦੇ ਸਨ। ਦੇਵਨੇਤ ਇਸੇ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਸੰਗਤਾਂ ਸਮੇਤ, ਘੋੜ ਅਸਵਾਰ ਹੋਏ, ਸ੍ਰੀ ਅੰਮ੍ਰਿਤਸਰ ਜੀ ਨੂੰ ਜਾ ਰਹੇ ਸਨ। ਸੂਬੇ ਸਾਹਿਬਾਨ ਵੀ ਘੋੜਿਆਂ ਤੇ ਸੁਆਰ ਸਨ ਅਤੇ ਵੱਡੀ ਗਿਣਤੀ ਵਿੱਚ ਸਫੈਦ ਬਾਣਿਆਂ ਵਿੱਚ ਸਜੀ ਨਾਮਧਾਰੀ ਸੰਗਤ, ਹਜ਼ੂਰ ਦੀ ਅੜਦਲ ਵਿੱਚ ਚੱਲ ਰਹੀ ਸੀ। ਹੰਸਾਂ ਵਰਗੇ ਸਫੈਦ ਬਸਤਰ, ਗਲਾਂ ਵਿੱਚ ਉੱਨ ਦੀਆਂ ਉੱਜਲ ਮਾਲਾ, ਹੱਥਾਂ ਵਿੱਚ ਗੜਵੇ ਡੋਰੀਆਂ, ਗਾਤਰੇ, ਬਾਣੀ ਦੀਆਂ ਪੋਥੀਆਂ। ਸਤਿਗੁਰੂ ਜੀ ਅਤੇ ਸੰਗਤ ਦੀ ਇਸ ਨਿਰਾਲੀ ਛਬ ਨੂੰ ਤੱਕ ਕੇ, ਭਾਈ ਵਸਾਵਾ ਸਿੰਘ ਅੱਗੇ ਨਾ ਲੰਘ ਸੱਕੇ। ਉਹਨਾਂ ਲਈ ਇਸ ਤਰ੍ਹਾਂ ਦੀ ਸ਼ਾਨੋ ਸ਼ੌਕਤ ਵਾਲੀ ਸੰਗਤ ਅਤੇ ਸਤਿਗੁਰੂ ਜੀ ਦੇ ਤੇਜੱਸਵੀ ਸਰੂਪ ਦੇ ਦਰਸ਼ਨ, ਕਿਸੇ ਅਚੰਭੇ ਤੋਂ ਘੱਟ ਨਹੀਂ ਸਨ। ਉਹਨਾਂ ਨੇ ਇਹ ਤਾਂ ਸੁਣਿਆ ਹੋਇਆ ਸੀ ਕਿ ਇਕ ਨਾਮਧਾਰੀ ਸੰਤ ਖਾਲਸਾ ਜਾਂ ਕੂਕਾ ਨਾਮ ਵਾਲਾ, ਨਵਾਂ ਪੰਥ ਪ੍ਰਗਟ ਹੋਇਆ ਹੈ। ਉਹਨਾਂ ਬਾਰੇ ਇਕ ਪ੍ਰਚਲਿਤ ਊਜ ਵੀ ਉਹ ਸੁਣਦੇ ਆਏ ਸਨ ਕਿ ਕੂਕੇ ਮੁਸਲਮਾਨੀ ਕਲਾਮ ਦਿੰਦੇ ਹਨ ਪਰ ਭਾਈ ਵਸਾਵਾ ਸਿੰਘ ਦਰਸ਼ਨਾਂ ਤੋਂ ਅਜਿਹਾ ਪ੍ਰਭਾਵਿਤ ਹੋਇਆ ਕਿ ਉਸਨੇ ਸਮਝ ਲਿਆ ਕਿ ਸ਼ੁੱਧ ਸਿੱਖੀ ਸਰੂਪ ਤੇ ਸਾਬਤ ਸੂਰਤ ਇਹ ਸਿੰਘ, ਮੁਸਲਮਾਨੀ ਕਲਾਮ, ਕਿਉਂ ਦੇਣ ਜਾਂ ਲੈਣਗੇ। ਉਹ ਕੌਤੂਹਲ ਵੱਸ ਇਹਨਾਂ ਬਾਰੇ ਕੁਝ ਹੋਰ ਵਿਸਥਾਰ ਪੂਰਵਕ ਜਾਨਣਾ ਚਾਹੁੰਦਾ ਸੀ।

ਇੱਥੇ ਇਕ ਹੋਰ ਅਚੰਭਾ ਵਰਤਿਆ। ਨਿਵੇਕਲੇ ਕਿਸਮ ਦੀ ਸੰਗਤ ਵੇਖ ਕੇ ਵਸਾਵਾ ਸਿੰਘ ਹੋਰਾਂ ਦੀ ਖੱਚਰ ਸਤਿਗੁਰੂ ਜੀ ਦੇ ਨਜ਼ਦੀਕ ਆਉਂਦਿਆਂ, ਉਹਨਾਂ ਪੈਰਾਂ ਤੇ ਹੀ ਖਲੋ ਗਈ। ਟੱਸ ਤੋਂ ਮੱਸ ਨਾਂ ਹੋਵੇ। ਨਾਂ ਅੱਗੇ ਤੁਰੇ ਨਾਂ ਪਿੱਛੇ ਮੁੜੇ। ਹੁਣ ਵਸਾਵਾ ਸਿੰਘ ਹੋਰਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਇਹ ਕੋਈ ਵੱਡੀ ਹਸਤੀ ਹੈ। ਉਹ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਏ। ਸਤਿਗੁਰੂ ਜੀ ਨੇ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਇਸ ਨੂੰ ਮਰਿਆਦਾ

ਵਿੱਚ ਲੈ ਆਉ। ਪਹਿਲਾਂ ਪਹਿਰੇ ਬਸਤਰ ਪਾੜ ਕੇ ਲਾਹ ਦਿੱਤੇ। ਪਜਾਮਾ ਪਾੜਣ ਲੱਗੇ ਤਾਂ ਸਤਿਗੁਰੂ ਜੀ ਨੇ ਰੋਕ ਦਿੱਤੇ ਕਿ ਪਰਦਾ ਰਹਿਣ ਦਿਉ। ਵਸਾਵਾ ਸਿੰਘ ਹੋਰਾਂ ਨੇ ਕਿਹਾ- "ਜੀ ਬੇਸ਼ਕ ਪਜਾਮਾ ਵੀ ਪਾੜ ਦਿਉ, ਹੇਠਾਂ ਕਛਹਿਰਾ ਹੈ।" ਇਸ ਤੇ ਸਕੇਸ਼ ਇਸ਼ਨਾਨ ਕਰਾ ਕੇ ਨਵੇਂ ਸਫੈਦ ਬਸਤਰ ਪਹਿਨਾ ਦਿੱਤੇ। ਹੁਕਮ ਅਨੁਸਾਰ ਹਜ਼ੂਰੀ ਵਿੱਚ ਚੱਲ ਰਹੇ ਇੱਕ ਸੂਬਾ ਜੀ ਨੇ ਕੰਨ ਵਿੱਚ ਚੌਅੱਖਰਾ ਭਜਨ ਦੇ ਦਿੱਤਾ। ਭਜਨ ਮਿਲਦਿਆਂ ਹੀ ਆਪ ਦੀ ਬਿਰਤੀ ਤਾਮਸਿਕ ਤੋਂ ਸਾਤਵਿਕ ਹੋ ਗਈ। ਇਕ ਅਜੀਬ ਮਸਤੀ ਦੇ ਸਰੂਰ ਨੇ ਆਪ ਨੂੰ ਸ਼ਰਸ਼ਾਰ ਕਰ ਦਿੱਤਾ। ਇਉਂ ਜਾਪਿਆ ਜਿਵੇਂ ਨਵੇਂ ਜਨਮ ਵਿੱਚ ਆ ਗਏ ਹੋਣ। ਕਾਇਆ ਕਲਪ ਹੋ ਗਿਆ। ਨੇਤਰਾਂ ਵਿੱਚੋਂ ਵੈਰਾਗ ਦਾ ਜਲ ਵਹਿ ਤੁਰਿਆ। ਇਸ ਪ੍ਰੇਮ ਰੰਗ ਵਿੱਚ ਰੰਗੇ ਗਏ ਨਾਂ ਖੱਚਰ ਦੀ ਚਿੰਤਾ ਰਹੀ ਨਾਂ ਉਸ ਤੇ ਲੱਦੇ ਸ਼ਿਕਾਰ ਦੀ। ਇਸ ਅਦੁੱਤੀ ਨਜ਼ਾਰੇ ਦੀ ਲਟਕ ਵਿੱਚ ਵਾਪਸ ਕਰਤਾਰਪੁਰ ਜਾਣ ਦੀ ਥਾਂ ਆਪ ਚੀਨੀ ਵਾਲੇ ਪਾਤਸ਼ਾਹ ਦੀ ਸੰਗਤ ਮਾਣਦੇ ਹੋਏ, ਅੰਮ੍ਰਿਤਸਰ ਸਾਹਿਬ ਦੀ ਦੀਪਮਾਲਾ ਦੇ ਮੇਲੇ ਉੱਪਰ ਹੀ ਪੁੱਜ ਗਏ। ਦੀਵਾਲੀ ਪੁਰਬ ਦੀ ਸਮਾਪਤੀ ਤੇ ਫਿਰ ਆਪ ਹਜ਼ੂਰੀ ਵਿੱਚ ਰਹਿਣ ਦਾ ਨਿੱਘ ਮਾਣਦੇ ਹੋਏ, ਵਾਪਸ ਸ੍ਰੀ ਭੈਣੀ ਸਾਹਿਬ ਹੀ ਆ ਰਹੇ।

ਕਰਤਾਰਪੁਰ ਦੇ ਸੋਢੀਆਂ ਨੇ ਸੰਤ ਜੀ ਨੂੰ ਬਹੁਤ ਸੁਨੇਹੇ ਭੇਜੇ ਕਿ ਆਪਣੀ ਬਣਦੀ ਤਲਬ ਦਾ ਹਿਸਾਬ ਕਿਤਾਬ ਕਰ ਕੇ ਲੈ ਜਾਵੋ ਤੇ ਫਿਰ ਸਾਡੇ ਪਾਸ ਆ ਜਾਉ। ਸੰਤ ਜੀ ਦਾ ਜੁਆਬ ਸੀ ਕਿ ਮੈਨੂੰ ਜਿਹੜੇ ਅੱਤਿ ਉੱਚੇ ਦਰਬਾਰ ਦੀ ਚਾਕਰੀ ਮਿਲ ਗਈ ਹੈ, ਉਸਨੂੰ ਛੱਡ ਕੇ ਹੁਣ ਦੁਨੀਆਂ ਦੇ ਹੋਰ ਕਾਰ ਵਿਹਾਰ ਬਹੁਤ ਪਿੱਛੇ ਰਹਿ ਗਏ ਹਨ। ਸੰਤ ਜੀ ਸਤਿਗੁਰੂ ਜੀ ਦੇ ਪ੍ਰਦੇਸ ਗਮਨ ਉਪਰੰਤ ਦੁਰਗਾਪੁਰ ਆ ਟਿਕੇ। ਉਹਨਾਂ ਨੂੰ ਗੁਰੂ ਹਰੀ ਸਿੰਘ ਜੀ ਨੇ ਦੁਰਗਾਪੁਰ ਦੇ ਇਸ ਇਤਿਹਾਸਿਕ ਗੁਰੂ ਘਰ ਦੇ ਮਹੰਤ ਥਾਪ ਦਿੱਤਾ।[2]

ਸੰਤ ਵਸਾਵਾ ਸਿੰਘ ਜੀ ਦੇ ਦੁਰਗਾਪੁਰ ਆ ਟਿਕਣ ਬਾਅਦ ਜਦੋਂ ਕੂਕਿਆਂ ਤੇ ਸਰਕਾਰੀ ਸਖਤੀਆਂ ਦਾ ਝੱਖੜ ਝੁੱਲਿਆ ਤਾਂ ਦੁਰਗਾਪੁਰ ਦੇ ਕੂਕਿਆਂ ਦੀ ਵੀ ਪੂਰੀ ਨਿਗਰਾਨੀ ਰੱਖੀ ਜਾਂਦੀ ਸੀ। ਬਹੁਤ ਬਾਅਦ ਵਿੱਚ ਪਹਿਲੇ ਸੰਸਾਰ ਜੰਗ ਦੇ ਸਾਲਾਂ ਵਿੱਚ ਵੀ ਭਾਵ 1914-18 ਈ. ਵਿੱਚ ਵੀ ਹਰ ਰੋਜ਼ ਇੱਕ ਪੁਲੀਸ ਦਾ ਸਿਪਾਹੀ ਨਵਾਂ ਸ਼ਹਿਰ ਤੋਂ ਬਾਬਾ ਜੀ ਪਾਸ ਬਾਹਰੋਂ ਜੇ ਕੋਈ ਕੂਕਾ ਆਇਆ ਹੈ ਤਾਂ ਉਸ ਦੀ ਹਾਜ਼ਰੀ ਲਾਉਣ, ਹਰ ਰੋਜ਼ ਆਇਆ ਕਰਦਾ ਸੀ। ਨਾਮ ਬਾਣੀ ਅਤੇ ਸੇਵਾ ਦੇ ਪਰਤਾਪ ਨਾਲ ਬਾਬਾ ਜੀ ਭੂਤ ਭਵਿੱਖ ਬਾਰੇ ਵੀ ਦਰੁਸਤ ਪੇਸ਼ੀਨਗੋਈਆਂ ਕਰਨ ਦੇ ਸਮਰੱਥ ਸਨ। ਲੇਖਕ ਦੇ ਪਿਤਾ, ਜੱਥੇਦਾਰ ਗੁਰਮੁਖ ਸਿੰਘ ਝੱਬਰ ਜਦੋਂ ਅਜੇ

ਜੁਆਨੀ ਚੜ੍ਹ ਹੀ ਰਹੇ ਸਨ, ਉਸ ਸਮੇਂ ਉਹਨਾਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਕੁਝ ਦਿਨ ਗੁਰੂ ਕੇ ਘੋੜੇ ਲੈ ਕੇ ਦੁਰਗਾਪੁਰ ਰੁਕ ਕੇ ਬਾਬਾ ਵਸਾਵਾ ਸਿੰਘ ਜੀ ਦੀ ਸੰਗਤ ਮਾਨਣ ਦਾ ਸੁਅਵਸਰ ਮਿਲਿਆ ਸੀ। ਉਹਨਾਂ ਦੇ ਬਾਬਾ ਜੀ ਦੀ ਅਜ਼ੀਮ ਸ਼ਖਸੀਅਤ ਬਾਰੇ ਅਨੁਭਵ, ਅਸੀਂ ਉਹਨਾਂ ਦੇ ਛਪ ਚੁੱਕੇ, ਸੰਸਮਰਣਾਂ ਵਿੱਚੋਂ, ਪਾਠਕਾਂ ਨਾਲ ਸਾਂਝੇ ਕਰਨ ਦੀ ਖੁਸ਼ੀ ਲੈਂਦੇ ਹਾਂ। ਦੁਆਬੇ ਦੇ ਉਸ ਸਮੇਂ ਦੇ ਕੂਕਿਆਂ ਦੀ ਦੇਸ਼ ਭਗਤੀ ਦੇ ਝਲਕਾਰੇ ਵੀ ਇਸ ਲਿਖਤ ਵਿੱਚੋਂ ਪੜ੍ਹਨ ਨੂੰ ਮਿਲਣਗੇ। ਪਰਸੰਗ ਦੱਸਣ ਲਈ ਪਾਠਕ ਨੂੰ ਥੋਹੜਾ ਪਿੱਛੇ ਜਾਣਾ ਪਵੇਗਾ।

"ਹੋਲੇ (ਚੂਹੇਝਾੜ-1918 ਈ.) ਦੇ ਭੋਗ ਤੋਂ ਬਾਅਦ ਸਤਿਗੁਰੂ ਜੀ ਦੌਰਾ ਇੱਥੋਂ ਤੋਰਿਆ। ਮਾਨਾਂ ਵਾਲੇ, ਬਾਹੜੀਆਂ ਵਾਲੇ ਆਦਿ ਥਾਂਵਾਂ ਤੋਂ ਲੰਘਦੇ, ਲਾਹੌਰ ਦੇ ਇਲਾਕੇ ਦੀਆਂ ਸੰਗਤਾਂ ਨੂੰ ਤਾਰਦੇ, ਨਾਰਲੀ ਤੋਂ ਹੁੰਦੇ ਹੋਏ ਵੈਸਾਖੀ ਸਮੇਂ ਸ੍ਰੀ ਅੰਮ੍ਰਿਤਸਰ ਜਾ ਦਰਸ਼ਨ ਦਿੱਤੇ। ਮੈਂ ਅਤੇ ਸਰਧਾ ਸਿੰਘ (ਮਜ਼ੁਬੀ ਸਿੰਘ) ਦੋਵੇਂ ਘੋੜੇ ਲੈ ਕੇ ਵੀ ਪੜਾਓ ਪੜਾਈ ਸ੍ਰੀ ਅੰਮ੍ਰਿਤਸਰ ਪੁੱਜ ਗਏ ਸਾਂ। ਵਿਸਾਖੀ ਦੇ ਮੇਲੇ ਦਾ ਭੋਗ ਪਾ ਕੇ ਹਜ਼ੂਰ ਨੇ ਝੌਰਾਂ ਵਾਲੇ ਚੁਗਾਵੇਂ (ਅੰਮ੍ਰਿਤਸਰ) ਵਿਖੇ ਇਕ ਲੰਗਰ ਕੀਤਾ। ਇੱਥੋਂ ਆਪ ਗੱਡੀ ਤੇ ਸਵਾਰ ਹੋ ਕੇ ਸ੍ਰੀ ਭੈਣੀ ਸਾਹਿਬ ਪੁੱਜ ਗਏ। ਜਿਹੜੇ ਹੁਕਮ ਸਤਿਗੁਰੂ ਜੀ ਨੇ ਰਾਤ ਮੈਨੂੰ ਕੀਤੇ ਸੀ, ਮੈਂ ਉਹ ਸੁਣ ਨਾ ਸੱਕਿਆ ਨੀਂਦ ਦੀ ਘੂਕੀ ਵਿੱਚ ਤੇ ਸੁੱਤਾ ਹੀ ਰਿਹਾ।ਜੋ ਦੁੱਧ ਮੈਨੂੰ ਛਕਣ ਲਈ ਦਿੱਤਾ ਉਹ ਵੀ ਕੋਲ ਹੀ ਪਿਆ ਰਿਹਾ। ਸਵੇਰੇ ਮੈਂ ਅਰਜ਼ ਕੀਤੀ ਤਾਂ ਕਹਿਣ ਲੱਗੇ ਕਿ ਤੈਨੂੰ ਅਸੀਂ ਕੁਝ ਨਹੀਂ ਦੱਸਣਾ। ਜਿਧਰ ਤੇਰੀ ਮਰਜ਼ੀ ਹੈ ਜਾਹ। ਅਸੀਂ ਉੱਥੋਂ ਸੋਚ ਕੇ ਕਮਰਕੱਸੇ ਕਰ ਕੇ, ਘੋੜੇ ਦੋਵੇਂ ਲੈ ਕੇ ਕਰਤਾਰਪੁਰ ਆ ਗਏ। ਕਰਤਾਰਪੁਰ ਤੋਂ ਜਲੰਧਰ ਚਲੇ ਗਏ ਅਤੇ ਇੱਥੋਂ ਲਖਣਪੁਰ ਥਾਣੀ ਸੰਧਵੀਂ, ਰਤਨ ਸਿੰਘ ਕੂਕੇ ਪਾਸ ਪੁੱਜ ਗਏ। ਇੱਥੋਂ ਦੂਜੇ ਸਿੰਘ ਤਾਂ ਘੋੜੇ ਅਤੇ ਊਠਾਂ ਸਮੇਤ ਵਜੀਦ ਪਿੰਡ ਵਿਖੇ ਪਹੁੰਚੇ ਤੇ ਉੱਥੋਂ ਸ੍ਰੀ ਭੈਣੀ ਸਾਹਿਬ।

**ਭਾਈ ਲੱਖਾ ਸਿੰਘ ਬਹਿੜਵਾਲ:**

"ਮੈਂ ਇੰਦਰ ਸਿੰਘ ਦਰਜੀ ਨਾਲ ਤਿੰਨ ਘੋੜੀਆਂ ਲੈ ਕੇ ਦੁਰਗਾਪੁਰ ਜਾਣਾ ਸੀ। ਮੈਨੂੰ ਰਤਨ ਸਿੰਘ ਕੂਕੇ ਨੇ ਦੱਸਿਆ ਕਿ ਬਹਿੜਵਾਲ ਇਕ ਲੱਖਾ ਸਿੰਘ ਨਾਮੇ ਨਾਮਧਾਰੀ ਸਿੰਘ ਰਹਿੰਦਾ ਹੈ। ਉਸ ਤੇ ਬਾਗੀਆਨਾਂ ਵਿਚਾਰਾਂ ਦੀਆਂ ਰਿਪੋਰਟਾਂ ਕਰ ਕੇ ਇਕ ਜ਼ੈਲਦਾਰ ਨੇ, ਉਸ ਨੂੰ ਆਪਣੇ ਪਿੰਡ ਵਿੱਚ ਹੀ ਨਜ਼ਰਬੰਦ ਕਰਵਾਇਆ ਹੈ। ਇਹ ਪਹਿਲੇ ਜਰਮਨ (ਸੰਸਾਰ) ਜੰਗ ਦਾ ਸਮਾਂ ਸੀ। ਗ਼ਦਰ ਪਾਰਟੀ ਦੇ ਬਹੁਤ ਸਾਰੇ ਸੂਰਮੇ ਕਰਤਾਰ ਸਿੰਘ ਸਰਾਭੇ

ਵਰਗੇ ਫਾਹੇ ਲੱਗ ਚੁੱਕੇ ਸਨ ਅਤੇ ਬਾਬਾ ਸੋਹਣ ਸਿੰਘ ਭਕਨਾ ਤੇ ਹੋਰ ਬਹੁਤ ਸਾਰੇ ਕਾਲੇ ਪਾਣੀ ਭੇਜੇ ਜਾ ਚੁੱਕੇ ਸਨ। ਅੰਗਰੇਜ਼ ਦੇ ਵਿਰੁੱਧ ਕੋਈ ਉਭਾਸਰਦਾ ਨਹੀਂ ਸੀ। ਮਾੜੀ ਜਿਹੀ ਗੱਲ ਤੇ ਹੀ ਸਖਤ ਸਜ਼ਾਵਾਂ ਦਿੱਤੀਆਂ ਜਾਂਦੀਆਂ। ਉਪਰੋਕਤ ਜ਼ੈਲਦਾਰ ਵੀ ਸਰਕਾਰ ਦਾ ਅਜਿਹਾ ਝੋਲੀ ਚੁੱਕ ਸੀ ਕਿ ਜੋ ਵੀ ਲੱਖਾ ਸਿੰਘ ਨੂੰ ਮਿਲਣ ਉਸਦੇ ਪਿੰਡ ਜਾਂਦਾ, ਉਸਨੂੰ ਵੀ ਝੂਠ ਸੱਚ ਬੋਲ ਕੇ, ਕੈਦ ਕਰਵਾ ਦਿੰਦਾ ਸੀ। ਮੈਂ ਸੋਚਿਆ ਕਿ ਐਸੋ ਸਿੰਘ ਦੇ ਦਰਸ਼ਨ ਜ਼ਰੂਰ ਕਰਨੇ ਹਨ ਭਾਂਵੇਂ ਕੈਦ ਵੀ ਕਿਉਂ ਨਾ ਹੋ ਜਾਏ। ਅਸੀਂ ਲੱਖਾ ਸਿੰਘ ਹੋਰਾਂ ਦੇ ਘਰ ਚਲੇ ਗਏ। ਸਿੰਘ ਬਾਗੋ ਬਾਗ ਹੋ ਗਿਆ। ਕਹਿਣ ਲੱਗਾ, "ਬੜਾ ਚਿਰ ਹੋ ਗਿਆ ਸੀ ਸਿੰਘਾਂ ਦੇ ਦਰਸ਼ਨ ਕੀਤਿਆਂ ਨੂੰ।" ਸਿੰਘ ਦਾ ਦਰਸ਼ਨ ਕੀਤਿਆਂ ਨਾਂ ਤਾਂ ਸਾਨੂੰ ਕੋਈ ਭੈ ਰਿਹਾ ਕਿ ਸਰਕਾਰੀ ਚਾਟੜੇ ਕੀ ਕਹਿਣਗੇ ਅਤੇ ਨਾਂ ਹੀ ਸਾਨੂੰ ਮਿਲ ਕੇ, ਉਹਨਾਂ ਨੂੰ ਕੋਈ ਆਇਆ ਕਿ ਉਹਨਾਂ ਤੇ ਸਖਤੀ ਵਧ ਨਾ ਜਾਵੇ। ਸਿੰਘ ਕਹਿਣ ਲੱਗਾ ਕਿ ਤੁਹਾਨੂੰ ਪ੍ਰਸ਼ਾਦ ਛਕੇ ਬਿਨਾਂ ਨਹੀਂ ਜਾਣ ਦੇਣਾ, ਭਾਂਵੇਂ ਮੈਨੂੰ ਫਾਂਸੀ ਕਿਉਂ ਨਾ ਲੱਗ ਜਾਏ। ਤੁਸੀਂ ਲੰਗਰ ਤਿਆਰ ਕਰੋ। ਅਸੀਂ ਲੱਖਾ ਸਿੰਘ ਹੋਰਾਂ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰਿਆਂ ਦੇ ਬਚਨ ਬਿਲਾਸ ਕਰਨ ਲੱਗ ਗਏ। ਇਸ ਸਿੰਘ ਦੇ ਦਰਸ਼ਨ ਪਿੱਛੋਂ ਸਾਡੇ ਮਨ ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਉਹ ਬਚਨ ਯਾਦ ਆ ਗਿਆ ਜਿਹੜਾ ਉਹਨਾਂ, ਅੰਗ੍ਰੇਜ਼ਾਂ ਨੂੰ ਆਖਿਆ ਸੀ, "ਬਿੱਲਿਆ ਤੂੰ ਇਕ ਰਾਮ ਸਿੰਘ ਨੂੰ ਰੋਨਾਂ ਏਂ ਕਿ ਇਹਨੇ ਸਾਡੇ ਰਾਜ ਵਿਰੁੱਧ ਭੜਥੂ ਪੁਆ ਦਿੱਤਾ ਹੈ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।"

"ਪਿੰਡ ਦੀ ਹੱਦ ਤੱਕ ਭਾਈ ਲੱਖਾ ਸਿੰਘ ਸਾਨੂੰ ਬੇਖੌਫ ਹੋ ਕੇ ਵਿਦਾ ਕਰਨ ਵਾਸਤੇ ਆਇਆ ਹੁਣ ਅਸੀਂ ਇੱਥੋਂ ਦੁਰਗਾਪੁਰ ਨੂੰ ਚਾਲੇ ਮਾਰ ਦਿੱਤੇ।

**ਬਾਬਾ ਵਸਾਵਾ ਸਿੰਘ ਮਹੰਤ ਦੁਰਗਾਪੁਰ:**

"ਦੁਰਗਾਪੁਰ ਦੇ ਗੁਰਦੁਆਰੇ ਦਾ ਮਹੰਤ ਬਾਬਾ ਵਸਾਵਾ ਸਿੰਘ ਹੁੰਦਾ ਸੀ। ਇਹ ਵੀ ਜਲੰਧਰ ਜ਼ਿਲ੍ਹੇ ਵਿੱਚ ਸੀ ਤੇ ਦੁਆਬੇ ਦਾ ਮਸ਼ਹੂਰ ਪਿੰਡ ਸੀ। ਕੂਕਿਆਂ ਦਾ ਪੁਰਾਣਾ ਗੜ੍ਹ ਸੀ। ਇਹ ਨਵਾਂ ਸ਼ਹਿਰ ਤੋਂ ਇਕ (ਡੇਢ) ਮੀਲ ਦੀ ਵਿੱਥ ਤੇ ਹੈ। ਅਸੀਂ ਉੱਥੇ ਪੰਜ ਦਿਨ ਰਹਿਣਾ ਸੀ। ਜਦ ਤਿੰਨ ਦਿਨ ਹੋ ਗਏ ਤਾਂ ਬਾਬੇ ਹੋਰਾਂ ਦੀ ਜ਼ਾਹਰੀ ਕਰਾਮਾਤ ਵੇਖੀ। ਉਨ੍ਹਾਂ ਮੈਨੂੰ ਹੁਕਮ ਕੀਤਾ ਕਿ ਭਾਈ ਤੇਰੇ ਸਾਥੀ ਤਾਂ ਅਗਾਂਹ (ਪਹਾੜ ਨੂੰ) ਲੰਘ ਗਏ ਹਨ। ਪਰ ਤੂੰ ਇਸ ਗੱਲ ਤੋਂ ਨਾਂ ਡਰੀਂ ਕਿ ਘੋੜੀਆਂ ਨੂੰ ਦਾਣਾ ਪੱਠਾ ਪਾਉਣਾ ਹੈ। ਇਸ ਦਾ ਕੋਈ ਘਾਟਾ ਨਹੀਂ। ਪਰ ਸਾਨੂੰ 'ਦਰਗਾਹੀ' ਹੁਕਮ ਆਇਆ

ਹੈ ਕਿ ਤੇਰੇ ਨਾਲ ਦੇ ਅੱਗੇ ਲੰਘ ਗਏ ਹਨ। ਮੈਂ ਅਨਜਾਣ ਮੱਤ ਕਾਰਨ ਉਨ੍ਹਾਂ ਦਾ ਹੁਕਮ ਤਾਂ ਨਾਂ ਮੰਨਿਆ ਅਤੇ ਕਿਹਾ ਕਿ ਬਾਬਾ ਜੀ ਮੈਂ ਤਾਂ ਪੂਰੇ ਪੰਜ ਦਿਨ ਰਹਿਣਾ ਹੈ। ਛੇਵੇਂ ਦਿਨ ਜਾਵਾਂਗਾ। ਉਨ੍ਹਾਂ ਆਖਿਆ ਕਿ ਚੰਗਾ ਭਾਈ ਤੈਨੂੰ ਜਿਵੇਂ ਗੁਬਿੰਦ ਜਣਾਉਂਦਾ ਹੈ ਉਵੇਂ ਹੀ ਕਰ ਅੰਮ੍ਰਿਤਸਰ ਅਤੇ ਭੈਣੀ ਸਾਹਿਬ ਦੇ ਸਾਡੇ ਗੁਰਦੁਆਰਿਆਂ ਜਿਉਂ ਇੱਥੇ ਵੀ ਇੱਕ ਸਿਪਾਹੀ ਨਵਾਂ ਸ਼ਹਿਰ ਥਾਣਿਉਂ ਸੂਬਾ ਸ਼ਾਮ, ਹਰ ਆਏ ਗਏ ਕੂਕੇ ਦੀ ਹਾਜ਼ਰੀ ਲੈ ਕੇ ਜਾਂਦਾ ਸੀ। ਮੈਨੂੰ ਰੋਜ਼ ਉਹ ਸਿਪਾਹੀ ਆਖੇ ਕਿ ਤੂੰ ਕਦੋਂ ਭੈਣੀ ਸਾਹਿਬ ਜਾਣਾ ਹੈ। ਮੈਂ ਆਖਿਆ ਕਿ ਚੌਥੇ ਦਿਨ ਜਾਵਾਂਗਾ। ਜਦੋਂ ਪੰਜਵਾਂ ਦਿਨ ਹੋਇਆ ਤਾਂ ਮੈਂ ਦਸ ਮੀਲ ਤੱਕ ਜਾ ਕੇ ਪਹਾੜ ਦਾ ਰਸਤਾ ਵੇਖ ਆਇਆ।

“ਛੇਵੇਂ ਦਿਨ ਮੈਂ ਤੇ ਮੇਰਾ ਸਾਥੀ ਤੜਕੇ ਤਿੰਨੇ ਘੋੜੀਆਂ ਸਣੇ ਚੱਲ ਪਏ ਅਤੇ ਜਿੱਥੋਂ ਤੱਕ ਰਾਹ ਵੇਖਿਆ ਸੀ, ਸੂਰਜ ਚੜ੍ਹਾਅ ਨਾਲ ਉੱਥੇ ਪੁੱਜ ਗਏ। ਫਿਰ ਅਸੀਂ “ਸੂਹ ਨਾਲ ਅੱਗੇ ਤੁਰੀ ਗਏ। ਜਾਂਦੇ ਜਾਂਦੇ ਇਕ ਕੱਚੀ ਪਹਾੜੀ ਲੰਘ ਕੇ ਅਸੀਂ ਦਰਿਆ ਸਤਿਲੁਜ ਬੇੜੀ ਥਾਣੀਂ ਪਾਰ ਕੀਤਾ ਅਤੇ ਫਿਰ ਇੰਦਰਪੁਰੇ ਪੁੱਜ ਗਏ ਜਿੱਥੇ ਦੂਜੇ ਸਿੰਘਾਂ ਨਾਲ ਸਾਡਾ ਮੇਲ ਹੋਣਾ ਸੀ। ਇੰਦਰਪੁਰੇ ਦੇ ਇਕ ਸਿੰਘ ਨੇ ਸਾਨੂੰ ਦੱਸਿਆ ਕਿ ਤੁਹਾਡੇ ਨਾਲ ਦੇ ਸਿੰਘ ਦੋ ਦਿਨ ਹੋਇਆ ਹੈ ਅੱਗੇ ਲੰਘ ਗਏ ਹਨ। ਇੰਦਰਪੁਰੇ ਦੇ ਸੱਜੇ ਪਾਸੇ ਪਹਾੜ, ਲਹਿੰਦੇ ਬੰਨੇ ਦਰਿਆ ਸਤਿਲਜੂ ਤੇ ਦੱਖਣ ਵੱਲ ਸਰਸਾ ਨਦੀ ਹੈ। ਇੱਥੋਂ ਕੀਰਤਪੁਰ ਸਾਹਿਬ ਪੰਜ ਮੀਲ ਤੇ ਅਨੰਦਪੁਰ ਸਾਹਿਬ ਦਸ ਮੀਲ ਦੀ ਦੂਰੀ ਤੇ ਹੈ। ਸਾਖੀਆਂ ਵਿੱਚ ਇਸ ਨਗਰ ਬਾਰੇ ਸੁਣਿਆ ਸੀ ਅਤੇ ਅੱਜ ਇਸ ਦਾ ਭਿਆਨਕ ਦ੍ਰਿਸ਼ ਅੱਖੀਂ ਵੇਖ ਲਿਆ। ਬਾਬੇ ਹੋਰਾਂ ਦਾ ਬਚਨ ਨਾਂ ਮੰਨਣ ਕਰ ਕੇ ਹੀ ਸਾਡਾ ਦੋ ਦਿਨਾਂ ਦਾ ਦੂਜੇ ਸਿੰਘਾਂ ਨਾਲੋਂ ਫਰਕ ਪੈ ਗਿਆ।"[3]

ਦੁਆਬੇ ਵਿੱਚ ਦੁਰਗਾਪੁਰ ਦੇ ਨਾਮਧਾਰੀ ਸਿੰਘ ਬੜੇ ਖੜਕੇ ਦੜਕੇ ਵਾਲੇ ਸਨ। 19 ਜਨਵਰੀ 1867 ਦੀ ਸੈਂਟਰਲ ਪੁਲੀਸ ਆਫਿਸ, ਲਾਹੌਰ ਦੀ ਇਕ ਸੂਚੀ, ਪਿਛਲੇ ਚਾਰ ਸਾਲਾਂ ਦੇ ਕੂਕਿਆਂ ਦੇ ਕੰਮ ਦੇ ਆਧਾਰ ਤੇ ਤਿਆਰ ਕੀਤੀ ਗਈ ਸੀ। ਇਸ ਵਿੱਚ ਵੱਖ ਵੱਖ ਜ਼ਿਲ੍ਹਿਆਂ ਦੇ ਮਹੱਤਵਪੂਰਨ ਕੂਕਿਆਂ ਦੇ ਨਾਵਾਂ ਨੂੰ ਸੂਚੀ ਬੱਧ ਕਰਕੇ, ਉੱਪਰਲੇ ਹਾਕਮਾਂ ਨੇ ਉਹਨਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਹੈ ਕਿ ਇਹਨਾਂ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਰੱਖੀ ਜਾਵੇ। ਪਰ ਇਹ ਸੂਚੀ ਗੁਪਤ ਰੱਖਣ ਦੀ ਹਦਾਇਤ ਸੀ। ਜਲੰਧਰ ਜ਼ਿਲ੍ਹੇ ਦੀ ਸੂਚੀ ਬਾਰੇ, ਕੈਪਟਨ ਮੈਂਜੀਜ਼ ਲਿਖਦਾ ਹੈ ਕਿ ਉੱਘਾ ਕੂਕਾ ਪਰਚਾਰਕ (ਸੂਬਾ) ਕਾਹਨ ਸਿੰਘ ਕਰਤਾਰਪੁਰ (ਜਲੰਧਰ) ਵਿਖੇ ਰਹਿੰਦਾ ਹੈ ਜਦੋਂ ਕਿ ਲਫਟੈਣ ਰੈਮਸੇ ਦੱਸਦਾ

ਹੈ ਕਿ ਉਹ ਦੁਰਗਾਪੁਰ ਰਹਿੰਦਾ ਹੈ। ਸੂਬਾ ਜੀ ਚੱਲਦੇ ਫਿਰਦੇ ਸਨ ਅਤੇ ਦੋਹਾਂ ਥਾਂਵਾਂ ਤੇ ਕੂਕਾ ਪਰਚਾਰ ਲਈ ਰੁਕਦੇ ਹੋਣਗੇ। ਦੁਰਗਾਪੁਰ ਦੇ ਜਿਹਨਾਂ ਹੋਰ ਕੂਕੇ ਸਿੰਘਾਂ ਦਾ ਜ਼ਿਕਰ ਆਉਂਦਾ ਹੈ ਉਹਨਾਂ ਦੇ ਨਾਮ ਹਨ, (1) ਮੁਸੱਦਾ ਸਿੰਘ, (2) ਮੱਜਾ ਸਿੰਘ, (3) ਸੱਦਾ ਸਿੰਘ, (4) ਸਾਹਿਬ ਸਿੰਘ, (5) ਕਾਹਨ ਸਿੰਘ, (6) ਨਿਹਾਲ ਸਿੰਘ, (7) ਹੀਰਾ ਸਿੰਘ, (8) ਜਵਾਹਰ ਸਿੰਘ, (9) ਅਤਰ ਸਿੰਘ, (10) ਫਤੇਹ ਸਿੰਘ, (11) ਨਿਹਾਲ ਸਿੰਘ, (12) ਬੀਰ ਸਿੰਘ, (13) ਬੁੱਧ ਸਿੰਘ, (14) ਜੈਮਲ ਸਿੰਘ।[4] ਇਹਨਾਂ ਵਿੱਚੋਂ ਸਾਹਿਬ ਸਿੰਘ, ਕਾਹਨ ਸਿੰਘ ਅਤੇ ਜਵਾਹਰ ਸਿੰਘ ਉੱਘੇ ਕੂਕੇ ਸੂਬੇ ਵੀ ਹੋ ਸਕਦੇ ਹਨ ਜੋ ਗਾਹੇ ਬਗਾਹੇ ਇਸ ਕੂਕਾ ਕੇਂਦਰ ਵਿੱਚ ਆਉਂਦੇ ਹੋ ਸਕਦੇ ਹਨ। ਇਤਨੀ ਗਿਣਤੀ ਵਿੱਚ ਕੂਕਾ ਅੰਦੋਲਨਕਾਰੀਆਂ ਦਾ ਕਿਸੇ ਇੱਕ ਪਿੰਡ ਵਿੱਚ ਹੋਣਾ, ਉਸ ਪਿੰਡ ਦੀ ਕੂਕਾ ਅੰਦੋਲਨ ਵਿੱਚ ਭੂਮਿਕਾ ਨਿਰਧਾਰਿਤ ਕਰਦਾ ਹੈ। ਇਸੇ ਕਾਰਨ ਸਤਿਗੁਰੂ ਜੀ ਦੇ ਪ੍ਰਦੇਸ ਗਮਨ ਬਾਅਦ, ਭਾਈ ਵਸਾਵਾ ਸਿੰਘ ਹੋਰਾਂ ਨੇ ਆਪਣਾ ਟਿਕਾਣਾ ਪੁਰਾਣੇ ਪਿੰਡ ਬਹਿਰਾਮ ਦੀ ਬਜਾਏ, ਦੁਰਗਾਪੁਰ ਵਿੱਚ ਕੀਤਾ ਸੀ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਕੂਕਿਆਂ ਤੇ ਸਰਕਾਰੀ ਜਬਰ, ਪੇਸ਼ਬੰਦੀਆਂ ਸੱਭੇ ਹੱਦਾਂ ਪਾਰ ਕਰ ਗਈਆਂ ਸਨ। ਦੁਰਗਾਪੁਰ ਵਰਗੇ ਮਹੱਤਵਪੂਰਨ ਕੂਕਾ ਟਿਕਾਣੇ ਵਿਖੇ, ਵਸਾਵਾ ਸਿੰਘ ਹੋਰਾਂ ਦੀ ਕਾਰਜ ਕੁਸ਼ਲਤਾ ਅਤੇ ਸਮਰਪਣ ਭਾਵਨਾ ਨੂੰ ਧਿਆਨ ਵਿੱਚ ਰੱਖ ਕੇ, ਉਹਨਾਂ ਨੂੰ ਇੱਥੋਂ ਦੀ ਸੰਗਤ ਲਈ ਮਹੰਤ ਥਾਪਿਆ ਸੀ। ਗੁਰੂ ਹਰੀ ਸਿੰਘ ਜੀ ਨੂੰ ਉਹਨਾਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਰੂਸ ਸਰਕਾਰ ਨਾਲ, ਦੇਸ਼ ਆਜ਼ਾਦੀ ਵਾਸਤੇ ਹੁੰਦੇ ਚਿੱਠੀ ਪੱਤਰਾਂ ਦੇ ਜੁਆਬ ਵਿੱਚ, ਰੂਸੀ ਸਰਕਾਰ ਦੇ ਨੁਮਾਇੰਦਿਆਂ ਵੱਲੋਂ, ਗੁਰੂ ਹਰੀ ਸਿੰਘ ਜੀ ਪ੍ਰਥਾਇ ਖ਼ਤਾਂ ਦੇ ਆਦਾਨ ਪ੍ਰਦਾਨ ਤੋਂ ਇਲਾਵਾ, ਕੁਝ ਕੀਮਤੀ ਵਸਤਾਂ ਤੋਹਫੇ ਵਜੋਂ ਭੇਜੀਆਂ ਜਾਂਦੀਆਂ ਸਨ। ਇੱਕ ਲਾਲ ਰੰਗ ਦਾ ਕੀਮਤੀ ਕੋਟ (ਜਾਂ ਚੋਗਾ) ਵੀ ਗੁਰੂ ਜੀ ਪਾਸ ਉਧਰੋਂ ਆਉਣ ਵਾਲੇ ਦੂਤਾਂ ਦੀ ਮਾਰਫਤ ਪੁੱਜਿਆ ਸੀ ਜਿਸ ਦਾ ਜ਼ਿਕਰ ਸਰਕਾਰੀ ਰਿਕਾਰਡ ਵਿੱਚ ਵੀ ਮਿਲਦਾ ਹੈ।[5]

ਬਾਬਾ ਵਸਾਵਾ ਸਿੰਘ ਜੀ ਦੀ ਵੱਡੀ ਘਾਲਣਾ ਤੋਂ ਪਰਸੰਨ ਹੋ ਕੇ ਇੱਕ ਵੇਰ ਭੈਣੀ ਸਾਹਿਬ ਗਿਆਂ ਨੂੰ ਗੁਰੂ ਹਰੀ ਸਿੰਘ ਜੀ ਨੇ ਉਹਨਾਂ ਨੂੰ ਆਪਣਾ ਲਾਲ ਰੰਗ ਦਾ ਕੀਮਤੀ ਕੋਟ ਬਖਸ਼ਿਆ ਸੀ। ਉਹ ਕੋਟ ਕੋਈ ਸਵਾ ਸੌ ਸਾਲ ਬਾਬਾ ਜੀ ਦੇ ਪਰਵਾਰ ਦੇ ਪਾਸ ਰਿਹਾ ਸੀ। ਬਾਬਾ ਜੀ ਦੇ ਪਰਵਾਰ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ 1947 ਤੋਂ ਬਾਅਦ ਦੁਰਗਾਪੁਰ ਤੋਂ ਜੀਵਨ ਨਗਰ (ਸਿਰਸਾ) ਆ ਗਏ ਸਨ। ਉਹ ਹੁਣ ਨਕੌੜੇ ਵਾਲੇ ਵੱਜਦੇ

ਹਨ। ਕੁਝ ਵਰ੍ਹੇ ਪਹਿਲਾਂ ਹਰਪਾਲ ਸਿੰਘ 'ਸੇਵਕ' ਹੋਰਾਂ ਦੇ ਨਾਲ, ਜੀਵਨ ਨਗਰ ਉਹਨਾਂ ਦੇ ਘਰ ਜਾ ਕੇ ਮੈਂ ਉਸ ਕੋਟ ਦੇ ਦਰਸ਼ਨ ਕੀਤੇ ਸਨ। ਉਸ ਤੋਂ ਥੋਹੜਾ ਸਮਾਂ ਬਾਅਦ, ਬਾਬਾ ਜੀ ਦੇ ਇਕ ਵੰਸ਼ਿਜ ਸੁਖਦੇਵ ਸਿੰਘ ਅਤੇ ਉਸ ਦੀ ਮਾਤਾ ਨੇ ਸ੍ਰੀ ਭੈਣੀ ਸਾਹਿਬ ਜਾ ਕੇ, ਉਹ ਕੋਟ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਭੇਂਟ ਕਰ ਦਿੱਤਾ ਸੀ ਜੋ ਅੱਜ ਕੱਲ੍ਹ ਗੁਰੂ ਹਰੀ ਸਿੰਘ ਜੀ ਦੇ ਬਸਤਰਾਂ ਵਿੱਚ ਸਾਂਭਿਆ ਹੋਇਆ ਹੈ।

ਜਦੋਂ ਪਜਾਮੇ ਪਾੜਨ ਵਾਲਾ ਬਚਨ ਹੋਇਆ ਸੀ ਤਾਂ ਸਿੰਘ ਦੁਆਰਾ ਕਛਹਿਰੇ ਦਾ ਧਾਰਨੀ ਹੋਣ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਫੁਰਮਾਇਆ ਸੀ ਕਿ ਇਹ ਸਾਡਾ ਆਦੀ ਸਿੱਖ ਹੈ। ਲਗਪੱਗ ਅੱਸੀ ਵਰ੍ਹੇ ਦੀ ਆਰਜਾ ਭੋਗ ਕੇ, ਬਾਬਾ ਵਸਾਵਾ ਸਿੰਘ ਜੀ ਦੁਰਗਾਪੁਰ ਵਿਖੇ ਹੀ 2 ਵੈਸਾਖ 1979 ਬਿ. ਮੁਤਾਬਿਕ ਅਪਰੈਲ 1922 ਈ. ਵਿੱਚ, ਸਤਿਗੁਰੂ ਰਾਮ ਸਿੰਘ ਜੀ ਦੀ ਅੱਠੇ ਪਹਿਰ ਨਾਂ ਭੁੱਲਣ ਵਾਲੀ ਯਾਦ ਵਿੱਚ ਰਹਿੰਦਿਆਂ, ਹੁਕਮ ਸੱਤ ਹੋ ਗਏ ਸਨ।[6] ਉਹਨਾਂ ਦੀ ਵੱਡੀ ਘਾਲ ਕਮਾਈ ਸਦਕਾ ਆਪ ਦਾ ਨਾਮ, ਹਮੇਸ਼ਾਂ ਨਾਮਧਾਰੀ ਸਾਧੂ-ਸੰਤਾਂ ਅਤੇ ਮਹਾਂਪੁਰਖਾਂ ਵਿੱਚ ਆਦਰ ਨਾਲ ਲਿਆ ਜਾਏਗਾ।

ਬਾਬਾ ਜੀ ਦਾ ਪਰਵਾਰ ਲੰਮਾਂ ਸਮਾਂ ਉਹਨਾਂ ਜਿਉਂ ਇਤਿਹਾਸਿਕ ਗੁਰਦੁਆਰੇ ਦੀ ਸੇਵਾ ਕਰਦਾ ਰਿਹਾ। 1925 ਵਿੱਚ ਗੁਰਦੁਆਰਾ ਐਕਟ ਪਾਸ ਹੋਣ ਮਗਰੋਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੁਰਦੁਆਰੇ ਨੂੰ ਨਾਮਧਾਰੀਆਂ ਤੋਂ ਆਪਣੇ ਹੱਥ ਲੈਣ ਲਈ ਕੇਸ ਕਰ ਦਿੱਤਾ। ਕੇਸ ਕੁਝ ਸਮਾਂ ਚੱਲਿਆ, ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਕਿ ਅਸਾਂ ਪੰਥ ਨਾਲ ਕਿਸੇ ਵਿਵਾਦ ਵਿੱਚ ਨਹੀਂ ਪੈਣਾ, 1928 ਈ. ਵਿੱਚ ਇਸ ਗੁਰਦੁਆਰੇ ਦੀ ਮਾਲਕੀ, ਨਾਮਧਾਰੀ ਸਿੰਘਾਂ ਦੇ ਬਿਆਨਾਂ ਨਾਲ, ਸ਼ਿਰੋਮਣੀ ਕਮੇਟੀ ਪਾਸ ਚਲੀ ਗਈ।

## -ਹਵਾਲੇ ਤੇ ਟਿੱਪਣੀਆਂ-


1. ਭਾਈ ਕਾਹਨ ਸਿੰਘ ਨਾਭਾ - ਮਹਾਨ ਕੋਸ਼, (ਪਹਿਲੀ ਛਾਪ, 1928 ਈ.), ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਛਾਪ 1990 ਈ., ਸਫਾ 645
2. ਪ੍ਰੀਤਮ ਸਿੰਘ ਪੰਛੀ, ਸੰਤ ਵਸਾਵਾ ਸਿੰਘ ਜੀ ਦੁਰਗਾਪੁਰ, ਸਤਿਜੁਗ, ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, 9 ਚੇਤਰ ਸੰਬਤ 1996, ਸਫਾ

167-68

3. ਸੁਵਰਨ ਸਿੰਘ ਵਿਰਕ (ਸੰ.), ਅੱਖੀਂ ਡਿੱਠਾ ਕਿੱਸਾ ਕੀਤਾ, (ਜੱਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ), ਦੂਜੀ ਛਾਪ, 2018, ਸਫਾ 152-54
4. ਜਸਵਿੰਦਰ ਸਿੰਘ (ਸੰ.), ਕੂਕਾ ਮੂਵਮੈਂਟ ਐਂਡ ਦਾ ਮੈਕਨੇਬ ਰੀਪੋਰਟ, ਸਫਾ 91-93
5. ਜਸਵਿੰਦਰ ਸਿੰਘ (ਸੀ.), ਕੂਕਾ ਮੂਵਮੈਂਟ ਫਰੀਡਮ ਸਟਰਗਲ ਇਨ ਪੰਜਾਬ, 30 ਮਈ 1885 ਦੀ ਪੁਲੀਸ ਕਪਤਾਨ, ਲੁਧਿਆਣਾ ਦੀ ਰੀਪੋਰਟ, ਸਫਾ 192
6. ਪ੍ਰੀਤਮ ਸਿੰਘ ਪੰਛੀ, ਉਹੀ, ਸਫਾ 168

❊

# ਸਿੱਖੀ ਸਿਦਕ ਕੀ ਅਨੂਠੀ ਮਿਸਾਲ: ਮਾਈ ਬੁੱਧਾਂ ਅਤੇ ਪੁੱਤਰ ਸੰਤ ਗੁਰਮੁੱਖ ਸਿੰਘ ਅਬੁਲ ਖੁਰਾਣਾ

ਸਿਖੀ ਤਾ ਭਾਈ ਗੁਰ ਸਬਦ ਦੇ ਮੰਨਣ ਦੀ ਹੈ। ਬਿਨਾ ਗੁਰਿ ਸਬਦ ਮੰਨੇ ਸਿਖੁ ਨਹੀ ਬਣਦਾ, ਨਹੀ ਸਾਧ ਬਣਦਾ ਹੈ, ਭਾਮੇ ਕਿਤਨੇ ਬਾਣੇ ਬਣਾਵੇ ਕੋਈ, ਪਰ ਗੁਰੂ ਸਬਦ ਮੰਨੇ ਬਿਨਾ ਕੁਛ ਵੀ ਨਹੀ ਹਥਿ ਆਉਦਾ, ਏਹੁ ਸਬ ਸਾਸਤ੍ਰ ਕਾ ਮਤੁ ਹੈ।[1]

ਗੁਰੂ ਦਾ ਸ਼ਬਦ ਜਾਂ ਬਚਨ ਮੰਨਣਾਂ ਸਾਧਾਰਨ ਹਾਲਾਤ ਵਿੱਚ ਤਾਂ ਕਈ ਵੇਰ ਬੜਾ ਸੌਖਿਆ ਹੀ ਮੰਨਿਆ ਜਾ ਸਕਦਾ ਹੈ ਪਰ ਜਦੋਂ ਕਦੇ ਅਜਿਹੇ ਹਾਲਾਤ ਬਣ ਜਾਣ ਜਦੋਂ ਲੋਕ ਲਾਜ ਜਾਂ ਨੱਕ ਨਮੂਜ ਵੀ ਦਾਅ ਉੱਤੇ ਲੱਗ ਜਾਏ ਤਾਂ ਫਿਰ ਵੱਡੇ ਦਿਲ ਗੁਰਦੇ ਅਤੇ ਦ੍ਰਿੜ ਨਿਸ਼ਚੇ ਵਾਲੇ ਸਿੱਖ ਜਾਂ ਸਿੱਖਣੀਆਂ ਹੀ ਇਸ ਪ੍ਰੀਖਿਆ ਵਿੱਚੋਂ ਸਫਲ ਹੁੰਦੇ ਹਨ। ਨਾਮਧਾਰੀ ਪੰਥ ਵਿੱਚ ਐਸੇ ਸਿਦਕੀ ਸਿੱਖ ਪਰਿਵਾਰਾਂ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ, ਜਿਹਨਾਂ ਅਜਿਹੀਆਂ ਮੁਸ਼ਕਿਲ ਘੜੀਆਂ ਵਿੱਚ ਵੀ ਗੁਰੂ ਬਚਨਾਂ ਤੇ ਫੁੱਲ ਚੜ੍ਹਾਏ ਹਨ। ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਵਿੱਚ ਪੰਜਾਬ ਦੇ ਜ਼ਿਲ੍ਹਾ ਫੀਰੋਜ਼ਪੁਰ ਦੇ ਕੋਟ ਭਾਈ ਪੁਲੀਸ ਥਾਣਾ ਦੇ ਪਿੰਡ ਹੁਸਨਰ ਵਿੱਚ ਜਨਮ ਲੈਣ ਵਾਲੀ, ਬੀਬੀ ਬੁੱਧਾਂ ਉਰਫ ਬੁੱਧ ਕੌਰ ਵੀ ਸਬਰ, ਸਿਦਕ, ਸੰਤੋਖ ਅਤੇ ਮੋਹ ਮਾਇਆ ਤੋਂ ਉੱਪਰ ਉੱਠੇ ਹੋਏ, ਅੰਦਰੋਂ ਬਾਹਰੋਂ ਪੂਰੇ ਤੌਰ ਤੇ ਆਪਣੇ ਸਤਿਗੁਰੂ ਦੇ ਰੰਗ ਵਿੱਚ ਰੰਗੇ ਹੋਏ ਸਨ। ਯਾਦ ਰਹੇ ਕਿ-ਹੁਸਨਰ ਅਤੇ ਇਸਦੇ ਆਸ ਪਾਸ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਕੂਕਾ ਅੰਦੋਲਨ ਅਤੇ ਨਾਮਧਾਰੀ ਸਿੱਖੀ ਦਾ ਬਹੁਤ ਜ਼ੋਰ ਸੀ। ਫਰਵਰੀ-ਮਾਰਚ 1869 ਵਿੱਚ ਵਾਪਰੇ, ਨਾਮਧਾਰੀ ਇਤਿਹਾਸ ਦੇ ਥਰਾਜਵਾਲਾ ਕਾਂਡ ਨੂੰ ਅੰਗਰੇਜ਼ ਸਰਕਾਰ ਨੇ ਆਪਣੇ ਵਿਰੁੱਧ ਕੂਕਿਆਂ ਦੀ ਪਹਿਲੀ ਬਗਾਵਤ ਦਾ ਨਾਂਉਂ ਦਿੱਤਾ ਸੀ। ਮਾਈ ਬੁੱਧਾਂ ਅਰੋੜੇ ਪਰਿਵਾਰ ਵਿੱਚੋਂ ਸੀ। ਉਸਦੇ ਮਾਪਿਆਂ ਨੇ ਉਸਦਾ ਵਿਆਹ ਤਦੋ ਕੇ ਸਿਰਸਾ ਜ਼ਿਲ੍ਹਾ ਦੇ ਥਾਣਾ ਮਲੋਟ ਤੇ ਪਿੰਡ ਅਬੁਲ ਖੁਰਾਣਾ ਦੇ ਸੇਠ ਸੁਜਾਨਾ ਰਾਮ ਨਾਲ ਕਰ ਦਿੱਤਾ।[2] ਸੰਨ 1885 ਈ. ਵਿੱਚ ਸਿਰਸਾ ਜ਼ਿਲ੍ਹਾ ਟੁੱਟਣ ਬਾਅਦ ਉਪਰੋਕਤ ਪਿੰਡ ਵੀ ਮਲੋਟ, ਅਬੋਹਰ, ਫਾਜ਼ਿਲਕਾ ਸਮੇਤ ਫੀਰੋਜ਼ਪੁਰ ਜ਼ਿਲ੍ਹੇ

ਦਾ ਹਿੱਸਾ ਬਣ ਗਏ।

ਮਾਲਵੇ ਵਿੱਚ ਫੈਲੀ ਨਾਮਧਾਰੀ ਗੁਰਸਿੱਖੀ ਦੀ ਸੁਗੰਧ ਸੇਠ ਸੁਜਾਨਾ ਰਾਮ ਹੋਰਾਂ ਤੱਕ ਵੀ ਪਹੁੰਚੀ ਅਤੇ ਉਹ ਵੀ ਆਪਣੀ ਧਰਮ ਪਤਨੀ ਬੀਬੀ ਬੁੱਧਾਂ ਸਮੇਤ, ਨਾਮਧਾਰੀ ਸੰਗਤ ਦਾ ਭਾਗ ਬਣ ਗਿਆ। ਮਲੋਟ ਦੇ ਨੇੜੇ ਪਿੰਡ ਕੁਰਾਈਵਾਲੇ ਦਾ ਚਾਂਦੀ ਰਾਮ ਬਾਣੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦਾ ਨਾਮਧਾਰੀ ਸਿੱਖ ਸੀ। 1893 ਈ. ਵਿੱਚ ਮੁਕਤਸਰ ਦੀ ਮਾਘੀ ਤੇ ਦਰਸ਼ਨ ਮੇਲੇ ਕਰਕੇ ਗੁਰੂ ਹਰੀ ਸਿੰਘ ਜੀ ਨੇ ਉਪਰੋਕਤ ਬਾਣੀਏ ਸਿੱਖ ਵੱਲ ਉਤਾਰਾ ਕੀਤਾ ਸੀ।[3] ਸੁਜਾਨਾ ਰਾਮ ਜੀ ਕਾਰੋਬਾਰ ਵਧਣ ਫੁੱਲਣ ਤੇ ਮਲੋਟ ਆ ਗਏ ਸਨ। ਹੋ ਸਕਦਾ ਹੈ ਕਿ ਉਪਰੋਕਤ ਭਾਈ ਚਾਂਦੀ ਰਾਮ ਵੀ ਉਹਨਾਂ ਨੂੰ ਨਾਮਧਾਰੀ ਸਿੱਖੀ ਵੱਲ ਪ੍ਰੇਰਣ ਵਾਲਿਆਂ ਵਿੱਚੋਂ ਇੱਕ ਹੋਵੇ।

ਉਪਰੋਕਤ ਸੇਠ ਸੁਜਾਨਾ ਰਾਮ ਦੇ ਚਾਰ ਭਰਾ ਸਨ। ਪਰ ਇਹਨਾਂ ਵਿੱਚੋਂ ਇਕ ਉਹ ਹੀ ਕੂਕਾ ਬਣਨ ਦਾ ਸੁਭਾਗ ਹਾਸਿਲ ਕਰ ਸਕਿਆ ਸੀ। ਸੁਜਾਨਾ ਰਾਮ ਦੇ ਕਾਰੋਬਾਰ ਦਾ ਅੰਦਾਜ਼ਾ, ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਇਹਨਾਂ ਦਾ ਘਰ ਘਰਾਣਾ, ਸਿਰਸੇ ਵਿੱਚ ਹਿਸਾਰ ਰੋਡ ਤੇ ਕੋਈ ਚਾਰ ਦਹਾਕਿਆਂ ਤੱਕ ਬੜੀ ਪ੍ਰਸਿੱਧ, ਸੂਤੀ ਮਿੱਲ ਜਿਉਂ ਚੱਲਦੀ, ਗੋਪੀ ਚੰਦ ਟੈਕਸਟਾਈਲ ਮਿੱਲਜ਼ ਦੇ ਟਾਕਰੇ ਦਾ ਹੀ ਸੀ। ਇਹ ਮਿੱਲ ਵਾਲੇ ਵੀ ਉਹਨਾਂ ਦਾ ਸ਼ਰੀਕਾ ਕਬੀਲਾ ਹੀ ਸੀ। ਸੇਠ ਸੁਜਾਨਾ ਰਾਮ ਦੇ ਪੁੱਤਰ ਗੁਰਮੁਖ ਸਿੰਘ ਦੀ ਵੀ ਮਾਤਾ ਪਿਤਾ ਦੇ ਅਸਰ ਵਿੱਚ ਆਉਣ ਸਦਕਾ ਮੁੱਢ ਤੋਂ ਹੀ ਸਾਧੂ ਬਿਰਤੀ ਸੀ। ਉਹ ਦੁਨਿਆਵੀ ਕਾਰ ਵਿਹਾਰ ਵਿੱਚ ਖੁੱਭਣ ਦੀ ਥਾਂ ਪ੍ਰਮਾਰਥ ਦੇ ਮਾਰਗ ਤੇ ਚੱਲਣ ਬਾਰੇ ਸਾਧੂਆਂ ਸੰਤਾਂ ਨਾਲ ਵਿਚਾਰ ਚਰਚਾ ਨੂੰ ਵੱਧ ਤਰਜੀਹ ਦਿੰਦਾ ਸੀ। ਅਬੁਲ ਖੁਰਾਣਾ ਤੋਂ ਇਲਾਵਾ ਮਲੋਟ ਵਿੱਚ ਉਸ ਦੇ ਪਿਤਾ ਦੀਆਂ ਕਈ ਦੁਕਾਨਾਂ ਅਤੇ ਜੰਡ ਵਾਲਾ ਵਿੱਚ ਵੀ ਜ਼ਮੀਨ ਜਾਇਦਾਦ ਚੋਖੀ ਸੀ।[4]

ਸੰਤ ਗੁਰਮੁਖ ਸਿੰਘ ਦੇ ਬੇਸ਼ਕ ਮਾਤਾ ਪਿਤਾ ਵੀ ਕੂਕਾ ਕਾਰ ਵਿਚ ਆ ਚੁੱਕੇ ਸਨ ਪਰ ਉਹਨਾਂ ਦੇ ਪਿਤਾ ਦੇ ਹੋਰ ਚਾਰ ਭਰਾ ਵੀ ਸਨ। ਕਾਰੋਬਾਰ ਅਜੇ ਤੱਕ ਸਾਰਿਆਂ ਦਾ ਇਕੱਠਾ ਹੀ ਸੀ। ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ, ਸੁਜਾਨਾ ਰਾਮ ਹੋਰਾਂ ਨੇ ਆਪਣੇ ਭਰਾਵਾਂ ਨਾਲ ਲੜਕੇ ਦੇ ਨਿਭਣ ਦੀ ਘੱਟ ਸੰਭਾਵਨਾ ਸਮਝਦਿਆਂ, ਉਸ ਨੂੰ ਅਲੱਗ ਕਰਨ ਬਾਰੇ ਸੋਚਿਆ ਸੀ। ਸੰਤ ਗੁਰਮੁਖ ਸਿੰਘ ਦੇ ਘਰ ਪਰਿਵਾਰ ਵਿੱਚ ਚਾਰ ਪੁੱਤਰ ਹੋਏ ਸਨ। ਉਹਨਾਂ ਦੇ ਸਭ ਤੋਂ ਛੋਟੇ ਪੁੱਤਰ ਗੁਰਦਿਆਲ ਸਿੰਘ ਦੇ ਸ਼ਬਦਾਂ ਵਿੱਚ, ਅਸੀਂ ਗੁਰਮੁਖ ਸਿੰਘ ਦੇ ਗੁਰੂ ਹਰੀ ਸਿੰਘ ਜੀ ਦੀ ਸ਼ਰਨ ਆਉਣ ਦੇ ਸਮਾਚਾਰ

ਪੜ੍ਹਦੇ ਹਾਂ।

"ਅਰਜ਼ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਥੋੜ੍ਹਾ ਸਮਾਂ ਬਾਅਦ ਜਿਸ ਵਕਤ, ਸਤਿਗੁਰੂ ਹਰੀ ਸਿੰਘ ਜੀ ਦਾ ਪਹਿਲਾ ਦੌਰਾ ਮੁਕਤਸਰ ਦੇ ਇਲਾਕੇ ਵਿੱਚ ਆਇਆ (1892 ਈ. ਦੀ ਮਾਘੀ-ਬਾਹੋਵਾਲ ਜੀ), ਉਸ ਵਕਤ ਸਾਡੇ ਪਿਤਾ ਸੰਤ ਗੁਰਮੁਖ ਸਿੰਘ ਜੀ, ਸ੍ਰੀ ਸੁਜਾਨਾ ਰਾਮ ਦੇ ਸਪੁੱਤਰ, ਪਿੰਡ ਅਬੁਲ ਖੁਰਾਣਾ ਇਲਾਕਾ ਮਲੋਟ ਵਿੱਚ ਰਹਿਣ ਵਾਲੇ ਸਨ।

"ਸਾਡੇ ਪਿਤਾ ਸੰਤ ਗੁਰਮੁਖ ਸਿੰਘ ਜੀ ਬਾਰੇ ਉਨ੍ਹਾਂ ਦਾ ਵਿਚਾਰ ਸੀ ਕਿ ਇਹ ਕਾਰੋਬਾਰ ਵਿੱਚ ਸ਼ਾਇਦ ਅਨਫਿੱਟ ਸਾਬਤ ਹੋਣ। ਆਪਣੇ ਗੁਜ਼ਰਨ ਤੋਂ 7-8 ਦਿਨ ਪਹਿਲਾਂ, ਆਪਣੇ ਭਰਾਵਾਂ ਨੂੰ ਸੱਦ ਕੇ ਅਲਹਿਦਾ ਕੀਤਾ ਕਿ ਸ਼ਾਇਦ ਉਹਨਾਂ ਦੀ ਮੁੰਡੇ ਨਾਲ ਨਾਂ ਬਣ ਆਵੇ। ਕੁਦਰਤੀ ਖੇਡ, ਉਹ ਗੁਜ਼ਰ ਗਏ। ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਜੀ ਦਾ ਦੌਰਾ ਇਸ ਇਲਾਕੇ ਵਿਚ ਆਇਆ ਤਾਂ ਬਾਬਾ ਗੁਲਾਬ ਸਿੰਘ ਜੀ ਤੇ ਹੋਰ ਜੋ ਚਾਰ ਪੰਜ ਘਰ ਅਬੁਲ ਖੁਰਾਣੇ ਵਿੱਚ ਮਸ਼ਹੂਰ ਸਨ, ਇਹ (ਮੇਰੇ ਪਿਤਾ ਜੀ) ਵੀ ਨਾਲ ਰੁਪਾਣੇ (ਮੁਕਤਸਰ) ਵਿੱਚ ਗਏ ਜਿੱਥੇ ਸਤਿਗੁਰੂ ਹਰੀ ਸਿੰਘ ਜੀ ਆਏ ਹੋਏ ਸਨ। ਬਾਬਾ ਗੁਲਾਬ ਸਿੰਘ ਜਾਤੀ ਦੇ ਛੀਂਬੇ ਸਿੰਘ ਸਨ।

"ਉਸ ਵੇਲੇ ਇਸ ਇਲਾਕੇ ਦੇ ਸੂਬੇ ਬਾਬਾ ਨੱਥਾ ਸਿੰਘ ਜੀ (ਪਿੰਡ ਗਾਦੜੀ) ਹੁੰਦੇ ਸਨ। ਉਹਨਾਂ ਨੂੰ ਗੁਰੂ ਹਰੀ ਸਿੰਘ ਜੀ ਨੇ ਹੁਕਮ ਦਿੱਤਾ ਕਿ ਉਹ ਗੁਰਮੁਖ ਸਿੰਘ ਨੂੰ ਭਜਨ ਦੇਣ। ਉਹਨਾਂ ਨੇ ਮੇਰੇ ਪਿਤਾ ਜੀ ਨੂੰ ਭਜਨ ਦੱਸਿਆ। ਉਸ ਵੇਲੇ ਤੋਂ ਮੇਰੇ ਪਿਤਾ ਜੀ ਦੀ ਬਿਰਤੀ ਐਸੀ ਹੋਈ ਤੇ ਲਗਨ ਐਸੀ ਲੱਗੀ ਕਿ ਸਾਡੇ ਦਾਦਾ ਜੀ ਦਾ ਸ਼ਾਹੂਕਾਰਾ ਬੜਾ ਵਿਸਥਾਰ ਵਿੱਚ ਸੀ, ਇਸ ਵੇਲੇ ਗੋਪੀ ਚੰਦ ਟੈਕਸਟਾਈਲ (ਸਿਰਸਾ) ਮਿੱਲ ਵਾਲਿਆਂ ਦਾ ਜੋ ਘਰਾਣਾ ਹੈ, ਇਹਨਾਂ ਦੇ ਮੁਕਾਬਲੇ ਦਾ ਸਾਡਾ ਘਰ ਸੀ। ਪਰ ਸਾਡੇ ਪਿਤਾ ਜੀ ਨੇ ਉਸ ਵੇਲੇ ਸਭ ਕੁੱਝ, ਨਾਮਧਾਰੀ ਸਮਾਜ ਦੇ ਪਰਚਾਰ ਤੇ ਪਸਾਰ ਉੱਤੇ ਲਾ ਦਿੱਤਾ। ਏਥੋਂ ਤੱਕ ਕਿ ਸਾਡੇ ਪਿਤਾ ਜੀ ਨੂੰ ਕੂਕਾ ਹੋਣ ਦੇ ਦੋਸ਼ ਵਿੱਚ ਕਾਠ-ਬੰਦੀ ਦੀ ਸਜ਼ਾ ਮਿਲੀ। ਸਾਡੇ ਪਿਤਾ ਜੀ ਦੇ ਪਹਿਲੇ ਸਹੁਰੇ ਸਰਕਾਰੀ ਮਸ਼ੀਨਰੀ ਵਿੱਚ ਸਨ, ਉਹਨਾਂ ਤੇ ਦਬਾਅ ਪਿਆ ਤਾਂ ਉਹਨਾਂ ਕਿਹਾ, ਸਾਡੇ ਤਾਂ ਇਹ ਆਖੇ ਨਹੀਂ ਲੱਗਦਾ, ਤੁਸੀਂ ਜੋ ਮਰਜੀ ਸਜ਼ਾ ਦਿਉ ਤਾਂ ਕਿ ਇਹ ਘਰ ਰਹੇ ਤੇ ਖਾਵੇ ਕਮਾਵੇ ਅਤੇ ਸਾਡੀ ਲੜਕੀ ਸੁਖੀ ਵੱਸੇ। ਪਰ ਸਾਡੇ ਪਿਤਾ ਜੀ ਆਪਣੀ ਲਗਨ ਤੋਂ ਨਾਂ ਮੁੜੇ ਅਤੇ ਸਾਡੀ ਪਹਿਲੀ ਮਾਂ ਦਾ ਛੱਡ-ਛੁੜਾਅ ਹੋ ਗਿਆ।ਉਸ ਦਾ ਨਾਂ ਯਾਦ ਨਹੀਂ।

ਸਤਿਗੁਰੂ ਹਰੀ ਸਿੰਘ ਜੀ ਨੇ ਬੜਾ ਜਤਨ ਕੀਤਾ ਕਿ ਲੜਕੀ ਆਪਣੇ ਘਰ ਆ ਜਾਏ ਪਰ ਉਹ ਬਜ਼ਿਦ ਰਹੇ ਕਿ ਅਸਾਂ ਨਹੀਂ ਘੱਲਣੀ। ਸਗੋਂ ਉਹਨਾਂ ਦੇ ਘਰ ਵਾਲਿਆਂ ਕਿਹਾ ਕਿ ਜਦੋਂ ਇਸ ਮਲੰਗ ਨਾਲ ਕੋਈ ਵਿਆਹ ਕਰਵਾਏਗਾ ਉਦੋਂ ਵੇਖਾਂਗੇ ਕਿ ਕਿਵੇਂ ਹੁੰਦਾ ਹੈ।

"ਸਤਿਗੁਰਾਂ ਦੀ ਕ੍ਰਿਪਾ ਨਾਲ ਰਿਸ਼ਤਾ ਵੀ ਫਿਰ ਛੇਤੀ ਹੀ ਹੋ ਗਿਆ। ਸਾਡੇ ਪਿਤਾ ਜੀ ਜਦੋਂ ਟੇਹੀ ਜਵੰਦ ਸਿੰਘ (ਤਹਿਸੀਲ ਪਾਕਪਟਨ, ਜ਼ਿਲ੍ਹਾ ਮਿੰਟਗੁਮਰੀ, ਪਾਕਿਸਤਾਨ) ਵੱਲ ਗਏ ਕਿਸੇ ਅਸਾਮੀ ਤੋਂ 32 ਰੁਪੈ ਲੈਣ ਵਾਸਤੇ ਤਾਂ ਸਾਡੇ ਨਾਨਾ ਬਾਬਾ ਜਵਾਹਰ ਸਿੰਘ ਜੀ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਪਿੱਛੋਂ ਦੇ ਸਿੱਖ ਸਨ। ਹੋਰ ਵੀ ਕਈ ਪਰਿਵਾਰ ਉਦੋਂ ਸਿੰਘ ਸਜੇ ਕੋਟ ਹੀਰਾ ਸਿੰਘ ਵਾਲੇ ਦੇ, ਜਿਨ੍ਹਾਂ ਦੀ ਔਲਾਦ ਸ੍ਰ. ਹਰਨਾਮ ਸਿੰਘ, ਸੁੱਖਾ ਸਿੰਘ, ਹਰ ਸਿੰਘ ਆਦਿ ਹੈ। ਉਸ ਵੇਲੇ ਮੇਰੇ ਮਾਸੜ ਜੀ ਬਾਬਾ ਵਸਾਵਾ ਸਿੰਘ, ਸਾਵਣ ਸਿੰਘ, ਹਜ਼ਾਰਾ ਸਿੰਘ, ਸ਼ੇਰ ਸਿੰਘ ਆਦਿ ਹਰਿਦੁਆਰ ਦੀ ਯਾਤਰਾ ਤੋਂ ਮੁੜਦਿਆਂ, ਭੈਣੀ ਸਾਹਿਬ ਲਈ ਖੰਨੇ ਤੋਂ ਗੱਡੀਉਂ ਉਤਰੇ। ਉਹਨਾਂ ਨੂੰ ਪਤਾ ਲੱਗਾ ਸੀ ਕਿ ਗੁਰੂ ਨਾਨਕ ਦੀ ਗੱਦੀ ਦੇ ਵਾਰਿਸ ਗੁਰੂ ਰਾਮ ਸਿੰਘ ਭੈਣੀ ਸਾਹਿਬ ਵਿੱਚ ਪ੍ਰਗਟੇ ਤੇ ਜਲਾਵਤਨ ਹੋ ਗਏ ਤੇ ਹੁਣ ਉਨ੍ਹਾਂ ਦੇ ਏਥੇ ਭਾਈ ਹਨ, ਤੇ ਭੈਣੀ ਸਾਹਿਬ ਏਥੋਂ ਨੇੜੇ ਹੈ।"

"ਉਹ ਦਰਸ਼ਨ ਮੇਲੇ ਕਰਨ ਵਾਸਤੇ ਭੈਣੀ ਸਾਹਿਬ ਗਏ। ਉਹ ਉੱਥੋਂ ਨਾਮਧਾਰੀ ਬਣ ਕੇ ਆਏ। ਉਸ ਵੇਲੇ ਨਾਮਧਾਰੀ ਲਹਿਰ ਜ਼ੋਰਾਂ ਤੇ ਸੀ। ਨਾਮਧਾਰੀ, ਨਾਮਧਾਰੀ ਨੂੰ ਮਿਲ ਕੇ ਬਹੁਤ ਖੁਸ਼ ਹੁੰਦਾ ਸੀ। ਸਾਡੇ ਨਾਨਾ ਬਾਬਾ ਜਵਾਹਰ ਸਿੰਘ ਜੀ, ਉਹਨਾਂ ਸਾਡੀ ਨਾਨੀ ਨੂੰ ਆਖਿਆ ਕਿ ਸਿੱਖ ਤਾਂ ਲੱਭਦੇ ਨਹੀਂ, ਸੁਭਾਵਕ ਹੀ ਅੱਜ ਇਕ ਜਣਾ ਆਇਐ। ਮੇਰੇ ਕੋਲ ਤਾਂ ਸੱਤ ਲੜਕੀਆਂ ਨੇ, ਇਕ ਦਾ ਅਨੰਦ ਕਾਰਜ ਅਸੀਂ ਇਹਦੇ ਨਾਲ ਕਰ ਦੇਈਏ। ਮੇਰੇ ਪਿਤਾ ਨੂੰ ਉਨ੍ਹਾਂ ਵਿਆਹ ਕਰਵਾਣ ਲਈ ਆਖਿਆ। ਪਿਤਾ ਜੀ ਨੇ ਆਖਿਆ : ਮੈਂ ਤਾਂ ਅੱਗੇ ਹੀ ਘਰ ਪਰਿਵਾਰ ਛੱਡ ਕੇ ਆਇਆਂ, ਮੈਂ ਤਾਂ ਸਾਧ ਸੰਗਤ ਨਾਲ ਹੀ ਚੱਲਾਂ, ਫਿਰਾਂਗਾ। ਮੇਰਾ ਵਿਹਾਰ ਕਿਵੇਂ ਚੱਲੇਗਾ ? ਮੇਰੇ ਨਾਨਾ ਜੀ ਨੇ ਕਿਹਾ ਕਿ ਚਲੋ ਸਲਾਹ ਕਰ ਲੈਂਦੇ ਹਾਂ। ਪੁਰਾਣੇ ਰੀਤੀ ਰਿਵਾਜ ਸਨ। ਨਾਨਾ ਜੀ ਨੇ ਕਿਹਾ ਕਿ ਉਹ ਤਾਂ ਸੰਕਲਪ ਕਰ ਬੈਠੇ ਹਨ, ਲੜਕੀ ਗੁਰਮੁਖ ਸਿੰਘ ਨਾਲੇ ਵਿਆਹੁਣ ਦਾ। ਪਿਤਾ ਜੀ ਨੇ ਫਿਰ ਕਿਹਾ : ਮੈਂ ਸਾਧ ਸੰਗਤ ਦੀ ਸੇਵਾ ਕਰਨੀ ਹੈ। ਮੈਂ ਇਸ ਪਾਸੇ ਸਭ ਕੁੱਝ ਲਾ ਬੈਠਾਂ, ਕਬੀਲਦਾਰੀ ਵਿੱਚ ਖਰਚੇ ਦੀ ਜ਼ਰੂਰਤ ਹੁੰਦੀ ਹੈ।ਅੰਤ ਨੂੰ ਗੁਰੂ ਹਰੀ ਸਿੰਘ ਜੀ ਤੱਕ ਇਹ ਗੱਲ ਗਈ। ਨਾਨਾ ਜੀ ਨੇ ਆਪਣੇ

ਕੀਤੇ ਹੋਏ ਸੰਕਲਪ ਬਾਰੇ ਦੱਸਿਆ।"

"ਗੁਰੂ ਹਰੀ ਸਿੰਘ ਜੀ ਨੇ ਆਖਿਆ ਕਿ ਇਹ (ਮੇਰਾ ਪਿਤਾ) ਤਾਂ ਪਹਿਲਾਂ ਵੀ ਵਿਆਹਿਆ ਹੋਇਆ ਹੈ, ਸਾਨੂੰ ਟੋਹ ਲੈਣ ਦਿਉ, ਫਿਰ ਵਿਚਾਰ ਕਰਾਂਗੇ। ਸਤਿਗੁਰੂ ਜੀ ਨੇ ਪਹਿਲੇ ਸੰਬੰਧੀਆਂ ਵੱਲ ਸਿੱਖ ਘੱਲੇ। ਉਹਨਾਂ ਵੱਲੋਂ ਖੁਸ਼ਕ ਜੁਆਬ ਆਉਣ ਤੇ ਫਿਰ ਸਤਿਗੁਰੂ ਜੀ ਨੇ ਮੇਰੇ ਪਿਤਾ ਦਾ ਅਨੰਦ ਕਾਰਜ ਕਰ ਹੀ ਦਿੱਤਾ। ਇਸ ਸਾਡੀ ਮਾਤਾ ਦਾ ਨਾਮ ਲੱਛਮੀ ਬਾਈ ਸੀ। ਇਹਨਾਂ ਦੇ ਚਾਰ ਸਪੁੱਤਰ : ਸਾਡੇ ਵੱਡੇ ਭਾਈ ਨਰਾਇਣ ਸਿੰਘ ਜੀ (ਸਵਰਗਵਾਸੀ), ਇਹਨਾਂ ਦੇ ਲੜਕੇ ਹਨ ਦਿੱਲੀ ਵਿੱਚ, ਸੰਤ ਰਤਨ ਸਿੰਘ ਜੀ ਜੋ ਕਿ ਮੰਡੀ (ਹਿਮਾਚਲ) ਜ਼ਿਲ੍ਹੇ ਦੇ ਸੁਕੇਤ ਥਾਂ ਤੇ ਰਹਿੰਦੇ ਅਤੇ ਸਤਿਗੁਰੂ ਜੀ ਦੇ ਲਾਂਗਰੀ ਦੇ ਤੌਰ ਤੇ ਵੀ ਕੁੱਝ ਸਮਾਂ ਸੇਵਾ ਕਰਦੇ ਰਹੇ। ਵਿਹਾਰ ਆਪਣਾ ਕਰ ਕੇ ਸੁਕੇਤ ਹੀ ਸੇਵਾ ਕਰਦੇ ਸਨ ਗੁਰੂ ਘਰ ਦੀ। ਉਹਨਾਂ ਤੋਂ ਛੋਟੇ ਸਨ ਸ੍ਰ. ਕਰਤਾਰ ਸਿੰਘ ਮਿੰਟਗੁਮਰੀ ਟਰਾਂਸਪੋਰਟ ਵਾਲੇ। ਇਹਨਾਂ ਤੋਂ ਛੋਟਾ ਮੈਂ (ਗੁਰਦਿਆਲ ਸਿੰਘ) ਹਾਂ।

"ਚਾਰ ਸਾਡੀਆਂ ਭੈਣਾਂ ਸਨ। ਦੋ ਹਵੇਲੀ ਲੱਖਾ, ਜ਼ਿਲ੍ਹਾ ਮਿੰਟਗੁਮਰੀ ਵਿੱਚ। ਵੱਡੀ ਬੁੱਧਾਂ ਸ੍ਰ. ਟੇਕ ਸਿੰਘ ਹਵੇਲੀ ਲੱਖਾ (ਸ੍ਰ. ਭਗਤ ਸਿੰਘ, ਮਹਿੰਦਰ ਸਿੰਘ ਸਰਨਾ ਦੇ ਪਿਤਾ) ਬੇਬੇ ਹਰ ਕੌਰ, ਕੋਟ ਹੀਰਾ ਸਿੰਘ ਵਿਆਹੇ ਸਨ। ਪ੍ਰੇਮ ਕੌਰ, ਹਵੇਲੀ ਲੱਖਾ ਸ੍ਰ. ਟੇਕ ਸਿੰਘ ਹੁਰਾਂ ਦੇ ਛੋਟੇ ਭਰਾ ਸ੍ਰ. ਲਛਮਣ ਸਿੰਘ ਨਾਲ ਵਿਆਹੀ ਸੀ ਜਿਨ੍ਹਾਂ ਦੇ ਐਸ ਵੇਲੇ ਲੜਕੇ ਸ੍ਰ. ਕਰਮ ਸਿੰਘ ਪਟਵਾਰੀ, ਸ੍ਰ. ਓਅੰਕਾਰ ਸਿੰਘ ਦਿੱਲੀ ਆਦਿ ਹਨ। ਇਨ੍ਹਾਂ ਤੋਂ ਛੋਟੀ ਸੀ ਬੀਬੀ ਕਾਹਨੋਂ ਬਾਈ, ਇਸਨੂੰ ਨਾਮਧਾਰੀ ਪੰਥ ਵਿੱਚ ਬਹੁਤ ਲੋਕ ਜਾਣਦੇ ਹਨ।"[5]

ਦੂਜਾ ਵਿਆਹ ਹੋਣ ਤੋਂ ਪਹਿਲਾਂ ਜਦੋਂ ਆਪ ਕੂਕਾ ਰੰਗ ਵਿੱਚ ਰੰਗੇ ਹੋਏ ਸਨ ਤਾਂ ਮਲੋਟ, ਜੰਡ ਵਾਲਾ ਅਤੇ ਅਬੁਲ ਖੁਰਾਣੇ ਦੀ ਵੀ ਕਾਫੀ ਜਾਇਦਾਦ ਅਤੇ ਰਸਤ ਬਸਤ ਵੇਚ ਵੱਟ ਕੇ, ਮੁਕਤਸਰ ਸ਼ਹਿਰ ਵਿੱਚ ਕੁੱਝ ਵਰ੍ਹੇ ਪਹਿਲਾਂ ਬਣਨ ਵਾਲੀ ਨਾਮਧਾਰੀ ਧਰਮਸ਼ਾਲਾ ਦੇ ਸੁਆਰਨ, ਸ਼ਿੰਗਾਰਨ ਅਤੇ ਵਿਸਥਾਰ ਲਈ ਅਰਪਿਤ ਕਰ ਦਿੱਤੀ। ਇਸੇ ਸਮੇਂ 1877 ਈ. ਵਿੱਚ ਉਦੋਂ ਦੇ ਸਿਰਸਾ ਜ਼ਿਲ੍ਹਾ ਦੀ ਫਾਜ਼ਿਲਕਾ ਤਹਿਸੀਲ ਦੇ ਇਲਾਕਾ ਅਬੋਹਰ ਪਾਸ ਦੇ ਪਿੰਡ ਹਰੀ ਪੂਰਾ ਦੇ ਸਰੋਵਰ ਦੀ ਖੁਦਾਈ ਸਮੇਂ, ਪਹਿਲੀ ਅਤੇ ਦਸਵੀਂ ਪਾਤਸ਼ਾਹੀ ਨਾਲ ਸਬੰਧਿਤ ਕੁੱਝ ਪਵਿੱਤਰ ਵਸਤਾਂ ਅਤੇ ਇਕ ਸਾਖੀ-ਪੋਥੀ ਵੀ ਲੋਹੇ ਦੇ ਜੰਗਾਲੇ ਹੋਏ ਪਿੰਜਰੇ ਵਿੱਚੋਂ ਮਿਲੀ ਸੀ। ਇਸ ਸਰੋਵਰ ਨੂੰ ਪਹਿਲਾਦ ਸਰ ਅਤੇ ਅਸਥਾਨ ਨੂੰ ਬੱਡ ਤੀਰਥ ਕਿਹਾ ਜਾਂਦਾ

ਸੀ। ਇੱਥੇ ਆਦਿ ਅਤੇ ਦਸਮ ਗੁਰੂ ਜੀ ਦੇ ਆਗਮਨ ਦੇ ਹਵਾਲੇ, ਸਿੱਖ ਇਤਿਹਾਸ ਨਾਲ ਸਬੰਧਿਤ ਪੁਸਤਕਾਂ ਵਿੱਚ ਮਿਲਦੇ ਹਨ। ਜਦੋਂ ਕਿ ਜਿਹੇ ਸਤਿਗੁਰੂ ਰਾਮ ਸਿੰਘ ਜੀ ਨੂੰ, ਪੰਜਾਬ ਤੋਂ ਲਗਾਤਾਰ ਆਉਂਦੇ ਕੂਕਿਆਂ ਦੇ ਪ੍ਰਵਾਹ ਨੂੰ ਵੇਖ ਕੇ, ਹਿੰਦ ਸਰਕਾਰ, ਰੰਗੂਨ ਤੋਂ ਮਰਗੋਈ ਭੇਜਣ ਦੀਆਂ ਸਲਾਹਵਾਂ ਵਿੱਚ ਸੀ, ਉਦੋਂ ਜਿਹੇ ਬੱਡ ਤੀਰਥ ਤੋਂ ਮਿਲੀ ਸਾਖੀ-ਪੋਥੀ ਦੇ ਬਹੁਤ ਚਰਚੇ ਸਨ। ਇਸ ਦੀ ਇਕ ਪ੍ਰਤੀ ਭਾਈ ਨਰਾਇਣ ਸਿੰਘ ਰੋਡੇ, ਸਤਿਗੁਰੂ ਜੀ ਨੂੰ ਰੰਗੂਨ ਪੁਚਾ ਆਇਆ ਸੀ। ਸਤਿਗੁਰੂ ਜੀ ਆਪਣੇ ਹੁਕਮਨਾਮਿਆਂ ਵਿੱਚ ਵੀ ਇਸ ਪੋਥੀ ਦੇ ਹਵਾਲੇ ਭਵਿੱਖਤ ਵਾਕਾਂ ਦੀ ਰੋਸ਼ਨੀ ਵਿੱਚ ਦੇ ਕੇ, ਆਪਣੀ ਸੰਗਤ ਨੂੰ ਨਾਮਧਾਰੀ ਮਿਸ਼ਨ ਦੀ ਅਡੋਲਤਾ ਅਤੇ ਫਰੰਗੀਆਂ ਦਾ ਦੇਸ਼ ਨਿਕਾਲਾ ਅਵੱਸ਼ ਅਤੇ ਜਲਦੀ ਹੋਣ ਦੀਆਂ ਸੰਭਾਵਨਾਵਾਂ ਪ੍ਰਗਟਾਂਉਂਦੇ ਸਨ। 1880 ਤੋਂ 1900 ਈ. ਦੇ ਦੌਰ ਤੱਕ ਤਕਰੀਬਨ ਹਰ ਮਹੀਨੇ ਅਤੇ ਵਿਸ਼ੇਸ਼ ਕਰ ਕੱਤਕ ਪੂਰਨਿਮਾਂ ਤੇ ਕੂਕਿਆਂ ਦਾ ਵੱਡਾ ਜੋੜ ਮੇਲਾ ਇੱਥੇ ਹੁੰਦਾ। ਇਸ ਸਰੋਵਰ ਦੀਆਂ ਬਾਹੀਆਂ ਬਨਵਾਉਣ ਅਤੇ ਆਪਣੀ ਸੰਗਤ ਲਈ ਧਰਮਸ਼ਾਲਾ ਬਨਾਉਣ ਦਾ ਕਾਰਜ ਵੀ ਸਿਰੇ ਚਾੜ੍ਹਿਆ। ਇਸ ਕਾਰਜ ਲਈ ਵੀ ਭਾਈ ਗੁਰਮੁਖ ਸਿੰਘ ਅਬੁਲ ਖੁਰਾਣਾ ਨੇ ਆਪਣੇ ਵਸੀਲੇ ਵੱਧ ਚੜ੍ਹ ਕੇ ਵਰਤੇ ਸਨ।[6]

ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਕਵਿਤਾ ਵਿੱਚ ਨਾਮਧਾਰੀ ਇਤਿਹਾਸ ਬਿਆਨ ਕਰਨ ਵਾਲੇ ਗਿਆਨੀ ਕਾਹਲਾ ਸਿੰਘ ਨੰਗਲ ਦੇ ਸਪੁੱਤਰ ਅਤੇ ਇਤਿਹਾਸ ਖੋਜੀ ਸਨ। ਉਹਨਾਂ ਨੇ ਸਾਰੇ ਪੰਜਾਬ ਵਿੱਚ ਭਰਮਣ ਕਰਕੇ, ਕੂਕਾ ਇਤਿਹਾਸ ਦੀ ਬਹੁਤ ਕੀਮਤੀ ਸਮੱਗਰੀ ਇਕੱਤਰ ਕੀਤੀ। ਮਾਤਾ ਬੁੱਧਾਂ ਅਤੇ ਉਸ ਦੇ ਸੂਰਮੇ ਪੁੱਤਰ ਗੁਰਮੁਖ ਸਿੰਘ ਬਾਰੇ ਸੰਤ ਜੀ ਲਿਖਦੇ ਹਨ-

"1952 (ਮੁਤਾਬਿਕ 1896 ਈ.) ਵਿੱਚ ਮੁਕਤਸਰ ਦੀਆਂ ਸੰਗਤਾਂ ਨੇ ਇੱਕ ਸੌ ਇਕ ਪਾਠ ਕਰਕੇ ਭੋਗ ਪੁਆਉਣੇ ਸਨ। ਗੁਰੂ ਹਰੀ ਸਿੰਘ ਜੀ ਸੰਗਤਾਂ ਸਮੇਤ ਪਿੰਡਾਂ ਵਿੱਚ ਦੌਰਾ ਕਰਦੇ ਹੋਏ ਮੁਕਤਸਰ ਆਏ। ਦੀਵਾਨ ਵਿੱਚ ਬੜੀਆਂ ਸੰਗਤਾਂ ਇਕੱਠੀਆਂ ਹੋਈਆਂ ਸਨ। ਸ੍ਰੀ ਗੁਰੂ ਹਰੀ ਸਿੰਘ ਜੀ ਨੇ ਸੰਗਤਾਂ ਪ੍ਰਤੀ ਇਕ ਹੁਕਮਨਾਮਾ ਜਾਰੀ ਕੀਤਾ ਕਿ ਨਾਮਧਾਰੀ ਪੰਥ ਵਿੱਚ ਕੋਈ ਮਾਈ ਬੀਬੀ ਵਿਧਵਾ ਨਾਂ ਰਹੇ, ਸਭ ਦੇ ਅਨੰਦ ਪੜ੍ਹਾ ਦਿੱਤੇ ਜਾਣ। ਮਾਈ ਬੁੱਧਾਂ ਜੀ ਦਾ ਪਤੀ ਸਵਰਗਵਾਸ ਹੋ ਗਿਆ ਸੀ। ਇਸ ਸਮੇਂ ਮਾਈ ਬੁੱਧਾਂ ਦੇ ਪੁੱਤਰ ਗੁਰਮੁਖ ਸਿੰਘ ਜੀ ਨੇ ਆਪਣੀ ਮਾਤਾ ਬੁੱਧਾਂ ਜੀ ਨੂੰ ਭੈਣੀ ਸਾਹਿਬ ਲੈ ਆਂਦਾ। ਗੁਰੂ ਹਰੀ ਸਿੰਘ ਜੀ ਦੇ ਹਜ਼ੂਰ ਦੀਵਾਨ ਵਿੱਚ ਅਰਜ਼ ਕੀਤੀ- ਘਟ ਘਟ ਕੇ ਅੰਤਰ ਕੀ ਜਾਨਤ। ਭਲੇ ਬੁਰੇ ਕੀ ਪੀਰ

ਪਛਾਨਤ॥

"ਮੈਂ ਗੁਰਮੁਖ ਸਿੰਘ ਜੰਡਵਾਲੇ ਤੋਂ ਸੇਠ ਸੁਜਾਨਾ ਰਾਮ ਦਾ ਪੁੱਤਰ ਹਾਂ। ਮੇਰੇ ਪਿਤਾ ਜੀ ਗੁਜਰੇ ਨੂੰ ਦਸ ਸਾਲ ਹੋ ਗਏ ਹਨ। ਮੇਰੀ ਮਾਤਾ ਵਿਧਵਾ ਹੈ। ਆਪ ਨੇ ਹੁਕਮ ਕੀਤਾ ਹੈ ਕੋਈ ਮਾਈ ਬੀਬੀ ਵਿਧਵਾ ਨਾ ਰਹੇ।"

"ਮੇਰੀ ਮਾਤਾ ਬੁੱਧਾਂ ਜੀ ਆਪ ਦੇ ਚਰਨਾਂ ਵਿੱਚ ਹਾਜ਼ਰ ਹੈ। ਭਾਈ ਗੁਰਮੁਖ ਸਿੰਘ ਦੇ ਬਚਨ ਸੁਣ ਕੇ ਸਭ ਦੀਵਾਨ ਵਿਸਮਾਦ ਰੂਪ ਵਿੱਚ ਹੋ ਗਿਆ। ਆਲੌਕਿਕ ਰੰਗ ਵਿੱਚ ਸਾਰੀ ਸੰਗਤ ਰੰਗੀ ਗਈ। ਗੁਰੂ ਹਰੀ ਸਿੰਘ ਜੀ ਨੇ ਜਲਾਲ ਭਰੀ ਨਿਗਾਹ ਸਿੱਖ ਵੱਲ ਕੀਤੀ ਤੇ ਬਚਨ ਕੀਤਾ- ਧੰਨ ਸਿੱਖਾਂ ਤੂੰ ! ਧੰਨ ਤੇਰੀ ਮਾਤਾ!! ਤੂੰ ਸਦਾ ਹੀ ਧੰਨਤਾ ਦਾ ਅਵਤਾਰ ਹੈਂ। ਗੁਰੂ ਜੀ ਨੇ ਭਾਈ ਨਰੈਣ ਸਿੰਘ ਰੋਡਿਆਂ ਵਾਲੇ ਨੂੰ ਹੁਕਮ ਕੀਤਾ, ਭਾਈ ਝਾਬਾ ਸਿੰਘ ਜੀ ਜੋ ਲੰਗਰ ਵਿੱਚ ਲੋਹ ਅੱਗੇ ਝੋਕਾ ਪਾਉਂਦੇ ਨੇ, ਉਹਨਾਂ ਨੂੰ ਬੁਲਾਉ ! ਭਾਈ ਝਾਬਾ ਸਿੰਘ ਪਿੰਡ ਸੋਥਾ, ਇਲਾਕਾ ਮੁਕਤਸਰ ਦੇ ਜ਼ਿੰਮੀਦਾਰ, ਸਰਦਾਰ ਸਿੰਘ ਸਨ। ਉਹ ਪੰਜ ਕੁ ਸਾਲ ਦੇ ਸ੍ਰੀ ਭੈਣੀ ਸਾਹਿਬ ਰਹਿੰਦੇ ਸਨ। ਆਪ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਆ ਕੇ ਖੜ੍ਹ ਗਏ।

"ਗੁਰੂ ਜੀ ਦੇ ਹਜ਼ੂਰ ਮਾਈ ਬੁੱਧਾਂ ਦਾ ਅਰਦਾਸਾ, ਭਾਈ ਝਾਬਾ ਸਿੰਘ ਨਾਲ ਕਰ ਦਿੱਤਾ। ਮਾਈ ਬੁੱਧਾਂ ਭੈਣੀ ਸਾਹਿਬ ਰਹਿਣ ਲੱਗੇ। ਦਸ ਸੇਰ ਚੱਕੀ ਨਾਲ ਆਟਾ ਪੀਹ ਕੇ ਲੰਗਰ ਵਿੱਚ ਪਾ ਦਿੰਦੇ। ਪੰਜ ਮਾਲਾ ਭਜਨ ਦੀਆਂ ਨਿੱਤਨੇਮ ਵਜੋਂ ਕਰਦੇ। ਅੱਠੀਂ ਪਹਿਰੀਂ ਪਰਸ਼ਾਦਾ ਛਕ ਕੇ ਗੁਰੂ ਨਾਨਕ ਜੀ ਦੀ ਜਨਮ ਸਾਖੀ ਦੀ ਕਥਾ ਕਰਦੇ। ਮਾਈ ਬੁੱਧਾਂ ਜੀ ਉਨ ਦਾ ਸੂਤਰ ਕੱਤ ਕੇ, ਮਾਲਾ ਬਣਾਉਂਦੇ ਹੁੰਦੇ ਸਨ। ਲੋੜਵੰਦ ਸਿੰਘਾਂ ਨੂੰ ਮਾਤਾ ਜੀ ਮੁਫਤ ਮਾਲਾ ਦਿੰਦੇ ਸਨ।

"ਮਾਈ ਬੁੱਧਾਂ ਦਾ ਨਾਮ ਮਾਲਾ ਵਾਲੀ ਮਾਈ ਪੈ ਗਿਆ। ਮਾਈ ਬੁੱਧਾਂ 1971 (ਮੁਤਾਬਿਕ 1914-15 ਈ.) ਵਿੱਚ ਸੰਸਾਰ ਕੂਚ ਕਰ ਗਈ। ਉਸ ਦਿਨ ਆਖਰੀ ਵਾਰ ਭੈਣੀ ਸਾਹਿਬ ਪੁਲੀਸ ਚੌਕੀ ਵਿੱਚ ਆਪ ਦੀ ਹਾਜਰੀ ਲਿਖੀ ਗਈ।[7]

ਭਾਈ ਗੁਰਮੁਖ ਸਿੰਘ ਸੰਤ ਕਿਸ਼ਨ ਸਿੰਘ ਛੂਤੀਏ ਦੇ ਵੀ ਨਿਕਟਵਰਤੀ ਸਨ। ਜਦੋਂ ਉਹ ਟੇਹੀ ਵਿੱਚ ਰਹਿੰਦੇ ਸਨ ਤਾਂ ਉਦੋਂ ਹੀ ਉੱਥੇ ਉਹਨਾਂ ਦੇ ਸਹੁਰਾ ਪਰਿਵਾਰ ਪਾਸ, ਬਾਬਾ ਛੂਤੀਆ ਜੀ ਆ ਰਹੇ ਸਨ। ਵਿਸ਼ੇਸ਼ ਕਰਕੇ 1930 ਈ. ਦੇ ਲਾਗੇ ਚਾਗੇ ਹੀ ਗੁਰਮੁਖ ਸਿੰਘ ਹੋਰਾਂ ਦੇ ਟੇਹੀ ਵਿਖੇ ਗੁਜ਼ਰ ਜਾਣ ਬਾਅਦ ਬਾਬਾ ਛੂਤੀਆ ਜੀ 1935 ਈ. ਦੇ 15 ਕੱਤਕ, ਆਪਣੇ ਚਲਾਣੇ ਦੇ ਦਿਨ ਤੱਕ, ਸੰਗਤ ਦੇ ਪਿਆਰ ਨੂੰ ਵੇਖਦਿਆਂ ਟੇਹੀ ਵਿਖੇ ਹੀ

ਰਹੇ ਸਨ। ਗੁਰਮੁਖ ਸਿੰਘ ਹੋਰਾਂ ਦਾ ਜਨਮ 1870 ਈ. ਵਿੱਚ ਅਨੁਮਾਨਿਤ ਹੈ।[8] ਮਾਂ ਪੁੱਤਰਾਂ ਦੇ ਲੋਕ ਲਾਜ ਤੋਂ ਉੱਪਰ ਉੱਠ ਕੇ ਸਿੱਖੀ ਸਿਦਕ ਦੀ ਇਸ ਅਨੂਠੀ ਮਿਸਾਲ ਨੂੰ ਪੁਰਾਤਨ ਸਿੱਖਾਂ ਸਿੱਖਣੀਆਂ ਦੀ ਮਹਿਮਾ ਦਾ ਗੁਣਗਾਨ ਕਰਦਿਆਂ, ਸਤਿਗੁਰੂ ਪਰਤਾਪ ਸਿੰਘ ਜੀ ਨੇ, ਆਪਣੇ ਰੀਕਾਰਡ ਹੋਏ ਮਨੋਹਰ ਬਚਨਾਂ ਵਿੱਚ ਸ਼ਾਮਲ ਕਰਕੇ, ਸਦਾ ਲਈ ਅਮਰ ਕਰ ਦਿੱਤਾ ਹੈ। ਉਹਨਾਂ ਦੀ ਸੰਬੋਧਨੀ ਸ਼ੈਲੀ ਅੱਜ ਵੀ ਸ਼ਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੀ ਹੈ। ਅਸੀਂ ਇਸ ਪਵਿੱਤਰ ਉਪਦੇਸ਼ ਦੁਆਰਾ ਮਾਈ ਬੁੱਧਾਂ ਅਤੇ ਗੁਰਮੁਖ ਸਿੰਘ ਹੋਰਾਂ ਦੀ ਕਥਾ ਸਮੇਟਾਂਗੇ।

"ਸਤਿਗੁਰਾਂ ਹੁਕਮ ਦੇ ਦਿੱਤਾ ਕਿ ਮਾਈ ਕੋਈ ਰੰਡੀ ਨਾ ਰਹੇ। ਜਿਨ੍ਹਾਂ ਮਾਈਆਂ ਦਾ ਕੋਈ ਤੁਅਲਕ ਨਹੀਂ ਸੀ ਵਿਸ਼ੇ ਵਿਕਾਰ ਨਾਲ, ਸਤਿਗੁਰਾਂ ਦਾ ਹੁਕਮ ਮੰਨ ਕੇ, ਮੀਹਾਂ ਸਿੰਘ ਹੁਰੀਂ ਸੂਬੇ- ਇਹਨਾਂ ਦੀ ਭੂਆ ਪੰਜਾਹ ਸਾਲ ਦੀ ਉਮਰ, ਬਾਬੇ ਵਜੀਰ ਸਿੰਘ ਹੁਰੀਂ ਰੁਪਾਣੇ ਦੇ ਸੱਠ ਸਾਲ ਦੀ ਉਮਰ, ਕਹਿਣ ਲੱਗੇ- ਬਈ ਭਾਂਵੇਂ ਹੁਣ ਕਿਸੇ ਗੱਲ ਦੀ ਝਾਕ ਨਹੀਂ, ਸਤਿਗੁਰਾਂ ਦਾ ਹੁਕਮ ਹੈ- ਅਰਦਾਸਾ ਕਰਾ ਲਿਆ। ਅਰਦਾਸਾ ਕਰਾ ਕੇ ਪੰਜ ਗ੍ਰੰਥ ਮਾਈ ਬਾਣੀ ਪੜ੍ਹਦੀ ਸੀ, ਮੈਂ ਉਹਦੇ ਦਰਸ਼ਨ ਕੀਤੇ ਹਨ- ਸਦਾ ਕੌਰ ਨਾਂ ਸੀ- ਨੂੰਹਾਂ ਨੂੰ ਆਖਿਆ, "ਹੁਣ ਤੁਹਾਡਾ ਕੋਈ ਕੰਮ ਨਹੀਂ, ਇਹ ਮੇਰੇ ਸਿਰ ਦੇ ਮਾਲਕ ਹਨ, ਮੈਂ ਇਹਨਾਂ ਦੀ ਸੇਵਾ ਕਰਨੀ ਹੈ।"

"ਮੈਨੂੰ ਮਾਈਆਂ ਵਾਲਾ ਪਾਸਾ ਯਾਦ ਆ ਗਿਆ ਹੈ- ਗੱਲ ਕਰਨ ਦਾ। ਫਿਰ ਉਹ ਸਾਡੇ ਕੋਲ ਗੁਰਦਿਆਲ ਸਿੰਘ ਹੁਰੀਂ- ਝਾਟੂ, ਜਿਹੜੇ ਅਖਬਾਰ (ਸਤਿਜੁਗ) ਦੇ ਐਡੀਟਰ ਅੱਜ ਕੱਲ੍ਹ ਬਣੇ ਹੋਏ ਹਨ, ਇਹਨਾਂ ਦੇ ਪਿਤਾ ਗੁਰਮੁਖ ਸਿੰਘ ਹੁਰੀਂ, ਉਹਨਾਂ ਦੀ ਮਾਈ ਰੰਡੀ ਹੋ ਗਈ। ਉਹਨਾਂ ਆਖਿਆ- ਮਾਈ ਸਤਿਗੁਰਾਂ ਦਾ ਹੁਕਮ ਨਹੀਂ ਹੈ ....... । ਇੱਕੋ ਪੁੱਤਰ ਹੈ ਮਾਈ ਦਾ। ਮਾਈ ਦੀ ਉਮਰ ਪੰਜਾਹ ਸਾਲ ਦੇ ਕਰੀਬ ਹੋਣੀ ਚਾਹੀਦੀ ਹੈ ਮੇਰੇ ਖਿਆਲ ਵਿੱਚ। ਅਰੋੜੇ ਸਿੱਖ। ਬਾਬਾ ਝਾਬਾ ਸਿੰਘ ਉਹਨਾਂ ਦਾ ਨਾਂਉ ਸੀ ਗਹਿਲਾਂ ਪਿੰਡ ਦੇ ਜ਼ਿੰਮੀਦਾਰ ਸਿੱਖ। ਆਪਣੇ ਆਪ ਪੁੱਤਰ ਨੇ ਮਾਈ ਦਾ ਅਨੰਦ ਕਰਾ ਦਿੱਤਾ ਉਸ ਸਿੱਖ ਦੇ ਨਾਲ- ਬਈ ਸਤਿਗੁਰਾਂ ਦਾ ਹੁਕਮ ਨਹੀਂ ਰੰਡੀ ਰਹਿਣ ਦਾ।"

"ਦੋਵੇਂ ਜੀਅ ਗੁਰਦੁਆਰੇ ਭੈਣੀ ਸਾਹਿਬ ਰਹੇ, ਬਾਬੇ ਹੁਰੀਂ ਸ਼ਬਦ ਪੜ੍ਹਦੇ ਹੁੰਦੇ, ਮਾਈ ਭਾਂਡੇ ਮਾਂਜਦੀ। ਉਹਨਾਂ ਦੇ ਉੱਥੇ ਹੀ ਸਰੀਰ ਚੜ੍ਹੇ, ਔਰ ਉਹਨਾਂ ਨੂੰ ਮਾਂ ਤੇ ਪਿਤਾ ਜਾਣ ਕੇ ਬਾਬੇ ਹੁਰਾਂ ਨੂੰ, ਉਹਨਾਂ ਨੇ ਗੁਰਮੁਖ ਸਿੰਘ ਹੁਰਾਂ ਨੇ ਮੰਨਿਆ।"

"ਉਹ ਕਿਸੇ ਕਵੀ ਨੇ ਲਿਖਿਆ ਹੈ ਕਿ ਇਸ਼ਕ ਜਿਹੜੀ ਚੀਜ਼ ਹੈ, ਇਹ ਐਵੇਂ ਨਹੀਂ ਰਹਿ ਸਕਦਾ ਜਿੰਨਾ ਚਿਰ ਦੁਨੀਆਦਾਰੀ ਨਾਲ ਆਦਮੀ ਧੰਧਾ ਰੱਖੇ।

ਇਜ਼ਤ, ਹੁਰਮਤ, ਲੋਕ ਲੱਜਿਆ ਪ੍ਰੇਮੀ ਸਭੇ ਤੱਜਦੇ। ਉਹਨਾਂ ਪ੍ਰੇਮੀ ਕੀ ਅਖਵਾਉਣਾ, ਜੋ ਇੱਜ਼ਤ ਵੱਲ ਭੱਜਦੇ। ਪ੍ਰੇਮ ਅਤੇ ਇਜ਼ਤ ਇਹ ਦੋਵੇਂ, ਰਹਿਣ ਨਾਂ ਇਕ ਥਾਂ 'ਕੱਠੇ। ਜੇਕਰ ਥਾਂ ਇੱਕ ਦੀ ਇੱਕ ਮੱਲੇ, ਤਾਂ ਦੂਜਾ ਉੱਥੋਂ ਨੱਠੇ।

"ਉਹਨਾਂ ਨੇ ਲੱਜ ਜਹਾਨ ਦੀ ਇਹ ਤੋੜੀ। ਸਤਿਗੁਰਾਂ ਜੋ ਹੁਕਮ ਦੇ ਦਿੱਤਾ, ਉਸ ਹੁਕਮ ਨੂੰ ਮੰਨ ਕੇ ਸਭ ਕੁੱਝ ਛੱਡਿਆ। ਸੰਤ ਲਾਲ ਸਿੰਘ ਹੁਰਾਂ ਕਦੇ-ਕਦੇ ਮੌਜ ਵਿੱਚ ਆਉਣਾ, ਆਖਣਾ- ਜਦੋਂ ਹੋ ਗਿਆ ਨਾਮਧਾਰੀਆ ਫਿਰ ਸੜੇ ਸਾਕ। ਸਾਕ ਤਾਂ ਸੜ ਗਏ, ਕਿਉਂਕਿ ਸਾਕਾਂ ਨਾਲ ਤਾਂ ਹੀ ਵਰਤੇ ਨਾਂ ਜੇ ਉਹਨਾਂ ਵਰਗਾ ਹੋ ਕੇ ਰਹੇ ਤੇ ਉਹਨਾਂ ਦੇ ਘਰ ਦਾ ਖਾਵੇ ਪੀਵੇ। ਨਾਮਧਾਰੀ ਉਹ ਸਾਕ ਨਹੀਂ ਸਨ ਮੰਨਦੇ ਜਿਹੜੇ ਕੋਈ ਖੁੱਲ੍ਹਿਆਂ ਨਾਲ...., ਕਹਿੰਦੇ-ਸਾੜੇ ਸਾਕ। ਤਾਂ ਇਹ ਚੀਜ਼ ਜਿਹਨਾਂ ਨੇ ਉਸ ਵੇਲੇ ਲੋਕਾਂ ਦੀ ਲੱਜ ਤੋੜੀ।"[9]

## -ਹਵਾਲੇ ਤੇ ਟਿੱਪਣੀਆਂ-

1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸ. ਜਸਵਿੰਦਰ ਸਿੰਘ), ਪਹਿਲੀ ਛਾਪ, ਹੁਕਮਨਾਮਾ ਨੰ: 63, ਇਹ ਹੁਕਮਨਾਮਾ ਸ੍ਰੀ ਗੁਰੂ ਹਰੀ ਸਿੰਘ ਜੀ ਪ੍ਰਥਾਇ ਹੈ ਅਤੇ ਇਸ ਵਿੱਚ ਸਤਿਗੁਰੂ ਜੀ ਬੀਬੀ ਨੰਦਾਂ, ਆਪਣੀ ਸਪੁੱਤਰੀ ਅਤੇ ਉਸਦੇ ਤਿੰਨਾਂ ਲੜਕਿਆਂ ਨੂੰ ਵੀ ਕੁੱਝ ਹਦਾਇਤਾਂ ਕਰਦੇ ਹਨ। ਗੁਰੂ ਹਰੀ ਸਿੰਘ ਜੀ ਦੀ ਮਾਰਫਤ ਨਾਮਧਾਰੀ ਸੰਗਤ ਨੂੰ ਹੁਕਮ ਹੈ ਕਿ ਉਹ ਦਸ-ਦਸ, ਵੀਹਾਂ-ਵੀਹਾਂ ਦੇ ਟੋਲਿਆਂ ਵਿੱਚ ਤੰਗੀਆਂ ਝੱਲ ਕੇ, ਰਾਜ ਦੰਡ ਸਹਾਰ ਕੇ, ਰੰਗੂਨ ਆ ਕੇ ਉਹਨਾਂ ਦੇ ਦਰਸ਼ਨ ਕਰਨ ਨਾਲੋਂ ਦੇਸ ਵਿਚ ਹੀ ਉਹਨਾਂ ਨਮਿੱਤ ਇਧਰ ਲੱਗਣ ਵਾਲੀ ਮਾਇਆ ਨਾਲ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪੁਆਉਣ ਅਤੇ ਜੇ ਬਹੁਤ ਜ਼ਰੂਰੀ ਸਮਝਣ ਤਾਂ ਸਾਲ ਬਾਅਦ ਜਾਂ ਹੱਦ ਦਸ ਮਹੀਨਿਆਂ ਬਾਅਦ ਇਕ ਜਾਂ ਹੱਦ ਦੋ ਆ ਜਾਣ। ਸਫਾ 520-21
2. ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਨਾਮਧਾਰੀ ਦੇਵੀਆਂ....., ਸਫਾ 99

3. ਸੰਤ ਸੰਤੋਖ ਸਿੰਘ ਬਾਹੋਵਾਲ (ਸ. ਜਸਵਿੰਦਰ ਸਿੰਘ), ਭਾਗ ਦੂਜਾ ਸਫਾ 182
4. ਸੰਤ ਬਿਸ਼ਨ ਸਿੰਘ ਹਿਸਟੋਰੀਅਨ-ਸਫਾ 100
5. ਸਵਰਨ ਸਿੰਘ ਵਿਰਕ, ਅੱਖੀਂ ਡਿੱਠਾ ਕਿੱਸਾ ਕੀਤਾ, (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ), ਇਸ ਪੁਸਤਕ ਵਿੱਚ ਜਿੱਥੇ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੀਆਂ ਜਥੇਦਾਰ ਝੱਬਰ ਨਾਲ ਕੀਤੀਆਂ ਰੀਕਾਰਡ ਹੋਈਆਂ ਮੁਲਾਕਾਤਾਂ ਅੰਕਿਤ ਹਨ ਉੱਥੇ ਸ੍ਰੀ ਗੁਰਦਿਆਲ ਸਿੰਘ ਜੋ ਸਿਰਸਾ ਵਿਖੇ ਰਹਿੰਦੇ ਸਨ, ਨਵੇਂ ਬੱਸ ਸਟੈਂਡ ਦੇ ਚੜ੍ਹਦੇ ਵੱਲ ਗਲੀ ਵਿੱਚ, ਹਿਸਾਰ ਰੋਡ ਤੇ, ਉੱਥੇ 25 ਸਤੰਬਰ 1979 ਈ. ਨੂੰ ਕਵੀ ਜੀ ਨੇ ਇਹਨਾਂ ਨਾਲ ਇੱਕ ਮੁਲਾਕਾਤ ਰੀਕਾਰਡ ਕੀਤੀ ਸੀ। ਸੰਤ ਹਰਪਾਲ ਸਿੰਘ ਸੇਵਕ ਦੇ ਸੁਝਾਅ ਤੇ ਇਹ ਅਤੇ ਕੁੱਝ ਹੋਰ ਕਵੀ ਜੀ ਦੁਆਰਾ ਕੀਤੀਆਂ ਮੁਲਾਕਾਤਾਂ, ਉਪਰੋਕਤ ਕਿਤਾਬ ਵਿੱਚ ਸ਼ਾਮਲ ਕਰਕੇ ਗੁਰੂ ਹਰੀ ਸਿੰਘ ਸਤਿਗੁਰੂ ਪਰਤਾਪ ਸਿੰਘ ਕਾਲ ਦੇ ਇਤਿਹਾਸ ਨੂੰ ਸਾਂਭਣ ਦਾ ਯਤਨ ਕੀਤਾ ਹੈ। ਮਾ. ਬਲਵੰਤ ਸਿੰਘ ਜੀ ਦੇ 1952 ਈ. ਵਿੱਚ ਚਲਾਣੇ ਤੋਂ ਬਾਅਦ, ਸੰਤ ਗੁਰਦਿਆਲ ਸਿੰਘ ਜੋ ਨਾਮਧਾਰੀ ਵਿਦਿਆਲਾ, ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀ ਰਹੇ ਸਨ ਅਤੇ 'ਟੋਹੀ ਵਾਲੇ' ਕਰਕੇ ਜਾਣੇ ਜਾਂਦੇ ਸਨ, ਜਿੱਥੇ ਉਹਨਾਂ ਦਾ ਪਰਿਵਾਰ ਨਾਨਕਿਆਂ ਪਾਸ ਵੱਸਿਆ ਸੀ, ਉਹ ਆਪਣੇ ਅਕਾਲ ਚਲਾਣੇ 1986 ਈ. ਤੱਕ ਸਤਿਜੁਗ, ਸ੍ਰੀ ਜੀਵਨ ਨਗਰ (ਹਿਸਾਰ-ਸਿਰਸਾ) ਦੇ ਐਡੀਟਰ ਤੇ ਪ੍ਰਿੰਟਰ, ਪਬਲਿਸ਼ਰ ਵੀ ਰਹੇ ਸਨ। ਉਪਰੋਕਤ ਮੁਲਾਕਾਤ ਸੰਤ ਗੁਰਮੁਖ ਸਿੰਘ ਹੋਰਾਂ ਦੇ ਕਿਰਦਾਰ, ਪਰਿਵਾਰ, ਸੁਭਾਉ ਅਤੇ ਸਿੱਖੀ ਸਿਦਕ ਦਾ ਕਾਫੀ ਸੁੰਦਰ ਵਰਣਨ ਕਰਦੀ ਹੈ।
6. ਹਿਸਟੋਰੀਅਨ ਬਿਸ਼ਨ ਸਿੰਘ ਸੰਤ, ਸਫਾ 99-100
7. ਉਪਰੋਕਤ- ਸਫਾ 100-01
8. ਸੰਤ ਗੁਰਦਿਆਲ ਸਿੰਘ, ਸ੍ਰੀ ਬਾਬਾ ਕਿਸ਼ਨ ਸਿੰਘ ਜੀ, ਸਤਿਜੁਗ ਸ੍ਰੀ ਭੈਣੀ ਸਾਹਿਬ ਦਾ ਬਸੰਤ ਅੰਕ 12 ਮਾਘ 1995, ਸਫਾ 153-57
9. ਲਾਲ ਏਹਿ ਰਤਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼-3 (ਸੰ. ਪ੍ਰਿੰ. ਬੀਬੀ ਬੇਅੰਤ ਕੌਰ, ਸਤਿਗੁਰੂ ਜੀ ਨੇ ਇਹ ਪਾਵਨ ਉਪਦੇਸ਼ ਸੰਗਤ ਦੇ ਭਲੇ ਲਈ ਮਿਤੀ 16-2-1954 ਨੂੰ, ਥਾਈਲੈਂਡ (ਸਿਆਮ) ਦੇਸ ਦਾ ਦੌਰਾ ਕਰਦਿਆਂ ਬੰਕੋਕ ਵਿਖੇ ਉਚਾਰਿਆ ਸੀ।.... ਸਫਾ 237-38

# ਸ਼ਾਹ ਦਿਲ, ਸ਼ਾਹ ਹੁਕਮ ਸਿੰਘ ਸਖਾਣਿਆਂ ਵਾਲੇ

ਕੋਈ ਵੀ ਸੰਪ੍ਰਦਾਇ, ਸੰਗਠਨ ਜਾਂ ਜਨ ਅੰਦੋਲਨ, ਕੁਝ ਧਨੀ ਮਾਨੀ ਲੋਕਾਂ ਦੀ ਸਹਾਇਤਾ ਨਾਲ ਵੀ ਆਪਣਾ ਆਕਾਰ ਗ੍ਰਹਿਣ ਕਰਕੇ, ਆਲੇ ਦੁਆਲੇ ਵਿੱਚ ਫਲਦੇ ਫੁੱਲਦੇ ਹਨ। ਇਹ ਪੈਸੇ ਟਕੇ ਵੱਲੋਂ ਸੌਖੇ ਸੱਜਣ ਜੇ ਦਿਲ ਦੇ ਵੀ ਸ਼ਾਹ, ਸਖੀ ਤੇ ਦਲੇਰ ਹੋਣ ਫਿਰ ਸੋਨੇ ਤੇ ਸੁਹਾਗੇ ਵਾਲਾ ਕੰਮ ਹੁੰਦਾ ਹੈ ਅਤੇ ਜੇ ਉਹ ਹੱਥ ਘੁੱਟ ਕੇ ਵਰਤਣ ਦੇ ਆਦੀ ਹੋਣ ਤਾਂ ਫਿਰ ਕੰਜੂਸ ਦਾ ਧਨ ਤਾਂ ਕਿਸੇ ਅਰਥ ਨਹੀਂ ਆਉਂਦਾ। ਉਹਨੂੰ ਤਾਂ ਕਬੀਰ ਜੀ ਦੇ ਸ਼ਬਦਾਂ ਵਿੱਚ ਸਿਰਫ ਧਨ ਰਾਖੀ ਕਰਨ ਵਾਸਤੇ ਹੀ ਮਿਲਦਾ ਹੈ। ਪੰਜਾਬੀ ਕਵੀ, ਸੱਯਦ ਵਾਰਿਸ ਸ਼ਾਹ ਹੋਰਾਂ ਦੇ ਜ਼ਮਾਨੇ ਵਿੱਚ ਇਹ ਰਿਵਾਜ ਪ੍ਰਚਲਿਤ ਸੀ ਕਿ ਫਲਾਣਾ, ਤਕੜਾ ਆਦਮੀ, ਮਰਨ ਲੱਗਾ, ਧਨ ਦੀਆਂ ਇਤਨੀਆਂ ਗੰਢਾਂ ਜਾਂ ਗਠੜੀਆਂ ਛੱਡ ਗਿਆ ਹੈ। ਇਹ ਗੰਢਾਂ ਹਜਾਰਾਂ ਦੀਆਂ ਵੀ ਹੋ ਸਕਦੀਆਂ ਸਨ ਅਤੇ ਲੱਖਾਂ ਦੀਆਂ ਵੀ ਪਰ ਸਾਡਾ ਇਹ ਕਵੀ ਅਣਵਰਤਿਆ ਧਨ ਛੱਡ ਕੇ ਮਰਨ ਵਾਲੇ ਨੂੰ "ਗੰਢੀ ਛੋੜ ਦੇ ਤਰਿਸਕ੍ਰਿਤ ਨਾਮ ਨਾਲ ਯਾਦ ਕਰਦਿਆਂ ਹੋਇਆਂ ਲਿਖਦਾ ਹੈ:-

"ਪੱਲੇ ਦੌਲਤਾਂ ਹੋਣ ਤਾਂ ਵੰਡ ਦੇਈਏ,

ਗੰਢੀ ਛੋੜਿਆਂ ਨਾਂਹ ਸਦਾਈਏ ਜੀ।"-(ਹੀਰ ਵਾਰਿਸ)

ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਵਿੱਚ ਇਸ ਤਰ੍ਹਾਂ ਦਾ ਇੱਕ ਪੈਸੇ ਟਕੇ ਵੱਲੋਂ ਵਾਹਵਾ ਸੌਖਾ ਸੱਜਣ, ਭਾਈ ਹੁਕਮ ਸਿੰਘ ਸਖਾਣਾ ਸੀ। ਇਹ ਪਿੰਡ ਅੱਜ ਕੱਲ੍ਹ ਦੇ ਪਾਕਿਸਤਾਨ ਵਿਚਲੇ ਪੱਛਮੀ ਪੰਜਾਬ ਦੇ ਜ਼ਿਲ੍ਹਾ ਸਿਆਲਕੋਟ ਦੇ ਸਤਰਾਹ ਥਾਣੇ ਦਾ ਪਿੰਡ ਸੀ। ਇਸ ਥਾਣੇ ਵਿੱਚ ਕੂਕਿਆਂ ਦੇ ਹੋਰ ਪ੍ਰਸਿੱਧ ਪਿੰਡ ਸਤਰਾਹ, ਸਿਰਾਂ ਵਾਲੀ, ਸਰਾਇ, ਪਿੱਖੀ, ਚੱਕ ਰਾਮ ਦਾਸ, ਉੱਗੂ ਚੱਕ (ਗੁਰੂ ਚੱਕ), ਛਾਂਗਾ, ਵਾਂਧੂ, ਗਿੱਲਗਿੱਟੀ, ਸੁੰਦਰਾਨਾ, ਮਾਂਗਾ, ਉਦੂ ਫੱਤਾ, ਕਿਲਾ ਸੂਬਾ ਸਿੰਘ, ਖੰਡੂ ਵਾਲੀ, ਠੱਟਾ ਦੇਸਾ ਸਿੰਘ, ਕਾਲੀ ਅਤੇ ਹਰਵੇਸਪੁਰ ਆਦਿ ਸਨ। ਪੰਜਾਬ ਸਰਕਾਰ ਦੀ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਅੰਦਰ, ਸਿਆਲਕੋਟ ਜ਼ਿਲ੍ਹੇ ਵਾਲੀ ਸੂਚੀ ਵਿੱਚ, ਨੌਂਵੇ ਨੰਬਰ ਤੇ ਭਾਈ ਹੁਕਮ ਸਿੰਘ ਦਾ ਨਾਮ ਦਰਜ਼ ਹੈ। ਉਸ ਦਾ ਪਿਤਾ ਝੰਡਾ ਸਿੰਘ ਸੀ। ਉਸਦਾ ਕਿੱਤਾ ਸ਼ਾਹੂਕਾਰਾ ਹੈ। ਉਸ ਦੇ ਨਖ ਸ਼ਿਖ ਵਰਣਨ ਵਾਲੇ ਖਾਨੇ ਵਿੱਚ ਦਰਜ਼ ਹੈ: ਰੰਗ ਗੋਰਾ, ਮਾਤਾ ਦੇ ਦਾਗਾਂ ਵਾਲਾ ਗੋਲ

ਚਿਹਰਾ, ਦੋਵੇਂ ਕੰਨ ਵਿੰਨ੍ਹੇ ਹੋਏ ਅਤੇ ਦੋਹਾਂ ਵਿੱਚ ਸੋਨੇ ਦੀਆਂ ਛੋਟੀਆਂ ਮੁਰਕੀਆਂ, ਲੰਬਾਈ ਸਾਢੇ ਪੰਜ ਫੁੱਟ ਲਗਪਗ ਅਤੇ ਉਮਰ ਵੀ ਲਗਪਗ 40 ਸਾਲ। ਵਿਸ਼ੇਸ਼ਤਾਵਾਂ ਵਾਲੇ ਖਾਨੇ ਵਿੱਚ ਲਿਖਿਆ ਹੈ ਕਿ ਉਹ ਧਨੀ ਵਿਅਕਤੀ ਹੈ ਅਤੇ ਆਲੇ ਦੁਆਲੇ ਵਿੱਚ ਸਤਿਕਾਰਿਆ ਜਾਂਦਾ ਹੈ।[1]

ਦਸਤਾਵੇਜ਼ਾਂ ਮੁਤਾਬਿਕ ਉਸ ਦਾ ਜਨਮ 1840 ਈ. ਦਾ ਬਣਦਾ ਹੈ ਜੋ ਦਰੁਸਤ ਨਹੀਂ ਮਾਲੂਮ ਹੁੰਦਾ। ਕਿਉਂਕਿ ਉਹ ਪਹਿਲਾਂ ਗੁਰੂ ਬਾਲਕ ਸਿੰਘ ਜੀ ਦੀ ਸ਼ਰਨ ਵਿੱਚ ਜਾ ਕੇ, ਸਿੰਘਣੀ ਦੀ, ਰੋਗ ਮੁਕਤੀ ਲਈ ਨਾਮਦਾਨ ਲੈਂਦਾ ਹੈ। ਗੁਰੂ ਬਾਲਕ ਸਿੰਘ ਜੀ 6 ਦਸੰਬਰ 1862 ਨੂੰ ਜੋਤੀ ਜੋਤਿ ਸਮਾਉਂਦੇ ਹਨ। ਸੰਨ 1857 ਦੀ ਵੈਸਾਖੀ ਤੋਂ ਬਾਅਦ ਉਹ ਆਮ ਤੌਰ ਤੇ ਕਿਸੇ ਵੀ ਨਾਮ ਅਭਿਲਾਖੀ ਨੂੰ, ਸਤਿਗੁਰੂ ਰਾਮ ਸਿੰਘ ਜੀ ਪਾਸ ਭੈਣੀ ਸਾਹਿਬ ਹੀ ਭੇਜਦੇ ਹਨ। ਇਸ ਲਈ ਹੁਕਮ ਸਿੰਘ ਹੋਰਾਂ ਦਾ ਜਨਮ 1835 ਈ. ਤੋਂ ਬਾਅਦ ਨਹੀਂ ਬਣੇਗਾ ਪਹਿਲਾਂ ਕੋਈ ਇੱਕ ਦੋ ਸਾਲ ਤਾਂ ਹੋ ਸਕਦਾ ਹੈ। ਸਾਡਾ ਇਤਿਹਾਸਕਾਰ, ਹੁਕਮ ਸਿੰਘ ਹੋਰਾਂ ਦੇ ਹਜਰੋਂ ਸਾਹਿਬ ਜਾਣ ਬਾਰੇ ਲਿਖਦਾ ਹੈ।

"ਹੁਕਮ ਸਿੰਘ ਸਖਾਣਿਆਂ ਦਾ ਸੀ। ਉਸਦੀ ਸਿੱਖਣੀ ਹੇਮ ਕੌਰ ਸੀ। ਉਸਨੂੰ ਮਿਰਗੀ ਵਾਂਗੂੰ ਮੂਰਛਾ ਹੋਇ ਜਾਂਦੀ ਸੀ। ਸ੍ਰੀ ਹਜਰੋਂ ਜੀ ਗਿਆ। ਜਾਇਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਦਰਸ਼ਨ ਕੀਤਾ। ਅੰਤਰਯਾਮੀ ਗੁਰੂ ਜੀ ਬਚਨ ਕੀਤਾ- ਹੁਣ ਤਾਂ ਛੱਡ ਸ਼ੋਹਦੀ ਨੂੰ। ਸ਼ਰਨ ਆਇ ਪਈ ਹੈ। ਹੁਣ ਕਿੱਥੇ ਜਾਏ ? ਜੇਹੜੀ ਮਿਰਗੀ ਆਉਂਦੀ ਸੀ ਸੋ ਹਟ ਗਈ। ਫੇਰ ਨਹੀਂ ਆਈ ਮਿਰਗੀ। ਬਚਨ ਹੋਇਆ ਜੇਕਰ ਨਾਂ ਫੜੀ ਹੋਈ ਹੁੰਦੀ ਤਾਂ ਏਥੇ ਕਿਵੇਂ ਔਂਦੀ ? ਬਚਨ ਕੀਤਾ- ਜਪੁ ਸਾਹਿਬ ਦੇ ਪਾਂਚ ਪਾਠ ਰੋਜ਼ ਕਰਿਆ ਕਰ।ਜੇ ਪਾਂਚ ਪਾਠ ਨਾ ਕਰੇਗੀ ਰੋਜ਼ ਤਾਂ ਤੇਰਾ ਸਰੀਰ ਬਿਨਸ ਜਾਏਗਾ। ਜਿੰਨਾ ਚਿਰ ਪਾਂਚ ਪਾਠ ਰੋਜ਼ ਕਰੇਂਗੀ ਓਨ੍ਹਾਂ ਚਿਰ ਰਾਜ਼ੀ ਰਹੇਂਗੀ। ਫਿਰ ਬਚਨ ਕੀਤਾ- ਇਸ ਬੀਬੀ ਨੇ ਮਰ ਜਾਣਾ ਸੀ ਪਰ ਮਹਾਂਪੁਰਖਾਂ ਦਾ ਦਰਸ਼ਨ ਕਰਨੇ ਕਰਕੇ ਬਚ ਗਈ ਹੈ। ਹੁਕਮ ਸਿੰਘ ਆਏ ਸਿੱਖਾਂ ਸੰਤਾਂ ਕੋ ਲੰਗਰ ਛਕਾਂਵਦਾ ਹੈ। ਏਕ ਦਿਨ ਕਹਿਣੇ ਲਗਾ ਜੀ ਲੜਕੇ ਕੀ ਖੁਸ਼ੀ ਤਾਂ ਬੜੀ ਹੈ ਪਰ ਵਿਸ਼ਟੇ ਮੈਂ ਹੱਥ ਰਹਿੰਦਾ ਹੈ। ਬੜੇ ਦੋਜਖਾਂ ਨਾਲ ਪਲਦਾ ਹੈ ਪਰ ਅੰਤ ਕੋ ਵਫਾ ਨਹੀਂ ਕਰਦਾ ਹੈ। ਤਾਂ ਤੇ ਹੇ ਗੋਬਿੰਦ, ਲੜਕਾ ਨਾ ਹੋਵੇ ਹੱਛਾ ਹੈ। ਹੁਕਮ ਸਿੰਘ ਨੇ ਤੀਨ ਵਿਆਹ ਕਰਵਾਏ, ਔਲਾਦ ਨਹੀਂ ਹੋਈ। ਫਿਰ ਪਛਤਾਵੇ ਕਿ ਮੈਂ ਇਹ ਮੰਗ ਕਿਉਂ ਮੰਗਣੀ ਸੀ ਜੋ ਲੜਕਾ ਨਾ ਹੋਵੇ ? ਕਿਸੇ ਵੇਲੇ ਕੀ ਐਸੀ ਮੰਗ ਮੰਗੀ ਹੋਈ ਫੇਰ ਤਰਸਦਾ ਰਿਹਾ। ਬਥੇਰੇ ਜਤਨ ਕੀਤੇ ਪਰ ਲੜਕਾ ਨਾ ਹੋਇਆ।[2]

ਸ੍ਰੀ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ, ਨਾਮਧਾਰੀ ਪੰਥ ਦੇ ਉੱਘੇ ਪਰਚਾਰਕ ਅਤੇ ਕੀਰਤਨੀਏ ਜੱਥੇਦਾਰ ਸੰਤ ਭਗਤ ਸਿੰਘ ਜੀ ਦਾਤੋਵਾਲੀਏ, ਸੂਬਾ ਜੀ ਨੇ ਸਤਿਜੁਗ ਦੇ 'ਸੰਤ ਅੰਕ' ਵਿੱਚ ਸੰਤ ਕੇਸਰ ਸਿੰਘ ਜੀ ਚਵਿੰਡਾ ਬਾਰੇ ਇਕ ਲੇਖ ਲਿਖਦਿਆਂ, ਉਸ ਵਿੱਚ ਹੁਕਮ ਸਿੰਘ ਹੋਰਾਂ ਬਾਰੇ ਵੀ ਬੜੀ ਕੀਮਤੀ ਜਾਣਕਾਰੀ ਦਰਜ਼ ਕੀਤੀ ਹੈ।

ਸ਼ਾਹ ਹੁਕਮ ਸਿੰਘ ਜੀ ਸਖਾਣਿਆਂ ਦੇ ਇੱਕ ਧਨਾਢ ਗੁਰਸਿੱਖ ਸਨ। ਆਪ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਭਜਨ ਪੁੱਛਿਆ ਸੀ। ਆਪ ਚੰਗੇ ਭਜਨੀਕ, ਨਿੱਤਨੇਮੀ ਤੇ ਵਿਚਾਰਸ਼ੀਲ ਸਨ। ਗੁਰ ਸਿੱਖਾਂ ਦੀ ਸੇਵਾ ਦਾ ਆਪ ਨੂੰ ਬੜਾ ਚਾਅ ਰਹਿੰਦਾ ਸੀ। ਲੋਹ ਲੰਗਰ ਤਪਦੇ ਰਹਿੰਦੇ ਸਨ। ਗੁਰਬਾਣੀ ਦੀ ਵਿਚਾਰ ਵੀ ਉਨ੍ਹਾਂ ਨੂੰ ਚੰਗੀ ਸੀ, ਤੇ ਹਰ ਰੋਜ਼ ਪਿਛਲੇ ਪਹਿਰ, ਕਥਾ ਨਿੱਤਨੇਮ ਨਾਲ ਕਰਦੇ ਹੁੰਦੇ ਸਨ- ਪਿੰਡ ਵਾਲੀ ਧਰਮਸ਼ਾਲਾ ਉਨ੍ਹਾਂ ਨੇ ਹੀ ਪਵਾਈ ਸੀ। ਸਾਧਾਂ ਵਾਸਤੇ ਬਸਤਰਾਂ ਤੇ ਜੋੜਿਆਂ ਦੇ ਕੋਠੇ ਭਰ ਛੱਡਦੇ ਸਨ। ਤੇ ਵਰਤਾ ਵਰਤਾ ਕੇ ਬੜੇ ਖੁਸ਼ ਹੁੰਦੇ ਸਨ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸੱਚੇ ਪਾਤਸ਼ਾਹ ਜਦ ਗੁਰੂ ਚੱਕ ਦੇ ਹੋਲੇ ਤੇ ਗਏ, ਤਾਂ ਏਨੀ ਬਰਖਾ ਹੋਈ ਕਿ ਲੰਗਰ ਪਕਾਣ ਵਾਸਤੇ, ਥਾਂਉਂ ਥੋਹੜਾ ਹੋਣ ਦੇ ਕਾਰਨ, ਸੰਗਤ ਨੂੰ ਬੜੀ ਤਕਲੀਫ ਹੋਈ। ਸਤਿਗੁਰੂ ਹਰੀ ਸਿੰਘ ਜੀ ਨੇ ਕਿਹਾ, 'ਭਾਈ ! ਜੇ ਹੋਰ ਕੋਈ ਪੇਸ਼ ਨਹੀਂ ਜਾਂਦੀ ਤਾਂ ਛੋਲਿਆਂ (ਜਾਂ ਮਸਰਾਂ) ਦੀਆਂ ਘੁੰਙਣੀਆਂ ਹੀ ਉਬਾਲ ਲਉ। ਉਸ ਵੇਲੇ ਸ਼ਾਹ ਹੁਕਮ ਸਿੰਘ ਜੀ ਨੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਕਿਰਪਾ ਕਰਕੇ, ਸਖਾਣੀਂ ਚਰਨ ਪਾਉ। ਅਰਜ਼ ਮਨਜ਼ੂਰ ਹੋ ਗਈ ਤੇ ਸਤਿਗੁਰਾਂ ਨੇ ਸੰਗਤਾਂ ਸਮੇਤ ਸਖਾਣੀ ਦਰਸ਼ਨ ਦਿੱਤੇ। ਉੱਥੇ ਏਨਾ ਅਤੁੱਟ ਲੰਗਰ ਵਰਤਿਆ, ਤੇ ਰਸ ਬੱਝਿਆ ਕਿ ਧੰਨ ਧੰਨ ਹੋ ਗਈ। ਸਤਿਗੁਰਾਂ ਨੇ ਸ਼ਾਹ ਹੁਰਾਂ ਨੂੰ ਪੁੱਛਿਆ- ਹੁਕਮ ਸਿੰਘਾ ਵਿਹਾਰ ਕਿੰਨੇ ਕੁ ਫੇਰ ਵਿੱਚ ਚਲਦਾ ਹੈ। ਬੇਨਤੀ ਕੀਤੀ, ਗਰੀਬ ਨਿਵਾਜ, ਪੰਜਾਹ ਹਜ਼ਾਰ ਦੇ ਅੰਦਰ ਬਾਹਰ ਖਿਲਾਰ ਖਿੱਲਰਿਆ ਹੋਇਆ ਹੈ। ਸਤਿਗੁਰਾਂ ਨੇ ਇਸੇ ਤਰ੍ਹਾਂ ਦੋ ਵਾਰ ਫੇਰ ਪੁੱਛਿਆ, ਪਰ ਸ਼ਾਹ ਹੁਰਾਂ ਨੇ ਏਹੀ ਜਵਾਬ ਦਿੱਤਾ ਕਿ ਪੰਜਾਹ ਕੁ ਹਜ਼ਾਰ ਦਾ ਪਹਿਣਾ ਹੈ। ਸਤਿਗੁਰਾਂ ਬਚਨ ਕੀਤਾ- ਜਾਹ ਉਇ ਹੁਕਮ ਸਿੰਘਾ ! ਐਸ ਵਕਤ ਤੂੰ ਜਿੰਨੇ ਲੱਖ ਆਖਨੋਂ ਓਨਾਂ ਹੀ ਹੋ ਜਾਣਾ ਸੀ ਪਰ ਹੁਣ ਤੇਰਾ ਵਿਹਾਰ, ਪੰਜਾਹ ਹਜ਼ਾਰ ਦੇ ਹੀ ਅੰਦਰ ਬਾਹਰ ਰਹੇਗਾ। ਸੱਚੇ ਪਾਤਸ਼ਾਹ ਦਾ ਵਾਕ ਐਸਾ ਅਟੱਲ ਹੋਇਆ, ਕਿ ਸ਼ਾਹ ਹੁਕਮ ਸਿੰਘ ਜੀ ਦੇ ਜੀਵਨ ਪ੍ਰਯੰਤ ਪੰਜਾਹ ਹਜ਼ਾਰ (ਰੁਪੈ) ਤੱਕ ਦਾ ਹੀ ਸਿਲਸਿਲਾ ਰਿਹਾ।[3]

ਬ੍ਰਹਮ-ਗਿਆਨੀ ਸੰਤ ਕੇਸਰ ਸਿੰਘ ਜੀ ਚਵਿੰਡਾ ਵਾਲੇ ਸੇਵਾ ਅਤੇ ਸਿਮਰਨ

ਦਾ ਸਾਕਾਰ ਰੂਪ ਸਨ ਜਿਹਨਾਂ ਭਜਨ ਪੁੱਛਣ ਬਾਅਦ, 13 ਵਰ੍ਹੇ ਬਾਬਾ ਜਮੀਅਤ ਸਿੰਘ ਦੇ ਪਿੰਡ ਗਿੱਲ (ਸਿਆਲਕੋਟ) ਵਿੱਚ ਲੰਗਰ ਦੀ ਸੇਵਾ ਕੀਤੀ। ਉਹਨਾਂ ਦੀ ਉੱਚੀ ਸੁੱਚੀ ਬਿਰਤੀ ਤੋਂ ਸ਼ਾਹ ਹੁਕਮ ਸਿੰਘ ਬਹੁਤ ਪ੍ਰਭਾਵਿਤ ਸਨ। ਇਸ ਲਈ ਸ਼ਾਹ ਜੀ ਜਦੋਂ ਕਦੇ ਗਿੱਲਾਂ ਵਿੱਚ ਜਾਂਦੇ ਤਾਂ ਸੰਤਾਂ ਨੂੰ ਅਰਜ਼ ਕਰਿਆ ਕਰਦੇ ਸਨ ਕਿ ਸਾਡੇ ਪਾਸ ਆ ਕੇ ਵੀ ਦਰਸ਼ਨ ਦਿਉ। ਗਿੱਲਾਂ ਤੋਂ ਛੁੱਟੀ ਕਰਕੇ ਆਉਂਦਿਆਂ ਨੂੰ ਰਾਹ ਵਿੱਚ ਫਿਰ ਸ਼ਾਹ ਜੀ ਮਿਲ ਪਏ। ਸੰਤ ਜੀ ਨੇ ਕਿਹਾ- "ਹੁਕਮ ਸਿੰਘਾਂ ਤੂੰ ਸਾਨੂੰ ਕਈ ਵਾਰ ਆਖਦਾ ਹੁੰਦਾ ਸੈਂ ਕਿ ਸਖਾਣੀ ਆਉ, ਸੋ ਹੁਣ ਅਸੀਂ ਆ ਗਏ ਹਾਂ, ਪਰ ਜੇ ਸਾਨੂੰ ਰੱਖਣਾਂ ਹਈ ਤਾਂ ਬਚਨ ਕਰ ਕਿ ਸਾਨੂੰ ਵਿਹਲਿਆਂ ਨਹੀਂ ਰਹਿਣ ਦੇਵੇਂਗਾ। ਸ਼ਾਹ ਹੋਰਾਂ ਕਿਹਾ- ਮਹਾਰਾਜ ਜੋ ਆਗਿਆ। ਸ਼ਾਹ ਹੋਰਾਂ ਕਿਹਾ, ਬਾਬਾ ਜੀ 40 ਭਰੀਆਂ ਸੁੱਕੀ ਜਵਾਰ ਹੈ, ਆਪ ਰੋਜ਼ ਸਵੇਰੇ ਉੱਠ ਕੇ ਇੱਕ ਕੁਤਰ ਛੱਡਿਆ ਕਰੋ। ਸੰਤ ਜੀ ਮਹਾਰਾਜ ਜਵਾਰ ਨੂੰ ਇਸ ਤਰ੍ਹਾਂ ਟੱਕਰੇ ਕਿ ਪੰਜਾਂ ਛੇਆਂ ਦਿਨਾਂ ਵਿੱਚ ਸਾਰੀ ਹੀ ਕੁਤਰ ਛੱਡੀ। ਹੁਣ ਫੇਰ ਸ਼ਾਹ ਨੂੰ ਪੁੱਛਿਆ, ਕੋਈ ਹੋਰ ਕੰਮ ਦੱਸ ? ਸ਼ਾਹ ਜੀ ਨੇ ਕਿਹਾ ਕਿ ਮੱਝਾਂ ਚਾਰ ਲਿਆਇਆ ਕਰੋ। ਹੁਣ ਬਾਬਾ ਜੀ ਮੱਝਾਂ ਚਾਰਨ ਲੱਗੇ। ਪਹਿਰ ਰਾਤ ਰਹਿੰਦੀ ਹੀ ਮੱਝੀਆਂ ਬਾਹਰ ਹਿੱਕ ਲੈਣੀਆਂ। ਦਿਨ ਚੜ੍ਹੇ ਪਿੰਡ ਲਿਆ ਕੇ, ਦੁੱਧ ਚੁਆ ਕੇ, ਫੇਰ ਬਾਹਰ ਲੈ ਜਾਣੀਆਂ ਤੇ ਪਹਿਰ ਰਾਤ ਗਈ ਲਿਆਉਣੀਆਂ। ਜੇਠ ਹਾੜ ਵਿੱਚ ਦੁਪਹਿਰੇ, ਤਬੇਲੇ ਵਿੱਚ ਬੰਨ੍ਹ ਕੇ ਸੇਵਾ ਕਰਨੀ, ਅੰਦਰੇ ਪਾਣੀ ਡਾਹੁਣਾ। ਪਾਣੀ ਪਿਆਉਣ ਲੱਗਿਆਂ, ਤਬੇਲੇ ਵਿੱਚ ਪਾਣੀ ਖਲੋ ਜਾਣਾ, ਮੱਝਾਂ ਨੇ ਬਹੁਤ ਖੁਸ਼ ਰਹਿਣਾ। ਫੇਰ ਪੱਖਾ ਲੈ ਕੇ ਕਿੰਨਾਂ ਕਿੰਨਾਂ ਚਿਰ ਮਹੀਂ ਨੂੰ ਝੱਲਦਿਆਂ ਰਹਿਣਾ। ਆਖਣਾ ਕਿ ਬੰਦੇ ਤਾਂ ਆਪ ਪੱਖਾ ਝੱਲ ਲੈਂਦੇ ਨੇ, ਏਹਨਾਂ ਨੂੰ ਕੌਣ ਝੱਲੇ ?

"ਹੁਣ ਸ਼ਾਹ ਹੋਰਾਂ ਨੇ ਕਿਹਾ- ਬਾਬਾ ਜੀ ਤੁਸੀਂ ਲੰਗਰ ਦੀ ਸੇਵਾ ਤੇ ਲੱਗ ਜਾਉ। ਸਤਿ ਬਚਨ ਕਹਿ ਕੇ, ਸੇਵਾ ਸ਼ੁਰੂ ਕਰ ਦਿੱਤੀ ਹਰ ਰੋਜ਼ ਪੰਜਾਹ ਸੱਠ ਸਾਧਾਂ ਦਾ ਤੇ ਕਿਸੇ ਕਿਸੇ ਦਿਨ ਸੌ ਸੌ ਦਾ ਪ੍ਰਸ਼ਾਦਾ ਪੱਕਦਾ ਸੀ। ਸੰਤਾਂ ਨੇ ਦੋ ਵਕਤ ਲੰਗਰ ਵਾਸਤੇ ਜਲ ਦੀਆਂ ਗਾਗਰਾਂ ਢੋਣੀਆਂ ਤੇ ਲੰਗਰ ਦਾ ਬੇਹਾ ਪ੍ਰਸ਼ਾਦਾ ਛੱਕ ਕੇ ਮਸਤ ਹੋ ਰਹਿਣਾ।"[4]

ਸੰਤ ਕੇਸਰ ਸਿੰਘ ਜੀ ਚਵਿੰਡਾ ਵਾਲਿਆਂ ਨੇ ਸ਼ਾਹ ਹੁਕਮ ਸਿੰਘ ਹੋਰਾਂ ਦੇ ਪਾਸ ਰਹਿ ਕੇ ਲੰਗਰ ਦੀ ਮਰਿਆਦਾ ਵਿੱਚ ਉੱਚੇ ਮਾਪਦੰਡ ਕਾਇਮ ਕੀਤੇ। ਉਹਨਾਂ ਅਨੁਸਾਰ "ਲੰਗਰ ਵਿੱਚ ਕਾਣੀ ਵੰਡ ਨਾਂ ਵਰਤੇ, ਕਿਸੇ ਦਾ ਦਿਲ ਨਾਂ ਦੁਖਾਇਆ ਜਾਵੇ, ਗੁਰਮਤਿ ਤੋਂ ਉਲਟ ਕੋਈ ਵਰਤਾਰਾ ਨਾ ਵਰਤੇ, ਸੇਵਾ ਯੋਗ ਸੱਜਣ ਨੂੰ ਸੇਵਾ ਮਿਲੇ, ਹੁਕਮ ਦੀ ਪਾਬੰਦੀ ਕਿਸੇ ਤੇ ਨਾਂ ਹੋਵੇ,

ਸਾਦਾ ਖਾਧਾ ਤੇ ਸਾਦਾ ਪਹਿਨਿਆ ਜਾਵੇ, ਲਿਹਾਜ਼ ਪਾਜ ਕਿਸੇ ਦਾ ਨਾਂ ਹੋਵੇ, ਸਾਰੇ ਸੁਕੇਸ਼ ਇਸ਼ਨਾਨ ਕਰਕੇ, ਸੇਵਾ ਦਾ ਲਾਹਾ ਲੈਣ" ਜੇ ਇਹ ਸ਼ਰਤਾਂ ਮਨਜ਼ੂਰ ਹੋਣ ਤਾਂ ਉਹ ਸੇਵਾ ਦਾ ਭਾਰ ਜਿਸ ਲਈ ਸ਼ਾਹ ਜੀ ਕਹਿ ਰਹੇ ਸਨ, ਚੁੱਕਣ ਨੂੰ ਤਿਆਰ ਸਨ। ਭਾਈ ਹੁਕਮ ਸਿੰਘ ਜੀ ਨੇ ਇਹ ਬਚਨ ਜੁੜੀ ਸੰਗਤ ਵਿੱਚ 'ਸਤਿ ਬਚਨ' ਕਹਿ ਕੇ ਪਰਵਾਨ ਕੀਤਾ ਤਾਂ ਸੰਤ ਚਵਿੰਡੇ ਵਾਲੇ ਇਸ ਲੰਗਰ ਦੀ ਸੇਵਾ ਵਿੱਚ ਜੁੱਟ ਗਏ।

"ਇਹ ਗੱਲ ਦੱਸਣ ਦੀ ਲੋੜ ਨਹੀਂ ਕਿ ਸਿੱਖੀ ਨਿਰੀ ਕਮਾਈ ਹੈ ਤੇ ਜਿਹੜਾ ਕਮਾਈ ਕਰਦਾ ਹੈ, ਉਸਨੂੰ ਇਹ ਦਾਤ ਪ੍ਰਾਪਤ ਹੁੰਦੀ ਹੈ। ਪਰ ਉਹ ਲੋਕ ਜੋ ਇਸਨੂੰ ਆਪਣੇ ਜੀਵਨ ਵਿੱਚ ਨਹੀਂ ਵਸਾਉਂਦੇ ਤੇ ਕੇਵਲ ਗੱਲਾਂ ਨਾਲ ਹੀ ਸਿੱਖ ਬਣਨਾ ਚਾਹੁੰਦੇ ਹਨ, ਉਹਨਾਂ ਨੂੰ ਸਿੱਖੀ ਦੀ ਪਾਹ ਵੀ ਨਹੀਂ ਲੱਗਦੀ। ਉਹ ਕੋਰੇ ਦੇ ਕੋਰੇ ਹੀ ਰਹਿੰਦੇ ਹਨ ਤੇ ਜਿਸ ਕਰਕੇ ਗੁਰਸਿੱਖੀ ਵਿੱਚ ਉਹਨਾਂ ਲਈ ਕੋਈ ਟਿਕਾਣਾ ਨਹੀਂ ਹੁੰਦਾ। ਸੰਤਾਂ ਨੇ ਸਿੱਖੀ ਨੂੰ ਅਮਲ ਵਿੱਚ ਲਿਆ ਕੇ ਦੱਸਿਆ। ਉਹਨਾਂ ਚੀਨੀ ਵਾਲੇ ਪਾਤਸ਼ਾਹ ਦੇ ਉਹ ਹੁਕਮਨਾਮੇ ਜੋ ਉਹਨਾਂ ਨੇ ਸਿੱਖਾਂ ਪ੍ਰਤੀ ਭੇਜੇ ਸਨ, ਉਹਨਾਂ ਤੇ ਅੰਤਿਮ ਸਵਾਸਾਂ ਤੱਕ ਪਹਿਰਾ ਦਿੱਤਾ।"[5]

ਸੰਨ 1904 ਈ. ਵਿੱਚ ਗੁਰੂ ਚੱਕ, ਪੁਰਾਣਾ ਨਾਂ ਉੱਗੂ ਚੱਕ, ਵਿਖੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਲੇ ਮਹੱਲੇ ਦਾ ਪੁਰਬ ਮਨਾਇਆ ਗਿਆ ਜਿੱਥੇ ਜਾਣ ਲਈ ਗੁਰੂ ਜੀ ਨੇ ਤਿੰਨ ਜ਼ਿਲ੍ਹਿਆਂ ਵਿੱਚ ਦੌਰਾ ਕਰਨ ਦੀ ਅੰਗਰੇਜ਼ ਸਰਕਾਰ ਤੋਂ ਮਨਜ਼ੂਰੀ ਲਈ ਸੀ। ਉਹ ਹੋਲਾ ਅਤੇ ਫਿਰ ਸਖਾਣੇ ਜਾਣ ਦਾ ਵੇਰਵਾ ਸਮਕਾਲੀ ਇਤਿਹਾਸਕਾਰ, ਬਾਹੋਵਾਲ ਜੀ ਵੀ ਕਾਨੀਬੰਦ ਕਰ ਗਏ ਹਨ।

"ਗੁਰੂ ਚੱਕ ਵਾਲੇ ਸਿੰਘਾਂ ਨੇ ਹੋਲੇ ਵਾਸਤੇ ਗੁਰੂ ਜੀ ਸੱਦੇ ਹੈਂ। ਸਿੰਘਾਂ ਨੇ ਅਰਜ਼ ਕੀਤੀ ਜੀ ਸਾਡੀ ਆਪਸ ਵਿੱਚ ਮਿਲਨੀ ਕਰਾਓ ਫੁੱਟ ਪੈ ਗਈ ਹੈ। ਬਚਨ ਹੋਇਆ ਮਿਲਕੇ ਰਹੋ ਸਾਰੇ।

### ਤਿੰਨ ਜ਼ਿਲ੍ਹੇ ਦੀ ਛੁੱਟੀ ਮਿਲੀ

"ਨਰੈਣ ਸਿੰਘ ਨੂੰ ਭੇਜਿਆ ਗੁਰੂ ਹਰੀ ਸਿੰਘ ਜੀ ਨੇ ਅੰਮ੍ਰਿਤਸਰ ਜ਼ਿਲ੍ਹੇ (ਡੀ.ਸੀ.) ਕੋਲ। ਨਰੈਣ ਸਿੰਘ ਨੂੰ ਫਰੰਗੀ ਨੇ ਕਹਾ ਛੇ ਵਜੇ ਆਓ। ਉਸਨੇ ਕਹਾ ਛੇ ਵਜੇ ਦੀਵਾਨ ਕਾ ਵੇਲਾ ਹੁੰਦਾ ਹੈ। ਫਰੰਗੀ ਨੇ ਕਹਾ ਦਸ ਵਜੇ ਸਵੇਰੇ ਆਓ। ਦਸ ਵਜੇ ਗਏ। ਫਰੰਗੀ ਨੇ ਕਿਹਾ– ਗੁਰੂ ਚੱਕ ਕੋ ਜਾਓਗੇ ਸਿੱਧੇ ਕਿ ਕਿਤੇ ਰਸਤੇ ਵਿੱਚ ਠਹਿਰੋਗੇ ? ਕਹਾ ਕਿ ਸਿੱਧੇ ਹੀ ਜਾਵਾਂਗੇ। ਏਹ ਭੀ ਕਹਿਆ– ਅੰਮ੍ਰਿਤਸਰ ਦੇ ਅਲਾਕੇ ਕਈਆਂ ਪਿੰਡਾਂ ਵਿੱਚ ਭੀ

ਜਾਵਾਂਗੇ। ਫਰੰਗੀ ਨੇ ਕਹਾ ਕਿ ਚਲੇ ਜਾਣਾ। ਬੜਾ ਖੁਸ਼ ਹੋ ਕੇ ਮਿਲਿਆ।

## ਗੁਰੂ ਚੱਕ ਗਏ

ਅੰਮ੍ਰਿਤਸਰ ਤੋਂ ਭੁਇਵਾਲੀ, ਫੱਤੇਵਾਲ ਚਰਨ ਪਾਏ ਫੇਰ ਬਾਠਾਂ ਵਾਲੇ ਗਏ। ਲੰਗਰ ਓਥੇ ਕੀਤਾ। ਅਗਲੇ ਦਿਨ ਦਾਤੇਵਾਲ। ਦਾਤੇਵਾਲ ਦੇ ਸਿੱਖਾਂ ਅਰਜ਼ ਕੀਤੀ- ਜੀ ਔੜ ਲੱਗੀ ਹੋਈ ਹੈ। ਗੁਰੂ ਹਰੀ ਸਿੰਘ ਜੀ ਸੰਤ ਭਗਤ ਸਿੰਘ (ਦਾਤੇਵਾਲ) ਨੂੰ ਕਿਹਾ ਕਿ ਅਰਦਾਸ ਕਰੋ। ਫਿਰ ਰਾਤ ਨੂੰ ਬੜੀ ਬਾਰਿਸ਼ ਹੋਈ। ਅਗਲੇ ਦਿਨ ਕਿਲੇ ਸੂਬਾ ਸਿੰਘ ਕੇ ਚਰਨ ਪਾ ਕੇ, ਗੁਰੂ ਚੱਕ ਗਏ।

"ਗੁਰੂ ਚੱਕ ਹੋਲਾ ਹੋਇਆ। ਹੋਲੇ ਤੋਂ ਅਗਲੇ ਦਿਨ ਬਾਰਸ਼ ਉੱਤਰ ਪਈ। ਗੁਰੂ ਮਹਾਰਾਜ ਜੀ ਹੁਕਮ ਦਿੱਤਾ, ਭਾਵੇਂ ਮਸਰ ਹੀ ਉਬਾਲ ਲਵੋ ਅੱਜ ਸੰਗਤ ਏਥੇ ਰਹੇ। ਪਿੰਡ ਵਾਲਿਆਂ ਕੋਲੋਂ ਇਹ ਬਚਨ ਨਾਂ ਮੰਨਿਆ ਗਿਆ। ਬਾਰਸ਼ ਪੈਂਦੀ ਵਿੱਚ ਸਖਾਣੀਂ ਗਏ।

## ਖ਼ਬਰਦਾਰ

ਸਖਾਣੀਂ ਹੁਕਮ ਸਿੰਘ ਸ਼ਾਹ ਪਾਸ ਦੋ ਦਿਨ ਰਹੇ। ਸਖਾਣੀਂ ਆਸਾ ਦੀ ਵਾਰ ਦਾ ਭੋਗ ਪਿਆ ਤਾਂ ਸੰਤ ਲਾਲ ਸਿੰਘ ਰਾਗੀਆਂ ਕੋਲ ਬੈਠੇ ਸੇ। ਗੰਗੀ, ਸੰਤ ਹਰਨਾਮ ਸਿੰਘ ਕਿਲੇ ਵਾਲਿਆਂ ਦੀ ਭੈਣ ਨੇ ਪਿੱਛੋਂ ਆ ਕੇ ਲਾਲ ਸਿੰਘ ਦੇ ਸਿਰ ਉੱਤੇ ਪੈਰ ਧਰ ਦਿੱਤਾ। ਫੇਰ ਸਾਧ ਸੰਗਤ ਮੈ ਬਚਨ ਹੋਣ ਲੱਗ ਪਿਆ ਕਿ ਝੂਠੇ ਸੰਤਾਂ ਦੇ ਸਿਰ ਉੱਤੇ ਇਸ ਤਰ੍ਹਾਂ ਮਾਇਆ ਦੀ ਜੁੱਤੀ ਟਿਕਦੀ ਹੈ। ਸੰਤਾਂ ਦੇ ਸੇਵਕ ਗੰਗੀ ਨੂੰ ਮਾਰਨ ਵਾਸਤੇ ਤਿਆਰ ਹੋਏ ਤਾਂ ਗੁਰੂ ਹਰੀ ਸਿੰਘ ਜੀ ਬਚਨ ਕੀਤਾ- ਖ਼ਬਰਦਾਰ ਜੇ ਕੋਈ ਇਸ ਨੂੰ ਮਾਰੇ।"[6]

ਸ਼ਾਹ ਹੁਕਮ ਸਿੰਘ ਜੀ ਵੀ ਖੱਤਰੀ ਸਿੱਖ ਸਨ ਅਤੇ ਸੰਤ ਹਰਨਾਮ ਸਿੰਘ ਕਿਲੇ ਵਾਲੇ ਵੀ ਖਤਰੰਮੇ ਭਾਈਚਾਰੇ ਵਿੱਚੋਂ ਸਨ। ਜਿਸ ਤਰ੍ਹਾਂ ਸੰਤ ਹਰਨਾਮ ਸਿੰਘ ਜੀ ਅਕਸਰ ਮਸਤਾਨੀ ਬਿਰਤੀ ਵਿੱਚ ਵਿਚਰਦੇ ਸਨ, ਉਹਨਾਂ ਦੀ ਇਹ ਭੈਣ ਵੀ ਮਸਤ ਬਿਰਤੀ ਵਿੱਚ ਵਿਚਰਨ ਵਾਲੀ ਸੀ, ਇਸੇ ਲਈ ਗੁਰੂ ਹਰੀ ਸਿੰਘ ਜੀ ਨੇ ਸੰਤ ਲਾਲ ਸਿੰਘ 'ਭੂਰੇ ਗਿੱਲੀਏ' ਦੇ ਸੇਵਕਾਂ ਨੂੰ ਬੀਬੀ ਪ੍ਰਤੀ ਕੋਈ ਅਵੱਗਿਆ ਕਰਨ ਤੋਂ ਰੋਕ ਦਿੱਤਾ ਸੀ।

ਸੰਨ 1897 ਈ. ਵਿੱਚ ਬਾਬਾ ਜਮੀਅਤ ਸਿੰਘ ਗਿੱਲਾਂ ਵਾਲਿਆਂ ਦੇ ਭੋਗ ਮੇਲੇ ਤੇ ਗੁਰੂ ਹਰੀ ਸਿੰਘ ਜੀ ਨੇ ਭਾਦਰੋਂ ਦੇ ਮਹੀਨੇ, ਦਰਸ਼ਨ ਦਿੱਤੇ ਸਨ। ਉਸ ਦੌਰੇ ਵਿੱਚ ਸਾਢੇ ਕੁ ਸੱਤ ਸਾਲ ਦੇ ਸਾਹਿਬਜ਼ਾਦਾ (ਸਤਿਗੁਰੂ) ਪਰਤਾਪ ਸਿੰਘ ਜੀ ਵੀ ਸ਼ਾਮਲ ਸਨ। ਉਹ ਆਪਣੇ ਇੱਕ ਉਪਦੇਸ਼ ਵਿੱਚ ਉਸ ਸਮੇਂ ਸਖਾਣਿਆਂ ਦੇ ਹੁਕਮ ਸਿੰਘ ਹੋਰਾਂ ਨੂੰ ਮਿਲਣ ਦਾ ਜ਼ਿਕਰ ਕਰਦੇ ਹਨ।"

"ਸੰਤ ਭਗਤ ਸਿੰਘ ਹੁਰਾਂ ਦੇ ਪਿੰਡ (ਦਾਤੇਵਾਲ) ਆ ਕੇ, ਉਹ ਮੱਠਾ ਜੀਵਨ ਸਿੰਘ ਉਹਨੂੰ ਕਹਿੰਦੇ ਸੀ ਭੈਣੀ ਸਾਹਿਬ ਦਾ ਸੀ, ਬੀਬੀ ਨੰਦਾਂ ਦੇ ਉਹ ਨਾਲ ਸੀ ਖਜ਼ਾਨਚੀ। ...ਫਿਰ ਉਹਨੇ ਖੋਹਲ ਕੇ ਵਾਸਨੀ ਰੁਪੱਈਆਂ ਦੀ ਸੁੱਟ ਦਿੱਤੀ ਉੱਥੇ ਵਿੱਚ ਗੁਰਦੇਈ (ਖੰਨੇ ਵਾਲੀ), ਹੁਕਮੀ (ਵਰਿਆਂਹ ਵਾਲੀ), ਸਾਰੀਆਂ ਮਸਤਾਨੀਆਂ ਹੋਈਆਂ ਸੀ। ਰਾਤ ਨੂੰ ਦੀਵਾਨ ਲੱਗਾ ਉੱਥੇ।

"ਫਿਰ ਗਏ ਹਾਂ ਗੁਰੂ ਚੱਕ ਤੇ ਸਖਾਣੇ ਵੀ। ਗੁਰੂ ਚੱਕ ਓਦੋਂ ਦੌਰਾ ਨਹੀਂ ਹੋਇਆ, ਚਰਨ ਪਾਏ ਨੇ। ਸ਼ਾਹ ਸਖਾਣਿਆਂ ਤੋਂ ਆਇਆ ਹੈ, ਗੁਰੂ ਚੱਕ ਦੌਰਾ ਹੋਇਆ ਹੈ, ਸਖਾਣੀਂ ਸ਼ਾਇਦ ਨਹੀਂ ਹੋਇਆ, ਮੈਨੂੰ ਇਹ ਚੇਤਾ ਨਹੀਂ ਆਉਂਦਾ। ਘੋੜੀ ਉਹਨਾਂ ਆ ਕੇ ਬੱਧੀ ਹੈ, ਬੱਗੀ ਘੋੜੀ ਹੈ ਮਗਰ ਖੱਚਰ ਸੀ। ਖੱਚਰ ਉਹ ਸਰਦਾਰ ਫਿਰਸੇ ਵਾਲੀਏ ਨੇ ਅਰਦਾਸ ਕਰਾਈ ਸੀ ਉਹਨੂੰ- ਹੁਕਮ ਸਿੰਘ (ਸ਼ਾਹ) ਨੂੰ।[7]

ਬਾਹੋਵਾਲ ਜੀ ਮੁਤਾਬਿਕ ਬਾਬਾ ਜੀ ਦੇ ਭੋਗ ਮੇਲੇ ਤੋਂ ਮੁੜਦਿਆਂ ਗੁਰੂ ਹਰੀ ਸਿੰਘ ਜੀ ਨੇ ਗੁਰੂ ਚੱਕ ਤੋਂ ਬਾਅਦ ਸਖਾਣਿਆਂ ਵਿੱਚ ਦਰਸ਼ਨ ਦਿੱਤੇ ਹਨ।[8]

ਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਜਰਾਂਵਾਲਾ, ਸਿਆਲਕੋਟ ਆਦਿ ਜ਼ਿਲ੍ਹਿਆਂ ਵਿੱਚ ਜਦੋਂ ਗੁਰੂ ਹਰੀ ਸਿੰਘ ਜੀ ਨੂੰ ਦੌਰੇ ਦੀ ਮਨਜ਼ੂਰੀ ਨਾਂ ਮਿਲਦੀ ਤਾਂ ਸਥਾਨਕ ਇਲਾਕਿਆਂ ਦੀ ਸੰਗਤ ਇਕੱਠੀ ਹੋ ਕੇ ਹੋਲਾ ਮਹੱਲਾ ਮਨਾ ਲੈਂਦੀ ਸੀ। ਇਸ ਤਰ੍ਹਾਂ ਦਾ ਇੱਕ ਹੋਲਾ ਮਹੱਲਾ ਕੰਗ ਪਿੰਡ (ਜ਼ਿਲ੍ਹਾ ਸਿਆਲਕੋਟ) ਵਿੱਚ ਸਥਾਨਕ ਸੰਗਤਾਂ ਨੇ ਮਿਲ ਜੁਲ ਕੇ ਕੀਤਾ ਸੀ। ਪਰ ਉਦੋਂ ਸਮੇਂ ਅਜਿਹੇ ਸਨ ਕਿ ਕਾਲ ਵਰਗੇ ਹਾਲਾਤ ਸਨ। ਮੇਲੇ ਵਿੱਚ ਰਸਤਾਂ ਥੁੜ ਗਈਆਂ। ਜਦੋਂ ਸ਼ਾਹ ਜੀ ਅਤੇ ਉਹਨਾਂ ਦੇ ਹਮਨਾਮ ਡਸਕੇ ਵਾਲੇ ਸੇਠ ਜੀ ਨੇ ਇਹ ਸੁਣਿਆ ਕਿ ਸੰਗਤ ਦੀ ਬੇਰਸੀ ਹੋਏਗੀ ਤੁਰਤ ਫੁਰਤ ਦੋਹਾਂ ਨੇ ਸੱਤ ਸੌ ਮਣ ਦਾਲ ਅਤੇ ਚਾਵਲ ਹੋਲੇ ਦੇ ਮੇਲੇ ਵਿੱਚ ਪੁਚਾ ਦਿੱਤੇ। ਇਹ ਵਾਰਤਾ ਵੀ ਅਟੱਲ ਪਰਤਾਪੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿੱਚ ਮਿਲਦੀ ਹੈ।

ਮੈਂ ਇਹ ਗੱਲ ਸੁਣੀ ਹੈ, ਸੰਤਾਂ ਭਗਤ ਸਿੰਘ (ਦਾਤੇਵਾਲ) ਹੋਰਾਂ ਪਾਸੋਂ- ਹੋਲਾ ਕੰਗੀਂ- ਮੈਂ ਤੇ ਉਸ ਮੇਲੇ ਵਿੱਚ ਨਹੀਂ ਗਿਆ ਕੰਗਾਂ ਦੇ ਮੇਲੇ ਵਿੱਚ। ਸੇਠ ਹੁਕਮ ਸਿੰਘ ਹੋਰੀਂ ਸੁਖਾਣੇ ਵਾਲੇ ਜਿਊਂਦੇ ਸਨ, ਇਹਨਾਂ ਦਾ ਨਾਂ ਵੀ ਹੁਕਮ ਸਿੰਘ ਸੀ ਡਸਕੇ ਵਾਲਿਆਂ ਦਾ। ਇਹ ਦੋਵੇਂ ਜਿਊਂਦੇ ਸੀ। ਫੇਰ ਇਹਨਾਂ ਦੀ ਖੇਡ ਢਿੱਲੀ ਹੋ ਗਈ ਜ਼ਰਾ ਕੁ ਵਿਹਾਰ ਕਰਕੇ ਡਸਕੇ ਵਾਲਿਆਂ ਦੀ- ਪਹਿਲਾਂ ਬੜਾ ਚੰਗਾ ਕੰਮ ਸੀ। ਮੇਲੇ 'ਚ ਅੰਨ ਪਾਣੀ ਥੋੜ੍ਹਾ ਰਹਿ ਗਿਆ। ਉਹਨਾਂ ਨੇ ਪੁੱਛਿਆ ਹੀ ਨਹੀਂ ਕਿਸੇ ਨੂੰ, ਆਂਹਦੇ ਨੇ, "ਜਾਉ

ਸੱਤ ਸੌ ਮਣ ਫਲਾਣੇ ਥਾਂ ਚੌਲ ਤੇ ਪਈ ਹੈ- ਦਾਲ ਸਾਡੀ, ਉਹ ਖਿਚੜੀ ਚੁੱਕ ਲਿਆਉ।" ਦੋਹਾਂ ਨੇ ਆਖਿਆ ਕਿ ਮੇਲਾ ਨਾ ਭੰਡਿਆ ਜਾਏ- ਸਾਧ ਸੰਗਤ ਦਾ। ਹੁਣ ਮੈਂ ਕਹਿਨੈਂ- ਉਹ ਸੇਠ ਨੇ ਮੇਲਾ ਕੀਤੈ- ਮੈਨੂੰ ਕੀ, ਸੇਠ- ਮਰੇ, ਜੇ ਭੰਡੀ ਹੋਊ ਤਾਂ ਸੇਠਾਂ ਦੀ ਹੋਊ। ਇਹ ਸਿੱਖੀ ਨਹੀਂ। ਬੀ ਹੈ, ਸਤਿਗੁਰਾਂ ਅਜੇ ਵੀ ਕਿਤੇ ਕਿਤੇ-ਕਿਤੇ ਰੱਖਿਆ ਹੋਇਆ।[9]

ਆਪਣੇ ਪੰਥ ਦੀ ਆਨ ਸ਼ਾਨ ਕਾਇਮ ਰੱਖਣ ਲਈ, ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਣੀ ਵੀ, ਸ਼ਾਹ ਹੁਕਮ ਸਿੰਘ ਜੀ ਸਖਾਣਿਆਂ ਵਾਲਿਆਂ ਜਿਹੇ ਸ਼ਾਹੂਕਾਰਾਂ ਦੇ ਸੁਭਾਅ ਦਾ ਹਿੱਸਾ ਸੀ ਜਿਹੜੇ ਅੰਦਰੋਂ ਬਾਹਰੋਂ ਪੂਰੀ ਤਰ੍ਹਾਂ ਆਪਣੇ ਸਤਿਗੁਰੂ ਦੇ ਰੰਗ ਵਿੱਚ ਰੰਗੇ ਹੋਏ ਸਨ, ਜਿਹਨਾਂ ਸੇਵਾ ਕਰਕੇ, ਗੁਰੂ ਬਾਲਕ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਤਿੰਨ ਸਤਿਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਤਾਂ ਲਈਆਂ ਹੀ ਸਨ। ਸ਼ਾਹ ਜੀ ਦੇ ਚਲਾਣੇ ਬਾਰੇ ਸਾਡੇ ਪਾਸ ਕੋਈ ਨਿਸ਼ਚਿਤ ਸੂਚਨਾ ਨਹੀਂ. ਮਾਲੂਮ ਹੁੰਦਾ ਹੈ ਕਿ ਉਹ ਵੀਹਵੀਂ ਸਦੀ ਦਾ ਪਹਿਲਾ ਦਹਾਕਾ ਮੁੱਕਣ ਤੋਂ ਪਹਿਲਾਂ ਹੀ ਸਵਰਗਵਾਸ ਹੋ ਗਏ ਹੋਣਗੇ।

ਬਹੁਮੁੱਲੀ ਰਚਨਾ, ਜੱਸ ਜੀਵਨ ਦੇ ਲੇਖਕ, ਸੰਤ ਤਰਨ ਸਿੰਘ ਵਹਿਮੀ ਦੇ ਗੁਰੂ ਚੱਕ, ਸਖਾਣਿਆਂ ਦੇ ਗੁਆਂਢੀ ਪਿੰਡ ਵਿੱਚ ਵੱਸਦੇ, ਨਾਨਾ ਸੰਤ ਮੱਲਾ ਸਿੰਘ ਨਾਲ ਵੀ ਸ਼ਾਹ ਜੀ ਦਾ ਬਹੁਤ ਪ੍ਰੇਮ ਸੀ। ਉਹ ਅਕਸਰ ਵੇਲੇ ਕੁਵੇਲੇ ਲੋੜਵੰਦ ਸਿੱਖਾਂ ਦੀਆਂ ਗਰਜ਼ਾਂ ਸ਼ਾਹ ਜੀ ਤੋਂ ਆਪਣੀ ਜ਼ਾਮਨੀ ਤੇ ਵੀ ਪੂਰੀਆਂ ਕਰਵਾਇਆ ਕਰਦੇ ਸਨ। ਅਸੀਂ ਵਹਿਮੀ ਜੀ ਦੀ ਰਚਨਾ ਵਿੱਚੋਂ ਸ਼ਾਹ ਜੀ ਬਾਰੇ ਮਿਲਦੇ ਵੇਰਵੇ ਵੀ ਪਾਠਕਾਂ ਨਾਲ ਸਾਂਝੇ ਕਰਨ ਦੀਆਂ ਖੁਸ਼ੀਆਂ ਲੈ ਰਹੇ ਹਾਂ।

ਸਤਿਗੁਰੂ ਪਰਤਾਪ ਸਿੰਘ ਜੀ 6 ਚੇਤਰ 1991 ਬਿ. (ਮ: 1934 ਈ.) ਨੂੰ ਦੌਰਾ ਕਰਦੇ ਹੋਏ ਸਖਾਣੇ ਪਿੰਡ ਵਿੱਚ ਠੱਟਾ ਗੁਲਾਬ ਸਿੰਘ ਅਤੇ ਗੁਰੂ ਚੱਕ ਤੋਂ ਬਾਅਦ ਦਰਸ਼ਨ ਦਿੱਤੇ ਸਨ। ਆਲੇ ਦੁਆਲੇ ਤੋਂ ਸਾਧ ਸੰਗਤ ਕਾਫੀ ਆਈ। ਇੱਥੇ ਸ਼ਾਹ ਹੁਕਮ ਸਿੰਘ ਜੀ ਦੇ ਵੇਲੇ ਦਾ ਲੰਗਰ, ਗੁਰਦੁਆਰਾ, ਤਬੇਲੇ, ਬਹੁਤ ਲੋੜ ਪੂਰੀ ਕਰਨ ਜੋਗ ਬਣੇ ਹੋਏ ਸਨ। ਇੱਥੇ ਕਦੇ (ਸ਼ਾਹ ਜੀ ਦੇ ਸਮੇਂ ਵਿੱਚ), ਭੈਣੀ ਸਾਹਿਬ ਵਾਂਗੂੰ ਹਰ ਆਏ ਲਈ ਲੰਗਰ ਚਲਦਾ ਸੀ। ਸਾਧ ਸੰਗਤ ਦੀ ਬੜੀ ਭੀੜ ਰਹਿੰਦੀ, ਕਥਾ ਕੀਰਤਨ ਦਾ ਰੁਝਾਨ ਬਣਿਆ ਰਹਿੰਦਾ ਸੀ। ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ, ਇੱਥੇ ਗੁਰੂ ਕਾ ਲੰਗਰ ਜਾਣ ਬੜਾ ਚਿਰ ਨਿਸ਼ਕਾਮ ਸੇਵਾ ਕਰਦੇ ਰਹੇ। ..... ....ਸ਼ਾਹ ਹੁਕਮ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਖਾਣੀ ਆਏ ਸਮੇਂ,

ਇੱਕ ਮੁਸਲਮਾਨ ਨੂੰ ਪੁੱਤਾਂ ਹੱਥੋਂ ਤੰਗ ਡਿੱਠਾ। ਉਹ ਕਹੇ ਮੈਂ ਬਿਰਧ ਹਾਂ ਤੁਸੀਂ ਗਾਰਾ ਬਣਾਓ। ਪੁੱਤਰ ਕਹਿਣ, ਤੂੰ ਹੁਣ ਵੱਡੇ ਤੇ ਨਹੀਂ ਹੋਣਾ, ਬੁੱਢੇ ਬੰਦੇ ਤੇ ਪੁਰਾਣੇ ਕੱਛ-ਕੱਪੜੇ ਨੂੰ ਜਿੰਨਾਂ ਵਰਤ ਲਈਏ ਲਾਹੇ ਦਾ ਹੁੰਦਾ ਏ। ਸ਼ਾਹ ਨੇ ਸਤਿਗੁਰੂ ਜੀ ਪਾਸ ਅਰਜ਼ ਜਾ ਕੀਤੀ। ਮੈਨੂੰ ਇਸ ਗ੍ਰਿਸਤ ਗੰਦ ਵਿੱਚ ਨਾ ਪਾਉਣਾ, ਗੁਰੂ ਕੀ ਸੇਵਾ ਤੇ ਲੰਗਰ ਸਤਸੰਗ ਦੀ ਰੌਣਕ ਹੀ ਦਿਓ। ਸਤਿਗੁਰੂ ਜੀ ਪੁੱਛਿਆ ਤੇਰਾ ਲਹਿਣਾ ਕਿਤਨਾ ਹੈ? ਸ਼ਾਹ ਕਿਹਾ 80 ਹਜ਼ਾਰ ਜਾਂ ਲੱਖ ਦਾ ਸਤਿਗੁਰੂ ਜੀ ਬਚਨ ਕੀਤਾ ਤੇਰਾ ਲੱਖ ਤੋਂ ਨਾ ਘਟੇਗਾ, ਭਾਂਵੇਂ ਕਿਤਨੀ ਖੁੱਲ੍ਹੀ ਮਾਇਆ ਵਰਤੇਂਗਾ। ਇਹ ਸ਼ਾਹ ਸੰਗਤ ਜੋਗ ਜੋੜੇ, ਲੋਈਆਂ, ਬਸਤਰ, ਗੜਵੇ, ਮਾਲਾ ਆਦਿ ਦੇ ਕੋਠੇ ਭਰ ਰੱਖਦਾ ਸੀ ਤੇ ਗ਼ਰੀਬਾਂ ਨੂੰ ਦਾਨ ਵੰਡਦਾ ਸੀ।[10]

ਵਹਿਮੀ ਜੀ ਨੇ ਬਾਹੋਵਾਲ ਜੀ ਨਾਲੋਂ ਪਾਹਣੇ ਦੀ ਰਕਮ ਅਤੇ ਵੇਲੇ ਦੇ ਸਤਿਗੁਰੂ ਜੀ ਦਾ ਕੁਝ ਫਰਕ ਲਿਖਿਆ ਹੈ। ਬਾਹੋਵਾਲ ਜੀ ਮੁਤਾਬਿਕ ਬਚਨ ਗੁਰੂ ਹਰੀ ਸਿੰਘ ਜੀ ਨਾਲ ਹੋਇਆ ਸੀ। ਖੈਰ ਆਸ਼ਾ ਦੋਹਾਂ ਲੇਖਕਾਂ ਦਾ ਹੁਕਮ ਸਿੰਘ ਦੀ ਸਖਾਵਤ ਅਤੇ ਉਸਦੇ ਧਨ ਪਦਾਰਥ ਦੀ ਬਹੁਤਾਤ ਦਾ ਜ਼ਿਕਰ ਕਰਨਾ ਸੀ। ਉਹਨਾਂ ਦੀ ਉਦਾਰਤਾ ਦੇ ਕਿੱਸੇ ਦੂਰ ਦੂਰ ਤੱਕ ਮਸ਼ਹੂਰ ਹੋ ਗਏ ਸਨ। ਵੇਖਿਆ ਜਾਂਦਾ ਹੈ ਕਿ ਆਮ ਤੌਰ ਤੇ ਸ਼ਾਹੂਕਾਰਾ ਕਰਨ ਵਾਲੇ ਲੋਕ ਪੈਸੇ ਟਕੇ ਦੇ ਮਾਮਲੇ ਵਿੱਚ ਸਖਤ ਮਿਜ਼ਾਜ਼ ਹੁੰਦੇ ਹਨ। ਪਰ ਇਹ ਸਤਿਗੁਰੂ ਰਾਮ ਸਿੰਘ ਜੀ ਦੇ ਪਵਿੱਤਰ ਨਾਮ ਦੀ ਬਖਸ਼ਿਸ਼ ਸੀ ਕਿ ਬਹੁਤ ਕਠੋਰ ਹਿਰਦੇ ਵੀ ਮੋਮਵੰਤ ਨਰਮ ਹੋ ਕੇ ਦੀਨਾਂ ਦੁਖੀਆਂ ਦਾ ਦਰਦ ਵੰਡਾਉਣ ਲਈ, ਕੋਈ ਮੌਕਾ ਨਹੀਂ ਖੁੰਝਾਉਂਦੇ ਸਨ।

"ਸ਼ਾਹ ਹੁਕਮ ਸਿੰਘ ਦੇ ਉਦਾਰ ਸੁਭਾ ਦੀ ਵਾਰਤਾ ਇਸ ਤਰ੍ਹਾਂ ਦੀ ਸੀ। ਸ਼ਾਹ ਜੀ ਪੰਛੀ ਫਾਹੀ-ਗੀਰਾਂ ਤੋਂ ਦਾਣੇ ਦੇ ਛੁਡਾਂਦੇ ਨਿੱਤ . ਕਿਸੇ ਕਿਹਾ ਤੁਸੀਂ ਇਹਨਾਂ ਨੂੰ ਨਿੱਤ ਦਾਣੇ ਦੇਂਦੇ ਹੋ, ਇਹ ਰੋਜ਼ (ਫਿਰ ਪੰਛੀ) ਫੜਦੇ ਹਨ। ਤਾਂ ਹੁਕਮ ਸਿੰਘ ਕਿਹਾ ਸੀ, ਜੋ ਪੰਛੀ ਇਕ ਵੇਰ ਫਾਹੀ ਵਿੱਚ ਪੈ ਬਚ ਜਾਏ ਫੇਰ ਫਸਦਾ ਨਹੀਂ ਤੇ ਮੇਰਾ ਰੋਜ਼ ਦਾ ਕੰਮ ਟੁਰਿਆ ਰਹਿੰਦੈ। ਇਹ ਪਾਪ ਕਰਨ ਤੋਂ ਬਚ ਜਾਂਦੇ ਹਨ। ਤੇ ਚੋਰੀ ਛੱਟਾਂ (ਦਾਣਿਆਂ ਦੀਆਂ ਭਰੀਆਂ) ਉਹਨਾਂ ਦੇ ਖੋਤਿਆਂ ਤੋਂ ਜਿਹੜਾ ਲਾਹ ਲਵੇ, ਉਸ ਤੋਂ ਛੱਟ ਘੁਮਿਆਰ ਨੂੰ ਨਾਂ ਦਵਾਂਦੇ, ਆਪ ਦੇਂਦੇ ਸੀ ਤੇ ਪੁੱਛ ਭੀ ਨਾ ਕਰਦੇ ਸੀ ਮੱਤ ਸ਼ਰਮਿੰਦਾ ਹੋਵੇ। ਇਹਨਾਂ ਤੋਂ ਭੁੱਖਿਆਂ ਨੂੰ ਦਾਣੇ ਦਵਾ ਲੈਂਦੇ, ਵਾਕਫ਼ ਤੇ ਭਲੇ ਪੁਰਸ਼ ਜ਼ਾਮਨ ਹੋ ਦਵਾਂਦੇ ਸੀ।ਪਰ ਜੇ ਨਾਂ ਭੀ ਕਿਸੇ ਤੋਂ ਪਰਤਾਏ ਜਾਣ ਤਾਂ ਇਹ ਜ਼ਾਮਨ ਤੋਂ ਰਕਮ ਨਹੀਂ ਸੀ ਲੈਂਦੇ ਤੇ ਕਹਿੰਦੇ ਸੀ, ਤੇਰੀ ਨੀਤ ਜਦ ਖੋਟੀ ਨਹੀਂ ਤਾਂ ਚੋਟ ਤੈਨੂੰ ਕਿਉਂ ਵੱਜੇ ? ਕਈਆਂ ਸ਼ਰੀਕਾਂ

ਸ਼ਾਹੂਕਾਰਾਂ ਦੇ ਥਾਂ ਟੈਕਸ ਭੀ ਭਰ ਆਉਂਦੇ ਸੀ, ਸਰਕਾਰੇ। ਤੇ ਕਹਿੰਦੇ ਸੀ ਉਹ ਝੂਠ ਬੋਲਣੋਂ ਬਚੇ ਹਨ, ਨਹੀਂ ਤੇ ਫਰੇਬ ਕਰਨਾ ਸਾਨੇ।

"ਸ਼ਾਹ ਹੁਕਮ ਸਿੰਘ ਜੀ ਦੇ ਮੇਲੀ ਮੇਰੇ (ਵਹਿਮੀ ਜੀ ਦੇ) ਨਾਨਾ ਜੀ, ਗੁਰੂ ਚੱਕ ਦੇ ਮੱਲਾ ਸਿੰਘ ਜੀ, ਜ਼ਾਮਨ ਹੋ ਗਰੀਬਾਂ ਨੂੰ ਹੁਕਮ ਸਿੰਘ ਜੀ ਤੋਂ ਸਿਆਲ ਵਿੱਚ ਦਾਣੇ ਦਵਾਂਦੇ ਹੁੰਦੇ ਸੀ। ਤੇ ਨਾਂ ਮੁੜੇ, ਜੁੜਦੇ ਵੱਡੀ ਰਕਮ ਹੋ ਗਈ ਸੀ। ਮੱਲਾ ਸਿੰਘ ਜੀ ਬੀਮਾਰ ਪਏ ਤਾਂ ਹੁਕਮ ਸਿੰਘ ਜੀ ਨੂੰ ਸੱਦ ਕਿਹਾ, "ਮੇਰੀ ਜ਼ਮੀਨ ਜ਼ਾਮਨੀ ਵਿੱਚ ਲੈ ਲਵੋ।" ਹੁਕਮ ਸਿੰਘ ਜੀ ਕਿਹਾ, ਤਾਂ ਕੀ ਹੋਇਆ, ਤੂੰ ਕਿਹੜੇ ਘਰ ਲਿਆ ਖਾਧੇ ਹਨ।" ਮੱਲਾ ਸਿੰਘ ਜੀ ਕਿਹਾ, "ਮੈਂ ਮਾਫ਼ ਨਹੀਂ ਕਰਾਣੀ ਰਕਮ ਹੁੰਦੇ ਹੁੰਦੇ। ਦਰਗਾਹੇ, ਊਹਾ ਸਾਚ ਨਿਆਇ ਨਬੇਰਾ ਹੋਣਾ ਹੈ। ਮੱਲਾ ਸਿੰਘ ਜੀ ਜ਼ਾਮਨੀ ਦੀ ਰਕਮ ਵਿੱਚ ਜ਼ਮੀਨ ਗਹਿਣੇ ਦਿੱਤੀ ਤੇ ਥੋਹੜੇ ਦਿਨਾਂ ਬਾਅਦ ਚੜ੍ਹ ਗਏ। ਸ਼ਾਹ ਹੁਕਮ ਸਿੰਘ ਜੀ ਭੀ ਥੋਹੜੇ ਦਿਨਾਂ ਬਾਅਦ ਇਹ ਕਹਿ "ਬਿਨਾਂ ਸਨੇਹੀਆਂ ਦੇ ਜੱਗ ਜੀਣਾ। ਜਾਪੇ ਬੇ-ਸੁਆਦ ਤੇ ਅਤਿ ਹੀਣਾ" ਚੜ੍ਹ ਗਏ ਸੀ।[11]

ਸ਼ਾਹ ਜੀ ਆਪਣਾ ਧਨ ਪਦਾਰਥ ਚੁਰਾਉਣ ਵਾਲਿਆਂ ਨੂੰ ਵੀ ਬਿਨਾਂ ਝਿਜਕ ਮੁਆਫ਼ ਕਰ ਦਿੰਦੇ ਸਨ। ਉਹ ਸਮਝਦੇ ਸਨ ਕਿ ਇਸ ਚੋਰੀ ਸ਼ੌਂਕ ਨਾਲ ਨਹੀਂ ਭੁੱਖੇ ਮਰਦਿਆਂ ਕੀਤੀ ਹੈ ਅਤੇ ਉਹ ਚੋਰ ਦੇ ਮਨੁੱਖੀ ਅਧਿਕਾਰਾਂ ਦੇ ਵੀ ਪੂਰੇ ਸੂਰੇ ਹਮਾਇਤੀ ਸਨ। ਜਿਹੜੇ ਉਹਨਾਂ ਦੇ ਦਾਣਿਆਂ ਵਾਲੇ ਖੋਤੇ ਘੇਰ ਕੇ ਉਪਰੋਂ ਦਾਣਿਆਂ ਦੀਆਂ ਛੱਟਾਂ ਲਾਹ ਲੈਂਦੇ ਉਹਨਾਂ ਤੋਂ ਛੱਟਾਂ ਵਾਪਸ ਲੈ ਕੇ ਉਹਨਾਂ ਨੂੰ ਸ਼ਰਮਿੰਦਾ ਕਰਨ ਦੀ ਬਜਾਏ, ਖੋਤਿਆਂ ਵਾਲੇ ਘੁਮਿਆਰਾਂ ਨੂੰ ਆਪਣੇ ਪਾਸੋਂ ਨਵੀਆਂ ਛੱਟਾਂ ਦੇ ਦਿੰਦੇ। ਇਤਨਾ ਨਿਰਮਲ ਮਨ ਪੂਰੇ ਗੁਰੂ ਦੀ ਕਿਰਪਾ ਬਿਨਾਂ ਸੰਭਵ ਨਹੀਂ। ਸ਼ਾਹ ਹੁਕਮ ਸਿੰਘ ਵਿੱਚੋਂ, ਸਤਿਗੁਰੂ ਰਾਮ ਸਿੰਘ ਜੀ ਦੀ ਨਾਮਧਾਰੀ ਸਿੱਖੀ ਦੇ ਬੁਲੰਦ ਕਿਰਦਾਰ ਦੇ ਦਰਸ਼ਨ ਹੁੰਦੇ ਹਨ।

ਸ਼ਾਹ ਜੀ ਕਈ ਗੁਰਦੁਆਰਿਆਂ ਦੇ ਲੰਗਰਾਂ ਵਾਸਤੇ ਵੀ ਦਾਣੇ ਭੇਜਿਆ ਕਰਦੇ ਸਨ। ਮਨ ਵਿੱਚ ਜਦੋਂ ਉਲਾਦ ਦੇ ਮੋਹ ਨੇ ਜ਼ੋਰ ਪਾਇਆ ਤਾਂ ਸ਼ਾਹ ਜੀ ਨੇ ਫਿਰ ਬੱਚਿਆਂ ਲਈ ਦੋ ਅਨੰਦ ਕਾਰਜ ਹੋਰ ਕੀਤੇ। ਜਿਹੜੀ ਪਤਨੀ ਸਤਿ ਬਚਨੀ ਸੀ ਉਸ ਨੂੰ ਕਹਿੰਦੇ ਇਸ ਨਾਲ ਮੇਰਾ ਪਰਮੇਸ਼ਰੀ ਨਾਤਾ ਹੈ। ਜਿਹੜੀ ਟੂੰਬਾਂ ਪਹਿਨਣ ਅਤੇ ਗਹਿਣਿਆਂ ਦੀ ਸ਼ੌਕੀਨ ਸੀ, ਰੰਗ ਬਰੰਗੇ ਕੱਪੜੇ ਪਾਉਂਦੀ, ਉਸ ਨੂੰ ਸ਼ਾਹ ਜੀ ਕਲਿਜੁਗ ਦੀ ਪਕੜ ਵਿੱਚ ਆਈ ਦੱਸਦੇ। ਸ਼ਾਹ ਜੀ ਕਈ ਵੇਰ ਇਹ ਕਹਿ ਕੇ ਤਸੱਲੀ ਕਰ ਲੈਂਦੇ ਕਿ ਕੋਈ ਪਿਛਲੇ ਜਨਮ ਦਾ ਸੰਜੋਗ ਸੀ। ਉਲਾਦ ਨਾਂ ਹੋਣ ਤੇ "ਇਸ ਸ਼ਾਹ ਨੇ

ਸਬੰਧੀਆਂ ਵਿੱਚੋਂ ਇਕ ਲੜਕੇ ਸਾਧੂ ਸਿੰਘ ਨੂੰ ਪੁੱਤਰ ਬਣਾ ਲਿਆ। ਉਸ ਦੇ ਘਰ ਮੈਂ ਸਤਿਗੁਰੂ ਰਾਮ ਸਿੰਘ ਜੀ ਦਾ ਜੋੜਾ ਹੁਸ਼ਿਆਰਪੁਰੀ ਤਿੱਲੇ ਦਾ ਜੜਿਆ ਤੇ ਖੱਦਰ ਦਾ ਕਛਹਿਰਾ ਡਿਠਾ ਸੀ। ਇਹ ਸਾਧੂ ਸਿੰਘ ਹੁਣ ਦਿੱਲੀ ਰਹਿੰਦਾ ਹੈ। ਇਸ ਨੇ ਇਕ ਗੁਆਂਢੀ ਦਾ 30 ਹਜ਼ਾਰ ਲਾਹੌਰੋਂ ਅਮਾਨਤ ਆਂਦਾ ਰੁਪਿਆ, ਆਪ ਉਸ ਨੂੰ ਘਰ ਸੱਦ ਦਿੱਤਾ ਤੇ ਕਰਤੇ ਦਾ ਸ਼ੁਕਰ ਕੀਤਾ ਸੀ।

"ਇਸ ਸਖਾਣੇ ਦੇ ਨਗਰ ਇਸ ਸਮੇਂ ਅਪਾਰ ਸਿੰਘ, ਕਿਰਪਾ ਸਿੰਘ ਸੁਨਿਆਰ, ਅਰੋੜੇ ਸਾਧੂ ਸਿੰਘ ਤੇ ਸੁੰਦਰ ਸਿੰਘ, ਸ਼ੇਰ ਸਿੰਘ, ਇੰਦਰ ਸਿੰਘ ਜ਼ਿੰਮੀਦਾਰ ਹਨ। ਇੱਥੇ ਮਾਲਕੀ ਤੇ ਵੱਸੋਂ ਬਹੁਤੀ ਮੁਸਲਮਾਨੀ ਏ। ਇਕ ਵੇਰ ਮੁਸਲਮਾਨਾਂ ਇੱਥੇ ਗਊ ਘਾਤ ਕੀਤਾ ਸੀ। ਜ਼ਿੰਮੀਦਾਰਾਂ ਇਹਨਾਂ ਤਿੰਨਾਂ ਭਾਈਆਂ ਹੀ (ਗਊ ਘਾਤੀਆਂ ਨੂੰ) ਮਾਰ ਕੁੱਟ ਅੰਦਰੀਂ ਵਾੜ ਦਿੱਤਾ ਸੀ। ਤੇ ਅੱਗੋਂ ਲਈ ਲਿਖਤ ਕਰਾ ਨਿਕਲਣ ਦਿੱਤੇ ਕਿ ਕਦੀ ਐਸਾ ਕੰਮ ਨਾ ਇੱਥੇ ਕਰਾਂਗੇ। ਇਨ੍ਹਾਂ ਮੁਸਲਮਾਨਾਂ, ਸ਼ਾਹ ਹੁਕਮ ਸਿੰਘ ਸਮੇਂ ਵੀ ਇਕ ਵੇਰ ਸ਼ਾਹ ਨੂੰ ਬੰਨੇ ਤੇ ਜਾਂਦਿਆਂ, ਸ਼ਾਹ ਨੂੰ ਸੁਣਾ ਕਿਹਾ ਸੀ ਵੇਖੀਂ ਮੁੰਡਿਆ, ਕਿਤੇ ਹੁਕਮ ਸਿੰਘ ਨਾਂ ਡੁੱਲ੍ਹ ਪਵੇ ਅਰਥਾਤ ਹੁੱਕਾ ਨਾਂ ਪਸ਼ੂ ਦਾ ਪੈਰ ਲੱਗ ਡੁੱਲ੍ਹ ਪਵੇ। ਸ਼ਾਹ ਨੇ ਬੋਲੀ ਚੇਤੇ ਰੱਖੀ। ਕੁਝ ਚਿਰ ਪਾ ਕਰੜੀ ਕੁਰਕੀ ਕਰ, ਉਹਨਾਂ ਮੁਸਲਮਾਨਾਂ ਦਾ ਮਾਲ ਧਨ, ਘਰ ਕੁਰਕ ਕਰਾ ਲਿਆ। ਉਨ੍ਹਾਂ, ਹੱਥ ਜੋੜ ਕਿਹਾ, 'ਸਾਡਾ ਕਸੂਰ ਕੀ ਏ ਦੱਸਿਆ ਜਾਵੇ।" ਤਾਂ ਦੱਸਿਓ ਸੂ ਕਿ ਹੁਣ ਕਹੋ, 'ਵੇਖੀਂ ਮੁੰਡਿਆ ਹੁਕਮ ਸਿੰਘ ਨਾਂ ਡੁੱਲ੍ਹ ਪਵੇ। ਮੈਂ ਹੁਣ ਡੁੱਲ੍ਹਿਆ ਜੇ।ਤੁਸੀਂ ਜੋ ਫੜ ਚੁੱਕ ਸਕਦੇ ਹੋ ਤਾਂ ਚੁੱਕ ਲਵੋ। ਉਨ੍ਹਾਂ ਮੁਸਲਮਾਨਾਂ ਮਾਫੀ ਮੰਗੀ ਤਾਂ ਸ਼ਾਹ ਨੇ ਛੱਡੇ ਤੇ ਕਿਹਾ ਜੇ ਮੈਂ ਤੁਹਾਨੂੰ ਡੱਕਾ ਨਾਂ ਲਾਂਦਾ, ਤਾਂ ਤੁਸਾਂ ਸਾਧਾਂ ਨੂੰ ਭੀ ਮਖੌਲ ਕਰਨੋਂ ਨਹੀਂ ਰਹਿਣਾ ਸੀ।[12]

ਸ਼ਾਹ ਜੀ ਨਰਮ ਨਾਲ ਨਰਮ ਤੇ ਗਰਮ ਨਾਲ ਗਰਮ ਹੋਣਾ ਵੀ ਜਾਣਦੇ ਸਨ ਪਰ ਕੁੱਲ ਮਿਲਾ ਕੇ ਉਹ ਸੁਲਾਹ ਕੁੱਲ ਅਤੇ ਨੇਕ ਸੀਰਤ ਇਨਸਾਨ ਸਨ। ਉਹਨਾਂ ਦਾ ਇਕ ਭਾਈ ਬਹੁਤ ਪ੍ਰਸਿੱਧ ਹਕੀਮ ਵੀ ਸੀ। ਦੜਪ ਦੀ ਨਾਮਧਾਰੀ ਸੰਗਤ ਵਿੱਚ, ਸ਼ਾਹ ਜੀ ਦਾ ਉੱਚਾ ਮੁਕਾਮ ਸੀ।ਉਹਨਾਂ ਜਿਹੇ ਮਨੁੱਖਾਂ ਤੇ ਕੋਈ ਵੀ ਭਾਈਚਾਰਾ ਫ਼ਖਰ ਕਰ ਸਕਦਾ ਹੈ।

## ਹਵਾਲੇ ਤੇ ਟਿੱਪਣੀਆਂ-


1. ਜਸਵਿੰਦਰ ਸਿੰਘ (ਸੀ.) ਕੁਕਾਜ਼ ਆਫ ਨੋਟ ਇਨ ਦਾ ਪੰਜਾਬ (ਡਾਕੂਮੈਂਟਸ-1881), ਸਫਾ 114-15
2. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫਾ 218-19
3. ਸੰਤ ਭਗਤ ਸਿੰਘ ਜੀ ਦਾਤੇਵਾਲ ਦਾ ਲੇਖ- ਸ੍ਰੀ ਸੰਤ ਕੇਸਰ ਸਿੰਘ ਜੀ ਚਵਿੰਡਾ, ਸਤਿਜੁਗ, ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, 9 ਚੇਤਰ, ਸੰਮਤ 1996 (ਮ. ਮਾਰਚ, 1940 ਈ.), ਸਫਾ 93-94
4. ਉਪਰੋਕਤ, ਸਫਾ 94
5. ਸ੍ਰੀ ਤਰਨ ਸਿੰਘ ਵਹਿਮੀ, ਲੇਖ- 'ਬੀਤ ਰਾਗ ਸੰਤ ਕੇਸਰ ਸਿੰਘ ਜੀ ਚਵਿੰਡਾ, ਸਤਿਜੁਗ ਦਾ ਉਪਰੋਕਤ ਸੰਤ ਅੰਕ, 86-87
6. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ, ਸਫ਼ਾ 349-50
7. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲਾਲ ਏਹਿ ਰਤਨ, ਪਵਿੱਤਰ ਉਪਦੇਸ਼-5, ਇਹ ਉਪਦੇਸ਼ ਸੰਨ 1955 ਜਾਂ 56
1. ਵਿੱਚ ਇੱਕ ਟੇਪ ਰੀਕਾਰਡਰ ਮਸ਼ੀਨ ਤੇ ਰੀਕਾਰਡ ਕੀਤਾ ਗਿਆ ਸੀ ਜੋ ਉਦੋਂ ਬਾਬਾ (ਸਤਿਗੁਰੂ) ਜਗਜੀਤ ਸਿੰਘ ਜੀ ਨੇ ਖਰੀਦੀ ਸੀ, ਸਵਾ 69-70
8. ਬਾਹੋਵਾਲ- ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 204
9. ਲਾਲ ਏਹਿ ਰਤਨ, ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ-2, ਬੈਕੌਕ (ਥਾਈਲੈਂਡ) ਵਿਖੇ 5-2-1952 ਦਾ ਉਪਦੇਸ਼, ਸਫਾ 306-07
10. ਸੰਤ ਤਰਨ ਸਿੰਘ ਵਹਿਮੀ, ਜੱਸ-ਜੀਵਨ, ਦੂਜਾ ਭਾਗ, ਸਫਾ 329
11. ਉਪਰੋਕਤ, ਸਫਾ 163 12. ਉਪਰੋਕਤ, ਸਫਾ 330

# ਕੈਨੇਡਾ ਵਿੱਚ ਗਏ ਪਹਿਲੇ ਕੂਕਾ ਪ੍ਰਚਾਰਕ– ਸੰਤ ਸੂਰਜ ਸਿੰਘ ਰੋਡਿਆਂ ਵਾਲੇ

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਵਿੱਚ ਬਸਤੀਵਾਦੀ ਜ਼ਾਲਮ ਗੋਰਾ ਸ਼ਾਹੀ ਦੀਆਂ ਸਫਾਂ ਉਖੇੜਨ ਲਈ ਜਿਸ ਨਾਮਧਾਰੀ ਸੰਤ ਖਾਲਸਾ ਰੂਪੀ ਸਿੱਖੀ ਦੀ ਨਵੀਂ ਫੁਲਵਾੜੀ ਸਿਰਜੀ ਸੀ, ਉਸ ਵਿੱਚ ਆਪ ਜੀ ਦੇ ਪਹਿਰੇ ਹੇਠ ਅਤੇ ਆਪ ਦੇ ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿੱਚ ਵੀ ਭਾਂਤ-ਭਾਂਤ ਰੰਗਾਂ ਦੇ ਫੁੱਲ ਖਿੜ ਕੇ, ਆਪਣੇ ਇੰਦਰ ਧਨੁਸ਼ੀ ਰੰਗਾਂ ਦੀ ਛਟਾ ਬਿਖੇਰਦੇ ਰਹੇ ਸਨ। ਇਹਨਾਂ ਵਿੱਚੋਂ ਕਈ ਤਾਂ ਆਪਣੇ ਤਪ ਤੇਜ ਸਦਕਾ ਸੂਰਜ ਵੱਤ ਰੋਸ਼ਨ ਹੋਏ ਅਤੇ ਕਈ ਛਿਪੇ ਰਹਿਣ ਦੀ ਚਾਹ ਵਾਲੇ ਫੁੱਲ ਵੀ ਸਨ ਜਿਹਨਾਂ ਦੀ ਸੁਗੰਧ ਪਾਰਖੂਆਂ ਨੂੰ ਬਦੋ ਬਦੀ, ਉਹਨਾਂ ਵੱਲ ਖਿੱਚ ਲਿਆਉਂਦੀ ਸੀ। ਅਜਿਹੇ ਹੀ ਇਕ ਸਾਧੂ ਜਨ, ਮਸਤੀ ਦੇ ਆਲਮ ਵਿੱਚ ਵਿਚਰਨ ਵਾਲੇ, ਕੂਕੇ ਸੰਤ, ਸੰਤ ਸੂਰਜ ਸਿੰਘ ਜੀ ਰੋਡਿਆਂ ਵਾਲੇ ਸਨ। ਜਿਹਨਾਂ ਨੇ ਮਸਾਂ ਤਿੰਨ ਕੁ ਦਹਾਕਿਆਂ ਦਾ ਹੀ ਦੇਸ ਪਰਦੇਸ ਵਿੱਚ ਵਿਚਰਦਿਆਂ, ਜੀਵਨ ਹੰਡਾਇਆ। ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾ ਕੇ ਦਰਸ਼ਨ ਕਰਨ ਵਾਲੇ ਬਰਾੜ ਬੰਸ ਦੇ ਉੱਘੇ ਰੁਕਨ, ਭਾਈ ਸਾਉਣ ਸਿੰਘ ਜੀ ਰੋਡਿਆਂ ਵਾਲੇ ਆਪ ਦੇ ਦਾਦਾ ਜੀ ਸਨ। ਦਾਦਾ ਜੀ ਅਤੇ ਰੋਡੇ ਪਿੰਡ ਦੇ ਹੀ ਸ੍ਰੀ ਭੈਣੀ ਸਾਹਿਬ, ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਦੀ ਪ੍ਰਬੰਧ ਵਿਵਸਥਾ ਲਈ ਇੱਕ ਜ਼ਿੰਮੇਵਾਰ ਸੱਜਣ ਭਾਈ ਨਰਾਇਣ ਸਿੰਘ (ਜੋ ਰੰਗੂਨ ਅਤੇ ਮਰਗੋਈ ਸਤਿਗੁਰੂ ਦਰਸ਼ਨ ਲਈ ਤਿੰਨ ਵੇਰ ਸਾਗਰੋਂ ਪਾਰ ਗਏ) ਅਤੇ ਰੋਡਿਆਂ ਵਿੱਚ ਆਪ ਦੇ ਘਰ, ਗਾਹੇ ਬਗਾਹੇ ਆਉਣ ਵਾਲੇ ਹੋਰਨਾਂ ਨਾਮਧਾਰੀ ਸਾਧੂਆਂ ਤੋਂ ਆਪ ਨੂੰ ਗੁਰਮਤਿ ਦੀ ਐਸੀ ਰੰਗਣ ਚੜ੍ਹੀ ਕਿ ਉਤਲੇ ਮੰਡਲਾਂ ਵਿੱਚ ਪਹੁੰਚ ਗਏ। ਨਾਮ ਬਾਣੀ ਦੇ ਲਗਾਤਾਰ ਸਿਮਰਨ ਅਭਿਆਸ ਨਾਲ, ਮਨ ਮਸਤਕ ਅਤੇ ਹਿਰਦਾ ਐਸਾ ਸਵੱਛ ਹੋ ਗਿਆ ਕਿ ਸੰਤ ਸੂਰਜ ਸਿੰਘ ਜੀ ਤਿਰਕਾਲ-ਦਰਸ਼ੀ ਸਾਧੂਆਂ ਵਾਲੀ ਪਦਵੀ ਨੂੰ ਪ੍ਰਾਪਤ ਹੋ ਗਏ।

ਸੰਤ ਸੂਰਜ ਸਿੰਘ ਵੀਹਵੀਂ ਸਦੀ ਦੇ ਮੁੱਢਲੇ ਵਰ੍ਹਿਆਂ ਵਿੱਚ ਹੀ ਜਦੋਂ ਹੋਰ ਹਿੰਦ ਵਾਸੀਆਂ ਦੇ ਨਾਲ ਬਹੁਤ ਸਾਰੇ ਪੰਜਾਬੀ, ਅਮਰੀਕਾ ਕੈਨੇਡਾ ਜਾ ਰਹੇ ਸਨ, ਇਹ ਵੀ ਆਪਣੇ ਭਾਈ ਇੰਦਰ ਸਿੰਘ ਸਮੇਤ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਰਾਜ ਵਿੱਚ ਪੁੱਜ ਗਏ ਸਨ। ਇੱਥੇ ਸੰਤ ਜੀ ਦਾ ਕਿਆਮ ਤਾਂ

ਬੇਸ਼ਕ ਡੇਢ ਦੋ ਸਾਲ ਦਾ ਹੀ ਰਿਹਾ ਹੈ, ਪਰ ਇਤਨੇ ਸਮੇਂ ਵਿੱਚ ਹੀ ਉਹ ਆਪਣੀ ਉੱਚੀ ਬਿਰਤੀ ਸਦਕਾ, ਬਹੁਤ ਸਾਰੇ ਹੋਰ ਦੇਸ਼ ਵਾਸੀਆਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਸਿੱਧ ਹੋਏ। ਕਈਆਂ ਨੂੰ ਉਹਨਾਂ ਮਾਸ ਸ਼ਰਾਬ ਅਤੇ ਜੀਵ ਹਿੰਸਾ ਤੋਂ ਵਰਜ ਕੇ, ਗੁਰਮਤਿ ਮਾਰਗ ਦੇ ਪਾਂਧੀ ਬਣਾਇਆ। ਕੈਨੇਡਾ ਵਿੱਚ ਉਹਨਾਂ ਦਾ ਵੱਡਾ ਪਰਉਪਕਾਰੀ ਕਾਰਜ ਉੱਥੋਂ ਦੇ ਸ਼ਹਿਰ, ਵੈਨਕੂਵਰ ਵਿੱਚ ਬਣੇ ਪਹਿਲੇ ਸਿੱਖ ਗੁਰਦੁਆਰੇ ਵਿੱਚ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਆਪਣੇ ਦੁਆਰਾ, ਦੇਸ਼ ਵਿੱਚੋਂ ਲਿਆਂਦੀ ਬੀੜ ਸਥਾਪਿਤ ਕਰਨਾ ਸੀ। ਕਿਉਂਕਿ ਉਹ ਰੋਜ਼ਾਨਾ ਗੁਰਬਾਣੀ ਦਾ ਨਿਯਮ ਨਾਲ ਪਾਠ ਕਰਿਆ ਕਰਦੇ ਸਨ, ਇਸ ਲਈ ਦੇਸ਼ ਤੋਂ ਚੱਲਣ ਵੇਲੇ ਉਹਨਾਂ ਬੜੇ ਅਦਬ ਤੇ ਸਤਿਕਾਰ ਨਾਲ ਇੱਕ ਬੀੜ, ਆਪਣੇ ਨਾਲ ਹੀ ਲੈ ਆਂਦੀ ਸੀ। ਕੈਨੇਡਾ ਵਿੱਚ ਰਹਿਣ ਵਾਲੇ ਸਾਰੇ ਹੀ ਦੇਸ਼ ਵਾਸੀ ਵਿਸ਼ੇਸ਼ ਕਰਕੇ ਸਿੱਖ ਭਾਈਚਾਰਾ, ਸੂਰਜ ਸਿੰਘ ਜੀ ਦੀ ਰਹਿਣੀ ਬਹਿਣੀ ਅਤੇ ਉਹਨਾਂ ਦੇ ਉੱਚੇ ਕੂਕਾ ਕਿਰਦਾਰ ਤੋਂ ਪ੍ਰਭਾਵਿਤ ਹੁੰਦਾ ਸੀ, ਜਿਸ ਦੀਆਂ ਮਿਸਾਲਾਂ ਅਸੀਂ ਅੱਗੇ ਚੱਲ ਕੇ ਵੇਖਾਂਗੇ। ਕਿਉਂਕਿ ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਅਤੇ ਉਸ ਸਮੇਂ ਦੇ ਹੋਰ ਕੂਕੇ ਸਿੰਘ, ਉਸ ਸਮੇਂ ਤੱਕ ਪੰਜਾਬ ਵਿੱਚ ਅੰਗਰੇਜ਼ ਸਰਕਾਰ ਅਤੇ ਉਸ ਦੇ ਹੱਥ-ਠੋਕੇ ਸਿੱਖ ਰਿਆਸਤਾਂ ਦੇ ਰਾਜਿਆਂ ਦੀਆਂ ਸਖ਼ਤੀਆਂ ਦੇ ਸਭ ਤੋਂ ਵੱਧ ਭੁਗਤ-ਭੋਗੀ ਸਨ, ਕੂਕਿਆਂ ਬਾਰੇ ਅੰਗਰੇਜ਼ ਸਰਕਾਰ ਦਾ ਕਥਨ ਸੀ ਕਿ ਕੂਕਾ ਸਾਡੀ ਸਰਕਾਰ ਦਾ ਖ਼ੈਰ-ਖ਼ਵਾਹ ਨਹੀਂ ਹੋ ਸਕਦਾ, ਇਸ ਲਈ ਸੂਰਜ ਸਿੰਘ ਹੋਰਾਂ ਰਾਹੀਂ ਕੂਕਿਆਂ ਦੀ ਬਸਤੀਵਾਦ ਵਿਰੋਧੀ ਦੇਸ਼ ਭਗਤੀ ਨੇ, ਅੱਗੇ ਚੱਲ ਕੇ ਇੱਥੇ ਬਣਨ ਵਾਲੀ (ਗ਼ਦਰ ਪਾਰਟੀ) ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕਾਸਟ ਦੇ ਗਠਨ ਲਈ ਬੀਜ ਰੂਪ ਵਿਚ, ਆਂਸ਼ਿਕ ਤੌਰ ਤੇ ਹੀ ਸਹੀ ਆਪਣਾ ਯੋਗਦਾਨ ਜ਼ਰੂਰ ਦਿੱਤਾ ਹੋਵੇਗਾ।

ਸੰਤ ਸੂਰਜ ਸਿੰਘ ਜੀ ਦਾ ਜਨਮ, ਬਾਬਾ ਮਹਾਂ ਸਿੰਘ (ਸਪੁੱਤਰ ਬਾਬਾ ਸਾਉਣ ਸਿੰਘ) ਅਤੇ ਮਾਤਾ ਭੋਲ ਕੌਰ ਦੇ ਗ੍ਰਹਿ ਵਿਖੇ 1935 ਬਿਕ੍ਰਮੀ ਮੁਤਾਬਿਕ 1878-79 ਈ. ਵਿੱਚ ਪਿੰਡ ਰੋਡੇ (ਜ਼ਿਲ੍ਹਾ ਹੁਣ ਮੋਗਾ, ਪਹਿਲਾਂ ਫੀਰੋਜ਼ਪੁਰ) ਵਿੱਚ ਹੋਇਆ ਸੀ। ਆਪ ਦੇ ਜਮਾਲ ਵਿੱਚ ਬੜੀ ਹੀ ਤਾਸੀਰ ਸੀ ਅਤੇ ਆਪ ਦੇ ਮਸਤਕ ਦੀ ਤੇਜੀ ਭੀ ਸੂਰਜ ਵੱਤ ਸੀ, ਇਸੇ ਕਰ ਕੇ ਹੀ ਆਪ ਦੇ ਮਾਤਾ ਪਿਤਾ ਨੇ ਨਾਮ ਸੂਰਜ ਸਿੰਘ ਰੱਖਿਆ ਸੀ। ਸ੍ਰੀਮਾਨ ਸੰਤ ਸੂਰਜ ਸਿੰਘ ਜੀ ਗੁਰਮੁਖੀ ਵਿਦਿਆ, ਗੁਰਬਾਣੀ ਆਦਿ ਆਪ ਦੇ ਪਿਤਾ ਤੋਂ ਘਰ ਵਿੱਚ ਹੀ ਪੜ੍ਹੇ ਸਨ। ਸ੍ਰੀਮਾਨ ਬਾਬਾ ਮਹਾਂ ਸਿੰਘ ਜੀ ਨੂੰ ਬਾਲਕਾਂ ਨੂੰ ਗੁਰਮੁਖੀ ਪੜ੍ਹਾਉਣ ਦਾ ਬੜਾ ਹੀ ਸ਼ੌਂਕ ਸੀ। ਬਾਬਾ ਜੀ ਪਾਸ

ਬਹੁਤ ਸਾਰੇ ਬਾਲਕ ਪੜ੍ਹਦੇ ਹੁੰਦੇ ਸੀ। ਪੜ੍ਹਨ ਵਾਲਿਆਂ ਸਾਰਿਆਂ ਬਾਲਕਾਂ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਵਾਉਂਦੇ ਤੇ ਭਜਨ ਕਰਨ ਦੀ ਸਿੱਖਿਆ ਦਿੰਦੇ ਹੁੰਦੇ ਸਨ। ਸੂਰਜ ਸਿੰਘ ਜੀ ਨੂੰ ਨਿੱਕੇ ਹੁੰਦਿਆਂ ਤੋਂ ਹੀ ਰਟਨ ਪੈ ਚੁੱਕਾ ਸੀ ਕਿ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਬਾਣੀ ਪੜ੍ਹਨੀ ਤੇ ਭਜਨ ਕਰਨਾ।[1]

ਇਕ ਵੇਰ 10 ਕੁ ਸਾਲ ਦੀ ਉਮਰ ਵਿੱਚ ਸੂਰਜ ਸਿੰਘ ਬਾਹਰੋਂ ਆਏ ਅਤੇ ਮਾਤਾ ਤੋਂ ਦੁੱਧ ਪੀਣ ਲਈ ਮੰਗਿਆ। ਉਹਨਾਂ ਨੇ ਕਾਹੜਨੀ ਵਿੱਚੋਂ ਕੱਢ ਕੇ ਪਿਆ ਦਿੱਤਾ। ਪਰ ਰਾਤ ਨੂੰ ਜਦੋਂ ਬਾਕੀ ਜੀਆਂ ਨੂੰ ਦੁੱਧ ਮਿਲਿਆ ਤਾਂ ਸੂਰਜ ਸਿੰਘ ਨੂੰ ਇਸ ਲਈ ਨਾ ਮਿਲਿਆ ਕਿ ਦਿਨੇ ਪੀ ਗਿਆ ਹੈ। ਸੰਤ ਸੂਰਜ ਸਿੰਘ ਨੇ ਕਿਹਾ ਕਿ ਮਾਤਾ ਜੀ ਤੁਸੀਂ ਸਰਫਾ ਕਰ ਕੇ ਮੈਨੂੰ ਦੁੱਧ ਨਹੀਂ ਦਿੱਤਾ ਪਰ ਸਵੇਰੇ ਮੱਖਣ ਦੇ ਕੁੱਜੇ ਵੀ ਨਹੀਂ ਭਰੇ ਜਾਣੇ। ਦੇਵਨੇਤ ਸਵੇਰੇ ਰਿੜਕਣਾਂ ਪਾਉਣ ਸਮੇਂ ਚਾਟੀ ਟੁੱਟ ਗਈ ਅਤੇ ਸਾਰਾ ਦੁੱਧ ਡੁੱਲ੍ਹ ਗਿਆ। ਇਸ ਘਟਨਾ ਨਾਲ ਪਰਿਵਾਰ, ਪਿੰਡ ਅਤੇ ਆਸ ਪਾਸ, ਸੂਰਜ ਸਿੰਘ ਦੇ ਮੂੰਹੋਂ ਨਿਕਲੀ ਗੱਲ ਪੂਰੀ ਹੋਣ ਦੇ ਚਰਚੇ ਛਿੜ ਗਏ।[2] ਹੁਣ ਪਿੰਡ ਦੇ ਸਿਆਣੇ ਵੀ ਸੰਤ ਸੂਰਜ ਸਿੰਘ ਆਖ ਕੇ ਆਪ ਨੂੰ ਸੰਬੋਧਿਤ ਹੁੰਦੇ।

ਦੁਨੀਆਂਦਾਰੀ ਦੇ ਕਾਰ ਵਿਹਾਰ ਵਿੱਚ ਆਪ ਜ਼ਿਆਦਾ ਨਹੀਂ ਖੁਭੇ। ਨਾਮ-ਬਾਣੀ, ਭਜਨ-ਬੰਦਗੀ ਵਿੱਚ ਰੁੱਝੇ ਰਹਿੰਦੇ। ਸੁਆਸ ਸੁਆਸ ਜਪਣ ਵਾਲੀ ਬਿਰਤੀ ਧਾਰ ਲਈ। ਬਾਣੀ ਦੇ ਬੜੇ ਪ੍ਰੇਮੀ ਤੇ ਨਿਤਨੇਮੀ ਸਨ।ਆਪ ਦੇ ਹਿਰਦੇ ਨੂੰ ਦੂਈ ਦਵੈਤ ਪੋਹ ਵੀ ਨਹੀਂ ਸਕਦੀ ਸੀ। ਹਰ ਇਕ ਪ੍ਰਾਣੀ ਮਾਤਰ ਨਾਲ ਪਿਆਰ ਕਰਨ ਵਾਲੇ ਜਿਊੜੇ ਸਨ। ਏਕਤਾ, ਇਨਸਾਫ, ਇਨਸਾਨੀ ਹਮਦਰਦੀ, ਆਦਿਕ ਸ਼ੁਭ ਗੁਣਾਂ ਦੇ ਧਾਰਨੀ ਸਨ। ਕਿਸੇ ਨਾਲ ਵੀ ਕਦੇ ਵੈਰ ਭਾਵ ਨਹੀਂ ਰੱਖਦੇ ਸਨ।

ਪਿੰਡ ਦੇ ਪੰਜ ਕੁ ਸੌ ਕਦਮਾਂ ਦੀ ਵਿੱਥ ਤੇ ਆਪ ਦੇ ਇੱਕ ਖੇਤ ਵਿੱਚ ਬਹੁਤ ਸਾਰੇ ਸੰਘਣੇ ਬਿਰਖ, ਬਾਗ ਦੀ ਸ਼ਕਲ ਦੇ ਸਨ। ਸੰਤ ਜੀ ਜ਼ਿਆਦਾ ਸਮਾਂ ਉਸ ਬਾਗ ਵਿੱਚ ਹੀ ਰਹਿੰਦੇ। ਆਪ ਨਾਮ ਜਪਦੇ ਅਤੇ ਹੋਰਨਾਂ ਨੂੰ ਜਪਾਉਂਦੇ ਸਨ। ਰੋਜ਼ਾਨਾ ਤੜਕੇ ਚਾਰ ਵਜੇ ਉੱਠ ਕੇ ਇਸ਼ਨਾਨ ਆਦਿ ਤੋਂ ਬਾਅਦ ਨਾਮ ਅਭਿਆਸ ਵਿੱਚ ਜੁੱਟ ਜਾਂਦੇ। ਦਿਨ ਚੜ੍ਹੇ ਗੁਰਬਾਣੀ ਦਾ ਨਿਤਨੇਮ ਪੂਰਾ ਕਰਦੇ। ਪਰਸ਼ਾਦਾ ਪਾਣੀ ਛਕਣ ਬਾਅਦ, ਬਾਹਰ ਖੇਤਾਂ ਵਿੱਚ ਚਲੇ ਜਾਂਦੇ ਅਤੇ ਬੰਦਗੀ ਵਿੱਚ ਜੁੱਟ ਜਾਂਦੇ। ਬਾਰਾਂ ਸਾਲ ਇਸ ਤਰ੍ਹਾਂ ਆਪ ਨੇ ਕਠਿਨ ਤਪੱਸਿਆ ਕਰਦਿਆਂ ਬਿਤਾਏ।[3]

ਸਵਾ ਰੁਪੈ ਦਾ ਕੜਾਹ ਪਰਸ਼ਾਦ ਤਿਆਰ ਕਰ ਕੇ ਸੰਤ ਜੀ ਘਰ ਵਿੱਚ

ਬਣਾਏ ਇਕ ਕਮਰੇ ਵਿੱਚ ਇਸਥਿੱਤ ਹੋ ਕੇ 40 ਦਿਨ ਬੰਦਗੀ ਕਰਦੇ। ਇਹ ਚਾਲ੍ਹੀ ਦਿਨ ਕਿਸੇ ਨੂੰ ਨਹੀਂ ਸਨ ਮਿਲਦੇ। ਸਰੀਰਕ ਕ੍ਰਿਆ ਵੱਡੇ ਤੜਕੇ ਪੂਰੀ ਕਰ ਆਉਂਦੇ, ਫਿਰ ਇਸ਼ਨਾਨ ਬਾਅਦ, ਸਿਮਰਨ ਵਿੱਚ ਜੁੱਟ ਜਾਂਦੇ। ਚਾਲ੍ਹੀ ਦਿਨਾਂ ਬਾਅਦ ਫਿਰ ਸਵਾ ਰੁਪੈ ਦੇ ਪਰਸ਼ਾਦ ਨਾਲ ਸਮਾਪਤੀ ਕਰਦੇ। ਪਰਿਵਾਰ ਨੂੰ ਹਦਾਇਤ ਸੀ ਕਿ ਇਸ ਸਾਰੀ ਕਿਰਿਆ ਬਾਰੇ, ਕਿਸੇ ਨੂੰ ਨਹੀਂ ਦੱਸਣਾ। ਇਉਂ ਗੁਪਤ ਹੋ ਜਾਇਆ ਕਰਦੇ ਸਨ। ਬਾਕੀ ਸਮਾਂ ਭੀ ਨਾਮ ਬਾਣੀ ਵਿੱਚ ਬਿਤਾਉਣ ਸਦਕਾ ਪਿੰਡ ਅਤੇ ਆਲੇ ਦੁਆਲੇ ਆਪ ਦੀ ਸ਼ੋਭਾ ਫੈਲਣੀ ਸ਼ੁਰੂ ਹੋਈ। ਕਈ ਪ੍ਰੇਮੀ ਸਿੰਘ ਆਪ ਪਾਸ ਆਉਂਦੇ। ਘੰਟਿਆਂ ਬੱਧੀ ਬਾਗ ਵਿੱਚ ਬੈਠ ਕੇ, ਗੁਰੂ ਘਰ ਦੀਆਂ ਸਾਖੀਆਂ ਸੁਣਾਉਂਦੇ। ਕਈ ਵੇਰ ਅਕਸਰ ਕੀਰਤਨ ਸ਼ੁਰੂ ਕਰ ਦਿੰਦੇ। ਢੋਲਕੀ ਛੈਣਿਆਂ ਨਾਲ ਗੁਰਬਾਣੀ ਦੇ ਸ਼ਬਦ ਜਾਂ ਸਿੱਧੀਆਂ ਸਾਦੀਆਂ ਪੇਂਡੂ ਧਾਰਨਾਵਾਂ ਪੜ੍ਹਦੇ ਰਹਿੰਦੇ। ਕਈ ਵੇਰ ਕੀਰਤਨ ਵਿੱਚ ਐਸੀ ਸੁਰਤੀ ਖੁਭ ਜਾਂਦੀ ਕਿ ਰਾਤ ਦੇ ਪਹਿਲੇ ਪਹਿਰ ਦਾ ਸ਼ੁਰੂ ਹੋਇਆ ਕੀਰਤਨ, ਰੈਣ ਸਬਾਈ ਹੋ ਜਾਂਦਾ। ਨਾਲ ਸ਼ਬਦ ਪੜ੍ਹਣ ਵਾਲੇ ਜੇ ਕਿਸੇ ਸਰੀਰ ਨੇ ਕਹਿਣਾ-ਸੰਤ ਜੀ ਹੁਣ ਭੋਗ ਪਾ ਦੇਈਏ ਤਾਂ ਆਪ ਨੇ ਕਹਿਣਾ ਭਾਈ ਇਤਨਾ ਉਤਾਵਲਾ ਨਾ ਹੋ। ਇਸ ਤਰ੍ਹਾਂ ਕੀਰਤਨ ਕਰਦਿਆਂ ਹੀ ਦਿਨ ਚੜ੍ਹਾ ਦੇਣਾ। ਕੀਰਤਨ ਆਪ ਦੀ ਖੁਰਾਕ ਬਣ ਗਈ ਸੀ ਅਤੇ ਕੀਰਤਨ ਤੋਂ ਬਿਨਾਂ ਆਪ ਬਚ ਹੀ ਨਹੀਂ ਸਕਦੇ ਸਨ। ਇਹੋ ਕਾਰਨ ਸੀ ਕਿ ਜਦੋਂ ਕੈਨੇਡਾ ਨੂੰ ਗਏ ਤਾਂ ਢੋਲਕੀ ਛੈਣੇ ਆਦਿਕ ਸਾਜ ਵੀ ਨਾਲ ਹੀ ਲੈ ਗਏ ਸਨ।

ਕਦੇ ਕਦੇ ਆਪ ਬੰਦਗੀ ਵਿੱਚ ਲੀਨ ਅੱਠ ਅੱਠ ਪਹਿਰ ਸਮਾਧੀ ਸਥਿੱਤ ਰਹਿੰਦੇ। ਕਈ ਵੇਰ ਤੇ ਇਹ ਅਵਸਥਾ ਉਦੋਂ ਟੁੱਟਦੀ ਜਦੋਂ ਨਾਲ ਦੇ ਸਾਥੀ ਆਪ ਨੂੰ ਹਲੂਣ ਕੇ ਬਿਰਤੀ ਵਿੱਚੋਂ ਉਖੇੜਦੇ। ਅਜਿਹੇ ਸਮੇਂ ਆਪ ਕਹਿੰਦੇ ਕਿ ਬਹੁਤ ਰਸ ਬਣਿਆ ਸੀ, ਤੁਸੀਂ ਸਾਡੀ ਬਿਰਤੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਤੋਂ ਉਖੇੜ ਕੇ, ਤੰਗ ਨਾ ਕਰਿਆ ਕਰੋ। ਆਪ ਦੀ ਮਹਿਮਾ ਦਾ ਖਿੱਚਿਆ ਹੋਇਆ ਇੱਕ ਸਿੰਘ, ਹਰਨਾਮ ਸਿੰਘ ਆਪ ਦਾ ਸੇਵਕ ਬਣ ਗਿਆ ਸੀ। ਬੜਾ ਪਿਆਰਾ ਸਿੰਘ ਸੀ। ਜਦੋਂ ਸੰਤ ਕੈਨੇਡਾ ਗਏ ਨਾਲ ਹੀ ਗਿਆ। ਵਾਪਿਸ ਆਏ ਤਾਂ ਨਾਲ ਹੀ ਆ ਗਿਆ। ਸੰਤਾਂ ਦੇ ਚਲਾਣੇ ਬਾਅਦ ਉਹ ਵਾਪਸ ਕੈਨੇਡਾ ਚਲਾ ਗਿਆ ਸੀ। ਹਰਨਾਮ ਸਿੰਘ ਨੂੰ ਆਪ ਤੇ ਬਹੁਤ ਭਰੋਸਾ ਸੀ ਅਤੇ ਹਰਨਾਮ ਸਿੰਘ ਤੋਂ ਬਿਨਾਂ ਹੋਰ ਕੋਈ ਵੀ ਆਪ ਦੇ ਗੋਝ ਭੇਦਾਂ ਨੂੰ ਨਹੀਂ ਸਮਝਦਾ ਸੀ। ਬੰਦਗੀ ਕਰਦਿਆਂ ਗਰਮੀ- ਸਰਦੀ, ਭੁੱਖ-ਤੇਹ ਦੀ ਅਵਸਥਾ ਦੀ ਸੋਝੀ ਤੋਂ ਉੱਪਰ ਉੱਠ ਜਾਂਦੇ ਸਨ। ਇਹ ਤਾਂ ਆਪ ਦੇ ਨਾਲ ਦੇ ਸਾਥੀ ਜਦੋਂ ਵਿਆਕੁਲ ਹੋ ਕੇ ਪਰਸ਼ਾਦੇ ਪਾਣੀ ਦੀ ਲੋੜ

ਦੀ ਅਰਜ਼ ਕਰਦੇ ਤਾਂ ਸੰਤ ਜੀ ਉਹਨਾਂ ਨਾਲ ਘਰ ਜਾ ਕੇ ਆਪ ਵੀ ਛਕਦੇ ਅਤੇ ਉਹਨਾਂ ਨੂੰ ਵੀ ਛਕਾਉਂਦੇ। ਜੇ ਪ੍ਰੇਮੀ ਸਿੰਘਾਂ ਦਾ ਕੋਈ ਘਰ ਦਾ ਜੀਅ ਢਿੱਲਾ ਮੱਠਾ ਹੋਣਾ, ਸੰਤ ਜੀ ਉਹਨਾਂ ਦੇ ਘਰ ਜਾ ਕੇ ਕਹਿੰਦੇ-ਇਹ ਤੇ ਚੰਗਾ ਭਲਾ ਹੈ। ਇਸ ਤਰ੍ਹਾਂ ਉਹਨਾਂ ਦੀ ਉਤਸ਼ਾਹ-ਜਨਕ ਬੋਲ ਬਾਣੀ ਨਾਲ ਹੀ ਮਰੀਜ਼ ਦਾ ਅੱਧਾ ਦੁੱਖ ਤੁਰੰਤ ਤੇ ਰਹਿੰਦਾ ਵੀ ਝਬਦੇ ਕੱਟਿਆ ਜਾਂਦਾ।

ਭਾਈ ਕਾਹਨ ਸਿੰਘ ਜੀ ਵਾੜਿਆਂ ਵਾਲੀ ਦੇ ਨਾਲ ਆਪ ਮੁਕਤਸਰ ਮਾਘੀ ਦੇ ਮੇਲੇ ਤੇ ਸੰਗਤਾਂ ਨੂੰ ਲੈ ਜਾਣ ਵਾਸਤੇ ਮਾਲਵੇ ਦੇ ਪਿੰਡਾਂ ਵਿਚ ਪਰਚਾਰ ਦੌਰੇ ਵੀ ਕਰਦੇ। ਰਾਤ ਨੂੰ ਜਿਸ ਪਿੰਡ ਰਹਿਣਾ, ਦੀਵਾਨ ਸਜਾ ਕੇ, ਕੀਰਤਨ ਕਰਨਾ। ਸੰਗਤ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦੀਆਂ ਸਾਖੀਆਂ, ਸ਼ੁਭ ਸਮਾਚਾਰ ਤੇ ਉਪਦੇਸ਼ ਯਾਦ ਕਰਵਾਉਣੇ। ਇਹ ਵੀ ਕਹਿਣਾ ਕਿ ਭਾਈ ਆਪਾਂ ਜਿਤਨੇ ਜ਼ਿਆਦਾ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਵਾਂਗੇ, ਉਤਨੀ ਛੇਤੀ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣਗੇ। ਇਹੋ ਹੁਕਮ ਸਤਿਗੁਰੂ ਜੀ ਨੇ ਸੰਗਤ ਦੇ ਨਾਮ ਕਈ ਹੁਕਮਨਾਮਿਆਂ ਵਿੱਚ ਲਿਖ ਕੇ ਭੇਜਿਆ ਹੈ।[4]

ਇੱਕ ਦਿਨ ਸੰਤ ਸੂਰਜ ਸਿੰਘ ਆਪਣੇ ਘਰ ਮਾਤਾ ਜੀ ਦੇ ਪਾਸ ਬੈਠੇ ਸਨ ਤਾਂ ਇੱਕ ਸਿੱਖ ਆ ਕੇ, ਨਮਸ਼ਕਾਰ ਕਰ ਕੇ ਬੈਠ ਗਿਆ। ਸੰਤ ਜੀ ਨੇ ਉਸਨੂੰ ਪੁੱਛਿਆ ਕਿ ਉਹਨਾਂ ਦੇ ਘਰ ਕਿੱਥੇ ਹਨ ਤਾਂ ਉਸ ਦਾ ਜੁਆਬ ਸੀ-ਜੀ ਪਿੰਡ ਦਾ ਨਾਮ "ਜਿਊਣ ਵਾਲਾ ਹੈ। ਸੰਤ ਜੀ ਕਹਿਣ ਲੱਗੇ ਕਿ ਭਾਈ 'ਜਿਉਣ ਵਾਲਾ' ਵੀ ਕੋਈ ਪਿੰਡ ਹੈ ? ਜੀ ਕੇ ਨਹੀਂ ਮਰਨਾ ਅਤੇ ਗੁਰੂ ਕੀ ਬਾਣੀ ਤਾਂ ਕਹਿੰਦੀ ਹੈ-ਜੋ ਦੀਸੈ ਸੋ ਕਾਲਹੈ ਖਰਨਾ (ਸੂਹੀ ਮ: ੫-੭੪੦) ਅਤੇ ਤੂੰ ਕਹਿਨਾਂ ਹੈ ਕਿ ਮੇਰੇ ਘਰ ਜਿਊਣ ਵਾਲੇ ਹਨ, ਕੁਝ ਸੋਚ ਵਿਚਾਰ, ਡਡਾ ਡੇਰਾ ਇਹੁ ਨਹੀ ਜਹਿ ਡੇਰਾ ਤਹਿ ਜਾਨੁ॥ ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ॥(ਗਉੜੀ ਮ: ੫-੨੫੬) ਭਾਈ ਇਹ ਦੇਸ ਪਰਾਇਆ ਹੈ। ਇਹ ਸੰਸਾਰ ਅਨਿਤ ਹੈ, ਮਿਥਿਆ ਹੈ। ਇਸ ਨਾਲ ਝੂਠੀ ਪ੍ਰੀਤ ਕਿਉਂ ਲਾਈ ਹੈ ? ਮਾਇਆ, ਮੋਹ, ਕੁਟੰਬ, ਪਰਿਵਾਰ, ਸੁਤ, ਦਾਰਾ ਨਾਲ ਜੋ ਤੂੰ ਝੂਠੀ ਪ੍ਰੀਤ ਕਰ ਰਿਹਾ ਹੈਂ, ਇਹ ਤੇਰੇ ਨਾਲ ਜਾਣ ਵਾਲੀ ਚੀਜ਼ ਨਹੀਂ ਹੈ। ਸੰਤਾਂ ਦਾ ਇਹ ਤਿਆਗ ਮਈ ਉਪਦੇਸ਼ ਸੁਣ ਕੇ, ਸਾਧ ਸੰਗਤ ਵਿਸਮਾਦੀ ਹੋ ਗਈ ਤੇ 'ਜਿਉਣ ਵਾਲਿਉਂ' ਆਇਆ ਵੈਰਾਗੀ ਹੋ ਕੇ, ਸੰਤਾਂ ਦੇ ਚਰਨਾਂ ਤੇ ਢਹਿ ਪਿਆ ਅਤੇ ਨਾਲ ਜਾਣ ਵਾਲੀ ਸ਼ੈ ਦੀ ਯਾਚਨਾ ਕਰਨ ਲੱਗ ਪਿਆ।

ਸੰਤ ਕਹਿਣ ਲੱਗੇ ਭਾਈ ਨਾਲ ਜਾਣ ਵਾਲੀ ਚੀਜ਼ ਨਾਮ ਹੈ। ਨਾਮ ਬਿਨਾ

ਨਰੁ ਕਹੀ ਨਾ ਲੇਖੈ।(ਭੈਰਉ ਮ: ੫-੧੧੪੦) ਤਾਂ ਸਿੱਖ ਨੇ ਨਾਮ ਦਾਨ ਲੈਣ ਵਾਸਤੇ ਅਰਜ਼ ਕੀਤੀ। ਸੰਤ ਜੀ ਨੇ ਕੰਨ ਥਾਣੀ ਨਾਮ ਦੀ ਦਾਤ ਬਖਸ਼ ਕੇ, ਅੰਮ੍ਰਿਤ ਵੇਲੇ ਸਕੇਸ਼ ਇਸ਼ਨਾਨ, ਨਾਮ ਬਾਣੀ ਦਾ ਜਾਪ, ਮਦ ਮਾਸ ਦਾ ਤਿਆਗ, ਸਾਬਤ ਸੂਰਤ ਰਹਿਣ, ਚੋਰੀ-ਯਾਰੀ, ਠੱਗੀ ਨਿੰਦਿਆ ਅਤੇ ਜੀਵ-ਹਿੰਸਾ ਭੁੱਲ ਕੇ ਵੀ ਨਾ ਕਰਨ ਦਾ ਉਪਦੇਸ਼ ਵੀ ਦੇ ਦਿੱਤਾ। ਈਰਖਾ ਬਖੀਲੀ ਤੋਂ ਬਚਣ ਲਈ ਕਿਹਾ ਕਿਉਂਕਿ ਸਾਹਿਬਾਂ ਦਾ ਫੁਰਮਾਨ ਹੈ—ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸਦਾ ਕਦੇ ਨ ਹੋਵੀ ਭਲਾ॥(ਸਲੋਕ ਮ: ੪-੩੦੮)

ਸੰਤ ਜੀ ਤਨ, ਮਨ ਅਤੇ ਬਚਨ ਦੁਆਰਾ ਹਿੰਸਾ ਕਰਨ ਤੋਂ ਬਚੇ ਹੋਏ ਸਨ ਅਤੇ ਹੋਰਨਾਂ ਨੂੰ ਵੀ ਇਹੋ ਉਪਦੇਸ਼ ਦਿੰਦੇ ਸਨ। ਨਾ ਮਨ ਵਿੱਚ ਕਿਸੇ ਦਾ ਬੁਰਾ ਸੋਚਣਾ ਨਾ ਕਠੋਰ ਸ਼ਬਦ ਮੂੰਹੋਂ ਕੱਢਣੇ। ਇਤਿਆਦਿਕ ਬਚਨ ਸੁਣ ਕੇ ਸਿੱਖ ਦੀ ਤਸੱਲੀ ਹੋ ਗਈ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਸੰਗਤ ਵਿੱਚ ਸ਼ਾਮਲ ਹੋ ਕੇ, ਜਨਮ ਮਰਨ ਸਫਲ ਕਰ ਗਿਆ।ਉਸ ਸਿੰਘ ਨੇ ਸਮਝ ਲਿਆ ਕਿ ਸੰਤ ਸੂਰਜ ਸਿੰਘ ਪੂਰਨ ਬ੍ਰਹਮਗਿਆਨੀ ਸਾਧੂ ਹਨ।

ਹੁਣ ਸੰਤ ਸੂਰਜ ਸਿੰਘ ਜੀ ਨੇ ਪਿਤਾ ਜੀ ਨੂੰ ਅਰਜ਼ ਕੀਤੀ ਕਿ ਸਾਨੂੰ ਆਗਿਆ ਦਿਉ, ਅਸੀਂ ਕੈਨੇਡਾ ਜਾਣਾ ਚਾਹੁੰਦੇ ਹਾਂ। ਪਿਤਾ ਮਹਾਂ ਸਿੰਘ ਜੀ ਨੇ ਕਿਹਾ ਕਿ ਉਂਜ ਤਾਂ ਤੁਹਾਡੀ ਰਜ਼ਾ ਹੈ, ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਹੁਕਮ ਹੈ ਕਿ ਮੇਰਾ ਸਿੱਖ ਫਰੰਗੀਆਂ ਦੀ ਨੌਕਰੀ ਨਾ ਕਰੇ। ਸੰਤ ਜੀ ਨੇ ਕਿਹਾ ਪਿਤਾ ਜੀ ਆਪ ਜੀ ਦਾ ਬਚਨ ਸੱਤ ਹੈ, ਸਤਿਗੁਰੂ ਜੀ ਦਾ ਇਹੋ ਹੁਕਮ ਹੈ, ਪਰ ਅਸੀਂ ਇਹਨਾਂ ਦੀ ਨੌਕਰੀ ਕਰਨ ਨਹੀਂ ਜਾਣਾ ਅਸੀਂ ਤੇ ਕਈ ਇਕ ਖ਼ਾਸ ਕਾਰਨਾਂ ਕਰ ਕੇ ਜਾਣਾ ਹੈ। ਸਾਨੂੰ ਅਕਾਲ ਪੁਰਖ ਦਾ ਹੁਕਮ ਹੈ ਜੋ ਅਸਾਂ ਜਾਣਾ ਹੈ ਅਤੇ ਜ਼ਰੂਰ ਜਾਣਾ ਹੈ। ਸੰਤਾਂ ਦਾ ਇਹ ਬਚਨ ਸੁਣ ਕੇ, ਪਿਤਾ ਜੀ ਨੇ ਆਗਿਆ ਦੇ ਦਿੱਤੀ। ਸੰਤ ਜੀ ਕੈਨੇਡਾ ਯਾਤਰਾ ਦੀ ਤਿਆਰੀ ਕਰਨ ਲੱਗ ਪਏ। ਆਪ ਦੇ ਅਨਿੰਨ ਸੇਵਕ ਭਾਈ ਹਰਨਾਮ ਸਿੰਘ, ਆਪ ਦੇ ਛੋਟੇ ਭਰਾਤਾ ਇੰਦਰ ਸਿੰਘ ਜੀ (ਬਾਅਦ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੁਆਰਾ ਸੂਬੇ ਥਾਪੇ ਗਏ ਸਨ) ਅਤੇ ਹੋਰ ਕਈ ਸਿੰਘ ਵੀ ਸੰਤ ਜੀ ਦੇ ਨਾਲ ਕੈਨੇਡਾ ਜਾਣ ਵਾਸਤੇ ਤਿਆਰ ਹੋ ਗਏ। ਸੰਬਤ 1961 ਬਿਠ ਮੁਤਾਬਿਕ 1904 ਈ. ਵਿੱਚ ਸੰਤ ਜੀ ਰੋਡਿਆਂ ਤੋਂ ਚੱਲ ਕੇ, ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਪਰਸ ਕੇ ਫਿਰ ਕੈਨੇਡਾ ਨੂੰ ਰਵਾਨਾ ਹੋ ਗਏ।[5]

ਸੂਰਜ ਸਿੰਘ ਰੋਡਿਆਂ ਵਾਲੇ ਦਾ ਕੈਨੇਡਾ ਪਹੁੰਚਣ ਦਾ ਸਮਾਂ ਅੰਦਾਜ਼ਨ

1904 ਈ. ਦਾ ਹੀ ਬਣਦਾ ਹੈ। ਸਰਕਾਰੀ ਰੀਪੋਰਟਾਂ ਵਿੱਚੋਂ ਪਤਾ ਲੱਗਦਾ ਹੈ ਕਿ ਇਸ ਵਰ੍ਹੇ 45 ਕੁ ਭਾਰਤੀ ਜਿਹਨਾਂ ਵਿੱਚੋਂ ਜ਼ਿਆਦਾ ਸਿੱਖ ਸਨ, ਉਹ ਕੈਨੇਡਾ ਪੁੱਜੇ ਸਨ। ਵੈਨਕੂਵਰ ਵਿੱਚ ਕੈਨੇਡਾ ਦੀ ਧਰਤੀ ਤੇ ਪਹਿਲੇ ਸਿੱਖ ਗੁਰਦੁਆਰੇ ਦੇ ਨਿਰਮਾਣ ਹੋਣ ਦਾ ਵਰ੍ਹਾ 1904-05 ਈ. ਹੀ ਬਣਦਾ ਹੈ। ਗੁਰਦੁਆਰਾ ਦੀ ਇਮਾਰਤ ਬਣਨ ਤੱਕ ਆਪ ਵੀ ਉੱਥੇ ਪੁੱਜ ਚੁੱਕੇ ਸਨ।"ਪਹਿਲੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ (ਅਤੇ ਕੀਰਤਨ ਦਾ ਸਾਮਾਨ, ਢੋਲਕ, ਛੈਣੇ ਆਦਿ ਭੀ) ਆਪਣੇ ਨਾਲ ਸੰਤ ਜੀ ਹੀ ਲੈ ਗਏ ਸੀ। ਗੁਰਦੁਆਰਾ ਤਿਆਰ ਹੋਣ ਪਰ, ਸਿੰਘ ਸਭਾ ਵਾਲਿਆਂ ਨਾਲ ਨਾਮਧਾਰੀਏ ਸਿੰਘ ਅਤੇ ਸੰਤਾਂ ਨੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪ੍ਰਕਾਸ਼ ਕਰਨ ਲਈ ਦੀਵਾਨ ਨੂੰ ਸਦਾ ਲਈ ਦੇ ਦਿੱਤੀ ਸੀ।

"ਸਿੰਘਾਂ ਦੀ ਪੰਜਾਬ ਵਿੱਚ ਤਾਂ ਨਹੀਂ ਨਿਭਦੀ ਕਿਉਂਕਿ ਕੁਝ ਅਸੂਲਾਂ ਦਾ ਮਤਭੇਦ ਹੈ, ਪਰ ਕੈਨੇਡਾ ਵਿੱਚ ਸੰਤ ਵਰਿਆਮ ਸਿੰਘ ਤੇ ਭਾਈ ਭਾਗ ਸਿੰਘ ਜੀ ਨਾਲ ਇਹਨਾਂ ਦੀ ਚੰਗੀ ਬਣ ਗਈ। ਸੰਤ ਸੂਰਜ ਸਿੰਘ ਜੀ ਚੰਗੇ ਨਾਮ ਦੇ ਅਭਿਆਸੀ ਸਨ। ਮੈਂ ਚੰਗੇ ਇਸ ਲਈ ਆਖਦਾ ਹਾਂ ਕਿ ਰਿੱਧੀ ਸਿੱਧੀ, ਅੰਤ੍ਰਯਾਮਤਾ, ਕਿਸੇ ਦੀ ਬੀਮਾਰੀ ਹਟਾ ਦੇਣੀ ਜਾਂ ਕਿਸੇ ਉੱਤੇ ਆਉਣ ਵਾਲੇ ਹਾਲ, ਇਕਦਮ ਦੱਸ ਸਕਦੇ ਸਨ। ਮੈਂ ਅਜੇ ਛੋਟੀ ਉਮਰ ਦਾ ਹੀ ਸੀ ਪਰ ਸਿੰਘ ਸਭਾ ਦੇ ਨਿਯਮਾਂ ਨੂੰ ਪੱਕੇ ਸਮਝ ਕੇ ਧਾਰਨ ਕਰ ਬੈਠਾ ਸੀ। (ਅੰਗ੍ਰੇਜ਼ੀ) ਸਰਕਾਰੀ ਸਕੂਲਾਂ ਅਤੇ ਅਨਮਤੀ ਸਕੂਲਾਂ ਵਿੱਚ ਪੜ੍ਹਦਾ ਰਿਹਾ ਸੀ। ਇਸ ਲਈ ਅਜਿਹੀਆਂ ਸ਼ਕਤੀਆਂ ਨੂੰ ਘੱਟ ਹੀ ਮੰਨਦਾ ਸੀ। ਮਾਦਾ ਪ੍ਰਸਤਾਂ ਵਾਂਗੂੰ ਆਪ ਨੂੰ ਧੋਖਾ ਲੱਗਾ ਹੀ ਸਮਝਦਾ ਸੀ। ਨਿਤਨੇਮ ਦਾ ਪਾਠ ਕਰਨਾ ਅਤੇ ਰਹਿਤ ਰੱਖਣੀ ਹੀ ਸਭ ਕਰਮਾਂ ਨਾਲੋਂ ਉੱਤਮ (ਜਾਣਦਾ) ਮੰਨਦਾ ਸੀ।"[6]

ਇਹ ਲਿਖਤ ਉਸ ਸੱਜਣ ਦੀ ਹੈ ਜੋ ਕਦੇ ਕੈਨੇਡਾ ਵਿੱਚ ਗਏ ਹੋਰ ਹਿੰਦਵਾਸੀਆਂ ਜਿਉਂ ਗ਼ਦਰ ਲਹਿਰ ਵਿੱਚ ਸ਼ਾਮਲ ਹੋ ਕੇ, ਦੇਸ਼ ਵਿੱਚ ਆ ਕੇ ਸਰਕਾਰ ਅੰਗਰੇਜ਼ੀ ਵਿਰੁੱਧ ਬਗਾਵਤ ਦਾ ਪਰਚਾਰ ਕਰਨ ਦੇ ਦੋਸ਼ ਵਿੱਚ, ਪਕੜਿਆ ਗਿਆ ਤੇ ਉਮਰ ਕੈਦ ਦੀ ਸਜ਼ਾ 'ਲਾਹੌਰ ਸਾਜਿਸ਼ ਕੇਸ' ਵਿੱਚ ਸੁਣਾਈ ਗਈ। ਜਿਹਲ ਵਿੱਚ ਉਹ ਸੰਤ ਇੰਦਰ ਸਿੰਘ ਚੱਕਰਵਰਤੀ, ਸੰਪਾਦਕ ਸਤਿਜੁਗ ਨੂੰ ਮਿਲਿਆ ਅਤੇ ਉਸ ਨੇ ਉਹਨਾਂ ਨੂੰ ਸੰਤ ਸੂਰਜ ਸਿੰਘ ਹੋਰਾਂ ਨਾਲ ਸਬੰਧਤ ਅਨੇਕ ਬਚਨ, ਸਾਖੀਆਂ ਆਦਿ ਸੁਣਾਈਆਂ। ਚੱਕਰਵਰਤੀ ਜੀ ਦੀ ਬੇਨਤੀ ਤੇ ਸਤਿਜੁਗ ਵਿੱਚ ਇਹ ਜਾਣਕਾਰੀ "ਸੰਤ ਮਹਿਮਾਂ" ਸਿਰਲੇਖ ਹੇਠ, ਲੜੀਵਾਰ 14 ਮੱਘਰ 1991 ਤੋਂ 4 ਮਾਘ 1991 ਤੱਕ ਛਪਦੀ ਰਹੀ ਸੀ। ਕਿਉਂਕਿ ਲੇਖਕ ਜਿਹਲ ਵਿੱਚ ਸੀ ਇਸ ਲਈ

ਪੂਰਾ ਨਾਮ ਪਤਾ ਨਾ ਦੇਣਾ ਮੁਨਾਸਿਬ ਸਮਝਿਆ ਗਿਆ। ਆਪਣੇ ਲੇਖ ਵਿੱਚ ਉਸ ਦਾ ਹਵਾਲਾ "ਅਕਾਲੀ ਸੱਜਣ" ਦੇ ਰੂਪ ਵਿੱਚ ਦਿੱਤਾ ਜਾਏਗਾ।

ਇਹ ਸੱਜਣ ਲਿਖਦਾ ਹੈ ਕਿ ਮੈਨੂੰ ਵੀ ਕੈਨੇਡਾ ਪੁੱਜੇ ਨੂੰ ਜ਼ਿਆਦਾ ਸਮਾਂ ਨਹੀਂ ਸੀ ਹੋਇਆ ਕਿ ਸੰਤ ਸੂਰਜ ਸਿੰਘ ਹੋਰਾਂ ਦਾ ਸੁਨੇਹਾ ਮਿਲਿਆ ਕਿ ਮੈਂ ਉਹਨਾਂ ਨੂੰ ਹੁਣੇ ਹੀ ਮਿਲਾਂ। ਉਸ ਸੁਨੇਹਾ ਦੇਣ ਵਾਲੇ ਗੁਆਂਢੀ ਨੇ ਮੈਨੂੰ ਉਸੇ ਸਮੇਂ ਹੀ ਜਾਣ ਅਤੇ ਰਾਤ ਉੱਥੇ ਹੀ ਟਿਕਣ ਬਾਰੇ ਕਿਹਾ। ਇਕ ਵੇਰ ਮੈਂ ਪਹਿਲਾਂ ਵੀ 'ਮਿੱਲ ਸਾਈਡ' ਜਿੱਥੇ ਸੰਤ ਰਹਿੰਦੇ ਸਨ ਜਾ ਚੁੱਕਾ ਸੀ। ਪੋਰਟ ਮੂਡੀ 'ਤੋਂ ਜਿੱਥੇ ਮੈਂ ਰਹਿੰਦਾ ਸਾਂ ਇਹ ਜਗ੍ਹਾ 4 ਕੁ ਮੀਲ ਉਤਰਾਈ ਚੜ੍ਹਾਈ ਵਾਲਾ ਪਹਾੜੀ ਰਾਹ ਸੀ। ਸੁਨੇਹਾ ਮਿਲਦਿਆਂ ਹੀ ਮੈਂ ਤੁਰ ਪਿਆ ਅਤੇ ਇਹ ਸੋਚਦਾ ਸੀ ਕਿ ਸੰਤਾਂ ਦੇ ਗੁਆਂਢੀ ਜ਼ਿਲ੍ਹੇ (ਸ਼ਾਇਦ ਲੁਧਿਆਣਾ) ਦਾ ਹੋਣ ਕਾਰਨ ਕਿਸੇ ਤੋਂ ਮੇਰਾ ਨਾਮ ਸੁਣ ਕੇ ਹੀ ਸੰਤਾਂ ਨੇ ਮੈਨੂੰ ਬੁਲਾਇਆ ਹੋਵੇ। ਰਸਤੇ ਦੇ ਅੱਧ ਵਿੱਚ ਪਹਾੜੀ ਦੀ ਟੀਸੀ ਉੱਤਰਦਿਆਂ ਇਕ ਹਰੇ ਰੰਗ ਦੇ ਘਰ ਕੋਲ, ਇਕ ਹੋਰ ਗੁਆਂਢੀ ਸਿੱਖ ਦੂਜੇ ਸ਼ਹਿਰੋਂ ਆਉਂਦਾ ਮਿਲਿਆ। ਇਹ ਜਾਣ ਕੇ ਕਿ ਮੈਂ ਸੰਤ ਜੀ ਪਾਸ ਜਾ ਰਿਹਾ ਹਾਂ, ਉਹਨੇ ਕਿਹਾ ਕਿ ਸੰਤ ਜੀ ਅਤੇ ਸੰਗਤ ਨੂੰ ਮੇਰੀ ਫ਼ਤਹਿ ਬੁਲਾਉਣੀ। ਪਰ ਸੰਗਤ ਵਿੱਚ ਜਾ ਕੇ ਮੈਂ ਇਹ ਗੱਲ ਭੁੱਲ ਗਿਆ। ਸਾਰੀਆਂ ਬੈਰਕਾਂ ਜਿੱਥੇ ਸਿੰਘ ਰਹਿੰਦੇ ਸਨ ਦੇ ਇਕ ਪਾਸੇ ਗੁਰਦੁਆਰਾ, ਇਹਨਾਂ ਸਿੰਘਾਂ ਦਾ ਲੰਗਰ ਤੇ ਬੈਠਕ ਸੀ। ਜਦੋਂ ਮੈਂ ਪੁੱਜਿਆ ਤਾਂ ਸੰਤ ਜੀ ਤਿੰਨ ਚਾਰ ਹੋਰ ਸਿੰਘਾਂ ਨਾਲ, ਗੁਰੂ ਘਰ ਦੀਆਂ ਸਾਖੀਆਂ ਦੀ ਚਰਚਾ ਕਰ ਰਹੇ ਸਨ। ਉਹਨਾਂ ਨੇ ਮੈਨੂੰ, ਮੇਰਾ ਨਾਮ ਅਤੇ ਪਿੰਡ ਦਾ ਨਾਮ ਲੈ ਕੇ, ਬੈਠਣ ਲਈ ਕਿਹਾ।ਮੈਂ ਸੋਚਿਆ ਕਿ ਕਿਸੇ ਦੀਵਾਨ ਵਿੱਚ ਮੈਨੂੰ ਬੈਠਾ ਵੇਖ ਕੇ, ਇਹਨਾਂ ਮੇਰੇ ਬਾਰੇ ਪੁੱਛ ਗਿੱਛ ਕਰ ਲਈ ਹੋਵੇਗੀ। ਮੈਂ ਅਜਿਹੇ ਖਿਆਲਾਂ ਵਿੱਚ ਹੀ ਸਾਂ ਕਿ ਸੰਤ ਜੀ ਨੇ ਕਿਹਾ-"ਚਲ ਬਈ ਸਿੰਘਾ ਤੈਨੂੰ ਜਲ ਪਾਣੀ ਛਕਾ ਲਿਆਈਏ।" ਨਾਲ ਦੇ ਸਿੰਘਾਂ ਕਿਹਾ ਕਿ ਨਹੀਂ ਜੀ ਤੁਸੀਂ ਬਚਨ ਬਿਲਾਸ ਕਰੋ। ਗੁਰਬਾਣੀ ਸੁਣਾਉ, ਕੀਰਤਨ ਕਰੋ। ਇਹ ਕੰਮ ਸਾਡਾ ਹੈ। ਪਰ ਸੰਤ ਜੀ ਨੇ ਜ਼ੋਰ ਦੇ ਕੇ ਕਿਹਾ ਕਿ ਜਿਸ ਸਿੰਘ ਨੂੰ ਮੈਂ 4-5 ਮੀਲ ਤੋਂ ਉਚੇਚਾ ਸੱਦਿਆ ਹੈ, ਉਸ ਨੂੰ ਜਲ ਪਾਣੀ ਦੇ ਬਹਾਨੇ, ਕੁਝ ਸਮਾਂ ਇਕਾਂਤ ਵਿੱਚ ਮਿਲਣਾ ਚਾਹੁੰਦਾ ਹਾਂ। ਸੋ ਸੰਤ ਜੀ ਮੈਨੂੰ ਲੰਗਰ ਵਿੱਚ ਲੈ ਗਏ। ਕੋਈ ਇਕ ਲਾਂਗਰੀ ਨਿਸ਼ਚਿਤ ਨਹੀਂ ਸੀ। ਦੋ ਦੋ ਸਿੰਘ ਵਾਰੀ ਨਾਲ ਰੋਜ਼ ਲੰਗਰ ਦੀ ਸੇਵਾ ਕਰਦੇ। ਜੱਥੇ ਦੇ ਖਜ਼ਾਨਚੀ, ਗ੍ਰੰਥੀ ਸਿੰਘ ਅਤੇ ਗੁਰਬਾਣੀ ਪੜ੍ਹਾਉਣ ਵਾਲੇ, ਤਿੰਨ ਸਿੰਘਾਂ ਨੂੰ ਲੰਗਰ ਦੀ ਸੇਵਾ ਮਾਫ਼ ਸੀ। ਇਹ ਨਾਮਧਾਰੀਏ ਸੰਤ ਸਨ ਜੋ ਆਪਣੇ ਛੋਟੇ ਭਰਾ ਇੰਦਰ ਸਿੰਘ ਨਾਲ, ਪਹਿਲੇ ਸਿੰਘਾਂ ਦੇ ਨਾਲ ਹੀ ਆਏ ਸਨ ਅਤੇ

ਦੋਵੇਂ ਭਰਾ ਗੁਰਬਾਣੀ ਦੇ ਪ੍ਰੇਮੀ-ਨੇਮੀ ਸਨ।[7]

ਸੰਤ ਜੀ ਦੇ ਲੰਗਰ ਵਿੱਚ, ਬੂਟ ਬਾਹਰ ਹੀ ਲੁਹਾਏ ਜਾਂਦੇ ਸਨ ਅਤੇ ਹੱਥ ਧੁਆ ਕੇ ਅੰਦਰ ਲੈ ਜਾਂਦੇ ਸਨ ਜਲ ਪਾਣੀ ਲਈ। ਹੁਣ ਸੰਤ ਜੀ ਨੇ ਕਿਹਾ ਕਿ ਮੇਰਾ ਸੁਨੇਹਾ ਦਿਉ। ਮੈਂ ਜੁਆਬ ਦਿੱਤਾ ਕਿ ਆਪ ਨੇ ਹੀ ਮੈਨੂੰ ਜ਼ਰੂਰੀ ਕੰਮ ਲਈ ਸੱਦਿਆ ਹੈ। ਪਰ ਸੰਤਾਂ ਨੇ ਫਿਰ ਕਿਹਾ ਕਿ ਯਾਦ ਕਰ ਲਉ ਸਾਡਾ ਸੁਨੇਹਾ। ਮੇਰੇ ਨਾਂਹ ਕਰਨ ਤੇ ਉਹਨਾਂ ਕਿਹਾ- ਪਹਾੜੀ ਉੱਤਰਦਿਆਂ ਹਰੇ ਘਰ ਦੇ ਕੋਲ ਘੋਲੀਏ ਵਾਲਾ ਸਿੰਘ ਨਹੀਂ ਮਿਲਿਆ ? ਮੈਂ ਹੈਰਾਨ ਸਾਂ ਕਿ ਕੀ ਉਸ ਸਿੰਘ ਨੇ ਫੋਨ ਕੀਤਾ ਹੋਵੇ ਜਾਂ ਆਪ ਹੀ ਮੇਰੇ ਤੋਂ ਪਹਿਲਾਂ ਇੱਥੋਂ ਹੋ ਗਿਆ ਹੋਵੇ ! ਸੰਤ ਜੀ ਨੇ ਮੇਰੀ ਹੈਰਾਨੀ ਦੀ ਕਾਟ ਕਰਦਿਆਂ ਕਿਹਾ ਕਿ ਕਾਕਾ ਸੋਚੀਂ ਪੈਣ ਦੀ ਲੋੜ ਨਹੀਂ, ਜਿਹਨਾਂ ਗੱਲਾਂ ਨੂੰ ਸਾਇੰਸ ਵਾਲੇ ਨਹੀਂ ਸਮਝ ਸਕਦੇ, ਨਾਮ ਅਭਿਆਸੀ ਸਮਝ ਅਤੇ ਕਰ ਸਕਦੇ ਹਨ। ਸੰਤਾਂ ਨੇ ਇਹ ਵੀ ਕਿਹਾ ਸੀ ਕਿ ਸਿੰਘ ਸਭਾ ਵਾਲਿਆਂ ਤੁਹਾਨੂੰ ਅੰਮ੍ਰਿਤ ਛਕਾ ਕੇ ਗੁਰਬਾਣੀ ਦੇ ਲੜ ਲਾ ਦਿੱਤਾ। ਠੀਕ ਕੀਤਾ ਪਰ ਤੁਸੀਂ ਨਾਮ ਅਭਿਆਸ ਤੋਂ ਵਿਰਵੇ ਹੋ। ਇਸ ਲਈ ਸੁਰਤੀ ਇਧਰ ਵੀ ਲਿਆਉ। ਮੇਰੇ ਮਨ ਵਿੱਚ ਜੋ ਵੀ ਉਤਰਾ ਚੜ੍ਹਾਅ ਆ ਰਹੇ ਸਨ ਸੰਤ ਜੀ ਨੇ ਉਹਨਾਂ ਤੇ ਖ਼ੁਦ ਬਖ਼ੁਦ ਵਿਚਾਰ ਚਰਚਾ ਕਰਕੇ, ਮੇਰੀ ਜਗਿਆਸਾ ਸ਼ਾਂਤ ਕਰ ਦਿੱਤੀ।[8]

ਸੰਤ ਸੂਰਜ ਸਿੰਘ ਜੀ ਇੱਥੇ ਨਾਮ ਬਾਣੀ, ਪਾਠ, ਸਿੰਘ ਸਭੀਏ ਵੀਰਾਂ ਨਾਲ ਹੀ ਰਲ ਮਿਲ ਕੇ ਕਰਦੇ ਸਨ। ਸੰਤ ਜੀ ਨੇ ਕਹਿਣਾ ਕਿ ਸਾਡੇ ਬਾਹਰਲੇ ਅਸੂਲ ਵੀ ਇਹਨਾਂ ਦੇ ਨਾਲ ਹੀ ਨਿਭ ਸਕਦੇ ਹਨ ਕਿਉਂਕਿ ਇਸ ਜੱਥੇ ਦੇ ਲੰਗਰ ਵਿੱਚ ਕੋਈ ਵੀ ਝਟਕਾ ਜਾਂ ਹਲਾਲ ਕਿਸੇ ਤਰ੍ਹਾਂ ਦਾ ਵੀ ਮਾਸ ਖਾ ਪਕਾ ਨਹੀਂ ਸਕਦਾ ਸੀ। ਤੈਨੂੰ ਛੇਤੀ ਹੀ 'ਅਕਾਲੀ ਵਿੱਦਿਆ' ਦੇ ਭਾਗ ਲੱਗਣਗੇ, ਤੇਰੇ ਉੱਤੇ ਗੁਰੂ ਸਾਹਿਬ ਦੀ ਨਿਗ੍ਹਾ ਸਵੱਲੀ ਹੈ। ਨਾਮ ਦੇ ਰਸੀਏ, ਬਾਹਰਲੀ ਰਹਿਤ ਬਹਿਤ ਦੇ ਫਰਕਾਂ ਨੂੰ ਨਹੀਂ ਵੇਖਦੇ ਹੁੰਦੇ, ਜਾਂ ਝਗੜੇ ਦੇ ਦੰਗਲ ਦੇ ਪਹਿਲਵਾਨ, ਨਹੀਂ ਅਖਵਾਉਂਦੇ ਹੁੰਦੇ। ਨਾਮਧਾਰੀਏ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਹੀ ਮੰਨਦੇ ਹਨ, ਕੈਨੇਡਾ ਵਿੱਚ ਇਸ ਸਮੇਂ ਅਸੀਂ ਪੰਜ ਸੱਤ ਹੀ ਨਾਮਧਾਰੀ ਸਿੰਘ ਹਾਂ, ਸਾਡਾ ਸਭ ਨਾਲ ਪ੍ਰੇਮ ਹੈ। ਸਾਡੇ ਜੱਥੇ ਦੇ ਸਾਰੇ ਸਿੰਘਾਂ ਨੂੰ ਵੀ ਅਜੇ ਕੰਮ ਨਹੀਂ ਮਿਲਿਆ, ਨਹੀਂ ਤਾਂ ਤੈਨੂੰ ਵੀ ਇੱਥੇ ਰੱਖ ਲੈਂਦੇ। ਪਰ ਕਦੇ ਕਦੇ ਮਿਲਦਾ ਗਿਲਦਾ ਰਹੀਂ। ਜ਼ਰੂਰੀ ਕੰਮ ਇਹ ਹੈ ਤੇਰੇ ਨਾਲ ਕਿ ਅਸਾਂ ਤੇਰੇ ਪਾਸੋਂ ਸਵੇਰੇ ਅੰਗਰੇਜ਼ੀ ਵਿੱਚ ਜ਼ਰੂਰੀ ਚਿੱਠੀ ਲਿਖਵਾਉਣੀ ਹੈ। ਮੇਰੇ ਇਹ ਕਹਿਣ ਤੇ ਕਿ ਅੰਗਰੇਜ਼ੀ ਵਿੱਚ ਚਿੱਠੀ ਲਿਖਣ ਦੀ ਮੇਰੀ ਲਿਆਕਤ ਚੰਗੀ ਨਹੀਂ, ਸੰਤ ਜੀ ਨੇ ਕਿਹਾ ਕਿ ਇਹ

ਹੁਕਮ ਲਿਖਣ ਦਾ ਤੈਨੂੰ ਹੀ ਲੱਗਦਾ ਹੈ। ਹੋਰ ਤੋਂ ਲਿਖਵਾਇਆਂ ਸਾਡਾ ਕਾਰਜ ਨਹੀਂ ਸੌਰੇਗਾ। ਲਿਖਵਾਉਣ ਵਾਲਾ ਤੈਥੋਂ ਲਿਖਵਾ ਲਵੇਗਾ, ਘਬਰਾ ਨਾ। ਅਗਲੇ ਦਿਨ ਸੁਬਹਾ ਉਠ ਕੇ ਪਾਠ ਕੀਰਤਨ ਤੋਂ ਵਿਹਲੇ ਹੋ ਕੇ, ਮੈਂ ਚਿੱਠੀ ਲਿਖੀ ਅਤੇ ਵਾਪਸ ਪੋਰਟ ਮੁੜੀ, ਆਪਣੇ ਟਿਕਾਣੇ ਤੇ ਪੁੱਜ ਗਿਆ। ਮਹਿਸੂਸ ਹੋਇਆ ਕਿ ਚਿੱਠੀ ਤਾਂ ਮੈਥੋਂ ਕਿਸੇ ਗ਼ੈਬੀ ਸ਼ਕਤੀ ਨੇ ਜਿਵੇਂ ਲਿਖਾਈ ਹੋਵੇ। ਇਸੇ ਤਰ੍ਹਾਂ ਮੈਂ ਜਦੋਂ ਵੀ ਫਿਰ ਸੰਤ ਸੂਰਜ ਸਿੰਘ ਹੋਰਾਂ ਦੀ ਸੰਗਤ ਵਿੱਚ ਪੁੱਜਦਾ ਸਾਂ ਤਾਂ ਇਕ ਅਦਭੁੱਤ ਨਾਮ ਖ਼ੁਮਾਰੀ ਦਾ ਸਰੂਰ ਮਹਿਸੂਸ ਹੁੰਦਾ ਸੀ। ਗਿਆਨ ਇੰਦਰੇ ਆਪਣੇ ਕੰਮ ਦੀ ਰਫਤਾਰ ਅਤੇ ਗੁਣ, ਵਧਾ ਲੈਂਦੇ ਸਨ। ਕਈ ਵੇਰ ਤੇ ਨਸ਼ੱਈਆਂ ਵਾਂਗੂੰ ਬੇਸੁੱਧ ਵੀ ਹੋ ਜਾਣਾ। ਨਾਮ ਅਭਿਆਸ ਆਪਣੇ ਆਪ ਚੱਲਦਾ ਰਹਿੰਦਾ ਸੀ।[9]

ਸੰਤ ਜੀ ਜਦੋਂ ਵੀ ਘਰੋਂ ਬਾਹਰ ਜਾਂਦੇ ਤਾਂ ਸਿੱਖੀ ਅਸੂਲ ਮੰਨਣ ਵਾਲਿਆਂ ਦੇ ਘਰ ਹੀ ਰਾਤ ਕੱਟਦੇ। ਇੱਥੇ ਉਹ ਘੋਲੀਆ (ਮੋਗਾ) ਵਾਲੇ ਸਿੰਘਾਂ ਦੇ ਘਰ ਰੁਕਦੇ ਸਨ, ਜੋ ਉਹਨਾਂ ਦਾ ਨੇੜੇ ਦਾ ਹੀ ਪਿੰਡ ਸੀ। ਉਹਨਾਂ ਵਿੱਚੋਂ ਇਕ ਸਿੰਘ ਕਿਸੇ ਨਿਰਮਲੇ ਦੀ ਸੰਗਤ ਕਰਨ ਸਦਕਾ ਮਾਸ ਸ਼ਰਾਬ ਦੋਵੇਂ ਨਹੀਂ ਸੀ ਵਰਤਦਾ, ਬਾਕੀ ਸਿੰਘ ਵਰਤਣ ਵਾਲੇ ਹੀ ਸਨ। ਇਹਨਾਂ ਵਿੱਚੋਂ ਇਕ ਵੀਰ ਸਿੰਘ ਨਾਮ ਦਾ ਘੋਲੀਏ ਦਾ ਸਿੰਘ ਸੀ। ਮੈਂ ਜਦੋਂ ਬੇਰੋਜ਼ਗਾਰ ਸਾਂ ਤਾਂ ਪੂਰਾ ਇਕ ਸਾਲ ਪਰਸ਼ਾਦਾ ਪਾਣੀ ਕਿਸੇ ਸਿੰਘ ਪਾਸੋਂ ਛਕਦਾ ਰਿਹਾ ਸਾਂ। ਇਸ ਸਿੰਘ ਨੂੰ ਚੱਪਾ ਕਰ ਕੇ ਸਦਦੇ ਸੀ ਅਤੇ ਇਹ ਖਈ ਰੋਗ (ਟੀ.ਬੀ.) ਤੋਂ ਪੀੜਿਤ ਸੀ। ਬਹੁਤ ਦੇਸੀ ਵਲਾਇਤੀ ਦੁਆਈਆਂ ਕਰ ਕਰ ਕੇ ਤਿੰਨ ਸਾਲਾਂ ਤੋਂ ਡਾਕਟਰਾਂ ਦੀਆਂ ਫੀਸਾਂ ਅਤੇ ਦੁਆਈਆਂ ਨੇ ਉਜਾੜ ਛੱਡਿਆ ਸੀ। ਇਕ ਦਿਨ ਕਿਸੇ ਸਿਆਣੇ ਨੇ ਮੁਰਗੀ ਦੇ ਚੂਚਿਆਂ ਦਾ ਸੂਪ ਪੀਣ ਲਈ ਰਾਇ ਦਿੱਤੀ।ਵੀਰ ਸਿੰਘ ਤਿੰਨ ਬਕਸਿਆਂ ਵਿੱਚ ਬੰਦ ਕਰ ਕੇ, ਬਾਹਰੋਂ ਚੂਚੇ ਖਰੀਦ ਲਿਆਇਆ। ਦੇਵਨੇਤ ਉਦੋਂ ਕੁ ਜਿਹੇ-ਸੰਤ ਸੂਰਜ ਸਿੰਘ ਵੀ ਸੁਤੇ ਸਿੱਧ ਮੌਕੇ ਤੇ ਆ ਗਏ। ਉਹਨਾਂ ਦੀ ਕਮਾਈ ਕਰ ਕੇ ਹਰ ਕੋਈ ਉਹਨਾਂ ਨੂੰ ਸੰਤ ਜੀ ਕਹਿੰਦਾ ਸੀ। ਸੰਤ ਸੂਰਜ ਸਿੰਘ ਵੀ ਹਰ ਕਿਸੇ ਨੂੰ ਸੰਤ ਜੀ ਜਾਂ ਸੰਤਾ ! ਕਹਿ ਕੇ ਬੁਲਾਉਂਦੇ। ਵੀਰ ਸਿੰਘ ਨੂੰ ਬਕਸਿਆਂ ਵੱਲ ਇਸ਼ਾਰਾ ਕਰ ਕੇ ਕਹਿੰਦੇ-"ਸੰਤਾ ਇਹ ਕੀ ?" ਉਹਨਾਂ ਕਿਹਾ, "ਜੀ ਤੁਸੀਂ ਜਾਣੀ ਜਾਣ ਹੋ। ਮੈਥੋਂ ਕੀ ਕਹਾਉਂਦੇ ਹੋ।" ਉਸ ਨੇ ਦੱਸਿਆ ਮਜ਼ਬੂਰੀ ਵਿੱਚ ਇਹ ਪਾਪ ਕਰਨ ਲੱਗਾ ਹਾਂ। ਸੰਤ ਜੀ ਨੇ ਉਸ ਨੂੰ ਆਖਿਆ-ਮਾਸ ਸ਼ਰਾਬ ਛੱਡਣ ਦਾ ਪ੍ਰਣ ਕਰ, ਸਿੱਖੀ ਰਹਿਤ ਰੱਖ ਤੇ ਗੁਰੂ ਬਾਣੀ ਦਾ ਪਾਠ ਕਰਿਆ ਕਰ। ਉਹਦਾ ਕਹਿਣਾ ਸੀ ਜੀ ਬੜੇ ਰਹਿਤਵਾਨ ਮੈਂ ਇਸ ਨਾਮੁਰਾਦ ਰੋਗ ਨਾਲ ਮਰਦੇ ਵੇਖੇ ਹਨ। ਮਾਸ ਸ਼ਰਾਬ

ਇਸ ਰੋਗ ਵਿੱਚ ਡਾਕਟਰ ਤਾਂ ਵਰਤਣ ਨੂੰ ਕਹਿੰਦੇ ਹਨ, ਤੁਸੀਂ ਦੋਹਾਂ ਤੋਂ ਹਟਕਦੇ ਹੋ। ਖ਼ੈਰ ਸੰਤਾਂ ਦੀ ਪ੍ਰੇਰਣਾ ਨਾਲ ਵੀਰ ਸਿੰਘ ਨੇ ਬਚਨ ਮੰਨ ਲਿਆ ਅਤੇ ਬਕਸੇ ਖੋਹਲ ਕੇ ਚੂਚੇ ਜੰਗਲ ਵੱਲ ਭਜਾ ਦਿੱਤੇ। ਹੁਣ ਵੀਰ ਸਿੰਘ ਤਾਂ ਠੀਕ ਹੋ ਗਿਆ ਪਰ ਉਸੇ ਰੋਗ ਨੇ ਸੰਤ ਸੂਰਜ ਸਿੰਘ ਜੀ ਨੂੰ ਘੇਰ ਲਿਆ। ਮੈਂ ਜਦੋਂ ਇਸ ਰੋਗ ਬਾਰੇ ਸੰਤਾਂ ਨੂੰ ਪੁੱਛਣਾ ਤਾਂ ਆਪ ਅਕਸਰ ਟਾਲ ਜਾਂਦੇ। ਇਕ ਦਿਨ ਆਪਣੀ ਮੌਜ ਵਿੱਚ ਆ ਕੇ ਕਹਿਣ ਲੱਗੇ, ਸਾਨੂੰ ਪਤਾ ਸੀ ਕਿ ਇਹ ਰੋਗ ਸਾਡੀ ਜਾਨ ਲੈ ਲਵੇਗਾ ਪਰ ਵੀਰ ਸਿੰਘ ਬਚ ਗਿਆ ਅਤੇ 30-40 ਹੋਰ ਜਾਨਾਂ ਬਚ ਗਈਆਂ। ਸੌਦਾ ਮਹਿੰਗਾ ਨਹੀਂ। ਇਉਂ ਗੁਰੂ ਘਰ ਵਿੱਚ ਜਾਨ ਬਦਲੇ ਜਾਨ ਦੇਣ ਦੇ ਸੌਦੇ ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਜੀ ਅਤੇ ਭਾਈ ਜੀਵਨ ਜੀ ਆਦਿ ਦੇ ਸਮੇਂ ਤੋਂ ਹੁੰਦੇ ਰਹੇ ਹਨ।[10]

ਇਸ ਅਕਾਲੀ ਸੱਜਣ ਨੇ ਸੰਤ ਸੂਰਜ ਸਿੰਘ ਜੀ ਦੀ ਸੰਗਤ, ਇਹਨਾਂ ਸਮਿਆਂ ਵਿੱਚ ਮਹੀਨਿਆਂ ਬੱਧੀ ਮਾਣੀ ਸੀ। ਸੰਤਾਂ ਦੀ ਕਿਰਪਾ ਨਾਲ ਹੀ ਉਹ ਲਿਖਦੇ ਹਨ ਕਿ ਇਕ ਦਿਨ ਗੁਰੂ ਨਾਨਕ, ਭਾਈ ਬਾਲਾ ਅਤੇ ਮਰਦਾਨਾ ਜੀ ਦਾ ਦਰਸ਼ਨ ਵੀ ਉਸਨੂੰ ਇਕ ਸੁਪਨੇ ਵਿੱਚ ਹੋਇਆ। ਇਸ ਸੁਪਨੇ ਵਿੱਚ ਗੁਰੂ ਜੀ ਨੇ ਉਸਨੂੰ ਇਹ ਵੀ ਦੱਸਿਆ ਸੀ ਕਿ ਮੰਦੇ ਕਰਮਾਂ ਦੇ ਫਲ ਵਜੋਂ ਤੇਰੀ ਲੱਤ, ਕਾਰਖਾਨੇ ਵਿੱਚ ਕੰਮ ਕਰਦਿਆਂ, ਫੱਟਿਆਂ ਹੇਠ ਆ ਕੇ ਟੁੱਟ ਜਾਣੀ ਸੀ, ਪਰ ਹੁਣ ਤੈਨੂੰ ਸੱਟ ਤੇ ਲੱਗੇਗੀ ਪਰ ਮਾੜੀ ਮੋਟੀ ਮੋਚ ਨਾਲ ਹੀ ਕੰਮ ਚੱਲ ਜਾਏਗਾ। ਸਾਧੂ ਦੀ ਸੰਗਤ ਦਾ ਲਾਭ ਤੈਨੂੰ ਅਵੱਸ਼ ਮਿਲੇਗਾ। ਉਹ ਤਰਕ ਵਿਤਰਕ ਮਨ ਵਿੱਚ ਸੰਤ ਜੀ ਦੀ ਸੰਗਤ ਸਮੇਂ ਸੁਣੀਆਂ, ਅਦਭੁੱਤ ਸਾਖੀਆਂ ਅਤੇ ਬਚਨਾਂ ਬਾਰੇ ਕਰਦਾ ਰਹਿੰਦਾ ਸੀ ਪਰ ਜਦੋਂ ਸੁਪਨਾ ਹਕੀਕਤ ਵਿੱਚ ਬਦਲਿਆ, ਕਾਰਖਾਨੇ ਵਿੱਚ ਕੰਮ ਕਰਦਿਆਂ, ਫੱਟਿਆਂ ਦੀ ਭਰੀ ਟਰਾਲੀ ਉਸ ਦੀ ਲੱਤ ਉੱਪਰ ਡਿੱਗੀ ਵੀ, ਫੱਟਿਆਂ ਵਿੱਚੋਂ ਲੱਤ ਨਿਕਲ ਵੀ ਗਈ ਅਤੇ ਟੁੱਟ ਭੱਜ ਤੋਂ ਵੀ ਬਚ ਗਈ, ਹੁਣ ਉਹ ਸੰਤ ਜੀ ਦੇ ਅੱਗੇ ਫਿਰ ਨਤ ਮਸਤਕ ਹੋਇਆ ਅਤੇ ਗੁਰਮਤਿ ਜੀਵਨ ਦਾ ਪੱਕਾ ਧਾਰਨੀ ਬਣ ਗਿਆ। ਉਹ ਲਿਖਦਾ ਹੈ ਕਿ ਸ਼ਰਾਬ ਤਾਂ ਮੈਂ ਪਹਿਲਾਂ ਤੋਂ ਹੀ ਨਹੀਂ ਸਾਂ ਪੀਂਦਾ, ਇਕ ਨਿਹੰਗ ਸਿੰਘ ਦੀ ਕੈਨੇਡਾ ਵਿੱਚ ਹੋਈ ਸੰਗਤ ਨਾਲ ਮਾਸ ਤੋਂ ਵੀ ਪਰਹੇਜ਼ ਪਹਿਲਾਂ ਹੀ ਕਰ ਚੁੱਕਾ ਸੀ।[11] ਜੇ ਚੱਕਰਵਰਤੀ ਜੀ 1947 ਈ. ਤੋਂ ਬਾਅਦ ਸੰਤ ਸੂਰਜ ਸਿੰਘ ਹੋਰਾਂ ਦੀਆਂ ਘਟਨਾਵਾਂ ਨਾਲ ਸਬੰਧਿਤ ਉਸ 'ਅਕਾਲੀ ਸਿੰਘ' ਦਾ ਨਾਮ ਲਿਖ ਜਾਂਦੇ ਤਾਂ ਬਹੁਤ ਲਾਹੇਵੰਦ ਰਹਿੰਦਾ, ਹੁਣ ਵੀ ਖੋਜੀ ਸੱਜਣ ਜੇ ਯਤਨ ਕਰਨ ਤਾਂ ਟੋਹ ਲੈ ਲੈ ਕੇ, ਉਸ ਤੱਕ ਪੁੱਜਿਆ ਜਾ ਸਕਦਾ ਹੈ। ਫਿਰ ਵੀ ਕਿਸ਼ਤਵਾਰ ਛਪੇ

ਇਹਨਾਂ ਲੇਖਾਂ ਵਿੱਚ ਸੰਤ ਸੂਰਜ ਸਿੰਘ ਜੀ ਦੀ ਅਦੁੱਤੀ ਪ੍ਰਤਿਭਾ ਦੇ ਝਲਕਾਰੇ ਮਿਲਦੇ ਹਨ ਕਿ ਕਿਵੇਂ ਕੈਨੇਡਾ ਜਾਣ ਵਾਲੇ ਪਹਿਲੇ ਪੰਜਾਬੀਆਂ ਜਾਂ ਹਿੰਦੀਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਗੁਰਸਿੱਖ ਵੀ ਆਪਣੇ ਰੰਗ ਵਿੱਚ ਵਿਚਰਦੇ ਰਹੇ ਸਨ।

ਸੰਨ 1905 ਈ. ਵਿੱਚ ਹੀ ਸੰਤ ਸੂਰਜ ਸਿੰਘ ਹੋਰਾਂ ਨੇ ਦੇਸ ਵਾਪਸੀ ਲਈ ਆਪਣੇ ਸੇਵਕ ਭਾਈ ਹਰਨਾਮ ਸਿੰਘ ਹੋਰਾਂ ਨੂੰ ਕਿਹਾ ਕਿ ਜਿਹੜਾ ਕਾਰਜ ਸਾਡੇ ਜ਼ਿੰਮੇ ਸੀ ਉਹ ਅਸਾਂ ਕਰ ਲਿਆ ਹੈ ਅਤੇ ਸਾਡੇ ਸਰੀਰ ਦਾ ਸਮਾਂ ਵੀ ਥੋਹੜਾ ਰਹਿ ਗਿਆ ਹੈ, ਇਸ ਲਈ ਅਸੀਂ ਹੁਣ ਦੇਸ਼ ਨੂੰ ਚੱਲਾਂਗੇ। ਹਰਨਾਮ ਸਿੰਘ ਨੇ ਪੁੱਛਿਆ ਕਿ ਸੰਤ ਜੀ ਚੋਲਾ ਕਦੋਂ ਛੱਡੋਗੇ ਤਾਂ ਕਿਹਾ—ਤੁਰਨ ਲੱਗਿਆਂ ਦੱਸਾਂਗੇ। ਤੁਰਨ ਲੱਗਿਆਂ ਆਪ ਨੇ ਹਰਨਾਮ ਸਿੰਘ ਨੂੰ ਕਿਹਾ ਸੀ ਕਿ ਅੱਜ ਤੋਂ 75ਵੇਂ ਦਿਨ ਨੂੰ ਸਰੀਰ ਤਿਆਗਾਂਗੇ। ਇਸ ਤੇ ਭਾਈ ਹਰਨਾਮ ਸਿੰਘ ਆਪ ਦੇ ਨਾਲ ਹੀ ਦੇਸ਼ ਵਾਪਿਸ ਆ ਗਏ। ਵਾਪਸੀ ਸਫਰ ਤੇ ਖੁਰਾਕ ਬਹੁਤ ਘੱਟ ਕਰ ਲਈ। ਅੱਠੀਂ ਪਹਿਰੀਂ ਇਕ ਪਰਸ਼ਾਦਾ ਛਕਦੇ ਸਨ। ਕੈਨੇਡਾ ਤੋਂ ਚੱਲ ਕੇ 60ਵੇਂ ਦਿਨ ਸ੍ਰੀ ਭੈਣੀ ਸਾਹਿਬ ਪੁੱਜ ਗਏ। ਸੱਤ ਦਿਨ ਉੱਥੇ ਗੁਰੂ ਹਰੀ ਸਿੰਘ ਜੀ ਪਾਸ ਰਹਿ ਕੇ ਉਹਨਾਂ ਦੀਆਂ ਖੁਸ਼ੀਆਂ ਲਈਆਂ। ਪੂਰੇ ਅੱਠ ਦਿਨ ਰੋਡਿਆਂ ਵਿੱਚ ਆ ਰਹੇ ਤੇ ਫਿਰ ਸਾਉਣ ਦੇ ਮਹੀਨੇ ਵਿੱਚ ਅਕਾਲ ਚਲਾਣਾ ਕਰ ਗਏ। ਮਾਲੂਮ ਹੁੰਦਾ ਹੈ ਕਿ ਆਪ ਦਾ ਕੈਨੇਡਾ ਦਾ ਕਿਆਮ ਸਾਲ, ਡੇਢ ਸਾਲ ਤੋਂ ਜ਼ਿਆਦਾ ਨਹੀਂ ਸੀ। ਇਸ ਸਮੇਂ ਕੈਨੇਡਾ ਵਿੱਚ ਪੰਜਾਬੀ ਜਾਂ ਸਿੱਖ ਭਾਈਚਾਰਾ ਕੁਝ ਕੁ ਸੈਂਕੜੇ ਹੀ ਸੀ, ਸਾਰੇ ਇਕ ਦੂਜੇ ਤੋਂ ਛੇਤੀ ਪਰਿਚਿਤ ਹੋ ਜਾਂਦੇ। ਸੰਤ ਜੀ ਦੀ ਨਾਮ ਬਾਣੀ ਵਾਲੀ, ਭਜਨੀਕ ਸ਼ਖਸ਼ੀਅਤ ਸਭ ਦੇ ਸਤਿਕਾਰ ਦਾ ਪਾਤਰ ਬਣੀ।

ਭਾਈ ਸੰਤੋਖ ਸਿੰਘ ਬਾਹੋਵਾਲ ਦੇ ਇਤਿਹਾਸਿਕ ਗ੍ਰੰਥ ਸਤਿਗੁਰੂ ਬਿਲਾਸ ਦੇ ਦੂਜੇ ਭਾਗ ਵਿੱਚ 1902 ਈ. ਵਿੱਚ ਸੂਰਜ ਸਿੰਘ ਨਾਲ ਸਬੰਧਿਤ ਇਕ ਬਚਨ ਦਰਜ ਹੈ। ਇਸ ਸਮੇਂ ਕਾਹਨ ਸਿੰਘ ਵਾੜਿਆਂ ਦਾ, ਜੋ ਮੁਕਤਸਰ ਦੀ ਨਾਮਧਾਰੀ ਧਰਮਸ਼ਾਲਾ ਬਨਾਉਣ ਵਾਲਿਆਂ ਵਿੱਚੋਂ ਇਕ ਸੀ, ਹਰਨਾਮ ਸਿੰਘ ਲੰਗੇਆਣਾਂ ਨਾਲ ਭੈਣੀ ਸਾਹਿਬ ਆਇਆ। ਗੁਰੂ ਹਰੀ ਸਿੰਘ ਜੀ ਪਾਸ ਬੇਨਤੀ ਹੋਈ ਕਿ ਹਰਨਾਮ ਸਿੰਘ ਇੱਕ ਚੌਂਕੜੇ ਦਸੀਂ ਪਹਿਰੀਂ ਗੁਰੂ ਗਰੰਥ ਸਾਹਿਬ ਦਾ ਪਾਠ ਕਰ ਕੇ ਭੋਗ ਪਾ ਦਿੰਦਾ ਹੈ। ਪਰ ਜਦੋਂ ਇੱਥੋਂ ਪਾਠ ਕਰਨ ਲੱਗਾ ਤਾਂ ਬਾਰਾਂ ਪੱਤਰੇ ਰਹਿੰਦਿਆਂ ਉੱਠਣਾ ਪਿਆ। ਦੂਜੇ ਪਾਠੀ ਨੇ ਪਾਠ ਕੀਤਾ। ਗੁਰੂ ਜੀ ਨੇ ਹੰਕਾਰ ਤੋੜ ਦਿੱਤਾ।

"ਕਾਹਨ ਸਿੰਘ ਨੇ ਸੂਰਜ ਸਿੰਘ ਰੋਡਿਆਂ ਨੂੰ ਕਿਹਾ ਕਿ ਇਹਨਾਂ ਪੰਜਾਂ ਸਰੀਰਾਂ ਨੂੰ ਭਜਨ ਦੇ ਦਿਉ। ਦੇ ਦੀਆ ਭਜਨ ਉਸਨੂੰ ਸੰਸਾ ਹੋਇਆ ਕਿ ਬਿਨਾਂ ਹੁਕਮ ਥੀਂ ਦੇ ਦਿੱਤਾ ਹੈ ਭਜਨ। ਕਾਹਨ ਸਿੰਘ, ਸੂਰਜ ਸਿੰਘ ਨੂੰ ਨਾਲ ਲੈ ਕੇ ਰਾਮਦਾਸ ਪੁਰੇ ਸਾਹਿਬ ਆਇਆ, ਗੁਰੂ ਜੀ ਦਾ ਦਰਸ਼ਨ ਕੀਤਾ। ਏਤਨੇ ਮੇਂ ਏਕ ਭਜਨ ਲੈਣ ਵਾਲਾ ਆਇਆ। ਬਚਨ ਕੀਤਾ, ਕਾਹਨ ਸਿੰਘ ਦੇ ਭਜਨ। ਕਹਿਆ, ਜੀ ਸੂਰਜ ਸਿੰਘ ਦੇਊਗਾ। ਬਚਨ ਹੋਇਆ ਦੇ ਭਜਨ। ਦਿਲ ਵਿੱਚ ਸੰਗੇ ਸੂਰਜ ਸਿੰਘ। ਅੰਤਰਜਾਮੀ ਜੀ ਬਚਨ ਕੀਤਾ ਸੰਗਦਾ ਕਿਉਂ ਹੈਂ ? ਭਜਨ ਦੀਆ। ਮਸਤਾਨੇ ਦੀ ਮੰਗ ਪੂਰੀ ਹੋਈ।'[12]

ਇਉਂ ਅਸੀਂ ਵੇਖਦੇ ਹਾਂ ਕਿ ਜਿੱਥੇ ਸੂਰਜ ਸਿੰਘ ਛੋਟੀ ਆਰਜਾ ਕਰ ਕੇ ਭਜਨ ਦੇਣ ਤੋਂ ਸੰਗਦਾ ਹੈ, ਗੁਰੂ ਹਰੀ ਸਿੰਘ ਜੀ ਉਸ ਦੀ ਸੰਗ ਦੂਰ ਕਰਦੇ ਹਨ। ਭਾਈ ਬਾਹੋਵਾਲ ਇਸ ਦੀ ਬਿਰਤੀ ਵੇਖ ਕੇ ਹੀ 'ਮਸਤਾਨੇ' ਦਾ ਲਕਬ ਪਰਦਾਨ ਕਰਦਾ ਹੈ। ਭਾਈ ਸੂਰਜ ਸਿੰਘ ਰੋਡੇ, ਛੋਟੀ ਉਮਰ ਵਿੱਚ ਵੱਡੇ ਪੂਰਨੇ ਪਾਉਣ ਵਾਲਾ ਸਿੱਖ ਸਾਬਤ ਹੋਇਆ।

## -ਹਵਾਲੇ ਤੇ ਟਿੱਪਣੀਆਂ-

1. ਸੰਤ ਬਲਵੰਤ ਸਿੰਘ ਫੱਕਰ ਰੋਡਿਆਂ ਵਾਲੇ, ਇਹ ਸੰਤ ਸੂਰਜ ਸਿੰਘ ਦੇ ਭਰਾਤਾ ਸੂਬਾ ਇੰਦਰ ਸਿੰਘ ਦੇ ਵੱਡੇ ਪੁੱਤਰ ਸਨ।"ਸੰਤ ਮਹਿਮਾਂ" ਨਾਮ ਦਾ ਲੇਖ ਉਹਨਾਂ ਨੇ ਸਤਿਜੁਗ, ਸਪਤਾਹਿਕ, ਸ੍ਰੀ ਭੈਣੀ ਸਾਹਿਬ, ਦੇ ਸੰਪਾਦਕ ਸੰਤ ਇੰਦਰ ਸਿੰਘ ਚੱਕਰਵਰਤੀ ਦੇ ਕਹਿਣ ਤੇ ਲਿਖਿਆ ਜੋ ਸਤਿਜੁਗ ਦੇ ਤਿੰਨ ਜਾਂ ਚਾਰ ਅੰਕਾਂ ਵਿੱਚ 10 ਫੱਗਣ 1991 ਤੋਂ 1 ਚੇਤਰ 1991 ਬਿਕਰਮੀ ਤੱਕ ਛਪਿਆ ਸੀ। (1)-(2) ਅੰਕਾਂ ਦਾ ਹਵਾਲਾ 10 ਫੱਗਣ 1991 ਬਿ. ਮੁਤਾਬਿਕ ਫਰਵਰੀ 1935 ਈ., ਸਫਾ 7 ਹੈ।
2. ਉਪਰੋਕਤ ਅੰਕ, ਸਫਾ 7
3. ਸੰਤ ਬਲਵੰਤ ਸਿੰਘ ਫੱਕਰ ਦਾ ਲੇਖ 'ਸੰਤ ਮਹਿਮਾਂ', ਸਤਿਜੁਗ 17 ਫੱਗਣ 1991 ਬਿ.
4. ਉਪਰੋਕਤ ਲੇਖ, ਸਤਿਜੁਗ, 1 ਚੇਤਰ 1991 ਬਿ. ਸਫਾ 7
5. ਸੰਤ ਮਹਿਮਾਂ ਵੱਲੋਂ ਇਕ ਦੇਸ਼ ਭਗਤ, ਉਮਰ ਕੈਦੀ ਅਕਾਲੀ ਵੀਰ,

ਸਤਿਜੁਗ, ਸ੍ਰੀ ਭੈਣੀ ਸਾਹਿਬ, 14 ਮੱਘਰ 1991 ਬਿ. ਸਫਾ 9
6. ਉਪਰੋਕਤ ਲੇਖ, ਸਫਾ 10-11
7. ਸੰਤ ਮਹਿਮਾਂ, ਸਤਿਜੁਗ 21 ਮੱਘਰ 1991, ਸਫਾ 5-6
8. ਉਪਰੋਕਤ, 28 ਮੱਘਰ 1991 ਬਿ. ਸਫਾ 5
9. ਉਪਰੋਕਤ, 6 ਪੋਹ 1991 ਬਿ., ਸਫਾ 7
10. ਸੰਤ ਬਲਵੰਤ ਸਿੰਘ ਰੋਡਿਆਂ ਵਾਲੇ, ਸੰਤ ਮਹਿਮਾਂ, ਸਪਤਾਹਿਕ ਸਤਿਜੁਗ, ਸ੍ਰੀ ਭੈਣੀ ਸਾਹਿਬ, 1 ਚੇਤਰ 1991 ਬਿ., ਸਫਾ 8
11. ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 336-37

❊

# ਸਾਂਦਲ ਬਾਰ ਦੀ ਨਾਬਰੀ ਦਾ ਪਰਤੀਕ–
# ਭਾਈ ਕਿਸ਼ਨ ਸਿੰਘ ਵਰਨ

ਅਣਵੰਡੇ ਪੰਜਾਬ ਦੇ ਗੁਜਰਾਂਵਾਲਾ ਜ਼ਿਲ੍ਹਾ ਦੀ ਸ਼ੇਖ਼ੂਪੁਰਾ ਤਹਿਸੀਲ (ਬਾਅਦ ਵਿਚ ਜ਼ਿਲ੍ਹਾ ਬਣ ਗਿਆ ਸੀ) ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਇਸ ਖਿੱਤੇ ਵਿਚ ਆਗਮਨ ਸਮੇਂ ਤੋਂ ਹੀ ਨਾਮਧਾਰੀ ਸਿੱਖੀ ਦਾ ਬਹੁਤ ਬੋਲਬਾਲਾ ਹੋ ਗਿਆ ਸੀ। ਜੇ ਗੁਰੂ ਨਾਨਕ ਪਾਤਸ਼ਾਹ ਦੁਆਰਾ, ਲੰਗਰ ਪ੍ਰਥਾ ਦਾ ਆਰੰਭ ਕਰਨ ਵਾਲੇ, ਗੁਰਦੁਆਰਾ 'ਸੱਚਾ ਸੌਦਾ' ਜਾਂ 'ਖਰਾ ਸੌਦਾ-ਬਾਰ' ਨਾਲ ਸਬੰਧਿਤ ਨਗਰ ਚੂਹੜਕਾਣੇ ਨੂੰ ਇਕ ਕੇਂਦਰ ਮੰਨ ਲਈਏ ਤਾਂ ਇਸ ਦੇ ਸਮੇਤ ਆਸ ਪਾਸ, ਕੂਕਾ ਵੱਸੋਂ ਵਾਲੇ ਪਿੰਡ, ਮੁਰੀਦ ਕੇ, ਈਸਰ ਕੇ, ਉਗੰਦ, ਖਾਨਗਾਹ ਡੋਗਰਾਂ, ਝੱਬਰ, ਵਰਨ, ਸਮਸਾ, ਮਦਾਰ, 'ਬੰਦੋ ਕੇ, ਝਾਮਕੇ, ਟਾਂਡਾ ਗੁਰੂ, ਸੰਤ ਪੁਰਾ ਆਦਿ ਪਿੰਡਾਂ ਵਿਚ ਨਾਮਧਾਰੀ ਸੰਗਤ ਪੰਜਾਬ ਸਰਕਾਰ ਦੀ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਮੁਤਾਬਿਕ ਵੱਸਦੀ ਸੀ।[1] ਸਤਿਗੁਰੂ ਰਾਮ ਸਿੰਘ ਜੀ ਆਪਣੇ ਸੈਨਿਕ ਜੀਵਨ ਸਮੇਂ ਵੀ ਲਾਹੌਰ ਤੋਂ ਚੂਹੜਕਾਣੇ, ਆਪਣੇ ਸੈਨਿਕ ਸਾਥੀ ਕਾਹਨ ਸਿੰਘ ਨਿਹੰਗ ਚੱਕ ਵਾਲੇ ਸਮੇਤ ਸੈਰ ਕਰਨ ਆਇਆ ਕਰਦੇ ਸਨ।[2] ਇਹ ਵਾਟ ਪੱਚੀ ਕੋਹ ਦੀ ਸੀ। ਜਦੋਂ ਸਤਿਗੁਰੂ ਰਾਮ ਸਿੰਘ ਜੀ ਇਕ ਵੇਰ 1858 ਈ. ਵਿਚ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਹਜਰੋਂ ਸਾਹਿਬ (ਕੈਂਪਬੈਲ ਪੁਰ ਜਾਂ ਅਟਕ ਜ਼ਿਲ੍ਹਾ) ਗਏ ਸਨ ਤਾਂ ਮੁੜਦੇ ਸਮੇਂ ਆਪ ਦਾ ਮੇਲ, ਚੂਹੜਕਾਣਾ ਨਿਵਾਸੀ ਅਮਰੀਕ ਸਿੰਘ ਪੁੱਤਰ ਸ਼ਾਮ ਸਿੰਘ ਨਾਲ ਹੋਇਆ ਸੀ। ਉਹ ਵਿਰਕ ਭਾਈਚਾਰੇ ਵਿਚੋਂ ਕੂਕਾ ਬਣਨ ਵਾਲਾ ਪਹਿਲਾ ਸੱਜਣ ਸੀ। ਚੂਹੜਕਾਣੇ ਦਾ ਜ਼ੈਲਦਾਰ ਅਨੋਖ ਸਿੰਘ ਪੁੱਤਰ ਬਲ ਸਿੰਘ ਵੀ ਕੂਕਾ ਬਣ ਚੁੱਕਾ ਸੀ। ਚੂਹੜਕਾਣੇ ਤੋਂ ਚਾਰ ਕੁ ਕਿਲੋਮੀਟਰ ਦੇ ਫਾਸਲੇ ਤੇ ਹੀ ਇਕ ਪਿੰਡ ਵਰਨ ਸੀ। ਸ਼ੇਖ਼ੂਪੁਰਾ, ਗੁਜਰਾਂਵਾਲਾ ਅਤੇ ਸਿਆਲਕੋਟ ਜ਼ਿਲ੍ਹਿਆਂ ਵਿਚ, ਵਿਰਕ ਜੱਟਾਂ ਦੇ ਕੋਈ 150 ਪਿੰਡ ਸਨ। ਵਿਰਕ ਦਾ ਵੱਡਾ ਭਰਾ ਵਰਨ ਸੀ ਇਸ ਲਈ ਸਾਰੇ ਵਿਰਕ ਅਦਬ ਵਜੋਂ ਵਰਨ ਦੀ ਉਲਾਦ ਨੂੰ ਬਾਬੇ ਵਰਨ ਕਿਹਾ ਕਰਦੇ ਸਨ। ਵੈਸੇ ਵਰਨਾਂ ਨੇ ਵੀ ਛੋਟੇ ਭਰਾ ਦੀ ਪ੍ਰਸਿੱਧੀ ਕਾਰਨ, ਉਸ ਦੇ ਨਾਂ ਤੇ ਆਪਣੀ ਗੋਤ ਵੀ ਹਮੇਸ਼ਾਂ ਵਿਰਕ ਹੀ ਦੱਸੀ ਹੈ। ਵਰਨ ਪਿੰਡ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਪਾਉਣ ਦਾ ਜ਼ਿਕਰ, ਭਾਈ ਬਾਹੋਵਾਲ ਕਰਦੇ ਹਨ। ਸਾਰੇ ਵਿਰਕ ਟੱਪੇ ਵਿਚੋਂ ਵਰਨ ਹੀ ਇਕ

ਮਾਤਰ ਐਸਾ ਪਿੰਡ ਸੀ ਜੋ ਤਕਰੀਬਨ ਸਾਰਾ ਪਿੰਡ ਹੀ ਜੇ ਕੂਕਿਆਂ ਦਾ ਨਹੀਂ ਸੀ ਤਾਂ ਕੂਕਾ ਪ੍ਰਭਾਵ ਹੇਠ ਜ਼ਰੂਰ ਸੀ। ਕੂਕਿਆਂ ਦੇ ਪ੍ਰਭਾਵ ਦਾ ਵੇਰਵਾ, ਲੋਕ ਗੀਤਾਂ ਵਿਚੋਂ ਵੀ ਮਿਲਦਾ ਹੈ-

'ਥਾਲੀ ਭੰਨ ਕੇ ਬਣਾ ਲਏ ਛੈਣੇ, ਕੂਕੇ ਵਰਨਾਂ ਦੇ'

ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਤੋਂ ਤਕਰੀਬਨ ਦੋ ਦਹਾਕੇ ਬਾਅਦ, ਜਦੋਂ ਗੁਰੂ ਹਰੀ ਸਿੰਘ ਜੀ ਨੂੰ ਸੀਮਿਤ ਸਮੇਂ ਲਈ, ਪੰਜਾਬ ਵਿਚ ਦੌਰੇ ਕਰਨ ਦੀ ਮਨਜ਼ੂਰੀ ਸਰਕਾਰ ਤੋਂ ਮਿਲੀ ਤਾਂ ਆਪ ਜੀ ਪੱਛਮੀ ਪੰਜਾਬ ਦੇ ਹਰ ਦੌਰੇ ਸਮੇਂ, ਵਰਨ ਪਿੰਡ ਸਮੇਤ ਇਸ ਖਿਤੇ ਵਿਚ ਜ਼ਰੂਰ ਦਰਸ਼ਨ ਦਿੰਦੇ। ਨਤੀਜੇ ਦੇ ਤੌਰ ਤੇ ਪੱਛਮੀ ਪੰਜਾਬ ਵਿਚ ਨਾਮਧਾਰੀ ਸੰਗਤ ਵਿਚ ਆਪ ਦੇ ਸਮੇਂ ਅਤੇ ਆਪ ਜੀ ਤੋਂ ਬਾਅਦ ਸਤਿਗੁਰੂ ਪਰਤਾਪ ਸਿੰਘ ਜੀ ਸਮੇਂ, ਬਹੁਤ ਵਾਧਾ ਹੋਇਆ।ਵਰਨ ਪਿੰਡ ਦੀ ਵਜ੍ਹਾ ਕਾਰਨ ਆਲੇ-ਦੁਆਲੇ ਦੇ ਬਹੁਤ ਸਾਰੇ ਪਿੰਡਾਂ ਨੂੰ ਕੂਕਾ ਪਰਚਾਰ ਦੀ ਲਾਗ ਲੱਗੀ। ਅੰਗਰੇਜ਼ ਸਰਕਾਰ ਨੇ ਪੰਜਾਬ ਤੇ ਕਬਜ਼ਾ ਕਰਨ ਬਾਅਦ, ਬਗਾਵਤ ਦਾ ਪਰਚਾਰ ਕਰਨ ਵਾਲੇ ਭਾਈ ਮਹਾਰਾਜ ਸਿੰਘ ਅਤੇ ਉਸਦੀਆਂ ਬਾਗੀ ਸੈਨਾਵਾਂ ਨੂੰ ਆਪਣੇ ਪਿੰਡਾਂ ਵਿਚ ਠਹਿਰਾਉਣ ਅਤੇ ਲੰਗਰ ਪਾਣੀ ਦੀ ਸੇਵਾ ਕਰਨ ਬਦਲੇ ਵਿਰਕੈਤ ਦੇ ਕੜਿਆਲ, ਨੋਖਰ, ਝੱਬਰ ਅਤੇ ਚੂਹੜਕਾਣਾ ਆਦਿ ਪਿੰਡ, ਅੱਗ ਲਾ ਕੇ ਸਾੜ ਦਿੱਤੇ ਸਨ। ਸ਼ਾਇਦ ਅੰਗਰੇਜ਼ ਸਰਕਾਰ ਵਿਰੁੱਧ ਇਹੋ ਕਿੜ ਕੱਢਣ ਲਈ ਜਦੋਂ 1901-02 ਵਿਚ ਇੱਥੇ ਰੇਲਵੇ ਲਾਈਨ ਬਣੀ ਤਾਂ ਚੂਹੜਕਾਣੇ ਪਿੰਡ ਨੇ ਸਟੇਸ਼ਨ ਬਨਾਉਣ ਲਈ ਮੰਗਣ ਤੇ ਵੀ ਸਰਕਾਰ ਨੂੰ ਥਾਂ ਨਹੀਂ ਸੀ ਦਿੱਤਾ। ਇਹ ਥਾਂ ਗੁਆਂਢੀ ਪਿੰਡ ਮੁਰੀਦਕੇ ਨੇ ਦਿੱਤਾ ਸੀ ਬੇਸ਼ੱਕ ਸਟੇਸ਼ਨ ਦਾ ਨਾ ਮੰਡੀ ਹੋਣ ਕਾਰਨ, ਚੂਹੜਕਾਣਾ ਰੱਖਿਆ ਗਿਆ। ਇਹ ਅੰਗਰੇਜ਼ ਸਰਕਾਰ ਵਿਰੋਧੀ ਜਜ਼ਬਾ ਵਿਰਕ ਤਪੇ ਵਿਚ, 1947 ਤੱਕ ਮੌਜੂਦ ਰਿਹਾ। ਇਸ ਲਈ ਬਸਤੀਵਾਦ ਵਿਰੋਧੀ ਕੂਕਾ ਲਹਿਰ ਵਿਚ ਕੁੱਦਣ ਵਾਲੇ, ਇਹਨਾਂ ਪਿੰਡਾਂ ਵਿਚੋਂ ਅਨੇਕ ਸੂਰਬੀਰ ਨਿੱਤਰੇ, ਜਿਹੜੇ ਇਤਿਹਾਸ ਦੇ ਸਫ਼ਿਆਂ ਤੇ ਆਪਣੀ ਪੈੜ ਛਾਪ, ਆਪੋ ਆਪਣੇ ਨਵੇਕਲੇ ਢੰਗ ਨਾਲ ਹੀ ਛੱਡ ਗਏ ਸਨ। ਪਿੰਡ ਵਰਨ ਜਿਸ ਦਾ ਉੱਪਰ ਜ਼ਿਕਰ ਆਇਆ ਹੈ ਉਸਦੇ ਕੂਕੇ, ਦਾਤੇ, ਭਗਤ ਅਤੇ ਸੂਰਮੇ, ਤਿੰਨਾਂ ਗੁਣਾਂ ਵਿਚ ਮਾਲਾ ਮਾਲ ਸਨ। ਅਜਿਹਾ ਹੀ ਇਕ ਸਿਰਲੱਥ ਕੂਕਾ ਸੂਰਮਾ, ਪਿਛਲੀ ਤੋਂ ਪਿਛਲੀ ਸਦੀ ਦੇ ਮਗਰਲੇ ਅੱਧ ਵਿਚ, ਭਾਈ ਕਿਸ਼ਨ ਸਿੰਘ ਵਰਨ ਹੋਇਆ ਹੈ।

ਗੁਰੂ ਕਾਸ਼ੀ ਕਰਕੇ ਜਾਣੇ ਜਾਂਦੇ ਪਿੰਡ ਵਰਨ ਵਿਚ ਭਾਈ ਕਿਸ਼ਨ ਸਿੰਘ ਦੇ

ਮਾਤਾ ਪਿਤਾ ਦਾ ਨਾਮ, ਸਾਡੇ ਇਤਿਹਾਸ ਵਿਚ ਦਰਜ਼ ਨਹੀਂ। ਉਸਦੀ ਬਾਬਤ ਪਹਿਲੀ ਵੇਰ ਸਾਡੇ ਇਤਿਹਾਸ ਵਿਚ 1898 ਈ. ਵਿਚ ਜ਼ਿਕਰ ਮਿਲਦਾ ਹੈ ਜਦੋਂ ਗੁਰੂ ਹਰੀ ਸਿੰਘ ਜੀ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ ਆਦਿ ਜ਼ਿਲ੍ਹਿਆਂ ਦੇ ਦੌਰੇ ਤੇ ਲੁਧਿਆਣੇ ਆਉਂਦੇ ਹਨ ਤਾਂ ਇੱਥੇ ਕੁਝ ਪੁਲਿਸ ਵਾਲੇ, ਅਕਾਰਨ ਸਿੰਘਾਂ ਤੇ ਰੋਹਬ ਪਾਉਣਾ ਚਾਹੁੰਦੇ ਹਨ। ਪੁਲਿਸ ਨਾਲ ਸਿੰਘਾਂ ਦੀ ਉਸ ਸਮੇਂ ਜਿਹੜੀ ਥੋਹੜੀ ਬਹੁਤ ਭਿੜੰਤ ਹੋਈ, ਉਸ ਦੇ ਵਿਚ ਕਿਸ਼ਨ ਸਿੰਘ ਹੋਰਾਂ ਦਾ ਜ਼ਿਕਰ ਮਿਲਦਾ ਹੈ। ਇਸ ਦੌਰੇ ਵਿਚ ਇਤਿਹਾਸ-ਲੇਖਕ, ਭਾਈ ਸੰਤੋਖ ਸਿੰਘ ਬਾਹੋਵਾਲ ਵੀ ਸੰਗਤਾਂ ਵਿਚ ਸ਼ਾਮਲ ਸੀ। ਗੁਰੂ ਹਰੀ ਸਿੰਘ ਜੀ ਦਾ ਅਤੇ ਆਮ ਸੰਗਤ ਦਾ ਇਕ ਦੂਜੇ ਦਾ ਦਰਸ਼ਨ ਮੇਲਾ ਕਰਨ ਦਾ ਸਬੱਬ, ਉਸ ਸਮੇਂ ਕਿਤਨਾ ਔਖਾ ਬਣਦਾ ਸੀ, ਹੇਠਲੇ ਹਵਾਲੇ ਤੋਂ ਸਪੱਸ਼ਟ ਹੁੰਦਾ ਹੈ ਅਤੇ ਇਹ ਵੀ ਪਤਾ ਲੱਗਦਾ ਹੈ ਕਿ ਬਿਪਤਾ ਦੀਆਂ ਇਹਨਾਂ ਘੜੀਆਂ ਵਿਚ, ਭਾਈ ਕਿਸ਼ਨ ਸਿੰਘ ਵਰਗੇ ਦਿਲ ਗੁਰਦੇ ਵਾਲੇ ਸਿੰਘ ਹੀ ਤੱਗ ਸਕਦੇ ਸਨ।

"1955 (ਮੁਤਾਬਿਕ 1898 ਈ.) ਮੇਂ ਏਕ ਵਾਰ ਜ਼ਿਲਾ (ਡੀ.ਸੀ. ਲੁਧਿਆਣਾ) ਛੁੱਟੀ ਨਾ ਦੇਵੇ। ਆਖੇ ਤੁਸੀਂ ਮੇਰੇ ਛੁੱਟੀ ਗਏ ਤੇ ਨਿਮਾਣੀ ਕਾ ਮੇਲਾ ਕਿਉਂ ਲਗਾਇਆ ਥਾ। ਗੁੱਸੇ ਨਾਲ ਬੋਲੇ, ਛੁੱਟੀ ਦੇਣ ਵਿਚ ਨਾ ਆਵੇ। ਖਟੜਿਆਂ ਕੇ ਜਾਨੇ ਕੋ ਦਸ ਦਿਨ ਕੀ ਛੁੱਟੀ ਮੰਗੀ, ਉਹ ਭੀ ਨਾ ਦਿੱਤੀ। ਮੇਮ ਨੇ ਸਮਝਾਇਆ ਕਿ ਉਹ ਤਾਂ ਨਰਮ ਨਰਮ ਬੋਲਦੇ ਹੈਂ ਤੂੰ ਗੁੱਸੇ ਗੁੱਸੇ ਬੋਲਦਾਂ ਹੈ। ਤੈਨੂੰ ਭੀ ਨਰਮ ਹੋਣਾ ਚਾਹੀਏ। ਚਾਰ ਦਿਨ ਜਾਂਦੇ ਰਹੇ। ਫੇਰ ਕਹਿਣੇ ਲਗਾ ਤੁਮ ਜਾਓ ਡੇਰੇ ਨੂੰ ਓਥੇ ਹੀ ਹੁਕਮ ਆਇ ਜਾਵੇਗਾ। ਦਰਬਾਰਾ ਸਿੰਘ ਜਾਂਦਾ ਰਿਹਾ। ਫਰੰਗੀ ਨੇ ਕਹਾ ਜ਼ਿਲ੍ਹੇ ਦਿਓ ਲਖਾ ਕੇ ਜਿੱਥੇ ਜਿੱਥੇ ਜਾਣਾ ਹੈ। ਪਾਂਚ ਜ਼ਿਲ੍ਹੇ ਲਿਖਾਏ, ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ, ਝੰਗ ਜਾਂ ਅੱਗੇ ਸੇ ਰੋਬਕਾਰੀ ਆਈ ਤਾਂ ਤਿੰਨ ਮਹੀਨੇ ਕੀ ਛੁੱਟੀ ਦਿੱਤੀ।

"ਅਰਦਾਸਾ ਕਰਕੇ ਤੁਰੇ। ਜਾਂ ਲੁਧਿਆਣੇ ਗਏ ਤਾਂ ਦਾਨ ਸਿੰਘ ਨੂੰ ਏਕ ਸਿਪਾਹੀ ਨੇ ਧਕਾ ਮਾਰਿਆ। ਕਰਮ ਸਿੰਘ ਨੇ ਸਿਪਾਹੀ ਕੋ ਸੋਟੀ ਕੀ ਹੁੱਝ ਮਾਰੀ। ਕਿਸ਼ਨ ਸਿੰਘ ਨੇ ਮੂੰਹ ਉੱਤੇ ਮੁੱਕਾ ਮਾਰਿਆ।ਗੁਰੂ ਜੀ ਗੱਲ ਰਫਾ ਦਫਾ ਕਰ ਦਿੱਤੀ।"[4]

ਕਿਸ਼ਨ ਸਿੰਘ ਦੀ ਉਮਰ ਇਸ ਸਮੇਂ 40 ਸਾਲ ਤੋਂ ਘੱਟ ਨਹੀਂ ਹੋਵੇਗੀ। ਕਿਉਂਕਿ ਇਸ ਸਮੇਂ ਤੱਕ ਉਹਨਾਂ ਦਾ ਆਨੰਦ ਕਾਰਜ ਵੀ ਹੋ ਚੁੱਕਾ ਸੀ ਅਤੇ ਉਲਾਦ ਵੀ ਸੀ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਸਤਿਗੁਰੂ

ਰਾਮ ਸਿੰਘ ਜੀ ਦੇ ਪਰਦੇਸ ਗਮਨ ਸਮੇਂ ਉਸਦੀ ਉਮਰ 13-14 ਸਾਲ ਤੋਂ ਵੱਧ ਨਹੀਂ ਸੀ। ਜਾਂ ਤਾਂ ਉਸਦਾ ਪਿਤਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕੂਕਾ ਬਣ ਗਿਆ ਹੋਵੇ, ਜਿਸ ਦੀ ਸੰਭਾਵਨਾ ਜ਼ਿਆਦਾ ਹੈ ਅਤੇ ਜਾਂ ਫਿਰ ਉਸਨੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਸਿੱਖੀ ਧਾਰਨ ਕੀਤੀ ਹੋਵੇ। ਪਹਿਲੀ ਸੰਭਾਵਨਾ ਜ਼ਿਆਦਾ ਹੈ ਕਿਉਂਕਿ ਵਰਨ ਪਿੰਡ ਵਿਚ ਸਤਿਗੁਰੂ ਰਾਮ ਸਿੰਘ ਜੀ, ਸੂਬਾ ਬ੍ਰਹਮਾ ਸਿੰਘ ਜੀ, ਸੂਬਾ ਰਾਜਾ ਸਿੰਘ, ਸੂਬਾ ਜੋਤਾ ਸਿੰਘ (ਸਤਿਗੁਰੂ ਜੀ ਦੁਆਰਾ ਥਾਪੇ ਮੋਢੀ ਕੂਕੇ ਸੂਬੇ) ਅਕਸਰ ਕੂਕਾ ਪਰਚਾਰ ਵਾਸਤੇ ਆਇਆ ਜਾਇਆ ਕਰਦੇ ਸਨ। ਸੰਨ 1904 ਈ. ਤੱਕ ਵਰਨ ਪਿੰਡ ਵਿਚ ਅਤੇ ਆਸ ਪਾਸ, ਨਾਮਧਾਰੀ ਸੰਗਤਾਂ ਦਾ ਕਾਫੀ ਬੋਲਬਾਲਾ ਸੀ। ਬਾਅਦ ਵਿਚ ਬਣਿਆ ਉੱਘਾ ਅਕਾਲੀ ਆਗੂ, ਜਥੇਦਾਰ ਕਰਤਾਰ ਸਿੰਘ ਝੱਬਰ ਵੀ ਇਸ ਸਮੇਂ ਤੱਕ ਕੂਕਾ ਪ੍ਰਭਾਵ ਵਿਚ ਸੀ। ਕਿਉਂਕਿ ਉਸਦੀ ਟਾਬਰੀ ਵਿਚ ਉਸ ਸਮੇਂ ਤੱਕ ਸਾਉਲ ਸਿੰਘ, ਜਿਊਣ ਸਿੰਘ, ਕੇਸਰ ਸਿੰਘ, ਜੈਮਲ ਸਿੰਘ ਅਤੇ ਰੂਪਾ ਸਿੰਘ ਆਦਿ ਪ੍ਰਸਿੱਧ ਕੂਕੇ ਸਨ। ਪਿੰਡ ਝੱਬਰਾਂ ਦੇ ਭਾਈ ਚੰਦਾ ਸਿੰਘ ਦੁਆਰਾ ਰਚਿਤ, ਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੂੰ ਬਿਆਨ ਕਰਦਾ ਬਾਰਾਂ ਮਾਂਹ, ਉਨ੍ਹੀਵੀਂ ਸਦੀ ਦੇ ਅੰਤ ਤੱਕ ਪੰਜਾਬ ਭਰ ਵਿਚ ਹੋਣ ਵਾਲੇ ਕੂਕਾ ਦੀਵਾਨਾਂ ਵਿਚ ਪੜ੍ਹਿਆ ਜਾਂਦਾ ਸੀ। ਇਸ ਰਚਨਾ ਵਿਚ ਰੂਸ ਦੀ ਸੈਨਿਕ ਇਮਦਾਦ ਨਾਲ, ਪੰਜਾਬ ਵਿਚੋਂ ਗੋਰਾਸ਼ਾਹੀ ਨੂੰ ਖਦੇੜਨ ਦੀਆਂ ਗੂੰਜਾਂ ਵੀ ਪੈਂਦੀਆਂ ਸਨ ਇਸ ਲਈ ਕੂਕਿਆਂ ਅਤੇ ਆਮ ਲੋਕਾਂ ਵਿਚ ਦੇਸ਼ ਪ੍ਰੇਮ ਦਾ ਜਜ਼ਬਾ ਟੁੰਬਣ ਵਾਲੀ ਇਹ ਪਰਮੁੱਖ ਰਚਨਾ ਬਣ ਗਈ ਸੀ। ਪੁਸਤਕ "ਵਿਰਕ ਇਤਿਹਾਸ' ਦੇ ਨਿਰਮਾਤਾ ਭਾਈ ਜੀਵਨ ਸਿੰਘ" ਜੈ ਚੱਕ" ਜੋ ਇਸ ਖਿੱਤੇ ਦਾ ਵਿਰਕਾਂ ਦੀ ਹੀ ਪਿੰਡ ਸੀ ਉਸ ਦੇ ਦਾਦਾ ਜਵਾਹਰ ਸਿੰਘ ਦੇ ਤਿੰਨ ਭਰਾ, , ਜਮੀਅਤ ਸਿੰਘ, ਗੁਰਦਾਸ ਸਿੰਘ ਅਤੇ ਫਤੇਹ ਸਿੰਘ ਪੱਕੇ ਨਾਮਧਾਰੀ ਸਨ।[5] ਵਿਰਕ ਇਤਿਹਾਸ ਵਿਚ ਹੀ ਉਸ ਸਮੇਂ ਦੇ ਨਾਮਧਾਰੀਆਂ ਦੇ ਵੱਡੇ ਤਪ ਤਿਆਗ ਬਾਰੇ ਇਉਂ ਦਰਜ ਹੈ-"ਕਈਆਂ ਨਾਮਧਾਰੀਆਂ ਨੇ ਉਦੋਂ ਅੰਗਰੇਜਾਂ ਨਾਲ ਮੁਖਾਲਫਤ ਹੋਣ ਕਾਰਨ ਵਿਆਹ ਨਹੀਂ ਸਨ ਕਰਵਾਏ ਮਤੇ ਫੜੇ ਜਾਈਏ ਤੇ ਮਗਰੋਂ ਟੱਬਰ ਰੁਲਦੇ ਨਾ ਫਿਰਨ।"[6] ਉਪਰੋਕਤ ਜੈ ਚੱਕ ਪਿੰਡ ਦੇ ਤਿੰਨਾਂ ਕੂਕੇ ਸਿੰਘਾਂ ਨੇ ਇਸੇ ਕਾਰਨ, ਵਿਆਹ ਨਹੀਂ ਸਨ ਕਰਵਾਏ।[7]

ਆਪਣੇ ਪਿੰਡ ਅਤੇ ਆਲੇ ਦੁਆਲੇ ਦਾ ਸਰਕਾਰ ਵਿਰੋਧੀ ਵਾ ਮੰਡਲ ਹੋਣ ਕਾਰਨ, ਭਾਈ ਕਿਸ਼ਨ ਸਿੰਘ ਨੂੰ ਵੀ ਜੁਆਨੀ ਚੜ੍ਹਦਿਆਂ ਹੀ, ਉਸ ਸਮੇਂ ਦੀ ਅੰਗਰੇਜ਼ ਸਰਕਾਰ ਵਿਰੁੱਧ, ਕੱਟੜ ਕੂਕਾ ਲਹਿਰ ਨਾਲ, ਆਪਣੀ ਤਕਦੀਰ ਜੋੜਨ ਲੱਗਿਆਂ, ਜ਼ਿਆਦਾ ਦੇਰ ਨਹੀਂ ਸੀ ਲੱਗੀ। ਉਸ ਨੇ ਕੂਕਾ

ਬਣਨ ਤੋਂ ਛੇਤੀ ਹੀ ਬਾਅਦ ਕੂਕਾ ਕੇਂਦਰ ਭੈਣੀ ਸਾਹਿਬ ਜਾਣਾ ਆਉਣਾ ਸ਼ੁਰੂ ਕਰ ਦਿੱਤਾ।ਗੁਰੂ ਹਰੀ ਸਿੰਘ ਜੀ ਅਤੇ ਭੈਣੀ ਸਾਹਿਬ ਦੀ ਹੋਰ ਸੰਗਤ ਦੇ ਦਰਸ਼ਨ ਦੀਦਾਰ ਕਰਨ ਲਈ, ਉਹ ਪੁਲਿਸ ਚੌਂਕੀ ਦੇ ਜਾਬਰ ਮੁਲਾਜ਼ਮਾਂ ਦੀਆਂ ਸਖ਼ਤੀਆਂ ਵੀ ਖਿੜੇ ਮੱਥੇ ਬਰਦਾਸ਼ਤ ਕਰਦਾ। ਉਸ ਨੂੰ ਭੈਣੀ ਸਾਹਿਬ ਦੀਆਂ ਰੇਤਲੀਆਂ ਜੂਹਾਂ ਅਤੇ ਝਾੜ ਬੇਲਿਆਂ ਵਿਚ, ਕਈ ਕਈ ਹਾੜ ਸਿਆਲ, ਦਰਸ਼ਨ ਕਰਨ ਲਈ ਆਪਣੀ ਵਾਰੀ ਦੀ ਉਡੀਕ ਵਿਚ, ਖੁੱਲ੍ਹੇ ਅਸਮਾਨਾਂ ਹੇਠ ਸਿਰਫ਼ ਤੇ ਸਿਰਫ਼ ਤਾਰਿਆਂ ਦੀ ਛੱਤ ਹੇਠ ਹੀ ਬਿਤਾਉਣੇ ਪੈਂਦੇ ਸਨ। ਕਿਉਂਕਿ ਅੱਠਾਂ ਪਹਿਰਾਂ ਵਿਚ ਸਿਰਫ਼ ਦਸ ਵਿਅਕਤੀ ਹੀ ਨਾਂ ਪਤੇ ਲਿਖਾ ਕੇ ਸਿਰਫ਼ 24 ਘੰਟੇ ਡੇਰੇ ਦੀ ਹਦੂਦ ਵਿਚ ਰਹਿਣ ਦੀ ਆਗਿਆ ਲੈਂਦੇ ਸਨ। ਬਾਕੀ ਦਰਸ਼ਨ ਅਭਿਲਾਖੀਆਂ ਨੂੰ ਪੁਲਿਸ ਚੌਂਕੀ, ਭੈਣੀ ਸਾਹਿਬ ਪਿੰਡ ਤਾਂ ਕੀ ਇਸ ਦੀ ਜੂਹ ਵਿਚ ਠਹਿਰਨ ਤੇ ਵੀ ਰੋਕ ਲਾਉਂਦੀ ਸੀ। ਉਲੰਘਣਾ ਕਰਨ ਵਾਲਿਆਂ ਦੀ ਮਾਰਕੁੱਟ ਆਮ ਵਰਤਾਰਾ ਸੀ। ਜਬਰ ਦੀ ਇਸ ਕੁਠਾਲੀ ਵਿਚੋਂ ਵਾਰ ਵਾਰ ਲੰਘਣ ਕਾਰਨ, ਕਿਸ਼ਨ ਸਿੰਘ ਵਰਨ ਆਪਣੀ ਸਮਰਪਣ ਭਾਵਨਾ ਵਿਚ ਮੁਕੰਮਲ ਹੋ ਚੁੱਕਾ ਸੀ। ਗੁਰੂ ਹਰੀ ਸਿੰਘ ਜੀ ਨੇ ਵੀ ਉਸਨੂੰ ਆਪਣੇ ਸਨੇਹ ਪਾਸ਼ ਵਿਚ ਪੂਰੀ ਤਰ੍ਹਾਂ ਜਕੜ ਲਿਆ ਸੀ। ਇਸ ਲਈ ਗੁਰੂ ਹਰੀ ਸਿੰਘ ਜੀ ਦਾ ਕਿਸੇ ਸਮੇਂ ਵੀ ਮਾਝੇ, ਦੜਪ ਜਾਂ ਬਾਰ ਦੇ ਇਲਾਕੇ ਵਿਚ ਦੌਰੇ ਤੇ ਨਿਕਲਣਾ ਸੁਣਕੇ, ਉਹ ਚੁੰਗੀਆਂ ਭਰਦਾ ਹੋਇਆ ਦੌਰਾ ਤੁਰਨ ਸਮੇਂ ਜਾ ਪਹਿਲਾਂ ਭੈਣੀ ਸਾਹਿਬ ਜਾ ਪੁੱਜਦਾ ਜਾਂ ਰਸਤੇ ਵਿੱਚ ਰਲ ਜਾਂਦਾ ਸੀ। ਇਸੇ ਕਾਰਨ ਉਹ ਉੱਪਰ ਵਰਣਿਤ ਦੌਰੇ ਦੇ ਆਰੰਭ ਵਿਚ ਲੁਧਿਆਣੇ ਮੌਜੂਦ ਸੀ, ਜਿੱਥੇ ਉਸਨੇ ਹੈਂਕੜਬਾਜ਼ ਪੁਲਿਸ ਸਿਪਾਹੀ ਨੂੰ, ਸਬਕ ਸਿਖਾਉਣ ਲਈ ਸਰਕਾਰੀ ਆਤੰਕ ਦਾ ਜੁਆਬ ਆਪਣੇ ਹੂਰੇ ਨਾਲ ਦਿੱਤਾ ਸੀ। ਇਸ ਦੌਰੇ ਵਿਚ ਗੁਰੂ ਹਰੀ ਸਿੰਘ ਜੀ ਨੇ ਭਾਈ ਕਿਸ਼ਨ ਸਿੰਘ ਦੇ ਨਾਲ ਉਸਦੇ ਪਿੰਡ ਵਰਨ ਵਿਖੇ ਦਰਸ਼ਨ ਦੇ ਕੇ, ਗੁਰਮਤ ਪਰਚਾਰ ਕੀਤਾ ਸੀ।

1900 ਈ. ਵਿਚ ਫਿਰ ਗੁਰੂ ਹਰੀ ਸਿੰਘ ਜੀ ਨੇ ਸ਼ੇਖੂਪੁਰੇ ਅਤੇ ਸ੍ਰੀ ਅੰਮ੍ਰਿਤਸਰ ਦੇ ਇਲਾਕਿਆਂ ਵਿਚ ਸੰਗਤਾਂ ਨੂੰ ਨਿਵਾਜਿਆ ਸੀ। ਇਸ ਦੌਰੇ ਸਮੇਂ ਸ਼ੇਖੂਪੁਰੇ ਵਿਖੇ ਹੋਣ ਵਾਲੇ ਇਕ ਅਨੰਦ ਕਾਰਜ ਸਮੇਂ, ਵਿਆਹ ਵਾਲੇ ਲੜਕੇ ਨੇ ਗੁਰਮਤਿ ਤੋਂ ਉਲਟ ਕਾਰਵਾਈ ਕੀਤੀ ਸੀ। ਇਸ ਲਈ ਹਰਚੰਦ (ਸ਼ੇਖੂਪੁਰਾ) ਦਾ ਇਕ ਸਿੰਘ ਪਰਤਾਪ ਸਿੰਘ ਅਤੇ ਭਾਈ ਕਿਸ਼ਨ ਸਿੰਘ ਵਰਨ ਤੁਰੰਤ ਹਰਕਤ ਵਿਚ ਆਏ ਅਤੇ ਮਨ ਮੱਤ ਨੂੰ ਰੋਕਿਆ। "ਏਕ ਮਹੀਨੇ ਦੀ ਛੁੱਟੀ ਸੀ। ਗੁਰੂ ਹਰੀ ਸਿੰਘ ਜੀ ਸ਼ੇਖੂਪੁਰੇ ਆਏ।ਬੌਰਿਆਂ ਤੋਂ ਸਿੰਘ ਆਏ ਸ਼ਬਦ ਪੜ੍ਹਦੇ। ਜੋ ਲੜਕਾ ਸੀ ਭਗਤ ਸਿੰਘ ਉਸਦੇ ਸੇਹਰੇ

ਬੱਧੇ ਹੋਏ ਸੇ ਗੋਟੇ ਦੇ ਤਾਰਾਂ ਜਿਹੀਆਂ। ਸੰਗਤ ਦੇਖਕੇ ਔਖੀ ਹੋਈ। ਦੀਵਾਨ ਲੱਗਾ ਸ਼ਾਮ ਨੂੰ। ਸਵੇਰੇ ਆਸਾ ਕੀ ਵਾਰ ਲੱਗੀ ਤੇ ਲੜਕਾ ਮੁਕਟ ਬੰਨ੍ਹ ਕੇ ਆ ਗਿਆ। ਏਹ ਦੇਖਕੇ ਹਰਚੰਦ ਵਾਲੇ ਪ੍ਰਤਾਪ ਸਿੰਘ ਨੇ ਬੇਦੀ ਪੱਟ ਸੁੱਟੀ, ਕਿਸ਼ਨ ਸਿੰਘ ਵਰਨਾ ਵਾਲੇ ਨੇ ਮੁਕਟ ਲਾਹ ਕੇ ਗੁਰੂ ਹਰੀ ਸਿੰਘ ਜੀ ਅੱਗੇ ਰੱਖ ਦਿੱਤਾ। ਘਰ ਵਾਲੇ ਨਰਾਜ ਹੋਏ ਕਿ ਸਿੰਘ ਨੇ ਬੇਦੀ ਕਿਉਂ ਪੱਟੀ ਹੈ। ਗੁਰੂ ਜੀ ਉਹਨਾਂ ਨੂੰ ਕੁਛ ਨਹੀਂ ਕਹਿਆ ਬੇਦੀ ਫੇਰ ਗਡਾਇ ਦਿੱਤੀ ਤੇ ਮੁਕਟ ਨਹੀਂ ਫਿਰ ਦਿੱਤਾ।"[8]

1901 ਈ. ਵਿਚ ਸੱਦੋਵਾਲ (ਲਾਇਲਪੁਰ) ਬਾਰ ਦੇ ਨਵੇਂ ਵਸਾਏ ਪਿੰਡ ਵਿਚ, ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ, ਹੋਲੇ ਮਹੱਲੇ ਦਾ ਪੁਰਬ ਮਨਾਇਆ ਗਿਆ ਸੀ। ਇਸ ਤੋਂ ਬਾਅਦ ਪੜਾਉ ਪੜਾਈ ਦਰਸ਼ਨ ਦਿੰਦੇ ਹੋਏ ਗੁਰੂ ਜੀ ਲਾਇਲਪੁਰ ਤੋਂ ਗੋਬਿੰਦਗੜ੍ਹ (ਜਾਂ ਅਕਾਲ ਗੜ੍ਹ ਮਜ਼੍ਹਬੀ ਸਿੰਘਾਂ ਦਾ ਪਿੰਡ ਸੀ) ਪੜਾਉ ਕਰਕੇ, ਮਾਣੀਆਂ ਵਾਲਾ, ਬਹਾਲੀ ਕੇ, ਸੇਰੋਕਾ, ਬਲੱਗਣ, ਸੰਤਾਂ ਵਾਲੀ ਹੁੰਦੇ ਹੋਏ ਵਰਨ ਪਿੰਡ ਵਿਖੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਕਿਸ਼ਨ ਸਿੰਘ ਵਿਰਕ ਤਪੇ ਦੀ ਸੰਗਤ ਸਮੇਤ ਇਸ ਦੌਰੇ ਵਿਚ ਵੀ ਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ। ਸੰਨ 1902 ਈ. ਦਾ ਹੋਲਾ ਮਹੱਲਾ ਆਪ ਨੇ ਪਿੰਡ ਮੱਟਵਾਂ ਜਾਂ ਭਾਈ ਕੇ ਮੱਟੂ (ਜ਼ਿਲ੍ਹਾ ਗੁਜਰਾਂਵਾਲਾ) ਵਿਖੇ ਮਨਾਇਆ ਸੀ। ਮੱਟਵਾਂ ਤੋਂ ਗਦਾਂਵਾਲੇ, ਮਦਾਰ ਅਤੇ ਮਿਰਜ਼ੇ ਪਿੰਡਾਂ ਵਿਚੋਂ ਹੁੰਦੇ ਹੋਏ ਆਪ ਜੀ ਨੇ ਫਿਰ ਵਰਨ ਪਿੰਡ ਚਰਨ ਪਾਏ ਸਨ। ਇਸ ਦੌਰੇ ਵਿਚ ਗੁਰੂ ਜੀ ਨੇ ਦੋ ਵੇਰ ਵਰਨ ਪਿੰਡ ਵਿਚ ਦਰਸ਼ਨ ਦਿੱਤੇ।[9]

1903 ਈ. ਦਾ ਹੋਲਾ ਮਹੱਲਾ ਗੁਰੂ ਹਰੀ ਸਿੰਘ ਜੀ ਨੇ ਲਾਇਲਪੁਰ ਜ਼ਿਲ੍ਹੇ ਦੇ ਨਵੇਂ ਆਬਾਦ ਹੋਏ ਪਿੰਡ, ਗਿੱਲ (ਬਾਰ ਵਾਲੇ) ਵਿਖੇ ਮਨਾਇਆ ਸੀ। ਇਹ ਗਿੱਲ ਪਿੰਡ ਬਾਬਾ ਜਮੀਅਤ ਸਿੰਘ ਹੋਰਾਂ ਵਾਲਾ ਸੀ ਅਤੇ ਬਾਬਾ ਜੀ ਦਾ ਪਰਿਵਾਰ ਵੀ ਸਿਆਲਕੋਟ ਵਾਲੇ ਗਿੱਲ ਤੋਂ ਉੱਠ ਕੇ ਇੱਥੇ ਆ ਗਿਆ ਸੀ। ਗੁਰੂ ਜੀ ਰਾਜਾ ਜੰਗ, ਲਾਹੌਰ ਆਦਿ ਵੱਲੋਂ ਹੁੰਦੇ ਇੱਥੇ ਪੁੱਜੇ ਸਨ। ਉਹਨਾਂ ਦਿਨਾਂ ਵਿਚ ਨਾਮਧਾਰੀ ਸਿੰਘ ਸ਼ਬਦ ਦੀ ਮਸਤੀ ਵਿਚ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੇ ਬਚਨ ਸੁਣਦੇ ਹੋਏ ਬਿਹਬਲ ਹੋ ਕੇ, ਮਸਤਾਨੇ ਹੋ ਜਾਂਦੇ ਸਨ। ਮਸਤਾਨੇ ਹੋਣ ਨੂੰ ਸੂਤਰ ਕੱਢਣਾ ਵੀ ਆਖਦੇ ਸਨ ਜਿਸ ਤਰ੍ਹਾਂ ਧਾਗੇ ਦੇ ਬਣੇ ਸੂਤਰ ਨਾਲ ਲੱਕੜ ਨੂੰ ਮਾਪ ਕੇ ਕਾਰੀਗਰ, ਉਸ ਦਾ ਵੱਲ ਵਿੰਗ ਕੱਢ ਦਿੰਦਾ ਹੈ, ਇਸੇ ਤਰ੍ਹਾਂ ਸ਼ਬਦ ਦੀ ਚੋਟ ਸਹਾਰਦਾ ਹੋਇਆ ਮਨੁੱਖੀ ਹਿਰਦਾ, ਝੂਠ, ਫਰੇਬ, ਲੋਭ, ਲਾਲਚ, ਹਉਮੈਂ, ਮੋਹ, ਮਾਇਆ ਦੇ ਵਿਕਾਰਾਂ ਤੋਂ ਪਾਕ ਪਵਿੱਤਰ ਹੋ ਕੇ, ਉੱਚ ਅਵਸਥਾ ਵਿਚ

ਪੁੱਜ ਕੇ ਹੀ, ਲੋਕ ਲਾਜ ਤਿਆਗ ਕੇ ਮਸਤਾਨਾ ਹੋ ਜਾਂਦਾ ਹੈ। ਉਸਦੀ ਮਾਨਸਿਕ ਅਵਸਥਾ ਸੂਤ ਜਾਂ ਸੂਤਰ ਹੋਣ ਕਾਰਨ ਹੀ ਇਸਨੂੰ ਸੂਤਰ ਕੱਢਣਾਂ ਆਖਦੇ ਸਨ। ਇਸ ਉੱਚ ਆਤਮਿਕ ਅਵਸਥਾ ਦਾ ਅਨੰਦ, ਮਨੁੱਖ ਦੀ ਆਪਣੀ ਵੱਖਰੀ ਹਸਤੀ ਨਾਂ ਰਹਿ ਕੇ ਉਹ ਆਪਣੇ ਮੁਰਸ਼ਦ ਵਿਚ ਫਨਾਹ ਫਿੱਲਾ ਹੋ ਜਾਂਦਾ ਹੈ, ਭਾਈ ਕਿਸ਼ਨ ਸਿੰਘ ਵਰਨ ਵੀ ਮਾਣਦੇ ਰਹੇ ਸਨ। ਗਿੱਲਾਂ ਦੇ ਇਸ ਹੋਲੇ ਮਹੱਲੇ ਤੇ ਸੂਤਰੀਆਂ ਦੀ ਗਿਣਤੀ ਬਹੁਤ ਵੱਧ ਗਈ ਜਿਸ ਕਾਰਨ ਸੰਗਤ ਨੂੰ ਦੀਵਾਨ ਵਿਚ ਬੈਠਣ ਅਤੇ ਕੀਰਤਨ ਸੁਣਨ ਵਿਚ ਕੁਝ ਦਿੱਕਤ ਵੀ ਹੋਈ। ਇਸ ਤੇ ਗੁਰੂ ਜੀ ਨੇ ਹੁਕਮ ਕਰ ਦਿੱਤਾ ਕਿ ਸੂਤਰ ਕੋਈ ਨਾਂ ਕੱਢੇ। ਵੈਸੇ ਨਾਮਧਾਰੀ ਦੀਵਾਨਾਂ ਦੀ ਉਸ ਸਮੇਂ ਰੌਣਕ ਇਹ ਮਸਤਾਨੇ ਸਿੰਘ, ਸਿੰਘਣੀਆਂ ਹੀ ਹੁੰਦੇ ਸਨ। ਇਹਨਾਂ ਸੂਤਰੀਆਂ ਦੇ ਸਿਰਤਾਜ ਹੁੰਦੇ ਸਨ ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲੇ, ਉਰਫ ਕੇਸਰ ਕਿੱਲੀ ਜੀ। ਗਿੱਲਾਂ ਦੇ ਇਸ ਹੋਲੇ ਨਾਲ ਸਬੰਧਿਤ, ਇਕ ਰੌਚਕ ਪਰਸੰਗ ਵੀ ਜੁੜਿਆ ਹੈ।

(ਹੋਲੇ ਤੋਂ ਬਾਅਦ) ‘ਗੁਰੂ ਜੀ ਮਹਿਮਦ ਵਾਲੀ ਤੁਰ ਗਏ, ਸਾਧ ਸੰਗਤ ਮਗਰ ਗਈ। ਚਿਤ ਵਿਚ ਦਲੀਲਾਂ ਕਰਦੇ ਹੈਂ ਕੇ ਨਾਲੇ ਤਾਂ ਗੁਰੂ ਹਰੀ ਸਿੰਘ ਜੀ ਨਰਾਜ਼ ਹੋ ਗਏ ਨਾਲੇ ਸੂਤਰ ਬੰਦ ਹੋ ਗਿਆ। ਏਹ ਗੱਲ ਬੜੀ ਮਾੜੀ ਹੋਈ ਹੈ। ਮਹਿਮਦ ਵਾਲੀ ਜਦ ਦੀਵਾਨ ਲੱਗਾ ਤਾਂ ਸਿੰਧ ਤੋਂ ਸਰੀਰ ਆਏ ਹੋਏ ਸਨ ਜਿਹਨਾਂ ਪਾਸ ਕਿਰਾਇਆ ਨਹੀਂ ਸੀ। ਤਾਂ ਹਰਨਾਮ ਸਿੰਘ ਰਣੀ ਖਾਨਕਿਆਂ ਵਾਲੇ ਨੇ, ਸਾਧ ਸੰਗਤ ਨਾਲ ਸਲਾਹ ਕਰਕੇ, ਅਰਜੁ ਕੀਤੀ-ਸੱਚੇ ਪਾਤਸ਼ਾਹ ਜੀ ਜੇ ਕਿਰਪਾ ਕਰੋ ਤੇ ਸੂਤਰੀਆਂ ਨੂੰ ਛੁੱਟੀ ਦੇ ਦੇਉ। ਜੇਹੜਾ ਇਕ ਰੁਪਈਏ ਦੇਵੇ ਓਹ ਸੂਤਰ ਕੱਢੇ ਤਾਂ ਏਨਾਂ ਦਾ ਕਰਾਇਆ ਪੂਰਾ ਹੋ ਜਾਇ। ਗੁਰੂ ਹਰੀ ਸਿੰਘ ਜੀ ਨੇ ਹੁਕਮ ਦੇ ਦਿਤਾ ਕੇ ਕਢੋ ਸੂਤਰ। ਏਸ ਤਰ੍ਹਾਂ ਪਹਿਲੇ ਆਪ ਪੰਜ ਰੁਪਏ ਗੁਰੂ ਖਜਾਨਿਓਂ ਦਿੱਤੇ। ਫਿਰ ਹਰਨਾਮ ਸਿੰਘ ਨੇ ਇਕ ਰੁਪਈਆ ਰੱਖ ਕੇ ਸਭ ਨੂੰ ਹੁਕਮ ਸੁਨਾ ਦਿੱਤਾ ਕਿ ਸੂਤਰੀਆਂ ਨੂੰ ਏਸ ਤਰ੍ਹਾਂ ਹੁਕਮ ਹੋਇਆ ਹੈ। ਤਾਂ ਸੂਤਰੀ ਇਕ ਇਕ ਰੁਪਈਆ ਰੱਖ ਕੇ ਸੂਤਰ ਕੱਢਣ ਲੱਗ ਪਏ।

ਲਾਲ ਸਿੰਘ ਨੂੰ ਬਚਨ ਹੋਇਆ ਕੱਢੋ ਸੂਤਰ। ਕਹਿਣ ਲੱਗਾ ਸੂਤਰ ਕਾਧੇ ਨਾਲ ਕੱਢੀਏ ਸੱਤਿਆ ਤਾਂ ਤੁਸਾਂ ਕੱਢ ਲਈ ਹੈ। ਫੇਰ ਬਚਨ ਹੋਇਆ ਕੱਢੋ ਸੂਤਰ। ਜੀਊਣ ਸਿੰਘ (ਸਰਹਾਲੀ) ਦੋ ਰੁਪਈਏ ਧਰੇ, ਏਕ ਰੁਪਈਆ ਪਹਿਲੇ ਸੂਤਰ ਕਾ ਤੇ ਦੂਆ ਰੁਪਈਆ ਦੂਏ ਸੂਤਰ ਕਾ। ਸੂਤਰ ਕੱਢਣ ਲੱਗ ਪਿਆ। ਕਹੇ ਕਿ ਥੋੜਾ ਲਾਇਆ ਹੈ। ਜੇ ਸੌ ਸੌ ਲਾਉਂਦੇ ਤਾਂ ਭੀ ਦੇ ਦਿੰਦੇ। ਸਿੰਘ ਸਿੰਘਣੀ ਦੋਹਾਂ ਨੇ ਅਠਿਆਨੀ ਰੱਖ ਕੇ ਕਿਹਾ ਜੀ ਸਾਨੂੰ

ਚੁਆਨੀ ਚੁਆਨੀ ਦਾ ਮਿਲੇ ਸੂਤਰ ਦੋਹਾਂ ਨੂੰ। ਇਕ ਨੇ ਮਹਿੰ ਦਿੱਤੀ ਇਕ ਨੇ ਘੋੜੀ ਦਿੱਤੀ ਸੂਤਰ ਮੈਂ। ਮਹਿੰ ਜਵੰਦ ਸਿੰਘ ਨੇ ਅਤੇ ਘੋੜੀ ਕਿਸ਼ਨ ਸਿੰਘ ਵਰਨਾਂ ਵਾਲੇ ਨੇ ਭੇਟ ਦਿੱਤੀ ਸੀ। ਇਕ ਬਾਲਕ ਆਇਆ ਛੋਟਾ ਭੁਜੰਗੀ ਕਹਿਣੇ ਲੱਗਾ ਮੇਰੇ ਕੜੇ ਲਾਹ ਲਵੋ ਤੇ ਮੈਂ ਭੀ ਸੂਤਰ ਕੱਢ ਲਵਾਂ। ਬਚਨ ਹੋਇਆ ਤੂੰ ਸੂਤਰ ਕੱਢ ਲੈ ਕੜੇ ਨਹੀਂ ਲੈਂਦੇ ਹੈ। ਕੁੱਦ ਪਿਆ ਸੂਤਰੀਆਂ ਮੈਂ ਜਾਇਕੇ। ਵਿਚ ਫਿਰੇ। ਦੋ ਸਿੰਘ ਸੂਤਰ ਕੱਢਦੇ ਹੁੰਦੇ ਸੇ ਸੋ ਦੇਖੀ ਜਾਵਣ। ਸੂਤਰੀਆਂ ਨੇ ਕਹਾ ਹੁਣ ਕਿਉਂ ਨਹੀਂ ਸੂਤਰ ਕੱਢਦੇ ਹੋ। ਜੇੜਾ ਹੁਣ ਨਾ ਕਢੇ ਸੂਤਰ ਉਸ ਕਾ ਸੂਤਰ ਨਾਮਨਜ਼ੂਰ ਹੈ। ਦੋ ਰੁਪਈਏ ਦੇਕਰ ਦੋਨੋਂ ਕੁੱਦ ਪਏ। ਦੀਵਾਨ ਭਰ ਗਿਆ ਸੂਤਰੀਆਂ ਨਾਲ। ਥਾਉਂ ਨਹੀਂ ਖੜੇ ਹੋਣ ਨੂੰ। ਸਿੰਘ ਸੂਤਰੀ ਕਹਿਣ ਸਾਡੇ ਦਿਲਾਂ ਦੀ ਕੀਤੀ ਹੈ ਗੁਰੂ ਜੀ ਨੇ ਮੋਰਾਂ ਵਾਗੂੰ ਪੈਲਾਂ ਪਾਂਵਦੇ ਹੈਨ। ਚਕੋਰਾਂ ਵਾਂਗੂੰ ਨਿਰਤਕਾਰੀ ਕਰਦੇ ਹਨ, ਸੱਤ ਵੀਹਾਂ ਰੁਪਈਆ ਹੋਇਆ ਗੁਰੂ ਜੀ ਕੇ ਪਰਤਾਪ ਨਾਲ। ਉਹ ਰੁਪਏ ਸਿੰਧ ਵਾਲੇ ਸਿੰਘ ਬੇਖਰਚੋਂ ਕੋ ਦੇ ਦਿੱਤੇ। ਬਡਾ ਕੁਲਾਹਲ ਹੋਇਆ।ਸਿੰਘ ਸਾਰੇ ਕਹਿਣ ਮੇਰੇ ਚਲੋ ਮੇਰੇ ਚਲੋ। ਦੀਨ ਦਿਆਲ ਜੀ ਬਚਨ ਕੀਤਾ ਅਸਾਂ ਤਾਂ ਘਰ ਨੂੰ ਹੀ ਚਲੇ ਜਾਣਾ ਹੈ।"[10]

ਕੌਮੀ ਅਣਖ ਦੇ ਸੁਆਲ ਤੇ, 1905 ਈ. ਵਿਚ ਪਿੰਡ ਮਾਈਸਰ ਖਾਨੇ ਵਿੱਚ ਮਾਈ ਅਤਰੀ ਸਣੇ ਹੋਏ ਪੰਜ ਕਤਲਾਂ ਦੇ ਸੰਬੰਧ ਵਿਚ, ਕਿਸ਼ਨ ਸਿੰਘ ਵਰਨ ਦਾ ਨਾਮ ਵੀ ਬੋਲਦਾ ਸੀ। ਕੁਝ ਸਮਾਂ ਤਾਂ ਉਹ ਰਿਆਸਤੀ ਪੁਲਿਸ ਦੇ ਹੱਥ ਨਾਂ ਆਏ। ਗਰਿਫਤਾਰ ਕਰਨ ਤੋਂ ਬਾਅਦ ਕੁਝ ਸਮਾਂ ਉਹਨਾਂ ਨੂੰ ਸ਼ੇਖੂਪੁਰਾ ਦੀ ਹਵਾਲਾਤ ਅਤੇ ਜਿਹਲ ਵਿਚ ਰੱਖਿਆ ਗਿਆ। ਜਿੱਥੇ ਲੇਖਕ ਦੇ ਦਾਦਾ, ਸੰਤ ਜਿਊਣ ਸਿੰਘ ਝੱਬਰ ਉਸ ਨੂੰ, ਮਰਿਆਦਾ ਦਾ ਪਰਸ਼ਾਦਾ ਪੁਚਾਂਉਦੇ ਰਹੇ। ਇਕ ਦਿਨ ਪਰਸ਼ਾਦਾ ਦੇਣ ਗਿਆਂ ਉਹਨਾਂ ਨੂੰ ਅਧਿਕਾਰੀਆਂ ਨੇ ਦੱਸਿਆ ਕਿ ਉਹਨਾਂ ਨੂੰ ਕਿਸੇ ਹੋਰ ਜਿਹਲ ਵਿਚ ਭੇਜ ਦਿੱਤਾ ਗਿਆ ਸੀ। ਫਿਰ ਲੰਮਾਂ ਸਮਾਂ ਭਾਈ ਕਿਸ਼ਨ ਸਿੰਘ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਪਤਾ ਨਾਂ ਲੱਗਿਆ। ਸਾਧਨਾਂ ਵਸੀਲਿਆਂ ਦੀ ਘਾਟ ਸੀ। ਪਰਿਵਾਰ ਉੱਖੜ ਜਾਂਦੇ ਸਨ। ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਵਾਲੀ ਪੁਸਤਕ ਵਿਚ ਦਰਜ਼ ਹੈ ਕਿ ਉਪਰੋਕਤ ਘਟਨਾਂ ਤੋਂ 15-16 ਸਾਲਾਂ ਬਾਅਦ ਸਤਿਗੁਰੂ ਪਰਤਾਪ ਸਿੰਘ ਜੀ ਦਾ ਦੌਰਾ ਧੂਰੀ ਵਿਚੋਂ ਗੁਜ਼ਰ ਰਿਹਾ ਸੀ। ਉਸ ਸਮੇਂ ਪੁਲਿਸ ਦੇ ਇਕ ਕਰਮਚਾਰੀ ਨੇ ਸਤਿਗੁਰੂ ਜੀ ਪਾਸ ਆ ਕੇ ਦੱਸਿਆ ਕਿ ਬਹੁਤ ਸਾਲ ਪਹਿਲਾਂ ਇਕ ਤੁਹਾਡੇ ਵਰਗੇ ਬਾਣੇ ਵਾਲਾ ਸਿੰਘ, ਸਾਡੇ ਕੋਲ ਮਾਈਸਰ ਖਾਨੇ ਵਾਲੇ ਕਤਲਾਂ ਦੇ ਸਿਲਸਿਲੇ ਵਿਚ ਆਇਆ ਸੀ। ਇਕ ਦਿਨ ਉਸ ਦਰੋਗਾ ਜਿਹਲ ਨੂੰ ਕਿਹਾ ਕਿ ਮੈਂ

ਰਸਾਇਣੀ ਹਾਂ ਅਤੇ ਸੋਨਾ ਬਨਾਉਣ ਦੀ ਵਿਧੀ ਜਾਣਦਾ ਹਾਂ। ਮੇਰਾ ਤਾਂ ਪਤਾ ਨਹੀਂ ਕੀ ਹਸ਼ਰ ਹੋਵੇ ਪਰ ਮੈਂ ਚਾਹੁੰਨਾਂ ਕਿ ਤੁਹਾਡਾ ਕੁਝ ਭਲਾ ਕਰ ਜਾਂਵਾ। ਇਕ ਕਾਗਜ਼ ਤੇ ਨੁਸਖਾ ਲਿਖ ਕੇ ਦਰੋਗੇ ਨੂੰ ਫੜਾ ਦਿੱਤਾ ਕਿ ਐਨੀਆਂ ਐਨੀਆਂ ਚੀਜ਼ਾਂ ਮੰਗਾ ਦਿਉ। ਸੋਨਾ ਬਣਾ ਦਿਆਂਗਾ। ਉਹ ਸਾਮਾਨ ਆ ਗਿਆ। ਉਸ ਵਿਚ ਦੋ ਤੋਲੇ ਅਫ਼ੀਮ ਵੀ ਸੀ। ਉਸ ਸਿੰਘ ਨੇ ਅਗਲੇ ਦਿਨ ਇਸ਼ਨਾਨ ਪਾਣੀ ਕੀਤਾ ਅਤੇ ਦੋ ਤੋਲੇ ਅਫ਼ੀਮ ਦਾ ਗੋਲਾ ਵੱਟ ਕੇ ਛੱਕ ਲਿਆ। ਚੌਂਕੜੀ ਮਾਰ ਕੇ ਆਪਣੀ ਕੋਠੜੀ ਵਿਚ ਪੰਜ ਗ੍ਰੰਥੀ ਲੈ ਕੇ ਬੈਠ ਗਿਆ ਅਤੇ ਪਾਠ ਕਰਦਾ ਕਰਦਾ, ਅੱਖਾਂ ਮੀਟ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਲ ਦਿਆਂ ਸਿੰਘਾਂ ਨੂੰ ਦੱਸਿਆ, ਉਹ ਸਿੰਘ ਭਾਈ ਕਿਸ਼ਨ ਸਿੰਘ ਵਰਨ ਹੀ ਸੀ।[11] ਕਿਸ਼ਨ ਸਿੰਘ ਹੋਰਾਂ ਦੇ ਨਾਲ ਦੇ ਸਾਥੀਆਂ ਵੱਲੋਂ ਇਹ ਦਲੀਲ ਦੇਣ ਤੇ ਕਿ ਇਹ ਕਤਲ ਉਹਨਾਂ ਦੁਆਰਾ, ਬਹੁਤ ਉਕਸਾਵੇ ਪੂਰਨ ਕਾਰਵਾਈ ਦੁਆਰਾ ਕਰਵਾਏ ਗਏ ਸਨ, ਅਦਾਲਤ ਨੇ ਉਹਨਾਂ ਨੂੰ ਬਰੀ ਕਰ ਦਿੱਤਾ ਸੀ।"[12]

ਮਾਈਸਰ ਖਾਨੇ ਵਾਲੇ ਸਾਕੇ ਵਿਚ ਕਿਸ਼ਨ ਸਿੰਘ ਵਰਨ ਜਦੋਂ ਆਪਣੇ ਸ਼ਿਕਾਰ ਦੀ ਭਾਲ ਵਿਚ ਉਸ ਦੇ ਮਗਰ ਭੱਜਿਆ ਸੀ ਤਾਂ ਕਈ ਥਾਵਾਂ ਤੇ ਰੋਕਾਂ ਆਦਿ ਟੱਪਣ ਲਈ, ਉਸਨੇ ਅਠਾਰਾਂ ਅਠਾਰਾਂ ਹੱਥ (ਸਤਾਈ ਫੁੱਟ) ਦੀਆਂ ਛਾਲਾਂ ਵੀ ਮਾਰੀਆਂ ਸਨ। ਉਸ ਸਮੇਂ ਮੌਕੇ ਤੇ ਆਏ ਪੁਲਿਸ ਅਧਿਕਾਰੀਆਂ ਨੇ ਉਸ ਦੇ ਖੁਰਿਆਂ ਦੇ ਨਿਸ਼ਾਨ ਅਤੇ ਛਾਲਾਂ ਦੇ ਖੋਜ ਵੇਖੇ ਤਾਂ ਉਹਨਾਂ ਨੇ ਬਹੁਤ ਅਚੰਭਾ ਸਮਝਿਆ ਕਿ ਇਤਨੀ ਲੰਮੀ ਛਾਲ ਮਨੁੱਖ ਕਿਵੇਂ ਮਾਰ ਸਕਦਾ ਹੈ। ਜਦੋਂ ਭਾਈ ਕਿਸ਼ਨ ਸਿੰਘ ਪਕੜੇ ਗਏ ਤਾਂ ਪੁਲਿਸ ਅਫ਼ਸਰਾਂ ਨੇ ਕਿਹਾ ਕਿ ਕਿਸ਼ਨ ਸਿੰਘ ਤੇਰੇ ਅਠਾਰਾਂ ਅਠਾਰਾਂ ਹੱਥ ਦੇ ਮਾਈਸਰ ਖਾਨੇ ਛੜੱਪੇ ਸਨ। ਹੁਣ ਭੀ ਕਿਸ਼ਨ ਸਿੰਘ ਉਤਨੀ ਛਾਲ ਮਾਰ ਕੇ ਵਖਾ ਸਕਦਾ ਹੈ ਤਾਂ ਆਪ ਨੇ ਜੁਆਬ ਦਿੱਤਾ ਸੀ, ਉਹੋ ਸਾਥੀ ਸਾਥ ਹੋਣ ਤੇ ਉਹੋ ਕੰਡ ਤੇ ਥਾਪੀ ਗੁਰੂ ਜੀ ਦੀ ਹੋਵੇ ਤੇ ਅੱਗੇ ਉਹੋ ਦੁਸ਼ਮਣ ਹੋਵੇ ਤਾਂ ਮੈਂ ਹੁਣ ਭੀ 18-18 ਹੱਥ ਦਾ ਛੜੱਪਾ ਮਾਰ ਸਕਦਾ ਹਾਂ।"[13]

ਕਿਸ਼ਨ ਸਿੰਘ ਵਰਨ ਦਾ ਅਨੁਮਾਨਿਤ ਜੀਵਨ ਕਾਲ 1855 ਤੋਂ 1905 ਈ. ਦੇ ਵਿਚਾਲੇ ਬਣਦਾ ਹੈ।

ਸੰਬਤ 1998 ਬਿਕਰਮੀ (ਮੁਤਾਬਿਕ 1941 ਈ.) ਦੇ 22- 23-24 ਸਾਵਣ ਨੂੰ ਪਿੰਡ ਵਰਨ ਵਿਚ ਸੰਗਤ ਵੱਲੋਂ ਅਰੰਭੇ ਮੇਲੇ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ। ਇਸ ਸਮੇਂ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ 502 ਪਾਠਾਂ ਦੇ ਭੋਗ ਪਾਏ ਗਏ ਸਨ। ਇਹ ਪਾਠ ਸਵਾ ਲੱਖ

ਪਾਠਾਂ ਦੀ ਲੜੀ ਤਹਿਤ ਕਰਾਏ ਗਏ। ਇਸ ਸਮੇਂ ਨਾਮਧਾਰੀ ਸਿੰਘਾਂ ਦੁਆਰਾ ਇਹਨਾਂ ਪਾਠਾਂ ਦੀ ਤਕਨੀਕ ਕਾਰਨ, ਦੂਸਰੇ ਭਾਈਚਾਰੇ ਨਾਲ ਕੁਝ ਮੱਤ ਭੇਦ ਉਤਪੰਨ ਹੋਏ ਸਨ। ਇਸ ਸਮੇਂ ਦੀਵਾਨ ਵਿਚ ਮਤਾ ਪੇਸ਼ ਹੋਇਆ ਕਿ ਸੰਗਤ ਸ਼ਾਂਤੀ ਵਿਚ ਰਹਿ ਕੇ, ਸਖਤੀਆਂ ਸਹਿਕੇ ਵੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪਾਠ ਪੂਰੇ ਕਰੇਗੀ। ਇਹ ਮਤਾ ਸੰਤ ਵਰਿਆਮ ਸਿੰਘ ਹਾਤਿਆਂ ਵਾਲੇ ਨੇ ਪੇਸ਼ ਕੀਤਾ ਅਤੇ ਇਸ ਦੀ ਤਾਈਦ, ਮਜੀਦ, ਸ੍ਰ. ਤੇਜਾ ਸਿੰਘ (ਪਿਤਾ ਸ੍ਰ. ਕੰਧਾਰਾ ਸਿੰਘ ਵਰਨ) ਅਤੇ ਜਗਤ ਸਿੰਘ ਸਪੁੱਤਰ ਸੰਤ ਕਿਸ਼ਨ ਸਿੰਘ ਵਰਨ ਨੇ ਕੀਤੀ ਸੀ।[14] ਦੇਸ਼ ਬਟਵਾਰੇ ਤੋਂ ਬਾਅਦ ਉਪਰੋਕਤ ਜਗਤ ਸਿੰਘ ਇਕ ਵੇਰ ਕੁਝ ਸਮਾਂ ਆਰੰਭ ਵਿਚ ਕਰੀਵਾਲਾ (ਸਿਰਸਾ) ਵਿਖੇ ਇਕ ਦੋ ਸਾਲ ਰਿਹਾ ਸੀ। ਬਾਅਦ ਦੇ ਹਾਲਾਤ ਉਸਦੇ ਜਾ ਹੋਰ ਪਰਿਵਾਰ ਦੇ ਮਾਲੂਮ ਨਹੀਂ ਹੋਏ।

ਭਾਈ ਕਿਸ਼ਨ ਸਿੰਘ ਵਰਨ ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਵਿਚ ਚੱਲੇ ਸ਼ਾਨਦਾਰ ਕੂਕਾ ਸੰਗਰਾਮ ਦਾ ਇਕ ਨਿਧੜਕ ਜਰਨੈਲ ਸੀ। ਉਹ ਆਪਣੇ ਸਤਿਗੁਰੂ ਅਤੇ ਆਪਣੀ ਮਿੱਟੀ ਨੂੰ ਪੂਰੀ ਤਰ੍ਹਾਂ ਸਮਰਪਿਤ ਸੀ, ਇਸੇ ਕਾਰਨ ਉਸਨੇ ਦੁਸ਼ਮਣਾਂ ਦੇ ਤਸੀਹਾ ਕੇਂਦਰਾਂ ਦੀਆਂ ਸਖ਼ਤੀਆਂ ਬਰਦਾਸ਼ਤ ਕਰਨ ਜਾਂ ਜਿਹੜੇ ਹੋਰ ਬੇਗੁਨਾਹਾਂ ਨੂੰ ਸਰਕਾਰ ਖਾਨੇ ਵਾਲੇ ਕੇਸ ਵਿਚ ਫਸਾਉਣਾ ਚਾਹੁੰਦੀ ਸੀ ਇਹਨਾਂ ਦਾ ਤੋੜ, ਸਿਰ ਤੋਂ ਖੇਡ ਜਾਣ ਵਿਚ ਲੱਭਿਆ।ਉਸ ਦੀਆਂ ਯਾਦਾਂ ਕੂਕਾ ਅੰਦੋਲਨ ਅਤੇ ਪੰਜਾਬ ਵਿਚ ਨਾਬਰੀ ਦੀਆਂ ਪੈੜਾਂ ਪਾਉਣ ਸਦਕਾ, ਹਮੇਸ਼ਾਂ ਤਰੋ ਤਾਜ਼ਾ ਰਹਿਣਗੀਆਂ। ਭਾਈ ਕਿਸ਼ਨ ਸਿੰਘ ਅਤੇ ਉਸਦੇ ਨਾਲ ਹੀ ਉਸਦੇ ਪਿੰਡ ਵਰਨ ਦਾ ਨਾਮ ਸਦੀਵੀ ਤੌਰ ਤੇ ਜੁੜਿਆ ਰਹੇਗਾ। ਸਾਂਦਲ ਬਾਰ ਨੂੰ ਵੀ ਆਪਣੇ ਇਸ ਅਲਬੇਲੇ ਸਪੂਤ ਤੇ ਨਾਜ਼ ਰਹੇਗਾ।

## ਹਵਾਲੇ ਤੇ ਟਿੱਪਣੀਆਂ


(1) ਸੰ. ਜਸਵਿੰਦਰ ਸਿੰਘ, ਕੂਕਾਜ਼ ਆਫ ਨੋਟ ਇਨ ਦਾ ਪੰਜਾਬ- 1881, ਸਫ਼ਾ 11

(2) ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ (ਸੰ. ਜਸਵਿੰਦਰ ਸਿੰਘ), ਸਫ਼ਾ 122

(3) ਭਗਵੰਤ ਸਿੰਘ ਅਜ਼ਾਦ, ਸਾਂਦਲ ਬਾਰ ਦਾ ਇਤਿਹਾਸ ਵਿਰਕ ਤੇ ਹੋਰ,

ਸਫ਼ਾ 353

(4) ਬਾਹੋਵਾਲ, ਸਫ਼ਾ 211

(5) ਭਗਵੰਤ ਸਿੰਘ ਆਜ਼ਾਦ, ਉਪਰੋਕਤ, ਸਫ਼ਾ 518

(6) ਉਹੀ, ਸਫ਼ਾ 328

(7) ਉਹੀ, ਸਫ਼ਾ 329

(8) ਸੰਤੋਖ ਸਿੰਘ ਬਾਹੋਵਾਲ, ਸਫ਼ਾ 261

(9) ਉਹੀ, ਸਫ਼ਾ 317

(10)ਉਹੀ, ਸਫ਼ਾ 339-40

(11)ਸੁਵਰਨ ਸਿੰਘ ਵਿਰਕ (ਸੰ.) ਅੱਖੀਂ ਡਿੱਠਾ ਕਿਸਾ ਕੀਤਾ, ਸਫ਼ਾ 127

(12)ਤਰਨ ਸਿੰਘ ਵਹਿਮੀ, ਜੱਸ ਜੀਵਨ ਭਾਗ-1, ਸਫ਼ਾ 236-37

(13)ਉਹੀ, ਸਫ਼ਾ 254

(14)ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ 3, ਸਫ਼ਾ 146

❊

# ਯੁੱਗ-ਪੁਰਖ, ਬਾਬਾ ਸੋਹਣ ਸਿੰਘ ਭਕਨਾ

ਬਾਬਾ ਸੋਹਣ ਸਿੰਘ ਭਕਨਾ, ਉੱਨੀਵੀਂ ਅਤੇ ਵੀਹਵੀਂ ਸਦੀ ਦੇ ਯੁੱਗ ਪੁਰਖ ਹੋਏ ਹਨ। ਉਹਨਾਂ ਦਾ ਇਕ ਸਦੀ ਤੇ ਫੈਲਿਆ ਜੀਵਨ ਚਰਿੱਤਰ, ਬਸਤੀਵਾਦ ਵਿਰੋਧੀ ਕੌਮੀ ਮੁਕਤੀ ਸੰਗਰਾਮ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਸਮੇਂ ਦੇ ਪੰਜਾਬ ਵਿਚ ਦੇਸ਼ ਆਜ਼ਾਦੀ ਲਈ ਚੱਲਣ ਵਾਲੀਆਂ ਲਹਿਰਾਂ ਵਿਚ ਕੂਕਾ ਲਹਿਰ, 1907 ਦੀ ਨਹਿਰੀ ਕਾਲੋਨੀਆਂ ਵਿਚ ਚੱਲੀ 'ਪਗੜੀ ਸੰਭਾਲ ਜੱਟਾ ਲਹਿਰ ਅਤੇ ਅਮਰੀਕਾ, ਕੈਨੇਡਾ ਵਿਚ ਗਏ ਪਰਵਾਸੀ ਭਾਰਤੀਆਂ ਵੱਲੋਂ ਚਲਾਈ 'ਗ਼ਦਰ ਪਾਰਟੀ ਲਹਿਰ', ਉਹ ਲਹਿਰਾਂ ਸਨ ਜਿਹਨਾਂ ਦਾ ਵਿਆਪਕ ਪ੍ਰਭਾਵ, 1947 ਤੱਕ ਦੇਸ਼ ਆਜ਼ਾਦੀ ਲਈ ਚੱਲੀਆਂ ਹੋਰ ਲਹਿਰਾਂ ਅਤੇ ਅੰਦੋਲਨਾਂ ਨੂੰ ਪਰਚੰਡ ਕਰਦਾ ਰਿਹਾ। ਆਜ਼ਾਦੀ ਤੋਂ ਬਾਅਦ ਇਹਨਾਂ ਅੱਗੇ ਵਧੂ ਲਹਿਰਾਂ ਦਾ ਖ਼ਾਸਾ, ਭਾਰਤ ਵਿਚ ਇਕ ਜਮਹੂਰੀ, ਧਰਮ ਨਿਰਪੱਖ, ਸਾਮਰਾਜਵਾਦ, ਸਮੰਤਵਾਦ ਵਿਰੋਧੀ, ਸਮਤਾ ਮੂਲਕ ਪਰਬੰਧ ਦੀ ਸਿਰਜਣਾ ਲਈ ਪਰੇਰਨਾ ਸਰੋਤ ਬਣਿਆ ਤੁਰਿਆ ਆਉਂਦਾ ਹੈ। ਉਪਰੋਕਤ ਇਤਿਹਾਸਿਕ ਲਹਿਰਾਂ ਵਿਚ ਸਰਗਰਮ ਰਹਿ ਕੇ, ਪਹਿਲਾਂ ਦੇਸ਼ ਅਤੇ ਫਿਰ ਦੇਸ਼ ਦੇ ਆਮ ਆਦਮੀ ਦੀ ਬੰਦ ਖਲਾਸੀ ਲਈ ਜੂਝਣ ਵਾਲਾ, ਬਾਬਾ ਸੋਹਣ ਸਿੰਘ ਭਕਨਾ, ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਹੱਕ, ਸੱਚ ਅਤੇ ਨਿਆਂ ਦੀ ਲੜਾਈ ਦਾ ਪਰਤੀਕ ਬਣ ਗਿਆ ਹੈ। 98 ਸਾਲ ਦੇ ਲੰਮੇ ਜੀਵਨ ਵਿਚੋਂ ਬਾਬਾ ਜੀ ਨੇ ਕੋਈ ਚੌਦਾਂ ਸਾਲ ਸੰਤ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਦੀ ਸੰਗਤ ਤੋਂ ਫੈਜ਼ਯਾਬ ਹੋ ਕੇ ਨਾਮਧਾਰੀ ਸੰਗਤ ਵਿਚ ਬਿਤਾਏ। ਗ਼ਦਰ ਪਾਰਟੀ ਅਤੇ ਹੋਰ ਰਾਜਨੀਤਿਕ ਅੰਦੋਲਨਾਂ ਵਿਚ ਉਮਰ ਦੇ ਚੌਥੇ ਹਿੱਸੇ ਤੋਂ ਵੱਧ ਦਾ ਸਮਾਂ, ਅੰਗਰੇਜ਼ੀ ਅਤੇ ਆਪਣੀ ਸਰਕਾਰ ਦੀਆਂ ਜੇਲ੍ਹਾਂ ਵਿਚ ਕੱਟਿਆ। ਜੇਲ੍ਹਾਂ ਵਿਚ ਬੰਦ ਰਾਜਨੀਤਿਕ ਬੰਦੀਆਂ ਦੀ ਰਿਹਾਈ ਲਈ ਆਪਣੀ ਰਿਹਾਈ ਤੋਂ ਬਾਅਦ ਅੰਦੋਲਨ ਵਿੱਢੇ। ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਬਣਾ ਕੇ, ਨਜ਼ਰਬੰਦ ਦੇਸ਼ ਭਗਤਾਂ ਦੇ ਪਰਵਾਰਾਂ ਦੀ ਸਾਰ ਲਈ, ਬੱਚਿਆਂ ਦੇ ਪਾਲਣ ਪੋਸ਼ਣ ਤੇ ਪੜ੍ਹਾਈ ਲਿਖਾਈ ਦਾ ਪਰਬੰਧ ਕੀਤਾ।ਆਜ਼ਾਦੀ ਤੋਂ ਬਾਅਦ ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਕ ਯਾਦਗਾਰੀ ਹਾਲ ਉਸਾਰਨ ਲਈ ਆਪਣੀ ਜ਼ਮੀਨ ਵੇਚ ਕੇ ਹਿੱਸਾ ਪਾਇਆ। ਦੇਸ਼ ਭਗਤਾਂ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਆਪਣੀ ਕਲਮ ਦੁਆਰਾ, ਆਪਣੀਆਂ ਇਤਿਹਾਸਿਕ ਯਾਦਾਂ ਅਤੇ ਹੋਰ ਲੇਖ ਲਿਖ ਕੇ ਦੇਸ਼

ਦੀ ਜੁਆਨੀ ਨੂੰ ਉਹਨਾਂ ਦੀ ਵੱਡੀ ਵਿਰਾਸਤ ਨਾਲ ਜੁੜਨ ਦਾ ਹੋਕਾ ਦਿੱਤਾ।

ਬਾਬਾ ਸੋਹਣ ਸਿੰਘ ਭਕਨਾ ਦਾ ਜਨਮ 4 ਜਨਵਰੀ, 1870 ਨੂੰ ਉਹਨਾਂ ਦੇ ਨਾਨਕੇ ਪਿੰਡ ਖਤਰਾ ਖ਼ੁਰਦ ਜ਼ਿਲ੍ਹਾ ਅੰਮ੍ਰਿਤਸਰ ਵਿਚ, ਪਿਤਾ ਕਰਮ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਇਕ ਕਿਸਾਨ ਪਰਵਾਰ ਵਿਚ ਹੋਇਆ।ਉਹਨਾਂ ਦੇ ਪਿਤਾ ਜੀ ਦੀਆਂ ਦੋ ਸ਼ਾਦੀਆਂ ਸਨ। ਪਹਿਲੀ ਮਾਤਾ ਜਿਸ ਨੂੰ ਉਹ ਆਪਣੀ ਧਰਮ ਮਾਤਾ ਲਿਖਦੇ ਹਨ ਉਹਨਾਂ ਦਾ ਨਾਮ ਹਰ ਕੌਰ ਸੀ। ਜ਼ਮੀਨ 65 ਏਕੜ ਸੀ ਕਰਮ ਸਿੰਘ ਹੋਰਾਂ ਪਾਸ, ਕਿਉਂ ਜੋ ਤਿੰਨ ਪੀੜ੍ਹੀਆਂ ਤੋਂ ਉਹ ਭਕਨਾ ਪਿੰਡ ਵਿਚ ਇੱਕ ਇੱਕ ਵਾਰਿਸ ਹੀ ਤੁਰੇ ਆ ਰਹੇ ਸਨ। ਬਾਬਾ ਜੀ ਦੀ ਧਰਮ ਮਾਤਾ ਦੇ ਜ਼ੋਰ ਦੇਣ ਤੇ ਹੀ ਪਿਤਾ ਨੇ ਵੰਸ਼ ਚੱਲਦਾ ਰੱਖਣ ਲਈ, ਦੂਜਾ ਵਿਆਹ ਕੀਤਾ ਸੀ। ਪਿਤਾ ਬਹੁਤ ਉਦਾਰ ਸਿੱਖ ਧਰਮ ਦੀਆਂ ਮਾਨਵਤਾਵਾਦੀ ਰਵਾਇਤਾਂ ਦੀ ਪਾਲਣਾ ਕਰਨ ਵਾਲੇ ਸਨ। ਬਾਬਾ ਜੀ ਦੇ ਜਨਮ ਤੋਂ ਇਕ ਸਾਲ ਬਾਅਦ ਹੀ ਪਿਤਾ ਜੀ ਚਲਾਣਾ ਕਰ ਗਏ। ਘਰ ਵਿਚ ਬਾਬਾ ਜੀ ਦੀ ਦਾਦੀ ਅਤੇ ਦੋ ਮਾਤਾਵਾਂ, ਤਿੰਨ ਵਿਧਵਾ ਔਰਤਾਂ ਅਤੇ ਇਕ ਵਰ੍ਹੇ ਦਾ ਬਾਲ ਹੀ ਰਹਿ ਗਏ। ਬਾਬਾ ਜੀ ਦਾ ਨਾਂ ਕੋਈ ਚਾਚਾ, ਤਾਇਆ ਸੀ ਨਾਂ ਹੀ ਭੈਣ ਭਰਾ। ਭਕਨਾ (ਅੰਮ੍ਰਿਤਸਰ) ਪਿੰਡ ਦੇ ਬਜ਼ੁਰਗਾਂ ਦੀ ਛਤਰ ਛਾਇਆ ਹੇਠ, ਸੋਹਣ ਸਿੰਘ ਬਚਪਨ ਲੰਘ ਕੇ ਜੁਆਨੀ ਵੱਲ ਵੱਧ ਰਿਹਾ ਸੀ। ਉਸ ਦੀ ਧਰਮ ਮਾਤਾ ਵੀ ਪਿਤਾ ਜਿਉਂ ਉਦਾਰ ਸੁਭਾਉ ਦੀ ਸੀ। ਲੋੜਵੰਦਾਂ ਦੀ ਮਦਦ ਕਰਨੀ ਹੀ ਧਰਮ ਸਮਝਦੇ ਸਨ। ਉਸ ਸਮੇਂ ਦੇ ਰਿਵਾਜ ਅਨੁਸਾਰ ਸੋਹਣ ਸਿੰਘ, ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਗੁਰਮੁਖੀ ਅੱਖਰ ਪੜ੍ਹ ਕੇ ਪੰਜ ਗ੍ਰੰਥੀ, ਦਸ ਗ੍ਰੰਥੀ ਅਤੇ ਭਗਤ ਬਾਣੀ ਵਿਚਲੀਆਂ ਸਾਰੀਆਂ ਬਾਣੀਆਂ ਪੜ੍ਹਨਾਂ ਸਿੱਖ ਗਿਆ। ਇਸ ਤਰ੍ਹਾਂ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਫਲਸਫੇ ਨਾਲ ਉਸ ਦੀ ਮੁੱਢਲੀ ਜਾਣ ਪਹਿਚਾਣ ਹੋ ਗਈ। ਸੰਨ 1881 ਵਿਚ ਪਿੰਡ ਭਕਨਾ ਵਿਚ ਸਰਕਾਰੀ ਪ੍ਰਾਈਮਰੀ ਸਕੂਲ ਖੁੱਲ੍ਹ ਗਿਆ। ਸੋਹਣ ਸਿੰਘ ਨੇ ਉਸ ਸਕੂਲ ਵਿਚੋਂ 1886 ਵਿਚ ਪ੍ਰਾਈਮਰੀ ਉਰਦੂ ਫਾਰਸੀ ਪੜ੍ਹਦਿਆਂ ਪਾਸ ਕਰ ਲਈ। ਨੀਤੀ ਬਚਨਾਂ ਤੇ ਆਧਾਰਿਤ ਕਹਾਣੀਆਂ ਦੀਆਂ ਫਾਰਸੀ ਦੀਆਂ ਦੋ ਕਿਤਾਬਾਂ ਗੁਲਿਸਤਾਂ, ਬੋਸਤਾਂ ਉਹਨਾਂ ਨੇ ਪੜ੍ਹ ਲਈਆਂ। ਘਰ ਦਾ ਇੱਕੋ ਇਕ ਲਾਡਲਾ ਪੁੱਤਰ ਹੋਣ ਕਾਰਨ, ਸ਼ਹਿਰ ਵਿਚ ਜਾ ਕੇ ਅਗਲੀ ਵਿੱਦਿਆ ਹਾਸਲ ਕਰਨ ਦਾ ਸ਼ੌਂਕ ਮਾਤਾਵਾਂ ਦੇ ਮੋਹ ਕਾਰਨ ਪੂਰਾ ਨਾਂ ਕਰ ਸੱਕੇ, ਜਿਸ ਦਾ ਬਾਅਦ ਵਿਚ ਉਹਨਾਂ ਨੂੰ ਉਮਰ ਭਰ ਗਿਲਾ ਰਿਹਾ।

ਹੁਣ ਕਿਉਂਕਿ ਜ਼ਮੀਨ ਕਾਫੀ ਸੀ, ਖ਼ਰਚ ਸੀਮਿਤ ਸੀ, ਘਰ ਵਿਚ ਕਾਫੀ ਰੁਪੈਆ ਜਮ੍ਹਾਂ ਹੋ ਗਿਆ ਸੀ। ਇਸ ਸਮੇਂ ਸੋਹਣ ਸਿੰਘ ਨੂੰ ਦੋਸਤਾਂ ਦੇ ਭੇਸ

ਵਿਚ ਕੁਝ ਦੁਸ਼ਮਣ ਟੱਕਰ ਗਏ। ਜਿਹਨਾਂ ਦੀ ਨਿਗਹਾ ਉਸ ਦੀ ਜ਼ਮੀਨ ਜਾਇਦਾਦ ਤੇ ਸੀ। ਇਸ ਬੁਰੀ ਸੰਗਤ ਵਿਚ ਪੈ ਕੇ ਸੋਹਣ ਸਿੰਘ ਨੇ 1896 ਈ. ਤੱਕ ਦੇ ਅਗਲੇ ਸਾਲ ਅਯਾਸ਼ ਜੀਵਨ ਦੇ ਲੇਖੇ ਲਾ ਦਿੱਤੇ। ਉਹ ਯਾਰ ਬਾਸ਼ਾਂ ਨਾਲ ਰਲ ਕੇ ਸ਼ਰਾਬ ਦੀਆਂ ਮਹਿਫ਼ਿਲਾਂ ਲਾਉਣ ਲੱਗ ਪਏ।[1] ਕੁੱਤੇ ਰੱਖ ਕੇ ਸ਼ਿਕਾਰ ਖੇਡਣ ਲੱਗ ਪਏ। ਖਾਂਦਿਆਂ ਤਾਂ ਖੂਹ ਵੀ ਖਾਲੀ ਹੋ ਜਾਂਦੇ ਹਨ। ਧਰਮ ਮਾਤਾ ਨੇ ਬਥੇਰਾ ਸਮਝਾਉਣਾ, ਪਰ ਵਿਅਰਥ। ਜਦੋਂ ਘਰ ਦਾ ਜਮ੍ਹਾਂ ਪੈਸਾ ਮੁੱਕ ਗਿਆ ਫਿਰ ਯਾਰ ਲੋਕਾਂ ਨੇ ਕਰਜ਼ਾ ਲੈਣ ਤੋਰ ਦੇਣਾ। ਇਸ ਤਰ੍ਹਾਂ ਸੋਹਣ ਸਿੰਘ ਜਿਸ ਨਸ਼ਾਖੋਰੀ ਅਤੇ ਅਯਾਸ਼ੀ ਦੀ ਦਲ ਦਲ ਵਿਚ ਧਸਦਾ ਜਾ ਰਿਹਾ ਸੀ, ਮਾਤਾਵਾਂ ਨੂੰ ਉਸ ਦੇ ਹਨੇਰੇ ਭਵਿੱਖ ਦਾ ਫ਼ਿਕਰ ਵੱਢ ਵੱਢ ਕੇ ਖਾਣ ਲੱਗਿਆ। ਇਸ ਸਮੇਂ ਉਹਨਾਂ ਨੂੰ ਆਸ ਦੀ ਇਕ ਮਾਤਰ ਕਿਰਨ, ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਲਾਗਲੇ ਪਿੰਡ ਮੁਹਾਵਾ ਦੇ ਨਾਮਧਾਰੀ, ਸੰਤ ਕੇਸਰ ਸਿੰਘ ਜੀ ਜਿਹਨਾਂ ਨੂੰ ਕੇਸਰ ਕਿੱਲੀ ਵੀ ਕਹਿੰਦੇ ਸਨ ਅਤੇ ਜਿਹੜੇ ਆਪਣੀ ਸ਼ੁਭ ਸਿੱਖਿਆ ਨਾਲ ਬਹੁਤ ਸਾਰੇ ਲੋਕਾਂ ਨੂੰ ਦਾਰੂ-ਮਾਸ ਛੁਡਾ ਕੇ, ਨੇਕ ਜੀਵਨ ਦੇ ਰਾਹ ਪਾ ਚੁੱਕੇ ਸਨ, ਉਹਨਾਂ ਵਿੱਚੋਂ ਹੀ ਨਜ਼ਰ ਆਈ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਬਾਬਾ ਜੀ ਦੇ ਪਿੰਡ ਭਕਨਾ ਖੁਰਦ, ਮੁਹਾਵਾ, ਰਾਣੀਆਂ, ਗੰਡੀਵਿੰਡ, ਭੁੱਚਰ ਖੁਰਦ ਅਤੇ ਪੁਲ ਕੰਜਰੀ ਜੋ ਉਸ ਸਮੇਂ ਘਰਿੰਡਾ ਥਾਣੇ ਦੇ ਪਿੰਡ ਸਨ ਇਹਨਾਂ ਪਿੰਡਾਂ ਵਿਚ ਕੂਕਾ ਲਹਿਰ ਦਾ ਕਾਫੀ ਪ੍ਰਭਾਵ ਸੀ। ਬਾਬਾ ਕੇਸਰ ਸਿੰਘ ਮੁਹਾਵਾ (1845-1915 ਈ.), ਇਸ ਇਲਾਕੇ ਵਿਚ ਮਸਤਾਨੀ ਬਿਰਤੀ ਵਿਚ ਵਿਚਰ ਕੇ, ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਆਜ਼ਾਦੀ ਅਤੇ ਸਾਂਝੀਵਾਲਤਾ ਦੇ ਮਿਸ਼ਨ ਦਾ ਪਰਚਾਰ ਕਰਦੇ ਸਨ। "ਇਹ ਮਹਾਪੁਰਸ਼ ਪਿੰਡ ਮੁਹਾਵਾ (ਅਟਾਰੀ ਸ਼ਾਮ ਸਿੰਘ ਦੇ ਲਾਗੇ) ਦੇ ਵਸਨੀਕ ਸਨ ਅਤੇ ਬਾਬਾ ਰਾਮ ਸਿੰਘ ਦੀ ਚਲਾਈ ਨਾਮਧਾਰੀ ਲਹਿਰ ਦੇ ਪੈਰੋਕਾਰ ਸਨ। ਪਰ ਹੁਣ ਉਹ ਮਜ਼ਹਬੀ ਰੀਤਾਂ ਅਤੇ ਮੱਤਾਂ ਦੇ ਦਾਇਰਿਆਂ ਤੋਂ ਉਪਰ ਉਠ ਚੁੱਕੇ ਸਨ। ਉਹ ਸੱਚੇ ਅਧਿਆਤਮਕਵਾਦੀ ਤੇ ਏਕਤਾ ਦੀ ਮੂਰਤੀ ਸਨ। ਹਿੰਦੂ, ਸਿੱਖ, ਮੁਸਲਿਮ, ਈਸਾਈ, ਉਹਨਾਂ ਲਈ ਇਨਸਾਨ ਹੋਣ ਦੇ ਨਾਤੇ ਸਭ ਇਕੋ ਜਿਹੇ ਸਨ। ਉਹ ਸਾਰਿਆਂ ਨਾਲ ਕਿਸੇ ਛੂਤ-ਛਾਤ ਦੇ ਪਰਹੇਜ਼ ਬਿਨਾਂ ਸੋਚੇ ਵਰਤਾਉ ਕਰਦੇ ਸਨ। ਆਪ ਗ੍ਰੰਥ ਸਾਹਿਬ ਦੀ ਬਾਣੀ ਦੇ ਅੱਛੇ ਵਿਦਵਾਨ ਵੀ ਸਨ। ਪੂਜਾ ਤੇ ਪਾਖੰਡ ਦੇ ਵਿਰੋਧੀ ਸਨ। ਉੱਚੇ ਦਰਜੇ ਦੇ ਤਿਆਗੀ ਤੇ ਦਇਆਵਾਨ ਸਨ। ਮਜ਼ਹਬੀ ਰੀਤਾਂ ਤੋਂ ਰਹਿਤ ਹੁੰਦਿਆਂ ਵੀ ਨਾਮਧਾਰੀਆਂ ਵਿਚ ਉਹਨਾਂ ਦੀ ਬੜੀ ਇੱਜ਼ਤ ਸੀ, ਤੇ ਅਜੇ ਤੱਕ ਹੈ। ਸੰਨ 1896 ਦੇ ਸ਼ੁਰੂ ਵਿਚ ਇਕ ਵਾਰੀ

ਉਹ ਸਾਡੇ ਪਿੰਡ ਆਏ। ਉਹਨਾਂ ਦੇ ਨਾਲ ਰਾਗੀ ਵੀ ਸਨ, ਜੋ ਬਾਬਾ ਜੀ ਦੀ ਸੰਗਤ ਨਾਲ ਉਹਨਾਂ ਦੇ ਵਿਚਾਰ ਗ੍ਰਹਿਣ ਕਰ ਚੁੱਕੇ ਸਨ। ਉਹ ਬਗੈਰ ਲਾਲਚ ਦੇ ਆਪਣਾ ਫਰਜ਼ ਸਮਝ ਕੇ ਕੀਰਤਨ ਕਰਦੇ। ਮੈਂ ਆਪਣੀ ਆਦਤ ਅਨੁਸਾਰ ਗਰਮੀ ਦੀ ਰੁੱਤੇ ਸ਼ਾਮ ਨੂੰ ਬਾਹਰ ਜਾਂਦਾ, ਧਰਮਸ਼ਾਲਾ ਪਾਸੋਂ ਲੰਘਿਆ ਤਾਂ ਉੱਥੇ ਦੀਵਾਨ ਸਜਿਆ ਹੋਇਆ ਸੀ। ਮੈਂ ਅਯਾਸ਼ੀ ਗਾਣੇ ਤਾਂ ਮਰਾਸੀਆਂ ਕੋਲੋਂ ਲੱਗਭਗ ਰੋਜ਼ ਹੀ ਸੁਣਦਾ ਰਿਹਾ ਹੋਵਾਂਗਾ, ਪਰ ਇਹ ਮੇਰੇ ਲਈ ਇਕ ਨਵਾਂ ਤਜਰਬਾ ਸੀ। ਇਹ ਰਾਗੀ ਫ਼ਰੀਦ ਜੀ ਦੇ ਸ਼ਲੋਕ ਐਸੇ ਵੈਰਾਗ ਨਾਲ ਗਾ ਰਹੇ ਸਨ ਕਿ ਮੇਰੇ ਦਿਲ ਨੇ ਅੱਗੋਂ ਤੁਰਨੋ ਨਾਂਹ ਕਰ ਦਿੱਤੀ ਅਤੇ ਮੈਂ ਦੀਵਾਨ ਵਿਚ ਜਾ ਬੈਠਾ। ਜਦ ਦੀਵਾਨ ਸਮਾਪਤ ਹੋਇਆ ਤਾਂ ਬਾਬਾ ਜੀ ਨੇ ਆਪਣੇ ਵਿਚਾਰ ਸਪੱਸ਼ਟ ਕੀਤੇ ਜਿਹੜੇ ਕਿ ਮਜ਼ਹਬੀ ਫਿਰਕਾ ਪ੍ਰਸਤੀ ਤੇ ਦੂਸਰੇ ਧਾਰਮਿਕ ਵਹਿਮਾਂ ਤੋਂ ਰਹਿਤ ਸਨ। ਏਕਤਾ ਤੇ ਪ੍ਰੇਮ ਵੱਲ ਲਿਜਾਣ ਵਾਲੇ ਸਨ, ਮੇਰੇ ਦਿਲ ਲੱਗੇ।"

"ਮੈਂ ਅਰਜ਼ ਕੀਤੀ, ਬਾਬਾ ਜੀ ਅੱਜ ਰਾਤ ਭੋਜਨ ਸਾਡੇ ਪਾਸ ਕਰੋ।" ਉਹਨਾਂ ਮੰਨ ਲਿਆ। ਪਰਸ਼ਾਦ ਪਿਛੋਂ ਸਾਡੇ ਘਰ ਹੀ ਦੀਵਾਨ ਲੱਗਿਆ। ਸਾਰਾ ਪਿੰਡ ਹੁੰਮ-ਹੁੰਮਾ ਕੇ ਇਕੱਠਾ ਹੋਇਆ ਕਿ ਇਹ ਉਲਟੀ ਗੰਗਾ ਕਿੱਧਰ ਨੂੰ ਚੱਲਣ ਲੱਗ ਪਈ ਹੈ? ਦੀਵਾਨ ਦੀ ਸਮਾਪਤੀ ਤੇ ਪਿੰਡ ਦੇ ਬਜ਼ੁਰਗਾਂ ਤੇ ਮੇਰੀ ਧਰਮ-ਮਾਤਾ ਜੀ ਨੇ ਬਾਬਾ ਜੀ ਨੂੰ ਅਰਜ਼ ਕੀਤੀ ਕਿ "ਮਹਾਰਾਜ ! ਜੇ ਕਿਤੇ ਸੋਹਣ ਸਿੰਘ ਸੁਧਰ ਜਾਵੇ ਤਾਂ ਸਮਝੋ ਸਾਰਾ ਪਿੰਡ ਹੀ ਸੁਧਰ ਗਿਆ।" ਬਾਬਾ ਜੀ ਨੇ ਸਭ ਨੂੰ ਧੀਰਜ ਦਿੱਤਾ।

"ਅਗਲੀ ਸਵੇਰ ਮੈਂ ਬਾਬਾ ਜੀ ਨੂੰ ਵਿਦਾ ਕਰਨ ਗਿਆ ਤਾਂ ਬਾਬਾ ਜੀ ਨੇ ਕਿਹਾ ਪੁੱਤਰ ਇਹ ਨਾਂ ਸਮਝੀਂ ਕਿ ਮੈਂ ਤੈਨੂੰ ਸ਼ਰਾਬ ਪੀਣ ਜਾਂ ਮਾਸ ਖਾਣ ਤੋਂ ਜਾਂ ਹੋਰ ਕਿਸੇ ਆਦਤ ਤੋਂ ਰੋਕਾਂਗਾ। ਬੇਸ਼ੱਕ ਕਰਦਾ ਰਹੁ। ਪਰ ਕਦੇ-ਕਦੇ ਮਿਲਦਾ ਰਿਹਾ ਕਰ, ਹਾਂ, ਜੇ ਇਹਨਾਂ ਆਦਤਾਂ ਨੂੰ ਦਿਲੀ, ਨਫ਼ਰਤ ਹੋ ਜਾਣ ਕਰਕੇ ਛੱਡ ਦੇਵੇਂ ਤਾਂ ਠੀਕ ਹੈ ਨਾਂ?" ਬਾਬਾ ਜੀ ਦੀ ਇਸ ਸਚਾਈ ਨੇ ਮੇਰੇ ਦਿਲ ਨੂੰ ਪ੍ਰਭਾਵਿਤ ਕੀਤਾ। ਜੇ ਉਹ ਸ਼ਰਾਬ ਵਗੈਰਾ ਛੱਡਣ ਲਈ ਕਹਿੰਦੇ ਤਾਂ ਸ਼ਾਇਦ ਮੇਰੇ ਤੇ ਇੰਨਾ ਅਸਰ ਨਾ ਹੁੰਦਾ।"[2]

ਇਸ ਤੋਂ ਹਫਤਾ ਕੁ ਬਾਅਦ ਬਾਬਾ ਜੀ ਫਿਰ ਭਕਨੇ ਆ ਕੇ ਸੋਹਣ ਸਿੰਘ ਨੂੰ ਮਿਲੇ ਅਤੇ ਉਸ ਨੂੰ ਇਕਾਂਤ ਵਿਚ ਲਿਜਾ ਕੇ ਸਮਝਾਇਆ ਕਿ ਜਿਸ ਰਸਤੇ ਤੇ ਉਹ ਚੱਲ ਰਿਹਾ ਹੈ, ਇਹ ਉਸ ਦੀ ਤਬਾਹੀ ਦਾ ਰਸਤਾ ਹੈ। ਸੋ ਦੂਸਰੇ ਦਿਨ ਉਹ ਸ਼ਰਾਬੀ ਦੋਸਤਾਂ ਦੀ ਜੰਡਲੀ ਵਿਚ ਨਾਂ ਗਏ। ਜਦੋਂ ਉਹ ਇਹਨਾਂ ਨੂੰ ਪੁੱਛਣ ਆਏ ਤਾਂ ਇਹਨਾਂ ਨੇ ਸ਼ਰਾਬ ਦੀ ਅੱਧੀ ਕੁ ਬਚੀ ਬੋਤਲ

ਹੇਠਾਂ ਸੁੱਟ ਕੇ ਭੰਨ ਦਿੱਤੀ ਅਤੇ ਉਹਨਾਂ ਤੋਂ ਤੋੜ ਵਿਛੋੜਾ ਕਰ ਲਿਆ। ਬਰਕੀਆਂ ਕੋਹਰੀਆਂ (ਲਾਹੌਰ) ਦੇ ਜੱਗੂ ਬਾਹਮਣ ਨਾਮੀਂ ਪੁਲੀਸ ਤੋਂ ਮਫ਼ਰੂਰ ਡਾਕੂ ਨੇ ਜੋ ਇਹਨਾਂ ਕੋਲ ਆ ਕੇ ਰਹਿੰਦਾ ਸੀ, ਇਸ ਕਾਰਵਾਈ ਦੀ ਪਰਸੰਸਾ ਕਰਦਿਆਂ, ਇਸ ਫੈਸਲੇ ਤੇ ਡਟੇ ਰਹਿਣ ਲਈ ਕਿਹਾ। ਇਸ ਤਰ੍ਹਾਂ, ਉਹਨਾਂ ਦੇ ਨਵੇਂ ਜੀਵਨ ਦਾ ਆਰੰਭ ਹੋ ਗਿਆ। ਬਾਬਾ ਜੀ, ਬਾਬਾ ਕੇਸਰ ਜੀ ਬਾਰੇ ਲਿਖਦੇ ਹਨ ਕਿ ਉਹ ਨਾਮਧਾਰੀ ਲਹਿਰ ਦੇ ਫੈਸਲੇ ਅਨੁਸਾਰ ਅੰਗਰੇਜ਼ਾਂ ਦੇ ਮਾਲ ਅਤੇ ਉਹਨਾਂ ਦੀਆਂ ਸੰਸਥਾਵਾਂ ਦਾ ਆਪ ਵੀ ਪੂਰਾ ਬਾਈਕਾਟ ਕਰਦੇ ਸਨ ਅਤੇ ਲੋਕਾਂ ਤੋਂ ਵੀ ਕਰਾਉਂਦੇ ਸਨ। ਬਾਬਾ ਜੀ ਦੇ ਇਸ ਗ਼ੈਰ ਫ਼ਿਰਕੂ ਰੰਗ ਵਿਚ ਸੋਹਣ ਸਿੰਘ ਵੀ ਪੂਰੀ ਤਰ੍ਹਾਂ ਰੰਗੇ ਗਏ ਅਤੇ ਜੀਵਨ ਦੇ ਅਗਲੇ 13-14 ਸਾਲ, ਉਹਨਾਂ ਦੇ ਨਾਮਧਾਰੀ ਸੰਗਤ ਵਿਚ ਸ਼ਾਮਲ ਹੋ ਕੇ, ਸਰਗਰਮੀਆਂ ਕਰਦਿਆਂ ਬਤੀਤ ਹੋਏ। ਬਾਬਾ ਕੇਸਰ ਸਿੰਘ ਇਕ ਦਿਨ ਇਕ ਅਛੂਤ ਮੁੰਡੇ ਨੂੰ, ਜੋ ਪਸ਼ੂ ਚਰਾਉਂਦਾ ਬੁਖਾਰ ਨਾਲ ਬੇਹੋਸ਼ ਹੋ ਗਿਆ ਸੀ, ਆਪਣੇ ਕੰਧਾੜੇ ਚੁੱਕ ਕੇ ਘਰ ਲਿਆਏ ਸਨ। ਜਦੋਂ ਉਹਨਾਂ ਨੂੰ ਘਰ ਵਾਲਿਆਂ ਨੇ ਕਿਹਾ ਕਿ ਇਸ਼ਨਾਨ ਕਰ ਕੇ ਕੱਪੜੇ ਬਦਲ ਲਵੋ, ਭਿੱਟੇ ਗਏ ਹੋ ਤਾਂ ਉਹਨਾਂ ਕਿਹਾ ਸੀ ਕਿ ਕੋਈ ਲੋੜ ਨਹੀਂ ਸਗੋਂ ਬੀਮਾਰ ਬੱਚੇ ਨੂੰ ਚੁੱਕਣ ਨਾਲ ਮੈਂ ਪਵਿੱਤਰ ਹੋ ਗਿਆ ਹਾਂ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਾਰੇ ਸਾਧੂ ਸੰਤਾਂ, ਡੇਰੇਦਾਰਾਂ ਨੂੰ ਆਪਣੇ ਪਾਸ ਆਉਣ ਲਈ ਕਿਹਾ। ਬਾਬਾ ਜੀ ਨਾਂ ਗਏ। ਇਕ ਦਿਨ ਉਹ ਆਪ ਬਾਬਾ ਜੀ ਦੇ ਡੇਰੇ ਤਾਂ ਪੁੱਜ ਗਿਆ, ਤਹਿਸੀਲਦਾਰ ਤੇ ਹੋਰ ਅਮਲੇ ਫੈਲੇ ਸਣੇ। ਉਸ ਬਾਬਾ ਜੀ ਨੂੰ ਕਿਹਾ ਕਿ ਉਹ ਉਸ ਨੂੰ ਮਿਲਣ ਕਿਉਂ ਨਹੀਂ ਆਏ। ਬਾਬਾ ਜੀ ਨੇ ਕਿਹਾ-'ਸਾਨੂੰ ਤੁਹਾਡੇ ਗੋਚਰਾ ਕੋਈ ਕੰਮ ਨਹੀਂ ਸੀ, "ਫਿਰ ਉਸ ਕਿਹਾ ਕਿ ਮੈਂ ਤੁਹਾਡੇ ਪੁੱਤਰਾਂ ਨੂੰ ਜੇ ਚਾਹੋ ਤਾਂ ਕੁਝ ਮੁਰੱਬੇ ਜ਼ਮੀਨ ਦੇ ਸਕਦਾ ਹਾਂ, ਬਾਬਾ ਜੀ ਨੇ ਕਿਹਾ ਸੀ ਕਿ ਮੇਰੇ ਲੜਕਿਆਂ ਦਾ ਫ਼ਿਕਰ ਨਾਂ ਕਰੋ, ਜ਼ਮੀਨ ਉਹਨਾਂ ਨੂੰ ਦਿਉ ਜੋ ਬੇਜ਼ਮੀਨ ਹਨ। ਬਾਬਾ ਜੀ ਆਪਣੇ ਬਾਈਕਾਟ ਤੇ ਡਟੇ ਹੋਏ ਸਨ। ਉਹ ਨਮਕ ਨਹੀਂ ਖਾਂਦੇ ਸਨ ਅਤੇ ਉਹਨਾਂ ਦੇ ਅਸਰ ਹੇਠ ਸੋਹਣ ਸਿੰਘ ਭਕਨਾ ਹੋਰਾਂ ਵੀ ਬਾਰਾਂ ਸਾਲ ਲੂਣ ਨਹੀਂ ਖਾਧਾ ਸੀ। ਸੰਨ 1896-97 ਦੀ ਪਲੇਗ ਸਮੇਂ ਘਰਾਂ ਦੇ ਘਰ ਖਾਲੀ ਹੋ ਗਏ। ਬਾਬਾ ਜੀ ਦੇ ਪਰਵਾਰ ਦੀਆਂ ਸਭ ਔਰਤਾਂ ਪਲੇਗ ਨਾਲ ਮਰ ਗਈਆਂ ਸਨ। ਉਹਨਾਂ ਦੀ ਇਕ ਪੋਤਰੀ ਹੀ ਬਚੀ ਸੀ ਜਿਸ ਨੂੰ ਬਾਬਾ ਸੋਹਣ ਸਿੰਘ ਦੀ ਧਰਮ ਪਤਨੀ ਨੇ ਹੀ ਪਾਲਿਆ ਸੀ। ਬਾਬਾ ਭਕਨਾ ਲਿਖਦੇ ਹਨ-"ਜਿਸ ਦਿਨ ਬਾਬਾ (ਕੇਸਰ) ਜੀ ਦੇ ਘਰ ਰੋਟੀ ਪਕਾਉਣ ਵਾਲੀ ਕੋਈ ਇਸਤਰੀ ਨਾ ਰਹੀ, ਉਸ ਦਿਨ ਵੀ ਮੈਂ ਬਾਬਾ ਜੀ

ਨੂੰ ਸਦਾ ਵਾਂਗ ਖੁਸ਼ ਵੇਖਿਆ। ਮੇਰੇ ਤੇ ਬਹੁਤ ਪ੍ਰਭਾਵ ਪਿਆ ਕਿ ਸੱਚ ਮੁੱਚ ਹੀ ਇਹ ਉਹੀ ਮਹਾਂਪੁਰਸ਼ ਹਨ, ਜਿਨ੍ਹਾਂ ਦੀ ਉਪਮਾ ਗੁਰੂ ਗਰੰਥ ਸਾਹਿਬ ਵਿਚ ਕੀਤੀ ਗਈ ਹੈ।

ਹਰਖ ਸੋਗ ਤੇ ਰਹੈ ਅਤੀਤਾ

ਜੋਗੀ ਤਾਹਿ ਬਖਾਨੋ ॥੧॥ ਮ.੯- ੬੮੫

"ਅੱਜ ਮੈਂ ਜੋ ਜ਼ਿੰਦਗੀ ਭੋਗ ਰਿਹਾ ਹਾਂ, ਇਹ ਉਹਨਾਂ ਹੀ ਮਹਾਂਪੁਰਸ਼ਾਂ ਦੀ ਕ੍ਰਿਪਾ ਹੈ। ਨਹੀਂ ਤਾਂ ਦੋਸਤੀ ਦੇ ਲਿਬਾਸ ਵਿਚ ਦੁਸ਼ਮਣ ਛੇਤੀ ਹੀ ਮੇਰੀ ਜ਼ਿੰਦਗੀ ਖ਼ਤਮ ਕਰ ਦੇਂਦੇ।"

"ਬਾਬਾ ਜੀ ਦੇ ਹੁਕਮ ਅਨੁਸਾਰ ਹੋਲੇ ਦਾ ਤਿਉਹਾਰ ਗੈਰ ਮਜ਼ਹਬੀ ਢੰਗ ਨਾਲ ਭਕਨੇ ਵਿਚ ਮਨਾਇਆ ਜਾਂਦਾ ਸੀ। ਇਸ ਵਿਚ ਹਰ ਮਜ਼ਹਬ ਦੇ ਅਧਿਆਤਮਵਾਦੀ ਤੇ ਏਕਤਾ ਦੇ ਉਪਾਸ਼ਕ ਮਨੁੱਖੀ ਸ਼ੁਭ ਗੁਣਾਂ ਦਾ ਪਰਚਾਰ ਕਰਦੇ ਸਨ। ਇਹਨਾਂ ਹੋਲਿਆ ਦਾ ਭਾਰ ਜ਼ਿਆਦਾਤਰ ਮੈਂ ਹੀ ਚੁੱਕਦਾ ਰਿਹਾ। ਖ਼ਰਚ ਹੁੰਦਿਆਂ ਹੁੰਦਿਆਂ ਸਾਰੀ ਜ਼ਮੀਨ ਗਹਿਣੇ ਪੈ ਗਈ। ਬਲਕਿ ਇਸ ਤੋਂ ਇਲਾਵਾ 3000 ਰੁਪਏ ਹੱਥ ਉਧਾਰ ਵੀ ਹੋ ਗਏ। ਦੁਕਾਨਾਂ ਤੋਂ ਉਧਾਰ ਮਿਲਣਾ ਵੀ ਬੰਦ ਹੋ ਗਿਆ। ਪਰ ਸੰਗਤ ਦਾ ਪ੍ਰਵਾਹ ਉਸੇ ਤਰ੍ਹਾਂ ਹੀ ਚੱਲਦਾ ਰਿਹਾ। ਜਦ ਆਰਥਿਕ ਹਾਲਤ ਕਮਜ਼ੋਰ ਹੋ ਗਈ ਤਾਂ ਆਤਮਕ ਸ਼ਾਂਤੀ ਵੀ ਜਵਾਬ ਦੇਣ ਲੱਗੀ, ਤਦ ਮੈਂ ਇਕ ਦੋਸਤ ਰਾਹੀਂ ਅਮਰੀਕਾ ਤੋਂ ਪਤਾ ਕੀਤਾ। ਅਮਰੀਕਾ ਵਾਲੇ ਮਿੱਤਰ ਨੇ ਭਰੋਸਾ ਦਿਵਾਇਆ ਕਿ ਜੇ ਆਉਣਾ ਚਾਹੋ ਤਾਂ ਆ ਜਾਉ, ਮੈਂ ਤੁਹਾਡੀ ਹਰ ਤਰ੍ਹਾਂ ਨਾਲ ਮਦਦ ਕਰਾਂਗਾ।"[3]

ਭਾਈ ਸੰਤੋਖ ਸਿੰਘ ਬਾਹੋਵਾਲ, ਸਮਕਾਲੀ ਕੂਕਾ ਇਤਿਹਾਸ ਲੇਖਕ ਲਿਖਦੇ ਹਨ ਕਿ ਗੁਰੂ ਹਰੀ ਸਿੰਘ ਜੀ ਨੇ 1904 ਈ. ਦੀ ਵੈਸਾਖੀ ਅੰਮ੍ਰਿਤਸਰ ਸ਼ਹਿਰ ਵਿਖੇ ਮਨਾਈ। ਜਿੱਥੇ ਬਹੁਤ ਸਾਰੀ ਨਾਮਧਾਰੀ ਸੰਗਤ ਜੁੜੀ ਸੀ। (ਬਾਬਾ ਕੇਸਰ ਸਿੰਘ ਉਰਫ) "ਕੇਸਰ ਕਿੱਲੀ ਕਾ ਸੇਵਕ ਸੋਹਣ ਸਿੰਘ ਗੁਰੂ ਜੀ ਕੋ ਭਕਨੇ ਲੈ ਗਿਆ।[4]

ਸੋਹਣ ਸਿੰਘ ਭਕਨਾ, ਬਾਬਾ ਕੇਸਰ ਜੀ ਦੀ ਸੰਗਤ ਵਿਚ ਆ ਕੇ, ਦਸ ਸਾਲ ਦੇ ਲੱਗਪਗ 1896 ਤੋਂ ਬਾਅਦ ਗੁਰੂ ਹਰੀ ਸਿੰਘ ਜੀ ਦੇ ਇਕੱਲਿਆਂ ਜਾਂ ਬਾਬਾ ਜੀ ਨਾਲ ਕੋਈ 20 ਵਾਰ ਦਰਸ਼ਨ ਕਰ ਚੁੱਕੇ ਸਨ। ਬਾਬਾ ਸੋਹਣ ਸਿੰਘ ਹੋਰਾਂ ਦੇ ਦੱਸਣ ਮੁਤਾਬਿਕ, ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੂੰ ਵੈਰਾਗੀ ਹਾਲਤ ਵਿਚ ਹੰਡਾਇਆ ਸੀ, ਜਿਸ ਕਾਰਨ ਕਈ ਵੇਰ ਨੈਣ ਵੀ ਵੈਰਾਗੇ ਰਹਿੰਦੇ। ਆਖਰੀ ਤਿੰਨ ਸਾਲਾਂ ਵਿਚ

ਗੁਰੂ ਜੀ ਨੂੰ ਨੇਤਰਾਂ ਦੀ ਤਕਲੀਫ ਹੁੰਦੀ ਰਹੀ ਸੀ। ਬਾਬਾ ਕੇਸਰ ਕਿੱਲੀ, ਭਾਈ ਹਰਨਾਮ ਸਿੰਘ ਜੀ ਰਾਗੀ ਚਵਿੰਡਾ ਅਤੇ ਬਾਬਾ ਸੋਹਣ ਸਿੰਘ ਇਕ ਵੇਰ ਤਿੰਨੇ ਇਕੱਠੇ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਨੂੰ ਗਏ ਸਨ। ਬਾਬਾ ਭਕਨਾ ਮੁਤਾਬਿਕ ਗੁਰੂ ਹਰੀ ਸਿੰਘ ਜੀ "ਬੜੇ ਸ਼ਾਂਤ ਅਤੇ ਗੰਭੀਰ ਸੁਭਾਉ ਵਾਲੇ। ਡਾਢਾ ਪਿਆਰ ਕਰਨ ਵਾਲੇ। ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਉਹਨਾਂ ਦੇ ਚਿਹਰੇ ਤੇ ਮਾਤਾ ਦੇ ਦਾਗ਼ ਉਘੜੇ ਹੋਏ ਨਹੀਂ ਸਨ। ਕੱਦ ਅਤੇ ਸਰੀਰ ਦਰਮਿਆਨਾ ਸੀ। ਸਫੈਦ ਬਸਤਰ ਪਹਿਰਿਆ ਕਰਦੇ। ਸਤਿਗੁਰੂ ਰਾਮ ਸਿੰਘ ਜੀ ਵਾਂਗ ਹੀ ਉਹਨਾਂ ਸੰਗਤ ਨੂੰ ਇਕੱਤਰ ਰੱਖਿਆ ਅਤੇ ਲੰਗਰ ਚਲਾਇਆ।" ਬਾਬਾ ਜੀ ਕਹਿੰਦੇ ਹਨ ਕਿ "ਮੇਰਾ ਜੀਵਨ ਅਮਰੀਕਾ ਵਿਚ ਜਾਣ ਬਾਦ, ਗੁਰੂ ਰਾਮ ਸਿੰਘ ਜੀ ਵਾਲੇ ਆਦਰਸ਼-ਦੇਸ਼ ਨੂੰ ਸੁਤੰਤਰ ਕਰਾਉਣਾ, ਮਾਨਵ ਮਾਤਰ ਵਿਚ ਸ਼ਾਂਤੀ ਤੇ ਸਮਰਿਧੀ ਪੈਦਾ ਕਰਨਾ-ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਿਆ।"

"ਸਾਰਾ ਜੀਵਨ ਹੀ ਜੱਦੋ ਜਹਿਦ ਵਿਚ ਲੱਗਿਆ ਰਿਹਾ ਹੈ। ਬਹੁਤ ਸਾਰੀਆਂ ਗੱਲਾਂ ਅੱਜ ਧਿਆਨ ਵਿਚ ਨਹੀਂ। ਪਰ ਇਕ ਬਚਨ ਤਾਂ ਉਨ੍ਹਾਂ ਦਾ ਮੇਰਾ ਪਰੇਰਣਾ ਸੂਤਰ ਹੈ। ਆਪ ਜੀ (ਗੁਰੂ ਹਰੀ ਸਿੰਘ ਜੀ) ਕਿਹਾ ਕਰਦੇ ਸਨ ਕਿ ਸਤਿਜੁਗ ਲੱਗ ਰਿਹਾ ਹੈ। ਕਲਿਜੁਗ ਦੀ ਸਫ ਵਲ੍ਹੇਟੀ ਜਾ ਰਹੀ ਹੈ। ਮੈਂ ਵੇਖ ਰਿਹਾ ਹਾਂ ਕਿ ਹੁਣ ਮਾਇਆ ਦਾ ਯੁੱਗ ਅੰਤਮ ਪੜਾਅ ਤੇ ਹੈ, ਰੱਬੀ ਯੁੱਗ, ਮਨੁੱਖ ਮਾਤਰ ਨੂੰ ਇੱਕੋ ਨੂਰ ਦਾ ਅੰਸ ਮੰਨਣ ਵਾਲਾ ਯੁੱਗ ਆ ਰਿਹਾ ਹੈ। ਅੱਜ ਭਾਵੇਂ ਹਾਲਾਤ ਹੋਰ ਹਨ। ਪਰ ਮੈਂ ਜੀਵਨ ਦੀ ਬੁਨਿਆਦੀ ਸੂਝ ਨਾਮਧਾਰੀ ਸੰਗਤ ਵਿੱਚੋਂ ਹੀ ਹਾਸਲ ਕੀਤੀ ਹੈ। ਉੱਚਾ ਸਦਾਚਾਰ, ਸਾਧ-ਸੰਗਤ ਦੀ ਸੇਵਾ, ਮਹਾਂ ਜੀਵਨ ਵਿਚ ਵਿਸ਼ਵਾਸ। ਇਨ੍ਹਾਂ ਤਿੰਨਾਂ ਗੱਲਾਂ ਨੂੰ ਘੁੱਟ ਕੇ ਫੜੀ ਰੱਖਣ ਨਾਲ ਮੈਨੂੰ ਹਰ ਤਰ੍ਹਾਂ ਮਾਨਸਿਕ ਤਸੱਲੀ ਹੈ। ਸਾਰਾ ਵਿਸ਼ਵ ਆਪਣਾ ਹੀ ਜਾਪਦਾ ਹੈ। ਜੇ ਵੀਅਤਨਾਮ ਵਿਚ ਨਿਹੱਥਿਆਂ ਲੋਕਾਂ ਅਤੇ ਮਾਸੂਮ ਬੱਚਿਆਂ ਤੇ ਅਮਰੀਕੀ ਬੰਬ ਵਰ੍ਹਦੇ ਹਨ ਤਾਂ ਮੇਰੀ ਆਤਮਾ ਏਥੇ ਕਲਵਲ ਹੋ ਉਠਦੀ ਹੈ।ਜੇ ਅਮਰੀਕੀ ਜੰਗਬਾਜ਼ ਜੋਰ ਜਬਰੀ ਮੁਦਾਖ਼ਲਤ ਕਰਕੇ ਵੀਅਤਨਾਮ ਦਾ ਜੀਵਨ ਬਰਬਾਦ ਕਰਦੇ ਹਨ ਤਾਂ ਉਹ ਵੀ ਵਿਗੜੇ ਹੋਏ ਤੇ ਮੂਰਖ ਬੱਚੇ ਆਪਣੇ ਹੀ ਲੱਗਦੇ ਹਨ, ਇਕਨਾਂ ਵਾਸਤੇ ਤਰਸ ਆਉਂਦੇ ਹੈ ਦੂਜਿਆਂ ਵਾਸਤੇ ਗੁੱਸਾ। ਪਰ ਮਹਾਂ ਜੀਵਨ ਦਾ ਭਾਗ ਹੋਣ ਕਰਕੇ ਉਨ੍ਹਾਂ ਦੀ ਬਣਤਰ ਤਾਂ ਇਕੋ ਲਹੂ ਮਿੱਟੀ ਦੀ ਹੈ।........."

"ਮਹਾਂ ਜੀਵਨ ਦੀ ਦ੍ਰਿਸ਼ਟੀ ਮੈਂ ਨਾਮਧਾਰੀ ਸੰਗਤ ਪਾਸੋਂ ਹੀ ਪ੍ਰਾਪਤ ਕੀਤੀ ਹੈ।...ਨਾਮਧਾਰੀਆਂ ਦੇ ਹੋਲੇ ਅਤੇ ਮੇਲੇ ਹੀ ਐਸੇ ਇਕੱਠ ਸਨ, ਜਿਨ੍ਹਾਂ ਤੇ ਹਰ ਧਰਮ ਤੇ ਹਰ ਰਾਇ ਦੇ ਲੋਕੀਂ ਮੰਡਨ ਰੂਪ ਵਿਚ ਆਪਣੇ ਵਿਚਾਰ

ਦੱਸ ਸਕਦੇ ਸਨ।[5]

ਆਰਥਿਕ ਮੰਦਹਾਲੀ ਵਿੱਚ ਜਦੋਂ ਸੋਹਣ ਸਿੰਘ ਗੁਜ਼ਰ ਰਹੇ ਸਨ ਤਾਂ ਸੰਤ ਕੇਸਰ ਸਿੰਘ ਮੁਹਾਵਾ ਦੇ ਇਕ ਪੈਰੋਕਾਰ ਸੇਠ ਨੇ ਪੇਸ਼ਕਸ਼ ਕੀਤੀ ਕਿ ਜੇ ਸੋਹਣ ਸਿੰਘ ਹੁਣ ਤੱਕ ਦਾ ਆਪਣਾ ਸਾਰਾ 'ਪੁੰਨ-ਦਾਨ' ਮੈਨੂੰ ਦੇ ਦੇਵੇ ਤਾਂ ਮੈਂ ਉਸ ਦਾ ਸਾਰਾ ਕਰਜ਼ਾ ਲਾਹ ਦਿਆਂਗਾ। ਇਕ ਇਸਾਈ ਪਾਦਰੀ ਜੋ ਆਪ ਦਾ ਮਿੱਤਰ ਸੀ, ਉਸ ਨੇ ਕਿਹਾ ਕਿ ਬੇਸ਼ੱਕ ਦਾੜ੍ਹੀ ਕੇਸ ਰੱਖੋ ਪਰ ਦਿਲੋਂ ਇਸਾਈ ਹੋ ਜਾਵੋ ਮੈਂ ਤੁਹਾਡੇ ਕਰਜ਼ੇ ਤੇ ਹੋਰ ਖ਼ਰਚਿਆਂ ਦਾ ਪਰਬੰਧ ਕਰ ਦਿਆਂਗਾ। ਬਾਬਾ ਜੀ ਨੇ ਦੋਵੇਂ ਪੇਸ਼ਕਸ਼ਾਂ ਠੁਕਰਾ ਕੇ, ਮੁਸੀਬਤਾਂ ਦਾ ਖਿੜੇ ਮੱਥੇ ਮੁਕਾਬਲਾ ਕਰਨ ਦਾ ਅਹਿਦ ਕੀਤਾ।

ਬਾਬਾ ਜੀ ਲਿਖਦੇ ਹਨ ਕਿ 65 ਏਕੜ ਵਿੱਚੋਂ ਜਦੋਂ ਸਿਰਫ ਢਾਈ ਏਕੜ ਜ਼ਮੀਨ ਹੀ ਬਚੀ ਸੀ ਤਾਂ ਉਹਨਾਂ 3 ਫਰਵਰੀ 1909 ਨੂੰ ਘਰੋਂ ਅਮਰੀਕਾ ਜਾਣ ਦਾ ਰੁਖ ਕੀਤਾ। ਘਰ ਵਿਚ ਉਹਨਾਂ ਦੀਆਂ ਦੋਹਾਂ ਮਾਤਾਵਾਂ ਦੀ ਹਾਲਤ ਬਹੁਤ ਮਾੜੀ ਸੀ ਕਿ ਇਕਲਾਪਾ ਕਿਵੇਂ ਕੱਟਣਗੀਆਂ।

ਦੁਭਾਸ਼ੀਏ ਦੇ ਤੌਰ 'ਤੇ ਇਮੀਗਰੇਸ਼ਨ ਮਹਿਕਮਾ, ਅਮਰੀਕਾ, ਵਿਚ ਮਿਲੇ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ, ਬਾਬਾ ਜੀ ਦੇ ਅਮਰੀਕਾ ਵਿਚ ਚੰਗੇ ਮਿੱਤਰ ਸਨ। ਉਹਨਾਂ ਨੂੰ ਬਾਬਾ ਜੀ ਨੇ 1906-07 ਦੇ ਬਾਰਾਂ ਵਿਚ ਚੱਲੇ ਜ਼ਮੀਨੀ ਅੰਦੋਲਨ ਵਿਚ ਆਪਣੇ ਨਿਭਾਏ ਯੋਗਦਾਨ ਬਾਰੇ ਅਤੇ ਸੂਫੀ ਅੰਬਾ ਪ੍ਰਸਾਦ ਅਤੇ ਸ੍ਰ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਹੋਰਾਂ ਦੀ ਅਗੁਆਈ ਅਤੇ ਦ੍ਰਿੜਤਾ ਬਾਰੇ ਦੱਸਿਆ।

ਬਾਬਾ ਜੀ ਸਿਆਟਲ ਤੋਂ ਉਰੇਗਨ ਸਟੇਟ, ਪੋਰਟਲੈਂਡ ਵੱਲ ਜਾ ਕੇ ਪੋਰਟਲੈਂਡ ਤੋਂ ਤਿੰਨ ਮੀਲ ਦੂਰ ਕੋਲੰਬੀਆ ਦਰਿਆ ਦੇ ਕੰਢੇ ਲੱਕੜੀ ਦੀ ਬਣੀ ਨਵੀਂ, ਮਨਾਰਕ ਨਾਂ ਦੀ ਮਿਲ ਵਿਚ ਕੰਮ ਤੇ ਲੱਗ ਗਏ। ਕੰਮ ਭਾਰਾ ਸੀ। ਪਹਿਲਾ ਇਤਨਾ ਕੰਮ ਕੀਤਾ ਨਹੀਂ ਸੀ। ਇਕ ਹਫਤਾ ਆਪ ਨੇ ਅੱਧਾ ਦਿਨ ਕੰਮ ਕੀਤਾ ਅਤੇ ਫਿਰ ਲਗਾਤਾਰ ਦਸ ਘੰਟੇ ਕੰਮ ਕਰਨ ਲੱਗ ਪਏ। ਇਹਨਾਂ 10 ਘੰਟਿਆਂ ਦੀ ਦਿਹਾੜੀ ਤੋਂ ਇਲਾਵਾ ਹੁਣ ਉਹ ਦੋ ਘੰਟੇ ਓਵਰ ਟਾਈਮ ਵੀ ਲਾਉਣ ਲੱਗ ਪਏ। ਬਾਬਾ ਜੀ ਦੇ ਸ਼ਬਦਾਂ ਵਿਚ- "ਅਮਰੀਕਾ ਦੀ ਮਿਹਨਤਕਸ਼ ਜ਼ਿੰਦਗੀ ਨੇ ਮੇਰੀ ਹਰਾਮਖੋਰ ਜ਼ਿੰਦਗੀ ਦਾ ਖ਼ਾਤਮਾ ਕਰ ਦਿੱਤਾ।"

ਕਿਉਂਕਿ ਵਿਦੇਸ਼ੀ ਮਜ਼ਦੂਰ, ਅਮਰੀਕਨ ਮਜ਼ਦੂਰਾਂ ਤੋਂ ਘੱਟ ਤਨਖਾਹ ਤੇ ਵੀ ਕੰਮ ਤੇ ਲੱਗ ਜਾਂਦੇ ਸਨ ਇਸ ਲਈ ਅਮਰੀਕੀ ਮਜ਼ਦੂਰਾਂ ਦਾ ਇਹਨਾਂ ਵਿਦੇਸ਼ੀ ਮਜ਼ਦੂਰਾਂ ਨਾਲ ਟਕਰਾਅ ਆਉਣਾ ਕੁਦਰਤੀ ਸੀ। ਹਿੰਦੀ ਮਜ਼ਦੂਰਾਂ

'ਤੇ ਅਮਰੀਕੀ ਮਜ਼ਦੂਰਾਂ ਵੱਲੋਂ 5-6 ਥਾਵਾਂ ਤੇ ਹਮਲੇ ਕਰਕੇ ਉਹਨਾਂ ਨੂੰ ਮਾਰਿਆ ਕੁੱਟਿਆ ਗਿਆ। ਉਹਨਾਂ ਦਾ ਸਾਮਾਨ ਵੀ ਲੁੱਟ ਲਿਆ। ਅਮਰੀਕਾ ਵਿਚ ਸਥਿਤ ਅੰਗਰੇਜ਼ੀ ਕੌਂਸਲਰ ਨੇ ਹਿੰਦੀ ਮਜ਼ਦੂਰਾਂ ਲਈ ਕੁਝ ਨਾ ਕੀਤਾ। ਪਰ ਜਦੋਂ ਅਮਰੀਕਨ ਮਜ਼ਦੂਰਾਂ ਨੇ ਜਾਪਾਨੀ ਮਜ਼ਦੂਰਾਂ ਤੇ ਹਮਲਾ ਕੀਤਾ ਤਾਂ ਉਹਨਾਂ ਦੀ ਸਰਕਾਰ ਨੇ ਫੌਰੀ ਕਾਰਵਾਈ ਕਰਦਿਆਂ, ਨੁਕਸਾਨ ਦਾ ਹਰਜਾਨਾ ਭਰਵਾਇਆ ਤੇ ਅੱਗੋਂ ਲਈ ਸੁਰੱਖਿਆ ਦੀ ਜ਼ਾਮਨੀ ਵੀ ਲਈ। ਹਿੰਦੀ ਮਜ਼ਦੂਰਾਂ ਨੂੰ ਆਪਣੀ ਬੇਚਾਰਗੀ ਦਾ ਇਹੋ ਅਹਿਸਾਸ ਹੋਇਆ ਕਿ ਉਹ ਗੁਲਾਮ ਦੇਸ਼ ਦੇ ਬਸ਼ਿੰਦੇ ਹਨ। ਸੋਹਣ ਸਿੰਘ ਭਕਨਾ, ਪ੍ਰੋ. ਤੇਜਾ ਸਿੰਘ (ਬਾਅਦ ਵਿਚ ਸੰਤ ਤੇਜਾ ਸਿੰਘ ਮਸਤੂਆਣਾ) ਨਾਲ ਇਕ ਅਮਰੀਕਨ ਹੋਟਲ ਵਿਚ ਖਾਣਾ ਖਾਣ ਗਏ ਪਰ ਉਹਨਾਂ ਨਾਂਹ ਕਰ ਦਿੱਤੀ। ਅਖੀਰ ਇਕ ਜਪਾਨੀ ਹੋਟਲ ਤੋਂ ਖਾ ਕੇ ਆਏ। ਇਕ ਵੇਰ ਸੋਹਣ ਸਿੰਘ ਹੋਰਾਂ ਦੀ ਮਿੱਲ ਦਾ ਕੰਮ ਰੁਕ ਗਿਆ। ਉਹ ਕਿਸੇ ਹੋਰ ਮਿੱਲ ਵਿਚ ਕੰਮ ਪੁੱਛਣ ਗਏ। ਮਿੱਲ ਮਾਲਕ ਨੇ ਉਹਨਾਂ ਦੀ ਅਣਖ ਨੂੰ ਵੰਗਾਰਨ ਲਈ ਪੁੱਛਿਆ ਸੀ ਕਿ ਤੁਹਾਡੀ ਗਿਣਤੀ ਕਿਤਨੀ ਹੈ। ਇਹ ਜਾਣ ਕੇ ਕਿ ਤੀਹ ਕਰੋੜ ਹੈ ਉਸ ਪੁੱਛਿਆ ਸੀ ਕਿ ਅੰਗਰੇਜ਼ ਹਿੰਦੁਸਤਾਨ ਵਿਚ ਕਿਤਨੇ ਹਨ? ਅੰਗਰੇਜ਼ਾਂ ਦੀ ਮਾਮੂਲੀ ਗਿਣਤੀ ਤੇ ਉਸ ਨੇ ਕਿਹਾ ਸੀ ਕਿ ਤੁਸੀਂ ਭਾਰਤੀ, ਤੀਹ ਕਰੋੜ ਆਦਮੀ ਹੋ ਕਿ ਭੇਡਾਂ? ਜੇ ਆਦਮੀ ਹੋਵੇ ਤਾਂ ਫਿਰ ਗੁਲਾਮ ਰਹੋ ?

ਬਾਬਾ ਭਕਨਾ ਅਨੁਸਾਰ ਅਮਰੀਕਾ ਜਾਣ ਵਾਲੇ ਪੰਜਾਬੀਆਂ ਵਿਚ ਲੱਗਪਗ ਚਾਲੀ ਫੀਸਦੀ ਸਾਬਕਾ ਫੌਜੀ ਸਨ। ਪੋਰਟਲੈਂਡ ਦੇ ਆਸ ਪਾਸ ਦੇ ਕਾਰਖਾਨਿਆਂ ਵਿਚ ਹਰ ਐਤਵਾਰ ਨੂੰ ਹਿੰਦੀ ਮਜ਼ਦੂਰ ਥਾਂ ਬਦਲ-ਬਦਲ ਕੇ ਮੀਟਿੰਗਾਂ ਕਰਨ ਅਤੇ ਅਮਰੀਕਾ ਵਿਚ ਆਪਣੀ ਸਥਿਤੀ ਤੇ ਚਰਚਾ ਕਰਨ ਲੱਗ ਪਏ। ਹਿੰਦੀਆਂ ਵਿਚ 1911 ਆਉਂਦਿਆਂ ਤੱਕ ਕਾਫੀ ਜਾਗ੍ਰਿਤੀ ਆ ਗਈ। ਅਮਰੀਕਾ ਵਿਚ ਹਿੰਦੀ ਹੋਰਨਾਂ ਦੇਸ਼ਾਂ ਦੇ ਮਜ਼ਦੂਰਾਂ ਨਾਲ ਮਿਲ ਕੇ ਕੰਮ ਕਰਦੇ ਸਨ। ਉਹਨਾਂ ਵਿਚ ਹੌਲੀ ਹੌਲੀ ਕੌਮਾਂਤਰੀਵਾਦ ਦੀ ਭਾਵਨਾ ਵੀ ਜੜ੍ਹਾਂ ਲਾਉਣ ਲੱਗ ਪਈ। ਕੈਨੇਡਾ ਵਿਚ ਹਿੰਦੀਆਂ ਨੂੰ ਆਪਣੇ ਅਧਿਕਾਰਾਂ ਲਈ ਕਾਨੂੰਨੀ ਲੜਾਈ ਲੜਨੀ ਪਈ। ਕੈਲੀਫੋਰਨੀਆ ਦੇ ਹਿੰਦੀਆਂ ਨੇ ਵਜ਼ੀਫੇ ਦੇ ਕੇ, ਭਾਰਤੀ ਵਿਦਿਆਰਥੀ ਅਮਰੀਕਾ ਮੰਗਵਾਏ ਤਾਂ ਜੁ ਉਹ ਪੜ੍ਹ ਲਿਖ ਕੇ ਦੇਸ਼ ਦੀ ਆਜ਼ਾਦੀ ਲਈ ਕੋਈ ਕੰਮ ਕਰਨ। ਪਰਵਾਸੀ ਹਿੰਦੀਆਂ ਵਿਚ ਉਸ ਸਮੇਂ ਕਿਸ਼ਨ ਜੀ ਵਰਮਾ, ਮੈਡਮ ਕਾਮਾ, ਲਾਲਾ ਹਰਦਿਆਲ, ਤਾਰਕ ਨਾਥ ਦਾਸ, ਸ੍ਰ. ਅਜੀਤ ਸਿੰਘ ਕਾਫੀ ਪ੍ਰਸਿੱਧ ਦੇਸ਼ ਭਗਤ ਸਨ ਪਰ ਇਹ ਕੋਈ ਲਹਿਰ ਖੜ੍ਹੀ ਕਰਨ ਵਿਚ ਸਫਲ ਨਹੀਂ

ਹੋਏ। 1912 ਦੇ ਸ਼ੁਰੂ ਵਿਚ ਜੀ.ਡੀ. ਕੁਮਾਰ ਤੇ ਹਰਨਾਮ ਸਿੰਘ ਕਾਹਰੀ ਸਾਹਰੀ ਪੋਰਟਲੈਂਡ ਆਏ। ਉਹਨਾਂ ਨੇ ਮਹਿਸੂਸ ਕੀਤਾ ਕਿ ਪੋਰਟਲੈਂਡ ਵਾਲੇ ਹਿੰਦੀ ਮਜ਼ਦੂਰ ਕਿਸੇ ਸੁਧਾਰਵਾਦੀ ਪ੍ਰੋਗਰਾਮ ਵਿਚ ਰੁਚੀ ਨਹੀਂ ਰੱਖਦੇ। ਇਸ ਲਈ ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕਾਸਟ" ਨਾਂ ਦੀ ਇਕ ਇਨਕਲਾਬੀ ਜਥੇਬੰਦੀ ਬਣਾਈ ਗਈ। ਇਸ ਦੇ ਪਰਧਾਨ ਸੋਹਣ ਸਿੰਘ ਭਕਨਾ ਅਤੇ ਊਧਮ ਸਿੰਘ ਕਸੇਲ ਦੀ ਪਹਿਲ ਕਦਮੀ ਤੇ ਆਸਟਰੀਆ ਮਿਲ (ਵਾਸ਼ਿੰਗਟਨ ਸਟੇਟ) ਵਿਚ ਵੀ ਹਿੰਦੀ ਐਸੋਸੀਏਸ਼ਨ ਦੀ ਸ਼ਾਖਾ ਦਾ ਗਠਨ ਹੋ ਗਿਆ।ਕਰਤਾਰ ਸਿੰਘ ਸਰਾਭਾ ਵੀ ਉਸ ਦੇ ਪਿੰਡ ਦੇ ਰੁਲੀਆ ਸਿੰਘ ਕੋਲ ਆਇਆ ਹੋਇਆ ਸੀ ਜੋ ਇੱਥੇ ਕੰਮ ਕਰਦਾ ਸੀ। ਲਾਲਾ ਠਾਕੁਰ ਦਾਸ ਧੂਰੀ ਜੋ ਸੇਂਟ ਜ਼ੋਨ ਕਾਰਖਾਨੇ ਵਿਚ ਪੰਡਿਤ ਕਾਸ਼ੀ ਰਾਮ ਪਾਸ ਕੈਲੀਫੋਰਨੀਆ ਤੋਂ ਆਏ ਸਨ ਉਹਨਾਂ ਦੇ ਸੁਝਾਅ ਤੇ ਲਾਲਾ ਹਰਦਿਆਲ ਨੂੰ ਪੋਰਟਲੈਂਡ ਆ ਕੇ, ਦਫਤਰ ਤੇ ਅਖ਼ਬਾਰ ਦਾ ਕੰਮ ਸੰਭਾਲਣ ਲਈ ਕਿਹਾ।

ਮਾਰਚ 1913 ਦੇ ਦੂਜੇ ਹਫਤੇ ਭਾਈ ਪਰਮਾਨੰਦ (ਲਾਹੌਰ) ਅਤੇ ਲਾਲਾ ਹਰਦਿਆਲ ਇਥੇ ਆ ਗਏ। ਆਲੇ ਦੁਆਲੇ ਦੇ ਕਾਰਖਾਨਿਆ ਦੇ ਹਿੰਦੀ ਮਜ਼ਦੂਰਾਂ ਦਾ ਵੱਡਾ ਇਕੱਠ ਹੋ ਗਿਆ। ਪਹਿਲੇ ਨਾਂ ਵਿਚ ਹਿੰਦੁਸਤਾਨ' ਦੀ ਬਜਾਏ ਹੁਣ "ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕਾਸਟ" ਜਥੇਬੰਦੀ ਦਾ ਨਾਮ ਰੱਖਿਆ ਗਿਆ। ਪਾਰਟੀ ਦਾ ਨਿਸ਼ਾਨਾ ਹਥਿਆਰਬੰਦ ਇਨਕਲਾਬ ਰਾਹੀਂ ਦੇਸ਼ ਆਜ਼ਾਦ ਕਰਾ ਕੇ, ਸਭ ਦੀ ਆਜ਼ਾਦੀ ਤੇ ਬਰਾਬਰੀ ਤੇ ਆਧਾਰਿਤ ਲੋਕ ਰਾਜ ਕਾਇਮ ਕਰਨਾ ਸੀ। ਭਾਰਤੀ ਜ਼ੁਬਾਨਾਂ ਵਿਚ, 1857 ਦੇ ਪਹਿਲੇ ਸੁਤੰਤਰਤਾ ਸੰਗਰਾਮ ਜਿਸ ਨੂੰ ਅੰਗਰੇਜ਼ ਗ਼ਦਰ ਕਹਿ ਕੇ ਭੰਡਦੇ ਸਨ, ਗ਼ਦਰ ਨਾਂ ਦਾ ਅਖ਼ਬਾਰ ਹਰ ਹਫ਼ਤੇ ਛਾਪਣ ਦਾ ਫੈਸਲਾ ਕੀਤਾ। ਪਾਰਟੀ ਦਾ ਦਫਤਰ ਸਾਨ ਫਰਾਂਸਿਸਕੋ (ਕੈਲੀਫੋਰਨੀਆ) ਵਿਚ ਅਤੇ ਜਥੇਬੰਦੀ ਦੀ ਚੋਣ ਹਰ ਸਾਲ ਕਰਨ ਦਾ ਫੈਸਲਾ ਲਿਆ ਗਿਆ।ਹਰ ਇਕ ਕਾਰਖਾਨੇ ਜਾਂ ਖੇਤਾਂ ਵਿਚ ਕੰਮ ਕਰਨ ਵਾਲੇ ਹਿੰਦੀ ਮਜ਼ਦੂਰਾਂ ਦੀ ਇਕ ਸਥਾਨਕ ਕਮੇਟੀ ਚੁਣੀ ਜਾਂਦੀ ਸੀ ਜੋ ਉਪਰਲੀ ਇੰਤਜ਼ਾਮੀਆ ਕਮੇਟੀ ਨਾਲ ਸਬੰਧਿਤ ਸੀ। ਸਥਾਨਕ ਕਮੇਟੀਆਂ ਦੇ ਚੁਣੇ ਹੋਈ ਪ੍ਰਤੀਨਿਧੀ, ਕੇਂਦਰੀ ਕਮੇਟੀ ਦੀ ਚੋਣ ਕਰਨਗੇ। ਇਹ ਕਮੇਟੀ ਦਫਤਰ, ਅਖ਼ਬਾਰ ਤੇ ਖੁੱਲ੍ਹੇ ਕੰਮਾਂ ਨੂੰ ਚਲਾਏਗੀ। ਇੰਤਜ਼ਾਮੀਆ ਕਮੇਟੀ ਆਪਣੇ ਖੁਫੀਆ ਕੰਮ ਲਈ ਤਿੰਨ ਮੈਂਬਰਾਂ ਦਾ ਕਮਿਸ਼ਨ ਚੁਣੇਗੀ। ਹਰ ਪਾਰਟੀ ਮੈਂਬਰ ਮਹੀਨੇ ਵਿਚ ਘੱਟੋ ਘੱਟ ਇਕ ਡਾਲਰ ਚੰਦਾ ਦੇਵੇਗਾ। ਪਾਰਟੀ ਦਾ ਕੋਈ ਵੀ ਸਿਪਾਹੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਹੋਵੇ ਜੇ ਉੱਥੇ ਆਜ਼ਾਦੀ ਦੀ

ਲੜਾਈ ਜਾਰੀ ਹੋਵੇ ਤਾਂ ਉਹ ਗੁਲਾਮੀ ਹਟਾਉਣ ਲਈ ਉੱਥੇ ਵੀ ਜੱਦੋ ਜਹਿਦ ਕਰਕੇ, ਮਜ਼ਦੂਰ ਵਰਗ ਦੇ ਕੌਮਾਂਤਰੀ ਭਾਈਚਾਰੇ ਦਾ ਸਬੂਤ ਦੇਵੇਗਾ। ਪਾਰਟੀ ਦੇ ਦਫਤਰ, ਪ੍ਰੈਸ ਅਖ਼ਬਾਰ ਜਾਂ ਪਿੰਡਾਂ ਵਿਚ ਕੰਮ ਕਰਨ ਵਾਲੇ ਕਾਰਕੁੰਨਾਂ ਨੂੰ ਕੋਈ ਤਨਖਾਹ ਨਹੀਂ ਮਿਲੇਗੀ। ਬਰਾਬਰੀ ਦੇ ਆਧਾਰ ਤੇ ਰੋਟੀ ਕੱਪੜਾ ਹੀ ਪਾਰਟੀ ਦੇਵੇਗੀ। ਅਖ਼ਬਾਰ ਬਿਨਾਂ ਚੰਦਾ ਲਿਆਂ ਮੁਫਤ ਵੰਡਿਆ ਜਾਏਗਾ।

ਇਸ ਤਰ੍ਹਾਂ ਮਾਰਚ 1913 ਵਿਚ ਬਣੀ ਪਾਰਟੀ, ਜਿਸ ਨੂੰ ਗ਼ਦਰ ਅਖ਼ਬਾਰ ਕਾਰਨ ਗ਼ਦਰ ਪਾਰਟੀ ਕਿਹਾ ਜਾਣ ਲੱਗਾ। ਦੋ ਵੱਡੀਆਂ ਬਸਤੀਵਾਦ ਵਿਰੋਧੀ ਤਹਿਰੀਕਾਂ ਵਿਚ ਕੰਮ ਕਰ ਚੁੱਕੇ ਬਾਬਾ ਸੋਹਣ ਸਿੰਘ ਭਕਨਾ ਨੂੰ ਇਸ ਦਾ ਪਰਧਾਨ ਚੁਣਿਆ ਗਿਆ। ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠਠਗੜ੍ਹ, ਜਨਰਲ ਸਕੱਤਰ ਲਾਲਾ ਹਰਦਿਆਲ, ਸਹਿ ਸਕੱਤਰ ਠਾਕਰ ਦਾਸ ਧੂਰੀ ਅਤੇ ਖਜ਼ਾਨਚੀ ਪੰ. ਕਾਸ਼ੀ ਰਾਮ ਮੜੌਲੀ ਚੁਣੇ ਗਏ। 14 ਮੈਂਬਰਾਂ ਦੀ ਇੰਤਜ਼ਾਮੀਆਂ ਕਮੇਟੀ ਚੁਣੀ ਗਈ। ਸਾਰੀ ਚੋਣ ਸਰਬ ਸੰਮਤੀ ਨਾਲ ਹੋਈ। ਖੁਫੀਆ ਕਮਿਸ਼ਨ ਵਿਚ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਤੇ ਕਾਸ਼ੀ ਰਾਮ ਹੋਰਾਂ ਨੂੰ ਲਿਆ ਗਿਆ। ਬਾਬਾ ਭਕਨਾ ਲਿਖਦੇ ਹਨ-"ਮੇਰਾ ਅਟੱਲ ਵਿਸ਼ਵਾਸ ਹੈ ਕਿ ਅਸਲੀ ਇਨਕਲਾਬੀ ਪਾਰਟੀਆਂ ਵਿਚ ਅਹੁਦੇਦਾਰਾਂ ਦੀ ਚੋਣ, ਗੁਣ ਕਰਮ ਦੇ ਹਿਸਾਬ ਨਾਲ ਅਤੇ ਕੁਰਬਾਨੀ ਦੀ ਭਾਵਨਾ ਦੇ ਆਧਾਰ ਤੇ ਹੁੰਦੀ ਹੈ।"

ਉਰੇਗਨ ਤੇ ਵਾਸ਼ਿੰਗਟਨ ਸਟੇਟ ਦੇ ਸਾਡੇ ਕਾਰਖਾਨਿਆਂ ਵਿਚ ਮੀਟਿੰਗਾਂ ਕਰਕੇ 21 ਅਪਰੈਲ 1913 ਨੂੰ ਇਕ ਵਿਸ਼ਾਲ ਮੀਟਿੰਗ ਲੱਕੜੀ ਦੇ ਕਾਰਖਾਨੇ ਆਸਟੋਰੀਆ ਮਿਲ ਵਿਚ ਹੋਈ। ਸੇਂਟ ਜੋਨ ਵਾਲੀ ਮੀਟਿੰਗ ਦੇ ਫੈਸਲੇ ਸਰਬਸੰਮਤੀ ਨਾਲ ਇੱਥੇ ਪਾਸ ਕਰ ਦਿੱਤੇ ਗਏ। ਹੇਠਲੀਆਂ ਕਮੇਟੀਆਂ ਦੇ ਜ਼ੋਰ ਦੇਣ ਤੇ ਅਖ਼ਬਾਰ 'ਗ਼ਦਰ' ਦਾ ਪਹਿਲਾ ਅੰਕ 1 ਨਵੰਬਰ 1913 ਨੂੰ ਕਰਤਾਰ ਸਿੰਘ ਸਰਾਭਾ ਨੇ ਹੱਥ ਨਾਲ ਗੇੜਨ ਵਾਲੀ ਪ੍ਰੈੱਸ 'ਤੇ ਰਘਬੀਰ ਦਿਆਲ (ਯੂ.ਪੀ.) ਦੀ ਸਹਾਇਤਾ ਨਾਲ ਕੱਢ ਕੇ ਇਕ ਦਫਤਰ, ਸਾਨ ਫਰਾਂਸਿਸਕੋ ਵਿਖੇ ਕਿਰਾਏ ਤੇ ਲੈ ਕੇ, ਉਸ ਦਾ ਨਾਮ 'ਯੁਗਾਂਤਰ ਆਸ਼ਰਮ' ਰੱਖ ਦਿੱਤਾ। ਗ਼ਦਰ ਅਖ਼ਬਾਰ ਦੇ ਪਹਿਲੇ ਸਫੇ ਤੇ ਇਹ ਲਿਖਿਆ ਹੁੰਦਾ ਸੀ।

ਜਉ ਤਉ ਪ੍ਰੇਮ ਖੇਲਣ ਕਾ ਚਾਉ।

ਸਿਰੁ ਧਰਿ ਤਲੀ ਗਲੀ ਮੇਰੀ ਆਉ।

ਇਸ ਤੋਂ ਬਾਅਦ ਅੰਗਰੇਜ਼ੀ ਰਾਜ ਦੀ ਲੁੱਟ ਖਸੁੱਟ ਨੂੰ ਬਿਆਨ ਕਰਦਾ

ਲੇਖ, ਅੰਕੜਿਆਂ ਸਹਿਤ ਦਿੱਤਾ ਜਾਂਦਾ। ਹਰਦਿਆਲ ਦੇ ਉਰਦੂ ਵਿਚ ਲਿਖੇ ਲੇਖ, ਪੰਜਾਬੀ ਵਿਚ ਕਰਤਾਰ ਸਿੰਘ ਸਰਾਭਾ ਉਲਥਾਂਉਂਦਾ ਸੀ। ਸਰਾਭਾ ਅਣਥੱਕ, ਮਿਹਨਤੀ ਅਤੇ ਫੁਰਤੀਲਾ ਸੀ। ਦਫਤਰ ਅਤੇ ਅਖ਼ਬਾਰ ਦੇ ਜ਼ਿਆਦਾ ਕੰਮ ਉਹ ਹੀ ਕਰਦਾ ਸੀ। ਹੋਰ ਦੇਸ਼ ਭਗਤਾਂ ਦੀਆਂ ਦਿਲ ਟੁੰਬਵੀਆਂ ਕਵਿਤਾਵਾਂ 'ਗ਼ਦਰ ਦੀ ਗੂੰਜ' ਦੇ ਅਨੁਵਾਨ ਹੇਠ ਛਪਦੀਆਂ। ਤਿੰਨ ਚਾਰ ਅੰਕ ਨਿਕਲਣ ਬਾਦ ਹੀ 'ਗ਼ਦਰ' ਅਖ਼ਬਾਰ ਦੀ ਧੁੰਮ ਪੈ ਗਈ। ਹੁਣ ਬਿਜਲੀ ਨਾਲ ਚੱਲਣ ਵਾਲੀ ਪ੍ਰੈਸ ਲੱਗ ਗਈ ਤੇ ਹਿੰਦੀ, ਪੰਜਾਬੀ, ਉਰਦੂ ਜ਼ੁਬਾਨਾਂ ਵਿਚ ਪਰਚਾ ਹਜ਼ਾਰਾਂ ਦੀ ਸੰਖਿਆ ਵਿਚ ਛਪ ਕੇ ਦੇਸ਼ ਭੇਜਿਆ ਜਾਣ ਲੱਗਾ। ਦਸੰਬਰ 1913 ਦੀ ਸੈਕਰਾਮੈਂਟੋ ਵਿਚ ਹੋਈ ਕਾਨਫਰੰਸ ਵਿਚ ਗ਼ਦਰ ਪਾਰਟੀ ਦਾ ਸੰਗਠਨ ਹੋਰ ਵਿਸਤਰਿਤ ਹੋ ਗਿਆ। ਕੈਲੀਫੋਰਨੀਆਂ ਵਿਚ ਸੰਗਠਨ ਮਜ਼ਬੂਤ ਕਰਨ ਲਈ ਸੋਹਣ ਸਿੰਘ ਭਕਨਾ ਆਪਣਾ ਨਿੱਜੀ ਕੰਮ ਛੱਡ ਕੇ, ਭਾਈ ਕਰਤਾਰ ਸਿੰਘ ਦੁੱਕੀ (ਲਤਾਲਾ) ਤੇ ਗਾਂਧਾ ਸਿੰਘ ਉਰਫ ਭਗਤ ਸਿੰਘ ਕੱਚਰ ਭੰਨ ਨੂੰ ਅਤੇ ਕਦੇ ਕਦੇ ਕਰਤਾਰ ਸਿੰਘ ਸਰਾਭੇ ਨੂੰ ਵੀ ਲੈ ਕੇ ਵੱਖ-ਵੱਖ ਖੇਤ ਮਜ਼ਦੂਰਾਂ ਦੀਆਂ ਟੋਲੀਆਂ ਵਿਚ ਪੈਦਲ ਘੁੰਮ ਘੁੰਮ ਕੇ, ਸੰਗਠਨ ਲਈ ਕੰਮ ਕਰਨ ਲੱਗੇ। ਭਕਨਾ ਜੀ ਲਿਖਦੇ ਹਨ ਕਿ ਇਹਨਾਂ ਸਾਥੀਆਂ ਤੇ ਡੰਡੇ ਦਾ ਡਿਸਿਪਲਿਨ ਨਹੀਂ ਸੀ ਸਗੋਂ ਸੂਝ ਦਾ ਡਿਸਿਪਲਿਨ ਸੀ। ਜਦੋਂ ਆਇਰਲੈਂਡ ਦੇ ਇਕ ਇਨਕਲਾਬੀ ਨੇ ਗ਼ਦਰ ਪਾਰਟੀ ਦਫ਼ਤਰ ਦੇ ਰੋਜ਼ ਦੇ ਖਰਚੇ ਬਾਰੇ ਪੁੱਛਿਆ ਤਾਂ ਇਹਨਾਂ ਦੱਸਿਆ ਕਿ ਸਬਜ਼ੀ ਤਾਂ ਇਕ ਸਾਥੀ ਦੇ ਫਾਰਮ ਤੋਂ ਮੁਫਤ ਆਉਂਦੀ ਹੈ। ਇਸ ਲਈ ਸਾਡਾ ਖਰਚ ਸਿਰਫ ਦੋ ਡਾਲਰ ਹੈ।ਉਸ ਸਾਥੀ ਦਾ ਜੁਆਬ ਸੀ- ਇਤਨਾ ਤਿਆਗ ! ਹੁਣ ਹਿੰਦੁਸਤਾਨ ਦੀ ਆਜ਼ਾਦੀ ਦੂਰ ਨਹੀਂ।

ਲਾਲ ਹਰਦਿਆਲ ਦੇ ਗ੍ਰਿਫਤਾਰੀ ਵਾਰੰਟ ਜਾਰੀ ਹੋਣ ਬਾਅਦ ਉਸਨੂੰ ਅਮਰੀਕਾ ਤੋਂ ਚੋਰੀ ਛਿਪੇ ਬਾਹਰ ਭੇਜ ਦਿੱਤਾ। ਹੁਣ ਯੁਗਾਂਤਰ ਆਸ਼ਰਮ ਦਾ ਬਹੁਤਾ ਕੰਮ ਸੋਹਣ ਸਿੰਘ ਭਕਨਾ ਦੇ ਜ਼ਿੰਮੇ ਆ ਗਿਆ। ਬਾਬਾ ਜੀ ਨੇ ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਉਡਾਉਣ ਦੀ ਟਰੇਨਿੰਗ ਦੁਆ ਕੇ, ਪਾਰਟੀ ਸਾਥੀਆਂ ਨੂੰ ਫੌਜੀ ਸਿਖਲਾਈ ਦਾ ਕੰਮ ਵੀ ਸ਼ੁਰੂ ਕਰਵਾਇਆ। ਬੰਬ ਬਣਾਉਂਦਿਆਂ ਹੀ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਦੀ ਬਾਂਹ ਉੱਡ ਗਈ ਸੀ ਤੇ ਉਹ ਹਰਨਾਮ ਸਿੰਘ 'ਟੁੰਡੀਲਾਟ' ਕਹਾਉਣ ਲੱਗਾ। ਇਕ ਜੰਗ ਵਿਚ ਲਾਰਡ ਹਾਰਡਿੰਗ ਦੀ ਬਾਂਹ ਉੱਡ ਗਈ ਸੀ ਜੋ ਭਾਰਤ ਦਾ ਗਵਰਨਰ ਜਨਰਲ ਸੀ। ਪੰਜਾਬ ਦੇ ਲੋਕਾਂ ਨੇ ਉਸ ਦਾ ਨਾਮ ਟੁੰਡੀਲਾਟ ਪਾ ਦਿੱਤਾ ਸੀ। ਅੰਗਰੇਜ਼ ਭਗਤਾਂ ਨੂੰ ਚਿੜਾਉਣ ਲਈ ਹੀ ਗ਼ਦਰੀ ਸੂਰਬੀਰਾਂ ਨੇ ਹਰਨਾਮ ਸਿੰਘ ਦਾ ਨਾਮ, ਟੁੰਡੀਲਾਟ ਰੱਖ ਦਿੱਤਾ। ਭਾਈ

ਭਲਵਾਨ ਸਿੰਘ ਜੋ ਸਿੰਘਾਪੁਰ ਦੇ ਗੁਰਦੁਆਰੇ ਵਿਚ ਗ੍ਰੰਥੀ ਹੁੰਦੇ ਸਨ ਉਹ ਅਤੇ ਜਪਾਨ ਤੋਂ ਮੌਲਾਨਾ ਬਰਕਤੁੱਲਾਹ ਨੇ ਪਾਰਟੀ ਦਫਤਰ ਦਾ ਕੰਮ ਸਾਂਭ ਲਿਆ। ਇਸੇ ਦੌਰਾਨ ਕਮਾਗਾਟਾਮਾਰੂ ਜਹਾਜ਼ ਜੋ 23 ਮਈ 1914 ਨੂੰ ਵੈਨਕੂਵਰ (ਕੈਨੇਡਾ) ਪੁੱਜਾ ਸੀ ਉਸ ਨੂੰ ਕੰਢੇ ਤੋਂ ਪਿੱਛੇ ਹੀ ਰੋਕ ਲਿਆ। ਦੋ ਮਹੀਨੇ ਤੱਕ ਇਸ ਦੇ ਮੁਸਾਫ਼ਿਰ ਸਮੁੰਦਰ ਵਿਚ ਹੀ ਰੁਕੇ ਰਹੇ। ਪਰ ਕੁਝ ਸ਼ਰਤਾਂ ਮੰਨ ਕੇ ਜਹਾਜ਼ ਵਾਪਿਸ ਮੋੜ ਦਿੱਤਾ। ਗ਼ਦਰ ਪਾਰਟੀ ਦੇ ਆਗੂਆਂ ਦੀ ਸਮਝ ਸੀ ਕਿ ਵਿਸ਼ਵ ਜੰਗ ਦੇ ਹਾਲਾਤ ਬਣ ਗਏ ਹਨ ਜੋ ਕਿਸੇ ਵੇਲੇ ਵੀ ਲੱਗ ਸਕਦਾ ਹੈ। ਅਜਿਹੇ ਸਮੇਂ ਦੇਸ਼ ਵਿਚ ਜਾ ਕੇ, ਫੌਜ ਦੇ ਦੇਸ਼ ਭਗਤ ਤਬਕੇ ਨੂੰ ਨਾਲ ਜੋੜਿਆ ਜਾਏ। ਹਥਿਆਰਬੰਦ ਇਨਕਲਾਬ ਦੁਆਰਾ, ਅੰਗਰੇਜ਼ਾਂ ਦਾ ਬਿਸਤਰਾ ਗੋਲ ਕੀਤਾ ਜਾਏ। ਗ਼ਦਰ ਅਖ਼ਬਾਰ ਦੇ ਕਾਮਾਗਾਟਾਮਾਰੂ ਬਾਰੇ ਵਿਸ਼ੇਸ਼ ਅੰਕ ਛਾਪ ਕੇ ਜਹਾਜ਼ ਵਿਚ ਪਹੁੰਚਾਏ। ਜਹਾਜ਼ 23 ਜੁਲਾਈ 1914 ਨੂੰ ਵਾਪਸ ਮੁੜਿਆ। ਇਸ ਤੋਂ ਪਹਿਲਾਂ ਕਰਤਾਰ ਸਿੰਘ ਸਰਾਭਾ ਤੇ ਭਾਈ ਭਲਵਾਨ ਸਿੰਘ ਨੇ 200 ਪਿਸਤੌਲ ਤੇ 2000 ਗੋਲੀਆਂ ਇਕ ਹੋਰ ਜਹਾਜ਼ ਵਿਚ ਪੁਚਾ ਦਿੱਤੇ। ਫਿਰ ਸੋਹਣ ਸਿੰਘ ਭਕਨਾ ਉਸ ਜਹਾਜ਼ ਤੋਂ ਯੋਕੋਹਾਮਾ (ਜਪਾਨ) ਪੁੱਜਿਆ ਅਤੇ ਇਹ ਗੋਲੀ ਸਿੱਕਾ ਵਾਲੀਆਂ ਪੇਟੀਆਂ, ਜਾਣੂਆਂ ਦੇ ਹਵਾਲੇ ਕੀਤੀਆਂ। ਭਕਨਾ ਜੀ ਨੂੰ ਇਸ ਜਹਾਜ਼ ਦੇ ਸਫ਼ਰ ਵਿਚ ਹੀ ਸੰਸਾਰ ਜੰਗ ਛਿੜਨ ਦੀ ਖ਼ਬਰ ਮਿਲੀ ਸੀ। ਭਕਨਾ ਜੀ ਨੇ ਯੋਕੋਹਾਮਾ ਵਿਚ ਹੀ ਜਰਮਨ ਕੌਂਸਲਰ ਨੂੰ ਮਿਲ ਕੇ, ਕਾਮਾਗਾਟਾ ਮਾਰੂ ਜਹਾਜ਼ ਨੂੰ ਜਰਮਨ ਡੁਬਕਣੀ ਐਡਮਿੰਨ ਜੋ ਸਮੁੰਦਰ ਵਿਚ ਵੈਰੀ ਦੇਸ਼ਾਂ ਦੇ ਜਹਾਜ਼ ਡੋਬ ਰਹੀ ਸੀ, ਉਸ ਤੋਂ ਬਚਾਉਣ ਦਾ ਪ੍ਰਬੰਧ ਕੀਤਾ। ਕਾਮਾਗਾਟਾ ਮਾਰੂ ਜਦੋਂ ਯੋਕੋਹਾਮਾ ਪੁੱਜਾ ਤਾਂ ਫਿਰ ਉਨ੍ਹਾਂ ਦੁਆਰਾ ਜਹਾਜ਼ 'ਤੇ ਗੋਲੀ ਸਿੱਕਾ ਵੀ ਪੁਚਾਇਆ ਗਿਆ ਅਤੇ ਹੋਰ ਵਿਚਾਰਾਂ ਵੀ ਕੀਤੀਆਂ। ਇਥੇ ਹੀ ਕਰਤਾਰ ਸਿੰਘ ਸਰਾਭਾ ਨੇ ਭਕਨਾ ਨੂੰ ਦੇਸ਼ ਵਿਚ ਜਾ ਕੇ ਹਥਿਆਰਬੰਦ ਇਨਕਲਾਬ ਕਰਨ ਦਾ ਪਾਰਟੀ ਫੈਸਲਾ ਸੁਣਾਇਆ। ਭਕਨਾ ਜੀ ਸ਼ੰਘਾਈ ਜਾ ਕੇ ਡਾ. ਮਥਰਾ ਸਿੰਘ ਤੇ ਗੁੱਜਰ ਸਿੰਘ ਭਕਨਾ ਨੂੰ ਮਿਲੇ ਜੋ ਇਥੇ ਪੁਲੀਸ ਵਿਚ ਸਨ। ਉਨ੍ਹਾਂ ਦੀ ਪ੍ਰੇਰਨਾ ਤੇ 30 ਹੋਰ ਹਿੰਦੀ ਸਿਪਾਹੀ ਨੌਕਰੀ ਛੱਡ ਕੇ ਪਾਰਟੀ ਕੰਮ ਲਈ ਦੇਸ਼ ਨੂੰ ਚੱਲ ਪਏ। ਉਹ ਹਾਂਗਕਾਂਗ ਪੁੱਜੇ ਤੇ ਇਥੋਂ ਅੰਗਰੇਜ਼ ਸੀ.ਆਈ.ਡੀ. ਤੋਂ ਬਚਦੇ ਬਚਾਉਂਦੇ 100 ਮੁਸਾਫਿਰ "ਨਾਮ ਸਿੰਗ" ਜਹਾਜ਼ ਤੇ ਚੜ੍ਹੇ, ਬਹੁਗਿਣਤੀ ਗ਼ਦਰ ਪਾਰਟੀ ਦੇ ਫੈਸਲੇ ਮੁਤਾਬਕ ਜਾਣ ਵਾਲਿਆਂ ਦੀ ਸੀ, ਜਹਾਜ਼ ਨੂੰ ਪਿਨਾਂਗ ਬੰਦਰਗਾਹ ਤੇ ਰੋਕਿਆ ਕਿਉਂਕਿ ਇਕ ਦਿਨ ਪਹਿਲਾਂ ਬਜਬਜਘਾਟ ਕਲਕੱਤਾ ਉੱਤੇ ਕਾਮਾਗਾਟਾ ਮਾਰੂ ਜਹਾਜ਼ ਤੇ ਪੁਲੀਸ ਵਲੋਂ ਗੋਲੀਬਾਰੀ ਹੋ ਚੁੱਕੀ ਸੀ।

ਪਿਨਾਂਗ ਇਹ ਜਹਾਜ਼ ਇਕ ਹਫ਼ਤਾ ਰੁਕਿਆ। ਬੰਗਾਲ ਦੀ ਖਾੜੀ ਵਿਚ ਜਹਾਜ ਨੂੰ ਘੇਰ ਕੇ ਤਲਾਸ਼ੀ ਕੀਤੀ ਗਈ। ਕਲਕੱਤੇ ਆਉਣ ਤੇ ਸੋਹਣ ਸਿੰਘ ਭਕਨਾ ਨੂੰ ਗ੍ਰਿਫ਼ਤਾਰ ਕਰਕੇ ਕੋਤਵਾਲੀ ਅਤੇ ਦੋ ਦਿਨ ਉਥੇ ਰੱਖ ਕੇ ਰੇਲ ਰਾਹੀਂ ਲੁਧਿਆਣੇ ਲੈ ਗਏ। ਇਥੋਂ ਦੇ ਜ਼ੈਲ ਘਰ ਵਿਚ ਬਾਹਰੋ ਆਏ ਪਰਵਾਸੀਆਂ ਦੀ ਪੁੱਛ-ਗਿੱਛ ਹੁੰਦੀ ਸੀ। ਘੱਟ ਸ਼ੱਕੀ ਵਿਅਕਤੀ ਛੱਡੇ ਜਾਂਦੇ ਅਤੇ ਸ਼ੱਕੀ ਸਾਬਤ ਹੋਣ ਤੇ ਜੇਲ੍ਹਾਂ ਵਿਚ ਭੇਜ ਦਿੰਦੇ। ਭਕਨਾ ਜੀ ਨੂੰ ਇਥੋਂ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ। ਜਦੋਂ ਪੁਲੀਸ ਆਪ ਨੂੰ ਟਾਂਗੇ ਤੇ ਬਿਠਾ ਕੇ ਰੇਲਵੇ ਸਟੇਸ਼ਨ ਲਿਜਾ ਰਹੀ ਸੀ ਤਾਂ ਰਾਹ ਵਿਚ ਸਾਈਕਲ ਤੇ ਜਾਂਦੇ ਕਰਤਾਰ ਸਿੰਘ ਸਰਾਭੇ ਨੂੰ ਆਪ ਨੇ ਮੁਲਤਾਨ ਜੇਲ੍ਹ ਬਾਰੇ ਦੱਸ ਕੇ ਉਸਨੂੰ ਸੁਚੇਤ ਕਰ ਦਿੱਤਾ। ਸਰਾਭੇ ਦੀ ਨਿਡਰਤਾ ਅਤੇ ਦਲੇਰੀ ਦੀ ਭਕਨਾ ਜੀ ਦੀ ਲਿਖਤ ਪ੍ਰਸੰਸਾ ਕਰਦੀ ਹੈ।[6]

ਆਉਂਦਿਆਂ ਰਸਤੇ ਵਿਚ ਸਿੰਘਾਪੁਰ ਰੁਕਣ ਸਮੇਂ ਬਾਬਾ ਸੋਹਣ ਸਿੰਘ ਹੋਰਾਂ ਨੇ ਇਥੋਂ ਦੀ ਪੰਜਾਬੀ ਪਲਟਨ ਦੇ ਮੁਸਲਮਾਨ ਸਰਦਾਰਾਂ ਨਾਲ ਗ਼ਦਰ ਪਾਰਟੀ ਬਾਰੇ ਚਰਚਾ ਕੀਤੀ। ਉਨ੍ਹਾਂ ਬਾਬਾ ਜੀ ਨੂੰ ਭਰੋਸਾ ਦੁਆਇਆ ਕਿ ਉਹ ਗ਼ਦਰ ਵਿਚ ਜ਼ਰੂਰ ਭਾਗ ਲੈਣਗੇ ਅਤੇ ਬਚਨ ਤੇ ਪੂਰੇ ਰਹਿੰਦਿਆਂ, ਉਨ੍ਹਾਂ ਦੀ ਪਲਟਣ ਦੇ ਅੱਧੇ ਫੌਜੀ ਗੋਲੀ ਨਾਲ ਉਡਾਏ ਗਏ ਤੇ ਬਾਕੀ ਅੱਧੇ ਬਰਤਰਫ਼ ਕੀਤੇ ਗਏ।[8]

ਪੰਜਾਬ, ਯੂ. ਪੀ. ਅਤੇ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਸੰਪਰਕ ਕਰਕੇ, ਦੇਸ਼ ਪਰਤੇ ਗ਼ਦਰੀਆਂ ਨੇ ਫੌਜਾਂ ਵਿਚ ਹਥਿਆਰਬੰਦ ਇਨਕਲਾਬ ਦੇ, ਦੇਸ਼ ਆਉਣ ਬਾਅਦ ਲਗਾਤਾਰ ਪੰਜ ਮਹੀਨੇ ਸਫ਼ਲ ਯਤਨ ਕੀਤੇ ਪਰ ਉਹ ਸਫ਼ਲ ਨਾ ਹੋਏ। ਬਾਬਾ ਜੀ 21 ਜੁਲਾਈ 1914 ਨੂੰ ਸਾਨ ਫਰਾਂਸਿਸਕੋ ਤੋਂ ਦੇਸ਼ ਨੂੰ ਚਲੇ ਸਨ ਅਤੇ 14 ਅਕਤੂਬਰ ਨੂੰ ਕਲਕੱਤੇ ਉੱਤਰਦਿਆ ਹੀ ਗ੍ਰਿਫ਼ਤਾਰ ਕਰ ਲਏ ਗਏ। ਮੁਲਤਾਨ ਜੇਲ੍ਹ ਵਿਚ ਉਨ੍ਹਾਂ ਨੂੰ ਫਾਂਸੀ ਘਰ ਦੇ ਸਾਹਮਣੇ ਕਾਲ ਕੋਠੜੀ ਵਿਚ ਬੰਦ ਕੀਤਾ ਗਿਆ ਜਿਥੋਂ ਉਹ ਹਰ ਫਾਂਸੀ ਲੱਗਦੇ ਕੈਦੀ ਨੂੰ ਵੇਖ ਸਕਦੇ ਸਨ। ਸਰਕਾਰ ਸਮਝਦੀ ਸੀ ਕਿ ਇਉਂ ਸੋਹਣ ਸਿੰਘ ਡਰ ਜਾਏਗਾ ਪਰ ਬਾਬਾ ਜੀ ਲਿਖਦੇ ਹਨ ਕਿ ਇਸ ਕਿਰਿਆ ਨੂੰ ਵੇਖ ਕੇ ਮੇਰਾ ਡਰ ਚੁੱਕਿਆ ਗਿਆ। ਸੀ. ਆਈ. ਡੀ. ਵਾਲਿਆਂ ਨੇ ਬਾਬਾ ਜੀ ਨੂੰ ਬਹੁਤ ਪ੍ਰਲੋਭਨ ਦਿੱਤੇ ਕਿ ਉਹ ਗ਼ਦਰ ਪਾਰਟੀ ਦੇ ਸਾਰੇ ਭੇਦ ਖੋਲ੍ਹ ਕੇ ਬਿਆਨ ਦੇਣ ਤੇ ਇਉਂ ਜਾਨ ਬਚਾ ਲੈਣ। ਨਾ ਮੰਨਣ ਤੇ ਇਹ ਵੀ ਕਿਹਾ ਗਿਆ ਕਿ ਤੁਸੀਂ ਨਾਮਧਾਰੀਆਂ ਵਿਚ ਰਹੇ ਹੋ, ਤੁਹਾਨੂੰ ਪਤਾ ਹੈ ਸਰਕਾਰ ਨੇ ਉਨ੍ਹਾਂ ਨੂੰ ਕਿਵੇਂ ਤੋਪਾਂ ਅੱਗੇ ਤੂੰਬਾ-ਤੂੰਬਾ ਕਰਕੇ ਉਡਾ ਦਿੱਤਾ ਸੀ। ਬਾਬਾ ਜੀ ਦੇ ਇਕ ਮਿੱਤਰ ਅਤੇ ਜਨਮਦਾਤੀ ਮਾਤਾ ਨੂੰ ਵੀ ਬਾਬਾ

ਜੀ ਨੂੰ ਮਨਾਉਣ ਲਈ ਮੁਲਤਾਨ ਜੇਲ੍ਹ ਵਿਚ ਲਿਆਂਦਾ ਗਿਆ ਪਰ ਬਾਬਾ ਜੀ ਆਪਣੇ ਇਰਾਦੇ ਤੇ ਡਟੇ ਰਹੇ ਸਗੋਂ ਮਾਤਾ ਨੇ ਵੀ ਕਿਹਾ ਕਿ ਪੁੱਤਰ ਆਪਣੀ ਜਾਨ ਬਚਾ ਕੇ ਦੂਜੀਆਂ ਮਾਵਾਂ ਦੇ ਪੁੱਤਰ ਮਰਵਾਉਣੇ ਠੀਕ ਨਹੀਂ। ਪਹਿਲਾ ਲਾਹੌਰ ਸਾਜਿਸ਼ ਕੇਸ, ਜਿਸ ਵਿਚ 63 ਸਾਥੀ ਸਨ, 12 ਅਪ੍ਰੈਲ 1915 ਨੂੰ ਲਾਹੌਰ ਵਿਖੇ ਸ਼ੁਰੂ ਹੋਇਆ। 19 ਸਤੰਬਰ ਨੂੰ ਬਾਬਾ ਜੀ ਸਣੇ 24 ਹੋਰ ਦੇਸ਼ ਭਗਤਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਪੰਡਿਤ ਮਦਨ ਮੋਹਨ ਮਾਲਵੀਆ ਜੋ ਵਾਇਸਰਾਏ ਹਿੰਦ ਦੀ ਨਾਮਜਦ ਕੌਂਸਲ ਦੇ ਮੈਂਬਰ ਸਨ ਉਨ੍ਹਾਂ ਦੇ ਯਤਨਾਂ ਨਾਲ ਵਾਇਸਰਾਏ ਨੇ ਕੁਝ ਕਾਨੂੰਨੀ ਖੱਪਿਆਂ ਦਾ ਧਿਆਨ ਰੱਖਦਿਆਂ 24 ਵਿਚੋਂ ਕਰਤਾਰ ਸਿੰਘ ਸਰਾਭਾ ਸਣੇ 7 ਜਣਿਆਂ ਦੀ ਫਾਂਸੀ ਦੀ ਸਜ਼ਾ ਬਹਾਲ ਰੱਖੀ ਅਤੇ 17 ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ। ਯਾਦ ਰਹੇ ਕਿ ਦੋ ਤਿੰਨ ਗ਼ਦਰੀਆਂ ਨੂੰ ਛੱਡ ਕੇ ਇਨ੍ਹਾਂ ਸਾਰੇ ਫਾਂਸੀ ਵਾਲੇ 24 ਕੈਦੀਆਂ ਨੇ ਵਾਇਸਰਾਏ ਪਾਸ ਰਹਿਮ ਦੀ ਦਰਖਾਸਤ ਕਰਨੀ ਵੀ ਠੁਕਰਾ ਦਿੱਤੀ ਸੀ। ਪਹਿਲੀ ਸਾਜਿਸ਼ ਕੇਸ ਵਿਚ ਸੱਤ ਗ਼ਦਰੀ ਤਾਂ ਫਾਸੀਆਂ ਤੇ ਝੂਲ ਗਏ, ਬਾਕੀ ਉਮਰ ਕੈਦ ਅਤੇ ਕੁਝ ਘੱਟ ਸਜ਼ਾਵਾਂ ਦੇ ਭਾਗੀ ਬਣੇ। ਸੱਤ ਜਣੇ ਬਰੀ ਕੀਤੇ ਗਏ।

25 ਨਵੰਬਰ ਨੂੰ ਲਾਹੌਰ ਤੋਂ ਬਾਬਾ ਜੀ ਅਤੇ ਹੋਰ ਸਾਥੀ ਅੰਡੇਮਾਨ, ਕਾਲੇ ਪਾਣੀ ਲਈ ਡੰਡਾ ਬੇੜੀਆਂ ਲਾ ਕੇ ਤੋਰੇ ਗਏ ਅਤੇ 10 ਦਸੰਬਰ 1915 ਨੂੰ ਉਹ ਉਥੋਂ ਦੀ ਸੈਲੂਲਰ ਜੇਲ੍ਹ ਵਿਚ ਪਹੁੰਚਾਏ ਗਏ। ਜੇਲ੍ਹ ਵਿਚ ਜਾਂਦਿਆਂ ਹੀ ਇਨ੍ਹਾਂ ਨੇ ਫੈਸਲਾ ਕਰ ਲਿਆ ਕਿ ਕੋਹਲੂ ਵਗੈਰਾ ਗੈਰ ਇਨਸਾਨੀ ਮੁਸ਼ੱਕਤ ਨਹੀਂ ਕਰਨੀ। ਜੇਲ੍ਹ ਵਿਚ ਆਪ ਨੇ ਬੜੀ ਦ੍ਰਿੜ੍ਹਤਾ ਨਾਲ ਕਾਲੇ ਪਾਣੀ ਜੇਲ੍ਹ ਦਾ ਕੁੰਭੀ ਨਰਕ ਭੋਗਿਆ। ਬਾਬਾ ਜੀ ਦੀ ਲਿਖਤ ਸੱਤ ਉਨ੍ਹਾਂ ਦੇਸ਼ ਭਗਤਾਂ ਦਾ ਜਿਕਰ ਕਰਦੀ ਹੈ ਜੋ ਗ਼ਦਰ ਪਾਰਟੀ ਦੇ ਸਾਥੀ ਸਨ ਅਤੇ ਜੇਲ੍ਹ ਦੀਆਂ ਅਣਮਨੁੱਖੀ ਸਜਾਵਾਂ ਭੁਗਤਦਿਆਂ ਸ਼ਹੀਦ ਹੋਏ। ਜੇਲ੍ਹ ਵਿਚ ਸਿਆਸੀ ਕੈਦੀਆਂ ਦੀਆਂ ਮੰਗਾਂ ਮਨਵਾਉਣ ਲਈ ਕੰਮ ਦੀ ਹੜਤਾਲ ਅਤੇ ਭੁੱਖ ਹੜਤਾਲਾਂ ਵੀ ਕੀਤੀਆਂ। ਦੇਸ਼ ਦੇ ਕੁਝ ਅਖ਼ਬਾਰਾਂ ਵਿਚ ਵੀ ਅੰਡੇਮਾਨ ਦੇ ਕੈਦੀਆਂ ਦੀ ਜਦੋਂ ਜਹਿਦ ਬਾਰੇ ਛਪਣ ਬਾਅਦ, ਸਰਕਾਰ ਨੂੰ ਅੰਡੇਮਾਨ ਦੇ ਕੈਦੀਆਂ ਬਾਰੇ ਇਕ ਕਮਿਸ਼ਨ ਮਾਰਚ 1920 ਵਿਚ ਉੱਥੇ ਭੇਜਣਾ ਪਿਆ। ਕੁਝ ਕੈਦੀਆਂ ਦੀਆਂ ਰਿਹਾਈਆਂ ਹੋਈਆਂ। 23 ਅਗਸਤ 1921 ਨੂੰ ਮਹਾਰਾਜਾ ਜਹਾਜ਼ ਜਿਸ ਤੇ ਬਾਬਾ ਜੀ ਨੂੰ ਇਥੇ ਲਿਆਂਦਾ ਗਿਆ ਸੀ, ਉਸ ਤੇ ਚੜ੍ਹ ਕੇ ਹੋਰ ਕੈਦੀਆਂ ਸਣੇ ਆਪ ਨੂੰ 27 ਅਗਸਤ ਨੂੰ ਕੋਇਮਬਟੂਰ (ਮਦਰਾਸ) ਸੈਂਟਰਲ ਜੇਲ੍ਹ ਵਿਚ ਬੰਦ ਕਰ ਦਿੱਤਾ। ਮਦਰਾਸ ਵਿਚ ਮੋਪਲਾ ਅੰਦੋਲਨ ਦੇ ਕੈਦੀਆਂ ਦੇ ਭੁੱਖੇ ਬੱਚਿਆਂ ਨੂੰ ਆਪਣੇ ਰਾਸ਼ਨ ਵਿੱਚੋਂ ਰੋਟੀ

ਦੇਣ ਲਈ, ਬਾਬਾ ਜੁਆਲਾ ਸਿੰਘ ਠੱਠੀਆਂ ਨੂੰ ਇਥੇ 30 ਬੈਂਤ ਦੀ ਸਜ਼ਾ ਦਿੱਤੀ ਗਈ। 1 ਜਨਵਰੀ 1923 ਨੂੰ ਆਪ ਨੂੰ ਹੋਰ 14 ਸਾਥੀਆਂ ਸਣੇ ਯਰਵਦਾ (ਪੂਨੇ-ਮਹਾਰਾਸ਼ਟਰ) ਜੇਲ੍ਹ ਵਿਚ ਲਿਆਂਦਾ ਗਿਆ। ਇਥੇ ਪੱਗ ਅਤੇ ਕਛਿਹਰੇ ਉਤਾਰਨ ਲਈ ਕਹਿਣ ਤੇ ਫਿਰ ਅੰਦੋਲਨ ਹੋਇਆ। ਆਪ ਨੇ ਬਥੇਰਾ ਕਿਹਾ ਕਿ ਪਹਿਲੀਆਂ ਜੇਲ੍ਹਾਂ ਵਿਚ ਇਨ੍ਹਾਂ ਕੱਪੜਿਆਂ ਲਈ ਅੰਦੋਲਨ ਕਰਨ ਤੇ ਪੰਜਾਬ ਸਰਕਾਰ ਨੇ ਸਿੱਖ ਕੈਦੀਆਂ ਲਈ ਪੱਗ, ਕਛਹਿਰਾ ਦੇਣਾ ਮਨਜ਼ੂਰ ਕਰ ਲਿਆ ਸੀ। ਇਥੇ ਜਬਰੀ ਪੱਗ ਕਛਹਿਰਾ ਲਾਹੇ ਜਾਣ ਤੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਭਾਈ ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਮੰਡੀ ਨੂੰ ਕਿਹਾ ਗਿਆ ਕਿ ਮੰਗ ਤਾਂ ਸਿੱਖ ਕੈਦੀਆਂ ਦੀ ਹੈ, ਤੁਸੀਂ ਭੁੱਖ ਹੜਤਾਲ ਨਾ ਕਰੋ। ਪਰ ਉਹ ਦੋਵੇਂ ਸੱਜਣ ਵੀ ਭੁੱਖ ਹੜਤਾਲ ਤੇ ਡਟੇ ਰਹੇ। ਬਾਬਾ ਜੀ ਲਿਖਦੇ ਹਨ, "ਅਸਲੀ ਧਰਮ ਚਿਨ੍ਹਾਂ ਵਿਚ ਨਹੀਂ ਹੁੰਦਾ। ਮੇਰੀ ਜਾਚੇ ਅਸਲੀ ਸਿੱਖ ਸੱਚਾ ਮਾਨਵਵਾਦੀ ਤੇ ਇਨਕਲਾਬੀ ਹੁੰਦਾ ਹੈ। ਉਹ ਬੁਰਾਈ ਦੇ ਖਿਲਾਫ਼ ਸਦਾ ਘੁਲਦਾ ਰਹਿੰਦਾ ਹੈ। ਆਤਮਿਕ ਤੇ ਧਾਰਮਿਕ ਅਵਸਥਾ ਨੂੰ ਸਮਝ ਕੇ ਬਾਣੀ ਦਾ ਅਭਿਆਸ ਕਰਕੇ ਮੈਂ ਜਣਿਆ ਹੈ ਕਿ ਸਿੱਖੀ ਫਿਰਕਾਪ੍ਰਸਤੀ ਦਾ ਨਹੀਂ ਮਾਨਵ ਏਕਤਾ ਦਾ ਨਾਮ ਹੈ। ਇਕ ਮਹੀਨੇ ਦੀ ਭੁੱਖ ਹੜਤਾਲ ਬਾਅਦ ਪੱਗ ਅਤੇ ਕਛਿਹਰਾ ਧਾਰਨ ਦੀ ਖੁੱਲ੍ਹ ਮਿਲ ਗਈ।

ਜਨਵਰੀ 1928 ਵਿਚ ਭਕਨਾ ਜੀ ਹੋਰ ਸਾਥੀਆਂ ਸਣੇ ਫਿਰ ਸੈਂਟਰਲ ਜੇਲ੍ਹ ਲਾਹੌਰ ਲਿਆਂਦੇ ਗਏ। ਸਭ ਤੋਂ ਪਹਿਲਾਂ ਬਾਬਾ ਜੀ ਨੇ ਆਪਣੇ ਸ਼ਹੀਦ ਸਾਥੀਆਂ ਦੇ ਫਾਂਸੀ ਲੱਗਣ ਵਾਲੇ ਅਸਥਾਨ ਤੇ ਸ਼ਰਧਾ ਵਜੋਂ ਫੁੱਲ ਭੇਂਟ ਕੀਤੇ। ਬਾਬਾ ਜੀ ਦੇ ਇਥੇ ਆਉਣ ਬਾਅਦ ਲਾਹੌਰ ਬੋਸਟਲ ਜੇਲ੍ਹ ਤੋਂ ਭਗਤ ਸਿੰਘ ਅਤੇ ਸਾਥੀ ਮੁਕੱਦਮਾ ਚਲਾਉਣ ਲਈ ਇਸ ਜੇਲ੍ਹ ਵਿਚ ਲਿਆਂਦੇ ਗਏ। ਬਾਬਾ ਜੀ ਦੇ ਇਹ ਕਹਿਣ ਤੇ ਕਿ ਅਜੇ ਤਾਂ ਤੁਹਾਡੀ ਖਾਣ ਹੰਡਾਉਣ ਦੀ ਉਮਰ ਸੀ, ਇਧਰ ਕਿਵੇਂ ਆ ਗਏ। ਭਗਤ ਸਿੰਘ ਦਾ ਜੁਆਬ ਸੀ ਕਿ ਬਾਬਾ ਜੀ ਜੇ ਸਰਾਭਾ ਤੇ ਸਾਥੀ ਸ਼ਹੀਦੀਆਂ ਨਾ ਪਾਉਂਦੇ ਅਤੇ ਤੁਸੀਂ ਕਾਲੇ ਪਾਣੀ ਦਾ ਕੁੰਭੀ ਨਰਕ ਨਾ ਭੋਗਦੇ ਤਾਂ ਸ਼ਾਇਦ ਅਸੀਂ ਵੀ ਇਧਰ ਨਾ ਆਉਂਦੇ। ਹੁਣ ਜਦੋਂ ਰਾਜਸੀ ਕੈਦੀਆਂ ਲਈ ਭਗਤ ਸਿੰਘ ਹੋਰਾਂ ਨੇ ਇਕ ਸਪੈਸ਼ਲ ਕਲਾਸ ਬਣਾਏ ਜਾਣ ਦੀ ਮੰਗ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਤਾਂ ਬਾਬਾ ਜੀ ਵੀ ਉਸ ਵਿਚ ਰੋਕਣ ਦੇ ਬਾਵਜੂਦ ਅਤੇ ਨੇੜੇ ਆ ਰਹੀ ਆਪਣੀ ਰਿਹਾਈ ਟਾਲੇ ਜਾਣ ਦੇ ਡਰੋਂ ਵੀ ਬੇਫ਼ਿਕਰ ਹੋ ਕੇ, ਸ਼ਾਮਲ ਹੋਏ।

ਜੇਲ੍ਹ ਵਿਚ ਦਲਿਤ ਕੈਦੀਆਂ ਨੂੰ ਸਵਰਨ ਕੈਦੀ ਗੈਰ ਸਿਆਸੀ (ਜੱਟ ਆਦਿ)

ਆਪਣੇ ਤੋਂ ਵੱਖਰੀ ਪੰਗਤ ਵਿਚ ਬਹਾ ਕੇ, ਭੋਜਨ ਖੁਆਉਂਦੇ ਸਨ। ਇਸ ਮਨੋਰਥ ਲਈ 15 ਕੁ ਦਿਨ ਭੁੱਖ ਹੜਤਾਲ ਕਰਕੇ, ਬਾਬਾ ਜੀ ਨੇ ਇਹ ਕੁਪ੍ਰਥਾ ਬੰਦ ਕਰਵਾਈ।[10]

ਉਮਰ ਕੈਦੀ ਨੂੰ ਆਮ ਤੌਰ ਤੇ 14 ਸਾਲ ਬਾਅਦ ਰਿਹਾਈ ਮਿਲ ਜਾਂਦੀ ਹੈ ਪਰ ਭਕਨਾ ਜੀ ਨੂੰ ਸੋਲਾਂ ਸਾਲ ਬਾਅਦ ਵੀ ਜਦੋਂ ਸਰਕਾਰ ਨੇ ਰਿਹਾ ਨਾ ਕੀਤਾ ਤਾਂ ਬਾਬਾ ਜੀ ਨੇ ਆਪਣੇ ਅਧਿਕਾਰ ਦੀ ਪ੍ਰਾਪਤੀ ਲਈ, ਭੁੱਖ ਹੜਤਾਲ ਕਰ ਦਿੱਤੀ। ਪੂਰੇ 90 ਦਿਨਾਂ ਦੀ ਭੁੱਖ ਹੜਤਾਲ ਜ਼ੋਰ ਜਬਰ ਦਾ ਮੁਕਾਬਲਾ ਕਰਦਿਆਂ ਕੀਤੀ ਤਾਂ ਓੜਕ 21 ਜੁਲਾਈ ਨੂੰ ਸੰਘਰਸ਼ ਦੇ ਸਿੱਟੇ ਵਜੋਂ ਆਪ ਨੂੰ ਬਿਨਾ ਸ਼ਰਤ ਰਿਹਾਈ ਮਿਲ ਗਈ। ਇਸੇ ਸਾਲ ਅਕਾਲੀ ਤੇ ਪਰਦੇਸੀ' ਅਖ਼ਬਾਰ ਅਤੇ ਕਿਰਤੀ ਪੱਤਰਿਕਾ ਵਿਚ ਬਾਬਾ ਜੀ ਦੀ ਹੁਣ ਤੱਕ ਦੀ ਜੱਦੋ ਜਹਿਦ ਤੇ ਅਧਾਰਤ ਲੜੀਵਾਰ 'ਮੇਰੀ ਰਾਮ ਕਹਾਣੀ' ਛਪੀ ਸੀ।

ਰਿਹਾਈ ਤੋਂ ਬਾਅਦ ਕੁਝ ਦਿਨ ਸਿਹਤ ਲਾਭ ਲੈਣ ਲਈ ਆਪ ਨੂੰ ਸਮਾਧ ਮਹਾਰਾਜਾ ਰਣਜੀਤ ਸਿੰਘ, ਲਾਹੌਰ ਵਿਖੇ ਟਿਕਾਇਆ ਗਿਆ। ਇਸ ਦੌਰਾਨ ਜਗ੍ਹਾ ਜਗ੍ਹਾ ਆਪ ਦੇ ਨਾਗਰਿਕ ਅਭਿਨੰਦਨ ਹੋਏ। ਜਦੋਂ ਪਿੰਡ ਪੁੱਜੇ ਤਾਂ ਇਥੇ ਵੀ ਇਲਾਕੇ ਦੇ ਲੋਕਾਂ ਨੇ ਵੱਡਾ ਇਕੱਠ ਕੀਤਾ। ਪਰ ਬਾਬਾ ਜੀ ਦੀਆਂ ਦੋਵੇਂ ਮਾਤਾਵਾਂ ਅਤੇ ਮਾਰਗ ਦਰਸ਼ਕ, ਬਾਬਾ ਕੇਸਰ ਸਿੰਘ ਜੀ ਅਕਾਲ ਚਲਾਣਾ ਕਰ ਚੁੱਕੇ ਸਨ। ਪਤਨੀ ਨੇ ਬੜੀ ਧੀਰਜ ਅਤੇ ਹਿੰਮਤ ਨਾਲ ਪੇਕੇ ਪਿੰਡ ਰਹਿ ਕੇ, ਇਹ ਦਿਨ ਕੱਟੇ ਸਨ। ਘਰ ਢਹਿ ਢੇਰੀ ਹੋ ਚੁੱਕਾ ਸੀ। ਬਾਬਾ ਜੀ ਆਪਣੀ ਜੀਵਨ ਸਾਥਣ ਦੇ ਤਿਆਗ ਦੀ ਮੁਕਤ ਕੰਠ ਨਾਲ ਪ੍ਰਸੰਸਾ ਕਰਦੇ ਸਨ। ਬਾਬਾ ਜੀ ਨੇ ਅਮਰੀਕਾ ਦੀ ਸਾਰੀ ਕਮਾਈ ਤਾਂ ਗ਼ਦਰ ਪਾਰਟੀ ਦੇ ਲੇਖੇ ਲਾ ਦਿੱਤੀ ਸੀ। ਜ਼ਮੀਨਾਂ ਦੇ ਰੇਟ ਵਧਣ ਕਾਰਨ ਕੁਝ ਭੂਮੀ ਵੇਚ ਕੇ, ਗਹਿਣੇ ਪਈ ਕੁਝ ਜ਼ਮੀਨ ਛੁਡਾ ਕੇ, 22 ਏਕੜ ਜ਼ਮੀਨ ਹੁਣ ਆਪ ਕੋਲ ਬਚ ਗਈ ਸੀ। ਫਿਰ 1934 ਵਿਚ ਕਿਸਾਨ ਕਾਨਫਰੰਸ ਭਕਨਾ ਸਮੇਂ 2000 ਰੁਪਏ ਫੰਡ ਲਈ ਵੱਧ ਰੇਟ ਤੇ ਕੁਝ ਹੋਰ ਪੈਲੀ ਵੇਚ ਕੇ, ਬਾਕੀ ਗਹਿਣੇ ਪਈ ਜ਼ਮੀਨ ਵਿਚੋਂ ਵੀ ਵੱਡਾ ਹਿੱਸਾ ਛੁੱਟ ਗਈ ਸੀ। ਸੰਨ 1930 ਵਿਚ ਪਿੰਡ ਵਿਚ ਲੜਕਿਆਂ ਦੇ ਹਾਈ ਸਕੂਲ ਲਈ ਸਾਢੇ ਅੱਠ ਏਕੜ ਜ਼ਮੀਨ ਅਤੇ ਕੰਨਿਆ ਪਾਠਸ਼ਾਲਾ ਲਈ ਆਪਣੀ ਪੁਸ਼ਤੈਨੀ ਹਵੇਲੀ ਵਾਲੀ ਜਗ੍ਹਾ ਦੇ ਕੇ ਆਪ ਖੇਤਾਂ ਵਿਚ ਡੇਰਾ ਲਾ ਲਿਆ। ਸਾਢੇ ਅੱਠ ਏਕੜ ਹੋਰ ਜ਼ਮੀਨ ਵਿਚ ਕਿਰਤੀ ਕਿਸਾਨ ਆਸ਼ਰਮ ਖੋਲ੍ਹ ਕੇ ਜੇਲ੍ਹ ਬੰਦ ਦੇਸ਼ ਭਗਤਾਂ ਦੇ ਬੱਚਿਆਂ ਨੂੰ ਪੜ੍ਹਾਉਣ, ਲਿਖਾਉਣ ਦਾ ਪ੍ਰਬੰਧ ਕੀਤਾ। ਇਨ੍ਹਾਂ ਬੱਚਿਆਂ ਨੂੰ ਆਪ ਨੇ ਸਾਂਝੀ ਖੇਤੀ ਦਾ ਮਹੱਤਵ ਦੱਸ

ਕੇ ਉਨ੍ਹਾਂ ਨੂੰ ਉਦਰ ਪੂਰਤੀ ਲਈ ਇਸ ਖੇਤੀ ਵਾਲੇ ਪਾਸੇ ਲਾਇਆ ਤਾਂ ਕਿ ਉਨ੍ਹਾਂ ਵਿਚ ਦਾਨ 'ਤੇ ਪਲਣ ਸਦਕਾ ਹੀਣ ਭਾਵਨਾ ਨਾ ਆਵੇ। ਬਾਬਾ ਜੀ ਵੀ ਬੱਚਿਆਂ ਨਾਲ ਪੰਗਤ ਵਿਚ ਬਹਿ ਕੇ ਸਾਂਝੇ ਲੰਗਰ ਵਿਚ ਜੋ ਬਣਦਾ ਛਕਦੇ ਸਨ।

ਬਾਬਾ ਜੀ ਅਤੇ ਸਾਥੀਆਂ ਨੇ ਲੰਮੇ ਸੰਘਰਸ਼ ਬਾਅਦ ਅੰਡੇਮਾਨ ਤੁੜਾਇਆ ਸੀ। 1939 ਵਿਚ ਸਰਕਾਰ ਨੇ ਕੁਝ ਦੇਸ਼ ਭਗਤਾਂ ਨੂੰ ਫਿਰ ਅੰਡੇਮਾਨ ਭੇਜਣਾ ਚਾਹਿਆ। ਇਸ ਲਈ ਜਲ੍ਹਿਆਂਵਾਲਾ ਬਾਗ਼ ਵਿਚ ਭੁੱਖ ਹੜਤਾਲ ਰੱਖ ਕੇ, ਸਰਕਾਰ ਦਾ ਫੈਸਲਾ ਬਦਲਾਇਆ। ਮਾਰਚ 1931 ਵਿਚ ਕਰਾਚੀ ਵਿਖੇ ਕੁੱਲ ਹਿੰਦ ਕਾਮਿਆਂ ਅਤੇ ਕਿਸਾਨਾਂ ਦੀ ਪਾਰਟੀ ਦੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਜੂਨ ਵਿਚ ਇਸੇ ਸਾਲ ਨੌਜਵਾਨ ਸਭਾ ਦੀ ਕਾਨਫਰੰਸ ਦੀ ਮੁਲਤਾਨ ਵਿਚ ਪ੍ਰਧਾਨਗੀ ਕੀਤੀ। ਇਸੇ ਸਾਲ ਕਿਰਤੀ ਕਿਸਾਨ ਪਾਰਟੀ ਦੀ ਸੂਬਾ ਕਮੇਟੀ ਦੇ ਮੈਂਬਰ ਚੁਣੇ ਗਏ। 1938 ਵਿਚ ਕਿਸਾਨ ਮੋਰਚੇ ਵਿਚ ਸ਼ਾਹਪੁਰ ਜੇਲ੍ਹ ਵਿਚ ਇਕ ਸਾਲ ਕੈਦ ਕੱਟੀ। ਸੰਨ 1939 ਵਿਚ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਵਜੋਂ ਗਯਾ (ਬਿਹਾਰ) ਵਿਖੇ ਗ੍ਰਿਫਤਾਰੀ ਦਿੱਤੀ। ਦਿਓਲੀ ਕੈਂਪ (ਰਾਜਪੂਤਾਨਾ) ਵਿਚ ਨਜ਼ਰਬੰਦ ਅਤੇ 1943 ਵਿਚ ਰਿਹਾ ਹੋ ਕੇ 1 ਅਪ੍ਰੈਲ ਨੂੰ ਆਪਣੇ ਪਿੰਡ ਭਕਨਾ ਵਿਚ, ਕੁਲ ਹਿੰਦ ਕਿਸਾਨ ਸਭਾ ਦੇ ਸਮਾਗਮ ਦੀ ਪ੍ਰਧਾਨਗੀ ਕੀਤੀ। ਮਾਰਚ 1948 ਵਿਚ ਜਦੋਂ ਭਾਰਤੀ ਕਮਿਊਨਿਸਟ ਪਾਰਟੀ ਗੈਰ ਕਾਨੂੰਨੀ ਕਰਾਰ ਦਿੱਤੀ ਗਈ, ਯੋਲ ਕੈਂਪ ਵਿਚ ਕੈਦ ਕੀਤੇ ਗਏ। ਇਥੇ ਵੀ ਨਜ਼ਰਬੰਦ ਕਮਿਊਨਿਸਟ ਕਾਰਕੁੰਨਾਂ ਤੇ ਸਰਕਾਰ ਵਲੋਂ ਲਾਏ ਗਏ ਫਿਰਕਾਪ੍ਰਸਤੀ ਦੇ ਝੂਠੇ ਲਾਂਛਣ 21 ਦਿਨਾਂ ਦੀ ਭੁੱਖ ਹੜਤਾਲ ਕਰਕੇ ਵਾਪਸ ਲੈਣ ਤੇ ਸਰਕਾਰ ਨੂੰ ਮਜ਼ਬੂਰ ਕੀਤਾ।1951 ਵਿਚ ਪਿੰਡ ਵਿਚ ਜਨਤਾ ਹਾਈ ਸਕੂਲ ਬਣਾਇਆ। ਇਸ ਤੋਂ ਪਹਿਲਾਂ ਬਾਬਾ ਵਸਾਖਾ ਸਿੰਘ ਦਦੇਹਰ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਬਾਬਾ ਜੀ ਦੀ ਰਿਹਾਈ ਕਰਵਾਈ ਸੀ। 1952 ਵਿਚ ਕਮਿਊਨਿਸਟ ਪਾਰਟੀ ਵਲੋਂ ਤਰਨਤਾਰਨ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੀ ਚੋਣ ਲੜੀ ਅਤੇ ਕਾਂਗਰਸ ਉਮੀਦਵਾਰ ਗੁਰਦਿਆਲ ਸਿੰਘ ਢਿੱਲੋਂ ਤੋਂ ਹਾਰ ਗਏ।

ਜਲੰਧਰ ਵਿਚ ਦੇਸ਼ ਭਗਤਾਂ ਦੀ ਯਾਦਗਾਰ ਸਥਾਪਤ ਕਰਨ ਲਈ ਵੀ ਆਪ ਨੇ ਸਹਿਯੋਗ ਦਿੱਤਾ। ਗ਼ਦਰ ਪਾਰਟੀ ਦੀ ਗੋਲਡਨ ਜੁਬਲੀ ਸਮੇਂ ਆਪ ਨੇ ਹੀ ਦੇਸ਼ ਭਗਤ ਯਾਦਗਾਰ ਹਾਲ ਵਿਚ ਗ਼ਦਰ ਪਾਰਟੀ ਦਾ ਝੰਡਾ ਝੁਲਾਇਆ ਸੀ, 31 ਮਾਰਚ 1964 ਨੂੰ ਜਦੋਂ ਆਪ ਕੁਝ ਬੀਮਾਰ ਹੋਏ ਤਾਂ ਸਰਕਾਰੀ ਹਸਪਤਾਲ ਅੰਮ੍ਰਿਤਸਰ ਵਿਚ ਦਾਖਲ ਕਰਵਾਏ ਗਏ। ਇਥੇ ਸਤਿਗੁਰੂ

ਜਗਜੀਤ ਸਿੰਘ ਜੀ ਵੀ ਆਪ ਦਾ ਹਾਲ ਚਾਲ ਜਾਨਣ ਆਏ ਸਨ। ਬਾਬਾ ਜੀ ਨੇ ਪੰਜਾਬ ਸਕਰਾਰ ਵੱਲੋਂ ਸਪੈਸ਼ਲ ਵਾਰਡ ਵਿਚ ਰੱਖੇ ਜਾਣ ਜਾਂ ਪਾਰਟੀ ਸਾਥੀਆਂ ਵੱਲੋਂ ਮਾਸਕੋ ਜਾਂ ਹੋਰ ਸਮਾਜਵਾਦੀ ਦੇਸ਼ਾਂ ਵਿਚ ਇਲਾਜ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ। ਉਹ ਕਹਿੰਦੇ ਹੁੰਦੇ ਸਨ ਕਿ ਮੈਂ ਸਾਰੀ ਉਮਰ ਆਮ ਆਦਮੀਆਂ ਵਿਚ ਰਿਹਾ ਹਾਂ ਤੇ ਆਖਰੀ ਸਾਹ ਵੀ ਇਨ੍ਹਾਂ ਵਿਚ ਹੀ ਲਵਾਂਗਾ। ਇਸੇ ਹਸਪਤਾਲ ਦੇ ਆਮ ਵਾਰਡ ਵਿਚ ਉਹ 20 ਦਸੰਬਰ 1968 ਨੂੰ ਪੂਰੇ ਹੋ ਗਏ।

ਬਾਬਾ ਜੀ ਸਮਝਦੇ ਸਨ ਕਿ ਸਮਾਜ ਵਿੱਚੋਂ ਊਚ-ਨੀਚ ਦੇ ਜਾਤੀ ਵਿਤਕਰੇ ਅਤੇ ਆਰਥਕ ਨਾ ਬਰਾਬਰੀ ਨੂੰ ਸਮਾਪਤ ਕਰਨ ਲਈ ਕਮਿਊਨਿਸਟ ਸਮਾਜ ਦੀ ਸਿਰਜਣਾ ਜ਼ਰੂਰੀ ਹੈ। ਜੀਵਨ ਦੇ ਆਖਰੀ ਤਿੰਨ ਦਹਾਕਿਆਂ ਵਿੱਚ ਉਹਨਾਂ ਇਸ ਦਿਸ਼ਾ ਵਿੱਚ ਬਹੁਤ ਜੱਦੋਂ ਜਹਿਦ ਕੀਤੀ ਪਰੰਤੂ ਆਖਰੀ ਸਮੇਂ ਉਹ ਕਮਿਊਨਿਸਟ ਪਾਰਟੀ ਦੀ ਫੁੱਟ ਤੋਂ ਪਰੇਸ਼ਾਨ ਵੀ ਹੋਏ। ਲੇਖਕ ਦੇ ਨਾਨਾ ਸੰਤ ਆਤਮਾ ਸਿੰਘ ਬੁਰਜ ਰਾਇ ਕੇ ਜੋ ਸਿਰਹਾਲੀ ਦੇ ਪ੍ਰਸਿੱਧ ਕੂਕੇ, ਸ਼ਾਮ ਸਿੰਘ ਦੇ ਪੋਤਰੇ ਸਨ, ਉਨ੍ਹਾਂ ਦੇ ਬਾਬਾ ਜੀ ਨਾਲ ਨਾਮਧਾਰੀ ਸੰਗਤ ਵਿੱਚ ਰਹਿਣ ਦੇ ਸਮੇਂ ਤੋਂ ਚੰਗੇ ਸੰਬੰਧ ਸਨ। ਆਖਰੀ ਸਮੇਂ ਵਿੱਚ ਇੱਕ ਵਾਰ ਉਹਨਾਂ ਨੇ ਬਾਬਾ ਭਕਨਾ ਜੀ ਨੂੰ ਪੁੱਛਿਆ ਸੀ, "ਬਾਬਾ ਜੀ ਇਹ ਕਮਿਊਨਿਸਟ ਕੈਸੇ ਹੁੰਦੇ ਹਨ?" ਬਾਬਾ ਭਕਨਾ ਜੀ ਦਾ ਜਵਾਬ ਸੀ ਕਿ ਭਾਈ ਜੀ, ਤੁਸੀਂ ਤਾਂ ਰੋਜ਼ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋ, ਉਸ ਵਿੱਚ ਗੁਰੂ ਸਾਹਿਬ ਨੇ ਬ੍ਰਹਮ ਗਿਆਨੀ ਦੀ ਜੋ ਅਵਸਥਾ ਬਿਆਨ ਕੀਤੀ ਹੈ, ਜੇ ਕੋਈ ਕਮਿਊਨਿਸਟ ਹੋਵੇ ਤਾਂ ਉਹ ਅਜਿਹਾ ਬ੍ਰਹਮ ਗਿਆਨੀ ਹੀ ਹੁੰਦਾ ਹੈ।

ਬਾਬਾ ਜੀ ਨੇ ਗ਼ਦਰ ਪਾਰਟੀ ਦਾ ਉਦੇਸ਼, ਨਿਸ਼ਾਨੇ ਅਤੇ ਇਹ ਕਿਨ੍ਹਾਂ ਦੀ ਪਾਰਟੀ ਸੀ, ਇਕ ਸ਼ਿਲਾਲੇਖ ਤੇ ਲਿਖਵਾ ਕੇ ਆਪਣੇ ਆਸ਼ਰਮ ਵਿਚ ਟਿਕਾ ਦਿੱਤਾ ਸੀ। ਉਹ ਨੌਜਵਾਨਾਂ ਨੂੰ ਦੇਸ਼ ਵਿਚ ਸਮਾਜਵਾਦ ਲਈ ਕੰਮ ਕਰਨ ਦੀ ਪ੍ਰੇਰਣਾ ਦਿੰਦੇ ਰਹੇ। ਉਨ੍ਹਾਂ ਨੇ ਕੁਲ ਮਿਲਾ ਕੇ ਛੱਬੀ ਸਾਲ ਕੈਦ ਕੱਟੀ। ਨੌ ਭੁੱਖ ਹੜਤਾਲਾਂ ਅੰਗਰੇਜ਼ੀ ਰਾਜ ਵਿਚ ਅਤੇ ਦਸਵੀਂ ਆਪਣੇ ਲੋਕਾਂ ਦੇ ਰਾਜ ਵਿਚ ਕੀਤੀ, ਜਦੋਂ ਉਨ੍ਹਾਂ ਦਾ ਲੱਕ ਕੁੱਬਾ ਹੋ ਗਿਆ ਸੀ। ਉਹ ਕਿਹਾ ਕਰਦੇ ਸਨ ਕਿ ਬੇਗਾਨਿਆਂ ਦੀ ਸਰਕਾਰ ਸਾਹਵੇਂ ਮੇਰੀ ਕਮਰ ਨਹੀਂ ਝੁਕੀ ਪਰ ਆਪਣਿਆਂ ਦੇ ਜਬਰ ਅੱਗੇ ਝੁਕ ਗਈ। ਬਾਬਾ ਜੀ ਆਪਣੇ ਕੁੱਬ ਨੂੰ ਕੌਮੀ ਹਕੂਮਤ ਵਲੋਂ ਉਨ੍ਹਾਂ ਦੀ ਪਿੱਠ 'ਤੇ ਮੋਹਰ ਛਾਪ ਦੱਸਦੇ ਸਨ। ਅੱਜ ਦੇ ਸਮੇਂ ਵਧਦੇ ਫਿਰਕੂ ਫਾਸ਼ੀਵਾਦ ਦੇ ਖਤਰੇ ਵਿਰੁੱਧ ਜੂਝਣ ਲਈ, ਸਾਰੀਆਂ ਅੱਗੇ ਵਧੂ, ਜਮਹੂਰੀ ਅਤੇ ਧਰਮ ਨਿਰਪੱਖ ਤਾਕਤਾਂ

ਦੀ ਵਿਸ਼ਾਲ ਏਕਤਾ ਕਾਇਮ ਕਰਨਾ ਹੀ ਬਾਬਾ ਜੀ ਨੂੰ ਉਨ੍ਹਾਂ ਦੇ 150 ਸਾਲਾ ਜਨਮ ਦਿਨ ਤੇ ਠੀਕ ਸ਼ਰਧਾਂਜਲੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਬਾਬਾ ਸੋਹਣ ਸਿੰਘ ਭਕਨਾ, ਜੀਵਨ ਸੰਗਰਾਮ (ਸ. ਮਲਵਿੰਦਰਜੀਤ ਸਿੰਘ ਵੜੈਚ, ਸੀਤਾ ਰਾਮ ਬਾਂਸਲ), 2013 ਤਰਕ ਭਾਰਤੀ, ਪ੍ਰਕਾਸ਼ਨ ਬਰਨਾਲਾ, ਸਫ਼ਾ 14-16

2. ਉਹੀ, ਸਫ਼ਾ 17-18

3. ਉਹੀ, ਸਫ਼ਾ 20-21

4. ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ, 2005 ਈ, (ਸ. ਜਸਵਿੰਦਰ ਸਿੰਘ, ਸਫਾ 351)

5. ਪ੍ਰੀਤਮ ਸਿੰਘ ਕਵੀ, ਇਨਕਲਾਬੀ ਮਹਾਂਪੁਰਸ਼ ਦੇ ਚਰਨਾਂ ਵਿਚ, ਸਤਿਜੁਗ ਦਾ ਸਤਿਗੁਰੂ ਹਰੀ ਸਿੰਘ ਅੰਕ, ਸ੍ਰੀ ਜੀਵਨ ਨਗਰ (ਹਿਸਾਰ), ਸਤੰਬਰ 1965, ਸਫਾ 17- 20, ਸਤਿਜੁਗ ਦੇ ਤਤਕਾਲੀਨ ਸੰਪਾਦਕ ਪ੍ਰੀਤਮ ਸਿੰਘ ਕਵੀ ਹੋਰਾਂ 1 ਮਈ 1965 ਨੂੰ ਭਕਨੇ ਵਿਖੇ ਉਸ ਦਿਨ ਬਾਬਾ ਜੀ ਨਾਲ ਮੁਲਾਕਾਤ ਕਰਨ ਗਏ ਸਨ, ਜਿਸ ਦਿਨ ਸਵੇਰੇ ਹੀ ਜਰਮਨੀ ਵਿਚੋਂ ਦੋ ਕੁ ਜਣੇ ਉਨ੍ਹਾਂ ਨੂੰ ਮਿਲ ਕੇ ਗਏ ਸਨ। ਕਵੀ ਜੀ 'ਸਤਿਗੁਰੂ ਹਰੀ ਸਿੰਘ ਅੰਕ' ਦੀ ਤਿਆਰੀ ਲਈ ਹੀ 95 ਸਾਲਾ ਬਾਬਾ ਜੀ ਦੀ ਸੇਵਾ ਵਿਚ ਅੱਪੜੇ ਅਤੇ ਕੂਕਾ ਅੰਦੋਲਨ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਬਾਰੇ ਜਾਣਕਾਰੀ ਲਈ। ਇਸੇ ਮੁਲਾਕਾਤ ਵਿਚ ਬਾਬਾ ਜੀ ਨੇ ਦੱਸਿਆ ਸੀ ਕਿ ਇਕ ਵੇਰ ਸਤਿਗੁਰੂ ਪਰਤਾਪ ਸਿੰਘ ਜੀ ਉਨ੍ਹਾਂ ਨੂੰ ਜੇਲ੍ਹ ਵਿਚ ਵੀ ਮਿਲ ਕੇ ਆਏ ਸਨ।

6. ਬਾਬਾ ਸੋਹਣ ਸਿੰਘ ਭਕਨਾ, ਜੀਵਨ ਸੰਗਰਾਮ, ਸਫ਼ਾ

7. ਉਪਰੋਕਤ, ਸਫ਼ਾ 23-50

8. ਸੋਹਣ ਸਿੰਘ ਭਕਨਾ, ਮੇਰੀ ਆਪ-ਬੀਤੀ (ਸ. ਅਮਰਜੀਤ ਚੰਦਨ), ਬਾਬਾ ਜੀ ਦੀ ਉਰਦੂ ਵਿਚ 1951 ਵਿਚ ਲਿਖੀ ਇਸ ਜੀਵਨੀ ਨੂੰ ਅਮਰਜੀਤ ਚੰਦਨ ਹੋਰਾਂ ਪੰਜਾਬੀ ਵਿਚ ਅਨੁਵਾਦਿਤ ਕੀਤਾ। ਇਹ ਹੱਥ ਲਿਖਤ ਜਰਮਨੀ ਤੋਂ ਮਿਲੀ ਸੀ, 2014, ਸਫ਼ਾ 39

9. ਜੀਵਨ ਸੰਗਰਾਮ, ਸਫ਼ਾ 66

10. ਉਹੀ, ਸਫ਼ਾ 69

# ਬੁਲੰਦ-ਇਰਾਦਾ, ਮਹੰਤ ਹਜਾਰਾ ਸਿੰਘ ਜੀ ਲਾਂਗਰੀ, ਪਮਾਲ

ਕੂਕਾ ਅੰਦੋਲਨ ਤੋਂ ਗੋਰਾ ਸ਼ਾਹੀ ਦੀ ਪੰਜਾਬ ਸਰਕਾਰ ਇਤਨੀ ਭੈ ਭੀਤ ਸੀ ਕਿ ਪੰਜਾਬ ਭਰ ਦੇ ਉਹਨਾਂ ਪਿੰਡਾਂ ਦੀ 1881 ਈ. ਵਿਚ ਇਕ ਸੂਚੀ ਤਿਆਰ ਕੀਤੀ ਗਈ ਸੀ ਜਿੱਥੇ ਥੋੜੇ ਜਾਂ ਬਹੁਤੇ ਕੂਕੇ ਵੱਸਦੇ ਸਨ। ਇਸ ਸੂਚੀ ਮੁਤਾਬਿਕ ਤਦੋਕੇ ਪੰਜਾਬ ਦੇ 17 ਜ਼ਿਲ੍ਹਿਆਂ ਸਿਰਸਾ, ਅੰਬਾਲਾ ਲੁਧਿਆਣਾ, ਫੀਰੋਜ਼ਪੁਰ, ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ, ਲਾਹੌਰ, ਮਿੰਟਗੁਮਰੀ, ਸਿਆਲਕੋਟ, ਗੁਜਰਾਂਵਾਲਾ, ਰਾਵਲਪਿੰਡੀ, ਗੁਜਰਾਤ, ਸ਼ਾਹਪੁਰ, ਹਜਾਰਾ, ਅੰਮ੍ਰਿਤਸਰ, ਕਾਂਗੜਾ ਵਿਚ ਨਾਮਧਾਰੀ ਵੱਸੋਂ ਵਾਲੇ 786 ਪਿੰਡ ਸਨ। ਲੁਧਿਆਣਾ ਜ਼ਿਲ੍ਹਾ ਵਿਚ ਸਿਆਲਕੋਟ ਤੋਂ ਬਾਅਦ ਕੂਕਾ ਪਿੰਡਾਂ ਦੀ ਗਿਣਤੀ ਦੂਜੇ ਨੰਬਰ ਤੇ ਸੀ 115 ਪਿੰਡ। ਇਹਨਾਂ ਵਿਚੋਂ ਦਾਖਾ ਥਾਣੇ ਦੇ 6 ਪਿੰਡਾਂ ਵਿਚ ਕੂਕੇ ਵੱਸਦੇ ਸਨ, ਇਹ ਪਿੰਡ ਸਨ, ਦਾਖਾ, ਪਮਾਲ, ਢਪਈ, ਮੋਹੀ, ਮੁੱਲਾਂਪੁਰ ਅਤੇ ਖੰਜਰਵਾਲ।[1] ਪਿੰਡ ਪਮਾਲ, ਦਾਖੇ ਤੋਂ ਚੜ੍ਹਦੇ ਵੱਲ ਅਤੇ ਅੰਗਰੇਜ਼ ਸਿੱਖ ਜੰਗਾਂ ਦੇ ਮਸ਼ਹੂਰ ਪਿੰਡ ਬੱਦੋਵਾਲ ਤੋਂ ਦੱਖਣ ਵੱਲ ਹੈ। ਪਿੰਡ ਪਮਾਲ ਦਾ ਇਕ ਭਾਈ ਹਜ਼ਾਰਾ ਸਿੰਘ ਬਹੁਤ ਉੱਘਾ ਨਾਮਧਾਰੀ ਸਿੰਘ ਹੋਇਆ ਹੈ।[2] ਉਸ ਨੇ ਬਿਪਤ ਕਾਲ ਸਮੇਂ ਘੱਟੋ-ਘੱਟ ਦੋ ਢਾਈ ਦਹਾਕੇ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਰਹਿਕੇ ਲੰਗਰ ਅਤੇ ਹੋਰ ਪ੍ਰਬੰਧਕੀ ਸੇਵਾਵਾਂ ਵਿਚ ਹੱਥ ਵਟਾਇਆ। ਬਾਅਦ ਵਿਚ ਅੰਮ੍ਰਿਤਸਰ ਦੀ ਮਸ਼ਹੂਰ ਨਾਮਧਾਰੀ ਧਰਮਸ਼ਾਲਾ ਦੀ ਮਹੰਤੀ ਦੀ ਸੇਵਾ ਵੀ ਉਹਨਾਂ ਨੇ ਬੜੀ ਤਨਦੇਹੀ ਨਾਲ ਨਿਭਾਹੀ ਸੀ।

ਜਨਵਰੀ 1875 ਵਿਚ, ਬਾਬਾ ਦਰਬਾਰਾ ਸਿੰਘ ਰਾਇਪੁਰੀਆ, ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਨਜ਼ਰਬੰਦੀ ਸਮੇਂ ਦਰਸ਼ਨ ਕਰਕੇ ਅਤੇ ਮਹਾਰਾਜ ਬੁੱਧ ਸਿੰਘ ਜੀ ਨੂੰ ਪੰਥ ਦਾ ਸਿਰਕਰਤਾ ਜਾਨਣ ਦਾ ਹੁਕਮ ਦੇਣ ਵਾਲਾ, ਹੁਕਮਨਾਮਾ ਲੈ ਕੇ ਆਇਆ ਸੀ ਅਤੇ ਉਹਨਾਂ ਦਾ ਨਾਮ ਵੀ ਹੁਣ ਹਰੀ ਸਿੰਘ ਕਰਨ ਦਾ ਹੁਕਮ ਸੀ। ਇਹ ਹੁਣ ਸੰਗਤ ਨੂੰ ਹਰੀ ਰੱਖਣਗੇ, ਇਸ ਤਰ੍ਹਾਂ ਆਪ ਹੁਣ ਗੁਰੂ ਹਰੀ ਸਿੰਘ ਜੀ ਦੇ ਤੌਰ ਤੇ ਜਾਣੇ ਜਾਣ ਲੱਗੇ। "ਬਾਬੇ ਦਰਬਾਰਾ ਸਿੰਘ ਨੇ ਏਹ ਭੀ ਕਹਿਆ, ਸਤਿਗੁਰੂ ਜੀ ਬਚਨ ਕਰਦੇ

ਸੀ ਕਿ ਜਿਸਨੇ ਪਦਾਰਥ ਖ਼ਰਚ ਕਰਨਾ ਹੈ ਮੇਰੇ ਨਮਿਤ ਸੋ ਹੁਣ ਕਰੇ, ਅਖੰਡ ਪਾਠ ਕਰਵਾਏ।...ਬਾਬੇ ਦਰਬਾਰਾ ਸਿੰਘ ਨੇ ਕਿਹਾ ਕਿ ਏਹ ਬਚਨ ਦੀਨਾ ਨਾਥ ਜੀ ਕੀਤਾ ਸੀ, ਜੇਹੜੇ ਸਿੰਘ ਕੈਂਹਦੇ ਸੇ ਦਰਸ਼ਨ ਕੇ ਨਮਿਤ ਜ਼ਮੀਨਾਂ ਬੇਚਨੇ ਹੈ ਸੋ ਹੁਣ ਵੇਲਾ ਹੈ, ਜਿਨ੍ਹਾਂ ਨੇ ਦਰਸ਼ਨ ਕਰਨਾ ਹੈ ਸੋ ਘਰ ਜ਼ਮੀਨਾਂ ਬੇਚ ਕੇ ਮੇਰੇ ਨਮਿਤ ਭੋਗ ਪੁਆਓ ਜਿਤਨੇ ਕੁ ਪੁਆਏ ਜਾਣ ਤਾਂ ਦਰਸ਼ਨ ਹੋਊ।"[3]

ਪਿੰਡ ਭਾਣਾ (ਫਰੀਦਕੋਟ) ਦੇ ਭਾਈ ਹਰਨਾਮ ਸਿੰਘ ਅਤੇ ਉਹਨਾਂ ਦੀ ਸਿੰਘਣੀ ਬੀਬੀ ਚੰਦੋ, 16 ਅਪਰੈਲ 1875 ਨੂੰ ਰੰਗੂਨ ਸਤਿਗੁਰੂ ਜੀ ਦਾ ਦਰਸ਼ਨ ਕਰਨ ਲਈ ਲਾਹੌਰ ਤੋਂ ਪਰਵਾਨਾ ਲੈ ਕੇ ਪੁੱਜੇ ਸਨ। ਸਰਕਾਰ ਨੇ ਦਰਸ਼ਨਾਂ ਦੀ ਆਗਿਆ ਤਾਂ ਨਾਂ ਦਿੱਤੀ ਪਰ ਉਹ ਗੁਰੂ ਹਰੀ ਸਿੰਘ ਜੀ ਦੀ ਸਤਿਗੁਰੂ ਜੀ ਵੱਲ, ਅਰਦਾਸ ਪੁਚਾਉਣ ਵਿਚ ਸਫਲ ਹੋਏ, ਜਿਸ ਵਿਚ ਗੁਰੂ ਜੀ ਨੇ ਸਤਿਗੁਰੂ ਜੀ ਨਮਿਤ ਇਸੇ ਸਾਲ ਪੰਜ ਅਖੰਡ ਪਾਠ ਜਿਸ ਰੀਤ ਨਾਲ ਭੈਣੀ ਸਾਹਿਬ ਕੀਤੇ ਸਨ, ਲਿਖ ਭੇਜੀ ਸੀ। ਹਰਨਾਮ ਸਿੰਘ ਦੁਆਰਾ ਲਿਆਂਦੇ ਹੁਕਮਨਾਮੇ ਵਿਚ, ਅਖੰਡ ਪਾਠਾਂ ਦੀ ਵਿਸਥਾਰ ਪੂਰਵਕ ਵਿਧੀ ਅਤੇ ਸਾਰੀ ਮਰਿਆਦਾ ਲਿਖ ਭੇਜੀ ਸੀ। ਇਕ ਅਖੰਡ ਪਾਠ ਲਈ ਅੱਵਲ ਤਾਂ 14 ਨਹੀਂ ਤਾਂ 12 ਤੋਂ ਘੱਟ ਸਿੰਘ ਨਹੀਂ ਲਾਉਣੇ। ਇਸ ਸਮੇਂ ਬਿਨਾਂ ਮਨਜ਼ੂਰੀ ਤੋਂ 35 ਸਿੰਘ ਡੇਰੇ ਵਿਚ, ਲੁਕ ਛਿਪ ਕੇ ਰਹਿੰਦੇ ਸਨ। ਇਹ ਸਿੰਘ ਹੁਕਮ ਮੁਤਾਬਿਕ ਲੰਗਰ ਦੇ ਹੇਠਾਂ ਬਣੇ ਭੋਰੇ ਵਿਚ, ਗੁਪਤ ਰੂਪ ਵਿਚ ਅਖੰਡ ਪਾਠ ਕਰਨ ਲੱਗੇ। ਪੁਲੀਸ ਦੀ ਗਾਰਦ, ਭੈਣੀ ਸਾਹਿਬ ਗੁਰਧਾਮ ਦੇ ਅੱਠਾਂ ਪਹਿਰਾਂ ਵਿਚ, ਸਿਰਫ਼ ਪੰਜ ਸਿੰਘਾਂ ਨੂੰ ਹੀ ਦਰਸ਼ਨ ਦੀ ਆਗਿਆ ਦਿੰਦੀ ਸੀ। ਹੋਰ ਦਰਸ਼ਨ ਅਭਿਲਾਖੀਆਂ ਅਤੇ ਪਾਠਾਂ ਵਿਚ ਹਿੱਸਾ ਲੈਣ ਵਾਲੇ ਸਿੰਘਾਂ ਨੂੰ, ਭੈਣੀ ਸਾਹਿਬ ਦੀ ਜੂਹ ਵਿਚੋਂ ਡਰਾ, ਧਮਕਾ ਕੇ ਬਾਹਰ ਕਰ ਦਿੱਤਾ ਜਾਂਦਾ ਸੀ। ਫਿਰ ਵੀ 1875 ਈ. ਤੋਂ ਇਕੋਤਰ ਇਕੋਤਰ ਸੌ ਅਖੰਡ ਪਾਠਾਂ ਦੀਆਂ ਲੜੀਆਂ ਤੋਰ ਦਿੱਤੀਆਂ ਗਈਆਂ। ਸਤਿਗੁਰੂ ਰਾਮ ਸਿੰਘ ਜੀ ਦੇ ਉਪਲਬਧ ਹੁਕਮਨਾਮਿਆਂ ਵਿਚ ਵੀ ਸੰਗਤ ਨੂੰ ਵੱਧ ਤੋਂ ਵੱਧ ਗੁਰਬਾਣੀ ਪਾਠਾਂ ਦੇ ਭੋਗ ਪੁਆਉਣ ਦੇ ਆਦੇਸ਼ ਮਿਲਦੇ ਹਨ-ਭਾਈ ਨੈਣਾਂ ਸਿੰਘ ਵਰਿਆਂਹ, ਭਗਵਾਨ ਸਿੰਘ ਫੱਤੇਵਾਲ ਅਤੇ ਨਿਧਾਨ ਸਿੰਘ ਚੰਬਾ (ਤਿੰਨਾਂ ਦਾ ਜ਼ਿਲ੍ਹਾ ਅੰਮ੍ਰਿਤਸਰ) ਦੇ ਨਾਮ ਆਏ ਹੁਕਮਨਾਮੇ ਵਿਚ ਦਰਜ ਹੈ-

ਸੋ ਖਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ। ਬਾਣੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ। ਸੋ ਇਕ ਦੁਖ ਕਿਆ ਸਭੀ ਦੁਖ ਮਿਟ ਜਾਵਨਗੇ, ਸਤਿ ਕਰ ਮੰਨਣਾ। ਗੁਰੂ ਜੀ ਕਾ ਬਚਨ

ਹੈ, ਸਰਬ ਰੋਗ ਕਾ ਅਉਖਧੁ ਨਾਮੁ, ਨਾਮ ਤੇ ਬਾਣੀ ਦਾ ਬਡਾ ਪ੍ਰਤਾਪ ਹੇ, ਪਰਸਪਰ ਮੇਲਾ ਹੈ।...

ਹੋਰੁ ਭਾਈ ਖਾਲਸਾ ਜੀ ਜਿਤਨੇ ਪੁਜ ਆਵਣ ਉਤਨੇ ਭੋਗ ਗ੍ਰੰਥ ਸਾਹਿਬ ਦੇ ਪੁਆਉਣੇ ਤੇ ਆਪ ਪਾਉਣੇ। ਜੇਕਰ ਇਕ ਘਰ ਤੇ ਨਾ ਪੁਜ ਆਵਨ ਤਾਂ ਦੁਹਿ ਚਹੁ ਸਿੰਘਾਂ ਨੇ ਰਲਕੇ ਭੋਗ ਪੁਆ ਦੇਣੇ। ਬਡਾ ਅਡੰਬਰ ਨਹੀਂ ਕਰਨਾ। ਬਹੁਤੇ ਸਿੰਘ ਦੂਸਰੇ ਪਿੰਡਾਂ ਦੇ ਨਾ ਕਠੇ ਕਰਨੇ। ਜਥਾ ਸਕਤ ਪ੍ਰਸਾਦਿ ਕਰਕੇ ਭੋਗ ਪਾ ਦੇਣਾ। (ਹੁਕਮਨਾਮਾ ਨੰ.3)[4]

ਭਾਈ ਬਘੇਲ ਸਿੰਘ ਨਾਰਲੀ ਨੂੰ ਲਿਖੇ ਹੁਕਮਨਾਮੇ ਵਿਚ ਦਰਜ ਹੈ-ਫੇਰ ਬਾਣੀ ਕੰਠ ਕਰਨੀ ਅਰੁ ਗ੍ਰੰਥ ਸਾਹਿਬ ਦਾ ਭੋਗ ਪਾਉਣਾ, ਜਥਾ ਸਕਤਿ ਪ੍ਰਸਾਦਿ ਕਰਨਾ (ਹੁਕਮਨਾਮਾ ਨੰ. 10)[5]

ਮੁਠੱਡੇ (ਜਲੰਧਰ) ਦੀ ਸੰਗਤ ਦੇ ਨਾਮ ਹੁਕਮਨਾਮੇ ਵਿਚ ਫੁਰਮਾਉਂਦੇ ਹਨ-ਲੜਕਿਆਂ ਤੇ ਬੀਬੀਆਂ ਨੂੰ ਅਖਰ ਪੜਾ ਦੇਣੇ ਸਭਨਾ ਨੂੰ, ਅਰ ਆਪੋ ਆਪਣੇ ਘਰ ਮੈਂ ਭੋਗ ਭੀ ਗ੍ਰੰਥ ਸਾਹਿਬ ਦੇ ਪਾਉਣੇ।(ਹੁਕਮਨਾਮਾ ਨੰ.14)[6]

ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਪੰਜਾਬ ਭਰ ਵਿਚ ਵੀ ਕੂਕਿਆਂ ਨੇ ਸਧਾਰਨ ਅਤੇ ਅਖੰਡ ਪਾਠ ਗੁਰੂ ਗਰੰਥ ਸਾਹਿਬ ਦੇ ਕੀਤੇ। ਪਰ ਉਸ ਸਮੇਂ ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦੇ ਇਕੱਠ ਤੇ ਪਾਬੰਦੀ ਸੀ। ਇਹ ਅਖੰਡ ਪਾਠ ਡੇਰਾ ਭੈਣੀ ਸਾਹਿਬ ਵਿਚ ਵੀ ਅਤੇ ਹੋਰਨਾਂ ਥਾਵਾਂ ਤੇ ਵੀ ਗੁਪਤ ਰੂਪ ਵਿਚ ਹੀ ਕੀਤੇ ਜਾਂਦੇ ਸਨ ਕਿਉਂਕਿ ਫੜੇ ਜਾਣ ਤੇ ਉਹਨਾਂ ਖਿਲਾਫ਼, ਕਾਨੂੰਨ ਦੀ ਉਲੰਘਣਾ ਤਹਿਤ, ਮੁਕਦਮੇ ਬਣਾਏ ਅਤੇ ਸਜਾਵਾਂ ਵੀ ਦਿੱਤੀਆਂ। ਇਕ ਪੁਰਾਣਾ ਨਾਮਧਾਰੀ ਕਵੀ ਜਿਸ ਨੇ ਭੈਣੀ ਸਾਹਿਬ ਪੁਲਿਸ ਚੌਕੀ ਦੀਆਂ ਸਖ਼ਤੀਆਂ ਬਚਪਨ ਵਿਚ ਝੱਲੀਆਂ ਸਨ, ਉਹ ਇਸ ਸਮੇਂ ਦਾ ਵਰਣਨ, ਆਪਣੀ ਪ੍ਰਸਿੱਧ ਰਚਨਾ 'ਸੰਤ ਖਾਲਸਾ' ਵਿਚ ਇਉਂ ਕਰਦਾ ਹੈ-

"ਕੂਕਾ ਪਿੰਡ ਦਾ ਪਿੰਡ ਹੀ ਰਹੇ ਆਪਣੇ,
ਪਿੰਡੋਂ ਬਾਹਰਲਿਉਂ ਭੀ ਕੂਕਾ ਆਵੇ ਨਾਂਹੀ
ਬਿਨਾਂ ਖ਼ਬਰ ਦਿੱਤੀ ਵਰਨੀ ਬਾਣੀਆ ਦਾ,
ਕੂਕਾ ਪਾਠ ਯਾ ਭੋਗ ਪਵਾਵੇ ਨਾਂਹੀ
ਚੌਂਕੀਦਾਰ ਨੰਬਰਦਾਰ ਤਾੜ ਦਿੱਤੇ,
ਕੂਕਾ ਦੂਰ ਨੇੜੇ ਆਵੇ ਜਾਵੇ ਨਾਂਹੀ

ਬਿਨਾਂ ਰਪਟ ਦਿੱਤੀ ਬਾਝੋਂ ਸਿੰਘ ਕੂਕਾ,
ਕੱਠੇ ਪੰਜ ਭੀ ਸਿੰਘ ਕਰਾਵੇ ਨਾਂਹੀ
ਲੱਗਦੀ ਵਾਹ ਤਾੜੇ ਏਥੋਂ ਤੱਕ ਲੋਕੀਂ,
ਕੂਕੇ ਨਾਮ ਦਾ ਸਿੰਘ ਕਹਾਵੇ ਨਾਂਹੀ
ਕਿਸੇ ਮਾਮਲੇ ਵਿਚ ਹਰਨਾਮ ਸਿੰਘਾ,
ਕੂਕਾ ਕੰਨ ਭੀ ਕਿਤੇ ਹਲਾਵੇ ਨਾਂਹੀ”[7]

ਇਹੋ ਜਿਹੇ ਬਿਖੜੇ ਹਾਲਾਤ ਵਿਚ ਸਰਕਾਰੀ ਮੁਖਬਰਾਂ ਦੀਆਂ ਅੱਖਾਂ ਵਿਚ ਘੱਟਾ ਪਾ ਜਿਹੜੇ ਸਿੰਘ, ਨੀਮ ਜਿਹਲ ਖਾਨਾ ਬਣੇ ਗੁਰਦੁਆਰੇ ਭੈਣੀ ਸਾਹਿਬ ਵਿਚ ਰਹਿ ਕੇ, ਅਖੰਡ ਪਾਠਾਂ ਵਿਚ ਲੱਗਣ ਵਾਲੇ ਸਮੂੰਹ ਸਿੰਘ, ਕਿਸੇ ਵੱਖਰੀ ਹੀ ਮਿੱਟੀ ਦੇ ਬਣੇ ਹੋਏ ਸਨ ਅਤੇ ਉਹਨਾਂ ਸਿੰਘਾਂ ਦੇ ਲੰਗਰ ਪਾਣੀ ਦੀ ਟਹਿਲ ਸੇਵਾ ਨਿਬਾਹੁਣ ਵਾਲਾ, ਭਾਈ ਹਜਾਰਾ ਸਿੰਘ ਪਮਾਲ ਵੀ ਬੜੇ ਮਜ਼ਬੂਤ ਦਿਲ ਗੁਰਦੇ ਵਾਲਾ ਸ਼ਖਸ ਸੀ ਜਿਸ ਬਾਰੇ ਸਾਡੇ ਸਮਕਾਲੀ ਇਤਿਹਾਸ ਵਿਚ ਬਹੁਤ ਮੁੱਲਵਾਨ ਸਮੱਗਰੀ ਦਰਜ਼ ਹੈ ਜਿਸ ਤੋਂ ਇਸ ਸ਼ੇਰਦਿਲ, ਸੁਰਮੇ ਕੂਕੇ ਦੀ ਬਿਲਕੁਲ ਸਹੀ ਤਸਵੀਰਕਸ਼ੀ ਕੀਤੀ ਜਾ ਸਕਦੀ ਹੈ।

“ਉਨੀ ਸੈ ਤੇਤੀ ਸਾਲ ਮੇਂ (1876-77 ਈ.) ਮੈਂ ਪਾਚ ਪਾਠੀ, ਪਾਚ ਧੂਪੀਏ, ਦੋ ਪਹਿਰੇ ਵਾਲੇ, ਦੋ ਲਾਂਗਰੀ, ਹਜਾਰਾ ਸਿੰਘ ਲੰਗਰ ਕਰਨ ਤੇ ਹੋਇਆ। ਸਿੰਘ ਅੰਦਰ ਗੁਪਤ ਰੈਂਹਦੇ ਹੈ। ਜੇ ਕੋਈ ਅੰਦਰ ਹਾਕਮ ਆ ਜਾਏ ਤਾਂ ਸਿੰਘਾਂ ਲੁਕ ਬੈਠਨਾ। ਪਾਂਚ ਪਾਠ ਕਰਕੇ ਏਕ ਦਿਨ ਕੀ ਛੁੱਟੀ ਮਿਲਦੀ ਸੀ। ਛੁੱਟੀ ਬਾਲਾ ਦਿਨ ਸੀ। ਸਿੰਘ ਸਭ ਬਾਹਰ ਗਏ ਹੋਏ ਸੇ। ਜੇੜੇ ਮੁਕਬਲ ਬਟਨ (ਐਸ.ਪੀ. ਵਾਰਬਰਟਨ) ਨੇ ਛੱਡੇ ਹੋਏ ਸੇ ਤਿੰਨਾਂ ਨੇ ਥਾਣੇਦਾਰ ਚਾੜ੍ਹ ਆਂਦਾ। ਗੁਰੂ ਹਰੀ ਸਿੰਘ ਜੀ ਕੋ ਥਾਣੇਦਾਰ ਕੈਹਨੇ ਲੱਗਾ ਕਿ ਤੁਮਨੇ ਸਿੰਘ ਲੁਕਾਇਕੇ ਰੱਖੇ ਹੋਏ ਹੈਂ, ਤਲਾਸ਼ੀ ਦਿਓ। ਗੁਰੂ ਜੀ ਕਹਾ ਕਿ ਮੁਚਲਕਾ ਕੀਤਾ ਜਾਏ। ਜੇ ਨਾਂ ਸਿੰਘ ਨਿਕਲੇ ਤਾਂ ਚੁਗਲੀ ਕਰਨ ਬਾਲੇ ਕੋਲੋਂ ਭਰਿਆ ਜਾਏਗਾ।

“ਜੇੜੇ ਸਿੰਘ ਅੰਦਰ ਗੁਪਤ ਗੁਫਾ ਪੈ ਰੈਂਹਦੇ ਸੀ ਉਹਨਾਂ ਉਤੇ ਤਵੀ ਦੇ ਦਿੱਤੀ। ਗੁਰੂ ਜੀ ਕਹਾ-ਜੈਮਲ ਸਿੰਘ ਬੈਲਾਂ ਕੋ ਦਾਣਾ ਪਾਇਆ ਹੈ ਕਿ ਨਹੀਂ। ਜੈਮਲ ਸਿੰਘ ਨੇ ਸਮਝ ਲਿਆ ਬਚਨ ਤੇ ਕੈਹਨੇ ਲੱਗਾ ਜੀ ਪਾਇ ਆਉਂਦਾ ਹਾਂ। ਗੁਫਾ ਕੇ ਮੂੰਹ ਪਰ ਜੋ ਤਵੀ ਦਿੱਤੀ ਹੋਈ ਸੀ, ਉਸ ਪਰ ਛੋਲਿਆਂ ਦਾ ਢੇਰ ਲਾਇ ਦਿੱਤਾ। ਥਾਨੇਦਾਰ ਤਾਂ ਬਾਹਰ ਖੜਾ ਰਿਹਾ

ਕਿਉਂਕਿ ਮੁਸਲਮਾਨ ਸੀ, ਏਕ ਪੂਰਬੀਆ ਸਿਪਾਹੀ ਥਾ ਨਾਲ ਆਇਆ। ਅਖੰਡ ਪਾਠ ਵਾਲੀ ਕੋਠੜੀ ਦੇਖੀ ਕੋਈ ਸਿੰਘ ਨਹੀਂ ਹੈ। ਇਕ ਸਿੰਘ ਲਕੜੀਆਂ ਮੈਂ ਬੈਠਾ ਰਿਹਾ ਉਤੇ ਚਰੀ ਕੇ ਪੱਠੇ ਦਿੱਤੇ ਹੋਏ ਸੇ। ਦੇਖ ਤਾਂ ਲਿਆ ਸਪਾਹੀ ਨੇ ਕਿ ਸਿੰਘ ਹੈ ਪਰ ਹਿੰਦੂ ਹੋਣੇ ਕਰਕੇ ਖਿਮਾ ਕਰ ਗਿਆ। ਥਾਨੇਦਾਰ ਨੂੰ ਆਇ ਕਿਹਾ ਕਿ ਕੋਈ ਸਿੰਘ ਨਹੀਂ ਅੰਦਰ ਨਿੰਦਕਾਂ ਕੇ ਮੂੰਹ ਕਾਲੇ ਹੋਏ। ਸ਼ਰਮਿੰਦੇ ਹੋਏ ਕੇ ਸਾਡਾ ਕੈਹਣਾ ਝੂਠਾ ਹੋਇਆ ਹੈ।

"ਇਕ ਦਿਨ ਭੋਗ ਪਏ ਥੀਂ ਪਾਛੇ ਗੁਰੂ ਜੀ ਬਚਨ ਕੀਤਾ ਤੁਸੀਂ ਅਉਖੇ ਤਾਂ ਨਹੀਂ ਹੋ? ਸਿੰਘਾਂ ਨੇ ਕਿਹਾ ਕਿ ਗੁਰੂ ਕੀ ਕਾਰ ਮੇਂ ਅਸੀਂ ਕਿਉਂ ਅਉਖੇ ਹੋਣਾ ਹੈ। ਬਚਨ ਕੀਤਾ ਭਾਈ ਕਿਸੇ ਦਿਨ ਨੂੰ ਤੁਹਾਡੇ ਨਾਮ ਸਾਖੀਆਂ ਮੈਂ ਲਿਖੇ ਜਾਣਗੇ।

"ਪਾਠੀਆਂ ਸਿੰਘਾਂ ਕੇ ਨਾਮ (1) ਬਸੰਤ ਸਿੰਘ, ਦੋਹਤਾ ਸਤਿਗੁਰੂ (ਰਾਮ ਸਿੰਘ) ਜੀ ਦਾ (2) ਬੀਰ ਸਿੰਘ ਸਿਆੜੀਆ (3) ਨਰੈਨ ਸਿੰਘ, ਦੋਹਤਾ ਗੁਰੂ ਹਰੀ ਸਿੰਘ ਜੀ ਕਾ (4) ਧੰਨਾ ਸਿੰਘ ਗੁਮਟੀ ਵਾਲਾ (5) ਹਰਨਾਮ ਸਿੰਘ ਭੰਮਾਂ ਬਦੀ ਕਾ (6) ਹੀਰਾ ਸਿੰਘ ਮੂੰਡੀਆਂ ਕਾ (7) ਘਨਈਆ ਸਿੰਘ ਬਿਲਗੇ ਵਾਲਾ (8) ਗੁਰਦਿਤ ਸਿੰਘ ਮਹੰਤ ਮੋਰੋਂ ਕਾ। ਅੱਠ ਹੀ ਨਾਲ ਧੁਧੀਏ ਥੇ।"[8]

ਇਸ ਸਮੇਂ ਪੁਲਿਸ ਅਤੇ ਗੁਰਦੁਆਰੇ ਵਿਚ ਰਹਿਣ ਵਾਲੇ ਕੂਕੇ ਸਿੰਘ, ਇਕ ਦੂਜੇ ਨਾਲ ਲੁਕਣਮੀਟੀ ਖੇਡਦੇ ਰਹਿੰਦੇ ਸਨ। ਡੇਰੇ ਵਿਚ ਅਣ ਅਧਿਕਾਰਿਤ ਤੌਰ ਤੇ ਪਾਠਾਂ ਅਤੇ ਲੰਗਰ ਆਦਿ ਦੀ ਸੇਵਾ ਲਈ ਰਹਿਣ ਵਾਲੇ ਸਿੰਘਾਂ ਨੂੰ ਪੁਲਿਸ, ਇੱਥੋਂ ਖਦੇੜਨ ਦਾ ਹਰ ਸੰਭਵ ਯਤਨ ਕਰਦੀ ਰਹਿੰਦੀ ਸੀ। ਅੰਗਰੇਜ਼ ਸਰਕਾਰ ਦੀ ਪੁਲਿਸ ਸਮਝਦੀ ਸੀ ਕਿ ਕੂਕਿਆਂ ਦੁਆਰਾ ਗੁਰਬਾਣੀ ਦੇ ਪਾਠਾਂ ਅਤੇ ਹੋਰ ਧਾਰਮਿਕ ਰਸਮਾਂ ਕਰਨ ਸਦਕਾ, ਉਹਨਾਂ ਵਿਚ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਇਸ ਤਰ੍ਹਾਂ ਉਹ ਇਕੱਠੇ ਹੋ ਕੇ ਆਪਣੇ ਨਿਰਵਾਸਿਤ ਸਤਿਗੁਰੂ ਜੀ ਦੀ ਦੇਸ਼ ਵਾਪਸੀ ਨੂੰ ਸੰਭਵ ਬਨਾਉਣ ਲਈ, ਸਾਡੇ ਰਾਜ ਵਿਰੁੱਧ ਗੋਂਦਾ ਗੁੰਦਣ ਵਿਚ ਮਸ਼ਗੂਲ ਰਹਿੰਦੇ ਹਨ। ਇਹੋ ਵਜ੍ਹਾ ਸੀ ਕਿ ਕੂਕਿਆਂ ਦੀਆਂ ਚੋਰੀ ਛਿਪੇ ਕੀਤੀਆਂ ਜਾਂਦੀਆਂ, ਧਾਰਮਿਕ ਸਰਗਰਮੀਆਂ ਵਿਚੋਂ ਵੀ ਵੇਲੇ ਦੇ ਹਾਕਮਾਂ ਨੂੰ ਬਗਾਵਤ ਦੀ ਗੰਧ ਆਉਂਦੀ ਸੀ।

"ਭਮਾਬਦੀ ਮੈਂ ਅਨੰਦ ਸੀ। ਸਿੰਘ ਰਾਮਦਾਸ ਪੁਰੇ ਸੇ ਸੱਦ ਭੇਜੇ। ਪਾਂਚ ਸਿੰਘ ਜਾਣੇ ਸੇ। ਸਿੰਘਾਂ ਨੇ ਕਿਹਾ ਕਿ ਗੁਰੂ ਜੀ ਕਾ ਦਰਸ਼ਨ ਕਰਕੇ ਜਾਮਾਂਗੇ। ਗੁਰੂ ਜੀ ਪਾਠ ਕਰਦੇ ਸੇ। ਮਾਈ ਘੁੱਲੀ ਨੇ ਦਰਵੱਜ਼ਾ ਬੰਦ

ਕੀਤਾ। ਸਿੰਘ ਉਤੇ ਚੜ੍ਹੇ ਪੌੜੀਆਂ ਸੇ। ਕਾਣਾ ਹੌਲਦਾਰ ਦੇਖਦਾ ਸੀ ਤਖਤੇ ਦੀਆਂ ਬਿਰਲਾਂ ਥਾਣੀਂ। ਧੰਨਾ ਸਿੰਘ ਕੋਨੇ ਮੇਂ ਖੜਾ ਹੋਇਆ ਸੀ।ਹੌਲਦਾਰ ਨੇ ਦਰਵੱਜਾ ਖੁਲਾਇਆ ਤਾਂ ਉਤੇ ਚੜ੍ਹ ਗਿਆ ਚੁਬਾਰੇ ਮੇਂ। ਹਜਾਰਾ ਸਿੰਘ ਛਾਲ ਮਾਰਕੇ ਹੇਠਾਂ ਲੰਗਰ ਮੇਂ ਜਾਇ ਬੜਿਆ। ਨਰੈਣ ਸਿੰਘ ਬੀਬੀ (ਨੰਦਾਂ) ਕੀ ਪੌੜੀ ਉਤਰ ਗਿਆ।ਦੋ ਸਿੰਘ, ਜਿੱਥੇ ਗੁਰੂ ਜੀ ਪਾਠ ਕਰਦੇ ਹੈ ਚੁਬਾਰੇ ਮੇਂ ਹਰਨਾਮ ਸਿੰਘ ਤੇ ਖਾਨ ਸਿੰਘ, ਗੁਰੂ ਮਹਾਰਾਜ ਜੀ ਆਪਣੇ ਪਿੱਛੇ ਲੰਬੇ ਪਾਇਕੇ ਉੱਤੇ ਬਸਤਰ ਪਾਇ ਦੀਆ। ਤੁਰਕ ਦੇਖੇ ਜੋ ਸਿੰਘ ਹੈਂ ਨਹੀਂ। ਹੌਲਦਾਰ ਨੇ ਕਿਹਾ ਜੀ ਏਥੇ ਸਿੰਘ ਆਏ ਹੈਂ। ਬਚਨ ਹੋਇਆ ਦੇਖ ਲੈ ਜਿੱਥੇ ਹੈਨ। ਕੈਹਨ ਲੱਗਾ ਮੈਂ ਕੈਂਹਦਾ ਕੁਝ ਨਹੀਂ, ਮੈਨੂੰ ਦਿਖਾਲ ਦੇਵੋ।ਵੈਦਾ ਕਰਕੇ ਉਤੋਂ ਬਸਤਰ ਲਾਹਿਆ। ਸਿੰਘ ਉਠ ਖੜੇ ਹੋਇ ਗੁਰੂ ਜੀ ਕੇ ਕੈਹਣੇ ਸੇ। ਦੇਖਕੇ ਸਿੰਘਾਂ ਨੂੰ ਜਲ ਬਲ ਗਿਆ। ਕੈਹਣੇ ਲੱਗਾ ਇਸੀ ਬਖਤ ਤੋਰ ਦਿਓ। ਸਿੰਘਾਂ ਨੇ ਜਾਨਾ ਥਾ ਈ, ਲੁਕ ਕੇ ਨਿਕਲਨਾ ਥਾ, ਗੁਰੂ ਜੀ ਪ੍ਰਗਟ ਹੀ ਤੋਰ ਦੀਏ। ਸਿੰਘਾਂ ਨੇ ਜਾਇ ਅਨੰਦ ਪੜ੍ਹਾਇਆ।"[੭]

ਕੁਝ ਮੁਖਬਰ ਪੁਲਿਸ ਦੇ ਡੇਰੇ ਵਿਚ, ਪੱਕੇ ਤੌਰ ਤੇ ਰਹਿੰਦੇ ਸਨ, ਈਸ਼ਰ ਸਿੰਘ ਰਵਿਦਾਸੀਆ ਦੁਰਗਾਪੁਰ, ਠਾਕੁਰ ਸਿੰਘ ਛੀਂਬਾ ਸਢੌਰਾ ਅਤੇ ਮਾਈ ਕਰਮ ਕੌਰ ਜੱਟੀ ਲੋਹਗੜ੍ਹ ਦੀ। ਇਹਨਾਂ ਨੂੰ ਸੱਤ ਤੋਂ ਦਸ ਰੁਪੈ ਮਹੀਨਾ ਕੂਕਿਆਂ ਵਿਰੁੱਧ ਮੁਖਬਰੀ ਕਰਨ ਦੇ ਮਿਲਦੇ ਸਨ। ਗੁਰੂ ਹਰੀ ਸਿੰਘ ਜੀ ਇਹਨਾਂ ਦੀ ਕਾਰਗੁਜ਼ਾਰੀ ਤੋਂ ਭਲੀ ਭਾਂਤ ਪਰਿਚਿਤ ਸਨ ਪਰ ਇਹ ਜਾਣਕੇ ਚੁੱਪ ਕਰ ਰਹਿੰਦੇ ਸਨ ਕਿ ਇਹਨਾਂ ਦਾ ਰੁਜ਼ਗਾਰ ਬਣਿਆ ਹੋਇਆ ਹੈ। ਪੱਖੋਵਾਲ ਦਾ ਨਗੀਨਾ ਸਿੰਘ ਵੀ ਕਦੇ ਕਦਾਈ ਆਉਂਦਾ ਅਤੇ ਪੁਲਿਸ ਦਾ ਹੱਥ ਠੋਕਾ ਸੀ। ਬੀਬੀ ਨੰਦਾਂ, ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਵੀ ਆਪਣੇ ਚਾਚੇ, ਗੁਰੂ ਹਰੀ ਸਿੰਘ ਜੀ ਦਾ ਡੇਰੇ ਦੇ ਵਿਚ ਰਹਿ ਕੇ ਵੀ ਗਾਹੇ ਬਗਾਹੇ ਵਿਰੋਧ ਕਰਨ ਦਾ ਕੋਈ ਮੌਕਾ ਨਾ ਖੁੰਝਾਉਂਦੀ। ਇਸ ਲਈ ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਉਹਨਾਂ ਦੀ ਸੇਵਾ ਵਿਚ ਡੇਰੇ ਵਿਚ ਹਮੇਸ਼ਾਂ ਤਤਪਰ ਰਹਿਣ ਵਾਲੇ ਭਾਈ ਹਜਾਰਾ ਸਿੰਘ ਪਮਾਲ ਵਰਗੇ ਸਿਦਕੀ ਸਿੱਖ, ਬੀਬੀ ਨੰਦਾਂ ਦੀ ਅੱਖ ਦੀ ਕਿਰਕਿਰੀ ਸਨ, ਇਸ ਲਈ ਬੀਬੀ ਇਹਨਾਂ ਸਿੰਘਾਂ ਨੂੰ ਡੇਰੇ ਵਿਚੋਂ ਬਾਹਰ ਕਰਨ ਲਈ, ਪੁਲਿਸ ਕਾਰਵਾਈ ਨੂੰ ਵੀ ਉਕਸਾਉਂਦੀ ਰਹਿੰਦੀ ਸੀ। ਸਰਕਾਰੀ ਮੁਖਬਰ, ਬੀਬੀ ਨੰਦਾਂ ਅਤੇ ਕੂਕਿਆਂ ਨੂੰ ਪਰਤਾੜਿਤ ਕਰਨ ਵਾਲੀ ਬਾਰਬਟਨ ਦੀ ਪੁਲਿਸ ਇਹਨਾਂ ਦੇ ਚੱਕਰਵਿਊਹ ਵਿਚ, ਭਾਈ ਹਜਾਰਾ ਸਿੰਘ ਨੂੰ ਕਈ ਵੇਰ ਫਸਾ ਲਿਆ ਜਾਂਦਾ। ਹਜਾਰਾ ਸਿੰਘ ਉਸ ਵਕਤ ਦਾ ਅਜੇਹਾ ਅਭਿਮੰਨਿਊ ਸੀ, ਜੋ ਉਸ ਚੱਕਰਵਿਊਹ ਨੂੰ ਭੇਦ ਕੇ, ਸਾਰੀਆਂ ਸਖਤੀਆਂ ਦਾ ਮੂੰਹ ਤੋੜ ਜੁਆਬ

ਦਿੰਦਾ ਹੋਇਆ, ਫਿਰ ਗੁਰੂ ਕੀ ਸੇਵਾ ਵਾਲੇ ਆਪਣੇ ਮੋਰਚੇ ਤੇ ਭੈਣੀ ਸਾਹਿਬ ਆ ਕੇ ਡਟ ਜਾਇਆ ਕਰਦਾ ਸੀ।

"ਹਜਾਰਾ ਸਿੰਘ ਲਾਂਗਰੀ ਥਾ। ਏਕ ਦਿਨ ਮੁਕਬਲ ਨੇ ਹੌਲਦਾਰ ਨੂੰ ਕਹਾ ਕਿ ਇਸ ਵਕਤ ਹਜਾਰਾ ਸਿੰਘ ਗੁਰੂ ਜੀ ਕਾ ਇਸ਼ਨਾਨ ਕਰਾਉਂਦਾ ਹੈ। ਹੁਨ ਮੌਕਾ ਹੈ ਫੜਨੇ ਕਾ। ਦੋ ਸਪਾਹੀ ਬਾਹਰ ਖੜੇ ਕੀਤੇ, ਹੌਲਦਾਰ ਅੰਦਰ ਜਾ ਕੇ ਕਹਿਣਾ ਲੱਗਾ ਹੁਣ ਨਹੀਂ ਜਾਣ ਦੇਵਾਂਗੇ। ਛੱਤ ਉਤੇ ਚੜਕੇ ਹਜਾਰਾ ਸਿੰਘ ਨੇ ਛਾਲ ਮਾਰੀ ਬਾਹਰ ਨੂੰ। ਜਾਂ ਸਪਾਹੀ ਬਾਹਰ ਨੂੰ ਨਿਕਲੇ ਤਾਂ ਹਜਾਰਾ ਸਿੰਘ ਅੰਦਰ ਲੰਗਰ ਮੈਂ ਆਇ ਬੜਿਆ। ਪੱਖੋਵਾਲ ਦੇ ਨਗੀਨਾ ਸਿੰਘ ਨੇ ਚੁਗਲੀ ਕੀਤੀ ਸੀ, ਮਾਰ ਕੁੱਟ ਕੇ ਬਾਹਰ ਕਰ ਦੀਆ ਡੇਰੇ ਤੇ।

"ਏਕ ਸਮੇਂ ਦਰਵੱਜ਼ੇ ਨਿਕਲਦੇ ਕੋ ਫੜ ਲਿਆ ਹਜਾਰਾ ਸਿੰਘ ਕੋ। ਸਾਹਨੇ (ਵਾਲ) ਸੋ ਲੁਧਿਆਣੇ ਭੇਜ ਦੀਆ। ਤੀਨ ਮਹੀਨੇ ਹਵਾਲਾਟ ਮੈਂ ਰੱਖਿਆ। ਏਈ ਪੁੱਛਣ ਤੂੰ ਰਾਮਦਾਸਪੁਰੇ (ਭੈਣੀ ਸਾਹਿਬ) ਕਿਉਂ ਰਹਿੰਦਾ ਹੈਂ। ਹਜਾਰਾ ਸਿੰਘ ਨੇ ਕਹਿਣ ਸਾਡਾ ਗੁਰਦੁਆਰਾ ਹੈ। ਫੇਰ ਛੋੜ ਦੀਆ ਤੇ ਕਹਾ ਕਿ ਆਪਣੇ ਪਿੰਡ ਚਲੇ ਜਾਓ। ਜੇ ਰਾਮਦਾਸਪੁਰੇ ਗਿਆ ਤਾਂ ਤੁਮਕੋ ਕੈਦ ਕਰਾਂਗੇ। ਉਹ ਫੇਰ ਰਾਮਦਾਸਪੁਰੇ ਲੰਗਰ ਮੇਂ ਆਨ ਹਾਜਰ ਹੋਇਆ।

"ਇਕ ਦਿਨ ਕੰਧ ਦੇ ਉਪਰ ਦੀ ਚੜ੍ਹਦੇ ਹਜਾਰਾ ਸਿੰਘ ਦੀ ਲੱਤ ਫੜ ਲਈ ਤੁਰਕ (ਸਿਪਾਹੀ) ਨੇ। ਉਹ ਹੇਠਾਂ ਨੂੰ ਖਿਚੇ, ਸਿੰਘ ਉੱਤੇ ਨੂੰ ਖਿਚੇ। ਨਾਲ ਹੀ ਤੁਰਕ ਉਪਰ ਚੁਕਿਆ ਗਿਆ। ਤੁਰਕ ਕੇ ਹੱਥ ਛੁੱਟ ਗਏ। ਸਿੰਘ ਇਸ਼ਨਾਨ ਕਰਕੇ ਲੰਗਰ ਮੇਂ ਆਨ ਹਾਜਰ ਹੋਇਆ।

"ਇਕ ਦਿਨ ਹਜਾਰਾ ਸਿੰਘ ਨੇ ਗ੍ਰੰਥੀਆਂ ਨੂੰ ਕਹਿਆ, ਤੁਸੀਂ ਲੰਗਰ ਬਰਤਾਵੋ। ਆਪਸ ਮੈਂ ਲੜ ਪਏ, ਗੁਰੂ ਜੀ ਪਾਸ ਆਏ। ਗੁਰੂ ਜੀ ਚੁਬਾਰੇ ਮੈਂ ਪਾਠ ਕਰਦੇ ਹੈਂ। ਮਗਰ ਹੌਲਦਾਰ ਕਾਣਾ ਆਇਆ।ਹਜਾਰਾ ਸਿੰਘ ਕੋ ਗੁਰੂ ਜੀ ਆਪਣੀਆਂ ਲੱਤਾਂ ਕੇ ਹੇਠੋਂ ਕੀ ਕਰਕੇ ਉਤੇ ਚਾਦਰ ਲੈ ਲਈ। ਜੇੜੇ ਗ੍ਰੰਥੀ ਸੇ ਉਹਨਾਂ ਨੂੰ ਫੜ ਕੇ ਲੈ ਗਏ। ਹਜਾਰਾ ਸਿੰਘ ਕੋ ਗੁਰੂ ਜੀ ਬਚਨ ਕੀਤਾ-ਤੂੰ ਨਾ ਲੰਗਰ ਵਿੱਚੋਂ ਨਿਕਲਿਆ ਕਰ। ਕੰਨਾਂ ਨੂੰ ਹੱਥ ਲਵਾਇਆ ਤੇ ਕਹਿਆ ਤੇਰੇ ਉਤੇ ਜ਼ੋਰ ਕਿਸੇ ਦਾ ਨਹੀਂ ਪੈਂਦਾ। ਫੇਰ ਲੰਗਰ ਮੇਂ ਜਾਇ ਹਾਜਰ ਹੋਇਆ। ਲੁਕ ਛਿਪ ਕੇ ਰਾਤ ਨੂੰ ਕੰਧਾਂ ਟੱਪਕੇ ਮਦਾਨ ਜਾਇ ਔਣਾਂ। ਇਸ਼ਨਾਨ ਕਰਕੇ ਹਰ ਵਖਤ ਹਾਜਰ ਰਹਿਣਾ ਲੰਗਰ ਮੇਂ। ਲੰਗਰ ਕਰਨਾ। ਅਖੰਡ ਪਾਠ ਭੀ ਹੁੰਦੇ ਰਹਿੰਦੇ ਹੈਂ। ਗੁਪਤ ਪੰਜਾਹ ਸਿੰਘ ਅੰਦਰ ਰਹਿੰਦੇ ਹੈਂ।

"ਹੌਲਦਾਰ ਨੇ ਕਾਂਉਂ ਵਾਂਗੂੰ ਨਿਗਾਹ ਰੱਖਣੀ। ਕਾਣੀ ਅੱਖ ਸੇ ਕਾਣੀ ਗੱਲ

ਕਰਦਾ ਸੀ ਜੋ ਕਰਦਾ ਸੀ ਪਰ ਹੱਥ ਕੁਛ ਨਹੀਂ ਆਇਆ। ਇਕ ਦਿਨ ਬੀਬੀ ਨੰਦਾਂ ਨੇ ਹੌਲਦਾਰ ਨੂੰ ਦੱਸਿਆ ਕਿ ਹਜਾਰਾ ਸਿੰਘ ਅੰਦਰ ਹੈ। ਹੌਲਦਾਰ ਨੇ ਥਾਨੇਦਾਰ ਨੂੰ ਸਦਾਇਆ। ਬੀਬੀ ਨੇ ਬਾਹੋਂ ਫੜਕੇ ਹਜਾਰਾ ਸਿੰਘ ਨੂੰ ਲਿਆਇ ਸਾਹਮਣੇ ਕੀਤਾ। ਸਪਾਹੀ ਨੇ ਹਥਕੜੀ ਲਾਈ। ਬੀਬੀ ਨੇ ਕਿਹਾ-ਦਾਦੇ ਮਘੌਣਿਆ ਲਿਆ ਓਧੀ ਫਰਿਯਾਦ। ਗੁਰੂ ਮਹਾਰਾਜ ਜੀ ਕਾ ਅੱਧਾ ਨਾਂ ਲੈ ਕੇ ਬੁਲਾਉਂਦੀ ਹੁੰਦੀ ਸੀ ਕਦੇ ਕਦੇ। ਹਜਾਰਾ ਸਿੰਘ ਨੇ ਕਿਹਾ-ਤੂੰ ਕੌਣ ਹੁੰਦੀ ਹੈਂ, ਅਕਾਲ ਪੁਰਖ ਮੇਰੇ ਨਾਲ ਹੈ।

"ਗੁਰੂ ਜੀ ਬਚਨ ਕੀਤਾ-ਥਾਨੇਦਾਰਾ ਇਹਨੂੰ ਜਿੱਥੋਂ ਕਹੋਗੇ ਉਥੇ ਹੀ ਪੁਚਾਇ ਦਿੰਦੇ ਹੈਂ, ਹਥਕੜੀ ਨਾਂ ਮਾਰੋ। ਹਥਕੜੀ ਲੁਹਾਇ ਦਿੱਤੀ। ਸਪਾਹੀ ਲੈ ਗਏ। ਦੋ ਮਹੀਨੇ ਹਵਾਲਾਤ ਮੈਂ ਰੱਖਿਆ। ਏਹ ਪੁੱਛਣ ਤੇਰਾ ਕੋਈ ਬਿਆਨ ਹੈ? ਹਜਾਰਾ ਸਿੰਘ ਨੇ ਕਿਹਾ ਕੋਈ ਸੁਨੇ ਤਾਂ ਕਹੀਏ। ਕਹਾ ਕੇ ਹੌਲਦਾਰ ਨੇ ਮੈਨੂੰ ਆਪੇ ਕਿਹਾ-ਸ਼ਰਦਾਈ ਛਕਾਓ ਤਾਂ ਮੈਂ ਏਧੇ ਕਹੇ ਸੇ ਅੰਦਰ ਬੜਿਆ ਹਾਂ। ਮੈਂ ਏਮੇਂ ਕਿਉਂ ਬੜਨਾ ਸੀ? ਏਨੂੰ ਕਿਹਾ-ਸ਼ਰਦਾਈ ਲੈ। ਆਪੇ ਈ ਹਥਕੜੀ ਲਾਇ ਲਈ। ਹਾਕਮ ਜ਼ਿਲ੍ਹੇ ਨੇ ਕਿਹਾ ਕਿ ਜਾਓ ਤੁਮ ਬਰੀ ਅਰ ਤੁਮਨੇ ਰਾਮਦਾਸਪੁਰੇ ਕੀ ਹੱਦ ਮੈਂ ਕਦੀ ਨਹੀਂ ਬੜਨਾ। ਫੇਰ ਜੇ ਕਦੇ ਦੇਖਿਆ ਤਾਂ ਫੜਕੇ ਕੈਦ ਕਰਾਂਗੇ। ਆਪਣੇ ਘਰ ਕੋ ਚਲਾ ਜਾਹ।ਜਿਉਂ ਚਲਿਆ ਹੈ ਹਜਾਰਾ ਸਿੰਘ ਰਾਤੋ ਰਾਤ ਅੰਦਰ ਲੰਗਰ ਮੈਂ ਆਇ ਬੜਿਆ।ਗਮ ਨਹੀਂ ਕੀਤਾ।"[10]

ਮਾਲੂਮ ਹੁੰਦਾ ਹੈ ਕਿ ਭਾਈ ਹਜਾਰਾ ਸਿੰਘ ਪਮਾਲ ਕੂਕਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਵਾਰੇ ਪਹਿਰੇ ਵਿਚ ਹੀ ਸਜ ਚੁੱਕਾ ਸੀ। ਸਤਿਗੁਰੂ ਵਿਛੋੜੇ ਦੇ ਅਣਿਆਲੇ ਤੀਰ ਉਸਦੇ ਬਿਰਹੋਂ ਕੁੱਠੇ ਹਿਰਦੇ ਨੂੰ ਵਿੰਨ੍ਹਦੇ ਰਹਿੰਦੇ ਸਨ, ਇਸ ਲਈ ਜਿੱਥੇ ਸਤਿਗੁਰੂ ਜੀ ਦੇ ਪਿਆਰੇ ਅੱਠੇ ਪਹਿਰ ਉਹਨਾਂ ਦੇ ਨਾਮ ਦਾ ਵਿਰਦ ਕਰਦੇ ਰਹਿੰਦੇ ਸਨ, ਹਜਾਰਾ ਸਿੰਘ ਦਾ ਚਿੱਤ ਵੀ ਉਥੇ ਹੀ ਖੇੜੇ ਅਤੇ ਹੁਲਾਸ ਵਿਚ ਆਉਂਦਾ ਸੀ, ਇਸ ਲਈ ਉਹ ਆਪਣੇ ਘਰ ਦਾ ਲਟਾਕਾ ਛੱਡ ਕੇ, ਹਾਕਮਾਂ ਦੇ ਰੋਕਣ ਦੇ ਬਾਵਜੂਦ ਵੀ ਵਾਰ ਵਾਰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦਾ ਟਿਕਾਣਾ ਜਾ ਮੱਲਦਾ ਸੀ। ਪਰਤੱਖ ਹੈ ਕਿ ਉਸਦੇ ਸਿੱਖੀ ਸਿਦਕ ਅਤੇ ਸੇਵਾ ਭਾਵ, ਮੁਕੰਮਲ ਸਮਰਪਣ ਨੂੰ ਵੇਖ ਕੇ, ਗੁਰੂ ਹਰੀ ਸਿੰਘ ਜੀ ਵੀ ਉਸਦੀ ਕੰਡ ਤੇ ਆਪਣਾ, ਵਰਦ ਹਸਤ ਰੱਖਕੇ, ਉਸ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣ ਦਾ ਵਰਦਾਨ ਦਿਆ ਕਰਦੇ ਸਨ ਨਹੀਂ ਤਾਂ ਕਿਹੜਾ ਮਾਈ ਦਾ ਲਾਲ ਹੈ ਜੋ ਕਦੇ ਤਿੰਨ ਮਹੀਨੇ, ਕਦੇ ਦੋ ਮਹੀਨੇ ਲਗਾਤਾਰ ਜਿਹਲ ਜੀਵਨ ਦੀਆਂ ਸਖਤੀਆਂ ਭੁਗਤ ਕੇ ਵੀ ਮੁੜ ਉਹੋ 'ਗੁਨਾਹ' ਖਿੜੇ ਮੱਥੇ ਕਰੇ, ਜਿਸ ਲਈ ਉਸਨੂੰ ਹਰ ਵਾਰ ਖਿੱਚ

ਧੂਹ, ਧੌਲ ਧੱਫਾ, ਮਾਰਕੁੱਟ, ਬਦਕਲਾਮੀ ਸੁਣਨੀ ਅਤੇ ਸੀਖਾਂ ਪਿੱਛੇ ਹੋ ਕੇ, ਬੰਦੀ ਜੀਵਨ ਬਿਤਾਉਣਾ ਪਵੇ। ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਦੇ ਕੂਕੇ ਸੰਗਰਾਮੀਆਂ ਦਾ ਜੀਵਨ, ਸੰਘਰਸ਼ ਦੀ ਜਿਸ ਕੁਠਾਲੀ ਵਿਚ ਪੈ ਕੇ ਕੁੰਦਨ ਬਣ ਗਿਆ ਸੀ, ਭਾਈ ਹਜਾਰਾ ਸਿੰਘ ਦੀ ਲੰਮੀ ਘਾਲਣਾ ਵੀ ਉਸੇ ਪਿੜ ਵਿਚ ਪਰਵਾਨ ਚੜ੍ਹੀ ਸੀ। ਉਹ ਸਤਿਗੁਰੂ ਸੱਜਣ ਦੀਆਂ ਬਾਤਾਂ ਸੁਣਨ ਲਈ ਹੀ ਕੂਕੇ ਮਰਜੀਵੜਿਆਂ ਦੀ ਇਸ ਬਸਤੀ ਦੇ ਬਾਸ਼ਿੰਦੇ ਬਣਨ ਵਿਚ, ਆਪਣਾ ਧੰਨ ਭਾਗ ਸਮਝਦੇ ਸਨ–

"ਜਿਸ ਦਾ ਦਰਦ ਤਿਸੇ ਹੱਥ ਦਾਰੂ,

ਹੋਰ ਕੌਣ ਤਬੀਬ ਗੰਵਾਵੇ?

ਕੂਕ ਦਿਲਾ ! ਕੋਈ ਕੂਕ ਕਹਿਰ ਦੀ,

ਮਤ ਸਾਹਿਬ ਸੁਣ ਪਾਵੇ !

ਮੁੱਦਤਾਂ ਗੁਜ਼ਰ ਗਈਆਂ ਮੁੱਖ ਡਿੱਠਿਆਂ,

ਮੇਰਾ ਦਿਲਬਰ ਨਜ਼ਰ ਨਾ ਆਵੇ

ਹਾਸ਼ਮ ਹੋਗੁ ਕੋਈ ਦਿਨ ਐਸਾ,

ਮੇਰਾ ਦਿਲਬਰ ਲਏ ਕਲਾਵੇ।70।"–ਦੋਹੜੇ ਹਾਸ਼ਮ ਸ਼ਾਹ

ਇਸ ਸਮੇਂ ਭੈਣੀ ਸਾਹਿਬ ਦੀ ਪੁਲਿਸ ਚੌਂਕੀ ਦੇ ਕੁਝ ਕੱਬੇ ਮੁਲਾਜ਼ਮਾਂ ਨੇ ਸਰਕਾਰੀ ਸ਼ਹਿ ਉੱਤੇ, ਕੂਕਿਆਂ ਦਾ ਨੱਕ ਵਿਚ ਦਮ ਕਰ ਛੱਡਿਆ ਸੀ। ਜਿਸ ਕਾਣੇ ਹੌਲਦਾਰ ਦਾ ਉੱਪਰ ਜ਼ਿਕਰ ਆਇਆ ਹੈ, ਉਹੋ ਜਿਹਾ ਹੀ ਇਕ ਹੌਲਦਾਰ, ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ, ਲਾਹੌਰ ਦਰਬਾਰ ਦੇ ਕਿਸੇ ਜੰਗੀ ਬੇੜੇ ਵਿਚੋਂ ਵਿਹਲਾ ਹੋ ਕੇ, ਪੰਜਾਬ ਪੁਲਿਸ ਵਿਚ ਆ ਭਰਤੀ ਹੋਇਆ ਸੀ। ਉਹ ਕੂਕਾ ਬਗਾਵਤ ਨੂੰ ਕੁਚਲ ਦੇਣ ਦੇ ਦਮਗਜੇ ਮਾਰਦਾ ਸੀ। ਸਿੰਘਾਂ ਦੀ ਇੱਥੇ ਆ ਕੇ, ਬਹੁਤ ਲਾਹ ਪਾਹ ਵੀ ਕਰਦਾ ਸੀ। ਉਸ ਦੀ ਸਖਤੀ ਦਾ ਵੀ ਭਾਈ ਹਜਾਰਾ ਸਿੰਘ ਨੂੰ ਹੋਰ ਸਿੰਘਾਂ ਦੇ ਨਾਲ ਹੀ ਸ਼ਿਕਾਰ ਹੋਣਾ ਪਿਆ। ਜੇ ਕਿਤੇ ਪੁਲਿਸ ਮੁਲਾਜ਼ਮ ਖਿਲਾਫ਼ ਸਿੰਘ ਵੱਡੇ ਅਫਸਰਾਂ ਨੂੰ ਸ਼ਕਾਇਤ ਵੀ ਕਰਦੇ ਤਾਂ ਚੌਕੀ ਦੇ ਮੁਲਾਜ਼ਮ ਕਹਿੰਦੇ ਕਿ ਭਾਵੇਂ ਵਲਾਇਤ ਤੱਕ ਅਰਜ਼ੀਆਂ ਪਾਉ, ਆਖਿਰ ਇਹ ਆਉਣੀਆਂ ਤਾਂ ਸਾਡੇ ਪਾਸ ਹੀ ਹਨ। ਪਾਣੀ ਤਾਂ ਇਹਨਾਂ ਪੁਲਾਂ ਹੇਠ ਦੀ ਹੀ ਲੰਘੇਗਾ। ਫਿਰ ਵੀ ਕਦੇ ਕਦੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਸਿੰਘ ਇਹੋ ਜਿਹੇ ਜ਼ਾਲਮ ਹੌਲਦਾਰ ਨੂੰ ਗਲੋਂ ਲਾਹੁਣ ਵਿਚ ਸਫਲ ਹੋ ਜਾਂਦੇ ਸਨ। ਉਸ ਵੇਲੇ ਦੀਆਂ ਦਰਦ ਕਹਾਣੀਆਂ ਭਾਈ ਸੰਤੋਖ ਸਿੰਘ ਬਾਹੋਵਾਲ ਆਪਣੀ

ਚਿਰ ਕਾਲਿਕ ਜਿਊਣ ਵਾਲੀ ਰਚਨਾ ਵਿਚ, ਕਾਨੀ ਬੰਦ ਕਰ ਗਏ ਹਨ।

"ਜਾਂ ਲਾਹੌਰ ਵਾਲਾ ਬੇੜਾ ਟੁੱਟਾ ਸੀ ਤਾਂ ਏਕ ਹੰਕਾਰੀ ਪੁਰਸ਼ ਲੁਧਿਆਣੇ ਆਇ ਰਿਹਾ ਸੀ। ਨੌਕਰ ਹੌਲਦਾਰ ਸੀ। ਉਸਨੇ ਫਰੰਗੀ ਨੂੰ ਕਿਹਾ ਕਿ ਮੈਨੂੰ ਭੇਜੋ ਭੈਣੀ ਮੈਂ ਮੁਸ਼ਕ ਨਹੀਂ ਛਡੂੰਗਾ। ਫਰੰਗੀ ਨੇ ਭੇਜ ਦੀਆਂ। ਰਾਮਦਾਸਪੁਰ ਆਇਕੇ ਸਿੰਘਾਂ ਕੀ ਬੇਅਦਬੀ ਕਰਨੇ ਲਗਾ। ਜੈਮਲ ਸਿੰਘ ਨੂੰ ਮੂੰਹ ਉਤੇ ਤਮਾਚਾ ਮਾਰਿਆ ਕਿ ਤੂੰ ਅੰਦਰ ਕਿਉਂ ਬੜਿਆ ਸੀ। ਬੇਇਜ਼ਤੀ ਕਰੇ ਅਰ ਜ਼ੁਲਮ ਉਪਰ ਹੀ ਲੱਕ ਬੰਨਿਆ, ਆਪਣਾ ਜ਼ੋਰ ਜਣਾਵੇ। ਹੰਕਾਰ ਦੀਆਂ ਬਾਤਾਂ ਕਰਨੀਆਂ।ਹਜਾਰਾ ਸਿੰਘ ਅੰਦਰ ਰਹਿੰਦਾ ਸੀ। ਉਹ ਭੀ ਇਕ ਵਾਰ ਅੜਿਕੇ ਆਇ ਗਿਆ ਸੀ ਪਰ ਉਤੋਂ ਦੀ ਛਾਲ ਮਾਰ ਕੇ ਨੱਸ ਗਿਆ। ਗੁਲਾਬ ਸਿੰਘ ਆਇਆ ਹੋਇਆ ਸੀ। ਅੱਠ ਪਹਿਰ ਗੁਜ਼ਰੇ ਤਾਂ ਅਗਲੇ ਦਿਨ ਦਸ ਵਜੇ ਨਿਕਲਿਆ। ਹੌਲਦਾਰ ਗਾਲਾਂ ਕੱਢਣੇ ਲੱਗਾ ਤੈਨੇਂ ਸੂਰਜ ਚੜ੍ਹੇ ਹੀ ਚਲੇ ਜਾਣਾ ਸੀ, ਹੁਣ ਦਸ ਵਜੇ ਨਿਕਲਿਆ ਹੈਂ।

"ਗੁਰੂ ਜੀ ਜੋ ਬਾਤ ਸੀ ਸੋ ਸੁਣੀ ਕਿ ਗੁਲਾਬ ਸਿੰਘ ਨੂੰ ਭੀ ਗਾਲਾਂ ਕੱਢੀਆਂ ਹੈਂ। ਬਚਨ ਕੀਤਾ ਏਸਨੇ ਬੜਾ ਦੁੱਖ ਦਿੱਤਾ ਹੈ ਤੇ ਗੁਲਾਬ ਸਿੰਘ ਨੂੰ ਕਿਹਾ ਕਿ ਤੂੰ ਅਰਜ਼ੀ ਜਾਇਕੇ ਦੇ ਕਿ ਏਨੇ ਬਹੁਤੇ ਸਿੰਘਾਂ ਕੀ ਪੱਤ ਲਾਹੀ ਹੈ। ਗੁਲਾਬ ਸਿੰਘ ਖੁਮਾਣੋਂ ਵਾਲੇ ਨੇ ਅਰਜੀ ਪਾਈ ਕਿ ਮੇਰੀ ਕੁੜੀ ਮੈਥੋਂ ਕਿਉਂ ਰਾਤ ਜੁਦਾ ਰੱਖੀ ਹੈ ਅਰ ਮੇਰੇ ਉਤੇ ਕਿਉਂ ਥੁੱਕਿਆ ਹੈ। ਮੇਰਾ ਧਰਮ ਬਿਗਾੜਿਆ ਹੈ ਨਾਲੇ ਮੈਨੂੰ ਗਲਾਂ ਕੱਢੀਆਂ ਹੈ। ਬੇਇਜ਼ਤੀ ਕੀਤੀ ਹੈ। ਬਹੁਤੇ ਸਿੰਘਾਂ ਕੋ ਮਾਰਦਾ ਹੈ ਨਾਲੇ ਗਾਲਾਂ ਕੱਢਦਾ ਹੈ।

"ਜਿਲੇ ਵਾਲੇ ਫਰੰਗੀ ਨੇ ਤਸੀਲਦਾਰ ਪਾਸ ਮੁਕੱਦਮਾ ਭੇਜਿਆ। ਤਸੀਲਦਾਰ ਨੇ ਪੜ੍ਹ ਕੇ ਫੇਰ ਜਿਲੇ ਕੋਲ ਭੇਜਿਆ।ਜਿਲੇ ਕੋ ਨੰਬਰਦਾਰ ਸੁੱਖੂ ਨੇ ਕਿਹਾ ਕਿ ਜਾਲ ਸਾਜੀ ਹੈ। ਉਸੀ ਜ਼ਹਾਰ ਪਰ ਤੀਨ ਮਹੀਨੇ ਹਾਜਰ ਰੱਖਿਆ ਹੌਲਦਾਰ ਭੀ ਤੇ ਸਿੰਘ ਭੀ। ਨੰਬਰਦਾਰ ਨੇ ਜੋ ਕਿਹਾ ਸੀ ਕਿ ਜਾਲਸਾਜੀ ਕਰੀ ਹੋਈ ਹੈ ਉਸ ਬੋਲੇ ਪਰ ਅਰਜੀ ਖਾਰਜ ਕਰ ਦਿੱਤੀ। ਫੇਰ ਲਾਹੌਰ ਜਾਇ ਅਪੀਲ ਕੀਤੀ। ਤਿੰਨ ਮਹੀਨੇ ਓਥੇ ਰਿਹਾ ਹੌਲਦਾਰ। ਫੇਰ ਨਹੀਂ ਮੁੜਕੇ ਆਇਆ। ਗੁਰੂ ਜੀ ਥੋੜੇ ਹੀ ਚਿਰ ਬਿਚ ਗਲੋਂ ਬਲਾਇ ਲਾਹ ਦਿੱਤੀ।[11]

ਯਾਦ ਰਹੇ ਕਿ ਇਹ ਪੁਲਿਸ ਚੌਕੀ ਗੁਰਦੁਆਰਾ ਭੈਣੀ ਸਾਹਿਬ ਦੇ ਬੂਹੇ ਅੱਗੇ 19 ਜਨਵਰੀ 1872 ਈ. ਤੋਂ ਤਾਇਨਾਤ ਕੀਤੀ ਗਈ ਸੀ ਅਤੇ ਕੌਮੀ ਅੰਦੋਲਨ ਦੇ ਜ਼ੋਰ ਫੜਨ ਤੇ ਕਿਤੇ ਜਾ ਕੇ, ਮਈ 1923 ਦੇ ਅਖੀਰ ਵਿਚ

ਚੁੱਕੀ ਗਈ ਸੀ। ਪੂਰੇ 51 ਸਾਲਾਂ ਤੋਂ ਵੱਧ ਸਮਾਂ, ਕਿਸੇ ਇਕ ਫਿਰਕੇ ਨੂੰ ਅੰਗਰੇਜ਼ ਸਰਕਾਰ ਨਾਲ ਆਢਾ ਲਾਉਣ ਦੇ ਦੋਸ਼ ਵਿਚ, ਜੋ ਸਰਕਾਰੀ ਪਾਬੰਦੀਆਂ, ਸਖਤੀਆਂ ਅਤੇ ਨਜ਼ਰ ਸਾਨੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ ਤਾਂ ਉਹ ਸ਼ਹੀਦੇ ਆਜ਼ਮ ਭਗਤ ਸਿੰਘ ਹੋਰਾਂ ਦੇ ਲਿਖਣ ਮੂਜਬ ਕੂਕਿਆਂ ਦਾ ਹੀ ਫ਼ਿਰਕਾ ਸੀ।[12] ਜਿਸ ਮੱਤ ਦੇ ਭਾਈ ਹਜਾਰਾ ਸਿੰਘ ਲਾਂਗਰੀ ਜਿਹੇ ਅਨੇਕ ਸੂਰਬੀਰਾਂ ਨੇ ਇਹ ਸਖਤੀਆਂ ਆਪਣੇ ਇਸ਼ਟ ਸਤਿਗੁਰੂ ਦੀ ਇਕ ਝਲਕ ਪਾਉਣ ਲਈ, ਖਿੜੇ ਮੱਥੇ ਬਰਦਾਸ਼ਤ ਕੀਤੀਆਂ ਸਨ।

ਇਸ ਸਮੇਂ ਪਰਦੇਸ ਵਿਚ ਬੈਠੇ ਸਤਿਗੁਰੂ ਜੀ ਦੇ ਦੋ ਵੱਡੇ ਫ਼ਿਕਰ ਸਨ, ਇਕ ਤਾਂ ਉਹਨਾਂ ਨਮਿਤ, ਭਾਵ ਵਿਦੇਸ਼ੀ ਸਰਕਾਰ ਦੇ ਖਾਤਮੇ ਲਈ, ਵੱਧ ਤੋਂ ਵੱਧ ਗੁਰਬਾਣੀ ਪਾਠਾਂ ਦੇ ਭੋਗ ਪੁਆਏ ਜਾਣੇ ਅਤੇ ਦੂਜਾ ਉਹਨਾਂ ਦੁਆਰਾ ਸ੍ਰੀ ਭੈਣੀ ਸਾਹਿਬ ਵਿਚ, ਨਾਮਧਾਰੀ ਸੰਤ ਖਾਲਸਾ ਸਾਜਣ ਤੋਂ ਇਕ ਦੋ ਸਾਲ ਬਾਅਦ, 'ਸਦਾ ਬਰਤ' ਗੁਰੂ ਕਾ ਲੰਗਰ ਜੋ ਚਾਲੂ ਕੀਤਾ ਗਿਆ ਸੀ, ਉਸਨੂੰ ਨਿਰੰਤਰ ਅਤੇ ਨਿਰਵਿਘਨ ਚੱਲਦੇ ਰੱਖਣਾ। ਇਸ ਕਾਰਜ ਲਈ ਉਸ ਸਮੇਂ ਅਣਗਿਣਤ ਨਾਮਧਾਰੀ ਸਿੰਘਾਂ ਨੇ ਆਪਣੀਆਂ ਜ਼ਮੀਨ ਜਾਇਦਾਦਾਂ ਵੇਚ ਕੇ, ਸੀ ਭੈਣੀ ਸਾਹਿਬ ਗੁਰੂ ਕੇ ਲੰਗਰ ਵਿਚ ਪਾ ਦਿੱਤੀਆਂ ਸਨ। ਜਿਹੜੇ ਸਿੰਘ ਬੇਜ਼ਮੀਨੇ ਸਨ, ਕਿਰਤੀ, ਛੋਟੇ ਕਿਸਾਨ ਜਾਂ ਦਸਤਕਾਰ ਸ਼੍ਰੇਣੀ ਵਿਚੋਂ ਆਉਂਦੇ ਸਨ, ਉਹਨਾਂ ਗੁਰੂ ਕੇ ਹੁਕਮਾਂ ਤੇ ਫੁੱਲ ਚੜ੍ਹਾਉਂਦਿਆਂ ਹੋਇਆਂ, ਆਪਣਾ ਸਰੀਰ ਗੁਰੂ ਕੇ ਲੰਗਰ ਦੀ ਸੇਵਾ ਅਤੇ ਲੰਗਰ ਚੱਲਦਾ ਰੱਖਣ ਲਈ ਉਗਰਾਹੀ ਨੂੰ ਸਮਰਪਿਤ ਕਰ ਦਿੱਤਾ ਸੀ। ਭਾਈ ਹਜਾਰਾ ਸਿੰਘ ਪਮਾਲ ਇਸ ਦੂਜੀ ਸ੍ਰੇਣੀ ਵਿਚੋਂ ਆਉਂਦੇ ਸਨ ਕਿਉਂਕਿ ਉਹ ਰਾਮਗੜ੍ਹੀਆ ਭਾਈਚਾਰੇ ਨਾਲ ਸਬੰਧਿਤ ਸਨ। ਭੈਣੀ ਸਾਹਿਬ ਲੰਗਰ ਦਾ ਸਤਿਗੁਰੂ ਜੀ ਨੂੰ ਇਤਨਾ ਫ਼ਿਕਰ ਸੀ ਕਿ ਉਹ ਪੰਜਾਬ ਵਿਚੋਂ - ਦਰਸ਼ਨ ਕਰਨ ਆਉਣ ਵਾਲੇ ਸਿੰਘਾਂ ਦੇ ਹੱਥ, ਜੋ ਵੀ ਭੇਟਾ ਇਧਰੋਂ ਗਏ ਸਿੰਘ ਪੈਸੇ ਟਕੇ ਜਾਂ ਸੁਵਰਨ ਚਾਂਦੀ ਆਦਿ ਦੇ ਆਭੂਖਣਾਂ, ਬਰਤਨਾਂ ਦੀ ਉਹਨਾਂ ਨੂੰ ਕਰਦੇ ਸਨ, ਉਹ ਪੈਸਾ ਟਕਾ ਤੇ ਹੋਰ ਵਸਤਾਂ ਇਹਨਾਂ ਸਿੰਘਾਂ ਹੱਥ ਹੀ ਵਾਪਿਸ, ਸ੍ਰੀ ਭੈਣੀ ਸਾਹਿਬ ਲੰਗਰ ਵਿਚ ਪਾਉਣ ਲਈ ਭੇਜ ਦਿੰਦੇ ਸਨ। ਗੁਰੂ ਹਰੀ ਸਿੰਘ ਜੀ ਗਾਹੇ ਬਗਾਹੇ ਉਨ੍ਹਾਂ ਨੂੰ ਰੰਗੂਨ ਜਿਹਲ ਦੇ ਪਤੇ ਤੇ ਮਾਇਆ, ਮਨੀ ਆਰਡਰ ਦੁਆਰਾ ਭੇਜਿਆ ਕਰਦੇ ਸਨ, ਆਪ ਨੇ ਉਹਨਾਂ ਨੂੰ ਹੁਕਮਨਾਮਿਆਂ ਵਿਚ ਉਚੇਚਾ ਲਿਖਿਆ ਕਿ ਹੁਣ ਸਾਨੂੰ ਮਾਇਆ ਕਦੇ ਨਹੀਂ ਭੇਜਣੀ, ਸਾਡਾ ਗੁਜ਼ਾਰਾ ਹੋ ਰਿਹਾ ਹੈ, ਉੱਥੇ ਲੰਗਰ ਚਲਾਉਂਦੇ ਰਹੋ।[13] ਭਾਈ ਬਾਹੋਵਾਲ ਕੂਕੇ ਸੰਗਰਾਮੀਆਂ ਦੇ ਮੁੱਖ

ਕੇਂਦਰ ਤੇ ਚੱਲਣ ਵਾਲੇ, ਇਸ ਲੰਗਰ ਦੀ ਮਹਿਮਾ ਦਾ ਵਰਣਨ, ਆਪਣੀ ਮਨੋਹਰ ਰਚਨਾ ਵਿਚ ਕਰਦੇ ਹਨ।

## ਲੰਗਰ ਦੀ ਰੀਤੀ

"ਦੂਏ ਪਹਿਰ ਰਾਤ ਕੇ ਲੰਗਰ ਕਾ ਦਰਵਜ਼ਾ ਮਾਰਦੇ ਹੈਂ। ਛੇ ਪਹਿਰ ਖੁੱਲ੍ਹਾ ਰਹਿੰਦਾ ਹੈ। ਸਵਾ ਪਹਿਰ ਰਾਤ ਤੇ ਖਾਲਸੇ ਅਗਾਊਂ ਉਠ ਕੇ ਮਦਾਨ ਜਾਂਦੇ ਹੈ। ਆਇਕੇ ਦਾਤਣ ਕਰਕੇ ਇਸ਼ਨਾਨ ਕਰਕੇ ਲੰਗਰ ਮੇਂ ਸ਼ਾਮਲ ਹੁੰਦੇ ਹੈਂ, ਦੇਗਚੇ ਬਲਟੋਹੇ ਧਰਦੇ ਹੈਂ। ਆਟਾ ਮਥਨਾਇ (ਗੁੰਨ੍ਹ) ਕੇ ਲੋਹ ਪਰ ਪ੍ਰਸ਼ਾਦਾ ਬਣਦਾ ਹੈ। ਚੋਪੜ ਕੇ ਅਰਦਾਸਾ ਕਰਕੇ ਸੂਰਜ ਚੜ੍ਹਦੇ ਦੇ ਨਾਲ ਬਰਤਣ ਲੱਗ ਪੈਂਦਾ ਹੈ। ਭਾਵੇਂ ਨਿੰਦਕ ਭੀ ਆਵੇ ਉਸ ਕੋ ਭੀ ਪ੍ਰਸ਼ਾਦਾ ਮਿਲਦਾ ਹੈ। ਚਾਰ ਵਰਨ ਕੋਈ ਭੇਖ ਆਵੇ ਉਸ ਕੋ ਪਹਿਲੇ ਸ਼ੱਕਰ ਘਿਓ ਮੇਂ ਭਿਉਂਕੇ ਬਰਤੌਂਦੇ ਹੈਂ, ਫੇਰ ਏਹ ਠਹਿਰਾਈ ਕਿ ਸਵਾ ਰੁਪਏ ਕਾ ਕੜਾਹ ਪ੍ਰਸ਼ਾਦ ਰੋਜ਼ ਲੰਗਰ ਮੇਂ ਬਰਤੇ। ਜੋ ਦਸ ਲਿਖੇ ਜਾਂਦੇ ਹੈਂ ਤੇ ਆਏ ਸਾਧ ਸੰਗਤ ਭੇਖ ਸਰਬ ਕੋ ਪਹਿਲੇ ਛੱਕਣ ਨੂੰ ਦੇਂਦੇ ਹੈਂ। ਜੇਕਰ ਬੇਲੇ ਕੁਬੇਲੇ ਕੋਈ ਆਇ ਜਾਏ ਤਾਂ ਖੰਡ ਘਿਓ ਰਲਾਇਕੇ ਦੇਂਦੇ ਹੈਂ। ਥਾਲੀ ਮੇਂ ਅਦਬ ਨਾਲ ਬਠਾਇਕੇ ਛਕਾਉਂਦੇ ਹੈਂ।

"ਲੋਕ ਸਾਧ ਸੰਗਤ ਸਭ ਉਸਤਤ ਕਰਦੇ ਤੁਰੇ ਜਾਂਦੇ ਹੈਂ। ਦੇਸਾਂ ਪ੍ਰਦੇਸਾਂ ਟਾਪੂਆਂ ਮੇਂ ਸਾਰੇ ਜਾਇਕੇ ਭੇਖ ਗੱਲਾਂ ਕਰਦੇ ਹੈ ਕਿ ਰਾਮਦਾਸਪੁਰੇ ਸਾਹਿਬ ਮੇਂ ਲੰਗਰ ਮਿਲਦਾ ਹੈ ਨਾਲੇ ਭੋਗ ਪੈਂਦੇ ਹਨ ਹਰ ਰੋਜ਼। ਕਦੀ ਵਿਚ ਅਖੰਡ ਭੀ ਪੈਂਦੇ ਹੈਨ ਮਰਯਾਦਾ ਨਾਲ, ਸੁੱਚ ਸੋਧ ਨਾਲ। ਲੰਗਰ ਕੀ ਤੇ ਅਖੰਡ ਪਾਠ ਕੀ ਇਕੋ ਮਰਿਯਾਦਾ ਹੈ। ਹੋਰ ਕੀ ਰੀਤੀ ਕੀ ਕੁਝ ਖਵਰ ਨਹੀਂ ਹੈ। ਰਾਮਦਾਸਪੁਰੇ ਕੀ ਰੀਤੀ ਨਾਲ ਸੰਗਤ ਮੇਂ ਭੀ ਭੋਗ ਪੈਣ ਲੱਗੇ। ਕਵੀਸ਼ਰ (ਸੰਤੋਖ ਸਿੰਘ ਬਾਹੋਵਾਲ) ਨੇ ਨੇਤ੍ਰੀ ਦੇਖੀ ਹੈ ਹੋਰ ਭੇਖਾਂ ਕੇ ਭੀ ਤੇ ਨਿਹੰਗਾ ਕੇ ਭੀ ਪੂਰੀ ਪੂਰੀ ਮਰਿਆਦਾ ਨਹੀਂ ਹੈ।

"ਜਦ ਕੋਈ ਮੇਲਾ ਹੁੰਦਾ ਹੈ ਤਾਂ ਲੋਕ ਸਾਧ ਸੁਣਕੇ ਔਂਦੇ ਹੈਂ। ਦਰਸ਼ਨ ਕਰਕੇ ਬਡੇ ਪ੍ਰਸੰਨ ਹੁੰਦੇ ਹਨ। ਦਰਵੱਜੇ ਪਰ ਟੋਕਰਾ ਭਰਕੇ ਪ੍ਰਸ਼ਾਦੇ ਤੇ ਦਾਲੇ ਦਾ ਤਾਸ ਭਰਕੇ ਰੱਖੇ ਪਏ, ਹਾਜ਼ਰ ਰਹਿੰਦੇ ਹਨ ਹਰ ਵਕਤ। ਜੋ ਆਵੇ ਚਾਰ ਪਾਚ ਛੇ ਸਾਤ ਤੱਕ ਦੇਣਾ (ਪ੍ਰਸ਼ਾਦਾ) ਜਿਤਨਾ ਛੱਕ ਲਵੇ। ਪ੍ਰਸ਼ਾਦਿਆਂ ਦੇ ਉਤੇ ਦਾਲਾ ਕਰੜਾ ਪਾਇਕੇ ਦੀਆ ਜਾਂਦਾ ਹੈ। ਜੇਕਰ ਕੋਈ ਰਾਤ ਕੋ ਆਵੇ ਤਾਂ ਭੀ ਪ੍ਰਸ਼ਾਦਾ ਮਿਲਦਾ ਹੈ। ਦੇਗ ਤੇਗ ਜੋ ਦਸਵੇਂ ਪਾਤਸ਼ਾਹ ਜੀ ਕਹੀ ਹੋਈ ਹੈ ਸੋ ਚੱਲਦੀ ਹੈ। ਦਰਵੱਜੇ ਕੇ ਉਪਰ ਟੋਲਿਆਂ ਕੇ ਟੋਲੇ ਲੰਗਰ ਲੈ ਲੈ ਅਸੀਸਾਂ ਦੇਂਦੇ ਚਲੇ ਜਾਂਦੇ ਹੈਂ। ਕਹਿੰਦੇ ਹੈਂ ਐਸਾ ਲੰਗਰ ਹੋਰ

ਕਿਧਰੇ ਨਹੀਂ ਰੱਜਵਾਂ ਮਿਲਦਾ ਹੈ। ਜੱਸ ਚੌਹਾਂ ਕੁੰਟਾਂ ਚੌਦਾਂ ਲੋਕਾਂ ਮੈਂ ਛਾਇ ਰਿਹਾ ਹੈ। ”[14]

ਗੁਰੂ ਹਰੀ ਸਿੰਘ ਜੀ ਬਹੁਤ ਸਾਲਾਂ ਤੱਕ ਸੰਗਤ ਵਿਚ ਨਹੀਂ ਸਨ ਜਾ ਸਕਦੇ। ਜੇ ਜਾਣ ਦੀ ਇਜਾਜ਼ਤ ਮਿਲਦੀ ਤਾਂ ਬੜੇ ਸੀਮਿਤ ਸਮੇਂ ਲਈ ਅਨੇਕ ਸ਼ਰਤਾਂ ਸਮੇਤ। ਇਸ ਕਾਰਨ ਸੰਗਤ ਵਿਚ ਬਹੁਤ ਸਾਰੇ ਸਿੱਖਾਂ ਸਾਧਾਂ ਤੋਂ ਪੂਜਾ ਲੈਣ ਵਾਲੇ ਮਾਨ ਅਭਿਲਾਖੀ, ਆਪਣੇ ਆਪ ਨੂੰ ਕੂਕਾ ਕੇਂਦਰ ਭੈਣੀ ਸਾਹਿਬ ਦੇ ਬਰਾਬਰ ਜਾਂ ਰਤਾ ਉਚਾ ਵੀ ਘੋਸ਼ਿਤ ਕਰ ਰਹੇ ਸਨ। ਜੋਗਾ ਸਿੰਘ ਧੂੜਕੋਟ ਨੇ ਇਕ ਵੇਰ ਗੁਰੂ ਹਰੀ ਸਿੰਘ ਜੀ ਨੂੰ ਕਿਹਾ ਸੀ ਕਿ ਨੌਵੇਂ ਪਾਤਸ਼ਾਹ ਵੇਲੇ, ਉਹਨਾਂ ਦੇ ਮੁਕਾਬਲੇ ਵਿਚ ਬਾਈ ਮੰਜੀਆਂ ਵਿਛ ਗਈਆਂ ਸਨ, ਹੁਣ ਆਪਣੇ ਪੰਥ ਵਿਚ ਚੌਵੀ ਮੰਜੀਆਂ ਹਨ। ਇਹਨਾਂ ਵਿਚੋਂ ਇਕ ਮੰਜੀਦਾਰ ਉੱਬੇ ਵਾਲੇ, ਸੰਤ ਹਰਨਾਮ ਸਿੰਘ ਵੀ ਸਨ। ਜਨਵਰੀ 1901 ਦੀ ਮੁਕਤਸਰ ਦੀ ਮਾਘੀ ਤੇ ਗੁਰੂ ਹਰੀ ਸਿੰਘ ਜੀ ਸੰਗਤ ਸਮੇਤ ਉੱਥੇ ਪੁੱਜੇ ਸਨ ਅਤੇ ਵਾਪਸੀ ਤੇ ਬੁੱਟਰ ਪਿੰਡ ਵਿਚ ਪੁਜੇ, ਜਿੱਥੇ ਭਾਈ ਬਹਾਦਰ ਸਿਘ ਰਹਿੰਦਾ ਸੀ। ਉਸਦੇ ਪਾਸ ਸੰਤ ਹਰਨਾਮ ਸਿੰਘ ਵੀ ਆਏ ਹੋਏ ਸਨ। ਇਸ ਸਮੇਂ ਗੁਰੂ ਹਰੀ ਸਿੰਘ ਜੀ ਦੇ ਨਾਲ ਭਾਈ ਹਜਾਰਾ ਸਿੰਘ ਵੀ ਦੌਰੇ ਵਿਚ ਮੌਜੂਦ ਸਨ ਅਤੇ ਇੱਥੇ ਹੀ ਗੁਰੂ ਹਰੀ ਸਿੰਘ ਜੀ ਦੀ ਅਜ਼ਮਤ ਨਾਲ, ਹਰਨਾਮ ਸਿੰਘ ਦਾ ਮਾਣ ਟੁੱਟਣ ਦੀ ਸਾਖੀ ਬਾਹੋਵਾਲ ਜੀ ਬਿਆਨ ਕਰਦੇ ਹਨ।

## ਗੁਰੂ ਇੱਕੋ ਸੰਤ

“ਬੁੱਟਰਾਂ ਮੇਂ ਦੋ ਪੜਾਉ ਕੀਤੇ। ਉੱਬੇ ਵਾਲੇ ਸੰਤ ਹਰਨਾਮ ਸਿੰਘ ਭੀ ਉਥੇ ਸੀ। ਬਹਾਦਰ ਸਿੰਘ ਨੇ ਕਹਿਆ ਜੀ ਮੈਂ ਇਕ ਬੈਲ ਦੀਆ। ਫੇਰ ਕਹਿਣ ਲੱਗਾ ਜੀ ਮੈਂ ਦੂਆ ਬੈਲ ਭੀ ਦੀਆ। ਫੇਰ ਕਹਿਆ ਜੀ ਕੁੜੀ ਬਿਮਾਰ ਥੀ, ਮੈਂ ਅਖੰਡ ਪਾਠ ਸੁੱਖਿਆ ਸੀ ਸੋ ਕਰਵਾਇ ਦੇਵੋ ਤੇ ਗੱਡਾ ਭੀ ਸਾਂਭੋ। ਜੇ ਸੰਤ ਹਰਨਾਮ ਸਿੰਘ ਜੀ ਗੁਰੂ ਹੈ ਤਾਂ ਏਹ ਸਾਂਭਣ। ਗੁਰੂ ਤਾਂ ਇਕ ਹੈ ਦੋ ਨਹੀਂ ਹੁੰਦੇ। ਜੇੜ੍ਹਾ ਜੋਰਾਬਰ ਸਤਿਗੁਰੂ ਹੈ ਸੋ ਸਾਂਭੇ। ਫੇਰ ਕਹਿਣ ਲਗਾ ਜੀ ਮੈਂ ਏਹ ਮੈਂਹ ਗੁਰੂ ਜੀ ਕੀ ਕੀਤੀ ਹੋਈ ਹੈ। ਜੇਕਰ ਤੁਸੀਂ ਸਤਿਗੁਰੂ ਹੋ ਤਾਂ ਸਾਂਭੋ। ਜੇ ਸੰਤ ਹਰਨਾਮ ਸਿੰਘ ਜੀ ਗੁਰੂ ਹੈਂ ਤਾਂ ਏਹ ਸਾਂਭਣ। ਗੁਰੂ ਤਾਂ ਇਕ ਹੈ ਦੋ ਨਹੀਂ ਹੁੰਦੇ। ਜੇੜਾ ਜੋਰਾਬਰ ਸਤਿਗੁਰੂ ਹੋ ਸੋ ਸਾਂਭੇ। ਗੁਰੂ ਜੀ ਬਚਨ ਕੀਤਾ ਤੂੰ ਦੁੱਧ ਪੀ। ਜੇ ਦੇਣੀ ਹੋਉ ਤਾਂ ਗੁਰਦਵਾਰੇ ਆਈਂ। ਅਸਾਂ ਤੈਨੂੰ ਦਿੱਤੀ ਆਪਣੀ ਤਰਫੋਂ ਆਸਾ ਕੀ ਬਾਰ ਕਾ ਭੋਗ ਪੈਣ ਕੀ ਤਿਆਰੀ ਹੋਈ ਤਾਂ ਹਰਨਾਮ ਸਿੰਘ ‘ਮਰ ਗਿਆ-ਮਰ ਗਿਆ' ਕਹਿ ਕੇ

ਅਕੱਠਾ ਹੋਇਕੇ ਪੈ ਗਿਆ। ਅਰਦਾਸਾ ਸੋਧ ਕੇ ਮਗਰੋਂ ਗੁਰੂ ਜੀ ਬਚਨ ਕੀਤਾ-ਹਜਾਰਾ ਸਿੰਘ ਏਸ ਨੂੰ ਹਲਾਓ। ਜਾਂ ਹਲਾਇਆ ਤਾਂ 'ਮਰ ਗਿਆ-ਮਰ ਗਿਆ ਕਰੇ ਤੇ ਅਕੱਠਾ ਹੁੰਦਾ ਜਾਏ। ਪਿਆ ਹੀ ਰਿਹਾ। ਗੁਰੂ ਜੀ ਤੁਰ ਪਏ। ਮਗਰੋਂ ਬਹਾਦਰ ਸਿੰਘ ਕੋ ਸਰਾਫ। ਦੇਵੇ, ਬਾਧਾ ਘਾਟਾ ਬੋਲੇ।"[15]

ਭਾਈ ਧਿਆਨ ਸਿੰਘ ਕਾਦਰਾਬਾਦੀ ਗੁਰੂ ਹਰੀ ਸਿੰਘ ਜੀ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਲਿਖਦੇ ਹਨ-

"ਨ ਧਕੇ ਜਿਸਕੇ ਕੋ ਸੁ ਰਾਮ ਰਖੈ ਹੈ
ਜੋ ਰਾਮ ਧਕੇ ਕੋ ਭਿ ਰਾਖ ਸਕੱਯਾ।
ਤਾਹਿ ਅਨੇਕ ਨਮੋ ਕਰ ਹੋਂ
ਜੋਊ ਦਾਸਨ ਪਾਪ ਕੋ ਆਪ ਸਹਯਾ।"

ਭਾਵ ਜਿਸ ਦੇ ਬਾਰੇ ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਸੀ ਕਿ 'ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ, ਮੇਰੇ ਧੱਕੇ ਨੂੰ ਇਹ ਬਖਸ਼ ਸਕਦਾ ਹੈ।' ਉਹਨਾਂ ਨੂੰ ਅਨੇਕ ਵਾਰ ਨਮਸ਼ਕਾਰ, ਜੋ ਸੇਵਕਾਂ ਦੀਆਂ ਕੀਤੀਆਂ ਅਵੱਗਿਆਵਾਂ ਵੀ ਆਪਣੇ ਉੱਤੇ ਲੈ ਕੇ, ਬਖਸ਼ਾਉਣ ਦੇ ਸਮਰੱਥ ਹਨ। ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਰੀਕਾਰਡ ਹੋਏ ਉਪਦੇਸ਼ ਵਿਚ ਗੁਰੂ ਹਰੀ ਸਿੰਘ ਜੀ ਦੇ ਇਸ ਬਖਸ਼ਿੰਦ ਸਰੂਪ ਦੀ ਮਹਿਮਾ ਕਰਨ ਲੱਗੇ, ਭਾਈ ਹਜਾਰਾ ਸਿੰਘ ਹੋਰਾਂ ਨਾਲ ਸਬੰਧਿਤ ਇਕ ਘਟਨਾ ਦਾ ਜ਼ਿਕਰ ਕਰਦੇ ਹਨ ਕਿ ਕਿਵੇਂ ਉਹਨਾਂ ਅਤਰ ਸਿੰਘ ਦੁਗੈਚ ਅਤੇ ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਦੇ ਮਹੰਤ ਹਜਾਰਾ ਸਿੰਘ ਹੋਰਾਂ ਨੂੰ ਇਕ ਵੇਰ ਗੁਰਸਿੱਖ ਮਾਰਗ ਤੋਂ ਭਟਕਣ ਤੋਂ ਬਚਾ ਲਿਆ ਸੀ, ਸਤਿਗੁਰੂ ਜੀ ਕਾਦਰਾਬਾਦੀ ਜੀ ਵਾਲੇ ਗ੍ਰੰਥ ਵਿਚੋਂ ਉਪਰ ਵਰਣਿਤ, ਗੁਰੂ ਹਰੀ ਸਿੰਘ ਜੀ ਨਾਲ ਸਬੰਧਿਤ ਸਵੈਯੇ ਦੀ ਕਥਾ ਕਰ ਰਹੇ ਹਨ।

"ਜੋ ਦਾਸਾਂ ਦੇ ਪਾਪ ਹਟਾਉਣ ਵਾਲਾ ਹੈ, ਆਪਣੇ ਆਪ ਉਤੇ ਝੱਲਦਾ ਹੈ। ਬਚਨ ਯਾਦ ਆ ਗਿਐ-ਇਕ ਸਿੰਘ ਦੁਗੈਚਿਆਂ ਦਾ ਹੁੰਦਾ ਸੀ ਅਤਰ ਸਿੰਘ ਲੰਬੜਦਾਰ ਸੀ ਨਾਲ ਹਜਾਰਾ ਸਿੰਘ ਹੁਰੀਂ ਮਹੰਤ। ਕਿਸੇ ਆਦਮੀ ਦੀ ਔਰਤ ਦਾ ਮਾਮਲਾ ਸੀ, ਜਿਹਦਾ ਇਨ੍ਹਾਂ ਨੂੰ ਪਤਾ ਸੀ- ਕਿਤੇ ਅੱਗੇ ਪਿੱਛੇ ਕੀਤਾ ਸੀ ਉਨ੍ਹੇ ਅਤਰ ਸਿੰਘ ਨੇ, ਹਜਾਰਾ ਸਿੰਘ ਨੂੰ ਵੀ ਪਤਾ ਸੀ। ਗੁਰੂ ਹਰੀ ਸਿੰਘ ਜੀ ਦੇ ਕੋਲ ਬਰਾਂਡੇ ਵਿਚ ਬੈਠਿਆਂ, ਉਤੇ ਚੁਬਾਰੇ ਦੇ-ਉਸਦੀ ਇਕ ਬਾਰੀ ਗ੍ਰੰਥ ਸਾਹਿਬ ਵਾਲੇ ਚੁਬਾਰੇ ਵੱਲ ਸੀ-ਉਨ੍ਹਾਂ ਨੂੰ ਆਖਿਆ, ਉਹ

ਮੁੱਕਰੇ ਕਹਿਣ ਲੱਗੇ" ਜਾਉ ਗ੍ਰੰਥ ਸਾਹਿਬ ਵਾਲੇ ਉਤੇ, ਚੁਬਾਰੇ ਦਾ ਕੁੰਡਾ ਖੋਲ੍ਹੋ।" ਜਦੋਂ ਕੁੰਡਾ ਖੋਲ੍ਹਣ ਅੱਧ 'ਚ ਤੁਰ ਗਏ, ਮੋੜ ਕੇ ਆਂਹਦੇ ਹਨ, "ਤੁਹਾਨੂੰ ਤਾਂ ਕੋਈ ਲੋੜ ਨਹੀਂ ਮੈਨੂੰ ਲੋੜ ਹੈ।ਆਓ ਮੁੜ ਆਓ, ਤੁਹਾਡਾ ਲੱਗ ਗਿਐ। ਮੈਂ, ਜਦੋਂ ਸਤਿਗੁਰੂ ਆਉਣਗੇ ਭਾਈ, ਅੱਗੇ ਖੜੋ ਕੇ ਆਖਾਂਗਾ, ਇਨ੍ਹਾਂ ਦੇ ਵੰਡੇ ਦਾ ਜੋ ਕੁਝ ਕਰਨਾ ਹੈ, ਮੇਰੇ ਨਾਲ ਹੀ ਕਰ ਲਓ।"[16]

ਸਤਿਗੁਰੂ ਨੇ ਆਪਣੇ ਪਿਆਰੇ ਸਿੱਖਾਂ ਦੀ ਅਨੇਕ ਵਾਰ ਇਸ ਤਰ੍ਹਾਂ ਥਿੜਕਣ ਤੋਂ ਰੱਖਿਆ ਕੀਤੀ। ਹਜਾਰਾ ਸਿੰਘ ਹੋਰਾਂ ਦੀ ਗੁਰੂ ਕੇ ਲੰਗਰ ਲਈ ਨਿਬਾਹੀ, ਅਣਥੱਕ ਸੇਵਾ ਸਦਕਾ, ਗੁਰੂ ਹਰੀ ਸਿੰਘ ਜੀ ਦੀਆਂ ਖੁਸ਼ੀਆਂ ਦੇ ਉਹ ਹਮੇਸ਼ਾ ਪਾਤਰ ਬਣੇ ਰਹੇ . ਜਦੋਂ ਗੁਰੂ ਹਰੀ ਸਿੰਘ ਜੀ 1892 ਈ. ਤੋਂ ਬਾਅਦ, ਅੰਮ੍ਰਿਤਸਰ ਅਤੇ ਪੱਛਮੀ ਪੰਜਾਬ ਦੇ ਦੌਰਿਆਂ ਤੇ ਨਿਕਲਦੇ ਤਾਂ ਇਸ ਸਮੇਂ ਤੱਕ ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਵਿਖੇ, ਮਹੰਤੀ ਦੀ ਸੇਵਾ ਨਿਬਾਹ ਰਹੇ ਭਾਈ ਹਜਾਰਾ ਸਿੰਘ ਵੀ ਆਪ ਦੇ ਹਜੂਰੀ ਜਥੇ ਵਿਚ ਸ਼ਾਮਲ ਹੁੰਦੇ। ਸੰਨ 1897 ਈ. ਵਿਚ ਭਾਦਰੋਂ ਦੇ ਅਖੀਰ, 11 ਸਤੰਬਰ ਨੂੰ ਬਾਬਾ ਜਮੀਅਤ ਸਿੰਘ ਹੋਰਾਂ ਦਾ ਗਿੱਲ (ਸਿਆਲਕੋਟ) ਪਿੰਡ ਵਿਚ, ਭੋਗ ਦਾ ਮੇਲਾ ਸੀ। ਇਸ ਮੇਲੇ ਤੇ ਗੁਰੂ ਹਰੀ ਸਿੰਘ ਜੀ ਦੇ ਨਾਲ ਸਾਹਿਬਜਾਦੇ ਪਰਤਾਪ ਸਿੰਘ ਹੋਰਾਂ ਵੀ ਭਾਗ ਲਿਆ ਸੀ। ਇਕ ਉਪਦੇਸ਼ ਜੋ 1955 ਜਾਂ 56 ਈ. ਵਿਚ ਭੈਣੀ ਸਾਹਿਬ, ਸਤਿਗੁਰੂ ਪਰਤਾਪ ਸਿੰਘ ਜੀ ਨੇ ਰੀਕਾਰਡ ਕਰਵਾਇਆ ਸੀ, ਉਸ ਵਿਚੋਂ ਮਹੰਤ ਹਜਾਰਾ ਸਿੰਘ ਹੋਰਾਂ ਦੀ ਲੰਗਰ ਦੀ ਸੇਵਾ ਦਾ ਜ਼ਿਕਰ ਮਿਲਦਾ ਹੈ।

"ਫਿਰ ਗੁਰੂ ਹਰੀ ਸਿੰਘ ਜੀ, ਮੈਂ ਨਾਲ ਹਾਂ-ਉੱਥੋਂ ਉੱਤਰ ਕੇ ਅੰਮ੍ਰਿਤਸਰ ਸਟੇਸ਼ਨ ਤੋਂ ਹਸਪਤਾਲ ਦੇ ਕੋਲ ਇਕ ਖੂਹੀ ਹੈ, ਹੁਣ ਵੀ ਹੈ, ਉਹਦੇ ਤੇ ਖਵਾਜਾ ਖਿਜ਼ਰ ਦੀ ਤਸਵੀਰ ਬਣੀ ਹੋਈ ਹੈ-ਇਹ ਗੱਲ ਮੈਨੂੰ ਯਾਦ ਹੈ, ਹੁਣ ਵੀ ਹੈ ਤਸਵੀਰ ਉਹ-ਉੱਥੇ ਅਸੀਂ ਬੈਠੇ ਹਾਂ, ਕਿਉਂਕਿ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਜਾਣ ਦਾ ਹੁਕਮ ਨਹੀਂ ਸੀ। ਸ਼ਹਿਰ ਵੀ, ਅੰਮ੍ਰਿਤਸਰ ਨਹੀਂ ਜਾ ਸਕਦੇ ਸੀ। ਬਾਬੇ ਦਰਬਾਰਾ ਸਿੰਘ ਹੁਰੀ ਨਾਲ ਹੀ ਸਨ। ਪੰਜ ਯੱਕੇ ਉਹ ਲਿਆਏ ਹਨ, ਉਧਰ ਜਾਣ ਨੂੰ ਗਿੱਲਾਂ ਨੂੰ, ਕਿਰਾਏ ਦੇ ਕਰਕੇ। ਅਜਨਾਲੇ ਤਕ ਪੱਕੀ ਸੜਕ ਸੀ, ਅੱਗੇ ਕੱਚੀ ਸੀ, ਤੇ ਚੀਨਾ ਘੋੜਾ ਸੀ ਸਾਡੇ ਯੱਕੇ ਦਾ ਉਦੋਂ ਵੀ, ਜਿਹਦੇ ਤੇ ਮੈਂ ਬਾਬੇ ਦਰਬਾਰਾ ਸਿੰਘ ਹੁਰਾਂ ਦੇ ਨਾਲ ਸਾਂ ਅਗੋਂ ਦਰਿਆ ਦੋ ਥਾਂਈਂ ਵਗਦਾ ਸੀ ਤੇ ਗੋਧਾ ਸਿੰਘ (ਅਬਲੂ) ਹੁਰੀਂ ਇੱਕ ਪਾਸੇ ਇਕੱਲੇ ਯੱਕਾ ਚੁੱਕਦੇ ਸਨ ਤੇ ਦੂਜੇ ਪਾਸੇ ਪੰਜ ਚਾਰ ਆਦਮੀ ਚੁੱਕਦੇ ਸੀ। ਉਹ ਬੇੜੀਆਂ ਉੱਚੀਆਂ ਸੀ, ਉਹਦੇ ਵਿਚ ਜਦੋਂ

ਯੱਕਾ ਚੁੱਕ ਕੇ ਧਰਦੇ ਸੀ, ਉਹ ਇਕੱਲੇ ਹੀ ਚੁੱਕ ਦਿੰਦੇ ਸੀ। ਫਿਰ ਅਸੀਂ ਉਹ ਚੜ੍ਹ ਕੇ, ਉਹ ਪਾਰ ਦੋਏ ਲੰਘਾ ਕੇ ਵਹਿਣ ਤੇ ਰੱਈਏ ਪਹੁੰਚੇ ਹਾਂ। ਉਦੋਂ ਨੂੰ ਸੂਰਜ ਛਿਪ ਗਿਆ ਸੀ। ਰੱਈਏ ਧਰਮਸ਼ਾਲਾ ਦੇ ਉੱਤੇ ਪਿੱਪਲ ਸੀ, ਨਾਲ ਧਰਮਸ਼ਾਲਾ ਦੇ ਉਥੇ ਡੇਰਾ ਲੱਗਿਆ। ਹਜ਼ਾਰਾ ਸਿੰਘ ਮਹੰਤ ਫਿਰ ਗਿਆ, ਉਥੋਂ ਬਾਠਾਂ ਵਾਲਾ ਡੇਢ ਕੁ ਮੀਲ ਹੈ, ਉੱਥੋਂ ਪਰਸ਼ਾਦੇ ਪਕਾ ਕੇ ਲਿਆਇਆ।ਰਾਤ ਨੂੰ ਅੰਬ ਦੇ ਮਰੱਬੇ ਨਾਲ ਪਰਸ਼ਾਦੇ ਛਕੇ ਨੇ।"[17]

ਮਾਲੂਮ ਹੁੰਦਾ ਹੈ ਕਿ ਆਪ ਨੂੰ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਦੀ ਸੇਵਾ 1892-93 ਈ. ਤੱਕ ਮਿਲ ਚੁੱਕੀ ਸੀ ਇਸ ਲਈ ਉਹ ਮਾਝੇ ਅਤੇ ਦੜਪ ਦੇ ਇਹਨਾਂ ਇਲਾਕਿਆਂ ਦੇ, ਨਾਮਧਾਰੀ ਸੰਗਤ ਦੇ ਪਿੰਡਾਂ ਤੋਂ ਭਲੀ ਭਾਂਤ ਪਰਿਚਿਤ ਸਨ।ਉਸ ਸਮੇਂ ਕੂਕਿਆਂ ਤੇ ਕਿਤਨੀ ਸਖਤੀ ਸੀ, ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਉੱਤਰਦੇ ਹਨ ਪਰ ਨਾਮਧਾਰੀ ਧਰਮਸ਼ਾਲਾ ਜੋ ਸ਼ਹਿਰ ਵਿਚ ਹੈ, ਉੱਥੇ ਨਹੀਂ ਜਾਂ ਸਕਦੇ ਤੇ ਭੁੱਖਣ ਭਾਣੇ ਰੱਈਏ ਪੁੱਜ ਕੇ, ਡੂੰਘੀ ਰਾਤ ਗਈ ਹਜਾਰਾ ਸਿੰਘ ਹੋਰਾਂ ਦਾ ਲਿਆਂਦਾ ਪਰਸ਼ਾਦਾ, ਸਤਿਗੁਰੂ ਜੀ ਅਤੇ ਸੰਗਤ ਛਕਦੀ ਹੈ। ਜਦੋਂ ਦੀਵਾਲੀ ਦੇ ਨੇੜੇ ਗੁਰੂ ਹਰੀ ਸਿੰਘ ਜੀ ਨੇ ਅੰਮ੍ਰਿਤਸਰ ਆਉਣਾ ਹੁੰਦਾ ਤਾਂ ਭਾਈ ਹਜਾਰਾ ਸਿੰਘ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਅਰਜ਼ੀ ਦੇ ਕੇ ਛੁੱਟੀ ਮਨਜ਼ੂਰ ਕਰਾਉਂਦੇ। ਕਦੇ ਛੁੱਟੀ ਮਿਲ ਜਾਂਦੀ ਕਦੇ ਨਾਂ ਵੀ ਮਿਲਦੀ। ਸੰਨ 1905 ਈ. ਦੀ ਦੀਵਾਲੀ ਸਮੇਂ ਵੀ ਛੁੱਟੀ ਪਹਿਲਾਂ ਤਾਂ ਨਾਂ ਮਿਲੀ, ਦੀਵਾਲੀ ਲੰਘਣ ਤੋਂ ਬਾਅਦ ਮਿਲ ਗਈ। ਸਰਕਾਰ ਡਰਦੀ ਸੀ ਕਿ ਦੀਵਾਲੀ ਸਮੇਂ, ਸਾਰੇ ਪੰਜਾਬ ਦੇ ਲੋਕ, ਅੰਮ੍ਰਿਤਸਰ ਪੁੱਜਦੇ ਹਨ, ਉਹ ਗੁਰੂ ਹਰੀ ਸਿੰਘ ਦੇ ਅੰਗਰੇਜ਼ ਸਰਕਾਰ ਵਿਰੋਧੀ ਵਿਚਾਰਾਂ ਦੀ ਲਾਗ ਆਪੋ ਆਪਣੇ ਨਾਲ, ਆਪਣੇ ਆਪਣੇ ਇਲਾਕਿਆਂ ਵਿਚ ਨਾਂ ਲੈ ਜਾਣ। ਬਾਹੋਵਾਲ ਜੀ ਨੇ ਆਪਣੀ ਰੌਚਕ ਸ਼ੈਲੀ ਵਿਚ, ਇਹ ਘਟਨਾ ਸਤਿਗੁਰੂ ਬਿਲਾਸ ਵਿਚ ਅੰਕਿਤ ਕੀਤੀ ਹੈ।

"ਸੰਗਤ ਨੇ ਸੰਕਲਪ ਕਰਕੇ ਬਚਨ ਕੀਤਾ ਹਜਾਰਾ ਸਿੰਘ ਤੂੰ ਅਰਜ਼ੀ ਦਿਓ ਦੀਪਮਾਲਾ ਅੰਮ੍ਰਿਤਸਰ ਜੀ ਕਰੀਏ। ਹਜਾਰਾ ਸਿੰਘ ਨੇ ਅਰਜ਼ੀ ਪਾਈ। ਛੁੱਟੀ ਫਰੰਗੀ ਨੇ ਨਾ ਦਿੱਤੀ। ਲਾਹੌਰੋਂ ਤਾਰ ਭੇਜੀ ਫਰੰਗੀ ਨੇ, ਕਹਿਆ ਏਕ ਮਿੰਟ ਕੀ ਭੀ ਛੁੱਟੀ ਨਹੀਂ ਮਿਲੇਗੀ। ਗੁਰੂ ਜੀ ਬਚਨ ਕੀਤਾ, ਏਤਨੀ ਸੰਗਤ ਗਈ ਹੈ, ਸਰਬ ਲੋਕ ਗਏ ਹਨ, ਸਾਡੇ ਸਰੀਰ ਕੋ ਨਹੀਂ ਜਾਣ ਦਿੰਦੇ ਹੈਂ। ਪਰ ਜਿਸ ਵਕਤ ਬਣੀ ਹਾਇ ਹਾਇ ਕਰਨਗੇ, ਪਛੋਤਾਉਣਗੇ। ਹੁਣ ਨਹੀਂ ਸਾਨੂੰ ਜਾਣ ਦਿੰਦੇ ਹੈਂ।

"ਦੀਪਮਾਲਾ ਦੇ ਮਗਰੋਂ ਅੰਮ੍ਰਿਤਸਰ ਜੀ ਆਏ। ਏਕ ਡਾਕਦਾਰ ਦੇ ਗਏ।

ਉਸਨੇ ਭੀ ਕਹਿਆ ਨੇਤਰ ਕੱਚੇ ਹੈਂ। ਜਿਲੇ ਕੇ ਗਏ ਕਿ ਤੀਨ ਦਿਨ ਕੀ ਛੁੱਟੀ ਮਿਲੇ। ਫਰੰਗੀ ਬੋਲਿਆ, ਕੱਕੜੀਂ ਗਲਬਾ ਹੋਇਆ ਸਾ ਈਹਾਂ ਬੀ ਨਾਂ ਕਰਨਾ। ਤੁਮ ਜਾਣੋ ਹਮ ਦੰਗੇ ਤੇ ਡਰਦੇ ਹੈਂ। ਨਰੈਣ ਸਿੰਘ ਨੇ ਕਹਿਆ ਗੁਰੂ ਮਹਾਰਾਜ ਜੀ ਤਾਂ ਜਿੱਥੇ ਜਾਂਦੇ ਹੈਂ ਅੱਗੇ ਦੰਗਾ ਹੋਵੇ ਤਾਂ ਸਗੋਂ ਹਟਾਇ ਦਿੰਦੇ ਹੈਂ। ਦੰਗਾ ਨਹੀਂ ਹੋਊਗਾ। ਤੀਨ ਦਿਨ ਦਰਸ਼ਨ ਦੇ ਕੇ ਮੁੜ ਆਏ ਰਾਮਦਾਸਪੁਰੇ ਸਾਹਿਬ।"[18]

ਸੰਬਤ 1963 ਬਿਕਰਮੀ, ਵੈਸਾਖ ਦੀ ਪੂਰਨਮਾਸ਼ੀ, 8 ਮਈ, 1906 ਦੇ ਦਿਨ, ਗੁਰੂ ਹਰੀ ਸਿੰਘ ਜੀ ਦੀ ਦੇਹ ਢਿੱਲੀ ਹੋ ਗਈ।ਅਖੰਡ ਪਾਠ ਅਤੇ ਭਜਨ ਦੀਆਂ ਵਰਨੀਆਂ ਦੇਹ ਅਰੋਗਤਾ ਲਈ ਸਿੰਘ ਕਰਨ ਲੱਗੇ। ਪਰ ਸਿਹਤ ਠੀਕ ਨਹੀਂ ਸੀ ਹੋ ਰਹੀ। ਇਸ ਕਾਰਨ ਦੂਰੋਂ ਨੇੜਿਉਂ ਸੰਗਤ, ਆਪਣੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ, ਭੈਣੀ ਸਾਹਿਬ ਆਉਣ ਲੱਗੀ। ਭਾਈ ਹਜਾਰਾ ਸਿੰਘ ਵੀ ਇਸ ਸਮੇਂ ਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਆ ਹਾਜ਼ਰ ਹੋਏ। ਸਰੀਰ ਦਿਨੋਂ ਦਿਨ ਨਿਰਬਲ ਹੁੰਦਾ ਗਿਆ ਅਤੇ ਓੜਕ ਗੁਰੂ ਜੀ 17 ਮਈ ਦੀ ਸ਼ਾਮ ਨੂੰ ਬ੍ਰਹਮਲੀਨ ਹੋ ਗਏ। ਉਸੇ ਦਿਨ ਸੂਰਜ ਛਿਪਦੇ ਤੱਕ ਆਪਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਉਹਨਾਂ ਦੇ ਅਸਥਾਨ ਤੇ ਨਾਮਧਾਰੀ ਸੰਗਤ ਦੀ ਰਹਿਨੁਮਾਈ, ਹੁਣ ਸਾਹਿਬਜ਼ਾਦਾ ਪਰਤਾਪ ਸਿੰਘ ਹੋਰਾਂ ਨੇ ਕਰਨੀ ਸੀ। ਇਸ ਸਬੰਧ ਵਿਚ ਜਿਹੜੇ ਵੱਡੇ ਫੈਸਲੇ ਕੀਤੇ ਗਏ, ਉਹਨਾਂ ਵਿਚ ਭਾਈ ਹਜਾਰਾ ਸਿੰਘ ਹੋਰਾਂ ਦੀ ਮੌਜੂਦਗੀ, ਉਹਨਾਂ ਦਾ ਆਪਣੇ ਭਾਈਚਾਰੇ ਵਿਚ ਵੱਡਾ ਸਥਾਨ ਸੁਨਿਸ਼ਚਿਤ ਕਰਦੀ ਹੈ। ਸਸਕਾਰ ਤੋਂ ਤੀਸਰੇ ਦਿਨ ਭਾਵ 20 ਮਈ 1906 ਈ. ਨੂੰ ਗੱਦੀ ਸਾਹਿਬ ਵਾਲੇ ਚੁਬਾਰੇ ਵਿਚ, ਗੁਰਤਾ ਗੱਦੀ ਦੀ ਦਸਤਾਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੀਸ ਤੇ ਸਜਾ ਦਿੱਤੀ ਗਈ।

"ਤੀਜੇ ਦਿਨ ਸਤਿਗੁਰੂ ਹਰੀ ਸਿੰਘ ਜੀ ਕੇ ਚੁਬਾਰੇ ਮੇਂ ਬੀਰ ਸਿੰਘ (ਚੂੰਨੀ), ਨਰੈਣ ਸਿੰਘ ਰੋਡੇ, ਗੁਰਦਿੱਤ ਸਿੰਘ (ਮਹੰਤ-ਮੋਰੋਂ), ਹਜਾਰਾ ਸਿੰਘ ਅਰ ਮਾਈ ਜੀਉਣ ਕੌਰ ਸਭ ਨੇ ਅਰਦਾਸ ਕਰ ਸਤਿਗੁਰੂ ਪਰਤਾਪ ਸਿੰਘ ਜੀ ਕੋ ਦਸਤਾਰ ਬੰਧਾਈ।"[19]

ਜੇਠ ਸੁਦੀ ਇਕਾਦਸ਼ੀ ਮੁਤਾਬਿਕ 3 ਜੂਨ 1906 ਈ. ਨੂੰ ਗੁਰੂ ਹਰੀ ਸਿੰਘ ਜੀ ਨਮਿਤ ਗੁਰਬਾਣੀ ਪਾਠਾਂ ਦਾ ਭੋਗ ਮੇਲੇ ਦਾ ਦਿਨ ਨਿਸ਼ਚਿਤ ਕੀਤਾ ਗਿਆ। ਇਸ ਦਿਨ ਹਜਾਰਾਂ ਸੰਗਤਾਂ ਦੀਆਂ ਵਹੀਰਾਂ ਭੈਣੀ ਸਾਹਿਬ ਪੁੱਜਣੀਆਂ ਸਨ। ਇਸ ਮੇਲੇ ਲਈ, ਸਰਕਾਰ ਤੋਂ ਮਨਜ਼ੂਰੀ ਲੈਣ ਲਈ ਜਿਹੜੇ ਸਿੰਘ ਲੁਧਿਆਣੇ ਜ਼ਿਲ੍ਹਾ ਅਧਿਕਾਰੀਆਂ ਪਾਸ ਪੁੱਜੇ ਅਤੇ ਜਿਹਨਾਂ ਦੀ ਜ਼ਮਾਨਤ ਲੈ ਕੇ, ਇਹ

ਮੇਲਾ ਕਰਨ ਦੀ ਆਗਿਆ ਸਰਕਾਰ ਵਲੋਂ ਮਿਲੀ, ਭਾਈ ਹਜਾਰਾ ਸਿੰਘ ਹੋਰੀ ਵੀ ਉਹਨਾਂ ਵਿਚ ਸ਼ਾਮਲ ਸਨ। ਗੁਰੂ ਜੀ ਦਾ ਭੋਗ ਮੇਲਾ ਨਿਮਾਣੀ ਦੇ ਦਿਨ ਸੀ।

"ਅੱਗੇ ਨਿਮਾਣੀ ਆਈ। ਪਾਂਚ ਸਰੀਰ ਲੁਧਿਆਣੇ ਗਏ। ਪੁੱਛਿਆ ਤੁਮਾਰੇ ਮੇਂ ਕੁਰਸੀ ਨਸ਼ੀਨ ਕੌਨ ਹੈ। ਏਕ ਨੇ ਕਹਿਆ-ਏਹ ਸਾਰੇ ਹੀ ਕੁਰਸੀ ਨਸ਼ੀਨ ਹੈਂ। ਨਰੈਣ ਸਿੰਘ, ਸੇਵਾ ਸਿੰਘ (ਮਹੰਤ), ਗੋਧਾ ਸਿੰਘ ਕੁਰਸੀਆਂ ਪਰ ਬੈਠੇ। ਅਤਰ ਸਿੰਘ, ਹਜਾਰਾ ਸਿੰਘ ਕੋ ਫਰੰਗੀ ਕਹਿਆ-ਤੁਮ ਪਾਂਚੋਂ ਕੀ ਜ਼ਮਾਨਤ ਲਈ ਜਾਵੇਗੀ ਜੇ ਕੁਝ ਹਰਜਾ ਹੋਇਆ। ਦੰਗਾ ਫਸਾਦ ਹੋਇਆ ਤਾਂ ਤੁਮਾਰੇ ਜੁੰਮੇ ਹੈ। ਜਮਾਨਤ ਲੈ ਕੇ ਤਾਂ ਹੁਕਮ ਦੀਆ ਕਿ ਜਾਓ ਲਾਓ ਮੇਲਾ ਕਰੋ। ਲੱਗਾ ਖਾਲਸਾ ਆਵਣ।"[20]

ਭਾਈ ਹਰਨਾਮ ਸਿੰਘ ਬਗੁਲੀ ਕਲਾਂ ਜੋ ਇਸ ਮੇਲੇ ਦਾ ਪਰਤੱਖ ਦਰਸ਼ੀ ਸੀ, ਆਪਣੇ ਕਿੱਸਾ ਸੰਤ ਖਾਲਸਾ ਵਿਚ, ਇਸ ਸਮੇਂ ਸੰਗਤਾਂ ਦੀ ਜੁੜੀ ਵਿਸ਼ਾਲ ਹਾਜਰੀ ਦਾ ਕਲਮੀ ਚਿਤਰ ਖਿੱਚਦਾ ਹੈ।

"ਕਿਤਨਾ ਕੱਠ ਹੋਇਆ ਇਹ ਮੈਂ ਲਿਖਾਂ ਕਿਕਣ,

ਏਹ ਤਾਂ ਲਿਖਣ ਤੇ ਬਾਹਰ ਬਿਆਨ ਭਾਰਾ

ਕੇਹੜੇ ਮੁੱਖ ਸੇ ਕਿਸ ਤਰ੍ਹਾਂ ਹਾਲ ਦੱਸਾਂ,

ਜਿਵੇਂ ਲੱਗਿਆ ਬੜਾ ਦੀਵਾਨ ਭਾਰਾ

ਭੀੜ ਭਾੜ ਲੱਖੋਂ ਵੱਧ ਆਨ ਹੋਈ,

ਲਾਇਆ ਲੋਕਾਂ ਨੇ ਏਹ ਅਨੁਮਾਨ ਭਾਰਾ

ਦੇਸਾਂ ਦੇਸਾਂ ਦੇ ਸਿੰਘ ਸਰਦਾਰ ਕੂਕੇ,

ਕਰਦੇ ਸ਼ੌਕ ਮਹਾਰਾਜ ਦਾ ਆਨ ਭਾਰਾ।"[21]

ਇਸ ਸਮੇਂ ਇਤਨੀ ਵੱਡੀ ਗਿਣਤੀ ਵਿਚ ਜੁੜੀ ਸੰਗਤ ਲਈ ਗੁਰੂ ਕਾ ਲੰਗਰ ਇਕ ਰਸ ਅਤੇ ਅਤੁੱਟ ਵਰਤਾਉਣ ਦਾ ਕਾਰਜ, ਮਹੰਤ ਹਜਾਰਾ ਸਿੰਘ ਹੋਰਾਂ ਦੀ ਦੇਖ ਰੇਖ ਵਿਚ ਹੀ ਸੰਭਵ ਹੋਇਆ। ਸਮੁੱਚੇ ਨਾਮਧਾਰੀ ਪੰਥ ਵਿਚੋਂ ਆਏ ਲਾਂਗਰੀਆਂ ਦੇ ਜੱਥਿਆਂ ਨੂੰ ਉਹਨਾਂ ਬੜੀ ਮੁਸਤੈਦੀ ਨਾਲ, ਵੱਖ ਵੱਖ ਥਾਵਾਂ ਤੇ ਤਾਈਨਾਤ ਕਰਕੇ, ਸਾਰਾ ਮੇਲਾ ਭੁਗਤਾਅ ਕੇ, ਆਪਣੀ ਕਾਰਜ ਕੁਸ਼ਲਤਾ ਦਾ ਸਬੂਤ ਦਿੱਤਾ। ਉਹ ਮਾਝੇ ਦੇ ਇਲਾਕੇ ਵਿਚ, ਕੂਕਾ ਸਰਗਰਮੀਆਂ ਦੇ ਵੀ ਸੂਤਰਧਾਰ ਸਨ। ਨਾਮਧਾਰੀ ਸਿੰਘਾਂ ਦੇ ਥਾਣੇ ਕਚਿਹਰੀਆਂ ਦੇ ਮਸਲਿਆਂ ਨੂੰ ਨਜਿੱਠਣ ਲਈ ਵੀ ਉਹ ਹਮੇਸ਼ਾ ਤਤਪਰ ਰਹਿੰਦੇ ਸਨ। ਹੁਣ ਅੰਮ੍ਰਿਤਸਰ

ਅਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਵਿਚ, ਉਹ ਯੁਵਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗੁਆਈ ਹੇਠ ਸੇਵਾਵਾਂ ਨਿਬਾਹਿਆ ਕਰਦੇ ਸਨ।

20 ਪੋਹ 1966 ਬਿਕਰਮ ਨੂੰ (ਜਨਵਰੀ 1910 ਈ.) ਨੂੰ ਅੰਮ੍ਰਿਤਸਰ ਸ਼ਹਿਰ ਵਿਚ, ਬਾਬਾ ਸੁਰਜਨ ਸਿੰਘ ਭੋਮੇ ਵਡਾਲੀਏ ਦੀ ਅਗੁਆਈ ਹੇਠ ਮਸਤਾਨਾ ਟਹਿਲ ਸਿੰਘ ਬੌਰੀਆਂ ਵਾਲਾ ਅਤੇ ਬਾਲਕ ਗੁਰਮੁਖ ਸਿੰਘ ਝੱਬਰ ਉਗਰਾਹੀ ਵਾਲੇ ਊਠਾਂ ਨਾਲ ਲੰਘ ਰਹੇ ਸਨ ਤਾਂ ਚੁੰਗੀ ਵਾਲੇ ਮਹਿਸੂਲ ਕਟਾਉਣ ਲਈ ਅੜ ਗਏ। ਮਸਤਾਨੇ ਨੇ ਕਿਹਾ ਕਿ ਗੁਰੂ ਕੇ ਲੰਗਰ ਭੈਣੀ ਸਾਹਿਬ ਦੇ ਦਾਣਿਆਂ ਦਾ ਕੇਹਾ ਮਸੂਲ? ਕੂਕੇ ਅੰਗਰੇਜ਼ ਦੀ ਕਲਮ ਥੱਲੇ ਕਿਉਂ ਆਉਣ, ਝੇੜਾ ਵੱਧ ਗਿਆ। ਮਸਤਾਨਾ ਤੇ ਚੁੰਗੀ ਵਾਲੇ ਭਿੜ ਪਏ। ਫਿਰ ਸੋਹਣ ਸਿੰਘ ਹੋਰੀਂ ਸੁੰਦਰ ਸਿੰਘ ਬੰਬੂ ਦੇ ਭਰਾ ਆ ਗਏ, ਮਸਤਾਨੇ ਦੀ ਮਦਦ ਤੇ। ਗਹਿਗੱਚ ਲੜਾਈ ਹੋਈ, ਚੁੰਗੀ ਵਾਲਿਆਂ ਤੇ ਕੂਕਿਆਂ ਦੀ। ਫਿਰ ਪੁਲਿਸ ਆ ਗਈ ਤੇ ਇਹਨਾਂ ਨੂੰ ਚੌਕੀ ਲੈ ਗਏ। ਬਾਬਾ ਸੁਰਜਨ ਸਿੰਘ ਦੇ ਕਹਿਣ ਤੇ ਗੁਰਮੁਖ ਸਿੰਘ ਨੱਸ ਕੇ, ਮਹੰਤ ਹਜਾਰਾ ਸਿੰਘ ਹੋਰਾਂ ਨੂੰ ਬੁਲਾ ਲਿਆਏ। ਮਹੰਤ ਜੀ ਕੁਝ ਸ਼ਹਿਰ ਦੇ ਕਮੇਟੀ ਵਾਲੇ ਜ਼ਿੰਮੇਵਾਰ ਸੱਜਣ ਨਾਲ ਲੈ ਕੇ ਪੁਲਿਸ ਪਾਸ ਗਏ ਤੇ ਸਾਰੀ ਗੱਲ ਸਮਝਾ ਕੇ, ਇਹਨਾਂ ਸਿੰਘਾਂ ਨੂੰ ਮੁਕਤ ਕਰਵਾਇਆ।

“ਇਹ ਵੇਖ ਕੇ ਮਹੰਤ ਹਜ਼ਾਰਾ ਸਿੰਘ ਹੋਰਾਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੋਂ ਇਜਾਜ਼ਤ ਲੈ ਲਈ ਕਿ ਸਤਿਗੁਰੂ ਪਰਤਾਪ ਸਿੰਘ ਜੀ ਦਾ ਮਾਲ ਕਿਤੋਂ ਵੀ ਲੰਘ ਜਾਵੇ ਕੋਈ ਮਸੂਲ ਨਾ ਲਵੇ। ਇਹ ਮਹੰਤ ਜੀ ਗੁਰੂ ਹਰੀ ਸਿੰਘ ਦੇ ਸਮੇਂ ਤੋਂ ਲੰਗਰ ਦੀ ਬੜੀ ਸੇਵਾ ਕਰਦੇ ਸਨ। ਇਹਨਾਂ ਤੇ ਗੁਰੂ ਹਰੀ ਸਿੰਘ ਜੀ ਦੀ ਅਪਾਰ ਕ੍ਰਿਪਾ ਸੀ। ਮਹੰਤ ਜੀ ਦੇ ਦੋ ਟੱਬਰ ਸਨ। ਇਕ ਦਾ ਨਾਂ ਹਰ ਕੌਰ ਅਤੇ ਦੂਜੀ ਦਾ ਭਗਵਾਨ ਕੌਰ ਸੀ। ਇਹਨਾਂ ਦੋਵਾਂ ਦੀ ਵੀ ਇਹ ਅਜੀਬ ਕਹਾਣੀ ਸੀ ਕਿ ਥਾਂ ਮੁੱਲ ਲੈ ਕੇ ਮਕਾਨ ਬਨਾਉਣਾ। ਉਸ ਮਕਾਨ ਨੂੰ ਵੇਚ ਕੇ, ਉਸ ਵਿਚੋਂ ਮੁਨਾਫਾ ਕੱਢ ਕੇ ਅੰਨ ਪਾਣੀ ਛੱਕਣਾ ਅਤੇ ਉਸ ਪੈਸੇ ਨੂੰ, ਕੂਕਿਆਂ ਦੇ ਗੁਰਦੁਆਰੇ ਅੰਮ੍ਰਿਤਸਰ ਬਿਹੰਗਮਾਂ ਦੀ ਸੇਵਾ ਵਿਚ ਲਾਉਣਾ। ਕਿਸੇ ਨੂੰ ਦੁੱਧ, ਕਿਸੇ ਨੂੰ ਦਹੀਂ ਲੈ ਦੇਣਾ। ਬੱਚਿਆਂ ਨੂੰ ਵੀ ਦੁੱਧ, ਦਹੀਂ ਲੈ ਕੇ ਛਕਾਉਣਾ। ਅੱਠੀਂ ਪਹਿਰੀਂ ਇਹ ਦੋਵੇਂ ਮਾਤਾਵਾਂ, ਗੁਰਦੁਆਰੇ ਜਾ ਕੇ ਪੜਤਾਲ ਕਰਦੀਆਂ ਸਨ ਕਿ ਕਿਸੇ ਸਿੰਘ ਨੂੰ ਕਿਸੇ ਚੀਜ਼ ਦੀ ਲੋੜ ਤਾਂ ਨਹੀਂ। ਮਹੰਤ ਹੋਰੀਂ ਤੇ ਇਹ ਦੋਵੇਂ ਜ਼ਿਲ੍ਹਾ ਲੁਧਿਆਣਾ ਦੀਆਂ ਸਨ।”[22]

ਇਸ ਘਟਨਾ ਤੋਂ ਕੁਝ ਸਮਾਂ ਬਾਅਦ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਦੀ ਸੇਵਾ, ਯੁਵਾ ਸੰਤ ਜਿਉਣ ਸਿੰਘ ਜੀ ਨਾਭੇ ਵਾਲਿਆਂ ਨੂੰ, ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਭਾਲ ਦਿੱਤੀ ਸੀ। ਮਹੰਤ ਹਜਾਰਾ ਸਿੰਘ ਦੁਆਰਾ ਤਿਆਰ

ਕੀਤੇ ਸੇਵਾ ਦੇ ਉੱਚ ਮਾਪ ਦੰਡਾਂ ਤੇ ਸੰਤ ਜਿਉਣ ਸਿੰਘ ਜੀ ਵੀ ਖ਼ਰੇ ਉੱਤਰੇ ਸਨ। ਮਹੰਤ ਹਜਾਰਾ ਸਿੰਘ ਹੋਰਾਂ ਦੇ ਪਿਛਲੇ ਸਮੇਂ ਬਾਰੇ ਸਾਡੀਆਂ ਲਿਖਤਾਂ ਵਿਚੋਂ ਕੋਈ ਜਾਣਕਾਰੀ ਨਹੀਂ ਮਿਲਦੀ। ਉਹਨਾਂ ਦਾ ਅਨੁਮਾਨਿਤ ਜੀਵਨ ਕਾਲ 1840-45 ਤੋਂ 1910-13 ਤੱਕ ਮਾਲੂਮ ਹੁੰਦਾ ਹੈ। ਸੰਨ 1914 ਦੀ ਆਖਰੀ ਤਿਮਾਹੀ ਵਿਚ, ਪਹਿਲਾਂ ਮਹਾਰਾਜ ਨਿਹਾਲ ਸਿੰਘ ਜੀ ਅਤੇ ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨੰਦ ਕਾਰਜ ਹੋਏ ਸਨ। ਇਹਨਾਂ ਸਮਾਗਮਾਂ ਵਿਚ ਉਸ ਸਮੇਂ ਭਾਗ ਲੈਣ ਵਾਲੇ ਪਰਮੁੱਖ ਨਾਮਧਾਰੀ ਸਿੰਘਾਂ, ਸਾਧੂਆਂ ਸੰਤਾਂ, ਸੇਵਕਾਂ ਅਤੇ ਲਾਂਗਰੀਆਂ ਵਿਚ, ਮਹੰਤ ਹਜਾਰਾ ਸਿੰਘ ਹੋਰਾਂ ਦਾ ਨਾਮ ਨਾ ਮਿਲਣਾ, ਉਹਨਾਂ ਦੇ ਇਸ ਸਮੇਂ ਤੱਕ ਜਾਂ ਅਕਾਲ ਚਲਾਣਾ ਕਰ ਜਾਣ ਜਾਂ ਬਿਰਧ ਅਵਸਥਾ ਕਾਰਨ, ਗੋਸ਼ਾ ਨਸ਼ੀਨ ਹੋ ਜਾਣ ਵੱਲ ਇਸ਼ਾਰਾ ਕਰਦਾ ਹੈ। ਉਹਨਾਂ ਦੇ ਪਰਿਵਾਰਿਕ ਜੀਵਨ ਦੇ ਹੋਰ ਸਰੋਤਾਂ ਤੱਕ ਵੀ ਸਾਡੀ ਰਸਾਈ - ਨਹੀਂ ਹੋ ਸਕੀ।

ਪਮਾਲ ਕਲਾਂ ਅਤੇ ਪਮਾਲ ਖੁਰਦ ਦੋ ਆਸ ਪਾਸ ਪਿੰਡ ਹਨ। ਪਮਾਲ ਖੁਰਦ ਨੂੰ ਪਮਾਲੀ ਵੀ ਕਿਹਾ ਜਾਂਦਾ ਹੈ। ਇਹ ਪਿੰਡ ਵੀ ਅੰਗਰੇਜ਼ ਸਰਕਾਰ ਵਿਰੁੱਧ ਜੂਝਣ ਵਾਲੇ ਸੂਰਮੇ, ਅਜੀਤ ਸਿੰਘ ਪਮਾਲੀ ਦਾ ਇਤਿਹਾਸ, ਆਪਣੇ ਸੀਨੇ ਵਿਚ ਸਮੋਈ ਬੈਠਾ ਹੈ। ਇਹ ਅਜੀਤ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਸੈਨਿਕ ਅਤੇ ਅੰਗਰੇਜ਼ਾਂ ਦੇ ਕੱਟੜ ਵਿਰੋਧੀ ਰਾਜਾ ਅਜੀਤ ਸਿੰਘ ਲਾਡਵਾ ਦਾ ਵੀ ਏਲਚੀ ਰਿਹਾ ਸੀ। ਇਸ ਨੇ 1857 ਦੇ ਵਿਦਰੋਹ ਸਮੇਂ, ਆਪਣੇ ਇਲਾਕੇ ਵਿਚ ਅੰਗਰੇਜ਼ ਸਰਕਾਰ ਦਾ ਜਾਨੀ ਤੇ ਮਾਲੀ ਨੁਕਸਾਨ ਕੀਤਾ। ਕਈ ਸਾਲ ਕਾਬੂ ਨਾਂ ਆਇਆ। ਪਕੜੇ ਜਾਣ ਤੇ ਫੌਜੀ ਅਦਾਲਤ ਨੇ ਅਜੀਤ ਸਿੰਘ ਅਤੇ ਇਸਦੇ ਛੇ ਹੋਰ ਸਾਥੀਆਂ ਨੂੰ, ਸ਼ਰ੍ਹੇਆਮ 26 ਜਨਵਰੀ 1862 ਨੂੰ, ਘਾਹ ਮੰਡੀ ਚੌਂਕ, ਪੁਰਾਣੀ ਕੋਤਵਾਲੀ, (ਪੁਰਾਣੀ ਸਰਾਂ), ਚੌੜਾ ਬਜ਼ਾਰ, ਲੁਧਿਆਣਾ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ । ਇਸਦਾ ਸਸਕਾਰ ਨਾਨਕੇ ਪਿੰਡ ਬਦੋਵਾਲ ਵਿਚ ਕੀਤਾ ਗਿਆ।[23]

ਆਪਣੇ ਗੁਆਂਢੀ ਪਿੰਡ ਦੇ ਦੇਸ਼ ਭਗਤ ਸੂਰਮੇ ਦੇ ਇਸ ਸਾਕੇ ਦਾ ਪ੍ਰਭਾਵ, ਗੱਭਰੂ ਹਜਾਰਾ ਸਿੰਘ ਪਮਾਲ ਤੇ ਇਸ ਕਦਰ ਪਿਆ ਕਿ ਉਹ ਅੰਗਰੇਜ਼ ਸਰਕਾਰ ਵਿਰੁੱਧ ਤਦੋਕੇ ਪੰਜਾਬ ਵਿਚ ਚੱਲਣ ਵਾਲੇ ਕੂਕਾ ਅੰਦੋਲਨ ਦਾ ਇਕ ਮਹੱਤਵਪੂਰਨ ਅੰਗ ਬਣ ਗਿਆ। ਗੋਰਾ ਸ਼ਾਹੀ ਦੀ ਪੁਲਿਸ ਦੀਆਂ ਸਖ਼ਤੀਆਂ ਉਹਨੇ ਖਿੜੇ ਮੱਥੇ ਸਹਾਰੀਆਂ।

## ਹਵਾਲੇ ਤੇ ਟਿੱਪਣੀਆਂ


(1) ਸੰ. ਜਸਵਿੰਦਰ ਸਿੰਘ, ਕੁਕਾਜ ਆਫ ਨੋਟ ਇਨ ਦਾ ਪੰਜਾਬ, 1881, ਸਫਾ 2

(2) ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਦੂਜੀ ਛਾਪ, ਅਕਤੂਬਰ 1997, ਸਫਾ 78

(3) ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ-ਭਾਗ ਦੂਜਾ (ਸੰ. ਜਸਵਿੰਦਰ ਸਿੰਘ), ਸਫਾ 49

(4) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰ. ਜਸਵਿੰਦਰ ਸਿੰਘ), ਪਹਿਲੀ ਛਾਪ, ਸਫਾ 111-15

(5) ਉਪਰੋਕਤ, ਸਫਾ 181

(6) ਉਪਰੋਕਤ, ਸਫਾ 215

(7) ਸ੍ਰ. ਹਰਨਾਮ ਸਿੰਘ ਜੀ ਸਵੈਚ, (ਬਗੁਲੀ ਕਲਾਂ), ਸੰਤ ਖਾਲਸਾ, 1935 ਈ., ਸਫਾ 44

(8) ਸੰਤ ਬਾਹੋਵਾਲ, ਭਾਗ ਦੂਜਾ, ਸਫਾ 68-69

(9) ਉਪਰੋਕਤ, ਸਫਾ 70

(10) ਉਪਰੋਕਤ, ਸਫਾ 89-90

(11) ਉਪਰੋਕਤ, ਸਫਾ 152-53

(12) ਭਗਤ ਸਿੰਘ (ਸ਼ਹੀਦ-ਇ-ਆਜ਼ਮ), ਹਿੰਦੀ ਮਾਸਿਕ, ਮਹਾਂਰਥੀ, ਦਿੱਲੀ, ਫਰਵਰੀ 1928

(13) ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਸਫਾ 389-90, "ਹੋਰ ਭਾਈ ਸਾਨੂੰ ਤਾਂ ਏਥੇ ਇਕ ਪੈਸੇ ਦੀ ਬੀ ਲੋੜ ਨਹੀਂ। ਸਾਨੂੰ ਸਭ ਕੁਝ ਮਿਲ ਜਾਂਦਾ ਹੈ ਸਰਕਾਰੇ। ਖਾਣ ਪੈਨਣ ਦਾ ਕੋਈ ਬੀ ਘਾਟਾ ਨਹੀਂ। ਜਿਨਾਂ ਕੁਛ ਸਰੇ ਓਤਨਾ ਲੰਗਰ ਪਾਇ ਦੇਣਾ ਡੇਰੇ।ਓਥੋਂ ਬਹੁਤ ਲੋਕ ਰੋਟੀ ਖਾਂਦੇ ਹੈਂ।"

(14) ਸੰਤ ਬਾਹੋਵਾਲ, ਭਾਗ ਦੂਜਾ, ਸਫਾ 201

(15) ਉਪਰੋਕਤ, ਸਫਾ 278-79

(16) ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼-3, (ਸੰ. ਪ੍ਰਿੰ. ਬੇਅੰਤ ਕੌਰ), 26-6- 1953 ਨੂੰ ਬੰਕੋਕ (ਥਾਈਲੈਂਡ) ਵਿਚ ਸਤਿਗੁਰੂ ਜੀ ਦਾ ਉਪਦੇਸ਼, ਸਫਾ 182-83

(17) ਲਾਲ ਏਹਿ ਰਤਨ-5, ਸਫਾ 67-68

(18) ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੂਜਾ, ਸਫਾ 387

(19) ਉਪਰੋਕਤ, ਸਫਾ 400

(20) ਉਪਰੋਕਤ, ਸਫਾ 401
(21) ਹਰਨਾਮ ਸਿੰਘ ਸਵੈਚ, ਸੰਤ ਖਾਲਸਾ, ਸਫਾ 51
(22) ਸੁਵਰਨ ਸਿੰਘ ਵਿਰਕ (ਸੰਪਾਦਕ), ਅੱਖੀਂ ਡਿੱਠਾ ਕਿੱਸਾ ਕੀਤਾ, ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ, ਪਹਿਲੀ ਛਾਪ, ਸਫਾ 54
(23) ਪੰਜਾਬੀ ਟ੍ਰਿਬਿਊਨ ਦੇ ਧੰਨਵਾਦ ਸਹਿਤ ਸਤਿਜੁਗ (ਪੰਦਰਵਾੜਾ), 31 ਦਸੰਬਰ 2018 ਤੋਂ 13 ਜਨਵਰੀ 2019 ਵਿਚ ਛਪਿਆ, ਜਸਦੇਵ ਸਿੰਘ ਲਲਤੋਂ ਦਾ ਲੇਖ, 1857 ਵਿਚ ਲੜਨ ਵਾਲਾ ਅਜੀਤ ਸਿੰਘ ਪਮਾਲੀ, ਸਫਾ 11

# 'ਘਰ ਘਰ ਰਾਮ ਸਿੰਘ' ਦੇ ਪਰਤੀਕ– ਸੰਤ ਸੁੰਦਰ ਸਿੰਘ ਪੂੰਗਾਂ ਵਾਲੇ

ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀ ਸੰਗਤ ਵਿਚ ਬਹੁਤ ਸਾਰੇ ਸਾਧੂ ਸੰਤ ਅਜਿਹੇ ਸਨ, ਜਿਹੜੇ ਆਪਣੇ ਆਲੇ ਦੁਆਲੇ ਵਿਚ ਦੂਰ ਦੁਰੇਡੇ ਤੁਰ ਫਿਰ ਕੇ ਵੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਾਜੇ, ਨਾਮਧਾਰੀ ਸੰਤ ਖਾਲਸੇ ਦਾ ਪਰਚਾਰ ਕਰਿਆ ਕਰਦੇ ਸਨ। ਇਹ ਆਪ ਵੀ ਅੱਠੇ ਪਹਿਰ ਨਾਮ ਬਾਣੀ ਦੇ ਰੰਗ ਵਿਚ ਰੰਗੇ ਹੁੰਦੇ ਸਨ ਅਤੇ ਆਪਣੇ ਪਾਸ ਰਹਿਣ ਵਾਲਿਆਂ ਜਾਂ ਆਉਣ ਜਾਣ ਵਾਲਿਆਂ ਨੂੰ ਵੀ ਹਮੇਸ਼ਾਂ ਕਾਰ ਵਿਹਾਰ ਕਰਦਿਆਂ ਵੀ ਬੰਦਗੀ ਨਾਲ ਜੁੜੇ ਰਹਿਣ ਦੀ ਤਾਕੀਦ ਕਰਦੇ ਸਨ। ਉਹ ਆਪ ਉੱਚੇ ਆਤਮਿਕ ਜੀਵਨ ਨੂੰ ਹੰਡਾਉਂਦੇ ਸਨ। ਇਸ ਲਈ ਉਹਨਾਂ ਦੀ ਸਿੱਖਿਆ ਦਾ ਅਸਰ ਵੀ ਦੂਸਰਿਆਂ ਉਪਰ ਤੁਰਤ ਫੁਰਤ ਹੁੰਦਾ ਸੀ। ਸਿਆਲਕੋਟ ਜ਼ਿਲ੍ਹਾ ਅਣਵੰਡੇ ਪੰਜਾਬ ਦਾ ਵਿਆਪਕ ਕੂਕਾ ਵੱਸੋਂ ਵਾਲਾ ਜ਼ਿਲ੍ਹਾ ਸੀ। ਇਸ ਜ਼ਿਲ੍ਹੇ ਵਿਚ ਕੂਕਿਆਂ ਦੀ ਵੱਸੋਂ ਵਾਲੇ 124 ਪਿੰਡ ਸਨ। ਇਸੇ ਜ਼ਿਲ੍ਹੇ ਦੇ ਗਿੱਲ ਪਿੰਡ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸੈਨਿਕ ਜੀਵਨ ਦੇ ਸਾਥੀ ਬਾਬਾ ਜਮੀਅਤ ਸਿੰਘ ਰਹਿੰਦੇ ਸਨ। ਬਾਬਾ ਜੀ ਸਮੇਤ, ਸਤਿਗੁਰੂ ਰਾਮ ਸਿੰਘ ਜੀ ਦੇ ਥਾਪੇ ਚਾਰ ਸੂਬੇ, ਇਸ ਜ਼ਿਲ੍ਹੇ ਵਿਚ ਸਰਗਰਮ ਸਨ। ਸੂਬਾ ਬ੍ਰਹਮਾ ਸਿੰਘ ਜਨਮ ਪਿੰਡ ਤਾਂ ਦਰੀਆਪੁਰ–ਕੋਲਾਣਾ (ਜ਼ਿਲ੍ਹਾ ਮਾਨਸਾ ਸੀ) ਪਰ ਉਹ ਕੂਕਾ ਪਰਚਾਰ ਵਾਸਤੇ, ਜ਼ਿਆਦਾਤਰ ਸਿਆਲਕੋਟ ਦੇ ਪਿੰਡ ਚੱਕ ਰਿਹਾਣ ਵਿਖੇ ਟਿਕ ਕੇ, ਆਲੇ ਦੁਆਲੇ ਦੇ ਜ਼ਿਲ੍ਹਿਆਂ ਵਿਚ ਘੁੰਮਦੇ ਸਨ। ਸੂਬਾ ਰਾਜਾ ਸਿੰਘ ਤਰਾਂਡੀ ਅਤੇ ਸੂਬਾ ਜੋਤਾ ਸਿੰਘ ਢਪਈ ਵੀ ਸਿਆਲਕੋਟ ਅਤੇ ਗੁਜਰਾਂਵਾਲਾ, ਲਾਹੌਰ, ਅੰਮ੍ਰਿਤਸਰ ਆਦਿ ਵਿਚ ਸਰਗਰਮ ਸਨ। ਸਤਿਗੁਰੂ ਰਾਮ ਸਿੰਘ ਜੀ ਫੁਰਮਾਇਆ ਕਰਦੇ ਸਨ ਕਿ ਪੋਠੋਹਾਰ (ਹਜਰੋਂ ਸਾਹਿਬ–ਗੁਰੂ ਬਾਲਕ ਸਿੰਘ ਜੀ ਦਾ ਨਿਵਾਸ ਅਸਥਾਨ) ਤੋਂ ਅਸੀਂ ਸਿੱਖੀ ਦੀ ਪੰਡ ਬੰਨ੍ਹ ਕੇ ਚੱਲੇ ਤਾਂ ਪੁਆਧ (ਸ੍ਰੀ ਭੈਣੀ ਸਾਹਿਬ ਦਾ ਆਲਾ ਦੁਆਲਾ) ਵੱਲ ਸਾਂ, ਪਰ ਇਹ ਪੰਡ ਤਾਂ ਦੜਪ ਵਿਚ ਹੀ ਖੁੱਲ੍ਹ ਗਈ ਹੈ। ਸਿਆਲਕੋਟ ਦੇ ਇਕ ਵਿਸ਼ੇਸ਼ ਖਿੱਤੇ ਨੂੰ ਦੜਪ ਕਿਹਾ ਜਾਂਦਾ ਸੀ, ਜਿਵੇਂ ਮਾਝੇ ਵਿਚ ਸ੍ਰੀ ਹਰਗੋਬਿੰਦਪੁਰ ਦੇ ਇਲਾਕੇ ਨੂੰ ਰਿਆੜਕੀ ਅਤੇ ਮਾਲਵੇ ਵਿਚ ਬਰਨਾਲੇ ਦੇ ਆਲੇ ਦੁਆਲੇ ਨੂੰ ਜੰਗਲ ਅਤੇ ਦੁਆਬੇ ਵਿਚ ਕੰਢੀ ਤੇ ਬੀਤ ਦੇ ਇਲਾਕੇ ਹਨ। ਦੜਪ ਦੇ ਵਿਚ ਨਾਮਧਾਰੀ ਸਿੱਖੀ ਦੀਆਂ

ਜੜ੍ਹਾਂ ਬਹੁਤ ਗਹਿਰੀਆਂ ਸਨ।

"ਸਤਿਗੁਰੂ ਪਰਤਾਪ ਸਿੰਘ ਜੀ ਦੇ ਵਕਤ ਦੜਪ ਵਿਚ ਗਿਲ ਬਾਬਾ ਜਮੀਅਤ ਸਿੰਘ, ਕੱਕੇ ਕੇ-ਕਿਆਮਪੁਰ-ਨਾਰੋਵਾਲ ਦਾ ਨਾਮਧਾਰੀ ਡੇਰਾ, ਸਨਖਤਰੇ ਵਿਚ ਮਹੰਤ ਬੇਲਾ ਸਿੰਘ ਜੀ ਦਾ ਡੇਰਾ ਆਦਿਕ ਸਥਾਨ ਆਪੋ ਆਪਣੀ ਥਾਂ ਤੇ ਖਾਸ ਮਹਾਨਤਾ ਰੱਖਦੇ ਸਨ।"

"ਦੜਪ ਦੇ ਇਲਾਕੇ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਰੋਸਾਏ ਇਹ ਸਿੰਘ ਸੰਗਤ ਵਿਚ ਕਾਫੀ ਮਸ਼ਹੂਰ ਸਨ। ਕਿਆਮਪੁਰ ਵਿਚ ਬਾਬਾ ਬਲੀ ਸਿੰਘ (ਪੁਰਾਣਾ ਸਿੱਖ ਸੀ), ਸੂਬਾ ਜਵੰਦ ਸਿੰਘ, ਕੱਕੇਕਿਆਂ ਵਿਚ ਸੰਤ ਟਹਿਲ ਸਿੰਘ ਰੂਸੀਆ ਤੇ ਸੁਦਾਗਰ ਸਿੰਘ, ਚੰਦੋਵਾਲ ਵਿਚ ਬਾਬਾ ਗੰਡਾ ਸਿੰਘ, ਸ੍ਰ. ਤੇਜਾ ਸਿੰਘ, ਗੁੱਜਰਵਾਲੀ ਵਾਲਾ ਸ੍ਰ. ਹਰੀ ਸਿੰਘ, ਗਿੱਲੀਂ ਮਹੰਤ ਸੰਤ ਸਿੰਘ ਤੇ ਸ੍ਰ. ਸ਼ਰਮ ਸਿੰਘ, ਚਵਿੰਡੇ ਸ੍ਰ. ਕੇਸਰ ਸਿੰਘ, ਢਪਈ ਵਿਚ ਮਹੰਤ ਕਰਮ ਸਿੰਘ, ਖਾਰੇ ਦੇਊਆਂ ਵਿਚ ਸੰਤ ਝੰਡਾ ਸਿੰਘ ਭਾਜੂ, ਬਾਬਾ ਬੂਟਾ ਸਿੰਘ, ਰੱਤੀਆਂ ਸੰਤ ਸੁੰਦਰ ਸਿੰਘ ਜੀ, ਸਨਖਤਰੇ ਮਹੰਤ ਆਤਮਾ ਸਿੰਘ, ਖਾਨਪੁਰ ਬਾਬਾ ਬੁੱਢਾ ਸਿੰਘ, ਟਪਿਆਲੇ ਜਥੇਦਾਰ ਸੰਤ ਸਿੰਘ, ਦੌਲੇਵਾਲੀ ਸੂਬਾ ਸ਼ੇਰ ਸਿੰਘ ਆਦਿਕ ਦੇ ਘਰ ਬੜੇ ਮਸ਼ਹੂਰ ਹੁੰਦੇ ਸਨ। ਇਹਨਾਂ ਤੋਂ ਇਲਾਵਾ ਇਸ ਇਲਾਕੇ ਦੇ ਮਹਾਂਪੁਰਸ਼ ਵਿਚੋਂ ਪਰਮ ਸੰਤ ਜਵਾਹਰ ਸਿੰਘ ਜੀ ਮਿਰਜ਼ੇ ਵਾਲੀਏ, ਮਹੰਤ ਵਧਾਵਾ ਸਿੰਘ ਜੀ ਖਾਨ ਪੁਰੀਏ, ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ, ਸੰਤ ਬੰਤਾ ਸਿੰਘ ਬੂੜੇ ਡੱਲੇ ਵਾਲੇ, ਸੰਤ ਅਤਰ ਸਿੰਘ (ਸੰਭੜਿਆਲ), ਸੰਤ ਮੋਹਨ ਸਿੰਘ ਭਾਗੋਵਾਲੀਏ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ (ਫਤੂਹੀ ਚੱਕੀਏ), ਸੰਤ ਲਾਭ ਸਿੰਘ ਜੀ ਕਾਲੋਕਿਆਂ ਵਾਲੇ, ਸੰਤ ਸੁੰਦਰ ਸਿੰਘ ਜੀ ਭੂਰੀਵਾਲੇ (ਮਾਨਾਂ ਵਾਲੀਏ), ਸੂਬਾ ਹਰੀ ਸਿੰਘ ਜੀ ਮੱਲੋਕੇ, ਸੂਬਾ (ਸੰਤ ਜਥੇਦਾਰ) ਭਗਤ ਸਿੰਘ ਜੀ ਦਾਤੇਵਾਲੀਏ, ਸੰਤ ਸੋਹਨ ਸਿੰਘ ਜਾਮ ਕੇ, ਸੰਤ ਸੋਹਨ ਸਿੰਘ ਚੱਕਰੀ ਵਾਲੇ, ਸੰਤ ਕਿਸ਼ਨ ਸਿੰਘ ਚਕੜਾਲੀ ਵਾਲੇ, ਸੰਤ ਖਜਾਨ ਸਿੰਘ ਜੀ ਜਥੇਦਾਰ ਮਲੇ ਵਾਲੇ, ਸੰਤ ਸੋਹਨ ਸਿੰਘ ਜੀ ਰਾਗੀ ਕੋਟ ਪੰਨਵਾਂ। ਸ੍ਰੀਮਾਨ ਪੰਡਿਤ ਜਗਤ ਸਿੰਘ ਜੀ ਖੰਡੂ ਵਾਲੀਏ, ਸੰਤ ਕਿਸ਼ਨ ਸਿੰਘ ਜੀ ਤਤਲਿਆਂ ਵਾਲੇ, ਸੰਤ ਟਹਿਲ ਸਿੰਘ ਜੀ ਸੱਦੋਵਾਲੀਏ। ਸੰਤ ਈਸ਼ਰ ਸਿੰਘ ਜੀ ਠੇਕੇਦਾਰ ਮਲੂਵਾਲੀ ਸੰਤ ਬੇਲਾ ਸਿੰਘ ਸੂਜੋਵਾਲੀਏ। ਭਾਈ ਕਾਲੂ, ਮੱਤੂ ਤੇ ਸੋਹਣੇ ਕੇ ਰਬਾਬੀ ਕੋਟਲੀ ਰਮਦਾਸ ਵਾਲੇ, ਸੰਤ ਈਸ਼ਰ ਸਿੰਘ ਰੰਗੀਲਾ ਜਥੇਦਾਰ ਖਾਰਾ ਦੇਊਆਂ, ਸੰਤ ਜਾਗੀਰੀ, ਸੰਤ ਨਰਾਇਣ ਸਿੰਘ ਵੀਰੋਕੇ, ਪ੍ਰਸਿੱਧ ਕਵੀ ਸੰਤ ਸਿੰਘ ਬੱਲੋਵਾਲੀ, ਸੰਤ ਗੋਪਾਲ ਸਿੰਘ ਸੁਤੰਤਰ ਦਾਦੂ ਬਾਜਵਾ, ਸੂਬਾ ਇੰਦਰ ਸਿੰਘ ਜੀ ਕਿਲਾ ਸੋਭਾ ਸਿੰਘ (ਸੂਬਾ ਪਸ਼ੌਰ), ਸੰਤ

ਮਤਾਬ ਸਿੰਘ, ਸੰਤ ਅਣਖਾ ਸਿੰਘ ਦਾਤੇਵਾਲਾ, ਸੰਤ ਮਸਤਾਨ ਸਿੰਘ, ਭਾਈ ਟਹਿਲ ਸਿੰਘ ਕਿਆਮਪੁਰ ਵਾਲੇ ਆਦਿਕ ਅਨੇਕਾਂ ਅਜਿਹੇ ਸਾਧੂ ਮਹਾਤਮਾ, ਜਥੇਦਾਰ, ਸੂਬੇ, ਸੰਤ, ਮਹੰਤ, ਵਿਦਵਾਨ ਸਨ ਜਿਨ੍ਹਾਂ ਨੂੰ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਕਟਵਰਤੀ ਹੋਣ ਦਾ ਮਾਨ ਪ੍ਰਾਪਤ ਸੀ।"[1]

ਦੜਪ ਦੀ ਉੱਪਰ ਵਰਣਿਤ ਸੰਤ ਮੰਡਲੀ ਵਿਚੋਂ ਉੱਭਰਵਾਂ ਨਾਮ, ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲਿਆਂ ਦਾ ਹੈ। ਜਿਹਨਾਂ ਨੇ ਅੱਧੀ ਸਦੀ ਦੇ ਲੱਗਪਗ, ਦੜਪ ਦੇ ਇਸ ਖਿੱਤੇ ਵਿਚ ਵੀ ਅਤੇ ਹੋਰਨਾਂ ਥਾਵਾਂ ਤੇ ਵੀ ਨਾਮਧਾਰੀ ਪਰਚਾਰ ਦੀ ਕਮਾਨ ਸੰਭਾਲੀ ਰੱਖੀ ਸੀ। ਆਪ ਜੀ ਦਾ ਸਬੰਧ ਰਾਮਗੜ੍ਹੀਆ ਦਸਤਕਾਰ ਪਰਵਾਰ ਨਾਲ ਸੀ।ਕਿਆਮਪੁਰ ਕੱਕੇ ਕੇ ਦੀ ਜਿਸ ਨਾਮਧਾਰੀ ਟਕਸਾਲ ਦਾ ਉੱਪਰ ਜਿਕਰ ਆਇਆ ਹੈ, ਉਥੋਂ ਦੇ ਹੀ ਇਕ ਉੱਘੇ ਰੁਕਨ, ਸੰਤ ਚੇਤ ਸਿੰਘ ਕੱਕੇਕਿਆਂ ਵਾਲਿਆਂ ਨੇ ਆਪ ਜੀ ਨੂੰ ਨਾਮ ਦੀ ਦਾਤ ਦੇ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨਾਲ ਜੋੜਿਆ ਸੀ। ਆਪ ਜੀ ਦਾ ਜਨਮ ਸੰਨ 1870 ਈ. ਵਿਚ ਪਿਤਾ ਨਿਹਾਲ ਸਿੰਘ ਅਤੇ ਮਾਤਾ ਹਰ ਕੌਰ ਦੇ ਘਰ ਵਿਚ ਪਿੰਡ ਪੂੰਗ, ਥਾਣਾ ਰੱਈਆ ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। "ਆਪ ਨੇ ਕਿਸੇ ਤਰ੍ਹਾਂ ਦੀ ਵਿੱਦਿਆ ਨਹੀਂ ਪੜ੍ਹੀ। ਹੋਸ਼ ਸੰਭਾਲੀ ਤਾਂ ਤਰਖਾਣਾ ਕੰਮ ਸਿੱਖਣਾ ਸ਼ੁਰੂ ਕੀਤਾ। ਥੋਹੜਾ ਚਿਰ ਕੰਮ ਕਰਕੇ ਆਪ ਭਾਈ ਕੀ ਧਨਵੱਡੀ, ਜੋ ਡੇਹਰਾ ਬਾਬਾ ਨਾਨਕ ਕੋਲ ਹੈ, ਜਾ ਰਹੇ। ਇਕ ਖਰਾਸ ਲਾ ਲਿਆ। ਦਾਣੇ ਮੁੱਲ ਲੈ ਕੇ, ਖਰਾਸੇ ਪੀਹ ਕੇ, ਆਟਾ ਡੇਹਰਾ ਬਾਬਾ ਨਾਨਕ ਜਾ ਕੇ ਵੇਚ ਆਉਣਾ। ਆਪ ਨੇ ਸੰਤ ਚੇਤ ਸਿੰਘ ਜੀ ਕੱਕੇਕਿਆਂ ਵਾਲਿਆਂ ਤੋਂ ਭਜਨ ਪੁੱਛਿਆ। ਆਪ ਦਾ ਪਹਿਲਾ ਨਾਮ ਪਹੂ ਸਿੰਘ ਸੀ। ਸੰਤ ਚੇਤ ਸਿੰਘ ਜੀ ਨੇ ਸੁੰਦਰ ਸਿੰਘ ਰੱਖਿਆ। ਭਜਨ ਪੁੱਛ ਕੇ ਆਪ ਨੇ ਬੜਾ ਉੱਗਰ ਤਪ ਕੀਤਾ। ਪੋਹ ਮਾਘ ਦੀਆਂ ਰਾਤਾਂ ਵਿਚ ਛੱਪੜ ਵਿਚ ਖਲੋ ਕੇ ਭਜਨ ਕਰਨਾ ਇਹਨਾਂ ਦਾ ਸੁਭਾਵਿਕ ਕੰਮ ਸੀ। ਨਾਮ ਜਪਦੇ ਜਪਦੇ ਆਪ ਮਸਤਾਨੇ ਹੋ ਗਏ। ਅਨਪੜ੍ਹ ਹੋਣ ਕਰਕੇ ਵੀ ਬਾਣੀ ਆਪ ਨੂੰ ਬਹੁਤ ਕੰਠ ਸੀ। ਹੁਣ ਆਪ ਹੱਲੇ ਦਾ ਦੀਵਾਨ ਲਾ ਕੇ ਨਾਮਧਾਰੀ ਪੰਥ ਦਾ ਪਰਚਾਰ ਕਰਨ ਲੱਗ ਪਏ। ਆਪ ਦੀ ਜ਼ੁਬਾਨ ਵਿਚ ਕੁਝ ਅਜਿਹੀ ਤਾਸੀਰ ਸੀ ਕਿ ਵੱਡੇ ਤੋਂ ਵੱਡਾ ਬਦਮਾਸ਼, ਮਖੌਲ ਨਾਲ ਆ ਕੇ ਵੀ ਭਜਨ ਪੁੱਛੇ ਤਾਂ ਮਸਤਾਨਾ ਹੋ ਜਾਂਦਾ ਸੀ। ਆਪ ਮਾਇਆ ਨੂੰ ਹੱਥ ਨਹੀਂ ਸਨ ਲਾਉਂਦੇ। ਜਿਹਨਾਂ ਜਿਹਨਾਂ ਨੂੰ ਭਜਨ ਦੱਸਦੇ, ਉਹ ਸਭ ਦੇ ਸਭ ਮਸਤਾਨੇ ਹੋ ਜਾਂਦੇ। ਇਸ ਵੇਲੇ ਆਪ ਦੀ ਉਮਰ ਕੋਈ

65-67 ਸਾਲ ਦੀ ਏ ਤੇ ਦਰਸ਼ਨ ਵਿਚ ਬੜੀ ਭਾਰੀ ਖਿੱਚ ਹੈ।[2]

ਸਤਿਜੁਗ ਦੇ ਦੂਸਰੇ ਸੰਤ ਅੰਕ ਵਿਚ, ਸੰਤ ਇੰਦਰ ਸਿੰਘ ਚੱਕਰਵਰਤੀ ਨੇ ਅਨੰਦਪੁਰ ਸਾਹਿਬ ਦੇ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਹੋਏ ਪਹਿਲੇ ਹੋਲੇ ਮਹੱਲੇ, 1968 ਬਿਕਰਮੀ ਮੁਤਾਬਿਕ 1912 ਈ. ਸਮੇਂ ਵਾਪਰੇ ਇਕ ਪਰਸੰਗ ਦੈਂਤ-ਤੋਂ-ਦੇਵਤਾ" ਦਾ ਕਲਮੀ ਚਿੱਤਰ ਖਿੱਚ ਕੇ ਪਾਠਕਾਂ ਸਾਹਵੇਂ ਰੱਖਿਆ ਹੈ, ਜਿਸ ਵਿਚੋਂ ਸੰਤ ਪੂੰਗਾਂ ਵਾਲਿਆਂ ਦੀ ਉੱਚੀ ਸੁੱਚੀ ਬਿਰਤੀ ਅਤੇ ਵਿਅਕਤੀਆਂ ਨੂੰ ਕੀਲਣ ਵਾਲੀ ਸ਼ਖ਼ਸੀਅਤ ਦੇ ਝਲਕਾਰੇ ਪੈਂਦੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਇਸ ਘਟਨਾ ਦੇ ਪਰਤੱਖ-ਦਰਸ਼ੀ ਸਨ। ਯਾਦ ਰਹੇ ਕਿ ਅਨੰਦਪੁਰ ਸਾਹਿਬ ਦੀ ਖ਼ਾਲਸੇ ਦੀ ਜਨਮ ਭੂਮੀ ਹੋਣ ਦਾ ਮਾਣ ਰੱਖਣ ਵਾਲੀ, ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੂਹ ਪ੍ਰਾਪਤ, ਕਰਮ-ਭੂਮੀ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਹਜਾਰਾਂ ਨਾਮਧਾਰੀ ਸੰਗਤਾਂ ਸਮੇਤ, 1867 ਅਤੇ 1870 ਈ. ਵਿਚ ਦੋ ਹੋਲੇ ਮਹੱਲੇ ਮਨਾਏ ਸਨ, ਜਿਹਨਾਂ ਪੁਰਬਾਂ ਸਮੇਂ, ਆਪ ਦੇ ਜਾਹੋ ਜਲਾਲ ਅਤੇ ਹਜਾਰਾਂ ਸੰਗਤਾਂ ਉੱਪਰ ਆਪ ਦੁਆਰਾ ਲਾਗੂ ਕੀਤੇ ਬੇਮਿਸਾਲ ਅਨੁਸ਼ਾਸ਼ਨ ਤੋਂ, ਵੱਡੇ ਅੰਗਰੇਜ਼ ਅਧਿਕਾਰੀ ਚਕਿਤ ਰਹਿ ਗਏ ਸਨ। ਉਹਨਾਂ ਇਤਿਹਾਸਕ ਹੋਲੇ ਮੁਹੱਲਿਆਂ ਤੋਂ ਕੁੱਲ 42 ਕੁ ਸਾਲ ਬਾਅਦ ਹੋਇਆ ਇਹ ਹੋਲਾ ਮਹੱਲਾ, ਸਤਿਗੁਰੂ ਪਰਤਾਪ ਸਿੰਘ ਜੀ ਦੀ ਚੜ੍ਹਦੀ ਕਲਾ ਅਤੇ ਨਾਮਧਾਰੀ ਸਾਧੂ ਸੰਤਾਂ ਦੀਆਂ ਮਿਕਨਾਤੀਸੀ ਸ਼ਖ਼ਸੀਅਤਾਂ ਦਾ ਮੂੰਹੋਂ ਮੂੰਹ ਬੋਲਦਾ ਪਰਮਾਣ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਉੱਚ ਅਧਿਕਾਰੀਆਂ ਨੂੰ ਕਹਿ ਭਿਜਵਾਇਆ ਸੀ ਕਿ ਸਾਡੇ ਦੀਵਾਨ ਵਿਚ ਕੋਈ ਵੀ ਨਸ਼ਾ ਪੱਤਾ ਕਰਨ ਵਾਲਾ, ਸ਼ਰਾਬੀ ਕਬਾਬੀ ਵਿਘਨ ਨਾਂ ਪਾਏ ਜਾਂ ਤੁਸੀਂ ਉਹਨਾਂ ਨੂੰ ਸਾਂਭ ਲੈਣਾ ਜਾਂ ਫਿਰ ਸਾਡੇ ਸਿੰਘ ਆਪਣੇ ਢੰਗ ਨਾਲ ਨਜਿੱਠ ਲੈਣਗੇ। ਇਸ ਹੋਲੇ ਮਹੱਲੇ ਵਿਚ ਸੰਤ ਪੂੰਗਾਂ ਵਾਲੇ ਆਪਣੀ ਭਰ ਜੁਆਨੀ ਦੀ ਉਮਰ ਵਿਚ, ਆਪਣੇ ਕੀਰਤਨੀ ਜਥੇ ਸਣੇ, ਹੋਰ ਬਹੁਤ ਸਾਰੇ ਨਾਮਧਾਰੀ ਸਾਧੂ ਸੰਤਾਂ ਰਾਗੀਆਂ, ਰਬਾਬੀਆਂ ਤੇ ਪਰਚਾਰਕਾਂ, ਜਥੇਦਾਰਾਂ ਸਮੇਤ ਸ਼ਾਮਲ ਹੋਏ ਸਨ। ਇਸ ਹੋਲੇ ਮਹੱਲੇ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਦੋਹਾਂ ਛੋਟੇ ਭਾਈਆਂ ਮਹਾਰਾਜ ਨਿਹਾਲ ਸਿੰਘ, ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ, ਪੂਜ ਮਾਤਾਵਾਂ, ਮਾਤਾ ਜੀਵਨ ਕੌਰ ਅਤੇ ਮਾਤਾ ਫ਼ਤਹਿ ਕੌਰ ਜੀ ਸਮੇਤ ਸੰਗਤਾਂ ਨੂੰ ਦਰਸ਼ਨ ਦਿੱਤੇ ਅਤੇ ਗੁਰੂ-ਅਸਥਾਨਾਂ ਦੇ ਦਰਸ਼ਨ ਮੇਲੇ ਕੀਤੇ ਸਨ। ਪ੍ਰਸਿੱਧ ਖਾੜਕੂ ਕੂਕੇ, ਸੰਤ ਭਗਵਾਨ ਸਿੰਘ ਅੜਬੰਗੀ ਮਰਹਾਣੇ ਵਾਲੇ ਅੰਮ੍ਰਿਤਸਰ ਬੁੱਚੜ ਬੱਧ ਸਾਕੇ ਦੇ ਮਫ਼ਰੂਰ ਭਾਈ ਮਿਹਰ ਸਿੰਘ ਉਰਫ਼ ਸੰਤਾ ਸਿੰਘ ਲੋਪੋਕੇ ਵੀ ਇਸ ਹੋਲੇ ਮਹੱਲੇ ਵਿਚ ਸ਼ਾਮਲ ਹੋਏ ਸਨ।

ਅੜਬੰਗੀ ਜੀ ਇਸੇ ਵਿਸਾਖ ਮਹੀਨੇ ਵਿਚ ਅਤੇ ਮਿਹਰ ਸਿੰਘ ਜੀ ਅਗਲੇ ਸਾਲ ਸ੍ਰੀ ਭੈਣੀ ਸਾਹਿਬ ਹੀ ਅੰਤਿਮ ਫ਼ਤੇਹ ਬੁਲਾ ਗਏ ਸਨ।

"ਰੋਪੜ ਤੋਂ ਸੱਤ ਮੀਲ ਚੜ੍ਹਦੇ ਬੰਨੇ, ਸਰਸਾ ਨਦੀ ਦੇ ਕੰਢੇ ਤੇ ਇੰਦਰਪੁਰਾ ਨਾਮੀ ਇਕ ਛੋਟਾ ਜਿਹਾ ਪਿੰਡ ਵੱਸਦਾ ਏ, ਅਬਾਦੀ ਸਿੱਖਾਂ ਦੀ ਏ, ਭੋਇੰ ਚੰਗੀ ਏ, ਅੰਬਾਂ ਤੇ ਸੇਉ ਬੇਰੀਆਂ ਦੇ ਬਾਗ ਹਨ। ਜ਼ਿੰਮੀਦਾਰਾਂ ਦੀ ਹਾਲਤ ਚੰਗੀ ਏ, ਕਦੀ ਇਸ ਪਿੰਡ ਦੇ ਵਸਨੀਕ ਪੂਰਨ ਗੁਰ ਸਿੱਖ ਹੁੰਦੇ ਸਨ, ਪਰ ਸਮੇਂ ਦੇ ਪਲਟਾ ਖਾ ਜਾਣ ਕਰਕੇ, ਅੱਜ ਇਸ ਪਿੰਡ ਦੇ ਵਸਨੀਕਾਂ ਦਾ ਕੰਮ ਚੋਰੀ ਦਾ ਮਾਲ ਸਾਂਭਣਾ, ਸ਼ਰਾਬ ਕੱਢਣੀ, ਜਨਾਨੀਆਂ ਵੇਚਣਾਂ ਰਹਿ ਗਿਆ ਹੈ। ਪੁਲਿਸ ਵਾਲੇ ਇਸ ਪਿੰਡ ਦੇ ਗੱਭਰੂਆਂ ਤੋਂ ਡਰਦੇ ਕਦੀ ਤਲਾਸ਼ੀ ਕਰਨ ਨਹੀਂ ਜਾਂਦੇ। ਹਠ ਦੇ ਇਹ ਏਡੇ ਪੱਕੇ ਕਿ ਇਕ ਵਾਰ ਰੋਪੜ ਦੇ ਥਾਨੇਦਾਰ ਨੇ ਇਹਨਾਂ ਨੂੰ ਪਾਣੀ ਪਾ-ਪਾ ਕੁੱਟਿਆ, ਪਰ ਇਹਨਾਂ ਚੋਰੀ ਨਹੀਂ ਕਬੂਲ ਕੀਤੀ। ਚਾਰੇ ਬੰਨੇ ਜੇ ਸਾਂਈ ਸਿਰ ਹੀ ਆ ਚੜ੍ਹਨ ਤਾਂ ਚੋਰੀ ਦੇ ਮਾਲ ਨੂੰ ਸਰਸੇ ਵਿਚ ਤੇ ਭਾਵੇਂ ਸੁੱਟ ਦੇਣ, ਪਰ ਸਾਂਈਆਂ ਨੂੰ ਕੋਈ ਚੀਜ਼ ਨਹੀਂ ਸਨ ਦਿੰਦੇ। ਅਖਵਾਉਂਦੇ ਅਜੇ ਵੀ ਸਿੱਖ ਸਨ, ਪਰ ਸਿੱਖਾਂ ਵਾਲੀ ਕਿਰਤ ਇਹਨਾਂ ਦੀ ਇੱਕ ਵੀ ਨਹੀਂ ਸੀ। 'ਗੁਰੂ' ਅਤੇ 'ਗੁਰਬਾਣੀ' ਭੁੱਲ ਸਾਰਾ ਪਿੰਡ ਸੁਲਤਾਨੀਆਂ ਹੋ ਚੁੱਕਾ ਸੀ। ਸੁਲਤਾਨ ਦੇ ਚਲੇ ਜਾਣਾ, ਰੋਟ ਪਕਾਣਾ, ਭਰਾਈਆਂ ਹੱਥੋਂ ਸੀਰਣੀਆਂ ਖਾਣੀਆਂ, ਟਾਹਰਾਂ ਦੁਆਣੀਆਂ ਅਤੇ ਸੁਆਣੀਆਂ ਦੇ ਗਲਾਂ ਵਿਚ 'ਹੈਦਰ-ਸ਼ੇਖ' ਦੀਆਂ ਚੌਕੀਆਂ ਪਾਉਣੀਆਂ ਹੀ ਇਹਨਾਂ ਦਾ ਧਰਮ ਰਹਿ ਗਿਆ ਸੀ। ਇਹ ਪਿੰਡ ਕਿਉਂਕਿ ਅਨੰਦਪੁਰ ਸਾਹਿਬ ਦੇ ਰਸਤੇ ਉੱਤੇ ਸੀ, ਪਰ ਧਰਮਸ਼ਾਲਾ ਜਾ ਸਿੱਖਾਂ ਦੇ ਰਹਿਣ ਲਈ ਇੱਥੇ ਕੋਈ ਵੀ ਥਾਂ ਨਹੀਂ ਸੀ। ਰੱਬ ਦੇ ਰੰਗ।"[3]

ਸੰਤ ਜੀ ਲਿਖਦੇ ਹਨ ਕਿ ਉਪਰੋਕਤ ਹੋਲੇ ਮਹੱਲੇ ਦੇ ਲਾਗੇ ਚਾਗੇ ਇਕ ਫੱਗਣ ਦੇ ਦਿਨ, ਦਿਨ ਢਲੇ ਇੰਦਰਪੁਰਾ ਵਿਚੋਂ ਸੰਤ ਹਾਕਮ ਸਿੰਘ ਘੁੱਕਲ ਦਾ ਜਥਾ ਕੀਰਤਨ ਕਰਦਾ ਹੋਇਆ ਲੰਘਦਾ ਹੈ। ਪਿੰਡ ਦਾ ਚੌਧਰੀ 'ਸਮੁੰਦਾਂ' ਇਹਨਾਂ ਪੰਝੀ ਤੀਹ ਸਫੈਦ ਬਸਤਰਧਾਰੀ ਨਾਮਧਾਰੀ ਸਾਧੂਆਂ ਪਾਸ ਜਾ ਖਲੋਤਾ ਜਿਸ ਨੂੰ ਸੰਤ ਘੁੱਕਲ ਜੀ ਨੇ ਰਾਤ ਕੱਟਣ ਲਈ, ਪਿੰਡ ਵਿਚ ਕਿਸੇ ਧਰਮਸ਼ਾਲਾ ਬਾਰੇ ਪੁੱਛਿਆ।ਉਸ ਨੇ ਕਿਹਾ ਕਿ ਧਰਮਸ਼ਾਲਾ ਤਾਂ ਨਹੀਂ, ਉਂਜ ਜੇ ਤੁਸਾਂ ਰਾਤ ਕੱਟਣੀ ਏ ਤਾਂ ਮੇਰੇ ਘਰ ਕੱਟ ਸਕਦੇ ਹੋ। ਸੰਤ ਜੀ ਨੇ ਦੱਸਿਆ ਕਿ ਅਸੀਂ ਸਿਰਫ ਉਸ ਸੱਜਣ ਦੇ ਘਰ ਹੀ ਟਿਕ ਸਕਦੇ ਹਾਂ ਜੋ ਸਾਥੋਂ ਸਤਿਗੁਰੂ ਦੇ ਪਾਵਨ ਨਾਮ ਦੀ ਦਾਤ ਲੈ ਕੇ, ਮਾਸ ਸ਼ਰਾਬ, ਚੋਰੀ ਯਾਰੀ, ਲੁੱਟ ਖੋਹ, ਠੱਗੀ ਧਾੜਾ ਆਦਿ ਹਮੇਸ਼ਾਂ ਲਈ ਛੱਡਣ ਦਾ ਅਹਿਦ ਕਰੇ। ਸਮੁੰਦੇ ਨੇ ਕਿਹਾ ਕਿ ਮੈਨੂੰ ਤੁਹਾਡੀ ਇਹਨਾਂ ਵਿਚੋਂ ਕੋਈ

ਵੀ ਗੱਲ ਮਨਜ਼ੂਰ ਨਹੀਂ। ਜੇ ਨਹੀਂ ਰਹਿਣਾ ਤਾਂ ਅਮਾਨ ਕੋਟ ਦੇ ਰਾਹੇ ਪੈ ਜਾਉ, ਉੱਥੇ ਧਰਮਸ਼ਾਲਾ ਵੀ ਮਿਲ ਜਾਏਗੀ। ਸੰਤ ਘੁੱਕਲ ਜਥੇ ਸਮੇਤ ਅਮਾਨਕੋਟ ਨੂੰ ਤੁਰ ਪਏ ਪਰ ਜਾਂਦੇ ਜਾਂਦੇ ਸਮੁੰਦੇ ਤੇ ਉਸ ਦੇ ਸਾਥੀਆਂ ਨੂੰ ਕਹਿ ਗਏ ਕਿ ਅਸੀਂ ਹੋਲੇ ਮਹੱਲੇ ਦੇ ਪਰਬੰਧ ਲਈ ਅਗੇਤੇ ਜਾ ਰਹੇ ਹਾਂ। ਐਤਕੀਂ ਹੋਲੇ ਮਹੱਲੇ ਵਿਚ, ਸਤਿਗੁਰੂ ਪਰਤਾਪ ਸਿੰਘ ਜੀ ਵੀ ਆ ਰਹੇ ਹਨ ਭੈਣੀ ਸਾਹਿਬ ਵਾਲੇ, ਇਸ ਲਈ ਤੁਸੀਂ ਸਾਰੇ ਜ਼ਰੂਰ ਆਇਉ।

"ਅੱਜ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਮਹਾਰਾਜ, , ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸੰਗਤਾਂ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰਦੇ ਹੋਏ, ਕੀਰਤਪੁਰ ਸਾਹਿਬ ਆਏ ਹਨ। ਨਾਲ ਸੰਗਤਾਂ ਦੀ ਅਥਾਹ ਭੀੜ ਹੈ। ਕੀਰਤਪੁਰ ਦਰਿਆ ਸਤਿਲੁਜ ਦੇ ਕੰਢੇ ਦੀਵਾਨ ਲੱਗਾ ਹੋਇਆ ਹੈ, ਦੀਵਾਨ ਵਿਚ ਏਨੀ ਭੀੜ ਹੈ ਕਿ ਤਿਲ ਮਾਰਿਆਂ ਭੁੰਜੇ ਨਹੀਂ ਪੈਂਦਾ। ਜਿਧਰ ਤੱਕੋ ਮਨੁੱਖਾਂ ਦੇ ਸਿਰਾਂ ਦਾ ਇਕ ਸਮੁੰਦਰ ਉਮੜਦਾ ਹੋਇਆ ਨਜ਼ਰ ਆ ਰਿਹਾ ਹੈ। ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲੇ ਕੀਰਤਨ ਕਰ ਰਹੇ ਹਨ।"ਆਏ ਜੇ ਜਨ ਪਰ ਉਪਕਾਰੀ" ਸ਼ਬਦ ਦੀ ਧਾਰਨਾ ਹੈ। ਕੀਰਤਨ ਦੇ ਅਸਰ ਨੇ ਲੋਕਾਂ ਨੂੰ ਅਜਿਹਾ ਜਕੜ ਕੇ ਰੱਖਿਆ ਹੋਇਆ ਹੈ ਕਿ ਕੀ ਮਜਾਲ ਕੋਈ ਉੱਚੀ ਸਾਹ ਤੇ ਕੱਢ ਸਕੇ। ਕੀਰਤਨ ਦੇ ਨਾਲ ਸੰਤ ਵਖਿਆਨ ਵੀ ਕਰ ਰਹੇ ਹਨ, ਆਪ ਜੀ ਦੇ ਸ਼ਬਦ ਭਾਵੇਂ ਮੋਟੇ (ਠੁੱਲ੍ਹੇ) ਹਨ, ਪਰ ਦਿਲ ਵਿਚ ਧਰੂਹ ਪਾਂਦੇ ਜਾਂਦੇ ਹਨ। ਸੰਤ ਆਂਹਦੇ ਭਾਈ ! ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਠੰਢੀ ਮੂਰਤੀ ਹੁਕਮ ਕਰਦੇ ਹਨ ਕਿ ਜੋ ਪੁਰਸ਼ ਗੁਰੂ ਮੰਤਰ ਤੋਂ ਹੀਣ ਹਨ, ਉਹ ਕਾਵਾਂ ਜਿਹੇ, ਕੁੱਤਿਆਂ ਜਿਹੇ, ਸੂਰਾਂ ਅਤੇ ਸੱਪਾਂ ਜਿਹੇ ਹਨ। ਆਉ ਭਜਨ ਪੁੱਛ ਕੇ ਜਨਮ ਸਫਲਾ ਕਰੋ।" ਬਹੁਤ ਸਾਰੇ ਲੋਕੀਂ ਭਜਨ ਪੁੱਛਦੇ ਹਨ। ਪਤਾ ਨਹੀਂ ਸੰਤ ਕੰਨ ਵਿਚ ਕੀ ਆਖ ਦਿੰਦੇ ਹਨ, ਜਿਸ ਦੇ ਕੰਨ ਨਾਲ ਇਕ ਵਾਰ ਮੂੰਹ ਲੱਗ ਜਾਂਦਾ ਹੈ, ਉਹ ਬੇਹੋਸ਼ ਹੋ ਜਾਂਦਾ ਹੈ, ਮਸਤੀ ਆ ਜਾਂਦੀ ਹੈ, ਅੱਧਾ ਦੀਵਾਨ ਮਸਤਾਨਾ ਹੋ ਰਿਹਾ ਹੈ। ਬਹੁਤ ਸਾਰੇ ਮਸਤਾਨੇ ਦੀਵਾਨ ਵਿਚ ਨਿਰਤ ਕਰਦੇ ਹੋਏ ਝੂਮ ਰਹੇ ਹਨ।

"ਦੀਵਾਨ ਤੋਂ ਦੂਰ ਇਕ ਜੱਟਾਂ ਦੀ ਢਾਣੀ ਖਲੋਤੀ ਏ, ਜਿਨ੍ਹਾਂ ਰੱਜ ਕੇ ਪੀਤੀ ਹੋਈ ਏ, ਅਤੇ ਬਾਕੀ ਦੀਆਂ ਬੋਤਲਾਂ ਧੋਤੀ ਦੀਆਂ ਡੱਬਾਂ ਵਿਚ ਟੰਗੀਆਂ ਹੋਈਆਂ ਹਨ। ਇਹਨਾਂ ਦਾ ਆਗੂ ਸਾਡਾ ਪੁਰਾਣਾ ਵਾਕਿਫ਼ 'ਇੰਦਰ ਪੁਰੀਆਂ ਚੌਧਰੀ, ਸਮੁੰਦਾ' ਹੈ। ਦਾਹੜੀਆਂ ਮੁੰਨੀਆਂ ਹੋਈਆਂ ਅਤੇ ਤਾਜ਼ੇ ਖ਼ਤ ਕਢਾ ਕੇ ਇਸ ਦੀ ਢਾਣੀ ਮੇਲਾ ਵੇਖਣ ਆਈ ਹੈ।

"ਸਮੁੰਦਿਆ ਫਿਰ ਕੀ ਸਲਾਹ ਏ? " ਇਕ ਸਾਥੀ ਨੇ ਕਿਹਾ। "ਭਈ ਸਲਾਹ ਕਾਹਦੀ, ਹੁਣ ਆਏ ਜੁ ਹਾਂ ਸਭ ਕੁਝ ਵੇਖ ਕੇ ਹੀ ਚੱਲਾਂਗੇ।" ਸਮੁੰਦੇ ਨੇ ਕਿਹਾ।

"ਪਰ ਦੀਵਾਨ ਦੇ ਨੇੜੇ ਨਾ ਜਾਣਾ, ਐਤਕਾਂ-ਅੱਗੇ ਵਰਗੀ ਗੱਲ ਨਹੀਂ, ਐਤਕਾਂ ਪਹਿਲਾਂ ਐਲਾਨ ਹੋ ਚੁੱਕੇ ਹਨ ਕਿ ਦੀਵਾਨ ਵਿਚ ਜਿਹੜਾ ਸ਼ਰਾਬ ਪੀ ਕੇ ਆਏਗਾ ਜਾਂ ਨੇੜੇ ਸਿਗਰਟ ਪੀਏਗਾ, ਉਸ ਨੂੰ ਜੇ ਕਿਸੇ ਕੁਝ ਕਿਹਾ ਤਾਂ ਕੋਈ ਜ਼ਿੰਮੇਵਾਰ ਨਹੀਂ ਹੋਵੇਗਾ।"

"ਐਤਕਾਂ ਤਾਂ ਪੁਲੀਸ ਵੀ ਇਹਨਾਂ ਕੂਕਿਆਂ ਨਾਲ ਰਲ ਗਈ ਏ। ਹੁਣੇ ਹੁਣੇ ਦੌਲਤਪੁਰੀਆ ਚੜ੍ਹਤਾ ਮੇਰਾ ਰਿਸ਼ਤੇਦਾਰ ਮਿਲਿਆ ਸੀ, ਉਸ ਕਿਹਾ ਕਿ ਮੈਨੂੰ ਖ਼ਬਰ ਨਹੀਂ ਸੀ ਮੈਂ ਪਿਛਲਾ ਗਿੱਝਿਆ ਪੀ ਕੇ ਚਲਾ ਗਿਆ। ਥਾਣੇਦਾਰ ਨੇ ਫੜ ਕੇ ਮੇਰੀ ਉਹ ਭੁਗਤ ਸਵਾਰੀ ਜਿਸ ਨੂੰ ਮੈਂ ਉਮਰ ਭਰ ਯਾਦ ਰੱਖਾਂਗਾ।" ਪਾਸੋਂ ਕੂੜੇ ਨੇ ਕਿਹਾ-"ਫਿਰ ਵੇਖਣਾ ਤਾਂ ਚਾਹੀਦਾ ਏ ਕਿ ਇਹ ਜਿਸ ਦੇ ਕੰਨ ਵਿਚ ਫੂਕ ਮਾਰ ਦਿੰਦੇ ਹਨ, ਉਹ ਬੇਹੋਸ਼ ਹੋ ਕੇ ਸਿਰ ਕਿਉਂ ਮਾਰਨ ਲੱਗ ਪੈਂਦਾ ਏ, ਕੋਈ ਨਾਂ ਕੋਈ ਗੱਲ ਜ਼ਰੂਰ ਏ।"

"ਫਿਰ ਕਿਸੇ ਨੂੰ ਭੇਜ ਦੇਈਏ ਜਿਹੜੇ ਜਾ ਕੇ ਪੁੱਛ ਕੇ ਆ ਕੇ ਦੱਸੇ ਕਿ ਕੰਨ ਵਿਚ ਕੀ ਦੱਸਦੇ ਹਨ? "

"ਚਾਹੀਦਾ ਜ਼ਰੂਰ ਏ, ਪਰ ਪਤਾ ਲੱਗਾ ਏ ਕਿ ਜਿਸ ਨੂੰ ਇਹ ਦੱਸ ਦਿੰਦੇ ਹਨ, ਉਹ ਫਿਰ ਕਿਸੇ ਨੂੰ ਦੱਸਦਾ ਨਹੀਂ। ਇਸ ਲਈ ਮੈਂ ਆਪ ਜਾ ਕੇ ਪੁੱਛ ਕੇ ਦੱਸਾਂਗਾ, ਕਿਤੇ ਇਹ ਉਹੀ ਚੀਜ਼ ਤੇ ਨਹੀਂ ਜਿਸ ਲਈ ਆਪਣੇ ਪਿੰਡ ਜਿਸ ਦਿਨ ਇਹਨਾਂ ਦਾ ਜਥਾ ਗਿਆ ਹੈ, ਉਸ ਦਾ ਜਥੇਦਾਰ ਆਂਹਦਾ ਸੀ ਕਿ ਭਜਨ ਪੁੱਛ ਲਉ, ਤਾਂ ਤੁਹਾਡੇ ਘਰ ਰਾਤ ਰਹਵਾਂਗੇ। ਉਸ ਆਪਣਾ ਨਾਮ ਹਾਕਮ ਸਿੰਘ ਦੱਸਿਆ ਸੀ। ਉਹ ਇੱਥੇ ਨਹੀਂ ਅਨੰਦਪੁਰ ਮਿਲੇਗਾ। ਆਹ ਲਉ ਮੇਰੀ ਬੋਤਲ, ਮੈਂ ਅੱਜ ਪੀਤੀ ਨਹੀਂ ਆ ਕੇ ਪੀਆਂਗਾ। ਪਹਿਲਾਂ ਪੁੱਛ ਆਵਾਂ ਫਿਰ ਆ ਕੇ ਤੁਹਾਨੂੰ ਦੱਸਾਂਗਾ। ਜੀ ਤੇ ਕਰਦਾ ਸੀ ਉਸੇ ਸੰਤ ਹਾਕਮ ਸਿੰਘ ਤੋਂ ਹੀ ਜਾ ਕੇ ਪੁੱਛਾਂ। ਪਰ ਇਹ ਤਮਾਸ਼ਾ ਦੇਖੇ ਬਿਨਾਂ ਰਹਿ ਨਹੀਂ ਹੁੰਦਾ। ਨਾਲੇ ਮੈਂ ਇਹਨਾਂ ਦਾ ਚੇਲਾ ਬਣਨ ਲਈ ਥੋਹੜਾ ਪੁੱਛਣਾਏ? ਚੌਧਰੀ ਸਮੁੰਦੇ ਨੇ ਕਿਹਾ।

"ਸੰਤ ਜੀ ਮੈਨੂੰ ਵੀ ਭਜਨ ਦਿਉ ! ਇਕ, ਇਕ ਪਾਸੇ ਖਲੋਤੇ ਗਭਰੀਟ ਸਮੁੰਦੇ ਨੇ, ਜਿਸ ਦੀ ਦਾੜ੍ਹੀ ਮੁੰਨੀ ਹੋਈ ਸੀ ਅਤੇ ਮੱਥੇ ਦੇ ਖ਼ਤ ਤਾਜ਼ੇ ਕੱਢੇ ਸਨ-ਕਿਹਾ।

"ਆ ਭਾਈ ਅੱਗੇ ਆ ਜਾ, ਪਰ ਨਾਲ ਇਕ ਸ਼ਰਤ ਏ ਕਿ ਭਜਨ ਤਾਂ

ਪੁੱਛੀ ਜੇ ਦਾਰੂ ਮਾਸ ਨਾ ਖਾਣਾ ਪੀਣਾ ਹੋਵੇ, ਯਾਰੀ ਛੱਡਣੀ ਹੋਵੇ।" ਸੰਤਾਂ ਨੇ ਕਿਹਾ।

"ਮੈਂ ਕਿਸੇ ਸ਼ਰਤ ਤੇ ਭਜਨ ਪੁੱਛਣ ਲਈ ਤਿਆਰ ਨਹੀਂ, ਜੇ ਤੁਹਾਡੇ ਭਜਨ ਵਿਚ ਸ਼ਕਤੀ ਹੋਈ ਤਾਂ ਦਾਰੂ ਮਾਸ ਛੁਡਾ ਦਏਗਾ, ਜੇ ਦਾਰੂ ਮਾਸ ਤਕੜਾ ਹੋਇਆ ਤਾਂ ਭਜਨ ਦੀ ਕੋਈ ਪੇਸ਼ ਨਾ ਜਾਣ ਦਊ। ਜੇ ਇਹ ਗੱਲ ਮਨਜ਼ੂਰ ਜੇ ਤਾਂ ਮੈਨੂੰ ਭਜਨ ਦੇ ਦਿਉ, ਹਾਂ ਸੱਚ ਨਾਲ ਇਕ ਸ਼ਰਤ ਇਹ ਵੀ ਜੇ ਕਿ ਮੈਂ ਇਹਨਾਂ ਵਾਂਗ ਹਾਲ ਨਹੀਂ ਪਾਣਾ, ਸਿਰ ਨਹੀਂ ਮਾਰਨਾ।"

"ਇਹ ਗੱਲ ਸੁਣ ਕੇ, ਸੰਤਾਂ ਦੇ ਚਿਹਰੇ ਦਾ ਭਾਵ ਬਦਲ ਗਿਆ, ਸੰਤਾਂ ਨੇ ਤੁਕ ਲਈ, "ਆਏ ਜੇ ਜਨ ਪਰ ਉਪਕਾਰੀ।", ਨਾਲ ਦੇ ਕੀਰਤਨ ਕਰਦੇ ਰਹੇ। ਆਪ ਅੱਖਾਂ ਮੀਟੀ ਓਨਾਂ ਚਿਰ ਚੁੱਪ ਖਲੋਤੇ, ਮੂੰਹ ਵਿਚ ਕੁਝ ਪੜ੍ਹਦੇ ਰਹੇ। ਜਦ ਢੁਲਕਈਏ ਨੇ ਥਾਪ ਦਿੱਤੀ ਤਾਂ ਸੰਤ ਰੰਗ ਵਿਚ ਹੋ ਕੇ ਆਖਣ ਲੱਗੇ ਕਿ-ਚੰਗਾ ਬਈ ਤੇਰੀ ਇਹ ਸ਼ਰਤ ਸਾਨੂੰ ਮਨਜ਼ੂਰ ਹੈ, ਦੋਹਾਂ ਵਿਚੋਂ ਜਿਹੜਾ ਤਕੜਾ ਹੋਊ ਦੂਜੇ ਨੂੰ ਢਾਹ ਲਊ।ਆ ਭਜਨ ਪੁੱਛ ਲੈ।" ਇਹ ਆਖ ਉਸ ਨੂੰ ਵੀ ਦੀਵਾਨ ਵਿਚ ਬਿਠਾਲ, ਸੰਤਾਂ ਨੇ ਭਜਨ ਦੱਸ ਦਿੱਤਾ। ਪਤਾ ਨਹੀਂ, ਸੰਤਾਂ ਨੇ ਉਸ ਦੇ ਕੰਨ ਰਾਹੀਂ ਕੀ ਜਾਦੂ ਪਾ ਦਿੱਤਾ ਕਿ ਉਹ ਆਕੜ ਖਾਨ ਸਮੁੰਦਾ ਦੀਵਾਨ ਵਿਚ ਲਿਟਨ ਲੱਗ ਪਿਆ। ਕੱਪੜੇ ਸਾਰੇ ਪਾੜ ਘੱਤੇ, ਨਾਲੇ ਰੋਵੇ ਨਾਲੇ ਆਖੇ-

"ਏਨਾਂ ਤੇਜ਼ ਅਮਲ? ਇਹ ਉੱਤਰੇਗਾ ਕਦ ਏਨਾ ਮੈਨੂੰ ਨਹੀਂ ਸੀ ਚਾਹੀਦਾ। ਹਾਇ! ਅੱਜ ਤੀਕਰ ਮੇਰਾ ਜਨਮ ਹੀ ਅਕਾਰਥ ਗਿਆ।ਸੰਤ ਜੀ ਤੁਸੀਂ ਜਿੱਤੇ ਤੇ ਮੈਂ ਹਾਰਿਆ। ਮੈਨੂੰ ਹੁਣ ਕਿਸੇ ਅਮਲ ਦੀ ਲੋੜ ਹੀ ਨਹੀਂ ਰਹੀ। ਮੈਂ ਹੋਲੇ ਤੇ ਪੀਣ ਲਈ ਘਰ ਦੀ ਕੱਢੀ ਹੋਈ ਲੈ ਕੇ ਆਇਆ ਸੀ; ਪਰ ਹੁਣ ! ਹੁਣ ਤੇ ਮੈਨੂੰ ਇਉ ਜਾਪਦਾ ਏ ਕਿ ਇਸ ਜਨਮ ਵਿਚ, ਇਸ ਦਾ ਅਸਰ ਦੂਰ ਹੀ ਨਹੀਂ ਹੋਣਾ। (ਸਾਥੀਆਂ ਨੂੰ) ਓਇ ਸੰਤੂ ! ਓਇ ਰੂੜਿਆ !! ਆਉ ਉਇ ਤੁਸੀਂ ਆ ਕੇ ਦੇਖੋ, ਇਹ ਕੀ ਦੱਸਦੇ ਹਨ, ਮੈਂ ਤੁਹਾਨੂੰ ਨਹੀਂ ਦੱਸ ਸਕਾਂਗਾ, ਨਾਲੇ ਮੇਰੀ ਬੋਤਲ ਲਿਆਉ ਤੇ ਨਾਲੇ ਆਪ ਆ ਕੇ ਪੁੱਛ ਲਉ।" ਨੱਸਾ ਨੱਸਾ ਜਾ ਕੇ, ਰੂੜੇ ਕੋਲੋਂ ਬੋਤਲ ਖੋਹ ਕੇ ਸੰਤਾਂ ਨੂੰ ਵਿਖਾ ਕੇ, ਪੱਥਰ ਤੇ ਮਾਰ ਕੇ ਬੋਤਲ ਭੰਨ ਸੁੱਟਦਾ ਹੈ। ਨਾਲੇ ਨਾਲ ਦਿਆਂ ਦੀਆਂ ਵੀ ਖੋਹ ਕੇ ਭੰਨ ਸੁੱਟੀਆਂ। ਸਭਨਾਂ ਨੂੰ ਭਜਨ ਪੁਛਾਇਆ। ਅੰਮ੍ਰਿਤ ਛਕਣ ਲਈ ਅਰਜ ਕੀਤੀ, ਸੰਤਾਂ ਨੇ ਕਿਹਾ-ਕਿ "ਭਾਈ ! ਅਨੰਦਪੁਰ ਸਾਹਿਬ ਹੋਲੇ ਵਿਚ ਚੱਲ ਕੇ ਛਕਾਂਵਾਂਗੇ।"

"ਅਨੰਦਪੁਰ ਸਾਹਿਬ ਦਾ ਹੋਲਾ ਬੜੀ ਕਾਮਯਾਬੀ ਨਾਲ ਹੋਇਆ।ਗੁਰੂ ਕਾ

ਲੰਗਰ ਅਤੁੱਟ ਵਰਤਿਆ। ਹਜ਼ਾਰਾਂ ਪ੍ਰਾਣੀਆਂ ਨੇ ਭਜਨ ਪੁੱਛ ਕੇ, ਜਨਮ ਸਫਲਾ ਕੀਤਾ। ਸੈਂਕੜੇ ਅੰਮ੍ਰਿਤ ਛਕ ਕੇ ਨਵੇਂ ਸਿੰਘ ਸਜੇ। ਚੌਧਰੀ ਸਮੁੰਦੇ ਨੇ ਨਾਲੇ ਆਪ ਅੰਮ੍ਰਿਤ ਛਕਿਆ, ਨਾਲੇ ਆਪਣੇ ਸਾਰੇ ਪਰਵਾਰ ਨੂੰ ਛਕਾਇਆ। ਸਾਧ ਸੰਗਤ ਨੇ ਕਿਰਪਾ ਕਰਕੇ ਇਸ ਦਾ ਨਾਮ ਭਾਈ ਸੁੰਦਰ ਸਿੰਘ ਧਰਿਆ।ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦਾ ਅਤੁੱਟ ਸ਼ਰਧਾਲੂ ਬਣਿਆ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਆਪਣੇ ਘਰ ਚਰਨ ਪਾਉਣ ਲਈ ਬਿਨੈ ਕੀਤੀ ਅਤੇ ਉਸ ਦਿਨ ਧਰਮਸ਼ਾਲਾ ਦੀ ਨੀਂਹ ਧਰੀ। ਅੱਜ ਤੀਕਰ (1941 ਈ.) ਇਸ ਪਿੰਡ ਵਿਚ ਸਿੱਖ ਸਾਧ ਇਸੇ ਦੇ ਘਰ ਕਮਰ ਕੱਸਾ ਖੋਹਲਦੇ ਹਨ। ਇਉਂ ਸੰਤਾਂ ਦੀ ਛੁਹ ਨਾਲ ਇਕ ਰਾਖਸ਼ ਦੇਵਤਾ ਬਣਿਆ।[4]

ਮੇਰੇ ਮਰਹੂਮ ਮਿੱਤਰ, ਸ੍ਰ. ਜਗਦੀਸ਼ ਸਿੰਘ ਵਰਿਆਮ ਹੋਰਾਂ ਦਾ ਪਿੰਡ ਸਿਆਲਕੋਟ ਜ਼ਿਲ੍ਹੇ ਵਿਚ 'ਢੇ' ਸੀ, ਅਕਾਲ ਉਸਤਤ ਦੇ ਏਕ ਅੱਛਰੀ ਛੰਦ ਜਿਹਾ ਨਾਮ ਸੀ ਜਿਸ ਦਾ। ਵਰਿਆਮ ਜੀ ਨੇ ਆਪਣੇ ਆਲੇ ਦੁਆਲੇ ਬਾਰੇ, ਬਚਪਨ ਅਤੇ ਜੁਆਨੀ ਚੜ੍ਹਨ ਤੱਕ, ਵਿਸ਼ੇਸ਼ ਕਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਸਤਾਰ ਬੰਦੀ ਸਮਾਗਮ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸ਼ਰਧਾਂਜਲੀ ਸਮਾਗਮਾਂ ਤੱਕ ਦੇ ਵੇਰਵੇ, ਸਮੇਤ ਦੇਸ਼ ਦੇ ਬਟਵਾਰੇ ਦੇ ਅੱਖੀਂ ਡਿੱਠੇ ਹਾਲਾਤ, ਸ੍ਵੈ ਜੀਵਨੀ ਨੁਮਾਂ ਯਾਦਾਂ ਦੀ ਕਿਤਾਬ "ਖਿੱਲਰੇ ਪੱਤਰੇ" ਲਿਖੀ ਹੈ। ਕਿਉਂਕਿ ਪੂੰਗ ਉਹਨਾਂ ਦਾ ਗੁਆਂਢੀ ਪਿੰਡ ਸੀ ਜਿੱਥੇ 15 ਅਪਰੈਲ 1945 ਈ. ਨੂੰ ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲਿਆਂ ਨੇ ਸਰੀਰ ਤਿਆਗਿਆ ਸੀ। ਆਪ ਜੀ ਦੇ ਭੋਗ ਸਮੇਂ ਹੋਏ ਵੱਡੇ ਮੇਲੇ ਵਿਚ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ। ਉਹਨਾਂ ਦੇ ਭੋਗ ਸਮੇਂ ਸੱਤ ਕੁ ਸਾਲ ਦੇ ਬਾਲਕ ਜਗਦੀਸ਼ ਸਿੰਘ ਹੋਰਾਂ ਨੇ, ਆਪਣੀਆਂ ਯਾਦਾਂ ਦੇ ਸੰਗ੍ਰਹਿ ਵਿਚੋਂ, ਕੁਝ ਝਲਕੀਆਂ, ਅਤੇ ਸੰਤ ਪੂੰਗਾਂ ਵਾਲਿਆਂ ਦੀ ਮਨੋਹਰ ਕੀਰਤਨ ਸ਼ੈਲੀ ਦੇ ਸੰਗਤਾਂ ਨੂੰ ਦਰਸ਼ਨ ਕਰਵਾਉਂਦੇ, ਕੁਝ ਸ਼ਬਦ-ਟੁਕੜੇ, ਵਿਸ਼ੇਸ਼ ਕਰਕੇ ਆਸਾ ਦੀ ਵਾਰ ਦੇ ਕੀਰਤਨ ਤੇ ਆਪ ਜੀ ਦੀ ਪਕੜ, ਸੁੰਦਰ ਬਿਰਤਾਂਤਕ ਸ਼ੈਲੀ ਵਿਚ ਖਿੱਲਰੇ ਪੱਤਰਿਆਂ ਦੇ ਹਵਾਲੇ ਨਾਲ ਪਾਠਕਾਂ ਦੇ ਧਿਆਨ-ਗੋਚਰੇ ਕੀਤੇ ਜਾਂਦੇ ਹਨ।

"ਸਾਹਮਣੇ ਅੱਖੀਆਂ ਰਾਹੀਂ ਦਿਸਦਾ ਪਿੰਡ ਪੂੰਗ ਸੀ। ਪੂੰਗ ਦੀ ਸ਼ੋਹਰਤ ਨੂੰ ਚਹੁੰ ਕੂਟੀ ਰੋਸ਼ਨ ਕੀਤਾ ਸੰਤ ਪੂੰਗਾਂ ਵਾਲਿਆਂ ਨੇ। ਅਸਲੀ ਨਾਮ ਸੰਤ ਸੁੰਦਰ ਸਿੰਘ। ਇਹਨਾਂ ਨੂੰ ਸੰਤ ਪੋਹੂ ਸਿੰਘ ਵੀ ਕਿਹਾ ਜਾਂਦਾ। ਇਹਨਾਂ ਦੀਆਂ ਧੁੱਮਾਂ ਇਲਾਕੇ ਤੋਂ ਬਾਹਰ ਵੀ ਸਨ। ਪਿੰਡਾਂ ਦੇ ਪਿੰਡ ਇਹਨਾਂ ਕੂਕੇ ਬਣਾ ਦਿੱਤੇ ਸਨ। ਇਹਨਾਂ ਦੀ ਬੰਦਗੀ ਦੀਆਂ ਗੱਲਾਂ ਤਾਂ ਚੱਲਦੀਆਂ ਹੀ

ਨਾਲ ਹੀ ਇਹਨਾਂ ਦਾ ਰਸ ਭਰਪੂਰ ਕੀਰਤਨ ਸੁਣਣ ਵਾਸਤੇ ਲੋਕ ਕਨਸੋਅ ਹੀ ਲੱਭਦੇ। ਜਿੱਥੇ ਸੰਤ ਪੂੰਗਾਂ ਵਾਲੇ ਚਲੇ ਜਾਂਦੇ ਸਮਝੋ ਸਾਰਾ ਇਲਾਕਾ ਆਪਣੇ ਆਪ ਆ ਗਿਆ। ਇਹ ਬਹੁਤ ਸੁਰੀਲੇ ਸਨ ਅਤੇ ਢੋਲਕ-ਛੈਣਿਆਂ ਨਾਲ ਨਵੀਨ ਤਰਜ਼ ਤੇ ਜੰਗਨਾਮਾ ਪੜ੍ਹਦੇ। ਇਕ ਵਿਸ਼ੇਸ਼ ਸ਼ੈਲੀ ਹੀ ਇਹਨਾਂ ਦੇ ਨਾਮ ਤੇ ਚੱਲ ਪਈ। ਸੁੱਖਾ ਸਿੰਘ ਮਤਾਬ ਸਿੰਘ ਵੱਲੋਂ ਮੱਸੇ ਰੰਘੜ ਦਾ ਸਿਰ ਵੱਢਣ ਦਾ ਪਰਸੰਗ, ਮੁਸਲਮਾਨ ਵੀ ਦਿਲਚਸਪੀ ਨਾਲ ਸੁਣਦੇ। ਮੱਸੇ ਦਾ ਸਿਰ ਲਾਹੁਣ ਲਈ ਮਤਾਬ ਸਿੰਘ ਵੱਲੋਂ ਚਲਾਈ ਤਲਵਾਰ ਦਾ ਜ਼ਿਕਰ ਗਾ ਕੇ ਕਰਦੇ। ਬਾਰ- ਬਾਰ ਇਹ ਪੜ੍ਹ ਕੇ, ‘ਮਾਰੀ ਖਿੱਚ ਤਲਵਾਰ ਮਤਾਬ ਸਿੰਘ ਨੇ। ਫੇਰ ‘ਮਾਰੀ ਖਿੱਚ ਤਲਵਾਰ।’ ਸੁਰਾਂ ਦੇ ਉਤਾਰ ਚੜ੍ਹਾਅ ਦੁਆਰਾ ਉਹ ਐਸਾ ਨਜ਼ਾਰਾ ਖਿੱਚਦੇ ਅਤੇ ਜਦੋਂ ਬਾਰ-ਬਾਰ ਸਥਾਈ ਦੇ ਟੋਟੇ ਕਰਕੇ ਦੁਹਰਾਉਂਦੇ, ਮਾਰੀ ਖਿੱਚ, ਮਾਰੀ ਖਿੱਚ ਤਲਵਾਰ ਮੁਤਾਬ ਸਿੰਘ ਨੇ ਤਾਂ ਇਵੇਂ ਦ੍ਰਿਸ਼ਟਮਾਨ ਹੁੰਦਾ ਜਿਵੇਂ ਭਾਈ ਮਤਾਬ ਸਿੰਘ ਸਾਹਮਣੇ ਤਲਵਾਰ ਖਿੱਚ ਰਿਹਾ ਹੈ ਅਤੇ ਫਿਰ ਅਗਲੀ ਤੁਕ ਆਉਂਦੀ ‘ਸਿਰ ਮੱਸੇ ਦਾ ਲਾਹ ਕੇ ਰੱਖ ਦਿੱਤਾ।' ਇਸ ਤਰ੍ਹਾਂ ਸਾਰਾ ਮਾਹੌਲ ਸੂਰਬੀਰਤਾ ਦੇ ਰੰਗ ਨਾਲ ਮੱਚ ਉਠਦਾ। ਹੋਰ ਵੀ ਅਨੇਕਾਂ ਪਰਸੰਗ ਉਹ ਇਸੇ ਰੌਂ ਵਿਚ ਸੁਣਾਉਂਦੇ। ਵਹੀਰਾਂ ਦੀਆਂ ਵਹੀਰਾਂ ਉਹਨਾਂ ਦੇ ਦੀਵਾਨ ਸੁਣਨ ਆਉਂਦੀਆਂ। ਉਹ ਆਮ ਰਵਾਇਤੀ ਨਾਮਧਾਰੀ ਜਥੇਦਾਰਾਂ ਨਾਲੋਂ ਹੱਲੇ ਦੀਆਂ ਧਾਰਨਾਂ ਹਟ ਕੇ ਪੜ੍ਹਦੇ। ਭਾਵ ਉਹਨਾਂ ਵਿਚ ਰਾਗਾਤਮਕਤਾ ਵਧ ਹੁੰਦੀ। ਬਹੁਤ ਹੀ ਮਿੱਠੀਆਂ ਰੀਤਾਂ (ਤਰਜ਼ਾਂ) ਸੁਣਾਉਂਦੇ ਇਕ ਪਰਬੀਨ ਰਾਗੀ ਵਾਂਗ। ਆਸਾ ਦੀ ਵਾਰ ਵੀ ਲਾਉਂਦੇ। ਬਹੁਤ ਲਾਉਂਦੇ ਅਤੇ ਆਮ ਹੱਲੇ ਦੇ ਦੀਵਾਨ ਵਿਚ ਜਿਹੜੀਆਂ ਰੀਤਾਂ ਪੜ੍ਹਦੇ ਉਹ ਵੀ ਲੱਗਦੀ ਜਿਵੇਂ ਆਸਾ ਦੀ ਵਾਰ ਹੀ ਲੱਗੀ ਹੈ। ਉਹਨਾਂ ਦੇ ਦੀਵਾਨ ਸੁਣਨ ਹਰ ਤਰ੍ਹਾਂ ਦੇ ਲੋਕ ਆਉਂਦੇ। ਭੰਡ ਵੀ ਮਿਰਾਸੀ ਵੀ ਜੋ ਰਾਗ ਦੇ ਜਾਣੂ ਹੁੰਦੇ। ਇਕ ਵਾਰ ਭੰਡਾਂ ਨੇ ਨਕਲਾਂ ਕਰਦਿਆਂ, ਸੰਤ ਪੂੰਗਾਂ ਵਾਲਿਆਂ ਦੀ ਹੀ ਨਕਲ ਲਾਹ ਸੁੱਟੀ।”

“ਮਜਮੇ ’ਚ ਇਕ ਭੰਡ ਕੁੜੀ ਬਣ ਗਿਆ। ਉਹ ਕੁੜੀ, ਲੁਕਦੀ ਫਿਰੇ ਕਦੇ ਇੱਥੇ ਕਦੇ ਉੱਥੇ। ਇਕ ਹੋਰ ਭੰਡ ਨੇ ਡਾਂਟਿਆ- “ਕੁੜੀਏ ਤੂੰ ਕੌਣ ਏਂ? ” ਉਹਨੇ ਕੰਬਦੀ ਹੋਈ ਨੇ ਦੱਸਿਆ-“ਜੀ ਮੈਂ ਆਸਾ ਦੀ ਵਾਰ ਹਾਂ।” “ਆਸਾ ਦੀ ਵਾਰ ਹੈਂ ਤਾਂ ਇਥੇ ਲੁਕਦੀ ਕਿਉਂ ਫਿਰਦੀ ਏਂ?” ਸਹਿਮੀ ਹੋਈ ਕੁੜੀ ਨੇ ਆਜਜ਼ੀ ਨਾਲ ਕਿਹਾ-ਜੀ ਮੈਂ ਪੂੰਗਾਂ ਵਾਲੇ ਤੋਂ ਲੁਕਦੀ ਫਿਰਦੀ ਆਂ।”

“ਜਦੋਂ ਸੰਤਾਂ ਪੂੰਗਾਂ ਵਾਲਿਆਂ ਸਰੀਰ ਛੱਡਿਆ ਤਾਂ ਬਹੁਤ ਭਾਰੀ ਮੇਲਾ

ਹੋਇਆ ਸੀ। ਇਲਾਕੇ ਦੀ ਖਲਕਤ ਦਾ ਕੋਈ ਪਾਰਾਵਾਰ ਨਹੀਂ ਸੀ। ਇਸ ਮੇਲੇ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਵੀ ਆਏ ਸਨ। ਸਾਡਾ ਸਾਰਾ ਪਿੰਡ ਹੀ ਪੂੰਗੀਂ ਗਿਆ ਸੀ। ਅਸੀਂ ਜਦੋਂ ਪੂੰਗਾਂ ਤੋਂ ਥੋਹੜੀ ਕੁ ਹੀ ਵਿੱਥ 'ਤੇ ਸਾਂ ਤਾਂ ਜੀਪਾਂ ਦੀ ਘੂਕਰ ਸੁਣੀ ਅਤੇ ਕੱਚਿਆਂ ਰਾਹਾਂ ਤੋਂ ਮਿੱਟੀ ਉਡਦੀ ਦਿਸੀ। ਰੌਲਾ ਪੈ ਗਿਆ-ਮਾਰਾਜ ਆ ਗਏ, ਮਾਰਾਜ ਆ ਗਏ। ਅਸੀਂ ਕੁਝ ਦੌੜ ਕੇ ਅੱਗੇ ਹੋਏ। ਗੱਡੀਆਂ ਆਪਣੇ ਟਿਕਾਣੇ ਵੱਲ ਲੱਗ ਚੁੱਕੀਆ ਸਨ, ਪਰ ਖ਼ਬਰ ਇਹ ਸੀ ਕਿ ਮਹਾਰਾਜ ਅਜੇ ਨਹੀਂ ਆਏ। ਫੇਰ ਰੌਲਾ ਪੈ ਗਿਆ-ਆ ਗਏ ਮਹਾਰਾਜ ਆ ਗਏ ਸਤਿਗੁਰੂ ਜੀ। ਹੁਣ ਉਹ ਸੱਚ ਮੁੱਚ ਆ ਰਹੇ ਸਨ, ਪਰ ਉਹ ਤਾਂ ਓਧਰੋਂ ਆ ਰਹੇ ਸਨ ਜਿਧਰੋਂ ਅਸੀਂ ਆਏ ਸਾਂ, ਸਾਡੇ ਹੀ ਪਿੰਡਾਂ ਵੱਲੋਂ ਬਹੁਤ ਸਾਰੇ ਘੋੜੇ ਘੋੜੀਆਂ ਉਤੇ ਸਵਾਰ ਸੇਵਕਾਂ ਨਾਲ। ਜਿਵੇਂ ਪ੍ਰਭਾਤ ਵੇਲੇ ਸੂਰਜ ਦਾ ਰੱਥ ਆਉਂਦਾ ਹੈ, ਹੌਲੀ-ਹੌਲੀ ਚਾਨਣ ਖਿਲਾਰਦਾ, ਕੁਝ ਇਦਾਂ ਦਾ ਪ੍ਰਕਾਸ਼ ਸੀ ਜੋ ਨੇੜੇ ਆਈ ਜਾ ਰਿਹਾ ਸੀ ਅਤੇ ਆਕਾਰ ਵਿਚ ਫੈਲਦਾ ਜਾ ਰਿਹਾ ਸੀ। ਨਾਲ ਸੈਂਕੜੇ ਲੋਕ ਪੈਦਲ ਚੱਲ ਰਹੇ ਸਨ।ਪਿਤਾ ਜੀ(ਜਥੇਦਾਰ ਨੱਥਾ ਸਿੰਘ ਢੇ ਵਾਲੇ) ਨੂੰ ਤਸੱਲੀ ਸੀ ਕਿ ਅਸਾਂ ਆਉਂਦਿਆਂ ਸਤਿਗੁਰਾਂ ਦੇ ਦਰਸ਼ਨ ਘੋੜੇ ਤੇ ਸਵਾਰ ਹੋਇਆਂ ਦੇ ਕੀਤੇ ਹਨ। ਧੰਨ ਭਾਗ, ਪਰ ਮਨ ਵਿਚ ਇਕ ਭਰਮ ਵੀ ਲੱਗ ਗਿਆ-ਜੇ ਕਿਤੇ ਪਹਿਲਾਂ ਪਤਾ ਲੱਗ ਜਾਂਦਾ ਕਿ ਉਹਨਾਂ ਇਸ ਰਸਤੇ ਹੀ ਆਉਣਾ ਹੈ ਤਾਂ ਅਸੀਂ ਆਪਣੇ ਪਿੰਡੋਂ ਹੀ ਨਾਲ-ਨਾਲ ਆਉਂਦੇ।"

"ਸਾਰਾ ਦਿਨ ਦੀਵਾਨ ਲੱਗਾ ਰਿਹਾ। ਇਕ ਉਚੇ ਵੱਡੇ ਥੜ੍ਹੇ ਵਰਗੇ ਮੈਦਾਨ ਵਿਚ ਦੀਵਾਨ ਸਜਿਆ ਸੀ। ਸੁਣਿਆ ਸੀ ਕਿ ਆਲਮ ਜੀ ਵੀ ਆਏ ਹਨ। ਅਸੀਂ ਰਾਗੀਆਂ ਦਾ ਦੀਵਾਨ ਵੀ ਸੁਣਿਆ। ਪਰ ਮੇਰੇ ਜ਼ਹਿਨ ਵਿਚ ਸਤਿਗੁਰੂ ਜੀ ਦਾ ਚਿਹਨ-ਚੱਕਰ ਨਹੀਂ ਸੀ ਉਭਰਿਆ। ਮੈਨੂੰ ਸਾਰੇ ਇਕੋ ਜਿਹੇ ਲੱਗ ਰਹੇ ਸਨ। ਉਹ ਬੈਠੇ ਵੀ ਸਫਾਂ ਉਤੇ ਇੱਕੋ ਜਿਹੇ ਸਨ। ਕੱਪੜੇ ਵੀ ਸਭ ਦੇ ਇੱਕੋ ਜਿਹੇ ਸਨ। ਮੋਟੇ ਖੱਦਰ ਦੇ ਸਾਦੇ ਜਿਹੇ, ਸਤਿਗੁਰੂ ਜੀ ਦੀ ਪਹਿਚਾਣ ਮਨ ਵਿਚ ਸੁਰੱਖਿਅਤ ਨਾਂ ਹੋਣ ਦਾ ਇੱਕ ਕਾਰਨ ਇਹ ਵੀ ਸੀ ਕਿ ਮੈਥੋਂ ਉਹਨਾਂ ਦੇ ਚਿਹਰੇ ਵੱਲ ਚੰਗੀ ਤਰ੍ਹਾਂ ਵੇਖਿਆ ਹੀ ਨਾਂ ਗਿਆ।"

"ਇਹ ਸ਼ਾਇਦ ਸੰਤ ਪੂੰਗਾਂ ਵਾਲਿਆਂ ਦੇ ਧੁਰ ਅੰਦਰ ਵੱਸੀ ਸੁਰ ਅਤੇ ਸੰਗੀਤ ਦੀ ਵਿਰਾਸਤ ਹੈ ਕਿ ਉਹਨਾਂ ਦਾ ਇਕ ਪੋਤਰਾ ਸ੍ਰ. ਗੁਰਦਿਆਲ ਸਿੰਘ ਜਲੰਧਰ ਵਿਚ ਸਿਤਾਰ ਸਾਜ਼ ਬਨਾਉਣ ਦਾ ਬਹੁਤ ਮਸ਼ਹੂਰ ਕਾਰੀਗਰ ਸਥਾਪਿਤ ਹੋਇਆ ਹੈ। ਇਸ ਦੇ ਹੱਥ ਦੀਆਂ ਬਣੀਆਂ ਸਿਤਾਰਾਂ ਦੇਸ਼ ਵਿਚ ਹੀ ਨਹੀਂ ਬਦੇਸ਼ਾਂ ਵਿਚ ਵੀ ਪ੍ਰਸਿੱਧ ਹਨ। ਗੁਰਦਿਆਲ ਸਿੰਘ ਨੇ ਸਿਤਾਰ

ਬਨਾਉਣ ਦਾ ਹੁਨਰ ਤਾਂ ਆਪਣੇ ਮਾਮਾ ਸ੍ਰ. ਮੋਹਨ ਸਿੰਘ ਤੋਂ ਲਿਆ, ਪਰ ਸੰਤ ਪੂੰਗਾਂ ਵਾਲਿਆਂ ਤੋਂ ਮਿਲੀ ਸੁਰ ਦੀ ਗੁੜ੍ਹਤੀ ਨੇ ਆਪਣਾ ਰੰਗ ਵਿਖਾਇਆਹੈ।"[5]

ਸੰਨ 1914 ਈ. ਵਿਚ ਅੱਸੂ ਅਤੇ ਪੋਹ ਦੇ ਮਹੀਨੇ ਕ੍ਰਮਵਾਰ ਮਹਾਰਾਜ ਨਿਹਾਲ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨੰਦ ਕਾਰਜ ਲਾਹੌਰ ਅਤੇ ਗੁਰੂ-ਸਰ (ਫੀਰੋਜ਼ਪੁਰ) ਵਿਖੇ ਹੋਏ ਸਨ। ਇਹਨਾਂ ਦੋਹਾਂ ਪੰਥਕ ਸਮਾਗਮਾਂ ਸਮੇਂ ਸੰਤ ਪੂੰਗਾਂ ਵਾਲੇ ਗੁਰਦਾਸਪੁਰ ਅਤੇ ਸਿਆਲਕੋਟ ਜ਼ਿਲ੍ਹਿਆਂ ਦੀ ਨਾਮਧਾਰੀ ਸੰਗਤ ਲੈ ਕੇ ਪੁੱਜੇ ਸਨ। ਸੰਤ ਸੁੰਦਰ ਸਿੰਘ ਜੀ ਨੇ ਜਿਹੜੇ ਵੱਡੇ ਸਾਧੂ ਨਾਮਧਾਰੀ ਪੰਥ ਨੂੰ ਦਿੱਤੇ ਸਨ ਉਹਨਾਂ ਵਿਚੋਂ ਮਹੰਤ ਕੇਸਰ ਸਿੰਘ ਜੀ ਮਜਾਧ (ਜ਼ਿਲ੍ਹਾ ਸਿਆਲਕੋਟ) ਵੀ ਇਕ ਉੱਘੇ ਨਾਮਧਾਰੀ ਸੰਤ ਹੋਏ ਹਨ। ਕਿਹਾ ਜਾਂਦਾ ਹੈ ਕਿ ਮਹੰਤ ਜੀ ਨੂੰ ਭਜਨ ਤਾਂ ਸੰਤ ਪੂੰਗਾਂ ਵਾਲਿਆਂ ਨੇ ਦਿੱਤਾ ਸੀ ਸੰਨ 1916 ਈ. ਵਿਚ। ਜਦੋਂ ਸੰਤ ਕੇਸਰ ਸਿੰਘ ਜੀ ਇਕਾਂਤ ਵਿਚ ਜਾ ਕੇ ਸਮਾਧੀ ਸਥਿਤ ਹੁੰਦੇ ਤਾਂ ਬੰਦਗੀ ਕਰਦਿਆਂ ਨੂੰ ਉਹਨਾਂ ਨੂੰ ਦਰਸ਼ਨ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਰੂਪ ਦਾ ਹੁੰਦਾ ਸੀ, ਜਿਹਨਾਂ ਦਾ ਦਰਸ਼ਨ ਅਜੇ ਤੱਕ ਕੇਸਰ ਸਿੰਘ ਹੋਰਾਂ ਨੇ ਨਹੀਂ ਕੀਤਾ ਸੀ। ਇਸੇ ਸਾਲ ਦੀਪਮਾਲਾ ਦੇ ਮੇਲੇ ਤੇ ਜਦੋਂ ਕੇਸਰ ਸਿੰਘ ਸੰਤ ਪੂੰਗਾਂ ਵਾਲਿਆਂ ਨਾਲ ਅੰਮ੍ਰਿਤਸਰ ਪੁੱਜੇ ਤਾਂ ਦੀਵਾਨ ਵਿਚ ਪਹਿਲੀ ਵੇਰ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਮੱਥਾ ਟੇਕਿਆ ਤਾਂ ਆਪ ਨੇ ਸੰਤ ਪੂੰਗਾਂ ਵਾਲਿਆਂ ਨੂੰ ਕਿਹਾ ਕਿ ਇਸੇ ਮੂਰਤੀ ਦੇ ਮੈਨੂੰ ਬਾਹਰ ਇਕਾਂਤ ਵਿਚ, ਭਜਨ ਕਰਦਿਆਂ ਦਰਸ਼ਨ ਹੁੰਦੇ ਸਨ। ਮੇਲੇ ਦਾ ਭੋਗ ਪੈ ਗਿਆ ਤਾਂ ਪੂੰਗਾਂ ਵਾਲਿਆਂ ਨੇ ਕੇਸਰ ਸਿੰਘ ਹੋਰਾਂ ਨੂੰ ਆਪਣੇ ਜਥੇ ਨਾਲ ਵਾਪਸ ਪਰਤਣ ਲਈ ਕਿਹਾ ਤਾਂ ਕੇਸਰ ਸਿੰਘ ਹੋਰਾਂ ਦੇ ਆਨਾ ਕਾਨੀ ਕਰਨ ਤੇ ਕੋਲੋਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਫੁਰਮਾਇਆ ਸੀ ਕਿ ਪੂੰਗਾਂ ਵਾਲਿਉ ! ਕੇਸਰ ਸਿੰਘ ਨੇ ਜਿੱਥੇ ਆਉਣਾ ਸੀ ਆ ਗਿਆ ਹੈ, ਤੁਸੀਂ ਹੁਣ ਇਸ ਦਾ ਖਹਿੜਾ ਨਾਂ ਕਰੋ। ਕੇਸਰ ਸਿੰਘ ਨੇ ਫਿਰ ਸ੍ਰੀ ਭੈਣੀ ਸਾਹਿਬ ਆ ਕੇ ਆਪਣੀਆਂ ਸੇਵਾਵਾਂ ਸਤਿਗੁਰੂ ਜੀ ਨੂੰ ਅਰਪਿਤ ਕਰ ਦਿੱਤੀਆਂ ਸਨ। ਪਹਿਲਾਂ ਉਹ ਮਾਤਾ ਜੀਵਨ ਕੌਰ ਜੀ ਦੀ ਸੇਵਾ ਵਿਚ ਰਹੇ ਅਤੇ ਫਿਰ ਮਾਤਾ ਭੂਪਿੰਦਰ ਕੌਰ ਜੀ ਦੀ ਸੇਵਾ ਕਰਦੇ ਰਹੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਵਤਾਰ ਧਾਰਨ ਬਾਅਦ, ਪਹਿਲੇ ਢਾਈ ਸਾਲ, ਮਾਤਾ ਭੁਪਿੰਦਰ ਕੌਰ ਜੀ ਦੇ ਨਾਲ ਉਹਨਾਂ ਦੀ ਸੇਵਾ ਸੰਭਾਲ ਕੀਤੀ। ਉਹ ਗੁਰੂ ਕੇ ਲੰਗਰ ਦੀ ਉਗਰਾਹੀ ਵੀ ਕਰਦੇ ਰਹੇ ਅਤੇ ਸਤਿਗੁਰੂ ਜੀ ਨੇ ਉਹਨਾਂ ਨੂੰ ਉਦੋਂ ਹੀ ਗੱਡਿਆਂ ਵਾਲਿਆਂ ਦਾ ਮਹੰਤ ਵੀ ਥਾਪ ਦਿੱਤਾ ਸੀ। ਬਿਰਤੀ ਸਦਾ ਇਕ ਰਸ ਰਹਿੰਦੀ ਸੀ। ਜਦੋਂ ਆਪ ਦੇ ਭਾਈ ਅਤੇ

ਪਿਤਾ ਨੇ ਚਲਾਣਾ ਕੀਤਾ ਤਾਂ ਫਿਰ ਸਤਿਗੁਰੂ ਜੀ ਨੇ ਪਿੰਡ ਜਾਣ ਦੀ ਛੁੱਟੀ ਦੇ ਦਿੱਤੀ ਸੀ। ਉਹਨਾਂ ਦਾ ਚਲਾਣਾ ਦੇਸ਼ ਬਟਵਾਰੇ ਤੋਂ ਕੁਝ ਚਿਰ ਬਾਅਦ ਇਧਰ ਆ ਕੇ ਹੋਇਆ ਸੀ।ਉਹ ਆਪਣੇ ਪਿੰਡ ਦੇ ਲੰਬੜਦਾਰ ਵੀ ਸਨ।[6]

ਸੰਤ ਤਰਨ ਸਿੰਘ ਵਹਿਮੀ ਜੀ ਲਿਖਦੇ ਹਨ–"ਸੰਤ ਪੂੰਗਾਂ ਵਾਲੇ ਭੀ ਦੀਵਾਨ ਵਿਚ ਹੋਕਾ ਦੇ ਕੁਸੰਗੀ ਲੋਕਾਂ ਨੂੰ ਕਤਾਰਾਂ ਵਿਚ ਖੜੇ ਕਰ, ਭਜਨ ਦੱਸ ਮਸਤ ਕਰ ਦਿੰਦੇ ਸੀ। ਜਿਵੇਂ ਸਤਿਗੁਰੂ ਰਾਮ ਸਿੰਘ ਜੀ ਦੇ ਸੂਬਿਆਂ ਪਾਸੋਂ ਕਈ ਅਜ਼ਮਾ ਵਿੰਹਦੇ ਸੀ, ਉਵੇਂ ਇਹਨਾਂ ਸੰਤਾਂ ਪੂੰਗਾਂ ਵਾਲਿਆਂ ਪਾਸੋਂ ਭੀ ਕਈਆਂ ਨੂੰ ਇਸੇ ਤਰ੍ਹਾਂ ਦੀ ਮਸਤੀ ਤੇ ਸਿੱਖੀ ਮਿਲੀ ਸੀ।"[7]

ਇਕ ਵੇਰ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਣਾ, ਜੋ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਵੀ ਸਨ ਕਾਂਗਰਸ ਦੇ ਕਈ ਮੋਰਚਿਆਂ ਵਿਚ ਕੈਦਾਂ ਕੱਟਣ ਵਾਲੇ, ਉਹਨਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਉਸ ਬਚਨ ਬਾਬਤ ਪੁੱਛਿਆ ਜਿਸ ਵਿਚ ਆਪ ਨੇ ਫ਼ੁਰਮਾਇਆ ਸੀ ਕਿ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।

"ਸਤਿਗੁਰੂ ਜੀ ਉੱਤਰ ਦਿੱਤਾ, ਮੇਰੀ ਸਮਝੇ ਸਤਿਗੁਰੂ ਰਾਮ ਸਿੰਘ ਜੀ ਦੇ ਸੂਬਿਆਂ ਸਮੇਤ ਬਦੇਸ ਜਾਣ ਬਾਅਦ, ਗੁਰੂ ਹਰੀ ਸਿੰਘ ਜੀ ਦੇ ਸਮੇਂ ਜੇ ਕਿਸੇ ਹਲ ਵਾਹ ਨੇ ਭੀ ਭਜਨ ਦੱਸਿਆ ਤਾਂ ਸੂਬਿਆਂ ਤੇ ਸਤਿਗੁਰੂ ਜੀ ਦੇ ਸਮਾਨ ਹੀ ਅਸਰ ਹੋਇਆ, ਜਿਸ ਕਰਕੇ ਸਿੱਖੀ ਦੀ ਜੜ੍ਹ ਹਰੀ ਰਹੀ। ਜਿਸ ਦਾ ਨਮੂਨਾ ਅਜੇ ਭੀ ਸਾਧ ਸੰਗਤ ਵਿਚ ਸੰਤਾਂ ਪੂੰਗਾਂ ਵਾਲਿਆਂ ਸੁੰਦਰ ਸਿੰਘ ਜੀ, ਸੰਤ ਭਗਤ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ, ਸੰਤ ਮੋਹਣ ਸਿੰਘ ਜੀ ਵਡਾਲਾ (ਜੌਹਲਾਂ) ਸੰਤ ਨੱਥਾ ਸਿੰਘ ਜੀ ਪਤੰਗ ਬੁੱਜਿਆਂ ਵਾਲੀ, ਸੰਤ ਬੰਤਾ ਸਿੰਘ ਜੀ ਬੂੜਾ ਡੱਲਾ ਆਦਿ ਦੇ ਭਜਨ ਦੱਸਣ ਤੇ ਸ਼ਬਦ ਸੁਨਾਉਣ ਤੇ ਅਤਰ ਸਿੰਘ ਜੀ ਦੇ ਕੀਰਤਨ ਦਾ ਅਸਰ ਹੁੰਦੈ। ਕਈ ਭਜਨ ਪੁੱਛਦੇ ਤੇ ਸ਼ਬਦ ਸੁਣਦੇ, ਮਸਤ ਹੁੰਦੇ ਰਹੇ ਹਨ ਤੇ ਹੁੰਦੇ ਹਨ।'[8]

ਸੰਤ ਨੱਥਾ ਸਿੰਘ ਜੀ ਲੋਪੋਕਿਆਂ ਵਾਲੇ ਜਿਹਨਾਂ ਤੋਂ ਸੰਤ ਨਿਧਾਨ ਸਿੰਘ ਆਲਿਮ ਹੋਰਾਂ ਨੂੰ ਕੀਰਤਨ ਦੀ ਲਗਨ ਲੱਗੀ ਸੀ ਅਤੇ ਸੰਤ ਬੇਲਾ ਸਿੰਘ ਜੀ ਸੂਜੋ ਵਾਲੀਏ, ਇਹ ਦੋਵੇਂ ਕੂਕਾ ਪਰਚਾਰਕ ਵੀ ਸੰਤ ਪੂੰਗਾਂ ਵਾਲਿਆਂ ਦੀ ਸੰਗਤ ਨਾਲ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆ ਖਲੋਤੇ ਸਨ।

ਸੰਤ ਸੁੰਦਰ ਸਿੰਘ ਜੀ ਦੇ ਕੇਸਰ ਸਿੰਘ ਅਤੇ ਗੰਗਾ ਸਿੰਘ ਨਾਮੇ ਦੋ ਹੋਰ ਭਰਾ ਵੀ ਸਨ। ਪੂੰਗ ਤੋਂ ਸੰਤ ਚੇਤ ਸਿੰਘ ਜੀ ਦਾ ਪਿੰਡ ਕੱਕੇ ਕੇ, 14–

15, ਮੀਲ ਪੈਂਡਾ ਸੀ। ਜਦੋਂ ਆਪ ਨੂੰ ਨਾਮਬਾਣੀ ਦੀ ਲਗਨ ਲੱਗੀ ਤਾਂ ਰੋਜ਼ ਇਤਨਾ ਪੈਂਡਾ ਪੈਦਲ ਕਰਕੇ ਪੂੰਗਾਂ ਤੋਂ ਕੱਕੇ ਕੇ ਜਾਂਦੇ ਅਤੇ ਸੰਤ ਚੇਤ ਸਿੰਘ ਜੀ ਦੀ ਸੰਗਤ ਮਾਣ ਕੇ ਫਿਰ ਵਾਪਸ ਪਰਤਦੇ। ਉਹਨਾਂ ਦਿਨਾਂ ਦੇ ਜ਼ਿਆਦਾ ਨਾਮਧਾਰੀ ਸੰਤਾਂ ਜਿਉਂ ਆਪ ਸੜਕ ਸਵਾਰ ਰਹਿ ਕੇ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਕਰਦੇ ਅਤੇ ਭੁੱਲੀ ਭਟਕੀ ਲੋਕਾਈ ਨੂੰ, ਸੱਤਿ-ਮਾਰਗ ਦੀ ਸੋਝੀ ਕਰਾਉਂਦੇ। ਸੰਤ ਸਾਧਾ ਸਿੰਘ ਜੀ 'ਪਰਧਾਨ'ਮੁਹਾਰਾਂ ਵਾਲੇ, ਹੁਣ ਦਿੱਲੀ, ਦੱਸਦੇ ਹਨ ਕਿ ਉਹਨਾਂ ਦੇ ਪਿੰਡ ਮੁਹਾਰ ਤੋਂ ਪੂੰਗ 7-8 ਮੀਲ ਸਨ। ਜਦੋਂ ਵੀ ਕਦੀ ਸੰਤਾਂ ਨੇ ਰਾਵੀ ਦਰਿਆ ਤੋਂ ਪਾਰਲੇ ਪਾਸੇ ਜਾਣਾ ਹੁੰਦਾ ਤਾਂ ਉਹ ਆਪਣਾ ਪੜਾਅ ਮੁਹਾਰਾਂ ਵਿਖੇ ਹੀ ਕਰਦੇ। ਇੱਥੇ ਦੀਵਾਨ ਸਜ ਜਾਂਦਾ। ਉਹਨਾਂ ਦੁਆਰਾ ਅਕਸਰ ਪੜ੍ਹੀ ਜਾਂਦੀ ਧਾਰਨਾ, ਸੰਤ ਸਾਧਾ ਸਿੰਘ ਜੀ ਦੁਹਰਾਇਆ ਕਰਦੇ ਹਨ-

"ਦੇਹ ਬਿਰਧ ਭਈ, ਤ੍ਰਿਸ਼ਨਾ ਚੜ੍ਹੀ ਜੁਆਨੀ"

ਮੁਹਾਰ ਤੋਂ ਕਰਤਾਰਪੁਰ ਸਾਹਿਬ 6 ਮੀਲ ਸੀ। ਇੱਥੇ ਸਤਿਗੁਰੂ ਪਰਤਾਪ ਸਿੰਘ ਜੀ ਨਾਮਧਾਰੀ ਗੁਰਦੁਆਰੇ ਵਿਚ ਆਮ ਤੌਰ ਤੇ ਦਰਸ਼ਨ ਦਿਆ ਕਰਦੇ ਸਨ। ਜਿੱਥੇ ਇਕ ਸਤਿਗੁਰੂ ਜੀ ਦਾ ਥਾਪਿਆ ਮਹੰਤ ਅਤੇ ਵੈਦ ਵੀਰ ਸਿੰਘ ਨਾਮੇ ਨਾਮਧਾਰੀ ਸਿੰਘ ਵੀ ਰਹਿੰਦਾ ਸੀ। ਇਸ ਨਾਮਧਾਰੀ ਗੁਰਦੁਆਰੇ ਵਿਚ ਇਲਾਕੇ ਦੀਆਂ ਸੰਗਤਾਂ ਦੂਰੋਂ ਨੇੜਿਉਂ ਜੁੜਦੀਆਂ ਅਤੇ ਸੰਤ ਪੂੰਗਾਂ ਵਾਲਿਆਂ ਦੇ ਵੀ ਬਹੁਤ ਦੀਵਾਨ ਇਥੇ ਸਜਦੇ ਰਹੇ। ਪੂੰਗਾਂ ਦੇ ਨੇੜੇ ਤੇੜੇ ਦੇ ਪਿੰਡ ਗੋਤਾਂ, ਸਰਾਜ, ਡੱਡੀਆਂ ਆਦਿ ਪਾਣੀਆਂ ਦੇ ਵੱਡੇ ਛੋਟੇ ਵਹਿਣਾਂ ਦੀ ਯਾਦ ਦਿਵਾਉਣ ਵਾਲੇ, ਪਾਣੀਆਂ ਨਾਲ ਸਬੰਧਿਤ ਨਾਵਾਂ ਵਾਲੇ ਪਿੰਡ ਸਨ। ਸੰਨ 1857-58 ਤੋਂ ਲੈ ਕੇ 1947 ਤੱਕ ਕੋਈ ਅੱਠ ਨੌਂ ਦਹਾਕੇ ਇਹਨਾਂ ਪਿੰਡਾਂ ਵਿਚ ਕੂਕਾ ਅੰਦੋਲਨ ਦੀਆਂ ਗੜਗੂੰਜਾਂ ਪੈਦੀਆਂ ਰਹੀਆਂ।

ਸੰਤ ਪੂੰਗਾਂ ਵਾਲਿਆਂ ਦੇ ਉਪਰ ਵਰਨਿਤ ਦੋਹਾਂ ਭਰਾਵਾਂ ਦੇ ਵੰਸ਼ਜ ਮੁਬੰਈ ਵਿਖੇ ਰਹਿੰਦੇ ਹਨ। ਸੰਤ ਸੁੰਦਰ ਸਿੰਘ ਜੀ ਦੇ ਨਰਾਇਣ ਸਿੰਘ ਅਤੇ ਸੁਰਾਇਣ ਸਿੰਘ ਦੋ ਸਪੁੱਤਰ ਹੋਏ ਸਨ। ਸੁਰਾਇਣ ਸਿੰਘ ਹੋਰਾਂ ਦਾ ਅੱਗੋਂ ਗੁਰਬਖਸ਼ ਸਿੰਘ ਨਾਮ ਦਾ ਇੱਕੋ ਪੁੱਤਰ ਸੀ। ਦੇਸ਼ ਦੀ ਵੰਡ ਸਮੇਂ ਉਹ ਇਕ ਵੇਰ ਪਿੰਡ ਵਿਚੋਂ ਨਿਕਲ ਆਇਆ ਪਰ ਦੁਬਾਰਾ ਕੋਈ ਚੀਜ਼ ਲੈਣ ਗਿਆ ਇਕੱਲਾ ਬਲਵੱਈਆਂ ਵਿਚ ਘਿਰ ਗਿਆ ਅਤੇ ਮਾਰਿਆ ਗਿਆ।ਨਰਾਇਣ ਸਿੰਘ ਹੋਰਾਂ ਦੇ ਪਿਆਰਾ ਸਿੰਘ, ਗੁਰਦਿਆਲ ਸਿੰਘ ਅਤੇ ਪ੍ਰਦੂਮਣ ਸਿੰਘ ਤਿੰਨ ਪੁੱਤਰ ਅਤੇ ਬੀਬੀ ਜਗਦੀਸ਼ ਕੌਰ ਪੁੱਤਰੀ, ਪੁਰਸ਼ੋਤਮ ਸਿੰਘ, ਰਾਮਗੜ੍ਹ ਕਾਲੋਨੀ, ਦਿੱਲੀ ਨਾਲ ਵਿਆਹੀ ਹੈ।ਪ੍ਰਦੁਮਣ

ਸਿੰਘ ਬਿਹੰਗਮ ਹੀ ਵਿਚਰਦੇ ਸਨ। ਪਿਆਰਾ ਸਿੰਘ ਦੇ ਸਰਦੂਲ ਸਿੰਘ, ਗੁਰਦੇਵ ਸਿੰਘ, ਅਵਤਾਰ ਸਿੰਘ, ਲਖਬੀਰ ਸਿੰਘ ਚਾਰ ਪੁੱਤਰ ਹੋਏ। ਸਰਦੂਲ ਸਿੰਘ ਦੇ ਅੱਗੇ ਰਿਛਪਾਲ ਸਿੰਘ ਤੇ ਤੇਜਿੰਦਰ ਸਿੰਘ ਪੁੱਤਰ ਅਤੇ ਦਲਜੀਤ ਕੌਰ ਸਪੁੱਤਰੀ ਹੋਈ। ਰਿਛਪਾਲ ਸਿੰਘ ਦਾ ਪੁੱਤਰ ਰਤਨ ਸਿੰਘ ਹੈ। ਗੁਰਦੇਵ ਸਿੰਘ ਦੇ ਅੰਮ੍ਰਿਤਪਾਲ ਸਿੰਘ ਅਤੇ ਜਸਪਾਲ ਸਿੰਘ ਪੁੱਤਰ ਹਨ। ਪਿਆਰਾ ਸਿੰਘ ਹੋਰਾਂ ਦਾ ਪਰਵਾਰ ਦਿੱਲੀ ਅਤੇ ਗੁਰਦਿਆਲ ਸਿੰਘ ਹੋਰੀਂ ਜਲੰਧਰ ਰਹਿੰਦੇ ਸਨ ਜਿੱਥੇ 25 ਦਸੰਬਰ 2019 ਨੂੰ ਗੁਰਦਿਆਲ ਸਿੰਘ ਦਾ ਅੰਤ ਸਮਾਂ ਆ ਗਿਆ। ਗੁਰਦਿਆਲ ਸਿੰਘ ਦੀਆਂ ਤਿੰਨ ਪੁੱਤਰੀਆਂ ਸਤਵਿੰਦਰ ਕੌਰ, ਹਰਵਿੰਦਰ ਕੌਰ, ਰਜਵਿੰਦਰ ਕੌਰ ਅਤੇ ਇੱਕ ਪੁੱਤਰ ਸੁਖਵਿੰਦਰ ਸਿੰਘ ਗੋਲਡੀ ਹੈ। ਵਰਿਆਮ-ਭਰਾਤਾ ਨਰਾਇਣ ਸਿੰਘ ਹੋਰਾਂ ਤੋਂ ਉਹਨਾਂ ਦੇ ਲੜਕੇ ਗੋਲਡੀ ਦਾ ਫੋਨ ਨੰਬਰ ਲੈ ਕੇ, ਮੈਂ ਜਦੋਂ ਵੀ ਭਾਈ ਗੁਰਦਿਆਲ ਸਿੰਘ ਹੋਰਾਂ ਨਾਲ ਗੱਲ ਕਰਨੀ ਚਾਹੀ, ਸੰਤ ਪੂੰਗਾਂ ਵਾਲਿਆਂ ਜਾਂ ਪਰਵਾਰ ਬਾਰੇ, ਉਹਨਾਂ ਦੀ ਢਿੱਲੀ ਸਿਹਤ ਕਾਰਨ ਮੈਂ ਸਫਲ ਨਾਂ ਹੋ ਸਕਿਆ। ਸ੍ਰ. ਗੁਰਦਿਆਲ ਸਿੰਘ ਹੋਰੀਂ ਜਲੰਧਰ ਵਿਚ ਸਿਤਾਰਾਂ ਵਾਲੇ ਕਰਕੇ ਜਾਣੇ ਜਾਂਦੇ ਸਨ ਅਤੇ ਉਹਨਾਂ ਨੂੰ ਸਾਜ਼ ਨਿਰਮਾਣ ਵਿਚ ਉਚ ਮੁਹਾਰਤ ਹੋਣ ਸਦਕਾ, ਭਾਰਤ ਦੀ ਸੰਗੀਤ ਨਾਟਕ ਅਕੈਡਮੀ ਨੇ ਸੰਨ 2013 ਦੇ ਸਨਮਾਨ ਪੁਰਸਕਾਰ ਨਾਲ ਨਿਵਾਜਿਆ ਸੀ। ਉਹ ਸੁਰ ਅਤੇ ਸਾਜ਼ ਦੀ ਛੋਟੀ ਤੋਂ ਛੋਟੀ ਘੁੰਤਰ ਨੂੰ ਜਾਣਦੇ ਅਤੇ ਸਮਝਦੇ ਸਨ। ਬਕੌਲ'ਵਰਿਆਮ' ਉਹ ਜਿਸ ਸਾਜ਼ ਨੂੰ ਹੱਥ ਫੇਰ ਦੇਣ ਉਸ ਦੀ ਕਾਇਆ ਹੀ ਪਲਟ ਜਾਂਦੀ ਹੈ। ਉਹਨਾਂ ਨੂੰ ਅਕੈਡਮੀ ਪੁਰਸਕਾਰ ਮਿਲਣ ਤੇ ਵਰਿਆਮ ਹੋਰਾਂ ਲਿਖਿਆ ਸੀ-

"ਜੀਵਨ ਵਿਚ ਬਾਰ-ਬਾਰ ਪਰਵਾਰਿਕ ਕਲੇਸ਼ ਆਏ ਪਰ ਗੁਰਦਿਆਲ ਸਿੰਘ ਕੰਡਿਆਂ ਉੱਪਰ ਬੈਠੇ ਵੀ ਮੁਸਕਰਾਉਂਦੇ ਰਹੇ। ਬਕੌਲ ਸ਼ਾਇਰ, "ਕੋਈ ਦੁੱਖ ਨਹੀਂ, ਕੋਈ ਸੁੱਖ ਨਹੀਂ: ਫਰਕ ਹੈ ਆਪਣੀ ਆਪਣੀ ਸੋਚ ਦਾ। ਤਰੇਲ ਫੁੱਲਾਂ ਤੇ ਵੀ ਬਹਿ ਕੇ ਰੋਂਦੀ ਰਹੀ-ਫੁੱਲ ਕੰਡਿਆਂ ਤੇ ਵੀ ਮੁਸਕਰਾਂਦੇ ਰਹੇ। ਇਕ ਪਾਸੇ ਡਾਢੀ ਪੀੜ ਬਰਦਾਸ਼ਤ ਕਰਦੇ ਰਹੇ ਅਤੇ ਨਾਲ ਹੀ ਹਾਸੇ ਤੇ ਖੁਸ਼ੀਆਂ ਵੰਡਦੇ ਰਹੇ।"[10]

ਵੱਡੇ ਰੁੱਖਾਂ ਦੇ ਹੇਠਾਂ ਕਦੇ ਘਣਛਾਵੇਂ ਬੂਟੇ ਜੰਮਦੇ ਸੁਣੇ ਤਾਂ ਨਹੀਂ ਪਰ ਸੰਤ ਸੁੰਦਰ ਸਿੰਘ ਜੀ ਘੂੰਗਾਂ ਵਾਲਿਆਂ ਦਾ ਪਰਵਾਰ ਇਸ ਦਾ ਅਪਵਾਦ ਹੈ। ਸੰਤ ਜੀ ਦੀ ਕੀਰਤੀ ਨਾਮਧਾਰੀ ਜਗਤ ਵਿਚ ਚਿਰ ਸਥਾਈ ਮਹੱਤਵ ਦੀ ਧਾਰਨੀ ਹੈ।

## ਹਵਾਲੇ ਅਤੇ ਟਿੱਪਣੀਆਂ


(1) ਸੰਤ ਤੇਜਾ ਸਿੰਘ ਜੀ ਕੰਵਲ, ਦਿੱਲੀ, "ਦੜਪ ਦੇ ਇਲਾਕੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਮਤਕਾਰ ਦਰਸ਼ਨ", ਪੁਸਤਕ ਗੁਰੂ ਪ੍ਰਤਾਪ ਸਿੰਘ ਜੀ ਦੀ ਅਨੰਤ ਸਿਮ੍ਰਤੀ, ਲੇਖਕ ਤੇ ਸੰਪਾਦਕ ਪੀ.ਐਸ. ਕੰਵਲ, ਐਚ.ਐਸ. ਕੰਵਲ, 1992 ਈ. ਕਵੈਂਟਰੀ ਇੰਗਲੈਂਡ, ਸਫ਼ਾ 120

(2) ਸੰਤ ਇੰਦਰ ਸਿੰਘ ਚੱਕਰਵਰਤੀ, ਸਤਿਜੁਗ ਦਾ ਸੰਤ ਅੰਕ, 20 ਭਾਦਰੋਂ 1998 ਬਿਕਰਮੀ, ਸ੍ਰੀ ਭੈਣੀ ਸਾਹਿਬ, ਚੱਕਰਵਰਤੀ ਲਿਖਤ-"ਦੈਤ-ਤੋਂ-ਦੇਵਤਾ", ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲਿਆਂ ਦੇ ਜੀਵਨ ਦੀ ਇਕ ਝਾਕੀ, ਫੁੱਟ ਨੋਟ, ਸਫ਼ਾ 72

(3) ਉਪਰੋਕਤ ਰਚਨਾ, ਸਫ਼ਾ 68

(4) ਉਪਰੋਕਤ ਰਚਨਾ, ਸਫ਼ਾ 69-72

(5) ਜਗਦੀਸ਼ ਸਿੰਘ ਵਰਿਆਮ, ਖਿੱਲਰੇ ਪੱਤਰੇ, ਮਾਰਚ 2005, ਵਰਿਆਮ ਪ੍ਰਕਾਸ਼ਨ, ਜਲੰਧਰ, ਸਫ਼ਾ 39-41

(6) ਸੁਵਰਨ ਸਿੰਘ ਵਿਰਕ (ਸੰ), ਅੱਖੀਂ ਡਿੱਠਾ ਕਿੱਸਾ ਕੀਤਾ, ਸਫ਼ਾ 136-138

(7) ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਦੂਜਾ, 156

(8) ਉਪਰੋਕਤ, ਸਫ਼ਾ 203-04

(9) ਉਪਰੋਕਤ, ਸਫ਼ਾ 457

(10) ਜਗਦੀਸ਼ ਸਿੰਘ ਵਰਿਆਮ-ਸਿਤਾਰਾਂ ਵਾਲੇ ਗੁਰਦਿਆਲ ਸਿੰਘ ਨੂੰ ਅਕੈਡਮੀ ਐਵਾਰਡ, ਵਰਿਆਮ, ਜਲੰਧਰ, ਜਨਵਰੀ 2014, ਸਫ਼ਾ 4

# ਕਰਨੀ ਦੇ ਪੂਰੇ : ਸੰਤ ਸੁੰਦਰ ਸਿੰਘ ਜੀ "ਮੰਜੀ-ਤੋੜ"

'ਹੱਥ ਕਾਰ ਵੱਲ ਤੇ ਚਿੱਤ ਯਾਰ ਵੱਲ' ਦੀ ਸੱਚੀ-ਸੁੱਚੀ, ਧਾਰਨਾ ਦੇ ਅਨੁਰੂਪ ਹੀ ਬਹੁਤੇ ਨਾਮਧਾਰੀ ਸਾਧੂਆਂ ਦਾ ਅੱਜ ਤੋਂ ਕੋਈ ਸਦੀ ਸਵਾ ਸਦੀ ਪਹਿਲਾਂ ਜੀਵਨ ਬਤੀਤ ਹੁੰਦਾ ਸੀ। ਉਹ ਆਪਣੀ ਧਰਮ ਦੀ ਕਿਰਤ ਵਿਰਤ ਕਰਦੇ ਸਨ। ਆਪਣੇ ਪਰਵਾਰ ਦੀ ਪਾਲਣਾ ਵੀ ਕਰਦੇ ਅਤੇ ਆਏ ਗਏ ਅਭਿਆਗਤਾਂ ਦੀ ਪਰਸ਼ਾਦਾ ਪਾਣੀ, ਲੀੜੇ ਕੱਪੜੇ ਦੀ ਵੀ ਜਥਾ ਜੋਗ ਸੇਵਾ ਕਰਦੇ। ਇਹ ਸਮਾਂ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਤੋਂ ਬਾਅਦ ਦਾ ਸੀ। ਉਹਨਾਂ ਦੀ ਯਾਦ ਵਿਚ ਆਪਣਾ ਵਿਹਾਰ ਕਾਰ ਕਰਦਿਆਂ, ਸਿਮਰਨ ਚੱਲਦਾ ਰਹਿੰਦਾ। ਨੈਣ ਉਸ ਪਰਦੇਸੀ ਪ੍ਰੀਤਮ ਦੀ ਯਾਦ ਵਿਚ, ਅੱਠੇ ਪਹਿਰ ਗੜੂੰਦ ਰਹਿੰਦੇ। ਉਹਨਾਂ ਦਾ ਸ਼ੌਂਕ ਇਕ ਹੀ ਸੀ, ਪਿਆਰੇ ਮਾਹੀ ਦੇ ਚਾਹੁਣ ਵਾਲਿਆਂ ਦੀ ਸੰਖਿਆ ਲਗਾਤਾਰ ਵਧਦੀ ਰਹੇ। ਉਹਨਾਂ ਦਾ ਸਾਜਿਆ ਨਿਵਾਜਿਆ ਨਾਮਧਾਰੀ ਪੰਥ, ਦਿਨ ਦੂਣੀ ਤੇ ਰਾਤ ਚੌਗੁਣੀ ਉੱਨਤੀ ਕਰੇ। ਸਰਕਾਰੀ ਸਖਤੀਆਂ ਕਾਰਨ ਕੂਕੇ, ਆਪਣੇ ਗੁਰਧਾਮ ਦੇ ਦਰਸ਼ਨ ਸੀਮਿਤ ਸਮੇਂ ਅਤੇ ਸੀਮਿਤ ਸੰਖਿਆ ਵਿਚ ਹੀ ਕਰ ਸਕਦੇ ਸਨ। ਗੁਰੂ ਹਰੀ ਸਿੰਘ ਜੀ ਨੂੰ ਤਾਂ ਆਯੂ ਪ੍ਰਯੰਤ 19 ਜਨਵਰੀ 1872 ਤੋਂ ਲੈ ਕੇ 17 ਮਈ 1906, ਜੀਵਨ ਦੇ ਆਖਰੀ ਦਿਨ ਤੱਕ, ਸਮੁੱਚੇ ਪੰਜਾਬ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਫੈਲੀ ਨਾਮਧਾਰੀ ਸੰਗਤ ਤੱਕ ਪਹੁੰਚਣ ਲਈ, ਜੀਵਨ ਦੇ ਆਖਰੀ 14-15 ਸਾਲਾਂ ਵਿਚ ਹੀ ਸਾਲ ਵਿਚ, ਇੱਕ-ਇੱਕ ਦੋ-ਦੋ ਲੰਮੇ ਦੌਰੇ ਕਰਨ ਦੀ ਸਰਕਾਰੀ ਆਗਿਆ ਮਿਲਦੀ ਸੀ। ਇਸ ਸਮੇਂ ਵਿਚ ਨਾਮਧਾਰੀ ਪੰਥ ਦਾ, ਗੁਰਮਤਿ ਜੀਵਨ ਜਾਚ ਦਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਆਜ਼ਾਦੀ ਵਾਲੇ ਮਿਸ਼ਨ ਦਾ ਪਰਚਾਰ, ਵੱਖ-ਵੱਖ ਜ਼ਿਲ੍ਹਿਆਂ ਵਿਚ ਰਹਿਣ ਵਾਲੇ, ਨਾਮਧਾਰੀ ਸਾਧੂਆਂ ਨੇ ਭਜਨ ਬਾਣੀ ਅਤੇ ਸ਼ਬਦ ਕੀਰਤਨ ਕਰਦਿਆਂ, ਇਕ-ਇਕ ਵਿਅਕਤੀ ਨੂੰ ਲੱਭ-ਲੱਭ ਕੇ, ਉਸ ਨਾਲ ਸੰਵਾਦ ਰਚਾ ਕੇ ਅਤੇ ਅਖੀਰ ਉਸ ਨੂੰ ਨਾਮਧਾਰੀ ਮੱਤ ਜਾਂ ਕੂਕਪੁਣੇ ਵਿਚ ਲਿਆ ਕੇ, ਆਪਣੇ ਵਿਲੱਖਣ ਢੰਗ ਤਰੀਕਿਆਂ ਨਾਲ ਕੀਤਾ ਸੀ। ਇਹਨਾਂ ਸਾਧੂਆਂ ਦੇ ਜੀਵਨ ਬੜੇ ਕਮਾਏ ਹੋਏ ਸਨ। ਇਹ ਵੱਡੀ ਕਰਨੀ ਵਾਲੇ ਹੋ ਨਿੱਬੜੇ ਹਨ ਅਤੇ ਕੂਕਾ-ਕਾਰ ਵਿਚ, ਅਗਮ ਨਿਗਮ ਦੀਆਂ ਬਾਤਾਂ ਸੁਣਾਉਂਦਿਆਂ, ਵਿਚਰਦੇ ਸਨ।

ਅੰਗਰੇਜ਼ ਸਰਕਾਰ ਦੇ ਵਿਰੁੱਧ, ਵਿਦਰੋਹ ਦੀ ਜੁਆਲਾ ਨੂੰ ਪਰਚੰਡ ਕਰਨ ਲਈ, ਦੁਨਿਆਵੀ ਰਸਾਂ ਕਸਾਂ ਤੋਂ ਉਪਰਾਮ ਹੋ ਕੇ, ਫਕੀਰੀ ਧਾਰਨ ਕਰਕੇ, ਜਗਤ ਵਿਚ ਵਿਚਰਣਾ ਵੀ ਕੂਕਿਆਂ ਦੇ ਸਮੂਹਿਕ ਰੋਸ ਪ੍ਰਗਟਾਵੇ ਦਾ ਇਕ ਕਾਰਗਰ ਹਥਿਆਰ ਸੀ, ਜਿਹੜਾ ਉਹ ਆਪਣੇ ਸਤਿਗੁਰੂ ਤੋਂ ਉਸ ਦੀ ਸੰਗਤ ਨੂੰ ਵਿਛੋੜਣ ਵਾਲੀ, ਜ਼ਾਲਮ ਗੋਰਾਸ਼ਾਹੀ ਵਿਰੁੱਧ ਅੱਧੀ, ਪੌਣੀ ਸਦੀ ਤੱਕ ਵਰਤਦੇ ਰਹੇ ਸਨ।

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਅਤੇ ਵੀਹਵੀਂ ਸਦੀ ਦੇ ਪਹਿਲੇ ਤਿੰਨ ਕੁ ਦਹਾਕਿਆਂ ਤੇ ਜਿਹਨਾਂ ਦਾ ਜੀਵਨ ਚਰਿੱਤਰ ਫੈਲਿਆ ਹੋਇਆ ਹੈ, ਉਹ ਸੰਤ ਸੁੰਦਰ ਸਿੰਘ ਜੀ "ਮੰਜੀ ਤੋੜ" ਬਚਨ ਦੇ ਬਲੀ ਅਤੇ ਵੱਡੀ ਕਰਨੀ ਵਾਲੇ, ਮਹਾਂ ਪੁਰਖ ਹੋਏ ਹਨ। ਇਹਨਾਂ ਦਾ ਜਨਮ ਰਾਮਗੜ੍ਹੀਏ ਸਿੰਘਾਂ ਦੇ ਪਰਵਾਰ ਵਿਚ ਉਸ ਸਮੇਂ ਦੇ ਗੁਰਦਾਸਪੁਰ ਜ਼ਿਲ੍ਹਾ ਦੀ ਸ਼ੱਕਰਗੜ੍ਹ ਤਹਿਸੀਲ ਦੇ ਪਿੰਡ, 'ਮੰਜੀ-ਤੋੜ' ਵਿਚ ਹੋਇਆ ਸੀ। ਪਿੰਡ ਦਾ ਨਾਮ ਸੰਤ ਜੀ ਦੇ ਨਾਮ ਨਾਲ ਸਦਾ ਲਈ ਜੁੜ ਗਿਆ ਸੀ। ਦੇਸ਼ ਬਟਵਾਰੇ ਤੋਂ ਬਾਅਦ ਕਿਉਂਕਿ ਤਹਿਸੀਲ ਸ਼ਕਰਗੜ੍ਹ, ਪਾਕਿਸਤਾਨ ਵਿਚ ਚਲੀ ਗਈ ਸੀ, ਸੰਤ ਜੀ ਦਾ ਪਿੰਡ ਮੰਜੀ-ਤੋੜ ਅੱਜ ਕਲ੍ਹ ਪਾਕਿਸਤਾਨ ਵਿਚ ਹੈ। ਵੈਸੇ ਇਹ ਪਿੰਡ ਡੇਹਰਾ ਬਾਬਾ ਨਾਨਕ ਤੋਂ ਜ਼ਿਆਦਾ ਦੂਰ ਨਹੀਂ ਸੀ, ਜਦੋਂ ਵਿਚਾਲੇ ਕੌਮਾਂਤਰੀ ਸਰਹੱਦ ਨਹੀਂ ਹੁੰਦੀ ਸੀ।

ਸੰਤ ਜੀ ਦੇ ਮਾਤਾ ਪਿਤਾ ਦੇ ਨਾਮ ਬਾਰੇ ਸਾਡਾ ਇਤਿਹਾਸ ਖ਼ਾਮੋਸ਼ ਹੈ। ਜਨਮ ਅਤੇ ਮਿਰਤੂ ਦੀਆਂ ਤਾਰੀਖਾਂ ਦੀ ਵੀ ਟੋਹ ਹੀ ਲਾਈ ਜਾ ਸਕਦੀ ਹੈ। ਆਪ ਆਪਣੀ ਭਰ ਜੁਆਨੀ ਦੀ ਉਮਰ ਵਿਚ, ਸੰਤ ਬਾਬਾ ਗੰਡਾ ਸਿੰਘ ਜੀ ਪਿੰਡ ਰਟੌਲ ਵਾਲੇ, ਜਿਹਨਾਂ ਨੇ ਇੱਬਣ (ਅੰਮ੍ਰਿਤਸਰ) ਵਿਚ ਡੇਰਾ ਬਣਾ ਕੇ, 1875-76 ਈ. ਵਿਚ ਰਹਿਣਾ ਸ਼ੁਰੂ ਕਰ ਦਿੱਤਾ ਸੀ, ਉਹਨਾਂ ਦੀ ਸੇਵਾ ਵਿਚ ਹਾਜ਼ਰ ਹੋ ਗਏ ਸਨ। ਸੰਤ ਗੰਡਾ ਸਿੰਘ ਹੋਰਾਂ ਵਿਚ ਕੋਈ ਬਾਰਾਂ ਸਾਲ ਤੱਕ 'ਕੂਕਾ-ਕਾਰ' ਦਾ ਵਾਸਾ ਰਿਹਾ ਸੀ। ਇਸ ਸਮੇਂ ਵਿਚ ਉਹਨਾਂ ਦੁਆਰਾ ਕੀਤੀ ਭਜਨ ਬੰਦਗੀ ਅਤੇ ਮਰਿਆਦਿਤ ਜੀਵਨ ਦਾ ਤਪ ਤੇਜ, ਦੂਰ ਦੁਰਾਡੇ ਫੈਲ ਚੁੱਕਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ-ਪਿਆਸੇ ਕੂਕੇ ਸਿੱਖ ਸਾਧ, ਉਹਨਾਂ ਪਾਸ ਵਹੀਰਾਂ ਘੱਤ ਕੇ ਆਏ ਰਹਿੰਦੇ ਅਤੇ ਸੰਤਾਂ ਦੇ ਦਰਸ਼ਨ ਅਤੇ ਬਚਨ ਬਿਲਾਸ ਵਿਚੋਂ ਆਤਮਿਕ ਸਰੂਰ ਅਨੁਭਵ ਕਰਦੇ। ਸੰਤ ਬਿਸ਼ਨ ਸਿੰਘ ਨੰਗਲ ਕਲਾਂ ਦੀ ਲਿਖਤ ਮੁਤਾਬਿਕ, ਗੰਡਾ ਸਿੰਘ ਜੀ ਹਜ਼ੂਰ ਸਾਹਿਬ ਦੀ ਯਾਤਰਾ ਕਰਕੇ ਆਏ ਅਤੇ ਨਿਹੰਗ ਬਾਣੇ ਵਿਚ ਵਿਚਰਦੇ ਸਨ। ਉਹ ਇੱਬਣ ਵਾਲੇ ਬਾਬਾ ਸਾਉਣ ਸਿੰਘ ਜੀ ਨਾਮਧਾਰੀ ਦੇ ਦਰਸ਼ਨਾਂ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਉਹਨਾਂ ਵੀ

ਬਾਬਾ ਜੀ ਤੋਂ ਨਾਮ ਲੈ ਕੇ ਨਾਮਧਾਰੀ ਸੰਤ ਖਾਲਸਾ ਵਿਚ ਦਾਖਲਾ ਲੈ ਲਿਆ। ਜਦੋਂ ਜਿਹੇ ਸੰਤ ਸਾਉਣ ਸਿੰਘ ਅਤੇ ਫਿਰ ਗੰਡਾ ਸਿੰਘ ਹੋਰਾਂ ਦੀ ਮਹਿਮਾ ਆਲੇ ਦੁਆਲੇ ਵਧਣੀ ਸ਼ੁਰੂ ਹੋਈ ਅਤੇ ਇੱਬਣ ਦਾ ਡੇਰਾ ਦੂਰ ਨੇੜੇ ਪ੍ਰਸਿੱਧ ਹੋ ਗਿਆ ਤਾਂ ਸੰਤ ਵਸਾਵਾ ਸਿੰਘ ਜੀਆ ਬੱਗਾ, ਸੰਤ ਸਿਆਮ ਸਿੰਘ ਜੀ ਮਸਤਾਨਾ ਪਿੰਡ ਨੌਨੇ ਅਤੇ ਸੰਤ ਜਿਊਣ ਸਿੰਘ ਜੀ (ਜੋ ਬਾਅਦ ਵਿਚ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਦੇ ਗੁਰੂ ਹਰੀ ਸਿੰਘ ਜੀ ਦੁਆਰਾ ਪਹਿਲਾਂ ਪ੍ਰਬੰਧਕ ਅਤੇ ਫਿਰ ਮਹੰਤ ਥਾਪੇ ਗਏ ਸਨ) ਇਹਨਾਂ ਨਾਲ ਸੁੰਦਰ ਸਿੰਘ ਜੀ ਮੰਜੀ ਤੋੜ ਵੀ ਇੱਬਣ ਆ ਕੇ, ਇੱਥੋਂ ਦੇ ਲੋਹ ਲੰਗਰ ਦੀ ਸੇਵਾ ਵਿਚ ਜੁੱਟ ਗਏ। ਸੇਵਾ ਕਰਨੀ ਅਤੇ ਬੰਦਗੀ ਕਰਨੀ ਇਹ ਇਹਨਾਂ ਸਾਧੂਆਂ ਦੀ ਰੋਜ਼ਾਨਾ ਦੀ ਕਾਰ ਬਣ ਗਈ।[1] ਸੁੰਦਰ ਸਿੰਘ ਹੋਰਾਂ ਤੇ ਜਿਵੇਂ-ਜਿਵੇਂ ਨਾਮ ਬਾਣੀ ਦਾ ਰੰਗ ਗੂੜ੍ਹਾ ਹੁੰਦਾ ਗਿਆ, ਆਪ ਇਕ ਅਲੌਕਿਕ ਮਸਤੀ ਦੀ ਦਾਤ ਨਾਲ ਵੀ ਮਾਲਾ ਮਾਲ ਹੁੰਦੇ ਗਏ। ਉੱਪਰ ਦਿੱਤਾ ਬਿਸ਼ਨ ਸਿੰਘ ਨੰਗਲ ਹੋਰਾਂ ਦਾ ਸੰਤ ਗੰਡਾ ਸਿੰਘ ਇੱਬਣ ਬਾਰੇ ਵੇਰਵਾ ਕਿ ਉਹ ਕੂਕੇ ਸੰਤ ਸਾਉਣ ਸਿੰਘ ਇੱਬਣ, ਜੋ ਮਹੰਤ ਜਿਊਣ ਸਿੰਘ ਅੰਮ੍ਰਿਤਸਰ ਦੇ ਸਹੁਰਾ ਸਾਹਿਬ ਵੀ ਬਣੇ, ਤੋਂ ਹੀ ਨਾਮਧਾਰੀ ਮੱਤ ਵਿਚ ਆਏ, ਇਸ ਤੱਥ ਤੋਂ ਵੀ ਸਹੀ ਸਿੱਧ ਹੁੰਦਾ ਹੈ ਕਿ ਜਦੋਂ ਆਪਣੇ ਮਾਝੇ ਦੇ ਪਹਿਲੇ ਦੌਰੇ ਸਮੇਂ, ਸਤੰਬਰ 1892 ਵਿੱਚ ਸਰਕਾਰੀ ਛੁੱਟੀ ਮਿਲਣ ਤੇ, ਗੁਰੂ ਹਰੀ ਸਿੰਘ ਜੀ ਇੱਬਣ ਆਏ ਤਾਂ ਬਾਬਾ ਗੰਡਾ ਸਿੰਘ ਜੀ ਨੇ ਆਪ ਪਾਸੋਂ ਭਜਨ ਲੈਣ ਦੀ ਬੇਨਤੀ ਕੀਤੀ ਸੀ। ਪਰ ਬਾਬਾ ਜੀ ਦੇ ਉਸ ਸਮੇਂ ਤੱਕ, ਆਪਣੀ ਮਾਨਤਾ ਦੇ ਅਭਿਮਾਨ ਵਿਚ ਗ੍ਰਸੇ ਹੋਣ ਕਾਰਨ, ਇਹ ਬੇਨਤੀ ਮੰਨੀ ਨਾਂ ਗਈ ਸੀ। ਉਹਨਾਂ ਦੇ ਭਜਨ-ਦਾਤੇ ਬਾਬਾ ਸਾਉਣ ਸਿੰਘ, ਗੁਰੂ ਹਰੀ ਸਿੰਘ ਜੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਆਤਮਿਕ ਜੋਤ ਹੋਣ ਕਾਰਨ, ਪੂਰਨ ਪ੍ਰੇਮ, ਪਰਤੀਤ ਤੇ ਭਰੋਸਾ ਰੱਖਦੇ ਸਨ।[2]

ਗੁਰੂ ਹਰੀ ਸਿੰਘ ਜੀ ਦੇ ਦੌਰੇ ਸਮੇਂ, ਬਾਬਾ ਗੰਡਾ ਸਿੰਘ ਹੋਰਾਂ ਵੱਲੋਂ ਉਹਨਾਂ ਦਾ ਬਣਦਾ ਮਾਨ ਸਤਿਕਾਰ ਨਾ ਕਰਨ ਸਦਕਾ ਅਤੇ ਕੁਝ ਹੋਰ ਘਟਨਾਵਾਂ ਕਾਰਨ, ਬਾਬਾ ਗੰਡਾ ਸਿੰਘ ਜੀ ਨੂੰ ਇੱਬਣ ਵਾਲਾ ਡੇਰਾ ਛੱਡ ਕੇ ਖ਼ੁਦਪੁਰ (ਜ਼ਿਲ੍ਹਾ ਲਾਹੌਰ) ਵਿਚ, ਗੁੰਮਨਾਮੀ ਦੇ ਹਾਲਾਤ ਵਿਚ ਮਗਰਲਾ ਸਮਾਂ ਰਹਿਣਾ ਪਿਆ। ਇੱਬਣ ਵਾਲੇ ਡੇਰੇ ਦੀਆਂ ਰੌਣਕਾਂ ਅਲੋਪ ਹੋਣ ਬਾਅਦ, ਸੰਤ ਸੁੰਦਰ ਸਿੰਘ ਮੰਜੀ ਤੋੜ ਲਾਹੌਰ ਸ਼ਹਿਰ ਵਿਚ ਆ ਕੇ ਆਪਣਾ ਪਿਤਾ ਪੁਰਖੀ ਦਸਤਕਾਰੀ ਕਾਰਜ, ਲੱਕੜੀ ਦੀ ਕਾਰੀਗਰੀ ਵਾਲਾ ਕਰਨ ਲੱਗ ਪਏ।"ਆਪ ਜੀ ਆਪਣੇ ਸਮੇਂ ਦੇ ਬਹੁਤ ਸੁਚੱਜੇ ਕਾਰੀਗਰ ਸਨ। ਆਪ ਜੀ ਦੀ ਹੱਥ ਦੀ ਸਫਾਈ ਵੇਖ ਕੇ, ਵਾਟਰ ਲਾ ਅੰਗਰੇਜ਼ ਨੇ ਆਪ ਜੀ ਨੂੰ

ਲਾਹੌਰ ਆਪਣੇ ਕੋਲ ਰੱਖ ਲਿਆ। ਆਪ ਹੱਥਾਂ ਨਾਲ ਕੰਮ ਕਰਦੇ ਪਰ ਦਿਲ ਸਦਾ ਆਪ ਜੀ ਦਾ ਕਿਸੇ ਦੂਜੀ ਦੁਨੀਆ ਵਿਚ ਹੀ ਰਹਿੰਦਾ। ਦਿਨ ਅਤੇ ਰਾਤ ਦਾ ਬਹੁਤ ਸਾਰਾ ਸਮਾਂ, ਆਪ ਆਪਣੇ ਯਾਰ ਦੀ ਯਾਦ ਵਿਚ ਹੀ ਗੁਜ਼ਾਰਦੇ। ਦਸ ਦਿਨ ਕੰਮ ਕਰਕੇ ਫਿਰ ਅੰਦਰ ਬੈਠ ਕੇ ਭਜਨ ਕਰਨ ਲੱਗ ਜਾਣਾ। ਵਾਟਰ ਲਾ ਸਾਹਿਬ ਨੇ ਆਪ ਨੂੰ ਕਦੇ ਵੀ ਕੁਝ ਨਹੀਂ ਸੀ ਕਿਹਾ ਕਿਉਂਕਿ ਇਹਨਾਂ ਦਸਾਂ ਦਿਨਾਂ ਵਿਚ ਆਪ ਕਾਫੀ ਕੰਮ ਕਰ ਦਿੰਦੇ ਸਨ। ਜਦ ਖਰਚ ਪਾਣੀ ਵੱਲੋਂ ਦੇਗਾਂ ਮਸਤਾਨੀਆਂ ਹੋਣੀਆਂ ਫਿਰ ਆਪ ਜੀ ਨੇ ਕੰਮ ਤੇ ਚਲੇ ਜਾਣਾ। ਆਪ ਨੂੰ ਕੰਮ ਤੇ ਆਇਆ ਵੇਖ ਵਾਟਰ ਲਾ, ਅੰਗਰੇਜ਼ ਨੇ ਕਹਿਣਾ, "ਕੂਕਿਆ! ਸਗੋਂ ਆਟਾ ਖ਼ਤਮ ਹੋ ਗਿਆ ਹੈ!" ਅੰਗਰੇਜ਼ ਆਪ ਤੇ ਬੜੀ ਭਾਵਨਾ ਰੱਖਦਾ ਸੀ।

"ਵੱਡੇ ਦਿਨ ਆਏ। ਸਾਰੇ ਮਿਸਤਰੀਆਂ ਸਲਾਹ ਦਿੱਤੀ ਕਿ ਅੰਗਰੇਜ਼ ਨੂੰ ਡਾਲੀ (ਰਿਸ਼ਵਤ ਵਜੋਂ ਭੇਟ ਦੇਣੀ) ਦੇਈਏ। ਜਦ ਸੰਤਾਂ ਨੂੰ ਪੁੱਛਿਆ ਗਿਆ ਤਾਂ ਆਪ ਆਖਣ ਲੱਗੇ ਕਿ-ਵੱਡੇ ਦਿਨ ਵੀ ਇਹਨਾਂ ਦੇ ਤੇ ਡਾਲੀ ਵੀ ਇਹਨਾਂ ਨੂੰ ਅਸੀਂ ਦੇਈਏ। ਇਹਨਾਂ ਨੂੰ ਚਾਹੀਦਾ ਹੈ ਕਿ ਸਗੋਂ ਸਾਨੂੰ ਡਾਲੀ ਦੇਣ। ਇਹ ਗੱਲ ਜਦ ਅੰਗਰੇਜ਼ ਦੇ ਕੰਨੀਂ ਪਈ। ਉਸ ਨੇ ਸਭਨਾਂ ਨੂੰ ਦੋ-ਦੋ ਰੁਪੈ ਡਾਲੀ ਵਜੋਂ ਦਿੱਤੇ। ਜਦ ਆਪ ਨੂੰ ਰੁਪੈ ਪੇਸ਼ ਕੀਤੇ ਗਏ ਤਾਂ ਆਪ ਜੀ ਨੇ ਧੰਨਵਾਦ ਸਹਿਤ ਵਾਪਿਸ ਕਰਦਿਆਂ ਹੋਇਆ ਕਿਹਾ ਕਿ-ਮੈਂ ਬਗੈਰ ਕੰਮ ਕੀਤੇ ਦੇ ਮੁਫ਼ਤ ਦੀ ਕੋਈ ਚੀਜ਼ ਲੈ ਕੇ ਖਾ ਨਹੀਂ ਸਕਦਾ। ਇਹ ਮੇਰੇ ਪੀਰ-ਚੀਨੀ ਵਾਲੇ ਪਾਤਸ਼ਾਹ ਦਾ ਹੁਕਮ ਨਹੀਂ।"[3]

ਵੈਸੇ ਤਾਂ ਸੰਤ ਸੁੰਦਰ ਸਿੰਘ ਜੀ 'ਮੰਜੀ-ਤੋੜ' ਦੇ ਸੰਪਰਕ ਵਿਚ ਆ ਕੇ, ਅਨੇਕ ਲੋਕ ਸਤਿਗੁਰੂ ਰਾਮ ਸਿੰਘ ਜੀ ਦੇ ਸਤਿਜੁਗੀ ਝੰਡੇ ਦੇ ਹੇਠ ਆ ਕੇ, ਆਪਣਾ ਜਨਮ ਮਰਨ ਸਫਲਾ ਕਰ ਗਏ। ਪਰ ਸੰਤ ਜੀ ਦੀ ਛੋਹ ਨਾਲ ਜਿਸ ਇੱਕ ਸੱਜਣ ਦਾ ਜੀਵਨ, ਕਾਗੋਂ ਹੰਸ ਹੋ ਗਿਆ ਸੀ, ਉਹ ਸੀ ਸੰਤ ਜੀ ਤੋਂ ਵਰੋਸਾਇਆ, ਸਤਿਗੁਰੂ ਪਰਤਾਪ ਸਿੰਘ ਜੀ ਦਾ ਚਰਨ-ਭੌਰਾ, ਮਾਸਟਰ ਸੁਹਾਵਾ ਸਿੰਘ। ਮਾਸਟਰ ਜੀ ਦਾ ਜਨਮ 1882 ਈ. ਵਿਚ ਜ਼ਿਲ੍ਹਾ ਲਾਹੌਰ ਦੇ ਪਿੰਡ ਜਾਹਮਣ ਵਿਚ ਸ੍ਰ. ਗੁਰਦਿੱਤ ਸਿੰਘ ਭੁੱਲਰ ਦੇ ਘਰ ਹੋਇਆ।[4] ਜਾਹਮਣ ਪਿੰਡ ਭੁੱਲਰ ਜੱਟਾਂ ਦਾ ਪਿੰਡ ਸੀ। ਬੇਸ਼ੱਕ ਮਾਸਟਰ ਜੀ ਦਾ ਪਰਵਾਰ ਰਾਮਗੜ੍ਹੀਆ ਸਿੱਖ ਸੀ ਪਰ ਇਹਨਾਂ ਦੇ ਪਰਵਾਰ ਦਾ ਗੋਤ ਵੀ ਪਿੰਡ ਦੇ ਜ਼ਿਮੀਦਾਰਾਂ ਵਾਲਾ ਹੀ ਸੀ। ਮਾਸਟਰ ਜੀ ਪਿੰਡ ਦੇ ਹਾਣੀਆਂ ਨਾਲ ਪੇਂਡੂ ਖੇਡਾਂ ਖੇਡਦੇ ਹੋਏ, ਪਿਤਾ ਦੇ ਹੁਕਮ ਅਨੁਸਾਰ ਮਦਰੱਸੇ ਵਿਚ ਪੜ੍ਹਨ ਲਈ ਦਾਖਿਲ ਹੋ ਗਏ। ਪਿੰਡ ਰਹਿੰਦਿਆਂ ਅਤੇ ਸਕੂਲ ਵਿਚ ਪੜ੍ਹਦਿਆਂ ਆਪ ਦੀ ਰੁਚੀ, ਸਭ ਤੋਂ ਵੱਧ ਡਰਾਇੰਗ, (ਚਿੱਤਰਕਾਰੀ) ਵਿਸ਼ੇ

ਵਿਚ ਹੋ ਗਈ। ਪੜ੍ਹਾਈ ਵਿਚ ਹਮੇਸ਼ਾ ਆਪਣੇ ਅਧਿਆਪਕਾਂ ਦੀਆਂ ਖੁਸ਼ੀਆਂ ਲੈਂਦੇ। ਇਹਨਾਂ ਦੀ ਵਧੀਆ ਡਰਾਇੰਗ ਦੀ ਕਾਰਗੁਜ਼ਾਰੀ ਸਦਕਾ ਇਹਨਾਂ ਨੂੰ ਲਾਹੌਰ ਦੇ ਟੈਕਨੀਕਲ ਸਕੂਲ ਵਿਚ, ਡਰਾਇੰਗ ਮਾਸਟਰ ਦੀ ਅਸਾਮੀ ਤੇ ਰੱਖ ਲਿਆ। ਹੁਣ ਮਾਸਟਰ ਜੀ ਆਪਣੇ ਪਰਵਾਰ ਸਮੇਤ ਲਾਹੌਰ ਹੀ ਰਹਿਣ ਲੱਗ ਪਏ ਸਨ। ਮਾਸਟਰ ਜੀ ਆਮ ਸਿੱਖਾਂ ਜਿਉਂ ਉਸ ਸਮੇਂ (ਵੀਹਵੀਂ ਸਦੀ ਦਾ ਪਹਿਲਾ ਦੂਜਾ ਦਹਾਕਾ) ਸਿੰਘ-ਸਭਾ ਦੇ ਪ੍ਰਭਾਵ ਹੇਠ ਸਨ ਅਤੇ ਨਾਮਧਾਰੀਆਂ ਬਾਰੇ ਚੰਗੀ ਰਾਇ ਨਹੀਂ ਸਨ ਰੱਖਦੇ। ਉਹਨਾਂ ਦੇ ਹਿਰਦੇ ਵਿਚ, ਸਤਿਗੁਰੂ ਰਾਮ ਸਿੰਘ ਜੀ ਦੀ ਨਾਮਧਾਰੀ ਸਿੱਖੀ ਦਾ ਬੀਜ, ਸੰਤ ਮੰਜੀ-ਤੋੜ ਜੀ ਨੇ ਕਿਵੇਂ ਆਰੋਪਿਤ ਕੀਤਾ, ਇਹ ਜਾਨਣ ਲਈ ਸਾਨੂੰ ਮਾਸਟਰ ਸੁਹਾਵਾ ਸਿੰਘ ਜੀ ਦੀ ਆਪਣੀ ਲਿਖਤ ਤੋਂ ਵੱਧ ਪਰਮਾਣੀਕ, ਅਗਵਾਹੀ ਹੋਰ ਕੀ ਹੋ ਸਕਦੀ ਹੈ।

"ਸ੍ਰੀਮਾਨ ਉਪਮਾ-ਜੋਗ, ਸੰਤ ਸੁੰਦਰ ਸਿੰਘ ਜੀ, ਪਿੰਡ "ਮੰਜੀ ਤੋੜ", ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਚ ਰਹਿੰਦੇ ਸਨ। ਬੜੇ ਮਸਤ ਲੋਕ ਸੀ। ਮੈਂ ਉਹਨਾਂ ਦਾ ਬਿਲਕੁਲ ਵਾਕਿਫ਼ ਨਹੀਂ ਸੀ। ਮੈਂ ਐਸਾ ਅੜਬ ਤੇ ਜਾਹਲ ਸਾਂ, ਜਿੱਥੇ ਕੂਕੇ- ਨਾਮਧਾਰੀ ਨੂੰ ਵੇਖ ਲੈਂਦਾ ਸਾਂ, ਅੱਗ-ਬਬੋਲਾ ਹੋ ਜਾਂਦਾ ਤੇ ਹਜਾਰ ਹਜਾਰ ਗਾਹਲ ਕੱਢਦਾ ਸਾਂ। ਕਹਿੰਦਾ ਸਾਂ (ਇਹ ਸਾਰੇ) ਸਮੁੰਦਰੋਂ ਪਾਰ ਕਿਉਂ ਨਾਂ ਕੀਤੇ ਜਾਣ। ਮੇਰੀ ਘਰ ਵਾਲੀ ਗੁਜ਼ਰ ਗਈ। ਚਿੱਤ ਉਦਾਸ ਰਹਿਣ ਲੱਗਾ। ਮੇਰੇ ਘਰ ਨਾਲ ਇਕ ਮਾਈ ਰਹਿੰਦੀ ਸੀ। ਮੈਨੂੰ ਸਦਾ ਕਹੇ-ਬੱਚਾ। ਗੁਰੂ ਧਾਰਨਾ ਚਾਹੀਦਾ ਏ। ਮੈਂ ਕਿਹਾ- ਸਾਡਾ ਗੁਰੂ ... ਹੈ। ਹੋਰ ਅਸੀਂ ਗੁਰੂ ਕਿਹੜਾ ਧਾਰਨਾ ਹੈ। ਕਹਿੰਦੀ- ਗੁਰੂ ਬਿਨਾਂ ਗੱਤ ਨਹੀਂ, ਸ਼ਾਹ ਬਿਨਾਂ ਪੱਤ ਨਹੀਂ। (ਮੇਰੀ) ਸੂਰ ਖਾ ਖਾ ਕੇ ਮੱਤ ਮਾਰੀ ਹੋਈ ਸੀ। ਕੁਛ ਅਸਰ ਨਾਂ ਹੋਇਆ। ਪਰ ਜਦ ਬੰਦੇ ਦੇ ਦਿਨ ਚੰਗੇ ਹੁੰਦੇ ਹਨ। ਕੋਈ ਸਬੱਬ ਬਣ ਜਾਂਦਾ ਹੈ। ਮੇਰੇ ਦਿਲ 'ਸੱਚੇ ਵਿਚ ਉਸ (ਮਾਈ) ਦੀ ਗੱਲ ਯਾਦ ਆਉਣ ਲੱਗ ਪਈ ਤੇ ਭਜਨ ਪੁੱਛਣ ਦਾ ਖ਼ਿਆਲ ਆਉਣ ਲੱਗ ਪਿਆ। ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ-ਜਿਹੜਾ ਕਹੇਗਾ ਮੈਂ ਕੂਕਿਆਂ ਦਾ ਰੌਲਾ ਸੁਣ ਕੇ ਆਇਆ ਹਾਂ, ਮੈਂ ਉਸ ਨੂੰ ਵੀ ਬਖਸ਼ ਦਿਆਂਗਾ। ਉਹ ਗੱਲ ਬਣਨ ਲੱਗੀ। ਇਕ ਰਾਤ ਇਕ ਵਜੇ ਸੁੱਤਿਆਂ ਡਰ ਲੱਗਾ ਤੇ ਕਮਰੇ ਵਿਚ ਐਸਾ ਚਾਨਣ ਹੋਇਆ ਜਿਵੇਂ ਬਿਜਲੀ ਦਾ ਚਾਨਣ ਹੁੰਦਾ ਏ। ਮੈਂ ਡਰਿਆ ਕਿ ਸ਼ਾਇਦ ਭੂਤਨਿਆਂ ਨੇ ਚਾਨਣ ਕੀਤਾ ਹੈ। ਪਰ ਅੱਖਾਂ ਉਘੇੜੀਆਂ ਤਾਂ ਦੇਖਿਆ-ਗੁਰੂ ਨਾਨਕ ਜੀ, ਬਾਲਾ, ਮਰਦਾਨਾ ਬੈਠੇ ਹਨ, ਉੱਠ ਕੇ ਮੱਥਾ ਟੇਕਿਆ। ਮੱਥਾ ਟੇਕ ਕੇ ਉੱਠਿਆ ਤਾਂ ਨਾਂ ਗੁਰੂ ਜੀ ਨਾਂ ਚਾਨਣ। ਦਿਨ ਚੜ੍ਹਿਆ ਮੈਂ ਬੜਾ ਪਰੇਸ਼ਾਨ ਪਰ ਦੱਸਾਂ ਨਾਂ। ਦਸ ਦਿਨ

ਬਾਅਦ ਫਿਰ ਡਰ ਆਇਆ ਤੇ ਸੁਪਨੇ ਵਿਚ ਭੱਜਦਾ ਹਾਂ। ਫਿਰ ਡਿੱਗਦਾ ਹਾਂ। ਫਿਰ ਭੱਜਦਾ ਹਾਂ।ਅੱਗੇ ਦੇਖਦਾ ਹਾਂ-ਸੰਤ ਮੰਜੀ ਤੋੜ ਗਲੋਂ ਤੇ ਸਿਰੋਂ ਨੰਗੇ, ਤੇੜ ਕਛਿਹਰਾ, ਹੇਠਾਂ ਕਾਲਾ ਆਸਣ ਵਿਛਾ ਕੇ, ਸਰ੍ਹੋਂ ਦੇ ਖੇਤ ਵਿਚ ਬੈਠੇ ਭਜਨ ਕਰਦੇ, ਮੈਨੂੰ ਸੈਨਤ ਨਾਲ ਕਹਿੰਦੇ ਉਰੇ ਆ। ਮੈਂ ਡਿੱਗਦਾ ਡਿੱਗਦਾ ਗਿਆ। ਮੈਨੂੰ ਕਹਿੰਦੇ-, 'ਕੰਨ ਕਰ ਤੇਰਾ ਡਰ ਲਾਹ ਦੇਵਾਂ।' ਕੰਨਾਂ ਵਿਚ ਭਜਨ ਦੱਸ ਕੇ ਕਹਿੰਦੇ- 'ਜਾਹ ਡਰ ਲਹਿ ਗਿਆ। ਮੇਰੀ ਉੱਚੀ-ਉੱਚੀ ਭਜਨ ਕਰਦੇ ਦੀ ਜਾਗ ਖੁੱਲ੍ਹ ਗਈ।

"ਜਿਸ ਤਰ੍ਹਾਂ- ਕਬੀਰ ਸੁਪਨੈ ਹੂ ਬਰੜਾਇਕੈ ਜਿਹਿ ਮੁਖ ਨਿਕਸੈ ਰਾਮੁ'- ਵਾਲੀ ਗੱਲ ਬਣੀ-ਮੈਂ ਉੱਠ ਕੇ ਭਜਨ ਕਰਨ ਲੱਗ ਪਿਆ। ਬੜਾ ਸੁਆਦ ਆਇਆ। ਮੈਂ ਰੋਜ਼ ਹੀ ਸਵੇਰੇ ਨਹਾ ਕੇ ਭਜਨ ਕਰਨ ਲੱਗਾ। ਦਸ ਦਿਨ ਬਾਅਦ ਸੱਚ ਮੁੱਚ ਉਹਨਾਂ ਸੁਪਨੇ ਵਾਲੇ ਸੰਤਾਂ, ਸਕੂਲ ਦੇ ਫਾਟਕ ਵਿਚ ਆ ਕੇ ਚੌਂਕੀਦਾਰ ਨੂੰ ਮੇਰਾ ਨਾਮ ਪੁੱਛਿਆ। ਮੈਂ ਬਰਾਂਡੇ ਵਿਚ ਖੜ੍ਹਾ ਸਾਂ। ਚੌਂਕੀਦਾਰ ਇਸ਼ਾਰਾ ਕਰਕੇ ਕਹਿੰਦਾ-ਔਹ ਖੜ੍ਹਾ ਈ। ਸੰਤਾਂ ਮੈਨੂੰ ਸਿਆਣ ਲਿਆ।ਮੈਨੂੰ ਕਹਿੰਦੇ-ਮਾਸਟਰ ਸੁਹਾਵਾ ਸਿੰਘ ਨੂੰ ਮਿਲਣਾ ਹੈ। ਮੈਂ ਕਿਹਾ- ਕੀ ਕੰਮ ਹੈ? ਮਿਲਾਉਂਦੇ ਹਾਂ।' ਜਦ ਛੁੱਟੀ ਦੀ ਘੰਟੀ ਵੱਜ ਗਈ ਤੇ ਉਹਨਾਂ ਦਾ ਇੱਬਣ ਦਾ ਇਕ ਮਾਸਟਰ ਵਾਕਿਫ਼ ਨਿਕਲ ਪਿਆ। ਉਹਨਾਂ ਨਾਲ ਹੋ ਤੁਰੇ। ਸੜਕ ਤੇ ਆ ਕੇ ਬੜੇ ਮਸਤ ਹੋ ਗਏ। ਪੱਗ ਡਿੱਗ ਪਈ। ਕਹਿੰਦੇ ਤੇਰੀ ਚਿੱਠੀ ਸਾਨੂੰ ਤੇਰਾ ਨਾਮ ਦੱਸ ਕੇ ਦਿੱਤੀ ਹੈ, ਪਰ ਅਜੇ ਨਹੀਂ ਦੇਣੀ। ਮੈਂ ਕਿਹਾ-ਚਿੱਠੀ ਦਾ ਮਜ਼ਮੂਨ ਕੀ ਹੈ? ਮਰਨ ਦੀ ਹੈ? ਜਾਂ ਹੋਰ ਕੋਈ। ਕਹਿੰਦੇ-ਦੱਸ ਦੇਵਾਂਗਾ। ਮੈਂ ਬੜਾ ਹੈਰਾਨ ਕਿ ਇਹਨਾਂ ਨੂੰ ਮੇਰੇ ਨਾਮ ਦਾ ਕਿਵੇਂ ਪਤਾ ਲੱਗਾ ਹੈ। ਮੇਰੇ ਵਾਕਿਫ਼ ਨਹੀਂ। ਜਾਣੂ ਨਹੀਂ। ਖ਼ੈਰ ਇਕ ਮਹੀਨੇ ਪਿੱਛੋਂ ਫਿਰ ਦਿਨ ਦੋ ਦੋ ਵਜੇ, ਸਕੂਲ ਉਸ ਮਾਸਟਰ ਦੇ ਕਮਰੇ ਵਿਚ ਆ ਗਏ ਤੇ ਜਿਸ ਤਰ੍ਹਾਂ ਰਾਤ (ਸੁਪਨੇ ਵਿਚ) ਗਲੋਂ ਸਿਰੋਂ ਨੰਗੇ, ਉਸੇ ਤਰ੍ਹਾਂ ਮਸਤ ਹੋਏ ਕਮਰੇ ਵਿਚ ਭੱਜੇ ਫਿਰਦੇ। ਮੈਂ ਕੁਦਰਤੀ ਆਪਣੇ ਕਮਰੇ ਵਿਚੋਂ ਨਿਕਲ ਕੇ, ਉਧਰ ਗਿਆ ਤੇ ਮੈਨੂੰ ਕੰਨਾਂ ਤੋਂ ਫੜ ਕੇ ਭਜਨ ਦੱਸ ਦਿੱਤਾ। ਮੈਂ ਠੰਢਾ ਹੋ ਕੇ ਗਿਰ ਪਿਆ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰ ਪਰਿਆ ਪਰਾਕਰੇਜੇ ਛੇਕੁ॥੧੯੪॥

ਵਾਕੁਰ ਮੈਂ ਛੇਤੀ ਉੱਠਣ ਦੀ ਕੀਤੀ, ਪਰ ਫਿਰ ਡਿੱਗ ਪਿਆ। ਮੇਰੇ ਦਿਲ ਵਿਚ ਆਈ ਮੁੰਡੇ ਕਹਿਣਗੇ ਕਿ ਇਸ ਨੂੰ ਕੀ ਹੋ ਗਿਆ। ਮੈਂ ਉਠਿਆ, ਸੰਤ ਵੀ ਕੱਪੜੇ ਪਾ ਕੇ ਬੈਠ ਗਏ। ਇੱਬਣ ਵਾਲੇ ਮਾਸਟਰ ਕਹਿੰਦੇ ਨੇ-

ਸੰਤ ਜੀ ! ਆਹ ਕਿਲ੍ਹਾ ਫ਼ਤਹਿ ਕੀਤਾ ਜੇ ! ਇਹ ਬੜਾ ਅੜਬ ਸੀ ਕੂਕਿਆਂ ਨੂੰ ਗਾਹਲਾਂ ਦਿੰਦਾ ਸੀ।

"ਸੰਤ ਕਹਿੰਦੇ ਇਹ ਨੂੰ ਅੱਗੇ ਹੀ ਭਜਨ ਦੱਸਿਆ ਹੈ। ਮਾਸਟਰ ਕਹਿੰਦਾ ਕਿ ਅੱਗੇ ਤੁਹਾਡਾ ਵਾਕਿਫ਼ ਕਦੋਂ ਸੀ? ਸੰਤ ਕਹਿੰਦੇ ਇਸ ਨੂੰ ਫਲਾਣੀ ਰਾਤ ਸੁਪਨੇ ਵਿਚ ਭਜਨ ਦੱਸਿਆ ਸੀ। ਅਸੀਂ ਇਸ ਦੇ ਵਾਕਿਫ਼ ਨਹੀਂ। ਇਹ ਸਾਡਾ ਨਹੀਂ। ਸਾਨੂੰ ਅਕਾਲ ਪੁਰਖ ਇਸ ਦਾ ਨਾਮ ਦੱਸ ਕੇ ਲਿਆਇਆ ਹੈ। ਇਸ ਨੂੰ ਧੁਰੋਂ ਹੁਕਮ ਹੈ।

"ਮੈਂ ਜਾਣਿਆ ਕਿ ਕੋਈ ਬੜਾ ਹੀ ਭਜਨ ਵਾਲਾ ਸਾਧ ਹੈ, ਜਿਹਨੂੰ ਰੱਬ ਨੇ ਨਾਮ ਦੱਸ ਕੇ ਘੱਲਿਆ ਹੈ। ਮੈਨੂੰ ਨਿਸ਼ਚਾ ਹੋ ਗਿਆ ਤੇ ਮੈਂ ਅਰਜ਼ ਕੀਤੀ–ਭਜਨ ਤੁਹਾਡਾ ਪੁੱਛ ਲਿਆ ਹੈ। ਪਰ ਕੂਕਿਆਂ ਵਾਲੀ ਛੂੰ ਛਾਂ (ਰਹਿਤ ਮਰਿਆਦਾ) ਨਹੀਂ ਕਰਨੀ। ਜਿੱਥੋਂ ਮਰਜ਼ੀ ਹੋਵੇਗੀ, ਖਾ ਪੀ ਲਵਾਂਗਾ। ਸੰਤ ਕਹਿੰਦੇ–ਅਸਾਂ ਨਹੀਂ ਦੱਸਿਆ, ਅਕਾਲ ਪੁਰਖ ਨੇ ਘੱਲਿਆ ਹੈ, ਜੋ ਮਰਜ਼ੀ ਖਾ ਪੀ, ਪਰ ਕੇਸੀਂ ਇਸ਼ਨਾਨ ਕਰਕੇ ਪੰਜ ਮਿੰਟ ਇਸ ਨੂੰ (ਭਜਨ) ਕਰਿਆ ਕਰ, ਜਿਹੜਾ ਤਕੜਾ ਹੋਊ ਉਹ ਹਟਾ ਲਵੇਗਾ। ਮੈਂ ਉਂਜ ਹੀ ਕਰਨ ਲੱਗ ਪਿਆ। ਸੱਚ ਮੁੱਚ ਦੋ ਮਹੀਨੇ ਹੋਏ ਤਾਂ ਮੈਨੂੰ ਰਾਤ ਸ਼ਹੀਦ ਆ ਕੇ ਮਾਰਨ ਲੱਗ ਪਏ। ਮਾਸ ਖਾਣੋਂ ਕਿਉਂ ਨਹੀਂ ਹਟਦਾ? ਸੋਧ ਕਿਉਂ ਨਹੀਂ ਰੱਖਦਾ? ਸੌ ਸਾਖੀ ਵਿਚ, ਰਹਿਤਨਾਮੇ ਵਿਚ, ਗੁਰਿੰਡ ਨਾਮੇ ਵਿਚ ਵੇਖ ਕੀ ਹੁਕਮ ਹੈ? ਮੈਂ ਦਿਨੇ ਕੁਤਬ ਫ਼ਰੋਸ਼ਾਂ (ਕਿਤਾਬਾਂ ਵੇਚਣ ਵਾਲਿਆਂ) ਪਾਸੋਂ ਲੱਭਦੇ ਫਿਰਨਾਂ। ਲੱਭ ਕੇ ਪੜ੍ਹ ਕੇ ਫਿਰ ਹਟਨਾਂ, ਮਾਰ ਖਾ ਕੇ। ਭਜਨ ਪੁੱਛੇ ਤੋਂ ਦੋ ਮਹੀਨੇ ਬਾਅਦ ਸੰਤ ਆਏ। ਕਹਿੰਦੇ–ਸੁਣਾ ਖਾਂਦਾ ਹੁੰਦਾ ਏਂ ਕਿ ਮਾਰ ਪੈਂਦੀ ਏ? ਮੈਂ ਸੰਤਾਂ ਦਾ ਇਸ਼ਨਾਨ ਕਰਾਇਆ। ਪੰਜ ਮਿੰਟ ਬੈਠ ਕੇ ਕਹਿੰਦੇ–ਤੂੰ ਮਾਸ, ਖਾਧਾ, ਸ਼ਰਾਬ ਪੀਤੀ, ਔਹ ਕੀਤਾ, ਆਹ ਕੀਤਾ। ਮੈਂ ਜੋ ਨਹੀਂ ਸੀ ਕੀਤਾ ਕਿਹਾ–ਜੀ ਸਭ ਕੁਝ ਕੀਤਾ। ਸੰਤ ਮਸਤਾਨੇ ਹੋ ਗਏ। ਮੇਰਾ ਮੱਥਾ ਮਲ ਘੱਤਿਆ, ਕਹਿੰਦੇ ਜਾਹ ਰੇਖ ਵਿਚ ਮੇਖ ਮਾਰੀ . ਬਾਕੀ ਜਿਹੜੇ ਰਹਿੰਦੇ ਸੀ ਸਭ ਮਿਟਾ ਦਿੱਤੇ, ਤੈਨੂੰ ਬਖਸ਼ਿਆ।'[5]

"ਮਾਸਟਰ ਜੀ ਦੀ ਹਾਲਤ ਉਸ ਸਮੇਂ ਬਿਲਕੁਲ ਬਦਲ ਗਈ, ਰੰਗ ਲਾਲ ਹੋ ਗਿਆ। ਨੇਤਰਾਂ ਵਿਚ ਖ਼ੁਮਾਰੀ ਛਾ ਗਈ। ਜਮਾਤ ਵਿਚ ਵੀ ਚੁੱਪ ਹੀ ਰਹੇ। ਜਦ ਮਾਸਟਰ ਜੀ ਅਗਲੇ ਦਿਨ ਸਕੂਲੇ ਗਏ ਤਾਂ ਪਹਿਲਾਂ ਵਾਲੇ ਸੁਹਾਵਾ ਸਿੰਘ ਨਹੀਂ ਸਨ। ਨਵਾਂ ਰੂਪ, ਨਵਾਂ ਲਿਬਾਸ। ਨਾ ਰੋਜ਼ ਵਾਲੀ ਨੋਕਦਾਰ ਫਿਫਟੀ ਵਾਲੀ ਪੱਗ ਨਾਂ ਪਤਲੂਣ। ਸਗੋਂ ਸਿੱਧੀ ਦਸਤਾਰ, ਘੁੱਟਵਾਂ ਪਜਾਮਾ (ਵੇਖ ਕੇ) ਸਾਰੇ ਮਾਸਟਰ ਹੈਰਾਨ ਹੋ ਗਏ। ਪਰ ਇਹ ਆਪਣੀ

ਚਾਲ ਵਿਚ ਪੱਕੇ। ਹੁਣ ਇਹਨਾਂ ਨੂੰ ਨਾਮਧਾਰੀਆਂ ਦੇ ਦੀਵਾਨਾਂ ਵਿਚ ਜਾਣ ਦਾ ਸ਼ੌਂਕ ਲੱਗ ਗਿਆ। ਉੱਥੇ ਜਾ ਕੇ ਕੀਰਤਨ ਵੀ ਸੁਣਦੇ ਅਤੇ ਸੇਵਾ ਵੀ ਕਰਦੇ। ਪਹਿਲੇ ਜਿਹਨਾਂ ਕੂਕਿਆਂ ਨੂੰ ਭੁੱਲੜ ਕਹਿ ਕਹਿ ਕੇ ਨਿੰਦਿਆ ਕਰਦੇ ਸਨ, ਹੁਣ ਉਹਨਾਂ ਦੀ ਚਰਨ ਧੂੜੀ ਵਾਸਤੇ ਤਰਸਦੇ। ਹੁਣ ਸਾਧਾਂ ਸੰਤਾਂ ਦੇ ਆਸਣ ਵੀ ਇਹਨਾਂ ਦੇ ਘਰ ਖੁੱਲ੍ਹਣ ਲੱਗੇ। ਢੋਲਕ ਛੈਣੇ ਖੜਕਣ ਤੇ ਕੀਰਤਨ ਦੀਆਂ ਧੁੰਨਾਂ ਉੱਠਣ। ਜਦ ਕਦੇ ਸਤਿਗੁਰੂ ਪਰਤਾਪ ਸਿੰਘ ਜੀ ਸੰਤ (ਬਾਬਾ) ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ ਲਾਹੌਰ ਦਰਸ਼ਨ ਦਿੰਦੇ ਤਾਂ ਇਹ ਉਚੇਚੇ ਸੌ ਕੰਮ ਛੱਡ ਕੇ, ਪੁੱਜਦੇ, ਸੇਵਾ ਕਰਦੇ ਤੇ ਖੁਸ਼ੀਆਂ ਲੈਂਦੇ। ਬਿਰਤੀ ਇਤਨੀ ਉੱਚੀ ਹੋ ਗਈ ਕਿ ਜਿਹੜੀ ਤਨਖ਼ਾਹ ਸਕੂਲੋਂ ਮਿਲਦੀ, ਉਸ ਦਾ ਦਸਵੰਧ ਜ਼ਰੂਰ ਕੱਢਦੇ ਤੇ ਸ੍ਰੀ ਭੈਣੀ ਸਾਹਿਬ ਲੰਗਰ ਵਿਚ ਪਾਂਉਂਦੇ।"

"ਕੂਕੇ ਸਦਾ ਦੇਸ਼ ਭਗਤ ਰਹੇ ਹਨ। ਰਾਜ ਭਗਤਾਂ ਨਾਲ ਇਹਨਾਂ ਦਾ ਸਦਾ ਇੱਟ-ਖਟੱਕਾ ਰਿਹਾ ਹੈ। ਲਾਹੌਰ ਤੋਂ 'ਸਤਿਜੁਗ" ਹਫ਼ਤਾਵਾਰੀ ਅਖ਼ਬਾਰ ਸ਼ੁਰੂ ਹੋਇਆ। ਸੰਤ ਮੰਗਲ ਸਿੰਘ (ਫਤੂਹੀ ਚੱਕੀਆ) ਤੇ ਨਿਰੰਕਾਰ ਸਿੰਘ "ਚੇਤਨ" ਨੇ ਇਸ ਨੂੰ ਚੰਗਾ ਚਮਕਾਇਆ। ਮਾਸਟਰ ਜੀ ਲੱਕ ਬੰਨ੍ਹ ਉਸ ਦਾ ਪਰਚਾਰ ਸ਼ੁਰੂ ਕੀਤਾ।ਇਕ ਦਿਨ ਮਾਸਟਰ ਜੀ ਬਾਜ਼ਾਰ ਵਿਚ ਅਖ਼ਬਾਰ ਵੇਚ ਰਹੇ ਸਨ ਕਿ ਇਕ ਰਾਜ ਭਗਤ ਸਿੱਖ ਨੇ ਡੰਡਾ ਮਾਰ ਕੇ ਸਿਰ ਪਾੜ ਦਿੱਤਾ। ਮਾਸਟਰ ਜੀ ਧਰਤੀ ਤੇ ਡਿੱਗ ਬੇਹੋਸ਼ ਹੋ ਗਏ। ਉਸੇ ਵੇਲੇ ਮਰਹਮ ਪੱਟੀ ਕਰਵਾਈ ਗਈ। ਮਾਸਟਰ ਜੀ ਥੋਹੜੇ ਸਮੇਂ ਵਿਚ ਤਿਆਰ ਬਰ ਤਿਆਰ ਹੋ ਗਏ ਤੇ ਪਹਿਲੇ ਨਾਲੋਂ ਵੱਧ ਗਰਮ-ਜੋਸ਼ੀ ਨਾਲ ਪਰਚਾਰ ਅਰੰਭਿਆ। ਸੱਚੇ ਪਾਤਸ਼ਾਹ (ਸਤਿਗੁਰੂ ਪਰਤਾਪ ਸਿੰਘ) ਜੀ ਇਹਨਾਂ ਨੂੰ ਲਾਹੌਰ ਦਾ ਸੂਬਾ ਥਾਪ ਦਿੱਤਾ। ਲਾਹੌਰ ਰਹਿੰਦਿਆਂ ਇਹਨਾਂ ਸਤਿਜੁਗ" ਦੀ ਅਤੇ ਸਾਧ ਸੰਗਤ ਦੀ ਚੰਗੀ ਸੇਵਾ ਕੀਤੀ। ਕੁਝ ਸਮੇਂ ਉਪਰੰਤ ਮਾਸਟਰ ਜੀ ਨੇ ਸਰਕਾਰੀ ਨੌਕਰੀ ਛੱਡ ਦਿੱਤੀ ਅਤੇ ਸ੍ਰੀ ਭੈਣੀ ਸਾਹਿਬ ਜਾ ਕੇ ਸੇਵਾ ਕਰਨ ਲੱਗੇ।

"ਜਿਹਨਾਂ ਨੂੰ ਲੱਗੇ ਪ੍ਰੇਮ ਤਮਾਚੇ,

ਘਰ ਦੇ ਕੰਮੋਂ ਗਈਆਂ।

ਲੈਣਾ ਦੇਣਾ ਭੁੱਲ ਗਿਆ ਸਭੋ,

ਖੂਹ ਵਿਚ ਪਈਆਂ ਵਹੀਆਂ।"

"ਸ੍ਰੀ ਭੈਣੀ ਸਾਹਿਬ ਆ ਕੇ ਮਾਸਟਰ ਜੀ ਲਗਨ ਨਾਲ ਸੇਵਾ ਕਰਨ ਲੱਗੇ। ਬੱਚਿਆਂ ਨੂੰ ਪੜ੍ਹਾਉਣਾ ਤੇ ਡੇਰੇ ਦੀ ਪਰਬੰਧਕੀ ਤੇ ਅੰਦਰ ਬਾਹਰ ਦੀ ਸੇਵਾ

ਵਿੱਚ ਤਤਪਰ ਰਹਿੰਦੇ। ਇਹਨਾਂ ਪਰ ਸੱਚੇ ਪਾਤਸ਼ਾਹ ਦੀਆਂ ਪੂਰੀਆਂ ਖੁਸ਼ੀਆਂ ਸਨ। ਹਰ ਨਾਮਧਾਰੀ ਵਾਸਤੇ ਅੰਮ੍ਰਿਤ ਵੇਲੇ ਦਾ ਜਾਗਣਾ, ਭਜਨ ਬਾਣੀ, ਸੁੱਚ ਸੋਧ ਦਾ ਧਾਰਨੀ ਹੋਣਾ ਜ਼ਰੂਰੀ ਹੈ। ਮਾਸਟਰ ਜੀ ਪੂਰਨ ਸਿੱਖ ਬਣ ਸੇਵਾ ਕਰਨ ਲੱਗੇ।[6]

ਸੰਤ ਸੁੰਦਰ ਸਿੰਘ "ਮੰਜੀ ਤੋੜ" ਉਸ ਸਮੇਂ ਦੇ ਨਾਮਧਾਰੀ ਸੰਤਾਂ ਜਿਉਂ ਜਿਸ ਨੂੰ ਵੀ ਕੰਨ ਵਿਚ ਭਜਨ ਦੱਸਦੇ ਸਨ, ਮਸਤ ਕਰ ਦਿੰਦੇ ਸਨ ਤੇ ਉਹ ਉਮਰ ਭਰ ਉਸੇ ਮਸਤੀ ਦੇ ਸਾਗਰ ਵਿਚ ਤਾਰੀਆਂ ਲਾਉਂਦਾ ਰਹਿੰਦਾ ਸੀ। ਇਸੇ ਲਈ ਮਾ. ਸੁਹਾਵਾ ਸਿੰਘ ਨੂੰ ਆਪਣਾ ਬਦਲਿਆ ਜੀਵਨ ਕੱਚ ਤੋਂ ਕੰਚਨ ਮਾਲੂਮ ਹੁੰਦਾ ਸੀ। ਸੰਤ ਮੰਜੀ ਤੋੜ ਜੀ ਨੇ ਨਾਮ ਦੀ ਇਤਨੀ ਕਮਾਈ ਕੀਤੀ ਅਤੇ ਆਪਣੇ ਜੀਵਨ ਨੂੰ ਇਤਨਾ ਸਾਧਿਆ, ਆਪਣੀ ਜ਼ਰੂਰਤ ਤੋਂ ਜ਼ਿਆਦਾ ਪੈਸਾ ਇਕੱਠਾ ਕਰਨ ਲਈ ਕਦੇ ਕੰਮ ਨਹੀਂ ਕੀਤਾ ਸੀ, ਉਹਨਾਂ ਦੇ ਭਜਨ ਵਿਚ ਇਤਨੀ ਤਾਸੀਰ ਸੀ ਕਿ 40-40 ਜਾਂ 50-50 ਨਾਮ ਅਭਿਲਾਖੀਆਂ ਨੂੰ ਇਕੱਠਾ ਗੁਰ ਮੰਤਰ ਇਸ ਤਰ੍ਹਾਂ ਦੇਣਾ ਕਿ ਇੱਕ ਦੇ ਕੰਨ ਵਿਚ ਨਾਮ ਦੱਸਣਾ ਤਾਂ ਸਾਰੀ ਕਤਾਰ ਨੇ ਹੀ ਮਸਤ ਹੋ ਉੱਠਣਾ।[7]

7 ਅੱਸੂ 1971 ਬਿ. ਮੁਤਾਬਿਕ ਸੰਨ 1914 ਈ. ਨੂੰ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ, ਲਾਹੌਰ ਸ਼ਹਿਰ ਵਿਖੇ, ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲਿਆਂ ਦੀ ਸਪੁੱਤਰੀ, ਬੀਬੀ ਸਤਵੰਤ ਕੌਰ ਨਾਲ ਹੋਇਆ ਸੀ। ਸੰਤ ਮੰਜੀ ਤੋੜ ਜੀ ਵੀ ਇਸ ਅਨੰਦ ਕਾਰਜ ਵਿਚ ਸ਼ਾਮਲ ਹੋਏ। ਜਦੋਂ ਅਨੰਦ ਕਾਰਜ ਹੋ ਗਿਆ ਤਾਂ ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ, ਮਸਤਾਨੀ ਬਿਰਤੀ ਵਿਚ ਸ਼ਬਦ ਪੜ੍ਹਦੇ ਹੋਏ ਕਹਿ ਰਹੇ ਸਨ-'ਇਹ ਅਸਲ ਕਾਰ ਏ, ਅਜਬ ਨਜ਼ਾਰਾ ਏ।

"ਉਧਰੋਂ ਸੰਤ ਸੁੰਦਰ ਸਿੰਘ ਜੀ ਮੰਜੀ ਤੋੜ ਵਾਲੇ ਮਸਤ ਹੋ ਬੋਲੇ ਕਰਨ ਲੱਗ ਪਏ, ਨਾਲੇ ਦੀਵਾਨ ਵਿਚ ਦੌੜਣ ਤੇ ਨਾਲੇ ਕਹਿਣ, 'ਅਸਲ ਨਹੀਂ ਨਕਲ ਏ। ਨਜ਼ਾਰਾ ਨਹੀਂ ਗੁਜ਼ਾਰਾ ਏ। ਸੰਤ ਲਾਲ ਸਿੰਘ ਜੀ ਆਪਣੇ ਸੁਆਦ ਵਿਚ ਪੈ, ਪੜ੍ਹੀ ਜਾਣ, 'ਅਨੰਦ ਭਇਆ ਮੇਰੀ ਮਾਏ 'ਤੇ ਕਹੀ ਜਾਣ, ਇਹ ਅਸਲ ਕਾਰ ਏ ਤੇ ਅਜਬ ਨਜ਼ਾਰਾ ਏ। ਸੰਤ ਮੰਜੀ ਤੋੜ ਜੀ ਉਂਦੋਂ ਵੱਧ ਵਾਰੀ ਦੌੜਦੇ ਤੇ ਕਹਿੰਦੇ, ਅਸਲ ਨਹੀਂ ਨਕਲ ਏ। ਨਜ਼ਾਰਾ ਨਹੀਂ ਗੁਜ਼ਾਰਾ ਏ। ਕੜਾਹ ਪ੍ਰਸਾਦ ਅਰਦਾਸੇ ਬਾਦ ਵਰਤਿਆ ਤੇ ਸਾਧ ਸੰਗਤ, ਦੋਹਾਂ ਸਾਧਾਂ ਤੋਂ, ਆਪੋ ਆਪਣੇ ਮਸਤੀ ਵਿਚ ਬੋਲਣ ਦਾ ਵੇਰਵਾ ਪੁੱਛਿਆ।

“ਸੰਤ ਲਾਲ ਸਿੰਘ ਜੀ ਦੱਸਿਆ, ਮੈਂ ਤੇ ਬੀਬੀ ਸਤਵੰਤ ਕੌਰ ਜੀ ਦੇ ਬਸਤਰ ਤੇ ਨੰਗੇ ਮੁੱਖ ਫੇਰੇ ਲੈਣੇ ਦੇਖ, ਉਹੋ ਖੋਟਿਆਂ ਵਾਲਾ ਨਜ਼ਾਰਾ, ਸਤਿਗੁਰੂ ਰਾਮ ਸਿੰਘ ਜੀ ਵਾਲਾ, ਅੱਖਾਂ ਸਾਹਵੇਂ ਆਇਆ ਜਾਣ,ਅਗਦੀ ਹੀ ਬੇਬਸ ਹੋ ਪੜ੍ਹਨ ਲੱਗ ਪਿਆ ਸਾਂ, ਕਿ ਜੋ ਸਾਧ ਸੰਗਤ ਇਸ ਬੀਤੇ ਹੋਲੇ ਤੇ ਸਲਾਹ ਕੀਤੀ ਹੈ ਕਿ ਮੁੜ ਮਧਮ ਪਈ ਮਰਿਆਦਾ ਉਸੇ ਤਰ੍ਹਾਂ ਕੂਕਿਆਂ 'ਚ ਤੋਰਨੀ ਹੈ, ਉਸ ਦਾ ਮੁੱਢ ਬੱਝ ਗਿਆ ਹੈ ਤੇ ਅਜਬ ਨਜ਼ਾਰਾ ਵੇਖਣ ਵਿਚ ਆ ਰਿਹਾ ਹੈ।

“ਸੰਤ ਸੁੰਦਰ ਸਿੰਘ ਜੀ ਨੇ ਦੱਸਿਆ, ਬੀਬੀ ਸਤਵੰਤ ਕੌਰ ਨੇ ਅੰਮ੍ਰਿਤ ਅੰਦਰ ਹੀ ਛਕਿਆ ਹੈ ਤੇ ਮਹਾਰਾਜ ਨਿਹਾਲ ਸਿੰਘ ਜੀ ਦਸਤਾਰ ਸਿੱਧੀ ਨਹੀਂ ਸਜਾਈ, ਇਸ ਲਈ ਅਜੇ ਏਡੀ ਕਾਹਲ ਨਾਲ ਅਸਲ ਕਹਿਣ ਦੀ ਤੇ ਅਜਬ ਨਜ਼ਾਰਾ ਕਹਿਣ ਦੀ ਕੀ ਲੋੜ ਹੈ? ਜਦ ਅਜੇ ਨਕਲ ਤੇ ਗੁਜ਼ਾਰਾ ਹੀ ਹੋਇਆ ਏ। ਮੈਨੂੰ ਜੋ ਦਿਸਿਆ ਸੋ ਮੈਂ ਆਖ ਦਿੱਤਾ ਹੈ। ਅਜੇ ਸਾਧ ਸੰਗਤ ਨੂੰ ਗੁਰੂ ਰੂਪ ਨਹੀਂ ਜਾਣਿਆ ਗਿਆ।

“ਸਤਿਗੁਰੂ ਪਰਤਾਪ ਸਿੰਘ ਜੀ ਇਹ ਵਾਰਤਾ ਦੋਹਾਂ ਸਾਧਾਂ ਦੀ ਸੁਣ, ਬਚਨ ਕੀਤਾ, ਆਪੋ ਆਪਣੀ ਥਾਂ ਦੋਵੇਂ ਠੀਕ ਬੋਲਦੇ ਰਹੇ ਹਨ। ਜਿਵੇਂ ਬਾਬਾ ਜੀ (ਧਿਆਨ ਸਿੰਘ) ਤੇ ਸਾਧਾਂ ਦੇ ਜਤਨ ਨੇ ਇਤਨਾ ਹੰਭਲਾ ਮਾਰ ਕੁਝ ਸਵਾਰ ਵਿਖਾਇਆ ਹੈ, ਗੁਰੂ ਕਿਰਪਾ ਕੀਤੀ ਤਾਂ ਰਹਿੰਦੀ ਕਸਰ ਭੀ ਹੁਣ ਨਿਕਲ ਜਾਣ ਦੀ ਉਮੀਦ ਹੋ ਗਈ ਹੈ।[8]

ਸੰਤ ਮੰਜੀ ਤੋੜ ਜੀ ਦੀ ਇਹ ਮਸਤਾਨੀ ਕੂਕਾ-ਕਾਰ ਹੀ ਤਾਂ ਸੀ, ਜਿਸ ਨੇ ਉਹਨਾਂ ਪਾਸੋਂ ਮਰਿਆਦਾ ਵਿਚ ਆਈ ਤਰੁੱਟੀ ਬਾਰੇ, ਸੰਗਤ ਨੂੰ ਅਗਾਹ ਕਰਨ ਦਾ ਕਰਤਬ ਨਿਭਾਇਆ ਸੀ। ਇਸ ਤੋਂ ਕੁਝ ਮਹੀਨੇ ਬਾਅਦ ਹੀ ਗੁਰੂ ਸਰ (ਫੀਰੋਜ਼ਪੁਰ) ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਮਾਤਾ ਭੁਪਿੰਦਰ ਕੌਰ ਜੀ ਨਾਲ ਅਨੰਦ ਕਾਰਜ, ਪੂਰਨ ਗੁਰ-ਮਰਿਆਦਾ ਅਨੁਸਾਰ ਹੀ ਹੋਇਆ ਸੀ।

ਸੰਤ ਜੀ ਅੱਠੇ ਪਹਿਰ ਨਾਮ ਦੇ ਰੰਗ ਵਿਚ ਮਸਤ ਰਹਿੰਦੇ ਸਨ। ਇਕ ਦਿਨ ਮਸਤਾਨੀ ਬਿਰਤੀ ਵਿਚ ਭਾਟੀ ਦਰਵਾਜ਼ੇ, ਲਾਹੌਰ ਵਿਖੇ ਬੈਠੇ ਹੋਏ ਸਨ। ਉੱਥੇ ਇਕ ਈਸ਼ਰ ਸਿੰਘ ਨਾਮੇ ਤਾਰ ਬਾਬੂ, ਸੰਤਾਂ ਪਾਸ ਆ ਕੇ ਉਲਟ ਸੁਲਟ ਬੋਲਣ ਲੱਗ ਪਿਆ। ਅਖੇ ਕੂਕੇ ਚੰਗਾ ਚੋਖਾ ਖਾਣ ਦੇ ਮਾਰੇ, ਘਰੋਂ ਘਰੀ ਤੁਰੇ ਫਿਰਦੇ ਹਨ। ਅਜੀਬ ਭੌਂਦੂ ਟੋਲਾ ਏ। ਮਸਤੀ ਦਾ ਝੂਠਾ ਸੁਆਂਗ ਰਚ ਕੇ, ਐਵੇਂ ਸਿਰ ਮਾਰਦੇ ਫਿਰਦੇ ਹਨ। ਅਖੇ ਐਵੇਂ ਧੁੰਮਾਈ ਫਿਰਦੇ ਹਨ ਕਿ ਕੂਕਿਆਂ ਦਾ ਭਜਨ ਮਸਤਾਨੇ ਬਣਾ ਦਿੰਦਾ ਹੈ। ਸੁਆਦ

ਤਾਂ ਤਾਂ ਹੈ ਜੇ ਮੈਨੂੰ ਵੀ ਮਸਤਾਨੇ ਕਰ ਦੇਣ। ਉਸ ਦੀਆਂ ਇਹ ਗੱਲਾਂ ਸੁਣਦਿਆਂ ਹੀ ਸੰਤ ਜੀ ਉੱਠੇ, ਉਸ ਦੀ ਗਰਦਨ ਆਪਣੀ ਬਾਂਹ ਵਿਚ ਵਲ ਲਈ ਅਤੇ ਕੰਨ ਵਿਚ ਚੌ ਅੱਖਰਾ, ਭਜਨ ਦਾ ਨਾਮ ਸੁਣਾ ਦਿੱਤਾ। ਬੱਸ ਫਿਰ ਕੀ ਸੀ? ਬਾਬੂ ਜੀ ਮਸਤਾਨੇ ਹੋ ਗਏ ਅਤੇ ਤਿੰਨ ਦਿਨ ਇਸੇ ਮਸਤੀ ਵਿਚ ਪਏ ਰਹੇ। ਜਦੋਂ ਹੋਸ਼ ਆਈ ਸੰਤ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਅਬਾ ਤਬਾ ਬੋਲਣ ਦੀ ਖਿਮਾ ਯਾਚਨਾ ਕੀਤੀ। ਬਾਬੂ ਜੀ ਦੀ ਰਹਿੰਦੀ ਉਮਰ ਵੀ ਇਸੇ ਮਸਤੀ ਦੇ ਰੰਗ ਵਿਚ ਬਤੀਤ ਹੋਈ।

ਮਸਤਾਨੀ ਬਿਰਤੀ ਵਿਚ ਹੀ ਸੰਤ ਸੁੰਦਰ ਸਿੰਘ ਜੀ ਮੰਜੀ- ਤੋੜ, ਬਿਨਾਂ ਪਾਸ ਪੋਰਟ ਤੋਂ ਹੀ ਸਮੁੰਦਰੀ ਜਹਾਜ਼ ਵਿਚ ਬੈਠ ਕੇ ਅਫਰੀਕਾ ਦੇ ਸਮੁੰਦਰੀ ਕੰਢੇ ਤੇ ਪੁੱਜ ਗਏ। ਆਪ ਨੇ 19 ਦਿਨ ਜਹਾਜ਼ ਵਿਚ, ਬਿਨਾਂ ਅੰਨ ਜਲ ਤੋਂ ਹੀ ਸਫ਼ਰ ਕਰ ਲਿਆ। ਇੰਮੀਗ੍ਰੇਸ਼ਨ ਮਹਿਕਮੇ ਦੇ ਅਧਿਕਾਰੀ, ਆਪ ਨੂੰ ਸਾਧੂ ਜਾਣ ਕੇ, ਚੰਗਾ ਸਲੂਕ ਕਰਦੇ ਸਨ ਅਤੇ ਇਸੇ ਲਈ ਉਹਨਾਂ ਨੇ ਬਿਨਾਂ ਲੋੜੀਂਦੇ ਕਾਗਜ਼ ਪੱਤਰਾਂ ਦੇ ਆਪ ਨੂੰ ਅਫਰੀਕਾ ਦੀ ਧਰਤੀ ਤੇ ਉਤਰਨ ਦੀ ਆਗਿਆ ਦੇ ਦਿੱਤੀ। ਅਫਰੀਕਾ ਵਿਚ ਜ਼ਿਆਦਾਤਰ ਉਹਨਾਂ ਦਿਨਾਂ ਵਿਚ ਲੱਕੜੀ ਦਾ ਕੰਮ ਕਰਨ ਵਾਲੇ, ਰਾਮਗੜ੍ਹੀਏ ਸਿੱਖ ਪਰਵਾਰ ਪੰਜਾਬ ਵਿਚੋਂ ਜਾਂਦੇ ਸਨ। ਸੰਤ ਮੰਜੀ-ਤੋੜ ਜੀ ਨੂੰ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤ ਸਾਰੀ ਬਾਣੀ ਲਗਾਤਾਰ ਪਾਠ ਕਰਦਿਆਂ ਰਹਿਣ ਕਾਰਨ, ਕੰਠ ਹੋ ਚੁੱਕੀ ਸੀ, ਇਸ ਲਈ ਆਪ ਜਿੱਥੇ ਵੀ ਦੀਵਾਨ ਲਾਉਂਦੇ, ਰੰਗ ਬਣ ਜਾਂਦਾ ਸੀ। ਅਫਰੀਕਾ ਵਿਚ ਜਿਹੜੇ ਸੱਜਣ, ਪਹਿਲਾਂ ਆਪ ਦਾ ਕੂਕੇ ਹੋਣ ਕਾਰਨ ਵਿਰੋਧ ਵੀ ਕਰਦੇ ਸਨ ਆਪ ਦੀ ਮਸਤੀ ਭਰੀ ਤੱਕਣੀ, ਵਿਦਵਤਾ ਅਤੇ ਸਿੱਧੇ ਸਾਦੇ ਬਚਨਾਂ ਦੇ ਕਾਇਲ ਹੋ ਕੇ ਉਹ ਸਭ ਵੀ ਆਪ ਤੋਂ ਭਜਨ ਪੁੱਛ ਕੇ ਨਾਮਧਾਰੀ ਸਿੰਘ ਸਜ ਜਾਂਦੇ ਸਨ। ਅਫਰੀਕਾ ਮਹਾਂਦੀਪ ਵਿਚ ਬਹੁਤ ਸਾਰੇ ਸਰੀਰਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਅਮਨ, ਏਕਤਾ, ਆਜ਼ਾਦੀ ਅਤੇ ਸਾਂਝੀਵਾਲਤਾ ਦੇ ਝੰਡੇ ਹੇਠ ਲਿਆ ਕੇ, ਇੱਥੇ ਨਾਮਧਾਰੀ ਸਿੱਖੀ ਅਤੇ ਸੰਗਤ ਕਾਇਮ ਕਰਨ ਦਾ ਸ਼ਰਫ, ਮੰਜੀ ਤੋੜ ਜੀ ਨੂੰ ਹਾਸਿਲ ਹੋਇਆ।ਆਪ ਜੀ ਦੀ ਅਫਰੀਕਾ ਫੇਰੀ ਤੋਂ ਕੋਈ ਦੋ ਢਾਈ ਦਹਾਕੇ ਬਾਅਦ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਪਹਿਲੀ ਵੇਰ 1953 ਵਿਚ, ਅਫਰੀਕਾ ਦੀਆਂ ਸੰਗਤਾਂ ਦੀ ਬੇਨਤੀ ਤੇ ਉੱਥੇ ਪਰਚਾਰ ਦੌਰਾ ਕੀਤਾ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਦੇ ਵਿਦੇਸ਼ ਵਿਚ ਫੈਲਾਉਣ ਵਾਲੇ ਸੰਤ ਮੰਜੀ-ਤੋੜ ਹੋਰਾਂ ਵਰਗੇ ਅਨੇਕ ਕੂਕੇ ਸਾਧੂ, ਸੰਤ ਅਤੇ ਮਸਤਾਨੇ, ਗੁਰੂ ਪਿਆਰੇ ਹੋਏ ਹਨ।[9]

ਇਕ ਵੇਰ ਅੰਮ੍ਰਿਤਸਰ ਸ਼ਹਿਰ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੀ

ਹਜ਼ੂਰੀ ਵਿਚ ਦੀਵਾਨ ਲੱਗਾ ਹੋਇਆ ਸੀ। ਸੰਤ ਮੰਜੀ-ਤੋੜ ਜੀ ਆਤਮਿਕ ਅਨੰਦ ਦੀ ਸਿਖਰ ਵਾਲੀ ਮਸਤ ਬਿਰਤੀ ਵਿਚ, ਤਾਰੀਆਂ ਲਾਉਂਦੇ ਹੋਏ, ਸੰਗਤ ਨੂੰ ਸੰਬੋਧਿਤ ਹੋ ਰਹੇ ਸਨ। ਉਹ ਤਾਂ ਰਸ ਵਿਚ ਗੜੂੰਦ ਸ਼ਬਦ ਆਪਣੇ ਹਿਰਦੇ ਵਿਚੋਂ ਕੱਢ ਰਹੇ ਸਨ, ਜਿਹੋ ਜਿਹੇ ਅਸੀਂ ਕਿਸੇ ਆਪਣੇ ਡਾਢੇ ਪਿਆਰੇ ਨਾਲ ਵਰਤਦੇ ਹਾਂ ਜਾਂ ਲਾਡ ਵਿਚ ਕਈ ਵੇਰ ਪਿਤਾ ਪੁੱਤਰਾਂ ਦੀ ਵਾਰਤਾਲਾਪ ਹੋ ਜਾਂਦੀ ਹੈ। ਦੁਨਿਆਵੀ ਬਿਰਤੀ ਵਾਲੇ ਨੂੰ ਇਹ ਸ਼ਬਦ ਰੁੱਖੇ ਅਤੇ ਸ਼ਰਧਾ ਤੋਂ ਹੀਣ ਜਾਪ ਕੇ, ਗੁਰੂ ਸਾਹਿਬਾਨ ਦੇ ਸਤਿਕਾਰ ਤੋਂ ਵੱਖਰੇ ਮਾਲੂਮ ਹੁੰਦੇ ਸਨ। ਉਹਨਾਂ ਮਹਿਸੂਸ ਕੀਤਾ ਕਿ ਸੰਤ ਜੀ ਤਾਂ ਗੁਰੂ-ਨਿੰਦਾ ਕਰ ਰਹੇ ਹਨ। ਇਸ ਲਈ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਘੋੜਿਆਂ ਦੇ ਦਰੋਗਾ ਰਹੇ, ਬਾਬਾ ਸੁਹੇਲ ਸਿੰਘ ਜੀ ਬਿਲਗਾ (ਜਲੰਧਰ) ਨੇ ਆਪਣਾ ਖੂੰਡਾ ਚੁੱਕ ਕੇ ਸੰਤਾਂ ਨੂੰ ਮਾਰਨਾ ਚਾਹਿਆ। ਸੰਤਾਂ ਨੇ ਆਪਣੀ ਮਸਤਾਨੀ ਬਿਰਤੀ ਵਿਚ ਹੀ ਸੁਹੇਲ ਸਿੰਘ ਹੋਰਾਂ ਨੂੰ ਲਲਕਾਰਿਆ-'ਉਇ ਤੂੰ ਮੈਨੂੰ ਮਾਰ ਨਹੀਂ ਸਕਦਾ!" ਘਟਨਾ ਦੇ ਪ੍ਰਤੱਖ ਦਰਸ਼ੀ ਸੰਤ ਇੰਦਰ ਸਿੰਘ ਚੱਕਰਵਰਤੀ ਅਨੁਸਾਰ, "ਸੱਚ ਮੁੱਚ, ਸੁਹੇਲ ਸਿੰਘ ਜੀ ਦਾ ਖੂੰਡਾ ਉੱਥੇ ਦਾ ਉੱਥੇ ਹੀ ਟਿਕਿਆ ਰਿਹਾ, ਇਹ ਨਜ਼ਾਰਾ ਮੈਂ ਆਪਣੀ ਅੱਖੀਂ ਡਿੱਠਾ ਹੈ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸੁਹੇਲ ਸਿੰਘ ਜੀ ਨੂੰ ਸੱਦ ਕੇ ਆਖਣ ਲੱਗੇ-'ਸੁਹੇਲ ਸਿੰਘ ਜੀ ਇਨਾਂ ਦੀ ਕੀ ਤਾਕਤ ਹੈ ਇਹ ਮੈਨੂੰ ਜਾਂ ਸਤਿਗੁਰਾਂ ਨੂੰ ਕੁਛ ਆਖਣ। ਇਹ ਤੇ ਕੋਈ ਨਿਰਾਲੀ ਖੇਡ ਹੈ, ਇਹ ਬਾਹਰੋਂ ਹੀ ਭੁੱਲ ਚੁੱਕ ਬੋਲਦੇ ਹਨ, ਪਰ ਅੰਦਰੋਂ ਇਹਨਾਂ ਜਿਨ੍ਹਾਂ ਅਦਬ ਕੋਈ ਵੀ ਹੋਰ ਨਹੀਂ ਕਰਦਾ।"[10]

ਸੰਤ ਯਾਤਰਾਵਾਂ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਇਕ ਵੇਰ ਆਪ ਹਜ਼ੂਰ ਸਾਹਿਬ ਦੀ ਯਾਤਰਾ ਤੇ ਚਲੇ ਗਏ। ਕਿਉਂਕਿ ਦਸਮ ਗ੍ਰੰਥ ਸਾਹਿਬ ਦੀ ਬਾਣੀ ਬਹੁਤ ਕੰਠਾਗਰ ਸੀ ਜਦੋਂ ਵੀ ਤਖਤ ਸ੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ, ਦੇ ਦਰਸ਼ਨ ਕਰਨ ਜਾਣ ਦਸਮ ਬਾਣੀ ਦਾ ਪਾਠ ਕਰਦੇ ਹੋਏ, ਮਸਤਾਨੇ ਹੋ ਜਾਣ। ਇਸ ਕਾਰਨ ਪੁਜਾਰੀ ਸਿੰਘ ਤੇ ਹੋਰ ਪਰਬੰਧਕ ਆਪ ਨੂੰ ਮਾਰਨ ਪੈਂਦੇ ਰਹੇ। ਪਰ ਗੁਰੂ ਕੀ ਬਾਣੀ ਦੇ ਪਾਠ ਦਾ ਰਸ ਅਤੇ ਆਪ ਦੇ ਚਿਹਰੇ ਦਾ ਤੇਜ ਅਜਿਹਾ ਸੀ ਕਿ ਕੋਈ ਆਪ ਤੇ ਹੱਥ ਨਾਂ ਚੁੱਕ ਸਕਦਾ। ਸੰਤ ਜੀ ਕਈ ਦਿਨ ਉੱਥੇ ਰਹੇ। ਸਤਿਗੁਰੂ ਜੀ ਦੇ ਮਿਸ਼ਨ ਦਾ ਪਰਚਾਰ ਕਰਕੇ, ਪੰਜਾਬ ਵਾਪਿਸ ਮੁੜ ਆਏ।

ਆਪ ਜੀ ਤੋਂ ਵਰੋਸਾਏ, ਮਾ. ਸੁਹੇਵਾ ਸਿੰਘ ਜੀ ਵੰਡ ਤੋਂ ਪਹਿਲਾਂ ਭੈਣੀ

ਸਾਹਿਬ, ਸੁਕੇਤ (ਹਿਮਾਚਲ) ਆਦਿ ਵਿਖੇ ਤੇ ਬਾਅਦ ਵਿਚ ਸ੍ਰੀ ਜੀਵਨ ਨਗਰ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵੀ ਨਾਮਧਾਰੀ ਪੰਥ ਦੀਆਂ ਵੱਡ ਮੁੱਲੀਆਂ ਸੇਵਾਵਾਂ ਨਿਬਾਹੁੰਦੇ ਰਹੇ। ਉਹਨਾਂ ਦੀਆਂ ਦੋ ਪੁੱਤਰੀਆਂ ਹੀ ਸਨ। ਛੋਟੀ ਪੁੱਤਰੀ ਬੀਬੀ ਦੁਰਗੀ ਬਾਈ ਦਾ ਅਤੇ ਉਸ ਦੇ ਪਤੀ ਗੁਰਦਿਤ ਸਿੰਘ ਦਾ ਪਰਵਾਰ ਜੀਵਨ ਨਗਰ ਰਹਿੰਦਾ ਹੈ। ਮਾਸਟਰ ਜੀ ਦੇ ਦੋਹਤੇ ਸ੍ਰ. ਅਮਰ ਸਿੰਘ ਲੰਬੜਦਾਰ, ਸੰਤਾ ਸਿੰਘ, ਜਸਵੰਤ ਸਿੰਘ ਤਾਂ ਗੁਜ਼ਰ ਚੁੱਕੇ ਹਨ, ਮਹਿੰਦਰ ਸਿੰਘ ਹਰੀ ਕਾਇਮ ਹਨ। ਸੰਤ ਮੰਜੀ-ਤੋੜ ਜੀ ਦੇ ਪਰਵਾਰਿਕ ਜੀਵਨ ਬਾਰੇ ਸਾਡਾ ਇਤਿਹਾਸ ਖ਼ਾਮੋਸ਼ ਹੈ।ਜੇਕਰ ਕਿਸੇ ਹੋਰ ਸੱਜਣ ਪਾਸ ਸੰਤ ਜੀ ਜਾਂ ਉਹਨਾਂ ਦੇ ਭਰਾਵਾਂ ਭੈਣਾਂ ਦੇ ਪਰਵਾਰਾਂ ਬਾਰੇ, ਕੋਈ ਜਾਣਕਾਰੀ ਹੋਵੇ ਤਾਂ ਉਹ ਪਾਠਕਾਂ ਨਾਲ ਜ਼ਰੂਰ ਸਾਂਝੀ ਕਰੇ। ਇਹ ਅਧੂਰੀਆਂ ਜਾਣਕਾਰੀਆਂ ਛੱਡ ਕੇ ਜਾਣ ਵਾਲੇ ਸੰਤ ਜੀ, ਕਰਨੀ ਦੇ ਪੂਰੇ ਸਨ। ਇਹਨਾਂ ਦੀ ਅਮਰ ਗਾਥਾ ਸਦਾ ਚੱਲਦੀ ਰਹੇਗੀ।

## ਹਵਾਲੇ ਅਤੇ ਟਿੱਪਣੀਆਂ


(1) ਸੰਤ ਬਿਸ਼ਨ ਸਿੰਘ ਜੀ ਨੰਗਲ ਕਲਾਂ, ਸਤਿਜੁਗ, ਸ੍ਰੀ ਭੈਣੀ ਸਾਹਿਬ, 27 ਜੇਠ 2001 ਬਿ., ਸ਼ਾਂਤ ਮੂਰਤੀ ਮਹੰਤ ਜੀਉਣ ਸਿੰਘ ਜੀ, ਲੇਖ, ਸਫ਼ਾ 4

(2) ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ (ਸੰ. ਜਸਵਿੰਦਰ ਸਿੰਘ), ਸਫ਼ਾ 176

(3) ਸੰਤ ਇੰਦਰ ਸਿੰਘ ਚੱਕਰਵਰਤੀ, ਸਤਿਜੁਗ, ਸ੍ਰੀ ਭੈਣੀ ਸਾਹਿਬ ਦਾ ਸੰਤ ਅੰਕ, (ਭਾਗ ਦੂਜਾ), 20 ਭਾਦਰੋਂ ਸੰਮਤ 1998 ਬਿ. (ਮੁਤਾਬਿਕ 1941 ਈ.), ਲੇਖ-ਸੰਤ ਸੁੰਦਰ ਸਿੰਘ ਮੰਜੀ ਤੋੜ ਜੀ, ਸਫ਼ਾ 47

(4) ਮਾਸਟਰ ਨਿਹਾਲ ਸਿੰਘ ਜੀ, ਸਤਿਜੁਗ, ਸ੍ਰੀ ਜੀਵਨ ਨਗਰ ਦਾ ਬਸੰਤ ਅੰਕ, 21 ਮਾਘ, ਸੰਬਤ 2043 (ਮੁਤਾਬਿਕ 12 ਫਰਵਰੀ 1987), ਲੇਖ, ਮਾ. ਸੁਹਾਵਾ ਸਿੰਘ ਜੀ, ਸਫ਼ਾ 85

(5) ਮਾਸਟਰ ਸੁਹਾਵਾ ਸਿੰਘ ਜੀ ਪ੍ਰਦੇਸੀ, ਸ੍ਰੀ ਜੀਵਨ ਨਗਰ, "ਸਤਿਜੁਗ", ਸ੍ਰੀ ਜੀਵਨ ਨਗਰ ਦਾ "ਬਸੰਤ-ਅੰਕ", 29 ਮਾਘ 2007 ਬਿਕ੍ਰਮੀ (ਫਰਵਰੀ, 1951), ਲੇਖ, ਕੱਚ ਤੋਂ ਕੰਚਨ, ਸਫ਼ਾ 71-72

(6) ਮਾਸਟਰ ਨਿਹਾਲ ਸਿੰਘ ਜੀ, ਉਪਰੋਕਤ ਬਸੰਤ ਅੰਕ ਦਾ, ਮਾਸਟਰ ਸੁਹਾਵਾ ਸਿੰਘ ਬਾਰੇ ਲੇਖ, ਸਫ਼ਾ 86
(7) ਮਾਸਟਰ ਨਿਹਾਲ ਸਿੰਘ ਜੀ, ਸੀਤਲਤਾ ਦਾ ਸਰੋਤ (ਗੁਰੂ ਹਰੀ ਸਿੰਘ ਬਾਰੇ ਮਹਾਂਕਾਵਿ), 1969, ਸ੍ਰੀ ਜੀਵਨ ਨਗਰ, ਫੁੱਟ ਨੋਟ, ਸੁੰਦਰ ਸਿੰਘ ਮੰਜੀ ਤੋੜ, ਸਫ਼ਾ 165
(8) ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਜਿਲਦ ਪਹਿਲੀ, ਛਾਪ ਪਹਿਲੀ, ਸਫ਼ਾ 129-30
(9) ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਅੰਕ ਦਾ ਉਪਰੋਕਤ ਲੇਖ, ਸਫ਼ਾ 49
(10) ਉਪਰੋਕਤ, ਸਫ਼ਾ 50
(11) ਉਪਰੋਕਤ, ਸਫ਼ਾ 50

❊

# ਨਾਮ-ਰਸੀਏ ਸੰਤ ਨੱਥਾ ਸਿੰਘ ਜੀ ਪਤੰਗ ਤੇ ਹੋਰ ਸਾਧੂ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ਜਿੱਥੇ ਇਕ ਪਾਸੇ ਅੰਗਰੇਜ਼ ਬਸਤੀਵਾਦੀਆਂ ਵਿਰੁੱਧ ਕੌਮੀ ਅੰਦੋਲਨ, 1907 ਦੇ ਬਾਰ ਦੇ ਕਿਸਾਨਾਂ ਦੀ ਪਗੜੀ ਸੰਭਾਲ ਜੱਟਾ ਲਹਿਰ', 1914-15 ਈ. ਦੀ ਪਰਵਾਸੀ ਭਾਰਤੀਆਂ ਵੱਲੋਂ ਆਜ਼ਾਦੀ ਲਈ ਛੇੜੀ ਗ਼ਦਰ ਲਹਿਰ ਅਤੇ 1919 ਦੇ ਜੱਲ੍ਹਿਆਂ ਵਾਲਾ ਬਾਗ ਦੇ ਸਾਕੇ ਬਾਅਦ ਬਹੁਤ ਭਖ ਉਠਿਆ ਸੀ, ਬਹੁਤ ਸਾਰੇ ਨਾਮਧਾਰੀ ਇਹਨਾਂ ਅੰਦੋਲਨਾਂ ਅਤੇ ਅਕਾਲੀ ਕਾਂਗਰਸ, ਕਿਰਤੀ-ਕਿਸਾਨ, ਰਿਆਸਤੀ ਪਰਜਾ ਮੰਡਲ ਆਦਿ ਤਹਿਰੀਕਾਂ ਵਿੱਚ ਸ਼ਾਮਲ ਹੋ ਕੇ ਸਾਮਰਾਜੀ ਸਰਕਾਰ ਦਾ ਉੱਭਰਵਾਂ ਵਿਰੋਧ ਕਰ ਰਹੇ ਸਨ। ਇਸ ਸਮੇਂ ਦੂਜੇ ਪਾਸੇ ਬਹੁਤ ਸਾਰੇ ਕੂਕੇ ਸਾਧੂ ਸੰਤ, ਨਾਮ ਬਾਣੀ ਨਾਲ ਜੁੜ ਕੇ, ਸਾਤਵਿਕ ਜੀਵਨ ਬਿਤਾ ਕੇ ਗੁਰਮਤਿ ਮਾਰਗ ਤੋਂ ਭਟਕਦੇ ਹੋਏ ਬਹੁਤ ਸਾਰੇ ਸੰਸਾਰੀ ਜੀਵਾਂ ਨੂੰ ਸੱਦ ਮਾਰਗ ਦਾ ਉਪਦੇਸ਼ ਦੇ ਕੇ ਗੁਰੂ ਵਾਲੇ ਬਣਾ ਰਹੇ ਸਨ। ਜਿਸ ਤਰ੍ਹਾਂ ਜੋਤਿ ਤੋਂ ਜੋਤ ਜਗਦੀ ਹੈ, ਇਸੇ ਤਰ੍ਹਾਂ ਇਹਨਾਂ ਸਾਧੂ ਸੰਤਾਂ ਦੀ ਪ੍ਰੇਰਣਾ ਨਾਲ ਬਹੁਤ ਸਾਰੇ ਵਿਕਾਰੀ ਅਤੇ ਤਾਮਸੀ ਰੁਚੀਆਂ ਵਾਲੇ ਪ੍ਰਾਣੀ ਵੀ ਪੂਰਨ ਸੰਤ ਬਣ ਕੇ ਹੋਰਨਾਂ ਲਈ ਰਾਹ ਵਿਖਾਵੇ ਬਣੇ। ਐਸੇ ਪਹੁੰਚੇ ਹੋਏ ਸਿੱਧ-ਪੁਰਖਾਂ ਵਿੱਚੋਂ ਇਕ ਸਨ— ਸ੍ਰੀ ਮਾਨ ਸੰਤ ਨੱਥਾ ਸਿੰਘ ਜੀ 'ਪਤੰਗ'।

ਪਤੰਗ ਜੀ ਦਾ ਜਨਮ, ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਸਿੰਘਪੁਰਾ ਵਿਖੇ ਪਿਤਾ ਆਸਾ ਸਿੰਘ ਰਾਮਗੜ੍ਹੀਆ ਅਤੇ ਮਾਤਾ ਤਾਬਾਂ ਦੇ ਘਰ 5 ਹਾੜ, 1930 ਸੰਬਤ ਬਿਕਰਮੀ, ਮੁਤਾਬਿਕ ਜੂਨ 1873 ਈ. ਨੂੰ ਹੋਇਆ। ਜਦੋਂ ਕੁ ਜਿਹੇ ਆਪ ਨੇ ਮੱਤ ਬੁੱਧ ਸੰਭਾਲੀ ਅਜੇ ਮਾਝੇ ਵਿੱਚ ਗੁਰੂ ਹਰੀ ਸਿੰਘ ਜੀ ਨੂੰ ਪਰਚਾਰ ਦੌਰਿਆਂ ਲਈ ਆਉਣ ਦੀ ਆਗਿਆ ਨਹੀਂ ਸੀ ਵਿਦੇਸ਼ੀ ਸਰਕਾਰ ਵੱਲੋਂ। ਫਿਰ ਵੀ ਬਹੁਤ ਸਾਰੇ ਨਾਮਧਾਰੀ ਸੰਤ ਇਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਤੁਰ ਫਿਰ ਕੇ ਪਰਚਾਰ ਕਰ ਰਹੇ ਸਨ। ਇਹਨਾਂ ਵਿੱਚੋਂ ਹੀ ਸੰਤ ਵਰਿਆਮ ਸਿੰਘ ਜੀ ਛੈਣਿਆਂ ਵਾਲੇ ਹੋਏ ਹਨ, ਜਿਹੜੇ ਚੱਕ ਰਾਮਦਾਸ ਦੇ ਜੰਮ ਪਲ ਸਨ, ਜੋ ਸਿਆਲਕੋਟ ਅਤੇ ਗੁਜਰਾਂਵਾਲਾ ਜ਼ਿਲ੍ਹਾ (ਹੁਣ ਪੱਛਮੀ ਪੰਜਾਬ, ਪਾਕਿਸਤਾਨ) ਦੀ ਸੀਮਾ ਤੇ ਸਥਿੱਤ ਸੀ। ਬਾਬਾ ਛੈਣਿਆਂ ਵਾਲੇ ਤੋਂ ਚੜ੍ਹਦੀ ਜੁਆਨੀ ਵਿੱਚ ਚੁਅੱਖਰੇ ਨਾਮ ਦੀ ਦਾਤ ਅਜਿਹੀ ਮਿਲੀ ਕਿ ਫਿਰ ਸਾਰੀ ਉਮਰ ਨਾਮ ਦੇ ਰੰਗ ਵਿੱਚ

ਹੀ ਰੰਗੇ ਰਹੇ। ਮਾਝੇ ਵਿੱਚ ਹੀ ਇਸ ਸਮੇਂ ਸੰਤ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲੇ, ਮਸਤੀ ਦੇ ਆਲਮ ਵਿੱਚ ਕੀਰਤਨੀ ਜੱਥਿਆਂ ਸਮੇਤ ਵਿਚਰ ਕੇ ਅਤੇ ਅਨੇਕ ਹਿਰਦਿਆਂ ਨੂੰ ਸ਼ਬਦ ਦੀ ਚੋਟ ਨਾਲ, ਜਾਗਰਿਤ ਅਵਸਥਾ ਵਿੱਚ ਪੁਚਾ ਕੇ, ਮਨੁੱਖਾ ਜੀਵਨ ਦੇ ਅਸਲ ਮਕਸਦ ਨੇਕੀ, ਇਮਾਨਦਾਰੀ ਅਤੇ ਸਾਂਝੀਵਾਲਤਾ ਦਾ ਪਰਚਾਰ ਕਰ ਰਹੇ ਸਨ। ਕਦੇ ਪੰਜੇ ਐਬ ਸ਼ਰਈ ਰਿਹਾ, ਸੰਤ ਲਾਲ ਸਿੰਘ ਭੂਰੇਗਿੱਲੀਆ ਵੀ ਇਸ ਸਮੇਂ ਮਾਝੇ ਵਿੱਚ ਆਪਣੇ ਕੀਰਤਨ ਦੁਆਰਾ, ਸਤਿਗੁਰੂ ਰਾਮ ਸਿੰਘ ਜੀ ਦੇ ਪਵਿੱਤਰ ਨਾਮ ਦਾ ਛੱਟਾ ਦੇ ਰਿਹਾ ਸੀ। ਇਹਨਾਂ ਦੋਹਾਂ ਸਾਧੂਆਂ ਦੀ ਸੰਗਤ ਨਾਲ, ਨੱਥਾ ਸਿੰਘ ਹੋਰੀਂ ਕੀਰਤਨ ਦੇ ਵੀ ਰਸੀਏ ਹੋ ਗਏ। ਆਪ ਅੱਠੇ ਪਹਿਰ, ਸੁਆਸ ਸੁਆਸ ਨਾਮ ਜਪਦੇ। ਘਰ ਆਏ ਸਾਧੂ ਸੰਤਾਂ ਨਾਲ ਜੋ ਵੀ ਪਦਾਰਥ ਹੁੰਦਾ ਵੰਡ ਛਕਦੇ। ਆਪ ਜੀ ਦੀ ਉੱਚੀ ਬਿਰਤੀ ਸਾਧੂ ਸੁਭਾਉ ਵੇਖਕੇ, ਭਾਈ ਵਸਾਵਾ ਸਿੰਘ, ਬੇਲਾ ਸਿੰਘ ਅਤੇ ਸੁੰਦਰ ਸਿੰਘ ਮੋਤੀਆਂ ਵਾਲੇ, ਆਪ ਨੂੰ ਤਦੋਂਕੇ ਲਾਇਲਪੁਰ (ਹੁਣ ਫ਼ੈਸਲਾਬਾਦ-ਪਾਕਿਸਤਾਨ) ਜ਼ਿਲ੍ਹੇ ਦੇ ਚੱਕ ਨੰ: 373, ਬੁੱਜਿਆਂ ਵਾਲੀ ਵਿੱਚ ਲੈ ਗਏ। ਇੱਥੇ ਇਹਨਾਂ ਗੁਰੂ ਪਿਆਰਿਆਂ ਨੇ ਆਪ ਨੂੰ ਇਕ ਗੁਫਾ ਧਰਤੀ ਵਿੱਚ ਬਣਾ ਦਿੱਤੀ, ਜਿੱਥੇ ਇਕਾਂਤ ਅਤੇ ਅਟੰਕ ਬੈਠ ਕੇ ਉਹ ਨਾਮ ਰਸ ਦਾ ਅਨੰਦ ਮਾਣਦੇ ਰਹਿੰਦੇ। ਆਪ ਜੀ ਨੇ ਸਤ, ਸੰਤੋਖ ਅਤੇ ਵਿਵੇਕ ਨਾਲ ਵਿਚਰਦਿਆਂ ਇੱਥੇ ਰਹਿ ਕੇ ਆਤਮ ਰਸ ਵਿੱਚ ਗੜੂੰਦ ਹੋ ਕੇ ਬੰਦਗੀ ਕੀਤੀ। ਅਕਸਰ ਇਸ ਬੰਦਗੀ ਨੇ ਫਲੀਭੂਤ ਹੋਣਾ ਸੀ। ਸੋ ਹੁਣ ਆਪ ਨੂੰ ਅਕਾਸ਼ ਬਾਣੀ ਹੋਈ ਕਿ ਇੱਥੇ ਨਾ ਬੈਠੋ, ਗੁਰਮਤਿ ਦਾ ਪਰਚਾਰ ਕਰੋ। ਹੁਕਮ ਅਨੁਸਾਰ ਆਪ ਨੇ ਇਕ ਜੱਥਾ ਸਿੰਘਾਂ ਦਾ ਤਿਆਰ ਕਰ ਲਿਆ ਅਤੇ ਸਾਰੇ ਪੰਜਾਬ ਵਿੱਚ ਵਿਚਰ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਸਾਤਵਿਕ ਮਿਸ਼ਨ ਦਾ ਪਰਚਾਰ ਕਰਨ ਲੱਗ ਪਏ।[1]

ਆਪ ਜੀ ਦਾ ਕੱਦ ਬਹੁਤ ਮਧਰਾ ਸੀ ਅਤੇ ਸਰੀਰ ਵੀ ਬਹੁਤ ਪਤਲਾ ਅਤੇ ਛੀਟਕਾ ਜਿਹਾ ਸੀ।

ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥

-ਆਸਾ ਮਹਲਾ ੧ ਅੰਗ ੪੬੫

ਕੀਰਤਨ ਕਰਦਿਆਂ ਜਦੋਂ ਨਿਰਤਕਾਰੀ ਕਰਦੇ ਤਾਂ ਪੈਰ ਜ਼ਮੀਨ ਤੇ ਨਹੀਂ ਸਨ ਲੱਗਦੇ। ਆਪ ਜੀ ਦੇ ਇਸ ਨਨ੍ਹੇ ਸਰੂਪ ਅਤੇ ਨਿਰਤਕਾਰੀ ਕਰਦਿਆਂ ਵੇਖ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫ਼ਰਮਾਇਆ ਸੀ ਕਿ—"ਬਾਬਾ ਜੀ ਆਪ ਤੇ ਪਤੰਗ ਜਿਉਂ ਕੀਰਤਨ ਰੂਪੀ ਸ਼ਮ੍ਹਾਂ ਦੁਆਲੇ ਨਿਰਤ ਕਰਦੇ ਹੋ।" ਬੱਸ ਉਸੇ ਦਿਨ ਤੋਂ ਆਪ ਦਾ ਨਾਮ 'ਪਤੰਗ' ਪੈ ਗਿਆ। ਆਪ

ਜੀ ਨੇ ਨਾਮਧਾਰੀ ਪੰਥ ਦਾ ਨਿਸ਼ਕਾਮ ਪਰਚਾਰ ਵਰ੍ਹਿਆਂ ਬੱਧੀ ਕੀਤਾ ਹੈ। ਆਪ ਬ੍ਰਹਮਗਿਆਨੀ, ਕੀਰਤਨ-ਰਸੀਏ, ਮਹਾਂਪੁਰਸ਼, ਮਹਾਤਮਾ ਸਨ। ਆਪ ਜੀ ਦੀ ਬਿਰਤੀ ਬੜੀ ਸਾਦੀ, ਸੁਭਾਅ ਬੜਾ ਨਰਮ, ਮਨ ਨੀਵਾਂ ਤੇ ਮੱਤ ਉੱਚੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਚਰਨਾਂ ਨਾਲ ਆਪਦਾ ਬੜਾ ਪਿਆਰ ਸੀ।

ਸੰਤ ਨੱਥਾ ਸਿੰਘ ਜੀ ਪਤੰਗ ਹੋਰਾਂ ਦੀ ਬਚਨ ਸਿੱਧੀ ਦੀ ਇਕ ਸਪਸ਼ਟ ਵਾਰਤਾ, ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੇ ਸ਼ਬਦਾਂ ਵਿੱਚ ਬਿਆਨ ਕੀਤੀ ਜਾਂਦੀ ਹੈ। ਇਹ ਵਾਰਤਾ ਰੱਤੇ ਚੋਏ, ਜ਼ਿਲ੍ਹਾ ਲਾਇਲਪੁਰ ਵਿਖੇ 1917 ਈ. ਦੇ ਹੋਲੇ ਮਹੱਲੇ ਸਮੇਂ ਹੋਈ ਦੱਸੀ ਜਾਂਦੀ ਹੈ।

"ਰੱਤੇ ਚੋਏ ਦਾ ਹੋਲਾ ਹੋ ਚੁੱਕਾ ਸੀ। ਸੰਗਤਾਂ ਘਰੋ ਘਰੀਂ ਜਾਣ ਨੂੰ ਤਿਆਰੀਆਂ ਕਰ ਰਹੀਆਂ ਸਨ। ਆਪ ਵੀ ਜਾਣ ਨੂੰ ਤਿਆਰ ਸਨ। ਜਾਣ ਤੋਂ ਪਹਿਲਾਂ ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਸ੍ਰੀ ਸਤਿਗੁਰੂ ਜੀ ਪ੍ਰਸ਼ਾਦ ਛਕ ਕੇ ਬਿਰਾਜੇ ਹੋਏ ਸਨ। ਪਹਿਰੇ ਤੇ ਭਾਈ ਲਾਲ ਸਿੰਘ ਜੀ ਬੱਲੂਆਣੀਆ ਸਨ। ਆਪ ਅੰਦਰ ਆਉਣ ਲੱਗੇ ਤਾਂ ਲਾਲ ਸਿੰਘ ਨੇ ਕਿਹਾ—ਸੰਤ ਜੀ ਅੰਦਰ ਨਾ ਆਓ। ਆਪ ਜੀ ਨੇ ਸੁਭਾਵਿਕ ਨਿੰਮਰਤਾ ਨਾਲ ਕਿਹਾ— ਦਰਸ਼ਨ ਕਰਨੇ ਹਨ। ਲਾਲ ਸਿੰਘ ਜੀ ਕਿਹਾ—ਸਤਿਗੁਰੂ ਜੀ ਬਿਰਾਜੇ ਹੋਏ ਹਨ। ਆਪ ਨੇ ਕਿਹਾ—ਅਸਾਂ ਕੋਈ ਬਚਨ ਨਹੀਂ ਕਰਨਾ, ਦਰਸ਼ਨ ਕਰ ਕੇ, ਨਮਸਕਾਰ ਕਰ ਕੇ, ਮੁੜ ਜਾਵਾਂਗੇ। ਪਰ ਲਾਲ ਸਿੰਘ ਜੀ ਨੇ ਕੋਈ ਤਰਲਾ ਨਾ ਮੰਨਿਆ। ਆਪ ਨੇ ਹਉਕਾ ਭਰਿਆ। ਉਸ ਹਉਕੇ ਵਿੱਚ ਮਾਯੂਸੀ ਅਤੇ ਮਸੂਮਤਾ ਜਿਹੀ ਭਰੀ ਹੋਈ ਸੀ। ਮੈਂ ਕੋਲ ਖਲੋਤਾ ਇਹ ਸਾਰੀ ਗੱਲਬਾਤ ਸੁਣ ਰਿਹਾ ਸਾਂ, ਮੇਰਾ ਬੜਾ ਜੀਅ ਕਰੇ ਕਿ ਮੈਂ ਸੰਤਾਂ ਨੂੰ ਆਖ ਦਿਆਂ, ਕਿ—ਜਾਓ ਅੰਦਰ ਜਾ ਕੇ ਨਮਸ਼ਕਾਰ ਕਰ ਆਓ। ਪਰ ਲਾਲ ਸਿੰਘ ਜੀ ਤੋਂ ਡਰਦਾ ਮੈਂ ਕੁਝ ਨਾ ਬੋਲ ਸਕਿਆ। ਤੁਰਨ ਲੱਗਿਆਂ ਫਿਰ ਸੰਤਾਂ ਨੇ ਹਉਕਾ ਲੈ ਕੇ ਕਿਹਾ-ਸੰਤ ਲਾਲ ਸਿੰਘ ਜੀ ! ਚੰਗਾ ਸੀ ਕਿ ਦਰਸ਼ਨ ਕਰ ਲੈਣ ਦਿੰਦੇ, ਆਪ ਜੀ ਦੀ ਕ੍ਰਿਪਾ ਸੀ। ਫਿਰ ਪਤਾ ਨਹੀਂ ਕਦ ਦਰਸ਼ਨ ਹੋਣ। ਸੰਤ ਲਾਲ ਸਿੰਘ ਜੀ ਨੇ ਉਸੇ ਬੇਪ੍ਰਵਾਹੀ ਵਿੱਚ ਕਿਹਾ ਕਿ ਜਾਓ ! ਜਾਓ!! ਬਹੁਤਾ ਰੌਲਾ ਨਾ ਪਾਓ। ਸੰਤਾਂ ਸੁਭਾਵਿਕ ਕਿਹਾ—ਚੰਗਾ ਲਾਲ ਸਿੰਘ ਜੀ ਅਸੀਂ ਤੇ ਸਤਿਗੁਰਾਂ ਦੇ ਚਰਨਾਂ ਵਿੱਚ ਹੀ ਰਹਿਣਾ ਹੈ, ਪਰ ਤੁਸੀਂ ਨਹੀਂ ਰਵੋਗੇ। ਸੰਤਾਂ ਦਾ ਉਹ ਬਚਨ ਮੈਂ ਸੱਚਾ ਹੁੰਦਾ ਆਪਣੀਆਂ ਅੱਖਾਂ ਨਾਲ ਡਿਠਾ, ਸੰਤ ਅੱਜ ਵੀ ਹਨ, ਦੇਹ ਕਰ ਕੇ ਭਾਂਵੇਂ ਨਹੀਂ, ਪਰ ਉਹਨਾਂ ਦਾ ਸ਼ੁਭ ਨਾਮ, ਉਹਨਾਂ ਦੀ ਬੰਦਗੀ ਦਾ ਪ੍ਰਭਾਵ, ਉਹਨਾਂ ਦਾ ਸਿੱਖੀ

ਪਰਚਾਰ, ਸਦਾ ਜ਼ਿੰਦਾ ਰਹੇਗਾ। ਪਰ ਲਾਲ ਸਿੰਘ ਜੀ ਅੱਜ ਜਿਊਂਦੇ ਵੀ ਸਤਿਗੁਰਾਂ ਤੋਂ ਦੂਰ ਹਨ।"[2]

ਸੰਤ ਨੱਥਾ ਸਿੰਘ ਜੀ ਪਤੰਗ ਤੋਂ ਵਰੋਸਾਈ ਨਾਮਧਾਰੀ ਸਿੱਖ ਪੰਥ ਦੀ ਇਕ ਉੱਘੀ ਹਸਤੀ ਸੰਤ ਰਲਾ ਸਿੰਘ ਜੀ ਹੋਏ ਹਨ। ਇਹਨਾਂ ਬਾਰੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਕਸਰ ਬਚਨ ਕਰਿਆ ਕਰਦੇ ਸਨ ਕਿ—ਸੰਤ ਰਲਾ ਸਿੰਘ ਜੀ ਜਿਹੀ ਮੰਜ਼ਿਲ ਦੇ ਸਾਧੂ ਉਹ ਆਪ ਹੀ ਹਨ। ਆਪ ਨੂੰ ਸ੍ਰੀ ਸਤਿਗੁਰੂ ਜੀ 'ਨਾਮ ਦੀ ਮੂਰਤ' ਕਹਿ ਕੇ ਮਾਣ ਬਖਸ਼ਿਆ ਕਰਦੇ ਸਨ। ਉਹ ਅੱਠੇ ਪਹਿਰ ਨਾਮ ਦੀ ਰੰਗਣਾਂ ਵਿੱਚ ਇਕ ਰਸ ਵਿਚਰਦੇ ਸਨ।

ਸੰਤ ਰਲਾ ਸਿੰਘ ਜੀ ਦਾ ਜਨਮ ਪਿੰਡ ਤਾਜੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿਤਾ ਗੁਲਾਮਾ ਅਤੇ ਮਾਤਾ ਖੇਮੋਂ ਜੀ ਦੇ ਘਰ ਹੋਇਆ ਸੀ। ਵੱਡੇ ਹੋਏ ਤਾਂ ਲਾਇਲਪੁਰ ਬਾਰ ਦੇ ਇਲਾਕੇ ਵਿੱਚ ਜਾ ਕੇ ਵਾਹੀ ਜੋਤੀ ਕਰ ਕੇ ਗੁਜ਼ਰ ਬਸਰ ਕਰਨ ਲੱਗੇ। ਇੱਥੇ ਭਾਈ ਕੇ ਜਸਵਾਲਾਂ ਦੇ ਇਕ ਸਰਦਾਰ ਦੀ ਕਈ ਮੁਰੱਬੇ ਜ਼ਮੀਨ ਸੀ। ਰਲਾ ਸਿੰਘ ਉਸ ਦੇ ਕੋਲ ਰਹਿਣ ਲੱਗ ਪਏ। ਕਣਕ ਦੀਆਂ ਵਾਢੀਆਂ ਦੀ ਰੁੱਤੇ ਕਣਕ ਵੱਢ ਕੇ 12-13 ਮਣ ਕਣਕ ਸਾਲ ਦੇ ਛਕਣ ਜੋਗੀ ਇਕੱਠੀ ਕਰ ਲੈਂਦੇ ਸਨ। ਇਸ ਤਰ੍ਹਾਂ ਸਾਲ ਭਰ ਦਾ ਗੁਜ਼ਾਰਾ ਹੋਰ ਕਿਰਤ ਵਿਰਤ ਕਰਦਿਆਂ ਹੋ ਜਾਂਦਾ। ਇਕ ਦਿਨ ਸੰਤ ਨੱਥਾ ਸਿੰਘ ਜੀ ਪਤੰਗ ਤੁਰਦੇ ਫਿਰਦੇ ਇੱਥੇ ਆ ਗਏ। ਇਹਨਾਂ ਦਾ ਭਜਨ ਲੈਣ ਦਾ ਸਬੱਬ ਬਣ ਗਿਆ। ਨਾਮ ਦੀ ਦਾਤ ਦੇ ਕੇ ਰਲਾ ਸਿੰਘ ਨੂੰ ਇਹ ਵੀ ਹੁਕਮ ਪਤੰਗ ਜੀ ਨੇ ਕਰ ਦਿੱਤਾ ਕਿ ਹੁਣ ਤੁਸੀਂ ਸਾਡੇ ਪਾਸ ਬੁੱਜਿਆਂ ਵਾਲੀ ਰਹੋ। ਰਲਾ ਸਿੰਘ ਜੀ ਨੇ ਸੰਤਾਂ ਦੀ ਗੁਫਾ ਵਿਚ ਹੀ ਡੇਰਾ ਲਾ ਲਿਆ ਅਤੇ ਨਾਮ ਬਾਣੀ ਦਾ ਪ੍ਰਵਾਹ ਚੱਲ ਪਿਆ। ਪਰ ਆਪ ਦੇ ਪ੍ਰੇਮ ਦਾ ਬੱਧਾ ਸ੍ਰ. ਜੀਵਨ ਸਿੰਘ ਗੁਫਾ ਤੇ ਪੁੱਜ ਕੇ ਸੰਤ ਰਲਾ ਸਿੰਘ ਜੀ ਨੂੰ ਆਪਣੇ ਪਾਸ 97 ਚੱਕ ਵਿਖੇ ਹੀ ਮੁੜ ਰਹਿਣ ਲਈ ਕਹਿਣ ਆ ਗਿਆ। ਰਲਾ ਸਿੰਘ ਜੀ ਫਿਰ 97 ਚੱਕ ਆ ਗਏ। ਸਤਿਗੁਰੂ ਰਾਮ ਸਿੰਘ ਜੀ ਦੇ ਧਰਮ ਦੀ ਕਿਰਤ ਕਰਨ ਵਾਲੇ ਉਪਦੇਸ਼ ਨੂੰ ਮੁੱਖ ਰੱਖਦਿਆਂ ਦਿਹਾੜੀ ਕਰ ਕੇ ਮਿਹਨਤ ਮਜ਼ਦੂਰੀ ਨਾਲ, ਉਪਜੀਵਿਕਾ ਕਮਾਉਣ ਲੱਗੇ। ਸਰਦਾਰ ਜੀਵਨ ਸਿੰਘ ਆਪ ਜੀ ਦਾ ਬਹੁਤ ਖ਼ੈਰ ਖਾਹ ਸੀ। ਉਸ ਨੇ ਆਪ ਦੀ ਬੜੀ ਸੇਵਾ ਕੀਤੀ। ਉਹ ਸੰਤਾਂ ਦੀ ਕਿਸੇ ਹਰਜ ਮਰਜ ਸਮੇਂ ਵੀ ਤਨਦੇਹੀ ਨਾਲ ਇਲਾਜ ਕਰਵਾਉਂਦਾ ਅਤੇ ਆਪ ਪਾਸ ਆਏ ਸਿੱਖ ਸਾਧ ਦੀ ਵੀ ਪਰਸ਼ਾਦੇ ਪਾਣੀ ਦੀ ਸੇਵਾ ਵੀ ਕਰਦਾ ਸੀ। ਬਿਹੰਗਮ ਸਾਧੂਆਂ ਲਈ ਸੰਤ ਜੀ ਦਾ ਵੀ ਅਸੂਲ ਸੀ ਕਿ ਉਹ ਉਹਨਾਂ ਨੂੰ ਆਪਣੇ ਪਾਸ ਤਿੰਨ ਦਿਨਾਂ ਤਕ ਹੀ ਰੁਕਣ ਦੀ ਆਗਿਆ ਦਿੰਦੇ ਸਨ।

ਸੰਤ ਰਲਾ ਸਿੰਘ ਜੀ ਦੇ ਨਾਲ ਹੀ ਦੁਆਬੇ ਦੇ ਪ੍ਰਸਿੱਧ ਪਿੰਡ ਲੰਗੇਰੀ (ਹੁਸ਼ਿਆਰਪੁਰ) ਦੇ ਸੰਤ ਧਰਮ ਸਿੰਘ ਵੀ ਰਿਹਾ ਕਰਦੇ ਸਨ। ਜਦੋਂ ਇਹ ਦੋਵੇਂ ਸਾਧ ਕਿਸੇ ਗ੍ਰਹਿਸਤੀ ਦੇ ਘਰ ਜਾਂਦੇ ਅਤੇ ਉਹਨਾਂ ਨੇ ਸੰਤਾਂ ਨੂੰ ਦੁੱਧ ਛਕਣ ਲਈ ਕਹਿਣਾ, ਸੰਤ ਧਰਮ ਸਿੰਘ ਜੀ ਨੇ ਪੁੱਛਣਾ ਤੁਸੀਂ ਕਿਤਨੇ ਜੀਅ ਹੈ ਅਤੇ ਤੁਹਾਡੇ ਘਰ ਦੁੱਧ ਕਿਤਨਾ ਹੈ? ਤਾਂ ਹਿਸਾਬ ਕਰ ਕੇ ਧਰਮ ਸਿੰਘ ਹੋਰਾਂ ਦੱਸਣਾ ਕਿ ਸਾਡੇ ਹਿੱਸੇ ਅੱਧ ਸੇਰ ਦੁੱਧ ਆਉਂਦਾ ਹੈ, ਇਤਨਾ ਹੀ ਸਾਨੂੰ ਦੇ ਦਿਉ। ਜੇ ਕਿਸੇ ਦੇ ਘਰ ਵਿੱਚ ਦੁੱਧ ਦਾ ਗੱਫਾ ਕੱਸਾ ਹੋਣਾ ਤਾਂ ਧਰਮ ਸਿੰਘ ਹੋਰਾਂ ਕਹਿਣਾ ਕਿ ਦੁੱਧ ਕੰਮ ਕਰਨ ਵਾਲੇ ਸਰੀਰਾਂ ਨੂੰ ਛਕਾ ਦਿਉ, ਅਸੀਂ ਲੱਸੀ ਤੇ ਗੁੜ ਛਕ ਕੇ ਹੀ ਬਾਗੋ ਬਾਗ ਹਾਂ। ਜੇ ਲੰਗਰ ਕਰਨ ਲਈ ਘਰ ਵਾਲਿਆਂ ਨੇ ਘਿਉ ਦੇਣਾ ਤਾਂ ਧਰਮ ਸਿੰਘ ਹੋਰਾਂ ਉਸ ਵਿੱਚੋਂ ਵੀ ਘਿਉ ਮੋੜ ਕੇ ਘਰਦਿਆਂ ਨੂੰ ਵਾਪਸ ਦੇ ਦੇਣਾ। ਇਹੋ ਜਿਹੇ ਸੰਤੋਖੀ, ਜੁਗਤੀ ਅਤੇ ਵਿਹਾਰੀ ਉਹ ਨਾਮਧਾਰੀ ਸਾਧੂ ਸਨ। ਚੱਕਰਵਰਤੀ ਜੀ ਦੀ ਲਿਖਤ ਮੁਤਾਬਿਕ ਸੰਤ ਧਰਮ ਸਿੰਘ ਵੀ 1941 ਈ. ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ ਸਨ। ਸੰਤ ਰਲਾ ਸਿੰਘ ਜੀ ਜਿਹਨਾਂ ਨੇ ਲੰਮਾਂ ਸਮਾਂ, ਸੰਤ ਨੱਥਾ ਸਿੰਘ 'ਪਤੰਗ' ਦੀ ਸੰਗਤ ਵਿੱਚ ਬਿਤਾਇਆ ਸੀ, ਉਹ 1941 ਈ. ਵਿੱਚ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿੱਚ ਹੀ ਟਿਕੇ ਹੋਏ ਸਨ।

ਇਕ ਵਾਰ ਸਲਾਰ ਵਾਲੇ (ਲਾਇਲਪੁਰ) ਵਿਖੇ ਸੰਤ ਨੱਥਾ ਸਿੰਘ ਪਤੰਗ ਜੀ ਦਾ ਜੱਥਾ ਆਇਆ ਹੋਇਆ ਸੀ। ਇੱਥੋਂ ਗੁੰਨੇ ਪਿੰਡ ਸੁਨੇਹਾ ਗਿਆ ਕਿ ਸੰਤ ਆਏ ਹਨ ਅਤੇ ਯਾਦ ਕਰਦੇ ਹਨ। ਪਿੰਡ ਤੋਂ ਸੋਹਣ ਸਿੰਘ ਸਮੇਤ 10-12 ਸੱਜਣ ਸੰਤਾਂ ਦੇ ਦਰਸ਼ਨ- ਦੀਵਾਨ ਸੁਣਨ ਲਈ ਚੱਲੇ। ਸੋਹਣ ਸਿੰਘ ਨੇ ਅਜੇ ਭਜਨ ਨਹੀਂ ਸੀ ਲਿਆ। ਰਸਤੇ ਵਿੱਚ ਗੱਲਾਂ ਕਰਦੇ ਆਉਣ ਕਿ ਭਜਨ ਵਿੱਚ ਕੀ ਸੁਆਦ ਹੈ? ਜਾਂਦਿਆਂ ਨੂੰ ਸੰਤ ਪਤੰਗ ਜੀ ਦਾ ਦੀਵਾਨ ਲੱਗਾ ਸੀ। ਗੁੰਨੇ ਵਾਲਿਆਂ ਨੇ ਸੰਤਾਂ ਨੂੰ ਨਮਸ਼ਕਾਰ ਕੀਤੀ। ਸੰਤ ਪਤੰਗ ਜੀ ਨੇ ਕਿਹਾ- "ਸੋਹਣ ਸਿੰਘ ! ਆ ਭਜਨ ਲੈ ਲੈ॥" ਉਸ ਅਚੰਭਿਤ ਹੋ ਕੇ ਸੰਤਾਂ ਨੂੰ ਕਿਹਾ ਕਿ ਤੁਸੀਂ ਮੈਨੂੰ ਕਿਵੇਂ ਜਾਣਦੇ ਹੋ? ਸੰਤ ਜੀ ਨੇ ਕਿਹਾ ਕਿ ਇਹ ਗੱਲ ਕਦੇ ਫੇਰ ਸਹੀ। ਹੁਣ ਸਮਾਂ ਨਾ ਖੋਟਾ ਕਰ ਅਤੇ ਨਾਮ ਦੀ ਦਾਤ ਲੈਣ ਦੀ ਕਾਹਲ ਕਰ। ਸੋਹਣ ਸਿੰਘ ਦੇ ਕੰਨ ਵਿੱਚ ਗੁਰ ਮੰਤਰ ਜਾਣ ਦੀ ਦੇਰ ਸੀ ਕਿ ਬਿਰਤੀ ਵਿਸਮਾਦੀ ਹੋ ਗਈ। ਤਿੰਨ ਦਿਨ ਮਸਤੀ ਦੇ ਆਲਮ ਵਿੱਚ ਉੱਥੇ ਹੀ ਰਹੇ। ਨਾਲ ਦੇ ਕਹਿਣ ਚੱਲੀਏ ਪਰ ਸੋਹਣ ਸਿੰਘ ਕਹਿਣ ਕਿ ਹੁਣ ਇੱਥੋਂ ਜਾਣਾ ਆਉਣਾ ਸੰਤਾਂ ਦੇ ਹੁਕਮ ਅਨੁਸਾਰ ਹੀ ਹੋਏਗਾ। ਜਦੋਂ ਆਗਿਆ ਦੇਣਗੇ ਫਿਰ ਜਾਵਾਂਗੇ। ਉਹਨਾਂ ਸੰਤਾਂ ਨੂੰ ਅਰਜ਼ ਕੀਤੀ ਕਿ ਕੀ ਹੁਕਮ ਹੈ? ਸੰਤ ਜੀ ਨੇ ਕਿਹਾ, ਬਈ ਸਾਨੂੰ ਤੇ ਕੋਈ ਪਤਾ

ਨਹੀਂ। ਅਖੀਰ ਬਾਕੀ ਸਾਰੇ ਵਾਪਸ ਗੁੰਨੇ ਨੂੰ ਮੁੜ ਗਏ, ਪਰ ਸੋਹਣ ਸਿੰਘ ਜੀ ਪੂਰਾ ਇੱਕ ਸਾਲ, ਸੰਤ ਪਤੰਗ ਜੀ ਦੀ ਸੰਗਤ ਵਿੱਚ ਹੀ ਰਹੇ। ਸੰਤ ਸੋਹਣ ਸਿੰਘ ਜੀ ਦੱਸਦੇ ਸਨ ਕਿ ਇੱਕ ਸਾਲ ਸਾਨੂੰ ਕੋਈ ਪਤਾ ਨਹੀਂ ਲੱਗਾ ਕਿ ਸੰਤ ਸਾਥੋਂ ਕੀ ਕਰਵਾਉਂਦੇ ਰਹੇ ਹਨ ਅਤੇ ਅਸੀਂ ਕੀ ਕਰਦੇ ਰਹੇ ਹਾਂ। ਐਸੀ ਨਾਮ ਦੀ ਰੰਗਣ ਚੜ੍ਹੀ ਰਹੀ।

ਸੰਤ ਪਤੰਗ ਜੀ ਦਾ ਅੰਮ੍ਰਿਤਸਰ ਸ਼ਹਿਰ ਵਿਖੇ ਦੀਵਾਨ ਲੱਗਾ ਹੋਇਆ ਸੀ। ਇਕ ਕਸ਼ਮੀਰੀ ਆ ਕੇ ਕਹਿਣ ਲੱਗਾ-ਜੀ ਮੈਨੂੰ ਬੰਦਗੀ ਦੀ ਖ਼ੈਰ ਪਾਉ। ਸੰਤ ਜੀ ਨੇ ਭਜਨ ਦੱਸ ਕੇ ਕਿਹਾ ਕਿ ਮਾਸ ਸ਼ਰਾਬ ਨਹੀਂ ਵਰਤਣਾ ਅਤੇ ਨਾ ਹੀ ਐਸੇ ਲੋਕਾਂ ਦੇ ਹੱਥੋਂ ਅੰਨ ਜਲ ਗ੍ਰਹਿਣ ਕਰਨਾ ਹੈ। ਜਦੋਂ ਦੂਜੇ ਕਸ਼ਮੀਰੀਆਂ ਨੂੰ ਪਤਾ ਲੱਗਾ, ਉਹ ਡਾਂਗਾਂ ਫੜ ਕੇ ਆ ਗਏ ਅਤੇ ਕਹਿਣ ਲੱਗੇ ਕਿ ਇਹ ਕੌਣ ਹੋਵੇ, ਸਾਡੇ ਮੁੰਡੇ ਨੂੰ ਬੇਦੀਨ ਕਰ ਕੇ ਸਿੱਖ ਬਨਾਉਣ ਵਾਲਾ? ਸੰਤ ਜੀ ਦਾ ਜੁਆਬ ਸੀ ਕਿ ਭਾਈ ਮੈਂ ਤਾਂ ਕੁਝ ਨਹੀਂ ਕੀਤਾ। ਇਹ ਤਾਂ ਗੁਰੂ ਦੀ ਖੇਡ ਹੈ, ਗੁਰੂ ਦੀਆਂ ਗੁਰੂ ਜਾਣੇ। ਆਏ ਮੁਸਲਮਾਨ ਸ਼ਾਂਤ ਹੋ ਕੇ ਬਹਿ ਗਏ। ਦੀਵਾਨ ਦੇ ਭੋਗ ਬਾਅਦ ਮੁੰਡੇ ਨੂੰ ਕਹਿਣ ਆ ਚੱਲੀਏ। ਉਹ ਆਖੇ, ਤੁਸੀਂ ਜਾਉ, ਮੈਂ ਤਾਂ ਸੰਤਾਂ ਨਾਲ ਹੀ ਜਾਵਾਂਗਾ। ਸੰਤ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਨਾਮ ਗੁਰਬਖਸ਼ ਸਿੰਘ ਰੱਖ ਦਿੱਤਾ।

ਸੰਤ ਮਸਤੀ ਵਿੱਚ ਅਦਭੁੱਤ ਕਾਰਾਂ ਕਰਿਆ ਕਰਦੇ ਸਨ। ਇਕ ਦਿਨ ਆਟਾ ਗੁੰਨ੍ਹਦਿਆਂ ਆਟਾ ਨਰਮ ਹੋ ਗਿਆ। ਸੋਹਣ ਸਿੰਘ ਕਹਿੰਦਾ—ਸੰਤ ਜੀ ਅੱਜ ਪੂੜੇ ਬਣਾ ਲਈਏ। ਸੰਤ ਜੀ ਨੇ ਬਾਹਰੋਂ ਕੁਝ ਰੇਤ ਲਿਆ ਕੇ ਆਟੇ ਵਿੱਚ ਪਾ ਦਿੱਤੀ। ਤੇ ਕਿਹਾ, ਪਕਾਉ ਪਰਸ਼ਾਦੇ। ਇਕ ਅਮੀਰ ਸੱਜਣ ਵੀ ਆ ਗਿਆ। ਸੰਤ ਕਹਿਣ ਕਿ ਇਸਨੂੰ ਪਰਸ਼ਾਦਾ ਛਕਾਉ। ਸੋਹਣ ਸਿੰਘ ਅੰਦਰੋਂ ਡਰੇ ਕਿ ਤਕੜਾ ਬੰਦਾ ਹੈ ਕੀ ਕਹੇਗਾ ਜੇ ਰੋਟੀ ਵਿੱਚ ਕਿਰਕ ਆਈ ਤਾਂ। ਸੰਤਾਂ ਨੇ ਕਿਹਾ ਕਿ ਨਿਸ਼ੰਗ ਹੋ ਕੇ ਛਕੋ, ਛਕਾਉਂ ਪਰਸ਼ਾਦੇ। ਉਸ ਸੱਜਣ ਨੇ ਪਰਸ਼ਾਦੇ ਛਕ ਕੇ ਕਿਹਾ ਕਿ ਅੱਜ ਤਾਂ ਛੱਤੀ ਪਦਾਰਥਾਂ ਦਾ ਰਸ, ਸੰਤਾਂ ਦੇ ਲੰਗਰ ਵਿੱਚ ਸੀ। ਸੰਤ ਜੀ ਨੇ ਕਿਹਾ ਕਿ ਸੁਆਦ ਪਾਉਣ ਵਾਲਾ ਤਾਂ ਮੇਰਾ ਸਤਿਗੁਰੂ ਹੈ। ਉਸ ਕਿਹਾ-ਸੰਤ ਜੀ ਮੈਨੂੰ ਵੀ ਗੁਰੂ ਵਾਲਾ ਬਣਾਉ। ਆਖਣ ਲੱਗੇ ਉਸ ਵਗਦੇ ਖਾਲ ਵਿੱਚ ਸਕੇਸ ਇਸ਼ਨਾਨ ਕਰ ਆਉ। ਆਉਂਦੇ ਨੂੰ ਭਜਨ ਦੇ ਦਿੱਤਾ। ਸੁੱਧ ਬੁੱਧ ਭੁੱਲ ਗਈ। ਇਸੇ ਅਵਸਥਾ ਵਿੱਚ ਪਏ ਨੂੰ ਉਸ ਦੇ ਘਰ ਵਾਲੇ ਆਏ ਅਤੇ ਲੈ ਗਏ।

ਸੰਤਾਂ ਦੀਆਂ ਅਲੌਕਿਕ ਕਰਨੀਆਂ ਬਾਰੇ ਚੱਕਰਵਰਤੀ ਜੀ ਲਿਖਦੇ ਹਨ ਕਿ

ਸੰਤ ਰਲਾ ਸਿੰਘ ਜੀ ਕਈ ਵੇਰ ਬਚਨ ਸੁਣਾਇਆ ਕਰਦੇ ਸਨ। ਇਕ ਵੇਰ ਜਦੋਂ ਰਲਾ ਸਿੰਘ, ਪਤੰਗ ਜੀ ਦੇ ਨਾਲ ਗੁਫਾ ਵਿੱਚ ਬਹਿ ਕੇ ਸਿਮਰਨ ਕਰ ਰਹੇ ਸਨ ਤਾਂ ਇਕ ਮਾਂਦਰੀ ਆਇਆ ਅਤੇ ਆਖਣ ਲੱਗਾ ਕਿ ਅੱਜ ਮੈਂ ਤੁਹਾਡੇ ਭਜਨ ਦੀ ਪਰਖ ਕਰਾਂਗਾ। ਜੇ ਤਾਂ ਤੁਸੀਂ ਆਪਣੇ ਆਸਣ ਤੇ ਟਿਕੇ ਰਹੇ ਤਾਂ ਤੁਸੀਂ ਸੱਚੇ ਤੇ ਜੇ ਮੈਂ ਮੰਤਰ ਬਲ ਨਾਲ ਹਿਲਾ ਦਿੱਤਾ ਤਾਂ ਮੈਂ ਸੱਚਾ। ਸੰਤ ਪਾਸ ਹੀ ਵਗਦੇ ਸੂਏ ਦੇ ਜਲ ਵਿੱਚ ਖਲੋ ਕੇ ਭਜਨ ਕਰ ਰਹੇ ਸਨ। ਮਾਲਾ ਹੱਥ ਵਿੱਚ ਸੀ। ਤਿੰਨ ਵੇਰ ਮਾਂਦਰੀ ਨੇ ਐਸਾ ਬਲ ਪਾਇਆ ਕਿ ਜਿਵੇਂ ਕੋਈ ਸੰਤਾਂ ਨੂੰ ਮੋਢਿਉਂ ਫੜ ਕੇ ਪਾਣੀ ਵਿੱਚ ਬੈਠਾ ਦੇਵੇ। ਪਰ ਉਹ ਫਿਰ ਉੱਠੇ ਨਾ ਡਿੱਗੇ ਤੇ ਨਾ ਮਾਲਾ ਹੱਥੋਂ ਛੱਡੀ। ਮਾਂਦਰੀ ਪੈਰੀਂ ਹੱਥ ਲਾ ਕੇ ਇਹ ਕਹਿੰਦਾ ਮੁੜ ਗਿਆ ਕਿ ਸੰਤ ਜੀ ਤੁਸੀਂ ਸੱਚੇ, ਤੁਹਾਡਾ ਗੁਰੂ ਬੜਾ ਡਾਢਾ ਏ। ਪਤੰਗ ਜੀ ਨੇ ਉਸ ਨੂੰ ਸਿਖਿਆ ਦਿੱਤੀ ਕਿ ਸਾਧਾਂ ਨਾਲ ਇਸ ਤਰ੍ਹਾਂ ਨਹੀਂ ਕਰੀਦਾ। ਸੰਤ ਰਲਾ ਸਿੰਘ, ਸੰਤ ਸੋਹਣ ਸਿੰਘ ਗੁੰਨਾ ਆਦਿ ਸੰਤਾਂ ਤੋਂ ਵਰੋਸਾਈਆਂ ਹਸਤੀਆਂ ਨਾਮਧਾਰੀ ਜਗਤ ਵਿੱਚ ਬਹੁਤ ਵਿਖਿਆਤ ਹੋਈਆਂ। ਸੰਤ ਪਤੰਗ ਜੀ ਦੇ 1941 ਈ. ਵਿੱਚ ਚਾਰ ਸਪੁੱਤਰ ਕਾਇਮ ਦਾਇਮ, ਉਹਨਾਂ ਦੇ ਪਿੰਡ ਵਿੱਚ ਵੱਸਦੇ ਸਨ।[3] ਸੰਤ ਰਲਾ ਸਿੰਘ 297 ਚੱਕ ਬੁੱਜਿਆਂ ਵਾਲੀ ਗੁਫਾ ਵਿੱਚ ਪੂਰਾ ਇਕ ਸਾਲ ਬੰਦਗੀ ਕੀਤੀ। ਇਸ ਤੋਂ ਪਹਿਲਾਂ ਖੇਤੀ ਬਾੜੀ ਦਾ ਵਿਹਾਰ ਕਰਦਿਆਂ ਇਹਨਾਂ ਤੋਂ ਕਹੀ ਨਾਲ ਸਹੇ ਦਾ ਇਕ ਬੱਚਾ ਮਾਰਿਆ ਗਿਆ ਸੀ। ਜਿਵੇਂ ਭਾਈ ਕਟਾਰੂ ਛੇਵੇਂ ਪਾਤਸ਼ਾਹ ਦੇ ਸਿੱਖ ਨੇ ਗਰਭਵਤੀ ਹਿਰਨੀ ਦਾ ਬੱਚਾ ਪੇਟ ਵਿੱਚ ਚੀਰੇ ਜਾਣ ਬਾਅਦ ਲੋਹੇ ਦੀ ਤਲਵਾਰ ਸੁੱਟ ਕੇ ਲੱਕੜ ਦੀ ਰੱਖ ਲਈ ਸੀ, ਤਿਵੇਂ ਸੰਤ ਰਲਾ ਸਿੰਘ ਜੀ ਨੇ ਇਸ ਤੋਂ ਬਾਅਦ ਵਿਹਾਰ ਕਾਰ ਤਿਆਗ ਕੇ ਬੰਦਗੀ ਵਿੱਚ ਲਿਵ ਲਾ ਲਈ ਸੀ। ਇਹ ਲਾਇਲਪੁਰ ਜ਼ਿਲ੍ਹੇ ਵਿੱਚ 45 ਚੱਕ ਰਹਿੰਦੇ ਸਨ। ਇੱਥੋਂ 18 ਕੋਹ ਦੂਰ ਗੋਜਰੇ ਮੰਡੀ ਵਿਖੇ ਇਹਨਾਂ ਦੀ ਇਕ ਸ਼ਰਧਾਲੂ ਮਾਈ ਸਤਿਨਾਮ ਰਹਿੰਦੀ ਸੀ। ਉਹ ਰਾਤ ਭਰ ਜਾਗਦੀ, ਬੰਦਗੀ ਕਰਦੀ। ਬਹੁਤ ਸੋਝੀਵਾਨ ਸੀ। ਜਿਤਨੇ ਸਰੀਰ ਉਸ ਦੇ ਘਰ ਆਉਣੇ ਹੁੰਦੇ ਅਗਦੀਂ ਹੀ ਦੱਸ ਕੇ ਉਹਨਾਂ ਦਾ ਲੰਗਰ ਪਾਣੀ ਤਿਆਰ ਕਰਵਾ ਲੈਂਦੀ। ਸੰਤ ਰਲਾ ਸਿੰਘ 18 ਸਾਲ ਉਸ ਮਾਈ ਪਾਸ ਟਿਕੇ ਰਹੇ ਅਤੇ ਬਾਅਦ ਵਿੱਚ ਸਤਿਗੁਰੂ ਜੀ ਤੇ ਸੰਗਤ ਦੇ ਪ੍ਰੇਮ ਕਾਰਨ ਖੁੱਲ੍ਹੇ ਵੀ ਵਿਚਰਨ ਲੱਗੇ ਸੰਗਤ ਵਿੱਚ।

ਸੰਤ ਰਲਾ ਸਿੰਘ ਹੋਰਾਂ ਦੇ ਨਾਲ ਕਰਤਾਰ ਸਿੰਘ, ਸੁਖਦੇਵ ਸਿੰਘ ਦੋ ਹੋਰ ਸਾਧੂ ਭੀ ਆ ਰਲੇ। ਨਾਮ ਜਪਦਿਆਂ, ਬਾਣੀ ਪੜ੍ਹਦਿਆਂ, ਸੰਤ ਰਲਾ ਸਿੰਘ ਦੀ ਬਿਰਤੀ ਵੀ ਬਹੁਤ ਬਾਰੀਕ ਹੋ ਗਈ ਸੀ। ਇਹ ਦੂਜੇ ਦਾ ਦੁੱਖ ਵੇਖ

ਕੇ ਨਾ ਜਰਦੇ ਸਨ। ਕਿਸੇ ਬਿਰਧ ਮਾਈ ਭਾਈ ਨੂੰ ਸਿਰ ਤੇ ਭਾਰੀ ਬੁਚਕੀ ਲੈ ਕੇ ਤੁਰੇ ਜਾਂਦੇ ਵੇਖ ਕੇ ਉਸ ਦਾ ਬੋਝਾ ਆਪ ਚੁੱਕ ਕੇ ਮੰਜ਼ਿਲ ਤੇ ਪਹੁੰਚਾਉਂਦੇ। ਇਕ ਵੇਰ ਜਿਸ ਦੀ ਬੁਚਕੀ ਚੁੱਕੀ ਸੀ, ਉਸ ਦੇ ਹੱਥ ਵਿੱਚ ਹੁੱਕਾ ਫੜਿਆ ਵੇਖ ਕੇ, ਉਹਨੂੰ ਸੌਖਾ ਕਰਨ ਲਈ ਉਸ ਦਾ ਹੁੱਕਾ ਵੀ ਚੁੱਕ ਲਿਆ ਸੀ। ਇਹੋ ਜਿਹੇ ਬ੍ਰਹਮ ਗਿਆਨੀ ਸਾਧੂ ਸਨ। ਇਸ ਤੇ ਕਰਤਾਰ ਸਿੰਘ ਨੇ ਕਿਹਾ, ਤੁਸੀਂ ਇਕ ਦਿਨ ਉਸ ਬੁੱਢੜੇ ਦਾ ਹੁੱਕਾ ਭੀ ਸਿੱਖ ਹੋ ਚੁੱਕ ਲਿਆ ਸੀ ਤਾਂ ਸੰਤ ਜੀ ਕਿਹਾ, ਲਿਖਿਆ ਹੈ—

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

-ਭਗਤ ਨਾਮਦੇਵ ਜੀ, ੪੮੫

ਇਹ ਲਖਤਾ ਹੋਈ ਬਿਨਾ ਸਿਖ ਦਾ ਸਾਰਾ ਸਫਰ ਜਨਮ- ਜਾਤਰਾ ਦਾ ਸਫਲ ਨਹੀਂ ਹੁੰਦਾ।"[4]

"ਸੰਤ ਜੀ ਨੇ ਇਕ ਸਮੇਂ ਆਪਣੇ ਦੋਹਾਂ ਸੇਵਕਾਂ ਕਰਤਾਰ ਸਿੰਘ ਅਤੇ ਸੁਖਦੇਵ ਸਿੰਘ ਨੂੰ ਕਿਹਾ ਕਿ ਮੈਂ ਕਈ ਵਾਰ ਤੁਹਾਡੀ ਤਕਲੀਫ ਦਾ ਕਾਰਨ ਬਣਦਾ ਹਾਂ ਤੁਸੀਂ ਮੇਰੇ ਕੋਲੋਂ ਚਲੇ ਜਾਉ। ਤਾਂ ਸੁਖਦੇਵ ਸਿੰਘ ਜੋ ਬੜਾ ਠੰਢਾ ਤੇ ਵਿਚਾਰਵਾਨ ਸਾਧੂ ਸੀ, ਉਸ ਕਿਹਾ—ਤੁਹਾਡੇ ਸੱਦਿਆਂ ਤੁਹਾਡੇ ਕੋਲ ਆਇਆ ਨਹੀਂ ਤੇ ਤੁਹਾਡੇ ਘੱਲਿਆਂ ਜਾਣਾ ਨਹੀਂ। ਜਿਸ ਨੇੜੇ ਆਪ ਦੇ ਕੀਤਾ ਹੈ ਉਹ ਨਖੇੜੇਗਾ ਤਾਂ ਨਿਖੜਾਂਗਾ। ਕਰਤਾਰ ਸਿੰਘ ਕਿਹਾ, ਵੇਖੋ ਭਾਈ ਨਾਲੇ ਬੁੱਢੇ ਦੀ ਸੇਵਾ ਕਰਦੇ ਹਾਂ ਨਾਲੇ ਕਹਿੰਦਾ ਹੈ, ਮੇਰੇ ਕੋਲੋਂ ਟੁਰ ਜਾਉ।

"ਸਤਿਗੁਰੂ ਜੀ (1918 ਈ. ਵਿੱਚ) ਗੋਜਰੇ ਤੋਂ ਸੰਤ ਰਲਾ ਸਿਘ ਜੀ ਪਾਸੋਂ ਹੋ, ਸੰਤ ਨੱਥਾ ਸਿੰਘ ਜੀ ਪਤੰਗ ਦੇ ਡੇਰੇ ਦਰਸ਼ਨ ਦਿੱਤੇ। ਵਾੜੀ ਬਹੁਤ ਹਰੀ, ਫਲੀ ਵੱਖਰ ਦੀ ਭਰੀ ਵੇਖ ਪੁਛਿਓ ਨੇ, ਨਾਲ ਖਾਲ ਤੇ ਨੇੜੇ ਕੋਈ ਨਹੀਂ ਸਿਰਫ ਸੂਆ ਹੀ ਹੈ, ਪਾਣੀ ਕਿਵੇਂ ਤੇ ਕਿੱਥੋਂ ਦੇਂਦੇ ਹੋ? ਸਿੱਖ ਦੱਸਿਆ, ਵਾੜੀ ਸੁੱਕਦੀ ਵੇਖ ਸੰਤ ਜੀ ਨੇ ਸੂਆ ਤੋੜ ਪਿਆਈ। ਕਿਸੇ ਸ਼ਕਾਇਤ ਲਾਈ। ਪਟਵਾਰੀ ਤੇ ਹਾਕਮ ਆਏ, ਪੁੱਛਿਆ ਲੋਕਾਂ ਤੋਂ, ਉਹਨਾਂ ਤੇ ਗਵਾਹੀ ਕੌਣ ਦੇਵੇਗਾ? ਲੋਕਾਂ ਕਿਹਾ ਉਹ ਨਾਮਧਾਰੀ ਹਨ, ਝੂਠ ਨਹੀਂ ਬੋਲਣਗੇ। ਹਾਕਮ ਸੰਤ ਜੀ ਨੂੰ ਆ ਕਿਹਾ, ਤੁਸੀਂ ਪਾਣੀ ਸੂਆ ਤੋੜ ਦਿੱਤਾ ਹੈ ਕਿ ਨਹੀਂ? ਜੇ ਤੋੜ ਦਿੱਤਾ ਜੇ ਤਾਂ ਤੁਆਨ ਪਵੇਗਾ। ਸੰਤ ਜੀ ਉੱਤਰ ਦਿੱਤਾ, ਵਾੜੀ ਸਾਧਾਂ ਦੇ ਭਾਜੇ ਲਈ ਲਾਈ ਸੁੱਕਦੀ ਜਾਣ, ਸੂਆ ਤੋੜ ਕੇ ਪਿਆਈ ਹੈ। ਤੁਸੀਂ ਤੁਆਨ ਲੈ ਲਉ। ਅਸੀਂ ਸਮਝਾਂਗੇ ਭਾਜਾ ਮੁੱਲ ਹੀ ਲੈਂਦੇ ਹਾਂ। ਅੱਗੋਂ ਭੀ ਤੇ ਪਿਆਣੀ ਹੈ ਇਸੇ ਤਰ੍ਹਾਂ। ਹਾਕਮ ਸੰਤ ਜੀ ਦੇ

ਸਾਦੇ ਤੇ ਸੱਚੇ ਬਚਨ ਸੁਣ ਕਹਿ ਗਿਆ, ਜਿਵੇਂ ਸੁਣਿਆ ਸੀ, ਉਹ ਨਾਮਧਾਰੀ ਹਨ ਝੂਠ ਨਹੀਂ ਬੋਲਣਗੇ, ਤਿਵੇਂ ਦੇ ਹੀ ਦੇਖੇ ਹਨ। ਤੇ ਕਹਿ ਗਿਆ, ਤੁਹਾਨੂੰ ਕਦੀ ਕੋਈ ਨਾ ਰੋਕੇਗਾ। ਸਤਿਗੁਰੂ ਜੀ ਪਤੰਗ ਜੀ ਦਾ ਨਿਸੰਗ ਸੱਚ ਬੋਲਣਾ ਸੁਣ ਕਿਹਾ, ਕੂਕੇ ਤਾਂ ਅਜਿਹੇ ਹੀ ਹੁੰਦੇ ਹਨ।"[5]

ਸੰਤ ਨੱਥਾ ਸਿੰਘ ਜੀ ਪਤੰਗ, ਉਹਨਾਂ ਤੋਂ ਵਰੋਸਾਏ ਸੰਤ ਰਲਾ ਸਿੰਘ ਜੀ ਅਤੇ ਹੋਰ ਅਨੇਕ ਤਪੱਸਵੀ ਰੂਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸਿੱਖੀ ਦਾ ਜੋ ਪਰਚਾਰ ਪਰਸਾਰ ਕਰਦੀਆਂ ਰਹੀਆਂ, ਇਸ ਲਈ ਉਹ ਸਭ ਸੱਜਣ ਸਾਡੇ ਇਤਿਹਾਸ ਦੇ ਅਮਰ ਪਾਤਰ ਹਨ। ਇਹਨਾਂ ਨੇ ਸੇਵਾ ਸਿਮਰਨ ਦੁਆਰਾ ਆਪਣੇ ਅੰਦਰੋਂ ਹੰਗਤਾ ਮਾਰ ਲਈ ਸੀ ਅਤੇ ਗੁਰਸਿੱਖੀ ਦੀ ਬਾਰੀਕੀ ਨੂੰ ਇਹਨਾਂ ਅੰਤਰ ਆਤਮੇ ਵਿੱਚ ਗ੍ਰਹਿਣ ਕਰ ਲਿਆ ਸੀ। ਨਿਮਰਤਾ, ਨਿਰਮਾਣਤਾ ਅਤੇ ਆਪਾ ਭਾਵ ਤੋਂ ਉਪਰ ਉੱਠਣ ਵਾਲੇ ਇਹ ਸਾਧੂ ਜੁਗਨੂੰਆਂ ਜਿਉਂ ਹਨੇਰੇ ਵਿੱਚ ਵੀ ਆਪਣੀ ਕਰਨੀ ਦੀ ਰੋਸ਼ਨੀ ਬਖੇਰਨ ਵਾਲੇ ਸਨ। ਇਹਨਾਂ ਸਾਧੂਆਂ ਬਾਰੇ ਹੀ ਜ਼ਿੰਦਗੀ ਬਿਲਾਸ ਦਾ ਕਰਤਾ ਲਿਖ ਗਿਆ ਹੈ-

"ਓਥੇ ਰੋਸ਼ਨੀ ਗੈਸ ਗਿਆਨ ਦੀ ਏ,

ਓਥੇ ਚੰਦ ਸੂਰਜ ਵਾਲੀ ਲੋਅ ਨਾਹੀਂ।

ਮੈਂ ਮਾਰ ਕੇ ਮਿਲੀਦਾ ਦੈਆ ਸਿੰਘਾ,

ਜਿੱਥੇ ਮੈਂ ਵੱਸੇ ਓਥੇ ਓਹ ਨਾਂਹੀ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਇੰਦਰ ਸਿੰਘ ਚੱਕਰਵਰਤੀ, ਸਤਿਜੁਗ, ਸ੍ਰੀ ਭੈਣੀ ਸਾਹਿਬ, ਸੰਤ ਅੰਕ, 20 ਭਾਦਰੋਂ, ਸੰਬਤ 1998 (ਸਤੰਬਰ, 1941), ਸ੍ਰੀ ਸੰਤ ਨੱਥਾ ਸਿੰਘ ਜੀ ਪਤੰਗ, ਸਫਾ 123-24

2. ਉਪਰੋਕਤ, ਸਫਾ 124-25

3. ਉਪਰੋਕਤ, ਸਫਾ 128

4. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ 2, ਪਹਿਲੀ ਛਾਪ, ਸਫਾ 214

5. ਉਪਰੋਕਤ, ਸਫਾ 215

# ਮਸਤਾਨਾ ਜੋਗੀ
# ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਫੁਲਵਾੜੀ ਵਿੱਚ ਅਨੇਕ ਰੰਗਾਂ ਦੇ ਭਾਂਤ ਸੁਭਾਂਤੀ ਫੁੱਲ ਖਿੜੇ ਹੋਏ ਹਨ। ਆਪ ਜੀ ਤੋਂ ਵਰੋਸਾਈਆਂ ਅਨੇਕਾਂ ਰੂਹਾਂ ਨੇ ਆਪੋ ਆਪਣੇ ਢੰਗ ਨਾਲ, ਕਲਿਆਣ ਦੇ ਮਾਰਗ ਤੇ ਚੱਲਦਿਆਂ, ਦੀਨਾਂ ਦੁਖੀਆਂ ਦੇ ਦੁੱਖ ਦੂਰ ਕਰ ਕੇ, ਧਰਤੀ ਤੋਂ ਪਾਪਾਂ ਦਾ ਭਾਰ ਹੌਲਾ ਕਰਨ ਵਿੱਚ ਹਿੱਸਾ ਪਾਇਆ। ਇਸ ਤਰ੍ਹਾਂ ਦੇ ਹੀ ਇਕ ਪਹੁੰਚੇ ਹੋਏ ਸਾਧੂ ਮਹਾਂ ਪੁਰਖ, ਮਸਤਾਨੇ, ਸੰਤ ਹਰਨਾਮ ਸਿੰਘ ਜੀ ਮਹਾਰਾਜ, ਕਿਲ੍ਹੇ ਵਾਲੇ ਹੋਏ ਹਨ। ਆਪ ਜੀ ਨੂੰ ਇੱਕ ਸਦੀ ਦੇ ਉੱਪਰ ਆਰਜਾ ਭੋਗਣ ਲਈ ਮਿਲੀ ਅਤੇ ਇਹ ਵੀ ਆਪ ਜੀ ਦੇ ਹਿੱਸੇ ਆਇਆ ਕਿ ਆਪ ਜੀ ਨੂੰ ਸ੍ਰੀ ਗੁਰੂ ਹਰੀ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਦੀਦਾਰਿਆਂ ਅਤੇ ਉਹਨਾਂ ਨਾਲ ਬਚਨ ਬਿਲਾਸ ਕਰਨ ਦਾ ਸ਼ੁਭ ਅਵਸਰ ਵੀ ਮਿਲਦਾ ਰਿਹਾ ਹੈ। ਬੇਸ਼ਕ ਸਮਾਂ ਪਾ ਕੇ ਸੰਤ ਜੀ ਮਹਾਰਾਜ ਅਤੇ ਉਹਨਾਂ ਦੇ ਪੈਰੋਕਾਰ ਨਾਮਧਾਰੀ ਪੰਥ ਦੀ ਮੁੱਖ ਧਾਰਾ ਨਾਲੋਂ ਮਰਿਆਦਾ ਦੇ ਮੁਆਮਲੇ ਤੇ ਹੌਲੀ ਹੌਲੀ ਦੂਰ ਚਲੇ ਗਏ, ਪਰ ਸੰਤ ਜੀ ਦਾ ਪ੍ਰੇਮਾ ਭਗਤੀ ਵਾਲਾ ਜੀਵਨ, ਨਾਮ, ਬਾਣੀ, ਸੇਵਾ, ਕੀਰਤਨ ਆਦਿ ਪ੍ਰਤੀ ਅਤੁੱਟ ਲਗਾਉ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਇਸ਼ਟ ਦੇ ਤੌਰ ਤੇ ਸਦਾ ਸਿਮਰਨਾ, ਨਾਮਧਾਰੀ ਜਗਤ ਨਾਲ ਉਹਨਾਂ ਦੇ ਮੁੱਢਲੇ ਸੰਬੰਧਾਂ ਦੀ ਬਾਤ ਪਾਉਂਦਾ ਰਹੇਗਾ। ਇਸ ਲਈ ਸੰਤ ਕਿਲ੍ਹੇ ਵਾਲੇ ਵੀ ਕੂਕਾ ਲਹਿਰ ਦੇ ਅਮਰ ਨਾਇਕਾਂ ਵਿੱਚ, ਉੱਘਾ ਸਥਾਨ ਰੱਖਦੇ ਹਨ।

ਸਿੱਖ ਮਿਸਲਾਂ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਤਿੰਨ ਸੱਕੇ ਭਰਾਵਾਂ ਸਿੱਖ ਸਰਦਾਰਾਂ ਨੇ ਕਿਲ੍ਹੇ ਬਣਾ ਕੇ, ਆਪਣੇ ਨਾਵਾਂ ਤੇ ਤਿੰਨ ਪਿੰਡ ਵਸਾਏ ਸਨ। ਕਿਲ੍ਹਾ ਦੀਦਾਰ ਸਿੰਘ ਗੁਜਰਾਂਵਾਲਾ ਜ਼ਿਲ੍ਹਾ ਵਿੱਚ ਸੀ। ਕਿਲ੍ਹਾ ਸੂਬਾ ਸਿੰਘ ਅਤੇ ਕਿਲ੍ਹਾ ਸੋਭਾ ਸਿੰਘ ਦੋਵੇਂ ਸਿਆਲਕੋਟ ਜ਼ਿਲ੍ਹੇ ਵਿੱਚ ਸਨ। ਕਿਲ੍ਹਾ ਸੂਬਾ 'ਸਿੰਘ ਸਤਰਾਹ ਥਾਣੇ ਵਿੱਚ ਸੀ ਅਤੇ ਇਸੇ ਥਾਣੇ ਵਿੱਚ ਚੱਕ ਰਾਮਦਾਸ, ਉੱਗੂ (ਗੁਰੂ) ਚੱਕ, ਸਖਾਣਾ, ਖੰਡੂ ਵਾਲੀ, ਉਦੂ ਫੱਤਾ, ਛਾਂਗਾ, ਮਾਂਗਾ ਆਦਿ 22 ਪਿੰਡਾਂ ਵਿੱਚ ਨਾਮਧਾਰੀ ਜਾਂ ਕੂਕੇ ਵੱਸਦੇ ਸਨ, ਪੰਜਾਬ ਸਰਕਾਰ ਦੇ ਮਹੱਤਵਪੂਰਨ ਕੂਕਿਆਂ ਦੀ 1881 ਈ. ਵਾਲੀ ਸੂਚੀ ਮੁਤਾਬਿਕ ਪੰਜਾਬ ਭਰ ਵਿੱਚ ਸਭ ਤੋਂ ਵੱਧ ਕੂਕਾ ਵੱਸੋਂ ਵਾਲੇ 124 ਪਿੰਡਾਂ ਵਾਲਾ ਇਹ

ਜ਼ਿਲ੍ਹਾ ਵੀ ਸਿਆਲਕੋਟ ਹੀ ਸੀ। ਸਤਿਗੁਰੂ ਰਾਮ ਸਿੰਘ ਜੀ ਫੁਰਮਾਇਆ ਕਰਦੇ ਸਨ ਕਿ ਗੁਰੂ ਬਾਲਕ ਸਿੰਘ ਜੀ ਪਾਸੋਂ ਪੋਠੋਹਾਰ ਵਿੱਚੋਂ ਨਾਮਧਾਰੀ ਸਿੱਖੀ ਦੀ ਪੰਡ ਬੰਨ੍ਹ ਕੇ, ਪੁਆਧ ਵੱਲ ਚੱਲੇ ਸਾਂ ਪਰ ਇਹ ਤਾਂ ਇੱਥੇ ਦੜਪ ਵਿੱਚ ਹੀ ਖਿੱਲਰ ਗਈ ਹੈ।

ਕਿਲ੍ਹਾ ਸੂਬਾ ਸਿੰਘ ਵਿੱਚ ਵੱਖ ਵੱਖ ਕੰਮਾਂ ਧੰਧਿਆਂ ਅਤੇ ਜ਼ਾਤ ਬਿਰਾਦਰੀ ਵਾਲੇ ਲੋਕ, ਉਨ੍ਹੀਵੀਂ ਸਦੀ ਦੇ ਅਠਵੇਂ ਦਹਾਕੇ ਵਿੱਚ ਮਿਲ ਜੁਲ ਕੇ ਵੱਸਦੇ ਸਨ। ਇਕ ਘਰ ਪਲਵੰਦੇ ਖੱਤਰੀਆਂ ਦੇ ਦੋ ਭਰਾਵਾਂ, ਕਾਹਨੇ ਸ਼ਾਹ ਅਤੇ ਮਾਹਨੇ ਸ਼ਾਹ ਦਾ ਸੀ। ਸਹਿਜਧਾਰੀ ਪਰਿਵਾਰ ਸ਼ਾਹੂਕਾਰਾ ਕਰਦਾ ਸੀ। ਮਾਹਨੇ ਸ਼ਾਹ ਦਾ ਪੁੱਤਰ ਰਾਧੇ ਕਿਸ਼ਨ ਬੀਬੀ ਲੱਛਮੀ ਨਾਲ ਵਿਆਹਿਆ ਸੀ। ਇਸ ਦੰਪਤੀ ਦੀਆਂ ਸੱਤ ਪੁੱਤਰੀਆਂ ਸਨ ਤੇ ਇਕ ਹਾਕਮ ਰਾਏ ਨਾਮ ਦਾ ਪੁੱਤਰ ਜੋ ਬਚਪਨ ਵਿੱਚ ਹੀ ਚੱਲ ਵੱਸਿਆ ਸੀ। ਸੱਤਾਂ ਭੈਣਾਂ ਦਾ ਕੋਈ ਇਕ ਵੀਰ ਵੀ ਨਾ ਹੋਣ ਕਾਰਨ ਮਾਤਾ ਪਿਤਾ ਅਕਸਰ ਬਹੁਤ ਉਦਾਸ ਰਹਿੰਦੇ ਸਨ। ਬੀਬੀ ਲੱਛਮੀ ਆਟਾ ਹੱਥ ਚੱਕੀ ਤੇ ਆਪ ਪੀਹ ਪੀਹ ਕੇ ਮੱਟ ਭਰ ਛੱਡਦੇ। ਆਏ ਗਏ ਸਾਧੂ ਸੰਤਾਂ ਨੂੰ ਰਸਦਾਂ ਪੁਚਾਉਂਦੇ ਜਾਂ ਘਰ ਆਇਆਂ ਦੀ ਸੇਵਾ ਕਰਦੇ। ਇਲਾਕੇ ਦੇ ਪਿੰਡ ਗਿੱਲ (ਥਾਣਾ ਕਿਲ੍ਹਾ ਸੋਭਾ ਸਿੰਘ) ਵਿੱਚ ਸਤਿਗੁਰੂ ਬਾਲਕ ਸਿੰਘ ਜੀ ਤੋਂ ਵਰੋਸਾਏ ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੂਬਾ ਥਾਪੇ ਹੋਏ, ਸੰਤ ਜਮੀਅਤ ਸਿੰਘ ਜੀ ਰਹਿੰਦੇ ਸਨ। ਉਹ ਇਕ ਤਰ੍ਹਾਂ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਗੁਰ ਭਾਈ ਹੀ ਸਨ। ਫੌਜੀ ਜੀਵਨ ਸਮੇਂ ਸਤਿਗੁਰੂ ਜੀ ਦੇ ਨਾਲ ਹੀ ਹਜਰੋਂ ਸਾਹਿਬ ਜਾ ਕੇ ਗੁਰੂ ਬਾਲਕ ਸਿੰਘ ਜੀ ਤੋਂ ਨਾਮ ਦਾਨ ਲਿਆ ਸੀ। ਉਹ ਅਸ਼ਟਮੀ ਦਾ ਮੇਲਾ ਕਰਿਆ ਕਰਦੇ ਸਨ। ਬੀਬੀ ਲੱਛਮੀ ਇਕ ਮੇਲੇ ਤੇ ਗਿੱਲ ਪਿੰਡ ਗਈ। ਸੰਤਾਂ ਤੋਂ ਪੁੱਤਰ ਪ੍ਰਾਪਤੀ ਦੀ ਅਰਦਾਸ ਕਰਵਾਈ ਅਤੇ ਖੁਸ਼ੀ ਖੁਸ਼ੀ ਘਰ ਆ ਗਈ।

ਮਾਹਨੇ ਸ਼ਾਹ ਜੀ ਦੇ ਗੁਆਂਢ ਵਿੱਚ ਰਹਿੰਦੇ ਬਾਬਾ ਠਾਕਰ ਸਿੰਘ, ਸ਼ਾਹ ਜੀ ਦੇ ਪੱਗ ਵੱਟ ਭਰਾ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿੱਚ ਆ ਚੁੱਕੇ ਸਨ। ਉਹਨਾਂ ਨੇ ਜਦੋਂ ਕਦੇ ਸਤਿਗੁਰੂ ਜੀ ਦਾ ਦੌਰਾ ਇਧਰ ਹੁੰਦਾ, ਸ਼ਾਹ ਜੀ ਦੇ ਘਰ ਪੋਤਰਾ ਬਖਸ਼ਣ ਦੀ ਅਰਜ਼ ਕਰਨੀ। ਇਕ ਵੇਰ ਸਤਿਗੁਰੂ ਜੀ ਗੁਰੂ ਚੱਕ ਦਰਸ਼ਨ ਦੇ ਰਹੇ ਸਨ। ਬਾਬਾ ਗਿੱਲ ਜੀ ਦੀ ਮਾਰਫਤ ਬੀਬੀ ਲੱਛਮੀ ਨੇ ਲੰਗਰ ਦੀ ਅਰਜ਼ ਕੀਤੀ। ਮਨਜ਼ੂਰ ਹੋ ਗਈ ਤੇ ਸਤਿਗੁਰੂ ਜੀ ਗੁਰੂ ਚੱਕ ਤੋਂ ਅਗਲੀ ਸਵੇਰ ਕਿਲ੍ਹਾ ਸੂਬਾ ਸਿੰਘ ਜਿਸਨੂੰ ਕਾਲਰ ਵਾਲਾ ਕਿਲ੍ਹਾ ਵੀ ਕਿਹਾ ਜਾਂਦਾ ਹੈ, ਆ ਦਰਸ਼ਨ ਦਿੱਤੇ। ਸਤਿਗੁਰੂ ਜੀ ਤੇ ਸੰਗਤ ਦੇ ਪਰਸ਼ਾਦ ਪਾਣੀ ਛਕ ਲੈਣ ਬਾਅਦ, ਬੀਬੀ ਲੱਛਮੀ ਝੋਲੀ

ਵਿੱਚ ਪਤਾਸਿਆਂ ਦਾ ਪਰਸ਼ਾਦ ਲੈ ਕੇ ਖਲੋ ਗਈ। ਪਰ ਵੈਰਾਗ ਭਾਰੀ ਹੋ ਗਿਆ।ਅਰਜ਼ ਹੋ ਨਾ ਸੱਕੇ। ਸਤਿਗੁਰੂ ਜੀ ਨੇ ਫੁਰਮਾਇਆ— ਰੋ ਨਾ ਤੇਰੇ ਘਰ ਬਹੁਤ ਉੱਚੀ ਸੁੱਚੀ ਬਿਰਤੀ ਵਾਲਾ, ਸਾਧੂ ਪੁੱਤਰ ਲੋਕਾਂ ਦੇ ਭਲੇ ਵਾਸਤੇ ਆਵੇਗਾ।"

ਇਹ ਵੀ ਕਿਹਾ ਜਾਂਦਾ ਹੈ ਕਿ ਸੰਤ ਜੀ ਦੀ ਬਾਲ ਵਿਧਵਾ ਭੈਣ ਬੀਬੀ ਗਿਰਜਾ ਦੇਵੀ ਨੂੰ ਜੋ ਅਕਸਰ ਵੈਰਾਗੀ ਰਹਿੰਦੀ ਸੀ ਗੁਰੂ ਨਾਨਕ ਦੇਵ ਜੀ ਨੇ ਸੁਪਨ ਦਰਸ਼ਨ ਦੇ ਕੇ ਕਿਹਾ ਸੀ ਕਿ ਤੁਹਾਡੇ ਘਰ ਆਪਣਾ ਸਿੱਖ ਭੇਜਾਂਗੇ, ਨੱਕ ਕੰਨ ਨਹੀਂ ਵਿੰਨ੍ਹਣੇ ਅਤੇ ਕੇਸਾਧਾਰੀ ਰੱਖਣਾ। ਤੇ ਅਖੀਰ ਇਹ ਸੁਭਾਗੀ ਘੜੀ ਆ ਗਈ ਜਦੋਂ ਰਾਧੇ ਕਿਸ਼ਨ ਅਤੇ ਬੀਬੀ ਲੱਛਮੀ ਦੇ ਘਰ, ਪੋਹ ਸੁਦੀ ਦੂਜ, ਸੰਬਤ 1934 ਬਿਕਰਮੀ ਮੁਤਾਬਿਕ, ਦਸੰਬਰ 1877 ਈ. ਨੂੰ ਇਲਾਹੀ ਸਰੂਪ ਵਾਲੇ ਬਾਲਕ ਨੇ ਜਨਮ ਲਿਆ। ਦਾਦੇ ਮਾਹਨੇ ਸ਼ਾਹ ਨੇ ਪੋਤਰਾ ਹੋਣ ਦੀ ਖੁਸ਼ੀ ਵਿੱਚ ਸਾਰੇ ਪਿੰਡ ਵਿੱਚ ਗੁੜ ਵੰਡਿਆ। ਜਦੋਂ ਆਪ ਸਵਾ ਮਹੀਨੇ ਦੇ ਹੋਏ ਤਾਂ ਮਾਤਾ ਲੱਛਮੀ ਜੀ ਆਪ ਨੂੰ ਬਾਬਾ ਜਮੀਅਤ ਸਿੰਘ ਗਿੱਲ ਦੇ ਡੇਰੇ, ਮੱਥਾ ਟਿਕਾਉਣ ਲੈ ਗਈ। ਸੰਤਾਂ ਦੀ ਉਂਗਲੀ ਬਾਲਕ ਨਿੱਕੇ ਨਿੱਕੇ ਹੱਥਾਂ ਵਿੱਚ ਘੁੱਟ ਲੈਂਦਾ। ਸੰਤ ਜੀ ਨੇ ਆਪ ਨੂੰ ਕੰਨ ਵਿੱਚ ਚੌ ਅੱਖਰਾ ਭਜਨ ਦੇ ਦਿੱਤਾ ਅਤੇ ਹੋਰ ਵੀ ਬੇਅੰਤ ਖੁਸ਼ੀਆਂ ਬਖਸ਼ੀਆਂ। ਮਾਤਾ ਲੱਛਮੀ ਜੀ ਨੇ ਪਿੰਡ ਦੇ ਗੁਰਦੁਆਰੇ ਵਿੱਚ ਕੜਾਹ ਪਰਸ਼ਾਦ ਭੇਟ ਕੀਤਾ ਅਤੇ ਬਾਲਕ ਦਾ ਨਾਮ ਹਰਿਨਾਮ" ਨਿਕਲਿਆ। ਸ਼ਾਮ ਨੂੰ ਦਾਦਾ ਮਾਹਨੇ ਸ਼ਾਹ ਹੱਟੀ ਤੋਂ ਆਉਂਦੇ ਤਾਂ ਵਾਜ ਮਾਰਦੇ— "ਕਿੱਥੇ ਹੈ ਕਾਕਾ ਹਰਿਨਾਮ?' ਦਾਦਾ ਜੀ ਲਾਡ ਪਿਆਰ ਕਰਦੇ ਅਤੇ ਆਖਦੇ- "ਮੋਨਾ ਕਮਾਵੇ ਤੇ ਸਿੱਖ ਛਕੇ। ਤੇ ਸਿੱਖ ਦਾ ਪਰਤਾਪ ਮੋਨਾ ਸਹਿ ਨਾ ਸਕੇ।"

ਸ਼ੁਰੂ ਤੋਂ ਉਦਾਰ ਚਿੱਤ ਸੁਭਾਉ ਸੀ। ਸਾਥੀਆਂ ਨੂੰ ਇਕੱਠੇ ਕਰ ਕੇ ਰੱਸੀਆਂ ਨੂੰ ਗੰਢਾਂ ਮਾਰ ਕੇ, ਸਿਮਰਨੇ ਬਣਾ ਕੇ ਕਹਿਣਾ, ਆਉ ਭਜਨ ਕਰੀਏ। ਜੋ ਕੁਝ ਮਾਤਾ ਜੀ ਤੋਂ ਛਕਣ ਲਈ ਮਠਿਆਈ ਆਦਿ ਮਿਲਣੀ ਸਾਥੀਆਂ ਵਿੱਚ ਵੰਡ ਕੇ ਛਕਦੇ ਸਨ। ਲੋੜਵੰਦਾਂ ਦੀ ਬਿਨਾ ਜਣਾਏ ਸਹਾਇਤਾ ਕਰਨੀ, ਆਪ ਦੇ ਸੁਭਾਉ ਦਾ ਹਿੱਸਾ ਸੀ। ਪਿੰਡ ਗਿੱਲ ਦੇ ਹੀ ਸੰਤ ਮੱਲਾ ਸਿੰਘ ਜੀ, ਭਾਈ ਜਵਾਹਰ ਸਿੰਘ ਤੇ ਮਾਤਾ ਭਾਗਣ ਦੇ ਘਰ ਪੈਦਾ ਹੋਏ ਸਨ, ਸੰਬਤ 1920 ਬਿਕਰਮੀ ਵਿੱਚ। ਉਹਨਾਂ ਨੇ 6 ਸਾਲ ਦੀ ਉਮਰ ਵਿੱਚ ਬਾਬਾ ਜਮੀਅਤ ਸਿੰਘ ਜੀ ਦੇ ਡੇਰੇ ਤੇ ਆਇਆਂ ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮ ਦੀ ਦਾਤ ਲਈ ਸੀ। ਚਿੱਤ ਬੰਦਗੀ ਵਿੱਚ ਅੱਠੇ ਪਹਿਰ ਲੀਨ ਰਹਿੰਦਾ। ਬਾਰਾਂ ਸਾਲ ਦੀ ਉਮਰ ਵਿੱਚ ਵਿਆਹ ਵੀ ਹੋ ਗਿਆ। ਪਰ

ਆਪ ਗ੍ਰਹਿਸਤ ਵੱਲ ਰੁਚਿਤ ਨਾ ਹੋਏ। ਆਪਣੇ ਪਿਤਾ ਤੇ ਸਹੁਰਾ ਪਰਿਵਾਰ ਨੂੰ ਕਹਿ ਕੇ, ਉਸ ਬੀਬੀ ਦਾ ਹੋਰ ਥਾਂ ਨਾਤਾ ਜੋੜ ਦਿੱਤਾ। ਆਪ ਸਾਰੀ ਉਮਰ ਭਜਨ ਬੰਦਗੀ ਅਤੇ ਸੇਵਾ ਵਿੱਚ ਬਿਤਾਈ। ਪਰਿਵਾਰ ਤੇ ਕਰਜ਼ਾ ਸੀ। ਤਿੰਨ ਸਾਲ ਮਿਹਨਤ ਕਰ ਕੇ ਸਾਰਾ ਕਰਜ਼ਾ ਉਤਾਰਿਆ। ਫਿਰ ਸੰਤ ਮੱਲਾ ਸਿੰਘ ਜੀ ਦਾ ਡੇਰਾ ਕਿਲ੍ਹਾ ਸੂਬਾ ਸਿੰਘ ਵਿਖੇ ਸੰਤ ਹਰਨਾਮ ਸਿੰਘ ਹੋਰਾਂ ਦੇ ਘਰ ਹੀ ਹੁੰਦਾ। ਸੰਤ ਜੀ ਦੀ ਮਾਤਾ, ਸੰਤ ਮੱਲਾ ਸਿੰਘ ਹੋਰਾਂ ਨੂੰ ਪਰਸ਼ਾਦ ਛਕਾ ਕੇ ਫਿਰ ਛਕਿਆ ਕਰਦੇ ਸਨ। ਸੰਤ ਜੀ ਖੇਤਾਂ ਵਿੱਚ ਚਲੇ ਜਾਂਦੇ ਤੇ ਭਜਨ ਕਰਦੇ ਰਹਿੰਦੇ। ਉਹਨਾਂ ਕਹਿਣਾ ਜਦੋਂ ਅਸੀਂ ਹਾਲੀਆਂ ਨੂੰ ਹਲ ਵਾਹੁੰਦੇ ਵੇਖਣਾ ਤਾਂ ਸੋਚਣਾ ਕਿ ਇਹ ਆਪਣਾ ਵਿਹਾਰ ਨਹੀਂ ਛੱਡ ਰਹੇ, ਅਸੀਂ ਬੰਦਗੀ ਕਿਉਂ ਛੱਡੀਏ। ਇਸ ਤਰ੍ਹਾਂ ਮੱਲਾ ਸਿੰਘ ਜੀ 12-1 ਵਜੇ ਆ ਕੇ ਦੁਪਹਿਰੇ ਪਰਸ਼ਾਦਾ ਛਕਦੇ ਤੇ ਮਾਤਾ ਲੱਛਮੀ ਉਹਨਾਂ ਨੂੰ ਛਕਾ ਕੇ ਹੀ ਛਕਦੇ ਭਾਂਵੇ ਮੱਲਾ ਸਿੰਘ ਹੋਰਾਂ ਕਹਿਣਾ— "ਭੈਣ ਜੀ ਤੁਸੀਂ ਛਕ ਲਿਆ ਕਰੋ ਮੈਂ ਤੁਹਾਨੂੰ ਪਰਸ਼ਾਦੇ ਤੋਂ ਕੁਵੇਲਾ ਕਰ ਦਿੰਦਾ ਹਾਂ।" ਪਰ ਮਾਤਾ ਜੀ ਦੀ ਵੀ ਉੱਚੀ ਬਿਰਤੀ ਸੀ।

ਬਾਲਕ ਹਰਨਾਮ ਸਿੰਘ ਹੋਰਾਂ ਲਈ ਆਪਣੇ ਤੋਂ 13-14 ਵਰ੍ਹੇ ਵੱਡੇ, ਸੰਤ ਮੱਲਾ ਸਿੰਘ ਜਿਹੇ ਭਜਨੀਕ ਅਤੇ ਤਿਆਗ- ਮੂਰਤ ਸਾਧੂ ਦੀ ਸੰਗਤ, ਸੋਨੇ ਤੇ ਸੁਹਾਗੇ ਵਾਲੀ ਸਾਬਤ ਹੋਈ। ਆਪ ਉਹਨਾਂ ਨੂੰ ਅੱਠੇ ਪਹਿਰ ਚੌਂਕੜਾ ਮਾਰੀ ਭਜਨ ਕਰਦੇ ਵੇਖਦੇ। ਉਹ ਵੱਡੇ ਤੜਕੇ ਉੱਠ ਕੇ ਖੂਹੀ ਤੋਂ ਇਸ਼ਨਾਨ ਕਰਿਆ ਕਰਦੇ ਸਨ। ਬਾਲਕ ਹਰਨਾਮ ਸਿੰਘ ਨੇ ਸੋਚਿਆ ਕਿ ਇਹ ਬੰਦਗੀ ਜਿਸ ਵਿੱਚ ਸੰਤ ਮੱਲਾ ਸਿੰਘ ਅੱਠੇ ਪਹਿਰ ਲੀਨ ਰਹਿੰਦੇ ਹਨ, ਬਹੁਤ ਉੱਚੀ ਵਸਤੂ ਹੈ। ਉਹਨਾਂ ਕਿਹਾ— "ਸੰਤ ਜੀ ਜਦੋਂ ਸਵੇਰੇ ਉੱਠੋ ਸਾਨੂੰ ਵੀ ਉਠਾ ਦਿਆ ਕਰੋ।" ਪਰ ਮੱਲਾ ਸਿੰਘ ਹੋਰਾਂ ਦੇ ਨਾ ਉਠਾਉਣ ਤੇ ਜਦੋਂ ਹਰਨਾਮ ਸਿੰਘ ਹੋਰਾਂ ਦੁਬਾਰਾ ਪੁੱਛਿਆ ਤਾਂ ਉਹਨਾਂ ਦਾ ਜੁਆਬ ਸੀ- "ਮੈਂ ਸੋਚਿਆ ਕਿ ਜਿਹੜਾ ਮੈਨੂੰ ਉਠਾਉਂਦਾ ਹੈ, ਉਹ ਤੁਹਾਨੂੰ ਵੀ ਉਠਾ ਦੇਵੇਗਾ।" ਹੌਲੀ ਹੌਲੀ ਬਾਲਕ ਹਰਨਾਮ ਸਿੰਘ ਵੀ ਸੰਤ ਮੱਲਾ ਸਿੰਘ ਹੋਰਾਂ ਦੇ ਵੇਲੇ ਹੀ ਤੜਕੇ ਉੱਠਣ ਲੱਗ ਪਏ ਅਤੇ ਸੰਤਾਂ ਦੀ ਸੇਵਾ ਭੱਜ ਭੱਜ ਕੇ ਕਰਿਆ ਕਰਦੇ ਸਨ।

ਜਦੋਂ ਸੰਤ ਮੱਲਾ ਸਿੰਘ ਜੀ ਪਰਿਵਾਰ ਨੂੰ ਕਰਜ਼ਾ ਮੁਕਤ ਕਰਨ ਲਈ ਆਪਣੇ ਖੇਤਾਂ ਵਿੱਚ ਹਲ ਵਾਹਿਆ ਕਰਦੇ ਸਨ ਤਾਂ ਕਿਸੇ ਨੇ ਸੰਤ ਜਮੀਅਤ ਸਿੰਘ ਪਾਸ ਉਹਨਾਂ ਦੀ ਸ਼ਕਾਇਤ ਲਾ ਦਿੱਤੀ ਕਿ ਮੱਲਾ ਸਿੰਘ ਹਲ ਤਾਂ ਆਪਣੇ ਖੇਤਾਂ ਵਿੱਚ ਵਾਹੁੰਦਾ ਹੈ, ਪਰ ਪਰਸ਼ਾਦਾ ਆਪ ਦੇ ਲੰਗਰ ਵਿੱਚ ਛਕਦਾ ਹੈ। ਜਮੀਅਤ ਸਿੰਘ ਹੋਰਾਂ ਦੇ ਪੁੱਛਣ ਤੇ ਮੱਲਾ ਸਿੰਘ ਦਾ ਜੁਆਬ ਸੀ- "ਅਸੀਂ

ਪਰਸ਼ਾਦਾ ਤੁਹਾਡੇ ਲੰਗਰ ਵਿੱਚੋਂ ਤਾਂ ਛੱਕਦੇ ਹਾਂ ਕਿ ਕਿਤੇ ਇਹ ਲੰਗਰ ਬੰਦ ਨਾ ਹੋ ਜਾਵੇ।" ਉਹ ਪਰਸ਼ਾਦਾ ਘਰ ਤਾਂ ਨਹੀਂ ਸਨ ਛਕਣ ਜਾਂਦੇ ਕਿ ਗ੍ਰਹਿਸਤੀ ਜੀਵਨ ਨਾਲੋਂ ਟੁੱਟਿਆ ਕਿੰਜ ਜਾਵੇ। ਜਦੋਂ ਉਹ ਬੀਬੀ ਪਾਸੇ ਵਿਆਹ ਦਿੱਤੀ ਫਿਰ ਘਰ ਚਲੇ ਜਾਇਆ ਕਰਦੇ ਸਨ। ਇਕ ਵੇਰ ਸੰਤ ਮੱਲਾ ਸਿੰਘ ਜੀ ਨੇ ਗੁਰੂ ਗਰੰਥ ਸਾਹਿਬ ਦਾ ਵਾਕ ਲਿਆ ਤਾਂ ਆਇਆ- "ਏਕੋ ਵਿਸਰੁ ਨ ਜਾਇ।" ਇਹ ਪੜ੍ਹਦਿਆਂ ਹੀ ਆਪ ਵੈਰਾਗੀ ਹੋ ਗਏ ਅਤੇ ਕਹਿੰਦੇ ਹੋਰ ਕੀ ਪੜ੍ਹਨਾ। ਫਿਰ ਮੱਲਾ ਸਿੰਘ ਜੀ ਨੇ ਕਦੇ ਗੁਰਬਾਣੀ ਦਾ ਵਾਕ ਨਹੀਂ ਲਿਆ। "ਉਹਨਾਂ ਫਕੀਰੀ ਪੜ੍ਹੀ ਨਹੀਂ ਸੀ, ਕਮਾਈ ਤੇ ਹੰਡਾਈ ਸੀ।"

ਨਾਮਧਾਰੀ ਪੰਥ ਦੀ ਕੇਸਰ-ਕਿਆਰੀ ਦੇ ਇੱਕ ਅਹਿਮ ਰੁਕਨ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦਾ ਵੀ ਕਿਲ੍ਹੇ ਸ਼ਾਂਹਵਾਂ ਦੇ ਇਸ ਘਰ ਆਉਣ ਜਾਣ ਸੀ। ਉਹ ਸੰਤ ਜੀ ਪਦਾਰਥ ਸੂਖਮ ਛਕਦੇ ਤੇ ਬੰਦਗੀ ਕਰਦੇ ਰਹਿੰਦੇ ਸਨ। ਇਕ ਦਿਨ ਸੰਤ ਜੀ ਆਏ ਤਾਂ ਸੰਤ ਹਰਨਾਮ ਸਿੰਘ ਹੋਰਾਂ ਪਲੰਘ ਆਪ ਲਈ ਡਾਹ ਦਿੱਤਾ, ਰਾਤ ਨੂੰ ਦੂਜੇ ਸਿੰਘਾਂ ਨੂੰ ਮੰਜੀਆਂ ਮਿਲੀਆਂ। ਚਵਿੰਡੇ ਵਾਲੇ ਕਹਿੰਦੇ ਜਾਂ ਸਾਨੂੰ ਮੰਜੀ ਦਿਉ ਜਾਂ ਇਕ ਸਰੀਰ ਸਾਡੇ ਨਾਲ ਪਾਉ। ਪਲੰਘ ਤੇ ਦੋ ਸੌਂ ਸੱਕਦੇ ਹਨ। ਜਿਹੜਾ ਦੂਜਾ ਸਰੀਰ ਨਾਲ ਪਿਆ ਉਹ ਬਹੁਤ ਭਾਰਾ ਸੀ। ਸਾਰੀ ਰਾਤ ਘੁਰਾੜੇ ਮਾਰੀ ਗਿਆ। ਸੰਤ ਜੀ ਬਹਿ ਕੇ ਭਜਨ ਕਰੀ ਗਏ। ਉਹਦੀ ਨੀਂਦ ਵਿੱਚ ਵਿਘਨ ਨਾ ਪਾਇਆ। ਇਹੋ ਜਿਹੇ ਸਾਧੂਆਂ ਦੀ ਸੰਗਤ ਨਾਲ ਸੰਤ ਹਰਨਾਮ ਸਿੰਘ ਜੀ, ਉੱਚ ਬਿਰਤੀ ਦੇ ਧਾਰਨੀ ਹੁੰਦੇ ਗਏ।

ਘਰ ਵਾਲਿਆਂ ਨੇ ਸ਼ਾਹੂਕਾਰਾ ਤੇ ਹੋਰ ਖੇਤੀ ਬਾੜੀ ਦੀ ਸਾਂਭ ਸੰਭਾਲ ਵੱਲ ਆਪ ਨੂੰ ਰੁਚਿਤ ਕਰਨ ਲਈ, ਸਕੂਲ ਭੇਜ ਦਿੱਤਾ ਜਿੱਥੋਂ ਗੁਰਮੁਖੀ ਤੇ ਫਾਰਸੀ ਪੜ੍ਹੀ ਅਤੇ ਹਿਸਾਬ ਕਿਤਾਬ ਸਿੱਖਿਆ। ਇਕ ਵੇਰ ਸ਼ਾਹੂਕਾਰੇ ਕੱਪੜੇ ਪੁਆ ਕੇ ਘੋੜੀ ਤੇ ਚੜ੍ਹਾ ਕੇ ਪਿੰਡਾਂ ਵਿੱਚ ਵਸੂਲੀ ਲਈ ਵੀ ਭੇਜਿਆ। ਰਸਤੇ ਵਿੱਚ ਇਕ ਪਿਆਦੇ ਨੇ ਕਿਸੇ ਸ਼ਾਹੂਕਾਰ ਦੇ ਦੂਜੇ ਸ਼ਾਹੂਕਾਰ ਤੋਂ ਪੈਸੇ ਵਸੂਲਣ ਦੇ ਮੁਆਮਲੇ ਵਿੱਚ ਆਪ ਦੀ ਅਗਵਾਹੀ ਰੱਖੀ ਸੀ ਤੇ ਉਸ ਸੰਮਨ ਤੇ ਆਪ ਦੇ ਦਸਤਖਤ ਕਰਵਾਏ ਗਏ। ਆਉਣ ਜਾਣ ਦੇ ਖਰਚ ਦੀ ਇੱਕ ਧੇਲੀ ਪਿਆਦਾ ਦੇਵੇ, ਆਪ ਨੇ ਨਾ ਲਈ ਕਿ ਆਪਣੀ ਘੋੜੀ ਤੇ ਆਵਾਂਗਾ। ਮਿਥੇ ਦਿਨ ਤੇ ਕਿਲ੍ਹੇ ਤੋਂ 10 ਮੀਲ ਦੂਰ, ਪਸਰੂਰ ਤਸੀਲਦਾਰ ਪਾਸ ਪੁੱਜ ਗਏ। ਜਦੋਂ ਉਹਨੇ ਕਿਹਾ ਕਿ ਕੀ ਹੈ ਤੁਹਾਡੀ ਅਗਵਾਹੀ? ਆਪ ਦਾ ਜੁਆਬ ਸੀ, ਤੁਰੇ ਜਾਂਦਿਆਂ ਪਿਆਦਾ ਮਿਲਿਆ ਸੀ, ਉਸ ਅੱਜ ਇੱਥੇ ਆਉਣ ਲਈ ਕਿਹਾ ਸੀ। ਮੈਂ ਆ ਗਿਆ ਹਾਂ। ਹੋਰ ਕੁਝ ਮੈਨੂੰ ਪਤਾ

ਨਹੀਂ। ਤਸੀਲਦਾਰ ਇਸ ਨਿਵੇਕਲੀ ਗੁਆਹੀ ਤੇ ਹੈਰਾਨ ਹੋਇਆ। ਰਾਤ ਉਸ ਹਰਨਾਮ ਸਿੰਘ ਹੋਰਾਂ ਨੂੰ ਆਪਣੇ ਘਰ ਰੱਖ ਕੇ ਹਰੀ ਚਰਚਾ ਸੁਣੀ।

ਸੰਤ ਹਰਨਾਮ ਸਿੰਘ ਜੀ ਦੇ ਪਿਤਾ ਜੀ ਛੋਟੀ ਉਮਰ ਵਿੱਚ ਗੁਜਰ ਗਏ ਸਨ। ਦਾਦਾ ਜੀ ਆਪ ਨੂੰ ਕਿਸੇ ਕਾਰ ਵਿਹਾਰ ਵਿੱਚ ਪਾਉਣਾ ਚਾਹੁੰਦੇ ਸਨ ਪਰ ਗੱਲ ਨਾ ਬਣੀ। ਓੜਕ ਮਾਤਾ ਨੇ ਦਸ ਹਜਾਰ ਰੁਪੈ ਦੇ ਕੇ ਬਜਾਜੀ ਦੀ ਹੱਟੀ ਪੁਆ ਦਿੱਤੀ। ਆਪ ਜੀ ਨੂੰ ਸਾਧੂਆਂ ਦੀ ਸਿੱਖਿਆ ਸੀ ਕਿ ਝੂਠ ਨਹੀਂ ਬੋਲਣਾ। ਰੁਪੈ ਪਿੱਛੇ ਇਕ ਪੈਸਾ ਮੁਨਾਫਾ ਲੈਂਦੇ ਸਨ। ਇੱਕੋ ਮੁੱਲ ਦੱਸਣਾ। ਹੌਲੀ ਹੌਲੀ ਦੁਕਾਨ ਬਹੁਤ ਚੱਲੀ ਅਤੇ "ਸੰਤਾਂ ਦੀ ਹੱਟੀ" ਦੇ ਤੌਰ ਤੇ ਮਸ਼ਹੂਰ ਹੋ ਗਈ। ਆਪ ਕਹਿੰਦੇ ਕਿ ਜਿਹੜਾ ਸਮਾਂ ਕੱਪੜੇ ਦਾ ਭਾਅ, ਮੁੱਲ ਦੱਸਦਿਆਂ ਲੱਗਣਾ ਹੈ ਉਹ ਪਰਮੇਸ਼ਰ ਦੀ ਬੰਦਗੀ ਦਾ ਸਮਾਂ ਘਟਦਾ ਹੈ। ਮਾਤਾ ਨੇ ਇਹ ਸੋਚ ਕੇ, ਕਰਤਾਰ ਸਿੰਘ ਦੀ ਭਾਈਵਾਲੀ ਕਰਵਾ ਦਿੱਤੀ। ਭਾਅ ਉਹ ਦੱਸੇ ਆਪ ਬਹਿ ਕੇ ਬੰਦਗੀ ਕਰੀ ਜਾਣ। ਪਰ ਇਕ ਦਿਨ ਕਰਤਾਰ ਸਿੰਘ ਨੇ ਭਾਅ ਵੱਧ ਦੱਸ ਕੇ ਵੱਧ ਪੈਸੇ ਲੈ ਲਏ। ਆਪ ਨੇ ਕਿਹਾ— "ਨਾਮ ਸੰਤਾਂ ਦੀ ਹੱਟੀ, ਤੇ ਮਾਰਨੀ ਠੱਗੀ।" ਆਪ ਨੇ ਸਾਰੀ ਬਜਾਜੀ ਹੱਟੀ ਦੀ ਵੇਚ ਦਿੱਤੀ। ਮਾਇਆ ਲੈ ਕੇ ਸੰਤ ਮੱਲਾ ਸਿੰਘ ਜੀ ਪਾਸ ਗਏ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਮੇਲਾ ਕਰਨਾ ਹੈ। ਉਹਨਾਂ ਕਿਹਾ— "ਮੇਲਾ ਜ਼ਰੂਰ ਕਰੋ ਪਰ ਨਿਰਇੱਛਤ ਹੋ ਕੇ। ਗੁਰੂ ਨਾਲ ਸ਼ਰਤ ਨਾ ਬੰਨ੍ਹੇ।"

ਇਸ ਤਰ੍ਹਾਂ ਮੇਲਾ ਕਰਨ ਬਾਅਦ ਭਾਂਡਿਆਂ ਦੀ ਦੁਕਾਨ ਕੀਤੀ ਪਰ ਉਹ ਵੀ ਛੱਡਣੀ ਪਈ ਕਿ ਸ਼ੁੱਧ ਤਰੀਕੇ ਨਾਲ ਨਹੀਂ ਸੀ ਚੱਲਦੀ। ਫਿਰ ਦਰਜੀ ਦੀ ਦੁਕਾਨ ਕੀਤੀ। ਪਰ ਮਿਥੇ ਇਕਰਾਰ ਤੇ ਕੱਪੜੇ ਨਾ ਦੇ ਸੱਕਣ ਕਾਰਨ, ਬਚਨ ਤੋਂ ਫਿਰਨ ਦੇ ਡਰੋਂ, ਉਹ ਵੀ ਛੱਡਣੀ ਪਈ। ਹੁਣ ਆਪ ਸਾਰਾ ਸਮਾਂ ਸੰਤ ਮੱਲਾ ਸਿੰਘ ਜੀ ਦੀ ਸੇਵਾ ਵਿੱਚ ਹੀ ਬਿਤਾਉਂਦੇ ਸਨ।

ਇੱਕ ਮੱਈਆ ਸਿੰਘ ਦਾਤਾ ਜ਼ੈਦਕਾ ਪਿੰਡ ਦਾ ਖੱਤਰੀ ਸਿੰਘ ਸੀ ਜਿਸਨੂੰ ਸੰਤ ਮੱਲਾ ਸਿੰਘ ਜੀ ਨਾਲ ਬੜਾ ਪ੍ਰੇਮ ਸੀ। ਇਕ ਵੇਰ ਸੰਤਾਂ ਨੇ ਮੰਡੀ ਜਾਣ ਦੀ ਸਲਾਹ ਕੀਤੀ, ਪਹਾੜਾਂ ਵਿੱਚ। ਤਾਂ ਮੱਈਆ ਸਿੰਘ ਕਹਿੰਦਾ— "ਜੀ ਮੰਡੀ ਜਾਣ ਨੂੰ ਤੇ ਮੇਰਾ ਵੀ ਜੀਅ ਕਰਦਾ ਹੈ। ਮੈਂ ਤੁਹਾਡੇ ਦਰਸ਼ਨਾਂ ਬਿਨਾਂ ਰਹਿ ਨਹੀਂ ਸੱਕਦਾ।" ਸੰਤਾਂ ਕਿਹਾ ਨਹੀਂ ਰਹਿ ਸਕਦਾ ਤਾਂ ਫਾਹਾ ਲੈ ਲੈ। ਸੰਤ ਮੱਲਾ ਸਿੰਘ ਸੰਤ ਹਰਨਾਮ ਸਿੰਘ ਹੋਰਾਂ ਨੂੰ ਲੈ ਕੇ, ਦੋਵੇਂ ਜਣੇ ਮੰਡੀ ਨੂੰ ਨਿਕਲ ਪਏ। ਸੰਤਾਂ ਪਾਸ ਮਾਇਆ ਨਹੀਂ ਸੀ, ਪੈਦਲ ਹੀ ਹੁਸ਼ਿਆਰਪੁਰ ਨੂੰ ਤੁਰ ਪਏ। ਹੁਸ਼ਿਆਰਪੁਰ ਗੁੱਜਰਵਾਲੀ ਦੇ ਸਰਦਾਰ ਮਿਲੇ

ਜਿਹਨਾਂ ਨੇ ਸੰਤ ਮੱਲਾ ਸਿੰਘ ਨੂੰ ਪੰਜ ਰੁਪੈ ਮੱਥਾ ਟੇਕਿਆ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਸੰਤ ਰਵਾਲਸਰ ਦਾ ਦਰਸ਼ਨ ਕਰਨ ਮੰਡੀ ਜਾ ਰਹੇ ਹਨ, ਉਹਨਾਂ ਉੱਥੇ ਸੜਕ ਤੇ ਪੀ.ਡਬਲਯੂ.ਡੀ. ਦੇ ਐਸ.ਡੀ.ਓ. ਦੇ ਦਫਤਰ ਬਾਰੇ ਦੱਸਿਆ ਜੋ ਜ਼ਾਤ ਦਾ ਸੱਯਦ ਹੈ, ਉਹਨੂੰ ਮਿਲਣ ਬਾਰੇ ਕਿਹਾ। ਇੱਥੇ ਮੱਲਾ ਸਿੰਘ ਹੋਰਾਂ ਦੇ ਕਹਿਣ ਤੇ ਹਰਨਾਮ ਸਿੰਘ ਜੀ ਦੋ ਟਿਕਟਾਂ ਲੈ ਆਏ। ਜਦੋਂ ਸਟੇਸ਼ਨ ਤੇ ਉੱਤਰੇ ਤਾਂ ਮੱਲਾ ਸਿੰਘ ਜੀ ਨੇ ਟਿਕਟਾਂ ਵੇਖ ਕੇ ਕਿਹਾ, ਤੁਸੀਂ ਇਸ ਬਾਬੂ ਨੂੰ ਦੋ ਪੈਸੇ ਘੱਟ ਦਿੱਤੇ ਹਨ। ਹੁਣੇ ਟਿਕਟ ਲੈ ਕੇ ਜਾਊ ਤੇ ਦੋ ਪੈਸੇ ਮੋੜ ਕੇ ਆਉਣਾ। ਉਤਨੀ ਦੇਰ ਸੰਤ ਆਰਾਮ ਕਰਦੇ ਰਹੇ। ਹਰਨਾਮ ਸਿੰਘ ਜੀ ਟਕਾ ਮੋੜਨ ਗਏ ਤਾਂ ਸਟੇਸ਼ਨ ਮਾਸਟਰ ਕਹਿੰਦਾ— ਇਤਨੀ ਈਮਾਨਦਾਰੀ ਮੈਂ ਨਹੀਂ ਸੀ ਵੇਖੀ। ਵਾਪਸ ਆ ਕੇ ਸੰਤਾਂ ਨੂੰ ਮਿਲੇ।

ਹੁਣ ਦੋਵੇਂ ਤੁਰੇ ਜਾਂਦੇ ਹਨ ਤਾਂ ਅੱਗੋਂ ਸੱਯਦ ਸਾਹਿਬ ਐਸ.ਡੀ.ਓ. ਮਿਲੇ ਤੇ ਇਹਨਾਂ ਨੂੰ ਘੇਰ ਕੇ ਆਪਣੇ ਬੰਗਲੇ ਲੈ ਗਏ। ਉਹਨਾਂ ਨੂੰ ਪੁੱਛਿਆ ਕਿ ਸੱਯਦ ਜੀ, ਤੁਸੀਂ ਮੁਸਲਮਾਨ ਹੋ ਕੇ ਕਛਹਿਰੇ ਕਿਵੇਂ ਪਾਏ ਹਨ। ਉਹਨਾਂ ਕਿਹਾ ਸਾਨੂੰ ਗੁੱਜਰਵਾਲੀ ਦੇ ਦੋ ਸਰਦਾਰ ਮਿਲੇ ਜੋ ਬੜੇ ਅਨੰਦ ਰੂਪ ਸਨ। ਅਸੀਂ ਉਹਨਾਂ ਤੋਂ ਖੁਸ਼ੀ ਦਾ ਰਾਜ਼ ਪੁੱਛਿਆ। ਉਹਨਾਂ ਦੱਸਿਆ ਕਿ ਸਭ ਸਤਿਗੁਰੂ ਜੀ ਦੀ ਕਿਰਪਾ ਹੈ। ਅਸੀਂ ਕਿਹਾ ਕਿ ਸਾਡੇ ਤੇ ਵੀ ਇਹ ਮਿਹਰ ਕਰ ਦੇਵੋ।ਉਹਨਾਂ ਕਿਹਾ ਕਿ ਗੁਰੂ ਦਾ ਬਾਣਾ ਧਾਰਨ ਕਰ ਲਉ। ਅਸੀਂ ਕੁੜਤੇ ਕਛਹਿਰੇ ਧਾਰਨ ਕਰ ਲਏ। ਭਜਨ ਕਰਨ ਲੱਗ ਪਏ ਹਾਂ। ਬੜੀ ਕਿਰਪਾ ਹੈ।

ਦੋ ਤਿੰਨ ਦਿਨ ਰਹਿ ਕੇ ਫਿਰ ਅੱਗੇ ਪੈਦਲ ਤੁਰ ਪਏ। ਨਾਲ ਖੱਚਰਾਂ ਵਾਲੇ ਰਲ ਗਏ। ਰਾਤ ਨੂੰ ਸੰਤ ਉਜਾੜ ਵਿੱਚ ਕਥਾ ਕਰਦੇ। ਹੋਰ ਸਰੀਰ ਪਹਿਲਾਂ ਸੁਣਨ ਆਏ, ਫਿਰ ਪਰਸ਼ਾਦਾ ਪਾਣੀ, ਰਸਤ ਬਸਤ ਆ ਗਈ। ਜੰਗਲ 'ਚ ਮੰਗਲ ਲਾ ਦਿੱਤਾ ਸੰਤ ਮੱਲਾ ਸਿੰਘ ਜੀ ਤੇ ਹਰਨਾਮ ਸਿੰਘ ਹੋਰਾਂ। ਜਦੋਂ ਇਹ ਦੌਰਾ ਮੁਕਾ ਕੇ ਦੋਵੇਂ ਵਾਪਸ ਕਿਲੇ ਆਏ ਪਤਾ ਲੱਗਾ ਕਿ ਮੱਈਆ ਸਿੰਘ ਨੇ ਤਾਂ ਫਾਹਾ ਲੈ ਲਿਆ ਸੀ। ਸੰਤ ਮੱਲਾ ਸਿੰਘ ਹੋਰਾਂ ਦੇ ਮੂੰਹੋਂ ਨਿਕਲਿਆ– "ਹੁਕਮ ! ਹੁਕਮ!! ਹੁਕਮ!!!"

ਕਿਉਂਕਿ ਸੰਤ ਹਰਨਾਮ ਸਿੰਘ ਜੀ ਦਾ ਪਰਿਵਾਰ ਤਾਂ ਭੈਣਾਂ, ਮੁਟਿਆਰ ਲੜਕੀਆਂ ਵਾਲਾ ਸੀ। ਇਸ ਲਈ ਆਪ ਜੀ ਦੇ ਰਿਸ਼ਤੇਦਾਰਾਂ ਨੇ ਸੰਤ ਮੱਲਾ ਸਿੰਘ ਜੀ ਦੇ ਘਰ ਰਹਿਣ ਤੇ ਬਹੁਤ ਇਤਰਾਜ਼ ਕੀਤਾ। ਪਰ ਮਾਤਾ ਲੱਛਮੀ ਜੀ ਨੇ ਕਿਹਾ ਕਿ ਸਾਡੇ ਤਾਂ ਸਭ ਕੁਝ ਇਹੋ ਸੰਤ ਜੀ ਹਨ। ਇਸ ਤੇ ਬਿਰਾਦਰੀ, ਰਿਸ਼ਤੇਦਾਰਾਂ ਨੇ ਬਾਈਕਾਟ ਕਰ ਦਿੱਤਾ। ਖੂਹਾਂ ਦਾ ਪਾਣੀ

ਰੋਕ ਦਿੱਤਾ। ਕੁਝ ਦਿਨ ਮੁਸਲਮਾਨਾਂ ਦੇ ਖੂਹ ਤੋਂ ਪਾਣੀ ਲਿਆਂਦਾ, ਫਿਰ ਪਿੰਡੋਂ ਬਾਹਰ ਖੂਹ ਸੀ ਉੱਥੋਂ ਲਿਆਂਦਾ। ਲੋਕਾਂ ਨੇ ਕਿਹਾ ਕਿ ਤਸੀਲਦਾਰ ਨੂੰ ਅਰਜ਼ੀ ਪਾਉ। ਸੰਤ ਮੱਲਾ ਸਿੰਘ ਜੀ ਨੇ ਕਿਹਾ ਸਾਡਾ ਤਾਂ ਇੱਕੋ ਵੱਡਾ ਤਸੀਲਦਾਰ ਹੈ।

ਕੁਦਰਤ ਐਸੀ ਬਣੀ ਕਿ ਹਰਨਾਮ ਸਿੰਘ ਜੀ ਸਖਤ ਬੀਮਾਰ ਹੋ ਗਏ। ਕੋਈ ਮੋੜਾ ਨਾ ਪਵੇ। ਆਪ ਦੀਆਂ ਭੈਣਾਂ ਰਲ ਕੇ ਫਿਰ ਸੰਤ ਮੱਲਾ ਸਿੰਘ ਪਾਸ ਗਈਆਂ ਕਿ ਸਾਡੇ ਵੀਰ ਨੂੰ ਜਿਵੇਂ ਜਾਣੋ ਬਚਾ ਲਉ। ਸੰਤਾਂ ਨੇ ਕਿਹਾ ਕਿ ਅਸੀਂ ਆਪਣੀ ਵਸਤ ਤੇ ਅਵਸਥਾ ਇਹਨਾਂ ਨੂੰ ਦੇ ਕੇ ਹੁਣ ਚਲੇ ਜਾਵਾਂਗੇ। ਇਹ ਇੱਥੇ ਹੀ ਰਹਿਣਗੇ।

ਜਿਸ ਦਿਨ ਸੰਤ ਮੱਲਾ ਸਿੰਘ ਜੀ ਦਾ ਸਸਕਾਰ ਹੋ ਰਿਹਾ ਸੀ, ਸੰਤ ਹਰਨਾਮ ਸਿੰਘ ਜੀ ਨੂੰ ਮੋੜਾ ਪੈਣਾ ਸ਼ੁਰੂ ਹੋ ਗਿਆ। ਅੱਜ ਹੋਰ ਕੱਲ੍ਹ ਹੋਰ। ਜਿਹੜੇ ਰਿਸ਼ਤੇਦਾਰ, ਸੰਤਾਂ ਦੇ ਨਿੰਦਕ ਸਨ ਉਹ ਕਿਤੇ ਮੂੰਹ ਵਿਖਾਉਣ ਜੋਗੇ ਨਾ ਰਹੇ। ਆਪਣੇ ਵਾਸਤੇ ਸੰਤ ਮੱਲਾ ਸਿੰਘ ਹੋਰਾਂ ਦੁਆਰਾ ਸਰੀਰ ਕੁਰਬਾਨ ਕਰ ਜਾਣਾ ਜਾਣ ਕੇ, ਸੰਤ ਹਰਨਾਮ ਸਿੰਘ ਜੀ ਬਹੁਤ ਵੈਰਾਗ ਵਿੱਚ ਆ ਗਏ। ਸੰਤਾਂ ਪਾਸੋਂ ਆਪ ਨੂੰ ਸਤਿਗੁਰੂ ਦੇ ਘਰ ਦਾ ਗਿਆਨ ਵੀ ਮਿਲਦਾ ਸੀ ਅਤੇ ਆਤਮਕ ਪਰਚਾਅ ਵੀ ਬਣਿਆ ਰਹਿੰਦਾ ਸੀ। ਹੁਣ ਆਪ ਨੂੰ ਘੋਰ ਉਦਾਸੀ ਵਿੱਚ ਵੇਖ ਕੇ ਦਾਦਾ ਜੀ ਨੇ ਸੋਚਿਆ ਕਿ ਕਿਤੇ ਇਹ ਸੱਚੀਂ ਮੁੱਚੀਂ ਹੀ ਫਕੀਰ ਨਾ ਹੋ ਜਾਣ। ਇਸ ਲਈ ਆਪ ਨੂੰ ਵਿਆਹ ਦੇ ਬੰਧਨ ਵਿੱਚ ਬੰਨ੍ਹਣ ਦੀ ਸਲਾਹ ਹੋਣ ਲੱਗੀ। 24-25 ਸਾਲ ਦੀ ਉਮਰ ਤੱਕ ਆਪ ਦਾ ਵਿਆਹ ਹੁਣ ਪਾਕਿਸਤਾਨ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਬੁੱਧਵੰਤਪੁਰਾ, ਜੋ ਬੁੱਧੋਪੁਰ ਕਰ ਕੇ ਹੀ ਜਾਣਿਆ ਜਾਂਦਾ ਹੈ ਦੇ ਵਧਾਵਾ ਸਿੰਘ ਭੰਡਾਰੀ ਦੀ ਪੁੱਤਰੀ ਬੀਬੀ ਤੇਜ ਕੌਰ ਨਾਲ ਕਰ ਦਿੱਤਾ ਗਿਆ। ਪਰ ਸੰਤ ਜੀ ਦੀ ਇੱਛਾ ਗ੍ਰਹਿਸਤ ਕਰਨ ਵਾਲੇ ਪਾਸੇ ਬਿਲਕੁਲ ਨਹੀਂ ਸੀ। ਉਹ ਤਾਂ ਅੱਠੇ ਪਹਿਰ ਬਾਣੀ ਦੇ ਰੰਗ ਵਿੱਚ ਰੰਗੇ ਰਹਿੰਦੇ ਸਨ। ਮਸਤਾਨੀ ਬਿਰਤੀ ਵਿੱਚ ਬੀਬੀ ਤੇਜ ਕੌਰ ਦੀਆਂ ਕਈ ਸਖਤ ਅਜਮਾਇਸ਼ਾਂ ਇਹ ਸੋਚ ਕੇ ਕੀਤੀਆਂ ਕਿ ਉਹ ਆਪ ਹੀ ਸਾਥੋਂ ਕਿਨਾਰਾ ਕਰ ਜਾਵੇ। ਪਰ ਬੀਬੀ ਤੇਜ ਕੌਰ ਵੀ ਕਿਸੇ ਹੋਰ ਮਿੱਟੀ ਦੀ ਬਣੀ ਹੋਈ ਸੀ ਉਸ ਨੇ ਫੈਸਲਾ ਕਰ ਲਿਆ ਸੀ ਕਿ ਸੰਤ ਜੀ ਜਿਸ ਰੰਗ ਵਿੱਚ ਵੀ ਰੱਖਣ, ਉਸੇ ਵਿੱਚ ਰਹਿਣਾ ਹੈ। ਆਪ ਨੇ ਸੰਤ ਮੱਲਾ ਸਿੰਘ ਹੋਰਾਂ ਜਿਉਂ ਬੀਬੀ ਤੇਜ ਕੌਰ ਨੂੰ ਕਿਹਾ ਸੀ ਕਿ ਜਿੱਥੇ ਵੀ ਕਿਤੇ ਆਖੋ ਤੁਹਾਡਾ ਹੋਰ ਥਾਂ ਕਾਰਜ ਕਰ ਦਈਏ। ਪਰ ਬੀਬੀ ਜੀ ਦੇ ਤੁਹਾਡੇ ਚਰਨਾਂ ਵਿੱਚ ਹੀ ਰਹਿਣਾ ਹੈ ਕਹਿਣ ਤੇ ਕਿਹਾ ਕਿ ਫਿਰ ਸਾਧ ਸੰਗਤ ਦੇ ਬਰਤਨ ਸਾਫ ਕਰੋ, ਬਸਤਰ ਧੋਵੋ ਅਤੇ ਹੋਰ ਸੇਵਾ ਕਰਨੀ

ਹੋਏਗੀ। ਉਹਨਾਂ ਇਹ ਸਭ ਮਨਜ਼ੂਰ ਕਰ ਲਿਆ। ਸੰਤ ਜੀ ਨੇ ਆਪਣੇ ਖੇਤਾਂ ਵਿੱਚ ਡੇਰਾ ਲਾ ਲਿਆ। ਜੇਠ ਹਾੜ ਵਿੱਚ ਨੰਗੇ ਪਿੰਡੇ ਪੋਹਲੀ ਜੋ ਬਹੁਤ ਕੰਡਿਆਲੀ ਹੁੰਦੀ ਹੈ ਦੇ ਭਰੇ ਖੇਤਾਂ ਵਿੱਚ ਲੇਟਦੇ। ਪੋਹ ਮਾਘ ਵਿੱਚ ਸਰੀਰ ਤੇ ਸਿਰਫ ਕਛਹਿਰਾ ਪਰਨਾ ਰੱਖ ਕੇ ਕੱਕਰੀਲੀਆਂ ਰਾਤਾਂ ਵਿੱਚ ਵੀ ਨੰਗੇ ਪਿੰਡੇ ਬੰਦਗੀ ਕਰਿਆ ਕਰਦੇ ਸਨ। ਇਸ ਸਮੇਂ ਆਪ ਜੀ ਦੀ ਅਜ਼ਮਤ ਨਾਲ ਸਬੰਧਿਤ ਕਈ ਹੋਰ ਕਉਤਕ ਵੀ ਵਾਪਰਦੇ ਰਹੇ।

ਸੰਤ ਜੀ ਨੇ ਘਰ ਵਿੱਚੋਂ ਵਸਤਾਂ ਚੁੱਕ ਚੁੱਕ ਕੇ ਸਿੱਖਾਂ, ਸਾਧਾਂ ਅਤੇ ਹੋਰ ਲੋੜਵੰਦਾਂ ਵਿੱਚ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਇੱਕ ਸਮਾਂ ਐਸਾ ਵੀ ਆਇਆ ਕਿ ਹੋਰ ਕੁਝ ਵੰਡਣ ਲਈ ਘਰ ਵਿੱਚ ਨਾ ਰਿਹਾ। ਪੁਰਾਣਾ ਸ਼ਾਹੂਕਾਰਾ ਸੀ। ਜਿਹਨਾਂ ਤੇ ਸਾਮੀਆਂ ਦੇ ਨਾਮ ਲਿਖੇ ਸਨ, ਰਕਮਾਂ ਸਮੇਤ, ਉਹ ਸਾਰੀਆਂ ਵਹੀਆਂ, ਆਪ ਨੇ ਤੰਦੂਰ ਵਿੱਚ ਸੁੱਟ ਦਿੱਤੀਆਂ ਅਤੇ ਤੰਦੂਰ ਤੇ ਪਰਸ਼ਾਦੇ ਪਕਾ ਕੇ, ਗਰੀਬ ਗੁਰਬੇ ਨੂੰ ਵੰਡ ਦਿੱਤੇ। ਮਾਤਾ ਜੀ ਦੇ ਪੁੱਛਣ ਤੇ ਕਹਿਣ ਲੱਗੇ— "ਇਹ ਸਾਰਾ ਧਨ ਸੰਸਾਰ ਵਿੱਚ ਖਲਾਰ ਦਿੱਤਾ ਹੈ। ਹੌਲੀ ਹੌਲੀ ਵਰਤਾਂਗੇ।" ਮਾਤਾ ਜੀ ਲਈ ਇਤਨੀ ਤਸੱਲੀ ਕਾਫੀ ਸੀ ਕਿ ਪੁੱਤਰ ਅੱਖਾਂ ਅੱਗੇ ਤਾਂ ਦਿਸਦਾ ਹੈ।

ਕਦੇ ਆਪ ਕਿਲ੍ਹੇ ਹੁੰਦੇ ਕਦੇ ਗੁਰੂ ਚੱਕ, ਕਦੇ ਗਿੱਲੀਂ 'ਤੇ ਕਦੇ ਸ਼ਮੀਰਪੁਰ। ਸਾਧੂਆਂ ਦਾ ਦਰਸ਼ਨ ਮੇਲਾ ਅਤੇ ਭਜਨ ਬੰਦਗੀ। ਅੱਠੇ ਪਹਿਰ ਅਭਿਆਸ ਵਿੱਚ ਲੀਨ ਰਹਿੰਦੇ। ਇਕਾਂਤ ਵਿੱਚ ਜਾਂ ਜਿੱਥੇ ਭਜਨ ਕਰਦੇ, ਫਿਰ ਲੰਮੀ ਹੂੰਗਰ ਮਾਰਦੇ। ਦੁਨਿਆਵੀ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ, ਸ਼ਾਹਾਂ ਦਾ ਮੁੰਡਾ ਸਾਰੀ ਜਾਇਦਾਦ ਗੁਆਉਣ ਦਾ ਸੋਗ ਸਰੀਰ ਨੂੰ ਲਾ ਬੈਠਾ ਹੈ, ਤਾਂਹੀਉਂ ਹੂੰਗਰਾਂ ਮਾਰਦਾ ਹੈ। ਉਹ ਕੀ ਜਾਣਦੇ ਸਨ ਕਿ ਇਹਨਾਂ ਦਾ ਰੋਗ ਤਾਂ 'ਕਰਕ ਕਰੇਜੇ ਮਾਹਿ' ਵਾਲਾ ਹੈ।

ਇਕ ਵੇਰ ਗੁਰੂ ਹਰੀ ਸਿੰਘ ਜੀ ਦੇ ਸਮੇਂ, ਜੋਗੀ ਰੰਗਾ ਚੋਲਾ ਸੁਆ ਕੇ, ਗਲ ਪਾ ਕੇ ਸੰਤ ਜੀ ਨਿਮਾਣੀ ਇਕਾਦਸ਼ੀ ਤੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਚਲੇ ਗਏ। ਸੰਤ ਕੇਸਰ ਸਿੰਘ ਜੀ ਚੁੱਪ, ਸੇਖਮ ਘੁਮਾਣ, ਜ਼ਿਲ੍ਹਾ ਗੁਜਰਾਂਵਾਲਾ, ਉਦੋਂ ਇੱਥੇ ਸ੍ਰੀ ਭੈਣੀ ਸਾਹਿਬ ਹੀ ਟਿਕੇ ਹੋਏ ਸਨ। ਗੁਰੂ ਹਰੀ ਸਿੰਘ ਜੀ ਆਪ ਨੂੰ ਇੱਥੇ ਲਿਆਏ ਸਨ। ਚੁੱਪ ਜੀ ਦੇ ਡੇਰੇ ਤੇ ਇਹਨਾਂ ਡੇਰਾ ਲਾਇਆ। ਹੋਰ ਸਾਧੂ ਸੰਤ ਵੀ ਮੇਲੇ ਕਰ ਕੇ ਬਹੁਤ ਆਏ ਸਨ। ਜਦੋਂ ਲੰਗਰ ਖੁੱਲ੍ਹਿਆ ਤਾਂ ਆਪ ਦੇ ਅੱਗੇ ਦਾਲਾ ਪਰਸ਼ਾਦਾ ਆਇਆ ਤਾਂ ਕਿਲ੍ਹੇ ਵਾਲਿਆਂ ਨੇ ਕਿਹਾ- "ਇਹ ਰੱਬ ਦਾ ਖਾਣਾ ਨਹੀਂ ਜਿੱਥੇ ਕੜਾਹ ਪਰਸ਼ਾਦ ਨਹੀਂ।" ਸੰਤ ਜਿਊਣ ਸਿੰਘ ਜੀ ਸਰਹਾਲੀ ਵਾਲੇ ਤੇ ਸੰਤ ਕੇਸਰ

ਸਿੰਘ ਜੀ 'ਕੇਸਰ- ਕਿੱਲੀ', ਮੁਹਾਵੇ ਵਾਲੇ ਵੀ ਆਏ ਹੋਏ ਸਨ। ਸੰਤ ਜਿਊਣ ਸਿੰਘ ਜੀ ਦਾ ਲੜਕਾ— ਖੜਗ ਸਿੰਘ, ਸੰਤ ਮੁਹਾਵੇ ਵਾਲਿਆਂ ਦੀ ਪੁੱਤਰੀ ਨਾਲ ਵਿਆਹਿਆ ਸੀ। ਪਰ ਇੱਥੇ ਕੁੜਮਾਚਾਰੀ ਵਾਲੀ ਹੈਂਕੜ ਲਈ ਕੋਈ ਥਾਂ ਨਹੀਂ ਸੀ। ਸੰਤ ਕੇਸਰ- ਕਿੱਲੀ ਜੀ ਜੇ ਮੰਜੇ ਤੇ ਬੈਠੇ ਹੋਣ ਤਾਂ ਸੰਤ ਜਿਊਣ ਸਿੰਘ ਜੀ ਉਹਨਾਂ ਦੇ ਸਾਹਮਣੇ ਹੇਠਾਂ ਪੀਹੜੀ ਤੇ ਬੈਠਦੇ ਸਨ। ਮੁਹਾਵੇ ਵਾਲਿਆਂ ਜਦੋਂ ਉਹ ਬੋਲਾ ਸੁਣਿਆ ਲੰਗਰ ਵਾਲਾ ਤਾਂ ਉਹਨਾਂ ਸੰਤ ਸਰਹਾਲੀ ਵਾਲਿਆਂ ਨੂੰ ਕਿਹਾ ਕਿ ਤੁਸੀਂ ਜਾ ਕੇ ਪਤਾ ਲਉ, ਉਹ ਰੱਬ ਬਣਦਾ ਹੈ। ਫਿਰ ਕਿਹਾ— "ਜੀਣਿਆ। ਉਸ ਸਿੱਖ ਨੇ ਸਿੱਖ ਨਹੀਂ ਰਹਿਣਾ। ਜੀਣਿਆਂ ਚੱਲ ਉੱਠ!!" ਸੰਤ ਜਿਊਣ ਸਿੰਘ ਜੀ ਜਿੱਥੇ ਕਿਲ੍ਹੇ ਵਾਲੇ ਟਿਕੇ ਸਨ ਚੁੱਪ ਜੀ ਦੀ ਛਾਉਣੀ ਵਿੱਚ ਉੱਥੇ ਆਏ ਤੇ ਕਹਿਣ ਲੱਗੇ— "ਆ ਚੱਲ, ਤੈਨੂੰ 'ਕਾਰ' ਦੇਣੀ ਏ।" ਜੀਊਣ ਸਿੰਘ ਜੀ ਨੇ ਕਿਲ੍ਹੇ ਵਾਲਿਆਂ ਨੂੰ ਕੇਸਾਂ ਤੋਂ ਫੜ ਕੇ, ਮੁਹਾਵੇ ਵਾਲਿਆਂ ਦੇ ਚਰਨਾਂ ਵਿੱਚ ਸੁੱਟਿਆ, ਬਾਹਰ ਵਾਰ। ਮੁਹਾਵੇ ਵਾਲਿਆਂ ਨੇ ਹਰਨਾਮ ਸਿੰਘ ਜੀ ਦੇ ਕੰਨ ਵਿੱਚ ਚੌਅੱਖਰਾ ਭਜਨ ਦੱਸਿਆ ਅਤੇ ਕਿਹਾ— "ਤੇਰੀ ਖਲਾਸੀ ਹੋਵੇ।" ਸੰਤ ਹਰਨਾਮ ਸਿੰਘ ਜੀ ਦੱਸਦੇ ਸਨ ਕਿ ਫਿਰ ਉਹਨਾਂ ਦੀ 'ਕਾਰ' ਬਦਲ ਗਈ। 'ਕਾਰ' ਹੋਰ ਚੱਲ ਪਈ। ਅੰਦਰ ਹੋ ਗਈ। ਅਵਸਥਾ ਇਹੋ ਜਿਹੀ ਬਣੀ ਕਿ ਆਪ ਨੂੰ ਬਾਹਰ ਮੁਖੀ ਕੋਈ ਸੁਰਤ ਨਾ ਰਹੀ। ਇੰਚ ਇੰਚ ਨਹੁੰ ਵੱਧ ਗਏ, ਪੰਜ ਪੰਜ ਫੁੱਟ ਜਟਾਵਾਂ ਹੋ ਗਈਆਂ। ਇਸ ਸਮੇਂ ਭਾਈ ਲੱਧਾ ਸਿੰਘ ਹੋਰਾਂ ਆਪ ਦੀ ਬਹੁਤ ਸੇਵਾ ਕੀਤੀ।

ਸੰਤ ਕੇਸਰ ਸਿੰਘ ਜੀ 'ਚਵਿੰਡਾ' ਵਾਲੇ ਇਕ ਦਿਨ ਕਿਲ੍ਹੇ ਆ ਗਏ। ਉਹਨਾਂ ਵੀ ਲੋਕਾਂ ਦੀਆਂ ਗੱਲਾਂ ਸੁਣੀਆਂ ਸਨ ਕਿ ਸ਼ਾਹਾਂ ਦੇ ਮੁੰਡੇ ਨੇ ਕੋਈ ਰੋਗ ਲਾ ਲਿਆ ਹੈ। ਆਪ ਨੇ ਸੰਤਾਂ ਦੀ ਸਿੰਘਣੀ ਬੀਬੀ ਤੇਜ ਕੌਰ ਨੂੰ ਕਿਹਾ- "ਤੇਜ ਕੌਰੇ! ਲੋਕਾਂ ਦੀਆਂ ਗੱਲਾਂ ਵਿੱਚ ਨਾ ਆਵੀਂ। ਲੋਕਾਂ ਦੇ ਮਗਰ ਨਾ ਲੱਗੀਂ। ਇਹਨਾਂ ਦੀ ਬਾਂਹ ਨਾ ਛੱਡੀਂ। ਇਹ ਬਨਾਵਟ ਨਹੀਂ। ਇਹ ਵੱਡੀ ਖੇਡ ਦੇ ਮਾਲਕ ਹਨ। ਸਮਾਂ ਆਏਗਾ ਇਹਨਾਂ ਦੀ ਚਹੁੰਆਂ ਕੂੰਟਾਂ ਵਿੱਚ ਜੈ ਜੈ ਕਾਰ ਹੋਏਗੀ।" ਸੰਤ ਚਵਿੰਡੇ ਵਾਲੇ ਬਹੁਤ ਘੱਟ ਬਚਨ ਕਰਦੇ ਸਨ ਜੋ ਕਰਦੇ ਸਨ ਉਹ ਸਤਿ ਹੋ ਜਾਂਦਾ ਸੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨਾਮਧਾਰੀ ਪੰਥ ਦੀ ਤਿੰਨਾਂ ਕੇਸਰਾਂ ਤੋਂ ਬਣੀ "ਕੇਸਰ-ਕਿਆਰੀ" ਦੀ ਮਹਿਕ, ਸੰਤਾਂ ਕਿਲ੍ਹੇ ਵਾਲਿਆਂ ਵਿੱਚ ਸਮਾ ਗਈ ਸੀ।

ਬਾਰਾਂ ਸਾਲਾਂ ਦੀ ਕਠੋਰ ਤਪੱਸਿਆ ਬਾਅਦ ਆਪ ਆਪਣੇ ਸਹੁਰੇ ਨਗਰ ਬੁੱਧੋਪੁਰ ਪੁੱਜੇ ਤਾਂ ਇੱਥੇ ਆਪ ਨੇ ਨਾ ਬੋਲਣ ਦਾ ਵਰਤ ਤੋੜਿਆ ਪਰ ਬੋਲਣਾ ਸੰਖੇਪ ਹੀ ਹਾਂ ਜਾਂ ਨਾਂਹ। ਇਸ ਤੋਂ ਪਹਿਲਾਂ ਜਦੋਂ 17 ਮਈ 1906

ਈ. ਨੂੰ ਗੁਰੂ ਹਰੀ ਸਿੰਘ ਜੀ ਜੋਤੀ ਜੋਤਿ ਸਮਾ ਗਏ ਤਾਂ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਦੇ ਦੱਸਣ ਮੁਜਬ, ਸੰਤ ਜੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਡਿਉਢੀ ਤੇ ਸਿਰ ਰੱਖ ਕੇ, ਅੱਠ ਪਹਿਰ ਵੈਰਾਗ ਵਿੱਚ ਉੱਥੇ ਹੀ ਪਏ ਰਹੇ ਸਨ। ਕਿਲ੍ਹੇ ਆਏ ਤਾਂ ਇਕ ਐਸੀ ਘੋੜੀ ਸੀ ਉਸ ਤੇ ਬਿਨਾਂ ਲਗਾਮ, ਕਾਠੀ, ਤਾਹਰੂ ਦੇ ਸੁਆਰੀ ਕਰਦੇ। ਇਕ ਦਿਨ ਉਹ ਚੜ੍ਹਦੇ ਦੇ ਪਿੰਡਾਂ ਵੱਲ ਲੈ ਜਾਂਦੀ ਦੂਜੇ ਦਿਨ ਲਹਿੰਦੇ ਪਾਸੇ ਵੱਲ। ਫਿਰ ਕੁਝ ਦਾਨੀ ਬਿਰਤੀ ਹੋਈ ਤਾਂ ਇਕ ਸੰਗੀਤ ਦੇ ਉਸਤਾਦ ਸਰਦਾਰ ਖਾਨ ਤੋਂ ਰਾਗ ਵਿੱਦਿਆ ਸਿੱਖਦੇ ਰਹੇ। ਮੌਜ ਵਿੱਚ ਭਾਈ ਨੰਦ ਲਾਲ ਦੀਆਂ ਗ਼ਜ਼ਲਾਂ ਪੜ੍ਹਿਆ ਕਰਦੇ ਸਨ। ਦੀਵਾਨ ਸਾਹਿਬ ਦੀ ਬਹੁਤ ਤਾਰੀਫ ਕਰਦੇ। ਮਾਂਗੇ ਪਿੰਡ ਦਾ ਇਕ ਹਾੜ੍ਹੀ ਮੱਲ ਆਪ ਦੀ ਸੰਗਤ ਵਿੱਚ ਆ ਕੇ ਬੜਾ ਪ੍ਰੇਮੀ ਬਣ ਗਿਆ। ਹੁਣ ਸੰਤਾਂ ਦਾ ਡੇਰਾ ਘਰ ਦੇ ਚੁਬਾਰੇ ਵਿੱਚ ਹੁੰਦਾ। ਸਵੇਰੇ ਡੇਢ ਵਜੇ ਉੱਠਦੇ। ਇਸ਼ਨਾਨ ਬਾਅਦ ਸਿਮਰਨ, ਫਿਰ ਆਸਾ ਦੀ ਵਾਰ। ਸ਼ਾਮ ਨੂੰ ਥੜ੍ਹੇ ਤੇ ਕਥਾ ਕੀਰਤਨ ਤੇ ਰਹਿਰਾਸ ਸਾਹਿਬ ਦਾ ਪਾਠ ਹੁੰਦਾ। ਆਪ ਖੂਹੀ ਵਿੱਚੋਂ ਸੰਗਤ ਲਈ ਜਲ ਕੱਢਦੇ। ਗਲੀਆਂ ਨਾਲੀਆਂ ਵੀ ਆਪ ਸਾਫ ਕਰਦੇ। ਜਦੋਂ ਸੰਗਤ ਵਿੱਚੋਂ ਕੋਈ ਵਰਜਦਾ ਤਾਂ ਕਹਿੰਦੇ— "ਸੇਵਾ ਬੜੀ ਵੱਡੀ ਚੀਜ਼ ਹੈ।"

ਅੰਮ੍ਰਿਤਸਰ ਦੇ ਮੂਲ ਸਿੰਘ ਜੀ ਘਿਉ ਵਾਲੇ ਕਿਲਾ ਸੂਬਾ ਸਿੰਘ ਦੇ ਜੁਆਈ ਸਨ। ਉਹਨਾਂ ਸੰਤਾਂ ਤੋਂ ਨਾਮ ਲਿਆ ਅਤੇ ਫਿਰ ਬੜਾ ਪ੍ਰੇਮੀ ਸਿੱਖ ਹੋਇਆ। ਸੰਤਾਂ ਨੇ ਉਸਨੂੰ ਕਿਹਾ ਕਿ ਮੂਲ ਸਿੰਘ ਜੀ ਸਾਡੇ ਕੋਲ ਤਿੰਨ ਸੌਦੇ ਹਨ। ਜੇ ਘੱਟ ਤੋਲੋਗੇ ਤਾਂ ਘਾਟਾ ਪਵੇਗਾ। ਪੂਰਾ ਤੋਲੋਗੇ ਤਾਂ ਗੁਜ਼ਾਰਾ ਹੋਏਗਾ ਤੇ ਜੇ ਵੱਧ ਤੋਲੋਗੇ ਤਾਂ ਵਾਧਾ ਪੈ ਜਾਏਗਾ।

"ਆਪ ਬੜੇ ਸੋਹਣੇ-ਸੁਨੱਖੇ, ਉੱਚੇ ਲੰਮੇ ਤੇ ਜੁਆਨ ਗੱਭਰੂ ਸਨ। ਛੇ ਫੁੱਟ ਲੰਮਾ ਕੱਦ, ਗੋਰਾ ਰੰਗ, ਘੜੇ ਹੋਏ ਨੈਣ ਨਕਸ਼ ਤੇ ਉੱਪਰੋਂ ਬੰਦਗੀ ਦੇ ਨੂਰ ਦਾ ਲਿਸ਼ਕਾਰਾ। ਰੂਹਾਨੀ ਨੂਰ ਨਾਲ ਭਖਦੇ ਇਸ ਚਿਹਰੇ ਦੀ ਨਜ਼ਰ, ਜਿਸ ਪਾਸੇ ਪੈ ਜਾਂਦੀ ਓਸੇ ਵਿੱਚ ਨਾਮ ਦੀ ਜੋਤ ਜਗ ਪੈਂਦੀ। ਜਿਸ ਨੂੰ ਹੱਸ ਕੇ ਬੁਲਾਉਂਦੇ ਉਹ ਖੁਸ਼ੀ ਵਿੱਚ ਡੌਰ-ਭੌਰ ਹੋ ਜਾਂਦਾ। ਜਿਸ ਉੱਤੇ ਦਇਆ ਕਰਦੇ, ਉਸ ਦੀ ਝੋਲੀ ਛੋਟੀ ਹੋ ਜਾਂਦੀ। ਜਿਸ ਨੂੰ ਬਖਸ਼ਿਸ਼ਾਂ ਨਾਲ ਨਿਵਾਜਦੇ, ਉਹ ਸਦਾ ਲਈ ਆਪ ਦਾ ਮੁਰੀਦ ਬਣ ਜਾਂਦਾ। ਐਸਾ ਨੂਰ ਸੀ ਕਿ ਕੋਈ ਝੱਲ ਨਹੀਂ ਸੀ ਸੱਕਦਾ। ਕੀ ਮਜਾਲ ਕੋਈ ਸਿੱਧੀ ਨਜ਼ਰ ਆਪ ਵੱਲ ਵੇਖ ਸੱਕੇ। ਆਪ ਦੀ ਚੰਦਨਮਈ ਸ਼ਖਸੀਅਤ ਏਨੀ ਪ੍ਰਭਾਵਸ਼ਾਲੀ ਹੋ ਨਿੱਬੜੀ ਕਿ ਜੋ ਵੀ ਉਸ ਨਾਲ ਛੂਹ ਜਾਂਦਾ, ਉਸੇ ਅੰਦਰੋਂ ਨਾਮ ਦੀ ਮਹਿਕ ਆਉਣ ਲੱਗ ਪੈਂਦੀ। ਬੰਦਗੀ ਦੇ ਰਾਹ ਵਿੱਚ ਘਾਲੀ

ਘਾਲਣਾ ਸਦਕਾ ਹੁਣ ਆਪ ਦੀ ਚਰਚਾ ਦੂਰ- ਦੁਰਾਡੇ ਦੇ ਪਿੰਡਾਂ ਤੱਕ ਹੁੰਦੀ। ਸਿੱਟੇ ਵਜੋਂ ਅਣਗਿਣਤ ਲੋਕ ਦਰਸ਼ਨਾਂ ਲਈ ਆਉਣ ਲੱਗ ਪਏ। ਜਿਸ ਵੇਲੇ ਆਪ ਦਾ ਦਰਸ਼ਨ ਕਰਦੇ, ਆਪਣੀਆਂ ਸਾਰੀਆਂ ਥੁੜਾਂ, ਸਾਰੀਆਂ ਮੰਗਾਂ, ਸਾਰੇ ਦੁੱਖ ਕਲੇਸ਼ ਭੁੱਲ, ਸੁੱਧ-ਬੁੱਧ ਗੁਆ ਬਹਿੰਦੇ। ਕਈਆਂ ਨੂੰ ਅਰਜ਼ਾਂ ਕਰਨ ਦੀ ਵੀ ਲੋੜ ਨਾ ਹੁੰਦੀ। ਬਿਨਾਂ ਬੋਲਿਆਂ ਹੀ ਉਹਨਾਂ ਦੇ ਸੁਆਲਾਂ ਦੇ ਜੁਆਬ ਮਿਲਦੇ। ਮੰਗਾਂ ਪੂਰੀਆਂ ਹੁੰਦੀਆਂ। ਉਹ ਵਿਹੜਾ ਜਿਹੜਾ ਆਪ ਦੇ ਤਪ ਸਮੇਂ ਤਾਂ ਭਾਂ-ਭਾਂ ਕਰਦਾ ਸੀ, ਹੁਣ ਦੁਖੀਆਂ ਤੇ ਲੋੜਵੰਦਾਂ ਨਾਲ ਭਰਿਆ ਰਹਿਣ ਲੱਗਾ। ਨਾਮ ਦੇ ਰਸੀਏ ਰਾਤ ਦਿਨ ਟਿਕੇ ਰਹਿੰਦੇ।

ਜ਼ਿਲ੍ਹਾ ਸਿਆਲਕੋਟ ਦੇ ਪਿੰਡ ਸਿਰਾਂਵਾਲੀ ਦੇ ਸ. ਰਘੁਵੰਤ ਸਿੰਘ ਹੋਰੀਂ ਸੰਤ ਜੀ ਦੇ ਬਹੁਤ ਸ਼ਰਧਾਲੂ ਸਨ। ਉਹ ਆਪ ਜੀ ਦੀ ਕਾਰ ਦੇ ਪਹਿਲੇ ਡਰਾਈਵਰ ਵੀ ਰਹੇ ਸਨ। ਇਸੇ ਪਿੰਡ ਦੇ ਇਕ ਮੌਲਾ ਬਖਸ਼ ਨਾਮ ਦੇ ਮੁਸਲਮਾਨ ਸੱਜਣ, ਸੰਤ ਜੀ ਦੇ ਬਹੁਤ ਸ਼ਰਧਾਲੂ ਸਨ। ਸੰਤਾਂ ਕਿਲ੍ਹੇ ਵਾਲਿਆਂ ਕਹਿਣਾ ਕਿ ਜਦੋਂ ਮੌਲਾ ਬਖਸ਼ ਪ੍ਰੇਮ ਨਾਲ ਸਤਿ ਸ੍ਰੀ ਅਕਾਲ ਬੁਲਾਉਂਦਾ ਏ ਤਾਂ ਇਉਂ ਲੱਗਦਾ ਏ ਕਿ ਜਿਵੇਂ ਕੋਈ ਨਾਮਧਾਰੀਆ ਇਸ ਦੇ ਅੰਦਰ ਵੜਿਆ ਹੋਏ। ਕਿਸੇ ਸਿੰਘ ਨੇ ਉਸ ਨੂੰ ਪੁੱਛਿਆ ਕਿ ਮੌਲਾ ਬਖਸ਼ ਤੂੰ ਮੁਸਲਮਾਨ ਹੋ ਕੇ ਸੰਤਾਂ ਨੂੰ ਕਿਉਂ ਮੱਥਾ ਟੇਕਦਾ ਹੈਂ। ਉਸ ਜੁਆਬ ਦਿੱਤਾ ਕਿ ਮੈਂ ਲਾਹੌਰ ਦੇ ਇਕ ਮੁਸਲਮਾਨ ਫ਼ਕੀਰ ਨੂੰ ਗੁਰੂ ਧਾਰਿਆ ਸੀ। ਉਹ ਬਹੁਤ ਮਸਤ ਅਤੇ ਸ਼ਰ੍ਹਾ ਦੇ ਬੰਧਨਾਂ ਤੋਂ ਉਪਰ ਉੱਠ ਚੁੱਕੇ ਸਨ। ਇਕ ਦਿਨ ਜਦੋਂ ਉਹਨਾਂ ਪਾਸ ਗਿਆ ਤਾਂ ਕਹਿੰਦੇ- ਉਇ ਮੌਲਾ ਬਖਸ਼ ਏਡੀ ਦੂਰ ਕਾਹਨੂੰ ਆਉਂਦਾ ਏ? ਤੇਰੇ ਨੇੜੇ ਹੀ ਤਾਂ ਕਿਲ੍ਹੇ ਵਿੱਚ ਰਹਿਣ ਵਾਲਾ, ਸੰਤ ਹਰਨਾਮ ਸਿੰਘ ਖ਼ੁਦਾ ਦਾ ਨੂਰ ਹੀ ਹੈ। ਉੱਥੇ ਦਰਸ਼ਨ ਮੇਲਾ ਕਰ ਲਿਆ ਕਰ। ਸੋ ਮੌਲਾ ਬਖਸ਼ ਇਉਂ ਸੰਤ ਜੀ ਦਾ ਦਰਸ਼ਨ ਕਰ ਕੇ ਬਹੁਤ ਖਿੜ ਗਿਆ ਸੀ।

ਇੱਕ ਵੇਰ ਸੰਤ ਹਰਨਾਮ ਸਿੰਘ ਜੀ, ਆਪਣੇ ਸਤਿਕਾਰਿਤ ਸੰਤ ਮੱਲਾ ਸਿੰਘ ਜੀ ਨਾਲ ਬਾਬਾ ਜਮੀਅਤ ਸਿੰਘ ਗਿੱਲ ਹੋਰਾਂ ਦੇ ਡੇਰੇ ਤੇ ਪੁੱਜ ਗਏ। ਉੱਥੇ ਹੋਰ ਵੀ ਬਹੁਤ ਸਾਰੇ ਸਾਧੂ ਸੰਤ ਬੈਠੇ ਸਨ। ਜਮੀਅਤ ਸਿੰਘ ਹੋਰਾਂ ਨੇ ਬੈਠੇ ਸਾਧਾਂ ਤੋਂ ਪੁੱਛਿਆ- "ਕੋਈ ਹੈ, ਜਿਸ 'ਪੰਜਾਂ' ਨੂੰ ਜਿੱਤਿਆ ਹੋਵੇ? ਜਿਹੜਾ 'ਪੰਜਾਂ' ਤੋਂ ਮੁਕਤ ਹੋਵੇ?

ਸੰਤ ਮੱਲਾ ਸਿੰਘ ਜੀ ਨੇ ਆਪਣੀ ਬਾਂਹ ਖੜ੍ਹੀ ਕਰ ਦਿੱਤੀ। ਸਾਰੇ ਹੈਰਾਨ ਸਨ? ਬਾਬਾ ਜਮੀਅਤ ਸਿੰਘ ਪੁੱਛਣ ਲੱਗੇ— "ਬਿਰਧ ਅਵਸਥਾ ਦੇ ਨੇੜੇ

ਤੇੜੇ ਪਹੁੰਚ ਕੇ ਵੀ ਅਸੀਂ 'ਪੰਜਾਂ' ਦੀ ਪਕੜ 'ਚੋਂ ਨਹੀਂ ਨਿਕਲ ਸਕੇ, ਤੁਸੀਂ ਕਿਸ ਤਰ੍ਹਾਂ ਇਸ ਦਰਜੇ ਨੂੰ ਪਹੁੰਚ ਗਏ? "

ਸੰਤ ਮੱਲਾ ਸਿੰਘ ਜੀ ਨੇ ਜੁਆਬ ਦਿੱਤਾ— "ਸਤਿਗੁਰੂ- ਪਰਮੇਸ਼ਰ ਦੀ ਦਇਆ ਨਾਲ।" ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ, ਸੱਤ ਅੱਸੂ 1971 ਬਿਕ੍ਰਮੀ ਮੁਤਾਬਿਕ ਸਤੰਬਰ 1914 ਈ. ਵਿੱਚ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਾਈ ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਲਾਹੌਰ ਬਾਬੇ ਧਿਆਨ ਸਿੰਘ ਦੀ ਪੁੱਤਰੀ ਬੀਬੀ ਸਤਵੰਤ ਕੌਰ ਨਾਲ ਹੋਏ ਅਨੰਦ ਕਾਰਜ ਸਮੇਂ, ਆਪਣੇ ਇਲਾਕੇ ਦੀ ਸੰਗਤ ਸਮੇਤ ਸ਼ਾਮਲ ਹੋਏ ਸਨ।

–(ਅੱਖੀਂ ਡਿੱਠਾ ਕਿੱਸਾ ਕੀਤਾ- ਸੁਵਰਨ ਸਿੰਘ ਵਿਰਕ)

ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਨਾਭੇ ਦੇ ਮਹਾਰਾਜੇ ਰਿਪੁਦਮਨ ਸਿੰਘ ਦੇ ਘਰ ਪ੍ਰਤਾਪ ਸਿੰਘ ਨਾਮੇ ਪੁੱਤਰ ਜਨਮਿਆ ਸੀ ਤਾਂ ਉਹਨੇ ਸਤਿਗੁਰੂ ਜੀ ਦੀਆਂ ਗਊਆਂ ਲਈ ਅਮਲੋਹ ਦੇ ਪਾਸ ਇਕ ਬੀੜ ਜੋ 52 ਮੁਰੱਬਿਆਂ ਵਿੱਚ ਸੀ ਮਰਾਰੜੂ ਨਾਮ ਦੀ, ਉਹ ਅਰਦਾਸ ਕਰਵਾਈ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਹਰ ਸਾਲ 10 ਸਾਵਣ ਤੋਂ 20 ਭਾਦਰੋਂ ਤੱਕ ਨੀਲੋਂ ਨਹਿਰ ਤੇ ਜਪ ਪ੍ਰਯੋਗ ਚਾਲ੍ਹੀਆ ਕਰਿਆ ਕਰਦੇ ਸਨ। ਸੰਨ 1921 ਈਸਵੀ ਵਿੱਚ ਨਾਭੇ ਵਾਲੀ ਬੀੜ ਮਿਲਣ ਕਾਰਨ ਇਹ ਚਾਲ੍ਹੀਆ ਆਪ ਜੀ ਨੇ ਬੀੜ ਵਿੱਚ ਹੀ ਛੱਪਰ, ਛੱਪਰੀਆਂ ਛੱਤ ਕੇ ਕੀਤਾ ਸੀ। ਇਸ ਤੋਂ ਪਹਿਲਾਂ ਆਪ ਨੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਅਖੰਡ ਪਾਠਾਂ ਦੇ ਭੋਗ ਵੀ ਪਾਏ ਸਨ। ਇਸ ਚਾਲ੍ਹੀਏ ਤੇ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ ਵੀ ਆਪਣੇ ਸੇਵਕਾਂ ਸਮੇਤ ਪੁੱਜੇ ਸਨ। ਇਹ ਵਰਨਣ ਸੰਤ ਤਰਨ ਸਿੰਘ ਵਹਿਮੀ ਹੋਰਾਂ ਦੇ ਪੁਸਤਕ ਜੱਸ ਜੀਵਨ ਭਾਗ ਦੂਜਾ ਵਿੱਚ ਦਰਜ਼ ਹੈ।

"ਉਚੇਚਾ ਸੱਦਾ ਦੇ ਇਸ ਚਾਹਲੀਏ ਨੇਮ ਵਿਚ, ਸੰਤ ਕਿਲ੍ਹੇ ਵਾਲੇ ਹਰਨਾਮ ਸਿੰਘ ਜੀ ਨੂੰ ਭੀ ਸਤਿਗੁਰੂ ਜੀ ਸੱਦਿਆ ਸੀ। ਕਿਉਂਕਿ ਇਹ ਸੰਤ ਜੀ ਬੜੇ ਤੱਪ ਤੇ ਸਾਧਨਾਂ ਵਾਲੇ ਸੀ। ਇਹ ਆਪਣੇ ਨਗਰ ਦੇ ਸੰਤ ਝੰਡਾ ਸਿੰਘ (ਮਸਤਾਨਾ ਝੰਡਾ ਸਿੰਘ ਕਿਲ੍ਹੇ ਵਾਲਾ ਦੂਸਰਾ ਸੀ) ਤੋਂ ਭਜਨ ਪੁੱਛ ਤੇ ਮੱਲਾ ਸਿੰਘ ਜੀ (ਗਿੱਲ) ਦੀ ਸੰਗਤ ਕਰ, ਫਿਰ ਸੰਤ ਕੇਸਰ ਸਿੰਘ ਜੀ ਚੁੱਪ ਦੀ ਸੰਗਤ 'ਗਿੱਲੀਂ' ਕਰ, ਐਸੇ ਅਡੋਲ ਤੇ ਮਗਨ ਬਿਰਤੀ ਵਾਲੇ ਹੋਏ ਰਹੇ ਸਨ। ਕਿ ਭੈਣੀ ਸਾਹਿਬ ਭੀ ਕੁਝ ਚਿਰ ਆ ਲੰਗਰ ਦੀ ਸੇਵਾ ਕੀਤੀ ਤੇ ਫਿਰ ਕਿਲ੍ਹੇ, ਗੁਰੂ ਚੱਕ, ਮਾਂਗੇ ਤੇ ਸਿਖਾਣੀ ਆਦਿ ਅੰਦਰੀਂ ਵੜ, ਇਕ ਰਸ ਬੰਦਗੀ ਕਰ ਮਸਤ ਹੋਏ ਰਹੇ ਸੀ। ਘਰ ਬਾਹਰ ਦੀ ਸੁੱਧ ਭੁੱਲ, ਦੇਹ ਦੀ ਸੋਝੀ ਤੋਂ ਭੀ ਪਰ੍ਹੇ ਹੋਏ ਰਹੇ ਸੀ। ਗਰਮੀਆਂ ਦੀ ਬਹਾਰੇ ਨੰਗੇ ਪੈਰੀਂ

ਤੇ ਪਿੰਡੇ ਪੋਹਲੀਆਂ 'ਚ ਦੌੜਦੇ ਕੜਕਦੀ ਦੁਪਹਿਰੇ ਪਿੜ ਬੰਨ੍ਹ, ਚੱਕਰ ਲਾਂਦੇ, ਮਸਤ ਹੋ ਡਿੱਗਦੇ ਤੇ ਫਿਰ ਉੱਠ ਦੌੜ ਜਾਂਦੇ। ਕਈ ਦਿਨ ਤਾਂ ਕੁਝ ਪੀਂਦੇ ਨਾ ਖਾਂਦੇ। ਸਮਸੇ, ਮਦਾਰ, ਵਰਨੀਂ (ਸ਼ੇਖੂਪੁਰੇ ਜ਼ਿਲ੍ਹੇ ਦੇ ਚੂਹੜਕਾਣੇ ਪਾਸ ਨਾਮਧਾਰੀਆਂ ਦੇ ਪਿੰਡ) ਵੀ ਕਈ ਵਾਰ, ਕਈ ਕਈ ਦਿਨ ਆਏ ਰਹਿੰਦੇ। ਸੰਤ ਆਲਾ ਸਿੰਘ ਜੀ ਇਹਨਾਂ ਦੇ ਵੱਡੇ ਸ਼ਰਧਾਲੂ ਰਹੇ ਕਿ ਵਰਨਾਂ ਤੋਂ ਹੱਥੀਂ ਚੱਕੀ ਨਾਲ ਆਟਾ ਪੀਹ, ਕਿਲ੍ਹੇ ਊਠ ਤੇ ਲੱਦ 45 ਕੋਹਾਂ (101 ਕਿਲੋਮੀਟਰ) ਜਾ ਸੰਤਾਂ ਦੇ ਚੱਲਦੇ ਲੰਗਰ ਵਿੱਚ ਜਾ ਪਾਂਦੇ। ਸੰਤ ਜੀ, ਮਸਤੀ ਆਈ, ਸਭ ਵਹੀਆਂ ਪਾੜ, ਕੋਠੇ ਵੇਚ, ਗਹਿਣੇ ਪਾ ਸਾਧ ਸੰਗਤ ਨੂੰ ਛਕਾ ਦਿੱਤੇ ਸੀ ਤੇ ਹੋਸ਼ ਆਈ ਸਮੇਂ ਪ੍ਰਮੇਸ਼ਰ ਨੂੰ ਉਹਨਾਂ ਸ਼ਾਹੂਕਾਰਾਂ ਨੂੰ ਪਰੇਰ, ਕੋਠੇ ਮੁਫ਼ਤ ਵਾਪਸ ਕਰਾਏ ਸੀ। ਇਹ ਹੁਣ ਆਪਣੀ ਉਹਨੀ ਘਰੀਂ ਵੱਸਦੇ ਸੀ ਤੇ ਉੱਥੋਂ ਹੀ ਆਏ ਸੀ ਸਮੇਤ ਆਪਣੇ ਸਾਥੀ ਕੁਝ ਸਾਧਾਂ ਦੇ।

"ਸਤਿਗੁਰੂ ਜੀ, ਆਪਣੀ ਕਾਰ ਭੇਜ ਗੁਬਿੰਦ ਗੜੋਂ, ਸੰਤ ਜੀ ਨੂੰ ਸਾਧਾਂ ਸਮੇਤ ਬੀੜ ਵਿੱਚ ਲਿਆਂਦਾ ਸੀ ਤੇ ਬੜੇ ਆਦਰ ਨਾਲ ਅੱਡਰਾ ਛੱਪਰ ਤੇ ਸੁਖ ਅਸਥਾਨ ਦਿੱਤਾ ਸੀ, ਜੋ ਸਾਧਾਂ ਤੋਂ ਸੰਤਾਂ ਜੋਗ ਰੀਝ ਨਾਲ ਬਣਵਾਇਆ ਸੀ।"

ਸਤਿਗੁਰੂ ਜੀ ਦਾ ਤੇ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲਿਆਂ ਦਾ ਇਕ ਦਿਨ ਇਕ ਤੁਕ ਦੇ ਅਰਥ ਤੇ ਮਤਭੇਦ ਹੋਇਆ ਪਰ ਦੋਤਰਫੀ ਸਮਾਈ ਕਰ, ਵਿਚੇ ਵਿਚਾਰ ਛੱਡ, ਅੱਡ ਅੱਡ ਸਥਾਨਾਂ ਤੇ ਚਲੇ ਗਏ। ਕਿਉਂਕਿ ਭਜਨ, ਰਸ ਤੇ ਵਿਚਾਰ ਲਈ ਹੀ ਚਰਚਾ ਹੁੰਦੀ ਸੀ, ਜਦ ਹੋਰ ਸੂਰਤ ਹੋਵੇ ਤਾਂ ਤੁਰੰਤ ਤਿਆਗ ਦਿੰਦੇ ਸੀ।

"ਇਕ ਦਿਨ ਸਤਸੰਗ ਦੇ ਬਚਨ ਹੁੰਦਿਆਂ, ਸਤਿਗੁਰੂ ਜੀ ਬੜੇ ਮਿੱਠੇ ਸੁਭਾ ਬੋਲ, ਸੰਤ ਹਰਨਾਮ ਸਿੰਘ ਜੀ ਨੂੰ ਕਿਹਾ— ਮੈਂ ਸੁਣਿਆ ਹੈ ਤੁਸੀਂ ਗੁਰੂ ਹਰੀ ਸਿੰਘ ਜੀ ਦਾ ਅਰਦਾਸੇ ਵਿੱਚ ਨਾਮ ਨਹੀਂ ਲੈਂਦੇ। ਸੰਤ ਜੀ ਉੱਤਰ ਦਿੱਤਾ— ਜਦ ਸਤਿਗੁਰੂ ਰਾਮ ਸਿੰਘ ਜੀ ਅਜੇ ਦੇਹ ਕਰ ਕੇ ਹਨ ਤੇ ਆਉਣਾ ਹੈ ਤਾਂ ਉਹਨਾਂ ਦੇ ਹੁੰਦਿਆਂ ਹੋਰ ਨਾਮ ਲੈਣ ਦਾ ਕੀ ਅਰਥ? ਸਤਿਗੁਰੂ ਜੀ ਕਿਹਾ— ਜਦ ਸਤਿਗੁਰੂ ਰਾਮ ਸਿੰਘ ਜੀ ਉਹਨਾਂ ਨੂੰ "ਸਿਰ ਕਰਤਾ ਕਰ ਜਾਨਣਾ" ਲਿਖਿਆ ਹੈ ਤਾਂ ਸਾਨੂੰ ਗੁਰੂ ਹਰੀ ਸਿੰਘ ਜੀ ਦਾ ਨਾਮ ਅਰਦਾਸੇ ਵਿੱਚ ਲੈਣਾ ਚਾਹੀਦਾ ਹੈ। ਤਾਂ ਸੰਤ ਜੀ ਕਿਹਾ- ਗੁਰੂ ਰਾਮ ਸਿੰਘ ਜੀ ਦੇ ਹੁੰਦਿਆਂ, ਹੋਰ ਦਾ ਨਾਮ ਲੈਣ ਨੂੰ ਮਨ ਨਹੀਂ ਮੰਨਦਾ।

"ਸਤਿਗੁਰੂ ਪ੍ਰਤਾਪ ਸਿੰਘ ਜੀ ਫਿਰ ਬੜੇ ਸਹਿਜ ਦੇ ਸੁਭਾਅ ਨਾਲ ਕਿਹਾ, ਸਤਿਗੁਰੂ ਰਾਮ ਸਿੰਘ ਜੀ ਦਾ ਉਸੇ ਹੁਕਮਨਾਮੇ ਵਿੱਚ ਇਹ ਭੀ ਹੁਕਮ

ਆਇਆ ਸੀ ਕਿ— ਮੇਰੇ ਧੱਕੇ ਨੂੰ ਇਹ ਬਖਸ਼ ਦੇਵੇਗਾ ਤੇ "ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ।" ਤੇ ਗੁਰੂ ਹਰੀ ਸਿੰਘ ਜੀ ਬੜੀ ਕਠਿਨ ਘਾਲ ਕਰ ਸਿੱਖੀ ਦੀ ਸੰਭਾਲ ਕੀਤੀ ਰੱਖੀ ਹੈ। ਕਈ ਹੋਰ ਕਮਾਈ ਵਾਲੇ ਜਿਵੇਂ ਕਿ ਪੰਜ ਪਿਆਰਿਆਂ ਜਾਂ ਚਹੁੰ ਸਾਹਿਬਜ਼ਾਦਿਆਂ ਦੇ ਨਾਮ ਆਮ ਸੰਗਤ ਲੈਂਦੀ ਹੈ। ਤਿਵੇਂ ਹੀ ਜੇ ਗੁਰੂ ਹਰੀ ਸਿੰਘ ਜੀ ਦਾ ਨਾਮ ਤੁਸੀਂ ਅਰਦਾਸੇ ਵਿੱਚ ਲੈ ਲਿਆ ਕਰੋ ਤਾਂ ਆਪ ਦੇ ਸਾਥ ਰਹਿੰਦੇ ਭੀ ਸਭ ਸਾਧ, ਉਹਨਾਂ ਦਾ ਅਰਦਾਸੇ ਵਿੱਚ ਨਾਮ ਲਿਆ ਕਰਨਗੇ ਤੇ ਜੇ ਨਾ ਹੀ ਲਵੋ ਤਾਂ ਉੱਕਾ ਅਤੇ "ਮੈਂ ਨਹੀਂ ਬਖਸ਼ਾਂਗਾ" ਵਾਕ ਆਪ ਤੇ ਹੀ ਨਾਂ ਕਿਤੇ ਆਉਂਦਾ ਹੋਵੇ।

"ਇਹ ਸੁਣ ਸੰਤ ਜੀ ਉੱਤਰ ਦਿੱਤਾ, ਭਾਂਵੇਂ ਕੁਝ ਹੋਵੇ ਮੇਰਾ ਮਨ ਨਹੀਂ ਮੰਨਦਾ। ਤਾਂ ਸਤਿਗੁਰੂ ਜੀ ਕਿਹਾ— ਜੇ ਤੁਹਾਡਾ ਮਨ ਮਰਜ਼ੀ ਤੇ ਅੜ ਉਹਨਾਂ ਦਾ ਨਾਮ ਲੈਣਾ ਨਹੀਂ ਮੰਨਦਾ ਤਾਂ ਮੇਰਾ ਮਨ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਨੂੰ ਨਾ ਮੰਨਣ ਵਾਲੇ ਨੂੰ ਕੁਝ ਨਹੀਂ ਮੰਨਦਾ, ਕਹਿ ਚੁੱਪ ਕਰ ਮੁੱਖ ਮੋੜ ਲਿਆ।"

ਇਸ ਤਰ੍ਹਾਂ ਇਸ ਬੁਨਿਆਦੀ ਨੁਕਤੇ ਤੋਂ ਮੱਤਭੇਦ ਹੋਣ ਕਾਰਨ, ਸੰਤ ਜੀ ਸਾਥੀਆਂ ਸਮੇਤ ਬੀੜ ਤੋਂ ਵਾਪਸ ਆ ਗਏ। ਪਰ ਇਸ ਤੋਂ ਬਾਅਦ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਰੇ ਵਿੱਚ ਵੀ ਕਿਲ੍ਹੇ ਵਾਲੇ ਮਹਾਂਪੁਰਖ, ਕਈ ਦਫਾ ਨਾਮਧਾਰੀ ਪੰਥ ਦੇ ਸਮਾਗਮਾਂ ਵਿੱਚ ਦਰਸ਼ਨ ਮੇਲਿਆਂ ਲਈ ਆਇਆ ਕਰਦੇ ਸਨ। 1938 ਈ. ਦੇ ਪੋਹ ਮਹੀਨੇ ਵਿੱਚ ਸਤਿਗੁਰੂ ਜੀ ਅਤੇ ਸੰਤ ਹਰਨਾਮ ਸਿੰਘ ਹੋਰਾਂ ਦੇ ਗੁਰੂ ਚੱਕ ਵਿਖੇ ਦਰਸ਼ਨ ਮੇਲੇ ਹੋਣ ਦਾ ਜ਼ਿਕਰ ਵੀ ਵਹਿਮੀ ਜੀ ਕਰਦੇ ਹਨ। ਇੱਥੇ ਸਤਿਗੁਰੂ ਜੀ ਨੇ ਸੰਤਾਂ ਅਤੇ ਉਹਨਾਂ ਦੇ ਜੱਥੇ ਦੇ ਸਿੰਘਾਂ ਨੂੰ ਦੁਬਾਰਾ ਅੰਮ੍ਰਿਤ ਛਕਾ ਕੇ, ਇਹ ਬਚਨ ਕੀਤਾ ਸੀ- "ਜੋ ਸਤਿਗੁਰੂ ਰਾਮ ਸਿੰਘ ਜੀ ਤੇ ਨਿਸ਼ਚਾ ਰੱਖਦਾ ਹੈ, ਉਹਨਾਂ ਦਾ ਦਿੱਤਾ ਬਾਣਾ ਤੇ ਹੋਰ ਮਰਿਆਦਾ ਇਸ਼ਨਾਨ ਪਾਠ ਦੀ ਮੰਨਤਾ ਕਰਦਾ ਹੈ, ਉਹ ਕੂਕਾ ਹੀ ਹੈ। ਤੁਹਾਨੂੰ ਬਹੁਤੀ ਘਾੜਤ ਨਹੀਂ ਕਰਨੀ ਚਾਹੀਦੀ।"

ਉਸ ਸਮੇਂ ਦੇ ਬਹੁਤ ਸਾਰੇ ਪਰਮੁੱਖ ਨਾਮਧਾਰੀ ਸਾਧੂ ਸੰਤਾਂ ਨਾਲ ਵੀ ਸੰਤ ਕਿਲ੍ਹੇ ਵਾਲਿਆਂ ਦੇ ਬੜੇ ਗਹਿਰੇ ਸੰਬੰਧ ਸਨ। ਇਹਨਾਂ ਵਿੱਚੋਂ ਇੱਕ ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ ਵੀ ਹੋਏ ਹਨ। ਸੰਤ ਕਿਲ੍ਹੇ ਵਾਲਿਆਂ ਦਾ ਨਿਕਟਵਰਤੀ ਸੇਵਕ ਸ੍ਰ. ਬਲਵੰਤ ਸਿੰਘ ਸਿਰਾਂ ਵਾਲੀਆ ਦੇ ਇਹਨਾਂ ਦੇ ਸੰਪਰਕ ਵਿੱਚ ਆਉਣ ਦੀ ਕਥਾ ਜੱਸ ਜੀਵਨ, ਭਾਗ ਤੀਜਾ ਵਿੱਚ ਵਹਿਮੀ ਜੀ ਕਲਮਬੰਦ ਕਰ ਗਏ ਹਨ।

"ਸਿਰਾਂ ਵਾਲੀ ਦਾ ਸਰਦਾਰ ਬਲਵੰਤ ਸਿੰਘ ਪੁੱਤਰ ਦੀ ਥੁੜੋਂ ਹੁੱਸੜਿਆ ਇਕ ਮੌਲਵੀ ਦੇ ਟੇਟੇ ਚੜ੍ਹਿਆ, ਮੁਸਲਮਾਨ ਹੋਣ ਨੂੰ ਲਾਹੌਰ ਵੱਲ ਤੁਰਿਆ, ਕਿਉਂਕਿ ਹੋਰ ਵਿਆਹ ਕਰਨੋਂ ਉਹ ਝਕਦਾ ਸੀ। ਇਕ ਤੇ ਉਸ ਦਾ ਸਰਦਾਰਨੀ ਨਾਲ ਬਹੁਤ ਪਿਆਰ ਸੀ, ਦੂਜਾ ਉਸ ਭਾਈ ਗੁਰਦਾਸ ਜੀ ਦੀਆਂ ਤੁਕਾਂ :

ਜਿਉ ਬੇਸੀਵਾ ਥੇਹੁ ਕਰਿ ਪਛੋਤਾਵੋ ਸੁਖਿ ਨ ਵਸੈ॥

ਦੁਹ ਨਾਰੀ ਦਾ ਦੁਲਹਾ ਦੁਹ ਮੁਨਸਾ ਦੀ ਨਾਰ ਵਿਣਸੈ॥

ਸੁਣੀਆਂ ਹੋਈਆਂ ਸਨ, ਤੇ ਮੁੱਲਾਂ ਉਸ ਨੂੰ ਕਿਹਾ ਸੀ, ਤੂੰ ਇਸਲਾਮ ਤੇ ਈਮਾਨ ਲੈ ਆ, ਮੈਂ ਕਲਾਮ ਤੇ ਦੁਆਈ ਨਾਲ ਤੈਨੂੰ ਪੁੱਤਰ ਦੁਆਉਣ ਦਾ ਜਾਮਨ ਹਾਂ। "ਸੁਆਰਥੀ ਦੋਸ਼ੋ ਨ ਪਸ਼ਅਤੀ" ਦੇ ਅਨੁਸਾਰ ਸਰਦਾਰ ਵਿਚਲ ਗਿਆ ਸੀ। ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ, ਸ਼ਮੀਰਪੁਰ ਵਾਲੇ, ਜੋ ਮਾਨਾਂ ਵਾਲੇ ਰਹਿੰਦੇ ਸਨ, ਉਹਨਾਂ ਸੁਣਿਆ ਕਿ ਸਿਰਾਂ ਵਾਲੀਆ ਸਰਦਾਰ ਅੱਜ ਲਾਹੌਰ ਜਾ ਰਿਹਾ ਹੈ, ਮੁਸਲਮਾਨ ਹੋਣ, ਮੌਲਵੀ ਨਾਲ ਪੁੱਤਰ ਦੀ ਥੁੜੋਂ। ਇਹ ਕਾਮੋਕੀ (ਗੁਜਰਾਂਵਾਲਾ) ਸਿੱਖਾਂ ਵੱਲ ਆਏ ਹੋਏ ਸੀ ਤੇ ਸੜਕ ਤੇ ਹੋ ਖੜੇ। ਸਰਦਾਰ ਕਾਰ ਤੇ ਗੁਜਰਾਂ ਵਾਲਿਉਂ ਲਾਹੌਰ ਨੂੰ ਜਾਂਦਿਆਂ ਸੜਕ ਤੇ ਸੰਤਾਂ ਨੂੰ ਦੇਖ ਕਾਰ ਖਲਹਾਰੀ ਤੇ ਸੰਤਾਂ ਦੀ ਚਰਨੀਂ ਲੱਗਾ। ਸੰਤ ਜੀ ਵੇਦਨ ਪੁੱਛੀ। ਸਰਦਾਰ ਨੇ ਕਿਹਾ, "ਮਰਦਾ ਕੀ ਨਹੀਂ ਕਰਦਾ" ਲੋਕ ਸੱਚ ਹੀ ਆਖਦੇ ਹਨ। ਸ਼ਾਸ਼ਤਰਕਾਰਾਂ ਜੋ ਲਿਖਿਆ ਹੈ

"ਅਨਪੁੱਤਰੇ ਕੀ ਗਤਿ ਨਹੀਂ ਸੁਰਗ ਬੀਚ ਨਹੀਂ ਠੌਰ।

ਜਿਉਂ ਤਿਉਂ ਸੁੱਤ ਉਪਜਾਈਐ, ਵਿਆਹ ਕਰਾਈਏ ਔਰ।"

ਉਹ ਮੈਨੂੰ ਜਚਦਾ ਨਹੀਂ। ਦੂਜਾ ਵਿਆਹ ਦੁਬਿਧਾ ਦਾ ਕਾਰਨ ਬਣਦਾ ਹੈ। ਸੰਤ ਜੀ ਕਿਹਾ– 'ਤੂੰ ਤੁਰਕ ਨਾ ਹੋ! ਅਸੀਂ ਤੈਨੂੰ ਕਰਤੇ ਤੋਂ ਪੁੱਤਰ ਲੈ ਦਿੰਦੇ ਹਾਂ। ਮੌਲਵੀ ਦੇ ਮੋਢਾ ਫੜਦਿਆਂ ਵੀ ਸਰਦਾਰ ਸੰਤ ਜੀ ਕੋਲ ਕਾਮੋਕੀ ਰਹਿ ਪਿਆ। ਤੇ ਸੰਤ ਜੀ ਪੁੱਤਰ ਹੋਣ ਦਾ ਅਰਦਾਸਾ ਕਰ ਗੁਰਮੰਤਰ ਦੱਸ ਦਿੱਤਾ। ਤੇ ਸਰਦਾਰ ਨੂੰ ਕਿਹਾ, ਪੁੱਤਰ ਤੇ ਤੇਰੇ ਘਰ ਹੋ ਜਾਏਗਾ, ਪਰ ਤੇਰਾ ਭਾਗ, ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲਿਆਂ ਦੀ ਰਸਨਾ ਤੇ ਲਾਗ ਤੋਂ ਪੂਰਾ ਹੋਣਾ ਹੈ। ਅਸੀਂ ਤੇ ਮਾਨਾਂ ਵਾਲੇ (ਸ਼ੇਖੂਪੁਰਾ) ਦੇ ਸਰਦਾਰਾਂ ਨੂੰ ਮਸਾਂ ਸੂਤ ਕਰ ਰੱਖਿਆ ਹੈ। ਸਰਦਾਰ ਜੀ ਸਿੱਧੇ ਕਿਲ੍ਹੇ ਆਏ ਤੇ ਭੂਰੀ ਵਾਲਿਆਂ ਦਾ ਕੀਤਾ ਬਚਨ ਸੁਣਾਇਆ। ਸਾਰੀ ਵਾਰਤਾ ਭੀ ਦੱਸੀ।

"ਤਾਂ ਕਿਲ੍ਹੇ ਵਾਲੇ ਸੰਤਾਂ ਕਿਹਾ, ਜੇ ਸੰਤਾਂ ਭੂਰੀ ਵਾਲਿਆਂ ਆਪ ਤੈਨੂੰ ਪੁੱਤਰ,

ਕਰਤੇ-ਪੁਰਖ, ਅਕਾਲ-ਪੁਰਖ, ਸਤਿਗੁਰੂ ਰਾਮ ਸਿੰਘ ਜੀ ਪਾਸੋਂ ਲੈ ਦੇਣ ਦਾ ਅਰਦਾਸਾ ਕਰ ਮੇਰੇ ਵੱਲ ਭੇਜਿਆ ਏ ਤਾਂ ਮੈਨੂੰ ਕੀ ਇਨਕਾਰ ਏ। ਚੰਗਾਂ ਤੂੰ ਭਜਨ ਕਰ, ਇਸ਼ਨਾਨ ਕਰ ਤੇ ਸੰਗਤ ਦੀ ਸੇਵਾ, ਦਾਨ ਕਰ। ਸਰਦਾਰ ਦੇ ਘਰ ਉਸੇ ਸਾਲ ਪੁੱਤਰ ਹੋਇਆ। ਸ਼ਰਧਾ ਵਧੀ, ਹੁਣ ਇਹ ਸਰਦਾਰ ਤੇ ਸੰਤ ਹਰਨਾਮ ਸਿੰਘ ਜੀ, ਨੁਸ਼ਹਿਰੇ ਮੱਝਾ ਸਿੰਘ ਦੇ ਜ਼ਿਲ੍ਹੇ ਗੁਰਦਾਸਪੁਰ ਵਿੱਚ ਰਹਿੰਦੇ ਹਨ ਤੇ ਉਸੇ ਤਰ੍ਹਾਂ ਆਪੋ ਵਿੱਚ ਸ਼ਰਧਾ ਪ੍ਰੇਮ ਦਾ ਠਾਠ ਲੈਂਦੇ ਹਨ।"

1939 ਈ. ਦਾ ਨਾਮਧਾਰੀ ਸਿੱਖ ਪੰਥ ਦਾ ਹੋਲਾ ਮਹੱਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਤਲਹਾੜਾ ਜ਼ਿਲ੍ਹਾ ਸਿਆਲਕੋਟ ਵਿੱਚ ਹੋਇਆ ਸੀ। ਇਸ ਹੋਲੇ ਵਿੱਚ ਸੰਤ ਕਿਲ੍ਹੇ ਵਾਲਿਆਂ ਦਾ ਆਉਣਾ ਅਤੇ ਸਤਿਗੁਰੂ ਜੀ ਨੂੰ ਘੋੜੀ ਭੇਟ ਕਰਨੀ 'ਜੱਸ ਜੀਵਨ' (3) ਵਿੱਚ ਦਰਜ ਹੈ। "ਸਤਿਗੁਰੂ ਜੀ ਦੇ ਸੱਜੇ ਪਾਸੇ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ ਸਜੇ ਹੋਏ ਸੀ, ਸਾਧੂਆਂ ਸਮੇਤ। ਤੇ ਸੰਤ ਜੀ ਵੱਲੋਂ ਇਕ ਲਾਲ ਬੱਲ੍ਹੀ ਘੋੜੀ ਸਜੀ ਹੋਈ ਗਰਦਨੀ ਆਦਿ ਨਾਲ ਭੇਟਾ ਹੋਈ ਸੀ, ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਰਵਾਨ ਕਰ, ਘੋੜਿਆਂ ਵਾਲੇ ਸਿੱਖਾਂ ਨੂੰ ਸੰਭਾਲ ਦਿੱਤੀ।" ਇਸ ਹੋਲੇ ਮਹੱਲੇ ਤੋਂ ਬਾਅਦ ਅੰਮ੍ਰਿਤਸਰ ਵੈਸਾਖੀ ਦੇ ਮੇਲੇ ਦੇ ਭੋਗ ਤੇ ਸਿਆਲਕੋਟ ਦੇ ਸਿੱਖਾਂ ਅਰਜ਼ ਕੀਤੀ ਸੀ ਕਿ ਸਾਡੇ ਨਗਰੀਂ ਜ਼ਰੂਰ ਦਰਸ਼ਨ ਦਿਉ। ਸਤਿਗੁਰੂ ਜੀ ਸ਼ਮੀਰਪੁਰੇ ਤੇ ਮੌਜੋਕੀ ਮੇਲੇ ਕੀਤੇ। ਸਾਰੀ ਦੜਪ ਦੀ ਸੰਗਤ ਆਈ ਤੇ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ ਭੀ ਆਏ। ਸਤਿਗੁਰੂ ਜੀ ਆਦਰ ਦਿੱਤਾ। ਬਚਨ ਬਿਲਾਸ, ਸੁਖ ਅਨੰਦ ਤੇ ਸਾਧ ਸੰਗ ਭੀ ਹੋਇਆ।

ਸੰਤਾਂ ਕਿਲ੍ਹੇ ਵਾਲਿਆਂ ਦਾ ਇਕ ਮੇਲੀ ਤਲਹਾੜੇ ਦਾ ਸੰਤ ਗਣੇਸ਼ਾ ਸਿੰਘ, ਸੰਤ ਜਗਤ ਸਿੰਘ ਜੀ ਖੰਡੂਵਾਲੀਆਂ ਦਾ ਵੀ ਮੇਲੀ ਸੀ। ਉਸ ਆਦੋਕੇ ਸੰਤਾਂ ਕਿਲ੍ਹੇ ਵਾਲਿਆਂ ਦੇ ਲੰਗਰ, ਵਰਨੀਂ, ਕਰਨ ਗਿਆਂ, ਅਰਦਾਸਾ ਪਾਤਸ਼ਾਹੀ ਬਾਹਰਵੀਂ ਕਹਿ ਕੇ, ਗੁਰੂ ਹਰੀ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ, ਨਾਮ ਲਏ। ਸੰਤਾਂ ਨੇ ਤਾਂ ਇਸ ਮੌਕੇ ਸਹਿਜ ਰੂਪ ਵਿੱਚ ਸਭ ਪਰਵਾਨ ਕਰ ਲਿਆ ਪਰ ਕਿਲ੍ਹੇ ਵਾਲਿਆਂ ਦੇ ਸੇਵਕ ਮੁੰਨਸ਼ਾ ਸਿੰਘ ਹੋਰਾਂ ਕਾਫੀ ਰੌਲਾ ਗੌਲਾ ਪਾ ਕੇ ਸੰਤਾਂ ਦੇ ਮੂੰਹੋਂ ਅਰਦਾਸਾ ਕਰਨ ਵਾਲੇ ਲਈ ਦੁਰਵਾਕ ਕਢਾ ਲਏ। ਇਹ ਚਰਚਾ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਵੀ ਪੁੱਜੀ ਤੇ ਆਪ ਇਸ ਪ੍ਰਥਾਇ ਸੰਤ ਜੀ ਨਾਲ ਸਾਰਾ ਮਸਲਾ ਵਿਚਾਰਨ ਲਈ ਕਿਲ੍ਹੇ ਦਰਸ਼ਨ ਦਿੱਤੇ। ਸੰਤ ਜੀ ਦੇ ਇਹ ਮੰਨਣ ਤੇ ਕਿ ਕਾਹਲੀ ਕਾਰਨ ਮੇਰੇ ਮੂੰਹੋਂ ਇਹ ਦੁਰਵਾਕ ਨਿਕਲਿਆ ਹੈ, ਉਸ ਦੀ ਆਪ ਖ਼ਿਮਾ

ਕਰੋ। ਬਖਸ਼ਿੰਦ ਹੋ। ਸਤਿਗੁਰੂ ਜੀ ਨੇ ਸੰਤ ਜੀ ਨੂੰ ਆਪਣੇ ਨਾਲ ਭੈਣੀ ਸਾਹਿਬ ਚੱਲ ਕੇ ਰਹਿਣ ਲਈ ਵੀ ਕਿਹਾ ਸੀ ਪਰ ਉਹਨਾਂ ਦੀਆਂ ਕੁਝ ਮਜ਼ਬੂਰੀਆਂ ਜਾਣ ਜੋ ਰਾਮ ਦੀ ਰਜ਼ਾ ਤੇ ਸਤਿ ਸ੍ਰੀ ਅਕਾਲ ਕਹਿ, ਕਿਲ੍ਹਿਉਂ ਆ ਗਏ ਸਨ।(ਜੱਸ ਜੀਵਨ-ਭਾਗ 3)

"(ਸਤੰਬਰ, 1942) ਅੱਸੂ ਦੀ 4, (ਸੰਮਤ 1999 ਬਿਕਰਮੀ) (ਸ੍ਰੀ ਭੈਣੀ ਸਾਹਿਬ), ਕਥਾ ਵਿੱਚ (ਸਤਿਗੁਰੂ ਪ੍ਰਤਾਪ ਸਿੰਘ ਜੀ ਨੇ) ਬਚਨ ਕੀਤੇ ਨੇ, ਕਈ ਸਿੱਖ, ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲਿਆਂ ਦਾ ਹੁਣ (ਬੀਬੀ ਪਿਆਰੀ ਨਾਲ) ਨਵਾਂ ਵਿਆਹ ਕੀਤਾ, ਮੈਨੂੰ ਆ ਦੱਸਦੇ ਹਨ। ਉਹ ਸੰਤਾਂ ਦੀ ਕਮਾਈ ਵੱਲ ਨਹੀਂ ਵੇਖਦੇ। ਸੰਤ ਜੀ ਜਦ ਮਸਤੀ ਵਿੱਚ ਆ ਮਗਨ ਹੋਏ ਤਾਂ ਆਪਣੀ ਸੁਪਤਨੀ ਨੂੰ ਕਿਹੋ ਨੇ, ਜੇ ਚਿੱਤ ਚਾਹੀ ਤਾਂ ਹੋਰ ਨਾਲ ਅਰਦਾਸਾ ਕਰਾ ਲੈ। ਕਿਉਂਕਿ ਮੈਂ ਤੇਰੇ ਧੰਧੇ ਵਾਲੇ ਸੁਭਾ ਵਾਲਾ ਹੁਣ ਨਹੀਂ ਰਿਹਾ। ਉਸ ਕਿਹਾ, ਜੇ ਆਪ ਮਗਨ ਰਹੋਗੇ ਕੋਲ ਬਹਿ ਰਹਾਂਗੀ। ਜੇ ਸ਼ਬਦ ਪੜ੍ਹੋਗੇ ਤਾਂ ਢੋਲਕੀ ਵਜਾਵਾਂਗੀ, ਕਿਤੇ ਨਹੀਂ ਜਾਂਦੀ। ਜਦ ਸੰਤ ਜੀ ਸਭ ਨੂੰ ਨੀਲੇ ਬਸਤਰ ਕਰਾਏ, ਉਸ ਬੀਬੀ ਤਦ ਭੀ ਚਿੱਟਾ ਕਛਹਿਰਾ ਰੱਖਿਆ। ਉਸ ਬੀਬੀ ਦੇ ਦਰਸ਼ਨ ਨੂੰ ਮੇਰਾ ਚਿਤ ਕਰਦਾ ਏ। ਸੰਤ ਜੀ ਦੀ ਭੈਣ ਦਾ ਸਾਧਾਂ ਅਨੰਦ ਕਰ ਦਿੱਤਾ, ਸੰਤਾਂ ਦੇ ਬਿਨ ਪੁੱਛੇ, ਮਸਤ ਹੋ ਵਿਚਰਦੇ ਜਾਣ। ਕਿਸੇ ਸਿੱਖ ਸੰਤ ਜੀ ਨੂੰ ਕਿਹਾ, ਵੇਖੋ ਜੀ, ਸਿੱਖਾਂ ਆਪ ਦੇ ਪੁੱਛੇ ਬਿਨਾ, ਤੁਹਾਡੀ ਭੈਣ ਦਾ ਸਿੱਖ ਨਾਲ ਅਨੰਦ ਕਰ ਦਿੱਤਾ ਹੈ। ਸੰਤ ਜੀ ਕਿਹਾ— ਉਹਨਾਂ ਦੀ ਭੀ ਕੁਝ ਲੱਗਦੀ ਹੀ ਸੀ ਤਾਂ ਹੀ ਕੀਤਾ ਨੇ। ਸੰਤ ਜੀ ਦੀ ਸੁਪਤਨੀ ਨੂੰ ਕਿਸੇ ਸਿੱਖ ਮਸਕਰੀ ਕੀਤੀ। ਉਸ ਧੱਕੇ ਮਾਰੇ ਤੇ ਸੰਤਾਂ ਨੂੰ ਦੱਸਿਆ। ਤਾਂ ਸੰਤ ਜੀ ਨੇ ਕਿਹਾ, ਤੂੰ ਗੁਰਬਾਣੀ "ਤਨ ਸੰਤਨ ਕਾ ਮਨੁ ਸੰਤਨ ਕਾ ਧਨੁ ਸੰਤਨ ਕਾ ਕੀਆ॥" ਕਿਉਂ ਨਹੀਂ ਵਰਤੀ। ਮੈਂ ਤਾਂ ਰਾਜ਼ੀ ਹਾਂ ਜੇ ਉਸ ਤੋਂ ਮਾਫੀ ਮੰਗ ਤੇ ਕਹੁ ਜਿਵੇਂ ਰਜ਼ਾ ਜੇ ਮੈਂ ਰਾਜ਼ੀ ਹਾਂ। ਉਸ ਨੇ ਉਵੇਂ ਕੀਤਾ ਤੇ ਉਸ ਸਿੱਖ ਨੇ ਮਾਤਾ ਮੰਨ, ਸੰਤਾਂ ਦੀ ਮੱਤ ਨਾਲ ਅੱਗੋਂ ਐਸੇ ਸੁਭਾ ਵੱਲੋਂ ਕੰਨਾਂ ਨੂੰ ਹੱਥ ਲਾਏ। ਸੰਤ ਜੀ ਦੇ ਨੀਲੇ ਬਾਣੇ ਬਾਬਤ ਬਚਨ ਕੀਤਾ, ਕਿਤੇ ਕਿਤੇ ਸਾਖੀਆਂ ਵਿੱਚ ਤੇਰ੍ਹਵੇਂ ਜਾਮੇਂ, ਭਗਤ ਦਾ ਨੀਲਾ ਬਾਣਾ ਲਿਖਿਆ ਹੈ, ਸੰਤਾਂ ਸੋ ਪੂਰਾ ਕੀਤਾ ਹੈ। ਜਿਵੇਂ: "ਕਰੇ ਸਵਾਰੀ ਗਧੇ ਦੀ ਵਜੇ ਢਮਕਾ ਢੋਲ। ਨਾਨਕ ਸਤਿਗੁਰ ਤਾਂ ਮਿਲੇ ਜੇ ਪੂਰਾ ਹੋਵੇ ਬੋਲ।" ਸੰਤ ਮੋਹਣ ਸਿੰਘ ਜੀ (ਭਾਗੋਵਾਲੀਏ) ਮਸਤਾਨਿਆਂ ਨੇ ਆਪਣੇ ਮਗਰ ਢੋਲ ਵਜਵਾ, ਖੋਤੇ ਦੀ ਸਵਾਰੀ ਕਰ, ਵਾਕ ਪੂਰਾ ਕੀਤਾ ਹੈ। ਵੇਖੋ ਸੰਤ (ਕਿਲ੍ਹੇ ਵਾਲੇ) ਜੀ ਸਤਿਗੁਰੂ ਰਾਮ ਸਿੰਘ ਜੀ ਦੀ ਮਰਿਆਦਾ ਬਿਨਾਂ ਪਾਠ ਅਨੰਦ ਨਹੀਂ ਕਰਦੇ।"

"ਏਕ ਸਮੇਂ ਮੈਂ ਸ਼ਮੀਰਪੁਰ ਮੇਲੇ ਤੇ ਗਿਆ। ਸੰਤ ਜੀ ਕਿਲ੍ਹਿਉਂ ਨਾ ਆਏ। ਮਿਲਖਾ ਸਿੰਘ ਮਸਤਾਨੇ (ਢੇ ਵਾਲੇ) ਸੰਤਾਂ ਨੂੰ ਜਾ ਕਿਹਾ, ਤੁਸਾਂ ਜੇ ਇਸ ਤਰ੍ਹਾਂ ਅੰਦਰ ਹੀ ਲੁੱਕ ਰਹਿਣਾ ਸੀ ਤਾਂ ਚੂਹੇ ਦੀ ਜੂਨ ਮੰਗਣੀ ਸੀ, ਰੱਬ ਤੋਂ ਸਿੱਖੀ ਕਿਉਂ ਮੰਗੀ? ਵੇਖੋ ਕਿੰਨੀ ਸੰਗਤ ਸ਼ਮੀਰਪੁਰ ਆਈ ਹੈ ਤੇ 'ਆਪ' ਆਏ ਹਨ। ਸੰਤ ਜੀ ਸ਼ਮੀਰਪੁਰ (ਸਿਆਲਕੋਟ) ਆ, ਦੂਰੋਂ ਨਮਸ਼ਕਾਰ ਕਰ ਜੋੜਿਆਂ ਵਿੱਚ ਬਹਿ ਰਹੇ ਤੇ ਕਹਿਣ- ਮੈਂ ਗੁਨਾਹੀ ਗੁਰੂਆ ! ਤੇਰੀ ਸੰਗਤ ਦੇ ਬਰੋਬਰ ਬਹਿਣ ਜੋਗਾ ਨਹੀਂ। ਮੈਂ ਸੁਣਿਆ ਤੇ ਕਿਹਾ- ਹੁਣ ਮੈਂ ਹੋਰ ਕੀ ਕਹਵਾਂ? ਸੰਤ ਕੇਸਰ ਸਿੰਘ ਜੀ ਕਿੱਲੀ ਮੁਹਾਵੇ ਵਾਲੇ, ਰਾਮਿਆ ਰਾਮਿਆ ਕਰਦੇ ਤੇ ਹੋਰ ਭੀ ਕਈ ਮਸਤ ਬੋਲੇ ਕਰਦੇ। ਉਹਨਾਂ ਦੇ ਸ਼ਰਧਾਲੂ ਸੰਤ ਜੀ ਨੂੰ ਗੁਰੂ ਹੀ ਸਮਝਦੇ। ਇਕ ਦਿਨ ਸੰਤ ਜੀ ਨੇ ਲਕੀਰ ਮਾਰ ਕਿਹਾ- ਜਿਹੜੇ 'ਕੇਸਰ' ਦੇ ਹਨ ਉਹ ਇਕ ਲਾਂਭੇ ਤੇ ਜਿਹੜੇ 'ਰਾਮੇ' ਦੇ ਹਨ, ਇਕ ਲਾਂਭੇ ਅਗਾਂਹ ਟੱਪ ਜਾਣ। ਸਭ ਸੋਚੀਂ ਪੈ ਗਏ ਤਾਂ ਸੰਤ ਜੀ ਲਕੀਰੋਂ ਪਾਰ ਹੋ ਕਿਹਾ- ਮੈਂ ਰਾਮੇ ਦੀ ਕਾਰ ਵਿਚ ਲਕੀਰੋਂ ਪਾਰ, ਹੋਰ ਸਭ ਉਰਾਰ' ਸੁਣਾ ਕਿਹੋ ਨੇ ਲੋਕ ਸੰਤਾਂ ਦੀ ਰਮਜ਼ ਨਹੀਂ ਸਮਝਦੇ ਤੇ ਆਪਣੀ ਮੱਤ ਅਨੁਸਾਰ ਵਖਾਲਾ ਵੇਖਦੇ ਹਨ। (ਸੰਤ ਹਰਨਾਮ ਸਿੰਘ ਜੀ) ਕਥਾ ਸਦਾ ਆਰੰਭ "ਗਿਆਨ ਅੰਜਨ ਗੁਰ ਦੀਆ" ਤੇ "ਜਾਹੀ ਕੁਲ ਤੇ ਪ੍ਰਗਟ ਹੋਏ" ਤੋਂ ਕਰਦੇ। ਤੇ "ਹੇ ਅਚੁਤ ਹੇ ਪਾਰਬ੍ਰਹਮ" ਸ਼ਬਦ ਪੜ੍ਹ, "ਰਾਖੋ ਹੀਏ ਪਰੋਏ' ਤੇ ਸਮਾਪਤ ਕਰਦੇ। ਨਾਮ-ਸਿਮਰਨ ਰੋਜ਼ ਘੰਟਾ ਕਰਨ ਵੇਲੇ, ਚਰਨ ਧੋ, ਪਜਾਮਾ ਉਤਾਰ, ਚੌਂਕੜਾ ਲਾ ਹਰ ਵੇਲੇ ਹੱਥ ਫੜੀ ਮਾਲਾ ਫੇਰ ਮੁੱਖ ਖੋਹਲ ਭਜਨ ਕਰਦੇ।" (ਜੱਸ-ਜੀਵਨ, ਭਾਗ 3)

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਰੋਕਤ ਬਚਨਾਂ ਤੋਂ ਇਹ ਆਭਾਸ ਹੁੰਦਾ ਹੈ ਕਿ ਕੁਝ ਵਖਰੇਵਿਆਂ ਦੇ ਬਾਵਜੂਦ ਵੀ ਸਤਿਗੁਰੂ ਜੀ ਆਪ ਨੂੰ ਇੱਕ ਉੱਚ ਬਿਰਤੀ ਦਾ ਸਾਧੂ ਅਤੇ ਨਾਮਧਾਰੀ ਪੰਥ ਦਾ ਅਭਿੰਨ ਅੰਗ ਸਮਝਦੇ ਸਨ। ਸਤਿਗੁਰੂ ਜੀ ਨੇ ਆਯੂ ਪ੍ਰਯੰਤ ਆਪ ਪ੍ਰਤੀ ਇੱਕ ਉਸਾਰੂ ਪਹੁੰਚ ਰੱਖੀ। ਸੰਤ ਤਰਨ ਸਿੰਘ ਵਹਿਮੀ ਦੇ ਜੱਸ ਜੀਵਨ, (ਭਾਗ 6) ਮੁਤਾਬਿਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀ ਭੈਣੀ ਸਾਹਿਬ ਵਿਖੇ 22 ਅਗਸਤ, 1959 ਈ. ਨੂੰ ਜੋਤੀ ਜੋਤਿ ਸਮਾਉਣ ਸਮੇਂ, ਉਸੇ ਦਿਨ ਸ਼ਾਮ ਨੂੰ ਹੋਏ ਸਸਕਾਰ ਸਮੇਂ, ਸੰਤ ਕਿਲ੍ਹੇ ਵਾਲੇ ਆਪਣੇ ਸਿੰਘਾਂ ਸਮੇਤ ਸ੍ਰੀ ਭੈਣੀ ਸਾਹਿਬ ਵਿਖੇ ਮੌਜੂਦ ਸਨ। ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲਾਂ ਸੂਬਾ ਸਾਧੂ ਸਿੰਘ ਜੀ ਸੰਤਾਂ ਵਾਲੀ ਤੇ ਮਹੰਤ ਖੇੜਾ ਸਿੰਘ ਜੀ ਉਗਰਾਹੀਏ ਭੇਜੇ ਸਨ ਕਿ 25 ਭਾਦਰੋਂ ਸਤਿਗੁਰੂ ਜੀ ਦੇ ਭੋਗ ਦੇ ਮੇਲੇ ਤੇ ਦਰਸ਼ਨ ਦੇਣੇ। ਸੰਤ ਜੀ ਨੇ ਇੱਕ ਦਸਤਾਰ ਅਤੇ ਸੌ ਰੁਪੈ ਉਹਨਾਂ ਸਿੰਘਾਂ ਹੱਥ ਭੇਜ ਦਿੱਤੇ।

ਜਦੋਂ ਮਹਾਰਾਜ ਬੀਰ ਸਿੰਘ ਜੀ ਨੇ ਆਸਨ ਵਿਛਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਉਸ ਤੇ ਸੁਭਾਇਮਾਨ ਕੀਤਾ ਤਾਂ ਹੋਰਨਾਂ ਪ੍ਰਮੁੱਖ ਹਸਤੀਆਂ ਦੇ ਨਾਲ ਹੀ ਸੰਤ ਕਿਲ੍ਹੇ ਵਾਲਿਆਂ ਨੇ ਵੀ ਆਪ ਜੀ ਨੂੰ ਮੱਥਾ ਟੇਕਿਆ ਸੀ। ਫਿਰ ਦੁਬਾਰਾ ਅਰਜ਼ ਕਰਨ ਲਈ ਪੰਡਿਤ ਗੋਪਾਲ ਸਿੰਘ ਤੇ ਜਥੇਦਾਰ ਗਿਆਨ ਸਿੰਘ ਜੀ ਵੀਰੋਕਿਆਂ ਵਾਲਿਆਂ ਨੂੰ ਭੇਜਿਆ ਗਿਆ ਪਰ ਸੰਤ ਪਹੁੰਚ ਨਹੀਂ ਸੱਕੇ।

7 ਕੱਤਕ ਸੰਬਤ 2013 ਬਿਕਰਮੀ ਮੁਤਾਬਿਕ ਨਵੰਬਰ 1956 ਈ. ਨੂੰ ਕੁਝ ਸਿੱਖ ਸੰਸਥਾਵਾਂ ਚੀਫ ਖਾਲਸਾ ਆਦਿਕ ਦੀ ਇਸ ਪ੍ਰਥਾਇ ਇਕੱਤਰਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੋਈ ਕਿ ਕਰਤਾਰਪੁਰੀ ਜਾਂ ਦਮਦਮੀ ਬੀੜ ਵਿੱਚੋਂ ਕਿਹੜੀ ਬੀੜ ਠੀਕ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਹੋਰ ਸੰਗਤਾਂ ਸਮੇਤ ਪੁੱਜੇ ਸਨ। ਸੰਤ ਹਰਨਾਮ ਸਿੰਘ ਜੀ ਵੀ ਜੋ ਦੇਸ਼ ਬਟਵਾਰੇ ਤੋਂ ਬਾਅਦ ਕਿਲ੍ਹਾ ਮੱਝਾ ਸਿੰਘ ਵਿਖੇ ਡੇਰਾ ਬਣਾ ਕੇ ਰਹਿ ਰਹੇ ਸਨ, ਉਹ ਵੀ ਆਏ ਸਨ। ਦਮਦਮੀ ਬੀੜ ਦੀ ਪ੍ਰਮਾਣਿਕਤਾ ਤੇ ਕਿੰਤੂ ਕਰਨ ਤੇ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਨੂੰ ਬੋਲਣ ਤੋਂ ਰੋਕ ਦਿੱਤਾ ਗਿਆ। ਇਸ ਤੇ ਸਤਿਗੁਰੂ ਜੀ ਉਸ ਸਭਾ ਵਿੱਚੋਂ ਆਪਣੇ ਸਿੰਘਾਂ ਸਮੇਤ ਉੱਠ ਆਏ ਅਤੇ ਆਪ ਜੀ ਦੇ ਮਗਰ ਹੀ ਸੰਤ ਕਿਲ੍ਹੇ ਵਾਲੇ ਵੀ ਉੱਠ ਆਏ।

"ਸਤਿਗੁਰੂ ਜੀ ਨੂੰ, ਸੰਤਾਂ ਕਿਲ੍ਹੇ ਵਾਲਿਆਂ ਭੀ ਕਿਹਾ, " ਤੁਸੀਂ ਇਹਨਾਂ ਕੋਲ ਕਿਉਂ ਆਉਣਾ ਸੀ? ਇਹ ਪੂਰੇ ਅਦਬ ਨਾਲ ਬੋਲਦੇ ਹੀ ਨਹੀਂ।" ਚੱਕਰਵਰਤੀ ਜੀ ਭੀ ਕਿਹਾ- "ਮੇਰੇ ਜਿਹੇ ਕੂਕਰ ਆਪ ਦੇ ਥੋਹੜੇ ਹਨ। ਇਹੋ ਜਿਹਾਂ ਦੇ ਸੱਦੇ ਤੇ ਆਪ ਕਿਉਂ ਆਉਣਾ ਸੀ।" (ਜੱਸ ਜੀਵਨ-6)

ਜਦੋਂ 1947 ਦੇ ਮਾਰਚ ਮਹੀਨੇ ਤੋਂ ਰਾਵਲਪਿੰਡੀ ਵੱਲ ਹਿੰਦੂ- ਮੁਸਲਿਮ ਫਸਾਦ ਸ਼ੁਰੂ ਹੋਏ ਜੋ ਜੂਨ ਤੱਕ ਲਾਹੌਰ ਤੇ ਹੋਰ ਸ਼ਹਿਰਾਂ ਵਿੱਚ ਅੱਪੜ ਗਏ। ਸੰਤ ਜੀ ਨੇ ਕਿਲ੍ਹੇ ਦੇ ਦੁਕਾਨਦਾਰਾਂ ਨੂੰ ਕਿਹਾ ਜਿਹੜਾ ਜੋ ਸੌਦਾ ਮੰਗਦਾ ਹੈ ਦੇ ਦਿਉ, ਜੇ ਪੈਸੇ ਦੇਵੇ ਫੜ ਲਵੋ, ਨਾ ਦੇਵੇ ਤਾਂ ਰਾਜ਼ੀ ਰਹੋ। ਆਪ ਨੇ ਆਪਣੇ ਡੇਰੇ ਵਿੱਚ ਸਭ ਵਸਤਾਂ ਮੰਗਵਾ ਕੇ ਅਭਿਆਗਤਾਂ ਲਈ ਮੋਦੀਖਾਨਾ ਖੋਹਲ ਦਿੱਤਾ। ਰਾਵਲਪਿੰਡੀ ਦੇ ਮਿਸਤਰੀ ਸਿੰਘ, ਮੁਨਸ਼ਾ ਸਿੰਘ ਹੋਰਾਂ ਵਾਲੀ ਬੈਠਕ ਨੂੰ ਜੋੜੀਆਂ ਚਾਹੜ ਰਹੇ ਸਨ। ਆਪ ਨੇ ਉਹਨਾਂ ਨੂੰ ਐਸਾ ਸੁਥਰਾ ਕੰਮ ਕਰਨ ਲਈ ਕਿਹਾ ਤਾਂ ਕਿ ਸਾਡੇ ਜਾਣ ਬਾਅਦ ਜਿਹੜੇ ਵਿੱਚ ਆ ਕੇ ਰਹਿਣ ਉਹਨਾਂ ਨੂੰ ਕੋਈ ਤਕਲੀਫ ਨਾ ਹੋਵੇ। ਇਲਾਕੇ ਦੇ ਮੁਸਲਮਾਨ ਵੀ ਆਪ ਨੂੰ ਇਕ ਪਹੁੰਚੇ ਹੋਏ ਸਾਂਈ ਲੋਕ ਸਮਝਦੇ ਸਨ,

ਇਸ ਲਈ ਆਪ ਜੀ ਦੇ ਕਿਲ੍ਹੇ ਤੋਂ ਕਲਾਸ ਵਾਲੇ ਕੈਂਪ ਵਿੱਚ ਜਾਣ, ਉੱਥੇ ਕਾਫੀ ਸਮਾਂ ਰੁਕਣ ਤੇ ਫਿਰ ਰੇਲ ਰਾਹੀਂ ਆਪ ਦੀ ਸਾਰੀ ਸੰਗਤ ਅਤੇ ਹੋਰਨਾਂ ਲੋਕਾਂ ਦੇ ਅੰਮ੍ਰਿਤਸਰ ਪਹੁੰਚਣ ਤੱਕ, ਸੰਗਤ ਸੁਰੱਖਿਅਤ ਹੀ ਰਹੀ। ਬਟਾਲੇ ਤੇ ਧਾਰੀਵਾਲ ਦੇ ਵਿਚਕਾਰ ਨੁਸ਼ਹਿਰਾ ਮੱਝਾ ਸਿੰਘ, ਸੰਤ ਜੀ ਨੇ ਨਿਵਾਸ ਲਈ ਪਸੰਦ ਕਰ ਲਿਆ ਅਤੇ ਫਿਰ ਸਮਾਂ ਪਾ ਕੇ ਇੱਥੇ ਵੀ ਕਿਲ੍ਹਾ ਸੂਬਾ ਸਿੰਘ ਵਾਲੀਆਂ ਰੌਣਕਾਂ ਪਰਤ ਆਈਆਂ। ਕਥਾ, ਕੀਰਤਨ, ਸ਼ਬਦ ਵਿਚਾਰ, ਸੰਤਾਂ ਦੇ ਮਨੋਹਰ ਬਚਨ ਅਤੇ ਗੁਰੂ ਕਾ ਲੰਗਰ ਚਾਲੂ ਹੋ ਗਿਆ। ਜੀਵਨ ਦੇ ਆਖਰੀ ਪੂਰੇ 33 ਵਰ੍ਹੇ ਸੰਤ ਜੀ ਨੇ ਇਸ ਨਗਰ ਵਿੱਚ ਹੀ ਬਿਤਾਏ ਸਨ। ਉਂਜ ਇਹ ਸੰਗਤਾਂ ਨਾਲ ਦਰਸ਼ਨ ਮੇਲੇ ਕਰਨ ਵਾਸਤੇ ਸਿੰਘਾਪੁਰ, ਬੰਗਕੋਕ, ਮੰਡੀ, ਬੈਜਨਾਥ, ਢਕਾਨਸੂ, ਦਿੱਲੀ, ਅਟਾਰੀ, ਰਾਜਪੁਰਾ, ਅੰਮ੍ਰਿਤਸਰ, ਕਰਨਾਲ, ਪਟਿਆਲਾ ਅਤੇ ਹੋਰ ਪਿੰਡਾਂ ਸ਼ਹਿਰਾਂ ਵਿੱਚ ਵੀ ਜਾਇਆ ਕਰਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਇਕ ਵੇਰ ਨੁਸ਼ਹਿਰਾ ਮੱਝਾ ਸਿੰਘ ਵੀ ਆਏ ਸਨ ਅਤੇ ਥੜ੍ਹੇ ਤੇ ਦੀਵਾਨ ਸਜਿਆ ਸੀ। ਆਪਣੀ ਅਥਾਹ ਨਿਰਮਾਣਤਾ ਦਾ ਸਬੂਤ ਦਿੰਦਿਆਂ ਸੰਤ ਜੀ ਸੰਗਤ ਦੇ ਜੋੜਿਆਂ ਵਿੱਚ ਬਹਿ ਗਏ। ਸਤਿਗੁਰੂ ਜੀ ਦੇ ਆਗ੍ਰਹਿ ਕਰਨ ਤੇ ਉਹਨਾਂ ਪਾਸ ਪੁੱਜ ਕੇ ਦੋਬਾਰਾ ਮੱਥਾ ਟੇਕਿਆ। ਉਹਨਾਂ ਬੈਠਣ ਲਈ ਆਸਣ ਪਕੜਾਇਆ ਜੋ ਆਪ ਸੀਸ ਤੇ ਰੱਖ ਕੇ, ਮਸਤਾਨੇ ਹੋ ਗਏ। ਸਾਲ 1966, ਨਾਮਧਾਰੀ ਸੰਗਤ ਦਾ ਹੋਲਾ ਮਹੱਲਾ, ਅਜਮਲ ਖਾਂ ਪਾਰਕ ਦਿੱਲੀ ਵਿਖੇ ਸੀ। ਸੰਤ ਜੀ ਦੇ ਸੰਗੀ ਸਾਥੀ ਸਾਹਿਬਪੁਰੇ ਹੋਲਾ ਮਨਾ ਰਹੇ ਸਨ। ਸੰਤ ਜੀ ਨੀਲੇ ਚਕੂਟੇ ਛੱਡ ਕੇ, ਸਾਰੀ ਸੰਗਤ ਨੂੰ ਚਿੱਟੇ ਚਕੂਟੇ ਸਜਾ ਕੇ, ਦੀਵਾਨ ਵਿੱਚ ਆਏ। ਪੰਡਿਤ ਗੋਪਾਲ ਸਿੰਘ ਜੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਦੀਵਾਨ ਲਾ ਰਹੇ ਸਨ। ਆਪ ਜੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਮਸ਼ਕਾਰ ਕਰ ਕੇ ਕੁਝ ਚਿਰ ਬੈਠੇ ਅਤੇ ਫਿਰ “ਸਾਡਾ ਸਰੀਰ ਹੁਣ ਮੰਨਦਾ ਨਹੀਂ” ਕਹਿ ਕੇ ਆ ਗਏ ਸਨ। ਸੰਤ ਜੀ ਕਿਹਾ ਕਰਦੇ ਸਨ ਕਿ ਚਿੱਟਾ ਸਤਿਜੁਗ ਦਾ ਬਾਣਾ ਹੈ ਅਤੇ ਨੀਲਾ ਕਲਜੁਗ ਦਾ। ਰਹਿਤ ਮਰਿਆਦਾ ਦੇ ਬੁਨਿਆਦੀ ਮਸਲਿਆਂ ਬਾਰੇ, ਸਤਿਗੁਰੂ ਜਗਜੀਤ ਸਿੰਘ ਜੀ ਦੀ ਵੀ ਆਪ ਨਾਲ ਇਕ ਦੋ ਵਾਰ ਵਿਚਾਰ ਚਰਚਾ ਹੋਈ ਸੀ।

ਆਪਣੀ ਮੌਜ ਵਿੱਚ ਕਿਲ੍ਹੇ ਵਾਲੇ ਸੰਤ ਕਦੇ ਕਦੇ ਇਸ ਧਾਰਨਾ ਦਾ ਸ਼ਬਦ ਪੜ੍ਹਿਆ ਕਰਦੇ ਸਨ—

“ ਹੋਇਓ ਰਾਮ ਸਿੰਘ ਦੂਲੋ, ਪ੍ਰਗਟ ਹੋਇਓ ਜੀ।

ਹੋਇਓ ਰਾਮ ਸਿੰਘ ਦੂਲੋ, ਪ੍ਰਗਟ ਹੋਇਓ ਜੀ।

ਸਭ ਰਾਜਨ ਕਉ ਪੁੱਟ ਦਇ ਮੂਲੋ, ਪ੍ਰਗਟ ਹੋਇਓ ਜੀ।"

ਇਹ ਵੀ ਪੜ੍ਹਦੇ: "ਕਲਿਜੁਗ ਮੇਂ ਸਤਿਜੁਗ ਕਰ ਜਾਨੋ, ਤਬੀ ਬਾਰ੍ਹਵਾਂ ਬੱਪੂ ਪਹਿਚਾਨੋ।"

ਸਰੀਰ ਅਸੁਅਸਥ ਹੋਣ ਕਾਰਨ ਨੁਸ਼ਹਿਰਾ ਮੱਝਾ ਸਿੰਘ ਤੋਂ ਜਦ ਕਾਰ ਰਾਹੀਂ ਆਪ ਨੂੰ ਅੰਮ੍ਰਿਤਸਰ ਲਿਜਾ ਰਹੇ ਸਨ ਤਾਂ 11 ਸਤੰਬਰ 1980 ਨੂੰ ਦਿਨ ਦੇ 11 ਵਜੇ ਕੱਥੂ ਨੰਗਲ ਦੀ ਨਹਿਰ ਦੇ ਪੁਲ ਨੇੜੇ ਪੁੱਜੇ ਤਾਂ ਆਪ ਦਾ ਸਰੀਰ ਸ਼ਾਂਤ ਹੋ ਗਿਆ। ਆਪ ਦੀ ਇੱਛਾ ਅਨੁਸਾਰ ਸਰੀਰ ਨੂੰ ਲੱਕੜ ਦੇ ਬਕਸੇ ਵਿੱਚ ਰੱਖ ਕੇ, ਇਕ ਪਲੰਘ ਤੇ ਟਿਕਾ ਕੇ 14 ਸਤੰਬਰ ਨੂੰ ਭੋਰੇ ਵਿੱਚ ਰੱਖ ਦਿੱਤਾ। ਆਖਰੀ ਦਿਨਾਂ ਵਿੱਚ ਆਪ ਆਪਣੀ ਸੰਗਤ ਨੂੰ ਨੀਲਧਾਰੀ ਕਹਿਣ ਲੱਗ ਪਏ ਸਨ। ਬੇਸ਼ਕ ਉਹਨਾਂ ਨੂੰ ਸਾਰੀ ਪਰਾਪਤੀ ਸਤਿਗੁਰੂ ਰਾਮ ਸਿੰਘ ਜੀ ਦੇ ਦਰੋਂ ਅਤੇ ਉਹਨਾਂ ਦੀ ਸੰਗਤ ਤੋਂ ਹੋਈ, ਉਹ ਆਪ ਕਿਹਾ ਕਰਦੇ ਸਨ।

**-ਆਧਾਰ ਸਰੋਤ-**


1. ਸਤਿਜੁਗ ਦਾ ਸੰਤ ਅੰਕ ਦੂਜਾ, ਸ੍ਰੀ ਭੈਣੀ ਸਾਹਿਬ, ਭਾਦਰੋਂ 1998 ਬਿਕਰਮੀ

2. ਸੰਤ ਤਰਨ ਸਿੰਘ ਵਹਿਮੀ ਜੱਸ ਜੀਵਨ, ਭਾਗ 2, 3 ਅਤੇ 6

3. ਪੂਰਨ ਸੰਤ- ਜੀਵਨ ਕਥਾ ਸੰਤ ਮਹਾਰਾਜ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ ਕ੍ਰਿਤ ਜਗਦੀਸ਼ ਕੌਰ ਨੰਦਨੀ M.A M.Phil

# ਇਕ ਜਾਗਿਆ ਮਨੁੱਖ :
# ਮਸਤਾਨਾ ਟਹਿਲ ਸਿੰਘ "ਬੌਰੀਆਂ ਵਾਲਾ"

"ਰਾਂਝਾ ਆਖਦਾ ਖ਼ਿਆਲ ਨਾ ਪਵੋ ਮੇਰੇ,
ਸ਼ੀਂਹ ਸੱਪ ਫਕੀਰ ਦਾ ਦੇਸ ਕੇਹਾ
ਕੂੰਜਾਂ ਵਾਂਗ ਮਮੋਲੀਆਂ ਦੇਸ ਛੱਡੇ,
ਅਸਾਂ ਜ਼ਾਤ ਸਿਫ਼ਾਤ ਤੇ ਭੇਸ ਕੇਹਾ
ਵਤਨ ਦਮਾਂ ਦੇ ਨਾਲ ਤੇ ਜ਼ਾਤ ਜੋਗੀ,
ਸਾਨੂੰ ਸਾਕ ਕਬੀਲੜਾ ਖੇਸ਼ ਕੇਹਾ
ਜੇਹੜਾ ਵਤਨ ਤੇ ਜ਼ਾਤ ਵਲ ਧਿਆਨ ਰੱਖੇ,
ਦੁਨੀਆਂਦਾਰ ਹੈ ਉਹ ਦਰਵੇਸ਼ ਕੇਹਾ
ਦੁਨੀਆਂ ਨਾਲ ਪੈਵੰਦ ਹੈ ਅਸਾਂ ਕੇਹਾ,
ਪੱਥਰ ਜੋੜਨਾ ਨਾਲ ਸਰੇਸ਼ ਕੇਹਾ
ਸਭ ਖ਼ਾਕ ਦਰ ਖ਼ਾਕ ਫ਼ਨਾਹ ਹੋਣਾ,
ਵਾਰਿਸ ਸ਼ਾਹ ਫਿਰ ਤਿਨ੍ਹਾਂ ਨੂੰ ਐਸ਼ ਕੇਹਾ।" ੩੧੦

ਪ੍ਰਸਿੱਧ ਪੰਜਾਬੀ ਕਵੀ ਸੱਯਦ ਵਾਰਿਸ ਸ਼ਾਹ ਆਪਣੀ ਅਮਰ ਰਚਨਾ 'ਹੀਰ' ਵਿਚ ਫ਼ਕੀਰੀ ਅਤੇ ਦਰਵੇਸ਼ੀ ਦੀਆਂ ਕੁਝ ਸਿਫਤਾਂ ਬਿਆਨ ਕਰ ਰਹੇ ਹਨ। ਉਸਦੇ ਨਾਇਕ ਰਾਂਝੇ ਦਾ ਜੋਗੀ ਬਣਕੇ, ਜਦੋਂ ਖੇੜਿਆਂ ਦੇ ਪਿੰਡ ਰੰਗ ਪੁਰ ਜਾਣ ਦਾ ਪ੍ਰਕਰਣ ਚੱਲਦਾ ਹੈ ਤਾਂ ਉੱਥੋਂ ਦੀਆਂ ਕੁੜੀਆਂ ਚਿੜੀਆਂ "ਜਦੋਂ ਨਵੇਂ ਆਏ ਜੋਗੀ ਦਾ ਅਤਾ ਪਤਾ ਪੁੱਛਦੀਆਂ ਹਨ ਤਾਂ ਰਾਂਝਾ ਉਹਨਾਂ ਨੂੰ ਉਪਰੋਕਤ ਸ਼ੇਅਰਾਂ ਵਿਚ ਜੁਆਬ ਦਿੰਦਿਆਂ ਹੀ ਆਖਦਾ ਹੈ ਉਹ ਜਿੱਥੇ ਸਾਹ ਲੈਂਦਾ ਹੈ ਉਹ ਹੀ ਉਸ ਦਾ ਵਤਨ ਹੈ ਅਤੇ ਫੱਕਰਾਂ ਦੀ ਜ਼ਾਤ ਤਾਂ ਫੱਕਰ ਹੀ ਹੈ। ਉਹਨਾਂ ਦੀ ਸਾਕਾ ਗੀਰੀ ਵੀ ਕਿਸੇ ਇਕ ਦੇ ਨਾਲ ਹੀ ਹੁੰਦੀ ਅਤੇ ਜਿਵੇਂ ਪੱਥਰ ਨੂੰ ਸੁਰੇਸ਼ ਨਾਲ ਨਹੀਂ ਜੋੜਿਆ ਜਾ ਸਕਦਾ ਇਵੇਂ ਹੀ ਫ਼ਕੀਰ ਨੂੰ ਦੁਨੀਆਂ ਨਾਲ ਨਹੀਂ ਜੋੜਿਆ ਜਾ ਸਕਦਾ। ਇਹੋ ਜਿਹੇ ਪ੍ਰੀਤ ਪਰਵਾਨੇ ਅਤੇ ਮਸਤ ਮਸਤਾਨੇ ਲੋਕ ਲਹਿਰਾਂ ਦੇ ਸ਼ਿੰਗਾਰ ਹੁੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਾਮਧਾਰੀ ਪੰਥ ਜਾਂ ਦੇਸ਼ ਆਜ਼ਾਦੀ ਲਈ ਚਲਾਈ ਕੂਕਾ ਲਹਿਰ ਵਿਚ ਵੀ ਇਸ ਤਰ੍ਹਾਂ ਦੇ ਮਰਜੀਵੜਿਆਂ ਦੇ

ਪੂਰਾਂ ਦੇ ਪੂਰ ਆਏ।ਉਹਨਾਂ ਨੇ ਆਪਣੀ ਜਵਾਨੀ, ਘਰ ਬਾਰ ਇੱਥੋ ਤਕ ਕਿ ਸਾਰਾ ਜੀਵਨ ਹੀ ਲਹਿਰ ਦੇ ਲੇਖੇ ਲਾ ਦਿੱਤਾ। ਉਹਨਾਂ ਸਤਿਗੁਰੂ ਦੇ ਪ੍ਰੇਮ ਵਿਚ ਮਖ਼ਮੂਰ ਹੋਕੇ ਫਿਰ ਪਿਛਾਂਹ ਭਉਂਕੇ ਨਹੀਂ ਵੇਖਿਆ ਉਹ ਅੱਗੇ ਹੀ ਅੱਗੇ ਵਧਦੇ ਗਏ। ਤੋਪਾਂ ਦੀਆਂ ਕਤਾਰਾਂ, ਫਾਂਸੀਆਂ ਦੇ ਫੰਧੇ, ਕਾਲੇ ਪਾਣੀਆਂ ਦੀਆਂ ਕਾਲ ਕੋਠੜੀਆਂ, ਨਿੱਤ ਦਿਨ ਦੀਆਂ ਸਖ਼ਤੀਆਂ, ਖੱਜਲ ਖੁਆਰੀਆਂ, ਪੁਲੀਸ ਤੇ ਸਰਕਾਰੀ ਚਾਟੜਿਆਂ ਦੀਆਂ ਸੀਨਾ ਜ਼ੋਰੀਆਂ ਉਹਨਾਂ ਦੇ ਰਾਹਵਾਂ ਦੀਆਂ ਰੁਕਾਵਟਾਂ ਨਹੀਂ ਬਣ ਸਕੀਆਂ। ਕੂਕੇ ਮਸਤਾਨਿਆਂ ਦੇ ਇਸ ਸਿਦਕ ਅਤੇ ਸਿਰੜ ਨੂੰ, ਸੂਫੀ ਕਵੀ ਬਾਬਾ ਹਾਸ਼ਮ ਸ਼ਾਹ ਦੇ ਇੱਕ ਪ੍ਰਸਿੱਧ ਕਿਸੇ ਵਿਚ, ਉਸ ਦੀ ਨਾਇਕਾ, ਸੱਸੀ ਦੇ ਬਿਆਨੇ ਦ੍ਰਿੜ ਸੰਕਲਪ ਨਾਲ ਤੁਲਨਾਇਆ ਜਾ ਸਕਦਾ ਹੈ-

"ਤੁਰਸਾਂ ਮੂਲ ਨ ਮੁੜਸਾਂ ਚਾਹੋਂ, ਜਾਨ ਤਲੀ ਪਰ ਧਰਸਾਂ।
ਜਬ ਲਗੁ ਸਾਸ ਨਿਰਾਸ ਨਾ ਹੋਵਾਂ, ਮਰਨੋਂ ਮੂਲ ਨ ਡਰਸਾਂ।
ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾਇ ਮਿਲਾਂ ਪਗ ਪਰਸਾਂ।
'ਹਾਸ਼ਮ' ਨਹੀਂ ਸ਼ਹੀਦ ਹੋਵੈਸਾਂ, ਥਲ ਮਾਰੂ ਵਿਚ ਮਰਸਾਂ।"੯੪।

ਨਾਮਧਾਰੀ ਪੰਥ ਵਿਚ ਇਕ ਇਸ ਤਰ੍ਹਾਂ ਦਾ ਮਸਤਾਨਾ ਸਿੱਖ, ਦਲਿਤ ਪਰਿਵਾਰ ਵਿਚੋਂ, ਭਾਈ ਟਹਿਲ ਸਿੰਘ "ਬੌਰੀਆਂ ਵਾਲਾ" ਹੋਇਆ ਹੈ। ਉਹ ਗੁਰੂ ਹਰੀ ਸਿੰਘ ਜੀ ਦੇ ਸਮੇਂ ਕਿਸੇ ਵਕਤ ਡੇਰਾ ਸ੍ਰੀ ਭੈਣੀ ਸਾਹਿਬ ਵਿਚ ਆਇਆ ਸੀ। ਉਸ ਸਮੇਂ ਦੇ ਆਮ ਨਾਮਧਾਰੀਆਂ ਜਾਂ ਕੂਕਿਆਂ ਜਿਉਂ ਉਹ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਬਿਰਹੇ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗਿਆ ਹੋਇਆ ਸੀ। ਉਹ ਉਠਦਾ ਬਹਿੰਦਾ, ਤੁਰਦਾ ਫਿਰਦਾ, ਸਤਿਗੁਰੂ ਸੱਜਣ ਦੇ ਬਿਰਹੋਂ ਦੇ ਗੀਤ ਹੀ ਗਾਉਂਦਾ ਰਹਿੰਦਾ ਸੀ। ਉਸ ਦੇ ਹਿਰਦੇ ਦੀ ਵੇਦਨਾ, ਉਸ ਦੇ ਬੋਲਾਂ ਦੀ ਹੂਕ ਬਣ ਕੇ, ਫ਼ਿਜ਼ਾਂ ਵਿਚ ਗੂੰਜਦੀ ਰਹਿੰਦੀ। ਉਹ ਮੀਤ ਵਿਛੋੜੇ ਦੀਆਂ ਸੱਦਾਂ ਲਾਉਂਦਾ, ਸਾਰੀ ਸਾਰੀ ਰਾਤ ਪਲਕਾਂ ਦੇ ਬੂਹੇ ਢੁਪਣ ਨਹੀਂ ਸੀ ਦਿੰਦਾ। ਉਸ ਦੇ ਬੋਲ, ਹਿਜਰ ਦੀ ਭਾਹ ਵਿਚ ਭਿੱਜ ਕੇ, ਰਸੀਲੇ ਹੋ ਗਏ ਸਨ। ਉਸ ਨੂੰ ਸਿੱਧੀ ਸਾਦੀ ਸ਼ੈਲੀ ਵਿਚ ਲੋਕ ਤਰਜਾਂ ਤੇ ਗਾਉਂਦਿਆਂ ਸੁਣਨ ਲਈ, ਅਨੇਕ ਲੋਕ ਤਰਸਦੇ ਰਹਿੰਦੇ ਸਨ। ਉਸ ਨੂੰ ਪਤਾ ਨਹੀਂ ਸੀ ਕਿ ਕਿਤਨੇ ਉਸ ਦੇ ਪਰਸ਼ੰਸਕ, ਉਸ ਦੇ ਬੋਲਾਂ ਦੇ ਸ਼ੈਦਾਈ, ਉਸ ਨੂੰ ਆਪਣਾ ਦਿਲ ਦੇਈ ਬੈਠੇ ਸਨ ਪਰ ਉਸਦਾ

ਦਿਲ ਤੇ ਉਸਦੇ ਮਹਿਰਮ, ਉਸ ਦੇ ਸਤਿਗੁਰੂ ਵਾਸਤੇ ਸੀ, ਹੋਰ ਕਿਸੇ ਦੀ ਉੱਥੋਂ ਤੱਕ ਰਸਾਈ ਕਿਵੇਂ ਹੁੰਦੀ !

"ਹਿੱਕ ਦਿਲ ਆਹਾ ਸੋ ਰਾਂਝਣ ਲੀਤਾ,
ਖੇੜਿਆਂ ਨੂੰ ਕੇ ਦੇਸਾਂ।"

ਦਮੋਦਰ 'ਗੁਲਾਟੀ'

"ਜਿੱਥੇ ਧੀਦੋ ਦੇ ਇਸ਼ਕ ਮੁਕਾਮ ਕੀਤਾ,
ਉਥੇ ਖੇੜਿਆਂ ਦੀ ਕਾਈ ਜਾ ਨਾਂਹੀਂ।"

ਵਾਰਿਸ ਸ਼ਾਹ

ਭਾਈ ਟਹਿਲ ਸਿੰਘ ਦੇ ਮਾਤਾ ਪਿਤਾ ਬਾਰੇ ਸਾਡਾ ਇਤਿਹਾਸ ਖ਼ਾਮੋਸ਼ ਹੈ। ਸਾਡੇ ਤੱਕ ਉਸਦੀ ਸੋਅ ਸਿਰਫ ਦੋ ਸਰੋਤਾਂ ਤੋਂ ਹੀ ਪਹੁੰਚਦੀ ਹੈ। ਪ੍ਰਸਿੱਧ ਨਾਮਧਾਰੀ ਪੰਜਾਬੀ ਸਾਹਿਤਕਾਰ ਸੰਤ ਇੰਦਰ ਸਿੰਘ ਜੀ ਚੱਕਰਵਰਤੀ (1904-71) ਅਤੇ ਲੇਖਕ ਦੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ (1900-83) ਦੋਹਾਂ ਨੇ ਆਪਣੇ ਬਚਪਨ ਮਤਲਬ ਕਿ ਦਸ ਬਾਰਾਂ ਸਾਲ ਦੀ ਉਮਰ ਵਿਚ, ਉਹਨਾਂ ਦੇ ਦਰਸ਼ਨ ਕੀਤੇ ਸਨ।ਉਸ ਸਮੇਂ ਉਹ ਆਪਣੇ ਪੂਰੇ ਜਲੌਅ ਵਿਚ ਵਿਚਰਦੇ ਸਨ।ਉਹਨਾਂ ਦਾ ਦੇਹਾਂਤ 1920 ਈ. ਤੋਂ ਪਹਿਲਾਂ ਪਹਿਲਾਂ ਅਣਵੰਡੇ ਪੰਜਾਬ ਦੇ ਲਾਇਲਪੁਰ ਜ਼ਿਲ੍ਹੇ ਦੇ ਖਾਨਪੁਰ ਪਿੰਡ ਵਿਚ, ਇਕ ਪ੍ਰਸਿੱਧ ਨਾਮਧਾਰੀ ਸ੍ਰ. ਈਸ਼ਰ ਸਿੰਘ ਦੇ ਘਰ ਹੋਇਆ ਸੀ। ਉਹਨਾਂ ਬਾਰੇ ਸ੍ਰੀ ਭੈਣੀ ਸਾਹਿਬ ਤੋਂ ਛਪੇ ਸਤਿਜੁਗ ਦੇ ਸੰਤ- ਅੰਕ, ਭਾਗ ਦੂਜਾ, 20 ਭਾਦਰੋਂ ਸੰਮਤ 1998 ਮੁਤਾਬਿਕ ਸਤੰਬਰ 1941 ਈ. ਵਿਚ ਚੱਕਰਵਰਤੀ ਜੀ ਦੀ ਇਕ ਕਹਾਣੀ ਨੁਮਾ ਰਚਨਾ 'ਬੌਰੀਆਂ ਵਾਲਾ" ਛਪੀ ਸੀ। ਜਥੇਦਾਰ ਗੁਰਮੁਖ ਸਿੰਘ ਹੋਰਾਂ ਦੀਆਂ ਯਾਦਾਂ ਤੇ ਅਧਾਰਿਤ 'ਅੱਖੀਂ ਡਿੱਠਾ ਕਿੱਸਾ ਕੀਤਾ", ਜੋ ਲੇਖਕ ਨੇ ਸੰਪਾਦਿਤ ਕੀਤਾ ਸੀ, ਵਿਚ ਵੀ ਉਹਨਾਂ ਬਾਰੇ ਅੰਮ੍ਰਿਤਸਰ ਸ਼ਹਿਰ ਦੀ ਇਕ ਘਟਨਾ ਦਰਜ ਹੈ। ਉਸ ਘਟਨਾ ਦਾ ਸਬੰਧ ਉਹਨਾਂ ਦੇ ਸਿੱਖੀ ਸਿਦਕ ਨਾਲ ਸੀ ਕਿ ਕਿਸ ਤਰ੍ਹਾਂ ਉਹ ਗੁਰੂ ਕੇ ਲੰਗਰ ਦੇ ਉਗਰਾਹੀਏ ਦੇ ਤੌਰ ਤੇ, ਆਪਣੀ ਜ਼ਿੰਮੇਵਾਰੀ ਨੂੰ ਕਿਤਨੀ ਤਨਦੇਹੀ ਨਾਲ ਨਿਬਾਹ ਰਹੇ ਸਨ। ਝੱਬਰ ਜੀ ਦੇ ਸ਼ਬਦਾਂ ਵਿਚ 1910 ਈ. ਦੇ ਸਮੇਂ ਦੀ ਇਸ ਘਟਨਾ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ।

**ਟਹਿਲ ਸਿੰਘ ਮਸਤਾਨਾ ਬੌਰੀਆਂ ਵਾਲਾ:**

ਅੰਮ੍ਰਿਤਸਰ ਸ਼ਹਿਰ ਦੀ ਗੱਲ ਹੈ, 20 ਪੋਹ ਸੰਬਤ ਬਿਕ੍ਰਮੀ 1966 (ਜਨਵਰੀ, 1910 ਈ.) ਦੀ, ਇਸ ਮਸਤਾਨੇ ਟਹਿਲ ਸਿੰਘ ਦੀ, ਜਿਹਨੂੰ

ਬੌਰੀਆਂ ਵਾਲਾ ਵੀ (ਸਿਰ ਤੇ ਛੋਟੀਆਂ ਛੋਟੀਆਂ (ਕੇਸਾਂ ਦੀਆਂ) ਬੌਰੀਆਂ ਹੋਣ ਕਾਰਨ) ਕਹਿੰਦੇ ਸਨ। ਇਸ ਮਸਤਾਨੇ ਟਹਿਲ ਸਿੰਘ ਦੀ ਬਰਕਤ ਮੈਂ ਵੇਖੀ ਹੈ ਕਿ ਚੁੰਗੀ ਵਾਲੇ ਮਸੂਲ ਮੰਗਣ, ਊਠਾਂ ਅਤੇ ਦਾਣਿਆਂ ਦਾ, ਕਿ ਦੇ ਕੇ ਲੰਘੋ। ਇਸ ਮਸਤਾਨੇ ਨੇ ਆਖਿਆ ਕਿ ਗੁਰਦੁਆਰੇ ਭੈਣੀ ਸਾਹਿਬ ਦੇ ਦਾਣਿਆਂ ਦਾ ਕੌਣ ਜੰਮਿਆ ਏ ਮਸੂਲ ਲੈਣ ਵਾਲਾ। ਅੰਗਰੇਜ਼ ਦੀ ਕਲਮ ਥੱਲੇ ਅਸੀਂ ਕਦੇ ਆਏ ਨਹੀਂ। ਇਤਨੀ ਗੱਲ ਸੁਣਦਿਆਂ ਹੀ ਸਰਕਾਰ ਅੰਗਰੇਜ਼ੀ ਦੇ ਚਾਰ ਝੋਲੀ ਚੁੱਕ, ਉਠ ਕੇ, ਮਸਤਾਨੇ ਟਹਿਲ ਸਿੰਘ ਦੇ ਗੱਲ ਪੈ ਗਏ। ਬੜਾ ਜੰਗ ਮੱਚਿਆ। ਕਦੇ ਟਹਿਲ ਸਿੰਘ ਥੱਲੇ ਤੇ ਉਹ ਉੱਤੇ, ਕਦੇ ਉਹ ਥੱਲੇ ਤੇ ਟਹਿਲ ਸਿੰਘ ਉੱਤੇ। ਮਸਤਾਨਾ ਚਹੁੰਆਂ ਦੇ ਵਿਚੋਂ ਇਸ ਤਰ੍ਹਾਂ ਲੰਘ ਜਾਵੇ ਜਿਵੇਂ ਬਿਜਲੀ ਦੀ ਤਾਰ ਫਿਰ ਜਾਂਦੀ ਹੈ। ਬਾਬੇ ਸੁਰਜਨ ਸਿੰਘ ਹੋਰੀਂ ਭੋਮੇ ਵਡਾਲੀਏ ਹੈਗੇ ਤਾਂ ਬਿਰਧ ਹੀ ਸਨ, ਪਰ ਛੇਤੀ ਨਾਲ ਘੋੜੇ ਤੋਂ ਉਤਰ ਕੇ ਉਹਨਾਂ ਸੱਜਣਾਂ ਨੂੰ ਫੜਕੇ ਆਖਣ ਲੱਗੇ, "ਭਲੇ ਮਾਣਸੋ! ਇਹ ਤਾਂ ਮਸਤਾਨਾ ਹੈ। ਕਿਉਂ ਇਹਦੇ ਹੱਥੀਂ ਪੈਂਦੇ ਹੋ? " ਬਾਬੇ ਦੀ ਗੱਲ ਉਹਨਾਂ ਨਾ ਮੰਨੀ ਅਤੇ ਨਾ ਹੀ ਹਟਣ ਉਤਨੇ ਚਿਰ ਨੂੰ ਸੋਹਣ ਸਿੰਘ ਹੋਰੀਂ, (ਸੁੰਦਰ ਸਿੰਘ) ਬੰਬੂ ਦੇ ਭਰਾ ਵੀ ਆ ਪਏ। ਉਹਨਾਂ ਦੇ ਆਉਂਦਿਆਂ ਹੀ ਮਸਤਾਨਾ ਤਕੜਾ ਹੋ ਗਿਆ। ਝੋਲੀ ਚੁੱਕ ਖ਼ੂਬ ਕੁੱਟੇ। ਫਿਰ ਉਹ ਮਸੂਲ ਛੱਡ ਕੇ ਪੁਲੀਸ ਚੌਕੀ ਵੱਲ ਭੱਜ ਗਏ। ਥਾਣੇਦਾਰ ਲੈ ਆਏ। ਉਸ ਆ ਕੇ ਵੇਖਿਆ ਕਿ ਮਸਤਾਨੇ ਤੇ ਸੋਹਣ ਸਿੰਘ ਨੂੰ ਵੀ ਤੇ ਉਹਨਾਂ ਨੂੰ ਵੀ ਖ਼ੂਬ ਸੱਟਾਂ ਵੱਜੀਆਂ ਸਨ। ਥਾਣੇਦਾਰ ਨੇ ਪੁੱਛਿਆ ਕਿ ਤੁਸੀਂ ਕਿਉਂ ਲੜੇ ਹੋ? ਬਾਬੇ ਸੁਰਜਨ ਸਿੰਘ ਹੋਰਾਂ ਬਿਆਨ ਦਿੱਤਾ ਕਿ ਅਸੀਂ ਚੌਲ ਮਸ਼ੀਨ ਤੋਂ ਛੜਾਏ ਸਨ ਅਤੇ ਗੁਰਦੁਆਰਾ ਭੈਣੀ ਸਾਹਿਬ ਨੂੰ ਬਿਲਟੀ ਕਰਵਾਉਣੀ ਸੀ। ਚੁੰਗੀ ਵਾਲਿਆਂ ਦੇ ਸਾਹਮਣੇ ਹੀ ਅਸੀਂ ਸਟੇਸ਼ਨ ਨੂੰ ਲੰਘ ਕੇ ਗਏ ਸਾਂ। ਮਾਲ ਬਿਲਟੀ ਨਾ ਹੋਣ ਕਰਕੇ ਅਸੀਂ ਸਣੇ ਮਾਲ ਵਾਪਸ ਆ ਗਏ। ਜਦੋਂ ਅਸੀਂ ਲੰਘਣ ਲੱਗੇ ਤਾਂ ਇਹ ਚਾਰੇ ਮਸਤਾਨੇ ਦੇ ਗਲ ਪੈ ਗਏ। ਜਦੋਂ ਮੈਂ ਵੀ ਕਿਹਾ ਕਿ ਇਸ ਮਸਤ ਲੋਕ ਦੀਆਂ ਜਟਾਂਵਾਂ ਕਿਉਂ ਪੁੱਟਦੇ ਹੋ, ਜਾਣ ਦਿਓ ਤਾਂ ਮੇਰੇ ਆਖੇ ਵੀ ਨਹੀਂ ਹਟੇ। ਫਿਰ ਸੋਹਣ ਸਿੰਘ ਨੂੰ ਮਸਤਾਨੇ ਦੀ ਮਦਦ ਕਰਨੀ ਪਈ। ਇਹ ਦੋ ਤੇ ਉਹ ਚਾਰ। ਫਿਰ ਝਗੜਾ ਹੁੰਦਾ ਰਿਹਾ। ਥਾਣੇਦਾਰ ਨੇ ਕਿਹਾ ਕਿ ਕੋਈ ਸ਼ਹਿਰ ਦਾ ਆਦਮੀ ਤੁਹਾਡੀ ਜ਼ਿੰਮੇਵਾਰੀ ਦੇਵੇ ਤਾਂ ਛੱਡਾਂਗਾ। ਬਾਬਾ ਜੀ ਨੇ ਮੈਨੂੰ ਹੁਕਮ ਕੀਤਾ ਕਿ ਮਹੰਤ ਹਜ਼ਾਰਾ ਸਿੰਘ ਹੋਰਾਂ ਨੂੰ ਨਾਮਧਾਰੀ ਧਰਮਸ਼ਾਲਾ ਵਿਚੋਂ ਛੇਤੀ ਲਿਆਉ।ਮੈਂ ਦੌੜ ਕੇ ਮਹੰਤ ਜੀ ਨੂੰ ਜਾ ਦੱਸਿਆ। ਮਹੰਤ ਹੋਰੀਂ ਉਸੇ ਵੇਲੇ ਜਿਹੜੇ ਸ਼ਹਿਰ ਦੀ ਕਮੇਟੀ ਦੇ ਇਹਨਾਂ ਕੰਮਾਂ ਦੇ ਆਗੂ ਸਨ, ਉਹਨਾਂ ਨੂੰ ਨਾਲ ਲੈ

ਕੇ ਪਹੁੰਚ ਗਏ। ਮਹੰਤ ਹੋਰਾਂ ਨੇ ਥਾਣੇਦਾਰ ਨੂੰ ਬਿਲਟੀ ਵਾਲੀ ਸਾਰੀ ਗੱਲ ਦੱਸ ਕੇ ਸਮਝਾਇਆ ਕਿ ਇਹ ਚਾਰੇ ਤਾਂ ਪੈਸੇ ਖਾਣ ਦੇ ਮਾਰੇ ਇਹਨਾਂ ਦੇ ਗਲ ਪਏ ਹਨ। ਥਾਣੇਦਾਰ ਨੇ ਸੱਚ ਵੇਖਕੇ ਇਹਨਾਂ ਸਿੰਘਾਂ ਨੂੰ ਤਾਂ ਡੇਰੇ ਚਲੇ ਜਾਣ ਲਈ ਕਿਹਾ ਅਤੇ ਉਹਨਾਂ ਚਹੁੰਆਂ ਨੂੰ ਮਸਤਾਨੇ ਤੋਂ ਮਾਫ਼ੀ ਮੰਗਵਾਈ।

"ਇਹ ਵੇਖ ਕੇ ਮਹੰਤ ਹਜ਼ਾਰਾ ਸਿੰਘ ਹੋਰਾਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੋਂ ਇਜ਼ਾਜ਼ਤ ਲੈ ਲਈ ਕਿ (ਡੇਰੇ ਭੈਣੀ ਸਾਹਿਬ) ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਮਾਲ ਕਿਤੋਂ ਵੀ ਲੰਘ ਜਾਏ ਕੋਈ ਮਸੂਲ ਨਾ ਲਵੇ।"[1]

ਬਾਬਾ ਸੁਰਜਨ ਸਿੰਘ ਭੋਮਾ ਵਡਾਲਾ ਗੁਰੂ ਹਰੀ ਸਿੰਘ ਜੀ ਤੋਂ ਲੈ ਕੇ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਤੱਕ, ਗੁਰੂ ਕੇ ਲੰਗਰ ਦੀ ਉਗਰਾਹੀ ਲਈ ਜਾਂਦੇ ਊਠਾਂ ਦੇ ਮਹੰਤ ਰਹੇ ਸਨ। ਇਹਨਾਂ ਦੀ ਅੜਦਲ ਵਿਚ ਮਸਤਾਨਾ ਟਹਿਲ ਸਿੰਘ, ਸੋਹਣ ਸਿੰਘ ਅਤੇ ਕੁਝ ਸਮਾਂ ਗੁਰਮੁਖ ਸਿੰਘ ਝੱਬਰ ਵੀ ਰਹੇ ਸਨ। ਇਹ ਸੋਹਣ ਸਿੰਘ ਸਹਿੰਸਰਾ (ਅੰਮ੍ਰਿਤਸਰ) ਦੇ ਬੁੱਲ੍ਹੇ ਸ਼ਾਹ ਦਾ ਪੁੱਤਰ ਸੀ। ਇਹ ਬੁੱਲ੍ਹੇ ਸ਼ਾਹ ਅੰਗਰੇਜ਼ ਰਾਜ ਸਮੇਂ ਥਾਣੇਦਾਰੀ ਛੱਡ ਕੇ ਕੂਕਾ ਬਣਿਆ ਸੀ। ਇਸਦੇ ਸੱਤ ਪੁੱਤਰ ਸਨ ਤੇ ਸਣੇ ਪਰਿਵਾਰ ਗੁਰਦੁਆਰਾ ਭੈਣੀ ਸਾਹਿਬ ਜਾ ਕੇ ਇਹਨਾਂ ਸੇਵਾ ਕੀਤੀ ਸੀ।

ਚੱਕਰਵਰਤੀ ਜੀ ਨੇ ਆਪਣੀ ਰਚਨਾ 'ਬੌਰੀਆਂ ਵਾਲਾ ਜਦੋਂ ਲਿਖੀ, ਉਹ ਦੂਜੇ ਸੰਸਾਰ ਜੰਗ ਦਾ ਸਮਾਂ ਸੀ। ਉਦੋਂ ਦੇਸ਼ ਵਿਚ ਕੌਮੀ ਮੁਕਤੀ ਸੰਗਰਾਮ ਵੀ ਨਵੇਂ ਆਯਾਮ ਛੂਹ ਰਿਹਾ ਸੀ। ਚੱਕਰਵਰਤੀ ਜੀ ਨੂੰ ਸਤਿਜੁਗ ਹਫਤਾਵਰ ਨੂੰ ਸੰਪਾਦਿਤ ਕਰਦਿਆਂ, ਉਦੋਂ ਤੱਕ 10-12 ਸਾਲ ਹੋ ਚੁੱਕੇ ਸਨ। ਉਹਨਾਂ ਦੀ ਲੇਖਣੀ ਵਿਚ ਹੁਣ ਨਿਖਾਰ ਆ ਚੁੱਕਾ ਸੀ। ਸਤਿਜੁਗ ਦੇ ਬਸੰਤ ਅੰਕਾਂ ਲਈ ਨਾਮਧਾਰੀ ਇਤਿਹਾਸ ਦੀਆਂ ਸੱਚੀਆਂ ਘਟਨਾਵਾਂ ਤੇ ਆਧਾਰਿਤ ਉਹਨਾਂ ਨੇ ਰਾਹੁਲ ਸੰਕਰਤਾਇਨ ਅਤੇ ਭਾਈ ਵੀਰ ਸਿੰਘ ਹੋਰਾਂ ਦੇ ਪ੍ਰਭਾਵ ਹੇਠ, ਲੰਮੇ ਪਰਸੰਗਾਂ ਨੂੰ ਬੜੀ ਕਲਾਤਮਕ ਗਲਪ ਵਿਚ ਢਾਲ ਕੇ ਪੇਸ਼ ਕੀਤਾ ਸੀ। ਉਹਨਾਂ ਦਾ ਮੇਲ ਜੋਲ ਹੁਣ ਤੱਕ ਸ੍ਰ. ਗੁਰਬਖਸ਼ ਸਿੰਘ ਪ੍ਰੀਤ ਲੜੀ ਨਾਲ ਵੀ ਕਾਫੀ ਵੱਧ ਚੁੱਕਾ ਸੀ ਅਤੇ ਉਸ ਦੇ ਪ੍ਰੀਤ ਫਲਸਫੇ ਦੇ ਵੀ ਉਹ ਵਾਹਵਾ ਕਾਇਲ ਹੋ ਚੁੱਕੇ ਸਨ। ਸੰਨ 1936 ਵਿਚ ਹੀ ਮੁੰਨਸ਼ੀ ਪ੍ਰੇਮ ਚੰਦ, ਸੱਜਾਦ ਜ਼ਹੀਰ ਆਦਿ ਦੀ ਅਗਵਾਈ ਵਿਚ ਹਿੰਦੁਸਤਾਨ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਹੋ ਚੁੱਕੀ ਸੀ ਜਿਸ ਦਾ ਮਨੋਰਥ, ਦੇਸ਼ ਦੇ ਸਾਹਿਤਕਾਰਾਂ ਨੂੰ ਯਥਾਰਥਵਾਦੀ, ਅੱਗੇ ਵਧੂ ਸੋਚ ਨਾਲ ਜੋੜ ਕੇ, ਆਜ਼ਾਦੀ ਸੰਗਰਾਮ ਨੂੰ ਵੀ ਤੇਜ਼ ਕਰਨਾਂ ਅਤੇ ਦੇਸ਼ ਦੇ

ਮਿਹਨਤਕਸ਼ ਤਬਕੇ, ਮਜ਼ਦੂਰਾਂ ਕਿਸਾਨਾਂ ਦੀਆਂ ਹਕੀਕੀ ਸਮੱਸਿਆਵਾਂ ਨੂੰ ਵੀ ਆਪਣੀਆਂ ਲਿਖਤਾਂ ਵਿਚ ਸਥਾਨ ਦੇਣਾ ਸੀ। ਚੱਕਰਵਰਤੀ ਜੀ ਜਨਮ ਜਾਤ ਕੂਕੇ ਹੋਣ ਕਾਰਨ, ਆਪਣੀ ਲੇਖਣੀ ਨੂੰ ਕੌਮੀ ਮੁਕਤੀ ਸੰਗਰਾਮ ਨਾਲ ਤਾਂ ਏਕਾਕਾਰ ਕਰ ਹੀ ਰਹੇ ਸਨ ਉਹ ਆਪਣੇ ਬਸਤੀਵਾਦ ਵਿਰੋਧੀ ਇਤਿਹਾਸ ਨੂੰ, ਉਸ ਸਮੇਂ ਦਲਿਤ ਭਾਈਚਾਰੇ ਦੀ ਤਰਾਸਦਿਕ ਸਥਿਤੀ ਨੂੰ ਵੀ ਆਪਣੀਆਂ ਰਚਨਾਵਾਂ ਵਿਚ ਲਿਆ ਕੇ, ਉਹਨਾਂ ਨੂੰ ਮਨੁੱਖੀ ਗੌਰਵ ਪਰਦਾਨ ਕਰਦੇ ਸਨ। "ਬੌਰੀਆਂ ਵਾਲਾ" ਬੇਸ਼ਕ ਕਹਾਣੀ ਵਿਧਾ ਵਿਚ ਉਹਨਾਂ ਦੀ ਬੜੀ ਸੰਖੇਪ ਜਿਹੀ ਰਚਨਾ ਹੈ ਪਰ ਇਸ ਵਿਚ ਉਹਨਾਂ ਨੇ ਇਕੋ ਸਮੇਂ, ਆਜ਼ਾਦੀ ਸੰਗਰਾਮ, ਜਿਸ ਤਹਿਤ ਕੂਕੇ ਅੰਗਰੇਜ਼ ਸਰਕਾਰ ਦੁਆਰਾ ਲਿਆਂਦੀ ਰੇਲ ਗੱਡੀ ਤੇ ਵੀ ਸਫਰ ਨਹੀਂ ਕਰਦੇ, ਪਰਦੇਸੀ ਪ੍ਰੀਤਮ ਦੇ ਵਿਜੋਗ ਵਿਚ ਬਿਹਬਲ ਕੂਕੇ ਮਸਤਾਨਿਆਂ ਦੀ ਕਰੁਣ ਕਥਾ ਨੂੰ, ਉਹਨਾਂ ਦੇ ਹੌਕਿਆਂ, ਹਾਵਿਆਂ, ਸਿਸਕੀਆਂ ਅਤੇ ਅੱਥਰੂਆਂ ਦੀ ਭਾਸ਼ਾ ਵਿਚ ਚਿਤਰਿਆ। ਕਹਾਣੀ ਵਿਚ ਮੁੱਖ ਪਾਤਰ ਦਾ ਉੱਚਾ ਸੁੱਚਾ ਚਰਿੱਤਰ, ਇਸ ਤਰ੍ਹਾਂ ਉਘਾੜਿਆ ਹੈ ਕਿ ਬੀਬੀ ਪਾਰਵਤੀ ਵੱਲੋਂ ਉਸ ਦੇ ਕੋਠੇ ਦੀ ਛੱਤ ਤੇ ਸਾਰੀ ਰਾਤ ਗਾਉਣ ਦਾ ਸੱਦਾ, ਅਤੇ ਇਸ ਨਾਲ ਜੁੜੀ ਕੁਝ ਵੀ ਕਰਨ ਦੀ ਖੁੱਲ੍ਹ ਦੀ ਗੱਲ ਸੁਣਕੇ, ਮਸਤਾਨੇ ਦੀਆਂ ਲਾਲ ਅੱਖਾਂ ਉਸ ਦਾ ਰੌਦਰ ਰੂਪ, ਉਸ ਨੂੰ ਗੁਰੂ ਦੇ ਸੱਚੇ ਸਿੰਘ ਦੇ, ਜਤਸਤ ਵਾਲੇ ਰੂਪ ਵਿਚ ਮੂਰਤੀਮਾਨ ਕਰਦੇ ਹਨ। ਉਹਨੂੰ ਮਾਲੂਮ ਹੁੰਦਾ ਹੈ ਕਿ ਉਸਨੂੰ ਫਾਹੁਣ ਲਈ ਜਾਲ ਵਿਛਾਇਆ ਜਾ ਚੁੱਕਾ ਹੈ। ਇਸ ਲਈ ਉਹ ਮੁੜ ਕਦੇ ਚੱਕਰਵਰਤੀ ਜੀ ਦੇ ਪਿੰਡ ਲੱਲ ਕਲਾਂ ਵਿਚ ਜਿਊਂਦੇ ਜੀਅ ਪੈਰ ਨਹੀਂ ਪਾਉਂਦਾ। ਤੇ ਜਦੋਂ ਲੇਖਕ ਨੂੰ ਉਸ ਮਿਲਣਾ ਹੁੰਦਾ ਹੈ, ਪਿੰਡੋਂ ਬਾਹਰ ਗੁਰੂ ਸਰ ਗੁਰਦੁਆਰੇ ਵਿਚ ਸੱਦ ਕੇ, ਮਿਲਕੇ ਹੀ ਮੁੜ ਜਾਂਦਾ ਹੈ। ਰਚਨਾ ਦੇ ਸਹਿਯੋਗੀ ਪਾਤਰ ਦੇ ਰੂਪ ਵਿਚ ਸੰਤ ਹਰਨਾਮ ਸਿੰਘ ਜੀ ਨਥਾਣੀਏ, ਜੋ ਚੱਕਰਵਰਤੀ ਜੀ ਦੇ ਵਿੱਦਿਆ ਗੁਰੂ ਸਨ, ਦਾ ਮਾਨਵਵਾਦੀ ਚਰਿੱਤਰ ਵੀ ਉਘੇੜਿਆ ਹੈ, ਜਿਹਨਾਂ ਦੀ ਸੰਗਤ ਵੀ ਬੌਰੀਆਂ ਵਾਲਾ ਮਾਣਦਾ ਰਿਹਾ।

ਇਸ ਕਹਾਣੀ ਵਿਚ ਕੂਕਾ ਲਹਿਰ ਦੇ ਲੋਕ-ਸਾਹਿਤਕ ਅਤੇ ਸੱਭਿਆਚਾਰਕ ਪਾਸਾਰਾਂ ਨੂੰ ਵੀ ਉਚਿਤ ਥਾਂ ਦਿੱਤੀ ਗਈ ਹੈ। ਜਿਹੜੇ ਸ਼ਬਦ ਕੂਕੇ ਮਸਤਾਨੇ, ਸਤਿਗੁਰੂ ਵਿਛੋੜੇ ਵਿਚ ਪੜ੍ਹਿਆ ਕਰਦੇ ਸਨ, ਉਹਨਾਂ ਦੀ ਢੁੱਕਵੀਂ ਵਰਤੋਂ ਕੀਤੀ ਗਈ ਹੈ। 'ਬੌਰੀਆਂ ਵਾਲੇ' ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਬ੍ਰਿਹਾ ਹੰਡਾਉਂਦੇ ਇਕ ਸਜੀਵ ਪਾਤਰ ਦੇ ਰੂਪ ਵਿਚ ਚਿਤਰਿਆ ਗਿਆ ਹੈ ਤੇ ਇਹ ਬਿਰਹਾ ਉਸ ਸਮੇਂ ਸਾਰਾ ਕੂਕਾ ਭਾਈਚਾਰਾ ਹੀ ਹੰਡਾ ਰਿਹਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਪਾਵਨ ਉਪਦੇਸ਼ਾਂ ਵਿਚ ਜਦੋਂ ਕਦੇ

ਇਸ ਬਿਰਹੇ ਦੀ ਗਾਥਾ ਛੇੜਿਆ ਕਰਦੇ ਸਨ ਤਾਂ ਸਰੋਤੇ ਮੰਤਰ ਮੁਗਧ ਹੋ ਕੇ, ਸਾਹ ਰੋਕ ਕੇ ਸੁਣਿਆ ਕਰਦੇ ਸਨ। ਅਜਿਹੇ ਪ੍ਰਮੁੱਖ ਰਾਮ ਵਿਓਗੀਆਂ ਦੀ ਸੰਗਤ ਮਾਨਣ ਵਾਲੇ, ਸੰਤ ਇੰਦਰ ਸਿੰਘ ਚੱਕਰਵਰਤੀ ਵੀ ਇਸ ਸਮੇਂ ਪਰਤੱਖ ਦਰਸ਼ੀ ਹੁੰਦੇ ਸਨ। ਉਹ ਗੁਰਬਾਣੀ ਦੇ ਗਿਆਤਾ ਸਨ। ਪੰਜਾਬੀ ਸਾਹਿਤ ਦੇ ਸਫਲ ਪਾਰਖੂ ਅਤੇ ਇਕ ਕਵੀ ਹਿਰਦੇ ਦੇ ਸੁਆਮੀ ਸਨ, ਇਸ ਲਈ ਉਹ "ਬੌਰੀਆਂ ਵਾਲਾ" ਜਿਹੀ ਕਾਲ ਜੀਵੀ ਸਾਹਿਤਕ ਕਿਰਤ, ਨਾਮਧਾਰੀ ਪੰਜਾਬੀ ਸਾਹਿਤ ਦੇ ਖਜ਼ਾਨੇ ਵਿਚ ਜੋੜ ਗਏ ਸਨ। ਮੈਂ ਇਸ ਰਚਨਾ ਦਾ ਪਾਠ ਪਹਿਲੀ ਵਾਰ ਇਸ ਦੇ ਛਪਣ ਦੇ 20 ਸਾਲ ਬਾਅਦ, ਜਦੋਂ ਮੈਂ ਅਠਵੀਂ ਦਾ ਵਿਦਿਆਰਥੀ ਸਾਂ ਕੀਤਾ ਸੀ ਤੇ ਉਦੋਂ ਹੀ ਮੈਂ ਇਸ ਦੀ ਕੀਲ ਵਿਚ ਆ ਗਿਆ ਸਾਂ। ਨਾਮਧਾਰੀ ਸਾਹਿਤ, ਇਤਿਹਾਸ ਨਾਲ ਮੇਰਾ ਭਾਵੀ ਵਾਹ ਪੈਣ ਦਾ ਬਹਾਨਾ, ਇਹ ਰਚਨਾ ਹੀ ਬਣੀ ਸੀ ਤੇ ਹੁਣ ਜਦੋਂ ਪਹਿਲੇ ਪਾਠ ਤੋਂ ਪੌਣੇ ਛੇ ਦਹਾਕੇ ਬਾਅਦ ਮੈਂ ਇਸਨੂੰ ਪੜ੍ਹਿਆ ਹੈ ਤਾਂ ਅੱਜ ਵੀ ਇਸ ਰਚਨਾ ਵਿਚੋਂ ਮੈਨੂੰ ਉਹੋ ਰਸ, ਉਹੋ ਤਾਜ਼ਗੀ, ਉਹੋ ਖੇੜਾ ਅਤੇ ਉਹ ਅਨੰਦ ਹਿਰਦੇ ਵਿਚ ਪਰਵਾਹਿਤ ਹੁੰਦਾ ਨਜ਼ਰ ਆਉਂਦਾ ਹੈ। ਚੱਕਰਵਰਤੀ ਜੀ ਸਾਡੇ ਵੱਡੇ ਲੇਖਕ ਸਨ, ਵੱਡੇ ਮਨੁੱਖ ਸਨ ਅਤੇ ਆਪਣੇ ਸਤਿਗੁਰੂ ਜੀ ਦੇ ਦਰਸ ਦੀਦਾਰ ਦੇ ਦੀਵਾਨੇ, ਮਸਤਾਨੇ ਸਨ। ਸਤਿਜੁਗ ਵਿਚ ਆਪਣੀਆਂ ਸਰਕਾਰ ਵਿਰੋਧੀ ਰਚਨਾਵਾਂ ਛਾਪਣ ਕਾਰਨ, ਕਈ ਵੇਰ ਉਹਨਾਂ ਨੂੰ ਸਰਕਾਰੀ ਕਰੋਪੀ ਦਾ ਸ਼ਿਕਾਰ ਵੀ ਹੋਣਾ ਪੈਂਦਾ ਸੀ। ਪਰ ਉਹ ਆਪਣੇ ਮਿਥੇ ਹੋਏ ਰਸਤੇ ਤੋਂ ਕਦੇ ਵੀ ਨਾਂ ਇੰਚ ਭਰ ਇਧਰ ਤੇ ਨਾਂ ਹੀ ਇੰਚ ਭਰ ਉਧਰ ਹੁੰਦੇ ਸਨ। ਨਾਮਧਾਰੀ ਸਾਹਿਤ ਇਤਿਹਾਸ ਦੀ ਜੋਤ ਜਗਦੀ ਰੱਖਣ ਲਈ, ਟੈਗੋਰ ਜੀ ਦੇ ਸ਼ਬਦਾਂ ਵਿਚ, ਉਹ ਉਹਨਾਂ ਕੂਕਿਆਂ ਵਿਚੋਂ ਸਨ, ਜਿਹਨਾਂ ਨੇ ਆਪਣੀਆਂ ਪਸਲੀਆਂ ਦੀ ਲੋਅ ਬਾਲਕੇ, ਆਉਣ ਵਾਲਿਆਂ ਲਈ ਹਨੇਰੇ ਰਾਹ ਰੋਸ਼ਨ ਕੀਤੇ ਸਨ। ਲੇਖਕ ਆਪਣੀ ਰਚਨਾ ਨਾਲ ਕਿਵੇਂ ਇਕਮਿਕ ਹੋ ਜਾਂਦਾ ਹੈ, ਇਸ ਦਾ ਸੁੰਦਰ ਸਬੂਤ ਹੈ ਚੱਕਰਵਰਤੀ ਕ੍ਰਿਤ-"ਬੌਰੀਆਂ ਵਾਲਾ"।

ਅਸੀਂ ਇਹ ਰਚਨਾ ਮੂਲ ਰੂਪ ਵਿਚ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। ਯਾਦ ਰਹੇ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਿਚੋਂ ਜਲਾਵਤਨ ਕਰਨ ਸਮੇਂ, ਜਨਵਰੀ 1872 ਨੂੰ ਲੁਧਿਆਣੇ ਤੋਂ ਅਲਾਹਾਬਾਦ ਤੱਕ, ਰੇਲ ਗੱਡੀ ਤੇ ਹੀ ਲਿਜਾਇਆ ਗਿਆ ਸੀ।

**ਬੌਰੀਆਂ ਵਾਲਾ**

(ਚਕ੍ਰਵਰਤੀ ਜੀ ਦੀ ਮਸਤਾਨੀ ਲੇਖਨੀ ਅੰਕਿਤ)

ਉਸਦਾ ਰੰਗ ਕਾਲਾ-ਆਬਨੂਸ ਜਿਹਾ ਕਾਲਾ ਸੀ। ਅੱਖੀਆਂ ਲਾਲ-ਲਾਲ, ਮੋਟੀਆਂ ਅਤੇ ਮਸਤੀ ਭਰੀਆਂ ਜਿਹੀਆਂ ਸਨ। ਸਿਰ ਦੇ ਵਾਲ ਉਸ ਕਦੇ ਨਹੀਂ ਸੀ ਵਾਹੇ, ਜਿਸ ਲਈ ਸਿਰ ਤੇ ਬਾਵਰੀਆਂ ਹੋ ਗਈਆਂ ਸਨ। ਉਹ ਚਨਾਰਥਲ ਰਿਆਸਤ ਪਟਿਆਲਾ ਦੇ ਇਕ ਪਿੰਡ ਵਿਚ ਮਜ਼੍ਹਬੀਆਂ ਦੇ ਘਰ ਪੈਦਾ ਹੋਇਆ ਸੀ। ਜਦ ਤੋਂ ਉਹ ਸਤਿਗੁਰਾਂ ਦੀ ਸ਼ਰਨ ਵਿਚ ਆਇਆ ਸੀ ਕਦੇ ਗੱਡੀ ਤੇ ਨਹੀਂ ਸੀ ਚੜ੍ਹਿਆ। ਇਹੋ ਹੀ ਨਹੀਂ ਸੀ ਕਿ ਉਹ ਆਪ ਹੀ ਗੱਡੀ ਨਹੀਂ ਸੀ ਚੜ੍ਹਦਾ, ਸਗੋਂ ਹੋਰਨਾਂ ਚੜ੍ਹਨ ਵਾਲਿਆਂ ਨੂੰ ਵੀ ਚੰਗਾ ਨਹੀਂ ਸੀ ਸਮਝਦਾ। ਗੱਡੀ ਨੂੰ ਵੇਖਕੇ ਉਸਦੀਆਂ ਅੱਖਾਂ ਦੀ ਮਸਤੀ ਭਰੀ ਲਾਲੀ, ਭਿਆਨਕ, ਡਰਾਉਣੀ ਜਿਹੀ ਹੋ ਉਠਦੀ ਸੀ। ਸਿਰ ਦੀਆਂ ਬਾਵਰੀਆਂ ਸੇਹ ਦੇ ਤੱਕਲਿਆਂ ਵਾਂਗ ਸਿੱਧੀਆਂ ਖਲੋ ਜਾਂਦੀਆਂ ਸਨ, ਸਾਰੇ ਸਰੀਰ ਦੇ ਲੂੰ ਕੰਡੇ ਹੋ ਜਾਂਦੇ ਸਨ ਅਤੇ ਉਸ ਵੇਲੇ ਉਸ ਦੇ ਨੇੜੇ ਜਾਨ ਦੀ ਕਿਸੇ ਨੂੰ ਵੀ ਜੁਰਤ ਨਹੀਂ ਸੀ ਪੈਂਦੀ। ਫਿਰ ਅਚਾਨਕ ਪਤਾ ਨਹੀਂ ਉਸ ਵਿਚ-

ਤਬਦੀਲੀ ਜਿਹੀ ਕਿੱਥੋਂ ਆ ਜਾਂਦੀ। ਉਸ ਦਾ ਗੁੱਸਾ ਵੈਰਾਗ ਵਿਚ ਬਦਲ ਜਾਂਦਾ। ਅੱਖੀਆਂ ਦੇ ਛੱਪਰ ਅੱਥਰੂਆਂ ਨਾਲ ਭਰਕੇ ਢਹਿ ਪੈਂਦੇ। ਉਹ ਪਿਆਰ ਦਾ ਸਾਕਾਰ ਰੂਪ ਬਣ ਜਾਂਦਾ। ਥੋਹੜਾ ਚਿਰ ਪਹਿਲਾਂ ਜਿਸ ਵੱਲ ਤੱਕਣ ਨਾਲ ਦਿਲ ਕੰਬ ਉਠਦਾ ਸੀ। ਹੁਣ ਉਸਨੂੰ ਜੱਫੀ ਪਾਉਣ ਤੇ ਜੀ ਕਰ ਆਉਂਦਾ। ਗਜ਼ਬ ਦੀ ਖਿੱਚ ਸੀ ਕੋਈ ਉਸਦੇ ਦਰਸ਼ਨ ਵਿਚ। ਮਿਕਨਾਤੀਸ ਸੀ ਉਸਦੀਆਂ ਅੱਖੀਆਂ ਵਿਚ, ਆਕਸ਼ਨ ਸੀ ਉਸਦੇ ਪਿਆਰ ਵਿਚ ਮਸਤੀ ਵਿਚ ਆਕੇ, ਲੋਰ ਜਿਹੇ ਵਿਚ ਜਦ ਉਹ ਇਹ ਗਾਉਂਦਾ ਸੀ-

ਟੁੱਟ ਜਾਏ ਰੇਲ ਗੱਡੀਏ ਰੱਬ ਜਾਣਦਾ,

ਸਾਡੇ ਮੀਤ ਦਾ ਵਿਛੋੜਾ ਪਾਇਆ, ਟੁੱਟ ਜਾਏਂ...

ਉਸਦੀ ਆਵਾਜ਼ ਸੀ ਕਿ ਕੋਈ ਜਾਦੂ ਸੀ, ਵੀਣਾ ਨਾਲੋਂ ਰਸੀਲੀ, ਬੰਸਰੀ ਨਾਲੋਂ ਮੋਹਣੀ ਸੁਰ ਵਿਚ ਜਦ ਉਹ ਸਿਧਾ ਸਾਦਾ ਵੀ ਗਉਂਦਾ, ਸੁਣਨ ਵਾਲੇ ਦਿਲ ਫੜਕੇ ਬੈਠ ਜਾਂਦੇ। ਉਸਦੀ ਆਵਾਜ਼ ਵਿਚ ਕੋਈ ਅਨੋਖਾ ਜਿਹਾ ਦਰਦ ਸੀ।ਉਸ ਦਰਦ ਵਿਚ ਲੋਚ ਸੀ। ਉਸ ਲੋਚ ਵਿਚ ਮੀਤ ਵਿਛੋੜੇ ਦੇ ਪਿਆਰ ਦੀਆਂ ਵਿਲਕਣੀਆਂ ਸਨ। ਸੱਚੀਂ ਮੁੱਚੀਂ ਉਸਦੀ ਆਵਾਜ਼ ਕਲੇਜੇ ਵਿਚ ਧੂਹ ਪਾਉਂਦੀ ਜਾਂਦੀ ਸੀ।

ਉਹ ਮੈਨੂੰ ਬੜਾ ਪਿਆਰ ਕੀਤਾ ਕਰਦਾ ਸੀ। ਮੈਂ ਛੋਟਾ ਜਿਹਾ ਸਾਂ, ਅਜੇ ਮਸਾਂ ਪੰਜ ਗ੍ਰੰਥੀ ਪੜ੍ਹਦਾ ਹੁੰਦਾ ਸਾਂ ਜਦੋਂ ਉਹ ਮੈਨੂੰ ਮਿਲਣ ਲਈ ਭੈਣੀ

ਸਾਹਿਬ ਤੋਂ ਚੱਲਕੇ ਮੇਰੇ ਪਿੰਡ ਆਇਆ ਕਰਦਾ ਸੀ। ਇਹ ਜਦੋਂ ਸਾਡੇ ਘਰ ਆਉਂਦਾ, ਮੈਂ ਇਸਨੂੰ ਨੱਸਕੇ ਜੱਫੀ ਜਾ ਪਾਉਂਦਾ ਸਾਂ।ਉਹ ਕਿੰਨਾ ਕਿੰਨਾ ਚਿਰ ਮੇਰੀ ਕੰਡ ਤੇ ਹੱਥ ਫੇਰਦਾ ਰਹਿੰਦਾ ਅਤੇ ਮੂੰਹ ਵਿਚ ਕੁਝ ਬੁੜ-ਬੁੜਾਉਂਦਾ ਰਹਿੰਦਾ। ਉਸ ਜੱਫੀ ਵਿਚ ਮੈਨੂੰ ਇਕ ਖਾਸ ਤਰ੍ਹਾਂ ਦਾ ਰਸ ਜਿਹਾ, ਸੁਆਦ ਜਿਹਾ ਆਉਂਦਾ ਸੀ, ਜਿਸ ਨੂੰ ਮੈਂ ਨਾ ਉਦੋਂ ਸਮਝ ਸਕਦਾ ਸਾਂ ਨਾ ਅੱਜ ਦੱਸ ਸਕਦਾ ਹਾਂ।

ਕਈ-ਕਈ ਵਾਰ ਜਦ ਉਸਨੂੰ ਸਾਡੇ ਪਿੰਡ ਆਇਆਂ 15-20 ਦਿਨ ਲੰਘ ਜਾਂਦੇ ਤਾਂ ਮੇਰਾ ਦਿਲ ਕੁਝ ਹੋਰਸ ਤਰ੍ਹਾਂ ਦਾ ਹੋ ਉਠਦਾ।

ਉਹ ਸਾਰੀ ਸਾਰੀ ਰਾਤ ਕੋਠੇ ਤੇ ਚੜ੍ਹਕੇ, ਆਪਣੀ ਲੈਅ ਵਿਚ ਉਚੀ ਆਵਾਜ਼ ਨਾਲ ਗਾਉਂਦਾ ਰਹਿੰਦਾ। ਉਸਦੇ ਉਸ ਗਾਉਣ ਵਿਚ ਦਰਦ ਅਤੇ ਸੋਜ਼ ਦੇ ਵਲਵਲਿਆਂ ਦੀਆਂ ਲਾਟਾਂ ਨਿਕਲਦੀਆਂ ਸਨ ਪਈਆਂ। ਜਿਹਨਾਂ ਨੂੰ ਸੁਣਕੇ ਅਸੀਂ ਕੂਕੇ ਹੀ ਨਹੀਂ, ਸਗੋਂ ਸਾਡਾ ਸਾਰਾ ਪਿੰਡ ਵੈਰਾਗੀ ਜਿਹਾ ਹੋ ਜਾਂਦਾ ਸੀ। ਉਸਦੇ ਦਰਦ ਫਿਰਾਕ ਦੀ ਇਹ ਸੱਦ- ਤੂੰ ਮੈਨੂੰ ਭੁੱਲਦਾ ਨਹੀਂ,

ਸੁਣ ਮੀਤ ਵੇ, ਤੈਂ ਕੀ ਸਿਰ ਪਾਲਿਆ ਮੇਰੇ, ਤੂੰ ਮੈਨੂੰ ਭੁੱਲਦਾ ਨਹੀਂ...ਪੱਥਰਾਂ ਨੂੰ ਰੁਆ ਦਿੰਦੀ। ਮੇਰੀ ਬੁੱਢੀ ਮਾਂ ਦੀਆਂ ਅੱਖਾਂ ਵਿਚ ਪਾਣੀ ਆ ਜਾਂਦਾ। ਉਸ ਵੇਲੇ ਮੈਨੂੰ ਇਉਂ ਜਾਪਦਾ ਸੀ ਕਿ ਸਾਰੀ ਪਰਕਿਰਤੀ ਰੋ ਰਹੀ ਏ। ਚੰਨ ਰੋ ਰਿਹਾ ਏ, ਤਾਰੇ ਰੋ ਰਹੇ ਨੇ... ਕਈ ਵਾਰ ਤੇ ਉਸ ਦੇ ਬੋਲਣ ਨਾਲ ਮੋਰ ਵੀ ਉਆਂ-ਉਆਂ ਕਰ ਉਠਦੇ। ਕੋਇਲ ਵੀ ਓਨਾ ਚਿਰ ਕੂਹੂ-ਕੂਹੂ ਕਰਦੀ ਰਹਿੰਦੀ, ਜਿਨਾਂ ਚਿਰ ਉਹ ਚੁੱਪ ਨਾ ਹੋ ਜਾਂਦਾ।

ਉਸਦਾ ਵਿਛੋੜਾ ਮੈਨੂੰ ਇਕੱਲੇ ਨੂੰ ਹੀ ਨਹੀਂ ਸੀ ਖਟਕਦਾ। ਜਦ ਉਸਨੂੰ ਸਾਡੇ ਪਿੰਡ ਆਇਆਂ ਕੁਝ ਦਿਨ ਲੰਘ ਜਾਂਦੇ ਤਾਂ ਮੈਨੂੰ ਪਿੰਡ ਦੇ ਕਈ ਲੋਕੀ ਪੁੱਛਦੇ-"ਉਹ ਹੁਣ ਆਇਆ ਕਿਉਂ ਨਹੀਂ? ਕਿੰਨਾਂ ਚਿਰ ਹੋ ਗਿਆ ਏ?"

ਮੈਂ ਉਹਨਾਂ ਨੂੰ ਕੀ ਜਵਾਬ ਦਿੰਦਾ। ਜਦ ਕਿ ਇਹੀ ਗੱਲਾਂ ਮੇਰਾ ਆਪਣਾ ਦਿਲ ਮੇਰੇ ਆਪਣੇ ਕੋਲੋਂ ਪੁੱਛਦਾ ਸੀ ਪਿਆ।

ਮੇਰੇ ਵਿਦਿਆ ਗੁਰੂ ਸੰਤ ਹਰਨਾਮ ਸਿੰਘ ਜੀ ਨਥਾਣੀਏ, ਜਿਹਨਾਂ ਨੇ ਸਤਿਗੁਰਾਂ ਤੋਂ ਭਜਨ ਪੁੱਛਿਆ ਅਤੇ ਸਮੁੰਦ ਸਾਗਰ ਲੰਘ ਕੇ ਰੰਗੂਨ ਜਾ ਕੇ ਦਰਸ਼ਨ ਕਰਕੇ ਆਏ। ਜਿਹਨਾਂ ਦੇ ਦਿਲ ਵਿਚ ਸੇਵਾ ਦਾ ਏਨਾਂ ਚਾਅ ਸੀ ਕਿ ਮਾਈ ਨੰਦੀ, ਜਿਹੜੀ ਕਿ ਕੋਹੜ ਦੀ ਬੀਮਾਰੀ ਨਾਲ ਦੁਖੀ ਸੀ, ਬਿਨਾਂ ਕਿਸੇ ਗਿਲਾਨੀ ਕੀਤਿਆਂ, ਉਸਦੇ ਕੱਪੜੇ ਧੋਇਆ ਕਰਦੇ ਸਨ। ਜਦ ਕਦੀ ਭੈਣੀ ਸਾਹਿਬ ਜਾਂਦੇ ਤਾਂ ਮੈਂ ਉਹਨਾਂ ਨੂੰ ਕਿਹਾ ਕਰਦਾ ਸਾਂ ਕਿ "ਜੇ ਕਿਤੇ

ਤੁਹਾਨੂੰ ਉਹ ਮਿਲੇ ਤਾਂ ਕਹਿਣਾ ਹੁਣ ਤੇ ਚੋਖੇ ਦਿਨ ਹੋ ਗਏ ਹਨ, ਆਇਆ ਕਿਉਂ ਨਹੀਂ? "

ਕਈ ਵਾਰ ਸੰਤ ਉਸਨੂੰ ਆਪਣੇ ਨਾਲ ਲੈ ਆਉਂਦੇ, ਉਸਦੀ ਜਿੰਨੀ ਖੁਸ਼ੀ ਮੈਨੂੰ ਹੁੰਦੀ, ਉਸ ਤੋਂ ਬਾਹਲੀ ਸਾਡੀ ਇਕ ਨੌਜਵਾਨ ਪੜੋਸਣ ਪਾਰਬਤੀ ਬ੍ਰਾਹਮਣੀ ਨੂੰ ਹੁੰਦੀ ਸੀ।

ਉਹ ਜੁਆਨ ਸੀ, ਖੂਬਸੂਰਤ ਸੀ, ਉਚ ਕੁਲ ਦੀ ਸੀ, ਅੱਲ੍ਹੜ ਸੀ। ਪਰ ਹੈ ਸੀ ਆਪਣੀ ਜ਼ਿੰਦਗੀ ਵਿਚ ਆਜ਼ਾਦ। ਜੋ ਜੀ ਚਾਹੇ ਕਰਦੀ ਸੀ, ਕੋਈ ਉਸਨੂੰ ਵਰਜਣ ਵਾਲਾ ਨਹੀਂ ਸੀ। ਉਹ ਆਪਣੇ ਮਨ ਦੀ ਮਾਲਕ ਆਪ ਸੀ।

ਅੱਜ ਉਹ ਫਿਰ ਆਇਆ ਸੀ,

ਸਾਡੇ ਕੋਠੇ ਤੇ ਬੈਠਕੇ ਜਦ ਉਸ ਗਾਇਆ-

"ਇਹ ਤੇਰਾ ਚੰਨ ਮੁੱਖੜਾ, ਇਹ ਤੇਰਾ ਚੰਨ ਮੁੱਖੜਾ,

ਸੁਣ ਮੀਤ ਵੇ, ਏਥੇ ਨਾਮ ਜਪਨ ਨੂੰ ਆਇਆ,

ਇਹ ਤੇਰਾ ਚੰਨ...।"

ਉਹ ਨੱਸੀ ਨੱਸੀ ਮੇਰੇ ਕੋਲ ਆਈ। ਆਖਣ ਲੱਗੀ-ਇਹ ਆਗਿਆ ਏ? ਮੈਂ ਹੁਣੇ ਯਾਦ ਕਰਦੀ ਸਾਂ ਪਈ, ਕਿੰਨੇ ਦਿਨ ਹੋਏ ਸਨ ਇਸਨੂੰ ਡਿੱਠਿਆਂ, ਇਸ ਨੂੰ ਆਖੋ ਸੂ-ਅੱਜ ਦੀ ਰਾਤ ਮੇਰੇ ਕੋਠੇ ਤੇ ਚੱਲਕੇ ਗਾਵੇ। ਇਹ ਗਾਏ ਮੈਂ ਸੁਣਾਂਗੀ, ਜੋ ਆਖੇ-ਮੈਂ ਕਰਾਂਗੀ।"

ਪਰ, ਉਹ ਆਪਣੀ ਧੁਨ ਵਿਚ ਮਸਤ ਸੀ, ਉਸਨੂੰ ਤੇ ਇਹ ਵੀ ਪਤਾ ਨਹੀਂ ਸੀ ਕਿ ਅਸੀਂ ਦੋ ਜਣੇ ਉਸਦੇ ਕੋਲ ਬੈਠੇ ਹੋਰ ਵੀ ਗੱਲਾਂ ਕਰ ਰਹੇ ਹਾਂ। ਉਹ ਗਾਉਂਦਾ ਸੀ ਅਤੇ ਆਪਣੀ ਧੁਨ ਵਿਚ ਮਸਤ ਸੀ, ਅਤੇ ਵਾਰ ਵਾਰ ਇਹੋ ਗਾਈ ਜਾਂਦਾ ਸੀ-

"ਜਿੰਦੜੀ ਨੂੰ ਰੋਗ ਲਾ ਲਿਆ, ਕੀ ਲੱਭਾ ਈ ਇਸ਼ਕ ਗਲ ਪਾਕੇ...।

ਜਦ ਮੈਂ ਉਸਨੂੰ ਕਿਹਾ ਕਿ-"ਚੱਲ ! ਅੱਜ ਇਸਦੇ ਕੋਠੇ ਤੇ ਚੱਲਕੇ ਆਪਣੇ ਗੀਤ ਗਾ।

ਇਹ ਸੁਣਕੇ ਉਸਦੀਆਂ ਪਿਆਰ ਭਰੀਆਂ ਅੱਖੀਆਂ ਵਿਚ ਏਨਾਂ ਰੋਹ ਚੜ੍ਹਿਆ, ਜਿਨ੍ਹਾਂ ਵੱਲ ਮੈਂ ਤੱਕ ਨਹੀਂ ਸਾਂ ਸਕਦਾ। ਉਸ ਇਕ ਲੰਮਾ, ਹਉਕਾ ਲਿਆ ਅਤੇ ਨਾਲ ਹੀ ਇਕ ਦਰਦ ਭਰੀ ਅਵਾਜ਼ ਉਸਦੇ ਅੰਦਰੋਂ ਨਿਕਲੀ-

“ਇਸ਼ਕੇ ਦਾ ਰੋਗ ਬੁਰਾ, ਸੁਣ ਮੀਤ ਵੇ,

ਕਿਸੇ ਲੱਗ ਦੁਸ਼ਮਣ ਨੂੰ ਨਾ ਜਾਵੇ, ਇਸ਼ਕੇ ਦਾ ...

ਮੈਂ ਫੇਰ ਕਿਹਾ-ਮੇਰੀ ਗੱਲ ਦਾ ਤੁਸੀਂ ਜਵਾਬ ਕਿਉਂ ਨਹੀਂ ਦਿੱਤਾ?

ਇਹ ਸੁਣਕੇ ਉਹ ਹੱਸ ਪਏ, ਇੰਨਾਂ ਹੱਸੇ,

ਇੰਨਾਂ ਹੱਸੇ !! ਮੈਂ ਸਹਿਮ ਗਿਆ।

ਮੈਨੂੰ ਡਰ ਆਉਣ ਲੱਗ ਪਿਆ।

ਉਹਨਾਂ ਦੇ ਬੁੱਲ੍ਹ ਫਿਰ ਖੁੱਲ੍ਹੇ ਅਤੇ

ਉਹਨਾਂ ਫਿਰ ਆਪਣੀ ਉਸੇ ਲੈਅ ਵਿਚ ਗਾਇਆ-

“ਲੋਕੀਂ ਸਾਨੂੰ ਕੀ ਆਖਦੇ,

ਜਿੰਦ ਯਾਰ ਦੇ ਹਵਾਲੇ ਕੀਤੀ, ਲੋਕੀ ਸਾਨੂੰ...

“ਗੁੱਝੀ ਰਮਜ਼ ਫ਼ਕੀਰਾਂ ਵਾਲੀ,

ਵਿਰਲਾ ਕੋਈ ਜਾਣਦਾ, ਗੁੱਝੀ ਰਮਜ਼...

ਇਸ ਗੀਤ ਦੇ ਖ਼ਤਮ ਹੁੰਦਿਆਂ ਹੀ ਉਹ ਉਸੇ ਵੇਲੇ ਪਉੜੀ

ਉੱਤਰ ਕੇ ਵਗੇ ਤਗੀ ਨਹਿਰ ਵੱਲ ਨੂੰ ਨੱਸ ਗਏ।

ਹੁਣ ਬੜੀ ਦੂਰੋਂ ਰਾਤ ਦੇ ਹਨੇਰੇ ਨੂੰ ਚੀਰਦੀ ਹੋਈ, ਇਕ ਦਰਦ ਭਰੀ ਝੀਣੀ ਜਿਹੀ ਆਵਾਜ਼ ਆ ਰਹੀ ਸੀ ਕਿ-

“ਤੂੰ ਮੈਨੂੰ ਭੁੱਲਦਾ ਨਹੀਂ, ਸੁਣ ਮੀਤ ਵੇ,

ਤੈਂ ਕੀ ਸਿਰ ਪਾ ਲਿਆ ਮੇਰੇ, ਤੂੰ ਮੈਨੂੰ ਭੁੱਲਦਾ ਨਹੀਂ ...।

ਪਤਾ ਨਹੀਂ, ਮੇਰੀਆਂ ਅੱਖਾਂ ਵਿਚ ਅੱਥਰੂ ਕਿਉਂ ਆ ਗਏ, ਜਦ ਮੈਂ ਡਿੱਠਾ, ਮੇਰੇ ਕੋਲ ਬੈਠੀ, ਮੇਰੀ ਪੜੋਸਣ ਪਾਰਬਤੀ ਪੰਡਤਾਣੀ ਵੀ ਰੋ ਰਹੀ ਸੀ।

ਇਸ ਤੋਂ ਪਿਛੋਂ ਉਹ ਪਿੰਡ ਨਹੀਂ ਸਨ ਆਉਂਦੇ, ਪਰ, ਜਦ ਕਦੀ ਗੁਰੂ ਸਰ ਆਉਂਦੇ ਮੈਨੂੰ ਸੱਦ ਕੇ ਮਿਲੇ ਬਿਨਾਂ ਨ ਜਾਂਦੇ। ਪਾਰਬਤੀ ਕਈ ਵਾਰ ਮੈਨੂੰ ਪੁੱਛਦੀ ਕਿ ਉਹ ਹੁਣ ਕਿਉਂ ਨਹੀਂ ਆਉਂਦੇ? ਇਸਦਾ ਜਵਾਬ ਮੈਨੂੰ ਕੁਝ ਵੀ ਨਾ ਅਹੁੜਦਾ, ਮੈਂ ਚੁੱਪ ਹੋ ਜਾਂਦਾ।

ਮੈਂ ਹੈਰਾਨ ਸਾਂ, ਕਿ ਜਿਸਦੀ ਇਕ ਨਜ਼ਰ ਲਈ ਸਾਡੇ ਪਿੰਡ ਦੇ ਗੱਭਰੂ ਤਰਸਦੇ ਰਹਿੰਦੇ ਸਨ, ਜਿਸਦੇ ਦਰ ਤੇ ਕਈ ਵਾਰ ਫੇਰਾ ਪਾਉਂਦੇ ਨਹੀਂ ਸਨ ਥੱਕਦੇ, ਜਿਸ ਨਾਲ ਇਕ ਵਾਰ ਹੱਸ ਕੇ ਬੋਲਣ ਨੂੰ, ਕਈ ਚੰਗੇ-ਚੰਗੇ

ਆਪਣੇ ਧੰਨ ਭਾਗ ਸਮਝਦੇ ਸਨ। ਉਹ ਉਸਨੂੰ ਆਪਣੇ ਘਰ ਲਿਜਾਣ ਲਈ ਤਰਲੇ ਪਾਉਂਦੀ ਸੀ, ਅਰਜ਼ੋਈਆਂ ਕਰਦੀ ਸੀ, ਮੰਨਤਾ ਮੰਨਦੀ ਸੀ। ਪਰ, ਪਤਾ ਨਹੀਂ ਉਹ ਕਿਸ ਮਿੱਟੀ ਦਾ ਬਣਿਆ ਹੋਇਆ ਸੀ, ਉਹ ਉਸ ਵੱਲ ਅੱਖ ਭਰਕੇ ਤੱਕਦਾ ਹੀ ਨਹੀਂ ਸੀ, ਅਜੀਬ ਬੰਦਾ ਸੀ ਉਹ।

ਹੁਣ ਜਦ ਉਸ ਪਿੰਡ ਆਉਣਾ ਛੱਡ ਦਿੱਤਾ ਤਾਂ ਪਾਰਬਤੀ ਤੇ ਮੈਨੂੰ ਬੜਾ ਗੁੱਸਾ ਆਉਂਦਾ ਕਿ ਪਤਾ ਨਹੀਂ ਇਸ ਉਸਨੂੰ ਕੀ ਕਹਿ ਦਿੱਤਾ ਏ? ਜਿਸ ਲਈ ਉਹ ਪਿੰਡ ਨਹੀਂ ਸੀ ਵੜਦਾ। ਪਰ ਵੱਖਰਿਆਂ ਤੇ ਇਸ ਕੁਝ ਨਹੀਂ ਸੀ ਕਿਹਾ। ਜੋ ਕੁਝ ਕਿਹਾ ਸੀ, ਉਹ ਮੇਰੇ ਕੋਲੋਂ ਹੀ ਤੇ ਕਹਾਇਆ ਸੀ। ਉਸ ਗੱਲ ਦਾ ਏਨਾ ਗੁੱਸਾ। ਮੇਰੀ ਸਮਝ ਵਿਚ ਕੁਝ ਵੀ ਨਹੀਂ ਸੀ ਆਉਂਦਾ।

ਹੁਣ ਉਹ ਊਠਾਂ ਵਿਚ ਰਿਹਾ ਕਰਦਾ ਸੀ, ਗੁਰੂ ਕੇ ਊਠਾਂ ਦੀ ਸੇਵਾ ਬੜੇ ਪਿਆਰ ਨਾਲ ਕਰਦਾ। ਹਰ ਦੀਵਾਲੀ ਨੂੰ ਅੰਮ੍ਰਿਤਸਰ ਤੇ ਨਨਕਾਣੇ ਸਾਹਿਬ ਤੁਰ ਕੇ ਦੌਰੇ ਨਾਲ ਜਾਂਦਾ।

ਦੌਰੇ ਨਾਲ ਗਿਆ ਉਹ ਖਾਨਪੁਰ, ਜ਼ਿਲ੍ਹਾ ਲਾਇਲਪੁਰ ਦੇ ਇਕ ਪਿੰਡ ਵਿਚ, ਸ੍ਰ. ਈਸ਼ਰ ਸਿੰਘ ਜੀ ਦੇ ਘਰ ਅਚਾਨਕ ਬੀਮਾਰ ਹੋ ਗਿਆ। ਚਲਾ ਗਿਆ, ਬੜੀ ਦੂਰ ਚਲਾ ਗਿਆ, ਉਥੇ ਚਲਾ ਗਿਆ, ਜਿਥੋਂ ਮੁੜਕੇ ਕੋਈ ਨਹੀਂ ਆਇਆ।

ਇਸ ਗੱਲ ਦਾ ਜਦ ਮੈਨੂੰ ਪਤਾ ਲੱਗਾ, ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ। ਮੈਂ ਆਪਣੀ ਗੁਆਂਢਣ ਕੋਲ ਗਿਆ। ਮੈਂ ਕਿਹਾ-ਪਾਰਬਤੀ ਪਤਾ ਲੱਗਾ ਏ, ਕਿ ਉਹ ਜ਼ਿਲ੍ਹਾ ਲਾਇਲਪੁਰ ਵਿਚ ਗਿਆ ਹੋਇਆ ਸੀ ਅਤੇ ਉਥੇ ਹੀ ਕਿਸੇ ਬੀਮਾਰੀ ਨਾਲ ਅਚਾਨਕ ਮਰ ਗਿਆ। ਇਹ ਸੁਣਕੇ ਪਾਰਬਤੀ ਦੇ ਮੂੰਹੋਂ ਹੋਰ ਕੁਝ ਨਾ ਨਿਕਲਿਆ, ਉਹ ਉਹਨਾਂ ਦੇ ਕਈ ਵਾਰ ਗਾਏ ਹੋਏ ਉਸੇ ਗੀਤ ਨੂੰ, ਜਿਸਨੂੰ ਉਹ ਕਈ ਵਾਰ ਸੁਣ ਚੁੱਕੀ ਸੀ। ਉਸੇ ਲੈਅ ਵਿਚ ਅੱਥਰੂ ਵਹਾਉਂਦੀ ਹੋਈ ਗਾਉਣ ਲੱਗ ਪਈ-

"ਤੂੰ ਮੈਨੂੰ ਭੁੱਲਦਾ ਨਹੀਂ, ਸੁਣ ਮੀਤ ਵੇ, ਤੈਂ ਕੀ ਸਿਰ ਪਾ ਲਿਆ ਮੇਰੇ, ਤੂੰ ਮੈਨੂੰ ਭੁੱਲਦਾ...। ਉਸਦਾ ਨਾਂ ਟਹਿਲ ਸਿੰਘ ਸੀ।"[2]

.........

ਇਹ ਕਹਾਣੀ ਲਿਖਣ ਵੇਲੇ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੀ ਉਮਰ 37-38 ਸਾਲ ਸੀ। ਇਉਂ ਮਾਲੂਮ ਹੁੰਦਾ ਹੈ ਕਿ ਸੰਤ ਜੀ ਨੂੰ ਸਰਸਵਤੀ ਦਾ ਜਿਹੜਾ ਵਰਦਾਨ ਹਾਸਲ ਹੋਇਆ ਸੀ, ਉਹ ਇਹੋ ਜਿਹੇ

ਆਸ਼ਕਾਂ ਸਾਦਕਾਂ ਦੇ, ਦਰਸ ਦੀਦਾਰਿਆਂ ਦੀ ਮਾਰਫਤ ਹੀ ਮਿਲਿਆ ਸੀ। ਗੁਰੂ ਸਰ ਵਿਖੇ ਛੇਵੀਂ ਅਤੇ ਦਸਵੀਂ ਪਾਤਸ਼ਾਹੀ ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ ਹੈ, ਜਿੱਥੇ ਮਹੰਤ ਮਾਘਾ ਸਿੰਘ ਜੀ ਬਹੁਤ ਪ੍ਰਸਿੱਧ ਨਾਮਧਾਰੀ ਗੁਰਸਿੱਖ ਹੋਏ ਹਨ। ਸ੍ਰੀ ਭੈਣੀ ਸਾਹਿਬ ਗੁਰਧਾਮ ਦੇ ਦਰਸ਼ਨ ਕਰਨ ਆਉਣ ਵਾਲੇ ਯਾਤਰੂ, ਅੰਗਰੇਜ਼ ਪੁਲੀਸ ਦੀਆਂ ਸਖਤੀਆਂ ਕਾਰਨ, ਰਿਆਸਤ ਪਟਿਆਲਾ ਦੀ ਇਸ ਹਦੂਦ ਵਿਚ ਆ ਠਹਿਰਿਆ ਕਰਦੇ ਸਨ। ਇਸੇ ਕਾਰਨ ਭਾਈ ਟਹਿਲ ਸਿੰਘ ਬੌਰੀਆਂ ਵਾਲਾ ਗੁਰੂ ਸਰ ਗੁਰਦੁਆਰੇ ਜਾਂ ਲੱਲ ਕਲਾਂ ਪਿੰਡ ਦੇ ਕੂਕਿਆਂ ਪਾਸ ਆਇਆ ਕਰਦੇ ਸਨ। ਚੱਕਰਵਰਤੀ ਜੀ ਨੇ ਇਹ ਕਹਾਣੀ ਦੂਜੀ ਸੰਸਾਰ ਜੰਗ ਦੇ ਸਮੇਂ ਲਿਖੀ ਹੈ। ਇਸ ਵਿਚ ਮਨੁੱਖੀ ਆਤਮਾ ਦੀ ਸੁਤੰਤਰਤਾ ਅਤੇ ਆਪਣੇ ਮਿੱਤਰ ਪਿਆਰੇ ਸਤਿਗੁਰੂ ਦੀ ਯਾਦ ਵਿਚ ਅੱਠੇ ਪਹਿਰ ਵਿਚਰਨ ਵਾਲੀ ਇਕ ਵਿਓਗੀ ਰੂਹ ਦੇ ਦਰਸ਼ਨ ਹੁੰਦੇ ਹਨ। ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਪ੍ਰੀਤ ਫਲਸਫੇ ਨਾਲ ਇਕ ਜੁੱਟਤਾ ਪ੍ਰਗਟ ਕਰਦਿਆਂ, ਚੱਕਰਵਰਤੀ ਜੀ ਦੀ ਇਹ ਰਚਨਾ, ਖੋਹੀ ਮੋਹੀ ਕਾਰਨ ਵਾਪਰਦੀਆਂ ਜੰਗਾਂ, ਜੁੱਧਾਂ ਅਤੇ ਲੜਾਈਆਂ ਦੇ ਵਿਰੋਧ ਵਿਚ ਵੀ ਭੁਗਤਦੀ ਹੈ। ਇਸ ਦੀ ਕਲਾਤਮਕ ਬੁਣਤੀ ਬੜੀ ਕਮਾਲ ਦੀ ਹੀ। ਇਕ ਪ੍ਰੀਤ ਦੀਵਾਨੇ ਦੇ ਮੂੰਹੋਂ ਲੋਕ ਗੀਤਾਂ ਜਿਹੀਆਂ ਤੁਕਾਂ ਦਾ ਲੋਕ ਧਾਰਨਾਂ ਵਾਲੇ ਸ਼ਬਦਾਂ ਦੇ ਗਾਇਨ ਦੁਆਰਾ, ਨਾਮਧਾਰੀਆਂ ਦੇ ਮਾਹੀ, ਪਰਦੇਸੀ ਪ੍ਰੀਤਮ, ਸਤਿਗੁਰੂ ਰਾਮ ਸਿੰਘ ਜੀ ਨੂੰ ਯਾਦ ਕੀਤਾ ਜਾਂਦਾ ਹੈ। ਇਸ ਦਾ ਰਸਿਕ ਬਿਰਤਾਂਤ ਹੀ ਬੀਬੀ ਪਾਰਬਤੀ ਜਿਹੇ ਬਿਰਹੋਂ ਕੁੱਠੇ ਹਿਰਦਿਆਂ ਨੂੰ ਝਕਝੋਰਨ ਦਾ ਕਾਰਜ ਕਰਦਾ ਹੈ। ਚੱਕਰਵਰਤੀ ਜੀ ਦੀ ਉਮਰ ਇਸ ਘਟਨਾ ਦੇ ਘਟਿਤ ਹੋਣ ਸਮੇਂ 12-13 ਸਾਲ ਤੋਂ ਜ਼ਿਆਦਾ ਮਾਲੂਮ ਨਹੀਂ ਹੁੰਦੀ। ਬਚਪਨ ਅਤੇ ਜੁਆਨੀ ਦੇ ਵਿਚਾਲੇ ਦੀ ਅੱਲੜ੍ਹ ਉਮਰ। ਅੱਲੜ੍ਹ ਉਮਰ ਵਿਚ ਇਹੋ ਜਿਹੇ ਦੀਵਾਨਿਆਂ ਦੀਆਂ ਮਾਣੀਆਂ ਨਿੱਜੀ ਜੀਵਨ ਛੋਹਾਂ ਨੇ ਚੱਕਰਵਰਤੀ ਜੀ ਨੂੰ ਭਾਵੀ ਜੀਵਨ ਵਿਚ ਇਕ ਸਮਰੱਥ ਕਲਮਕਾਰ ਬਣਾ ਦਿੱਤਾ ਸੀ।

ਸਤਿਜੁਗ ਹਫਤੇਵਾਰ ਨੇ, ਜਦੋਂ ਸ੍ਰੀ ਭੈਣੀ ਸਾਹਿਬ ਤੋਂ ਛਪਿਆ ਕਰਦਾ ਸੀ, ਦੋ ਸੰਤ ਅੰਕ ਕੱਢੇ ਸਨ। ਪਹਿਲਾ 1940 ਈ. ਵਿਚ ਤੇ ਦੂਜਾ 1941 ਈ. ਵਿਚ ਦੋਹਾਂ ਅੰਕਾਂ ਵਿਚ ਕੋਈ ਪੌਣਾ ਸੈਂਕੜਾ, ਪਰਸਿੱਧ ਕੂਕੇ ਸਾਧੂ ਸੰਤਾਂ ਬਾਰੇ, ਵੱਖ ਵੱਖ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਸਨ। ਦੂਜੇ ਸੰਤ ਅੰਕ ਵਿਚ ਚੱਕਰਵਰਤੀ ਜੀ ਨੇ ਇਕਾਂਗੀ ਨਾਟਕ ਅਤੇ ਕਹਾਣੀ ਦੀ ਵਿਧਾ ਦੁਆਰਾ, ਕੁਝ ਕੂਕੇ ਸਾਧੂਆਂ ਦੇ ਜੀਵਨ ਚਿਤਰ ਉਲੀਕੇ ਸਨ। ਭਾਈ ਟਹਿਲ ਸਿੰਘ 'ਬੌਰੀਆਂ ਵਾਲਾ' ਦਾ ਸੰਖੇਪ ਜਿਹਾ ਜੀਵਨ ਚਰਿੱਤਰ, ਕੂਕਾ

ਲਹਿਰ ਦੀ ਵਿਸ਼ਾਲਤਾ ਵੱਲ ਇਸ਼ਾਰਾ ਕਰਦਾ ਹੈ ਕਿ ਇਸ ਲਹਿਰ ਵਿਚ ਜਿੱਥੇ ਕਿਸਾਨ, ਦਸਤਕਾਰ, ਸੈਨਿਕ ਅਤੇ ਕਾਰੋਬਾਰੀ ਲੋਕ ਆਏ, ਉੱਥੇ ਖੇਤ ਮਜ਼ਦੂਰ ਵੀ ਆਏ। ਜਿੱਥੇ ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪੋ ਆਪਣੇ ਸਮੇਂ ਵਿਚ ਅੰਗਰੇਜ਼ ਬਸਤੀਵਾਦੀਆਂ ਖਿਲਾਫ ਵਿੱਢੇ ਘੋਲ ਨੂੰ ਜਾਰੀ ਰੱਖਿਆ ਉੱਥੇ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖਸ਼ੀ, ਉੱਚ ਆਤਮਿਕ ਅਵਸਥਾ ਵਾਲਾ, ਗੁਰਸਿੱਖ ਵੀ ਤਿਆਰ ਕੀਤਾ ਜੋ ਮਾਨਵ ਕਲਿਆਣ ਵਾਸਤੇ ਹਮੇਸ਼ਾਂ ਨੱਕ ਦੀ ਸੇਧ, ਗੁਰਮਤਿ ਮਾਰਗ ਤੇ ਸਿੱਧਾ ਤੁਰਿਆ ਜਾਂਦਾ ਸੀ, ਦੁਨਿਆਵੀ ਮੋਹ, ਮਾਇਆ ਅਤੇ ਹੋਰ ਖਿੱਚਾਂ, ਉਸ ਨੂੰ ਉਸ ਦੇ ਮਿਥੇ ਰਸਤੇ ਤੋਂ ਭਟਕਣ ਨਹੀਂ ਸਨ ਦਿੰਦੀਆਂ। ਭਾਈ ਟਹਿਲ ਸਿੰਘ ਵੀ ਇਕ ਐਸਾ ਹੀ ਜਾਗਿਆ ਹੋਇਆ ਮਨੁੱਖ ਸੀ।

## ਹਵਾਲੇ ਤੇ ਟਿੱਪਣੀਆਂ


(1) ਅੱਖੀਂ ਡਿੱਠਾ ਕਿੱਸਾ ਕੀਤਾ, (ਸੰ. ਸੁਵਰਨ ਸਿੰਘ ਵਿਰਕ), ਸਫਾ 53-54

(2) ਸਤਿਜੁਗ ਦਾ ਸੰਤ ਅੰਕ (ਦੂਜਾ), 20 ਭਾਦਰੋਂ ਸੰਬਤ 1998 ਬਿ. ਮੁਤਾਬਿਕ ਸਤੰਬਰ 1941, ਸ੍ਰੀ ਭੈਣੀ ਸਾਹਿਬ, ਸੰਤ ਇੰਦਰ ਸਿੰਘ ਚੱਕਰਵਰਤੀ ਦੀ ਕਹਾਣੀ "ਬੌਰੀਆਂ ਵਾਲਾ", ਸਫਾ 83-87

# ਸਰਹੱਦੀ ਦਾ ਕੂਕਾ, ਅਸਲੀ ਬਾਬਾ, ਝੰਡਾ ਸਿੰਘ 'ਕੰਗ'

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ 1892 ਈ. ਤੋਂ ਹੀ ਕੇਂਦਰੀ ਅਤੇ ਪੱਛਮੀ ਪੰਜਾਬ ਵਿੱਚ ਦੌਰੇ ਕਰਨ ਦੀ ਇਕ ਦੋ ਮਹੀਨਿਆਂ ਲਈ, ਅੰਗਰੇਜ ਸਰਕਾਰ ਵੱਲੋਂ ਛੁੱਟੀ ਮਿਲਿਆ ਕਰਦੀ ਸੀ। ਇਹ ਛੁੱਟੀ ਵੀ ਇਸ ਤਰ੍ਹਾਂ ਮਿਲਦੀ ਸੀ ਕਿ ਜੇ ਆਪ ਨੇ ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਲਈ ਛੁੱਟੀ ਮੰਗਣੀ ਤਾਂ ਛੁੱਟੀ ਉਹਨਾਂ ਤਾਰੀਖਾਂ ਤੋਂ ਸ਼ੁਰੂ ਹੁੰਦੀ ਜਦੋਂ ਦੀਵਾਲੀ ਲੰਘ ਚੁੱਕੀ ਹੁੰਦੀ। ਪੰਜਾਬ ਸਰਕਾਰ ਦੀਵਾਲੀ ਜਾਂ ਕਿਸੇ ਹੋਰ ਮੌਕੇ ਕਿਸੇ ਵੀ ਪੁਰਬ ਸਮੇਂ ਜੁੜੀ, ਬਹੁ ਗਿਣਤੀ ਸੰਗਤ ਨਾਲ ਆਪ ਦਾ ਰਾਬਤਾ ਨਹੀਂ ਹੋਣ ਦੇਣਾ ਚਾਹੁੰਦੀ ਸੀ। ਇਸੇ ਤਰ੍ਹਾਂ ਦੌਰਾ ਕਰਦੇ 1892 ਈ. ਤੋਂ ਬਾਅਦ 1896 ਵਿੱਚ ਗੁਰੂ ਜੀ ਇਕ ਵੇਰ, ਗੁਰਦਾਸਪੁਰ ਜ਼ਿਲ੍ਹੇ ਦੇ ਧਾਰੀਵਾਲ ਕਸਬੇ ਦੇ ਇਲਾਕੇ ਵਿੱਚ ਸੋਹਲ ਪਿੰਡ ਵਿਖੇ ਦਰਸ਼ਨ ਦੇ ਕੇ ਪਰਚਾਰ ਦੌਰਾ ਕਰ ਰਹੇ ਸਨ।

ਗੁਆਂਢੀ ਪਿੰਡ ਕੰਗ ਦਾ ਅੱਧਖੜ ਉਮਰ ਦਾ ਝੰਡਾ ਸਿੰਘ ਲੰਬੜਦਾਰ ਇਹ ਵੇਖ ਵੇਖ ਕੇ ਹੈਰਾਨ ਹੋ ਰਿਹਾ ਸੀ ਕਿ ਦੋ ਦੋ ਚਾਰ ਚਾਰ ਨਾਮਧਾਰੀ ਪਹਿਰਾਵੇ ਵਾਲੇ ਅਤੇ ਕੁਝ ਆਮ ਲੋਕ ਵੀ ਕਿੱਧਰ ਨੂੰ ਜਾ ਰਹੇ ਹਨ। ਉਸ ਦੇ ਪਿੰਡ ਵਿੱਚ ਇਕ ਰਾਮ ਸਿੰਘ ਨਾਮ ਦਾ ਨਾਮਧਾਰੀ ਸਿੱਖ ਤਾਂ ਰਹਿੰਦਾ ਸੀ ਪਰ ਉਸ ਨੇ ਕਦੇ ਨਾਮਧਾਰੀਆਂ ਦੇ ਕਾਰਜ ਕਰਮਾਂ ਵਿੱਚ ਦਿਲਚਸਪੀ ਨਹੀਂ ਸੀ ਲਈ ਕਿਉਂ ਜੁ ਉਹ ਨਾਮ ਬਾਣੀ ਅਤੇ ਗੁਰਮਤਿ ਰਹਿਤ ਮਰਿਆਦਾ ਵਾਲਾ ਬੰਧੇਜੀ ਜੀਵਨ ਬਿਤਾਉਣ ਦੀ ਬਜਾਏ, ਮਾਸ, ਸ਼ਰਾਬ ਖਾਣ ਪੀਣ ਵਾਲਾ, ਖੁੱਲ੍ਹੀ ਖੇਡ ਵਿੱਚ ਵਿਚਰਨ ਦਾ ਚਾਹਵਾਨ ਸੀ। ਪਰ ਅੱਜ ਝੰਡਾ ਸਿੰਘ ਦੇ ਅੰਦਰੋਂ ਇਧਰ ਜਾਣ ਵਾਲਿਆਂ ਵੱਲ ਉਤਸੁਕ ਨਜ਼ਰਾਂ ਨਾਲ ਵੇਖਦਿਆਂ, ਲੂਹਰੀਆਂ ਜਹੀਆਂ ਉੱਠ ਰਹੀਆਂ ਸਨ ਕਿ ਇਹਨਾਂ ਨੂੰ ਇਧਰ ਜਾਣ ਦਾ ਕਾਰਨ ਪੁੱਛ ਹੀ ਲਵੇ। ਇਹ ਜਾਣ ਕੇ ਕਿ ਨਾਮਧਾਰੀ-ਸਿੱਖ ਜਗਤ ਦੇ ਮੁਖੀ ਸ੍ਰੀ ਗੁਰੂ ਹਰੀ ਸਿੰਘ ਜੀ ਸੋਹਲ ਪਿੰਡ ਵਿੱਚ ਆਏ ਹਨ, ਝੰਡਾ ਸਿੰਘ ਵੀ ਉਧਰ ਨੂੰ ਤੁਰ ਪਿਆ। ਦੀਵਾਨ ਵਿੱਚ ਬੇਅੰਤ ਸੰਗਤ ਜੁੜੀ ਹੋਈ ਸੀ। ਝੰਡਾ ਸਿੰਘ ਇਹ ਵੇਖ ਕੇ ਹੈਰਾਨ ਹੋਇਆ ਕਿ ਇਕ ਸਿੱਖ ਜਿਸ ਦੇ ਵੀ ਕੰਨ ਵਿੱਚ ਕੁਝ ਦੱਸਦਾ ਹੈ, ਉਸ ਦੀ ਬਿਰਤੀ, ਸੁਰਤੀ ਤੱਤਛਿਣ ਬਦਲ ਜਾਂਦੀ ਹੈ। ਪੁੱਛਣ ਤੇ ਪਤਾ ਲੱਗਾ ਕਿ ਇਹ ਕੰਨ ਵਿੱਚ

ਨਾਮ, ਗੁਰਮੰਤਰ ਦਿੱਤਾ ਜਾ ਰਿਹਾ ਹੈ ਜੋ ਸਾਰੇ ਦੁੱਖ ਕੱਟ ਦਿੰਦਾ ਹੈ।

ਸਰਬ ਰੋਗ ਕਾ ਅਉਖਦੁ ਨਾਮੁ॥...

(ਮ੦ ੫, ਅੰਗ ੨੧੪)

ਝੰਡਾ ਸਿੰਘ ਨੇ ਨਾਮ ਲੈਣਾ ਵੀ ਚਾਹਿਆ ਪਰ ਮਨ ਵਿੱਚ ਇਹ ਵਿਸਵਿਸਾ ਵੀ ਸੀ ਕਿ ਨਾਮ ਸਤਿਗੁਰੂ ਜੀ ਆਪ ਦੇਣ। ਉਸ ਦੀ ਮਨੋ ਭਾਵਨਾ ਸਮਝਦਿਆਂ ਸਤਿਗੁਰੂ ਜੀ ਨੇ ਫੁਰਮਾਇਆ ਕਿ ਮੈਨੂੰ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਨਾਮ ਖ਼ੁਦ ਦੇਣ ਦਾ ਹੁਕਮ ਨਹੀਂ, ਇਸ ਲਈ ਜਿਹੜਾ ਵੀ ਨਾਮ ਦੇਣ ਲਈ ਅਧਿਕਾਰਿਤ ਹੋਵੇ ਉਹੋ ਨਾਮ ਦੇ ਸਕਦਾ ਹੈ। ਝੰਡਾ ਸਿੰਘ ਨਿਰਸੰਸਾ ਹੋ ਗਿਆ ਅਤੇ ਉਸ ਨੇ ਚੁੱਪ ਚਾਪ ਉਸੇ ਸਿੰਘ ਤੋਂ ਨਾਮ ਦੀ ਦਾਤ ਪ੍ਰਾਪਤ ਕਰ ਕੇ, ਆਪਣਾ ਜਨਮ ਮਰਨ ਸਫਲ ਕਰ ਲਿਆ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਕਿ ਬੈਰਾਗੀ॥

(ਮ੦ ੫, ਅੰਗ ੨੦੪)

ਰਹਿਮਤ ਦੇ ਘਰ ਵਿੱਚ ਆ ਕੇ ਸਤਿਗੁਰੂ ਜੀ ਨੇ ਝੰਡਾ ਸਿੰਘ ਵੱਲ ਤੱਕਿਆ ਤਾਂ "ਨਾਨਕ ਨਦਰੀ ਨਦਰਿ ਨਿਹਾਲ" ਦੀ ਅਵਸਥਾ ਵਿੱਚ ਪੁੱਜ ਗਏ। ਝੰਡਾ ਸਿੰਘ ਨੂੰ ਆਪਣੇ ਅੰਦਰੋਂ ਤਾਮਸੀ-ਬਿਰਤੀਆਂ ਦਾ ਵਿਨਾਸ਼ ਅਤੇ ਦੇਵ-ਬਿਰਤੀਆਂ ਜਾਗ੍ਰਿਤ ਹੁੰਦੀਆਂ ਮਹਿਸੂਸ ਹੋਈਆਂ।

ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ

ਅੰਧ ਕੂਪ ਤੇ ਮਾਇਆ।

..(ਮ੦ ੫, ਅੰਗ ੧੨੧੯)

ਹੁਣ ਆਪ ਸਾਰਾ ਸਾਰਾ ਦਿਨ ਸੁੱਚੀ ਕਿਰਤ ਕਾਰ ਕਰਦੇ ਕਰਦੇ, ਨਾਮ ਜਪਦੇ, ਬਾਣੀ ਪੜ੍ਹਦੇ, ਸੁੱਚ ਸੋਧ ਮਰਿਆਦਾ ਦੇ ਧਾਰਨੀ ਬਣ ਕੇ, ਗਲੀਆਂ ਵਿੱਚ ਤੁਰੇ ਫਿਰਦੇ, ਗੁਰਬਾਣੀ ਦੀਆਂ ਤੁਕਾਂ ਪੜ੍ਹਦੇ, ਸ਼ਬਦਾਂ ਦੀਆਂ ਹੇਕਾਂ ਲਾਉਂਦੇ ਫਿਰਦੇ ਸਨ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥

ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥੧੯੪॥

(ਸਲੋਕ ਕਬੀਰ ਜੀ, ਅੰਗ ੧੩੭੪)

"ਸਤਿਗੁਰ ਦੀ ਪੈਂਦੀ ਲੋੜ, ਮੁਸ਼ਕਿਲ ਬਣਦੀ ਨੂੰ।"

ਗੁਰੂ ਹਰੀ ਸਿੰਘ ਜੀ ਨੇ ਝੰਡਾ ਸਿੰਘ ਪ੍ਰਥਾਇ ਉਪਦੇਸ਼ ਕਰਦਿਆਂ ਜਿੱਥੇ

ਉਸਨੂੰ ਨਾਮ ਬਾਣੀ ਨਾਲ ਜੁੜਨ, ਹੱਕ ਹਲਾਲ ਦਾ ਪਰਸ਼ਾਦਾ ਛਕਣ, ਲੋੜਵੰਦ ਅਭਿਆਗਤਾਂ ਦੀ ਬਣਦੀ ਮੱਦਦ ਕਰਨ ਦਾ ਉਪਦੇਸ਼ ਦਿੱਤਾ, ਉੱਥੇ ਇਹ ਵੀ ਕਿਹਾ ਕਿ ਬਿੱਲਿਆਂ (ਅੰਗਰੇਜ਼ ਸਰਕਾਰ) ਦੀ ਚਾਕਰੀ ਨਹੀਂ ਕਰਨੀ। ਕਿਉਂਕਿ ਝੰਡਾ ਸਿੰਘ ਹੋਰੀਂ ਉਹਨਾਂ ਸਣੇ ਸੱਤ ਭਰਾਵਾਂ ਵਾਲੇ ਵੱਡੇ ਕੰਗ ਜੱਟਾਂ ਦੇ ਪਰਿਵਾਰ ਵਿੱਚੋਂ ਸਨ, ਸੋ ਲੰਬੜਦਾਰੀ ਪਿੰਡ ਦੀ ਇਹਨਾਂ ਪਾਸ ਸੀ। ਪਿੰਡ ਆ ਕੇ ਪਹਿਲਾ ਕੰਮ ਇਹ ਕੀਤਾ ਕਿ ਲੰਬੜਦਾਰੀ ਨੂੰ ਵੀ ਸਰਕਾਰੀ ਚਾਕਰੀ ਸਮਝ ਕੇ ਇਸ ਦਾ ਤਿਆਗ ਕਰ ਕੇ ਪਿੰਡ ਦੇ ਇਕ ਹੋਰ ਸੱਜਣ, ਠਾਕਰ ਸਿੰਘ ਨੂੰ ਆਪਣੇ ਵੱਲੋਂ ਇਹ ਲੰਬੜਦਾਰੀ ਸਉਂਪ ਦਿੱਤੀ।

ਆਪ ਦਾ ਪਿੰਡ ਕੰਗ, ਧਾਰੀਵਾਲ ਦੇ ਨਜ਼ਦੀਕ ਅਪਰਬਾਰੀ ਦੁਆਬ ਨਹਿਰ ਦੇ ਕਿਨਾਰੇ ਤੇ ਵੱਸਿਆ ਹੈ। ਇਸੇ ਪਿੰਡ ਵਿੱਚ 1846 ਈ. ਵਿੱਚ, ਸ੍ਰੀ ਗੁਰਮੁਖ ਸਿੰਘ ਅਤੇ ਮਾਤਾ ਅਤਰ ਕੌਰ ਦੇ ਘਰ ਝੰਡਾ ਸਿੰਘ ਦਾ ਜਨਮ ਹੋਇਆ ਸੀ। ਨਾਮਧਾਰੀ ਬਣਨ ਬਾਅਦ ਬਾਬਾ ਝੰਡਾ ਸਿੰਘ ਸੁਰਤਿ ਬਿਰਤਿ ਵੱਲੋਂ ਬੜੀ ਉੱਚੀ ਅਵਸਥਾ ਵਿੱਚ ਵਿਚਰਨ ਲੱਗ ਪਏ। ਹਰ ਕਿਸੇ ਨੂੰ ਸੱਚੀ ਗੱਲ ਮੂੰਹ ਤੇ ਕਹਿਣ ਦੀ ਹਿੰਮਤ ਰੱਖਣ ਲੱਗ ਪਏ। ਲੋਕਾਂ ਵਿੱਚ ਆਪ ਦਾ ਬਹੁਤ ਮਾਣ ਤਾਣ ਬਣ ਗਿਆ। ਪਿੰਡ ਵਿੱਚ ਝੰਡਾ ਸਿੰਘ ਨਾਮ ਦੇ ਦੋ ਹੋਰ ਵਿਅਕਤੀ ਵੀ ਸਨ। ਬਾਬਾ ਜੀ ਨੂੰ ਉਹਨਾਂ ਤੋਂ ਵੱਖਰਿਆਉਣ ਲਈ ਲੋਕ, ਆਪ ਨੂੰ "ਅਸਲੀ ਝੰਡਾ ਸਿੰਘ" ਕਹਿ ਕੇ ਸੰਬੋਧਿਤ ਕਰਨ ਲੱਗ ਪਏ।

ਝੰਡਾ ਸਿੰਘ ਜੀ, ਇਸ ਗੱਲ ਤੇ ਝੂਰਿਆ ਕਰਦੇ ਸਨ ਕਿ ਕਿਤੇ ਪਹਿਲੀ ਉਮਰੇ, ਚੜ੍ਹਦੀ ਜਵਾਨੀ ਸਮੇਂ, ਨਾਮਧਾਰੀ ਸਿੰਘ ਸਜ ਜਾਂਦੇ ਤਾਂ ਉਸ ਸਮੇਂ ਚੀਨੀ ਵਾਲੇ ਪਾਤਸ਼ਾਹ, ਜਮਾਂ ਦੀ ਮਾਰ ਤੋਂ ਛੁਡਾਉਣ ਵਾਲੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੀਦਾਰ ਵੀ ਹੋ ਜਾਣੇ ਸਨ। ਹੁਣ ਉਹ ਜਿੱਥੇ ਵੀ ਨਾਮਧਾਰੀ ਸਾਧ ਸੰਗਤ ਦੇ ਹੋਲੇ ਮੇਲੇ ਹੁੰਦੇ, ਵਿਸ਼ੇਸ਼ ਕਰ ਸਰਕਾਰ ਤੋਂ ਮਨਜ਼ੂਰੀ ਲੈ ਕੇ, ਸ੍ਰੀ ਭੈਣੀ ਸਾਹਿਬ ਗੁਰ ਧਾਮ ਦੀ ਯਾਤਰਾ ਹਰ ਪੰਜ ਛੇ ਮਹੀਨੇ ਬਾਅਦ ਕਰਦੇ। ਬਾਕੀ ਨਾਮਧਾਰੀਆਂ ਜਿਉਂ ਜੋ ਗੁਰੂ-ਵਿਓਗ ਵਿੱਚ ਤੜਪ ਰਹੇ ਸਨ, ਉਹ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਤੋਂ ਦੇਸ ਮੁੜਨ ਦੀ ਯਾਚਨਾ ਕਰਦੇ। ਸਤਿਗੁਰੂ ਜੀ ਦੇ ਵਿਛੋੜੇ ਦੀਆਂ ਕਸਕਾਂ ਉਹਨਾਂ ਦੇ ਅੰਦਰੋਂ ਵੀ ਉੱਠਦੀਆਂ ਤੇ ਉਹ ਇਹ ਸ਼ਬਦ ਅਕਸਰ ਪੜ੍ਹਦੇ-

"ਕਦੋਂ ਹੋਣਗੇ ਦੀਦਾਰੇ ਤੇਰੇ, ਚੀਨੀ ਵਾਲੇ ਪਾਤਸ਼ਾਹ ਜੀ।"

"ਕਦੇ ਪਾ ਵਤਨਾਂ ਨੂੰ ਫੇਰਾ, ਸਤਿਗੁਰੂ ਰਾਮ ਸਿੰਘ ਜੀ।"

ਜਦੋਂ ਉਹ ਪਹਿਲੀ ਉਮਰੇ ਸਤਿਗੁਰੂ ਜੀ ਦੇ ਦਰਸ਼ਨਾਂ ਤੋਂ ਖੁੰਝਣ ਲਈ

ਝੁਰਦੇ ਤਾਂ ਉਹਨਾਂ ਦੀ ਦਸ਼ਾ ਫ਼ਰੀਦ ਜੀ ਦੇ ਇਸ ਸ਼ਬਦ ਜਿਹੀ ਹੁੰਦੀ।

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਈ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸੁ॥
ਮੁਝੁ ਅਵਗਨ ਸਹ ਨਾਹੀ ਦੋਸੁ॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ॥
ਜੋਬਨੁ ਖੋਇ ਪਾਛੈ ਪਛੁਤਾਨੀ॥
...(ਸ਼ੇਖ ਫਰੀਦ ਜੀ, ਅੰਗ ੭੯੪)

ਬਾਬਾ ਜੀ ਮਸਤਾਨੀ ਬਿਰਤੀ ਵਿਚ ਵਿਚਰਦੇ, ਸਾਧ ਸੰਗਤ ਦੇ ਦੂਰ ਨੇੜੇ ਦੇ ਇਕੱਠਾਂ ਵਿੱਚ ਸ਼ਾਮਲ ਹੁੰਦੇ। ਆਪ ਦੀ ਸੋਅ ਬਾਹਰੇ ਵਿੱਚ ਫੈਲ ਗਈ। ਆਪ ਦੀ ਪਹਿਚਾਣ ਇੱਕ ਟਕਸਾਲੀ ਕੂਕੇ ਵਜੋਂ ਵਿਕਸਿਤ ਹੋ ਗਈ, ਜਿਸ ਦੇ ਘਰ ਸਾਧ ਸੰਗਤ ਦੇ ਉਤਾਰੇ ਹੁੰਦੇ। ਆਏ ਸਾਧੂਆਂ ਦੀ ਟਹਿਲ ਸੇਵਾ ਹੁੰਦੀ। ਗੁਰੂ ਹਰੀ ਸਿੰਘ ਜੀ ਹੁਣ ਜਦੋਂ ਵੀ ਗੁਰਦਾਸਪੁਰ ਜ਼ਿਲ੍ਹੇ ਦਾ ਦੌਰਾ ਕਰਦੇ, ਆਪ ਬਾਬਾ ਝੰਡਾ ਸਿੰਘ ਦੇ ਘਰ ਚਰਨ ਜ਼ਰੂਰ ਪਾਉਂਦੇ। ਗੁਰੂ ਹਰੀ ਸਿੰਘ ਜੀ ਨੇ ਬਾਬਾ ਜੀ ਨਾਲ ਬਚਨ ਕੀਤਾ ਸੀ ਕਿ ਜਦੋਂ ਵੀ ਤੁਹਾਡੇ ਇਲਾਕੇ ਵਿੱਚ ਆਵਾਂਗੇ, ਤੁਹਾਨੂੰ ਸਨਮੁੱਖ ਹੋ ਕੇ ਸਾਧ ਸੰਗਤ ਦੀ ਸੇਵਾ ਦਾ ਮੌਕਾ ਮਿਲਦਾ ਰਹੇਗਾ।

17 ਮਈ 1906 ਈ. ਨੂੰ ਗੁਰੂ ਹਰੀ ਸਿੰਘ ਜੀ ਬ੍ਰਹਮਲੀਨ ਹੋ ਗਏ। ਹੁਣ ਨਾਮਧਾਰੀ ਪੰਥ ਦੀ ਵਾਗਡੋਰ ਯੁਵਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਵਾਲੇ ਹੋਈ। ਸਤਿਗੁਰੂ ਜੀ ਦੀ ਰਹਿਨੁਮਾਈ ਵਿੱਚ ਪੰਜਾਬ, ਭਾਰਤ ਦੇ ਹੋਰ ਹਿੱਸਿਆਂ ਅਤੇ ਕੁਝ ਬਾਹਰਲੇ ਦੇਸ਼ਾਂ ਵਿੱਚ ਵੀ ਨਾਮਧਾਰੀ ਸਿੱਖੀ ਦਾ ਪਰਚਾਰ ਪਰਸਾਰ ਬਹੁਤ ਵਧਿਆ। ਚੁਮਾਸੇ ਦੇ ਚਾਰ ਮਹੀਨਿਆਂ ਨੂੰ ਛੱਡ ਕੇ, ਬਾਕੀ ਸਮਾਂ ਸਾਲ ਭਰ, ਆਪ ਦੌਰਿਆਂ ਤੇ ਰਹਿੰਦੇ ਸਨ। ਜਦੋਂ ਵੀ ਆਪ ਅੰਮ੍ਰਿਤਸਰ, ਗੁਰਦਾਸਪੁਰ, ਮਾਝੇ ਦੇ ਇਸ ਇਲਾਕੇ ਵਿੱਚ ਆਉਂਦੇ, ਤਾਂ ਬਾਬਾ ਝੰਡਾ ਸਿੰਘ ਦੇ ਪਿੰਡ ਕੰਗ ਵੀ ਜ਼ਰੂਰ ਬਾਬਾ ਜੀ ਨੂੰ ਦਰਸ਼ਨ ਦੇਣ ਜਾਇਆ ਕਰਦੇ ਸਨ। ਆਪ ਦੀ ਬਜ਼ੁਰਗੀ ਦਾ ਸਤਿਕਾਰ ਕਰਦਿਆਂ ਸਤਿਗੁਰੂ ਜੀ ਉਹਨਾਂ ਨੂੰ ਬਾਬਾ ਜੀ ਕਿਹਾ ਕਰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਦੌਰੇ ਸਮੇਂ ਆਪ ਨਾਲ ਇਕ ਸੈਂਕੜਾ ਦੇ ਲਗਪਗ ਸੰਗਤ, ਊਠ, ਘੋੜੇ ਅਤੇ ਬੈਲ ਗੱਡੇ ਵੀ ਹੋਇਆ ਕਰਦੇ ਸਨ। ਬਾਬਾ ਜੀ ਆਪਣੇ ਖੇਤਾਂ ਵਿੱਚ ਖੁੱਲ੍ਹੇ ਪੱਠੇ ਜਵੀ, ਜਵਾਰ, ਬਰਸੀਮ, ਮੱਕੀ, ਮਸਰ, ਕਣਕ,

ਛੋਲੇ, ਸਰ੍ਹੋਂ ਆਦਿ ਬੀਜਿਆ ਕਰਦੇ ਸਨ। ਜਦੋਂ ਵੀ ਦੌਰਾ ਆਉਂਦਾ ਇਹਨਾਂ ਖੇਤਾਂ ਵਿੱਚ ਗੁਰੂ ਕੇ ਪਸ਼ੂ, ਖੁੱਲ੍ਹੇ ਛੱਡ ਦਿੱਤੇ ਜਾਂਦੇ।

ਸਤਿਗੁਰੂ ਪਰਤਾਪ ਸਿੰਘ ਜੀ ਬਾਬਾ ਝੰਡਾ ਸਿੰਘ ਦੇ ਪਰਿਵਾਰ ਨੂੰ "ਸਰਹੱਦੀ ਦੇ ਕੂਕੇ" ਕਹਿ ਕੇ ਬੁਲਾਇਆ ਕਰਦੇ ਸਨ ਕਿਉਂਕਿ ਪਿੰਡ ਕੰਗ (ਧਾਰੀਵਾਲ) ਤੋਂ ਅੱਗੇ ਪਠਾਨਕੋਟ ਅਤੇ ਜੰਮੂ ਵਿੱਚ ਹੀ ਕੁਝ ਨਾਮਧਾਰੀ ਪਰਿਵਾਰ ਰਹਿੰਦੇ ਸਨ। ਇਹਨਾਂ ਵਿੱਚੋਂ ਵੀ ਜ਼ਿਆਦਾਤਰ ਦੇਸ਼ ਵੰਡ ਬਾਅਦ ਇਧਰ ਆ ਵੱਸੇ ਸਨ। ਜਦੋਂ ਕਈ ਵਾਰ ਸਤਿਗੁਰੂ ਪਰਤਾਪ ਸਿੰਘ ਜੀ ਬਾਬਾ ਜੀ ਦੇ ਨਗਰ ਦਰਸ਼ਨ ਦਿੰਦੇ ਤਾਂ ਯੁਵਾ ਅਵਸਥਾ ਵਿੱਚ ਆਪ ਦੇ ਵੱਡੇ ਸਾਹਿਬਜ਼ਾਦੇ ਬਾਬਾ ਜਗਜੀਤ ਸਿੰਘ ਜੀ ਵੀ ਆਪ ਜੀ ਦੇ ਨਾਲ ਹੁੰਦੇ ਸਨ।

ਨਾਮਧਾਰੀ ਸੰਗਤ ਤਾਂ ਬਾਬਾ ਜੀ ਦੇ ਘਰ ਅਕਸਰ ਆਇਆ ਹੀ ਕਰਦੀ ਸੀ, ਉਹਨਾਂ ਨੂੰ ਸਾਧ ਸੇਵੀ ਸਮਝ ਕੇ ਨਿਰਮਲੇ, ਉਦਾਸੀ ਆਦਿ ਹੋਰ ਸੰਪ੍ਰਦਾਵਾਂ ਦੇ ਸਾਧੂ ਸੰਤ ਵੀ ਬਾਬਾ ਜੀ ਦੀ ਮਹਿਮਾਨ ਨਿਵਾਜ਼ੀ ਮਾਣਿਆ ਕਰਦੇ ਸਨ। "ਅਸਲੀ ਬਾਬਾ" ਅਤੇ "ਬਾਬਾ ਤਪੀਆ" ਆਪ ਦੇ ਨਾਮ ਨਾਲ ਵਿਸ਼ੇਸ਼ਣ ਜੁੜ ਗਏ ਸਨ। ਸੰਤ ਜਵਾਹਰ ਸਿੰਘ ਜੀ ਮਿਰਜ਼ੇ ਵਾਲੀਏ, ਸੰਤ ਮੁਬਾਰਕ ਸਿੰਘ ਜੀ, ਬਾਬਾ ਮੱਘਰ ਸਿੰਘ ਮਸਤ ਕੋਟ, ਸੰਤ ਮਿਹਰ ਸਿੰਘ ਕੱਕੇ ਕੇ, ਆਦਿਕ ਪ੍ਰਸਿੱਧ ਸਾਧੂ, ਬਾਬਾ ਜੀ ਪਾਸ ਆ ਕੇ ਕਈ ਕਈ ਦਿਨ ਟਿਕਦੇ, ਰਲ ਕੇ ਨਿਤਨੇਮ ਦੀਆਂ ਚੌਂਕੜੀਆਂ ਲੱਗਦੀਆਂ ਅਤੇ ਇਕ ਦੂਸਰੇ ਤੋਂ ਗੁਰੂ ਜੱਸ ਸਰਵਣ ਕਰਦੇ। ਸੰਤ ਮਿਰਜ਼ੇ ਵਾਲੀਏ ਤੇ ਕਈ ਦਫਾ ਮਹੀਨਾ ਮਹੀਨਾ ਇੱਥੇ ਟਿਕੇ ਰਹਿੰਦੇ। ਪੰਥ ਪ੍ਰਸਿੱਧ ਰਾਗੀ ਰਬਾਬੀ ਅਤੇ ਕੀਰਤਨੀਏ, ਪਰਚਾਰਕ, ਜਥੇਦਾਰ ਵੀ ਅਕਸਰ ਦਰਸ਼ਨ ਦਿੰਦੇ ਅਤੇ ਆਲੇ ਦੁਆਲੇ ਦੀ ਸੰਗਤ ਕੀਰਤਨ, ਦੀਵਾਨ ਸੁਣਦੀ। ਸੰਤ ਲਾਲ ਸਿੰਘ ਜੀ ਭੂਰੇ ਗਿੱਲ, ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ', ਸੰਤ ਨਿਧਾਨ ਸਿੰਘ 'ਆਲਿਮ', ਜਥੇਦਾਰ ਬੰਤਾ ਸਿੰਘ ਬੂੜੇ ਡੱਲਾ, ਜਥੇਦਾਰ ਕਰਤਾਰ ਸਿੰਘ ਬਿਜਲੀਵਾਲ, ਜਥੇਦਾਰ ਲਾਲ ਸਿੰਘ ਮੁਸਤਫਾਪੁਰ, ਅਕਸਰ ਦੀਵਾਨ ਸਜਾਇਆ ਕਰਦੇ ਸਨ।

ਇਕ ਸਮੇਂ ਦੀ ਵਾਰਤਾ ਹੈ ਕਿ ਸੰਤ ਮਿਰਜ਼ੇਵਾਲੀਏ ਅੱਧੀ ਰਾਤ ਨੂੰ ਸਿਮਰਨ ਕਰਦੇ ਹੋਏ, ਬਾਬਾ ਜੀ ਦੇ ਕੋਠੇ ਦੀ ਛੱਤ ਤੇ ਘੁੰਮ ਰਹੇ ਸਨ। ਸੰਤ ਜਵਾਹਰ ਸਿੰਘ ਜੀ ਬਾਰੇ ਮਸ਼ਹੂਰ ਸੀ ਕਿ ਉਹਨਾਂ ਨੀਂਦ 'ਤੇ ਜਿੱਤ ਪਰਾਪਤ ਕਰ ਲਈ ਹੋਈ ਸੀ ਅਤੇ ਸੁਆਸ ਸੁਆਸ ਸਿਮਰਨ ਆਪ ਦਾ ਸੁਭਾਉ ਬਣ ਚੁੱਕਾ ਸੀ। ਉਹਨਾਂ ਨੂੰ ਘੁੰਮਦਿਆਂ ਵੇਖ ਕੇ ਪਿੰਡ ਦੇ ਚੌਕੀਦਾਰ ਨੇ ਬਾਬਾ

ਝੰਡਾ ਸਿੰਘ ਜੀ ਨੂੰ ਜਾ ਜਗਾਇਆ ਕਿ ਤੁਹਾਡੇ ਕੋਠੇ ਤੇ ਕੋਈ ਚੋਰ ਹੈ ਜੋ ਕਦੇ ਇਧਰ ਜਾਂਦਾ ਹੈ, ਕਦੇ ਉਧਰ। ਬਾਬਾ ਜੀ ਨੇ ਚੌਕੀਦਾਰ ਨੂੰ ਕਿਹਾ ਕਿ ਇਹ ਕੋਈ ਦੁਨਿਆਵੀ ਚੋਰ ਨਹੀਂ ਸਗੋਂ ਇਹ ਤਾਂ ਪਰਮੇਸ਼ਰ ਦੇ ਕੀਮਤੀ ਖਜ਼ਾਨੇ ਨਾਮ ਧਨ ਦੀ ਲੁੱਟ ਮਾਰ ਕਰ ਰਿਹਾ ਹੈ ਅਤੇ ਜੀਵਨ ਸਫਲ ਕਰ ਰਿਹਾ ਹੈ। ਫਿਰ ਬਾਬਾ ਜੀ ਵਜਦ ਵਿੱਚ ਆ ਕੇ, ਕਬੀਰ ਸਾਹਿਬ ਦਾ ਸ਼ਲੋਕ ਪੜ੍ਹਨ ਲੱਗ ਪਏ।

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥
ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥੪੧॥
—(ਸ਼ਲੋਕ ਕਬੀਰ ਜੀ, ਅੰਗ ੧੩੬੬)

ਰੋਜ਼ਾਨਾ ਦੋ ਵਜੇ ਤੜਕੇ ਉੱਠਣਾ। ਜੇ ਕੋਈ ਸਾਧੂ ਸੰਤ ਘਰ ਆਇਆ ਹੈ, ਉਸ ਨੂੰ ਵੀ ਉਠਾਲਣਾ। ਇਸ਼ਨਾਨ ਆਦਿ ਤੋਂ ਨਵਿਰਤ ਹੋ ਫਿਰ ਸੂਰਜ ਚੜ੍ਹੇ ਤੱਕ ਚਉਂਕੜੇ ਲੱਗੇ ਰਹਿੰਦੇ। ਦਿਨੇ ਕਾਰ ਵਿਹਾਰ ਕਰਦਿਆਂ ਵੀ ਮਾਲਾ, ਸਿਮਰਨ ਦਾ ਸਾਥ ਬਣਿਆ ਰਹਿੰਦਾ। ਪਹਿਲਾਂ ਗੁਰੂ ਹਰੀ ਸਿੰਘ ਜੀ ਅਤੇ ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਬਾਬਾ ਜੀ ਨੇ ਸੰਗਤਾਂ ਦੀ ਭਰਪੂਰ ਹਾਜਰੀ ਵਾਲੇ ਕਈ ਮੇਲੇ ਕਰਵਾਏ। ਇਕ ਵੇਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਕਿਸੇ ਦੌਰੇ ਸਮਾਂ ਬਾਬਾ ਜੀ ਹੱਥ ਜੋੜ ਕੇ ਖਲੋ ਗਏ। ਸਤਿਗੁਰੂ ਜੀ ਦੇ ਪੁੱਛਣ ਤੇ ਕਹਿੰਦੇ, ਗਰੀਬ ਨਿਵਾਜ ਮੇਰੀ ਰੀਝ ਹੈ ਕਿ ਆਪਦੇ ਨਾਲ ਆਏ, ਊਠ, ਘੋੜੇ ਆਦਿ ਵੀ ਕੜਾਹ ਪਰਸ਼ਾਦ ਛਕਣ। ਸਤਿਗੁਰੂ ਜੀ ਨੇ ਬਾਬਾ ਜੀ ਨੂੰ ਚਾਅ ਪੂਰਾ ਕਰਨ ਦਾ ਹੁਕਮ ਦੇ ਦਿੱਤਾ। ਫਿਰ ਕੀ ਸੀ, ਪਸ਼ੂਆਂ ਦੀਆਂ ਖੁਰਲੀਆਂ ਵਿੱਚ ਪਰਸ਼ਾਦ ਦੀਆਂ ਪਰਾਤਾਂ ਉੱਲਟ ਦਿੱਤੀਆਂ। ਜਦੋਂ ਪਰਸ਼ਾਦ ਨਾਲ ਰੱਜ ਗਏ, ਫਿਰ ਇਹਨਾਂ ਨੂੰ ਬਾਬਾ ਜੀ ਨੇ ਆਪਣੇ ਮਸਰਾਂ ਦੇ ਖੇਤ ਵਿੱਚ ਚੁਗਣ ਲਈ ਖੁੱਲ੍ਹੇ ਛੱਡ ਦਿੱਤਾ। ਐਸੀ ਮੌਜੀ ਬਿਰਤੀ ਦੇ ਸੁਆਮੀ ਸਨ ਬਾਬਾ ਝੰਡਾ ਸਿੰਘ ਜੀ।

ਲੋੜਵੰਦਾਂ ਦੀ ਸਹਾਇਤਾ ਕਰਨੀ ਵੀ ਆਪ ਦੇ ਸੁਭਾਉ ਵਿੱਚ ਸ਼ਾਮਲ ਸੀ। ਹਿੰਦ ਪਾਕ ਬਟਵਾਰੇ ਤੋਂ ਬਾਅਦ ਜਦੋਂ ਪੱਛਮੀ ਪੰਜਾਬ ਵਿੱਚੋਂ ਉਜੜ ਕੇ ਕੁਝ ਸ਼ਰਨਾਰਥੀ, ਪਿੰਡ ਕੰਗ ਆਏ ਤਾਂ ਬਾਬਾ ਜੀ ਨੇ ਮੰਜੇ, ਕੱਪੜੇ, ਦੁੱਧ, ਅੰਨ ਪਾਣੀ ਆਦਿ ਨਾਲ ਉਹਨਾਂ ਨੂੰ ਨਿਵਾਜਿਆ। ਜਦੋਂ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੇ ਨਾਮਧਾਰੀ ਪੰਥ ਪਾਬੰਦੀਆਂ ਦੇ ਦੌਰ ਵਿੱਚੋਂ ਲੰਘ ਰਿਹਾ ਸੀ ਤਾਂ ਬਾਬਾ ਜੀ ਦੀ ਘਰ ਵਿੱਚ, ਸੁਬਹਾ ਸ਼ਾਮ ਦੋ ਵੇਲੇ ਹਾਜਰੀ ਲਾ ਕੇ, ਪਿੰਡ ਦਾ ਚੌਂਕੀਦਾਰ, ਥਾਣੇ ਇਤਲਾਹ ਦਿਆ ਕਰਦਾ ਸੀ।

ਇਕ ਵੇਰ ਪਿੰਡ ਕੰਗ ਦੇ ਨੇੜਿਉਂ ਲੰਘਦੀ ਨਹਿਰ ਦੇ ਕਿਨਾਰੇ ਤੋਂ ਸਰਕਾਰੀ

ਲੱਕੜ ਦੀ ਚੋਰੀ ਹੋ ਗਈ। ਨਹਿਰ ਮਹਿਕਮੇ ਦਾ ਇਕ ਅਫਸਰ, ਮੋਹਤਮ ਸਾਹਿਬ, ਜਾਂਚ ਪੜਤਾਲ ਲਈ ਪਿੰਡ ਪੁੱਜਿਆ। ਉਸ ਨੇ ਸਾਰਾ ਪਿੰਡ ਸਾਂਝੀ ਥਾਂ ਤੇ ਇਕੱਠਾ ਕਰ ਕੇ ਬਹਾ ਲਿਆ। ਪਰ ਬਾਬਾ ਜੀ ਅਫਸਰ ਦੇ ਆਉਣ ਤੋਂ ਪਹਿਲਾਂ ਹੀ ਨਹਿਰ ਦੇ ਕਿਨਾਰੇ ਬੈਠ ਕੇ ਮਾਲਾ ਫੇਰ ਰਹੇ ਸਨ। ਬਾਬਾ ਜੀ ਦੀ ਸਪਸ਼ਟ ਵਾਦਿਤਾ ਦੀ ਸੋਅ ਮੋਹਤਮ ਤੱਕ ਵੀ ਪੁੱਜ ਚੁੱਕੀ ਸੀ ਕਿ ਉਹ ਕਿਸੇ ਵੀ ਹਾਲਤ ਵਿੱਚ ਝੂਠ ਨਹੀਂ ਬੋਲਦੇ ਸਨ। ਇਸ ਲਈ ਬਾਬਾ ਜੀ ਨੂੰ ਲੋਕਾਂ ਵਿੱਚ ਬੈਠਾ ਨਾ ਵੇਖ ਕੇ ਅਫਸਰ ਕਹਿਣ ਲੱਗਾ ਕਿ ਜਦੋਂ ਤਕ "ਅਸਲੀ ਬਾਬਾ" ਨਹੀਂ ਆਉਂਦਾ, ਕੋਈ ਕਾਰਵਾਈ ਨਹੀਂ ਹੋਣੀ। ਬੰਦੇ ਭਜਾਏ ਗਏ ਜੋ ਬਾਬਾ ਜੀ ਨੂੰ ਲੱਭ ਕੇ ਲੈ ਆਏ। ਬਾਬਾ ਜੀ ਨੇ ਆਉਂਦਿਆਂ ਹੀ ਅਧਿਕਾਰੀ ਨੂੰ ਕਿਹਾ ਕਿ ਸਾਹਿਬ ਚੋਰੀ ਤਾਂ ਮੇਰੇ ਭਤੀਜੇ ਸੋਹਣ ਸਿੰਘ ਨੇ ਹੀ ਕੀਤੀ ਹੈ। ਇਸ ਵੇਰ ਤੁਸੀਂ ਇਹਨੂੰ ਮੁਆਫ਼ ਕਰ ਦਿਉ, ਅੱਗੇ ਤੋਂ ਐਸੀ ਗ਼ਲਤੀ ਨਹੀਂ ਕਰੇਗਾ। ਉਸ ਲੱਕੜੀ ਦਾ ਇਸ ਨੇ ਸੁਹਾਗਾ ਬਣਾ ਲਿਆ ਹੈ। ਜੇ ਕੋਈ ਥੋੜ੍ਹਾ ਬਹੁਤ ਜੁਰਮਾਨਾ ਕਰੋਗੇ, ਮੈਂ ਭਰ ਦਿਆਂਗਾ। ਮੋਹਤਮ ਸਾਹਿਬ ਨੇ ਬਾਬਾ ਜੀ ਦੀ ਸਾਫ਼ਗੋਈ ਦੀ ਪਰਸੰਸਾ ਕਰਦਿਆਂ, ਮੁਆਮਲੇ ਵਿੱਚ ਮਾਮੂਲੀ ਜੁਰਮਾਨਾ ਕਰ ਕੇ, ਇਸ ਨੂੰ ਨਿਬੇੜ ਦਿੱਤਾ। ਇਸ ਘਟਨਾ ਤੋਂ ਬਾਅਦ ਆਲੇ ਦੁਆਲੇ ਵਿੱਚ ਬਾਬਾ ਜੀ ਦਾ ਸਤਿਕਾਰ ਹੋਰ ਵੀ ਵੱਧ ਗਿਆ ਕਿ ਬਾਬਾ ਤਾਂ ਆਪਣਿਆਂ ਦਾ ਵੀ ਲਿਹਾਜ ਨਹੀਂ ਕਰਦਾ। ਇਹੋ ਜਿਹੇ ਸਿੱਖਾਂ ਦਾ ਆਚਰਨ ਵੇਖ ਕੇ ਹੀ ਅੰਗਰੇਜ਼ ਸਰਕਾਰ ਨੇ ਲਿਖਿਆ ਸੀ ਕਿ ਕੂਕਾ ਝੂਠ ਨਹੀਂ ਬੋਲਦਾ।

ਕਿਸੇ ਵੀ ਨਾਮਧਾਰੀ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਤੋਂ ਕੀਮਤੀ ਹੋਰ ਕੋਈ ਵਸਤ ਨਹੀਂ ਸਮਝੀ ਜਾਂਦੀ ਸੀ। ਉਹ ਸੌਂਦੇ ਜਾਗਦੇ ਸਤਿਗੁਰੂ ਜੀ ਦੇ ਖਿਆਲਾਂ ਵਿੱਚ ਗੁੰਮ ਹੋਏ ਰਹਿੰਦੇ ਸਨ। ਇਸ ਤਰ੍ਹਾਂ ਦੇ ਗੁਰੂ ਪਿਆਰਿਆਂ ਨੂੰ ਆਪਣੇ ਖਿਆਲਾਂ ਵਿੱਚ ਕਈ ਵਾਰ, ਜਾਗੋ ਮੀਟੀ ਦੀ ਸੁੱਤ-ਉਨੀਂਦੀ ਅਵਸਥਾ ਵਿੱਚ ਗੁਰੂ ਦਰਸ਼ਨਾਂ ਦੇ ਝਲਕਾਰੇ ਪੈਂਦੇ ਸਨ। ਇਕ ਦਿਨ ਅੰਮ੍ਰਿਤ ਵੇਲੇ ਬਾਬਾ ਝੰਡਾ ਸਿੰਘ ਜੀ ਖੂਹ ਤੇ ਬੈਲ ਹਿੱਕਦੇ ਹੋਏ ਗਾਧੀ ਉੱਤੇ ਲੇਟੇ ਹੋਏ ਸਨ। ਲੜਕਾ ਸਾਧੂ ਸਿੰਘ ਕਿਆਰਿਆਂ ਦੇ ਨੱਕੇ ਮੋੜਦਾ ਸੀ ਕਿ ਅਚਾਨਕ ਬਾਬਾ ਜੀ ਨੂੰ ਕਹਿਣ ਲੱਗਾ ਇਕ ਘੋੜੀ ਤੇ ਚੜਿਆ ਚਿੱਟ-ਕੱਪੜੀਆ, ਸਾਂਹਵੇਂ ਸੜਕ ਤੇ ਘੋੜੀ ਦੁੜਾ ਰਿਹਾ ਹੈ ਤੇ ਉਸ ਦੇ ਇਰਦ ਗਿਰਦ ਚਾਨਣ ਹੀ ਚਾਨਣ ਹੈ! ਬਾਬਾ ਜੀ ਨੇ ਕਿਹਾ ਕਿ ਸਾਧੂ ਸਿੰਘ ਮੈਨੂੰ ਗਾਧੀ ਤੇ ਪਿਆਂ ਹੀ ਦਰਸ਼ਨ ਹੋ ਗਏ ਹਨ। ਸਤਿਗੁਰੂ ਰਾਮ ਸਿੰਘ ਇਸ ਤਰ੍ਹਾਂ ਅਨੇਕ ਵੇਰ, ਆਪਣੇ ਜੋਤਿ ਸਰੂਪ ਦੇ ਗੁਰ ਸਿੱਖਾਂ ਨੂੰ ਦਰਸ਼ਨ ਦਿਆ ਕਰਦੇ ਹਨ।

ਖੇਤੀ ਬਾੜੀ ਵਿੱਚ ਹਰੇ ਇਨਕਲਾਬ ਤੋਂ ਪਹਿਲਾਂ ਬੈਲਾਂ ਦੁਆਰਾ ਖਿੱਚੇ ਜਾਣ ਵਾਲੇ, ਫਲ੍ਹਿਆਂ ਨਾਲ ਕਣਕ ਗਹਾਈ ਦਾ ਕੰਮ ਹੁੰਦਾ ਸੀ। ਇਹ ਫਲ੍ਹੇ ਕਣਕ ਦਾ ਨਾੜ ਅਤੇ ਕੁਝ ਮਲ੍ਹੇ ਝਾੜੀਆਂ ਆਦਿ ਵਾਲੇ ਡੰਡਿਆਂ ਨਾਲ ਬੰਨ੍ਹੇ ਹੁੰਦੇ ਸਨ। ਇਹਨਾਂ ਫਲ੍ਹਿਆਂ ਵਿੱਚ ਕਣਕ ਗਹਾਈ ਸਮੇਂ, ਕਾਫੀ ਦਾਣੇ ਫਸ ਜਾਂਦੇ ਸਨ ਜੋ ਗਹਾਈ ਤੋਂ ਬਾਅਦ ਫਲ੍ਹਾ ਕੁੱਟ ਕੇ ਕੱਢੇ ਜਾਂਦੇ ਸਨ। ਬਾਬਾ ਜੀ ਆਪਣੀ ਮਰਿਆਦਾ ਦੇ ਇਤਨੇ ਪੱਕੇ ਸਨ ਕਿ ਜੇ ਕੋਈ ਪਿੰਡ ਦਾ ਸੱਜਣ ਉਹਨਾਂ ਪਾਸੋਂ ਕਣਕ ਗਾਹੁਣ ਲਈ ਫਲ੍ਹਾ ਮੰਗ ਕੇ ਲੈ ਜਾਂਦਾ ਤਾਂ ਗਹਾਈ ਤੋਂ ਬਾਅਦ ਉਹ ਫਲ੍ਹਾ ਵਾਪਿਸ ਲੈਣ ਦੀ ਬਜਾਏ, ਉਸੇ ਨੂੰ ਦੇ ਦਿੰਦੇ ਸਨ। ਉਹ ਸਮਝਦੇ ਸਨ ਕਿ ਜੇ ਇਸ ਨਿਗੁਰੇ ਦੇ ਦਾਣੇ, ਮੇਰੇ ਦਾਣਿਆਂ ਵਿੱਚ ਰਲ ਗਏ ਤਾਂ ਗੁਰੂ ਕੀ ਮਰਿਆਦਾ ਖੰਡਿਤ ਹੋ ਜਾਏਗੀ। ਇਸੇ ਤਰ੍ਹਾਂ ਇਕ ਵੇਰ ਬਾਬਾ ਜੀ ਨੂੰ ਗਰਮੀਆਂ ਦੇ ਮੌਸਮ ਵਿੱਚ, ਜਦੋਂ ਉਹ ਠਾਕਰ ਸਿੰਘ ਜਿਸ ਨੂੰ ਆਪ ਨੇ ਲੰਬੜਦਾਰੀ ਦਿੱਤੀ ਸੀ ਦੇ ਖੇਤਾਂ ਵਿੱਚ ਗਏ ਤਾਂ ਠਾਕਰ ਸਿੰਘ ਨੇ ਲੱਸੀ ਛਕਣ ਦੀ ਬੇਨਤੀ ਕੀਤੀ। ਬਾਬਾ ਜੀ ਨੇ ਕਿਹਾ ਕਿ ਤੂੰ ਜੇਕਰ ਨਾਮ ਲੈ ਲਵੇਂ ਤਾਂ ਤੇਰੀ ਲੱਸੀ ਛਕਾਂਗੇ, ਉਸ ਤਰ੍ਹਾਂ ਨਹੀਂ। ਬਾਬੇ ਦੇ ਹਠ ਅੱਗੇ ਠਾਕੁਰ ਸਿੰਘ ਦਾ ਹਿਰਦਾ ਦ੍ਰਵਿਤ ਹੋ ਗਿਆ। ਬਾਬਾ ਜੀ ਨੇ ਉਸ ਦੇ ਕੰਨ ਵਿੱਚ ਗੁਰ ਮੰਤਰ ਦੱਸ ਕੇ, ਇਸ ਨੂੰ ਜਪਣ ਦੀ ਜਾਚ ਅਤੇ ਰਹਿਤ ਮਰਿਆਦਾ ਸਮਝਾਈ ਅਤੇ ਫਿਰ ਲੱਸੀ ਛਕੀ। ਉਸ ਨੇ ਮਾਸ ਸ਼ਰਾਬ ਛੱਡ ਕੇ, ਕਛਹਿਰਾ ਧਾਰਨ ਕਰ ਲਿਆ ਅਤੇ ਬਾਕੀ ਜੀਵਨ ਨਾਮ ਜਪਦਿਆਂ ਬਿਤਾਇਆ।

ਇਕ ਵੇਰ ਪਿੰਡਾਂ ਵਿੱਚ ਪਰਚਾਰ ਕਰਦੇ, ਜਥੇਦਾਰ ਬੰਤਾ ਸਿੰਘ ਬੂੜੇਡੱਲੀਏ, ਜਥੇ ਸਮੇਤ ਆ ਗਏ। ਬਾਬਾ ਜੀ (ਉਦੋਂ ਦੇਸੀ ਹੀ ਹੁੰਦਾ ਸੀ) ਘਿਉ ਦਾ ਇਕ ਪੀਪਾ ਖਰੀਦ ਲਿਆਏ ਅਤੇ ਕਿਹਾ ਕਿ ਇਹ ਘਿਉ ਦਾ ਪੀਪਾ ਮੁੱਕਣ ਤੱਕ, ਤੁਸੀਂ ਇੱਥੇ ਹੀ ਹਰ ਰੋਜ਼ ਦੀਵਾਨ ਲਾਉਗੇ। ਜਥੇਦਾਰ ਜੀ ਨੇ ਬਾਬਾ ਜੀ ਦੀ ਸ਼ਰਤ ਮੰਨ ਕੇ, ਕਈ ਦਿਨ ਉੱਥੇ ਹੀ ਡੇਰਾ ਰੱਖਿਆ। ਦੇਸ਼ ਬਟਵਾਰੇ ਤੋਂ ਪਹਿਲਾਂ ਇਲਾਕੇ ਦੇ ਮੁਸਲਮਾਨ ਵੀ ਬਾਬਾ ਜੀ ਦੇ ਪ੍ਰੇਮੀ ਸਨ। ਉਹ ਜਦੋਂ ਵੀ ਆਉਂਦੇ ਬਾਬਾ ਜੀ ਨਾਲ ਘੰਟਿਆਂ ਬੱਧੀ ਪਰਮਾਰਥ ਤੇ ਚਰਚਾ ਕਰਦੇ ਰਹਿੰਦੇ ਸਨ। ਬਾਬਾ ਜੀ ਇਲਾਕੇ ਵਿੱਚ ਸੁਲ੍ਹਾ ਕੁਲ ਹਸਤੀ ਜਿਉਂ ਪ੍ਰਸਿੱਧ ਸਨ। ਧਾਰਮਿਕ ਵਖਰੇਵੇਂ ਦੇ ਬਾਵਜੂਦ ਸਭ ਨਾਲ ਸਹਿਜ ਅਵਸਥਾ ਵਿੱਚ ਵਿਚਰਦੇ ਸਨ। ਪਰ ਬਾਬਾ ਜੀ ਦੇ ਗੁਆਂਢ ਵਿੱਚ ਇੱਕ ਬਜ਼ੁਰਗ ਔਰਤ, ਵੇਲੇ ਦੀਆਂ ਕੁਰੀਤੀਆਂ ਦਾ ਸ਼ਿਕਾਰ ਹੋ ਕੇ, ਜੰਮਦੀਆਂ ਲੜਕੀਆਂ ਮਾਰਨ ਦਾ ਕੰਮ ਕਰਦੀ ਰਹੀ ਸੀ। ਸੋ ਗੁਰੂ ਕੀ ਸਿੱਖਿਆ, ਕੁੜੀ ਮਾਰ ਨਾਲ ਨਹੀਂ ਵਰਤਣਾ ਤੇ ਚੱਲਦਿਆਂ, ਬਾਬਾ ਜੀ ਉਸ ਮਾਈ ਨੂੰ ਕਦੇ ਵੀ

ਆਪਣੇ ਘਰ ਨਹੀਂ ਵੜਨ ਦਿੰਦੇ ਸਨ।

ਸੰਤ ਤਰਨ ਸਿੰਘ ਜੀ ਵਹਿਮੀ, ਆਪਣੀ ਮਹਾਨ ਰਚਨਾ, ਜੱਸ ਜੀਵਨ ਵਿੱਚ, ਬਾਬਾ ਝੰਡਾ ਸਿੰਘ ਜੀ ਦੇ ਸਿੱਖੀ ਸਿਦਕ, ਭਰੋਸੇ ਅਤੇ ਗੁਰੂ ਚਰਨਾਂ ਨਾਲ ਪ੍ਰੀਤ ਦਾ ਅਲੌਕਿਕ ਵਰਨਣ, ਆਪਣੇ ਵਿਲੱਖਣ ਅੰਦਾਜ਼ ਵਿੱਚ, ਬਾਬਾ ਜੀ ਨਾਲ ਸਬੰਧਿਤ ਇਕ ਪਰਸੰਗ ਦੁਆਰਾ ਕਰਦੇ ਹਨ।

"ਏਕ ਸਮੇਂ ਸਤਿਗੁਰੂ ਜੀ ਦਾ ਗੁਰਦਾਸਪੁਰ ਦੇ ਜ਼ਿਲ੍ਹੇ ਵਿੱਚ ਘੋੜਿਆਂ ਸਮੇਤ ਦੌਰਾ ਸੀ। ਸਤਿਗੁਰੂ ਜੀ ਬਿਜਲੀ ਵਾਲਿਉਂ ਕੰਗੀਂ ਬਾਬੇ ਝੰਡਾ ਸਿੰਘ ਵੱਲ, ਭਗਤ ਸਿੰਘ ਨਿਰਵੈਰ, ਨੁਸ਼ਹਿਰਾ ਮੱਜਾ ਸਿੰਘ ਦੇ ਨੂੰ ਕੰਗੀਂ ਭੇਜਿਆ। ਬਾਬੇ ਤੋਂ ਪੁੱਛ ਆ, ਜੇ ਛੋਲੇ ਹਰੇ ਦਾਨਿਆਂ ਭਰੇ ਹਨ ਤਾਂ ਦੌਰਾ ਆਵੇਗਾ, ਜੇ ਕਣਕ ਹੈ ਤਾਂ ਨਹੀਂ। ਬਾਬੇ ਨੂੰ ਸੁਣਦਿਆਂ ਚਾਅ ਚੜ੍ਹ ਗਿਆ ਤੇ ਕਿਹਾ, "ਮਸਰਾਂ ਵਿਚ ਦਾਣਾ ਭਰਿਆ ਹੈ, ਗੁਰੂ ਕੇ ਘੋੜੇ ਜ਼ਰੂਰ ਆਉਣ, ਵਿੱਚ ਖੁੱਲ੍ਹੇ ਛੱਡ ਚਾਰਾਂਗੇ।" ਭਗਤ ਸਿੰਘ ਜਲ- ਪ੍ਰਸ਼ਾਦਿ ਛਕਣ ਗਿਆ ਤਾਂ ਬਾਬੇ ਦੀ ਨੂੰਹ, ਬਾਬੇ ਦਾ ਸੱਦਾ, ਤੇ ਘੋੜਿਆਂ ਦਾ ਦੌਰਾ ਆਉਣਾ ਸੁਣ ਕਿਹਾ, ਅੱਗੇ ਏਤਨਾ ਖਰਚ ਹੋਲੇ ਵਿਚ ਕੀਤਾ ਹੈ, ਗ੍ਰਹਿਸਤੀਆਂ ਨੂੰ ਪਤਾ ਹੈ ਕਿਵੇਂ ਝੱਟ ਲੰਘਦਾ ਹੈ, ਗਿਲੇ ਦੇ ਬਚਨ ਕੀਤੇ। ਇਤਨੇ ਨੂੰ ਸਤਿਗੁਰੂ ਜੀ, ਬੁੱਢਾ ਸਿੰਘ ਖਾਰੇ ਦਾ ਭੇਜਿਆ ਕਿ ਜਾ ਕੇ ਕਹੋ ਦੌਰਾ ਨਹੀਂ ਆਉਣਾ। ਭਗਤ ਸਿੰਘ, ਬਾਬੇ ਨੂੰ ਨੂੰਹ ਦਾ ਗਿਲਾ, ਬੁੱਢਾ ਸਿੰਘ ਦਾ ਆਉਣਾ ਤੇ ਦੌਰਾ ਨਹੀਂ ਆਉਣਾ ਦੱਸਿਆ। ਤਾਂ ਬਾਬਾ ਜੀ ਧਾਂਹੀ ਮਾਰ ਰੋਣ ਲੱਗ ਪਏ। ਤੇ ਕਹਿਣ, ਮੇਰਾ ਕੁਝ ਨਹੀਂ ਰਿਹਾ। ਮੈਂ ਮਾਰਿਆ ਗਿਆ, ਕੁੜੀ ਕੀ ਕੀਤਾ। ਮਨੁੱਖ ਕਰ ਜਾਣਿਆ ਸੂ, ਸਤਿਗੁਰੂ ਜੀ ਨੂੰ। ਜਦ ਗੁਰਬਾਣੀ ਵਿੱਚ ਲਿਖਿਆ ਹੈ—

ਮਾਨੁਖ ਕਾ ਕਰਿ ਰੂਪੁ ਨ ਜਾਨੁ ॥

ਮਿਲੀ ਨਿਮਾਨੇ ਮਾਨੁ ॥੨॥

(ਅੰਗ ੮੯੫)

ਮੈਨੂੰ ਨਿਮਾਣੇ ਨੂੰ ਗੁਰੂ-ਸੇਵਾ ਦਾ ਮਾਨ ਮਿਲਣਾ ਸੀ। ਕੁੜੀ ਕੀ ਕੀਤਾ, ਸਤਿਗੁਰੂ ਜੀ ਅੰਤਰਯਾਮੀ ਨਹੀਂ ਨਾ ਜਾਣਿਆ, ਬਾਬੇ ਝੰਡਾ ਸਿੰਘ ਨੇ ਭਗਤ ਸਿੰਘ ਅੱਗੇ ਤਰਲਾ ਕੀਤਾ ਕਿ ਸੱਚੇ ਪਾਤਸ਼ਾਹ, ਮੈਨੂੰ ਦਰਸ਼ਨ ਦੇਣ। ਭਗਤ ਸਿੰਘ ਸਭ ਵਾਰਤਾ ਆ ਸਤਿਗੁਰੂ ਜੀ ਨੂੰ ਸੁਣਾਈ ਤੇ ਬਾਬੇ ਦਾ ਤਰਲਾ ਭੀ ਦੱਸਿਆ। ਤਾਂ ਸਤਿਗੁਰੂ ਜੀ ਕਿਹਾ, ਹੁਣ ਵਸਾਖੀ ਤੋਂ (ਅੰਮ੍ਰਿਤਸਰੋਂ) ਹੋ, 'ਕੱਲੇ ਹੀ ਜਾ ਬਾਬੇ ਨੂੰ ਮਿਲ ਆਂਵਾਂਗੇ। ਸੋ ਸਤਿਗੁਰੂ ਜੀ ਅੰਮ੍ਰਿਤਸਰੋਂ ਵਸਾਖੀ ਤੋਂ ਹੋ ਉਚੇਚਾ ਕੰਗੀਂ ਜਾ 'ਕੱਲਿਆਂ ਹੀ ਦਰਸ਼ਨ ਦਿੱਤੇ। ਬਾਬਾ ਚਰਨਾਂ ਤੇ ਡਿੱਗ ਰੋਇਆ ਤੇ ਕਿਹਾ, 'ਸਹੁਰੀ ਕੁੜੀ ਸਰਫਾ ਤੇ ਗਿਲਾ ਕਰ

ਕੇ, ਮੇਰਾ ਨੁਕਸਾਨ ਕੀਤਾ ਹੈ।' ਸਤਿਗੁਰੂ ਜੀ ਕੰਡ ਤੇ ਹੱਥ ਫੇਰ, ਬੜੇ ਪਿਆਰ ਨਾਲ ਕਿਹਾ, ਬਾਬਾ ਜੀ ਤੁਸੀਂ ਧਰਵਾਸ ਰੱਖੋ, ਤੁਹਾਡਾ ਤੇ ਮੇਰਾ ਪਿਆਰ, ਰਿਵਾਜ ਵਿਖਾਲੇ ਦਾ ਤੇ ਨਹੀਂ, ਜੋ ਕਿਸੇ ਦੇ ਵਿੱਥ ਵਾਲੇ ਬਚਨ ਕੀਤਿਆਂ ਹੀ ਕੋਧਰਾ ਹੋਵੇ ਤੇ ਘਟੇ। ਅਸਾਂ ਕਿਸੇ ਦੇ ਕਹੇ ਆਪਣੇ ਸੁਖ-ਸੁਆਦ ਵਿਚ ਕਿਉਂ ਫ਼ਰਕ ਪਾਉਣਾ ਏ। ਕਹਿ, ਹੋਰੀਂ ਨਗਰ ਦੀ ਸੰਗਤ ਨੂੰ ਦਰਸ਼ਨ ਜਾ ਦਿਤੇ। ਇਹ ਵਾਰਤਾ ਮੈਨੂੰ ਸੰਤ ਭਗਤ ਸਿੰਘ ਜੀ ਨਿਰਵੈਰ ਨੇ ਦੱਸੀ ਹੈ, ਜੋ ਹੁਣ ਸੰਤ ਭੂਰੀ ਵਾਲਿਆਂ ਦੇ ਡੇਰੇ ਤੇ ਆਗੂ ਹਨ ਲੁਧਿਆਣੇ।"

ਬਿਜਲੀਵਾਲ ਜ਼ਿਲ੍ਹਾ ਗੁਰਦਾਸਪੁਰ ਦਾ ਹੋਲਾ 1924 ਈ. ਵਿੱਚ ਹੋਇਆ ਸੀ ਜਿਸ ਵਿੱਚ ਬਿਜਲੀਵਾਲ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਹੋਰ ਨਗਰਾਂ ਦੀ ਸੰਗਤ ਵੱਲੋਂ ਸਹਿਯੋਗ ਕੀਤਾ ਗਿਆ ਸੀ। ਇਸ ਲਈ ਉਪਰੋਕਤ ਘਟਨਾ, 1924 ਈ. ਵਿਖੇ ਹੀ ਘਟਿਤ ਹੋਈ।

ਬਾਬਾ ਜੀ ਦਾ ਇਕ ਸਪੁੱਤਰ ਸਾਧੂ ਸਿੰਘ ਅਤੇ ਦੋ ਸਪੁੱਤਰੀਆਂ ਸਨ। ਸਾਧੂ ਸਿੰਘ ਦਾ ਰਿਸ਼ਤਾ ਪ੍ਰਸਿੱਧ, ਸੰਤ ਮੁਬਾਰਕ ਸਿੰਘ ਦੀ ਭੈਣ, ਬੀਬੀ ਪ੍ਰਸਿੰਨੀ (ਸਹੁਰਿਆਂ ਦਾ ਨਾਮ ਪ੍ਰੀਤਮ ਕੌਰ) ਨਾਲ ਹੋਇਆ। ਸਾਰੇ ਬੱਚੇ ਨਾਮਧਾਰੀ ਪਰਿਵਾਰਾਂ ਵਿੱਚ ਗੁਰਮਤਿ ਰੀਤੀ ਅਨੁਸਾਰ ਵਿਆਹੇ। ਵੱਡੀ ਬੀਬੀ ਬੂਈ, ਚਾਕਾਂ ਵਾਲੀ ਦੇ ਸਾਧੂ ਸਿੰਘ ਨਾਲ ਵਿਆਹੀ ਗਈ। ਸਾਧੂ ਸਿੰਘ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਰਦਾਸਪੁਰ ਦਾ ਸੂਬਾ ਥਾਪਿਆ ਸੀ। ਚਾਕਾਂ ਵਾਲੀ ਸਾਧ ਸੰਗਤ ਦੀ ਆਵਾਜਾਈ ਬਹੁਤ ਰਹਿੰਦੀ ਸੀ ਤੇ ਇਸੇ ਕਾਰਨ ਇਹਦਾ ਨਾਮ ਬਦਲ ਕੇ ਲੋਕਾਂ ਨੇ ਸੰਤਾਂ ਵਾਲੀ ਕਹਿਣਾ ਸ਼ੁਰੂ ਕਰ ਦਿੱਤਾ। ਬੀਬੀ ਬੂਈ ਨੇ ਉਮਰ ਭਰ ਸੋਧ ਮਰਿਆਦਾ ਧਾਰਨ ਰੱਖੀ। ਇਸੇ ਕਾਰਨ ਸਤਿਗੁਰੂ ਪਰਤਾਪ ਸਿੰਘ ਜੀ ਜਦੋਂ ਕਦੇ ਬਟਾਲੇ ਦੇ ਇਲਾਕੇ ਵਿੱਚ ਆਉਂਦੇ ਤਾਂ ਪਰਸ਼ਾਦਾ ਬੀਬੀ ਬੂਈ ਦੇ ਪਾਸੋਂ ਹੀ ਛਕਦੇ ਸਨ। ਛੋਟੀ ਲੜਕੀ ਪਰਸਿੰਨੀ, ਸੰਤ ਹਰਨਾਮ ਸਿੰਘ ਸੰਘੇੜਾ ਨਾਲ ਵਿਆਹੀ ਸੀ।

ਬਾਬਾ ਜੀ ਦਾ ਇਕਲੌਤਾ ਲੜਕਾ ਸਾਧੂ ਸਿੰਘ 60-65 ਸਾਲ ਦੀ ਉਮਰ ਵਿੱਚ, ਕੁਝ ਸਮਾਂ ਬੀਮਾਰ ਰਹਿ ਕੇ ਅਪਰੈਲ ਦੇ ਆਖਰੀ ਦਿਨੀਂ, 1947 ਵਿੱਚ ਚੜ੍ਹਾਈ ਕਰ ਗਿਆ। ਬਾਬਾ ਜੀ ਨੇ ਬੜੇ ਧੀਰਜ ਨਾਲ ਇਹ ਭਾਣਾ ਮੰਨਿਆ। ਇਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਵੀ ਉਚੇਚੇ ਬਾਬਾ ਜੀ ਨੂੰ ਸਾਂਤਵਨਾ ਦੇਣ ਕੰਗ ਪਧਾਰੇ ਸਨ। ਇਸ ਤੋਂ ਢਾਈ ਕੁ ਸਾਲ ਬਾਅਦ 29 ਅੱਸੂ 2006 ਬਿ੦ (1949 ਈ:) ਨੂੰ ਬਾਬਾ ਜੀ ਵੀ 103 ਵਰ੍ਹੇ ਦੀ ਆਰਜਾ ਭੋਗ ਕੇ ਹੁਕਮ ਸੱਤ ਹੋ ਗਏ। ਉਸ ਸਮੇਂ ਮਾਹੌਲ ਮੁਤਾਬਿਕ ਵੱਡਾ

ਮੇਲਾ ਤਾਂ ਨਾ ਹੋਇਆ। ਸੰਤ ਹਰਨਾਮ ਸਿੰਘ ਜੀ ਕਿਲੇ ਵਾਲਿਆਂ ਤਾਊਸ਼ ਵਜਾ ਕੇ ਕੁਝ ਸ਼ਬਦ ਪੜ੍ਹੇ ਸਨ। ਇਸ ਤੋਂ 10 ਸਾਲ ਬਾਅਦ, ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਬਾਬਾ ਜੀ ਨਮਿਤ ਵੱਡਾ ਮੇਲਾ 17-18 ਹਾੜ 2016 ਬਿਕ੍ਰਮੀ ਨੂੰ ਕੀਤਾ ਗਿਆ। ਇਸ ਸਮੇਂ ਜਥੇਦਾਰ ਗਿਆਨ ਸਿੰਘ ਵੀਰੋਕੇ ਤੇ ਹੋਰ ਪ੍ਰਸਿੱਧ ਜਥੇਦਾਰਾਂ ਰਾਗੀਆਂ ਦੇ ਦੀਵਾਨ ਲੱਗੇ। ਬਾਬਾ ਜੀ ਨੂੰ ਭਾਵ ਪੂਰਤ ਸ਼ਰਧਾਂਜਲੀਆਂ ਭੇਟ ਹੋਈਆਂ। ਬਾਬਾ ਝੰਡਾ ਸਿੰਘ ਆਪਣੇ ਤਿੰਨ ਪੋਤਰਿਆਂ ਬਲੀ ਸਿੰਘ, ਬੇਅੰਤ ਸਿੰਘ ਤੇ ਮੱਖਣ ਸਿੰਘ ਅਤੇ ਦੋਹਾਂ ਪੋਤਰੀਆਂ ਗੁਰਵੰਤ ਕੌਰ ਹੇਠੀਆਂ ਅਤੇ ਕੰਸ ਕੌਰ ਅਠਵਾਲ ਨੂੰ ਅਤੇ ਹੋਰ ਪਰਿਵਾਰ ਨੂੰ ਹਮੇਸ਼ਾਂ ਸਤਿਗੁਰੂ ਜੀ ਅਤੇ ਸ੍ਰੀ ਭੈਣੀ ਸਾਹਿਬ ਨਾਲ ਜੁੜੇ ਰਹਿਣ ਅਤੇ ਹੋਲੇ ਮੇਲਿਆਂ ਵਿੱਚ ਜਾਂਦੇ ਰਹਿਣ ਦੀ ਤਾਕੀਦ ਕਰਿਆ ਕਰਦੇ ਸਨ। ਇਸੇ ਕਾਰਨ ਬਾਬਾ ਜੀ ਤੋਂ ਬਾਅਦ ਵੀ ਪਿੰਡ ਕੰਗ ਵਿੱਚ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਤੇ ਹੁਣ ਹਾਜ਼ਰਾ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਦੇ ਚਰਨ ਪੈਂਦੇ ਰਹਿੰਦੇ ਹਨ।

ਬਾਬਾ ਜੀ ਦਾ ਪੋਤਰਾ ਸ੍ਰ. ਬੇਅੰਤ ਸਿੰਘ, ਸ੍ਰੀ ਭੈਣੀ ਸਾਹਿਬ ਦੇ ਹਜ਼ੂਰੀ ਰਾਗੀਆਂ, ਭਾਈ ਦਰਸ਼ਨ ਸਿੰਘ, ਖਜ਼ਾਨ ਸਿੰਘ ਹੋਰਾਂ ਦੀ ਭੈਣ ਨਾਲ ਪਰਣਾਇਆ ਗਿਆ। ਉਹਨਾਂ ਦਾ ਇੱਕ ਲੜਕਾ ਪ੍ਰਸਿੱਧ ਸਾਹਿਤਕਾਰ ਅਤੇ ਕਵੀ ਸਭਾ ਲੁਧਿਆਣਾ ਦਾ ਹਰਤਾ ਕਰਤਾ, ਪੰਥਕ ਕਵੀ ਪ੍ਰੋ. ਜੋਗਿੰਦਰ ਸਿੰਘ ਕੰਗ ਹੈ। ਕੰਗ ਜੀ ਤੋਂ ਇਲਾਵਾ ਇਸ ਸਮੇਂ ਬਾਬਾ ਜੀ ਦੇ ਪਰਿਵਾਰ ਵਿੱਚ ਬਲਵਿੰਦਰ ਸਿੰਘ ਕੰਗ, ਲਖਵਿੰਦਰ ਸਿੰਘ ਕੰਗ, ਇੰਜੀਨੀਅਰ ਹਰਪ੍ਰੀਤ ਸਿੰਘ ਕੰਗ, ਐਸ.ਡੀ.ਓ. ਦਿਲਪ੍ਰੀਤ ਸਿੰਘ ਕੰਗ, ਜੇ.ਈ. ਕਰਨਬੀਰ ਸਿੰਘ ਕੰਗ ਇਤਿਆਦਿਕ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕ੍ਰਿਪਾ ਦੇ ਪਾਤਰ ਹਨ। ਬਾਬਾ ਜੀ ਦੇ ਵੰਸ਼ਿਜ ਇਹ ਸਮਝਦੇ ਹਨ ਕਿ ਉਹਨਾਂ ਪਾਸ ਜੋ ਵੀ ਧਨ- ਦੌਲਤ, ਮਾਨ-ਪ੍ਰਤਿਸ਼ਠਾ ਹੈ, ਉਹ ਸਤਿਗੁਰੂ ਜੀ ਦੀ ਬਖਸ਼ਿਸ਼ ਹੈ।

ਸਰਹੱਦੀ ਦੇ ਕੂਕੇ, "ਅਸਲੀ ਬਾਬਾ" ਝੰਡਾ ਸਿੰਘ ਹੋਰਾਂ ਦਾ ਸੇਵਾ, ਸੱਚਾਈ, ਸਿਮਰਨ, ਸਮਰਪਣ, ਸਾਦਗੀ ਅਤੇ ਭਾਣਾ ਮੰਨਣ ਵਾਲਾ ਉੱਚਾ ਸੁੱਚਾ ਜੀਵਨ ਅੱਜ ਦੇ ਭੌਤਿਕਵਾਦੀ ਯੁੱਗ ਵਿੱਚ ਵੀ ਰਾਹ ਰੁਸ਼ਨਾਉਂਦਾ ਹੈ ਕਿ ਮਨੁੱਖ ਆਪ ਵੀ ਜੀਵੇ ਅਤੇ ਦੂਜਿਆਂ ਨੂੰ ਵੀ ਆਪੋ ਆਪਣੇ ਵਿਸ਼ਵਾਸ ਨਾਲ ਜਿਊਣ ਦੇਵੇ।

## -ਹਵਾਲੇ ਤੇ ਟਿੱਪਣੀਆਂ-


1. ਜੋਗਿੰਦਰ ਸਿੰਘ ਕੰਗ, ਐਮ.ਏ.ਬੀ.ਲਿਬ- ਸੰਤ ਗਾਥਾ, ਸੰਤ ਬਾਬਾ ਝੰਡਾ ਸਿੰਘ ਕੰਗ, ਸਪਤਾਹਿਕ ਸਤਿਜੁਗ, ਨਵੀਂ ਦਿੱਲੀ, 12 ਚੇਤਰ 2049 ਸੰਬਤ, ਸਫਾ 4

2. ਕਰਨਬੀਰ ਸਿੰਘ ਕੰਗ, ਜੇ.ਈ. ਗੁਰਦਾਸਪੁਰ, ਮਾਨਸ ਤੇ ਦੇਵਤੇ ਕੀਏ... ਬਾਬਾ ਝੰਡਾ ਸਿੰਘ ਦਾ ਜੀਵਨ, ਪੰਦਰਵਾੜਾ ਸਤਿਜੁਗ, ਸ੍ਰੀ ਭੈਣੀ ਸਾਹਿਬ, ਸਫਾ 30-32

3. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ 3, ਸਫਾ 280-81


❁

# ਗੁਰੂ ਕੇ ਲੰਗਰ ਨੂੰ ਸਮਰਪਿਤ ਮਹੰਤ ਜਿਊਣ ਸਿੰਘ ਜੀ, ਅੰਮ੍ਰਿਤਸਰ

ਗੁਰੂ ਨਾਨਕ ਜੀ ਤੋਂ ਲੈ ਕੇ ਸਿੱਖ ਸੰਗਤ ਧਰਮਸ਼ਾਲਾਵਾਂ ਉਸਾਰਦੀ ਰਹੀ ਹੈ, ਜਿੱਥੇ ਗੁਰੂ ਕੀ ਸੰਗਤ, ਸੁਬਹਾ ਸ਼ਾਮ ਅਤੇ ਕਦੇ ਕਦੇ ਰਾਤ ਜਾਂ ਦੋਪਹਿਰ ਸਮੇਂ ਵੀ ਇਕੱਤਰ ਹੁੰਦੀ ਰਹਿੰਦੀ ਹੈ।ਭਾਈ ਗੁਰਦਾਸ ਜੀ ਤਾਂ ਪ੍ਰੇਮ ਵਿਭੋਰ ਹੋ ਕੇ, ਹਰ ਸਿੱਖ ਦੇ ਘਰ ਨੂੰ ਹੀ ਧਰਮਸ਼ਾਲ ਲਿਖ ਗਏ ਹਨ ਜਿੱਥੇ ਗੁਰਬਾਣੀ ਪਾਠ, ਕਥਾ ਕੀਰਤਨ ਹੋਣ ਕਾਰਨ, ਸਦਾ ਵੈਸਾਖੀ ਦਾ ਮੇਲਾ ਬਣਿਆਰਹਿੰਦਾ ਸੀ–

ਘਰ ਘਰ ਅੰਦਰਿ ਧਰਮਸਾਲੁ ਹੋਵੈ ਕੀਰਤਨ ਸਦਾ ਵਿਸੋਆ॥[1]

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਬਾਅਦ, ਆਪਣੇ ਪਰਚਾਰ ਦੌਰਿਆਂ ਸਮੇਂ ਵੱਖ ਵੱਖ ਪਿੰਡਾਂ ਵਿਚ ਜਾ ਕੇ ਜਦੋਂ ਧਰਮਸ਼ਾਲਾਵਾਂ ਦੀ ਦਸ਼ਾ ਵੇਖੀ ਤਾਂ ਅਤਿ ਨਿਰਾਸ਼ਾ ਜਨਕ ਸੀ। ਮੁੱਦਤਾਂ ਹੋ ਗਈਆਂ ਸਨ ਇਹਨਾਂ ਧਰਮਸ਼ਾਲਾਵਾਂ ਦੇ ਬੂਹੇ ਖੋਹਲਿਆਂ ਨੂੰ ਸਗੋਂ ਕਈ ਥਾਈਂ ਤਾਂ ਜਿੰਦਰੇ ਵੱਜੇ ਸਨ। ਆਪ ਜੀ ਨੇ ਧਰਮਸ਼ਾਲਾਵਾਂ ਨੂੰ ਖੁਹਲਵਾ ਕੇ, ਗੁਰੂ ਗ੍ਰੰਥ ਸਾਹਿਬ ਦੀਆਂ ਅਲਮਾਰੀਆਂ ਜਾਂ ਆਲਿਆਂ ਵਿਚ ਸੰਤੋਖੀਆਂ ਬੀੜਾਂ ਨੂੰ, ਰੁਮਾਲੇ ਪੀਹੜੇ ਸੋਧ ਕੇ, ਧਰਮਸ਼ਾਲਾਵਾਂ ਵਿਚ ਲੇਪਨ ਪੋਚਾ ਕਰਕੇ, ਬੀੜਾਂ ਦਾ ਪਰਕਾਸ਼ ਕਰਵਾਇਆ। ਲੋਹ ਲੰਗਰ ਚਾਲੂ ਕਰਵਾਏ। ਗਰੰਥੀ ਸਿੰਘ ਜਾਂ ਵੱਡੇ ਕਸਬਿਆਂ ਸ਼ਹਿਰਾਂ ਵਿਚ, ਧਰਮਸ਼ਾਲਾਵਾਂ ਦੇ ਪ੍ਰਬੰਧ ਲਈ ਮਹੰਤ ਵੀ ਨਿਯੁਕਤ ਕੀਤੇ।

ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਤੋਂ ਬਾਅਦ ਨਾਮਧਾਰੀ ਸਿੰਘਾਂ ਵਿਚ ਦੂਸਰਾ ਮਹੱਤਵਪੂਰਨ ਸਥਾਨ, ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੇ ਲਿਖਣ ਮੁਤਾਬਿਕ, ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਦਾ ਸੀ। "ਇਸ ਉਤੇ ਵੀ ਅੰਗਰੇਜ਼ ਦੀ ਅਜੇਹੀ ਹੀ ਨਜ਼ਰ ਸੀ, ਜੇਹੀ ਸ੍ਰੀ ਭੈਣੀ ਸਾਹਿਬ ਤੇ ਜੇਹੀ ਮਠੱਡਿਆਂ ਤੇ, ਜੇਹੀ ਨਾਮਧਾਰੀ ਧਰਮਸ਼ਾਲਾ ਮੋਤੀ ਬਜ਼ਾਰ, ਲਾਹੌਰ ਤੇ, ਜਿਹੋ ਜਿਹੀ ਗੁਰਦੁਆਰਾ ਗੁਰੂ ਸਰ ਲੱਲ ਵੱਡੇ ਤੇ।"[2]

ਸਰਕਾਰੀ ਰੀਕਾਰਡ ਵਿਚ ਅੰਮ੍ਰਿਤਸਰ ਦੀ ਕੂਕਾ ਧਰਮਸ਼ਾਲਾ ਦਾ ਜ਼ਿਕਰ 10 ਅਪਰੈਲ 1884 ਦੀ ਉਸ ਘਟਨਾ ਦੇ ਸਬੰਧ ਵਿਚ ਆਉਂਦਾ ਹੈ ਜਦੋਂ ਭਾਈ ਦੇਵਾ ਸਿੰਘ ਸ਼ਾਹਬਾਜ਼ਪੁਰ (ਫੀਰੋਜ਼ਪੁਰ ਜ਼ਿਲ੍ਹਾ) ਉਪਰੋਕਤ

ਧਰਮਸ਼ਾਲਾ ਵਿਚ, ਭਾਈ ਚੰਦਾ ਸਿੰਘ ਝੱਬਰ ਦੁਆਰਾ ਰਚਿਤ, ਬਾਰਾਂ ਮਾਂਹ ਪੜ੍ਹਦਾ ਹੈ ਤਾਂ ਅਨੇਕ ਕੂਕੇ ਸਿੰਘ ਮਸਤਾਨੇ ਹੋ ਜਾਂਦੇ ਹਨ।[3] ਅੰਮ੍ਰਿਤਸਰ ਦਾ ਪ੍ਰਸਿੱਧ ਕੂਕਾ ਆਗੂ, ਮਿਸਤਰੀ ਨਾਹਰ ਸਿੰਘ ਸੀ। ਪਹਿਲਾਂ ਦੂਰੋਂ ਨੇੜਿਉਂ ਆਉਂਦੇ ਸਿੰਘ, ਇਸ ਦੇ ਘਰ ਰੁਕਦੇ ਸਨ, ਫਿਰ ਇਹਨਾਂ ਨੇ ਆਪਣਾ ਸੁਲਤਾਨ ਵਿੰਡ ਵਾਲਾ ਥਾਂ ਨਾਮਧਾਰੀ ਧਰਮਸ਼ਾਲਾ ਨੂੰ ਅਰਪਣ ਕਰਕੇ, ਧਰਮਸ਼ਾਲਾ ਵੀ ਬਣਵਾ ਦਿੱਤੀ ਸੀ।[4] ਸੂਬਾ ਕਾਹਨ ਸਿੰਘ ਚੱਕ ਵਾਲਾ, ਆਪਣੀ ਚੁਨਾਰ ਕਿਲ੍ਹੇ ਤੋਂ ਰਿਹਾਈ ਬਾਅਦ ਇਸੇ ਭਾਈ ਨਾਹਰ ਸਿੰਘ ਪਾਸ ਅੰਮ੍ਰਿਤਸਰ ਆ ਕੇ, ਆਪਣੇ ਅਕਾਲ ਚਲਾਣੇ ਤੱਕ ਇੱਥੇ ਹੀ ਟਿਕਿਆ ਸੀ। ਗੁਰੂ ਹਰੀ ਸਿੰਘ ਜੀ ਦੇ 1892 ਈ. ਦੇ ਦੀਵਾਲੀ ਦੇ ਲਾਗੇ ਚਾਗੇ ਸਰਕਾਰ ਤੋਂ ਛੁੱਟੀ ਲੈ ਕੇ, ਅੰਮ੍ਰਿਤਸਰ ਸ਼ਹਿਰ ਅਤੇ ਜ਼ਿਲ੍ਹੇ ਦੇ ਦੌਰੇ ਸਮੇਂ, ਆਪ ਜੀ ਦਾ ਅੰਮ੍ਰਿਤਸਰ ਰਹਿਣ ਸਮੇਂ, ਛੇ ਦਿਨ ਇਸ ਧਰਮਸ਼ਾਲਾ ਵਿਚ ਹੀ ਨਿਵਾਸ ਕਰਨਾ ਮਾਲੂਮ ਹੁੰਦਾ ਹੈ। ਬਾਅਦ ਵਾਲੇ ਦੌਰਿਆਂ ਸਮੇਂ ਵੀ ਗੁਰੂ ਜੀ ਇਸੇ ਧਰਮਸ਼ਾਲਾ ਵਿਚ ਠਹਿਰਿਆ ਕਰਦੇ ਸਨ। ਇਸ ਸਮੇਂ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਦੇ ਮਹੰਤ ਹਜਾਰਾ ਸਿੰਘ ਸਨ। ਜਿਹਨਾਂ ਦੁਆਰਾ 1905 ਈ ਦੀ ਦੀਵਾਲੀ ਸਮੇਂ, ਗੁਰੂ ਹਰੀ ਸਿੰਘ ਜੀ ਦੇ ਅੰਮ੍ਰਿਤਸਰ ਦੇ ਦੌਰੇ ਲਈ ਛੁੱਟੀ ਮੰਗਣ ਦੀ ਅਰਜ਼ੀ ਦੇਣ ਦਾ ਜ਼ਿਕਰ, ਸਮਕਾਲੀ ਇਤਿਹਾਸਕਾਰ ਕਰਦਾ ਹੈ– "ਸੰਗਤ ਨੇ ਸੰਕਲਪ ਕਰਕੇ ਬਚਨ ਕੀਤਾ, ਹਜਾਰਾ ਸਿੰਘ ਤੂੰ ਅਰਜ਼ੀ ਦਿਓ ਦੀਪ ਮਾਲਾ ਅੰਮ੍ਰਿਤਸਰ ਜੀ ਕਰੀਏ। ਹਜਾਰਾ ਸਿੰਘ ਨੇ ਅਰਜ਼ੀ ਪਾਈ। ਛੁੱਟੀ ਫਰੰਗੀ ਨੇ ਨਾ ਦਿੱਤੀ। ਲਾਹੌਰੋਂ ਤਾਰ ਭੇਜੀ ਫਰੰਗੀ ਨੇ, ਕਹਿਆ ਏਕ ਮਿੰਟ ਕੀ ਭੀ ਛੁੱਟੀ ਨਹੀਂ ਮਿਲੇਗੀ। ਗੁਰੂ ਜੀ ਬਚਨ ਕੀਤਾ, ਏਤਨੀ ਸੰਗਤ ਗਈ ਤੇ ਸਰਬ ਲੋਕ ਗਏ ਹਨ, ਸਾਡੇ ਸਰੀਰ ਕੋ ਨਹੀਂ ਜਾਣ ਦਿੰਦੇ ਹੈ।"[5]

ਨਾਮਧਾਰੀ ਧਰਮਸ਼ਾਲਾ, ਅੰਮ੍ਰਿਤਸਰ ਦੇ ਨਾਲ ਜਿਹੜਾ ਨਾਮ ਚਿਰਕਾਲ ਤੱਕ ਜੁੜਿਆ ਰਹੇਗਾ, ਉਹ ਨਾਮ ਮਹੰਤ ਜੀਵਨ ਸਿੰਘ ਜਾਂ ਜਿਊਣ ਸਿੰਘ ਹੋਰਾਂ ਦਾ ਹੈ। ਮਹੰਤ ਜੀ ਦੁਆਰਾ ਇਸ ਅਸਥਾਨ ਤੇ ਕੋਈ ਚਾਰ ਦਹਾਕਿਆਂ ਦੇ ਲੱਗਪਗ, ਅਦੁੱਤੀ ਸੇਵਾ ਨਿਬਾਹੀ ਗਈ। ਇਸ ਸੇਵਾ ਦਾ ਵਰਣਨ ਉਹਨਾਂ ਦਾ ਸਮਕਾਲੀ ਲੇਖਕ ਇਉਂ ਕਰਦਾ ਹੈ–

"ਸੰਤ ਜੀਵਨ ਸਿੰਘ ਜੀ ਦੇ ਨਾਮ ਤੋਂ ਕੋਈ ਵੀ ਨਾਮਧਾਰੀ ਨਾਵਾਕਿਫ ਨਹੀਂ। ਮਹੰਤ ਸਾਹਿਬ ਬਹੁਤ ਉਚੇਰੀ ਸ਼ਖਸ਼ੀਅਤ ਦੇ ਮਾਲਕ ਸਨ। ਆਪ ਜੀ ਦੇ ਖਾਨਦਾਨ ਦਾ ਸੰਬੰਧ ਕਸ਼ਮੀਰ ਨਾਲ ਸੀ। ਆਪ ਜੀ ਦੇ ਦਾਦਾ, ਕਿਸੇ ਸਮੇਂ ਗਿਲਗਿਤ ਦੇ ਬਹੁਤ ਵੱਡੇ ਕਰਮਚਾਰੀ ਸਨ। ਪਿਛੋਂ ਆ ਕੇ ਆਪ ਨਾਭੇ ਰਹੇ, ਜਿੱਥੋਂ ਦਾ ਪੱਕਾ ਬਾਗ ਆਪ ਦੀ ਮਲਕੀਅਤ ਸੀ, ਹਜ਼ਾਰਾਂ

ਲੱਖਾਂ ਦਾ ਕਾਰੋਬਾਰ ਸੀ, ਪਰ ਸਮੇਂ ਦੇ ਚੱਕਰ ਨੇ, ਆਪ ਜੀ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿਚ ਲਿਆ ਸੁੱਟਿਆ। ਜਿਨ੍ਹਾਂ ਦੀ ਕਿਰਪਾ ਨਾਲ ਮਹੰਤ ਸਾਹਿਬ ਵਿਚ ਉਹ ਸਾਰੇ ਗੁਣ ਸੁਭਾਵਿਕ ਹੀ ਆ ਵੱਸੇ, ਜੋ ਕਿਸੇ ਮਹਾਨ ਸ਼ਖਸ਼ੀਅਤ ਵਿਚ ਹੋਇਆ ਕਰਦੇ ਨੇ। ਧਰਤੀ ਜਿਹਾ ਜੇਰਾ, ਸ਼ਾਂਤੀ ਦੇ ਭੰਡਾਰ, ਸੱਜਣ ਦੁਸ਼ਮਣ ਨੂੰ ਇਕ ਨਜ਼ਰ, ਸਤੋ ਗੁਣੀ ਸੁਭਾਵ ਨਾਲ ਵੇਖਣਾ, ਗ੍ਰਹਿਸਤ ਵਿਚ ਉਦਾਸ ਰਹਿਣ ਵਾਲੀ ਸ਼ਖਸ਼ੀਅਤ ਸੀ ਮਹੰਤ ਜੀ ਦੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦ ਬਾਲ ਰੂਪ ਵਿਚ ਸਨ, ਤਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਮਹੰਤ ਜੀ ਨੂੰ ਹਜ਼ੂਰ ਦਾ ਲਾਂਗਰੀ ਨਿਸ਼ਚਿਤ ਕੀਤਾ ਸੀ। ਸ੍ਰੀ ਸਤਿਗੁਰੂ ਜੀ ਆਪ ਜੀ ਦੀ ਸੇਵਾ ਤੇ ਬਹੁਤ ਹੀ ਪਰਸੰਨ ਹਨ। ਨਾਮਧਾਰੀ ਧਰਮਸ਼ਾਲਾ ਦਾ ਲੰਗਰ ਜਿਸ ਸ਼ਾਨ ਨਾਲ, ਮਹੰਤ ਜੀ ਨੇ ਚਲਾਇਆ ਹੈ, ਉਸ ਤੋਂ ਕਿਹੜਾ ਨਾਮਧਾਰੀ ਹੈ ਜੋ ਜਾਣੂ ਨਹੀਂ। ਅੱਜ ਵੀ ਉਸ ਲੰਗਰ ਦੀ ਸੇਵਾ ਮਹੰਤ ਅਤਰ ਸਿੰਘ ਜੀ ਉਸੇ ਸ਼ਾਨ ਨਾਲ ਚਲਾ ਰਹੇ ਹਨ, ਜਿਵੇਂ ਸਵਰਗੀ ਮਹੰਤ ਸਾਹਿਬ ਜੀ ਚਲਾਇਆ ਕਰਦੇ ਸਨ, ਪਰ ਆਪ ਆਪਣੀ ਕਿਰਤ ਕਰਕੇ ਉਸ ਵਿਚੋਂ ਹੀ ਛਕਦੇ ਹਨ।

"ਗੁਰਬਖਸ਼ ਸਿੰਘ ਜੀ ਮਹੰਤ ਅੱਜ ਕੱਲ ਦਿੱਲੀ ਵਿਚ ਨਿਵਾਸ ਕਰਦੇ ਹਨ। ਦੰਦ ਖੰਡ ਦੀ ਕਲਾਕਾਰੀ ਦਾ ਕਾਰਖਾਨਾ ਹੈ। ਜਿਸ ਕੰਮ ਦੇ ਆਪ ਜੀ ਦੇ ਦੋਵੇਂ ਸਪੁੱਤਰ ਆਹਲਾ ਕਲਾਕਾਰ ਹਨ।ਉਹ ਦੋਵੇਂ ਪੰਥਕ ਦਰਦ ਰੱਖਣ ਵਾਲੇ, ਪਿਓ ਦਾਦੇ ਵਾਂਗ ਹੀ ਨਾਮਧਾਰੀ ਪੰਥ ਦੇ ਸ਼ਰਧਾਲੂ ਹਨ। ਜਿਹਨਾਂ ਦੇ ਦਿਲ ਵਿਚ ਆਪਣੇ ਪਿਆਰੇ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਣ ਦੀ ਬਹੁਤ ਵੱਡੀ ਰੀਝ ਹੈ।'[6]

ਮਹੰਤ ਜਿਊਣ ਸਿੰਘ ਜੀ ਦਾ ਜਨਮ ਸਾਲ, ਅਨੁਮਾਨਿਤ ੧੮੭੫ ਈਂ ਹੈ। ਉਹ ਅੰਦਾਜ਼ਨ ੧੯੦੫ ਈਂ ਵਿਚ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਦੀ ਸੇਵਾ ਸੰਭਾਲਦੇ ਹਨ ਅਤੇ ਸੰਨ ੧੯੪੩ ਈਂ ਵਿਚ ਆਪਣੇ ਚਲਾਣੇ ਤੱਕ, ਇਹ ਸੇਵਾ ਬੜੀ ਤਨਦੇਹੀ ਨਾਲ ਨਿਬਾਹੁੰਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਮਹੰਤ ਜੀ ਨੇ ਇਹ ਸੇਵਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰਤਾ ਕਾਲ ਵਿਚ ਹੀ ਨਿਬਾਹੀ। ਅੰਮ੍ਰਿਤਸਰ ਸ਼ਹਿਰ ਜਿੱਥੇ ਪੰਜਾਬ ਦਾ ਉੱਘਾ ਅਧਿਆਤਮਕ ਅਤੇ ਰਾਜਨੀਤਿਕ ਕੇਂਦਰ ਸੀ, ਉੱਥੇ ਉੱਤਰੀ ਭਾਰਤ ਦਾ ਬਹੁਤ ਵੱਡਾ ਵਿਉਪਾਰਿਕ ਕੇਂਦਰ ਵੀ ਸੀ ਜੋ ਵੀਹਵੀਂ ਸਦੀ ਵਿਚ ਉਦਯੋਗਿਕ ਕੇਂਦਰ ਵਜੋਂ ਵੀ ਵਿਕਸਿਤ ਹੋ ਰਿਹਾ ਸੀ। ਇਸ ਲਈ ਇਸ ਸ਼ਹਿਰ ਵਿਚ ਪੰਜਾਬ ਭਰ ਵਿਚੋਂ ਆਉਣ ਵਾਲੀਆਂ ਨਾਮਧਾਰੀ ਸੰਗਤਾਂ ਦੀ ਭੀੜ ਲੱਗੀ ਰਹਿੰਦੀ ਸੀ। ਇਸ ਸੰਗਤ ਦਾ ਉਤਾਰਾ, ਨਾਮਧਾਰੀ

ਧਰਮਸ਼ਾਲਾ ਵਿਚ ਹੀ ਹੁੰਦਾ ਅਤੇ ਬਾਹਰੋਂ ਆਉਣ ਵਾਲੇ ਸੱਜਣ, ਮਹੰਤ ਜੀ ਦੇ ਅਤਿੱਥੀ ਸਤਿਕਾਰ ਅਤੇ ਲੰਗਰ ਦੀ ਸੇਵਾ ਨਾਲ, ਪੂਰੀ ਤਰ੍ਹਾਂ ਤਰਿਪਤ ਹੋ ਕੇ ਮੁੜਦੇ ਸਨ। ਬਹੁਤ ਸਾਰੇ ਬਿਹੰਗਮ ਨਾਮਧਾਰੀ ਸਿੰਘ, ਸ੍ਰੀ ਭੈਣੀ ਸਾਹਿਬ ਤੋਂ ਕੇਂਦਰੀ ਜਾਂ ਪੱਛਮੀ ਪੰਜਾਬ ਦੇ ਇਲਾਕਿਆਂ ਵੱਲ ਆਉਂਦੇ ਜਾਂਦੇ ਇੱਥੇ ਕਿਆਮ ਕਰਿਆ ਕਰਦੇ ਸਨ। ਮਹੰਤ ਜੀ ਇਹਨਾਂ ਬਿਹੰਗਮ ਸਾਧੂ ਸੰਤਾਂ ਨਾਲ, ਸਕੇ ਭਰਾਵਾਂ ਜਿਉਂ ਵਰਤਾਉ ਕਰਦੇ ਸਨ। ਲੇਖਕ ਦਾ ਦਾਦਾ ਸੰਤ ਜਿਊਣ ਸਿੰਘ ਝੱਬਰ ਵੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀ ਸਮੁਦਾਇ ਵਿਚ ਹੀ ਵਿਚਰਦਾ ਰਿਹਾ ਅਤੇ ਗੁਰਦੁਆਰਾ ਭੈਣੀ ਸਾਹਿਬ ਵਿਚ ਵੀ ਕੁਝ ਸਮਾਂ ਰਿਹਾ ਸੀ। ਸੰਤ ਜਿਊਣ ਸਿੰਘ ਝੱਬਰ ਅਤੇ ਮਹੰਤ ਜਿਊਣ ਸਿੰਘ ਦਾ ਆਪਸ ਵਿਚ ਬਹੁਤ ਪ੍ਰੇਮ ਸੀ, ਇਸੇ ਕਾਰਨ ਮੇਰਾ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਮਹੰਤ ਜੀ ਨੂੰ "ਚਾਚਾ ਜੀ" ਕਹਿ ਕੇ ਸੰਬੋਧਿਤ ਕਰਿਆ ਕਰਦਾ ਸੀ। ਦੇਵ ਨੇਤ 1917 ਈਂ ਦੇ ਕੱਤਕ ਦੇ ਮਹੀਨੇ, ਆਪਣੇ ਪਿੰਡ ਝੱਬਰਾਂ ਨੂੰ ਜਾਂਦਿਆਂ ਸੰਤ ਜਿਊਣ ਸਿੰਘ ਝੱਬਰ, ਉਸ ਵਰ੍ਹੇ ਫੈਲੀ ਕੱਤੇ ਦੀ ਬੀਮਾਰੀ ਦੀ ਲਪੇਟ ਵਿਚ ਆ ਗਏ। ਮਹੰਤ ਜੀ ਨੇ ਹਰ ਤਰ੍ਹਾਂ ਦਵਾ ਦਾਰੂ, ਸੇਵਾ ਸੰਭਾਲ ਲਈ ਚਾਰਾਜ਼ੋਈ ਕੀਤੀ ਪਰ ਉਹਨਾਂ ਨੂੰ ਬਚਾਇਆ ਨਾ ਜਾ ਸੱਕਿਆ। ਮੇਰੇ ਪਿਤਾ ਜੀ, ਸਤਿਗੁਰੂ ਪਰਤਾਪ ਸਿੰਘ ਜੀ ਦੇ ਦੌਰੇ ਦੇ ਨਾਲ, ਉਸ ਸਮੇਂ ਕੱਤਕ ਪੁੰਨਿਆ ਵਾਲੇ ਪਰਕਾਸ਼ ਪੁਰਬ ਤੇ ਨਨਕਾਣਾ ਸਾਹਿਬ ਵਿਖੇ ਸਨ। ਮਹੰਤ ਜੀ ਨੇ ਤੁਰੰਤ ਬਾਪੂ ਜੀ ਨੂੰ ਅੰਮ੍ਰਿਤਸਰ ਬੁਲਾਉਣ ਲਈ ਨਾਮਧਾਰੀ ਧਰਮਸ਼ਾਲਾ, ਨਨਕਾਣਾ ਸਾਹਿਬ ਦੇ ਪਤੇ ਤੇ ਸਤਿਗੁਰੂ ਜੀ ਨੂੰ ਤਾਰ ਦੇ ਦਿੱਤੀ। ਉਹ ਵਾਪਸੀ ਗੱਡੀ ਤੇ ਅੰਮ੍ਰਿਤਸਰ ਪੁੱਜ ਗਏ। ਮਾਝੇ ਅਤੇ ਸ਼ਹਿਰ ਅੰਮ੍ਰਿਤਸਰ ਦੀਆਂ ਬੇਅੰਤ ਨਾਮਧਾਰੀ ਸੰਗਤਾਂ ਦੀ ਹਾਜਰੀ ਵਿਚ, ਦੋ ਵੱਜਦੀਆਂ ਢੋਲਕੀਆਂ ਨਾਲ ਹੁੰਦੇ ਕੀਰਤਨ ਸਮੇਂ, ਦਾਦਾ ਜੀ ਦਾ ਸਸਕਾਰ ਕੀਤਾ ਗਿਆ। ਫਿਰ ਉੱਥੇ ਹੀ ਪਾਠ ਰਖਵਾ ਕੇ ਭੋਗ ਦਾ ਮੇਲਾ ਕੀਤਾ ਗਿਆ, ਜਿਸ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਤੇ ਹੋਰ ਸੰਗਤਾਂ ਨੇ ਦਰਸ਼ਨ ਦਿੱਤੇ। ਇਸ ਤੋਂ ਬਾਅਦ ਉਹਨਾਂ ਨਮਿੱਤ ਇਕ ਭੋਗ ਪਿੰਡ ਝੱਬਰਾਂ ਵਿਚ ਪੁਆ ਕੇ ਬਾਪੂ ਜੀ ਮਹੰਤ ਜੀ ਪਾਸ ਆਏ ਅਤੇ ਉਹਨਾਂ ਨੂੰ ਕਹਿਣ ਲੱਗੇ ਕਿ ਮੇਲੇ ਤੇ ਲੱਗੀ ਰਕਮ ਲੈ ਲਵੋ। ਮਹੰਤ ਜੀ ਨੇ ਕਿਹਾ ਕਿ ਜਿਊਣ ਸਿੰਘ ਹੋਰੀਂ ਲੰਘਦੇ ਟੱਪਦੇ ਪਿੰਡੋਂ ਲਿਆਂਦਾ ਪੈਲੀ ਦਾ ਹਿੱਸਾ ਠੇਕਾ, ਮੇਰੇ ਪਾਸ ਹੀ ਰੱਖਦੇ ਸਨ। ਸਾਰਾ ਖਰਚ ਕਰਕੇ, ਆਹ ਫੜ ਪੰਜਾਹ ਰੁਪੈ, ਜੋ ਉਹਨਾਂ ਦੇ ਮੇਰੇ ਵੱਲ ਵੱਧਦੇ ਹਨ। ਬਾਪੂ ਜੀ ਨੇ ਕਿਹਾ-"ਚਾਚਾ ਜੀ! ਇਸ ਮਾਇਆ ਦੇ ਲੋੜਵੰਦਾਂ ਨੂੰ ਬਸਤਰ ਆਦਿਕ ਬਣਾ ਦੇਣੇ।"[7] ਐਸੇ ਸਨ ਬੇਲੀਆਂ ਦੇ ਬੇਲੀ ਮਹੰਤ

ਜਿਊਣ ਸਿੰਘ ਜੀ!

ਮਹੰਤ ਜਿਊਣ ਸਿੰਘ ਜੀ ਤੋਂ ਪਹਿਲਾਂ, ਇਸ ਧਰਮਸ਼ਾਲਾ ਦੇ ਮਹੰਤ, ਹਜਾਰਾ ਸਿੰਘ ਜੀ ਦਾ ਜ਼ਿਲ੍ਹਾ ਲੁਧਿਆਣਾ ਅਤੇ ਪਿੰਡ ਪਮਾਲ ਸੀ। ਇਹਨਾਂ ਦੀਆਂ ਬੀਬੀ ਹਰ ਕੌਰ ਅਤੇ ਭਗਵਾਨ ਕੌਰ ਦੋ ਸਿੰਘਣੀਆਂ ਸਨ। ਇਹ ਪਲਾਟ ਖਰੀਦ ਕੇ, ਉਸ ਤੇ ਮਕਾਨ ਬਣਾਉਂਦੇ ਅਤੇ ਫਿਰ ਉਸਨੂੰ ਵੇਚ ਕੇ ਜੋ ਮੁਨਾਫਾ ਹੁੰਦਾ, ਉਹ ਸਾਧ ਸੰਗਤ ਦੇ ਲੇਖੇ ਲਾ ਦਿੰਦੇ ਸਨ। ਉਹਨਾਂ ਦੀ ਇਸੇ ਪਰੰਪਰਾ ਨੂੰ, ਮਹੰਤ ਜਿਊਣ ਸਿੰਘ ਹੋਰਾਂ ਨੇ ਜਾਰੀ ਰੱਖਿਆ। ਪਿਛਲੇ ਕਾਫੀ ਸਮੇਂ ਤੋਂ ਮੈਂ ਮਹੰਤ ਜਿਊਣ ਸਿੰਘ ਜੀ ਬਾਰੇ ਕੁਝ ਲਿਖਣਾ ਚਾਹੁੰਦਾ ਸਾਂ। 29 ਦਸੰਬਰ 2018 ਈ ਨੂੰ ਮੈਂ ਮਾਨ ਸਰੋਵਰ ਗਾਰਡਨ ਦੇ ਘਰ ਨੰ. 99, ਨਵੀਂ ਦਿੱਲੀ ਵਿਖੇ, ਮਹੰਤ ਜੀ ਦੇ ਪੋਤਰੇ ਸ੍ਰ. ਜੋਗਿੰਦਰ ਸਿੰਘ ਨਾਗੀ, ਸਪੁੱਤਰ ਮਹੰਤ ਗੁਰਬਖਸ਼ ਸਿੰਘ, ਉਮਰ 85 ਸਾਲ ਨੂੰ ਮਿਲਿਆ। ਮਹੰਤ ਜੀ ਦੇ ਪਰਿਵਾਰਿਕ ਪਿਛੋਕੜ ਦੇ ਸਬੰਧ ਵਿਚ ਜੋ ਵਾਰਤਾ ਪਰਿਵਾਰ ਵਿਚ ਸੀਨਾ ਬਸੀਨਾ ਤੁਰੀ ਆਉਂਦੀ ਹੈ, ਉਹ ਇਸ ਪਰਕਾਰ ਹੈ।

ਮਹੰਤ ਜਿਉਣ ਸਿੰਘ ਦੇ ਪਿਤਾ ਚਤਰ ਸਿੰਘ ਜਾਂ ਚੇਤ ਸਿੰਘ ਮਹਾਰਾਜਾ ਹੀਰਾ ਸਿੰਘ ਨਾਭਾ ਦੇ ਸ਼ਾਹੀ ਵੈਦ ਸਨ। ਚਤਰ ਸਿੰਘ ਹੋਰਾਂ ਦੇ ਵਡੇਰੇ ਖ਼ਾਨਦਾਨੀ ਵੈਦ ਸਨ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਤਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ, ਮਾਈ ਭਾਗ ਭਰੀ ਨੂੰ ਦਰਸ਼ਨ ਦੇਣ ਕਸ਼ਮੀਰ ਗਏ ਸਨ ਤਾਂ ਪੰਜਾਬ ਵਿਚੋਂ ਕਿਸੇ ਜਗ੍ਹਾ ਤੋਂ ਚਤਰ ਸਿੰਘ ਹੋਰਾਂ ਦਾ ਕੋਈ ਵਡੇਰਾ, ਗੁਰੂ ਜੀ ਨਾਲ ਗਿਆ ਸੀ ਅਤੇ ਫਿਰ ਉਹ ਰਿਆਸਤ ਕਸ਼ਮੀਰ ਵਿਚ ਵੈਦਗੀ ਕਰਨ ਲਈ, ਪੁਣਛ ਦੇ ਕਸਬੇ ਵਿਚ ਵੱਸ ਗਿਆ। ਜਦੋਂ ਉਹਨਾਂ ਨੂੰ ਉੱਥੇ ਰਹਿੰਦਿਆਂ ਸਵਾ ਕੁ ਦੋ ਸੌ ਸਾਲ ਹੋਏ ਤਾਂ ਉਹ ਕੁੰਭ ਦਾ ਇਸ਼ਨਾਨ ਕਰਨ, ਹਰਿਦੁਆਰ ਆਏ। ਵੈਦਗੀ ਕਰਨ ਕਰਕੇ ਇਹਨਾਂ ਨੂੰ ਵੇਦੀ ਵੀ ਕਹਿਣ ਲੱਗ ਪਏ। ਹਰਿਦੁਆਰ ਇਸ ਕੁੰਭ ਦੇ ਮੇਲੇ ਤੇ ਰਾਜਾ ਹੀਰਾ ਸਿੰਘ ਨਾਭਾ ਵੀ ਆਇਆ ਸੀ। ਰਾਜੇ ਨੂੰ ਉਸਦੀ ਕੰਡ ਤੇ ਇਕ ਮਾਸਖੋਰਾ ਫੋੜਾ ਪਰੇਸ਼ਾਨ ਕਰ ਰਿਹਾ ਸੀ। ਰਾਜੇ ਨੇ ਉਸ ਕੁੰਭ ਵਿਚ ਐਲਾਨ ਕਰਵਾਇਆ ਕਿ ਜਿਹੜਾ ਉਸ ਦਾ ਫੋੜਾ ਠੀਕ ਕਰ ਦਵੇਗਾ, ਉਸ ਨੂੰ ਮੂੰਹ ਮੰਗਿਆ ਇਨਾਮ ਮਿਲੇਗਾ। ਵੈਦ ਚਤਰ ਸਿੰਘ ਨੇ ਰਾਜੇ ਨੂੰ ਠੀਕ ਕਰਨ ਦੀ ਹਾਮੀ ਭਰ ਦਿੱਤੀ। ਕੁੰਭ ਤੋਂ ਮੁੜਦਿਆਂ ਰਾਜਾ, ਉਸ ਨੂੰ ਆਪਣੇ ਨਾਲ ਨਾਭੇ ਲੈ ਆਇਆ। ਮਹਿਲ ਵਿਚ ਇਕ ਕਮਰਾ ਦੇ ਦਿੱਤਾ। ਇਲਾਜ ਹੋ ਗਿਆ ਅਤੇ ਸਮਾਂ ਪਾ ਕੇ ਵੈਦ ਹੋਰਾਂ ਦੀ ਮਲ੍ਹਮ ਪੱਟੀ ਅਤੇ ਦੁਆਈ ਨਾਲ ਰਾਜਾ ਠੀਕ ਹੋ ਗਿਆ। ਇਸ ਖੁਸ਼ੀ ਵਿਚ ਨਾਭੇ ਦੇ ਨਾਲ ਲੱਗਦੀ 400 ਵਿਘਾ ਜ਼ਮੀਨ, ਉਸਨੇ ਵੈਦ ਜੀ ਨੂੰ ਦੇ ਦਿੱਤੀ। ਰਾਜੇ ਦੀ ਇਕ ਚਾਚੀ ਸੀ ਜੋ

ਸਮਝਦੀ ਸੀ ਕਿ ਇਹ ਉਸ ਦੀ ਉਲਾਦ ਦਾ ਹੱਕ ਮਾਰ ਕੇ, ਰਾਜਾ ਬਣਿਆ ਹੈ। ਉਹ ਹਰ ਰੋਜ਼ ਰਾਜੇ ਨੂੰ ਗਾਹਲਾਂ ਕੱਢਿਆ ਕਰਦੀ ਸੀ। ਇਸ ਤੋਂ ਅੱਕ ਕੇ, ਰਾਜੇ ਨੇ ਉਸਦਾ ਨੱਕ ਕਟਵਾ ਦਿੱਤਾ। ਬਾਅਦ ਵਿਚ ਉਸਨੂੰ ਗਲਾਨੀ ਮਹਿਸੂਸ ਹੋਈ ਤਾਂ ਰਾਜੇ ਨੇ ਵੈਦ ਜੀ ਨੂੰ ਕਿਹਾ ਕਿ ਕਿਸੇ ਤਰ੍ਹਾਂ ਇਹ ਨੱਕ ਜੁੜ ਜਾਵੇ। ਵੈਦ ਚਤਰ ਸਿੰਘ ਦੁਆਰਾ ਉਸ ਬੀਬੀ ਦਾ ਨੱਕ ਠੀਕ ਕਰ ਦਿੱਤਾ ਗਿਆ ਤਾਂ 400 ਵਿਘਾ ਜ਼ਮੀਨ ਹੋਰ ਵੈਦ ਜੀ ਨੂੰ ਰਾਜੇ ਵੱਲੋਂ ਮਿਲ ਗਈ। ਇਸ ਤਰ੍ਹਾਂ ਆਪ ਬੜੇ ਠਾਠ ਬਾਠ ਨਾਲ ਨਾਭੇ ਦੇ ਰਾਜ ਦਰਬਾਰ ਵਿਚ ਰਹਿ ਰਹੇ ਸਨ। ਵੈਦ ਜੀ ਦਾ ਇਕਲੌਤਾ ਪੁੱਤਰ ਟਿੱਕਾ ਜਵੰਦ ਸਿੰਘ ਸੀ। ਉਹ ਰੋਜ ਸ਼ਾਮ ਨੂੰ ਚਾਰ ਵਜੇ ਘੋੜੇ ਤੇ ਸੁਆਰ ਹੋ ਕੇ, ਦੋ ਪਹਿਰੇਦਾਰਾਂ ਨਾਲ, ਮਹਿਲਾਂ ਤੋਂ ਬਾਹਰ ਨਿਕਲਿਆ ਕਰਦੇ ਸਨ। ਟਿੱਕਾ ਜਵੰਦ ਸਿੰਘ ਦੇ ਮਾੜੇ ਦਿਨਾਂ ਦਾ ਫੇਰ ਸ਼ੁਰੂ ਹੋ ਗਿਆ। ਉਸਦੀ ਮਾਤਾ ਅਕਾਲ ਚਲਾਣਾ ਕਰ ਗਈ। ਕੁਝ ਸਮੇਂ ਬਾਅਦ ਵੈਦ ਜੀ ਨੇ ਦੂਜਾ ਵਿਆਹ ਕਰ ਲਿਆ। ਇਤਨੀ ਵੱਡੀ ਜਾਇਦਾਦ ਦਾ ਇਕੱਲਾ ਜਵੰਦ ਸਿੰਘ ਵਾਰਿਸ ਵੇਖ ਕੇ, ਨਵੀਂ ਆਈ ਵੈਦ ਜੀ ਦੀ ਘਰਵਾਲੀ ਤੇ ਉਹਦੇ ਭਰਾਵਾਂ ਦੇ ਮਨ ਵਿਚ, ਪਾਪ ਆ ਵੱਸਿਆ।ਉਸ ਬੀਬੀ ਦੇ ਭਰਾਵਾਂ ਅਤੇ ਇਕ ਬਰਾਇ ਨਾਮ ਸੰਤ ਨੇ ਮਿਲ ਕੇ, ਜਵੰਦ ਸਿੰਘ ਦੇ ਕਤਲ ਦੀ ਯੋਜਨਾ ਬਣਾਈ। ਜਵੰਦ ਸਿੰਘ ਦਾ ਡੇਰਾ ਮਹੱਲ ਦੇ ਅੰਦਰ ਚੁਬਾਰੇ ਵਿਚ ਸੀ।ਉਸ ਨੇ ਪਉੜੀਆਂ ਦੇ ਹੇਠਾਂ ਸਾਜਿਸ਼ੀਆਂ ਦੀਆਂ ਗੱਲਾਂ ਹੁੰਦੀਆਂ ਸੁਣ ਲਈਆਂ ਕਿ ਅੱਜ ਰਾਤ ਨੂੰ ਇਸ ਦਾ ਫ਼ਸਤਾ ਵੱਢ ਦੇਈਏ, ਤਾਂ ਕਿ ਸਾਰੀ ਜਾਇਦਾਦ ਹਥਿਆਈ ਜਾ ਸਕੇ। ਜਵੰਦ ਸਿੰਘ ਜੋ ਬੜਾ ਕੁਸ਼ਾਗਰ ਬੁਧੀ ਗੱਭਰੂ ਸੀ, ਉਸ ਨੇ ਸਮਝ ਲਿਆ ਕਿ ਹੁਣ ਜਾਂ ਜਾਇਦਾਦ ਰਹੇਗੀ ਜਾਂ ਜ਼ਿੰਦਗੀ। ਦੋਹਾਂ ਵਿਚੋਂ ਇਕ ਸ਼ੈ ਚੁਣਨੀ ਪਏਗੀ। ਉਸ ਨੇ ਆਪਣੀ ਜ਼ਿੰਦਗੀ ਬਚਾਉਣ ਦੇ ਹੱਕ ਵਿਚ ਫੈਸਲਾ ਕੀਤਾ ਤੇ ਉਹ ਪਿਤਾ ਦਾ ਸਾਥ ਤੇ ਜਾਇਦਾਦ ਦੋਹਾਂ ਨੂੰ ਛੱਡ ਕੇ, ਨਾਭੇ ਵਿਚੋਂ ਨਿਕਲ ਤੁਰਿਆ।

ਮਹਿਲਾਂ ਵਿਚੋਂ ਤੁਰਨ ਸਮੇਂ ਜਵੰਦ ਸਿੰਘ ਦੇ ਦੋਹਾਂ ਹੱਥਾਂ ਵਿਚ, 25-25 ਤੋਲਿਆਂ ਦੇ ਸੋਨੇ ਦੇ ਦੋ ਕੜੇ ਸਨ। ਉਸ ਦੀ ਕੁੱਲ ਇਹੋ ਸੰਪਤੀ ਸੀ, ਜਿਸ ਨੂੰ ਲੈ ਕੇ ਉਹ ਨਾਭੇ ਵਿਚੋਂ ਨਿਕਲਿਆ। ਅੱਗੇ ਨਾਂਗੇ ਸਾਧੂ ਮਿਲ ਪਏ। ਜਵੰਦ ਸਿੰਘ ਨੇ ਸੋਚਿਆ ਕਿ ਉਸ ਦੇ ਦੁਸ਼ਮਣ ਉਸ ਦਾ ਪਿੱਛਾ ਕਰ ਸਕਦੇ ਹਨ। ਨਾਂਗੇ ਸਾਧੂਆਂ ਦੀ ਮਦਦ ਲੈਣ ਲਈ, ਉਸਨੇ ਉਹਨਾਂ ਦੇ ਮੁਖੀ ਨੂੰ ਸੋਨੇ ਦਾ ਇੱਕ ਕੜਾ ਭੇਟ ਕਰ ਦਿੱਤਾ ਅਤੇ ਬਚਦਾ ਬਚਾਉਂਦਾ ਅੱਗੇ ਤੁਰਿਆ ਗਿਆ। ਇਸ ਸਮੇਂ ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਅਸਥਾਨ ਤੇ ਗੁਰੂ ਹਰੀ ਸਿੰਘ ਜੀ ਬਿਰਾਜਮਾਨ

ਸਨ। ਨਾਭੇ ਦੇ ਰਾਜ ਮਹਿਲ ਦੀਆਂ ਰਾਣੀਆਂ ਨੂੰ, ਸੂਬਾ ਮਾਈ ਹੁਕਮੀ ਕਥਾ ਵਾਰਤਾ ਸੁਣਾਇਆ ਕਰਦੀ ਸੀ।ਉਹਨਾਂ ਪਾਸੋਂ ਜਵੰਦ ਸਿੰਘ ਗੁਰੂ ਹਰੀ ਸਿੰਘ ਜੀ ਦੀ ਮਹਿਮਾ ਸੁਣੀ ਸੀ ਕਿ ਇਸ ਸਮੇਂ ਅੰਗਰੇਜ਼ ਸਰਕਾਰ ਦੇ ਬਾਗੀਆਂ ਅਤੇ ਹੋਰ ਸਤਾਇਆਂ ਹੋਇਆਂ, ਦੀਨ ਦੁਖੀਆਂ ਦੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵੱਡੀ ਠਾਹਰ ਹੈ। ਸੋ ਜਵੰਦ ਸਿੰਘ ਰਵਾਂ ਰਵੀਂ ਚੱਲਦਾ, ਪੁੱਛਦਾ ਪੁਛਾਉਂਦਾ ਸ੍ਰੀ ਭੈਣੀ ਸਾਹਿਬ ਪੁੱਜ ਗਿਆ। ਉਸ ਦੀ ਉਮਰ 14-15 ਸਾਲ ਦੀ ਹੀ ਸੀ। ਸਵੇਰੇ ਆਸਾ ਦੀ ਵਾਰ ਵਿਚ ਜਦੋਂ ਹਾਜ਼ਰ ਹੋਇਆ ਤਾਂ ਦੂਜਾ ਕੜਾ, ਗੁਰੂ ਹਰੀ ਸਿੰਘ ਜੀ ਨੂੰ ਮੱਥਾ ਟੇਕ ਕੇ, ਸੁਰਖ਼ਰੂ ਹੋ ਗਿਆ। ਗੁਰੂ ਹਰੀ ਸਿੰਘ ਜੀ ਨੇ ਹੌਲੀ ਹੌਲੀ ਉਸ ਨੂੰ ਪਿਆਰ ਨਾਲ ਸਾਰੀ ਵਿੱਥਿਆ ਪੁੱਛੀ ਅਤੇ ਅਭੈਦਾਨ ਦੇ ਕੇ, ਉਹ ਨੂੰ ਗੁਰੂ ਘਰ ਦੀ ਸੇਵਾ ਵਿਚ ਲਾ ਦਿੱਤਾ।ਉਸ ਨੂੰ ਅੰਮ੍ਰਿਤ ਛਕਾ ਕੇ, ਨਾਮ ਦੀ ਦਾਤ ਦੇ ਕੇ, ਉਸ ਦਾ ਨਾਮ ਜੀਵਨ ਸਿੰਘ ਕਰ ਦਿੱਤਾ। ਕਈ ਸਾਲ ਆਪ ਭੈਣੀ ਸਾਹਿਬ ਰਹਿ ਕੇ ਸਾਹਿਬਜ਼ਾਦਾ ਪਰਤਾਪ ਸਿੰਘ ਹੋਰਾਂ ਦੀ ਅਤੇ ਹੋਰ ਵੀ ਲੰਗਰ ਵਿਚ ਸੇਵਾ ਨਿਬਾਹੁੰਦੇ ਰਹੇ। ਆਪ ਦੁਆਰਾ ਤਨਦੇਹੀ, ਸਿਦਕਦਿਲੀ ਨਾਲ ਕੀਤੀ ਸੇਵਾ ਤੋਂ ਗੁਰੂ ਹਰੀ ਸਿੰਘ ਜੀ ਬਹੁਤ ਖੁਸ਼ ਹੁੰਦੇ ਅਤੇ ਆਪ ਨੂੰ ਬਹੁਤ ਵਰ ਦਿਆ ਕਰਦੇ ਸਨ। ਉਂਜ ਵੀ ਗੁਰੂ ਸਾਹਿਬ, ਗੁਰੂ ਕੇ ਲੰਗਰ ਦੀ ਸੇਵਾ ਕਰਨ ਵਾਲਿਆਂ ਤੇ ਗੁਰਦੁਆਰੇ ਵਿਚ ਰਹਿ ਕੇ, ਟਹਿਲ ਸੇਵਾ ਕਰਨ ਵਾਲਿਆਂ ਤੇ ਹਮੇਸ਼ਾਂ ਖੁਸ਼ ਰਹਿੰਦੇ ਸਨ। ਜਦੋਂ ਗੁਰੂ ਹਰੀ ਸਿੰਘ ਜੀ ਦਾ ਦੌਰਾ 1905 ਈਂ ਦੇ ਨੇੜੇ ਅੰਮ੍ਰਿਤਸਰ ਗਿਆ ਤਾਂ ਆਪ ਨੂੰ ਭਾਈ ਨਾਹਰ ਸਿੰਘ ਵਾਲੀ ਧਰਮਸ਼ਾਲਾ ਦਾ ਮਹੰਤ ਥਾਪ ਦਿੱਤਾ ਗਿਆ। ਇੱਥੇ ਜਿਹੜੇ ਮਹੰਤ ਹਜ਼ਾਰਾ ਸਿੰਘ ਹੋਰੀ ਸਨ ਉਹ ਕਦੇ ਭੈਣੀ ਸਾਹਿਬ ਆ ਜਾਂਦੇ ਅਤੇ ਕਦੇ ਕੁਝ ਸਮਾਂ ਅੰਮ੍ਰਿਤਸਰ ਰਹਿ ਕੇ, ਜੀਵਨ ਸਿੰਘ ਹੋਰਾਂ ਨੂੰ ਧਰਮਸ਼ਾਲਾ ਦੇ ਪ੍ਰਬੰਧ ਵਿਚ ਹਰ ਤਰ੍ਹਾਂ ਨਾਲ ਤਾਕ ਕਰ ਜਾਂਦੇ।

ਅੰਮ੍ਰਿਤਸਰ ਜ਼ਿਲ੍ਹੇ ਵਿਚ ਇੱਬਣ, ਕੂਕਿਆਂ ਦਾ ਪਰਸਿੱਧ ਪਿੰਡ ਸੀ। ਇੱਥੋਂ ਦੇ ਇਕ ਕੂਕਾ ਸਾਧੂ ਬਾਬਾ ਗੰਡਾ ਸਿੰਘ ਜੀ ਹੋਏ ਹਨ ਇਹਨਾਂ ਦੀਆਂ ਅਜ਼ਮਤਾਂ ਅਤੇ ਰਿਧੀਆਂ ਸਿੱਧੀਆਂ ਦੀਆਂ, ਨਾਮਧਾਰੀ ਜਗਤ ਵਿਚ ਬਹੁਤ ਸਾਖੀਆਂ ਪ੍ਰਚਲਿਤ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਬਾਅਦ, ਸਾਧ ਸੰਗਤ ਦੁਆਰਾ ਹੁੰਦੇ ਮਾਣ ਤਾਣ ਸਦਕਾ, ਇਹਨਾਂ ਦੇ ਮਨ ਵਿਚ ਅਭਿਮਾਨ ਦਾ ਕੰਡਾ ਉੱਗ ਪਿਆ ਅਤੇ ਇਹ ਆਪਣੇ ਆਪ ਨੂੰ ਕੂਕਾ ਕੇਂਦਰ, ਸ੍ਰੀ ਭੈਣੀ ਸਾਹਿਬ ਵਿਖੇ ਬਿਰਾਜਮਾਨ, ਗੁਰੂ ਹਰੀ ਸਿੰਘ ਜੀ ਦੀ ਪ੍ਰਤਿਭਾ ਤੋਂ ਮੁਨਕਰ ਹਸਤੀ ਸਮਝਣ ਦਾ ਭਰਮ ਪਾਲ ਬੈਠੇ। ਗੁਰੂ ਹਰੀ ਸਿੰਘ ਜੀ ਦੇ ਗੁਰਤਾ ਕਾਲ ਦੇ ਪਹਿਲੇ ਵੀਹ ਕੁ ਸਾਲਾਂ ਵਿਚ, ਕੂਕਿਆਂ

ਵਿਚ ਜਿਹੜੀਆਂ ਗੁਰੂ ਘਰ ਦੇ ਸਮਾਨੰਤਰ "ਚੌਵੀ ਮੰਜੀਆਂ" ਅਜਿਹੇ ਅਭਿਮਾਨੀ ਸਾਧੂਆਂ, ਕਰਾਮਾਤੀ ਬਾਬਿਆਂ ਦੀਆਂ ਸਨ, ਉਹਨਾਂ ਵਿਚੋਂ ਇੱਕ ਸ਼ਿਰੋਮਣੀ ਮੰਜੀ, ਮਾਝੇ ਵਿਚ ਬਾਬਾ ਗੰਡਾ ਸਿੰਘ ਇੱਬਣ ਦੀ ਵੀ ਸੀ। ਸੰਨ 1892 ਈਂ ਵਿਚ ਜਦੋਂ ਗੁਰੂ ਹਰੀ ਸਿੰਘ ਜੀ ਪਹਿਲੀ ਵੇਰ ਦੋ ਮਹੀਨਿਆਂ ਦੀ ਲੰਮੀ ਛੁੱਟੀ ਤੇ ਕੇਂਦਰੀ ਅਤੇ ਪੱਛਮੀ ਪੰਜਾਬ ਦੇ ਦੌਰੇ ਤੇ ਨਿਕਲੇ ਤਾਂ ਆਪ ਜੀ ਨੇ ਅਜਿਹੇ ਅਭਿਮਾਨੀ ਸਾਧੂਆਂ ਨਾਲ ਵੀ ਸਿੱਝਣਾਂ ਸੀ। ਗੁਰੂ ਜੀ ਦਾ ਸੁਆਗਤ ਸਤਿਕਾਰ ਨਾਂ ਕਰਨ ਸਦਕਾ ਅਤੇ ਕੁਝ ਹੋਰ ਸੰਗਤ ਨੂੰ ਨਾ ਪਸੰਦ ਕਾਰਵਾਈਆਂ ਸਦਕਾ, ਬਾਬਾ ਗੰਡਾ ਸਿੰਘ ਹੋਰਾਂ ਦੀ ਪ੍ਰਤਿਭਾ ਦਾ ਜਲੌਅ ਮੱਧਮ ਪੈ ਗਿਆ। ਸਮਕਾਲੀ ਇਤਿਹਾਸਕਾਰ ਨੇ ਇਸ ਘਟਨਾ ਨੂੰ ਇਉਂ ਕਾਨੀ ਬੱਧ ਕੀਤਾ ਹੈ- "ਗੁਰੂ ਜੀ ਇੱਬਣ ਆਏ ਪਰ ਪਹਿਲੇ ਸਿੰਘ ਆਏ। ਗੰਡਾ ਸਿੰਘ ਤੇ ਸੌਣ ਸਿੰਘ ਦੋਨੋਂ ਮੰਜਿਆਂ ਪਰ ਬੈਠੇ ਹੈਂ। ਸਿੰਘਾਂ ਨੂੰ ਪੁਛਣੇਂ ਲੱਗੇ ਤੁਸੀਂ ਕਿਉਂ ਆਏ ਹੋ? ਸਿੰਘਾਂ ਨੇ ਕਿਹਾ ਕਿ ਗੁਰੂ ਹਰੀ ਸਿੰਘ ਜੀ ਔਂਦੇ ਹੈ। ਏਤਨੇ ਮੇਂ ਗੁਰੂ ਜੀ ਆਇ ਗਏ। ਆ ਕੇ ਗੰਡਾ ਸਿੰਘ ਦੇ ਮੰਜੇ ਨੂੰ ਹੱਥ ਲਾ ਕੇ ਮੱਥਾ ਟੇਕਿਆ। ਗੰਡਾ ਸਿੰਘ ਨਾਂ ਉਠਿਆ ਮੰਜੇ ਉਤੋਂ ਸੌਣ ਸਿੰਘ ਉਠ ਖਲੋਤਾ। ਦੂਆ ਮੰਜਾ ਡਹਾਇਕੇ ਬੈਠੇ ਗੁਰੂ ਜੀ।ਰਾਗਾ ਸਿੰਘ ਨੂੰ ਬਚਨ ਕੀਤਾ ਤੂੰ ਪਤਾਸੇ ਧਰ। ਜਾਂ ਪਤਾਸੇ ਅੱਗੇ ਜਾਇ ਧਰੇ। ਪਤਾਸੇ ਖਿੰਡਾਇ ਦੀਏ ਗੰਡਾ ਸਿੰਘ ਨੇ ਤੇ ਰਾਗਾ ਸਿੰਘ ਨੇ ਚੁੱਕ ਕੇ ਮੂੰਹ ਮੇਂ ਪਾਇ ਲੀਏ।ਮੁੜ ਆਇਆ।"

"ਗੁਰੂ ਜੀ ਬਚਨ ਕੀਤਾ ਤੁਹਾਡੇ ਕੋਲ ਕੀ ਹੈ? ਗੰਡਾ ਸਿੰਘ ਨੇ ਕਿਹਾ ਕਿ ਸਾਡੇ ਕੋਲ ਪਾਂਚ ਭੂਤ ਹੈਂ, ਕਾਮ, ਕ੍ਰੋਧ, ਲੋਭ, ਮੋਹ, ਮਤਸਰ, ਏਹ ਹੈਨ ਹੋਰ ਕੁਝ ਨਹੀਂ ਹੈ। ਗੁਰੂ ਜੀ ਬਚਨ ਕੀਤਾ ਚਲੋ ਭਾਈ ਏਨਾਂ ਦੇ ਕੋਲ ਕੁਝ ਨਹੀਂ ਹੈ, ਖਾਲੀ ਪਏ ਠਣਕਦੇ ਹੈਂ। ਸੱਤਾ ਸਾਰੀ ਖੈਂਚ ਆਂਦੀ, ਖਾਲੀ ਕਰ ਦੀਏ।"[8]

ਇਸ ਤੋਂ ਬਾਅਦ ਛੇਤੀ ਹੀ ਬਾਬਾ ਗੰਡਾ ਸਿੰਘ ਜੀ ਤਾਂ ਚਲਾਣਾ ਕਰ ਗਏ ਸਨ, ਸਤਿਗੁਰੂ ਜੀ ਦੇ ਗਿਆਂ, ਉਹਨਾਂ ਦੇ ਸੁਆਗਤ ਵਿਚ ਉੱਠ ਕੇ ਖਲੋਣ ਵਾਲੇ, ਬਾਬਾ ਸਾਉਣ ਹੋਰਾਂ ਨੇ ਆਪਣੇ ਆਪ ਨੂੰ ਗੁਰੂ ਹਰੀ ਸਿੰਘ ਜੀ ਦੇ ਪਹਿਰੇ ਵਿਚ ਲੈ ਆਂਦਾ ਸੀ। ਇਹ ਬਾਬਾ ਸਾਉਣ ਸਿੰਘ ਜੀ ਗ੍ਰਹਿਸਤੀ ਸਿੰਘ ਸਨ ਅਤੇ ਬਾਬਾ ਗੰਡਾ ਸਿੰਘ ਜਿਉਂ ਇਹ ਵੀ ਕਾਰੀਗਰ ਸਿੰਘ ਸਨ। ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ, ਬਾਬਾ ਸਾਉਣ ਸਿੰਘ ਹੋਰਾਂ ਨੇ ਆਪਣੀ ਪੁੱਤਰੀ ਬੀਬੀ ਜੁਆਲਾ ਦੇਵੀ ਦਾ ਅਨੰਦ ਕਾਰਜ 1897-98 ਈਂ ਵਿਚ, ਸੰਤ ਜਿਊਣ ਸਿੰਘ ਹੋਰਾਂ ਨਾਲ ਕਰ ਦਿੱਤਾ ਜੋ ਅਜੇ ਭੈਣੀ ਸਾਹਿਬ ਵਿਖੇ, ਸਾਹਿਬਜ਼ਾਦੇ ਪਰਤਾਪ ਸਿੰਘ ਹੋਰਾਂ ਦੇ ਲੰਗਰ ਦੀ ਸੇਵਾ ਵਿਚ ਹੀ

ਸਨ। ਇਹ ਬੀਬੀ ਜੁਆਲਾ ਦੇਵੀ ਵੀ ਸੇਵਾ ਦੀ ਸਾਕਾਰ ਮੂਰਤੀ ਸੀ, ਇਹ ਗੋਡਿਆਂ ਤੋਂ ਹੇਠਾਂ ਲੰਮਾਂ ਚੋਲਾ ਪਹਿਰ ਕੇ ਅਤੇ ਸਿਰ ਤੇ ਦਸਤਾਰਾ ਸਜਾਕੇ, ਲੰਗਰ ਦੀ ਸੇਵਾ ਵਿਚ ਜੁੱਟੇ ਰਹਿੰਦੇ ਸਨ, ਇਸ ਕਾਰਨ ਸੰਗਤ ਆਪ ਨੂੰ "ਜੁਆਲਾ ਸਿੰਘ" ਦੇ ਨਾਮ ਨਾਲ ਹੀ ਬੁਲਾਇਆ ਕਰਦੀ ਸੀ। ਮਹੰਤ ਜਿਉਣ ਸਿੰਘ ਜੀ ਦੇ ਇਕ ਸਾਂਢੂ ਦਾ ਨਾਮ ਸਰਧਾ ਸਿੰਘ ਸੀ ਉਸ ਦਾ ਪਿੰਡ ਤਰਨਤਾਰਨ ਨੇੜੇ, ਬੰਗਾਲੀਪੁਰ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਜਲਾਵਤਨ ਹੋਣ ਵਾਲੇ, ਬੰਗਾਲੀਪੁਰ ਦੇ ਦੋ ਭਰਾਵਾਂ, ਸੂਬਾ ਸਾਹਿਬ ਸਿੰਘ, ਸੂਬਾ ਰੂੜ ਸਿੰਘ ਅਤੇ ਉਹਨਾਂ ਦੇ ਭਾਈ ਹੀਰਾ ਸਿੰਘ ਹੋਰਾਂ ਦੇ ਪਰਿਵਾਰ ਨਾਲ ਸੰਬੰਧਿਤ ਸੀ।

ਸੰਤ ਜਿਉਣ ਸਿੰਘ ਜੀ ਜਿੱਥੇ ਆਏ ਗਏ ਸਿੱਖ ਸਾਧ ਦੀ ਸੇਵਾ ਲਈ ਹਮੇਸ਼ਾਂ ਤਤਪਹ ਰਹਿੰਦੇ ਸਨ ਉੱਥੇ ਕੌਮੀ ਅਣਖ ਦੇ ਸੁਆਲ ਤੇ ਸਰੀਰ ਵਾਰਨ ਲਈ ਵੀ ਤਤਪਰ ਰਹਿੰਦੇ ਸਨ।ਉਹਨਾਂ ਦੇ ਪਰਿਵਾਰ ਵਿਚ ਸਿੱਖੀ, ਮੀਰੀ ਪੀਰੀ ਦੇ ਮਾਲਕ, "ਦਲਭੰਜਨ ਗੁਰ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ", ਗੁਰੂ ਹਰਗੋਬਿੰਦ ਜੀ ਦੇ ਸਮੇਂ ਤੋਂ ਚੱਲੀ ਆਉਂਦੀ ਸੀ, ਇਸ ਲਈ ਪਿਤਾ ਪੁਰਖੀ ਜੂਝਣ ਕੋ ਦਾਉ' ਵਾਲੇ ਗੁਣ ਮਹੰਤ ਜੀ ਵਿਚ ਵੀ ਸਨ। ਸੰਨ 1933 ਈਂ ਦੇ 8-9 ਅੱਸੂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਅੱਸੂ ਦੇ ਮੇਲੇ ਤੇ ਇਕ ਸ਼ਾਨਦਾਰ ਗੁਰਮਤਿ ਸੰਗੀਤ ਸੰਮੇਲਨ ਹੋਇਆ ਸੀ। ਇਸ ਸਮੇਂ ਇਕ ਬੇਲਾ ਸਿੰਘ ਮੱਤੇ ਨੰਗਲ ਅਤੇ ਗੰਗਾ ਸਿੰਘ ਛੱਜਲ- ਵੱਢੀ ਦਾ ਅਤੇ ਤੀਜਾ ਉਹਨਾਂ ਦਾ ਇਕ ਹੋਰ ਉਸਤਾਦ ਜੋ ਪਹਾੜਾਂ ਵਿਚ ਰਵਾਲਸਰ ਰਹਿੰਦਾ ਸੀ, ਕੁਝ ਪੈਂਫਲਿਟ ਛਾਪ ਕੇ, ਸਭ ਗੁਰੂ ਸਾਹਿਬਾਨ ਦੀ ਬੇਅਦਬੀ ਕਰ ਰਹੇ ਸਨ। ਇਸ ਸੰਮੇਲਨ ਤੋਂ ਬਾਅਦ ਆਸਾ ਦੀ ਵਾਰ ਦੇ ਇਕ ਭੋਗ ਮਗਰੋਂ, ਸੰਤ ਇੰਦਰ ਸਿੰਘ ਚੱਕਰਵਰਤੀ ਨੇ ਉਪਰੋਕਤ ਵਿਅਕਤੀਆਂ ਦਾ ਜ਼ਿਕਰ ਕਰਕੇ ਕਿਹਾ ਕਿ ਮੈਂ ਸਤਿਜੁਗ ਵਿਚ ਵੀ ਛਾਪ ਚੁੱਕਾ ਹਾਂ, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਰਮਲ ਮਹਾਂ ਮੰਡਲ, ਉਦਾਸੀ ਮੰਡਲ, ਨਾਮਧਾਰੀ ਦਰਬਾਰ ਆਦਿ ਨੂੰ ਵੀ ਲਿਖਿਆ ਹੈ ਕਿ ਵੇਖੋ ਸਭ ਗੁਰੂਆਂ ਦੇ ਖਿਲਾਫ਼ ਲਿਖਦਾ ਹੈ, ਹੱਤਕ ਕਰਦਾ ਹੈ ਪਰ ਕੋਈ ਕੁਸਕਿਆ ਤੱਕ ਨਹੀਂ। ਅੱਜ ਕਿਸ਼ਨ ਸਿੰਘ ਵਰਨ, ਸੰਤ ਜਵੰਦ ਸਿੰਘ ਜੀ ਖਿਆਲਾ, ਭਗਵਾਨ ਸਿੰਘ ਅੜਬੰਗੀ ਮਰਹਾਣਾ ਤੇ ਅਰੂੜ ਸਿੰਘ ਬੱਲੂਆਣੀਆਂ ਹੁੰਦੇ, ਜੋ ਉਸ ਨੂੰ ਜਾ ਇਹ ਬਕਵਾਸ ਕਰਨ ਦਾ ਸਵਾਦ ਦੱਸਦੇ। ਇਹ ਸੁਣ ਸੰਤ ਜਿਊਣ ਸਿੰਘ ਅੰਮ੍ਰਿਤਸਰ ਵਾਲਿਆਂ ਜਾ ਚੱਕਰਵਰਤੀ ਜੀ ਨੂੰ ਕੰਨ ਵਿਚ ਕਿਹਾ ਕਿਸੇ ਨੂੰ ਕੀ ਕਹਿਣਾ ਹੈ, ਚੱਲ ਤੂੰ ਤੇ ਮੈਂ ਹੀ ਚੱਲੀਏ, ਚੱਕਰਵਰਤੀ ਜੀ ਚੁੱਪ ਕਰ ਰਹੇ। ਸਤਿਗੁਰੂ ਜੀ

ਪੁੱਛਿਆ, ਤੁਹਾਨੂੰ, ਜੀਊਣ ਸਿੰਘ ਕੰਨ ਵਿਚ ਕੀ ਕਿਹਾ ਹੈ? ਤਾਂ ਚੱਕਰਵਰਤੀ ਜੀ ਸੰਤ ਜੀ ਦਾ ਕਹਿਣਾ ਦੱਸਿਆ। ਤਾਂ ਸਤਿਗੁਰੂ ਜੀ, ਸੰਤ ਜੀ ਨੂੰ ਨੇੜੇ ਸੱਦ ਕਿਹਾ, ਸੰਤ ਜੀ ਇਹਨਾਂ ਵੱਲੋਂ ਤਾਂ ਬਸ ਬੋਲਣਾ ਹੀ ਸੀ। ਇਹੋ ਜਿਹੀਆਂ ਸੂਰਮੇ ਹੀ ਗੱਲਾਂ ਸਿਰੇ ਚਾੜ੍ਹਦੇ ਨੇ। ਇਹ ਗੱਲ ਸਾਰੇ ਦੀਵਾਨ ਵਿਚ ਸਰਨਾਟੇ ਵਾਂਗ ਫਿਰ ਗਈ।" ਉਸ ਗੁਰੂ ਘੰਟਾਲ ਨੂੰ ਉਸਦੀ ਕਰਨੀ ਦਾ ਫਲ, ਭਾਈ ਪਰਤਾਪ ਸਿੰਘ ਸੈਦੋ (ਮੋਗਾ) ਅਤੇ ਆਤਮਾ ਸਿੰਘ ਵਲਟੋਹਾ (ਉਦੋਂ ਲਾਹੌਰ, ਵੰਡ ਬਾਅਦ ਅੰਮ੍ਰਿਤਸਰ) ਦੋਹਾਂ ਨਾਮਧਾਰੀ ਸਿੰਘਾਂ ਨੇ ਭੁਗਤਾ ਦਿੱਤਾ ਅਤੇ ਉਸਦੇ ਦੋਵੇਂ ਚੇਲੇ, ਸਾਧ ਸੰਗਤ ਵਿਚ ਆ ਕੇ ਖ਼ਿਮਾ ਯਾਚਨਾ ਕਰ ਗਏ।

ਸੰਨ 1931 ਈ ਦੀ ਵੈਸਾਖੀ ਤੇ ਹਰ ਸਾਲ ਦੀ ਤਰ੍ਹਾਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਮੇਲਾ ਮਨਾਉਣ ਸਮੇਂ ਨਾਮਧਾਰੀ ਧਰਮਸ਼ਾਲਾ, ਅੰਮ੍ਰਿਤਸਰ ਵਿਚ ਦਰਸ਼ਨ ਦਿੱਤੇ ਸਨ। ਇਸ ਸਮੇਂ ਸਤਿਗੁਰੁ ਪਰਤਾਪ ਸਿੰਘ ਜੀ ਦਾ ਹੁਕਮ ਸੀ ਕਿ ਸਤਿਗੁਰੁ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਹਰ ਜ਼ਿਲ੍ਹਾ 101 ਪਾਠ ਕਰਾਵੇ। ਇਸ ਸਮੇਂ ਸੰਤ ਤਰਨ ਸਿੰਘ ਵਹਿਮੀ ਦੀ ਲਿਖਤ ਮੁਤਾਬਿਕ, ਮਾਲੂਮ ਹੁੰਦਾ ਹੈ ਕਿ ਸੰਤ ਜਿਊਣ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਮਹੰਤੀ ਤੋਂ ਉੱਪਰ ਕਰਕੇ ਸੂਬਾ ਪਦਵੀ ਨਾਲ ਵੀ ਨਿਵਾਜਿਆ ਸੀ। ਵੈਸਾਖੀ ਦੇ ਮੇਲੇ ਦੇ ਭੋਗ ਤੇ ਭੇਟ ਕੀਤੀ ਸਤਿਗੁਰੂ ਜੀ, ਸਤਿਜੁਗ, ਨਾਮਧਾਰੀ ਵਿਦਿਆਲਾ ਭੈਣੀ ਸਾਹਿਬ, ਰਾਗੀਆਂ ਅਤੇ ਕਵੀ ਦਰਬਾਰ ਜੋਗ ਮਾਇਆ, ਭੇਟ ਕਰਨ ਬਾਅਦ "ਸ੍ਰ. ਲਛਮਣ ਸਿੰਘ ਜੀ ਫੱਤੇਵਾਲੀਏ ਪਰਧਾਨ ਨਾਮਧਾਰੀ ਦਰਬਾਰ, ਸੰਤ ਜਿਊਣ ਸਿੰਘ ਜੀ ਸੂਬਾ ਤੇ ਖਜ਼ਾਨ ਸਿੰਘ ਅੰਮ੍ਰਿਤਸਰ ਗੁਰਦੁਆਰੇ ਦੇ ਪਰਬੰਧਕਾਂ ਨੇ 288 ਪਾਠ ਜ਼ਿਲ੍ਹੇ ਅੰਮ੍ਰਿਤਸਰ ਵੱਲੋਂ ਕਾਗਜ਼ ਤੇ ਫ਼ਹਿਰਿਸਤ ਬਣਾ ਕੇ, ਸਤਿਗੁਰੂ ਜੀ ਅੱਗੇ ਮੱਥਾ ਟੇਕਿਆ। ਸਤਿਗੁਰੂ ਜੀ ਪਾਠ ਲਿਖੇ ਦੇਖ ਖੁਸ਼ ਹੋਏ। ਬਚਨ ਕੀਤਾ, ਜਿਵੇਂ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ, ਬਚਨ ਕੀਤਾ ਕਰਦੇ ਸੀ, ਭਾਈ ਹਰ ਸ਼ੁਭ ਕਾਰਜ ਦੀ ਨੀਂਹ ਚੌੜੀ ਰੱਖਣੀ ਚਾਹੀਦੀ ਹੈ। ਤਿਵੇਂ ਸਾਧ ਸੰਗਤ ਨੇ ਮੁੱਢ ਤੇ ਚੰਗਾ ਹੀ ਬੱਧਾ ਹੈ।...ਤੇ ਕਿਹੋ ਨੇ ਨਾਮਧਾਰੀ ਪੰਥ ਵਿਚ ਕਵੀ ਘੱਟ ਹਨ, ਜੋ ਤੁਸਾਂ ਉਹਨਾਂ ਦੇ ਜੋਗ ਭਾਗ ਧਰਿਆ ਹੈ, ਇਹ ਮਨਸ਼ਾ ਭੀ ਗੁਰੂ ਤੁਹਾਡੀ ਪੂਰੀ ਕਰੇ। ਇਹ ਕਾਗਜ਼ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਨੂੰ ਦੇ ਸਤਿਗੁਰੂ ਜੀ ਕਿਹਾ, ਸਤਿਜੁਗ ਤੇ ਛਾਪ ਦੇਣਾ।"[10]

1980 ਬਿਕਰਮੀ ਦਾ ਹੋਲਾ ਮਹੱਲਾ ਬਿਜਲੀਵਾਲ (ਗੁਰਦਾਸਪੁਰ) ਵਿਖੇ, ਸਤਿਗੁਰੂ ਪਰਤਾਪ ਸਿੰਘ ਜੀ ਦੀ ਰਹਿਨੁਮਾਈ ਹੇਠ, ਮਨਾਇਆ ਗਿਆ। ਇਸ ਹੋਲੇ ਸਮੇਂ, ਆਸਾ ਸਿੰਘ ਜੀ ਬੁਆਇਲਰ ਇੰਸਪੈਕਟਰ ਲਾਹੌਰ,

ਸੰਤ ਜਿਊਣ ਸਿੰਘ ਜੀ ਅੰਮ੍ਰਿਤਸਰ ਅਤੇ ਭਗਵਾਨ ਸਿੰਘ ਜੀ ਭਾਲੋਵਾਲੀ ਨੇ ਅਗਲੇ ਸਾਲ ਦਾ ਨਾਮਧਾਰੀ ਪੰਥ ਦਾ ਹੋਲਾ ਮਹੱਲਾ, ਸ੍ਰੀ ਅੰਮ੍ਰਿਤਸਰ ਵਿਖੇ ਮਨਾਉਣ ਦੀ ਬੇਨਤੀ ਕੀਤੀ। ਅਰਜ਼ ਪਰਵਾਨ ਹੋਈ ਤੇ 1981ਬਿ. ਮੁਤਾਬਿਕ 1925 ਈ ਦਾ ਹੋਲਾ ਮਹੱਲਾ ਅੰਮ੍ਰਿਤਸਰ ਸ਼ਹਿਰ ਵਿਖੇ ਹੋਇਆ। ਹੋਲਾ ਸਿਰੇ ਚੜ੍ਹਾਉਣ ਲਈ ਸੰਤ ਜਿਊਣ ਸਿੰਘ ਜੀ ਵੱਲੋਂ ਵੱਡਾ ਤਰੱਦਦ ਕੀਤਾ ਗਿਆ ਕਿਉਂਕਿ ਇਹ ਸਮਾਂ ਬਹੁਤ ਮਹਿੰਗਾਈ ਦਾ ਸੀ। ਪੰਜਾਬ ਦੇ ਆਮ ਲੋਕ ਮੰਦਵਾੜੇ ਦੇ ਸ਼ਿਕਾਰ ਸਨ।ਉਸ ਸਮੇਂ ਪਰਿਵਾਰ ਦੇ ਜ਼ੇਵਰ ਜੋ ਸੰਤ ਜਿਊਣ ਸਿੰਘ ਹੋਰਾਂ ਨੇ ਗਹਿਣੇ ਪਾ ਕੇ, ਹੋਲੇ ਦਾ ਲੰਗਰ ਅਤੇ ਹੋਰ ਸੇਵਾ ਭੁਗਤਾਈ ਸੀ, ਇਹ ਗਹਿਣੇ ਪਏ ਗਹਿਣੇ ਮਹੰਤ ਜੀ ਨੇ ਵਿਹਾਰ ਕਾਰ ਕਰਦਿਆਂ ਹੋਲੇ ਤੋਂ ਕਈ ਸਾਲ ਬਾਅਦ ਛੁਡਾਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਸਮਕਾਲੀ ਲੇਖਕ ਦੇ ਸ਼ਬਦਾਂ ਵਿਚ, ਇਹ ਵੇਰਵਾ ਸਾਡੇ ਇਤਿਹਾਸ ਵਿਚ ਦਰਜ ਹੋ ਚੁੱਕਾ ਹੈ।"1981 ਬਿਕਰਮੀ ਦਾ ਹੋਲਾ ਸ੍ਰੀ ਅੰਮ੍ਰਿਤਸਰ ਜੀ ਹੋਇਆ। ਲੰਗਰ ਨਾਮਧਾਰੀ ਧਰਮਸ਼ਾਲਾ ਵਿਚ ਸੀ ਤੇ ਦੀਵਾਨ ਰਾਮ ਤਲਾਈ ਸੀ। ਜਲੂਸ ਸ਼ਹਿਰ ਦੇ ਬਜ਼ਾਰਾਂ ਵਿਚ, ਕਤਾਰਾਂ ਵਿਚ ਤੇ ਥਾਂ ਥਾਂ ਸ਼ਬਦ, ਢੋਲਕੀ ਦੀਆਂ ਘੁਣਘਾਰਾਂ ਵਿਚ ਭਰਿਆ, ਧਰਮਸ਼ਾਲਾ ਕੋਲੋਂ ਟੁਰ, ਬਾਜ਼ਰਾਂ ਵਿਚੋਂ ਫਿਰਦਾ ਪਰਚਾਰ ਕਰਦਾ ਦੀਵਾਨ ਤੱਕ ਗਿਆ ਸੀ। ਭਾਵੇਂ ਸ੍. ਆਸਾ ਸਿੰਘ ਜੀ, ਸੱਦਾ ਸਿੰਘ ਜੀ, ਭਗਵਾਨ ਸਿੰਘ ਜੀ ਸਾਥੀਆਂ ਨੇ ਬਹੁਤ ਚੰਗਾ ਸਾਥ ਦਿੱਤਾ ਸੀ। ਪਰ ਫੇਰ ਭੀ ਸੰਤ ਜਿਊਣ ਸਿੰਘ ਜੀ, ਆਪਣੇ ਘਰ ਦਾ ਜ਼ੇਵਰ ਪੂੰਜੀ ਰਹਿਣੇ ਧਰ, ਜੇ ਨਾਂ ਪੂਰਾ ਸਾਂਭਾ ਕਰਦੇ ਤਾਂ ਬੇਰਸੀ ਹੋਣੀ ਸੀ ਕਿਉਂਕਿ ਵਸਤਾਂ ਰਸਤਾਂ ਥੁੜ ਗਈਆਂ ਸੀ। ਸੰਤ ਜਿਊਣ ਸਿੰਘ ਜੀ ਕੁਝ ਚਿਰ ਬਾਅਦ ਕਰਜ਼ ਲਾਹਿਆ।[11] ਹੋਲੇ ਦੇ ਭੋਗ ਤੋਂ ਅਗਲੇ ਦਿਨ ਵੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸ਼ਾਲਾ ਵਿਚ, ਅੰਮ੍ਰਿਤਸਰ ਸ਼ਹਿਰ ਦੇ ਸਮੂਹ ਕੌਮੀ ਆਗੂਆਂ ਨਾਲ ਗੱਲਬਾਤ ਕੀਤੀ ਅਤੇ ਦੇਸ਼ ਵਿਚੋਂ ਬਦੇਸ਼ੀ ਸਰਕਾਰ ਦਾ ਬਿਸਤਰਾ ਗੋਲ ਕਰਨ ਲਈ, ਸੰਪਰਦਾਇਕ ਸੱਦ ਭਾਵਨਾ, ਮਜ਼ਬੂਤ ਕਰਨ ਤੇ ਜ਼ੋਰ ਦਿੱਤਾ ਤਾਂ ਕਿ ਸਾਰੇ ਫ਼ਿਰਕਿਆਂ ਦੀ ਏਕਤਾ ਕਾਇਮ ਕਰਕੇ, ਗੋਰਾ ਸ਼ਾਹੀ ਨੂੰ ਭਾਂਜ ਦਿੱਤੀ ਜਾ ਸਕੇ। 1929 ਨੂੰ ਲਾਹੌਰ ਰਾਵੀ ਨਦੀ ਦੇ ਕੰਢੇ ਕਾਂਗਰਸ ਦਾ ਪੂਰਨ ਅਜ਼ਾਦੀ ਵਾਲਾ ਮਤਾ ਪਾਸ ਕਰਨ ਵਾਲਾ ਸਲਾਨਾ ਸਮਾਗਮ ਹੋਇਆ ਸੀ। ਇਸਦੇ ਲੰਗਰ ਦਾ ਪ੍ਰਬੰਧ ਨਾਮਧਾਰੀ ਸੰਗਤ ਵੱਲੋਂ ਸੀ। ਹਜ਼ਾਰਾਂ ਕਾਰਕੂਨਾਂ ਲਈ ਕਈ ਦਿਨ ਪ੍ਰਸ਼ਾਦ ਪਾਣੀ ਪਕਾਉਣਾ ਛਕਾਉਣਾ ਮਹੰਤ ਜਿਊਣ ਸਿੰਘ ਜੀ ਦੇ ਜੱਥੇ ਦੇ ਹਿੱਸੇ ਆਇਆ ਸੀ।

ਸੰਨ 1919 ਈ ਦੀ 13 ਅਪਰੈਲ ਵੈਸਾਖੀ ਦੇ ਦਿਨ ਜਲ੍ਹਿਆਂਵਾਲਾ ਬਾਗ਼

ਵਿਚ ਜਨਰਲ ਡਾਇਰ ਨੇ ਆਮ ਲੋਕਾਂ ਦੀ ਜੁੜੀ ਹੋਈ ਵੀਹ ਹਜ਼ਾਰ ਦੀ ਭੀੜ ਤੇ ਫੌਜੀ ਦਸਤਿਆਂ ਦੁਆਰਾ ਗੋਲੀ ਚਲਵਾਈ। ਇਹ ਲੋਕ ਰੌਲਟ ਐਕਟ ਦੀ ਵਾਪਸੀ ਅਤੇ ਗਰਿਫਤਾਰ ਕੌਮੀ ਆਗੂਆਂ ਦੀ ਰਿਹਾਈ ਦੀ ਮੰਗ ਕਰਦੇ ਸਨ। ਇਸ ਦਿਨ ਹਜਾਰਾਂ ਲੋਕ ਫੱਟੜ ਹੋਏ, ਬਾਰਾਂ ਸੌ ਦੇ ਕਰੀਬ ਸ਼ਹੀਦ ਹੋ ਗਏ। ਬਾਗ ਵਿਚ ਇਕ ਖੂਹ ਸੀ ਜਿਸ ਦੀ ਮਣ ਧਰਤੀ ਦੇ ਬਰਾਬਰ ਸੀ। ਜੀ ਭਿਆਣੇ ਭੱਜਦੇ ਲੋਕਾਂ ਦਾ ਇਕ ਭਾਗ ਇਸ ਖੂਹ ਵਿਚ ਵੀ ਸਮਾ ਗਿਆ ਸੀ। ਸ੍ਰ. ਜੋਗਿੰਦਰ ਸਿੰਘ ਨਾਗੀ ਹੋਰਾਂ ਦੇ ਦੱਸਣ ਮੁਤਾਬਿਕ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਭਰਾਤਾ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੱਲ੍ਹਿਆਂਵਾਲਾ ਬਾਗ਼ ਸਾਕਾ ਦੇ ਪਰਤੱਖ ਦਰਸ਼ੀ ਸਨ। ਮਹਾਰਾਜ ਨਿਹਾਲ ਸਿੰਘ ਹੋਰੀਂ ਤਾਂ ਉਸ ਖੂਹ ਵਿਚ ਡਿੱਗੇ ਵੀ ਸਨ ਪਰ ਉਹਨਾਂ ਦਾ ਬਚਾਅ ਹੋ ਗਿਆ ਸੀ। ਦੋਵੇਂ ਮਹਾਰਾਜ ਸਰਕਾਰ ਵਿਰੋਧੀ ਜਲਸੇ ਵਿਚ ਹੋਣਗੇ, ਇਸ ਦਾ ਮਹੰਤ ਜਿਊਣ ਸਿੰਘ ਹੋਰਾਂ ਨੂੰ ਪਤਾ ਸੀ। ਗੋਲੀ ਬਾਰੀ ਬੰਦ ਹੋਣ ਬਾਅਦ ਮਹੰਤ ਜੀ ਨੇ ਆਪਣੇ ਸੂਤਰਾਂ ਦੁਆਰਾ, ਦੋਹਾਂ ਨੂੰ ਉੱਥੋਂ ਕਢਵਾ ਕੇ, ਸੁਰੱਖਿਅਤ ਟਿਕਾਣੇ ਤੇ ਪਹੁੰਚਾਇਆ ਸੀ। ਸਰਕਾਰ ਦੇ ਬਹੁਤ ਸਾਰੇ ਬਾਗੀ ਦੇਸ਼ ਭਗਤ, ਜੁੱਗ ਗਰਦ, ਵੇਲੇ ਕੁਵੇਲੇ ਮਹੰਤ ਜੀ ਦੀ ਸਹਾਇਤਾ ਦੇ ਪਾਤਰ ਬਣਦੇ ਰਹਿੰਦੇ ਸਨ। ਉਂਜ ਧਰਮਸ਼ਾਲਾ ਦੇ ਬੂਹੇ ਅੱਗੇ ਤਾਂ ਪੁਲਿਸ ਦੇ ਕੁਝ ਕਰਮਚਾਰੀ ਪ੍ਰਗਟ ਵੀ ਤੇ ਖੁਫ਼ੀਆ ਵੀ ਰਹਿੰਦੇ ਸਨ। ਪ੍ਰਗਟ ਮੁਲਾਜ਼ਮ ਹਰ ਆਉਣ ਜਾਣ ਵਾਲੇ ਕੂਕੇ ਦਾ ਨਾਮ ਲਿਖਦੇ ਸਨ ਤੇ ਗੁਪਤ ਵਿਚਰਨ ਵਾਲੇ, ਸਰਕਾਰ ਦੇ ਭਗੌੜਿਆਂ ਤੇ ਤਿੱਖੀ ਨਜ਼ਰ ਰੱਖਦੇ ਸਨ, ਜਿਹਨਾਂ ਨੂੰ ਕੂਕੇ ਸਿੰਘਾਂ ਵੱਲੋਂ ਵੇਲੇ ਕੁਵੇਲੇ ਪਰਸ਼ਾਦੇ ਪਾਣੀ ਜਾਂ ਹੋਰ ਆਰਥਿਕ ਸਹਿਯੋਗ ਦੀ ਮਦਦ ਕੀਤੀ ਜਾਂਦੀ ਸੀ। ਆਪਣੇ ਲੋਕ ਭਲਾਈ ਤੇ ਜਨ ਸੇਵਾ ਦੇ ਕਾਰਜਾਂ ਕਰਕੇ, ਮਹੰਤ ਜੀ ਨਾਂ ਸਿਰਫ਼ ਸ਼ਹਿਰ ਅੰਮ੍ਰਿਤਸਰ ਦੇ ਵੱਡੇ ਛੋਟੇ ਲੋਕਾਂ ਵਿਚ, ਸਗੋਂ ਪੰਜਾਬ ਭਰ ਦੇ ਨਾਮਧਾਰੀਆਂ ਵਿਚ ਵੀ ਜਾਣੇ ਜਾਂਦੇ ਸਨ। ਉਹਨਾਂ ਦਾ ਮਿਲਾਪੜਾ ਤੇ ਨਿੱਘਾ ਸੁਭਾਉ, ਲੰਮੇ ਪੈਂਡੇ ਮਾਰਕੇ, ਧਰਮਸ਼ਾਲਾ ਵਿਚ ਆਉਣ ਵਾਲੇ, ਸਮੂਹ ਕੂਕਿਆਂ ਦਾ ਅੱਧਾ ਥਕੇਂਵਾਂ ਤਾਂ ਮਹੰਤ ਜੀ ਦੇ ਹਸੂੰ ਹਸੂੰ ਕਰਦੇ ਚਿਹਰੇ ਦੇ ਦਰਸ਼ਨਾਂ ਨਾਲ ਹੀ ਦੂਰ ਹੋ ਜਾਂਦਾ ਸੀ ਤੇ ਬਾਕੀ ਦੀ ਥਕਾਵਟ, ਰੁੱਤ ਅਨੁਸਾਰ ਚਾਹਟਾ ਜਾਂ ਸ਼ਰਦਾਈ ਛਕ ਕੇ ਅਤੇ ਫਿਰ ਪੰਜਵੇਂ ਨਾਲ ਗੜੁੱਚ, ਦਾਲਾ ਪਰਸ਼ਾਦਾ ਛੱਕ ਕੇ, ਦੂਰ ਹੋ ਜਾਂਦੀ ਸੀ। ਮਹੰਤ ਜੀ ਗੁਰਬਾਣੀ ਦੇ ਵੀ ਅੱਛੇ ਗਿਆਤਾ ਸਨ ਅਤੇ ਆਏ ਸਿੱਖਾਂ ਸਾਧਾਂ ਨੂੰ ਗੁਰਮਤਿ ਅਨੁਸਾਰੀ ਜੀਵਨ ਜਾਚ ਦ੍ਰਿੜ ਕਰਵਾਕੇ, ਸਤਿਗੁਰੂ ਰਾਮ ਸਿੰਘ ਜੀ ਦੇ ਘਰ ਨਾਲ ਜੋੜੀ ਰੱਖਣ ਦਾ, ਵੱਡਾ ਕਾਰਜ ਵੀ ਨਿਬਾਹੁੰਦੇ ਸਨ।

1940 ਈ ਦੇ ਸਿਆਲ ਵਿਚ, ਸਮੁੱਚੇ ਨਾਮਧਾਰੀ ਪੰਥ ਦੀ ਮਰਦਮ ਸ਼ੁਮਾਰੀ ਕਰਨ ਦਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਹੁਕਮ ਕੀਤਾ। ਰਜਿਸਟਰ ਮਰਦਮ ਸ਼ੁਮਾਰੀ ਲਈ ਭੈਣੀ ਸਾਹਿਬ ਪੁਚਾਏ ਸਨ। ਅੰਮ੍ਰਿਤਸਰ ਜ਼ਿਲ੍ਹੇ ਦੀ ਮਰਦਮ ਸ਼ੁਮਾਰੀ ਦਾ ਕਾਰਜ ਸੰਤ ਜਿਊਣ ਸਿੰਘ ਹੋਰਾਂ ਦੇ ਨਾਲ ਅਰੂੜ ਸਿੰਘ ਖਿਹਾਲਾ ਅਤੇ ਜਥੇਦਾਰ ਅਜਾਇਬ ਸਿੰਘ ਹੋਰਾਂ ਨੇ ਮਿਲ ਕੇ ਸਿਰੇ ਚੜ੍ਹਾਇਆ। ਇਸ ਦੇ ਨਾਲ ਨਾਲ ਸੂਬਾ ਜੀ ਅਤੇ ਬਾਕੀ ਦੋਵੇਂ ਸਿੰਘ, ਅੰਮ੍ਰਿਤਸਰ ਜ਼ਿਲ੍ਹੇ ਵਿਚ ਗੁਰਮੁਖੀ ਲਿੱਪੀ ਵਿਚ ਪੰਜਾਬੀ ਭਾਸ਼ਾ ਪੜ੍ਹਾਉਣ ਦੇ ਵੀ ਜ਼ਿੰਮੇਵਾਰ ਥਾਪੇ ਸਨ ਤਾਂ ਕਿ ਕੋਈ ਨਾਮਧਾਰੀ ਬੱਚਾ ਬੱਚੀ, ਗੁਰਬਾਣੀ ਦਾ ਪਾਠ ਕਰਨ ਤੋਂ ਵਿਰਵਾ ਨਾਂ ਰਹਿ ਜਾਏ।[12]

ਭਾਦਰੋਂ 2000 ਬਿਕਰਮੀ ਮੁਤਾਬਿਕ ਅਗਸਤ-ਸਤੰਬਰ 1943 ਈ ਵਿਚ ਸੰਤ ਜਿਊਣ ਸਿੰਘ ਜੀ ਅੰਦਾਜ਼ਨ 65-66 ਸਾਲ ਦੀ ਆਯੂ ਵਿਚ, ਅੰਮ੍ਰਿਤਸਰ ਵਿਖੇ ਹੀ ਅਕਾਲ ਚਲਾਣਾ ਕਰ ਗਏ। ਆਪ ਜੀ ਦੇ ਸਸਕਾਰ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਦਰਸ਼ਨ ਦੇ ਕੇ, ਆਪਣੇ ਬਚਪਨ ਦੇ ਲਾਂਗਰੀ ਨੂੰ ਕ੍ਰਿਤਾਰਥ ਕੀਤਾ। ਮਹੰਤ ਜੀ ਦੀ ਯਾਦ ਵਿਚ 25 ਤੋਂ 27 ਭਾਦਰੋਂ ਤੱਕ, ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਵਿਚ, ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ, ਇਕ ਭਾਰੀ ਜੋੜ ਮੇਲਾ, ਨਾਮਧਾਰੀ ਸੰਗਤਾਂ ਦਾ ਹੋਇਆ। ਇਸ ਸਮੇਂ "ਸੰਤ ਜੀ ਦੇ ਵੱਡੇ ਪੁੱਤਰ ਅਤਰ ਸਿੰਘ ਜੀ ਨੂੰ ਦਸਤਾਰ ਬੰਧਾਈ ਤੇ ਡੇਰੇ ਦੀ ਮਹੰਤੀ ਸੰਤ ਜੀ ਵਾਲੀ ਸਉਂਪੀ। ਇਹ ਸੰਤ ਜਿਊਣ ਸਿੰਘ ਜੀ ਬੜੇ ਸਹਿਜ ਸੁਭਾਵੀ ਤੇ ਉਦਾਰਚਿੱਤ, ਧੀਰਜਧਾਰੀ ਸੀ। ਕੁਝ ਚਿਰ ਇਹਨਾਂ ਨੇ ਸਤਿਗੁਰੂ (ਪਰਤਾਪ ਸਿੰਘ) ਜੀ ਦੀ ਪਰਸ਼ਾਦ ਛਕਾਉਣ ਦੀ ਭੀ ਸੇਵਾ ਕੀਤੀ ਸੀ। ਆਲਿਮ ਜੀ ਦਸਤਾਰ ਸਮੇਂ ਕਿਹਾ, "ਜੇ ਮਹੰਤੀ ਦਿੱਤੀ ਹੈ ਤਾਂ ਲਾਜ ਭੀ ਆਪ ਹੀ ਰੱਖਣੀ ਹੈ ਤਾਂ ਉੱਤਰ ਦਿੱਤੇ ਨੇ-ਹਜ਼ੂਰ ਸੰਗਤੋਂ ਲਾਂਭੇ ਤੇ ਨਹੀਂ। ਇਹ ਸੰਗਤ ਦੇ ਗਿਲਿਉਂ ਜੇ ਬਚਿਆ ਰਿਹਾ।"[13]

ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ, ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਦੋ ਮੇਲੇ ਵੈਸਾਖੀ ਅਤੇ ਦੀਪਾਵਲੀ ਸਮੇਂ ਤਾਂ ਹਰ ਸਾਲ ਬੜੀ ਧੂਮ ਧਾਮ ਨਾਲ ਮਨਾਏ ਹੀ ਜਾਂਦੇ ਸਨ। ਇਹਨਾਂ ਤੋਂ ਇਲਾਵਾ ਸਧਾਰਨ ਅਤੇ ਅਖੰਡ ਪਾਠਾਂ ਦੇ ਸੈਂਕੜਿਆਂ ਦੀ ਗਿਣਤੀ ਸਮੇਂ ਭੋਗਾਂ ਦੇ ਮੌਕੇ, ਅਮਨ, ਏਕਤਾ ਅਤੇ ਸਦਭਾਵਨਾ ਕਾਨਫਰੰਸਾਂ ਦੇ ਮੌਕੇ ਵੀ ਵੱਡੇ ਮੇਲੇ ਆਯੋਜਿਤ ਹੁੰਦੇ ਜਿਹਨਾਂ ਵਿਚ ਨਾਮਧਾਰੀ ਅਤੇ ਹੋਰ ਗ਼ੈਰ ਨਾਮਧਾਰੀ ਹਿੰਦੂ, ਮੁਸਲਿਮ, ਸਿੱਖ ਸੰਗਤਾਂ ਵੀ ਮਿਲ ਜੁਲ ਕੇ ਸ਼ਾਮਲ ਹੁੰਦੀਆਂ ਸਨ। ਇਹਨਾਂ ਸਾਰੇ ਮੇਲਿਆਂ, ਸਮਾਗਮਾਂ ਸਮੇਂ, ਗੁਰੂ ਕੇ ਲੰਗਰ ਨੂੰ ਇੱਕ ਰਸ,

ਅਤੁੱਟ ਚੱਲਦਾ ਰੱਖਣ ਦੀ ਵੱਡੀ ਸੇਵਾ, ਮਹੰਤ ਜਿਊਣ ਸਿੰਘ ਜੀ ਵੱਡੇ ਚਾਅ ਉਮਾਹ ਤੇ ਸ਼ਰਧਾ, ਸਤਕਾਰ ਨਾਲ ਨਿਬਾਹਿਆ ਕਰਦੇ ਸਨ। ਮਹੰਤ ਸਾਹਿਬ ਦੀ ਨੇਕ ਨੀਅਤੀ ਅਤੇ ਦਿਆਨਤਦਾਰੀ ਦੀ ਸਾਰੇ ਪਾਸੇ ਧਾਂਕ ਜੰਮੀ ਹੋਈ ਸੀ, ਇਸ ਲਈ ਦਾਨੀ ਸੱਜਣਾਂ ਵੱਲੋਂ ਵੀ ਉਹਨਾਂ ਪਾਸ ਖੁੱਲ੍ਹੇ ਹੱਥ ਪਦਾਰਥ ਅਤੇ ਮਾਇਆ ਦੇ ਗੱਫੇ ਪੁਚਾਏ ਜਾਂਦੇ, ਜਿਹੜੇ ਹਰ ਕੋਈ ਜਾਣਦਾ ਸੀ ਕਿ ਲੰਗਰ ਦੇ ਲੇਖੇ ਹੀ ਲੱਗ ਜਾਣੇ ਹੁੰਦੇ ਸਨ। ਮਹੰਤ ਜੀ ਦੇ ਸਮੇਂ ਵਿਖੇ ਹੀ ਨਾਮਧਾਰੀ ਧਰਮਸ਼ਾਲਾ ਵਿਚ ਅਨੇਕ ਇਤਿਹਾਸਿਕ ਸਮਾਗਮ ਵੀ ਹੋਏ। ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਲੜਕੇ ਲੜਕੀਆਂ ਦੇ ਅਨੰਦ ਕਾਰਜਾਂ ਦਾ ਮੇਲਿਆਂ ਵਿਚ ਕਰਨ ਦਾ ਮੁੱਢ ਵੀ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਹੀ ਸੰਨ 1927 ਈਂ ਵਿਚ, ਦੀਵਾਲੀ ਦੇ ਮੇਲੇ ਤੇ ਬੱਝਾ ਸੀ ਤਾਂ ਕਿ ਘਰਾਂ ਵਿਚ ਵਿਆਹ ਕਰਕੇ ਮਿਲਣੀ, ਮੰਗਣੀਆਂ ਅਤੇ ਮੁਕਲਾਵਿਆਂ ਦੀਆਂ ਰਸਮਾਂ ਤੋਂ ਬਚਿਆ ਜਾਵੇ। ਸਾਦਗੀ ਦਾ ਪਰਚਾਰ, ਅਤੇ ਸੁਦੇਸ਼ੀ ਬਸਤਰਾਂ ਦੀ ਮੁਹਿੰਮ, ਉਸ ਸਮੇਂ ਕੌਮੀ ਅੰਦੋਲਨ ਦਾ ਭਾਗ ਹੀ ਸੀ, ਜਿਸ ਵਿਚ ਕੂਕੇ ਭਾਗ ਲੈ ਰਹੇ ਸਨ। ਅੰਮ੍ਰਿਤਸਰ ਮੇਲੇ ਸਮੇਂ ਹੋਣ ਵਾਲੇ ਇਹ ਅਨੰਦ ਲੇਖਕ ਦੇ ਦੋਹਾਂ ਸਕੇ ਮਾਮਿਆਂ, ਨਿਰੰਜਨ ਸਿੰਘ ਅਤੇ ਚੰਨਣ ਸਿੰਘ ਸਪੁੱਤਰ ਸੰਤ ਆਤਮਾ ਸਿੰਘ ਬੁਰਜ ਰਾਇਕੇ (ਅੰਮ੍ਰਿਤਸਰ), ਦੇ ਹੋਏ ਸਨ। ਇਹ ਸੰਤ ਆਤਮਾ ਸਿੰਘ ਉੱਘੇ ਕੂਕੇ, ਬਾਬਾ ਸ਼ਾਮ ਸਿੰਘ ਸਰਹਾਲੀ ਦੇ ਪੋਤਰੇ ਸਨ। ਇਹਨਾਂ ਦੇ ਦੋਹਾਂ ਸਪੁੱਤਰਾਂ ਦਾ ਅਨੰਦ ਕ੍ਰਮਵਾਰ ਸ੍ਰ. ਦੈਆ ਸਿੰਘ ਕੱਕੜ (ਜੋ ਪ੍ਰਧਾਨ ਨਾਮਧਾਰੀ, ਦਰਬਾਰ ਵੀ ਰਹੇ ਸਨ) ਅਤੇ ਉਹਨਾਂ ਦੇ ਭਾਈ ਬੁਲਾਕਾ ਸਿੰਘ ਦੀਆਂ ਪੁੱਤਰੀਆਂ ਹਰਬੰਤ ਕੌਰ ਅਤੇ ਗੁਰਬਚਨ ਕੌਰ ਨਾਲ ਹੋਏ ਸਨ। ਇਹ ਨਿਰੰਜਨ ਸਿੰਘ 'ਮ੍ਰਿਗੇਸ਼' ਤਖ਼ੱਲਸ ਹੇਠ ਵਧੀਆ ਕਵਿਤਾ ਵੀ ਰਚਦੇ ਰਹੇ। ਇਸ ਤਰ੍ਹਾਂ ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ, ਮਹੰਤ ਜੀ ਦੇ ਸਮੇਂ ਵੀ ਉਹਨਾਂ ਦੇ ਪਹਿਲਕੇ ਮਹੰਤਾਂ ਜਿਉਂ, ਨਾਮਧਾਰੀ ਪੰਥ ਦੇ ਧਾਰਮਿਕ, ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਪੱਖਾਂ ਵਿਚ ਵੀ ਆਪਣਾ ਬਣਦਾ ਹਿੱਸਾ ਪਾਇਆ ਕਰਦੀ ਰਹੀ।

ਮਹੰਤ ਜੀ ਦੇ ਤਿੰਨ ਪੁੱਤਰ ਸਨ ਜਿਹਨਾਂ ਵਿਚੋਂ ਵੱਡੇ ਮਹੰਤ ਅਤਰ ਸਿੰਘ ਹੋਰਾਂ ਦਾ ਜਨਮ 1900 ਈ ਦਾ ਹੈ। ਇਹਨਾਂ ਤੋਂ ਛੋਟੇ ਪਾਲਾ ਸਿੰਘ ਸਨ ਤੇ ਮਹੰਤ ਗੁਰਬਖਸ਼ ਸਿੰਘ ਸਭ ਤੋਂ ਛੋਟੇ ਸਨ ਜਿਹਨਾਂ ਦਾ ਜਨਮ 1909-10 ਈ ਦਾ ਹੈ। ਇਹਨਾਂ ਤਿੰਨਾਂ ਦੀ ਇਕ ਭੈਣ ਬੀਬੀ ਕਿਰਪਾਲ ਕੌਰ ਸੀ ਜੋ ਕੁੱਝਰ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਵਿਆਹੀ ਸੀ। ਗੁਰੂ ਚੱਕ (ਸਿਆਲਕੋਟ) ਦੇ ਮਹੰਤ ਸੰਤ ਸਿੰਘ ਹੋਰਾਂ ਨੂੰ ਗੁਰੂ ਹਰੀ ਸਿੰਘ ਜੀ ਨੇ, ਬਾਬਾ ਜਮੀਅਤ

ਸਿੰਘ ਹੋਰਾਂ ਦੇ ਗੁਰਦੁਆਰੇ ਗਿੱਲ (ਸਿਆਲਕੋਟ) ਪਿੰਡ ਵਿਖੇ ਮਹੰਤ ਥਾਪਿਆ ਸੀ। ਪੱਛਮੀ ਪੰਜਾਬ ਵਿਚ ਇਸ ਗੁਰਦੁਆਰੇ ਦੀ ਬਹੁਤ ਮਾਨਤਾ ਸੀ। ਬਾਬਾ ਜਮੀਅਤ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਲਾਹੌਰ ਦੇ ਸੈਨਿਕ ਜੀਵਨ ਦੇ ਸਾਥੀ ਵੀ ਸਨ ਅਤੇ ਹਜਰੋਂ ਸਾਹਿਬ ਵਿਖੇ, ਗੁਰੂ ਬਾਲਕ ਸਿੰਘ ਜੀ ਤੋਂ ਇੱਕੋ ਸਮੇਂ ਨਾਮ ਦਾਨ ਲੈਣ ਕਾਰਨ, ਗੁਰੂ ਭਾਈ ਵੀ ਸਨ। ਬਾਅਦ ਜੋਤੀ ਜੋਤਿ ਸਮਾਉਣ ਗੁਰੂ ਬਾਲਕ ਸਿੰਘ ਜੀ ਦੇ, ਉਹਨਾਂ ਦੀ ਗੁਰਤਾ ਦੀ ਦਸਤਾਰ ਨਾਮਧਾਰੀ ਪੰਥ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਨੂੰ, ਫਰਵਰੀ 1863 ਈਂ ਦੇ ਕਿਸੇ ਦਿਨ, ਬਾਬਾ ਜਮੀਅਤ ਸਿੰਘ ਹੋਰਾਂ ਨੇ ਹੀ ਭੇਟ ਕਰਕੇ, ਬੰਧਵਾਈ ਸੀ। ਇਸ ਲਈ ਗਿੱਲ ਪਿੰਡ ਦਾ ਇਹ ਗੁਰਦੁਆਰਾ ਵੱਡੇ ਇਤਿਹਾਸਿਕ ਮਹੱਤਵ ਦਾ ਧਾਰਨੀ ਸੀ। ਵੈਸੇ ਤਾਂ ਗਿੱਲ ਵਿਖੇ ਹਰ ਮਹੀਨੇ ਦੀ ਬਾਰ੍ਹਵੀਂ ਨੂੰ ‘ਦਵਾਦਸ’ ਦਾ ਮੇਲਾ ਮਨਾਇਆ ਜਾਂਦਾ ਸੀ ਪਰ ਬਾਬਾ ਜਮੀਅਤ ਸਿੰਘ ਜੀ ਦੀ ਯਾਦ ਵਿਚ, ਭਾਦਰੋਂ ਦਾ ਪਹਿਲਾ ਸ਼ਰਾਧ ਅਤੇ ਮਾਘੀ ਦਾ ਮੇਲਾ (ਕਿਉਂ ਜੁ ਇਕ ਵੇਰ ਇੱਥੇ ਮਾਘੀ ਦੇ ਮੇਲੇ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿੱਤਾ ਸੀ। ਇਹ ਬੜੀ ਧੂਮਧਾਮ ਨਾਲ ਮਨਾਏ ਜਾਂਦੇ ਸਨ। ਇਹਨਾਂ ਦੋਹਾਂ ਮੇਲਿਆਂ ਤੇ ਲੰਗਰ ਵਿਵਸਥਾ ਨੂੰ ਸੁਚਾਰੂ ਰੂਪ ਦੇਣ ਲਈ ਮਹੰਤ ਜਿਊਣ ਸਿੰਘ ਜੀ ਇੱਥੇ ਆਪਣੇ ਲਾਂਗਰੀਆਂ ਅਤੇ ਹੋਰ ਪਰਬੰਧਕਾਂ ਦੇ ਜਥੇ ਸਮੇਤ, ਜ਼ਰੂਰ ਪੁੱਜਦੇ ਸਨ। ਮਹੰਤ ਸੰਤ ਸਿੰਘ ਜੀ ਦੀਆਂ ਛੇ ਪੁੱਤਰੀਆਂ ਸਨ ਜਿਹਨਾਂ ਵਿਚੋਂ ਵੱਡੀਆਂ ਦੋ, ਮਹੰਤ ਜਿਊਣ ਸਿੰਘ ਜੀ ਦੇ ਦੋ ਪੁੱਤਰਾਂ, ਪਾਲਾ ਸਿੰਘ ਅਤੇ ਗੁਰਬਖਸ਼ ਸਿੰਘ ਹੋਰਾਂ ਨਾਲ ਵਿਆਹੀਆਂ ਗਈਆਂ। ਪਾਲਾ ਸਿੰਘ ਹੋਰਾਂ ਦੇ ਦੋ ਪੁੱਤਰ ਹੋਏ ਗੁਰਬਚਨ ਸਿੰਘ ਅਤੇ ਗੁਰਚਰਨ ਸਿੰਘ। ਮਹੰਤ ਅਤਰ ਸਿੰਘ ਜੀ ਦੇ ਸੱਤ ਪੁੱਤਰ ਸਨ, ਅਮਰ ਸਿੰਘ, ਅਰਜਨ ਸਿੰਘ, ਗੱਜਣ ਸਿੰਘ, ਦਿਆਲ ਸਿੰਘ, ਗੋਪਾਲ ਸਿੰਘ, ਸੁਰਜੀਤ ਸਿੰਘ ਅਤੇ ਪ੍ਰੋ. ਅਮਰੀਕ ਸਿੰਘ ਜੋ ਅੰਮ੍ਰਿਤਸਰ ਨਿਵਾਸ ਰੱਖਦੇ ਹਨ।

ਮਹੰਤ ਗੁਰਬਖਸ਼ ਸਿੰਘ ਹੋਰਾਂ ਦੀ ਪਹਿਲੀ ਸਿੰਘਣੀ ਬੀਬੀ ਕੇਸਰ ਕੌਰ ਦੇ ਚਲਾਣੇ ਬਾਅਦ ਦੂਜੀ ਸ਼ਾਦੀ ਵੀ ਮਹੰਤ ਸੰਤ ਸਿੰਘ ਦੀ ਪੁੱਤਰੀ, ਬੀਬੀ ਸੁਰਜੀਤ ਕੌਰ ਨਾਲ ਹੀ ਹੋ ਗਈ ਸੀ। ਮਹੰਤ ਗੁਰਬਖਸ਼ ਸਿੰਘ ਹੋਰਾਂ ਨੇ 1950 ਈਂ ਵਿਚ ਦਿੱਲੀ ਨਿਵਾਸ ਕਰ ਲਿਆ ਸੀ। ਮਹੰਤ ਜੀ ਦੇ ਪਹਿਲੀ ਸਿੰਘਣੀ ਵਿਚੋਂ ਸੁਵਰਨ ਸਿੰਘ (ਜਨਮ 1930 ਈਂ) ਅਤੇ ਜੋਗਿੰਦਰ ਸਿੰਘ (ਜਨਮ 1933 ਈਂ) ਦੋ ਪੁੱਤਰ ਹੋਏ। ਮਹੰਤ ਜੀ ਦੀ ਦੂਸਰੀ ਸਿੰਘਣੀ ਸੁਰਜੀਤ ਕੌਰ ਵਿਚੋਂ ਦੋ ਪੁੱਤਰੀਆਂ ਹੋਈਆਂ, ਜੋਗਿੰਦਰ ਕੌਰ ਪਟੇਲ ਨਗਰ ਦਿੱਲੀ ਅਤੇ ਜਸਬੀਰ ਕੌਰ ਜੋਗਿੰਦਰ ਪਾਲ ਸਿੰਘ ਨਾਲ ਵਿਆਹੇ ਗਏ

ਸਨ। ਇਸ ਬੀਬੀ ਸੁਰਜੀਤ ਕੌਰ ਵਿਚੋਂ ਹੋਇਆ ਪੁੱਤਰ ਸੁਰਿੰਦਰ ਸਿੰਘ ਨਾਗੀ ਅਮਰੀਕਾ ਰਹਿੰਦਾ ਹੈ। ਜੋਗਿੰਦਰ ਸਿੰਘ ਨਾਗੀ, ਮੇਰੇ ਸੂਚਨਾ-ਦਾਤੇ ਦਾ ਅਨੰਦ ਕਾਰਜ, ਵਰਪਾਲ (ਅੰਮ੍ਰਿਤਸਰ) ਦੇ ਖੇਮ ਸਿੰਘ ਹੋਰਾਂ ਦੀ ਪੁੱਤਰੀ, ਬੀਬੀ ਬੇਅੰਤ ਕੌਰ ਨਾਲ ਹੋਇਆ। ਜੋਗਿੰਦਰ ਸਿੰਘ ਨਾਗੀ ਦੇ ਸਪੁੱਤਰ ਸੁਖਦੇਵ ਸਿੰਘ ਦਾ ਅਨੰਦ ਕਾਰਜ ਮਹਾਰਾਜ ਨਿਹਾਲ ਸਿੰਘ ਜੀ ਦੇ ਸਪੁੱਤਰ ਠਾਕੁਰ ਬਸ਼ੇਸ਼ਰ ਸਿੰਘ ਦੀ ਪੁੱਤਰੀ ਬੀਬੀ ਕੁਲਵੰਤ ਕੌਰ ਕਿਰਨ ਨਾਲ ਹੋਇਆ। ਇਸ ਦੰਪਤੀ ਦੀਆਂ ਤਿੰਨ ਪੁੱਤਰੀਆਂ ਅਤੇ ਦੋ ਪੁੱਤਰ ਹਨ। ਲੜਕੀਆਂ ਸਤਿੰਦਰ ਕੌਰ ਬਮਰਾਹ, ਦੁਬਈ, ਨਵਿੰਦਰ ਕੌਰ (ਇੰਗਲੈਂਡ), ਅਤੇ ਅਰਵਿੰਦਰ ਕੌਰ ਲੁਧਿਆਣਾ ਵਿਖੇ ਹਨ। ਸੁਖਦੇਵ ਸਿੰਘ ਅਤੇ ਰਣਬੀਰ ਸਿੰਘ ਦੋ ਲੜਕੇ ਹਨ।

ਇਉਂ ਅਸੀਂ ਵੇਖਦੇ ਹਾਂ ਕਿ ਅੱਜ ਤੋਂ ਤਕਰੀਬਨ ਸਵਾ ਸਦੀ ਪਹਿਲਾਂ ਦੇ ਲਾਗੇ ਚਾਗੇ, ਨਾਭੇ ਦੇ ਰਾਜ ਦਰਬਾਰ ਵਿਚੋਂ, ਕਲੱਮ ਕੱਲੇ ਨਿਕਲਣ ਵਾਲੇ, ਜਵੰਦ ਸਿੰਘ ਉਰਫ਼ ਜੀਵਣ ਸਿੰਘ ਨੇ, ਜਿਸ ਜਵਾਂ ਮਰਦੀ ਅਤੇ ਦਲੇਰੀ ਨਾਲ ਮੁਸ਼ਕਿਲ ਹਾਲਾਤ ਦਾ ਟਾਕਰਾ ਕਰਦਿਆਂ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਜੋ ਉਸ ਸਮੇਂ ਬਾਗੀਆਂ ਦੀ ਪਨਾਹਗਾਹ ਵਜੋਂ ਜਾਣਿਆ ਜਾਂਦਾ ਸੀ, ਉੱਥੇ ਸ਼ਰਨ ਲਈ ਅਤੇ ਫਿਰ ਗੁਰੂ ਹਰੀ ਸਿੰਘ ਜੀ ਦੀ ਕਿਰਪਾ ਦਾ ਪਾਤਰ ਬਣਨ ਲਈ, ਠੋਸ ਅਤੇ ਨਿੱਗਰ ਸੇਵਾਵਾਂ, ਤਨਦੇਹੀ ਨਾਲ ਨਿਬਾਹੀਆਂ ਅਤੇ ਉਸੇ ਕਾਰਨ ਅੱਜ ਉਹਨਾਂ ਦਾ ਪਰਿਵਾਰ ਇਸ ਤਰ੍ਹਾਂ ਲਗਰਾਂ ਛੱਡਦਾ, ਡਾਲੀਆਂ ਤੱਕ ਫਲਿਆ ਫੁੱਲਿਆ, ਧਰਤੀ ਦੀਆਂ ਵੱਖ-ਵੱਖ ਗੁੱਠਾਂ ਨੂੰ ਭਾਗ ਲਾਉਂਦਾ, ਨਜ਼ਰ ਆਉਂਦਾ ਹੈ। ਗੁਰੂ ਹਰੀ ਸਿੰਘ ਜੀ, ਹਰ ਮਨੁੱਖ ਵਿਚ ਛਿਪੀਆਂ ਕਰਤਾਰੀ ਸ਼ਕਤੀਆਂ ਨੂੰ ਉਤਸ਼ਾਹਿਤ ਕਰਨ ਦੇ ਸਮਰੱਥ ਸਨ, ਇਸੇ ਲਈ ਆਪ ਦੀਆਂ ਬਖਸ੍ਹਿਸ਼ਾਂ ਦਾ ਘੇਰਾ, ਬੜਾ ਵਿਸ਼ਾਲ ਸੀ। ਸੰਤ ਜਿਊਣ ਸਿੰਘ ਜੀ ਦੇ ਮੁਕਤੀਦਾਤੇ, ਗੁਰੂ ਹਰੀ ਸਿੰਘ ਜੀ ਬਾਰੇ ਸਮਕਾਲੀ ਕਵੀ ਦੀਆਂ ਇਹਨਾਂ ਸਤਰਾਂ ਨਾਲ, ਆਪਣੀ ਗੱਲ ਸਮੇਟਦਾ ਹਾਂ-

"ਜੋਤ ਕਾ ਜਾਮਾ ਗੁਰੂ ਹਰੀ ਸਿੰਘ ਹੈ,
ਸਭ ਸੰਗਤ ਕਰੈ ਉਨਕਾ ਭਰਵਾਸਾ।
ਜਾਏ ਪੜੋ ਗੁਰ ਕੀ ਸਰਨੀ,
ਤਬ ਟੁਟੇ ਜੇ ਬੰਦਨ ਜੀਵ ਖੁਲਾਸਾ।
ਬਾਰ੍ਹਵੀਂ ਜੋਤ ਕਾ ਜਾਮਾ ਹੈ ਜਾਗਤ,
ਗੁਰੂ ਹਰੀ ਸਿੰਘ ਜੀ ਕਟੇ ਜਮ ਫਾਸਾ।
ਦੂਖ ਦੂਰ ਸਰੀਰ ਤੇ ਪਾਪ ਮਿਟੇ
ਜੋ ਸੋਧਤ ਨਾਮ ਲੈ ਉਨਕਾ ਅਰਦਾਸਾ।6।"[14]

## ਹਵਾਲੇ ਤੇ ਟਿੱਪਣੀਆਂ

(1) ਵਾਰਾਂ ਭਾਈ ਗੁਰਦਾਸ ਜੀ ਵਾਰ ਪਹਿਲੀ ਦੀ 27ਵੀਂ ਪੌੜੀ 1
(2) ਸੰਤ ਇੰਦਰ ਸਿੰਘ ਚੱਕਰਵਰਤੀ, ਕੂਕਿਆਂ ਬਾਰੇ, ਮਹੰਤ ਗੁਰਬਖਸ਼ ਸਿੰਘ ਜੀ ਵਾਲਾ ਲੇਖ, ਦਸੰਬਰ 1956, ਪਟਿਆਲਾ, ਸਫਾ 227
(3) ਜਸਵਿੰਦਰ ਸਿੰਘ/ਸੰਪਾਦਿਤ), ਕੂਕਾ ਮੂਵਮੈਂਟ-ਫਰੀਡਮ ਸਟਰਗਲ ਇਨ ਪੰਜਾਬ, ਪੰਜਾਬ ਦੇ ਆਈ. ਜੀ. ਪੁਲੀਸ (ਸਪੈਸ਼ਲ ਬਰਾਂਚ) ਮਿ. ਡੀ.ਈ. ਮੈਕਕਰੇਕਨ ਦਾ ਸ਼ਿਮਲੇ ਤੋਂ 8 ਮਈ 1884 ਦਾ ਨੋਟ ਜਿਸ ਵਿਚ ਉਹ ਬਾਰਾਂ ਮਾਂਹ ਵਿਚ ਆਏ ਸਿਆਸੀ ਹਵਾਲਿਆਂ ਦਾ ਜ਼ਿਕਰ ਕਰਕੇ, ਇਸਦੇ ਅੰਗਰੇਜ਼ੀ ਅਨੁਵਾਦ ਦੀ ਚਰਚਾ ਕਰਦਾ ਹੈ, ਸਫਾ 294-95
(4) ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ,(ਪਹਿਲੀ ਛਾਪ), ਵੇਖੋ ਸਫਾ 175 ਦਾ ਫੁੱਟ ਨੋਟ, 2
(5) ਉਹੀ, ਸਫਾ 387
(6) ਚੱਕਰਵਰਤੀ,ਕੂਕਿਆਂ ਬਾਰੇ, ਸਫਾ 227-28
(7) ਸੁਵਰਨ ਸਿੰਘ ਵਿਰਕ (ਸੰ.)-ਅੱਖੀਂ ਡਿੱਠਾ ਕਿੱਸਾ ਕੀਤਾ (ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ), ਸਫਾ 146-47
(8) ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ 176-77
(9) ਸੰਤ ਤਰਨ ਸਿੰਘ ਵਹਿਮੀ, ਜੱਸ-ਜੀਵਨ, ਭਾਗ ਦੂਜਾ, ਸਫਾ 297
(10) ਉਪਰੋਕਤ, ਸਫਾ 247
(11) ਉਪਰੋਕਤ, ਸਫਾ 122
(12) ਜੱਸ ਜੀਵਨ ਭਾਗ ਤੀਜਾ, ਸਫਾ 110
(13) ਉਪਰੋਕਤ, ਸਫਾ 292-93
(14) ਗਿਆਨੀ ਕਾਹਲਾ ਸਿੰਘ ਨੰਗਲ, ਉਸਤਤ ਨਾਮਾ, ਸਤਿਗੁਰੂ ਰਾਮ ਸਿੰਘ, ਪ੍ਰਕਾਸ਼ਕ ਭੂਪ ਸਿੰਘ ਅਜੈਬ ਸਿੰਘ ਜੀ ਗਿਆਨੀ, ਨਾਮਧਾਰੀ ਟੇਲਰ, ਮੰਡੀ ਡੱਬਵਾਲੀ, ਹਰਿਆਣਾ, ਸਫਾ-

# ਦੁਆਬੇ ਦੇ ਪਰਮੁੱਖ ਕੂਕਾ ਪ੍ਰਚਾਰਕ- ਪੰਡਿਤ ਬਸੰਤ ਸਿੰਘ 'ਗੜ੍ਹ ਪਧਾਣਾ'

ਸੱਯਦ ਵਾਰਿਸ ਸ਼ਾਹ ਦਾ ਕਥਨ ਹੈ-

"ਬਿਨਾ ਮੁਰਸ਼ਿਦਾਂ ਰਾਹ ਨਹੀਂ ਹੱਥ ਆਉਂਦਾ,
ਦੁੱਧਾਂ ਬਾਝ ਨਹੀਂ ਰਿੱਝਦੀ ਖੀਰ ਮੀਆਂ।"

"ਜ਼ਿੰਦਗੀ ਬਿਲਾਸ" ਦਾ ਕਰਤਾ ਸਾਧੂ ਦੈਆ ਸਿੰਘ ਆਖਦਾ ਹੈ—

"ਬਿਨਾਂ ਮੁਰਸ਼ਿਦਾਂ ਕਾਮਲਾਂ ਦੈਆ ਸਿੰਘਾ!,
ਦਿਲੋਂ ਕੌਣ ਬੁਝਾਂਵਦਾ ਲੱਗੀਆਂ ਨੂੰ।"

ਮੁਰਸ਼ਿਦ, ਅਧਿਆਪਕ, ਉਸਤਾਦ ਦਾ ਦਰਜਾ ਬਹੁਤ ਬੁਲੰਦ ਹੈ ਅਤੇ ਕਈ ਵੇਰ ਇਹਨਾਂ ਨੂੰ ਗੁਰੂ ਜੀ ਕਹਿ ਕੇ ਵੀ ਵਡਿਆਇਆ ਜਾਂਦਾ ਹੈ। ਸਾਡੇ ਪੰਜਾਬ ਵਿੱਚ ਸੰਸਕ੍ਰਿਤ ਜਾਂ ਹਿੰਦੀ ਭਾਸ਼ਾ ਦਾ ਚੰਗਾ ਗਿਆਨ ਰੱਖਣ ਵਾਲਿਆਂ ਨੂੰ, ਪੰਡਿਤ ਸ਼ਬਦ ਨਾਲ ਅਲੰਕ੍ਰਿਤ ਕਰਨ ਦਾ ਰਿਵਾਜ ਰਿਹਾ ਹੈ ਭਾਵੇਂ ਜਾਤ ਗੋਤ ਵੱਲੋਂ ਉਹ ਸਖਸ਼ ਪੰਡਿਤ ਨਾ ਹੀ ਹੋਵੇ। ਕਈ ਜੱਟ ਭਾਈਚਾਰੇ ਵਿੱਚੋਂ ਆਏ ਵਿਦਵਾਨਾਂ ਨੂੰ ਇਸ ਲਕਬ ਨਾਲ ਸੰਬੋਧਿਤ ਕੀਤਾ ਜਾਂਦਾ ਰਿਹਾ ਹੈ। ਜਿਹਾ ਕਿ ਪੰਡਿਤ ਤਾਰਾ ਸਿੰਘ ਨਰੋਤਮ, ਪੰਡਿਤ ਕਰਤਾਰ ਸਿੰਘ ਦਾਖਾ ਅਤੇ ਪੰਡਿਤ ਰਜਿੰਦਰ ਸਿੰਘ ਗੁਰੂਸਰ ਆਦਿ, ਇਕ ਉੱਘਾ ਨਾਮ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਣਾ ਵਾਲਿਆਂ ਦਾ ਹੈ, ਜੋ ਆਏ ਤਾਂ ਦੁਆਬੇ ਦੇ ਇਕ ਜੱਟ ਪਰਿਵਾਰ ਵਿੱਚੋਂ ਪਰ ਆਪਣੀ ਵਿੱਦਿਆ ਸਦਕਾ ਉਹ ਪੰਡਿਤ ਅਖਵਾਏ। ਉਹਨਾਂ ਦੀ ਵੱਡੀ ਪ੍ਰਸਿੱਧੀ ਦਾ ਕਾਰਨ ਬਣਿਆ ਉਹਨਾਂ ਦੁਆਰਾ, ਯੁਵਾ ਅਵਸਥਾ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਿੱਦਿਆ- ਦਾਤੇ ਹੋਣ ਦਾ ਸੁਭਾਗ ਹਾਸਲ ਹੋਣਾ। ਸਤਿਗੁਰੂ ਜੀ ਤੋਂ ਇਲਾਵਾ ਉਸ ਸਮੇਂ ਦੇ ਕਿਰਿਆਸ਼ੀਲ ਅਤੇ ਬੁੱਧੀਜੀਵੀ ਕਿਸਮ ਆਦਿ ਦੇ ਇਸੇ ਲੜੀ ਵਿੱਚ ਅਤਿ ਸਤਕਾਰਿਤ ਨਾਮਧਾਰੀਆਂ ਦੇ ਇਕ ਵੱਡੇ ਸਮੂਹ ਨੂੰ ਵੀ ਪੰਡਿਤ ਜੀ ਦਾ ਗੁਰਮਤਿ, ਵੇਦਾਂਤ, ਹਿੰਦੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦਾ ਗਿਆਨ ਦੇਣਾ। ਅਤੇ ਫਿਰ ਪੰਡਿਤ ਜੀ ਦਾ ਆਪਣੇ ਇਹਨਾਂ ਚੇਲਿਆਂ ਸਮੇਤ ਦੇਸ਼ ਆਜ਼ਾਦੀ ਲਈ ਕਾਂਗਰਸ ਦੀ ਅਗੁਆਈ ਹੇਠ ਪਿਛਲੀ ਸਦੀ ਦੇ ਵੀਹਵਿਆਂ, ਤੀਹਵਿਆਂ ਆਦਿ ਵਿੱਚ ਚੱਲ ਰਹੇ ਬਰਤਾਨਵੀ ਸਰਕਾਰ ਵਿਰੁੱਧ ਨਾਮਿਲਵਰਤਣ ਅਤੇ ਅਸਹਿਯੋਗ ਅੰਦੋਲਨ ਵਿੱਚ ਸ਼ਾਮਲ ਹੋਣਾ।

ਜਿਹਲਾਂ ਵਿੱਚ ਜਾਣਾ ਅਤੇ ਹਰ ਤਰ੍ਹਾਂ ਦੀਆਂ ਸਖਤੀਆਂ ਬਰਦਾਸ਼ਤ ਕਰਨੀਆਂ। ਉਹ ਵੀਹਵੀਂ ਸਦੀ ਵਿੱਚ ਦੁਆਬੇ ਦੇ ਪਰਮੁੱਖ ਕੂਕਾ ਪਰਚਾਰਕ ਸਨ।

"ਵਿਆਕਰਣ, ਲਘੂ ਕੌਮਦੀ, ਪੰਚ ਸੰਧੀ, ਹਿੱਤ ਉਪਦੇਸ਼, ਸੰਸਕ੍ਰਿਤ ਹਿੰਦੀ ਦੇ ਅੱਖਰ ਪੰਡਿਤ ਬਸੰਤ ਸਿੰਘ ਜੀ ਪਧਾਣਾ ਪਾਸੋਂ (ਸਤਿਗੁਰੂ ਪਰਤਾਪ ਸਿੰਘ ਜੀ) ਆਪ ਨੇ ਇੱਕ ਇੱਕ, ਦੋ ਦੋ, ਚਾਰ ਚਾਰ ਦਿਨਾਂ ਵਿੱਚ ਸੁਣੇ, ਸਿੱਖੇ ਤੇ ਸਰਲ ਕੀਤੇ। ਕਦੀ ਭੈਣੀ ਸਾਹਿਬ ਆਇਆਂ ਪਾਸੋਂ, ਕਦੀ ਪਧਾਣੇ ਜਾ ਮੇਲੇ, ਦੌਰੇ ਪੁੱਜੋਂ। ਮੈਨੂੰ ਪੰਡਿਤ ਬਸੰਤ ਸਿੰਘ ਜੀ ਦੱਸਿਆ, ਮੈਂ ਹੈਰਾਨ ਹੋਇਆ ਕਿ ਮੇਰੀ ਸੁਣਾਈ ਸੰਥਾ ਹਿੰਦੀ ਦੀ ਪਰਤਾਪ ਸਿੰਘ ਜੀ ਨੂੰ ਤੁਰਤ ਕੰਠ ਹੀ ਹੋਈ ਸੁਣੀ। ਮੈਂ ਆਪ ਭੀ ਪੜ੍ਹਨ ਸਮੇਂ ਵੇਖਿਆ ਹੈ ਤੇ ਹੋਰ ਭੀ ਬਹੁਤ ਸਿੱਖਾਂ ਨੂੰ ਸੰਥਾ ਦਿੱਤੀ ਹੈ। ਪਰ ਐਸੀ ਬੁਧੀ ਤੁਰਤ ਗ੍ਰਹਿਣ ਕਰਨ ਤੇ ਯਾਦ ਰੱਖਣ ਵਾਲੀ ਕਿਸੇ ਦੀ ਵੇਖਣ ਵਿੱਚ ਨਹੀਂ ਆਈ।"

ਫੁੱਟ ਨੋਟ : ਪੰਡਿਤ ਬਸੰਤ ਸਿੰਘ ਜੀ ਜ਼ਿਲ੍ਹਾ ਜਲੰਧਰ ਦੇ ਗੜ੍ਹ ਪਧਾਣਾ ਵਿੱਚ ਜਨਮੇ। ਜਿਹਨਾਂ ਨੂੰ ਹਰ ਇਕ ਪਾਸੋਂ ਕੁਝ ਲੈਣਾ ਭੀ ਆਉਂਦਾ ਸੀ ਤੇ ਦੇਣਾ ਭੀ ਆਉਂਦਾ ਸੀ। ਪੰਡਿਤ ਜੀ ਪਾਸੋਂ ਸਤਿਗੁਰੂ ਜੀ ਭੀ ਭੈਣੀ ਸਾਹਿਬ ਕੁਝ ਚਿਰ ਚੁਬਾਰੇ ਵਿੱਚ ਡੇਰਾ ਲਵਾ ਵਿੱਦਿਆ ਲਈ, ਕਥਾ ਸੁਣੀ ਤੇ ਦੀਵਾਨ ਸੁਣੇ। ਕੁਝ ਵਿੱਦਿਆ ਪੰਡਿਤ ਜੀ ਅੰਮ੍ਰਿਤਸਰੋਂ ਨਿਰਮਲੇ ਸੰਤਾਂ ਤੋਂ ਲਈ ਤੇ ਸੰਸਕ੍ਰਿਤ ਹਰਿਦੁਆਰ ਜਾ ਪੜ੍ਹੀ ਸੀ, ਤੇ ਨਾਮਧਾਰੀ ਪੰਥ ਵਿੱਚ ਬਹੁਤਿਆਂ ਨੂੰ ਵਿੱਦਿਆ ਦਿੱਤੀ। ਪੰਡਿਤ ਅਮਰ ਸਿੰਘ, (ਸੰਤ) ਇੰਦਰ ਸਿੰਘ ਚੱਕਰਵਰਤੀ, ਜਗਤ ਸਿੰਘ ਜੀ ਸੰਤ ਖੰਡੂਵਾਲੀਏ ਤੇ ਉਹਨਾਂ ਦੇ ਭਰਾ ਭਗਤ ਸਿੰਘ, ਸੋਹਣ ਸਿੰਘ ਜਾਮਕੇ' (ਸਿਆਲਕੋਟ) ਸੁਦਾਗਰ ਸਿੰਘ ਕੱਕੇ ਕੇ, ਮੂਲਾ ਸਿੰਘ ਚੰਦੋਵਾਲ, ਰਤਨ ਸਿੰਘ ਕੂਕਾ (ਸੰਧਵਾਂ-ਜਲੰਧਰ), ਗੁਰਬਖਸ਼ ਸਿੰਘ, ਉਪਦੇਸ਼ਕ, ਸਿੰਘ ਸਭਾ ਪਟਿਆਲਾ ਆਦਿ ਨੂੰ ਤੇ ਮਨਸਾ ਸਿੰਘ ਜੀ ਕੌਮੀ (ਭਰਥਲਾ-ਲੁਧਿਆਣਾ) ਆਦਿ ਸਮੇਤ ਪਿੰਡਾਂ ਵਿੱਚ ਫਿਰ ਪਰਚਾਰ ਕੀਤਾ। ਕਾਂਗਰਸ ਨਾਲ ਮਿਲ ਕਈ ਜਲਸੇ, ਜਲੂਸ ਕੱਢੇ ਤੇ ਭੈਣੀ ਸਾਹਿਬ ਫੜੇ ਗਏ, 1922 ਈ. ਵਿੱਚ। ..ਮਨਸਾ ਸਿੰਘ ਕੌਮੀ ਜਿਹੇ ਇਹਨਾਂ ਦੇ ਚੇਲਿਆਂ ਕਾਂਗਰਸ ਨਾਲ ਕੰਮ ਕਰਦਿਆਂ ਕੈਦ ਕੱਟੀ। ਇਹ ਸੰਤ ਸਰੂਪ ਪੰਡਿਤ ਜੀ 2020 ਬਿਕਰਮੀ ਸੰਬਤ (1963 ਈ.) ਨੂੰ ਚੜ੍ਹੇ ਸਨ। ਤੇ ਭਾਰਾ ਮੇਲਾ ਹੋਇਆ ਸੀ ਪਰਗਣੇ ਵੱਲੋਂ। ਇਹਨਾਂ ਦੇ ਮੇਲੇ ਤੇ ਗੁਰੂ ਜਗਜੀਤ ਸਿੰਘ ਜੀ ਦਰਸ਼ਨ ਦਿੱਤੇ ਸਨ।"[1]

"ਸ੍ਰੀਮਾਨ ਪੰਡਿਤ ਬਸੰਤ ਸਿੰਘ ਜੀ ਦੁਨੀਆਂ ਸੁਹਾਵੇ ਬਾਗ ਦੇ ਅਜਿਹੇ

ਪੁਸ਼ਪ ਸਨ, ਜਿਹਨਾਂ ਵਿੱਚ ਰੂਪ ਵੀ ਸੀ, ਰੰਗ ਵੀ ਸੀ ਤੇ ਸੁਗੰਧ ਵੀ ਸੀ, ਤੇ ਇਕ ਹੋਰ ਭਾਵਨਾ ਸੀ, ਸ਼ਰਧਾ ਦੀ ਜਿਹੜੀ ਉਹਨਾਂ ਨੂੰ ਸਤਿਗੁਰੂ ਨਾਲ ਤੇ ਦੁਨੀਆਂ ਨੂੰ ਉਹਨਾਂ ਨਾਲ ਜੋੜੀ ਰੱਖਦੀ ਸੀ।

"ਜਿੰਨਾ ਕਿਸੇ ਫੁੱਲ ਵਿੱਚ ਸ਼ਹਿਦ ਅੰਸ ਜ਼ਿਆਦਾ ਓਨਾ ਹੀ ਉਸ ਤੇ ਮਧੂ ਮੱਖੀਆਂ ਦਾ ਗੁੰਜਾਰ ਬਹੁਤਾ। ਦੁਨੀਆਂ ਅੰਤ ਨੂੰ, ਹੈ ਤਾਂ ਲੈਣ ਦੇਣ ਦਾ ਹੀ ਸਾਕ। ਜਿਹੜਾ ਕੁਛ ਲੈ ਨਹੀਂ ਸਕਦਾ ਤੇ ਜਿਹੜਾ ਕੋਈ ਦੇਣੋਂ ਸੰਕੋਚ ਕਰਦਾ ਹੈ, ਉਹ ਤਾਂ ਇਕੱਲ ਵਿੱਚ ਹੀ ਮਰੇ ਮੁੱਕੇਗਾ। ਪਰ ਜੇ ਕੋਈ ਦੇਂਦਿਆਂ ਵੀ ਤੋਟ ਅਨੁਭਵ ਨਹੀਂ ਕਰਦਾ ਤੇ ਲੈਂਦਿਆਂ ਵੀ ਸਕੁਚਾਂਦਾ ਨਹੀਂ- ਉਸਦਾ ਆਉਣਾ ਸਫਲ ਹੀ ਸਫਲ ਹੈ। ਪੰਡਿਤ ਬਸੰਤ ਸਿੰਘ ਜੀ ਕੁਛ ਐਸੇ ਹੀ ਵਿਅਕਤੀ ਸਨ, ਜਿਨ੍ਹਾਂ ਨੂੰ ਲੈਣਾ ਵੀ ਆਉਂਦਾ ਸੀ ਤੇ ਦੇਣਾ ਵੀ ਭਾਉਂਦਾ ਸੀ।"

"ਦੁਆਬਾ ਜ਼ਿਲ੍ਹਾ ਜਲੰਧਰ ਦੇ ਪਿੰਡ ਗੜ੍ਹ ਪਧਾਣਾ ਦੀ ਇਹ ਮਹਾਨ ਸ਼ਖਸੀਅਤ ਜਿੰਨੀ ਮਹਾਨ ਸੀ, ਓਨੀ ਹੀ ਅੱਜ ਦੇ ਨਾਮਧਾਰੀਆਂ ਵਿੱਚ ਬੜੀ ਘੱਟ ਜਾਣੀ ਜਾਂਦੀ ਹੈ।"

"ਅਜੇ ਥੋਹੜੇ ਹੀ ਦਿਨ ਹੋਏ ਇਹ ਅਪੂਰਵ ਸ਼ਖਸੀਅਤ ਜਿਸਦਾ ਪਿਤਾ ਜੈਮਲ ਸਿੰਘ ਅਤੇ ਮਾਤਾ ਦਾ ਨਾਂ ਰੱਜੀ ਸੀ, ਛਿਆਸੀ ਸਾਲ ਦੀ ਆਯੂ ਭੋਗ ਕੇ ਨਿਰਾਕਾਰ ਪ੍ਰਭੂ ਦੀ ਨਿਰਾਕਾਰਤਾ ਵਿੱਚ ਸਮਾ ਗਈ ਹੈ। 6 ਸਾਵਣ 2020 ਸੰਮਤ ਬਿਕਰਮੀ, (ਮੁਤਾਬਿਕ 1963 ਈ.) ਸਾਢੇ ਛੇ ਵਜੇ ਉਸਦੇ ਸਰੀਰ ਨੇ ਅੰਤਿਮ ਸਵਾਸ ਦਾ ਆਵਾਗਮਨ ਕੀਤਾ।"[2]

ਪੰਡਿਤ ਜੀ ਨੇ ਨਾ ਸਿਰਫ ਸਤਿਗੁਰੂ ਪਰਤਾਪ ਸਿੰਘ ਜੀ ਦੇ ਸੰਸਕ੍ਰਿਤ ਅਧਿਆਪਕ ਵਜੋਂ ਭੂਮਿਕਾ ਨਿਬਾਹੀ ਸਗੋਂ ਹੋਰ ਅਨੇਕ ਵਿਦਿਆਰਥੀਆਂ ਨੂੰ ਵੀ ਕਿਰਤਾਰਥ ਕੀਤਾ। ਕੋਈ ਜਪੁਜੀ ਸਾਹਿਬ ਟੀਕਾ ਸਹਿਤ ਪੜ੍ਹਦਾ, ਕਿਸੇ ਨੇ ਜਾਪ ਸਾਹਿਬ ਦੇ ਅਰਥ ਸਮਝੇ, ਕੋਈ ਬਚਿੱਤਰ ਨਾਟਕ ਦੀ ਸੰਥਾ ਲੈ ਰਿਹਾ ਸੀ। ਕਿਸੇ ਨੇ ਵਿਚਾਰ ਸਾਗਰ, ਹਨੂੰਮਾਨ ਨਾਟਕ ਆਦਿ ਪੜ੍ਹਨਾ ਸ਼ੁਰੂ ਕੀਤਾ ਹੋਇਆ ਸੀ। ਪੰਡਿਤ ਜੀ ਦੇ ਉੱਪਰ ਵਰਣਿਤ ਚੇਲਿਆਂ ਤੋਂ ਇਲਾਵਾ ਸੰਤ ਕਿਸ਼ਨ ਸਿੰਘ "ਕੱਕੇ ਕੇ" (ਸਿਆਲਕੋਟ), ਸੰਤ ਪ੍ਰੇਮ ਸਿੰਘ, ਸੰਤ ਭਾਗ ਸਿੰਘ, ਗੁਰਬਖਸ਼ ਸਿੰਘ ਉਪਦੇਸ਼ਕ ਦੇ ਭਾਈ ਮਹਾਂ ਸਿੰਘ ਹੰਸਰੋ ਆਦਿ ਵੀ ਆਪ ਦੇ ਪ੍ਰਸਿੱਧ ਚੇਲੇ ਸਨ।

"ਪੰਡਿਤ ਬਸੰਤ ਸਿੰਘ ਜੀ ਨੇ ਮੁੱਢਲੀ ਵਿੱਦਿਆ ਆਪਣੇ ਪਿੰਡ ਦੀ ਧਰਮਸ਼ਾਲਾ ਦੇ ਮੁਖੀ, ਬੀਤ ਰਾਗ ਸੰਤ ਪ੍ਰਤਾਪ ਸਿੰਘ ਜੀ ਨਾਮਧਾਰੀ ਤੋਂ ਹੀ ਹਾਸਲ ਕੀਤੀ। ਸੰਸਕ੍ਰਿਤ ਭਾਸ਼ਾ ਦੇ ਅਧਿਐਨ ਲਈ ਆਪ ਅੰਮ੍ਰਿਤਸਰ

ਵਿਖੇ ਵਾਕਿਆ ਸੰਤ ਮਿਸ਼ਰਾ ਸਿੰਘ ਨਿਰਮਲੇ ਦੀ ਧਰਮਸ਼ਾਲਾ ਵਿੱਚ ਜਾ ਰਹੇ ਸਨ। ਸੰਸਕ੍ਰਿਤ ਦੇ ਹੋਰ ਵਧੇਰੇ ਗਿਆਨ ਲਈ ਆਪ ਨੂੰ ਹਰਿਦੁਆਰ ਜਾ ਕੇ ਵੀ ਡੇਰੇ ਲਾਉਣੇ ਪਏ। "ਨਾਮਧਾਰੀ ਪੁਣਾ ਇਹਨਾਂ ਦੇ ਲਹੂ ਵਿੱਚ ਅਜਿਹਾ ਰਚਿਆ ਕਿ ਜਿੱਥੇ ਵੀ ਗਏ ਜੱਸ, ਸ਼ੋਭਾ ਅਤੇ ਨਾਮਣੇ ਦੇ ਨਾਲ ਨਾਲ ਆਪਣੇ ਅਸੂਲਾਂ ਨੂੰ ਪਿਆਰਿਆ ਅਤੇ ਇਤਨਾ ਉੱਚਾ ਰੱਖਿਆ ਕਿ ਹਰ ਕੋਈ ਇਸ ਵਿਦਵਾਨ ਨਾਮਧਾਰੀ ਤੋਂ ਪ੍ਰਭਾਵਿਤ ਹੋਇਆ।"[3]

ਉਸ ਸਮੇਂ ਅਨੰਦਪੁਰ ਸਾਹਿਬ ਵਿਖੇ ਇਕ ਸੰਤ ਸੰਪੂਰਨ ਸਿੰਘ ਜੀ ਹੁੰਦੇ ਸਨ ਜਿਹੜੇ ਬਹੁਤ ਵਿਦਵਾਨ ਸਨ, ਬੜੇ ਗਰੰਥਾਂ ਦੇ ਗਿਆਤਾ ਸਨ। ਉਹਨਾਂ 1867 ਅਤੇ 1870 ਈ. ਦੇ ਹੋਲੇ ਮੁਹੱਲਿਆਂ ਸਮੇਂ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉੱਥੇ ਗੁਰਧਾਮਾਂ ਦੀ ਯਾਤਰਾ ਤੇ ਗਏ ਤਾਂ ਆਪ ਜੀ ਦੇ ਦਰਸ਼ਨ ਬੜੇ ਸਤਿਕਾਰ ਨਾਲ ਕੀਤੇ ਸਨ। ਪੰਡਿਤ ਬਸੰਤ ਸਿੰਘ ਜੀ ਨੇ ਕੁਝ ਸਮਾਂ ਅਨੰਦਪੁਰ ਸਾਹਿਬ ਵਿਖੇ ਨਿਵਾਸ ਰੱਖ ਕੇ ਸੰਤ ਸੰਪੂਰਨ ਸਿੰਘ ਹੋਰਾਂ ਤੋਂ ਵੀ ਵਿੱਦਿਆ ਹਾਸਲ ਕੀਤੀ ਸੀ। ਪੰਡਿਤ ਬਸੰਤ ਸਿੰਘ ਜੀ, ਉਹਨਾਂ ਸੰਤ ਸੰਪੂਰਨ ਸਿੰਘ ਹੋਰਾਂ ਤੋਂ ਸੁਣੇ ਬਚਨ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸੁਣਾਇਆ ਕਰਦੇ ਸਨ, ਖਾਸ ਕਰ ਕੇ ਦੀਵਾਨ ਨੰਦ ਲਾਲ ਹੋਰਾਂ ਦਾ ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਦੀਦਾਰੇ ਕਰਨ ਨਾਲ ਕਿਤਨਾ ਸਨੇਹ ਸੀ, ਇਹ ਉਹ ਦੱਸਿਆ ਕਰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿੱਚ ਇਕ ਤੋਂ ਵੱਧ ਵਾਰ ਪੰਡਿਤ ਬਸੰਤ ਸਿੰਘ, ਸੰਤ ਸੰਪੂਰਨ ਸਿੰਘ ਦੇ ਹਵਾਲੇ ਨਾਲ ਦੀਵਾਨ ਨੰਦ ਲਾਲ ਜੀ ਦੇ ਹਵਾਲੇ ਨਾਲ ਸਤਿਗੁਰੂ ਦੇ ਵਿਓਗੀ ਸਿੱਖਾਂ ਦੇ ਬਿਰਤਾਂਤ ਦਰਜ ਕੀਤੇ ਮਿਲਦੇ ਹਨ।

"ਸੰਤ ਸੰਪੂਰਨ ਸਿੰਘ ਜੀ ਅਨੰਦਪੁਰ ਵਾਲੇ ਬਚਨ ਕਰਦੇ- ਸੰਤ ਅਨੰਦਪੁਰ ਵਾਲਿਆਂ ਨੂੰ ਕੋਈ-ਕੋਈ ਆਦਮੀ ਜਾਣਦੇ ਹਨ, ਬਿਰਧਾਂ 'ਚੋਂ ਕਿ ਉਹ ਅੱਸੀ ਸਾਲ ਦੀ ਉਮਰ 'ਚ ਖਰਲ ਏਡਾ ਚੁੱਕਦੇ ਸਨ, ਜਿਹੜਾ ਕਿਸੇ ਜਵਾਨ ਤੋਂ ਨਹੀਂ ਚੁੱਕਿਆ ਜਾਂਦਾ। ਦਵਾਈ ਵੀ ਦੇਣੀ, ਲੰਗਰ ਵੀ ਚਲਾਉਣਾ, ਪਰ, ਸਤਿਗੁਰੂ ਰਾਮ ਸਿੰਘ ਨੂੰ ਮਿਲੇ ਹੋਏ ਸਨ ਲੋਕਾਂ ਨੂੰ ਨਹੀਂ ਸੀ ਪਤਾ। ਪੰਡਿਤ ਬਸੰਤ ਸਿੰਘ ਜੀ ਪੜ੍ਹਨ ਗਏ। ਕਹਿਣ ਲੱਗੇ, "ਭਾਈ ਬਸੰਤ ਸਿੰਹਾਂ! ਪੁਜਾਰੇ (ਪੁਜਾਰੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ) ਤਾਂ ਸੜਦੇ ਰਹਿੰਦੇ ਸੀ, ਮੈਂ ਜਦੋਂ ਸਤਿਗੁਰ ਆਉਂਦੇ ਸੀ, ਉਨ੍ਹਾਂ ਦੇ ਕੋਲ ਹੀ ਰਹਿੰਦਾ ਸੀ।"

"ਅਸਾਂ ਵੀ ਦਰਸ਼ਨ ਕੀਤੇ ਜਾ ਕੇ। ਬੜਾ ਅਦਬ ਕੀਤਾ। ਬੜੇ ਮਹਾਂ ਪੁਰਖ

ਥੇ। ਉਹ ਕਹਿੰਦੇ ਸੀ, ਦਿਵਾਨ ਜੀ ਦੀ ਕੀ ਹਾਲਤ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਰਾਜਸੀ ਠਾਠ, ਕਿਲ੍ਹਾ ਬਣਿਆ ਹੋਇਆ। ਜਿਸ ਵੇਲੇ (ਕਿਲੇ ਦਾ) ਦਰਵਾਜ਼ਾ ਬੰਦ ਹੋਣਾ ਰਾਤ ਨੂੰ, ਸੱਚੇ ਪਾਤਸ਼ਾਹ ਨੇ ਅੰਦਰ ਜਾਣਾ ਤਾਂ ਦਿਵਾਨ (ਨੰਦ ਲਾਲ) ਜੀ ਦਾ ਤਖਤਿਆਂ ਨਾਲ ਸਿਰ ਲੱਗ ਜਾਣਾ ਤੇ ਰੋਈ ਜਾਣਾ— ਸਾਰੀ ਰਾਤ- ਹਾਏ ਸੂਰਜ ਛਿਪ ਗਿਆ। ਹਾਏ ਸੂਰਜ ਛਿਪ ਗਿਆ।"

"ਸੋ ਦਿਵਾਨ ਜੀ ਦੀ ਇਹ ਹਾਲਤ ਸੀ, ਜਦੋਂ ਪਹਿਰ, ਸਵਾ ਪਹਿਰ ਤੜਕੇ ਸੱਚੇ ਪਾਤਸ਼ਾਹ ਨੇ ਦਰਵਾਜ਼ਾ ਖੋਲ੍ਹਣਾ- ਆਹ, ਹਾ, ਹਾ ਸੂਰਜ ਚੜ੍ਹ ਆਇਆ।"[4]

ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤ ਸੰਪੂਰਨ ਸਿੰਘ ਹੋਰਾਂ ਦੇ ਦਰਸ਼ਨ 1968 ਸੰਬਤ ਬਿਕਰਮੀ (1912 ਈ.) ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੇ ਗਿਆਂ ਕੀਤੇ ਸਨ।

"ਦਿਵਾਨ ਨੰਦ ਲਾਲ ਜੀ, ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ਿਕ...। ਅਨੰਦਪੁਰ ਸੰਤ ਸੰਪੂਰਨ ਸਿੰਘ ਜੀ ਸਨ, ਬੜੇ ਮਹਾਂਪੁਰਖ, ਵੈਦਕ ਵੀ ਕਰਦੇ ਸਨ, ਲੰਗਰ ਵੀ ਲੋਕਾਂ ਨੂੰ ਦਿੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਸਤਿਗੁਰਾਂ ਨੂੰ ਮਿਲੇ।

ਲੋਕਾਂ ਨੂੰ ਨਹੀਂ ਪਤਾ, ਅਸੀਂ ਵੀ ਉਹਨਾਂ ਦਾ ਦਰਸ਼ਨ ਕੀਤਾ, ਬਿਰਧ ਹੋਇਆਂ ਦਾ ਜਾ ਕੇ ਸੰਮਤ (ਉੱਨੀ ਸੌ) ਅਠਾਹਠ ਬਿਕਰਮੀ ਵਿੱਚ। ਪੰਡਿਤ ਬਸੰਤ ਸਿੰਘ ਹੁਰੀਂ ਉਹਨਾਂ ਕੋਲ ਪੜ੍ਹਦੇ ਰਹੇ। ਕਹਿੰਦੇ- ਭਾਈ ਬਸੰਤ ਸਿੰਹਾਂ! ਇਹ ਪੁਜਾਰੇ ਤਾਂ ਸੜਦੇ ਰਹਿੰਦੇ, ਮੈਂ ਤਾਂ ਜਦੋਂ ਸਤਿਗੁਰੂ (ਰਾਮ ਸਿੰਘ) ਆਉਂਦੇ ਕੋਲ ਹੀ ਰਹਿੰਦਾ ਜਾ ਕੇ। ਉਹ ਸੰਤ ਕਹਿੰਦੇ ਸੀ- ਦਿਵਾਨ ਜੀ ਕੈਸੇ ਸਨ ਆਸ਼ਿਕ, ਸਤਿਗੁਰੂ ਗੋਬਿੰਦ ਸਿੰਘ ਜੀ ਦੇ। ਕਿਉਂਕਿ ਮਹਾਰਾਜ ਨੇ ਬਾਣੀ 'ਚ ਇਹ ਲਿਖਿਆ ਹੈ-

ਦਰ ਦਰਸਨ ਕਾ ਪ੍ਰੀਤਮ ਹੋਵੈ

ਮੁਕਤਿ ਬੈਕੁੰਠੈ ਕਰੇ ਕਿਆ॥

- ਆਸਾ ਮ: ੧, ਪੰਨਾ ੩੬੦

-ਜਿਹੜਾ ਦਰਸ਼ਨ ਦਾ ਆਸ਼ਿਕ ਹੈ। ਦੁਨੀਆਂ ਦਾ ਸੁਖ ਵੱਡਾ, ਰਾਜ- ਰਾਜ ਤੋਂ ਅੱਗੇ ਲੋਕਾਂ ਮੰਨਿਆ ਸਵਰਗ- ਸਵਰਗ ਤੋਂ ਅੱਗੇ ਮੰਨਿਆ ਬੈਕੁੰਠ— ਬੈਕੁੰਠ ਤੋਂ ਅੱਗੇ ਮੰਨੀ ਹੈ ਮੁਕਤ- ਪਰ ਜਿਹੜੇ ਮਹਾਂਪੁਰਖ, ਸਤਿਗੁਰੂ ਦੇ ਸੇਵਕ ਹਨ, ਉਹ ਏਦੂੰ ਵੀ ਜ਼ਰਾ ਅੱਗੇ ਰਹਿੰਦੇ ਹਨ। ਉਹ ਥਾਂ ਹੈ ਜੀਵਨ

ਮੁਕਤਿ ਦਾ।"[5]

ਸੋ ਪੰਡਿਤ ਬਸੰਤ ਸਿੰਘ ਜੀ ਦੇ ਸਿੱਖਿਆ ਦਾਤੇ, ਸੰਤ ਸੰਪੂਰਨ ਸਿੰਘ ਜੀ ਆਪਣੇ ਸਮੇਂ ਦੀ ਉੱਘੀ ਸ਼ਖਸ਼ੀਅਤ ਸਨ ਅਤੇ ਜਿਹੜੇ ਅਨੰਦਪੁਰ ਸਾਹਿਬ ਰਹਿੰਦੇ ਹੋਏ ਵੀ ਅੰਗਰੇਜ਼ ਸਰਕਾਰ ਦੁਆਰਾ ਥਾਪੇ ਪੁਜਾਰੀਆਂ ਦੇ ਕੂਕਾ ਵਿਰੋਧ ਨੂੰ ਟਿੱਚ ਜਾਣਦੇ ਸਨ। ਸੰਤ ਜੀ ਸਮਝਦੇ ਸਨ ਕਿ ਪੁਜਾਰੀ ਰਾਜ ਭਗਤ ਹਨ ਅਤੇ ਕੂਕੇ ਦੇਸ਼ ਭਗਤ। ਬਸੰਤ ਸਿੰਘ ਹੋਰਾਂ ਨੇ ਆਪਣੇ ਅਗਲੇ ਜੀਵਨ ਵਿੱਚ ਆਪ ਵੀ ਦੇਸ਼ ਭਗਤੀ ਨੂੰ ਤਰਜੀਹ ਦਿੱਤੀ ਅਤੇ ਆਪਣੇ ਪਾਸੋਂ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵੀ ਇਸੇ ਰਸਤੇ ਤੋਰਿਆ।

ਗੁਰੂ ਹਰੀ ਸਿੰਘ ਜੀ ਦੇ ਦੇਹ ਦਾ ਓਹਲਾ ਕਰ ਜਾਣ ਬਾਅਦ ਕੁਝ ਸਮਾਂ ਸਤਿਗੁਰੂ ਪਰਤਾਪ ਸਿੰਘ ਜੀ ਵੈਰਾਗੀ ਅਵਸਥਾ ਵਿੱਚ ਰਹੇ। ਆਪ ਦਾ ਫੁਰਨਾ ਸੀ ਕਿ ਦੂਰ ਪਹਾੜਾਂ ਤੇ ਜਾ ਕੇ, ਕੁਝ ਸਮਾਂ ਇਕਾਂਤ ਬੰਦਗੀ ਕੀਤੀ ਜਾਏ। ਆਪ ਨੇ ਇਸ ਕੰਮ ਵਿੱਚ ਸਹਾਇਕ ਹੋਣ ਲਈ ਪੰਡਿਤ ਬਸੰਤ ਸਿੰਘ ਜੀ ਨੂੰ ਨਾਲ ਤੋਰਨਾ ਚਾਹਿਆ। ਪਰ ਬਾਅਦ ਵਿੱਚ ਉਹਨਾਂ ਦੀ ਰਾਇ ਤੇ ਨੀਲੋਂ ਨਹਿਰ ਵਾਲੇ ਡੇਰੇ ਤੇ ਇਹ ਨਾਮ ਸਿਮਰਨ, ਜਪ ਪ੍ਰਯੋਗ ਦੀ ਅਰੰਭਤਾ ਕੀਤੀ। ਸੰਤ ਤਰਨ ਸਿੰਘ 'ਵਹਿਮੀ' ਜੋ ਪੰਡਿਤ ਬਸੰਤ ਸਿੰਘ ਜੀ ਤੋਂ ਇਤਿਹਾਸਿਕ ਵਾਕਿਆਤ ਲਿਖਿਆ ਕਰਦੇ ਸਨ, ਇਸ ਪਰਸੰਗ ਨੂੰ ਆਪਣੀ ਵਿਸ਼ੇਸ਼ ਸ਼ੈਲੀ ਵਿੱਚ ਬਿਆਨ ਕਰਦੇ ਹਨ।

"ਸਤਿਗੁਰੂ ਜੀ ਪੰਡਿਤ ਬਸੰਤ ਸਿੰਘ ਜੀ (ਗੜ੍ਹ) ਪਧਾਣਾ ਜ਼ਿਲ੍ਹਾ (ਫੀਰੋਜ਼ਪੁਰ ਨਹੀਂ) ਜਲੰਧਰ ਵਾਲਿਆਂ ਨੂੰ ਕਿਹਾ, ਤੁਸੀਂ ਆਪ ਭੀ ਕੁਝ ਕਮਾਈ ਕੀਤੀ ਹੈ ਤੇ ਦੂਰ ਨੇੜੇ ਜਾ ਕੁਝ ਉੱਘੇ ਜਪੀ, ਤਪੀਆਂ ਦੀ ਭੀ ਸੰਗਤ ਕੀਤੀ ਹੈ, ਜੇ ਮੇਰੇ ਨਾਲ ਮਿਲੋ ਤਾਂ ਮੈਂ ਭੀ ਕੁਝ ਚਿਰ ਰੱਜ ਕੇ ਨਾਮ ਰਸ ਮਾਣ ਲਵਾਂ। ਪਹਾੜਾਂ ਤੇ ਇਕਾਂਤ ਵਿੱਚ ਜਾ ਕੇ। ਪੰਡਿਤ ਜੀ ਉੱਤਰ ਦਿੱਤਾ, ਆਪ ਨੂੰ ਤੇ ਅਜਿਹੇ ਉਗਰ ਤਪ ਕਰ, ਰਾਜ ਸੁਖ, ਪ੍ਰਭਤਾ, ਪੂਜਾ, ਵਡਿਆਈ, ਜੱਸ ਦੀ ਲੋੜ ਏ। ਤੁਸੀਂ ਤਾਂ ਐਸਾ ਕੁਝ ਇਹਨਾਂ ਦੀ ਪ੍ਰਾਪਤੀ ਲਈ ਪਏ ਕਰੋ। ਮੈਂ ਜਿਹਾ ਹਾਂ ਤੇਹਾ ਹੀ ਅਰਮਾਨ ਨਾਲ ਰਹਿਣਾ ਚਾਹੁੰਦਾ ਹਾਂ। ਤਾਂ ਸਤਿਗੁਰੂ ਜੀ ਬਸੰਤ ਸਿੰਘ ਹੋਰਾਂ ਨੂੰ ਕਿਹਾ, ਤੂੰ ਮੇਰੇ ਵਾਸਤੇ ਹੀ ਕੁਝ ਮੇਰਾ ਸਾਥ ਦੇ। ਤਾਂ ਪੰਡਿਤ ਜੀ ਕਿਹਾ, ਮਾਤਾ ਜੀ ਮੈਨੂੰ ਗੁੱਸੇ ਹੋਣਗੇ, ਉਜਰ ਦੇਣਗੇ। ਸਤਿਗੁਰੂ ਜੀ ਕਿਹਾ, ਮੈਂ ਮੰਨਾਂਗਾ ਸਭ ਮੇਰਾ ਕਸੂਰ ਹੈ, ਪਰ ਤੁਸੀਂ ਜ਼ਰੂਰ ਮੇਰੇ ਆਖੇ ਲੱਗੋ। ਬਸੰਤ ਸਿੰਘ ਜੀ ਸਤਿ ਬਚਨ ਤੇ ਕਹਿ ਦਿੱਤਾ, ਪਰ ਨਾਲ ਇਹ ਭੀ ਕਿਹੋ ਨੇ, ਮੈਨੂੰ ਰੋੜਾਂ ਤੇ ਐਵੇਂ ਹੀ ਪਹਾੜਾਂ ਵਿੱਚ ਰੋਲਣਾ ਜੋ, ਤੇ ਮਾਤਾ ਜੀ ਵੱਲੋਂ ਉਲਾਂਭਾ ਦਿਵਾਣਾ ਜੇ, ਜਦ

ਮੈਨੂੰ ਇਹਨਾਂ ਤਪਾਂ ਦੀ ਲੋੜ ਨਹੀਂ, ਪਰ ਤੁਹਾਡੇ ਕਹੇ ਟੁਰ ਪਵਾਂਗਾ।"

"ਇਕ ਦਿਨ ਸਤਿਗੁਰੂ ਜੀ ਤੇ ਬਸੰਤ ਸਿੰਘ ਜੀ ਦੋਵੇਂ ਚੁਪੀਤੇ, ਭੈਣੀ ਸਾਹਿਬੋਂ ਨਿਕਲ ਤੁਰੇ। ਮਾਤਾ (ਜੀਵਨ ਕੌਰ) ਜੀ ਤੇ ਸਿੱਖਾਂ, ਪਿੱਛੋਂ ਸੋਅ ਲੈ ਅੱਧ ਮੀਲ ਤੇ ਗੁਸਾਈਂ- ਆਣੇ ਕੋਲ ਜਾ ਅਰਜ਼ ਕਰ ਮੋੜ ਲਿਆਂਦੇ, ਰਾਮਸਰ ਲਾਗੇ ਕੋਠੀ ਪਾਸ ਕਮਰਕੱਸੇ ਲੱਗਿਆਂ ਹੀ। ਮਾਤਾ ਜੀ ਪੁੱਛਿਆ, ਕਿਉਂ ਜਾਂਦੇ ਹੋ? ਸਤਿਗੁਰੂ ਜੀ ਕਿਹਾ, ਮੇਰਾ ਤਪ ਕਰਨ ਨੂੰ ਚਿੱਤ ਕਰਦਾ ਏ। ਮਾਤਾ ਜੀ ਕਿਹਾ, ਤੂੰ ਪਰਤਾਪ ਸਿੰਘਾ ! ਅੱਗੇ ਬੜਾ ਤਪ ਕੀਤਾ ਹੋਇਆ ਏ। ਤਾਂ ਉਤਰ ਦਿਤੋ ਨੇ, ਮੈਂ ਬਿਹਾ ਹੀ ਨਹੀਂ ਖਾਣਾ, ਜਮ੍ਹਾਂ ਹੋਇਆ ਬਹਿ, ਵਰਤ ਨਹੀਂ ਮੁਕਾਣਾ। ਤਾਂ ਮਾਤਾ ਜੀ ਬਸੰਤ ਸਿੰਘ ਵੱਲ ਹੱਥ ਕਰ ਕਿਹਾ, ਤੇਰਾ ਸਭ ਕਸੂਰ ਏ ਤੇ ਕਿਹਾ, ਵੇ ਪੰਡਿਤਾ! ਜੰਮਿਆਂ ਦੇ ਦੁੱਖ ਬੜੇ ਹੁੰਦੇ ਨੇ। ਤਾਂ ਸਤਿਗੁਰੂ ਜੀ ਕਿਹਾ, ਇਹਨਾਂ ਨੂੰ ਤੇ ਮੈਂ ਲੈ ਚੱਲਿਆ ਸਾਂ, ਇਹ ਤੇ ਨਹੀਂ ਸੀ ਜਾਂਦੇ। ਤਾਂ ਮਾਤਾ ਜੀ ਕਿਹਾ, ਜੋ ਪਹਾੜਾਂ ਵਿੱਚ ਜਾ ਤਪ ਕਰਨਾ ਜੇ ਏਥੇ ਹੀ ਕਰੋ ਜਿੱਥੇ ਚਿੱਤ ਕਰ-ਜੇ। ਤਾਂ ਪੰਡਿਤ ਜੀ ਕਿਹਾ, ਪਾਤਸ਼ਾਹੋਂ ਨਹਿਰ ਤੇ ਚਲੇ ਚਲੋ। ਮੈਨੂੰ ਮਲੋ-ਮਲੀ ਕਿਉਂ ਰੋੜਾਂ ਤੇ ਰਾਹ ਵਿੱਚ ਰੋਲ ਕੇ ਮਾਰਦੇ ਓ ! ਨਾਲੇ ਭੁੱਖਾ ਮਰਾਂਗਾ, ਨਾਲੇ ਉਲਾਂਭੇ ਜਰਾਂਗਾ। ਸਤਿਗੁਰੂ ਜੀ ਮੰਨ ਗਏ ਤੇ ਨਹਿਰ ਤੇ ਜਾ ਕੱਖਾਂ ਦੀ ਵੱਖਰੀ ਝੁੱਗੀ ਪਾ ਲਈ। ਪਿਛਲੀ ਰਾਤ ਉਠ ਸ਼ੌਚ, ਇਸ਼ਨਾਨ ਕਰ, ਨਹਿਰ ਦੇ ਕੰਢੇ ਤੇ ਸਿਰ ਪਰਨਾ, ਤੇੜ ਕਛਹਿਰਾ ਰੱਖ, ਨੰਗੇ ਬੈਠ, ਸਵਾ ਪਹਿਰ ਦਿਨ ਆਉਂਦੇ ਤੱਕ, ਇਕ ਚਉਂਕੜੇ ਬੈਠੇ ਰਹਿਣਾ ਅਰੰਭਿਆ। 125 ਪਾਠ ਪੈਂਤੀਸ ਅੱਖਰੀ ਦੇ ਕੰਠੋਂ ਕਰਨੇ। ਸਾਰੀ ਪੰਜ ਗ੍ਰੰਥੀ ਦਾ ਪਾਠ ਕਰਨਾ, ਕਿਸੇ ਦਿਨ ਕੰਠੋਂ ਕਿਸੇ ਦਿਨ ਉੱਤੋਂ। ਭੁੰਜੇ ਸੌਣਾ। ਅੱਠ ਪਹਿਰੀਂ ਡੇਢ ਛਟਾਂਕੀ ਚੌਲ ਹੀ ਛਕਣੇ। ਪੰਡਿਤ ਜੀ ਪੰਜਵੇਂ ਦਿਨ ਮੰਜਾ ਮੰਗ ਲਿਆ ਤੇ ਕਿਹਾ, ਮੈਂ ਨਾ ਕੁਝ ਅਗੋਂ ਬਨਣਾ ਤੇ ਲੈਣਾ ਹੈ। ਨਾ ਐਸੇ ਤਪ ਵਰਤ ਰੱਖਦਾ ਹਾਂ, ਨਾ ਤਪ ਵਿੱਚ ਪੈ ਭਖਦਾ ਹਾਂ। ਇਸੇ ਤਰ੍ਹਾਂ ਹੋਰ ਸਾਥੀ ਭੀ ਸਭ ਪ੍ਰਸਾਦ ਛਕਣ ਲੱਗ ਪਏ। ਸਤਿਗੁਰੂ ਜੀ ਪੂਰੇ ਚਾਲੀ ਦਿਨ ਇਹੋ ਧਾਰਿਆ ਨੇਮ ਨਿਬਾਹਿਆ।..."

"ਇਹ ਪਹਿਲਾ ਤਪ ਚਾਹਲੀਆ, ਸਤਿਗੁਰੂ ਜੀ ਕੱਖਾਂ ਦੀ ਝੁੱਗੀ ਵਿੱਚ ਹੀ ਨਹਿਰ ਤੇ ਕੀਤਾ ਸੀ। 10 ਸਾਉਣ ਤੋਂ ਲੈ ਕੇ 20 ਭਾਦਰੋਂ ਤੱਕ, ਨਹਿਰ ਰੋਪੜ ਵਾਲੀ ਤੇ 1963 ਬਿਕਰਮੀ ਵਿੱਚ। ਇਹ ਸਭ ਵਾਰਤਾ ਮੈਨੂੰ ਪੰਡਿਤ ਬਸੰਤ ਸਿੰਘ ਜੀ ਪਾਸੋਂ ਮਿਲੀ ਸੀ। ਭੈਣੀ ਸਾਹਿਬ, 24 ਭਾਦਰੋਂ 2018 (ਬਿਕਰਮੀ)।"

"ਇਨ੍ਹਾਂ ਪੰਡਿਤ ਜੀ ਪਾਸ ਕਈ ਸਿੱਖ ਪੜ੍ਹਦੇ ਸੀ। ਏਕ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਭੀ ਪਧਾਣੇ ਗਏ। ਇਹਨਾਂ ਵਿਦਿਆਰਥੀਆਂ ਵੱਲੋਂ ਵੇਖ ਕਿਹਾ, ਪੰਡਿਤ ਜੀ ਮੈਨੂੰ ਭੀ ਪੜ੍ਹਾਉ। ਪੰਡਿਤ ਜੀ ਕਿਹਾ ਮੈਂ ਤਾਂ ਆਪ ਤੋਂ ਸਗੋਂ ਪੜ੍ਹਨਾ ਹੈ। ਤੁਸੀਂ ਮੈਨੂੰ ਪੜ੍ਹਾਉ। ਤਾਂ ਸਤਿਗੁਰੂ ਜੀ ਕਿਹਾ, ਜੇ ਏਡੀ ਸ਼ਰਧਾ ਏ ਤਾਂ ਬਚਨ ਮੰਨੇ। ਪੰਡਿਤ ਜੀ ਸੱਤਿਬਚਨ ਕੀਤਾ। ਤਿੰਨਾਂ ਘੰਟਿਆਂ ਵਿੱਚ ਪੰਜ ਸੰਧੀ ਸਣੇ ਅਰਥਾਂ ਸਤਿਗੁਰੂ ਜੀ ਨੂੰ ਸੁਣਾਈ। ਆਪ ਪਾਸ ਬੈਠ ਸੁਣਦੇ ਰਹੇ। ਛੇ ਮਹੀਨਿਆਂ ਬਾਅਦ 1967 (ਸੰਬਤ ਬਿਕਰਮੀ) ਲਾਹੌਰ ਦੇ ਹੋਲੇ ਤੇ ਮਿਲੇ ਤੇ ਹੋਲਿਉਂ ਮਾਝੇ ਵੱਲ ਦੌਰੇ ਟੁਰਿਆਂ ਘੋੜੇ ਤੇ ਚੜ੍ਹਿਆਂ ਹੀ ਸਾਥ, ਪਧਾਣੇ ਸੁਣੀ ਸੰਧੀ ਸਾਰੀ ਪੰਡਿਤ ਜੀ ਨੂੰ ਸੁਣਾਈ ਤੇ ਕਿਹਾ, ਮੈਨੂੰ ਆਪ ਤੋਂ ਸੁਣਦਿਆਂ ਤਦੋਂ ਨਾਲੋ ਨਾਲ ਹੀ ਕੰਠ ਹੁੰਦੀ ਗਈ ਸੀ। ਇਹ ਵਰ ਮੈਨੂੰ ਗੁਰੂ ਹਰੀ ਸਿੰਘ ਜੀ ਦਿੱਤਾ ਹੋਇਆ ਏ ਕਿ ਇਹ ਸਭ ਵਿੱਦਿਆ ਅੱਗੇ ਹੀ ਪੜ੍ਹਿਆ ਹੋਇਆ ਏ। ਮੈਂ ਦੇਖਦਾ ਹਾਂ ਜੋ ਵਿੱਦਿਆ ਰਾਗ, ਸੁਰ, ਤਾਲ, ਤੁਕ ਸ਼ਬਦ, ਠੁਮਰੀ ਸਾਜ ਆਦਿ ਗੁਣ ਵਿੱਦਿਆ ਹਿਕਮਤ ਆਦਿ ਹਨ। ਜੇ ਮੈਂ ਚਿਤੋਂ ਲੈਣੇ ਚਾਹਵਾਂ, ਸੁਨਣ, ਵੇਖਣ, ਜਾਚਣ ਨਾਲ ਹੀ ਅੰਦਰ ਉੱਤਰ ਜਾਂਦੇ ਹਨ। ਇਹ ਕਹਿ ਪੰਡਿਤ ਜੀ ਮੈਨੂੰ ਦੱਸਿਆ, ਸਤਿਗੁਰੂ ਜੀ ਕਿੰਨੀ ਵਾਰ ਹੀ ਕਿਹਾ, "ਧੰਨ ਗੁਰੂ ਹਰੀ ਸਿੰਘ ਜੀ, ਧੰਨ ਗੁਰੂ ਹਰੀ ਸਿੰਘ ਜੀ, ਧੰਨ ਗੁਰੂ ਹਰੀ ਸਿੰਘ ਜੀ।"[6]

ਪੰਡਿਤ ਬਸੰਤ ਸਿੰਘ ਜੀ ਨੇ ਸਿੱਖ ਤੀਰਥ ਅਸਥਾਨਾਂ, ਅੰਮ੍ਰਿਤਸਰ ਅਤੇ ਸ੍ਰੀ ਅਨੰਦਪੁਰ ਸਾਹਿਬ ਜਿਉਂ, ਹਿੰਦੂ ਤੀਰਥ ਅਸਥਾਨਾਂ ਤੇ ਵੀ ਜਾ ਕੇ ਵਿੱਦਿਆ ਗ੍ਰਹਿਣ ਕੀਤੀ ਸੀ। ਇਸ ਵਿੱਦਿਆ ਨੂੰ ਉਹਨਾਂ ਫਿਰ ਪੰਥਕ ਪਰਚਾਰ ਪਰਸਾਰ ਲਈ ਅਤੇ ਦੇਸ਼ ਆਜ਼ਾਦੀ ਵਾਸਤੇ ਵੀ ਵਰਤਿਆ ਸੀ। ਪੰਡਿਤ ਬਸੰਤ ਸਿੰਘ ਜੀ ਪਧਾਣਾ ਨੇ ਕੁਝ ਵਿੱਦਿਆ ਸ੍ਰੀ ਅੰਮ੍ਰਿਤਸਰ ਜੀ ਲਈ ਤੇ ਕੁਝ ਕਾਸ਼ੀ ਜਾ ਪੜ੍ਹੇ ਤੇ ਵੇਦਾਂਤ ਮੱਤ ਘੋਖ ਆਪਣੇ ਨਾਮਧਾਰੀ ਪੰਥ ਦਾ ਬਹੁਤ ਪਰਚਾਰ, ਪਿਆਰ ਐਸੀ ਜੁਗਤ ਨਾਲ ਕੀਤਾ ਕਿ ਬਹੁਤ ਸਿੱਖਾਂ ਨੂੰ ਅੱਗੋਂ ਪੜ੍ਹਾਇਆ ਤੇ ਹਰ ਮਰਜਾਦਾ ਤੇ ਵੇਦ ਸ਼ਾਸ਼ਤਰ ਤੇ ਗੁਰਬਾਣੀ ਦੇ ਮਤ ਨੂੰ ਇਕ ਤੱਥ ਦੇ ਰੂਪ ਵਿੱਚ ਸਾਰ ਨਿਤਾਰ ਕੇ ਹਰ ਮੇਲੀ ਦੇ ਹਿਰਦੇ ਵਿੱਚ ਬਿਠਾਇਆ। ਇਹਨਾਂ ਤੋਂ ਹਰ ਨਾਮਧਾਰੀ ਪੰਥ ਦੇ ਪਰਚਾਰਕ ਨੂੰ ਸੁਤੇ ਬਹੁਤੀ ਸੂਝ ਮਿਲਦੀ। ਇਹ ਸਹਿਜ ਬਿਰਤੀ, ਖੋਜੀ, ਵਿਦਵਾਨ, ਥਿਊਰੀ ਤੇ ਬੋਲਣ ਵਾਲੇ, ਵੇਦ ਸ਼ਾਸ਼ਤਰ ਤੇ ਗੁਰਬਾਣੀ ਦੇ ਸਤ ਅਰਥ-ਕਰਤਾ, ਸਭ ਪੰਥਾਂ ਦੇ ਵਿਦਵਾਨਾਂ ਵਿੱਚ ਮੰਨੀਦੇ ਸਨ। ਇਹਨਾਂ ਦੀ ਸੰਗਤ ਕਰਨ ਵਾਲਾ ਨਾਮਧਾਰੀ ਪੰਥ ਤੇ ਗਿਲਾਣ ਕਰਨੋਂ ਹਟ ਜਾਂਦਾ ਸੀ, ਕਿਉਂਕਿ ਸੰਤ ਜੀ ਹਰ ਧਰਮ-ਗ੍ਰੰਥ ਵਿੱਚੋਂ ਨਾਮਧਾਰੀ ਪੰਥ ਦੀ ਸੰਥਾ ਨੂੰ

ਸਿੱਧ ਕਰ ਦਿਖਾਲਦੇ ਸੀ। ਸਤਿਗੁਰੂ ਪਰਤਾਪ ਸਿੰਘ ਜੀ ਇਹਨਾਂ ਪਾਸੋਂ ਕੁਝ ਪੰਜ ਸੰਧੀ, ਲਘੂ ਕੌਮਦੀ ਆਦਿ ਤੇ 'ਹਨੂਮਾਨ ਨਾਟਕ ਸਮੇਤ ਅਰਥਾਂ ਦੇ ਲਾਏ ਸੀ। ਕਾਂਗਰਸ ਦੇ ਸਮੇਂ ਇਹਨਾਂ ਭੈਣੀ ਸਾਹਿਬੋਂ ਪੁਲਸ ਦੀ ਚੌਂਕੀ ਉਠਾਉਣ ਦਾ ਕੰਮ, ਸੰਤ ਮੰਗਲ ਸਿੰਘ ਜੀ (ਅਰਸ਼ੀ ਫਰਿਸ਼ਤਾ) ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਸਾਥ ਰਲ ਕੀਤਾ ਤੇ ਸਰਕਾਰ ਦੀ ਅੱਖ 'ਚ ਭੀ ਤਿਣ ਹੋ ਰੜਕਦੇ ਰਹੇ।[7]

17-18-19 ਜਨਵਰੀ 1921 ਨੂੰ, ਮਲੇਰਕੋਟਲੇ ਵਿਖੇ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਨਮਿੱਤ ਪਹਿਲਾ ਮੇਲਾ ਦੁਆਬੇ ਦੇ ਮਸ਼ਹੂਰ ਪਿੰਡ ਮੁਠੱਡੇ ਵਿੱਚ ਕਰਨ ਦੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਬੇਨਤੀ ਪੰਡਿਤ ਬਸੰਤ ਸਿੰਘ ਜੀ ਨੇ ਕੀਤੀ ਸੀ, ਜੋ ਪਰਵਾਨ ਹੋਈ।[8] ਇਸ ਮੇਲੇ ਤੇ ਪੰਜਾਬ ਦੇ ਸੂਬਾਈ ਪੱਧਰ ਦੇ ਕਾਂਗਰਸੀ ਅਤੇ ਹੋਰ ਆਗੂਆਂ ਦੇ ਨਾਲ ਨਾਲ ਪੰਡਿਤ ਬਸੰਤ ਸਿੰਘ ਹੋਰਾਂ ਵੀ ਸਰਕਾਰ ਬਰਤਾਨੀਆ ਖਿਲਾਫ ਜ਼ਜ਼ਬਿਆਂ ਗੁੱਧੀ ਤਕਰੀਰ ਕੀਤੀ ਸੀ। "ਮਹਾਰਾਜ ਗੁਰਦਿਆਲ ਸਿੰਘ ਜੀ, ਪੰਡਿਤ ਬਸੰਤ ਸਿੰਘ ਜੀ, ਸੰਤ ਨਿਧਾਨ ਸਿੰਘ ਜੀ ਆਲਿਮ, ਅਖਬਾਰਾਂ ਦੇ ਐਡੀਟਰਾਂ ਤੇ ਦੇਸ਼ ਭਗਤਾਂ, ਦੇਸ਼ ਹਿੱਤ ਸ਼ਹੀਦ ਹੋਇਆਂ ਤੇ ਆਜ਼ਾਦੀ ਹਿੱਤ ਉਤਸ਼ਾਹ ਵਾਲੇ ਪਰਚਾਰ ਕੀਤੇ। ਇਹ ਸਭ ਮੇਲੇ ਦੀ ਕਾਰਵਾਈ 14 ਮਾਘ, ਸਤਿਜੁਗ 'ਚ ਲਾਹੌਰ ਜਾ ਮਹਾਰਾਜ ਜੀ ਤੇ ਆਲਿਮ ਜੀ ਨੇ ਲਿਖੀ।"...

"ਇਸ ਮੇਲੇ ਤੇ ਸਤਿਗੁਰੂ ਜੀ ਦਾ ਦੇਸ਼-ਭਗਤਾਂ, ਸਿੱਖਾਂ, ਕਾਂਗਰਸੀਆਂ ਤੇ ਖ਼ਿਲਾਫਤ ਵਾਲਿਆਂ ਨਾਲ ਪ੍ਰੇਮ ਵਧਿਆ। ਅਖਬਾਰਾਂ ਵਿੱਚ ਬਹੁਤ ਲੇਖ ਛਪੇ। ਸ਼ਹੀਦਾਂ ਤੇ ਸਤਿਗੁਰੂ ਰਾਮ ਸਿੰਘ ਜੀ ਬਾਰੇ। ਪੰਡਿਤ ਬਸੰਤ ਸਿੰਘ, ਸੂਬਾ ਸਹੀਆ ਸਿੰਘ ਜੀ ਬਹੁਤ ਅੱਗੇ ਹੋ ਹਿੱਸਾ ਪਾਇਆ ਇਸ ਮੇਲੇ ਤੇ।"

"ਸਨਖੱਤਰੇ, ਜ਼ਿਲ੍ਹਾ ਸਿਆਲਕੋਟ ਵਿੱਚ ਤੇ ਹੁਸ਼ਿਆਰਪੁਰ ਭੀ ਮਹਾਰਾਜ ਗੁਰਦਿਆਲ ਸਿੰਘ ਜੀ ਤੇ ਉਹਨਾਂ ਦੇ ਮੇਲੀਆਂ ਸਾਥੀਆਂ ਵੱਲੋਂ, ਉੱਦਮ ਖੇਚਲ ਕੀਤੀ ਕਾਰਨ ਕਾਨਫਰੰਸਾਂ ਮੇਲੇ ਹੋਏ ਜਿੰਨ੍ਹਾਂ ਵਿੱਚ ਅੰਗਰੇਜ਼ੀ ਸਰਕਾਰ ਦੇ ਨਾਮਧਾਰੀਆਂ ਤੇ ਜ਼ੁਲਮ ਦੱਸੇ ਗਏ ਤੇ ਭੈਣੀ ਸਾਹਿਬੋਂ ਚੌਂਕੀ ਚੁੱਕ ਲੈਣ ਦੀ ਬਾਬਤ ਜੋਰ ਦਿੱਤਾ ਗਿਆ।"

"ਹੁਸ਼ਿਆਰਪੁਰ ਸਤਿਗੁਰ (ਪਰਤਾਪ ਸਿੰਘ) ਜੀ, ਆਲਿਮ ਜੀ ਤੇ ਪੰਡਿਤ ਬਸੰਤ ਸਿੰਘ ਜੀ ਆਦਿ ਨੇ ਬਹੁਤ ਉੱਦਮ ਕੀਤਾ ਸੀ।"[9]

ਸੰਬਤ 1978 (1921 ਈ.) ਬਿਕਰਮੀ ਦਾ ਨਾਮਧਾਰੀ ਹੋਲਾ ਮਹੱਲਾ ਮੁਕਤਸਰ ਸਾਹਿਬ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਮਨਾਇਆ ਗਿਆ। ਪਿਛਲੇ ਸਾਲ ਵਰਨਾਂ ਦੇ ਹੋਲੇ ਤੇ ਸਤਿਜੁਗ, ਨਾਮਧਾਰੀ

ਸਪਤਾਹਿਕ ਛਾਪਣ ਦਾ ਮੁੱਢ ਬੱਝਿਆ ਸੀ। ਇਸ ਹੋਲੇ ਮਹੱਲੇ ਤੇ ਨਾਮਧਾਰੀਆਂ ਦੀ ਜਥੇਬੰਦਕ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਵੱਖ ਵੱਖ ਜ਼ਿਲ੍ਹਿਆਂ ਲਈ ਸੂਬਿਆਂ ਦੀ ਅਤੇ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ ਗਈ। ਸੂਬਿਆਂ ਦੇ ਜ਼ਿੰਮੇ ਮੁੱਖ ਤੌਰ ਤੇ ਧਰਮ ਪਰਚਾਰ ਦਾ ਕੰਮ ਹੋਇਆ ਕਰਦਾ ਸੀ। ਉਹ ਸਤਿਗੁਰੂ ਜੀ ਅਤੇ ਸੰਗਤ ਦੇ ਵਿਚਾਲੇ ਕੜੀ ਦਾ ਕੰਮ ਵੀ ਕਰਦੇ ਸਨ ਅਤੇ ਨਾਮਧਾਰੀ ਦਰਬਾਰ, ਰਾਜਨੀਤਿਕ ਮਸਲਿਆਂ ਬਾਰੇ ਆਪਣੀ ਪਹੁੰਚ ਤਹਿ ਕਰਦਾ ਸੀ। ਪੰਡਿਤ ਬਸੰਤ ਸਿੰਘ ਇਸ ਹੋਲੇ ਵਿੱਚ ਸ਼ਾਮਲ ਵੀ ਹੋਏ ਅਤੇ ਉਹਨਾਂ ਨੂੰ ਜਲੰਧਰ ਜ਼ਿਲ੍ਹੇ ਦਾ ਨਾਮਧਾਰੀ ਸੂਬਾ ਅਤੇ ਨਵੇਂ ਬਣੇ ਨਾਮਧਾਰੀ ਦਰਬਾਰ ਦਾ ਮੈਂਬਰ ਵੀ ਬਣਾਇਆ ਗਿਆ। ਇਸ ਦਰਬਾਰ ਵਿੱਚ ਪੰਡਿਤ ਜੀ ਤੋਂ ਬਿਨਾਂ ਉਹਨਾਂ ਦੇ ਤਿੰਨ ਚੇਲੇ ਪੰਡਿਤ ਅਮਰ ਸਿੰਘ, ਰਤਨ ਸਿੰਘ ਕੂਕਾ ਅਤੇ ਮਨਸਾ ਸਿੰਘ ਕੌਮੀ ਵੀ ਸ਼ਾਮਲ ਸਨ।[10]

ਪੰਡਿਤ ਬਸੰਤ ਸਿੰਘ ਜੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਿੱਦਿਆ ਗੁਰੂ ਵੀ ਸਨ ਪਰ ਕਈ ਦਫਾ ਆਪ ਗੌਹਜ ਗਿਆਨ ਦੀਆਂ ਗੱਲਾਂ ਬਾਤਾਂ ਤੇ ਨਿਸ਼ੰਗ ਵਿਚਾਰ ਵੀ ਸਤਿਗੁਰੂ ਜੀ ਨਾਲ ਕਰ ਲਿਆ ਕਰਦੇ ਸਨ। ਇਸ ਚਰਚਾ ਦਾ ਮਨੋਰਥ ਦੇਸ਼ ਆਜ਼ਾਦੀ ਲਈ ਚੱਲ ਰਹੇ ਕੌਮੀ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਉਸ ਵਿੱਚ ਕੂਕਿਆਂ ਦੀ ਹਾਂਦਰੂ ਭੂਮਿਕਾ ਸੁਨਿਸ਼ਚਿਤ ਕਰਨਾ ਸੀ। ਸੰਨ 1928 ਈ. ਦੇ ਜਪ ਪ੍ਰਯੋਗ ਮੇਲੇ ਦੇ ਭੋਗ ਸਮਾਗਮ ਤੇ ਹੋਰ ਦੇਸ਼ ਭਗਤਾਂ ਦੇ ਨਾਲ ਪੰਡਿਤ ਬਸੰਤ ਸਿੰਘ ਜੀ ਵੀ ਸ੍ਰੀ ਭੈਣੀ ਸਾਹਿਬ ਆਏ ਸਨ। ਮੇਲੇ ਤੋਂ ਬਾਅਦ ਮਹਾਰਾਜ ਗੁਰਦਿਆਲ ਸਿੰਘ ਜੀ ਕਾਂਗਰਸ ਦੇ ਕੰਮ ਲਈ ਲਾਹੌਰ ਚਲੇ ਗਏ ਸਨ ਜਿਹੜੇ ਕੌਮੀ ਆਗੂ ਆਏ ਸਨ ਉਹਨਾਂ ਦੇ ਨਾਲ।

"ਪੰਡਿਤ ਬਸੰਤ ਸਿੰਘ ਜੀ ਪਧਾਣੇ ਵਾਲੇ ਜਿਨ੍ਹਾਂ ਨਾਲ ਸਤਿਗੁਰੂ ਜੀ ਦਾ ਛੋਟਿਆਂ ਹੁੰਦਿਆਂ ਤੋਂ ਵਿੱਦਿਆ ਤੇ ਮਨ- ਮੇਲੀ ਹੋਣ ਵਜੋਂ ਕੁਝ ਖਾਸ ਸੁਨੇਹ ਸੀ। ਹੋਰ ਸਭ ਦੇ ਸਮੇਤ ਮਹਾਰਾਜ ਜੀ ਦੇ ਲਾਹੌਰ ਚਲੇ ਜਾਣ ਬਾਅਦ, ਪੰਡਿਤ ਜੀ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਕਿ ਮੇਰੇ ਮਨ ਵਿੱਚ ਕੁਝ ਗੱਲਾਂ ਦਾ ਨਿਰਨਾ ਕਰਨਾ ਆਪ ਪਾਸੋਂ ਲੋੜੀਦੈ, ਉਹ ਕਿਰਪਾ ਕਰਕੇ ਮੈਨੂੰ ਸਮਝਾਉ।"

"ਸਤਿਗੁਰੂ ਜੀ ਬਚਨ ਕੀਤਾ, ਜੋ ਮੇਰੇ ਪਾਸ ਬੁੱਧ ਬਲ ਤੇ ਗੁਰਮਤ ਅਨੁਸਾਰ ਗੁਰੂ ਹਰੀ ਸਿੰਘ ਜੀ ਤੇ ਮਾਤਾ ਜਿਊਣ ਕੌਰ ਜੀ ਤੇ ਬਿਰਧਾਂ, ਸਾਧਾਂ ਪਾਸੋਂ ਬਚਨ ਸੁਣੇ ਹਨ ਤੇ ਆਪ ਜੈਸੇ ਵਿਦਵਾਨਾਂ ਤੋਂ ਮਿਲਿਆ ਹੈ, ਉਹ ਆਪ

ਦੇ ਹਾਜਰ ਕਰਨ ਤੋਂ ਮੈਨੂੰ ਜ਼ਰਾ ਸੰਕੋਚ ਨਹੀਂ। ਆਪ ਹੁਕਮ ਕਰੋ। ਤਾਂ ਪੰਡਿਤ ਜੀ ਕਿਹਾ, ਜੋ ਸਤਿਗੁਰੂ ਰਾਮ ਸਿੰਘ ਜੀ ਦਾ ਘਰ ਘਰ ਰਾਮ ਸਿੰਘ" ਕਰ ਦੇਣ ਦਾ ਬਚਨ ਹੈ, ਉਹ ਕਿਵੇਂ ਸੱਤ ਹੋਵੇਗਾ ਜਾਂ ਹੋਇਆ ਹੈ।"

"ਸਤਿਗੁਰੂ ਜੀ ਉੱਤਰ ਦਿੱਤਾ, ਮੇਰੀ ਸਮਝੇ ਸਤਿਗੁਰੂ ਰਾਮ ਸਿੰਘ ਜੀ ਦੇ ਸੂਬਿਆਂ ਸਮੇਤ ਬਦੇਸ ਜਾਣ ਬਾਅਦ, ਗੁਰੂ ਹਰੀ ਸਿੰਘ ਜੀ ਦੇ ਸਮੇਂ, ਜੇ ਕਿਸੇ ਹਲ ਵਾਹ ਨੇ ਭੀ ਭਜਨ ਦੱਸਿਆ ਤਾਂ ਸੂਬਿਆਂ ਤੇ ਸਤਿਗੁਰੂ ਜੀ ਦੇ ਸਮਾਨ ਹੀ ਅਸਰ ਹੋਇਆ। ਜਿਸ ਕਰਕੇ ਸਿੱਖੀ ਦੀ ਜੜ੍ਹ ਹਰੀ ਰਹੀ। ਜਿਸ ਦਾ ਨਮੂਨਾ ਅੱਜ ਭੀ ਸਾਧ ਸੰਗਤ ਵਿੱਚ ਸੰਤਾਂ ਪੂੰਗਾਂ ਵਾਲਿਆਂ ਸੁੰਦਰ ਸਿੰਘ ਜੀ, ਸੰਤ ਭਗਤ ਸਿੰਘ ਜੀ ਦਾਤੇਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ, ਸੰਤ ਮੋਹਨ ਸਿੰਘ ਜੀ ਵਡਾਲਾ (ਜੌਹਲਾਂ ਦਾ), ਸੰਤ ਨੱਥਾ ਸਿੰਘ ਜੀ ਪਤੰਗ ਬੁੱਜਿਆਂ ਵਾਲੀ, ਸੰਤ ਬੰਤਾ ਸਿੰਘ ਜੀ ਬੂੜਾ ਡੱਲਾ ਆਦਿ ਦੇ ਭਜਨ ਦੱਸਣ ਤੇ ਸ਼ਬਦ ਸੁਨਾਉਣ ਤੇ ਅਤਰ ਸਿੰਘ (ਜੱਥੇਦਾਰ) ਦੇ ਕੀਰਤਨ ਦਾ ਅਸਰ ਹੁੰਦੈ। ਕਈ ਭਜਨ ਪੁੱਛਦੇ ਤੇ ਸ਼ਬਦ ਸੁਣਦੇ ਮਸਤ ਹੁੰਦੇ ਰਹੇ ਹਨ ਤੇ ਹੁੰਦੇ ਹਨ। ਦੂਜਾ ਅਰਥ ਇਹ ਭੀ ਹੋ ਸਕਦੈ ਜੋ ਸਭ ਭਾਰਤ ਦੇ ਹਿੰਦੂ, ਮੁਸਲਮਾਨ, ਸਿੱਖ, ਪੰਜਾਬ, ਯੂ.ਪੀ., ਬੰਗਾਲ, ਬਿਹਾਰ ਆਦਿ ਸਭ ਮਜ਼ਬਾਂ ਦੇ ਲੋਕਾਂ ਅੰਗਰੇਜ਼ ਦੇ ਉਲਟ ਨਾਂ ਮਿਲਵਰਤਣ ਦੀ ਅਵਾਜ਼ ਉਠਾਈ ਹੈ ਤੇ ਆਪਣਾ ਦੇਸ਼ ਆਜ਼ਾਦ ਕਰਾਉਣ ਦੀ ਮੰਗ ਕੀਤੀ ਹੈ। ਇਹ ਭੀ ਘਰ ਘਰ ਰਾਮ ਸਿੰਘ ਹੀ ਹੋ ਗਿਐ ਤੇ ਬੋਲ ਰਿਹਾ ਏ। ਕੋਈ ਭਾਵੇਂ ਇਸਦਾ ਹੋਰ ਭੀ ਅਰਥ ਕਰੇ।[11]

ਸੰਮਤ 1985 ਬਿਕ੍ਰਮੀ (ਮੁਤਾਬਿਕ 1929 ਈ.) ਦਾ ਹੋਲਾ ਮਹੱਲਾ ਕੂਕਿਆਂ ਦੇ ਇਤਿਹਾਸਿਕ ਪਿੰਡ ਸਿਆਹੜ (ਲੁਧਿਆਣਾ) ਵਿਖੇ ਹੋਇਆ ਸੀ। "ਪੰਡਿਤ ਬਸੰਤ ਸਿੰਘ ਦੀਵਾਨ ਵਿੱਚ ਦੱਸਿਆ, ਇਸ ਨਗਰ (ਸਿਆਹੜ) ਦੇ ਸਾਧੂ ਵਸਾਵਾ ਸਿੰਘ ਜੀ ਤੇ ਲਾਲ ਸਿੰਘ ਜੀ ਨੂੰ ਨਾਮਧਾਰੀਪੁਣੇ ਵਿੱਚ ਪੱਕਿਆਂ ਹੋਣ ਦੇ ਕਾਰਨ ਅਤੇ ਆਏ ਸਿੱਖ ਨੂੰ ਪਰਸ਼ਾਦ ਛਕਾਉਣ ਦੇ ਪਾਰੋਂ, ਅੰਗਰੇਜ਼ (ਸਰਕਾਰ) ਵੱਲੋਂ ਦੋ ਦੋ ਸਾਲ ਦੀ ਕੈਦ ਹੋਈ ਸੀ। ਸੰਤ ਵਸਾਵਾ ਸਿੰਘ ਜੀ ਸਾਧ ਨੂੰ ਗੁਰੂ ਰੂਪ ਹੀ ਜਾਣ ਕੇ ਪੂਰਾ ' ਮੰਨਦੇ ਸੀ। ਸੰਤ ਜੀ ਦੇ ਘਰੋਂ ਬੇਬੇ ਜਿੰਦਾਂ ਨੇਤਰ ਹੀਣ ਸੀ। ਪਰ ਸਾਧਾਂ ਦੇ ਲੰਗਰ ਜੋਗ ਉਹ ਆਟਾ ਉਚੇਚਾ ਚੱਕੀ ਨਾਲ ਹੀ ਪੀਸ ਕੇ ਦਿਆ ਕਰਦੀ ਸੀ। ਤੇ ਪੰਡਿਤ ਜੀ ਦੱਸਿਆ ਸੀ, ਇਸ ਸਿਆਹੜ ਨਗਰੋਂ ਹੀ ਸਤਿਗੁਰੂ ਰਾਮ ਸਿੰਘ ਜੀ ਮਲੇਰਕੋਟਲੇ ਸਿੱਖਾਂ ਤੇ ਚੱਲਦੀਆਂ ਤੋਪਾਂ ਸੁਣ ਕਿਹਾ ਸੀ, ਇਹ ਮੇਰੇ ਬੇਦੋਸ਼ੇ ਲਾਲਾਂ ਤੇ ਚੱਲਦੀਆਂ ਹਨ।"[12]

ਕੁੱਲ ਹਿੰਦ ਕਾਂਗਰਸ ਦਾ 31 ਦਿਸੰਬਰ 1929 ਤੇ 1 ਜਨਵਰੀ 1930 ਨੂੰ ਪੰਡਿਤ ਜਵਾਹਰ ਲਾਲ ਦੀ ਪ੍ਰਧਾਨਗੀ ਹੇਠ ਪੂਰਨ ਅਜ਼ਾਦੀ ਦਾ ਮਤਾ ਪਾਸ ਕਰਨ ਵਾਲਾ ਕੌਮੀ ਸਮਾਗਮ, ਲਾਹੌਰ ਰਾਵੀ ਦੇ ਕੰਢੇ ਹੋਇਆ। ਇਸ ਸਮਾਗਮ ਵਿੱਚ ਲੰਗਰ ਦਾ ਪ੍ਰਬੰਧ ਨਾਮਧਾਰੀ ਸੰਗਤ ਵੱਲੋਂ ਸੀ। ਪੰਡਿਤ ਜੀ ਦੇ ਸ਼ਾਹਾਨਾ ਜਲੂਸ ਲਈ ਇੱਕ ਸੌ ਘੋੜੇ ਘੋੜੀਆਂ ਵੀ ਲਾਹੌਰ ਜ਼ਿਲ੍ਹੇ ਦੀ ਨਾਮਧਾਰੀ ਸੰਗਤ ਵੱਲੋਂ ਹੀ ਆਏ ਸਨ। ਸਮਾਗਮ ਦੀ ਸਫਲਤਾ ਨੇ ਇਸਨੂੰ ਦੇਸ਼ ਆਜ਼ਾਦੀ ਦਾ ਨੀਂਹ ਪੱਥਰ ਅਖਵਾ ਦਿੱਤਾ ਸੀ। ਜਿਹਨਾਂ ਨਾਮਧਾਰੀ ਸਿੰਘਾਂ ਦਾ ਸਮਾਗਮ ਦੀ ਸਫਲਤਾ ਵਿੱਚ ਆਗੂ ਰੋਲ ਸੀ ਉਹਨਾਂ ਦੇ ਨਾਮ 'ਜੱਸ ਜੀਵਨ ਵਿੱਚ ਦਰਜ ਹਨ- ਸ੍ਰ. ਆਤਮਾ ਸਿੰਘ (ਰਾਵਲਪਿੰਡੀ), ਦੈਆ ਸਿੰਘ (ਕੱਕੜ), ਸੰਤ ਨਿਧਾਨ ਸਿੰਘ ਆਲਮ, ਸੰਤ ਮੰਗਲ ਸਿੰਘ ਫਤੂਹੀ ਚੱਕ, ਪੰਡਤ ਬਸੰਤ ਸਿੰਘ, ਮਾਸਟਰ ਗੁਰਬਖਸ਼ ਸਿੰਘ ਅਰੂਪ, ਮਨਸਾ ਸਿੰਘ ਕੌਮੀ ਭਰਥਲਾ, ਮੁਨਸ਼ਾ ਸਿੰਘ ਠੱਟੇ ਵਾਲੇ, ਨਰਾਇਣ ਸਿੰਘ, ਭਾਨ ਸਿੰਘ ਦੋਵੇਂ ਭਾਈ ਭੰਬੇ (ਲਾਹੌਰ), ਊਧਮ ਸਿੰਘ (ਛੋਟੀ) ਮੱਖੀ, ਜੰਗ ਸਿੰਘ ਬਿਲਗਾ, ਅਣਖਾ ਸਿੰਘ ਦਾਤੇਵਾਲ, ਸ੍ਰ. ਲਛਮਣ ਸਿੰਘ ਫੱਤੇਵਾਲ, ਸੰਤ ਇੰਦਰ ਸਿੰਘ ਚੱਕਰਵਰਤੀ, ਫੂਲਾ ਸਿੰਘ ਡੱਫਰਕੇ, ਲਾਲ ਸਿੰਘ ਭਾਈ ਕੋਟ, ਪੰਡਿਤ ਅਮਰ ਸਿੰਘ ਆਦਿ ਨੇ ਮਹਾਰਾਜ ਨਿਹਾਲ ਸਿੰਘ ਜੀ ਦੀ ਅਗੁਆਈ ਹੇਠ ਸੇਵਾ ਨਿਬਾਹੀ।[13]

1930 ਈ. ਦੀ ਬਸੰਤ ਪੰਚਮੀ ਦੇ ਮੇਲੇ ਤੇ ਸਿਆਹੜ ਪਿੰਡ ਵਿੱਚ ਪੰਡਿਤ ਬਸੰਤ ਸਿੰਘ ਹੋਰਾਂ ਫਿਰ ਗੋਰਾਸ਼ਾਹੀ ਦੀਆਂ ਕਾਲੀਆਂ ਕਰਤੂਤਾਂ ਤੇ ਕੂਕਾ ਕਾਰਨਾਮਿਆਂ ਦਾ ਪਰਚਾਰ ਕੀਤਾ।[14] "ਦੇਹਧਾਰੀ ਗੁਰੂ ਤੇ ਸੰਪੂਰਣ ਭਰੋਸੇ ਕਾਰਨ ਹੀ, ਜਦ ਵੀ ਆਪ ਰੋਜ਼ਾਨਾ ਕਥਾ ਵਾਰਤਾ ਕਰਦੇ ਤਾਂ ਸ੍ਰੀ ਆਦਿ ਗੁਰੂ ਗਰੰਥ ਸਾਹਿਬ, ਸ਼ਾਸ਼ਤਰਾਂ ਅਤੇ ਲੋਕ ਜੀਵਨ 'ਚੋਂ ਪ੍ਰਮਾਣਾਂ ਦੇ ਨਾਲ, ਸ਼ਰੋਤਿਆਂ ਨੂੰ ਮੁਗਧ ਕਰ ਦਿੰਦੇ ਤੇ ਯਕੀਨ ਕਰਵਾ ਦਿੰਦੇ ਕਿ ਦੇਹਧਾਰੀ ਗੁਰੂ ਦੀ ਹੋਂਦ ਪਰਵਾਨ ਕੀਤੇ ਬਿਨਾਂ, ਉਸਦੇ ਉਪਦੇਸ਼ਾਂ ਤੇ ਅਮਲ ਕੀਤੇ ਬਿਨਾਂ, ਜੀਵ ਕਲਿਆਣ ਦੇ ਰਾਹ ਤੋਂ ਘੁੱਥਾ ਹੀ ਰਹਿੰਦਾ ਹੈ। ਰਸਨਾਂ ਵਿੱਚ ਕੋਈ ਜਾਦੂ ਸੀ। ਸਰੋਤੇ ਉਠ ਨਾ ਸਕਦੇ ਜਿਵੇਂ ਕੀਲੇ ਹੀ ਜਾਂਦੇ। ਕਥਨੀ ਅਤੇ ਕਰਨੀ ਦਾ ਅੰਤਰ ਆਪਦੇ ਜੀਵਨ ਵਿੱਚ ਨਹੀਂ ਸੀ। ਭਜਨ ਅਤੇ ਬਾਣੀ ਉਹ ਸਤਿਗੁਰੂ ਜੀ ਦੀ ਆਗਿਆ ਪਾਲਣ ਹਿਤ ਕਰਦੇ ਨਹੀਂ ਤਾਂ ਉਹ ਜੀਵਨ-ਮੁਕਤ ਲੋਕਾਂ ਵਿੱਚੋਂ ਸਨ।"[15]

ਜਦੋਂ ਪੰਡਿਤ ਜੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਧਿਆਪਕ ਹੋਣ ਦਾ ਮਾਣ ਹਾਸਲ ਕਰ ਰਹੇ ਸਨ ਤਾਂ ਤਬੇਲੇ ਵਾਲੇ ਚੁਬਾਰੇ ਵਿੱਚ ਆਪ ਦਾ ਡੇਰਾ ਹੁੰਦਾ ਸੀ। ਉਹ ਸਤਿਗੁਰੂ ਜੀ ਨੂੰ ਰਾਮਸਰ ਪਾਸ ਕੋਠੀ ਵਿੱਚ ਸੰਥਿਆ

ਦਿਆ ਕਰਦੇ ਸਨ। ਇਸ ਸਮੇਂ 5-7 ਹੋਰ ਵਿਦਿਆਰਥੀ ਵੀ ਆਪ ਤੋਂ ਹਿੰਦੀ ਸੰਸਕ੍ਰਿਤ ਆਦਿ ਪੜ੍ਹਿਆ ਕਰਦੇ ਸਨ, ਜਿਹਨਾਂ ਵਿੱਚੋਂ ਪੰਡਿਤ ਮਨਸਾ ਸਿੰਘ ਜੀ ਕੌਮੀ ਵੀ ਸਨ। ਆਪਣੇ ਵਿਦਿਆਰਥੀਆਂ ਵਿੱਚ ਉਹ ਦੇਸ਼ ਭਗਤੀ ਦਾ ਜ਼ਜ਼ਬਾ ਉਭਾਰ ਕੇ ਉਹਨਾਂ ਨੂੰ ਕੌਮੀ ਅੰਦੋਲਨ ਦੇ ਰਾਹੇ ਤੋਰਿਆ ਕਰਦੇ ਸਨ। ਸਤਿਗੁਰੂ ਜੀ ਦੇ ਅਧਿਆਪਨ ਕਾਰਜ ਤੋਂ ਛੁੱਟੀ ਲੈ ਕੇ ਫਿਰ ਆਪ ਨੇ ਆਪਣਾ ਕਾਰਜ ਖੇਤਰ ਦੁਆਬੇ ਨੂੰ ਬਣਾ ਲਿਆ। ਆਪ ਦੇ ਉਪਰ ਵਰਣਿਤ ਚੇਲੇ ਵੀ ਇਕ ਜੱਥੇ ਦੇ ਰੂਪ ਵਿੱਚ ਨਾਲ ਹੀ ਚੱਲਦੇ। ਪਿੰਡ ਪਿੰਡ ਨਾਮਧਾਰੀ ਦੀਵਾਨ ਸਜਦੇ। ਕਥਾ ਵਾਰਤਾ ਹੁੰਦੀ। ਜਿਸ ਪਿੰਡ ਦੀਵਾਨ ਲੱਗਦਾ, ਕੀਰਤਨ ਤੋਂ ਸ਼ੁਰੂ ਹੋ ਕੇ ਤੋੜਾ ਇੱਥੇ ਝੜਦਾ "ਭੱਜੇ ਜਾਣ ਫਰੰਗੀ, ਵੱਜੇ ਘੁੰਗਰੂ।" ਸੋ ਇਸ ਦੀਵਾਨ ਦਾ ਧਾਰਮਿਕ ਅਤੇ ਰਾਜਨੀਤਕ ਪ੍ਰਭਾਵ ਇਹੋ ਜਿਹਾ ਪੈਂਦਾ ਸੀ ਕਿ ਲੋਕਾਂ ਨੇ ਪੁੱਛਣਾ, ਕੱਲ੍ਹ ਜਲਸਾ ਕਿੱਥੇ ਹੋਵੇਗਾ? ਇਹ ਜੱਥਾ ਆਪਣਾ ਲੰਗਰ ਆਪ ਤਿਆਰ ਕਰਦਾ। ਸਾਰਾ ਦੁਆਬਾ ਪੰਡਿਤ ਜੀ ਦੇ ਦੇਸ਼ ਭਗਤੀ ਵਾਲੇ ਪ੍ਰਚਾਰ ਨਾਲ ਗੂੰਜ ਉਠਿਆ।

"ਗੋਰੇ ਸ਼ਾਹੀ ਨੂੰ ਇਹ ਜੱਥਾ ਅਤੇ ਇਸਦੇ ਮੁਖੀ ਪੰਡਿਤ ਬਸੰਤ ਸਿੰਘ ਜੀ ਖਟਕਣ ਲੱਗੇ ਤੇ (ਸ੍ਰੀ ਭੈਣੀ ਸਾਹਿਬ ਵਿਖੇ) ਇਕ ਨਿਮਾਣੀ ਇਕਾਦਸੀ ਦੇ ਮੇਲੇ ਤੇ ਪੰਡਿਤ ਜੀ ਲਈ ਆ ਜੰਜੀਰਾਂ ਖਣਕੀਆਂ। ਲਾਲ ਪਗੜੀਆਂ ਵਾਲੇ (ਪੁਲਸੀਏ) ਪੰਡਿਤ ਜੀ ਦੀ ਭਾਲ ਵਿੱਚ ਸਨ। ਇਸ ਸਮੇਂ ਉਹਨਾਂ ਦੇ ਇਕ ਚੇਲੇ, ਪੰਡਿਤ ਮਨਸਾ ਸਿੰਘ ਜੀ ਨੇ ਗੁਰਦੁਆਰੇ ਦੀ ਡਿਉਢੀ ਅੱਗੇ ਤਕਰੀਰ ਕਰਦਿਆਂ ਕਿਹਾ- ਪਹਿਲਾਂ ਸਾਨੂੰ ਚੇਲਿਆਂ ਨੂੰ ਫੜੋ, ਫਿਰ ਸਾਡੇ ਵਿਦਵਾਨ ਅਧਿਆਪਕ ਵੱਲ ਵਧਣਾ। ਪਰ ਪੰਡਿਤ ਜੀ ਆਪ ਹੀ ਅੱਗੇ ਵਧ ਕੇ ਗ੍ਰਿਫਤਾਰ ਹੋ ਗਏ। 1922 ਈ. ਵਿੱਚ ਸਰਕਾਰ ਇਸ ਮੁਕਦਮੇ ਵਿੱਚੋਂ ਹਾਰ ਗਈ।"[16]

ਕਿਉਂਕਿ ਨਾਮਧਾਰੀ ਸੰਗਤ 1872 ਈ. ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਬੜੀ ਤੀਬਰਤਾ ਨਾਲ ਹੰਡਾ ਰਹੀ ਸੀ, ਇਸ ਲਈ ਅਗਲੇ 60-70 ਸਾਲਾਂ ਵਿੱਚ ਕਈ ਪਾਖੰਡੀਆਂ ਨੇ ਆਪਣੇ ਆਪ ਨੂੰ ਸਤਿਗੁਰੂ ਰਾਮ ਸਿੰਘ ਘੋਸ਼ਿਤ ਕਰਕੇ, ਨਾਮਧਾਰੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ। ਤਰਨਤਾਰਨ ਦੇ ਲਾਗੇ ਦੇ ਇਕ ਸੁਨਿਆਰੇ ਸਿੱਖ ਨੇ ਆਪਣੀ ਦੇਹ ਵਿੱਚ ਸਤਿਗੁਰੂ ਰਾਮ ਸਿੰਘ ਦਾ ਵਾਸ ਹੋਣਾ ਧੁਮਾ ਕੇ, ਨਵਾਂ ਸ਼ਹਿਰ ਵਿੱਚ ਆ ਡੇਰੇ ਲਾਏ। ਕਈ ਭੋਲੇ ਭਾਲੇ ਨਾਮਧਾਰੀ ਉਸਦੇ ਜਾਲ ਵਿੱਚ ਫਸ ਗਏ। ਸ੍ਰ. ਰਤਨ ਸਿੰਘ ਕੂਕਾ ਸੰਧਵਾਂ ਦੇ ਮਾਮੇ ਸ੍ਰ. ਲੱਖਾ ਸਿੰਘ ਬਹਿੜਵਾਲ ਨੇ ਪੰਡਿਤ ਬਸੰਤ ਸਿੰਘ ਜੀ ਨੂੰ ਕਿਹਾ, ਭੁੱਲੇ ਨਾ ਫਿਰੋ, ਸਤਿਗੁਰੂ ਰਾਮ ਸਿੰਘ ਜੀ ਦੇਹ ਬਦਲ ਕੇ ਆ ਗਏ ਹਨ। ਪੰਡਿਤ ਜੀ ਜੱਥੇ

ਸਮੇਤ ਪੁੱਜ ਗਏ। ਦੁਰਗਾਪੁਰ ਦੇ ਗੁਰਦੁਆਰੇ ਵਿੱਚ ਨਾਮਧਾਰੀ ਸਿੰਘ ਕੀਰਤਨ ਕਰ ਰਹੇ ਸਨ। ਪਾਖੰਡੀ ਸਾਧ ਗੱਦੀ ਤੇ ਡਟਿਆ ਸੀ। ਇਕ ਦੋ ਲੜੀ ਪੱਗ, ਗਲ ਤਵੀਤੜੀਆਂ ਦੀ ਗਾਨੀ, ਸੁਰਮੀਲੀਆਂ ਅੱਖਾਂ ਵਾਲਾ ਖਚਰੌਟ ਜਿਹਾ ਗੱਭਰੂ, ਬਨਾਉਟੀ ਗੁਰੂ ਨੂੰ ਪੱਖਾ ਝੱਲ ਰਿਹਾ ਸੀ। ਪੰਡਿਤ ਜੀ ਨੇ ਜਾਂਦਿਆਂ ਹੀ ਉਸਨੂੰ ਕਿਹਾ, ਸਾਧੂਆਂ ਪਾਸ ਮੁਸ਼ਟੰਡਿਆਂ ਦਾ ਕੀ ਕੰਮ? ਚੁੱਕੋ ਆਪਣੀ ਟਿੰਡ ਫਾਹੁੜੀ। ਪਾਖੰਡੀ ਸਾਧ ਦਾ ਪਾਜ ਉਘੇੜਿਆ।"

ਜੰਮੂ, ਪਿਸ਼ਾਵਰ, ਕੋਹਾਟ ਤਕ ਪੰਡਿਤ ਜੀ ਪੰਥਕ ਪ੍ਰਚਾਰ ਲਈ ਜਾਇਆ ਕਰਦੇ ਸਨ। ਬਹੁਤ ਸਾਰੇ ਪਿਸ਼ਾਵਰ ਦੇ ਸੇਠ ਆਪ ਦੇ ਚੇਲੇ ਸਨ। ਉਹਨਾਂ ਅਰਜ਼ ਕਰਨੀ ਕਿ ਅਸੀਂ ਆਪ ਜੀ ਲਈ ਇਕ ਕੋਠੀ ਬਣਵਾ ਦਿੰਦੇ ਹਾਂ। ਇੱਥੇ ਹੀ ਟਿਕ ਜਾਉ। ਪਰ ਪੰਡਿਤ ਜੀ ਨੇ ਕਹਿਣਾ-ਅਸੀਂ ਤਾਂ ਸਤਿਗੁਰਾਂ ਦੇ ਚਾਕਰ ਹਾਂ। ਸਾਡਾ ਚਾਕਰ ਹੋਰ ਕੋਈ ਕਿਉਂ ਬਣੇ? ਕੋਠੀਆਂ ਸਾਨੂੰ ਸੁਖਾਉਂਦੀਆਂ ਨਹੀਂ। ਅਸੀਂ ਆਪਣੇ ਵਿਦਿਆਰਥੀਆਂ ਨਾਲ ਆਜ਼ਾਦ ਰਹਿ ਕੇ ਖੁਸ਼ ਹਾਂ। ਇਹੋ ਤਿਆਗ ਦੀ ਭਾਵਨਾ ਪੰਡਿਤ ਜੀ ਦੇ ਬਹੁਤੇ ਵਿਦਿਆਰਥੀਆਂ ਵਿੱਚੋਂ ਵੀ ਵੇਖਣ ਨੂੰ ਮਿਲੀ।

ਪੰਡਿਤ ਜੀ ਸਾਰੀ ਉਮਰ ਬਿਹੰਗਮ ਹੀ ਰਹੇ। ਉਹਨਾਂ ਦੇ ਭਤੀਜੇ ਕਰਤਾਰ ਸਿੰਘ ਦੀ ਪੰਡਿਤ ਜੀ ਤੇ ਬਹੁਤ ਸ਼ਰਧਾ ਸੀ। ਅੰਤ ਸਮੇਂ ਕਰਤਾਰ ਸਿੰਘ ਨੇ ਆਪਣੀ ਸਿੰਘਣੀ ਹਰਨਾਮ ਕੌਰ ਨੂੰ ਤਾਗੀਦ ਕੀਤੀ ਕਿ ਪੰਡਿਤ ਜੀ ਦੀ ਸੇਵਾ ਜੀ ਜਾਨ ਨਾਲ ਕਰਦੇ ਰਹਿਣਾ। ਸੋ ਇਵੇਂ ਹੀ ਹੋਇਆ। ਇਹ ਬੀਬੀ ਮੰਜਾਲੀਆਂ ਜ਼ਿਲ੍ਹਾ ਲੁਧਿਆਣਾ ਦੀ ਸੀ। ਪੰਡਿਤ ਜੀ ਦਾ ਘਰ ਵਿੱਚ ਬਹੁਤ ਸੇਵਾ ਸਤਿਕਾਰ ਹੋਇਆ। ਇਸ ਬੀਬੀ ਦੇ ਚਾਰ ਲੜਕੇ ਹੋਏ-ਹਰਦੇਵ ਸਿੰਘ, ਗੁਰਦੇਵ ਸਿੰਘ, ਸੱਜਣ ਸਿੰਘ ਅਤੇ ਦਲਜੀਤ ਸਿੰਘ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ (1906-59 ਈ.) ਪੰਡਿਤ ਜੀ ਨੇ ਦੁਆਬੇ ਵਿੱਚ ਬੜੇ ਵੱਡੇ ਵੱਡੇ ਮੇਲੇ ਕਰਵਾਏ। ਹੁਣ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਰੇ ਵਿੱਚ ਪੰਡਿਤ ਜੀ ਦੀ ਇੱਛਾ ਸੀ, ਦੁਆਬੇ ਦਾ ਇਕ ਵੱਡਾ ਮੇਲਾ ਹੋਵੇ। ਪਰ ਹੋਣਾ ਕੁਝ ਹੋਰ ਸੀ। 6 ਸਾਵਣ ਸੰਬਤ 2020 ਵਿੱਚ ਆਪ ਜੀ ਦੇ ਚਲਾਣੇ ਬਾਅਦ, ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ, 27 ਅਤੇ 28 ਭਾਦਰੋਂ ਨੂੰ ਦੋ ਦਿਨਾਂ ਬਹੁਤ ਵੱਡਾ ਭੋਗ ਸਮਾਗਮ ਮੇਲਾ ਹੋਇਆ ਸੀ। ਇਸ ਮੇਲੇ ਵਿੱਚ ਹਜ਼ੂਰੀ ਰਾਗੀ ਦਰਸ਼ਨ ਸਿੰਘ, ਖਜ਼ਾਨ ਸਿੰਘ ਹੋਰਾਂ ਤੋਂ ਇਲਾਵਾ ਪੰਡਿਤ ਗੋਪਾਲ ਸਿੰਘ, ਜਥੇਦਾਰ ਫੌਜਾ ਸਿੰਘ, ਜਥੇਦਾਰ ਪ੍ਰੀਤਮ ਸਿੰਘ ਗੜ੍ਹਦੀਵਾਲਾ, ਜਥੇਦਾਰ ਕਰਤਾਰ

ਸਿੰਘ ਬਿਜਲੀਵਾਲ, ਜਥੇਦਾਰ ਗਿਆਨ ਸਿੰਘ ਬਹਾਦਰ ਹੁਸੈਨ, ਜਥੇਦਾਰ ਸੰਤਾ ਸਿੰਘ ਮੋਰੋਂ, ਜਥੇਦਾਰ ਸੰਤ ਸਿੰਘ ਮੋਰਾਂ ਵਾਲੀ, ਸੰਤ ਖਜ਼ਾਨ ਸਿੰਘ ਕਿੰਗ ਵਾਲਾ ਆਦਿ ਦੇ ਦੀਵਾਨ ਲੱਗੇ। ਦੁਆਬਾ ਅਤੇ ਹੋਰ ਇਲਾਕਿਆਂ ਵਿੱਚੋਂ ਵੀ ਸੰਗਤਾਂ ਹੁੰਮ ਹੁੰਮਾ ਕੇ ਪੰਡਿਤ ਜੀ ਨਮਿੱਤ ਹੋਏ ਮੇਲੇ ਵਿੱਚ ਪੁੱਜੀਆਂ।

ਪੰਡਿਤ ਜੀ ਦਾ ਵਿੱਦਿਆ, ਧਰਮ, ਸਮਾਜ ਅਤੇ ਰਾਜਨੀਤੀ ਦੇ ਖੇਤਰ ਵਿੱਚ ਅਹਿਮ ਯੋਗਦਾਨ ਸੀ। ਉਹਨਾਂ ਤੋਂ ਵਰੋਸਾਏ ਵਿਦਵਾਨਾਂ, ਪਰਚਾਰਕਾਂ ਅਤੇ ਦੇਸ਼ ਭਗਤਾਂ ਦੇ ਪੂਰਾਂ ਦੇ ਪੂਰ ਨਾਮਧਾਰੀ ਪੰਥ ਵਿੱਚ ਸਰਗਰਮ ਰਹੇ। ਅਟੱਲ ਪਰਤਾਪੀ ਸਤਿਗੁਰੂ ਜੀ ਦੇ ਵਿੱਦਿਆ ਦਾਤਾ ਹੋਣ ਦੇ ਬਾਵਜੂਦ ਅਹੰਕਾਰ ਦਾ ਲੇਸ਼ ਮਾਤਰ ਆਪ ਵਿੱਚ ਨਹੀਂ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੀ ਟਕਸਾਲ ਵਿੱਚ ਘੜ੍ਹੇ ਹੋਏ ਐਸੇ ਸੱਚੇ-ਸੁੱਚੇ ਗੁਰਸਿੱਖ ਸਨ ਜਿਹਨਾਂ ਸਾਰਾ ਜੀਵਨ ਹੀ ਆਪਣੇ ਪੰਥਕ ਪੈਂਤੜੇ, ਪਰਉਪਕਾਰ ਤੋਂ ਨਿਸ਼ਾਵਰ ਕਰ ਦਿੱਤਾ ਸੀ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਪਹਿਲੀ ਛਾਪ, ਨਵੰਬਰ 1971, ਸਫਾ 50-51
2. ਪ੍ਰੀਤਮ ਸਿੰਘ ਕਵੀ, ਸੰਪਾਦਕ, ਸਤਿਜੁਗ ਸਪਤਾਹਿਕ, ਸ੍ਰੀ ਜੀਵਨ ਨਗਰ (ਹਿਸਾਰ), 8 ਕੱਤਕ 2020 ਬਿਕਰਮੀ ਸੰਬਤ, ਦਿਵ ਆਤਮਾ ਸ੍ਰੀਮਾਨ ਪੰਡਿਤ ਬਸੰਤ ਸਿੰਘ ਜੀ, ਸਫਾ 5-6
3. ਉਪਰੋਕਤ, ਸਫਾ 5
4. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼, ਲਾਲ ਏਹਿ ਰਤਨ, ਭਾਗ-3, (ਸੰ. ਪ੍ਰਿੰਸੀਪਲ ਬੇਅੰਤ ਕੌਰ) ਬੰਕੋਕ (ਥਾਈਲੈਂਡ 25-6-1953), ਸਫਾ 132-33
5. ਲਾਲ ਏਹਿ ਰਤਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼, ਲਾਲ ਏਹਿ ਰਤਨ, ਭਾਗ 4, (ਸੰ. ਪ੍ਰਿੰ. ਬੇਅੰਤ ਕੌਰ), ਸਫਾ 184-85, ਇਹ ਉਪਦੇਸ਼ ਬੰਕੋਕ ਵਿੱਚ 23-10-1955 ਨੂੰ ਦਿੱਤਾ ਸੀ।
6. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਸਫਾ 87-89
7. ਉਪਰੋਕਤ, ਸਫਾ 183, ਭੈਣੀ ਸਾਹਿਬ ਗੁਰਧਾਮ ਦੇ ਬੂਹੇ ਤੇ ਪੁਲੀਸ ਚੌਂਕੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ 19

ਜਨਵਰੀ 1872 ਨੂੰ ਬੈਠਾਈ ਸੀ। ਕੌਮੀ ਅੰਦੋਲਨ ਦੇ ਜੋਰ ਫੜਨ ਤੇ ਮੁਠੱਡਾ, ਹੁਸ਼ਿਆਰਪੁਰ, ਸਿਆਹੜ ਆਦਿ ਵਿੱਚ ਚੌਂਕੀ ਵਿਰੁੱਧ ਵੱਡੇ ਇਕੱਠ ਕਰਨ ਸਦਕਾ ਮਈ 1923 ਵਿੱਚ ਇਹ ਚੌਂਕੀ ਉਠਾਈ ਗਈ ਸੀ।

8. ਉਪਰੋਕਤ, ਸਫਾ 273
9. ਉਪਰੋਕਤ, ਸਫਾ 276-77
10. ਉਪਰੋਕਤ, ਸਫਾ 285-88
11. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਦੂਜਾ, ਸਫਾ 203-04
12. ਉਪਰੋਕਤ, ਸਫਾ 210
13. ਉਪਰੋਕਤ, ਸਫਾ 222
14. ਉਪਰੋਕਤ, ਸਫਾ 223
15. ਪ੍ਰੀਤਮ ਸਿੰਘ ਕਵੀ, ਉਪਰੋਕਤ ਸਤਿਜੁਗ, ਸਫਾ 5
16. ਉਪਰੋਕਤ, ਸਫਾ 6

# ਸੇਵਾ, ਸਿਮਰਨ, ਵੈਰਾਗ, ਤਿਆਗ ਦੀ ਮੂਰਤੀ ਪੰਡਿਤ ਸੰਤ ਜਗਤ ਸਿੰਘ ਜੀ ਖੰਡੂਵਾਲੀਏ

ਮਹਾਂਪੁਰਖ, ਬ੍ਰਹਮਗਿਆਨੀ ਸੰਤ ਜਗਤ ਸਿੰਘ ਜੀ ਖੰਡੂਵਾਲੀਏ, "ਦਿਆਲ-ਮੂਰਤ" ਸ੍ਰੀ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਸਨ। ਆਪ ਜੀ ਨੇ ਅਨੇਕ ਬੇਸਹਾਰਾ ਅਨਾਥ, ਅਪਾਹਜ ਬੱਚਿਆਂ ਨੂੰ ਵਿੱਦਿਆ ਦਾ ਦਾਨ ਦੇ ਕੇ ਉਹਨਾਂ ਨੂੰ ਸਫਲ ਜੀਵਨ ਜਿਊਣ ਦੇ ਸਮਰੱਥ ਬਣਾਇਆ ਸੀ। ਖੰਡੂਵਾਲੀ ਪਿੰਡ ਵਿੱਚ ਨਾਮਧਾਰੀ ਸਿੱਖੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਸੀ।[1] ਇਹ ਅੱਜ ਕੱਲ੍ਹ ਪਾਕਿਸਤਾਨ ਵਿਚਲੇ ਪੱਛਮੀ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ ਦੇ ਥਾਣਾ ਸਤਰਾਹ ਦਾ ਪਿੰਡ ਸੀ। ਜਿਸ ਵਿੱਚ ਸਤਰਾਹ, ਚੱਕ ਰਾਮਦਾਸ, ਉੱਗੂ ਚੱਕ, ਸਿਖਾਣਾ, ਕਿਲਾ ਸੂਬਾ ਸਿੰਘ, ਖੰਡੂ ਵਾਲੀ ਆਦਿ ਨਾਮਧਾਰੀ ਵੱਸੋਂ ਵਾਲੇ 22 ਪਿੰਡ ਸਨ। ਸ਼ਾਹ ਹੁਕਮ ਸਿੰਘ ਸਿਖਾਣੇ ਦੇ, ਬਾਬਾ ਗੁਰਚਰਨ ਸਿੰਘ ਵਿਰਕ, ਚੱਕ ਰਾਮਦਾਸ ਅਤੇ ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ ਆਦਿ ਕਿਲਾ ਸੂਬਾ ਸਿੰਘ ਦੇ ਪਰਮੁੱਖ ਨਾਮਧਾਰੀ ਸਿੰਘ ਸਨ। ਉੱਗੂ ਚੱਕ, ਜਿਸ ਦਾ ਨਾਮ ਗੁਰੂ ਚੱਕ ਸਤਿਗੁਰੂ ਹਰੀ ਸਿੰਘ ਜੀ ਨੇ ਰੱਖਿਆ ਸੀ, ਨਾਮਧਾਰੀਆਂ ਦਾ ਹੋਲੇ ਮਹੱਲੇ ਕਰਨ ਵਾਲਾ ਮਸ਼ਹੂਰ ਪਿੰਡ ਸੀ।

ਪੁਰਾਣੇ ਬਜ਼ੁਰਗ ਦੱਸਦੇ ਸਨ ਕਿ ਖੰਡੂ ਨਾਮ ਦਾ ਕੋਈ ਮਾਨਤਾ ਵਾਲਾ ਪੀਰ ਹੁੰਦਾ ਸੀ ਅਤੇ ਉਸਦੇ ਨਾਮ ਤੇ ਪਿੰਡ ਖੰਡੂ ਵਾਲੀ ਵੱਸਿਆ ਸੀ। ਸਿੱਖ ਕਿਸਾਨੀ ਵਿੱਚ ਜ਼ਿਆਦਾ ਵੱਸੋਂ ਸੰਧੂ ਜੱਟਾਂ ਦੀ ਸੀ। ਪਰ ਪੁਰੋਹਤੀ ਜਜਮਾਨੀ ਦੇ ਕਿੱਤੇ ਵਾਲਾ ਪਿੰਡ ਵਿੱਚ ਬ੍ਰਾਹਮਣਾਂ ਦਾ ਇੱਕ ਘਰ ਸੀ। ਪੰਡਿਤ ਰੁਲਦੂ ਰਾਮ ਅਤੇ ਉਹਨਾਂ ਦੀ ਧਰਮ ਪਤਨੀ ਦਿਆਲ ਦੇਈ, ਬਾਅਦ ਵਿੱਚ ਨਾਮ ਨਿਹਾਲ ਕੌਰ ਹੋ ਗਿਆ ਵੀ ਇਸ ਪਿੰਡ ਵਿੱਚ ਰਹਿੰਦੇ ਸਨ। ਇਸ ਸੁਭਾਗ ਜੋੜੀ ਦੇ ਘਰ ਸੰਨ 1885 ਈ. ਵਿੱਚ ਜਗਤ ਰਾਮ ਨਾਮ ਦਾ ਅਲੌਕਿਕ ਗੁਣਾਂ ਵਾਲਾ ਬਾਲਕ ਜਨਮਿਆ ਸੀ। ਪੰਡਿਤ ਰੁਲਦੂ ਰਾਮ ਪੱਕੇ ਸਨਾਤਨੀ, ਜਨੇਊ, ਤਿਲਕ, ਬੋਦੀ ਅਤੇ ਧੋਤੀ ਦੇ ਧਾਰਨੀ ਸਨ। ਉਹਨਾਂ ਸਮਿਆਂ ਦੇ ਮੁਤਾਬਿਕ ਘਰ ਵਿੱਚ ਗਰੀਬੀ ਸੀ। ਕਿਉਂਕਿ ਪੰਡਿਤ ਰੁਲਦੂ ਰਾਮ ਮਿਹਨਤੀ ਸੁਭਾਉ ਅਤੇ ਮਿਲਣਸਾਰ ਸ਼ਖਸੀਅਤ ਦੇ ਸੁਆਮੀ ਸਨ, ਇਸ ਲਈ ਉਹਨਾਂ ਵੇਲਿਆਂ ਵਿੱਚ ਉਹ ਆਪਣਾ ਨਿਰਬਾਹ ਸੋਹਣਾ

ਕਰੀ ਜਾਂਦੇ ਸਨ।

ਬਾਲਕ ਜਗਤ ਰਾਮ ਚਾਰ ਪੰਜ ਸਾਲ ਦਾ ਹੋਇਆ ਤਾਂ ਉਸ ਦਾ ਸੁਭਾਉ ਆਮ ਬੱਚਿਆਂ ਵਾਂਗਰ, ਬਹੁਤਾ ਮੌਜ ਮੇਲਿਆਂ ਵਿੱਚ ਮਸਤ ਰਹਿਣ ਵਾਲਾ ਨਹੀਂ ਸੀ। ਉਹ ਪਿੰਡ ਦੇ ਬੱਚਿਆਂ ਵਿੱਚ ਸ਼ਾਮਲ ਤਾਂ ਹੁੰਦਾ ਪਰ ਜ਼ਿਆਦਾ ਤਰ ਚੁੱਪ ਹੀ ਰਹਿੰਦਾ। ਇੱਕ ਦੁੱਖ ਵੀ ਜਮਾਂਦਰੂ ਪੇਸ਼ ਪੈ ਗਿਆ। ਉਸ ਨੂੰ ਕਦੇ ਕਦੇ ਮਿਰਗੀ ਦਾ ਦੌਰਾ ਵੀ ਪੈ ਜਾਇਆ ਕਰਦਾ ਸੀ। ਇਸ ਲਈ ਘਰਦਿਆਂ ਨੇ ਕਿਸੇ ਸਿਆਣੇ ਤੋਂ ਇੱਕ ਤਵੀਤ ਮੜ੍ਹਵਾ ਕੇ ਆਪ ਦੇ ਗਲ ਵਿੱਚ ਪਾ ਛੱਡਿਆ ਸੀ। ਪਿੰਡ ਦੇ ਗੁਰਦੁਆਰੇ ਵਿੱਚ ਆਦੋਕੇ ਜ਼ਿਲ੍ਹਾ ਸਿਆਲਕੋਟ ਦਾ ਇੱਕ ਝੰਡਾ ਸਿੰਘ ਨਾਮੀ ਪਾਠੀ ਸਿੰਘ ਰਹਿੰਦਾ ਸੀ। ਜਗਤ ਰਾਮ ਨੇ ਉਹਨਾਂ ਪਾਸੋਂ ਗੁਰਮੁਖੀ ਅੱਖਰਾਂ ਦਾ ਗਿਆਨ ਹਾਸਲ ਕਰਕੇ, ਮੁੱਢਲੀ ਪੜ੍ਹਾਈ ਸਿੱਖ ਲਈ ਅਤੇ ਗੁਰਮੁਖੀ ਦੀਆਂ ਪੋਥੀਆਂ ਪੜ੍ਹਣ ਦੇ ਸਮਰੱਥ ਹੋ ਗਿਆ।

1895-96 ਈ. ਵਿੱਚ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਦੌਰਾ ਪਿੰਡ ਉੱਗੂ ਚੱਕ ਵਿੱਚ ਆਇਆ ਸੀ। ਇੱਥੇ ਲੋਕਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸੱਪ ਬਹੁਤ ਜ਼ਹਿਰੀਲੇ ਹਨ ਅਤੇ ਸਾਡੀ ਜੂਹ ਵਿੱਚ ਪੋਹਲੀ ਵੀ ਬਹੁਤ ਹੁੰਦੀ ਹੈ। ਜਿਸ ਦੇ ਕੰਡੇ ਖੇਤੀ ਬਾੜੀ ਦਾ ਕੰਮ ਕਰਦਿਆਂ ਲੜਦੇ ਹਨ। ਗੁਰੂ ਹਰੀ ਸਿੰਘ ਜੀ ਨੇ ਕਿਹਾ ਕਿ ਪੁਰਾਣੇ ਪਿੰਡ ਤੋਂ ਰਤਾ ਹਟਵਾਂ ਪਿੰਡ ਬੰਨ੍ਹ ਲਵੋ ਅਤੇ ਉਸ ਦਾ ਨਾਮ "ਗੁਰੂ ਚੱਕ" ਰੱਖ ਦਿਉ। ਪਿੰਡ ਦੀ ਜੂਹ ਵਿੱਚ ਜੰਗਲ ਮਦਾਨ ਦੂਰ ਜਾਣਾ ਸ਼ੁਰੂ ਕਰ ਦਿਉ। "ਸੱਪ ਡੱਡੀਆਂ ਹੋ ਜਾਣਗੇ ਅਤੇ ਪੋਹਲੀ ਵੀ ਜੂਹ ਵਿੱਚ ਨਹੀਂ ਹੋਵੇਗੀ।" ਗੁਰੂ ਚੱਕ ਵਾਲੇ ਦੱਸਿਆ ਕਰਦੇ ਸਨ ਕਿ ਸੱਪ ਦਿਸ ਤਾਂ ਪੈਂਦੇ ਸਨ ਪਰ ਫਿਰ ਸੱਪ ਕਿਸੇ ਨੂੰ ਲੜਿਆ ਨਹੀਂ ਜੇ ਲੜਿਆ ਵੀ ਤੇ ਉਸ ਨਾਲ ਕੋਈ ਮੌਤ ਨਹੀਂ ਸੀ ਹੋਈ। ਪੋਹਲੀ ਵੀ ਜੂਹ ਵਿੱਚ ਮੁੜ ਨਹੀਂ ਦਿਸੀ।

ਖੰਡੂ ਵਾਲੀ ਵਿੱਚ ਕਿਰਪਾ ਸਿੰਘ ਨਾਮ ਦਾ ਇਕ ਕੂਕਾ ਜਾਂ ਨਾਮਧਾਰੀ ਸਿੰਘ ਰਹਿੰਦਾ ਸੀ। ਉਸ ਦਾ ਪੰਡਿਤ ਰੁਲਦੂ ਰਾਮ ਦੇ ਪਰਿਵਾਰ ਨਾਲ ਬੜਾ ਪਿਆਰ ਸੀ। ਗੁਰੂ ਹਰੀ ਸਿੰਘ ਜੀ ਦਾ ਉੱਗੂ ਚੱਕ ਆਉਣਾ ਸੁਣ ਕੇ, ਉਸ ਪੰਡਿਤ ਜੀ ਦੇ ਪਰਿਵਾਰ ਨੂੰ ਗੁਰੂ ਦਰਸ਼ਨਾਂ ਲਈ ਉੱਗੂ ਚੱਕ ਚੱਲਣ ਲਈ ਕਿਹਾ। ਪਹਿਲਾਂ ਤਾਂ ਥੋਹੜੀ ਨਾਂਹ ਨੁੱਕਰ ਹੋਈ। ਪਰ ਫਿਰ ਜਗਤ ਰਾਮ ਅਤੇ ਉਸਦਾ 4-5 ਸਾਲ ਛੋਟਾ ਭਰਾ ਭਗਤ ਰਾਮ ਦੋਵੇਂ ਕਿਰਪਾ ਸਿੰਘ ਦੇ ਨਾਲ ਉੱਗੂ ਚੱਕ ਸਤਿਗੁਰੂ ਜੀ ਦੇ ਲੱਗੇ ਹੋਏ ਦੀਵਾਨ ਵਿੱਚ ਜਾ ਹਾਜ਼ਰ ਹੋਏ। ਗੁਰੂ ਹਰੀ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਓਗ

ਵਿੱਚ, ਗਰਦਨ ਝੁਕਾ ਕੇ ਅਤੇ ਨੇਤਰ ਨੀਵੇਂ ਕਰ ਕੇ ਅਕਸਰ ਦੀਵਾਨ ਵਿੱਚ ਬੈਠਿਆ ਕਰਦੇ ਸਨ। ਜਗਤ ਰਾਮ ਨੇ ਦੋਵੇਂ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਉਸ ਸਮੇਂ ਗੁਰੂ ਹਰੀ ਸਿੰਘ ਜੀ ਨੇ ਸਬੱਬੀਂ ਨੇਤਰ ਉਪਰ ਉਠਾ ਕੇ ਕਿਰਪਾ ਦ੍ਰਿਸ਼ਟੀ ਜਗਤ ਰਾਮ ਤੇ ਪਾਈ। ਜਦੋਂ ਹਜ਼ੂਰ ਨੇ ਨੇਤਰ ਭਰ ਕੇ ਵੇਖਿਆ, ਬਾਲਕ ਜਗਤ ਰਾਮ ਵੀ ਨਿਹਾਲ ਹੋ ਗਿਆ। ਗਲ ਵਿਚ ਪਏ ਤਵੀਤ ਵੱਲ ਇਸ਼ਾਰਾ ਕਰ ਕੇ, ਗੁਰੂ ਜੀ ਨੇ ਪੁੱਛਿਆ, ਕਿ ਇਹ ਕੀ ਹੈ? ਦੱਸਿਆ, ਪਾਤਸ਼ਾਹ ਜੀ ਮੈਨੂੰ ਮਿਰਗੀ ਪੈਂਦੀ ਹੈ ਤਾਂ ਪਾਇਆ ਹੈ। ਹੁਕਮ ਹੋਇਆ–‘‘ਲਾਹ ਦੇ ਤਵੀਤ, ਮਿਰਗੀ ਨਾ ਪੈਣ ਦੇ ਅਸੀਂ ਜ਼ਿੰਮੇਵਾਰ ਹੋਵਾਂਗੇ।’’ ਇਕ ਸਿੱਖ ਨੇ ਸਤਿਗੁਰੂ ਜੀ ਦਾ ਇਸ਼ਾਰਾ ਸਮਝ ਕੇ ਤਵੀਤ ਖਿੱਚ ਕੇ ਗਲੋਂ ਤੋੜ ਦਿੱਤਾ। ਸਤਿਗੁਰੂ ਜੀ ਨੇ ਨਾਮ ਅਤੇ ਪਿੰਡ ਬਾਰੇ ਪੁੱਛਿਆ। ਫਿਰ ਜਿਹੜਾ ਸਿੰਘ ਗੁਰ ਮੰਤਰ ਦਿਆ ਕਰਦਾ ਸੀ, ਉਸ ਨੂੰ ਇਸ਼ਾਰਾ ਕਰਕੇ ਕੰਨ ਵਿੱਚ ਚੌਅੱਖਰਾ ਭਜਨ ਦੱਸ ਕੇ ਸੁਆਸ ਸੁਆਸ ਜਪਣ ਦੀ ਹਦਾਇਤ ਕੀਤੀ। ਇਹ ਵੀ ਕਿਹਾ ਕਿ ਹੁਣ ਕੇਸਾਂ ਦੀ ਬੇਅਦਬੀ ਨਹੀਂ ਕਰਨੀ ਸਿੱਖੀ ਧਾਰਨ ਕਰਨੀ ਹੈ। ਨਾਮ ਜਗਤ ਸਿੰਘ ਕਰ ਕੇ ਵਿੱਦਿਆ ਪੜ੍ਹਨ ਦਾ ਹੁਕਮ ਕੀਤਾ। ਵਿਦਵਾਨ ਹੋਣ ਦਾ ਵਰ ਦਿੱਤਾ ਅਤੇ ਇਹ ਵੀ ਕਿਹਾ ਕਿ ਤੂੰ ਬਹੁਤ ਸਾਰੇ ਦੁਨਿਆਵੀ ਜੀਵਾਂ ਨੂੰ ਵਿੱਦਿਆ ਵੀ ਪੜ੍ਹਾਏਂਗਾ ਅਤੇ ਉਹਨਾਂ ਨੂੰ ਭਵ ਸਾਗਰ ਤੋਂ ਪਾਰ ਲੰਘਾਉਣ ਵਾਲਾ ਮਲਾਹ ਵੀ ਤੂੰ ਹੀ ਬਣੇਂਗਾ।

ਗੁਰੂ ਚੱਕ ਵਿੱਚੋਂ ਦੀਵਾਨ ਦੀ ਸਮਾਪਤੀ ਤੇ ਖੁਸ਼ੀ ਖੁਸ਼ੀ ਘਰ ਆ ਗਏ। ਗਲ ਵਿੱਚ ਤਵੀਤ ਨਾ ਵੇਖ ਕੇ ਮਾਪਿਆਂ ਦੇ ਪੁੱਛਣ ਤੇ ਸਾਰੀ ਹੋਈ ਬੀਤੀ ਕਹਿ ਸੁਣਾਈ। ਉਹਨਾਂ ਨੇ ਕਿਹਾ ਕਿ ਜੇ ਤਵੀਤ ਲਹਿਣ ਕਾਰਨ ਤੂੰ ਮਰ ਗਿਆ ਮਿਰਗੀ ਪੈ ਕੇ ਤਾਂ ਕੂਕਿਆਂ ਦਾ ਗੁਰੂ ਜ਼ਿੰਮੇਵਾਰ ਹੋਵੇਗਾ? ਪਿਤਾ ਨੇ ਝਿੜਕਿਆ ਅਤੇ ਮੂੰਹ ਤੇ ਇੱਕ ਦੋ ਚਪੇੜਾਂ ਵੀ ਜੜ ਦਿੱਤੀਆਂ। ਪੰਡਿਤ ਜਗਤ ਸਿੰਘ ਜੀ ਬਾਅਦ ਵਿੱਚ ਦੱਸਿਆ ਕਰਦੇ ਸਨ ਕਿ ਇਕ ਵੇਰ ਤਾਂ ਮੈਂ ਫਿਰ ਗੁਰੂ ਚੱਕ ਜਾ ਕੇ ਤਵੀਤ ਲੱਭ ਕੇ ਦੁਬਾਰਾ ਗਲ ਵਿੱਚ ਪਾਉਣਾ ਚਾਹਿਆ। ਪਰ ਫਿਰ ਸਤਿਗੁਰੂ ਜੀ ਵਾਲਾ ਪਾਸਾ ਮੈਂ ਬੜੀ ਮਜ਼ਬੂਤੀ ਨਾਲ ਫੜ ਲਿਆ। ਘਰ ਆ ਕੇ ਕੇਸ ਰੱਖ ਲਏ ਅਤੇ ਭਜਨ ਬੰਦਗੀ ਕਰਨ ਲੱਗ ਪਿਆ। ਗੁਰਸਿੱਖੀ ਧਾਰਨ ਕਰ ਲਈ। ਪਰਿਵਾਰ ਵਾਲਿਆਂ ਦੀ ਜਿਵੇਂ ਜਿਵੇਂ ਨਰਾਜ਼ਗੀ ਵਧਦੀ ਗਈ ਜਗਤ ਸਿੰਘ ਤਿਵੇਂ ਤਿਵੇਂ ਸਿੱਖੀ ਵਿੱਚ ਪਰਪੱਕ ਹੁੰਦਾ ਗਿਆ।

ਸਤਰਾਹ ਜੋ ਖੰਡੂ ਵਾਲੀ ਦਾ ਥਾਣਾ ਵੀ ਸੀ ਤੇ ਵੱਡਾ ਕਸਬਾ ਵੀ ਉੱਥੋਂ ਦੇ ਇੱਕ ਸ਼ਾਹ ਦਾ ਖੰਡੂ ਵਾਲੀ ਕਾਫੀ ਸਾਮੀਆਂ ਨਾਲ ਕਾਰੋਬਾਰ ਸੀ। ਇਕ

ਵੇਰ ਉਹ ਜਿਨਸ ਦਾ ਹਿਸਾਬ ਕਿਤਾਬ ਕਰਨ ਆਪਣੀਆਂ ਸਾਮੀਆਂ ਵੱਲ ਆਇਆ, ਇਸ ਪਿੰਡ ਵਿੱਚ ਉਸਦਾ ਬੜਾ ਰੋਅਬ ਦਾਅਬ ਸੀ। ਪੰਡਿਤਾਂ ਦੇ ਘਰ ਇਕ ਕੇਸਾਧਾਰੀ ਮੁੰਡਾ ਵੇਖ ਕੇ ਸ਼ਾਹ ਨੇ ਹੈਰਾਨੀ ਪ੍ਰਗਟ ਕੀਤੀ। ਪਰਿਵਾਰ ਵਾਲਿਆਂ ਨੇ ਆਪਣੀ ਬੇਬਸੀ ਦੱਸੀ ਕਿ ਸਾਥੋਂ ਵਿਹਰ ਕੇ ਕੂਕਾ ਬਣਿਆ ਫਿਰਦਾ ਹੈ। ਉਸ ਸਮੇਂ ਦੇ ਵੱਡੇ-ਵੱਡੇ ਸਰਦਾਰ, ਚੌਧਰੀ, ਸ਼ਾਹੂਕਾਰ, ਜਗੀਰਦਾਰ ਸਭ ਅੰਗਰੇਜ਼ ਸਰਕਾਰ ਪ੍ਰਸਤ ਹੁੰਦੇ ਸਨ ਅਤੇ ਕੂਕਿਆਂ ਨੂੰ ਤਾਂ ਉਦੋਂ ਸਰਕਾਰ ਤੋਂ ਬਾਗੀ ਟੋਲਾ ਹੀ ਸਮਝਿਆ ਜਾਂਦਾ ਸੀ। ਸ਼ਾਹ ਨੇ ਆਪਣੀ ਆਕੜ ਵਿੱਚ ਆ ਕੇ ਕੈਂਚੀ ਮੰਗਵਾ ਕੇ ਜਗਤ ਸਿੰਘ ਦੇ ਕੇਸ ਕਟਵਾ ਦਿੱਤੇ। ਇਕ ਹੱਥ ਵਿੱਚ ਕੱਟੇ ਹੋਏ ਕੇਸ, ਦੂਜੇ ਵਿੱਚ ਤਮਾਕੂ ਵਾਲੀ ਚਿਲਮ ਪਕੜਾ ਕੇ ਬਾਲਕ ਜਗਤ ਸਿੰਘ ਦਾ ਸਾਰੇ ਪਿੰਡ ਵਿੱਚ ਜਲੂਸ ਕੱਢਿਆ। ਮਗਰ ਮੁੰਡੀਹਰ ਵਾਧਾ ਹੋ ਹੱਲਾ ਮਚਾਉਂਦਾ ਇਸ ਜਲੂਸ ਵਿੱਚ ਜਗਤ ਸਿੰਘ ਦੇ ਕੂਕਾ ਬਣਨ ਦੀ ਖਿੱਲੀ ਉਡਾਉਂਦਾ ਰਿਹਾ। ਸ਼ਾਹ ਨੇ ਆਪਣੇ ਵੱਲੋਂ ਇਉਂ ਤਾਂ ਕੀਤਾ ਪਈ ਅੱਗੋਂ ਕੋਈ ਹੋਰ ਵੀ ਕੂਕਾ ਬਣਨ ਦੀ ਜੁਰਅਤ ਨਾ ਕਰੇ।

ਬਾਕੀ ਪਰਿਵਾਰ ਦੇ ਜੀਅ ਤੇ ਘਰ ਆ ਕੇ, ਛਕ ਛਕਾ ਕੇ, ਰਾਤ ਨੂੰ ਸੌਂ ਗਏ ਪਰ ਜਗਤ ਸਿੰਘ ਜੋ ਇਸ ਘਟਨਾ ਤੋਂ ਖੁਦ ਨੂੰ ਅਪਮਾਨਿਤ ਮਹਿਸੂਸ ਕਰ ਰਿਹਾ ਸੀ, ਉਸ ਆ ਕੇ ਘਰੋਂ ਨਾ ਕੁਝ ਖਾਧਾ ਨਾ ਪੀਤਾ। ਉਸ ਦੀਆਂ ਅੱਖਾਂ ਵਿੱਚੋਂ ਨੀਂਦ ਵੀ ਉੱਡ ਪੁੱਡ ਗਈ ਅਤੇ ਰਾਤ ਹੀ ਉਸਨੂੰ ਪੰਜ ਭੱਠ ਬੁਖਾਰ ਚੜ੍ਹ ਗਿਆ ਜੋ ਪੰਜ ਸੱਤ ਦਿਨ ਲਗਾਤਾਰ ਰਿਹਾ, ਜਗਤ ਸਿੰਘ ਨੇ ਸੋਚਿਆ ਕਿ ਘਰ ਵਿੱਚ ਰਿਹਾਂ ਇਹਨਾਂ ਲੋਕਾਂ ਮੈਨੂੰ ਸਿੱਖੀ ਧਾਰਨ ਨਹੀਂ ਕਰਨ ਦੇਣੀ। ਪਰ ਮੈਂ ਜੋ ਬਚਨ ਗੁਰੂ ਨੂੰ ਦੇ ਚੁੱਕਾ ਹਾਂ ਉਸ ਤੋਂ ਮੁਨਕਰ ਨਹੀਂ ਹੋਵਾਗਾ। ਘਰ ਤਿਆਗ ਦਿਆਂਗਾ ਪਰ ਹੁਣ ਆਪਣੇ ਗੁਰੂ ਤੇ ਉਸਦੀ ਬਖਸ਼ੀ ਸਿੱਖੀ ਨੂੰ ਨਹੀਂ ਛੱਡਾਂਗਾ। ਇਹ ਸੋਚ ਵਿਚਾਰ ਕੇ ਜਗਤ ਸਿੰਘ ਜੀ ਅਬਦਾਲੀ ਦੇ ਨੇੜੇ "ਗੁਰਦੁਆਰਾ ਬਾਬੇ ਦੀ ਬੇਰ", ਜ਼ਿਲ੍ਹਾ ਸਿਆਲਕੋਟ ਵਿੱਚ ਸੰਤ ਬਾਗਾ ਸਿੰਘ ਜੀ ਦੀ ਸ਼ਰਨ ਵਿੱਚ ਪੁੱਜ ਗਏ।

**ਬਾਬੇ ਦੀ ਬੇਰ:** 1947 ਵਿੱਚ ਦੇਸ਼ ਵੰਡ ਤੋਂ ਪਹਿਲਾਂ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸ਼ੱਕਰਗੜ੍ਹ (ਜਿਸਦਾ ਸਾਰਾ ਰਕਬਾ 1947 ਤੋਂ ਪਾਕਿਸਤਾਨ ਵਿੱਚ ਚਲਾ ਗਿਆ ਹੈ), ਥਾਣਾ ਸ਼ਾਹ ਗਰੀਬ ਦਾ ਪਿੰਡ ਮੱਲ੍ਹਾ ਹੈ, ਜੋ ਰੇਲਵੇ ਸਟੇਸ਼ਨ ਨਾਰੋਵਾਲ ਤੋਂ ਨੌਂ ਮੀਲ ਦੱਖਣ ਪੂਰਬ ਹੈ। ਇਸ ਪਿੰਡ ਤੋਂ ਪੱਛਮ ਵੱਲ ਇਕ ਫਰਲਾਂਗ ਦੀ ਵਿੱਥ ਤੇ, ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰੋਂ ਸਿਆਲਕੋਟ ਜਾਂਦੇ ਹੋਏ ਇਕ ਬੇਰੀ ਦੇ ਹੇਠ ਵਿਰਾਜੇ। ਉਸ ਬੇਰੀ ਪਾਸ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ। ਜਿਸ ਨਾਲ 50 ਵਿਘੇ ਦੇ

ਕਰੀਬ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਵੱਲੋਂ ਹੈ। ਵੈਸਾਖੀ ਨੂੰ ਮੇਲਾ ਹੁੰਦਾ ਹੈ। ਪੁਜਾਰੀ ਸਿੰਘ ਹੈ।[2]

ਭਾਈ ਬਾਗਾ ਸਿੰਘ ਸੂਰਮੇ ਸਿੰਘ ਸਨ, ਭਾਵ ਨੇਤਰ ਹੀਣ ਸਨ। ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਭਾਈ ਮਨੀ ਸਿੰਘ ਸ਼ਹੀਦ ਦੇ ਨਾਮ ਤੇ ਗੁਰਬਾਣੀ ਦੀ ਇੱਕ ਟਕਸਾਲ ਚੱਲਦੀ ਸੀ ਜਿੱਥੋਂ ਬਾਗਾ ਸਿੰਘ ਨੇ ਗੁਰਮਤਿ ਅਤੇ ਗੁਰਬਾਣੀ ਦਾ ਵਿੱਦਿਆ ਦਾਨ ਲਿਆ ਸੀ। ਬਾਗਾ ਸਿੰਘ ਦਾ ਪਿੰਡ ਅਬਦਾਲੀ ਸੀ। ਅੰਮ੍ਰਿਤਸਰ ਵਾਲੇ ਕੋਈ ਸੰਤ ਇਕ ਵੇਰ ਇਸ ਪਿੰਡ ਵਿੱਚ ਆਏ ਤਾਂ ਉਹਨਾਂ ਸੰਤ ਜੀ ਪਾਸ ਬਾਗਾ ਸਿੰਘ ਦੀ ਮਾਤਾ ਰੋਣ ਲੱਗ ਪਈ ਕਿ ਸੰਤ ਜੀ ਮੇਰੇ ਤੋਂ ਬਾਅਦ ਮੇਰੇ ਇਸ ਅੰਨ੍ਹੇ, ਮੁਥਾਜ ਪੁੱਤਰ ਦਾ ਆਸਰਾ ਕੌਣ ਬਣੇਗਾ? ਮਾਤਾ ਦੀ ਵੇਦਨ ਜਾਣ ਕੇ ਉਹ ਸੰਤ ਜੀ ਬਾਗਾ ਸਿੰਘ ਨੂੰ ਆਪਣੇ ਨਾਲ ਅੰਮ੍ਰਿਤਸਰ ਲੈ ਗਏ ਅਤੇ ਆਪਣੇ ਡੇਰੇ ਦੇ ਬਾਹਰ ਪਾਣੀ ਦੇ ਟੱਪ ਕੋਲ ਬਿਠਾ ਦੇਣਾ। ਇਕ ਪੰਗਤੀ ਰੋਜ਼ ਅਰਥਾਂ ਸਹਿਤ ਯਾਦ ਕਰਵਾ ਦੇਣੀ। ਬਾਰਾਂ ਸਾਲਾਂ ਵਿੱਚ ਸਾਰਾ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਭਾਈ ਬਾਗਾ ਸਿੰਘ ਨੂੰ ਅਰਥਾਂ ਸਹਿਤ ਯਾਦ ਹੋ ਗਿਆ। ਵਿੱਦਿਆ ਵਿੱਚ ਨਿਪੁੰਨ ਹੋ ਕੇ ਬਾਗਾ ਸਿੰਘ ਹੋਰਾਂ ਨੇ ਗੁਰਦੁਆਰਾ ਬਾਬੇ ਕੀ ਬੇਰ ਵਿੱਚ ਆ ਡੇਰਾ ਲਾਇਆ ਅਤੇ ਫਿਰ ਬਹੁਤ ਸਾਲ ਲੋੜਵੰਦ ਅਭਿਆਗਤਾਂ ਨੂੰ ਉਹ ਵਿੱਦਿਆ ਦਾਨ ਵੰਡਦੇ ਰਹੇ।

ਜਗਤ ਸਿੰਘ ਹੋਰੀਂ ਇਹਨਾਂ ਪਹੁੰਚੇ ਹੋਏ ਮਹਾਨ ਵਿਦਵਾਨ ਸੰਤਾਂ ਦੀ ਸੇਵਾ ਵਿੱਚ ਦਿਨ ਰਾਤ ਲੀਨ ਰਹਿਣ ਲੱਗ ਪਏ ਅਤੇ ਉਹਨਾਂ ਦੀ ਕ੍ਰਿਪਾ ਨਾਲ ਆਪ ਵੀ ਹੌਲੀ ਹੌਲੀ ਗੁਰਮਤਿ ਗਿਆਨ ਵਿੱਚ ਪਾਰੰਗਤ ਹੋ ਗਏ। ਜਦੋਂ ਸੰਤ ਬਾਗਾ ਸਿੰਘ ਹੋਰਾਂ ਨੇ ਇਹਨਾਂ ਨੂੰ ਇਸ ਬ੍ਰਹਮ ਵਿੱਦਿਆ ਵਿੱਚ ਪੂਰਾ ਨਿਪੁੰਨ ਕਰ ਦਿੱਤਾ ਤਾਂ ਫਿਰ ਹੁਕਮ ਕੀਤਾ ਕਿ ਜਾਉ ਹੁਣ ਇਸ ਗਿਆਨ ਨੂੰ ਅੱਗੇ ਵੰਡ ਕੇ ਸੰਸਾਰ ਦੇ ਪ੍ਰਾਣੀਆਂ ਦਾ ਭਲਾ ਕਰੋ ਹੁਣ ਜਦੋਂ ਉਹ ਕਈ ਸਾਲਾਂ ਦੀ ਵਿੱਦਿਆ ਸਾਧਨਾ ਦੇ ਜਪ ਤਪ ਕਰਕੇ ਪਿੰਡ ਵੀ ਅਨੇਕ ਸਾਲਾਂ ਬਾਅਦ ਆਏ ਤਾਂ ਉਹਨਾਂ ਦੀ ਵਿੱਦਿਆ ਤੋਂ ਪ੍ਰਭਾਵਿਤ ਹੋ ਕੇ ਪਿੰਡ ਵਾਲਿਆਂ ਨੇ ਹੁਣ ਆਪ ਜੀ ਨੂੰ ਹੋਰ ਕਿਤੇ ਨਾ ਜਾਣ ਦਿੱਤਾ ਅਤੇ ਇੱਥੇ ਹੀ ਡੇਰਾ ਬਣਾ ਦਿੱਤਾ। ਸੰਤ ਜਗਤ ਸਿੰਘ ਜੀ ਹੁਣ ਖੰਡੂ ਵਾਲੀ ਦੇ ਇਸ ਡੇਰੇ ਵਿੱਚ ਟਿਕ ਕੇ ਗੁਰਮਤਿ ਗਿਆਨ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸ਼ੁਭ ਉਪਦੇਸ਼ਾਂ ਵਿੱਚ ਆਪਣੇ ਪਾਸ ਆਏ ਚੇਲਿਆਂ/ਵਿਦਿਆਰਥੀਆਂ ਨੂੰ ਪਰਪੱਕ ਕਰਨ ਲੱਗ ਪਏ। ਖੰਡੂ ਵਾਲੀ ਦੀ ਇਹ ਵਿੱਦਿਆ ਟਕਸਾਲ ਬਹੁਤ ਲੋੜਵੰਦਾਂ ਅਤੇ ਜਗਿਆਸੂਆਂ ਨੂੰ ਵਿੱਦਿਆ ਦਾਨ ਦੇਣ ਵਿੱਚ ਬਹੁਤ ਪ੍ਰਸਿੱਧ ਹੋਈ। ਸ੍ਰੀ ਗੁਰੂ ਹਰੀ ਸਿੰਘ ਜੀ ਦਾ ਬਚਪਨ ਵਿੱਚ ਦਿੱਤਾ ਹੋਇਆ

ਵਰਦਾਨ ਬੜਾ ਪ੍ਰਫੁੱਲਤ ਹੋਇਆ ਅਤੇ ਬਹੁਤ ਸਾਰੇ ਬੱਚੇ ਦੂਰੋਂ ਨੇੜਿਉਂ ਸੰਤਾਂ ਦੀ ਸੇਵਾ ਵਿੱਚ ਆਉਣ ਅਤੇ ਵਿੱਦਿਆ ਦਾਨ ਪਰਾਪਤ ਕਰਕੇ, ਸਫਲ ਜੀਵਨ ਜਿਊਣ ਵਾਲੇ ਬਣ ਗਏ। ਸੰਤ ਜਗਤ ਸਿੰਘ ਜੀ ਇਹਨਾਂ ਵਿੱਚੋਂ ਛੋਟੀ ਉਮਰ ਦੇ ਬੱਚਿਆਂ ਦੇ ਕੱਪੜੇ ਵੀ ਆਪ ਧੋਂਦੇ, ਸਿਰ ਵਾਹੁੰਦੇ ਅਤੇ ਉਹਨਾਂ ਦੀ ਸਾਰੀ ਸਾਂਭ ਸੰਭਾਲ ਵੀ ਆਪ ਕਰਿਆ ਕਰਦੇ ਸਨ।

ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਵਰਗੇ ਨਾਮਧਾਰੀ ਪੰਥ ਦੇ ਚੋਟੀ ਦੇ ਪਰਚਾਰਕ, ਸੰਤ ਜਗਤ ਸਿੰਘ ਜੀ ਦੀ ਖੰਡੂ ਵਾਲੀਆ ਟਕਸਾਲ ਦੀ ਹੀ ਪੈਦਾਵਾਰ ਸਨ। ਹੁਣ ਪੰਡਿਤ (ਗੋਪਾਲ ਸਿੰਘ) ਜੀ ਜਦ ਕਦੇ ਦੀਵਾਨ ਵਿੱਚ ਵਿੱਦਿਆ ਗੁਰੂ, ਜਾਂ ਭਜਨ ਗੁਰੂ ਦਾ ਨਾਉਂ ਲੈਂਦੇ ਹਨ, ਤਾਂ ਸਰੂਰ ਵਿੱਚ ਆ ਜਾਂਦੇ ਹਨ ਤੇ ਕਹਿੰਦੇ ਹਨ ਕਿ ਮੇਰੇ ਵਿੱਦਿਆ ਗੁਰੂ, ਬ੍ਰਹਮ ਸ਼੍ਰੋਤਰੀ, ਬ੍ਰਹਮ ਨੇਸ਼ਟੀ, ਪਰਮ ਸਤਿਕਾਰ ਯੋਗ, ਪੰਡਿਤ ਜਗਤ ਸਿੰਘ ਖੰਡੂਵਾਲ ਤੇ ਮੇਰੇ ਭਜਨ ਗੁਰੂ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ ਹਨ। ਇਹਨਾਂ ਦੋਹਾਂ ਦੇ ਪਰਉਪਕਾਰ ਮੈਥੋਂ ਗਿਣੇ ਨਹੀਂ ਜਾਂਦੇ।"[3] ਪੰਡਿਤ ਗੋਪਾਲ ਸਿੰਘ ਜੀ ਨੂੰ, ਪੰਡਿਤ ਜਗਤ ਸਿੰਘ ਹੋਰਾਂ ਨੇ ਹੀ ਸਜ਼ਾਦੇ ਪਾਠ ਕਰਨ ਵਾਸਤੇ ਭੇਜਿਆ ਸੀ। ਉੱਥੇ ਆਪ ਨੇ ਬੜੀ ਸੁਘੜਤਾ ਨਾਲ ਪਾਠ ਕੀਤਾ ਅਤੇ ਆਪ ਦਾ ਪਾਠ ਸੰਗਤ ਨੇ ਵੀ ਸਲਾਹਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਚਵਿੰਡੇ ਦਰਸ਼ਨ ਦੇ ਰਹੇ ਸਨ। ਪੰਡਿਤ ਜੀ ਵੀ ਦਰਸ਼ਨ ਕਰਨ ਉੱਥੇ ਜਾ ਪੁੱਜੇ। ਉੱਥੇ ਸੰਤ ਭਗਤ ਸਿੰਘ ਜੀ ਮਿਲ ਗਏ। ਉਹਨਾਂ ਕਿਹਾ ਕਿ ਸਤਿਗੁਰੂ ਜੀ ਨੂੰ ਪਾਠ ਸੁਣਾਏਂਗਾ। ਪੰਡਿਤ ਜੀ ਤਿਆਰ ਹੋ ਗਏ। ਸ਼ਾਮ ਦਾ ਸਮਾਂ ਸੀ। ਰਹਿਰਾਸ ਦਾ ਪਾਠ ਕਰਨ ਦਾ ਹੁਕਮ ਹੋਇਆ। ਪਾਠ ਸੁਣ ਕੇ ਅਤੇ ਪੰਡਿਤ ਜੀ ਦੀ ਗ੍ਰਹਿਣ ਸ਼ਕਤੀ ਪਰਖ ਕੇ ਸਤਿਗੁਰੂ ਜੀ ਤੇਲੀਆ ਬੁੱਧੀ ਹੋਣ ਦਾ ਵਰ ਦਿੱਤਾ। ਇਉਂ ਪੰਡਿਤ ਜੀ ਸਤਿਗੁਰੂ ਜੀ ਦੇ ਨੇੜੇ ਆਏ ਅਤੇ ਫਿਰ ਆਯੂ ਪਰਯੰਤ ਗੁਰੂ ਘਰ ਨਾਲ ਹੀ ਲਿਵ ਜੋੜੀ ਰੱਖੀ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਸੰਤ ਬਲਕਾਰ ਸਿੰਘ ਜੀ ਛਾਂਗੀ ਵਾਲੇ ਵੀ ਦੱਸਿਆ ਕਰਦੇ ਹਨ ਕਿ ਉਹ ਵੀ ਆਪਣੀ ਮੁੱਢਲੀ ਆਯੂ ਵਿੱਚ ਤਿੰਨ ਮਹੀਨੇ ਪੰਡਿਤ ਜਗਤ ਸਿੰਘ ਜੀ ਪਾਸੋਂ ਵਿੱਦਿਆ ਗ੍ਰਹਿਣ ਕਰਦੇ ਰਹੇ ਹਨ। ਗੁਰਬਾਣੀ ਦੇ ਗਿਆਤਾ ਮਾਸਟਰ ਦਰਸ਼ਨ ਸਿਘ ਜੀ ਵੀ ਦੱਸਦੇ ਸਨ ਕਿ ਉਹ ਸੰਤਾਂ ਪਾਸ ਟਿਕ ਕੇ ਤੇ ਨਹੀਂ ਪੜ੍ਹ ਸੁੱਕੇ ਪਰ ਗੁਰਬਾਣੀ ਬਾਰੇ ਕੋਈ ਸ਼ੰਕਾ ਪੈਣ ਤੇ ਇਸਦਾ ਸਮਾਧਾਨ ਪੰਡਿਤ ਜੀ ਪਾਸੋਂ ਹੀ ਕਰਵਾਇਆ ਕਰਦੇ ਸਨ। ਨਾਮਧਾਰੀ ਪੰਥ ਦੇ ਉੱਘੇ ਕੀਰਤਨੀਏ ਅਤੇ ਪਰਚਾਰਕ ਸੰਤ ਕਰਮ ਸਿੰਘ ਜੀ ਬਾਲਮ ਵੀ ਬਹੁਤ ਦੇਰ, ਬੜੀ ਸ਼ਰਧਾ

ਨਾਲ ਗਿਆਨ ਚਰਚਾ ਕਰਨ ਵਾਸਤੇ ਪੰਡਿਤ ਜੀ ਪਾਸ ਝੱਲਾਂ ਵਾਲੇ ਡੇਰੇ ਵਿੱਚ ਹਾਜ਼ਰ ਹੋਇਆ ਕਰਦੇ ਸਨ।

ਜਦੋਂ ਕਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਪੱਛਮੀ ਪੰਜਾਬ ਜਾਂ ਸਿਆਲਕੋਟ ਜ਼ਿਲ੍ਹੇ ਦਾ ਦੌਰਾ ਕਰਿਆ ਕਰਦੇ ਸਨ ਤਾਂ ਪੰਡਿਤ ਜੀ ਉਚੇਚੇ ਜਾ ਕੇ ਦਰਸ਼ਨ ਵੀ ਕਰਦੇ ਅਤੇ ਹੁਕਮ ਅਨੁਸਾਰ ਦੀਵਾਨਾਂ ਵਿੱਚ ਕਥਾ ਵੀ ਕਰਿਆ ਕਰਦੇ ਸਨ।

"ਸਤਿਗੁਰੂ ਜੀ (1989 ਸੰਬਤ ਬਿਕ੍ਰਮੀ ਮੁਤਾਬਿਕ 1932 ਈ.) 13, 14, 15 ਸਾਉਣ ਗਲੋਟੀਂ ਜ਼ਿਲ੍ਹਾ ਸਿਆਲਕੋਟ ਦਰਸ਼ਨ ਦਿੱਤੇ, ਜਿੱਥੇ ਸਤਿਗੁਰੂ ਰਾਮ ਸਿੰਘ ਜੀ ਗੁਰਦਿਤੇ ਨੂੰ ਗਾਧੀ ਤੇ ਬੈਠੇ ਨੂੰ ਆ ਦਰਸ਼ਨ ਦੇ ਮਸਤ ਕੀਤਾ ਸੀ। ਬਾਬੇ ਧਿਆਨ ਸਿੰਘ ਜੀ ਲਾਹੌਰ ਵਾਲਿਆਂ ਦਮਦਮਾ ਉਸ ਜਗ੍ਹਾ ਬਣਾਇਆ ਹੋਇਆ ਸੀ। ਸੰਤ ਭਗਤ ਸਿੰਘ ਜੀ (ਦਾਤੇਵਾਲ), ਆਲਮ ਜੀ, ਪੰਡਿਤ ਜਗਤ ਸਿੰਘ ਜੀ, ਤੇ ਭੂਰੀ ਵਾਲੇ ਸੰਤਾਂ ਦਰਸ਼ਨ ਦਿੱਤੇ।"[4] ਇਸੇ ਸੰਬਤ 1989 ਮੁਤਾਬਿਕ 1933 ਈ. ਦੇ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਹੋਲੇ ਮਹੱਲੇ ਵਿੱਚ ਵੀ ਪੰਡਿਤ ਜਗਤ ਸਿੰਘ ਜੀ ਹੋਰ ਉੱਘੇ ਜਥੇਦਾਰਾਂ ਪਰਚਾਰਕਾਂ ਸਮੇਤ ਸ਼ਾਮਲ ਹੋਏ।[5] ਸੰਨ 1934 ਈ. ਦੇ 4 ਭਾਦਰੋਂ ਸੰਮਤ 1991 ਬਿਕਰਮੀ ਨੂੰ ਵੱਡਾ ਅਖਾੜਾ, ਚੌਕ ਪਰਾਗ ਦਾਸ, ਕਟੜਾ ਰਾਮਗੜ੍ਹੀਆ, ਅੰਮ੍ਰਿਤਸਰ ਵਿੱਚ ਸਰਬ ਸੰਪ੍ਰਦਾਇ ਕਾਨਫਰੰਸ ਜੋ ਅੱਸੂ ਦੇ ਆਖਰੀ ਤਿੰਨ ਦਿਨਾਂ ਵਿੱਚ ਸ੍ਰੀ ਭੈਣੀ ਸਾਹਿਬ ਹੋ ਰਹੀ ਸੀ, ਉਸ ਦੀ ਕਾਮਯਾਬੀ ਲਈ ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਲੇਖਕਾਂ, ਕਲਾਕਾਰਾਂ, ਸਾਹਿਤਕਾਰਾਂ, ਵਿਦਵਾਨਾਂ, ਪਰਚਾਰਕਾਂ ਆਦਿ ਦਾ ਇੱਕ ਵੱਡਾ ਇਕੱਠ ਹੋਇਆ ਸੀ। ਇਸ ਵਿੱਚ ਵੈਦ ਮੋਹਨ ਸਿੰਘ, ਗਿਆਨੀ ਸ਼ੇਰ ਸਿੰਘ, ਪ੍ਰੋਫੈਸਰ ਗੰਗਾ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਸੰਤ ਸਿੰਘ ਐਮ. ਐਲ. ਏ. ਐਡਵੋਕੇਟ, ਵੈਦ ਨੌਰੰਗ ਸਿੰਘ ਤਾਂਘੀ, ਬਾਵਾ ਹਰੀ ਰਾਮ ਬਿਲਗਾ, ਗੰਡਾ ਸਿੰਘ ਜਾਚਕ, ਸ੍ਰ. ਲਛਮਣ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਹੋਰ ਬਹੁਤ ਸਾਰੇ ਨਾਮਧਾਰੀ ਪਰਚਾਰਕਾਂ ਸਮੇਤ ਪੰਡਿਤ ਜਗਤ ਸਿੰਘ ਜੀ ਵੀ ਸ਼ਾਮਲ ਹੋਏ ਸਨ।[6]

9 ਪੋਹ 1997 ਬਿਕਰਮੀ ਸੰਮਤ ਮੁਤਾਬਿਕ 1940 ਈ. ਨੂੰ ਲਾਹੌਰ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਸਾਰੇ ਨਾਮਧਾਰੀ ਪੰਥ ਦੀ ਮਰਦਮ ਸ਼ੁਮਾਰੀ ਕਰਨ ਲਈ ਜ਼ਿਲ੍ਹਾ ਵਾਰ ਸੇਵਕਾਂ ਦੀ ਕਮੇਟੀ ਬਣਾਈ। ਸਿਆਲਕੋਟ ਜ਼ਿਲ੍ਹੇ ਵਿੱਚ ਹੋਰਨਾਂ ਤੋਂ ਇਲਾਵਾ ਪੰਡਿਤ ਜਗਤ ਸਿੰਘ ਜੀ ਵੱਲੋਂ, ਪੰਡਿਤ ਗੋਪਾਲ ਸਿੰਘ ਨੂੰ ਸ਼ਾਮਲ ਕੀਤਾ ਗਿਆ।[7]

ਪੰਡਿਤ ਜੀ ਹਿੰਦੂ, ਸਿੱਖ, ਮੁਸਲਮਾਨ, ਈਸਾਈ ਆਦਿ ਸਭ ਫਿਰਕਿਆਂ ਦੇ ਲੋਕਾਂ ਨਾਲ ਇਕ ਸਮਾਨ ਵਰਤਾਰਾ ਕਰਿਆ ਕਰਦੇ ਸਨ। ਉਹਨਾਂ ਦੇ ਸੁਲਾਹਕੁੱਲ ਸੁਭਾਉ ਨੂੰ ਵੇਖਦਿਆਂ ਪਿੰਡ ਦੇ ਅਤੇ ਆਸਪਾਸ ਦੇ ਮੁਸਲਮਾਨ ਵੀ ਆਪ ਦੇ ਪਰਸੰਸਕ ਸਨ। ਬਟਵਾਰੇ ਦੇ ਸਮੇਂ ਪਹਿਲਾਂ ਤਾਂ ਪਿੰਡ ਦੇ ਮੁਸਲਮਾਨਾਂ ਨੇ ਕਿਹਾ ਤੁਸੀਂ ਬੇਫ਼ਿਕਰ ਹੋ ਕੇ ਟਿਕੇ ਰਹੋ ਅਸੀਂ ਤੁਹਾਡੇ ਰਾਖੇ ਹਾਂ। ਪਰ ਜਦੋਂ ਪਾਣੀ ਸਿਰ ਤੋਂ ਲੰਘ ਗਿਆ, ਆਲੇ ਦੁਆਲੇ ਦੇ ਪਿੰਡਾਂ ਵਿੱਚ ਹੋ ਹੱਲਾ ਜ਼ਿਆਦਾ ਵੱਧ ਗਿਆ ਤਾਂ ਇੱਕ ਦਿਨ ਉਹਨਾਂ ਮੁਸਲਮਾਨ ਭਰਾਵਾਂ ਨੇ ਪੰਡਿਤ ਜੀ ਨੂੰ ਕਿਹਾ ਭਲਕੇ ਬਾਹਰਲੇ ਪਿੰਡਾਂ ਦਾ ਮੁਲਖੱਈਆ ਤੁਹਾਡੇ ਤੇ ਹਮਲਾ ਕਰ ਸਕਦਾ ਹੈ। ਤੁਸੀਂ ਅੱਜ ਹੀ ਤਿਆਰੀ ਵੱਟ ਲਵੋ। ਪਿੰਡ ਦੇ ਮੁਸਲਮਾਨਾਂ ਦੇ ਹਥਿਆਰਬੰਦ ਟੋਲੇ ਨੇ ਪੰਡਿਤ ਜੀ ਅਤੇ ਪਿੰਡ ਦੇ ਹੋਰ ਹਿੰਦੂ ਸਿੱਖਾਂ ਨੂੰ ਆਪਣੀ ਰਖਵਾਲੀ ਵਿੱਚ ਲੈ ਕੇ, ਉਸੇ ਦਿਨ ਨੇੜਲੇ ਕੈਂਪ ਵਿੱਚ ਸੁਰੱਖਿਅਤ ਪਹੁੰਚਾ ਦਿੱਤਾ ਜਿੱਥੋਂ ਆਪ ਪਹਿਲਾਂ ਅੰਮ੍ਰਿਤਸਰ ਪਹੁੰਚੇ, ਉੱਥੇ ਵੀ ਸ਼ਰਨਾਰਥੀ ਕੈਂਪ ਵਿੱਚ ਕੁਝ ਸਮਾਂ ਰਹੇ। ਫਿਰ ਫਤਹਿਗੜ੍ਹ ਸਾਹਿਬ ਦੇ ਕੈਂਪ ਵਿੱਚ ਜਾ ਰਹੇ ਅਤੇ ਅਖੀਰ ਝੱਲ ਪਿੰਡ, ਉਦੋਂ ਰਿਆਸਤ ਪਟਿਆਲਾ ਅਤੇ ਅੱਜ ਕਲ੍ਹ ਇਸਦਾ ਜ਼ਿਲਾ ਮਲੇਰਕੋਟਲਾ ਹੈ, ਆ ਟਿਕੇ ਸਨ। ਪਿੰਡ, ਪਰਿਵਾਰ ਬਿਨਾਂ ਨੁਕਸਾਨ ਆਇਆ। ਕੁਝ ਪਰਿਵਾਰ, 4-5 ਕਿਲੋਮੀਟਰ ਦੂਰ ਭੱਟੀਆਂ ਜਾ ਬੈਠੇ।

ਉਪਰ ਜਿਸ ਗਿਆਨੀ ਬਾਗਾ ਸਿੰਘ ਜੀ ਪਾਸ ਆਪ ਦੇ 10-12 ਸਾਲ ਪਾਸ ਰਹਿ ਕੇ ਵਿੱਦਿਆ ਗ੍ਰਹਿਣ ਕਰਨ ਦਾ ਜ਼ਿਕਰ ਆਇਆ ਹੈ ਉਹਨਾਂ ਪਾਸੋਂ ਪਿੰਡ ਖੰਡੂ ਵਾਲੀ ਆ ਕੇ ਤਿੰਨ ਚਾਰ ਸਾਲ ਰਹਿਣ ਬਾਅਦ, ਆਪ ਗਿਆਨੀ ਬਾਗਾ ਸਿੰਘ ਜੀ ਦੇ ਸੁਝਾਅ ਤੇ ਅਗਲੇਰੀ ਵਿੱਦਿਆ ਵਿਸ਼ੇਸ਼ ਕਰਕੇ ਕੁਝ ਸੰਸਕ੍ਰਿਤ ਗ੍ਰੰਥ, ਰਮਾਇਣ, ਮਹਾਂਭਾਰਤ, ਹਨੂੰਮਾਨ ਨਾਟਕ ਅਤੇ ਸਾਰ ਕੁਤਾਵਲੀ ਆਦਿ ਦੇ ਅਧਿਐਨ ਲਈ, ਅੰਮ੍ਰਿਤਸਰ ਸ਼ਹਿਰ ਦੀ ਗਲੀ ਸੱਤੋ ਵਾਲੀ ਵਿੱਚ ਭਾਈ ਮਨੀ ਸਿੰਘ ਜੀ ਦੀ ਟਕਸਾਲ ਵਿੱਚ ਸੰਨ 1920 ਈ. ਦੇ ਨੇੜੇ ਤੇੜੇ ਪੁੱਜ ਗਏ ਸਨ। ਇੱਥੇ ਆਪ ਲੋਹ ਹੇਠਾਂ ਬਾਲਣ ਦਾ ਝੋਕਾ ਦੇਣ ਦੀ ਸੇਵਾ ਕਰਕੇ, ਉਹਨਾਂ ਸੰਤਾਂ ਪਾਸੋਂ ਪਰੰਪਰਾਗਤ ਵਿੱਦਿਆ ਵਿੱਚ ਨਿਪੁੰਨ ਹੋ ਗਏ ਸਨ। ਬੇਸ਼ਕ ਗੁਰੂ ਹਰੀ ਸਿੰਘ ਜੀ ਦਾ ਵਰਦਾਨ ਵੀ ਆਪ ਦੇ ਅੰਗ ਸੰਗ ਸੀ, ਪਰ ਵਿੱਦਿਆ ਹਾਸਲ ਕਰਨ ਲਈ ਸਖਤ ਮਿਹਨਤ ਕਰਨ ਤੋਂ ਆਪ ਨੇ ਕਦੇ ਵੀ ਪਰਹੇਜ਼ ਨਹੀਂ ਸੀ ਕੀਤਾ।

ਸੰਤ ਤਰਨ ਸਿੰਘ ਵਹਿਮੀ ਜੀ ਦੀ ਲਿਖਤ ਮੁਤਾਬਿਕ ਪੰਡਿਤ ਜੀ ਦੇ ਪਹਿਲੇ ਵਿੱਦਿਆ ਗੁਰੂ ਸੰਤ ਝੰਡਾ ਸਿੰਘ ਜੀ ਆਦੋਕਿਆਂ ਵਾਲੇ ਵੀ ਬੜੇ ਮਹਾਂਪੁਰਖ ਸਨ ਜਿਹਨਾਂ ਦਾ ਮਨ ਸਦਾ ਸਤਿਗੁਰੂ ਨਾਲ ਜੁੜਿਆ ਰਹਿੰਦਾ ਸੀ। ਇਹ

ਸੰਤ ਜੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕਿਸੇ ਅੰਮ੍ਰਿਤਸਰ ਫੇਰੀ ਸਮੇਂ ਉੱਪਰ ਵਰਣਿਤ ਸੰਤ ਬਾਗਾ ਸਿੰਘ ਜੀ ਵੀ ਉਹਨਾਂ ਨੂੰ ਮਿਲੇ ਸਨ ਅਤੇ ਅਰਜ਼ ਕੀਤੀ ਸੀ ਕਿ "ਪਾਤਸ਼ਾਹ ਬਾਣੀ ਕੰਠ ਨਹੀਂ ਹੁੰਦੀ, ਮਨ ਇਕਾਗਰ ਨਹੀਂ ਹੁੰਦਾ।" ਸਤਿਗੁਰੂ ਜੀ ਨੇ ਕਿਹਾ ਸੀ, "ਕੱਚੀ ਬਾਣੀ ਨਾ ਸੁਣਿਆ ਕਰੋ।" ਇਸ ਤੋਂ ਬਾਅਦ ਸਭ ਬਾਣੀਆਂ ਕੰਠ ਹੋ ਗਈਆਂ।

ਬ੍ਰਾਹਮਣ ਤਾਂ ਕਿਸੇ ਦੇ ਜੂਠੇ ਬਰਤਨ ਨਹੀਂ ਮਾਂਜਿਆ ਕਰਦੇ, ਪਰ ਪੰਡਿਤ ਜਗਤ ਸਿੰਘ ਜੀ ਤਾਂ ਤਿਆਗ, ਵੈਰਾਗ ਤੇ ਸੇਵਾ ਦੀ ਤਿਰਮੂਰਤੀ ਸਨ। ਇਹ ਤਨੋਂ ਮਨੋਂ ਸਾਧ ਸੰਗਤ ਦੀ ਸੇਵਾ ਵਿੱਚ ਜੁੱਟ ਗਏ ਸਨ। ਸੰਤ ਤਰਨ ਸਿੰਘ ਜੀ ਵਹਿਮੀ ਆਪ ਦੇ ਸੇਵਾ ਸਿਮਰਨ ਦਾ ਜ਼ਿਕਰ ਆਪਣੀ 1941 ਈ. ਦੀ "ਸੰਤ ਅੰਕ" ਵਿੱਚ ਛਪੀ ਰਚਨਾ ਵਿੱਚ ਕਰਦੇ ਹਨ।

"ਸੰਤ ਜੀ ਤੋਂ ਬਹੁਤ ਸਾਰਿਆਂ ਨੇ ਵਿੱਦਿਆ ਹਾਸਲ ਕੀਤੀ ਹੈ। ਕਈ ਅਨਾਥ ਤੇ ਮਾਸੂਮ ਬੱਚੇ ਇਹਨਾਂ ਨੇ ਪਾਲ ਪੋਸ ਕੇ ਵੱਡੇ ਕੀਤੇ ਹਨ ਅਤੇ ਅੱਜ ਕੱਲ੍ਹ ਪੰਥ ਦੀ ਸੇਵਾ ਵਿੱਚ ਹੀ ਆਪਣਾ ਵਕਤ ਸਰਫ ਕਰਦੇ ਹਨ। ਸੰਤ ਜੀ ਨੇ ਬੜੇ ਸਿੱਖਾਂ ਨੂੰ ਵਿੱਦਿਆ ਦਾ ਦਾਨ ਦਿੱਤਾ ਹੈ। ਇਹਨਾਂ ਨੂੰ ਹੀ ਇੱਕ ਅਜਿਹੇ ਸੰਤ ਕਿਹਾ ਜਾ ਸਕਦਾ ਹੈ, ਜੋ ਬਿਨਾਂ ਲੋਭ ਬਿਨਾਂ ਲਾਲਚ ਦੇ ਵਿੱਦਿਆ ਦੇ ਰਹੇ ਹਨ।"

"ਸੰਤ ਜਗਤ ਸਿੰਘ ਜੀ ਦੇ ਹੀ ਪ੍ਰਤਾਪ ਦਾ ਸਦਕਾ, ਖੰਡੂਵਾਲੀ ਵਿਖੇ ਦੋ ਡੇਰੇ ਆਬਾਦ ਹੋਏ ਹਨ ਤੇ ਬੜੀ ਕਾਮਯਾਬੀ ਨਾਲ ਚੱਲ ਰਹੇ ਹਨ। ਆਏ ਗਏ ਸਾਧੂ ਸੰਤਾਂ ਦੀ ਬੜੀ ਸੇਵਾ ਹੁੰਦੀ ਹੈ। ਅਨਾਥਾਂ ਤੇ ਮਜ਼ਲੂਮਾਂ ਨੂੰ ਰੋਟੀ ਕੱਪੜਾ ਵੀ ਦਿੰਦੇ ਹਨ। ਅਖੰਡ ਪਾਠ ਬਿਨਾਂ ਪੂਜਾ ਲਈ ਕਰਕੇ ਬੜੇ ਖੁਸ਼ ਰਹਿੰਦੇ ਹਨ। ਆਪ ਦਾ ਅਨੁਭਵ ਬੜਾ ਵਿਸ਼ਾਲ ਹੈ। ਪਰਉਪਕਾਰ ਤੇ ਸੇਵਾ ਦਾ ਚਾਅ ਆਪ ਨੂੰ ਹਰ ਵੇਲੇ ਬਿਹਬਲ ਕਰੀ ਰੱਖਦਾ ਹੈ। ਭਜਨ ਅਭਿਆਸ ਤੇ ਅੰਮ੍ਰਿਤ ਵੇਲੇ ਦਾ ਇਸ਼ਨਾਨ ਇਹਨਾਂ ਦੇ ਸਰੀਰ ਦਾ ਜ਼ਰੂਰੀ ਅੰਗ ਹੈ। ਤਿਆਗ ਦੀ ਸਾਕਾਰ ਮੂਰਤੀ ਵੇਖਣੀ ਹੋਵੇ ਤਾਂ ਇਹਨਾਂ ਦੇ ਹੀ ਦਰਸ਼ਨ ਕਰਨੇ ਚਾਹੀਦੇ ਹਨ। ਸਾਦਗੀ ਦੇ ਆਪ ਬੜੇ ਕਾਇਲ ਹਨ, ਠਾਠ ਬਾਠ ਤੇ ਅਪਟੂ-ਡੇਟ ਬਣਨਾ ਇਹਨਾਂ ਦੀ ਫਿਤਰਤ ਵਿੱਚ ਨਹੀਂ ਹੈ।"

"ਕਥਾ ਕੀਰਤਨ ਗ੍ਰੰਥ ਮਤ, ਰਤਿ ਸਤਿ ਧਰਮ ਵੀਚਾਰ।
ਵਹਿਮੀ ਵਿਘਨ ਵਿਨਾਸ਼ ਕੋ, ਸੰਤ ਸਦਾ ਅਵਤਾਰ।"[8]

ਦੇਸ਼ ਦੀ ਵੰਡ ਬਾਅਦ ਜਦੋਂ ਪਰਿਵਾਰ ਇਧਰ ਝੱਲਾਂ ਵਿੱਚ ਆ ਰਿਹਾ ਤਾਂ ਕਿਉਂਕਿ ਛੋਟੇ ਭਾਈ ਭਗਤ ਸਿੰਘ ਜੀ ਦਾ ਤਾਂ ਵੱਡਾ ਪਰਿਵਾਰ ਸੀ। ਸੰਤ

ਜਗਤ ਸਿੰਘ ਜੀ ਬਿਹੰਗਮਾਂ ਵਾਂਗ ਅਲੱਗ ਹੀ ਰਿਹਾ ਕਰਦੇ ਸਨ। ਝੱਲਾਂ ਦੀ ਮਸੀਤ ਵਿੱਚ ਆਪ ਜੀ ਨੇ ਡੇਰਾ ਲਾ ਲਿਆ। ਹਰ ਧਰਮ, ਜਾਤੀ, ਸਮੁਦਾਇ ਦੇ ਬੱਚੇ ਸੰਤ ਜੀ ਪਾਸ ਮਸੀਤ ਵਿੱਚ ਆ ਕੇ ਰਹਿਣ ਲੱਗ ਪਏ ਅਤੇ ਵਿੱਦਿਆ ਪੜ੍ਹਨ ਲੱਗ ਪਏ। ਇਹਨਾਂ ਬੱਚਿਆਂ ਨੇ ਹੀ ਪਿੰਡ ਵਿੱਚੋਂ ਗਜਾ ਕਰ ਲਿਆਉਣਾ ਜਿਸ ਨਾਲ ਉਹਨਾਂ ਦੇ ਲੰਗਰ ਪਾਣੀ ਦਾ ਤੋਰਾ ਤੁਰ ਪਿਆ। ਹਰ ਰੋਜ਼ ਸ਼ਾਮ ਨੂੰ ਸੰਤ ਜੀ ਕਿਸੇ ਨਾ ਕਿਸੇ ਗ੍ਰੰਥ ਦੀ ਕਥਾ ਕਰਿਆ ਕਰਦੇ ਸਨ। ਜਿਸ ਵਿੱਚ ਉਹਨਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਪਿੰਡ ਦੀ ਹੋਰ ਸੰਗਤ ਵੀ ਆਉਣ ਲੱਗ ਪਈ। ਕਈ ਵੇਰ ਘੰਟਿਆਂ ਬੱਧੀ ਸਤਿਸੰਗ ਚੱਲਦਾ ਰਹਿੰਦਾ। ਸੰਤ ਜੀ ਬ੍ਰਹਮ ਅਵਸਥਾ ਵਿੱਚ ਵਿਚਰਦੇ ਸਨ। ਕਿਸੇ ਨਾਲ ਕੋਈ ਭੇਦਭਾਵ ਨਹੀਂ ਸੀ। ਹਰ ਇੱਕ ਨੂੰ ਧਰਮ ਨਾਲ ਜੋੜਦੇ। ਗੁਰਬਾਣੀ ਪੜ੍ਹਨ, ਬੰਦਗੀ ਕਰਨ ਅਤੇ ਸੇਵਾ ਕਰਨ ਦੀ ਸਿੱਖਿਆ ਦਿੰਦੇ ਸਨ। ਸਾਧ ਸੰਗਤ ਦੇ ਅਸਰਾਰ ਕਰਨ ਤੇ ਬਾਹਰ ਦੌਰਿਆਂ ਤੇ ਵੀ ਚਲੇ ਜਾਂਦੇ ਸਨ। ਘਰਾਂ ਵਿੱਚ ਦਿਨੇ ਸਧਾਰਨ ਪਾਠ ਅਤੇ ਸ਼ਾਮ ਨੂੰ ਕਥਾ ਕਰਿਆ ਕਰਦੇ ਸਨ।

ਦਿੱਲੀ ਵਿੱਚ ਢੋਡਿਆਂ ਵਾਲੇ ਨਾਮਧਾਰੀ ਪਰਿਵਾਰ ਨਾਲ ਬੜਾ ਪ੍ਰੇਮ ਸੀ। ਉੱਥੇ ਕਈ ਕਈ ਮਹੀਨੇ ਬਿਤਾ ਆਉਂਦੇ ਸਨ। ਪੰਜਾਬ ਵਿੱਚ ਕਈ ਨਗਰਾਂ ਵਿੱਚ ਜਾਇਆ ਕਰਦੇ ਸਨ। ਉੱਤਰ ਪ੍ਰਦੇਸ਼ ਦੇ ਨਜੀਬਾਬਾਦ ਜ਼ਿਲ੍ਹੇ ਵਿੱਚ 'ਜੱਟੀਆਲੇ' ਪਿੰਡ ਵਿੱਚ ਬਹੁਤ ਸਮਾਂ ਬਤੀਤ ਕਰਿਆ ਕਰਦੇ ਸਨ। ਸੰਤ ਭਗਤ ਸਿੰਘ ਜੀ ਦੇ ਲੜਕੇ, ਇਹਨਾਂ ਦੇ ਭਤੀਜੇ ਪੰਡਿਤ ਹਰਭਜਨ ਸਿੰਘ ਜੀ ਵੀ 1961 ਈ. ਤੋਂ ਆਪ ਜੀ ਦੇ ਨਾਲ ਰਹਿ ਕੇ ਸੇਵਾ ਕਰਿਆ ਕਰਦੇ ਅਤੇ ਆਪ ਪਾਸੋਂ ਵਿੱਦਿਆ ਦਾਨ ਲਿਆ ਕਰਦੇ ਸਨ ਅਤੇ ਪੰਡਿਤ ਜੀ ਦੇ ਦੌਰਿਆਂ ਵਿੱਚ ਵੀ ਸ਼ਾਮਲ ਹੁੰਦੇ ਸਨ। ਸ੍ਰੀ ਭੈਣੀ ਸਾਹਿਬ ਹੋਣ ਵਾਲੇ ਹੋਲਿਆਂ ਮੇਲਿਆਂ ਤੇ ਵੀ ਹਾਜ਼ਰੀ ਭਰਿਆ ਕਰਦੇ ਸਨ। ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਜੀ ਨੂੰ ਪ੍ਰੇਮ ਸਹਿਤ ਨਿਵਾਜਣਾ ਅਤੇ ਇਹਨਾਂ ਲਈ ਹਰ ਸੁਖ ਸੁਵਿਧਾ ਦਾ ਧਿਆਨ ਰੱਖਣਾ। ਕਿਉਂਕਿ ਆਪ ਜੀ ਦਾ ਸੁਭਾਉ ਬੜਾ ਸੰਤੋਖੀ ਸੀ, ਪੁੱਛਣ ਤੇ ਵੀ ਕੁਝ ਮੰਗਦੇ ਨਹੀਂ ਸਨ। ਇਸ ਲਈ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮਹਾਰਾਜ ਬੀਰ ਸਿੰਘ ਜੀ ਇਹਨਾਂ ਦੇ ਡੇਰੇ ਤੇ ਗੇੜਾ ਮਾਰਦੇ ਅਤੇ ਇਹਨਾਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਦੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇੱਕ ਵਾਰ ਆਪ ਤੋਂ ਰਮਾਇਣ ਦੀ ਕਥਾ ਸੁਣੀ ਸੀ। ਮੇਲਿਆਂ ਵਿੱਚ ਆਪ ਗੁਰਬਾਣੀ ਆਧਾਰਿਤ ਇਤਿਹਾਸ ਦੀ ਕਥਾ ਕਰਿਆ ਕਰਦੇ ਸਨ। ਆਪ ਦਾ ਸੁਭਾਉ ਇਕਾਂਤ ਪ੍ਰੇਮੀ ਸੀ,

ਜ਼ਿਆਦਾ ਭੀੜ ਤੋਂ ਬਚਿਆ ਕਰਦੇ ਸਨ। ਸੰਗਤ ਵਿੱਚ ਵੀ ਮੱਥਾ ਟੇਕ ਕੇ ਸਭ ਤੋਂ ਪਿੱਛੇ ਬੈਠਿਆ ਕਰਦੇ ਸਨ। ਕਿਉਂਕਿ ਸੰਤ ਜੀ ਕੁਝ ਵੀ ਮੰਗਣ ਦੀ ਰੁਚੀ ਨਹੀਂ ਸਨ ਰੱਖਦੇ। ਘਰ ਦਿਆਂ ਨੇ ਇੱਕ ਦਿਨ ਅਜਮਾਉਣ ਲਈ ਪਰਸ਼ਾਦਾ ਨਾ ਦਿੱਤਾ। ਫਿਰ ਵੀ ਨਾ ਮੰਗਿਆ ਅਤੇ ਸਾਰਾ ਦਿਨ ਨਿਰਾਹਾਰ ਰਹਿ ਗਏ। ਪਿਛਲੀ ਅਵਸਥਾ ਵਿੱਚ ਲੱਤ ਦੇ ਜ਼ਖਮ ਵਿੱਚ ਕੀੜੇ ਪੈ ਗਏ। ਫਿਰ ਵੀ ਕਿਸੇ ਨੂੰ ਕੋਈ ਸ਼ਿਕਾਇਤ, ਹਾਇ, ਤੋਬਾ ਨਹੀਂ। ਕਹਿਣਾ- "ਮਹਾਤਮਾ ਜੀ, ਸਾਂਈ ਲੋਕੋ, ਇਹ ਸਾਰਾ ਕੁਝ ਰਜ਼ਾ ਵਿੱਚ ਹੀ ਤਾਂ ਹੋ ਰਿਹਾ ਹੈ।"

ਪਿੰਡ ਝੱਲਾਂ ਦਾ ਹੀ ਇਕ ਪਾਕਿਸਤਾਨੋਂ ਆਏ ਪਰਿਵਾਰ ਦਾ ਰਾਮ ਸਿੰਘ ਭਿੰਡਰ ਉਰਫ ਫ਼ਕੀਰੀਆ ਨਾਮ ਦਾ ਨਿਹੰਗ ਸਿੱਖ ਸੀ। ਉਹ ਵੀ ਸੰਤ ਜੀ ਪਾਸੋਂ ਵਿੱਦਿਆ ਗ੍ਰਹਿਣ ਕਰਨ ਆਉਂਦਾ ਸੀ। ਉਸ ਦਾ ਸੁਭਾਉ ਕੁਝ ਕੋਥਰਾ ਸੀ। ਉਸ ਦਾ ਪਿਤਾ ਸੰਤ ਜੀ ਪਾਸ ਆਇਆ ਤੇ ਕਹਿਣ ਲੱਗਾ- "ਸੰਤ ਜੀ, ਤੁਸੀਂ ਨਾਮਧਾਰੀ ਹੋ, ਇਹ ਨਿਹੰਗ ਸਿੰਘ ਹੈ, ਤੁਹਾਥੋਂ ਪੜ੍ਹ ਕੇ ਇਹਨੇ ਤੁਹਾਨੂੰ ਹੀ ਸਿੱਧਿਆਂ ਹੋਣਾ ਹੈ। ਇਹਨੂੰ ਨਾ ਪੜ੍ਹਾਉ।" ਸੰਤ ਜੀ ਦਾ ਜੁਆਬ ਸੀ, "ਮਹਾਤਮਾ ਜੀ, ਇਹ ਆਪਣਾ ਸੁਭਾਅ ਵਰਤ ਲਵੇ ਅਸੀਂ ਆਪਣਾ ਵਰਤਾਂਗੇ।" ਸੰਤਾਂ ਨੇ ਉਸ ਨੂੰ ਧਾਰਮਿਕ ਵਿੱਦਿਆ ਵਿੱਚ ਇਤਨਾ ਨਿਪੁੰਨ ਕੀਤਾ ਕਿ ਉਹ ਬਾਅਦ ਵਿੱਚ ਹਰਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿੱਚ ਗ੍ਰੰਥੀ ਦੀ ਸੇਵਾ ਨਿਬਾਹੁੰਦਾ ਰਿਹਾ। ਪੰਡਿਤ ਜੀ ਦਾ ਬਹੁਤ ਉਪਾਸ਼ਕ ਸੀ।

ਦਿੱਲੀ ਢੋਡਿਆਂ ਵਾਲੇ ਪਰਿਵਾਰ ਦੀ ਇਕ ਨੌਜਵਾਨ ਲੜਕੀ ਸੰਤ ਜੀ ਲਈ ਪਰਸ਼ਾਦਾ ਪਕਾਇਆ ਕਰਦੀ ਸੀ। ਇਕ ਦਿਨ ਪਰਸ਼ਾਦਾ ਛਕਣ ਲੱਗਿਆਂ ਆਪ ਜੀ ਨੇ ਉਸ ਬੀਬੀ ਨੂੰ ਮਾਤਾ ਜੀ ਕਹਿ ਕੇ ਸੰਬੋਧਿਤ ਕੀਤਾ। ਉਹ ਬੀਬੀ ਰੋਣ ਲੱਗ ਪਈ। ਭਤੀਜੇ ਹਰਭਜਨ ਸਿੰਘ ਨੇ ਕਿਹਾ- "ਸੰਤ ਜੀ, ਕੁਝ ਵਿਹਾਰਕ ਗਿਆਨ ਵਰਤ ਲਿਆ ਕਰੋ। ਇਕ ਜੁਆਨ ਲੜਕੀ ਅਤੇ ਮਾਤਾ ਵਿੱਚ ਤਾਂ ਬੜਾ ਅੰਤਰ ਹੁੰਦਾ ਹੈ।" ਪੰਡਿਤ ਜੀ ਦਾ ਜੁਆਬ ਸੀ, "ਮਹਾਤਮਾ ਜੀ! ਇਹ ਅੰਤਰ ਤੁਹਾਡੇ ਲਈ ਹੁੰਦਾ ਹੋਵੇਗਾ, ਮੇਰੇ ਲਈ ਨਹੀਂ।" ਐਸੇ ਸਨ ਸੰਤ ਜਗਤ ਸਿੰਘ ਜੀ- ਮਨ ਦੀਆਂ ਸਾਰੀਆਂ ਸੁਰਤੀਆਂ ਬਿਰਤੀਆਂ ਨੂੰ ਮੁਕੰਮਲ ਤੌਰ ਤੇ ਕਾਬੂ ਕਰਨ ਵਾਲੇ। ਗਿਆਨ ਪ੍ਰਧਾਨ ਚਿੱਤ ਹੋਣ ਕਾਰਨ ਬੜੇ ਗੰਭੀਰ ਅਤੇ ਸ਼ਾਂਤ ਸੁਭਾਅ ਦੀ ਅਵਸਥਾ ਵਿੱਚ ਵਿਚਰਦੇ ਸਨ। ਕਈ ਸਮਕਾਲੀ ਸਾਧੂਆਂ ਜਿਉਂ ਮਸਤਾਨੀ ਬਿਰਤੀ ਨਹੀਂ ਸੀ। ਸੰਤ ਹਰਨਾਮ ਸਿੰਘ ਜੀ ਕਿਲੇ ਵਾਲਿਆਂ ਨਾਲ ਬੜਾ ਪਿਆਰ ਕਰਦੇ ਸਨ। ਪਾਕਿਸਤਾਨ ਵਿੱਚ ਤਾਂ ਉਹ ਖੰਡੂ ਵਾਲੀ ਤੋਂ ਜ਼ਿਆਦਾ ਦੂਰ

ਨਹੀਂ ਸਨ ਅਕਸਰ ਮਿਲਦੇ ਜੁਲਦੇ ਸਨ, ਭਾਰਤ ਆਉਣ ਬਾਅਦ ਵੀ ਇਹ ਸਿਲਸਿਲਾ ਜਾਰੀ ਰਿਹਾ। ਕਈ ਅਕਾਲੀ ਵਿਚਾਰਾਂ ਵਾਲੇ ਸਾਧੂ ਸੰਤਾਂ ਨਾਲ ਵੀ ਬੜਾ ਮੇਲ ਜੋਲ ਸੀ।

"ਆਪ ਜੀ ਸਦਾ ਚੌਂਕੜਾ ਮਾਰ ਕੇ ਬੈਠੇ ਰਹਿੰਦੇ। ਹੱਥਾਂ ਵਿੱਚ ਬੜੇ ਮੋਟਿਆਂ ਮਣਕਿਆਂ ਵਾਲੀ ਮਾਲਾ ਫੇਰਦੇ ਰਹਿਣਾ। ਹਮੇਸ਼ਾਂ ਚਿਹਰਾ ਲਾਲ ਅਤੇ ਖਿੜਿਆ ਹੋਣਾ ਪਰ ਵੇਖਣ ਵਾਲੇ ਨੂੰ ਗੰਭੀਰ ਮੁਦਰਾ ਵਿੱਚ ਚਿੰਤਨ ਕਰਦੇ ਨਜ਼ਰ ਆਉਂਦੇ। ਬੁਲਾਉਣ ਤੇ ਬੋਲਣਾ, ਦਿੱਤਿਆਂ ਲੰਗਰ ਛਕ ਲੈਣਾ, ਜੋ ਮਿਲੇ ਪਰਵਾਨ ਕਰਨਾ, ਮੰਗਣਾ ਕੁਝ ਨਹੀਂ। ਪੰਜਾਂ ਵਿਕਾਰਾਂ ਤੇ ਇਸ ਤਰ੍ਹਾਂ ਜਿੱਤ ਸੀ ਜਿਵੇਂ ਛੋਟੇ ਬੱਚੇ ਨੂੰ ਇਹਨਾਂ ਬਾਰੇ ਕੋਈ ਪਤਾ ਹੀ ਨਾ ਹੋਵੇ। ਸੰਸਾਰੀ ਗੱਲਾਂ ਤੇ ਕੰਮਾਂ ਵਿੱਚ ਅਰੁਚੀ, ਨਿਸ਼ਚਿੰਤਤਾ ਭਰਿਆ ਜੀਵਨ ਤੇ ਮਾਇਆ ਦੀ ਨਿਰਲੇਪਤਾ ਐਨੀ ਸੀ ਕਿ ਆਪਣੇ ਸਰੀਰ ਦੀ ਸਾਂਭ ਸੰਭਾਲ ਲਈ ਵਰਤੀ ਜਾਣ ਵਾਲੀ ਮਾਇਆ ਦੀ ਲੋੜ ਤੋਂ ਵੀ ਨਿਸ਼ਚਿੰਤ। ਇਹੋ ਜਿਹੇ ਉੱਚੇ ਜੀਵਨ ਤੇ ਅਵਸਥਾ ਦੇ ਮਾਲਕ ਸੰਤ ਜਗਤ ਸਿੰਘ ਜੀ ਸਨ।"

ਉਮਰ ਦੇ ਆਖਰੀ 18-20 ਸਾਲਾਂ ਵਿੱਚ ਸੰਤ ਜੀ ਨੇ ਬਾਹਰ ਅੰਦਰ ਆਉਣਾ ਜਾਣਾ ਛੱਡ ਦਿੱਤਾ ਸੀ। ਇਸੇ ਮਸੀਤ ਵਿੱਚ ਹੀ ਟਿਕੇ ਰਹਿੰਦੇ। ਬਿਰਧ ਅਵਸਥਾ ਇਕ ਕਾਰਨ ਤਾਂ ਸੀ ਪਰ ਸੁਭਾਉ ਵਿੱਚ ਅੰਤਰਮੁਖਤਾ ਵੱਡਾ ਕਾਰਨ ਸੀ। ਸੰਤ ਜੀ ਦੇ ਛੋਟੇ ਭਰਾਤਾ ਭਗਤ ਸਿੰਘ, ਜਿਹਨੇ ਵਹਿਮੀ ਜੀ ਦੀ ਲਿਖਤ ਮੁਤਾਬਿਕ ਆਪ ਜੀ ਦੇ ਨਾਲ ਹੀ ਉੱਗੂ ਚੱਕ ਜਾਂ ਗੁਰੂ ਚੱਕ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਉਹਨਾਂ ਦੇ ਤਿੰਨ ਸਪੁੱਤਰ ਸਨ। ਵੱਡੇ ਸ੍ਰ. ਇਕਬਾਲ ਸਿੰਘ ਜੀ ਪਟਵਾਰੀ, ਵਿਚਕਾਰਲੇ ਸੰਤ ਸਤਪਾਲ ਸਿੰਘ ਅਤੇ ਸਭ ਤੋਂ ਛੋਟੇ ਪੰਡਿਤ ਹਰਭਜਨ ਸਿੰਘ ਜੀ ਜੋ ਕਿ ਪੰਡਿਤ ਯਾਦਵਿੰਦਰ ਸਿੰਘ ਜੀ ਦੇ ਪਿਤਾ ਜੀ ਹਨ। ਸੰਤ ਭਗਤ ਸਿੰਘ ਜੀ ਦੀਆਂ ਤਿੰਨ ਪੁੱਤਰੀਆਂ ਸਨ। ਸੰਤ ਭਗਤ ਸਿੰਘ ਜੀ ਦਾ ਜਨਮ 1890 ਈ. ਅਤੇ ਚਲਾਣਾ 1979 ਈ. ਵਿੱਚ ਪੰਡਿਤ ਜਗਤ ਸਿੰਘ ਜੀ ਦੇ ਚਲਾਣੇ ਤੋਂ ਛੇ ਮਹੀਨੇ ਬਾਅਦ ਹੋਇਆ ਸੀ। ਉਹਨਾਂ ਦੀ ਧਰਮ ਪਤਨੀ ਬੀਬੀ ਬਲਵੰਤ ਕੌਰ ਸੀ। ਉਹਨਾਂ ਦੀ ਪੁੱਤਰੀ ਦਲੀਪ ਕੌਰ ਬੰਗਕੌਕ, ਸਿਆਮ ਦੇਸ਼ ਵਿੱਚ ਸੀ ਜੋ ਗੁਜ਼ਰ ਚੁੱਕੀ ਹੈ। ਬੀਬੀ ਇੰਦਰ ਕੌਰ ਵਿਆਹੇ ਕਾਨਪੁਰ ਸਨ, ਹੁਣ ਜੀਵਤ ਨਹੀਂ। ਉਹਨਾਂ ਦਾ ਪਰਵਾਰ ਝੱਲਾਂ ਵਿੱਚ ਹੀ ਹੈ। ਛੋਟੀ ਬੀਬੀ ਸੁਰਿੰਦਰ ਕੌਰ ਯਮੁਨਾ ਨਗਰ ਹੁੰਦੇ ਹਨ। ਸੰਤਾਂ ਦੇ ਲੜਕਿਆਂ ਇਕਬਾਲ ਸਿੰਘ ਤੇ ਸਤਪਾਲ ਸਿੰਘ ਹੋਰਾਂ ਨੂੰ ਪਾਕਿਸਤਾਨ ਦੀ ਪੂਰੀ ਸੰਭਾਲ ਸੀ। ਪਰ ਪੰਡਿਤ ਹਰਭਜਨ ਸਿੰਘ ਜਿਹਨਾਂ ਦਾ ਜਨਮ 1944 ਈ. ਦਾ ਹੈ ਉਹਨਾਂ ਨੂੰ ਸੰਭਾਲ ਨਹੀਂ। ਇਕਬਾਲ ਸਿੰਘ ਜੀ ਗੁਜ਼ਰ ਚੁੱਕੇ ਹਨ। ਉਹਨਾਂ ਦਾ

ਪੁੱਤਰ ਵੀ ਚੱਲ ਵੱਸਿਆ ਅੱਗੋਂ ਤਿੰਨ ਪੋਤਰੇ ਅਤੇ ਤਿੰਨ ਪੋਤਰੀਆਂ ਹਨ। ਉਹਨਾਂ ਦੀਆਂ ਦੋ ਪੋਤਰੀਆਂ ਪੰਡਿਤ ਗੋਪਾਲ ਸਿੰਘ ਜੀ ਦੇ ਸਪੁੱਤਰਾਂ ਜਗਮੋਹਨ ਸਿੰਘ ਤੇ ਸਰਬਜੀਤ ਸਿੰਘ ਨਾਲ ਵਿਆਹੀਆਂ ਗਈਆਂ।

ਜਿਸ ਮਸੀਤ ਵਿੱਚ ਮੁਸਲਮਾਨ ਭਾਈਚਾਰਾ ਨਮਾਜ ਪੜ੍ਹਦਾ ਸੀ, ਪੰਡਿਤ ਜਗਤ ਸਿੰਘ ਜੀ ਉਸੇ ਵਿੱਚ ਕਥਾ ਕਰਿਆ ਕਰਦੇ ਅਤੇ ਵਿੱਦਿਆ ਦਾਨ ਦਿੰਦੇ ਸਨ। ਗ੍ਰੰਥਾਂ ਦੀਆਂ ਅਲਮਾਰੀਆਂ ਵੀ ਮਸੀਤ ਵਿੱਚ ਸਨ। ਜਿੱਥੇ ਬਾਅਦ ਵਿੱਚ ਸੰਤ ਜੀ ਦਾ ਸਸਕਾਰ ਹੋਇਆ, ਉਸ ਬੋਹੜ ਥੱਲੇ ਬੈਠੇ ਸਨ। ਕਿਸੇ ਨੇ ਆ ਕੇ ਕਿਹਾ ਕਿ ਮਸੀਤ ਵਿੱਚ ਅੱਗ ਲੱਗ ਗਈ ਹੈ। ਆਪ ਨੇ ਕਿਹਾ- "ਸਭ ਰਜ਼ਾ ਵਿੱਚ ਹੀ ਹੈ।" ਆਉਣ ਵਾਲੇ ਸਿੰਘ ਨੇ ਕਿਹਾ- "ਸੰਤ ਜੀ ਗੁਰਬਾਣੀ ਦੀਆਂ ਪੋਥੀਆਂ ਅਤੇ ਬੀੜਾਂ ਜੇ ਸੜ ਗਈਆਂ, ਸਿੱਖ ਭਾਈਚਾਰਾ ਨਰਾਜ਼ ਹੋਏਗਾ।" ਕਹਿੰਦੇ- "ਆਪਾਂ ਨਹੀਂ ਸੜਨ ਦਿੰਦੇ।" ਅਲਮਾਰੀਆਂ ਸੜ ਗਈਆਂ ਪੋਥੀਆਂ ਤੇ ਬੀੜਾਂ ਨੂੰ ਆਂਚ ਨਾ ਆਈ।

ਸੰਤ ਭਗਤ ਸਿੰਘ ਜੀ ਦਾ ਪਰਿਵਾਰ ਸੰਤਾਂ ਦੀਆਂ ਭੋਜਨ ਅਤੇ ਦੁਨਿਆਵੀ ਜ਼ਰੂਰਤਾਂ ਪੂਰੀਆਂ ਕਰਦਾ ਸੀ ਮਸੀਤ ਵਿੱਚ ਜਾ ਕੇ ਹੀ। ਹੋਰ ਨਗਰ ਨਿਵਾਸੀ ਵੀ ਬਹੁਤ ਸੇਵਾ ਕਰਦੇ ਸਨ। ਸੰਤਾਂ ਦੇ ਜਿਊਂਦਿਆਂ ਪਿੰਡ ਵਿੱਚ ਕੋਈ ਧਰਮ ਅਸਥਾਨ ਨਹੀਂ ਬਣਿਆ ਸੀ। ਇਹ ਸਭ ਕਾਰਜ ਮਸੀਤ ਵਿੱਚ ਕਰਦੇ ਸਨ। ਇਕ ਵੇਰ ਅਕਾਲੀ ਸਿੰਘਾਂ ਨੇ ਗੁਰਦੁਆਰਾ ਬਣਾਉਣ ਲਈ ਉਗਰਾਹੀ ਕੀਤੀ। ਸੰਤ ਜੀ ਨੂੰ ਨੀਂਹ ਦੀ ਇੱਟ ਰੱਖਣ ਲਈ ਕਿਹਾ। ਆਪ ਨੇ ਕਿਹਾ- ਜੋ ਮਰਜ਼ੀ ਬਣਾ ਲਉ, ਪਰ ਮੈਂ ਇੱਥੇ ਨਹੀਂ ਆਉਣਾ। ਕੰਮ ਰੁਕ ਗਿਆ। ਜਿਤਨੇ ਕਿਸੇ ਦੇ ਪੈਸੇ ਸੀ ਉਤਨੀਆਂ ਇੱਟਾਂ ਵੰਡ ਕੇ ਲੈ ਗਏ। ਸੰਤ ਜੀ ਦੇ ਅਕਾਲ ਚਲਾਣੇ ਬਾਅਦ ਹੀ ਪਿੰਡ ਵਿੱਚ "ਨਾਮਧਾਰੀ ਗੁਰਦੁਆਰਾ", "ਸਿੰਘ ਸਭਾ ਗੁਰਦੁਆਰਾ" ਅਤੇ "ਮੰਦਰ" ਬਣੇ। ਐਸੀ ਸੁਲਾਹਕੁਲ ਸ਼ਖਸੀਅਤ ਆਪ ਦੀ ਸੀ।

ਨਾਮਧਾਰੀ ਜੀਵਨ ਆਦਰਸ਼ ਅਤੇ ਸਿਧਾਂਤਾਂ ਤੇ ਆਧਾਰਿਤ "ਨਾਮਧਾਰੀ ਗੁਰਮਤ ਦਰਪਨ" ਨਾਮ ਦੀ ਇਕ ਪੁਸਤਕ ਆਪ ਜੀ ਨੇ ਰਚੀ ਜੋ 2 ਸਾਵਣ 2009 ਸੰਬਤ ਬਿਕਰਮੀ ਮੁਤਾਬਿਕ 1952 ਈ. ਵਿੱਚ ਨਵਯੁੱਗ ਪ੍ਰੈਸ, ਚਾਂਦਨੀ ਚੌਂਕ, ਦਿੱਲੀ ਵਿੱਚੋਂ ਛਪਵਾਈ। ਵੱਡਾ ਲੜਕਾ ਇਕਬਾਲ ਸਿੰਘ ਕਹਿਣ ਲੱਗਾ ਕਿ ਬਾਪੂ ਜੀ ਇਸ ਦਾ ਕਿੰਨਾ ਮੁੱਲ ਰੱਖੀਏ ਤਾਂ ਆਪ ਦਾ ਜੁਆਬ ਸੀ ਕਿ ਮੁੱਲ ਕੋਈ ਨਹੀਂ ਵੱਟਣਾ, ਸੇਵਾ ਲਈ ਲਿਖੀ ਹੈ, ਇਸੇ ਤਰ੍ਹਾਂ ਸੰਗਤ ਨੂੰ ਵੰਡ ਦਿਉ। ਬਾਰ ਬਾਰ ਕਹਿਣ ਤੇ ਲਾਗਤ ਮੁੱਲ ਰੱਖਣ

ਲਈ ਵੀ ਤਿਆਰ ਨਾ ਹੋਏ। ਕਿਹਾ ਕਰਦੇ ਸਨ ਕਿ ਗਿਆਨ ਵੇਚਣ ਵਾਸਤੇ ਨਹੀਂ ਹੁੰਦਾ। ਸੋ ਇਵੇਂ ਹੀ ਹੋਇਆ। ਇਕ ਦੂਸਰੀ ਕਿਤਾਬ ਬਾਅਦ ਵਿੱਚ ਲਿਖਣੀ ਸ਼ੁਰੂ ਕੀਤੀ। ਪਰ ਅੱਧੀ ਹੀ ਲਿਖੀ ਸੀ ਤੇ ਆਪ ਦਾ ਸਮਾਂ ਪੂਰਾ ਹੋ ਗਿਆ।

ਉਮਰ ਦੇ ਆਖਰੀ ਹਿੱਸੇ ਨੂੰ ਅਨੰਦ ਪੂਰਵਕ ਬਿਤਾ ਰਹੇ ਸਨ। ਸਰੀਰਕ ਤਕਲੀਫਾਂ ਹੁੰਦੀਆਂ ਸਨ ਪਰ ਉਹਨਾਂ ਨੂੰ ਜਰ ਕੇ ਉਹਨਾਂ ਦੇ ਨਾਲ ਰਹਿਣਾ ਸਿੱਖ ਲਿਆ ਸੀ। ਕਿਸੇ ਪ੍ਰਾਣੀ ਮਾਤਰ ਨੂੰ ਤਕਲੀਫ ਦੇ ਕੇ ਖੁਸ਼ ਨਹੀਂ ਸਨ। ਨਾ ਕਦੇ ਬੈਲ ਗੱਡੀ ਤੇ ਜਾਂ ਹੱਥ ਰਿਕਸ਼ਾ ਦੀ ਸੁਆਰੀ ਕਰਦੇ। ਕਹਿੰਦੇ ਸਨ ਕਿ ਇਹਨਾਂ ਵਿੱਚ ਵੀ ਜਾਨ ਹੈ, ਇਹਨਾਂ ਨੂੰ ਵੀ ਤਕਲੀਫ ਹੁੰਦੀ ਹੋਏਗੀ।

ਅਖੀਰਲੇ ਤਿੰਨ ਕੁ ਸਾਲ 1975-76 ਈ. ਤੋਂ ਸਰੀਰ ਜ਼ਿਆਦਾ ਬਿਰਧ ਹੋਣ ਕਾਰਨ ਮਸੀਤ ਤੋਂ ਘਰ ਲੈ ਆਂਦਾ। ਹਮੇਸ਼ਾਂ ਦੇ ਬਣੇ ਸੁਭਾਉ ਕਾਰਨ ਜਿਸਨੇ ਪ੍ਰੇਮ ਪੂਰਵਕ ਜੋ ਦੇਣਾ ਛਕ ਲੈਣਾ। ਇੱਕ ਵੇਰ ਸੰਤ ਹਰਭਜਨ ਸਿੰਘ ਜੀ ਕਹਿਣ ਲੱਗੇ ਕਿ ਬਾਪੂ ਜੀ ਤੁਸੀਂ ਹੁਣੇ ਦੁੱਧ ਛਕਿਆ ਸੀ ਤੇ ਹੁਣ ਸ਼ਿਕੰਜਵੀ ਪੀਣ ਲੱਗ ਪਏ ਹੋ। ਆਪ ਜੀ ਤੇ ਵਿਦਵਾਨ ਹੋ, ਇਉਂ ਨਾ ਕਰਨ ਦਾ ਤੇ ਅਨਪੜ੍ਹਾਂ ਨੂੰ ਵੀ ਪਤਾ ਹੈ। ਤਾਂ ਆਪ ਜੀ ਦਾ ਜੁਆਬ ਸੀ ਸੰਗਤ ਜਿਸ ਪ੍ਰੇਮ ਭਾਵਨਾ ਨਾਲ ਜੋ ਵਸਤ ਲੈ ਕੇ ਆਉਂਦੀ ਹੈ ਜੇ ਮੈਂ ਨਾ ਛਕਾਂ ਤਾਂ ਉਹਨਾਂ ਦੀ ਭਾਵਨਾ ਨੂੰ ਠੇਸ ਲੱਗੇਗੀ। ਆਪਣੀ ਸਰੀਰਕ ਸਮੱਸਿਆ ਨੂੰ ਦੂਜਿਆਂ ਦੀ ਭਾਵਨਾ ਤੋਂ ਹੇਠਾਂ ਰੱਖਦੇ ਸਨ।

ਆਪ ਮਾਨਵਤਾ ਦੇ ਪ੍ਰੇਮ ਅਤੇ ਦਇਆ ਭਾਵ ਨਾਲ ਨੱਕੋ ਨੱਕ ਭਰੇ ਹੋਏ ਸਨ। ਪਿਛਲੀ ਅਵਸਥਾ ਵਿੱਚ ਸ਼ੱਕਰ ਰੋਗ (ਸ਼ੂਗਰ) ਤੋਂ ਪੀੜਿਤ ਸਨ। ਜਿਸ ਕਰਕੇ ਪੈਰਾਂ ਵਿੱਚ ਤਕਲੀਫ ਰਹਿੰਦੀ ਸੀ। ਇਕ ਦਿਨ ਜੇਠ ਹਾੜ ਦੇ ਦਿਨ ਮਸੀਤ ਵਿੱਚ ਬੈਠੇ ਸਨ। ਸੰਤ ਹਰਭਜਨ ਸਿੰਘ ਇਸ਼ਨਾਨ ਕਰਵਾ ਕੇ ਨਵੇਂ ਬਸਤਰ ਪਹਿਰਾ ਗਏ ਸਨ। ਸੰਤ ਇਕੱਲੇ ਹੀ ਸਨ। ਇਕ ਭਾਟੜਾ ਮੰਗਣ ਵਾਲਾ ਆ ਗਿਆ। ਉਸ ਕਿਹਾ, ਪੱਗ ਬੜੀ ਨਵੀਂ ਬੱਧੀ ਜੇ, ਪੱਗ ਤੇ ਮੈਨੂੰ ਵੀ ਚਾਹੀਦੀ ਹੈ। ਸੰਤ ਜੀ ਨੇ ਦਸਤਾਰ ਨਵੀਂ ਲਾਹ ਕੇ ਉਹਨੂੰ ਦੇ ਦਿੱਤੀ ਤੇ ਆਪ ਸਿਰ ਤੇ ਪਰਨਾ ਬੰਨ੍ਹ ਲਿਆ। ਫਿਰ ਉਹ ਕਹਿੰਦਾ ਕਿ ਮੈਂ ਪਰਸ਼ਾਦਾ ਵੀ ਛਕਣਾ ਹੈ। ਦੁਪਹਿਰ ਦਾ ਸਮਾਂ। ਕੋਲ ਕੋਈ ਨਾ। ਪੈਰ ਵੀ ਠੀਕ ਨਾ। ਪਰ ਸੰਤ ਜੀ ਉਠ ਕੇ ਮਸੀਤ ਦੇ ਲਾਗਲੇ ਘਰਾਂ ਵਿੱਚੋਂ ਪਰਸ਼ਾਦੇ ਤਾਂ ਉਸ ਲਈ ਲੈ ਆਏ। ਪਰ ਜਦੋਂ ਵਾਪਸ ਆਏ ਤਾਂ ਪੈਰ ਦਾ ਹੇਠਲਾ ਮਾਸ ਧੁੱਪ ਨਾਲ ਸੜ ਕੇ ਲਮਕਦਾ ਫਿਰੇ। ਭਾਟੜਾ ਇਹ ਹਾਲਤ ਵੇਖਕੇ

ਭੱਜ ਤੁਰਿਆ। ਸੰਤ ਜੀ ਨੇ ਕਿਹਾ, "ਗੁਰਮੁਖਾ, ਪਰਸ਼ਾਦਾ ਤੇ ਲੈ ਜਾ।" ਪਰ ਉਹ ਪਰਸ਼ਾਦਾ ਲੈ ਕੇ ਫਿਰ ਨੱਸ ਗਿਆ। ਸੰਤ ਚੁੱਪ ਚਾਪ ਮੰਜੇ ਤੇ ਬੈਠ ਗਏ। ਸ਼ਾਮ ਨੂੰ ਜਦੋਂ ਜਾ ਕੇ ਵੇਖਿਆ ਤਾਂ ਕੱਪੜੇ, ਮੰਜਾ, ਬਿਸਤਰਾ ਖ਼ੂਨ ਨਾਲ ਭਰੇ ਸਨ। ਸਤਪਾਲ ਸਿੰਘ ਹਰਭਜਨ ਸਿੰਘ ਹੋਰਾਂ ਦੇ ਪੁੱਛਣ ਤੇ ਹੋਈ ਬੀਤੀ ਦੱਸੀ। ਉਹਨਾਂ ਕੱਪੜੇ ਬਿਸਤਰਾ ਬਦਲਿਆ। ਚਰਨ ਸਾਫ ਕੀਤੇ। ਸਾਰਾ ਮਾਸ ਲਹਿ ਗਿਆ। ਪਿੰਡ ਦਾ ਇਕ ਸਿਆਣਾ ਮੁਸਲਮਾਨ ਸੀ, ਉਹ ਕੁਝ ਦਿਨ ਪੱਟੀ ਕਰਦਾ ਰਿਹਾ, ਪਰ ਕੋਈ ਫ਼ਰਕ ਨਾ ਪਿਆ। ਸੰਤਾਂ ਨੂੰ ਬੜਾ ਮਜ਼ਬੂਰ ਕਰਨ ਤੇ ਮੰਜਾ ਗੱਡੇ ਤੇ ਰੱਖ ਕੇ ਅਮਰਗੜ੍ਹ ਦੇ ਹਸਪਤਾਲ ਪੁੱਜੇ ਤੇ ਠੀਕ ਹੋਏ।

ਇੱਕ ਵੇਰ ਸੰਤ ਜੀ ਨੂੰ ਲੱਕ ਤੇ ਬੜਾ ਵੱਡਾ ਗੱਦੋਂ ਫੋੜਾ ਹੋ ਗਿਆ। ਇਸ ਬਾਰੇ ਆਮ ਧਾਰਨਾ ਹੈ ਕਿ ਇਹ ਫੋੜਾ ਜਾਂ ਕਿਸੇ ਚੱਕਰਵਰਤੀ ਰਾਜੇ ਜਾਂ ਬ੍ਰਹਮ ਗਿਆਨੀ ਸਾਧ ਨੂੰ ਹੀ ਹੁੰਦਾ ਹੈ। ਭਾਵ ਉਹ ਦੋਵੇਂ ਹੀ ਇਸ ਦੀ ਤਕਲੀਫ ਕੱਟ ਸਕਦੇ ਹਨ। ਸਮਰਾਟ ਪਾਸ ਸਾਧਨਾਂ ਦੀ ਕਮੀ ਨਹੀਂ ਹੁੰਦੀ ਅਤੇ ਬ੍ਰਹਮ ਗਿਆਨੀ ਸੁਖ ਦੁਖ ਨੂੰ ਸਮ ਕਰਕੇ ਜਾਣਦਾ ਹੈ। ਫੋੜਾ ਹੋਣ ਤੇ ਪਹਿਲਾਂ ਸੰਤ ਜੀ ਨੂੰ ਅਮਰਗੜ੍ਹ ਦੇ ਹਸਪਤਾਲ ਵਿੱਚ ਲਿਜਾਇਆ ਗਿਆ। ਪਰ ਉੱਥੋਂ ਦੇ ਡਾਕਟਰਾਂ ਨੇ ਰਜਿੰਦਰਾ ਹਸਪਤਾਲ ਪਟਿਆਲੇ ਭੇਜ ਦਿੱਤਾ। ਉੱਥੇ ਸਰਕਾਰੀ ਵਿਭਾਗ ਦਾ ਮੁਖੀ ਡਾ. ਮਨਚੰਦਾ ਸੀ। ਉਹਨੇ ਕਿਹਾ ਕਿ ਬਹੁਤ ਬਿਰਧ ਨੇ, ਬੇਹੋਸ਼ ਕੀਤੇ ਨਹੀਂ ਜਾ ਸਕਦੇ, ਅਪਰੇਸ਼ਨ ਕਿਵੇਂ ਹੋਵੇਗਾ? ਸੰਤ ਜੀ ਨੇ ਕਿਹਾ ਕਿ ਅਸੀਂ ਚੌਂਕੜਾ ਮਾਰ ਕੇ ਬੈਠ ਜਾਵਾਂਗੇ, ਤੁਸੀਂ ਅਪਰੇਸ਼ਨ ਕਰਨ ਤੋਂ ਕੁਝ ਮਿੰਟ ਪਹਿਲਾਂ ਦੱਸ ਦੇਣਾ। ਡਾ. ਮਨਚੰਦਾ ਆਪ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਕਿਹਾ ਕਿ ਮੈਂ ਜਦੋਂ ਤੁਹਾਡੇ ਕਮਰੇ ਵਿੱਚ ਆਉਂਦਾ ਹਾਂ ਤਾਂ ਮੈਨੂੰ ਬਹੁਤ ਮਾਨਸਿਕ ਸਕੂਨ, ਸ਼ਾਂਤੀ ਹਾਸਲ ਹੁੰਦੀ ਹੈ। ਸੋ ਉਹ ਆਪ ਦੇ ਕਹਿਣ ਮੁਤਾਬਿਕ ਬਿਨਾਂ ਬੇਹੋਸ਼ ਕੀਤਿਆਂ ਅਪਰੇਸ਼ਨ ਕਰਨ ਲਈ ਤਿਆਰ ਹੋ ਗਿਆ। ਸੰਤ ਚੌਂਕੜਾ ਮਾਰ ਕੇ ਬੈਠ ਗਏ। ਅਪਰੇਸ਼ਨ ਹੁੰਦਾ ਰਿਹਾ। ਆਪ ਨੇ ਉਫ਼, ਸੀਅ ਤੱਕ ਨਾ ਕੀਤੀ। ਡਾਕਟਰ ਕਹਿੰਦਾ ਕਿ ਹੈਰਾਨੀ ਦੀ ਗੱਲ ਇਹ ਵੀ ਹੈ ਕਿ ਜਿਹੋ ਜਿਹੀ ਦੁਰਗੰਧ ਇਹਨਾਂ ਫੋੜਿਆਂ ਵਿੱਚੋਂ ਆਉਂਦੀ ਹੈ, ਉਹਦੀ ਬਜਾਏ ਇਸ ਵਿੱਚੋਂ ਤਾਂ ਸੁਗੰਧੀ ਆ ਰਹੀ ਹੈ। ਜਾਂ ਸੰਤਾਂ ਦਾ ਸਿਰੜ ਵੇਖ ਕੇ ਡਾਕਟਰ ਸਾਹਿਬ ਦੀ ਮਾਨਸਿਕ ਅਵਸਥਾ ਵੀ ਬਲਵਾਨ ਹੋ ਗਈ।

ਡਾਕਟਰ ਮਨਚੰਦਾ ਨੇ ਕੋਈ ਸੇਵਾ ਪੁੱਛੀ। ਆਪ ਨੇ ਕਿਹਾ ਬੱਸ ਇੱਕੋ ਸੇਵਾ, ਸਾਡੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਦਾ ਪ੍ਰਬੰਧ ਕਰ ਦਿਉ। ਡਾਕਟਰ

ਨੇ ਇਕੱਲਿਆਂ ਨੂੰ ਇੱਕ ਕਮਰਾ ਦੇ ਕੇ ਇੱਕ ਕੋਨੇ ਵਿੱਚ ਇਸ਼ਨਾਨ ਦਾ ਪ੍ਰਬੰਧ ਕਰ ਦਿੱਤਾ। ਪੂਰਾ ਇੱਕ ਮਹੀਨਾ ਆਪ ਹਸਪਤਾਲ ਵਿੱਚ ਰਹੇ, ਠੀਕ ਹੋ ਕੇ ਵਾਪਸ ਆ ਗਏ। ਹੁਣ ਆਪ ਜੀ ਤਿੰਨਾਂ ਵਿੱਚੋਂ ਛੋਟੇ ਭਤੀਜੇ ਹਰਭਜਨ ਸਿੰਘ ਜੀ ਪਾਸ ਰਹਿਣ ਲੱਗ ਪਏ। ਸੇਵਾ ਤੇ ਸਾਰਾ ਪਰਿਵਾਰ ਹੀ ਤਨੋਂ ਮਨੋਂ ਕਰ ਰਿਹਾ ਸੀ ਪਰ ਹਰਭਜਨ ਸਿੰਘ ਜੀ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਨੇ ਬਹੁਤ ਸ਼ਰਧਾ ਭਾਵ ਨਾਲ ਆਪ ਦੀ ਸੇਵਾ ਕੀਤੀ। ਇਹ ਬੀਬੀ ਜੀ ਦੱਸਦੇ ਸਨ ਕਿ ਸਾਰਾ ਦਿਨ ਮੰਜੇ ਤੇ ਬੈਠਿਆਂ ਭਜਨ ਕਰਦੇ ਰਹਿਣਾ, ਜੋ ਦੇਣਾ ਛਕ ਲੈਣਾ, ਕਦੇ ਵੀ ਕੁਝ ਮੰਗਣ ਦਾ ਸੁਭਾਅ ਮੁੱਢੋਂ ਹੀ ਨਹੀਂ ਸੀ। ਜੇ ਕਿਸੇ ਗੁਰਬਾਣੀ ਦੇ ਕਿਸੇ ਸ਼ਬਦ, ਤੁਕ ਬਾਰੇ ਪੁੱਛਣਾ, ਅਰਥਾਂ ਸਹਿਤ ਸਮਝਾ ਦੇਣਾ। ਤਕਰੀਬਨ ਸਾਰਾ ਆਦਿ ਗੁਰੂ ਗਰੰਥ ਸਾਹਿਬ ਜ਼ੁਬਾਨੀ ਕੰਠ ਸੀ। ਸਰੀਰਕ ਕਸ਼ਟਾਂ ਬਾਰੇ ਕਹਿਣਾ ਕਿ ਇਹ ਤਾਂ ਲੱਗੇ ਹੀ ਰਹਿੰਦੇ ਹਨ।

ਇੱਕ ਵੇਰ ਸਿਆਲਕੋਟ ਜ਼ਿਲ੍ਹੇ ਵਿੱਚੋਂ ਗੱਡਿਆਂ ਤੇ ਚੜ੍ਹ ਕੇ ਸੰਗਤ ਪੜਾਉ ਪੜਾਈ ਸਫਰ ਕਰਕੇ ਸ੍ਰੀ ਭੈਣੀ ਸਾਹਿਬ, ਸਤਿਗੁਰੂ ਜੀ ਦੇ ਦਰਸ਼ਨ ਕਰਨ ਪੁੱਜੀ। ਸਤਿਗੁਰੂ ਜੀ ਸੰਗਤ ਦੇ ਰਸਤੇ ਦੇ ਕਸ਼ਟਾਂ ਬਾਰੇ ਸੁਣ ਕੇ ਬੜੇ ਦ੍ਰਵਿਤ ਹੋਏ। ਹੁਕਮ ਕੀਤਾ ਕਿ ਇਤਨੀ ਤਕਲੀਫ ਝੱਲਣ ਦੀ ਕੀ ਲੋੜ ਸੀ, ਖੰਡੂ ਵਾਲੀ ਜਾ ਕੇ ਸੰਤ ਜਗਤ ਸਿੰਘ ਜੀ ਦੇ ਦਰਸ਼ਨ ਹੀ ਕਰ ਲੈਣੇ ਸਨ। ਇੱਕ ਵੇਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫੁਰਮਾਇਆ ਕਿ ਨਾਮਧਾਰੀ ਪੰਥ ਵਿੱਚ ਵੱਡੇ ਸਾਧੂ ਤਿੰਨ ਕੇਸਰ ਸਿੰਘ ਹੋਏ ਹਨ। ਚਵਿੰਡਾ, ਮੁਹਾਵਾ ਤੇ ਸੇਖਵਾਂ ਵਾਲੇ। ਉਹਨਾਂ ਤੇ ਤਾਂ ਲੋਕਾਂ ਵੱਲੋਂ ਝੂਠੇ ਸੱਚੇ ਇਲਜ਼ਾਮ ਲੱਗੇ ਹਨ ਪਰ ਪੰਡਿਤ ਜਗਤ ਸਿੰਘ ਜੀ ਤੇ ਤਾਂ ਅੱਜ ਤੱਕ ਝੂਠਾ ਇਲਜ਼ਾਮ ਵੀ ਨਹੀਂ ਲੱਗਾ। ਇਕ ਵੇਰ ਪੰਡਿਤ ਜੀ ਸ੍ਰੀ ਭੈਣੀ ਸਾਹਿਬ ਬੜੀ ਵੈਰਾਗਮਈ ਕਥਾ ਕਰ ਰਹੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਪੰਡਿਤ ਜੀ ਨੂੰ ਸੰਬੋਧਨ ਹੋਏ, "ਇਤਨੇ ਵੈਰਾਗੀ, ਤਿਆਗੀ ਬਣਾ ਰਹੇ ਹੋ, ਤੁਸੀਂ ਤਾਂ ਬਿਹੰਗਮ ਹੋ, ਕੋਈ ਸਾਡੇ ਕੰਮ ਦੇ ਵੀ ਰਹਿਣ ਦੇਣਾ।"

ਜਦੋਂ ਨਾਭੇ ਵਾਲੇ ਬੀੜ ਮਰਾਰੜੂ ਦੀ ਭੂਮੀ ਜੋ 52 ਮੁਰੱਬੇ ਸੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬੇਜ਼ਮੀਨੇ ਨਾਮਧਾਰੀ ਪਰਿਵਾਰਾਂ ਵਿੱਚ ਵੰਡ ਰਹੇ ਸਨ ਤਾਂ ਆਪ ਨੇ ਸੁਰੈਣ ਸਿੰਘ ਚੱਕਰਾਂ ਵਾਲੇ ਨਿਰੰਗ ਸਿੰਘ ਨੂੰ ਪੰਡਿਤ ਜਗਤ ਸਿੰਘ ਜੀ ਪਾਸ ਭੇਜਿਆ ਕਿ ਦੱਸੋ ਆਪ ਨੂੰ ਕਿਤਨੀ ਜ਼ਮੀਨ ਚਾਹੀਦੀ ਹੈ। ਆਪ ਜੀ ਨੇ ਨਿਮਰਤਾ ਸਹਿਤ ਕਿਹਾ ਕਿ ਕੋਈ ਭੂਮੀ ਨਹੀਂ ਚਾਹੀਦੀ। ਦੁਬਾਰਾ ਫਿਰ ਉਹਨੂੰ ਭੇਜਿਆ। ਪੰਡਿਤ ਜੀ ਦਾ ਇਹੋ ਜੁਆਬ। ਤੀਜੀ ਵੇਰ ਸੁਰੈਣ ਸਿੰਘ ਨੂੰ ਕਿਹਾ ਕਿ ਐਤਕੀਂ ਉਹਨਾਂ ਤੋਂ ਲਿਖਾ ਕੇ ਲਿਆਉ। ਉਸ ਕਿਹਾ

ਸਤਿਗੁਰੂ ਜੀ ਨੇ ਮੈਨੂੰ ਤੀਜੀ ਵੇਰ ਭੂਮੀ ਲੈਣ ਲਈ ਆਪ ਪਾਸ ਭੇਜਿਆ ਹੈ। ਨਾਂਹ ਕਰਨ ਤੇ ਕਿਹਾ ਲਿਖ ਦਿਉ। ਜੁਆਬ ਲਿਖਿਆ-ਗੁਰੂ ਘਰ ਤੋਂ ਲੈਣਾ ਨਹੀਂ ਸਗੋਂ ਦੇਣਾ ਬਣਦਾ ਹੈ। ਮੈਨੂੰ ਜ਼ਮੀਨ ਨਹੀਂ ਚਾਹੀਦੀ। ਅੱਗੇ ਦਸਤਖਤ ਕੀਤੇ-ਜਗਤ ਸਿੰਘ। ਗੁਰਬਾਣੀ ਪਾਠ ਬਾਰੇ ਕਿਸੇ ਪਾਠੀ ਦੇ ਸ਼ੰਕਾ ਕਰਨ ਤੇ ਸਤਿਗੁਰੂ ਜੀ ਕਿਹਾ ਕਰਦੇ ਸਨ ਜੋ ਪੰਡਿਤ ਜੀ ਦੱਸਣ ਉਹੋ ਠੀਕ ਹੋਏਗਾ।

ਕਈ ਲੋੜਵੰਦਾਂ ਦੇ ਘਰ ਸੰਤ ਜੀ ਗੁਰਬਾਣੀ ਦੇ ਪਾਠ ਕਰਨ ਜਾਇਆ ਕਰਦੇ ਸਨ। ਇੱਕ ਝੂੰਦਾ ਪਿੰਡ ਦੇ ਭਗਤ ਸਿੰਘ ਜਮਾਦਾਰ ਨਾਲ ਆਪ ਦਾ ਬੜਾ ਪਿਆਰ ਸੀ। ਇਕ ਵੇਰ ਉਸਦੇ ਘਰ ਪਾਠ ਰੱਖਿਆ। ਭੋਗ ਵਾਲੇ ਦਿਨ ਭਗਤ ਸਿੰਘ ਬਹੁਤ ਉਦਾਸ ਸੀ। ਕਾਰਨ ਪੁੱਛਣ ਤੇ ਕਹਿੰਦਾ- ਸੰਤ ਜੀ ਅੱਜ ਪਾਠ ਦਾ ਭੋਗ ਪੈਣਾ ਹੈ। ਪਰ ਤੁਹਾਡੀ ਭੇਟਾ ਜੋਗੀ ਮਾਇਆ ਨਹੀਂ ਬਣ ਰਹੀ। ਸੰਤ ਜੀ ਨੇ ਕਿਹਾ ਕੋਈ ਫਿਕਰ ਨਾ ਕਰ। ਸਾਨੂੰ ਪੂਜਾ ਵਜੋਂ ਇਕ ਭਰੀ ਚਰ੍ਹੀ ਦੀ ਦੇ ਛੱਡੀਂ। ਭੋਗ ਪੈਣ ਬਾਅਦ ਸੰਤ ਜੀ ਚਰ੍ਹੀ ਹਰਭਜਨ ਸਿੰਘ ਦੇ ਸਿਰ ਤੇ ਧਰ ਕੇ ਆ ਗਏ। ਰਸਤੇ ਵਿੱਚ ਗਾਈਆਂ ਮਿਲ ਗਈਆਂ। ਉਹਨਾਂ ਅੱਗੇ ਚਰ੍ਹੀ ਸੁਟਾ ਕੇ ਘਰ ਆ ਗਏ। ਸੰਤ ਜੀ ਦੇ ਦਰਸ਼ਨਾਂ ਮਾਤਰ ਨਾਲ ਹੀ ਕਈ ਪ੍ਰੇਮੀਆਂ ਦੇ ਦੁੱਖ ਦਲਿੱਦਰ ਦੂਰ ਹੋ ਜਾਂਦੇ ਸਨ।

ਸੰਤ ਜੀ ਦਾ ਇਤਨਾ ਸਾਦਾ ਜੀਵਨ ਸੀ ਕਿ ਦੋ ਹੀ ਬਸਤਰ ਰੱਖਦੇ ਸਨ, ਉਹਨਾਂ ਨੂੰ ਤੋਪੇ ਲਾਈ ਜਾਂਦੇ ਸਨ। ਇਕ ਪਹਿਰ ਕੇ ਦੂਜਾ ਧੋ ਧੁਆ ਲੈਣਾ। ਪੈਸਾ ਕਦੇ ਕੋਲ ਨਹੀਂ ਰਖਿਆ। ਜੋ ਕੋਲ ਹੁੰਦਾ ਅਕਸਰ ਵੰਡ ਦਿੰਦੇ ਜਾਂ ਭਤੀਜੇ ਸਤਪਾਲ ਸਿੰਘ, ਹਰਭਜਨ ਸਿੰਘ ਨੂੰ ਦੇ ਦੇਣਾ। ਜਦੋਂ ਮਸੀਤ ਵਿੱਚ ਰਹਿੰਦੇ ਸਨ ਕਦੇ ਚੁੱਲ੍ਹਾ ਨਹੀਂ ਸਨ ਬਾਲਣ ਦਿੰਦੇ। ਕਹਿਣਾ, ਗਜਾ ਕਰਕੇ ਲਿਆਉ। ਆਪ ਦੀਆਂ ਮਿਹਰਾਂ ਦੇ ਪਾਤਰ ਬਹੁਤ ਸਾਰੇ ਲੋਕ ਗੁਰੂ ਘਰ ਨਾਲ ਸਦਾ ਲਈ ਜੁੜ ਗਏ।

ਇਸ ਤਰ੍ਹਾਂ ਸੰਸਾਰੀ ਜੀਵਾਂ ਨੂੰ ਵਿਦਿਆ ਦਾਨ ਅਤੇ ਧਰਮ ਦੀਖਿਆ ਨਾਲ ਉਹਨਾਂ ਦਾ ਕਲਿਆਣ ਕਰਦਿਆਂ ਪੰਡਿਤ ਜਗਤ ਸਿੰਘ ਜੀ ਵੀਰਵਾਰ 11 ਫੱਗਣ, 22 ਫਰਵਰੀ 1979 ਨੂੰ ਝੱਲਾਂ ਵਿਖੇ ਹੀ ਰਾਤ ਸਾਢੇ ਦਸ ਗਿਆਰਾਂ ਵਜੇ ਦੇ ਕਰੀਬ ਪੰਜ ਭੌਤਿਕ ਦੇਹ ਦੀ ਲੀਲ੍ਹਾ ਸਮੇਟ ਗਏ। ਬੜੀ ਭਾਰੀ ਇਕੱਠ ਵਿੱਚ ਸ੍ਰੀ ਭੈਣੀ ਸਾਹਿਬੋਂ ਸਤਿਗੁਰੂ ਜੀ ਵੱਲੋਂ ਭੇਜੀ ਸੰਗਤ ਦੀ ਹਾਜਰੀ ਵਿੱਚ 23 ਫਰਵਰੀ ਨੂੰ ਸਸਕਾਰ ਹੋਇਆ। ਇਸ ਸਮੇਂ ਸਤਿਗੁਰੂ ਜੀ ਪੰਜਾਬ ਤੋਂ ਬਾਹਰ ਸਨ। ਉਹਨਾਂ ਦੇ ਆਉਣ ਤੇ 28 ਫਗਣ, 11

ਮਾਰਚ 1979 ਨੂੰ ਆਪ ਜੀ ਦਾ ਭੋਗ ਮੇਲਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਸੰਪੰਨ ਹੋਇਆ। ਪੰਡਿਤ ਗੋਪਾਲ ਸਿੰਘ ਜੀ ਨੇ ਦੀਵਾਨ ਸਜਾਇਆ ਸੀ।

ਭੋਗ ਸਮੇਂ ਸਤਿਗੁਰੂ ਜੀ ਨੇ ਸੰਗਤ ਅਤੇ ਪਰਿਵਾਰ ਤੋਂ ਸੰਤਾਂ ਦੀ ਜਗ੍ਹਾ ਤੇ ਦਸਤਾਰਬੰਦੀ ਕਿਵੇਂ ਕਰਨੀ ਹੈ ਬਾਰੇ ਪੁੱਛਿਆ ਤਾਂ ਹਰਭਜਨ ਸਿੰਘ ਹੋਰਾਂ ਦਾ ਨਾਮ ਆਇਆ। ਪੰਡਿਤ ਗੋਪਾਲ ਸਿੰਘ ਜੀ ਨੇ ਕਿਹਾ ਕਿ ਉਸ ਤੋਂ ਵੱਡੇ ਵੀ ਦੋ ਭਰਾ ਹਨ। ਇਕਬਾਲ ਸਿੰਘ, ਸਤਪਾਲ ਸਿੰਘ ਸੱਦਣ ਤੇ ਆਏ ਤਾਂ ਉਹਨਾਂ ਕਿਹਾ ਕਿ ਸੇਵਾ ਹਰਭਜਨ ਸਿੰਘ ਨੇ ਬਹੁਤ ਜ਼ਿਆਦਾ ਕੀਤੀ ਹੈ, ਇਸ ਲਈ ਇਹ ਹੱਕ ਉਸ ਦਾ ਹੈ। ਯਾਦ ਰਹੇ ਕਿ ਹਰਭਜਨ ਸਿੰਘ 1961 ਵਿੱਚ ਇਕ ਸਮੇਂ ਪੰਡਿਤ ਜਗਤ ਸਿੰਘ ਜੀ ਨਾਲ ਸ੍ਰੀ ਭੈਣੀ ਸਾਹਿਬ ਆਏ। ਆਪ ਨੇ ਖੁੱਲ੍ਹਿਆਂ ਵਾਲੀ ਪੱਗ ਬੰਨ੍ਹੀ ਸੀ। ਸਤਿਗੁਰੂ ਜੀ ਦੇ ਪੁੱਛਣ ਤੇ ਪੰਡਿਤ ਜੀ ਨੇ ਦੱਸਿਆ ਕਿ ਮੇਰਾ ਭਤੀਜਾ ਹੈ। ਅਗਲਾ ਸੁਆਲ ਸੀ ਹਜੂਰ ਦਾ ਕਿ ਪੰਡਿਤ ਜੀ ਤੋਂ ਕੁਝ ਸਿਖ ਪੜ੍ਹ ਰਿਹਾ ਹੈਂ? ਕਹਿੰਦਾ- "ਜੀ ਮੇਰੀ ਰੁਚੀ ਨਹੀਂ ਇਸ ਪ੍ਰਥਾਇ। ਇਹ ਕੰਮ ਬੜਾ ਔਖਾ ਹੈ।" ਸਤਿਗੁਰੂ ਜੀ ਨੇ ਫਿਰ ਕਿਹਾ-"ਜ਼ਰੂਰ ਪੜ੍ਹੋ ! ਤੁਹਾਡੇ ਕੰਮ ਆਏਗਾ।" ਹੁਣ ਜਦੋਂ ਉਹਨਾਂ ਦੀ ਪੰਡਿਤ ਜੀ ਦੀ ਜਗ੍ਹਾ ਤੇ ਦਸਤਾਰਬੰਦੀ ਸ੍ਰੀ ਹਜ਼ੂਰ ਦੇ ਕਰ ਕਮਲਾਂ ਨਾਲ ਹੋ ਗਈ ਤਾਂ ਆਪ ਨੇ ਗੱਲ੍ਹ ਤੇ ਪੋਲਾ ਜਿਹਾ ਹੱਥ ਮਾਰ ਕੇ ਕਿਹਾ- "ਤੈਨੂੰ ਕਿਹਾ ਸੀ ਨਾ ਗੁਣ ਲੈ ਲੈ ਤੇਰੇ ਕੰਮ ਆਵੇਗਾ।"

ਪੰਡਿਤ ਜੀ ਦੇ ਭੋਗ ਸਮੇਂ ਆਪਣੇ ਪਰਵਚਨ ਵਿੱਚ ਸਤਿਗੁਰੂ ਜੀ ਨੇ ਫੁਰਮਾਇਆ- "ਕਿਹਾ ਜਾਂਦਾ ਹੈ ਕਿ ਬੋਹੜ ਦੇ ਥਾਂ ਤੇ ਬੋਹੜ ਨਹੀਂ ਹੁੰਦਾ ਪਰ ਅੱਜ ਮੈਂ ਲਾ ਚੱਲਿਆ ਹਾਂ। ਜਿਹੜੇ ਕੰਮ ਤੇ ਜਿਹੜੇ ਥਾਂ ਸੰਤ ਜਗਤ ਸਿੰਘ ਨਹੀਂ ਗਏ ਉਹ ਕੰਮ ਸੰਤ ਹਰਭਜਨ ਸਿੰਘ ਕਰਨਗੇ ਤੇ ਉਹਨਾਂ ਥਾਂਵਾਂ ਤੇ ਜਾਣਗੇ।" ਫਿਰ ਆਪ ਜੀ ਨੇ ਹੁਕਮ ਕੀਤਾ ਮੈਂ ਆਵਾਂ, ਜਾਂ ਨਾ ਆਵਾਂ ਪਰ ਸੰਤਾਂ ਦਾ ਮੇਲਾ ਹਰ ਸਾਲ ਕਰਨਾ। ਜਦੋਂ ਸਤਿਗੁਰੂ ਜੀ ਨਾ ਆ ਸਕਦੇ ਤਾਂ ਮਾਤਾ ਚੰਦ ਕੌਰ ਜੀ ਦਰਸ਼ਨ ਦਿੰਦੇ। ਹੁਣ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਪੰਡਿਤ ਜੀ ਦੇ ਇਸ ਮੇਲੇ ਤੇ ਹਰ ਸਾਲ ਆ ਕੇ ਸੰਗਤਾਂ ਨੂੰ ਨਿਵਾਜਦੇ ਹਨ।

ਇਕ ਸੁੰਦਰ ਸਿੰਘ ਸਾਹੀ, ਜਿਸਦਾ ਮਸੀਤ ਦੇ ਨਾਲ ਹੀ ਘਰ ਸੀ, ਉਹਦੇ ਘਰੋਂ ਹੀ ਜ਼ਿਆਦਾਤਰ ਆਏ ਗਏ ਲਈ ਲੰਗਰ ਪਾਣੀ ਆਉਂਦਾ ਸੀ। ਇਕ ਵੇਰ ਉਸ ਅਰਜ਼ ਕੀਤੀ ਕਿ ਅੱਜ ਮੇਰੇ ਘਰੋਂ ਪਰਸ਼ਾਦਾ ਛਕੋ। ਆਪ ਨੇ ਜੁਆਬ ਦਿੱਤਾ ਕਿ ਸਾਥੋਂ ਤੁਰਿਆ ਨਹੀਂ ਜਾਂਦਾ। ਇਸ ਤੇ ਉਹਨੇ ਆਪ

ਜੀ ਨੂੰ ਮੋਢਿਆਂ ਤੇ ਚੁੱਕ ਲਿਆ ਤੇ ਘਰ ਲੈ ਗਿਆ। ਉਸ ਦੱਸਿਆ ਕਿ ਜਦੋਂ ਮੈਂ ਸੰਤਾਂ ਨੂੰ ਚੁੱਕਿਆ ਤਾਂ ਆਪ ਦੇ ਰੋਮ ਰੋਮ ਵਿੱਚੋਂ ਚੌਅੱਖਰੇ ਭਜਨ ਦੀ ਆਵਾਜ਼ ਆ ਰਹੀ ਸੀ। ਇਹ ਸੁੰਦਰ ਸਿੰਘ ਗੈਰ ਨਾਮਧਾਰੀ ਸੀ ਪਰ ਸੰਤਾਂ ਦਾ ਬਹੁਤ ਉਪਾਸ਼ਕ ਸੀ। ਪੰਡਿਤ ਜੀ ਦਾ ਕੱਦ ਸਵਾ ਛੇ ਫੁੱਟ ਸੀ। ਇਕ ਹੱਥ ਗੜਵਾ, ਇਕ ਹੱਥ ਖੂੰਡਾ ਰੱਖਦੇ। ਪਜਾਮਾ ਹੇਠੋਂ ਉਪਰ ਨੂੰ ਟੰਗੀ ਰਖਦੇ। ਆਪ ਜੀ ਦਾ ਗੋਤਰ ਦੇਵਗੁਣ (ਬ੍ਰਾਹਮਣ) ਸੀ।

ਅੰਬਾਲਾ ਨਿਵਾਸੀ ਇਕ ਸੰਪੂਰਨ ਸਿੰਘ ਗੈਰ ਨਾਮਧਾਰੀ ਸਿੱਖ ਸੀ ਜੋ ਅਕਸਰ ਆਪ ਜੀ ਦੇ ਦਰਸ਼ਨ ਕਰਨ ਆਉਂਦਾ। ਉਹ ਹਰ ਮਹੀਨੇ ਆਪਣੀ ਪੈਨਸ਼ਨ ਵਿੱਚੋਂ ਵੀਹ ਰੁਪੈ ਸੰਤ ਜੀ ਨੂੰ ਮਨੀ ਆਰਡਰ ਕਰਵਾਇਆ ਕਰਦਾ ਸੀ। ਉਹ ਕਵੀ ਸੀ ਤੇ ਪੰਡਿਤ ਜੀ ਦੀ ਸਿਫਤ ਸਲਾਹ ਵਿੱਚ ਉਸ ਇਕ ਕਿੱਸਾ ਵੀ ਲਿਖਿਆ ਸੀ। ਉਸਦੇ ਇਕ ਬੰਦ ਦੁਆਰਾ ਅਸੀਂ ਇਸ ਮਹਾਨ ਉਪਕਾਰੀ, ਵਿੱਦਿਆ ਦਾਤੇ, ਤਿਆਗੀ, ਨਾਮਧਾਰੀ ਸਾਧੂ ਦੀ ਗਾਥਾ ਸਮੇਟਦੇ ਹਾਂ-

"ਆਲਮ ਤੇ ਖੋਜੀ ਸੀ ਮਹਾਨ ਪੰਥਕ ਗਰੰਥਾਂ ਦੇ,
ਵਿੱਦਿਆ ਵਿਚਾਰ ਵਿਚ ਭਾਰੀ ਵਿਦਵਾਨ ਸੀ।
ਲੰਗਰ ਭੰਡਾਰੇ ਐਸੇ ਵਿੱਦਿਆ ਦੇ ਖੋਹਲੇ ਉਹਨਾਂ,
ਪੜ੍ਹਦੇ ਸੀ ਬੱਚੇ ਇਥੇ ਦੂਰੋਂ ਦੂਰੋਂ ਆਨ ਸੀ।
ਲਾਵਾਰਸ ਯਤੀਮ ਬੱਚੇ ਪਾਲੇ ਵਾਂਗ ਪੁੱਤਰਾਂ ਦੇ,
ਜੋ ਗੁਣ ਗਹਨ ਕਰਕੇ ਬਣੇ ਚੰਗੇ ਇਨਸਾਨ ਸੀ।
ਦੁਨੀਆ ਦੇ ਤਖਤੇ ਤੇ ਕਿਧਰੇ ਨਾ ਹਾਰ ਖਾਧੀ,
ਵਿੱਦਿਆ ਦਾ ਜਿਸ ਇਥੋਂ ਲੈ ਲਿਆ ਗਿਆਨ ਸੀ।
ਫੇਰ ਕੀਤੇ ਹਨ ਐਸੇ ਬ੍ਰਹਮ ਗਿਆਨੀ ਵਿੱਦਿਆ ਦੇ,
ਚਮਕਾਇਆ ਨਾਮਧਾਰੀ ਪੰਥ ਖੰਡੂ ਵਾਲੀਏ।
ਕਰ ਉਪਕਾਰ ਅਨਮੋਲ ਧਨ ਵੰਡ ਦਿੱਤਾ,
ਪੰਡਤ ਜਗਤ ਸਿੰਘ ਸੰਤ ਖੰਡੂ ਵਾਲੀਏ।"

ਪੰਡਿਤ ਸੰਤ ਜਗਤ ਸਿੰਘ ਜੀ ਨਿਸ਼ਚੇ ਹੀ ਸੇਵਾ, ਪਰਉਪਕਾਰ ਅਤੇ ਵੈਰਾਗ, ਤਿਆਗ ਦੀ ਮੂਰਤ ਸਨ। ਉਹਨਾਂ ਦੁਆਰਾ ਸਥਾਪਿਤ 'ਖੰਡੂ ਵਾਲੀਆ ਟਕਸਾਲ' ਇਕ ਸਦੀ ਤੋਂ ਨਾਮਧਾਰੀ ਪੰਥ ਦੇ ਪਰਚਾਰ ਦੀ ਸੇਵਾ ਨਿਬਾਹ ਰਹੀ ਹੈ। ਪੰਡਿਤ ਜੀ ਬਾਰੇ ਇਹ ਲੇਖ ਲਿਖਣ ਲਈ ਮੈਂ ਉਹਨਾਂ

ਦੇ ਸੁਯੋਗ ਸੁਪੋਤਰੇ ਪੰਡਿਤ ਯਾਦਵਿੰਦਰ ਸਿੰਘ ਜੀ ਦੀ ਲਿਖਤ ਦਾ ਆਭਾਰੀ ਹਾਂ।

## –ਹਵਾਲੇ ਤੇ ਟਿੱਪਣੀਆਂ–

1. ਜਸਵਿੰਦਰ ਸਿੰਘ ਐਮ.ਏ. (ਸੰਪਾਦਕ), ਕੂਕਾਜ਼ ਆਫ ਨੋਟ ਇਨ ਦਾ ਪੰਜਾਬ–1881, ਸਫਾ 9

2. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਛਾਪ ਪੰਜਵੀਂ ਸੰਨ 1990, ਸਫਾ 854

3. ਮਾਸਟਰ ਨਿਹਾਲ ਸਿੰਘ ਜੀ ਰਚਨਾਵਲੀ, ਦਾਨੇ ਤੇ ਮਸਤਾਨੇ (ਜੀਵਨੀਆਂ–2), ਪੰਡਿਤ ਗੋਪਾਲ ਸਿੰਘ ਜੀ ਬਾਰੇ ਲੇਖ, 2019, ਆਰਸੀ ਪਬਲਿਸ਼ਰਜ, ਦਿੱਲੀ, ਸਫਾ 137

4. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਦੂਜਾ, ਸਫਾ 271

5. ਉਪਰੋਕਤ, ਸਫਾ 281

6. ਉਪਰੋਕਤ, ਸਫਾ 342

7. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਤੀਜਾ, ਸਫਾ 111

8. ਸੰਤ ਤਰਨ ਸਿੰਘ ਵਹਿਮੀ, ਸਤਿਜੁਗ ਦਾ ਸੰਤ ਅੰਕ (ਭਾਗ ਦੂਜਾ), 1998 ਸੰਬਤ ਮੁਤਾਬਿਕ 1941 ਈ., ਸ੍ਰੀ ਭੈਣੀ ਸਾਹਿਬ, ਵਹਿਮੀ ਜੀ ਦਾ ਲੇਖ, ਸੰਤ ਜਗਤ ਸਿੰਘ ਖੰਡੂ ਵਾਲੀ, ਸਫਾ 79–80

❃

# ਨਾਮਧਾਰੀ ਦਰਬਾਰ ਦਾ ਧੜੱਲੇਦਾਰ ਪ੍ਰਧਾਨ: ਸ. ਲਛਮਣ ਸਿੰਘ ਗਰੰਥ ਗੜ੍ਹ

ਪਿੰਡ ਗਰੰਥ ਗੜ੍ਹ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਸ੍ਰ. ਸ਼ੇਰ ਸਿੰਘ ਆਹਲੂਵਾਲੀਆ, ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿੱਚ ਆਉਣ ਤੋਂ ਪਹਿਲਾਂ, ਅੰਮ੍ਰਿਤਸਰ ਦੇ ਸੰਤ ਸ਼ਾਮ ਸਿੰਘ ਜੀ ਜੋ ਸੇਵਾ ਪੰਥੀ ਜਾਂ ਅੱਡਣ ਸ਼ਾਹੀ ਸੰਪਰਦਾ ਨਾਲ ਸਬੰਧ ਰੱਖਦੇ ਸਨ, ਪਾਸ ਗਿਆਨ ਚਰਚਾ ਲਈ ਜਾਇਆ ਕਰਦੇ ਸਨ। ਉਪਰੋਕਤ ਸੰਤ ਸ਼ਾਮ ਸਿੰਘ ਜੀ ਨੇ ਬਹੁਤ ਲੰਮਾਂ ਸਮਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸੇਵਾ ਨਿਬਾਹੀ ਸੀ। ਇਹਨਾਂ ਸੰਤ ਸ਼ਾਮ ਸਿੰਘ ਜੀ ਤੋਂ ਹੀ ਸ੍ਰ. ਸ਼ੇਰ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਅਵਤਾਰੀ ਪੁਰਖ ਹੋਣ ਦੀ ਸੂਹ ਮਿਲੀ ਸੀ ਅਤੇ ਇਸ ਤਰ੍ਹਾਂ ਹੀ ਆਪ ਨਾਮਧਾਰੀ ਸੰਗਤ ਵਿੱਚ ਸ਼ਾਮਲ ਹੋਏ ਸਨ। ਵੀਹਵੀਂ ਸਦੀ ਦੇ ਤੀਜੇ, ਚੌਥੇ ਅਤੇ ਪੰਜਵੇਂ ਦਹਾਕਿਆਂ ਵਿੱਚ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਦੀ ਪ੍ਰਧਾਨਗੀ ਤੇ ਸੁਸ਼ੋਭਿਤ ਰਹਿਣ ਵਾਲੇ ਸ੍ਰ ਲਛਮਣ ਸਿੰਘ ਗਰੰਥ ਗੜ੍ਹ, ਇਸੇ ਸ੍ਰ. ਸ਼ੇਰ ਸਿੰਘ ਦੇ ਹੀ ਸਪੁੱਤਰ ਸਨ। ਇਹਨਾਂ ਸ੍ਰ. ਲਛਮਣ ਸਿੰਘ ਹੋਰਾਂ ਦਾ ਇਕ ਭਤੀਜਾ ਸ੍ਰ. ਸਰਵਣ ਸਿੰਘ (ਜਾਂ ਸਵਰਨ ਸਿੰਘ) ਆਹਲੂਵਾਲੀਆ ਦਿੱਲੀ ਵਿੱਚ ਰਹਿੰਦਾ ਰਿਹਾ। ਉਸ ਦੀ ਭੇਟ "ਬੀਤੇ ਦੀਆਂ ਪੈੜਾਂ' ਦੇ ਲੇਖਕ ਪ੍ਰੀਤਮ ਸਿੰਘ ਜੀ ਕਵੀ ਨਾਲ 6 ਦਸੰਬਰ 1977 ਨੂੰ ਹੋਈ ਜਿਸ ਦਿਨ ਉਸ ਦੀ ਬੇਨਤੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸਦੇ ਘਰ ਜਾ ਕੇ, ਦਰਸ਼ਨ ਦਿੱਤੇ ਸਨ ਅਤੇ ਬਾਬਾ ਸਰਵਣ ਸਿੰਘ ਤੋਂ ਉਸ ਦੇ ਪੁਰਖਿਆਂ ਬਾਰੇ ਜਾਣਕਾਰੀ ਹਾਸਲ ਕੀਤੀ। ਫੱਤੇ ਵਾਲ ਅਤੇ ਗਰੰਥ ਗੜ੍ਹ ਦੋਵੇਂ ਆਹਲੂਵਾਲੀਆਂ ਦੇ ਨਾਲੋ ਨਾਲ ਪਿੰਡ ਸਨ।

### ਆਹਲੂਵਾਲੀਏ ਨੂੰ ਦਰਸ਼ਨ

"4.30 ਵਜੇ, ਸੰਤ ਹਜਾਰਾ ਸਿੰਘ ਮਾਫੀ (ਜੋ ਅੱਜ ਹੀ ਏਥੇ ਆਏ ਹਨ ਅਤੇ ਅੱਜ ਕੱਲ੍ਹ ਭੈਣੀ ਸਾਹਿਬ ਸੰਗੀਤ ਸਿੱਖਦੇ ਬੱਚਿਆਂ ਦੇ ਪ੍ਰਬੰਧਕ ਹਨ) ਨੇ ਆਪ ਇਕ ਵਾਰ ਮੱਥਾ ਟੇਕ ਕੇ, ਫਿਰ ਇਕ ਹੋਰ ਨਮਸਕਾਰ ਕੀਤੀ। ਸਤਿਗੁਰੂ ਜੀ ਦੂਹਰੀ ਨਮਸਕਾਰ ਦਾ ਕਾਰਨ ਪੁੱਛਿਆ ਤਾਂ ਸੰਤ ਜੀ ਨੇ ਕਿਹਾ : ਸੱਚੇ ਪਾਤਸ਼ਾਹ, ਇਹ ਵੰਦਨਾਂ ਸਵਰਗਵਾਸੀ ਸ੍ਰ. ਲਛਮਣ ਸਿੰਘ ਗਰੰਥ ਗੜ੍ਹ, ਸਾਬਕਾ ਪ੍ਰਧਾਨ ਨਾਮਧਾਰੀ ਦਰਬਾਰ ਦੇ ਭਤੀਜੇ ਸ੍ਰ ਸਰਵਣ

(ਸਵਰਨ) ਸਿੰਘ ਆਹਲੂਵਾਲੀਆ ਦੀ ਹੈ।"

"ਸਤਿਗੁਰੂ ਜੀ : ਕਿੱਥੇ ਰਹਿੰਦਾ ਹੈ?

ਸੰਤ ਹਜ਼ਾਰਾ ਸਿੰਘ : ਏਥੇ ਹੀ ਕਰੋਲ ਬਾਗ, ਗੁਰਦੁਆਰਾ ਰੋਡ ਤੇ ਹੀ ਉਹਦਾ ਘਰ ਹੈ।

ਸਤਿਗੁਰੂ ਜੀ ਬਚਨ ਕੀਤਾ : ਚਲੋ ਚਲਦੇ ਹਾਂ, ਉਸ ਨੂੰ ਜਾ ਕੇ ਮਿਲਦੇ ਹਾਂ। ਸ੍ਰੀ ਹਜ਼ੂਰ ਨੇ ਸ੍ਰ. ਬਿਅੰਤ ਸਿੰਘ ਜਸਵੰਤ ਸਿੰਘ ਦੀ ਕਾਰ ਤਿਆਰ ਕਰਵਾ ਕੇ ਸੰਤ ਹਜ਼ਾਰਾ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ ਤੇ ਮੈਨੂੰ ਨਾਲ ਬਿਠਾ ਲਿਆ।"

## ਗਰੰਥ ਗੜ੍ਹ ਦਾ ਬਾਬਾ

"ਗਿਆਨੀ ਦਾ ਹੋਟਲ ਲੰਘ ਕੇ ਥੋੜੇ ਫਾਸਲੇ ਤੇ ਹੀ, ਗੁਰਦੁਆਰਾ ਰੋਡ ਤੇ ਖੱਬੇ ਹੱਥ ਗੱਡੀ ਜਾ ਖੜ੍ਹੀ ਕੀਤੀ। ਹਜਾਰਾ ਸਿੰਘ ਘਰ ਅੰਦਰ ਸੂਚਨਾ ਦੇਣ ਲਈ ਗਏ। ਅੱਸੀ ਸਾਲਾ ਬਜ਼ੁਰਗ ਸਰਵਣ (ਸਵਰਨ) ਸਿੰਘ ਹੌਲੀ ਹੌਲੀ ਤੁਰਦਾ ਸੜਕ ਉਤੇ ਹੀ ਆ ਚਰਨੀਂ ਢੱਠਾ। ਆਖੇ : ਮੇਰੇ ਧੰਨ ਭਾਗ। ਮੈਂ ਤਾਂ ਸਮਰੱਥ ਨਹੀਂ ਸਾਂ ਜਾ ਕੇ ਦਰਸ਼ਨ ਕਰਨ ਦੇ। ਦਰਸ਼ਨਾਂ ਨੂੰ ਦਿਲ ਤਰਸਦਾ ਸੀ। ਕੀ ਪਤਾ ਕਦੋਂ ਆ ਲੱਗੇ। ਇਕ ਵੇਰ ਚਰਨ ਪਰਸਨ ਤੇ ਦਰਸ਼ਨ ਕਰਨ ਨੂੰ ਮਨ ਤਾਂਘਦਾ ਸੀ।

"ਘਰ ਲਿਆ ਕੇ, ਮੰਜਾ ਵਿਛਾ ਕੇ, ਹਜ਼ੂਰ ਨੂੰ ਬੈਠਾਇਆ। ਸਜਲ ਨੇਤਰਾਂ ਨਾਲ ਕਿੰਨਾ ਚਿਰ ਸਤਿਗੁਰੂ ਜੀ ਦੀਆਂ ਲੱਤਾਂ ਤੇ ਚਰਨ ਦਬਾਂਦਾ ਰਿਹਾ। ਕਹੇ : ਬਹੁਤ ਕਿਰਪਾ ਕੀਤੀ ਜੇ ਨਿਮਾਣੇ ਤੇ। ਅੱਜ ਹੀ ਕਿਸੇ ਸਿੰਘ ਤੋਂ ਪਤਾ ਲੱਗਾ ਕਿ ਆਪ ਜੀ ਦਿੱਲੀ ਹੀ ਹੋ। ਬੱਚੇ ਨੂੰ ਉਡੀਕਦਾ ਸਾਂ ਕਿ ਰਾਤੀਂ ਆਵੇ ਤਾਂ ਗੱਡੀ ਤੇ ਬੈਠ ਕੇ ਆਪ ਜੀ ਪਾਸ ਜਾਂਵਾਂ।"

"ਅਨੰਦ ਵਿਭੋਰ ਹੋਏ ਬੁੱਢੇ ਸਿੱਖ ਨੂੰ ਪਤਾ ਨਹੀਂ ਸੀ ਲਗਦਾ ਕਿ ਉਹ ਕੀ ਕਰੇ ਤੇ ਕੀ ਨਾ ਕਰੇ। ਸਤਿਗੁਰੂ ਜੀ ਨੇ ਸਾਰਾ ਹਾਲ ਚਾਲ ਜਾਣਿਆ। ਇਸ ਸਰਦਾਰ ਦੇ ਚਾਚਾ, ਲਛਮਣ ਸਿੰਘ ਆਹਲੂਵਾਲੀਆ, ਬੜੇ ਧੜੱਲੇਦਾਰ ਆਦਮੀ ਸਨ। ਉਹਨਾਂ ਦਿਨਾਂ ਵਿੱਚ ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਸੂਲਾਂ ਦੀ ਸੇਜ ਸੀ ਤੇ ਇਹ ਪਰਧਾਨ ਸਨ। ਲੇਖਕ ਨਾਲ ਵੀ ਆਹਲੂਵਾਲੀਆ ਸਰਦਾਰ ਦਾ ਬਹੁਤ ਸਨੇਹ ਸੀ। ਮੈਂ ਓਦੋਂ ਸ੍ਰੀ ਭੈਣੀ ਸਾਹਿਬ ਪੜ੍ਹਿਆ ਕਰਦਾ ਸਾਂ। (1928-29 ਈ. ਤੋਂ 1940-41 ਈ.)'

ਸ੍ਰ. ਸਰਵਣ ਸਿੰਘ ਪਹਿਲਾਂ ਠੇਕੇਦਾਰੀ ਹੀ ਕਰਦਾ ਰਿਹਾ ਹੈ। ਸਹਿਜੇ

ਸਹਿਜੇ ਜੇਬ ਟਟੋਲ ਕੇ 50 ਦਾ ਨੋਟ ਕੱਢਿਆ। ਫਿਰ ਅਦਬ ਨਾਲ ਮੱਥਾ ਟੇਕਿਆ। ਸਤਿਗੁਰੂ ਜੀ ਨੇ "ਗਰੰਥ ਗੜ੍ਹ ਪਿੰਡ ਦਾ ਇਹ ਨਾਮ ਰੱਖੇ ਜਾਣ ਦਾ ਕਾਰਨ ਪੁੱਛਿਆ।

ਕਹਿਓ ਸੂ : ਸਾਡੇ ਵਡੇਰੇ (ਆਦਿ ਸ੍ਰੀ ਗੁਰੂ) ਗਰੰਥ ਸਾਹਿਬ ਦੀ ਇਕ ਛੋਟੀ ਲਿਖਤੀ ਬੀੜ ਹਮੇਸ਼ਾਂ ਗਾਤਰੇ ਰੱਖਦੇ ਸਨ। ਮਹਾਰਾਜਾ ਰਣਜੀਤ ਸਿੰਘ ਅਜਨਾਲੇ ਵੱਲ ਆਏ ਤਾਂ ਸਾਡੇ ਪਿੰਡ ਤੇ ਫੱਤੇਵਾਲ ਕੋਲੋਂ ਲੰਘਣ ਲੱਗੇ। ਸਾਡੇ ਬਜ਼ੁਰਗਾਂ ਗਰੰਥ ਸਾਹਿਬ ਪ੍ਰਕਾਸ਼ ਕਰਕੇ ਮਹਾਰਾਜ ਤੋਂ ਮੱਥਾ ਟਿਕਵਾਇਆ। ਪਹਿਲਾਂ ਸਾਡੇ ਪਿੰਡ ਦਾ ਨਾਂ ਕੁਝ ਹੋਰ ਸੀ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਇਹਦਾ ਨਾਂ 'ਗਰੰਥ ਗੜ੍ਹ' ਰੱਖਿਆ। (ਸਾਡੇ) ਵੱਡਿਆਂ ਨੇ ਅਰਜ਼ ਕੀਤੀ : ਜੀ, ਸਾਨੂੰ ਮੁਸਲਮਾਨ ਬਹੁਤ ਤੰਗ ਕਰਦੇ ਹਨ। ਆਲੇ ਦੁਆਲੇ 5-7 ਪਿੰਡ ਮੁਸਲਮਾਨਾਂ ਦੇ ਹਨ। ਉਹ ਚੈਨ ਨਾਲ ਬੈਠਣ ਨਹੀਂ ਦਿੰਦੇ। ਮਹਾਰਾਜ ਨੇ 8-10 ਸਿਪਾਹੀ ਇਸ ਇਲਾਕੇ ਵਿੱਚ ਰੱਖਣ ਦੀ ਆਗਿਆ ਕੀਤੀ ਤੇ ਨਾਲ ਆਏ ਸਿਪਾਹੀਆਂ ਵਿੱਚੋਂ ਏਥੇ ਹੀ ਛੱਡ ਦਿੱਤੇ। ਇਹਨਾਂ ਨੂੰ ਤਲਬ ਸਰਕਾਰੀ ਖਜ਼ਾਨਿਉਂ ਮਿਲਦੀ ਸੀ, ਰਾਖੀ ਇਹ ਸਾਡੀ ਕਰਦੇ ਸਨ। ਇਹਨਾਂ ਦੇ ਰਹਿਣ ਨਾਲ ਮਹਾਰਾਜੇ ਦਾ ਤਸੱਲਤ ਵੀ ਖੂਬ ਹੋ ਗਿਆ। ਜਦੋਂ ਸਾਡੇ ਵਡਾਰੂਆਂ ਨੇ ਸਮਝਿਆ ਕਿ ਹੁਣ ਮੁਸਲਮਾਨਾਂ ਤੋਂ ਕੋਈ ਖ਼ਤਰਾ ਨਹੀਂ, ਸਿਪਾਹੀ ਓਦੋਂ ਹੀ ਵਾਪਸ ਪਰਤੇ।

"ਨਿੱਕੇ ਮੋਟੇ ਹੋਰ ਬਚਨ ਕਰਨ ਪਿੱਛੋਂ ਸਤਿਗੁਰੂ ਜੀ ਨੇ ਪੁਛਿਆ ਕੋਈ ਸੇਵਾ ਮੇਰੇ ਯੋਗ? ਜੇ ਲੋੜ ਪਏ ਤਾਂ ਆਖਣਾ ਸੰਗਣਾਂ ਨਹੀਂ। ਬਿਰਧ ਸਿੱਖ ਜਿਸ ਦੀਆਂ ਅੱਖਾਂ ਪਰਲ ਪਰਲ ਵਗ ਰਹੀਆਂ ਸਨ, ਘਗਿਆ ਕੇ ਕਹਿਣ ਲੱਗਾ : ਸੱਚੇ ਪਾਤਸ਼ਾਹ, ਕਾਸੇ ਦੀ ਕਮੀ ਨਹੀਂ, ਦਰਸ਼ਨਾਂ ਦੀ ਲੋੜ ਸੀ, ਆਪ ਆ ਕੇ ਪੂਰੀ ਕਰ ਚੱਲੇ ਹੋ, ਅੱਜ ਮੇਰੇ ਜਿਹਾ ਕਿਹੜਾ ਹੈ? " .....

"ਮੈਨੂੰ ਆਗਿਆ ਹੋਈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਤਸਵੀਰ ਜੜਾ ਕੇ ਬਾਬਾ ਸਵਰਨ ਸਿੰਘ ਦੇ ਘਰ ਭਿਜਵਾ ਦਿਆਂ।"[1]

ਸ੍ਰ. ਲਛਮਣ ਸਿੰਘ ਹੋਰਾਂ ਦੇ ਇੱਕ ਛੋਟੇ ਭਾਈ ਡਾ. ਇੰਦਰ ਸਿੰਘ ਦਮਕ ਸਨ, ਜੋ ਲੇਖਕ ਅਤੇ ਕਵੀ ਵੀ ਸਨ। ਉਹ ਮੁਲਤਾਨ ਸ਼ਹਿਰ ਵਿੱਚ ਸਰਕਾਰੀ ਡਾਕਟਰ ਸਨ। ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਰਸ਼ਨ ਬਾਰੇ ਉਹਨਾਂ "ਜਗਦਾ ਦੀਵਾ" ਨਾਮ ਦਾ ਇਕ ਪ੍ਰਬੰਧ ਕਾਵਿ ਸਿਰਜਿਆ ਸੀ, ਜਿਸ ਦਾ ਛਾਪਣ ਵਰ੍ਹਾ 1912 ਈ. ਹੈ। ਸ੍ਰ. ਲਛਮਣ ਸਿੰਘ ਹੋਰਾਂ ਦੇ ਸ੍ਵੈ ਕਥਨ ਮੁਤਾਬਿਕ ਉਹਨਾਂ ਦਾ ਜਨਮ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਜਾਣ ਤੋਂ ਬਾਅਦ ਦਾ ਹੈ। ਸੋ ਇਸ ਤਰ੍ਹਾਂ ਆਪ ਦਾ

ਜਨਮ ਵਰ੍ਹਾ 1872 ਜਾਂ 73 ਹੋ ਸਕਦਾ ਹੈ। ਆਪ ਨੇ 87-88 ਸਾਲ ਦੀ ਲੰਮੀ ਆਰਜਾ ਬਤੀਤ ਕੀਤੀ ਸੀ। ਆਪ ਦੇ ਹਿਰਦੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਪੰਥ ਪ੍ਰਤੀ ਅਗਾਧ ਸ਼ਰਧਾ ਆਪ ਦੇ ਪਿਤਾ ਬਾਬਾ ਸ਼ੇਰ ਸਿੰਘ ਹੋਰਾਂ ਨੇ ਕੁੱਟ ਕੁੱਟ ਕੇ ਭਰੀ ਹੋਈ ਸੀ। ਆਪਣਾ ਸਾਰਾ ਜੀਵਨ ਲਛਮਣ ਸਿੰਘ ਜੀ ਨੇ ਇਸੇ ਧਾਰਨਾ ਵਿੱਚ ਇੱਕ ਰਸ ਚੱਲਦਿਆਂ ਬਤੀਤ ਕੀਤਾ ਸੀ। ਨਾਮ ਦੀ ਰੰਗਣ ਆਪ ਨੂੰ ਗੁਆਂਢੀ ਪਿੰਡ ਫੱਤੇਵਾਲ ਦੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਥਾਪੇ ਸੂਬੇ, ਭਗਵਾਨ ਸਿੰਘ ਹੋਰਾਂ ਤੋਂ ਭਜਨ ਪੁੱਛਣ ਸਮੇਂ ਹੀ ਚੜ੍ਹ ਗਈ ਸੀ। ਆਪ ਨੇ ਸਾਰੀ ਉਮਰ ਆਪਣਾ ਸੁੱਚਾ ਕਾਰ ਵਿਹਾਰ ਠੇਕੇਦਾਰੀ ਆਦਿਕ ਵੀ ਕੀਤਾ ਅਤੇ ਨਾਮਧਾਰੀ ਪੰਥ ਦੀ ਸੇਵਾ ਵੀ ਤਨ, ਮਨ, ਧਨ ਨਾਲ ਕੀਤੀ।

ਨਾਮਧਾਰੀ ਜਗਤ ਅਤੇ ਪੰਜਾਬੀ ਸਾਹਿਤ ਦੀ ਉੱਘੀ ਹਸਤੀ, ਸੰਤ ਇੰਦਰ ਸਿੰਘ ਚੱਕਰਵਰਤੀ ਜੀ ਸਰਦਾਰ ਲਛਮਣ ਸਿੰਘ ਹੋਰਾਂ ਦੇ ਮੀਰੀ ਗੁਣਾਂ ਤੇ ਚਾਨਣਾ ਪਾਉਂਦਿਆਂ, ਉਹਨਾਂ ਦਾ ਸੰਖੇਪ ਰੇਖਾ ਚਿਤਰ ਇਸ ਤਰ੍ਹਾਂ ਵਾਂਹੁੰਦੇ ਹਨ।

"ਸਰਦਾਰ ਲਛਮਨ ਸਿੰਘ ਜੀ ਨਾਮਧਾਰੀ ਪੰਥ ਦਾ ਗੌਰਵ ਤੇ ਮਾਨ ਹਨ। ਆਪ ਜੀ ਦੇ ਖਾਨਦਾਨ ਵਿੱਚੋਂ ਹੀ ਸਨ ਭਗਵਾਨ ਸਿੰਘ ਜੀ ਜਿਹਨਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਸੂਬਾ ਨੀਯਤ ਕੀਤਾ ਸੀ। ਜਿਹੜੇ ਆਪਣੀ ਖੁਸ਼ੀ ਨਾਲ ਸ੍ਰੀ ਹਜ਼ੂਰ ਦੇ ਦੀਵਾਨ ਜਾਂ ਦਰਬਾਰ ਸਮੇਂ, ਚਾਂਦੀ ਦਾ ਆਸਾ (ਸੋਟਾ) ਹੱਥ ਵਿੱਚ ਫੜ ਕੇ ਚੋਬਦਾਰੀ ਦੀ ਸੇਵਾ ਕਰਨ ਨੂੰ ਇੱਜ਼ਤ ਸਮਝਦੇ ਸਨ। ਮਾਈ ਜੁਆਲਾ ਦੇਈ ਜੀ ਨੇ ਵੀ ਇਸੇ ਖਾਨਦਾਨ ਨੂੰ ਭਾਗ ਲਾਏ ਸਨ, ਜਿਨ੍ਹਾਂ ਦੇ ਨਾਂ ਦੇ ਕਈ ਹੁਕਮਨਾਮੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਸਿੱਖ ਦਾ ਈਮਾਨ ਤਾਜ਼ਾ ਹੋ ਜਾਂਦਾ ਹੈ।

"ਆਪ ਜੀ ਦੇ ਪਿਤਾ ਸ੍ਰੀਮਾਨ ਸ੍ਰ. ਸ਼ੇਰ ਸਿੰਘ ਜੀ ਨੇ ਇਕ ਜ਼ੀਨ ਸਮੇਤ ਘੋੜੀ, ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ। ਨਾਲ ਹੀ ਘੋੜਿਆਂ ਦੀ ਸੇਵਾ ਕਰਨ ਲਈ ਇਕ ਲਾਇਕ ਅਤੇ ਤਜਰਬੇਕਾਰ ਦਰੋਗਾ (ਸਾਵਣ ਸਿੰਘ) ਵੀ ਪੇਸ਼ ਕੀਤਾ।

"ਸਰਦਾਰ ਲਛਮਣ ਸਿੰਘ ਜੀ ਉਹਨਾਂ ਵਿਅਕਤੀਆਂ ਵਿੱਚੋਂ ਹਨ, ਜਿਨ੍ਹਾਂ ਦਾ ਦਿਲ ਕੌਮ ਪਿਆਰ, ਪੰਥ ਪਿਆਰ, ਦੇਸ਼ ਪਿਆਰ ਨਾਲ ਲਬਾ ਲਬ ਭਰਿਆ ਪਿਆ ਹੈ। ਆਪ ਜੀ ਦਾ ਅਤਿੱਥੀ ਸਤਿਕਾਰ ਪੰਥ ਵਿੱਚ ਬਹੁਤ ਹੀ ਪ੍ਰਸਿੱਧ ਹੈ। ਘਰ ਆਏ, ਹਾਂ ਜੀ ਆਪ ਕੋਲ ਆਏ ਸੱਜਣ ਦੀ ਸੇਵਾ ਕਰਨੋਂ ਤਾਂ ਆਪ ਕਦੀ ਵੀ ਨਹੀਂ ਚੁਕੇ, ਪਰ ਇਹ ਤੇ ਆਪਣੇ ਨਿਵਾਸ

ਸਥਾਨ ਤੋਂ ਬਾਹਰ ਮੇਲਿਆਂ ਵਿੱਚ ਜਾ ਕੇ ਵੀ ਆਪਣਾ ਲੰਗਰ ਲਾ ਦਿੰਦੇ ਹਨ, ਜਿੱਥੇ ਆਪ ਜੀ ਦੇ ਸਾਰੇ ਦੋਸਤ, ਮਿੱਤਰ, ਜਲ ਪਾਣੀ, ਪਰਸ਼ਾਦ, ਖੁਸ਼ੀ ਨਾਲ ਛਕਦੇ ਹਨ। ਆਪ ਜੀ ਨੇ ਕਦੇ ਮੱਥੇ ਵੱਟ ਨਹੀਂ ਪਾਇਆ। ਸਗੋਂ ਪ੍ਰਸੰਨਤਾ ਨਾਲ ਸੇਵਾ ਕਰਨ ਦੀ ਰੀਝ ਰੱਖਦੇ ਹਨ। 'ਜੋ ਜੀ ਆਵੇ ਰਾਜੀ ਜਾਵੇ' ਆਪ ਦਾ ਸਿਧਾਂਤ ਹੈ।

"ਸ੍ਰੀਮਾਨ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਪੰਥ ਸੇਵਾ ਤੇ ਰਾਜਨੈਤਿਕ ਕੰਮਾਂ ਲਈ ਬਣਾਈ ਕੌਮੀ ਸੰਸਥਾ (ਸ੍ਰਿਸ਼ਟੀ ਸੋਧਕ) ਸੇਵਕ ਜੱਥੇ ਦੇ ਆਪ ਜੀ ਬਹੁਤ ਚਿਰ ਤੀਕ ਪਰਧਾਨ ਰਹੇ। ਇਸ ਸੇਵਾ ਨੂੰ ਆਪ ਜੀ ਨੇ ਬਹੁਤ ਯੋਗਤਾ ਨਾਲ ਨਿਭਾਇਆ। ਪੰਥਕ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਆਪ ਦੀ ਮੁੱਢਲੀ ਦਿਲਚਸਪੀ ਹੈ। ਮੈਂ ਕੋਈ ਵੀ ਅਜਿਹਾ ਬੰਦਾ ਹੋਰ ਨਹੀਂ ਡਿੱਠਾ, ਜਿਸ ਦੇ ਦਿਲ ਵਿੱਚ ਆਪ ਜਿਹਾ ਪੰਥਕ ਪਿਆਰ ਤੇ ਦਰਦ ਹੋਵੇ।

"ਕਾਫੀ ਚਿਰ ਆਪ " ਨਾਮਧਾਰੀ ਦਰਬਾਰ" ਦੇ ਪ੍ਰਧਾਨ ਵੀ ਰਹੇ। ਇਸ ਸਮੇਂ ਜੋ ਸੇਵਾ ਆਪ ਜੀ ਨੇ ਪੰਥ ਦੀ ਕੀਤੀ, ਕਿਵੇਂ ਪੰਥਕ ਜਾਇਦਾਦਾਂ ਨੂੰ ਅੰਮ੍ਰਿਤਸਰ, ਤਰਨਤਾਰਨ, ਗੁਰੂ ਕੀ ਬੀੜ ਨਾਭਾ ਆਦਿ ਵਿੱਚ ਅਕਾਲੀਆਂ ਦੀ ਧੱਕੇ ਸ਼ਾਹੀ ਤੇ ਖੋਹਾ ਮੋਹੀ ਤੋਂ ਬਚਾਇਆ। ਉਸ ਲਈ ਜੇ ਲਿਖਣ ਲੱਗਾਂ ਤਾਂ ਇਕ ਪੂਰੀ ਪੁਸਤਕ ਹੀ ਤਿਆਰ ਹੋ ਸਕਦੀ ਹੈ। ਪਰ ਆਪ ਕਿਉਂਕਿ ਆਪਣੀਆਂ ਕੀਤੀਆਂ ਪੰਥਕ ਸੇਵਾਵਾਂ ਨੂੰ ਪਰਚਾਰਨਾ ਪਸੰਦ ਨਹੀਂ ਕਰਦੇ। ਇਸ ਲਈ ਮੈਂ ਏਨਾ ਕਹਿ ਕੇ ਹੀ ਬੱਸ ਕਰਦਾ ਹਾਂ ਕਿ ਆਪ ਜੀ ਦੇ ਕੀਤੇ ਕੰਮਾਂ ਦੀ ਯਾਦ ਨਾਲ ਮੇਰਾ ਸਿਰ ਬਦੋ ਬਦੀ ਉਹਨਾਂ ਦੇ ਚਰਨਾਂ ਤੇ ਝੁਕ ਜਾਂਦਾ ਹੈ।"

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਪ ਮੁਖਤਿਆਰ ਆਮ ਹਨ। ਜੋ ਵੀ ਪੰਥਕ ਕੰਮ ਆਪ ਜੀ ਨੂੰ ਕਰਨਾ ਪੈ ਜਾਵੇ, ਉਸਦੇ ਕਰਨ ਦਾ ਖਰਚ, ਕਰਾਇਆ ਵੀ, ਵਕੀਲਾਂ ਦੀ ਫੀਸ ਆਦਿ ਖਰਚਾਂ ਨੂੰ ਛੱਡ ਕੇ, ਬਾਕੀ ਆਪਣੇ ਕੋਲੋਂ ਹੀ ਕਰਦੇ ਨੇ। ਆਪ ਸਰੀਰਕ ਅਵਸਥਾ ਕਰਕੇ ਭਾਂਵੇਂ ਕਾਫੀ ਬਿਰਧ ਹਨ, ਪਰ ਆਪ ਜੀ ਦੇ ਦਿਲ ਵਿੱਚ ਜੁਆਨਾਂ ਜਿਹੀ ਹਿੰਮਤ, ਹੌਂਸਲਾ, ਕੰਮ ਕਰਨ ਦੀ ਰੀਝ ਤੇ ਦਲੇਰੀ ਹੈ। ਇਸ ਉਮਰ ਵਿੱਚ ਵੀ ਆਪ ਕਮਾ ਕੇ, ਦਸਾਂ ਨਵਾਂ ਦੀ ਕਿਰਤ ਕਰਕੇ ਛਕਦੇ ਹਨ ਤੇ ਸੰਗਤ ਨੂੰ ਛਕਾਂਦੇ ਹਨ।"

"ਆਪ ਬੜੇ ਹੀ ਸੱਤ ਵਕਤਾ, ਸੁਹਿਰਦ, ਦੋਸਤਾਂ ਦੇ ਦੋਸਤ, ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸ਼ਰਧਾਲੂ ਤੇ ਸਿੱਖ ਹਨ। ਜ਼ਬਾਨ ਦੇ ਜਿੰਨੇ ਖਰਵੇ ਹਨ, ਦਿਲ ਦੇ ਓਨੇ ਹੀ ਨਰਮ, ਮਿੱਠੇ, ਨਿਰਛਲ, ਨਿਸ਼ਕਪਟ ਤੇ ਤਰਸਵਾਨ

ਹਨ। ਆਪ ਜੀ ਨੇ ਸਾਰੀ ਉਮਰ ਪੰਥ ਦੀ ਸੇਵਾ ਚਾਵਾਂ, ਰੀਝਾਂ, ਉਤਸ਼ਾਹ ਤੇ ਉਮਾਹ ਨਾਲ ਕੀਤੀ ਹੈ। ਸਤਿਗੁਰੂ ਕਰੇ ਅਜੇ ਆਪ ਇੰਜ ਹੀ ਸਾਨੂੰ ਦਰਸ਼ਨ ਦੇ ਕੇ ਖੁਸ਼ੀਆਂ ਖੇੜੇ ਬਖਸ਼ਦੇ ਰਹਿਣ।"

"ਆਪ ਜੀ ਦਾ ਪਰਿਵਾਰ ਬਹੁਤ ਵੱਡਾ ਹੈ, ਪਰ ਪੰਥਕ ਲੀਹਾਂ ਤੇ ਤੁਰਨ ਵਾਲੇ ਕੁਝ ਕੁਝ ਸਰਦਾਰ ਸਵਰਨ (ਸਰਵਣ) ਸਿੰਘ ਜੀ ਦਿੱਲੀ ਵਾਲੇ ਹੀ ਰਹਿ ਗਏ ਹਨ, ਉਂਝ ਭਾਂਵੇਂ ਸਾਰਾ ਖਾਨਦਾਨ ਹੀ ਸਤਿਗੁਰੂ ਚਰਨਾਂ ਦਾ ਸ਼ਰਧਾਲੂ ਹੈ।"[2]

ਸਤਿਜੁਗ ਵਿੱਚ ਛਪੇ ਸ੍ਰ. ਲਛਮਣ ਸਿੰਘ ਹੋਰਾਂ ਦੇ ਆਪਣੇ ਪਿਤਾ ਬਾਬਾ ਸ਼ੇਰ ਸਿੰਘ ਗਰੰਥ ਗੜ੍ਹ ਬਾਰੇ ਇਕ ਲੇਖ ਅਨੁਸਾਰ, ਸ੍ਰ. ਲਛਮਣ ਸਿੰਘ ਹੋਰਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1922 ਈ. ਵਿੱਚ ਇੱਕ ਸਾਲ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦਾ ਕਾਰ ਮੁਖਤਿਆਰ ਥਾਪਿਆ ਸੀ। ਸੰਨ 1923 ਈ. ਵਿੱਚ ਸਤਿਗੁਰੂ ਜੀ ਨੇ ਆਪਣਾ ਮੁਖਤਿਆਰ ਨਾਮਾ ਆਮ ਦਿੱਤਾ ਸੀ। ਸਰਦਾਰ ਲਛਮਣ ਸਿੰਘ ਭੈਣੀ ਸਾਹਿਬ ਦੀ ਸੇਵਾ ਮਿਲਣ ਬਾਅਦ ਜਦੋਂ ਆਪਣੇ ਪਿੰਡ ਆਏ ਤਾਂ ਉਹਨਾਂ ਦੇ ਪਿਤਾ ਜੀ ਨੇ ਕਿਹਾ : "ਤੂੰ ਭੈਣੀ ਸਾਹਿਬ ਸੇਵਾ ਵਾਸਤੇ ਗਿਆ ਹੈਂ, ਦੇਖੀਂ ਕਿਤੇ ਕੋਈ ਲਾਲਚ ਕਰਕੇ ਕੁਲ ਨੂੰ ਗਾਲ ਦਿੰਦਾ ਹੋਵੇਂ।" ਇਸ ਤੇ ਸ੍ਰ. ਲਛਮਣ ਸਿੰਘ ਬੜੇ ਭੈ ਭੀਤ ਹੋਏ ਕਿ ਐਸਾ ਨਾ ਹੋਵੇ, ਪਿਤਾ ਜੀ ਦੇ ਕਹਿਣ ਮੁਤਾਬਿਕ ਕੋਈ ਅਜਿਹਾ ਕੰਮ ਹੋ ਜਾਏ ਕਿ ਲੋਕ ਪਰਲੋਕ ਦੋਵੇਂ ਵਿਗੜ ਜਾਣ। ਸਤਿਗੁਰੂ ਜੀ ਪਾਸ ਆ ਕੇ ਲਛਮਣ ਸਿੰਘ ਹੋਰਾਂ ਅਰਜ ਕੀਤੀ ਕਿ ਸੱਚੇ ਪਾਤਸ਼ਾਹ, ਜੀਵ ਦੇ ਵੱਸ ਕੁਝ ਨਹੀਂ। ਆਪ ਦੀ ਕਿਰਪਾ ਨਾਲ ਹੀ ਬਚਾਉ ਹੋਣਾ ਹੈ। ਸੋ ਲਛਮਣ ਸਿੰਘ ਹੋਰਾਂ ਸੇਵਾ ਕਰਦਿਆਂ ਪਿਤਾ ਜੀ ਦੇ ਫ਼ਰਮਾਨ ਨੂੰ ਹਮੇਸ਼ਾਂ ਹਿਰਦੇ ਵਿੱਚ ਵਸਾਈ ਰੱਖਿਆ।[3]

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰ ਜਾਣ ਬਾਅਦ ਗੁਰੂ ਪਰਿਵਾਰ ਨਾਲ ਸਬੰਧਿਤ ਕੁਝ ਸੱਜਣਾਂ ਵੱਲੋਂ, "ਸ੍ਰੀ ਭੈਣੀ ਸਾਹਿਬ ਦੀ ਅਚੱਲ ਸੰਪਤੀ ਬਾਰੇ ਵੰਨ ਸੁਵੰਨੀਆਂ ਗੱਲਾਂ ਹੋ ਰਹੀਆਂ ਸਨ। ਬਹੁ-ਸੰਮਤੀ ਨੇ ਗੁਰਦੁਆਰੇ ਦੀ ਜਾਇਦਾਦ ਨੂੰ ਅਣਵੰਡ ਰੱਖਣ ਤੇ ਜ਼ੋਰ ਦਿੱਤਾ। ਅੱਠ ਜਣਿਆਂ ਦਾ ਮਿਸ਼ਨ ਇਸ ਮਸਲੇ ਨੂੰ ਸੁਲਝਾਣ ਲਈ ਮੁਕੱਰਰ ਕੀਤਾ ਗਿਆ। ਇਹਨਾਂ ਦੇ ਨਾਂ ਦੱਸੇ ਗਏ :

1. ਸ੍ਰ. ਸਾਹਿਬ ਸਿੰਘ ਮਾਨ, 2. ਸ੍ਰ. ਲਛਮਣ ਸਿੰਘ ਗਰੰਥ ਗੜ੍ਹ, 3. ਸੰਤ ਦੇਵਾ ਸਿੰਘ ਤਤਲਾ, 4, ਸੰਤ ਸੁਦਾਗਰ ਸਿੰਘ ਕੱਕੇ ਕੇ, 5. ਸ੍ਰ. ਮੁਬਾਰਕ ਸਿੰਘ ਸਿਰਸਾ, 6. ਸੂਬਾ ਪ੍ਰੀਤਮ ਸਿੰਘ ਦਿੱਲੀ, 7, ਸੂਬਾ ਗੁਰਬਖਸ਼ ਸਿੰਘ

ਚੱਕ ਅਤੇ ਇਕ ਵਿਅਕਤੀ ਹੋਰ।

"ਇਸ ਮੀਟਿੰਗ ਸਾਹਵੇਂ ਦੂਜਾ ਮਸਲਾ ਇਹ ਸੀ ਕਿ ਆ ਰਹੀਆਂ ਚੋਣਾਂ ਵਿੱਚ ਵੋਟ ਕਿਧਰ ਦਿੱਤੇ ਜਾਣ। ਸਾਰੀਆਂ ਧਿਰਾਂ ਦੇ ਵਿਚਾਰ ਧਿਆਨ ਪੂਰਵਕ ਸੁਣੇ ਗਏ.... ਫੈਸਲਾ ਰਾਖਵਾਂ ਰੱਖ ਲਿਆ।"[4]

ਕਵੀ ਜੀ ਦੀਆਂ ਬੀਤੇ ਦੀਆਂ ਪੈੜਾਂ ਦਾ ਉਪਰੋਕਤ ਇੰਦਰਾਜ 4 ਜਨਵਰੀ 1960 ਦਾ ਹੈ, ਇਸ ਤੋਂ ਪਤਾ ਲਗਦਾ ਹੈ ਕਿ ਸ੍ਰ. ਗਰੰਥ ਗੜ੍ਹ ਆਪਣੇ ਜੀਵਨ ਦੇ ਆਖਰੀ ਇਕ ਦੋ ਵਰ੍ਹੇ ਤੱਕ ਵੀ ਪੂਰੇ ਚੁਸਤ ਦਰੁਸਤ, ਕਿਰਿਆਸ਼ੀਲ ਅਤੇ ਆਪਣੇ ਪੰਥਕ ਮਸਲੇ ਨਜਿੱਠਣ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ।

ਨਾਮਧਾਰੀ ਪੰਥ ਦੀ ਇਹ " ਪ੍ਰਸਿੱਧ ਸ਼ਖਸੀਅਤ ਸ੍ਰ ਲਛਮਣ ਸਿੰਘ ਜੀ, 22 ਸਤੰਬਰ 1961 ਨੂੰ ਅੰਮ੍ਰਿਤਸਰ ਵਿਖੇ ਆਪਣੀ ਸੁਪਤਨੀ ਦੇ ਭਾਈ, ਸ੍ਰ. ਕਰਤਾਰ ਸਿੰਘ ਜੀ" ਦੇ ਘਰ, 4-5 ਦਿਨ ਬੀਮਾਰ ਰਹਿ ਕੇ ਅੰਮ੍ਰਿਤ ਵੇਲੇ ਸਵਰਗ ਸਿਧਾਰ ਗਏ। ਉਹ ਕਰੀਬ 90 ਸਾਲ ਦੀ ਉਮਰ ਦੇ ਸਨ। ਆਪ ਦੇ ਚੜ੍ਹਾਈ ਕਰ ਜਾਣ ਨਾਲ ਨਾਮਧਾਰੀ ਸਮਾਜ ਦਾ ਇਕ ਹੋਰ ਹੀਰਾ ਗੁਆਚ ਗਿਆ ਹੈ।

ਸ੍ਰ. ਲਛਮਣ ਸਿੰਘ ਜੀ ਦੇ ਚਲਾਣੇ ਤੇ ਟਿੱਪਣੀ ਕਰਦਿਆਂ ਹੋਇਆਂ ਤਤਕਾਲੀ, ਸਤਿਜੁਗ ਸਪਤਾਹਿਕ ਜੋ ਜੀਵਨ ਨਗਰ (ਸਿਰਸਾ-ਹਿਸਾਰ) ਤੋਂ ਛਪਦਾ ਸੀ ਦੇ ਸੰਪਾਦਕ ਪ੍ਰੀਤਮ ਸਿੰਘ ਕਵੀ ਨੇ ਆਪ ਜੀ ਦੀ ਸੰਖੇਪ ਵਾਰਤਾ ਇਉਂ ਕਾਨੀਬੰਦ ਕੀਤੀ ਹੈ।

"ਸਰਦਾਰ ਜੀ ਦਾ ਖਾਨਦਾਨ ਆਹਲੂਵਾਲੀਆ ਭਾਈਚਾਰੇ ਵਿੱਚੋਂ ਹੈ।

"ਸ੍ਰ. ਲਛਮਣ ਸਿੰਘ ਜੀ ਕਾਫੀ ਚਿਰ ਸਰਕਾਰੀ ਠੇਕੇਦਾਰੀ ਕਰਦੇ ਰਹੇ। ਬਹੁਤ ਰੁਪੈਆ ਕਮਾਇਆ। ਕਰੀਬ 37 ਸਾਲ ਤਕ ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਵਿੱਚ ਰਹਿ ਕੇ ਸਤਿਗੁਰੂ ਜੀ ਦੇ ਮੁਖਤਾਰ-ਆਮ ਰਹੇ। ਆਪ ਤੇ ਸ੍ਰੀ ਸਤਿਗੁਰੂ ਜੀ ਨੂੰ ਏਨਾਂ ਵਿਸ਼ਵਾਸ ਸੀ ਕਿ ਆਪ ਦੇ ਮੁਖਤਾਰਨਾਮੇ ਵਿੱਚ ਇਹ ਸ਼ਬਦ ਅੰਕਤ ਸਨ 'ਜੋ ਅਖਤਿਆਰ ਮੇਰੀ ਜ਼ਾਤ ਨੂੰ ਹਨ ਓਹੋ ਹੀ ਲਛਮਣ ਸਿੰਘ ਜੀ ਨੂੰ ਹਨ।' ਸ੍ਰੀ ਭੈਣੀ ਸਾਹਿਬ ਗੁਰਦੁਆਰੇ ਬਾਬਤ ਜੋ ਵੀ ਨਿੱਕੇ ਮੋਟੇ ਮੁਕਦਮੇ ਹੋਏ ਉਨ੍ਹਾਂ ਵਿੱਚ ਹਮੇਸ਼ਾਂ ਹੀ ਸਰਦਾਰ ਜੀ ਨੇ ਦਿਲੀ ਦਿਲਚਸਪੀ ਲਈ ਤੇ ਪੂਰੀਆਂ ਤਿਆਰੀਆਂ ਕਰਕੇ ਹਮੇਸ਼ਾਂ ਵਿਜੈ ਪ੍ਰਾਪਤ ਕੀਤੀ।"

"ਸਰਦਾਰ ਜੀ ਦੂਰਦਰਸ਼ੀ, ਨਿਧੜਕ, ਪਹਿਲ ਕਦਮੀ ਕਰਨ ਵਾਲੇ ਅਤੇ

ਗੁਰੂ ਘਰ ਦੇ ਮਹਾਨ ਵਿਸ਼ਵਾਸੀ ਸਨ।"

"ਆਪ ਜੀ ਨਾਮਧਾਰੀ ਦਰਬਾਰ, ਜੋ ਕਿ ਨਾਮਧਾਰੀ ਸਮਾਜ ਦੀ ਇੱਕੋ ਇੱਕ ਪ੍ਰਵਾਣਿਤ ਵਡੇਰੀ ਜਥੇਬੰਦੀ ਹੈ, ਦੇ ਅਨੇਕਾਂ ਸਾਲ ਪ੍ਰਧਾਨ ਰਹੇ। ਆਪ ਦੀ ਪ੍ਰਧਾਨਗੀ ਵਿੱਚ ਨਾਮਧਾਰੀ ਪੰਥ ਦੇ ਖਿਲਾਫ਼ ਉੱਠੇ ਮਸਲਿਆਂ ਤੇ ਤੂਫਾਨਾਂ ਨੂੰ ਬੁਰੀ ਤਰ੍ਹਾਂ ਪਛਾੜਿਆ ਗਿਆ।"

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੱਚਖੰਡ ਪਧਾਰਨ ਬਾਅਦ, ਸਰਦਾਰ ਲਛਮਣ ਸਿੰਘ ਜੀ, ਸ੍ਰੀ ਭੈਣੀ ਸਾਹਿਬ ਆ ਟਿਕੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪਣੇ ਇਸ ਪੁਰਾਣੇ ਅਤੇ ਨਿਸ਼ਕਾਮ ਹਿੱਤੂ ਦੇ ਅੰਤਿਮ ਦਿਨਾਂ ਦੀ ਪ੍ਰਤਿਪਾਲਣਾ ਕਰਨ ਵਿੱਚ ਕੋਈ ਕਸਰ ਨਹੀਂ ਰੱਖੀ। ਸਰਦਾਰ ਜੀ ਲਈ ਦੁੱਧ, ਘਿਉ, ਖੰਡ ਅਤੇ ਹੋਰ ਖੁਰਾਕ ਤੋਂ ਬਿਨਾਂ ਰੋਜ਼ਾਨਾ ਫਲ ਫਰੂਟ ਵੀ ਨਿਸ਼ਚਿਤ ਸੀ।"

"ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਤੋਂ ਅਸਤੀਫਾ, ਆਪ ਜੀ ਨੇ ਪਿਛਲੇ ਸਾਲ ਇਹ ਕਹਿਕੇ ਦੇ ਦਿੱਤਾ ਕਿ 'ਹੁਣ ਮੈਂ ਡਾਢਾ ਬਿਰਧ ਹੋਣ ਕਰਕੇ ਚੱਲਣ ਫਿਰਨ ਦੀ ਸੇਵਾ ਨਹੀਂ ਕਰ ਸਕਦਾ। ਇਸ ਲਈ ਆਪ ਜੀ ਦੇ ਅਸਤੀਫੇ ਨੂੰ ਮੁਖ ਰੱਖਦਿਆਂ, ਨਾਮਧਾਰੀ ਦਰਬਾਰ ਨੇ ਸ੍ਰ. ਤੇਜਾ ਸਿੰਘ ਜੀ ਸਰਸਾ ਸਾਬਕਾ ਐਮ.ਐਲ.ਸੀ. ਨੂੰ ਪ੍ਰਧਾਨਗੀ ਪਦ ਨਾਲ ਸੁਸ਼ੋਭਿਤ ਕੀਤਾ।"

"ਸਤਿਗੁਰੂ ਜੀ ਦੇ ਮੁਖਤਾਰ ਆਮ ਅਤੇ ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਦੀ ਸੇਵਾ ਤੋਂ ਬਿਨਾਂ ਆਪ ਨੇ ਕੁਝ ਸਾਲ ਸ੍ਰੀ ਭੈਣੀ ਸਾਹਿਬ ਦੀ ਪ੍ਰਬੰਧਕ ਮੁਖਤਾਰੀ ਵੀ ਕੀਤੀ। ਇਹ ਕੋਈ 30 (35) ਕੁ ਸਾਲ ਦੇ ਸਮੇਂ ਦੀ ਗੱਲ ਹੈ। ਉਦੋਂ ਆਪ ਨਾਲ ਸਹਾਇਕ ਮੁਖਤਾਰ, ਸ੍ਰੀਮਾਨ ਸੂਬਾ ਗੁਰਬਖਸ਼ ਸਿੰਘ ਜੀ ਚੱਕ (ਮਲੇਰਕੋਟਲੇ) ਵਾਲੇ ਸਨ। ਇਸ ਜੋੜੀ ਨੇ ਕੁਝ ਸਾਲ ਬੜੀ ਕੁਸ਼ਲਤਾ ਨਾਲ ਡੇਰੇ ਦਾ ਪ੍ਰਬੰਧ ਚਲਾਇਆ।"

"ਮੂੰਹ ਆਈ ਗੱਲ ਨੂੰ ਨਿਰਸੰਕੋਚ ਅਤੇ ਨਿਡਰ ਹੋ ਕੇ ਕਹਿਣਾ, ਸ੍ਰ. ਲਛਮਣ ਸਿੰਘ ਜੀ ਦਾ ਉਚੇਚਾ ਲੱਛਣ ਸੀ। ਜਦੋਂ ਵੀ ਕਿਸੇ ਨੇ ਨਾਮਧਾਰੀ ਪੰਥ ਅਤੇ ਸ੍ਰੀ ਸਤਿਗੁਰੂ ਜੀ ਦੇ ਹਿੱਤਾਂ ਨੂੰ ਠੇਸ ਲਾਉਣ ਦੀ ਕੋਸ਼ਿਸ਼ ਕੀਤੀ, ਤਦੋਂ ਹੀ ਆਪ ਨੇ ਆਪਣੀ ਨਿਧੜਕ ਆਵਾਜ਼ ਉਠਾਈ ਤੇ ਮੁਖਾਲਫ਼ ਨੂੰ ਨਿਰੁੱਤਰ ਕਰ ਦਿੱਤਾ।"

"ਉਦਾਰਤਾ ਆਪ ਦਾ ਖਾਨਦਾਨੀ ਵਿਰਸਾ ਸੀ। ਜਦੋਂ ਵੀ ਕੋਈ ਸੱਜਣ, ਮਿੱਤਰ ਜਾਂ ਲੋੜਵੰਦ ਮਿਲਿਆ, ਆਪ ਨੇ ਆਖਰੀ ਪਾਈ ਤੱਕ ਵੀ ਲੇਖੇ ਲਾ ਦਿੱਤੀ। ਮਿੱਤਰ ਪਾਲ ਆਪ ਵਰਗੇ ਕੋਈ ਵਿਰਲੇ ਹੀ ਹੋ ਸਕਦੇ ਹਨ।

ਮਿੱਤਰ ਦੀ ਮੁਸੀਬਤ ਵਿੱਚ ਕਮਾਲ ਦੀ ਸਫਾਈ ਨਾਲ ਮੱਦਦ ਕਰਦੇ, ਤੇ ਮੱਦਦ ਦਾ ਵਿਖਾਲਾ ਕਦੇ ਵੀ ਨਹੀਂ ਸਨ ਪਾਂਦੇ।"

"ਸ੍ਰੀ ਭੈਣੀ ਸਾਹਿਬ ਜਾਂ ਹੋਰ ਥਾਵਾਂ ਦੇ ਮੇਲਿਆਂ, ਹੋਲਿਆਂ ਵਿੱਚ ਆਪ ਲਈ ਉਚੇਚੀ ਜਗ੍ਹਾ ਰਾਖਵੀਂ ਹੁੰਦੀ ਸੀ ਤੇ ਇਹਨਾਂ ਦੇ ਕੋਲ ਛਕਣ ਛਕਾਣ ਵਾਲੇ ਜੁੜੇ ਹੀ ਰਹਿੰਦੇ ਸਨ।"

"ਪਿਛਲੇ ਹੋਲੇ ਸਮੇਂ ਮੈਂ ਸਰਦਾਰ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ, ਘੋੜਿਆਂ ਵਾਲੇ ਅਸਤਬਲਾਂ ਵਿੱਚ ਮਿਲਿਆ। ਆਪ ਬੜੀ ਠਾਠ ਨਾਲ ਮੰਜੇ ਤੇ ਲੇਟੇ ਹੋਏ, ਸਾਥੀਆਂ ਨਾਲ ਗੱਲਬਾਤ ਕਰ ਰਹੇ ਸਨ। ਮੇਰੇ ਜਾਣ ਤੇ ਉਚੇਚੇ ਉਤਸ਼ਾਹ ਨਾਲ ਉੱਠੇ ਤੇ ਕਹਿਣ ਲੱਗੇ, "ਕਵੀ ਜੀ, ਕੀ ਹੋ ਗਿਆ ਜੋ ਮੈਂ ਬੁੱਢਾ ਹੋ ਗਿਆ ਹਾਂ ਤੇ ਰੁਪਏ ਨਹੀਂ ਕਮਾ ਸਕਦਾ। ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਇਸ ਉਮਰ ਵਿੱਚ ਵੀ ਏਨਾ ਅਮੀਰ ਰੱਖਿਆ ਹੋਇਆ ਹੈ ਕਿ ਮੈਂ ਹਰ ਤਰ੍ਹਾਂ ਤੁਹਾਡੀ ਸੇਵਾ ਕਰ ਸਕਦਾ ਹਾਂ।"

"ਸੇਵਾ ਦੀ ਕੀ ਜ਼ਰੂਰਤ, ਮੈਂ ਤਾਂ ਤੁਹਾਡੇ ਦਰਸ਼ਨਾਂ ਲਈ ਆਇਆ ਹਾਂ।" ਮੈਂ ਸ਼ਰਮਸ਼ਾਰ ਹੋ ਕੇ ਆਖਿਆ।

"ਹਾਂ ਸਿਆਣੇ ਧੀ ਪੁੱਤ ਹੀ ਆਪਣੇ ਬਜ਼ੁਰਗਾਂ ਨੂੰ ਅਜੇਹਾ ਮਾਣ ਦਿੰਦੇ ਹਨ। ਜੇ ਤੁਹਾਡੇ ਹਮ ਜਮਾਤੀ ਸਤਿਗੁਰੂ ਜੀ ਨੇ ਮੇਰੀ ਸਿਹਤ ਤੇ ਰੂਹ ਦਾ ਧਿਆਨ ਰੱਖਿਆ ਹੈ ਤਾਂ ਤੁਸੀਂ ਉਹਨਾਂ ਦੇ ਸਾਥੀ ਮੈਨੂੰ ਮਾਣ ਦੇਣ ਆ ਜਾਂਦੇ ਹੋ।

"ਮੈਂ ਸਮਝਦਾ ਹਾਂ ਕਿ ਤੁਸੀਂ ਜੀਵਨ ਦੀ ਰੱਜਵੀਂ ਵਰਤੋਂ ਕੀਤੀ ਹੈ ਅਤੇ ਅੱਜ ਨੱਬਿਆਂ ਦੇ ਨੇੜੇ ਹੋ ਕੇ ਵੀ ਨਾ ਸਿਰਫ ਤੁਹਾਡੀ ਹੋਸ਼ ਹਵਾਸ਼ ਕਾਇਮ ਹੈ, ਸਗੋਂ ਤੁਹਾਡਾ ਜੋਸ਼ ਵੀ ਜੂੰ ਕਾ ਤੂੰ ਹੈ।"

"ਕੀ ਪੁੱਛਦੇ ਹੋ, ਮੇਰਾ ਜੀ ਕਰਦਾ ਹੈ ਕਿ ਮੈਂ ਨਾਮਧਾਰੀ ਪੰਥ ਦੀ ਸੇਵਾ ਤੇ ਸ੍ਰੀ ਸਤਿਗੁਰੂ ਜੀ ਦੇ ਕੰਮ ਆਉਣ ਲਈ ਦੋਬਾਰਾ ਧਰਤੀ ਤੇ ਆਵਾਂ। ਨਿਚੱਲਿਆ ਬਹਿਣਾ ਜਿਵੇਂ ਮੇਰੀ ਖ਼ਸਲਤ ਵਿੱਚ ਹੀ ਨਹੀਂ।" ਉਹਨਾਂ ਆਖਿਆ ਤੇ ਅੱਜ ਮੈਨੂੰ ਚੇਤੇ ਆ ਰਿਹਾ ਹੈ ਕਿ ਉਹ ਆਪਣਾ ਬਚਨ ਜ਼ਰੂਰ ਪਾਲਣਗੇ।"[5]

1931 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਤੇ ਸ੍ਰ. ਲਛਮਣ ਸਿੰਘ, ਸੂਬਾ ਸੰਤ ਜਿਊਣ ਸਿੰਘ ਅਤੇ ਖਜ਼ਾਨ ਸਿੰਘ ਅੰਮ੍ਰਿਤਸਰ ਨੇ ਅੰਮ੍ਰਿਤਸਰ ਵੈਸਾਖੀ ਦੇ ਮੇਲੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਜ਼ਿਲ੍ਹੇ ਦੀਆਂ ਨਾਮਧਾਰੀ ਸੰਗਤਾਂ ਵੱਲੋਂ ਕੀਤੇ 288 ਆਦਿ ਗੁਰੂ ਗਰੰਥ ਸਾਹਿਬ

ਦੇ ਪਾਠਾਂ ਦੀ ਸੂਚੀ ਮੱਥਾ ਟੇਕ ਕੇ, ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।[6]

1931 ਈ. ਦੇ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਅੱਸੂ ਦੇ ਜਪ ਪਰਯੋਗ ਮੇਲੇ ਦੇ ਦਿਨਾਂ ਵਿੱਚ, ਸ੍ਰ. ਲਛਮਣ ਸਿੰਘ ਜੀ ਨੇ ਜਾਣੇ ਅਨਜਾਣੇ ਹੋਈ ਕੁਰਹਿਤ ਵਾਸਤੇ, ਗਲ ਵਿੱਚ ਪੱਲਾ ਪਾ ਕੇ, ਸਤਿਗੁਰੂ ਜੀ ਅਤੇ ਸੰਗਤ ਦੇ ਸਨਮੁੱਖ ਖੜ੍ਹੇ ਹੋ ਕੇ, ਭੁੱਲ ਦਾ ਪਸ਼ਚਾਤਾਪ ਬੜੀ ਨਿਰਮਾਣਤਾ ਨਾਲ ਕੀਤਾ ਸੀ।

"ਸ੍ਰ. ਲਛਮਣ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ, ਭੈਣੀ ਸਾਹਿਬ ਦੇ ਮੇਲੇ ਤੋਂ ਪਹਿਲਾਂ ਪੁੱਜ, ਸਾਧ ਸੰਗਤ ਵਿੱਚ ਖੜੋ, ਹੱਥ ਜੋੜ ਅਰਜ਼ ਕੀਤੀ, ਸਾਧ ਸੰਗਤ ਮੈਨੂੰ ਮਾਫ ਕਰੇ ਤੇ ਤਨਖਾਹ ਡੰਨ ਲਾ ਸਾਫ ਕਰੇ। ਮੈਥੋਂ ਭਾਰੀ ਭੁੱਲ ਹੋਈ ਹੈ, ਮੈਂ ਅੰਮ੍ਰਿਤਸਰੋਂ ਸਰਦਾਰਾਂ ਨਾਲ ਦਿੱਲੀ ਜੰਜੇ ਗਿਆ, ਵੱਖਰਾ ਪ੍ਰਸ਼ਾਦਾ ਛਕਣ ਦਾ ਨੇਮ ਉਹਨਾਂ ਨਾਲ ਕਰ ਲਿਆ ਸੀ। ਪਰ ਪ੍ਰਸ਼ਾਦਾ ਛਕਣ ਸਮੇਂ, ਮਾਸ ਦੀ ਡਲੀ ਮੂੰਹ ਵਿਚ ਪਾਈ, ਮਾਸ ਮਾਲੂਮ ਹੋਇਆ ਤਾਂ ਥੁੱਕੀ। ਪੁੱਛਿਆ, ਇਹ ਕੀ ਕੀਤਾ ਜੇ ਤਾਂ ਇਕ ਨੇ ਹੱਸ ਕੇ ਕਿਹਾ, ਮੈਂ ਜਾਣ ਕੇ ਤੁਹਾਨੂੰ ਚਿੜਾਣ ਲਈ ਸ਼ੈਤਾਨਬਾਜ਼ੀ ਕੀਤੀ ਹੈ। ਮੈਂ ਭੁੱਖਾ ਉੱਠ ਅੰਮ੍ਰਿਤਸਰ ਆਇਆ ਤੇ ਅਰਾਮ ਨਾ ਆਉਂਦਾ ਸੀ। ਹੁਣ ਜਿਵੇਂ ਹੋਵੇ, ਮਿਹਰ ਕਰੋ, ਮੈਨੂੰ ਫੇਰ ਕੂਕਾ ਬਣਾਓ। ਸਤਿਗੁਰੂ ਜੀ ਇਕ ਸਧਾਰਨ ਪਾਠ ਦੀ ਤਨਖਾਹ ਲਾ ਕਿਹਾ, ਸਾਧਾਂ ਨੂੰ ਐਸੇ ਇਕੱਠਾਂ ਤੇ ਇਸ ਲਈ ਨਹੀਂ ਜਾਣਾ ਚਾਹੀਦਾ ਨਹੀਂ ਤੇ

ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥

ਅਵੱਸ਼ ਜ਼ਰੂਰ ਹੋ ਜਾਂਦਾ ਹੈ। ਸਤਿਗੁਰੂ ਜੀ ਅੰਮ੍ਰਿਤ ਛਕਵਾ, ਸਰਦਾਰ ਜੀ ਨੂੰ ਸੰਗਤ ਵਿੱਚ ਬੈਠਾ ਪਰਸ਼ਾਦ ਛਕਣ ਦਾ ਹੁਕਮ ਦਿੱਤਾ।[7]

1929-30 ਈ. ਲਾਹੌਰ ਰਾਵੀ ਦੇ ਕੰਢੇ ਦਸੰਬਰ, ਜਨਵਰੀ ਵਿੱਚ ਜੋ ਪੂਰਨ ਆਜ਼ਾਦੀ ਦਾ ਮਤਾ ਪਾਸ ਕਰਨ ਵਾਲਾ, ਕਾਂਗਰਸ ਦਾ ਕੁੱਲ ਹਿੰਦ ਕੌਮੀ ਇਜਲਾਸ ਹੋਇਆ ਸੀ, ਹੋਰ ਪ੍ਰਮੁੱਖ ਨਾਮਧਾਰੀ ਦੇਸ਼ ਭਗਤਾਂ ਸਮੇਤ, ਸ੍ਰ. ਲਛਮਣ ਸਿੰਘ ਫੱਤੋਵਾਲ ਜਾਂ ਗਰੰਥ ਗੜ੍ਹ ਵੀ ਉਸ ਵਿੱਚ ਪੇਸ਼ ਪੇਸ਼ ਸਨ।[8]
1933 ਈ. ਦੇ ਸ੍ਰੀ ਭੈਣੀ ਸਾਹਿਬ ਹੋਏ ਹੋਲੇ ਮਹੱਲੇ ਤੇ ਕਵੀ ਸਭਾ ਦੇ ਪ੍ਰਧਾਨ ਸ੍ਰ. ਲਛਮਣ ਸਿੰਘ ਜੀ ਦੇ ਛੋਟੇ ਭਾਈ ਇੰਦਰ ਸਿੰਘ ਦਮਕ ਚੁਣੇ ਗਏ ਤੇ ਸਕੱਤਰ ਸੰਤ ਤਰਨ ਸਿੰਘ ਵਹਿਮੀ ਕਵੀਆਂ ਨੂੰ ਉਤਸ਼ਾਹਿਤ ਕਰਨ ਦਾ ਕਾਰਜ ਸੰਤ ਇੰਦਰ ਸਿੰਘ ਚੱਕਰਵਰਤੀ ਤੇ ਸ੍ਰ. ਲਛਮਣ ਸਿੰਘ ਪਰਧਾਨ, ਨਾਮਧਾਰੀ ਦਰਬਾਰ ਕਰਦੇ ਰਹੇ।[9]

ਸ੍ਰ. ਲਛਮਣ ਸਿੰਘ ਨੂੰ ਜਦੋਂ ਉਹਦੇ ਪਿਤਾ ਤੋਂ ਸਤਿਗੁਰੂ ਰਾਮ ਸਿੰਘ ਜੀ

ਦੀ ਸੋਝੀ ਹੋਈ, ਉਹਨਾਂ ਕਿਹਾ ਸੀ ਕਿ ਹੁਣ ਹੋਰ ਕਿਸੇ ਨੂੰ ਨਹੀਂ ਮੰਨਣਾ ਤਾਂ ਲਛਮਣ ਸਿੰਘ ਹੋਰਾਂ ਕਿਹਾ ਸੀ- "ਪਿਤਾ ਜੀ ਜੇ ਕੋਈ ਹੋਰ ਹੋਵੇ ਚੰਗਾ ਤਾਂ ਉਹਨੂੰ ਨਾ ਮੰਨੀਏ।" ਉਹ ਕਹਿੰਦੇ, "ਓਏ ਹੋਰ ਹੋਵੇ ਕੌਣ ਚੰਗਾ ਸਤਿਗੁਰੂ ਰਾਮ ਸਿੰਘ ਤੋਂ ਬਿਨਾਂ, ਹੋਰ ਹੈ ਕੀ ਤੂੰ ਇਹ ਗੱਲ ਕੀ ਕਰਦਾ ਹੈਂ— ਓਦੂੰ ਚੰਗਾ। ਸਾਨੂੰ ਪਤਾ ਹੈ, ਸਾਡੇ ਸਾਹਮਣੇ ਕੋਈ ਕੰਧਾਂ ਉਡਾ ਕੇ ਲੈ ਜਾਏ— ਅਸੀਂ ਉਹਦੇ ਵੱਲ ਛਿੱਤਰ ਨਹੀਂ ਮਾਰਦੇ।"[10]

ਤੇ ਆਪਣੇ ਪਿਤਾ ਜੀ ਤੋਂ ਵਿਰਸੇ ਵਿੱਚ ਮਿਲੇ ਸਿੱਖੀ ਸਿਦਕ ਭਰੋਸੇ ਤੇ ਸ੍ਰ. ਲਛਮਣ ਸਿੰਘ ਤਾਉਮਰ ਖਰੇ ਉਤਰੇ। ਉਹਨਾਂ ਦੀ ਸੁਯੋਗ ਅਗੁਆਈ ਵਿੱਚ ਨਾਮਧਾਰੀ ਦਰਬਾਰ, ਸਮੂੰਹ ਨਾਮਧਾਰੀ ਸੰਗਤਾਂ ਦੀ ਪ੍ਰਤੀਨਿਧ ਸੰਸਥਾ ਬਣ ਗਿਆ। ਸਤਿਗੁਰੂ ਜੀ ਦੇ ਹਰ ਹੁਕਮ ਤੇ ਫੁੱਲ ਚੜਾਉਣੇ, ਉਹਨਾਂ ਦਾ ਜੀਵਨ ਮਿਸ਼ਨ ਸੀ।

## –ਹਵਾਲੇ ਤੇ ਟਿੱਪਣੀਆਂ–


1. ਪ੍ਰੀਤਮ ਸਿੰਘ ਕਵੀ, ਬੀਤੇ ਦੀਆਂ ਪੈੜਾਂ, ਭਾਗ 1, ਸਫਾ 286-87

2. ਸੰਤ ਇੰਦਰ ਸਿੰਘ ਚੱਕਰਵਰਤੀ, ਕੂਕਿਆਂ ਬਾਰੇ, ਦਸੰਬਰ 1956, ਪਟਿਆਲਾ, ਸ੍ਰੀਮਾਨ ਸਰਦਾਰ ਲਛਮਣ ਸਿੰਘ ਜੀ, ਸਫਾ 239-41

3. ਸ੍ਰ. ਲਛਮਣ ਸਿੰਘ, ਪਰਧਾਨ ਨਾਮਧਾਰੀ ਦਰਬਾਰ, ਸਤਿਜੁਗ, ਸਪਤਾਹਿਕ, ਸ੍ਰੀ ਭੈਣੀ ਸਾਹਿਬ, 18 ਫੱਗਣ ਸੰਬਤ 1990 ਬਿਕਰਮੀ, ਸਫਾ 10-11

4. ਪ੍ਰੀਤਮ ਸਿੰਘ ਕਵੀ, ਬੀਤੇ ਦੀਆਂ ਪੈੜਾਂ, ਭਾਗ 1, ਸਫਾ 84

5. ਪ੍ਰੀਤਮ ਸਿੰਘ ਕਵੀ, ਸਤਿਜੁਗ, ਸ੍ਰੀ ਜੀਵਨ ਨਗਰ, 3 ਕੱਤਕ ਸੰਬਤ 2018 ਬਿਕਰਮੀ ਲੇਖ- ਸ੍ਰ. ਲਛਮਣ ਸਿੰਘ ਜੀ ਠੇਕੇਦਾਰ, ਸਫਾ 4

6. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ 2, ਸਵਾ 247

7. ਉਪਰੋਕਤ, ਸਫਾ 253

8. ਉਪਰੋਕਤ, ਸਫਾ 222

9. ਉਪਰੋਕਤ, ਸਫਾ 282

10. ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਲਾਲ ਏਹਿ ਰਤਨ-3, (ਸੰ. ਪ੍ਰਿੰ. ਬੇਅੰਤ ਕੌਰ) ਬੰਕੋਕ ਵਿੱਚ 25-6-1953 ਨੂੰ ਸਤਿਗੁਰੂ ਜੀ ਦਾ ਪਰਵਚਨ, ਸਫਾ 136

# ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ, ਭਾਈ ਵਜ਼ੀਰ ਸਿੰਘ ਜੀ

ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ ਜੋ ਆਪਣੇ ਜੀਵਨ ਦਾ ਮਕਸਦ, ਇਸ਼ਟ ਦੇਵ ਨੂੰ ਮੁਕੰਮਲ ਸਮਰਪਿਤ ਹੋਣਾ ਹੀ ਸਮਝ ਕੇ, ਸਾਰਾ ਜੀਵਨ ਇਸੇ ਧੁਨ ਵਿੱਚ ਹੀ ਗੁਜ਼ਾਰ ਦੇਣ। ਗੁਰਸਿੱਖ ਜੀਵਨ ਜਾਚ ਵਿੱਚ ਸੇਵਾ ਦਾ ਸਥਾਨ ਸਭ ਤੋਂ ਉੱਪਰ ਹੈ। ਤੇ ਜਦੋਂ ਸਾਧਕ ਆਪਣੇ ਗੁਰਦੇਵ ਦੀ ਸੇਵਾ ਵਿੱਚ ਹੀ ਸਾਰਾ ਜੀਵਨ ਬਤੀਤ ਕਰ ਦੇਵੇ ਤਾਂ ਜੀਵਨ ਸਫਲ ਵੀ ਹੋ ਗਿਆ ਅਤੇ ਉਹ ਸੇਵਕ ਵੀ ਉੱਚੇ ਮੁਰਾਤਬੇ ਤੇ ਪੁੱਜ ਜਾਂਦਾ ਹੈ। ਨਾਮਧਾਰੀ ਇਤਿਹਾਸ ਵਿੱਚ ਇਸ ਤਰ੍ਹਾਂ ਦੀ ਇੱਕ ਵਿਲੱਖਣ ਹਸਤੀ ਹੋਏ ਹਨ, ਭਾਈ ਸਾਹਿਬ ਭਾਈ ਵਜ਼ੀਰ ਸਿੰਘ ਜੀ। ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੱਧੀ ਸਦੀ ਦੇ ਲਗਪਗ ਹਜ਼ੂਰੀ ਸੇਵਕ ਰਹੇ ਹਨ। ਕਵੀ ਤੇਜਾ ਸਿੰਘ ਕੰਵਲ, ਉਹਨਾਂ ਦੀ ਆਪਣੇ ਸਤਿਗੁਰੂ ਪ੍ਰਥਾਇ ਕੀਤੀ ਵੱਡੀ ਸੇਵਾ ਨੂੰ, ਤੀਜੀ ਪਾਤਸ਼ਾਹੀ ਦੁਆਰਾ ਕੀਤੀ ਗੁਰੂ ਅੰਗਦ ਸਾਹਿਬ ਦੀ ਸੇਵਾ ਦੀ ਰੋਸ਼ਨੀ ਵਿੱਚ ਰੱਖ ਕੇ ਵਿਚਾਰ ਰਹੇ ਹਨ।

"ਨਿਰਮਲ ਆਤਮਾ, ਸ਼ੀਲ ਸੁਭਾਵ, ਸ਼ੁੱਧ ਮਨ,
ਭਾਈ ਵਜ਼ੀਰ ਸਿੰਘ, ਸੋਹਣੀ ਦਾਸਤਾਨ ਹੈ ਸੀ।
ਅੱਧੀ ਸਦੀ ਸਤਿਗੁਰਾਂ ਦਾ ਨਿਕਟ ਵਰਤੀ,
ਸੇਵਾ ਵਿਚ ਹਰਦਮ ਸਾਵਧਾਨ ਹੈ ਸੀ।
ਸੇਵਾ ਵਿਚ ਇਹਦੀ ਤੀਜੀ ਪਾਤਸ਼ਾਹੀ,
ਚਿੰਨ੍ਹ ਸੇਵਾ ਦਾ ਹੁੰਦਾ ਕੁਰਬਾਨ ਹੈ ਸੀ।
ਜਦ ਵਿਰਾਗ ਵਿਚ ਆ ਕੇ ਪੜ੍ਹੇ ਧਾਰਨ,
ਹਾਲਤ ਕੋਇਲ ਦੀ ਵੀ ਨਿੰਮੋਝਾਣ ਹੈ ਸੀ।
ਸੇਵਾ ਲਈ ਆਇਆ ਪ੍ਰਤੱਖ ਡਿੱਠਾ,
ਹੋਇਆ ਸਫਲ ਜੀਵਨ ਵਿਚ ਪਿਆਰ ਤੇਰੇ।
ਧੰਨ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ,
ਮਾਨਯੋਗ ਡਿੱਠੇ ਸੇਵਾਦਾਰ ਤੇਰੇ।"[1]

ਭਾਈ ਵਜ਼ੀਰ ਸਿੰਘ ਹੋਰਾਂ ਦਾ ਪਿੰਡ ਚੱਕ ਕੂਕਿਆਂ ਦਾ, ਤਦੋਕੀ ਰਿਆਸਤ (ਅੱਜ ਕੱਲ੍ਹ ਜ਼ਿਲ੍ਹਾ) ਮਲੇਰਕੋਟਲਾ, ਪੰਜਾਬ ਵਿੱਚ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਫੌਜੀ ਜੀਵਨ ਦੇ ਲਾਹੌਰ ਸਿੱਖ ਸੈਨਾ ਵਿੱਚ ਆਪਦੇ ਸਾਥੀ, ਭਾਈ ਕਾਹਨ ਸਿੰਘ ਜੀ ਇਸੇ ਪਿੰਡ ਚੱਕ ਦੇ ਹੀ ਸਨ। ਇਹ ਕਾਹਨ ਸਿੰਘ ਜੀ, ਸਤਿਗੁਰੂ ਜੀ ਦੁਆਰਾ, 12 ਅਪਰੈਲ 1857 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਉਹਨਾਂ ਪੰਜਾਂ ਸਿੱਖਾਂ ਵਿੱਚੋਂ ਸਨ, ਜਿਹਨਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਅਤੇ ਨਾਮ ਦਾਨ ਦੇ ਕੇ, ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕੀਤੀ ਗਈ ਸੀ। ਇਹ ਸਤਿਗੁਰੂ ਜੀ ਦੁਆਰਾ ਥਾਪੇ ਪਹਿਲੇ ਪੰਜਾਂ ਵਿੱਚੋਂ ਇਕ ਸੂਬੇ ਸਨ ਅਤੇ ਉਹਨਾਂ ਦਸਾਂ ਸੂਬਿਆਂ ਵਿੱਚੋਂ ਵੀ ਇਕ ਸਨ ਜੋ ਸਤਿਗੁਰੂ ਜੀ ਦੇ ਨਾਲ ਜਲਾਵਤਨ ਕੀਤੇ ਗਏ ਸਨ। ਇਸੇ ਪਿੰਡ ਦਾ ਭਾਈ ਧਿਆਨ ਸਿੰਘ ਮਲੇਰਕੋਟਲੇ ਦੇ ਸਾਕੇ ਵਿੱਚ ਸ਼ਹੀਦ ਹੋਣ ਵਾਲੇ ਕੂਕੇ ਸਿੰਘਾਂ ਵਿੱਚੋਂ ਇਕ ਸੀ। ਭਾਈ ਵਜ਼ੀਰ ਸਿੰਘ ਜੀ ਤੋਂ ਪਹਿਲਾਂ ਗੁਰਬਖਸ਼ ਸਿੰਘ ਚੱਕ ਵਾਲੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਜੱਥੇ ਦਾ ਭਾਗ ਬਣ ਚੁੱਕੇ ਸਨ ਅਤੇ ਉਹ ਅਕਸਰ ਅਖਾੜੇ ਵਿੱਚ ਸਤਿਗੁਰੂ ਜੀ ਨਾਲ ਜੋਰ ਵੀ ਕਰਿਆ ਕਰਦੇ ਸਨ। ਇਹ ਬਾਅਦ ਵਿੱਚ ਗੁਰਦੁਆਰਾ ਭੈਣੀ ਸਾਹਿਬ ਦੇ ਪ੍ਰਬੰਧਕ ਵੀ ਰਹੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹਨਾਂ ਨੂੰ ਸੂਬਾ ਵੀ ਥਾਪਿਆ ਸੀ।

ਭਾਈ ਵਜ਼ੀਰ ਸਿੰਘ ਦਾ ਜਨਮ 1892 ਈ. ਨੂੰ ਸੰਤ ਜਿਊਣ ਸਿੰਘ ਅਤੇ ਮਾਤਾ ਭੋਲੀ ਦੇ ਘਰ, ਪਿੰਡ ਚੱਕ ਕਲਾਂ (ਜਾਂ ਚੱਕ ਕੂਕਿਆਂ ਦਾ) ਵਿਖੇ ਹੋਇਆ ਸੀ। ਇਹ ਬੋਪਾ ਰਾਇ ਗੋਤ ਦਾ ਜ਼ਿੰਮੀਦਾਰਾਂ ਦਾ ਪਰਵਾਰ ਸੀ। ਕਿਹਰ ਸਿੰਘ, ਗੁੱਜਰ ਸਿੰਘ, ਆਤਮਾ ਸਿੰਘ ਅਤੇ ਧੰਨਾ ਸਿੰਘ, ਇਹਨਾਂ ਦੇ ਚਾਰ ਭਰਾ ਅਤੇ ਰਤਨ ਕੌਰ ਅਤੇ ਧੰਨ ਕੌਰ ਦੋ ਭੈਣਾਂ ਸਨ। ਪੰਜਾਂ ਭਰਾਵਾਂ ਵਿੱਚੋਂ ਵਜ਼ੀਰ ਸਿੰਘ ਤੀਜੇ ਨੰਬਰ ਤੇ ਸਨ। ਪੰਜਾਂ ਭਰਾਵਾਂ ਵਿੱਚੋਂ ਪਰਿਵਾਰ ਕਿਹਰ ਸਿੰਘ ਅਤੇ ਆਤਮਾ ਸਿੰਘ ਦੇ ਹੀ ਸਨ ਜੋ ਦਮਦਮਾ (ਸਿਰਸਾ) ਅਤੇ ਪਿਛਲੇ ਪਿੰਡ ਚੱਕ ਵਿੱਚ ਆਬਾਦ ਹਨ। ਬੀਬੀ ਧੰਨ ਕੌਰ ਮਹੋਲੀ (ਮਲੇਰਕੋਟਲਾ) ਅਤੇ ਰਤਨ ਕੌਰ ਦੁਲੇਹ (ਲੁਧਿਆਣਾ) ਵਿਖੇ ਵਿਆਹੀਆਂ ਸਨ। ਦੋਹਾਂ ਦੇ ਪਤੀ ਆਪਣੇ ਆਪਣੇ ਪਿੰਡ ਦੇ ਲੰਬੜਦਾਰ ਸਨ। ਭਾਈ ਵਜ਼ੀਰ ਸਿੰਘ ਜੀ ਬਾਲ ਜਤੀ ਸਨ। ਜਦੋਂ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਚੱਕ ਆਉਂਦੇ ਤਾਂ ਆਪ ਸੰਗਤ ਨਾਲ ਭੈਣੀ ਸਾਹਿਬ ਜਾਂਦੇ ਤਾਂ ਸਤਿਗੁਰੂ ਜੀ ਦੇ ਦਰਸ਼ਨਾਂ ਨਾਲ ਨਦਰੀ ਨਦਰਿ ਨਿਹਾਲ ਹੋ ਜਾਂਦੇ। ਆਪ ਦਾ ਮਨ ਅੱਠੇ ਪਹਿਰ ਉਸ ਮੋਹਣੀ ਮੂਰਤ ਦੇ ਸਰੂਪ ਨੂੰ ਹੀ ਚਿਤਵਦਾ ਰਹਿੰਦਾ ਅਤੇ ਜੀਅ ਚਾਹੁੰਦਾ ਕਿ ਮੈਂ ਇਹਨਾਂ ਤੋਂ ਇੱਕ ਪਲ

ਲਈ ਵੀ ਆਸੇ ਪਾਸੇ ਨਾ ਹੋਵਾਂ। ਉਹ ਆਪਣਾ ਜੀਵਨ ਸਤਿਗੁਰੂ ਜੀ ਦੀ ਸੇਵਾ ਵਿੱਚ ਹੀ ਸਫਲ ਕਰਨਾ ਚਾਹੁਣ ਲੱਗ ਪਏ। ਸਤਿਗੁਰੂ ਜੀ ਪਾਸ ਰਹਿਣ ਦੀ ਭਾਵਨਾ ਨਾਲ ਉਹ ਕਈ ਵੇਰ ਘਰੋਂ ਚੱਲ ਕੇ ਭੈਣੀ ਸਾਹਿਬ ਆ ਟਿਕਦੇ ਅਤੇ ਫਿਰ ਕਦੇ ਕੋਈ ਭਰਾ, ਕਦੇ ਭੈਣਾਂ ਆ ਕੇ ਆਪ ਨੂੰ ਵਾਪਿਸ ਮੋੜ ਲੈ ਜਾਂਦੇ ਸਨ ਕਿ ਘਰ ਚੱਲੋ।

"ਇਹ ਘਰ ਤੇ ਚਲਾ ਜਾਂਦਾ ਪਰ ਚਿੱਤ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਹੀ ਰਹਿੰਦਾ ਤੇ ਕਹਿੰਦਾ, ਕਦੀ ਰੱਜ ਕੇ ਆਪ ਦੀ ਚਰਨ ਰਜ ਮੈਨੂੰ ਮਿਲੇਗੀ? ਕਿਉਂਕਿ ਦੋਚਿਤੀ ਉਸਨੂੰ ਦੋ ਤਰਫੋਂ ਸੀ। ਇਕ ਘਰਦਿਆਂ ਵੱਲੋਂ ਖਿੱਚ ਦੀ ਤੇ ਦੂਜੀ, ਸਤਿਗੁਰੂ ਜੀ ਵੱਲੋਂ ਮਗਨ ਰਹਿਣ ਦੇ ਸੁਭਾ ਤੋਂ ਸੋਚ ਸੀ, "ਉਹ ਬੇਪ੍ਰਵਾਹ ਨਾ ਬੋਲਨੀ" ਹੀ ਜੇ ਹਨ, ਰਹਿਣ ਤਾਂ ਮੇਰੀ ਮਨੋਂ ਮੋਹੇ ਜਾਣ ਵਾਲੀ ਲਗਨ, ਇਹਨਾਂ ਦੇ ਬਿਨਾਂ ਬੋਲਿਆਂ ਕਿਵੇਂ ਪੂਰੀ ਹੋਵੇਗੀ।"

"ਵਜ਼ੀਰ ਸਿੰਘ ਬੇਵੱਸ ਹੋਏ ਮਨੋਂ, ਭੈਣੀ ਸਾਹਿਬ ਸਤਿਗੁਰੂ ਜੀ ਪਾਸ ਕੁਝ ਦਿਨ ਰਹਿ, ਇਕਾਂਤ ਸਮੇਂ ਅਰਜ਼ ਕੀਤੀ, ਜੋ ਆਪ ਮਨਜ਼ੂਰ ਕਰੋ ਤਾਂ ਮੇਰਾ ਆਪ ਦੇ ਸਾਥ ਰਹਿਣ ਨੂੰ ਜੀ ਕਰਦਾ ਏ, ਪਰ ਡਰਦਾ ਏ, ਜੇ ਮੈਂ ਸੇਵਾ ਕੋਈ ਆਪ ਦੀ ਚਾਹਵਾਂ ਤਾਂ ਮਨਜ਼ੂਰ ਕਰ ਲਵੋਗੇ?

"ਸਤਿਗੁਰੂ ਜੀ ਗੜਵਾ ਫੜਾ, ਜੰਗਲ ਨੂੰ ਸਾਥ ਲੈ ਟੁਰੇ, ਕੁਝ ਚਿਰ ਸਾਥ ਜਾਣ ਤੇ ਗੱਲਾਂ ਕਰਨ ਵਿੱਚ ਜਾਣ ਲਿਆ, ਇਹ ਕੋਲ ਰੱਖਣ ਜੋਗ ਏ, ਤੇ ਕਹਿ ਦਿੱਤਾ ਮੇਰੇ ਵੱਲੋਂ ਤੇ ਮਨਜ਼ੂਰੀ ਏ, ਆਪਣੇ ਮਾਪਿਆਂ ਦੀ ਮਰਜ਼ੀ ਤੂੰ ਜਾਣ।"

"ਵਜ਼ੀਰ ਸਿੰਘ ਕਿਹਾ ਹੋਰ ਸਭ ਪਾਸੇ, ਪਰ੍ਹੇ ਸੁੱਟ ਆਇਆ ਹਾਂ ਜੋ ਕਹੋਗੇ, ਮੰਨਾਂਗਾਂ। ਮੇਰੇ ਤੇ ਆਪ ਦੇ ਮਿਲਾਪ ਵਿੱਚ ਜੋ ਅੜਿਚਨਾਂ ਪੈਣਗੀਆਂ, ਜੇ ਆਪ ਮੋਹਰ ਰੱਖੋਗੇ ਤਾਂ ਮੈਂ ਭੰਨ ਕੇ, ਆਪ ਦੇ ਚਰਨਾਂ ਦਾ ਸੇਵਕ ਹੀ ਹੋਇਆ ਰਹਾਂਗਾ। ਇਹ ਕਹਿ ਵਜ਼ੀਰ ਸਿੰਘ ਚਰਨਾਂ ਤੇ ਸਿਰ ਧਰ ਦਿੱਤਾ ਤੇ ਉੱਠ ਕੇ ਗੜਵਾ ਫੜ ਲਿਆ, ਜੇਹੀ ਜਾਚ ਆਵੇ ਸੇਵਾ ਕਰਨੀ ਅਰੰਭ ਦਿੱਤੀ। ਕਦੀ ਮਾਤਾ, ਕਦੀ ਭਰਾ ਆਏ, ਪਰ ਭਾਈ ਕਿਸੇ ਨਾਲ ਚੱਕ ਵਾਪਸ ਨਾ ਜਾਵੇ। ਅੰਤ ਪਿਤਾ ਜਿਊਣ ਸਿੰਘ ਜੀ ਆ, ਵਜ਼ੀਰ ਸਿੰਘ ਜੀ ਨੂੰ ਪੁੱਛਿਆ, ਕੋਈ ਲਾਲਚ ਲੈ ਕੇ ਤੇ ਨਹੀਂ ਲੱਗਾ ਇਹਨਾਂ ਦੀ ਸੇਵਾ ਵੱਲ? ਜਦ ਵਜ਼ੀਰ ਸਿੰਘ ਜੀ ਕਿਹਾ, ਇੱਕੋ ਲਾਲਚ ਏ, ਦਰਸ਼ਨ, ਹਿੱਤ ਤੇ ਸੇਵਾ ਹੀ ਕਰਾਂ। ਤਾਂ ਜਿਊਣ ਸਿੰਘ ਜੀ ਸਤਿਗੁਰੂ ਜੀ ਪਾਸ ਪੁੱਜ ਕਿਹਾ, ਮੈਂ ਤੇ ਜਨਮ ਦਾ ਬਾਪ ਹਾਂ, ਆਪ ਜੀਵਨ ਦੇ ਬਾਪ ਹੋ, ਇਸ ਦੀ ਲੱਗੀ ਨੂੰ ਤੁਸਾਂ

ਆਪ ਹੀ ਨਿਭਾਣਾ ਹੈ। ਸਤਿਗੁਰੂ ਜੀ ਉੱਤਰ ਦਿੱਤਾ, ਮੇਰਾ ਤੇ ਇਸ ਦਾ ਪੁਰਾਣਾ ਨਾਤਾ ਨਿਹੁੰ ਦਾ ਜਾਪਦੈ, ਉਮੀਦ ਹੈ ਉਹ ਜੋੜਨ ਵਾਲਾ, ਤੋੜ ਚਾਹੜ ਹੀ ਦੇਵੇਗਾ, ਦੇਹਾਂ ਤਕ।"

"ਗੁਰਬਖਸ਼ ਸਿੰਘ ਅੱਗੇ ਹੀ ਇਸੇ ਚੱਕ ਦਾ ਸਤਿਗੁਰੂ ਜੀ ਦਾ ਮੇਲੀ ਸੀ। ਵਜ਼ੀਰ ਸਿੰਘ ਜੀ ਭੀ ਆ ਟਿਕੇ। ਵਜ਼ੀਰ ਸਿੰਘ ਜੀ ਦਾ ਰੰਗ ਗੋਰਾ, ਕੱਦ ਰਸਮੀ, ਸਰੂਪ ਬਾਂਕਾ ਤੇ ਸਰੀਰ ਫੁਰਤੀਲਾ ਸੀ।"

"ਗੁਰਬਖਸ਼ ਸਿੰਘ ਭੀ ਚੰਗਾ ਸੁਥਰੇ ਸਰੀਰ ਵਾਲਾ ਤੇ ਹੱਸਣੇ ਸੁਭਾ ਵਾਲਾ ਸੀ। ਰਲ ਸ਼ਬਦ ਪੜ੍ਹਦੇ, ਨੇਮ ਕਰਦੇ ਤੇ ਸਤਿਗੁਰੂ ਜੀ ਦੇ ਪਾਸ ਦਾਸ ਹੋਇ ਰਹਿੰਦੇ। ਸਤਿਗੁਰੂ ਜੀ ਦਾ ਸੰਜਮੀ ਸੁਭਾ ਅੱਤ ਦਾ ਵੇਖ, ਪ੍ਰੇਮ ਵੱਸ ਹੋਏ ਸਹਾਰੀ ਜਾਂਦੇ ਤੇ ਰਾਤ ਦਿਨ ਦੀ ਕਰੜੀ ਘਾਲ ਨਾਲ ਹੀ ਧਾਰੀ ਜਾਂਦੇ। ਪਰ ਮਨੋਂ ਚਾਹੁੰਦੇ ਕੁਝ ਕਸਰਤ ਭੀ ਕੀਤੀ ਲੋੜੀਂਦੀ ਏ। ਇਹ ਸਤਿਗੁਰੂ ਜੀ ਨੂੰ ਤੇ ਕੁਝ ਨਾ ਕਹਿ ਸਕਦੇ ਪਰ ਆਪ ਇਹ ਰਹਿ ਭੀ ਨਾ ਸਕਦੇ।

ਇਸਨਾਨ, ਨੇਮ, ਭਜਨ ਬਾਣੀ, ਸੇਵਾ ਤੋਂ ਵਿਹਲ ਮਿਲੇ, ਦਿਲ ਪਰਚਾਵੇ ਤੇ ਦੇਹ ਦੀ ਸੰਭਾਲ ਹਿਤੋਂ, ਕਿਤੇ ਲੁਕ ਦੌੜ ਲਾਂਦੇ, ਕੁਸ਼ਤੀ ਕਰਦੇ, ਛਾਲ-ਛੜੱਪਾ ਮਾਰ ਲੈਂਦੇ।"

ਇਕ ਦਿਨ ਸਤਿਗੁਰੂ ਜੀ ਇਹਨਾਂ ਦੇ ਘੋਲ ਤੇ ਛਾਲ ਵਾਲੇ ਪਾਸੇ ਗਏ, ਇਹਨਾਂ ਅਰਜ਼ ਕੀਤੀ, ਆਪ ਭੀ ਜੇ ਚਾਹੋ ਤਾਂ ਸਾਡੇ ਨਾਲ ਇਸ ਪਾਸੇ ਕੁਝ ਸਮਾਂ ਦਿਆ ਕਰੋ। ਸਤਿਗੁਰੂ ਜੀ ਕਿਹਾ, "ਜਲ ਪ੍ਰਵਾਹ ਸਮ ਮਨ ਕੋ ਅਹੈ॥ ਕਰਹਿ ਜਿਤੈ ਤਿਤ ਹੀ ਅਤਿ ਵਹੈ।" ਮੈਂ ਮਸਾਂ ਮਨ ਨੂੰ ਖੇਡਾਂ ਵੱਲੋਂ ਵਰਜ, ਸਤਿਗੁਰੂ ਜੀ ਅੱਗੇ ਅਰਜ਼ ਕਰ, ਇਕਾਂਤ, ਸ਼ਾਂਤ, ਨੇਮ, ਸੰਜਮ, ਕਮਾਈ ਦੀ ਲਿਵ ਪਾਈ ਹੈ, ਮਤੇ ਮਨ ਫਿਰ ਖੇਡਾਂ ਵਿੱਚ ਹੀ ਰੁੱਝ, ਅੱਗੇ ਵਾਂਗੂੰ ਦਾ ਕੁਝ ਹੋਰ ਜਿਹਾ ਹੀ ਹੋ ਜਾਵੇ। ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂਵਾਲੇ, ਜੋ ਸਤਿਗੁਰੂ ਜੀ ਦੇ ਸੱਦੇ, ਕੁਝ ਦਿਨਾਂ ਦੇ ਨਹਿਰ ਤੇ ਆ ਠਹਿਰੇ ਹੋਏ ਸੀ, ਇਤਨੇ ਬਚਨ ਹੁੰਦਿਆਂ ਪਾਸ ਉਹ ਭੀ ਆ ਪੁੱਜੇ ਤਾਂ ਉਹਨਾਂ ਕਿਹਾ, ਬਿਹਾਗੜੇ ਦੀ ਵਾਰ ਵਿੱਚ ਮਹਲਾ 5 ਦਾ ਵਾਕ ਏ-

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥ (554)

ਤੇ ਇਹ ਭੀ ਗੁਰਵਾਕ ਹੈ-

ਮਾਣਸ ਜਨਮੁ ਵਡ ਪੁੰਨੇ ਪਾਇਆ
ਦੇਹ ਸੁ ਕੰਚਨ ਚੰਗੜੀਆ॥ (ਮਹਲਾ 4-575)

"ਜਿਸ ਦਾ ਅਰਥ ਇਹੋ ਜਾਪਦੈ ਕਿ ਮਾਨਸ ਜਨਮ ਤੇ ਇਸ ਦੇਹੀ ਨੂੰ ਚੰਗਾ ਪਾਲ ਸੰਭਾਲ ਕੇ, ਕੰਚਨ ਵੱਤ ਬਣਾ ਰਖਣਾ ਚਾਹੀਦੈ। ਜਿਸ ਦੇ ਪਾਠੋਂ ਹਿਰਦੇ 'ਚ ਗੁਰ ਚਰਨ ਤੇ ਰਸਨਾ ਤੇ ਗੁਰੂ ਪ੍ਰਮੇਸਰ ਦਾ ਨਾਮ ਵਸਦਾ ਏ।"

"ਸੰਤ ਜੀ ਕਿਹਾ, "ਦੇਹ ਘੋੜੀ ਚੜਿ ਹਰਿ ਪਾਇਆ" ਵਾਕ ਦਾ ਭੀ ਇਹੋ ਅਰਥ ਹੈ ਕਿ ਇਸ ਦੇਹੀ ਕਰ ਹੀ ਹਰੀ ਦੀ ਪ੍ਰਾਪਤੀ ਹੋ ਸਕਦੀ ਹੈ। ਜੇ ਦੇਹ ਹੀ ਢਿਲੀ ਮਾੜੀ ਹੋਵੇ ਤਾਂ ਕੋਈ ਕਿਰਿਆ ਆਪਣੀ ਭੀ ਸੁਥਰੀ ਨਹੀਂ ਹੋ ਸਕਦੀ ਤੇ ਕਿਸੇ ਦੀ ਭੀ ਸੇਵਾ ਸੁਥਰੀ ਸਾਰੀ ਨਹੀਂ ਹੋ ਸਕਦੀ, ਅੱਗੋਂ ਆਪ ਰਜਾ ਵਾਲੇ ਹੋ। ਮੇਰੀ ਇਹ ਰਾਇ ਹੈ, ਜਦ ਘੋੜਾ ਚਾਲੇ ਚਲ ਪਵੇ, ਬੈਲ ਭਵੀਂ ਠਿਲ੍ਹ ਪਵੇ (ਖੂਹ ਖਰਾਸ ਆਦਿ ਤੇ), ਫੇਰ ਉਸਨੂੰ ਕਸ਼ਟੋਂ ਮੁਕਤ ਕਰ ਕੇ, ਉਸ ਦੀ ਸਾਂਭ ਕਰਨੀ ਚਾਹੀਦੀ ਏ ਤੇ ਉਸ ਦਾ ਸੁਭਾ ਬਣਿਆ ਭੁੱਲਣ ਨਹੀਂ ਦੇਣਾ ਚਾਹੀਦਾ, ਉਹੋ ਰੌਂ ਉਸ ਦੀ ਬਣਾਈ ਰੱਖਣੀ ਚਾਹੀਦੀ ਏ। ਸਤਿਗੁਰੂ ਜੀ ਸਤਿਬਚਨ ਕੀਤਾ। ਗੁਰਬਖਸ਼ ਸਿੰਘ ਜੀ ਤੇ ਵਜ਼ੀਰ ਸਿੰਘ ਜੀ, ਗੁਪਤ ਰਿਦੇ ਦੀ ਮੰਗ ਪੂਰੀ ਹੋਈ ਜਾਣ ਜੈਕਾਰਾ ਗਜਾਇਆ।"

ਸਤਿਗੁਰੂ ਜੀ ਨਹਿਰ ਤੇ ਰਹਿੰਦੇ, ਮੌਜ ਮੇਲੇ ਕਰਦੇ ਤੇ ਭੈਣੀ ਸਾਹਿਬ ਭੀ ਅੱਗੇ ਨਾਲੋਂ ਚੋਖਾ ਚਿਰ ਆ ਟਿਕਦੇ। ਬਾਹਰ ਰਾਮਸਰ ਕੋਠੀ ਵਿੱਚ ਹੀ ਵੱਸੋਂ ਰੱਖਦੇ। ਨਹਿਰ ਤੇ ਆ, ਆਪ ਅੱਗੋਂ ਲੱਗ, ਦੌੜ ਛਾਲਾਂ ਮਾਰ, ਨਹਿਰ ਵਿੱਚੋਂ ਦੀ ਤਰ ਸਿੱਧੇ ਪਾਰ ਹੁੰਦੇ ਤੇ ਹੋਰ ਸਾਥੀਆਂ ਨੂੰ ਭੀ ਕਹਿੰਦੇ, ਇਹ ਤਾਰੂ ਤੇ ਡੋਬੂ ਜਲ ਵਹਿਣ ਵਿੱਚੋਂ, ਬਾਹੀਂ ਬਲ ਤੇ ਸਰੀਰ ਦੀ ਸੰਭਾਲ ਨਾਲ ਤਰ, ਪਾਰ ਹੋਣਾ ਭੀ ਇਕ ਵਿੱਦਿਆ ਹੈ, ਜੋ ਹਰ ਮਨੁੱਖ ਨੂੰ ਹਾਸਲ ਹੋਣੀ ਚਾਹੀਦੀ ਏ। ਜਿਵੇਂ ਆਖਦੇ ਹਨ, ਗੁਣ ਔਖੇ ਵੇਲੇ ਕੰਮ ਆਉਂਦਾ ਹੈ। ਤਿਵੇਂ ਹਰ ਗੁਣ ਮਨੁੱਖ ਨੂੰ ਹਾਸਲ ਹੋਵੇ ਤਾਂ ਸਮੇਂ ਬਣੇ ਸਾਥ ਦੇਂਦਾ ਹੈ। ਸਤਿਗੁਰੂ ਜੀ ਸਿੱਖਾਂ ਮਨ- ਮੇਲੀਆਂ ਨਾਲ ਖੂਬ ਖੇਡਦੇ।"[2]

"ਭਾਈ ਵਜ਼ੀਰ ਸਿੰਘ ਘੁਲਣ ਵਿੱਚ ਬਹੁਤ ਛੁਹਲੇ (ਫੁਰਤੀਲੇ) ਸਨ। ਉਹਨਾਂ ਦੀ ਭੈਣੀ ਸਾਹਿਬ ਵਿਖੇ ਆਮਦ ਨਾਲ ਕੁਸ਼ਤੀ ਦੇ ਅਖਾੜੇ ਵਿੱਚ ਵੀ ਰੌਣਕਾਂ ਲੱਗਣ ਲੱਗ ਪਈਆਂ ਅਤੇ ਆਪਣੇ ਇਹਨਾਂ ਹਾਣੀਆਂ, ਮੇਲੀਆਂ ਦੀ ਸੰਗਤ ਵਿੱਚ ਸਤਿਗੁਰੂ ਜੀ ਦਾ ਵੀ ਇਕ ਨਿਸ਼ਚਿਤ ਸਮਾਂ ਵਰਿਆਮਸ਼ਾਲਾ ਵਿੱਚ ਬਤੀਤ ਹੋਣ ਲੱਗ ਪਿਆ। ਉਹ ਆਤਮ ਅਤੇ ਅਧਿਆਤਮ ਬਲ ਦਾ ਸੁਮੇਲ ਸਿਰਜ ਕੇ ਨਵੇਂ ਨਿਸ਼ਾਨੇ ਤਹਿ ਕਰ ਰਹੇ ਸਨ। ਭਾਈ ਵਜ਼ੀਰ ਸਿੰਘ ਜੀ ਦਾ ਸਤਿਗੁਰੂ ਜੀ ਦੀ ਸੇਵਾ ਵਿੱਚ ਆਉਣ ਦਾ ਸਾਲ 1909-10 ਈ. ਮਾਲੂਮ ਹੁੰਦਾ ਹੈ, ਜਦੋਂ ਕਿ ਜਿਹੇ ਆਪ ਨੂੰ ਨਾਮਧਾਰੀ ਪੰਥ ਦੀ ਗੁਰਤਾ ਗੱਦੀ ਤੇ ਬਿਰਾਜਮਾਨ ਹੋਇਆਂ 3-4 ਸਾਲ ਹੀ ਹੋਏ ਸਨ। ਭਾਈ ਜੀ ਨੇ

ਇੱਥੇ ਆ ਕੇ ਆਪਣੇ ਯੁਵਾ ਜੀਵਨ ਨੂੰ, ਗੁਰੂ ਘਰ ਦੀਆਂ ਰੀਤਾਂ ਦੇ ਅਨੁਕੂਲ, ਅਨੁਸ਼ਾਸਨ ਦੀ ਕਰੜੀ ਕੁਠਾਲੀ ਵਿੱਚ ਢਾਲ ਲਿਆ ਸੀ। ਉਹ ਸਵਾ ਪਹਿਰ ਰਾਤ ਰਹਿੰਦੀ ਨਾਲ ਸੁਚੇਤ ਹੋ ਕੇ ਬਿਸਤਰਾ ਤਿਆਗ ਦਿੰਦੇ ਸਨ। ਫਿਰ ਸਤਿਗੁਰੂ ਜੀ ਦੀਆਂ ਦੈਨਿਕ ਲੋੜਾਂ ਦੀ ਪੂਰਤੀ ਵਿੱਚ ਸਹਾਈ ਹੁੰਦੇ। ਇਸ਼ਨਾਨ ਪਾਣੀ ਤੋਂ ਬਾਅਦ ਆਸਾ ਦੀ ਵਾਰ ਵਿੱਚ ਹਾਜਰੀ ਭਰਦੇ। ਭਾਈ ਜੀ ਕਈ ਦਫਾ ਸਤਿਗੁਰੂ ਜੀ ਨਾਲ ਮਿਲ ਕੇ ਆਸਾ ਦੀ ਵਾਰ ਦੀਆਂ ਸੁਰਾਂ ਵੀ ਲਾ ਲੈਂਦੇ ਸਨ। ਪਹਿਰ ਰਾਤ ਗਈ ਤੱਕ ਫਿਰ ਸਾਰਾ ਦਿਨ ਚੱਲ ਸੁ ਚੱਲ। ਅਕੇਵਾਂ ਜਾਂ ਥਕੇਵਾਂ ਉਹਨਾਂ ਦੇ ਲਾਗਿਉਂ ਨਹੀਂ ਸੀ ਲੰਘਦਾ। ਰੋਜ਼ਾਨਾ ਦਾ ਭਜਨ ਬਾਣੀਆਂ ਦਾ ਪਾਠ, ਉਹਨਾਂ ਦਾ ਨਿੱਤਨੇਮ ਵੀ ਇਸੇ ਸਮੇਂ ਵਿੱਚੋਂ ਸਮਾਂ ਕੱਢ ਕੇ ਪੂਰਾ ਕੀਤਾ ਜਾਂਦਾ।

ਸਤਿਗੁਰੂ ਜੀ ਦਾ ਬਹੁਤ ਜਲਦੀ ਹੀ ਵਜ਼ੀਰ ਸਿੰਘ ਹੋਰਾਂ ਨਾਲ ਆਤਮਿਕ ਰਿਸ਼ਤਾ ਬਣ ਗਿਆ। ਇਸੇ ਪ੍ਰੇਮ ਸਦਕਾ ਆਪ ਉਹਨਾਂ ਨੂੰ ਭਾਈ ਕਹਿ ਕੇ ਬੁਲਾਉਣ ਲੱਗ ਪਏ। ਸਿੱਖੀ ਵਿੱਚ ਭਾਈ ਦੀ ਉਪਾਧੀ, ਬਹੁਤ ਵੱਡਾ ਅਸਥਾਨ ਰੱਖਦੀ ਹੈ। ਪਹੁੰਚੇ ਹੋਏ ਗੁਰਸਿੱਖਾਂ ਨੂੰ ਸੰਗਤ ਭਾਈ ਹੋਣ ਦਾ ਮਾਣ ਬਖਸ਼ਦੀ ਹੈ। ਸਤਿਗੁਰੂ ਜੀ ਦੇ ਭਾਈ ਕਹਿਣ ਨਾਲ ਸਾਰੀ ਸੰਗਤ ਵੀ ਆਪ ਨੂੰ 'ਭਾਈ ਜੀ' ਦੇ ਲਕਬ ਨਾਲ ਹੀ ਸੰਬੋਧਿਤ ਕਰਨ ਲੱਗ ਪਈ। ਸੇਵਾ ਕਰਦਿਆਂ ਕਰਦਿਆਂ ਭਾਈ ਜੀ ਸਤਿਗੁਰੂ ਜੀ ਦੀਆਂ ਅੰਤਰ ਮਨ ਦੀਆਂ ਰਮਜਾਂ ਨੂੰ ਸਮਝਣ ਦੇ ਸਮਰੱਥ ਹੋ ਗਏ ਅਤੇ ਉਹ ਵਕਤ ਅਨੁਸਾਰ, ਸ਼ਰਦਾਈ, ਦੁੱਧ, ਸਰਦ, ਗਰਮ, ਮਿੱਠਾ, ਸਲੂਣਾ ਕੋਈ ਵੀ ਪਦਾਰਥ ਜੋ ਪਾਤਸ਼ਾਹ ਜੀ ਦੀ ਰੁਚੀ ਅਨੁਰੂਪ ਹੁੰਦਾ ਬਿਨਾਂ ਕਹਿਣ ਤੋਂ ਹੀ ਹਾਜਰ ਕਰ ਕੇ, ਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਬਣਦੇ ਸਨ।"[3]

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚ ਆਏ ਉਹਨਾਂ ਬਚਨਾਂ ਦਾ ਸਤਿਕਾਰ ਕਰਦਿਆਂ 1977 ਬਿਕਰਮੀ ਮੁਤਾਬਿਕ ਜਨਵਰੀ 1921 ਈ. ਨੂੰ ਸੁਹੇਵੇ ਸਾਹਿਬ, ਜ਼ਿਲ੍ਹਾ ਚੁਰੂ (ਉਦੋਂ ਰਿਆਸਤ ਬੀਕਾਨੇਰ ਹੁਣ ਰਾਜਸਥਾਨ) ਵਿਖੇ 101 ਅਖੰਡ ਪਾਠ ਕਰਾਉਣ ਦੀ ਯੋਜਨਾ ਬਣਾਈ ਸੀ। ਸਤਿਗੁਰੂ ਜੀ ਆਪਣੇ ਹਜ਼ੂਰੀ ਜਥੇ ਸਮੇਤ 9 ਮਾਘ ਨੂੰ ਨੌਹਰ ਤੋਂ ਚੱਲ ਕੇ ਸੁਹੇਵੇ ਸਾਹਿਬ ਦਰਸ਼ਨ ਦਿੱਤੇ। ਭਾਈ ਕਾਲਾ ਸਿੰਘ ਨੰਗਲ ਵੱਡਾ, ਕਰਤਾ, ਪੰਥ ਪ੍ਰਕਾਸ਼ ਸਿੰਘਾਂ ਨਾਮਧਾਰੀਆਂ, ਅਨੁਸਾਰ ਇਸ ਸਮੇਂ 111 ਅਖੰਡ ਪਾਠਾਂ ਦੇ ਭੋਗ 3 ਚੇਤਰ 1977 ਬਿਕਰਮੀ ਸੰਬਤ ਨੂੰ ਪਾਏ ਗਏ। ਉਹਨਾਂ ਇਸ ਸਮੇਂ ਪਾਠ ਆਦਿ ਸੇਵਾ ਕਰਨ ਵਾਲਿਆਂ ਦੇ ਨਾਮ ਲਿਖੇ ਹਨ। ਜਿਹਨਾਂ ਦਾ ਹਵਾਲਾ ਵਹਿਮੀ ਜੀ ਦੀ ਲਿਖਤ ਵਿੱਚੋਂ ਮਿਲਦਾ ਹੈ। "ਭਾਈ ਵਜ਼ੀਰ ਸਿੰਘ ਜੀ ਗੁਰੂ ਜੀ ਦਾ ਗੜਵਈ ਹਰ ਸੇਵਾ

ਕਰਦਾ, ਝਾੜੂ, ਚੱਕੀ (ਆਟਾ ਪੀਹਣਾ), ਜਲ, ਬਾਲਣ ਆਦਿ।"[4] ਯਾਦ ਰਹੇ ਕਿ ਸੁਹੇਵੇ ਸਾਹਿਬ ਵਿਖੇ ਪਹਿਲੀ ਅਤੇ ਦਸਵੀਂ ਪਾਤਸ਼ਾਹੀ ਦੇ ਮੁਬਾਰਕ ਚਰਨ ਵੀ ਪਏ ਸਨ।

"ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਅਖੰਡ ਪਾਠ ਦੀ ਰੌਲ ਲਾਉਂਦੇ ਸਨ, ਆਪਣੀ ਬਾਰੀ ਅਨੁਸਾਰ। ਏਕ ਦਿਨ ਮਾਰੂ ਡਖਣੇ ਦੀ ਵਾਰ ਪੜ੍ਹਦਿਆਂ ਸਤਿਗੁਰੂ ਜੀ ਦਾ ਗਲਾ ਵੈਰਾਗੀ ਹੋ ਭਰ ਗਿਆ ਤੇ ਨੇਤਰ ਛਮਾ ਛਮ ਬਰਸਨ ਲੱਗ ਪਏ। ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥' ਦੀ ਤੁਕ ਕਈ ਵਾਰ ਪੜ੍ਹੀ। ਨੇੜੇ ਹੀ ਬੈਠੇ ਭਾਈ ਵਜ਼ੀਰ ਸਿੰਘ ਰੁਮਾਲ ਦਿੱਤਾ। ਉਹ ਆਂਸੂਆਂ ਨਾਲ ਭਿੱਜ ਗਿਆ। ਇਸੇ ਤਰ੍ਹਾਂ ਸਾਰੀ ਰੌਲ 'ਚ, ਕਈ ਰੁਮਾਲ ਭਾਈ ਜੀ ਸੁੱਕੇ ਦਿੱਤੇ ਤੇ ਭਿੱਜੇ ਨੇਤਰਾਂ ਦੇ ਜਲ ਦੇ ਲਏ ਸਤਿਗੁਰਾਂ ਪਾਸੋਂ। ਸਭ ਦੇਖਣ ਵਾਲੇ ਭੀ ਵੈਰਾਗੀ ਹੋਏ ਰਹੇ।"[4]

1928-29 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਦੋਹਾਂ ਸਾਹਿਬਜ਼ਾਦਿਆਂ ਅਤੇ ਪੰਜਾਬ ਭਰ ਵਿੱਚੋਂ ਆਏ, ਪੌਣਾ ਸੈਂਕੜਾ ਵਿਦਿਆਰਥੀਆਂ ਲਈ, ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਵਿਦਿਆਲਾ ਖੋਹਲਿਆ ਸੀ। ਭਾਈ ਪ੍ਰੇਮ ਸਿੰਘ (ਖੁੱਡੇ ਕਰਾਲੇ-ਜ਼ਿਲ੍ਹਾ ਹੁਸ਼ਿਆਰਪੁਰ ਦਾ) ਬੱਚਿਆਂ ਨੂੰ ਕੁਸ਼ਤੀ ਕਰਨੀ ਸਿਖਾਉਂਦਾ ਸੀ। ਕਦੀ ਕਦੀ ਭਾਈ ਵਜ਼ੀਰ ਸਿੰਘ ਵੀ ਪਿੜ ਵਿੱਚ ਜਾ ਕੇ, ਬੱਚਿਆਂ ਨੂੰ ਕੁਸ਼ਤੀ ਦੇ ਕੁਝ ਹੱਥ ਦੱਸਿਆ ਕਰਦੇ ਸਨ।[5]

1922 ਈ. ਵਿੱਚ ਸ੍ਰ. ਆਤਮਾ ਸਿੰਘ ਰਾਵਲਪਿੰਡੀ ਵਾਲੇ ਦੀ ਅਰਜ ਕਰਨ ਤੇ 50-60 ਸਰੀਰਾਂ ਸਮੇਤ ਸਤਿਗੁਰੂ ਜੀ ਤਪੋ ਬਣ ਵਿੱਚ ਦਰਸ਼ਨ ਦਿੱਤੇ। ਪੰਜ ਅਖੰਡ ਪਾਠ ਕਰ ਕੇ, ਇਕ ਦਿਨ ਸੰਗਤ ਛੁੱਟੀ ਕਰਦੀ। ਇਸ ਤਰ੍ਹਾਂ ਦੇ ਛੁੱਟੀ ਵਾਲੇ ਦਿਨ ਦੀ ਇਹ ਵਾਰਤਾ ਹੈ। "ਰਾਵਲਪਿੰਡੀ ਏਕ ਦਿਨ ਭਾਈ ਵਜ਼ੀਰ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਫਲ ਹਾਜ਼ਰ ਕੀਤੇ ਤੇ ਕਿਹਾ- ਆਪ ਨੂੰ ਪਰਸ਼ਾਦ ਦੀ ਲੋੜ ਤਾਂ ਲੱਗੀ ਹੈ ਪਰ ਲਾਂਗਰੀ ਕੋਈ ਇਸ ਵਕਤ ਲੰਗਰ ਵਿੱਚ ਨਾ ਹੋਣ ਕਰ, ਮੈਂ ਫਲ ਹੀ ਲੈ ਪੁੱਜਾ ਹਾਂ। ਸਤਿਗੁਰੂ ਜੀ ਕਿਹਾ—ਲੋੜ ਤਾਂ ਠੀਕ ਪਰਸ਼ਾਦ ਦੀ ਹੀ ਹੈ। ਸੰਤ ਮੋਹਣ ਸਿੰਘ ਜੀ ਸੁਣ ਕਿਹਾ, ਅੱਜ ਛੁੱਟੀ ਦਾ ਦਿਨ ਹੋਣ ਕਰ, ਸਾਧ ਖਿੱਲਰ ਬੈਠੇ ਤੇ ਫਿਰਦੇ ਬਸਤਰ ਧੋਂਦੇ, ਖੇਡਦੇ ਹਨ। ਆਪ ਕੋਈ ਪੱਕਾ ਲਾਂਗਰੀ ਚੁਣੋ। ਸਤਿਗੁਰੂ ਜੀ ਉੱਤਰ ਦਿੱਤਾ, ਸੰਤ ਜਿਊਣ ਸਿੰਘ ਜੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਮੇਰੇ ਲਾਂਗਰੀ ਸੀ, ਸੋ ਹੁਣ ਅੰਮ੍ਰਿਤਸਰ (ਨਾਮਧਾਰੀ ਧਰਮਸ਼ਾਲਾ ਵਿੱਚ) ਲੰਗਰ ਚਲਾਉਂਦੇ ਹਨ। ਪਹਾੜਾ ਸਿੰਘ ਪਹਾੜਾਂ ਨੂੰ ਟੁਰ ਗਿਆ ਹੈ।

ਹਰਨਾਮ ਸਿੰਘ ਪੱਖੋ ਗ੍ਰਹਿਸਤੀ ਹੋ ਚਲਾ ਗਿਆ ਹੈ। ਤੇ ਲਾਲ ਸਿੰਘ ਬੱਲੂਆਣੀਆ, ਕੁਝ ਚਿਰ ਪਹਿਲਾਂ ਮੇਰੀ ਸੇਵਾ ਕਰ ਤੇ ਫੇਰ ਚੌਧਰ ਭੈਣੀ ਸਾਹਿਬ ਕਰ, ਹੁਣ ਮੰਡੀ ਜਾ ਟਿਕਿਆ ਹੈ। ਭਾਈ (ਵਜ਼ੀਰ ਸਿੰਘ) ਹੋਰੀਂ ਹੀ ਲਾਂਗਰੀਆਂ ਤੋਂ ਮੱਦਦ ਦੇ ਲੈ ਕੰਮ ਸਾਰ ਦੇਂਦੇ ਹਨ। ਲਾਂਗਰੀ ਕੀ ਕਰਨੈ।"

"ਸੰਤ ਮੋਹਣ ਸਿੰਘ ਜੀ (ਵਡਾਲਾ ਜੌਹਲਾਂ) ਅਰਜ਼ ਕੀਤੀ-ਆਪ ਇਕ ਆਪਣਾ ਪੱਕਾ ਲਾਂਗਰੀ ਚੁਣੋ। ਉਸ ਪਾਰੋਂ ਆਪ ਨੂੰ ਭੀ ਤੇ ਭਾਈ ਜੀ ਨੂੰ ਵੀ ਸੌਖ ਰਹੇਗਾ ਤੇ ਹੋਰ ਹਮਾਤੜਾਂ ਨੂੰ ਬੜਾ ਸੁਖ ਸਹਿਜੇ ਹੋਵੇਗਾ ਕਿਉਂਕਿ ਕਿਸੇ ਵੇਲੇ ਲਾਂਗਰੀਆਂ ਤੱਕ ਅਝੱਕ ਪਹੁੰਚ ਨਹੀਂ ਪੈਂਦੀ ਤੇ ਅਸੀਲਾਂ ਨੂੰ ਥੁੜ ਜਰਨੀ ਪੈਂਦੀ ਏ।

ਸਤਿਗੁਰੂ ਜੀ ਕਿਹਾ-ਸਾਧ ਸੰਗਤ ਹੀ ਆਪ ਐਸਾ ਲਾਂਗਰੀ ਥਾਪੇ ਜੋ ਮੇਰਾ ਹੀ ਨਿਰਾ ਨਾ ਜਾਪੇ, ਹੱਥ ਨੇੜੇ ਹੁੰਦੀ ਵਸਤ ਜੋ ਸਭਸ ਨੂੰ ਖੁਸ਼ ਹੋ ਵਰਤੇ। ਸਾਧ ਸੰਗਤ ਨੇ ਧਾਰਾ ਸਿੰਘ ਜੀਆ-ਬੱਗਾ, ਜ਼ਿਲ੍ਹਾ ਲਾਹੌਰ ਨੂੰ ਸਤਿਗੁਰੂ ਜੀ ਜੋਗ ਲਾਂਗਰੀ ਦੀ ਸੇਵਾ ਦੇ, ਤਿੱਖਾ ਤੇ ਸੁਚੱਜਾ ਜਾਣ ਹਾਜ਼ਰ ਕੀਤਾ। ਧਾਰਾ ਸਿੰਘ ਕਿਹਾ ਮੈਂ ਅਨਜਾਣ ਹਾਂ ਤਾਂ ਸਤਿਗੁਰੂ ਜੀ ਕਿਹਾ, ਕਾਕਾ ਤੂੰ ਫ਼ਿਕਰ ਨਾ ਕਰ, ਮੈਂ ਦੱਸ ਕੇ ਤੈਨੂੰ ਸਭ ਕੁਝ ਸਿਖਾ ਲਵਾਂਗਾ। ਤੂੰ ਸਤਿ ਬਚਨ ਤੇ ਸਹਿਜ, ਮਿਠਾਸ ਨਾਲ ਰਹੀਂ। ਭਾਈ ਜੀ ਸੇਬ, ਅੰਗੂਰ ਆਦਿ ਫਲ ਧੋ, ਸੋਧ ਦੇ ਕਰ ਛਕਾਂਦੇ। ਇਸ਼ਨਾਨ ਤੇ ਗੜਵੇ ਦੀ ਸੇਵਾ ਕਰਦੇ। ਤੇ ਬਸਤਰਾਂ ਦੀ ਸੰਤ ਮੋਹਕਮ ਸਿੰਘ ਜੀ ਧੋਣ ਸਾਂਭਣ ਦੀ ਸੇਵਾ ਕਰਦੇ। ਤੇ ਆਸਣ ਤੇ ਚੌਰ ਤੇ ਖਜ਼ਾਨੇ ਦੀ ਸੇਵਾ ਸੰਤ ਬਹਾਦਰ ਸਿੰਘ ਜੀ (ਕੱਟਿਆਂ ਵਾਲੇ) ਕਰਦੇ ਤੇ ਲਾਂਗਰੀ ਪੱਕਾ ਧਾਰਾ ਸਿੰਘ ਲੱਗਾ। ਭਾਈ ਜੀ ਸਭ ਸਿੱਖਿਆ ਤੇ ਮੱਦਦ ਦੇਂਦੇ।

"ਇਕ ਦਿਨ ਧਾਰਾ ਸਿੰਘ ਨੇ ਅਨਪੁਣਿਆ ਸ਼ਰਬਤ ਸਤਿਗੁਰੂ ਜੀ ਨੂੰ ਦਿੱਤਾ। ਸਤਿਗੁਰੂ ਜੀ ਪਿਆਰ ਨਾਲ, "ਸਦਾ ਚਾਏ ਮੁਖਿ ਮਿਸਟ ਬਾਣੀ ਵਾਕ ਵਰਤ ਕਿਹਾ, ਕਾਕਾ ਅਮੀਰਾਂ ਨੂੰ ਏਸ ਤਰ੍ਹਾਂ ਦਾ ਜਲ ਨਹੀਂ ਛਕਾਈਦਾ। ਧਾਰਾ ਸਿੰਘ ਇਕ ਦਿਨ ਪਰਸਾਦ ਨਾਲ ਘਿਉ ਦਾ ਕੌਲ ਭਰ ਕੋਲ ਲੈ ਜਾ ਧਰਿਆ। ਤਾਂ ਸਤਿਗੁਰੂ ਜੀ, "ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ" ਨੇ ਕਿਹਾ, ਕਾਕਾ ਥੋਹੜਾ ਥੋਹੜਾ ਦੇ ਮੈਂ ਕੋਈ ਰਾਹੀਂ ਹਾਂ, ਕਾਹਲ ਨਾਲ ਖਾ ਰਾਹੇ ਪੈਣੈ। ਧਾਰਾ ਸਿੰਘ ਕਿਹਾ, ਸੱਚੇ ਪਾਤਸ਼ਾਹੋ ਮੈਨੂੰ ਜਾਚ ਨਹੀਂ। ਤਾਂ ਸਤਿਗੁਰੂ ਜੀ ਕਿਹਾ, "ਕਰਤ ਕਰਤ ਅਭਿਆਸ ਕੇ, ਜੜ ਮਤ ਹੋਤ ਸੁਜਾਨ," ਵਿਦਵਾਨਾਂ ਲਿਖਿਆ ਹੈ। ਤੂੰ ਤੇ ਬੜਾ ਸਿਆਣਾ

ਜਾਪਦੈ, ਦੂਜੀ ਵਾਰ ਆਖਣ ਦੀ, ਦੱਸਣ ਦੀ ਲੋੜ ਹੀ ਨਹੀਂ ਪੈਣੀ ਕਰਨੀ। ਤੇ ਨਾਲੇ ਭਾਈ ਜੀ ਤੇਰੇ ਨਾਲ ਹਰ ਵੇਲੇ ਦੇ ਸਲਾਹੀ ਸਾਥੀ ਨੇ, ਸੁਭਾ ਤੇ ਸੁਆਦ ਦਾ ਮੇਰਾ ਸਾਰਾ ਪਤਾ ਤੈਨੂੰ ਉਸ ਕੋਲੋਂ ਲੱਗ ਜਾਏਗਾ। ਉਸ ਨੇ ਕਦੇ ਕੋਈ ਚੀਜ਼ ਮੰਗਣ ਨਹੀਂ ਦਿੱਤੀ। ਪਹਿਲੋਂ ਹੀ ਹਾਜ਼ਰ ਕਰ ਦੇਂਦੈ। ਤੇ ਜੋ ਮੈਨੂੰ ਨਾ ਭਾਉਂਦੀ ਹੋਵੇ ਉਹ ਦੇਂਦਾ ਹੀ ਨਹੀਂ। ਜਿਵੇਂ ਉਹਦੀ ਰੂਹ ਵਿੱਚ ਮੇਰੀ ਮਰਜ਼ੀ ਰਚ ਗਈ ਜਾਪਦੀ ਏ। ਤੂੰ ਜੋ ਕੁਝ ਭੀ ਚਾਰਾ ਕੀਤਾ ਚੰਗੀ ਨੀਅਤ ਨਾਲ ਤਾਂ ਤੇਰੇ ਵਿੱਚ ਭੀ ਕੋਈ ਕਸਰ ਨਾ ਰਹੇਗੀ। ਸੰਤ ਧਾਰਾ ਸਿੰਘ ਜੀ ਦੱਸਦੇ ਹਨ, ਮੈਨੂੰ ਸਤਿਗੁਰੂ ਜੀ ਨੇ ਪਿਆਰੇ ਬਚਨਾਂ ਤੇ ਵਰ ਨਾਲ ਅਜਿਹਾ ਕਰ ਦਿੱਤਾ, ਉਹਨਾਂ ਦੀ ਦਇਆ ਨਾਲ ਘੱਟ ਹੀ ਅਟਕ ਪਈ ਹੈ, ਮੇਰੇ ਵਿੱਚ ਤੇ ਸਤਿਗੁਰੂ ਜੀ ਦੇ ਲੰਗਰ ਦਾ ਕੰਮ ਕਰਨ ਵਿੱਚ ਵੱਡੀ ਮੱਦਦ ਭਾਈ ਵਜ਼ੀਰ ਸਿੰਘ ਜੀ ਦੀ ਰਹੀ ਹੈ। ਭਾਈ ਜੀ ਸਤਿਗੁਰੂ ਜੀ ਦੀ ਲੋੜ ਦੇ ਸਮੇਂ ਤੋਂ ਪਹਿਲਾਂ ਹੀ ਕਹਿ ਦੇਂਦੇ, ਹੁਣ ਇਸ ਪਦਾਰਥ ਨੂੰ ਤੂੰ ਤਿਆਰ ਕਰ ਰੱਖ।

ਭਾਈ ਵਜ਼ੀਰ ਸਿੰਘ ਜੀ ਹੀ ਇਕ ਐਸੇ ਸੇਵਕ ਹੋਏ ਹਨ, ਜਿਹਨਾਂ ਸਤਿਗੁਰੂ ਜੀ ਨੂੰ ਸੁਖ ਦੇ ਕੇ, ਸੰਜਮ ਦੀ ਬਿਰਤੀ 'ਚੋਂ ਦੇਹ ਸੰਭਾਲ ਦੇ ਖਿਆਲ ਵੱਲ ਲੱਗਣ ਸਮੇਂ ਸਾਥ ਦਿੱਤਾ। ਲਾਂਗਰੀਆਂ ਨੂੰ ਸਿਖਾਇਆ, ਦਰ ਆਏ ਨੂੰ ਨਿਰਾਸ ਨਹੀਂ ਮੋੜਨਾ, ਸਗੋਂ ਸਤਿਗੁਰੂ ਜੀ ਤੇ ਸਾਧ ਸੰਗਤ ਨਾਲ ਜੋੜਨਾ। ਨਹੀਂ ਤੇ ਹੋਰ ਅਮੀਰਾਂ ਦੇ ਸੇਵਕ ਓਮੀਆਂ, ਅਤਿਥੀਆਂ ਤੋ ਮਾੜਿਆਂ ਨਾਲ ਨਜ਼ਰ ਹੀ ਨਹੀਂ ਮੇਲਦੇ। ਤੇ ਕਿਹੜਾ ਮਾਇਆ ਜੜ੍ਹ-ਚੇਤਨ ਤੋਂ ਆਪ ਬਚ, ਹੋਰ ਮੇਲੀਆਂ ਤੇ ਸਾਥੀਆਂ ਨੂੰ ਇਤਨਾ ਸਵਾਰਦੈ।"

"ਮੇਰੀ ਜਾਚੇ, ਇਹ ਸਭ ਸਿਫਤਾਂ, ਭਾਈ ਜੀ ਵਿੱਚੋਂ ਹੀ ਹੋ ਕੇ, ਗੁਰੂ ਕੇ ਸੇਵਕਾਂ, ਲਾਂਗਰੀਆਂ ਵਿੱਚ ਵੱਸੀਆਂ ਸੀ। ਜਿਵੇਂ ਬਾਲੇ ਵਰਗਾ, ਗੁਰੂ ਨਾਨਕ ਜੀ ਦਾ ਸੇਵਕ ਤੇ ਸਾਥੀ ਹੋਰ ਨਾ ਸੀ। ਤਿਵੇਂ ਭਾਈ ਜੀ ਆਪ ਸਾਦੇ ਸਰਲ ਰਹਿ ਸਭ ਨੂੰ ਪਿਆਰਿਆ ਤੇ ਸਿੱਖਿਆ ਦਿੱਤੀ।

"ਮੈਨੂੰ ਭੀ ਭਾਈ ਜੀ ਮੱਤ ਦਿੱਤੀ ਸੀ, ਜਦ ਮੈਂ ਤੀਜੀ ਸ਼ਾਦੀ, ਪਹਿਲੇ ਪੁੱਤਰਾਂ ਦੀ ਮਾਤਾ ਦੇ ਮਰ ਜਾਣ ਤੇ ਕੀਤੀ ਸੀ। ਵੇਖੀਂ ਤਰਨ ਸਿੰਘ! ਕਿਤੇ ਪਹਿਲੀ ਉਲਾਦ ਨਾਲ ਪਿਆਰ ਨਾ ਘਟੇ, ਅਜੋੜ ਨਾ ਹੋਵੀਂ ਤੇ ਆਪਣੀ ਮਾਤਾ ਦੇ ਆਦਰ, ਅਦਬ ਵਿੱਚ ਫ਼ਰਕ ਨਾ ਪਾਵੀਂ। ਮੈਨੂੰ ਇਸ ਮੱਤ ਨੇ ਦੋ ਇਸਤਰੀਆਂ ਅਤੇ ਤਿੰਨਾਂ ਇਸਤਰੀਆਂ ਦੀ ਸੰਤਾਨ ਹੁੰਦਿਆਂ, ਸੁਖ ਦੇ ਰੱਖਿਆ ਹੈ। ਸੰਤ ਰਤਨ ਸਿੰਘ ਜੀ ਸਤਿਗੁਰੂ ਜੀ ਦੇ ਲਾਂਗਰੀ, ਭਾਈ ਜੀ ਦੀ ਮੱਤ ਤੇ ਸੰਗਤ, ਪਿਆਰ ਕਰ, ਐਸੇ ਸੌਰੇ (ਸੁਧਰੇ) ਹੋਏ, ਉਦਮੀ ਤੇ

ਉਦਾਰ ਹਨ। ਉਹ ਆਖਦੇ ਹਨ—ਭਾਈ ਜੀ ਦੇ ਚਿੱਤ ਵਿੱਚ, ਸਿਵਾ ਸਤਿਗੁਰੂ ਜੀ ਦੇ ਹਿੱਤ ਦੇ, ਹੋਰ ਵਸਤ ਆਈ ਹੀ ਨਹੀਂ। ਠੀਕ ਹੀ ਕਵੀ ਸਾਧੂ ਸਿੰਘ ਕਿਸਾਨ (ਮੇਰੇ ਪੁੱਤਰ) ਭਾਈ ਜੀ ਦੇ ਅੰਤਲੇ ਭੋਗ ਤੇ ਪੜ੍ਹਿਆ ਸੀ–

"ਵੇਖ ਵਿਲਕਦਾ 'ਰਤਨ' ਅਨਮੋਲ ਤੇਰਾ,
ਜਿਹਨੂੰ ਦਾਗ਼ ਜੁਦਾਈ ਦਾ ਲਾ ਗਿਐਂ ਤੂੰ।
ਅੱਧਾ ਪਹਿਰ ਨਾ ਯਾਰੀਆਂ ਨਿਭਦੀਆਂ ਨੇ,
ਅੱਧੀ ਸਦੀ ਨਿਰਵਿਘਨ ਲੰਘਾ ਗਿਐਂ ਤੂੰ।"[6]

1924 ਈ ਦੋ ਅਪਰੈਲ–ਮਈ ਮਹੀਨੇ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਇਕਾਂਤ ਭਜਨ ਬੰਦਗੀ ਕਰਨ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਭਾਲ ਵਿੱਚ ਪੈਦਲ ਪਹਾੜੀ ਰਸਤੇ ਗਾਹੁਣੇ ਚਾਹੁੰਦੇ ਸਨ। ਆਪ ਜਦੋਂ ਸ੍ਰੀ ਭੈਣੀ ਸਾਹਿਬਾਂ ਚੁੱਪ ਚਾਪ ਕਛਹਿਰਾ ਪਰਨਾ ਲੈ ਨਿਕਲੇ ਤਾਂ ਭਾਈ ਵਜ਼ੀਰ ਸਿੰਘ ਜੀ ਵੀ ਗੜਵਾ ਲੈ ਕੇ ਪਿੱਛੇ ਪਿੱਛੇ ਨਿਕਲ ਆਏ। ਲੁਧਿਆਣਾ ਨਾਮਧਾਰੀ ਧਰਮਸ਼ਾਲਾ ਵਿੱਚ ਲਾਟੋਂ ਤੋਂ ਟਾਂਗਾ ਲੈ ਕੇ ਆ ਉੱਤਰੇ। ਧਾਰਾ ਸਿੰਘ ਲਾਂਗਰੀ, ਮਸਤਾਨ ਸਿੰਘ ਕਿਆਮਪੁਰੀਆ ਤੇ ਸੰਤ ਬਹਾਦਰ ਸਿੰਘ ਵੀ ਦੁਪਹਿਰ ਤਕ ਆ ਗਏ। ਸਰਹੰਦ ਰੇਲ ਤੇ ਪੁੱਜੇ। ਅੱਗੋਂ ਘੋੜਾ ਬੱਘੀ ਤੇ ਰੋਪੜ। ਇੰਦਰਪੁਰੇ ਤਕ ਤੁਰਦੇ ਗਏ। ਅਸਵਾਰ ਘਾਟ ਲੰਗਰ ਕੀਤਾ। ਨਦੀ ਤੇ ਹੀ ਬਿਲਾਸਪੁਰੋਂ ਉਰੇ ਰਾਤ ਕੱਟੀ। ਪੱਲੇ ਤੇ ਆਟਾ ਗੁੰਨ੍ਹ, ਬਾਟੇ ਤੇ ਪਰਸ਼ਾਦਾ ਪਕਾਇਆ। ਇਹਨਾਂ ਦਿਨਾਂ ਵਿੱਚ ਬਜੌਰੇ ਡਾਕਾ ਵੱਜਾ ਸੀ। ਸਰਕਾਰ ਪੰਜਾਬੀਆਂ ਨੂੰ ਪਕੜਦੀ ਸੀ। ਸੋ ਸਤਿਗੁਰੂ ਜੀ ਸੁਕੇਤ ਮਕਾਨ ਕਿਰਾਏ ਤੇ ਲਏ ਵਿੱਚ ਰਹੇ ਸਨ। ਪਹਿਲੀ ਸੰਸਾਰ ਜੰਗ (1914–18) ਵੇਲੇ ਇੱਥੇ ਮਕਾਨ ਕਿਰਾਏ ਤੇ ਲੈ ਕੇ ਦੁਰਲਭ ਲਿਖਤਾਂ ਅਤੇ ਸਾਂਭਣ ਯੋਗ ਵਸਤੂਆਂ ਰੱਖੀਆਂ ਸਨ। ਡਾਕੇ ਦੀ ਵਜ੍ਹਾ ਕਾਰਨ ਅੱਗੇ ਜਾਣਾ ਟਲ ਗਿਆ। ਪਰ ਵਾਪਸੀ ਤੇ ਇਕ ਰਾਤ ਤੂੜੀ ਦੇ ਕੋਠੇ ਵਿੱਚ ਵੀ ਕੱਟਣੀ ਪਈ। ਇਉਂ ਭਾਈ ਵਜ਼ੀਰ ਸਿੰਘ ਜੀ ਹਰ ਹਾਲ ਤੇ ਹਰ ਰੰਗ ਵਿੱਚ ਸਤਿਗੁਰੂ ਜੀ ਦਾ ਸਾਥ ਮਾਣ ਕੇ ਖੁਸ਼ ਰਹਿੰਦੇ ਸਨ। ਸਤਿਗੁਰੂ ਜੀ ਦੀ ਇੱਛਾ ਇਸ ਦੌਰੇ ਸਮੇਂ, ਚੀਨ ਤੋਂ ਹੋ ਕੇ ਰੂਸ ਜਾਣ ਦੀ ਸੀ ਪਰ ਬਜੌਰੇ ਦੀ ਘਟਨਾ ਕਾਰਨ ਭਾਈ ਵਜ਼ੀਰ ਸਿੰਘ ਨੂੰ ਇਹ ਬਚਨ ਸੁਣਾਇਆ ਕਿ ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਭਾਲ ਵਿੱਚ ਇਕ ਸਿੱਖ ਮੌਲਮੀਨ (ਬਰਮਾਂ) ਵਿੱਚ ਸੂਬੇ ਲੱਖਾ ਸਿੰਘ ਪਾਸ ਭੇਜਿਆ ਸੀ। ਉਹਨਾਂ ਨੇ ਇਕ ਮਦਰਾਸੀ ਨਾਲ ਦੇ ਕੇ ਉਸ ਸਿੱਖ ਨੂੰ ਭੇਜਿਆ। ਪਹਾੜਾਂ ਵਿੱਚ ਜਾ ਕੇ ਰਸਤਾ ਪੁੱਛਣ

ਗਏ ਮਦਰਾਸੀ ਨੇ ਸਮਾਂ ਜ਼ਿਆਦਾ ਲਾ ਦਿੱਤਾ। ਸਿੱਖ ਭੈਅਮਾਨ ਹੋ ਕੇ ਵਾਪਸ ਪਰਤ ਗਿਆ। ਬਾਅਦ ਵਿੱਚ ਸੂਬਾ ਲੱਖਾ ਸਿੰਘ ਨੇ ਗੁਰੂ ਹਰੀ ਸਿੰਘ ਜੀ ਨੂੰ ਕਹਿ ' ਭੇਜਿਆ ਸੀ ਕਿ ਸਿੱਖ ਨੂੰ ਉੱਥੋਂ ਹਿੱਲਣਾ ਨਹੀਂ ਸੀ ਚਾਹੀਦਾ ਪਰ ਫਿਰ ਕਹਿੰਦੇ ਕਿ ਜੋ ਕੁਦਰਤ ਨੂੰ ਮਨਜ਼ੂਰ ਹੋਵੇ ਉਹੋ ਹੁੰਦਾ ਹੈ। ਸੋ ਆਪ ਦਾ ਦੂਰ ਦੇਸਾਂ ਵੱਲ ਭਾਲ ਖੋਜ ਲਈ ਜਾਣ ਦਾ ਕਾਰਜ ਵੀ ਇਸ ਤਰ੍ਹਾਂ ਅਟਕ ਗਿਆ ਸੀ।[8]

ਇਸੇ ਸਾਲ ਦੀਆਂ ਗਰਮੀਆਂ ਵਿੱਚ ਪਹਾੜਾਂ ਤੋਂ ਵਾਪਸ ਆ ਕੇ, ਸਤਿਗੁਰੂ ਜੀ ਨੇ ਭਾਈ ਵਜ਼ੀਰ ਸਿੰਘ ਜੀ ਸਮੇਤ ਦੂਜੇ ਸਿੱਖਾਂ ਨੂੰ ਨਹਿਰ ਦੇ ਡੇਰੇ ਤੇ ਛੱਡਿਆ ਤੇ ਆਪ ਅਛੋਪਲੇ ਹੀ ਭੇਸ ਬਦਲ ਕੇ, ਬੀਮਾਰ ਚੱਲ ਰਹੇ ਮਾਤਾ ਭੁਪਿੰਦਰ ਕੌਰ ਜੀ ਅਤੇ ਉਹਨਾਂ ਦੀ ਮਾਤਾ ਰਾਮ ਕੌਰ ਜੀ ਨੂੰ ਬਾਗ ਵਾਲੀ ਕੋਠੀ ਵਿੱਚ, ਦਰਸ਼ਨ ਦੇ ਕੇ, ਫਿਰ ਸੇਵਕਾਂ ਸਮੇਤ ਚੁੱਪ ਚਾਪ ਗੜ੍ਹਦੀਵਾਲੇ ਵਾਲੇ ਸੰਤ ਹਰਨਾਮ ਸਿੰਘ ਜੀ ਵਾਲੇ ਡੇਰੇ ਵਿੱਚ, ਭਜਨ ਬੰਦਗੀ ਵਿੱਚ ਲੀਨ ਹੋ ਗਏ ਸਨ। ਮਾਤਾ ਭੁਪਿੰਦਰ ਕੌਰ ਜੀ ਦਾ ਅੰਤ ਸਮਾਂ ਜਾਣ ਦਿਲ ਦੀ ਵੇਦਨ ਬੇਤਾਰ ਭਾਸ਼ਾ ਰਾਹੀਂ ਪੁੱਜਣ ਤੇ ਉਹਨਾਂ ਨੂੰ ਦਰਸ਼ਨ ਦੇ ਕੇ ਨਿਵਾਜਿਆ। ਸਤਿਗੁਰੂ ਜੀ ਦੀਆਂ ਅਜਿਹੀਆਂ ਰਮਜਾਂ ਅਤੇ ਕੌਤਕਾਂ ਤੋਂ ਭਾਈ ਵਜ਼ੀਰ ਸਿੰਘ ਹੋਰੀਂ ਹੀ ਪ੍ਰਤੱਖ ਦਰਸ਼ੀ ਹੋਣ ਕਾਰਨ ਜਾਣੂ ਹੁੰਦੇ ਸਨ।[9]

ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਸਿੱਖ ਸਨ ਬਾਬਾ ਬੀਰ ਸਿੰਘ ਜੀ ਚੁੰਨ੍ਹੀ ਵਾਲੇ। ਬਾਬਾ ਜੀ ਚੁੰਨ੍ਹੀ ਅਤੇ ਸ੍ਰੀ ਭੈਣੀ ਸਾਹਿਬ ਦੋਹੀਂ ਥਾਈਂ ਆ ਕੇ ਰਿਹਾ ਕਰਦੇ ਸਨ। ਇਸ ਸਮੇਂ ਆਪ ਨੇ ਗੁਰੂ ਕੇ ਸੇਵਕ ਭਾਈ ਵਜ਼ੀਰ ਸਿੰਘ ਨਾਲ ਮੇਲ ਜੋਲ ਵਧਾਉਣ ਦਾ ਯਤਨ ਕੀਤਾ। ਪਰ ਭਾਈ ਜੀ ਥੋਹੜੀ ਬੇਰੁਖੀ ਵਰਤਦੇ ਸਨ ਕਿ ਮੈਂ ਸੇਵਾ ਨੂੰ ਹੀ ਸਮਰਪਿਤ ਰਹਾਂ, ਹੋਰ ਪਾਸੇ ਨਾ ਲੱਗਾਂ। ਇਸ ਤੇ ਬਾਬਾ ਬੀਰ ਸਿੰਘ ਹੋਰਾਂ ਨੇ ਕਹਿਣਾ ਕਿ ਹੁਣ ਤਾਂ ਮੇਰੇ ਨਾਲ ਅੱਖ ਨਹੀਂ ਮਿਲਾਉਂਦਾ, ਸਮਾਂ ਆਏਗਾ ਮੈਂ ਤੇਰੀ ਹਿੱਕ ਤੇ ਲੇਟਿਆ ਕਰਾਂਗਾ। ਜਦੋਂ 1923 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਾ ਬੀਰ ਸਿੰਘ ਜੀ ਦਾ ਜਨਮ ਹੋਇਆ ਤਾਂ ਮਾਤਾ ਜੀਵਨ ਕੌਰ ਜੀ ਨੇ ਵੇਖਦਿਆਂ ਹੀ ਕਿਹਾ ਇਹ ਤੇ ਬੀਰ ਸਿੰਘ ਚੁੰਨ੍ਹੀ ਵਾਲਾ ਹੀ ਮੁੜ ਆ ਗਿਆ ਹੈ। ਉਹੋ ਜਿਹਾ ਗੋਲ ਮਟੋਲ ਸਰੀਰ। ਇਸ ਲਈ ਆਪ ਦਾ ਨਾਂ ਵੀ ਬੀਰ ਸਿੰਘ ਰੱਖ ਦਿੱਤਾ। ਹੁਣ 1924 ਈ. ਵਿੱਚ ਮਾਤਾ ਭੂਪਿੰਦਰ ਕੌਰ ਜੀ ਦੇ ਅਕਾਲ ਚਲਾਣੇ ਬਾਅਦ, ਸਾਹਿਬਜ਼ਾਦੇ ਸੇਵਕਾਂ ਦੇ ਵੀ ਅਕਸਰ ਹਵਾਲੇ ਹੋ ਜਾਂਦੇ ਸਨ।

"ਬੇਅੰਤ, ਜਗਜੀਤ ਸਿੰਘ ਜੀ, ਬੀਰ ਸਿੰਘ, ਮਾਤਾ ਜਿਊਣ ਕੌਰ ਜੀ ਤੇ ਰਾਮ ਕੌਰ ਕੋਲ ਰਹਿੰਦੇ। ਗੁਰਮੁਖ ਸਿੰਘ ਝੱਬਰ ਤੇ ਭਾਈ ਵਜ਼ੀਰ ਸਿੰਘ ਜੀ ਭੀ ਨਾਲ ਰਹਿੰਦੇ। ਭਾਈ ਜੀ, ਬੀਰ ਸਿੰਘ ਜੀ ਦਾ ਉਹ ਵਾਕ—ਹੁਣ ਸੱਦਿਆਂ ਤੇ ਕੋਲ ਨਹੀਂ ਆਉਂਦਾ, (ਫਿਰ) ਹਿੱਕ ਤੇ ਖਿਡਾਇਆ ਕਰੇਂਗਾ, ਯਾਦ ਕਰਦੇ ਤੇ ਕਹਿੰਦੇ, ਇਹ ਬੀਰ ਸਿੰਘ ਜੀ ਚੁੰਨ੍ਹੀ ਵਾਲੇ, ਸਾਥੋਂ ਉਹ ਵਾਰੀ ਲੈ ਰਹੇ ਹਨ, ਉਤੇ ਲੇਟ ਤੇ ਸੇਵਾ ਕਰਾ, ਜੋ ਤਦੋਂ ਏਹਨਾਂ ਦਾ ਆਦਰ ਪਿਆਰ ਪੂਰਾ ਨਾ ਕੀਤਾ ਸੀ।"[10]

1933-34 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਆਮ ਦੇਸ਼ (ਥਾਈਲੈਂਡ) ਦੀ ਪਹਿਲੀ ਯਾਤਰਾ ਕੀਤੀ ਸੀ। ਇਸ ਤੋਂ ਲੈ ਕੇ ਬਾਅਦ ਵਿੱਚ ਅਗਲੇ 24-25 ਸਾਲਾਂ ਤੱਕ ਸਤਿਗੁਰੂ ਜੀ ਨੇ ਅਫਰੀਕਾ ਅਤੇ ਥਾਈਲੈਂਡ ਦੀਆਂ ਅਨੇਕ ਯਾਤਰਾਵਾਂ ਕੀਤੀਆਂ। ਹਰੇਕ ਯਾਤਰਾ ਵਿੱਚ ਭਾਈ ਵਜ਼ੀਰ ਸਿੰਘ ਜੀ ਹਜ਼ੂਰੀ ਸੇਵਕ ਦੇ ਤੌਰ ਤੇ ਹਾਜਰ ਰਹਿੰਦੇ ਸਨ। ਦੇਸ਼ ਵਿਦੇਸ਼ ਦੀ ਨਾਮਧਾਰੀ ਸੰਗਤ ਵਿੱਚ ਭਾਈ ਵਜ਼ੀਰ ਸਿੰਘ ਜੀ ਬੇਹੱਦ ਸਤਿਕਾਰੇ ਜਾਂਦੇ ਸਨ।

ਜਦੋਂ ਕਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਦੇਹ ਕਰ ਕੇ ਕੋਈ ਆਧਿ ਬਿਆਧਿ ਵਿਆਪਦੀ ਤਾਂ ਭਾਈ ਵਜ਼ੀਰ ਸਿੰਘ ਜੀ ਵੀ ਬਹੁਤ ਪੀੜ ਮਹਿਸੂਸ ਕਰਿਆ ਕਰਦੇ ਸਨ। 1941 ਈਸਵੀ ਹੁਨਾਲ ਰੁੱਤ ਦੀ ਵਾਰਤਾ ਹੈ। "ਸਤਿਗੁਰੂ ਜੀ ਨੂੰ ਵਾਰੀ ਦਾ ਬੁਖਾਰ ਹੁੰਦਾ ਸੀ। 9 ਜੇਠ (1998 ਸੰਬਤ) ਸਵੇਰੇ ਹੀ ਹੋਇਆ। ਸਤਿਗੁਰੂ ਜੀ ਹਉਕਾ ਭਰ ਕਿਹਾ, ਜੇ ਜਰਾ ਕੁਵੇਲੇ ਹੁੰਦਾ ਤਾਂ ਮੈਂ ਘੰਟਾ ਨਾਮ ਸਿਮਰਨ ਤੇ ਕਰ ਲੈਂਦਾ, ਕਿਤੇ ਮੇਰਾ ਭਜਨ ਬਾਣੀ ਦਾ ਨੇਮ ਹੀ ਨਾ ਖੁੰਝੇ। ਸੰਤ ਰਤਨ ਸਿੰਘ ਜੀ ਦਵਾਈਆਂ ਵਾਲਾ ਝੋਲਾ ਸਦਾ ਕੋਲ ਰਖਦੇ। ਉਸ ਵਿੱਚ ਲੋੜਵੰਦੀਆਂ ਵਸਤਾਂ, ਅੰਮ੍ਰਿਤ ਧਾਰਾ, ਅਰਕ, ਸਤ, ਚੂਰਨ, ਕੁਨੈਣ, ਗਲੋ, ਸੁੰਢ, ਜਵਾਇਣ, ਕਾਲੀਆਂ ਮਿਰਚਾਂ, ਮਘਾਂ, ਹਰੜਾਂ ਆਦਿ ਬਣਾ ਪੀਸ ਰੱਖਦੇ। ਤਾਪ ਤੋਂ ਪਹਿਲੋਂ ਉਬਾਕ ਤੇ ਫਿਰ ਜੰਗਲ ਆਉਂਦੇ। ਰਤਨ ਸਿੰਘ ਜੀ ਦਵਾਈ ਦੇਂਦੇ। ਭਾਈ ਵਜ਼ੀਰ ਸਿੰਘ ਜੀ ਵੇਖ ਸਹਾਰ ਨਾ ਸੱਕਦੇ। ਦੂਰ ਜਾ ਬੈਠਦੇ ਸੀ। ਜਿਚਰ ਸਤਿਗੁਰੂ ਜੀ ਜਲ ਪਰਸ਼ਾਦਿ ਨਾ ਛਕਦੇ, ਭਾਈ ਜੀ ਭੀ ਨਾ ਛਕਦੇ ਸੀ।[11]

ਸਤਿਗੁਰੂ ਜੀ ਨਾਲ ਭਾਈ ਜੀ ਦਾ ਸਬੰਧ, ਉਸ ਲੋਕ- ਗੀਤ ਵਰਗਾ ਸੀ-

"ਤੇਰੀ ਮੇਰੀ ਇੱਕ ਜਿੰਦੜੀ, ਤੈਨੂੰ ਤਾਪ ਚੜ੍ਹੇ ਮੈਂ ਹੂੰਘਾਂ॥"

ਭਾਈ ਵਜ਼ੀਰ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਨਾਲ ਜੁੜੇ ਕੁਝ ਵਿਲੱਖਣ ਵਰਤਾਰਿਆਂ ਦੇ ਵੀ ਚਸ਼ਮਦੀਦ ਅਗਵਾਹ ਸਨ। ਅਜਿਹੀ

ਇਕ ਘਟਨਾ ਅਖੰਡ ਕੀਰਤਨੀ ਜੱਥੇ ਵਾਲੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੰਬੰਧਿਤ ਹੈ। ਜਿਹਨਾਂ ਦਿਨਾਂ ਵਿੱਚ ਨਾਮਧਾਰੀਆਂ ਦੁਆਰਾ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਵਾ-ਲੱਖੀ ਪਾਠਾਂ ਦੀਆਂ ਲੜੀਆਂ ਦੇ ਸਬੰਧ ਵਿੱਚ ਪੱਤਰਾ ਪਾਠ ਚੱਲ ਰਹੇ ਸਨ ਤਾਂ ਭਾਈ ਰਣਧੀਰ ਸਿੰਘ ਹੋਰਾਂ, ਕਿਤੇ ਕਹਿ ਦਿੱਤਾ ਕਿ ਜੇ ਕੋਈ ਮਹਾਰਾਜ ਪ੍ਰਤਾਪ ਸਿੰਘ ਭੈਣੀ ਸਾਹਿਬ ਵਾਲਿਆਂ ਦਾ ਸਿਰ ਵੱਢ ਲਿਆਵੇ ਤਾਂ ਮੈਂ ਉਸਨੂੰ ਇਤਨੀ ਮਾਇਆ ਦਿਆਂਗਾ।

“ਸਤਿਗੁਰੂ ਪ੍ਰਤਾਪ ਸਿੰਘ ਜੀ ਅੰਮ੍ਰਿਤਸਰੋਂ ਲਾਲ ਸਿੰਘ ਡਰਾਈਵਰ ਤੇ ਭਾਈ ਵਜ਼ੀਰ ਸਿੰਘ ਜੀ ਨੂੰ ਕਾਰ ਤੇ ਸਾਥ ਲੈ, ਇਕ ਦਿਨ ਨਾਰੰਗਵਾਲ ਤਰਕਾਲਾਂ ਵੇਲੇ ਜਾ ਰਣਧੀਰ ਸਿੰਘ ਜੀ ਦੇ ਮਕਾਨ ਤਲੇ ਖਲੋ ਅਵਾਜ਼ ਦਿੱਤੀ, ਭਾਈ ਸਾਹਿਬ ਜੀ ਦਰਸ਼ਨ ਦਿਉ। ਭਾਈ ਹੋਰਾਂ ਤਲੇ ਦੇਖਿਆ ਤੇ ਨਾਮਧਾਰੀ ਸਿੱਖ ਜਾਣ, ਸੋਚੀਂ ਪੈ ਹੌਂਸਲਾ ਧਾਰ ਇਕੱਲੇ ਹੀ ਆਏ। ਸਤਿਗੁਰੂ ਜੀ ਪਉੜੀ ਵੱਲ ਦੋ ਕਦਮ ਅੱਗੇ ਹੋ ਮਿਲੇ ਤੇ ਸਤਿ ਸ੍ਰੀ ਅਕਾਲ ਕਰੀ। ਤਾਂ ਭਾਈ ਸਾਹਿਬ ਫਤਹਿ ਬੁਲਾ ਅਸਚਰਜ ਹੋ ਕਿਹਾ, ਆਓ ਮਹਾਰਾਜ, ਐਸ ਵੇਲੇ ਕਿਵੇਂ, ਕਿਧਰੋਂ ਰਸਤਾ ਏਧਰ ਦਾ ਢੂੰਢ ਆਏ। ਸਤਿਗੁਰੂ ਜੀ ਬੜੇ ਖੇੜੇ ਦੇ ਸੁਭਾ ਹੱਸਦੇ ਚਿਹਰੇ ਕਿਹਾ, ਅਸੀਂ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਤੇ ਜਗਤ ਦੇ ਭਲੇ ਲਈ ਪਾਠ ਅਰੰਭੇ ਹਨ ਤੇ ਜੋ ਇਤਰਾਜ ਸਾਡੇ ਤੇ ਆਇਆ ਸੀ, ਸੋ ਭੀ ਮਿਟਾ ਦਿੱਤਾ ਹੈ। ਪਰ ਆਪ ਦੀ ਦੁਚਿਤੀ ਤੇ ਤਕਲੀਫ ਅਜੇ ਅੰਦਰੋਂ ਨਾ ਮੁੱਕੀ ਜਾਣ ਆਏ ਹਾਂ। ਜੇ ਅਸੀਂ ਮੰਦਾ ਕਰਦੇ ਹਾਂ ਤਾਂ ਤੁਸੀਂ ਰਕਮ ਕਿਉਂ ਭਰਦੇ ਹੋ। ਜੋ ਜੀਅ ਚਾਹੇ ਹੁਣੇ ਕਰ ਲਵੋ। ਇਹ ਸੁਣ ਭਾਈ ਜੀ ਕਿਹਾ, ਗੁਰੂ ਨਾਨਕ ਦੀ ਦਯਾ ਨਾਲ ਮੇਰੀ ਦੁਬਿਧਾ ਮੁੱਕ ਗਈ ਹੈ। ਤਾਂ ਸਤਿਗੁਰੂ ਜੀ ਹੱਸਦੇ ਹੱਸਦੇ, ਸਤਿ ਸ੍ਰੀ ਅਕਾਲ ਕਹਿ, ਸ੍ਰੀ ਭੈਣੀ ਸਾਹਿਬ ਆਏ। ਇਹ ਵਾਰਤਾ ਸੁਣੀ ਤੇ ਮੈਂ ਹੋਰ ਸਿੱਖ ਤੋਂ ਭੀ ਸੀ, ਭਾਈ ਵਜ਼ੀਰ ਸਿੰਘ ਤੇ ਲਾਲ ਸਿੰਘ ਨੇ ਦੱਸ ਪ੍ਰਤੀਤ ਕਰਾਈ।”[12]

ਅਕਸਰ ਸਿੱਖਾਂ ਪਾਸੋਂ ਭੁੱਲਾਂ ਹੋ ਜਾਂਦੀਆਂ ਹਨ। ਅਜਿਹੇ ਸਮੇਂ ਭਾਈ ਵਜ਼ੀਰ ਸਿੰਘ ਜੀ ਸਿੱਖਾਂ ਦੀ ਬਖਸ਼ਬੰਦੀ ਲਈ ਸਤਿਗੁਰੂ ਜੀ ਤੋਂ ਯਾਚਨਾ ਕਰ ਕੇ, ਟੁੱਟੀ ਸਿੱਖੀ ਮੁੜ ਗੰਢਣ ਦਾ ਕਾਰਜ ਵੀ ਕਰਦੇ ਸਨ। ਡੇਰਾ ਭੈਣੀ ਸਾਹਿਬ ਵਿੱਚ ਰਹਿਣ ਵਾਲੇ ਸੋਹਣ ਸਿੰਘ ਖਤਰਾਈਏ ਤੋਂ ਕੋਈ ਅਵੱਗਿਆ ਹੋ ਗਈ। ਸਤਿਗੁਰੂ ਜੀ ਨੇ ਪੰਥ ਵਿੱਚੋਂ ਕੱਢਣ ਅਤੇ ਭੈਣੀ ਸਾਹਿਬ ਤੋਂ ਤੁਰੰਤ ਚਲੇ ਜਾਣ ਦਾ ਹੁਕਮ ਕਰ ਦਿੱਤਾ। ਮਾਤਾ ਜੀਵਨ ਕੌਰ, ਭਾਈ ਵਜ਼ੀਰ ਸਿੰਘ ਅਤੇ ਸੰਤ ਰਤਨ ਸਿੰਘ ਲਾਂਗਰੀ ਨੇ ਉਸ ਨੂੰ ਨੇੜੇ ਤੇੜੇ ਕੁਝ ਦਿਨ

ਕੱਟਣ ਲਈ ਕਿਹਾ। ਉਹ ਗੁਰੂਸਰ ਲੱਲਾਂ ਵਾਲੇ ਡੇਰੇ ਤੇ ਚਲਾ ਗਿਆ। ਸੰਤ ਸੇਵਾ ਸਿੰਘ ਨੌਸ਼ਹਿਰਾ ਪੰਨਵਾਂ ਜੋ ਭਾਈ ਕ੍ਰਿਪਾ ਸਿੰਘ ਹਜ਼ੂਰੀ ਲਾਂਗਰੀ ਦੇ ਪਿਤਾ ਸਨ, ਉਹਨਾਂ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਿੱਖ ਸਦਾ ਭੁੱਲਦਾ ਪਰ ਤੁਸੀਂ ਬਖਸ਼ਿੰਦ ਹੋ। ਕਿਸੇ ਸਿੱਖ ਨੂੰ ਪੰਥ ਜਾਂ ਸੰਗਤ ਵਿੱਚੋਂ ਕੱਢਣਾ ਯੋਗ ਨਹੀਂ। ਜਦੋਂ ਸਤਿਗੁਰੂ ਜੀ ਸਹਿਜ ਰੂਪ ਵਿੱਚ ਆਏ, ਭਾਈ ਵਜ਼ੀਰ ਸਿੰਘ ਨੇ ਸੋਹਣ ਸਿੰਘ ਨੂੰ ਲੱਲਾਂ ਤੋਂ ਬੁਲਾ ਬਖਸ਼ਬੰਦੀ ਕਰਵਾ ਦਿੱਤੀ।[13]

ਸ੍ਰ. ਕੇਸਰ ਸਿੰਘ ਚਵਿੰਡਾ ਦਾ ਭੋਗ, 19 ਭਾਦਰੋਂ 2001 ਸੰਬਤ (ਮੁਤਾਬਿਕ 1944 ਈ.) ਨੂੰ ਸੀ। ਸਤਿਗੁਰੂ ਜੀ ਸਾਲਾਨਾ ਜਪ ਪ੍ਰਯੋਗ ਵਿੱਚ ਭਾਗ ਲੈ ਰਹੇ ਸਨ ਸ੍ਰੀ ਭੈਣੀ ਸਾਹਿਬ ਅਤੇ ਰਾਤ ਵਾਪਸ ਮੁੜਿਆ ਨਹੀਂ ਸੀ ਜਾਣਾ, ਚਵਿੰਡਾ (ਸਿਆਲਕੋਟ) ਤੋਂ ਹੋ ਕੇ। ਸੋ ਆਪਣੀ ਜਗ੍ਹਾ ਤੇ ਆਪ ਨੇ ਇਸ ਭੋਗ ਮੇਲੇ ਤੇ ਭਾਈ ਵਜ਼ੀਰ ਸਿੰਘ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਬੀਰ ਸਿੰਘ ਜੀ ਨੂੰ ਭੇਜਿਆ ਸੀ।[14]

ਵੰਡ ਤੋਂ ਪਹਿਲਾਂ ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ੇਖੂਪੁਰਾ ਦੇ ਸ੍ਰ. ਨੌਨਿਹਾਲ ਸਿੰਘ ਮਾਨ ਨੇ, ਅਕਾਲੀ ਉਮੀਦਵਾਰ ਦੇ ਉਲਟ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਤੇ ਕਾਂਗਰਸ ਨੂੰ ਵੋਟਾਂ ਪਾਉਣ ਕਾਰਨ, ਆਪਣੇ ਮੁਜ਼ਾਰੇ, ਨਾਮਧਾਰੀ ਕੰਬੋਅ ਸਿੱਖਾਂ ਨੂੰ ਜ਼ਮੀਨ ਵਾਹੁਣ ਲਈ ਨਾ ਦਿੱਤੀ। ਇਹ ਸੁਣ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ ਸੀ–"ਜੇ ਮੇਰੇ ਸਤਿਗੁਰੂ ਰਾਮ ਸਿੰਘ ਜੀ ਨੇ ਚਾਹਿਆ ਤਾਂ ਇਹ ਕੰਬੋਅ ਸਿੱਖ ਵੀ ਜ਼ਮੀਨਾਂ ਦੇ ਮਾਲਕ ਹੋਣਗੇ। ਇਸ ਬਚਨ ਨੂੰ ਮੂਰਤਮਾਨ ਕਰਨ ਲਈ ਆਪ ਨੇ ਭਾਈ ਵਜ਼ੀਰ ਸਿੰਘ ਅਤੇ ਸੰਤ ਆਲਾ ਸਿੰਘ ਜੀ ਨਾਲ ਮਤਾ ਮੇਲ ਕੇ, ਸਿਰਸਾ ਤਹਿਸੀਲ ਦੇ ਰਾਣੀਆ ਥਾਣੇ ਦੇ ਕੁਝ ਪਿੰਡਾਂ ਵਿੱਚ ਸਾਧ ਸੰਗਤ ਲਈ ਜ਼ਮੀਨ ਖਰੀਦ ਕੇ ਜਨਵਰੀ, ਫਰਵਰੀ 1947 ਵਿੱਚ ਰਜਿਸਟਰੀਆਂ ਕਰਵਾ ਲਈਆਂ ਸਨ।[15]

ਕਿਉਂਕਿ ਵੰਡ ਤੋਂ ਪਹਿਲਾਂ ਛੁੱਟੀ ਲੈ ਕੇ ਸੰਤ ਬਹਾਦਰ ਸਿੰਘ ਆਪਣੇ ਪਿੰਡ ਕੱਟਿਆਂਵਾਲੇ ਚਲੇ ਗਏ ਸਨ। ਗੁਰੂ ਕੇ ਖਜਾਨੇ ਦੀ ਸੇਵਾ ਹੁਣ ਭਾਈ ਵਜ਼ੀਰ ਸਿੰਘ ਪਾਸ ਹੁੰਦੀ ਸੀ। ਦੇਸ਼ ਦੇ ਬਟਵਾਰੇ ਬਾਅਦ ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਕਾਫੀ ਸਮਾਂ ਚੁਚਾਲ (ਹੁਣ ਜੀਵਨ ਨਗਰ) ਰਹਿੰਦੇ ਸਨ। ਸੰਗਤ ਵੱਡੀ ਗਿਣਤੀ ਵਿੱਚ ਪੱਛਮੀ ਪੰਜਾਬ ਤੋਂ ਉੱਜੜ ਕੇ ਆਉਣ ਵਾਲੀ ਇੱਥੇ ਪੁੱਜ ਰਹੀ ਸੀ। ਹਜਾਰਾਂ ਦੀ ਗਿਣਤੀ ਵਿੱਚ ਸੰਗਤ, ਮਾਲ ਪਸ਼ੂ ਗੱਡਿਆਂ ਵਾਲੇ ਇਹਨਾਂ ਦੇ ਸੰਭਾਵਿਤ ਖਰਚ ਪੱਠੇ ਦੀ ਭਾਈ

ਵਜ਼ੀਰ ਸਿੰਘ ਹੋਰਾਂ ਦੇ ਮਨ ਵਿੱਚ ਚਿੰਤਾ ਉਪਜ ਪਈ ਕਿ ਇਹਨਾਂ ਸਾਰਿਆਂ ਦਾ ਗੁਜ਼ਾਰਾ ਕਿਵੇਂ ਚੱਲੇਗਾ। ਸਤਿਗੁਰੂ ਜੀ ਇਕ ਦਿਨ ਕੋਠੇ ਤੇ ਚੜ੍ਹਦਿਆਂ ਦੇਖਿਆ, ਦੂਰ ਤੱਕ ਗੱਡਿਆਂ ਤੇ ਸਿੱਖਾਂ ਦੀਆਂ ਲਾਮ ਡੋਰੀਆਂ ਲੱਗੀਆਂ ਸੀ। ਤੇ ਕੋਠੀ ਚੁਚਾਲ ਦੇ ਅੰਦਰ ਬਾਹਰ ਭੀ ਭੀੜ ਸੀ। ਸਤਿਗੁਰੂ ਜੀ ਨੇ ਭਾਈ ਵਜ਼ੀਰ ਸਿੰਘ ਜੀ ਨੂੰ ਕਿਹਾ, ਮਤ ਤੁਸੀਂ ਜੀਅ ਵਿੱਚ ਲਿਆਉ ਕਿ ਇਹ ਕਿੱਥੋਂ ਖਾਣਗੇ। ਇਹ ਆਪਣਾ ਰਿਜ਼ਕ ਨਸੀਬ ਨਾਲ ਲੈ ਕੇ ਹੀ ਆਏ ਹਨ। ਭਾਈ ਵਜ਼ੀਰ ਸਿੰਘ ਜੀ ਮੈਨੂੰ ਦੱਸਿਆ, ਮੇਰੇ ਮਨ ਵਿੱਚ ਏਤਨੇ ਸਿੱਖ, ਪਸ਼ੂ, ਗੱਡੇ ਆਏ ਦੇਖ ਠੀਕ ਜੋ ਆਈ ਸੀ, ਸੋ ਹੀ ਸਤਿਗੁਰੂ ਜੀ ਮੇਰੀ ਇਹ ਸੋਚ ਮਿਟਾਈ ਸੀ।[16] ਕਈ ਮਹੀਨੇ ਇੱਥੇ ਗੁਰੂ ਘਰ ਦਾ ਲੰਗਰ ਅਤੁੱਟ ਚੱਲਿਆ ਤੇ ਫਿਰ ਹੌਲੇ-ਹੌਲੇ ਸਭ ਅੱਗੇ ਆਪੋ ਆਪਣੇ ਟਿਕਾਣਿਆਂ ਤੇ ਖਰੀਦੀ ਜ਼ਮੀਨ ਅਤੇ ਕੁਝ ਅਲਾਟੀਆਂ ਵਾਲੇ ਪਿੰਡਾਂ ਵਿੱਚ ਬੈਠਦੇ ਗਏ। ਪੱਛਮੀ ਪੰਜਾਬ ਵਿੱਚੋਂ ਉੱਜੜ ਕੇ ਆਇਆਂ ਦੇ ਮੁੜ ਵਸੇਬੇ ਦਾ ਵੱਡਾ ਕਾਰਜ ਸਤਿਗੁਰ ਪ੍ਰਤਾਪ ਸਿੰਘ ਜੀ ਨੇ ਉਸ ਸਮੇਂ ਕੀਤਾ ਸੀ।

ਫਰਵਰੀ 1949 ਵਿੱਚ ਜਦੋਂ ਭਾਈ ਵਜ਼ੀਰ ਸਿੰਘ ਜੀ ਚੁਚਾਲ ਕੋਠੀ ਵਿੱਚ ਹੀ ਸਨ ਇਕ ਦਿਨ ਰਿਵਾਲਵਰ ਸਾਫ ਕਰਦਿਆਂ, ਗੁਰਦਿੱਤ ਸਿੰਘ ਲੋਹਾਰ ਪਿੰਡੀ ਦਾਸੀਏ ਦੇ ਭਣੇਵੇਂ ਜੋਗਿੰਦਰ ਸਿੰਘ ਤੋਂ ਅਚਨਚੇਤ ਗੋਲੀ ਚੱਲ ਗਈ ਜੋ ਭਾਈ ਵਜ਼ੀਰ ਸਿੰਘ ਜੀ ਦੇ ਖੱਬੇ ਪੱਟ ਵਿੱਚ ਵੱਜੀ। ਸਿਰਸਾ ਜਾ ਕੇ ਗੋਲੀ ਕਢਾ ਦਿੱਤੀ ਗਈ ਅਤੇ ਕੁਝ ਦਿਨਾਂ ਵਿੱਚ ਆਪ ਠੀਕ ਹੋ ਕੇ ਫਿਰ ਸਤਿਗੁਰੂ ਜੀ ਦੀ ਸੇਵਾ ਦੇ ਮੋਰਚੇ ਤੇ ਆ ਗਏ।[17] ਉਪਰੋਕਤ ਜੋਗਿੰਦਰ ਸਿੰਘ ਦਾ ਲੜਕਾ ਭਾਈ ਗੁਰਵਿੰਦਰ ਸਿੰਘ ਹੈ ਜੋ ਪਿਛਲੇ 20 ਸਾਲਾਂ ਤੋਂ ਅਪਾਹਜਾਂ, ਬੇਸਹਾਰਿਆਂ ਲਈ ਸਿਰਸਾ ਵਿਖੇ ਭਾਈ ਕਨ੍ਹਈਆ ਆਸ਼ਰਮ ਚਲਾਉਂਦਾ ਹੈ। ਇਸ ਵਰ੍ਹੇ ਭਾਰਤ ਸਰਕਾਰ ਨੇ ਉਸ ਨੂੰ ਪਦਮ ਸ੍ਰੀ ਨਾਲ ਅਲੰਕ੍ਰਿਤ ਕੀਤਾ ਹੈ।

ਲੰਮਾਂ ਸਮਾਂ ਸਤਿਗੁਰੂ ਜੀ ਦੀ ਸੇਵਾ ਵਿੱਚ ਰਹਿਣ ਕਾਰਨ, ਉਹਨਾਂ ਨਾਲ ਵੱਖ ਵੱਖ ਸਾਧੂਆਂ, ਸੰਤਾਂ ਦੀਆਂ ਗੋਸ਼ਟੀਆਂ ਸੁਣਨ ਸਦਕਾ, ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਬਹੁਤ ਸਾਖੀਆਂ ਭਾਈ ਜੀ ਨੂੰ ਕੰਠਾਗਰ ਹੋ ਗਈਆਂ ਸਨ। "ਕਥਾ ਵਿੱਚ ਜਿਉਣ ਸਿੰਘ ਜੀ ਤੇ ਬੀਰ ਸਿੰਘ ਚੁੰਨ੍ਹੀ ਵਾਲਿਆਂ ਦਾ ਪਰਸੰਗ ਆਇਆ। ਭਾਈ ਵਜ਼ੀਰ ਸਿੰਘ ਜੀ ਕਿਹਾ, ਕੁਝ ਬਚਨ ਰਹਿ ਗਏ ਨੇ। ਸਤਿਗੁਰੂ ਜੀ ਨੇ ਮੈਨੂੰ ਉਂਗਲੀ ਦੇ ਇਸ਼ਾਰੇ ਨਾਲ ਕਿਹਾ, ਤੂੰ ਭਾਈ ਜੀ ਤੋਂ ਕਹੇ ਬਚਨ ਲਿਖ ਲੈ। ਭਾਈ ਜੀ ਦੱਸਿਆ— ਜਿਊਣ ਸਿੰਘ ਜੀ ਬੀਰ ਸਿੰਘ ਨੂੰ ਕਿਹਾ, ਆਪਣੇ ਸਹੁਰਿਆਂ ਦੇ ਪਿੰਡੋਂ ਘਰੋਂ, ਮੰਗ ਕੇ ਲਿਆ। ਬੀਰ ਸਿੰਘ ਸਹੁਰਿਆਂ ਦੇ ਘਰੋਂ ਜਾ ਮੰਗਿਆ।

ਕੁੜੀਆਂ ਜੁੜੀਆਂ, ਮਾਈਆਂ ਆਈਆਂ, ਰੀਝ ਨਾਲ ਚੰਗਾ ਚੋਖਾ ਪਦਾਰਥ ਦਿੱਤਾ, ਸੋ ਬੀਰ ਸਿੰਘ ਨੇ ਲਿਆ ਛਕਾਇਆ।" ਇਸੇ ਤਰ੍ਹਾਂ ਭਾਈ ਜੀ ਨੇ ਬੀਰ ਸਿੰਘ ਹੋਰਾਂ ਨੂੰ ਕਾਮ ਦਾ ਤੰਗ ਕਰਨਾ ਤੇ ਗੁਰੂ ਹਰੀ ਸਿੰਘ ਜੀ ਨੇ ਉਸਨੂੰ ਸਦਾ ਲਈ ਸ਼ਾਂਤ ਕਰਨਾ, ਇਹ ਸਾਖੀ ਵੀ ਭਾਈ ਜੀ ਨੇ ਸੰਤ ਤਰਨ ਸਿੰਘ ਵਹਿਮੀ ਨੂੰ ਨੋਟ ਕਰਵਾਈ ਸੀ।[18] ਇਸ ਤਰ੍ਹਾਂ ਅਸੀਂ ਭਾਈ ਵਜ਼ੀਰ ਸਿੰਘ ਜੀ ਨੂੰ ਨਾਮਧਾਰੀ ਇਤਿਹਾਸ ਦੇ ਸਰੋਤ-ਪੁਰਖ ਵੀ ਕਹਿ ਸਕਦੇ ਹਾਂ।

ਭਾਈ ਵਜ਼ੀਰ ਸਿੰਘ ਹੋਰਾਂ ਦੀ ਮਾਤਾ ਭੋਲੀ ਦੇ ਭੋਗ ਤੇ 23 ਕੱਤਕ 2009 ਸੰਬਤ (ਮੁਤਾਬਿਕ ਨਵੰਬਰ 1952) ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚੱਕ ਦਰਸ਼ਨ ਦਿੱਤੇ ਸਨ।

21-22 ਅਗਸਤ 1959 ਦੀ ਦਰਮਿਆਨੀ ਰਾਤ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਬ੍ਰਹਮਲੀਨ ਹੋ ਗਏ ਸਨ। ਇਸ ਤੋਂ ਪਹਿਲਾਂ ਆਪ ਮੰਡੀ (ਹਿਮਾਚਲ ਪਰਦੇਸ਼) ਵਿੱਚ ਸਿਹਤ ਲਾਭ ਵਾਸਤੇ ਗਏ ਸਨ, ਪਰ ਸਰੀਰ ਠੀਕ ਨਹੀਂ ਸੀ ਹੋ ਰਿਹਾ। ਸਰੀਰ ਦੀ ਹਾਲਤ ਨੂੰ ਵੇਖਦਿਆਂ ਭਾਈ ਵਜ਼ੀਰ ਸਿੰਘ ਜੀ, ਰਤਨ ਸਿੰਘ ਨੂੰ ਕਹਿੰਦੇ, "ਰਤਨ ਇਹ ਸਤਿਗੁਰੂ ਜੀ ਦੀ ਦੇਹ, ਭੈਣੀ ਸਾਹਿਬ ਤੇ ਨਾਮਧਾਰੀ ਪੰਥ ਦੀ ਇਮਾਨਤ, ਸਾਨੂੰ ਭੈਣੀ ਸਾਹਿਬ ਜਿਵੇਂ ਕਿਵੇਂ ਲੈ ਕੇ ਪੁੱਜਣਾ ਚਾਹੀਦਾ ਏ। ਜੇ ਜ਼ਰਾ ਭੀ ਏਦੂੰ ਦੇਰ-ਢਿੱਲ ਹੋ ਗਈ ਤਾਂ ਸਾਨੂੰ ਫੇਰ ਕੁਝ ਨਹੀਂ ਸੁੱਝਣਾ। ਭਾਈ ਜੀ ਆਪ ਭੀ ਅੰਨ ਜਲ ਛੱਡ ਬੈਠੇ ਸੀ ਤੇ ਬਾਬਾ ਬੀਰ ਸਿੰਘ ਜੀ ਭੀ ਕੋਲ ਬੈਠੇ ਰਹਿੰਦੇ ਸੀ। ਪਰ ਸਤਿਗੁਰੂ ਜੀ ਨੂੰ ਕਹਿ ਨਾ ਸਕਦੇ ਸੀ ਕਿ ਸੱਚੇ ਪਾਤਸ਼ਾਹ ਭੈਣੀ ਸਾਹਿਬ ਚੱਲੀਏ। ਅੰਤ 31 ਸਾਵਣ (2016 ਸੰਬਤ) ਭਾਈ ਵਜ਼ੀਰ ਸਿੰਘ ਜੀ ਰਾਤ ਦੇ ਇਕ ਵਜੇ, ਰਤਨ ਸਿੰਘ ਨੂੰ ਜਗਾ ਕੇ ਕਿਹਾ, "ਰਤਨ ਮੈਂ ਭੀ ਅੰਦਰੋਂ ਅਰਜ਼ ਕਰਦਾ ਹਾਂ, ਤੂੰ ਭੀ ਕਰ, ਹੇ ਸੱਚੇ ਪਾਤਸ਼ਾਹੋ, ਸਾਡੀ ਭੈਣੀ ਸਾਹਿਬ ਤੇ ਨਾਮਧਾਰੀ ਪੰਥ ਵੱਲੋਂ ਪੱਤ ਰੱਖੋ, ਬਖਸ਼ਿਸ਼ ਕਰੋ ਤੇ ਭੈਣੀ ਸਾਹਿਬ ਚੱਲੋ।" ਕਹਿ ਭਾਈ ਜੀ ਆਪ ਕੁਝ ਸਬਾਬ ਲੈ ਕਾਰ ਵਿੱਚ ਆ ਬੈਠੇ। ਬਾਬਾ ਬੀਰ ਸਿੰਘ ਜੀ ਕਿਹਾ ਹੌਸਲਾ ਨਹੀਂ ਪੈਂਦਾ ਅਰਜ਼ ਕਰਨ ਦਾ, ਮੈਂ ਭੀ ਗੁਪਤ ਅਰਦਾਸ ਕਰਦਾ ਹਾਂ ਸੱਚੇ ਪਾਤਸ਼ਾਹ ਭੈਣੀ ਸਾਹਿਬ ਚੱਲੋ। ਸੰਗਤ ਨੂੰ ਦਰਸ਼ਨ ਦੇਵੋ। ਥੋਹੜੇ ਚਿਰ ਬਾਅਦ ਹੀ ਸਤਿਗੁਰੂ ਜੀ ਬਾਬਾ ਬੀਰ ਸਿੰਘ ਜੀ ਨੂੰ ਕਿਹਾ, 'ਸਬਾਬ ਕਾਰ ਵਿੱਚ ਧਰੋ, ਭੈਣੀ ਸਾਹਿਬ ਚੱਲੀਏ ਤੇ ਸਾਧ ਸੰਗਤ ਦਾ ਦਰਸ਼ਨ ਕਰੀਏ।"[19]

"ਸੰਤ ਰਤਨ ਸਿੰਘ ਜੀ ਦੱਸਦੇ ਹਨ, ਸਤਿਗੁਰੂ ਜੀ ਭੀ ਮੰਡੀ ਇਕ ਦਿਨ

ਕਿਹਾ ਸੀ, ਜੇ ਭਾਈ ਅਗਦੀ ਚੜ੍ਹ ਜਾਂਦਾ ਤਾਂ ਚੰਗਾ ਸੀ, ਪਿੱਛੋਂ ਦੁਖੀ ਹੋਵੇਗਾ।" 32 ਸਾਉਣ ਦੀ ਸ਼ਾਮ ਸਤਿਗੁਰੂ ਜੀ ਦੋ ਗੋਲ ਮੰਦਰ ਵਾਲੇ ਮੰਜੇ ਤੋਂ ਹਟਵੇਂ ਬੈਠ ਹਉਕੇ ਭਰਦੇ ਰਹੇ। 21-22 ਅਗਸਤ ਦੀ ਦਰਮਿਆਨੀ ਰਾਤ ਸਤਿਗੁਰੂ ਜੀ ਜੋਤੀ ਜੋਤ ਸਮਾ ਗਏ। ਸਤਿਗੁਰੂ ਜੀ ਦਾ ਸਸਕਾਰ ਤਾਂ 22 ਅਗਸਤ ਦੀ ਸ਼ਾਮ ਤੱਕ ਕਰ ਦਿੱਤਾ ਗਿਆ। ਜਦੋਂ ਆਪ ਦਾ ਅੰਗੀਠਾ ਜਲ ਪ੍ਰਵਾਹ ਕਰਨਾ ਸੀ ਤਾਂ ਵੈਰਾਗੀ ਹੋਏ ਭਾਈ ਜੀ ਨਾਲ ਨਹੀਂ ਜਾ ਸਕੇ। ਸਤਿਗੁਰ ਜੀ ਦੇ ਵਿਓਗ ਵਿੱਚ ਹਾਵੇ ਭਰਦਿਆਂ ਹੀ ਭਾਈ ਜੀ ਦੇ ਜੀਵਨ ਦਾ ਬਾਕੀ ਰਹਿੰਦਾ ਸਮਾਂ ਬੀਤਿਆ। ਹੁਣ ਗੁਰਗੱਦੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਹੋਏ। 10 ਸਤੰਬਰ 1959 ਨੂੰ ਸਤਿਗੁਰੂ ਜੀ ਨਮਿੱਤ ਗੁਰਬਾਣੀ ਪਾਠਾਂ ਦੇ ਭੋਗ ਪਾਏ ਗਏ ਅਤੇ ਇਸੇ ਦਿਨ ਡੇਢ ਲੱਖ ਦੇ ਵਿਸ਼ਾਲ ਇਕੱਠ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰ ਬੰਦੀ ਦੀ ਰਸਮ ਹੋਈ। ਇਹ ਦਸਤਾਰ ਨਾਮਧਾਰੀ ਪੰਥ ਵੱਲੋਂ ਸੀ ਅਤੇ ਭਾਈ ਵਜ਼ੀਰ ਸਿੰਘ ਜੀ ਨੇ ਇਹ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੀਸ ਤੇ ਧਾਰਨ ਕਰਨ ਲਈ ਭੇਟ ਕੀਤੀ ਸੀ।[20]

ਬਾਕੀ ਜੀਵਨ ਦਾ ਸਮਾਂ ਭਾਈ ਸਾਹਿਬ ਨੇ ਜੀਵਨ ਨਗਰ, ਸਤਿਗੁਰੂ ਜੀ ਵਾਲੀ ਕੋਠੀ ਵਿੱਚ ਹੀ ਉਹਨਾਂ ਦੀਆਂ ਯਾਦਾਂ ਵਿੱਚ ਅੱਠੇ ਪਹਿਰ ਲੀਨ ਰਹਿੰਦਿਆਂ ਬਿਤਾਇਆ ਜਾਂ ਆਪ ਲਹਿੰਦੇ ਪਾਸੇ ਵਾਲੀ ਦੀਵਾਰ ਨਾਲ ਲੱਗੀਆਂ ਬਕਾਇਣਾਂ/ ਧਰੇਕਾਂ ਹੇਠ ਸਫ ਵਿਛਾ ਕੇ ਪਏ ਰਹਿੰਦੇ ਸਨ। ਕਿਸੇ ਨੇ ਵੀ ਹੁਣ ਭਾਈ ਸਾਹਿਬ ਦੇ ਚਿਹਰੇ ਤੇ ਖੇੜਾ ਕਦੇ ਨਹੀਂ ਸੀ ਵੇਖਿਆ।

ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਭਾਈ ਸਾਹਿਬ ਦਾ ਮਾਣ- ਤਾਣ ਪਹਿਲਾਂ ਜਿਉਂ ਹੀ ਬਰਕਰਾਰ ਰੱਖਿਆ ਗਿਆ। 20-21 ਵੈਸਾਖ 2019 ਸੰਬਤ (ਮੁਤਾਬਿਕ ਮਈ 1962 ਈ।) ਦੀ ਦਰਮਿਆਨੀ ਰਾਤ ਭਾਈ ਜੀ ਜੀਵਨ ਨਗਰ ਵਿਖੇ ਹੀ ਆਪਣੀ ਜੀਵਨ ਯਾਤਰਾ ਸੰਪੂਰਨ ਕਰ ਗਏ। ਇਲਾਕਾ ਭਰ ਦੀਆਂ ਸੰਗਤਾਂ ਦੇ ਇਕੱਠ ਵਿੱਚ ਆਪ ਦਾ ਸਸਕਾਰ 21 ਵੈਸਾਖ ਨੂੰ ਹੋਇਆ। ਆਪ ਦੇ ਨਮਿੱਤ ਪਾਠਾਂ ਦੇ ਭੋਗ ਅਤੇ ਮੇਲਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ 8 ਜੇਠ ਨੂੰ ਕੀਤਾ ਗਿਆ।

ਮਾਸਟਰ ਅਜੀਤ ਸਿੰਘ ਜੀ ਚੀਮਾ ਨੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਸਮੇਂ ਇਕ ਹਿਰਦੇ ਸਪਰਸ਼ੀ ਕਵਿਤਾ ਵਿੱਚ ਲਿਖਿਆ ਸੀ-

"ਤੂੰ ਤਾਂ ਲਾਂਗਰੀ ਰਤਨ ਦੀ ਦਸ਼ਾ ਉਤੇ,

ਜਰਾ ਜਿੰਨਾ ਨਾ ਕੀਤਾ ਧਿਆਨ ਸਤਿਗੁਰ।

ਪੱਥਰ ਵਾਂਗਰਾ ਹੋਇਆ 'ਵਜ਼ੀਰ' ਤੇਰਾ,

ਤੈਨੂੰ ਸਮਝਿਆ ਓਸ ਈਮਾਨ ਸਤਿਗੁਰ।"

ਵੈਰਾਗ, ਤਿਆਗ ਦੀ ਮੂਰਤ ਭਾਈ ਸਾਹਿਬ ਭਾਈ ਵਜ਼ੀਰ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਆਪਣੀ ਸੇਵਾ ਅਤੇ ਸੁਆਮੀ-ਭਗਤੀ ਨਾਲ ਰਿਝਾਅ ਗਏ। ਇਹੋ ਕਾਰਨ ਸੀ ਕਿ ਸਤਿਗੁਰੂ ਜੀ ਨੂੰ ਆਭਾਸ ਹੋਇਆ ਕਿ ਸਾਡੇ ਜਾਣ ਬਾਅਦ ਭਾਈ ਜੀ ਦਾ ਰਹਿੰਦਾ ਜੀਵਨ ਬੇਸੁਆਦ ਅਤੇ ਨੀਰਸ ਹੋ ਜਾਏਗਾ। ਆਪ ਨੇ ਸਤਿਗੁਰੂ ਜੀ ਤੋਂ ਬਾਅਦ ਮੁਸ਼ਕਿਲ ਨਾਲ ਪੌਣੇ ਕੁ ਤਿੰਨ ਸਾਲ ਦਾ ਹੀ ਸਮਾਂ ਬਤੀਤ ਕੀਤਾ ਸੀ। ਆਪ ਦੀਆਂ ਨਿਜੀ ਲੋੜਾਂ ਬਹੁਤ ਸੀਮਿਤ ਸਨ। ਜੇ ਕਛਹਿਰਾ ਪਾਟ ਜਾਣਾ ਤਾਂ ਨਵਾਂ ਲੈਣ ਦੀ ਬਜਾਏ ਉਸੇ ਨੂੰ ਟਾਕੀ ਲੁਆ ਲੈਣੀ। ਆਪ ਸਤਿਗੁਰੂ ਜੀ ਦੇ ਦਰਬਾਰ ਵਿੱਚ ਰਹਿਣ ਵਾਲੇ ਹੋਰ ਸੇਵਕਾਂ ਨਾਲ ਵੀ ਬੜਾ ਸਨੇਹ ਰੱਖਦੇ ਸਨ ਅਤੇ ਸਮੇਂ ਸਮੇਂ ਉਹਨਾਂ ਦੇ ਕੰਮ ਆਉਣ ਵਾਲੀ ਸਿੱਖਿਆ ਦਿਆ ਕਰਦੇ ਸਨ। ਨਵੇਂ ਸੇਵਕਾਂ ਨੂੰ ਜੜ੍ਹ ਤੇ ਚੇਤਨ ਮਾਇਆ ਤੋਂ ਬਚਣ ਦਾ ਉਪਦੇਸ਼ ਦਿਆ ਕਰਦੇ ਸਨ। ਆਪ ਨੇ 70-71 ਸਾਲ ਦੀ ਆਰਜਾ ਬਤੀਤ ਕੀਤੀ। ਸਤਿਗੁਰੂ ਜੀ ਤੋਂ ਨਿੱਖੜ ਕੇ ਜੇ ਕੋਈ ਦਿਨ ਰਾਤ ਕੱਟਣੀ ਪੈਂਦੀ ਤਾਂ ਉਦੋਂ ਵੀ ਵੈਰਾਗੀ ਹੋ ਕੇ ਪਏ ਰਹਿੰਦੇ। ਆਪ ਗੁਰਸਿੱਖੀ ਵਿੱਚ ਸੇਵਾ ਦੇ ਉੱਚੇ ਮਾਪਦੰਡ ਨਿਰਧਾਰਿਤ ਕਰ ਗਏ ਹਨ।

## -ਹਵਾਲੇ ਤੇ ਟਿੱਪਣੀਆਂ-


1. ਤੇਜਾ ਸਿੰਘ ਕੰਵਲ, ਚੰਨ ਤਾਰੇ (ਕਾਵਿ ਸੰਗ੍ਰਹਿ), ਮਾਰਚ 1993, ਫਲੋਰਾ ਪ੍ਰਕਾਸ਼ਨ, ਟੋਰਾਂਟੋ ਕੈਨੇਡਾ, ਸਫਾ 46

2. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਪਹਿਲੀ ਛਾਪ, ਸਫਾ 104-106

3. ਉਪਰੋਕਤ, ਸਫਾ 116-17

4. ਉਪਰੋਕਤ, ਸਫਾ 279

5. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਦੂਜਾ, ਸਫਾ 137

6. ਉਪਰੋਕਤ, ਸਫਾ 29-31

7. ਉਪਰੋਕਤ, ਸਫਾ 90

8. ਉਪਰੋਕਤ, ਸਫਾ 8

9. ਉਪਰੋਕਤ, ਸਫਾ 90

10. ਉਪਰੋਕਤ, ਸਫਾ 96

11. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਤੀਜਾ, ਸਫਾ 124

12. ੳਪਰੋਕਤ, ਸਫਾ 142-43, ਇਹ ਘਟਨਾ 1941-42 ਦੀ ਹੈ।

13. ੳਪਰੋਕਤ, ਸਫਾ 316

14. ਉਪਰੋਕਤ, ਸਫਾ 317

15. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਚੌਥਾ, ਸਫਾ 25

16 ਉਪਰੋਕਤ, ਸਫਾ 115

17. ਉਪਰੋਕਤ, ਸਫਾ 231

18. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪੰਜਵਾਂ, ਸਫਾ 178, ਇੱਥੇ ਵਰਣਿਤ ਕਥਾ ਜੀਵਨ ਨਗਰ ਵਿਖੇ ਭਾਦਰੋਂ 2007 ਬਿਕ੍ਰਮੀ ਮੁਤਾਬਿਕ 1950 ਈ. ਵਿੱਚ ਹੋ ਰਹੀ ਸੀ।

19. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਛੇਵਾਂ, ਸਫ਼ਾ 362

20. ਉਪਰੋਕਤ, ਸਫਾ 384

# ਮਹਾਂ-ਤਿਆਗੀ ਆਜ਼ਾਦੀ ਘੁਲਾਟੀਏ: ਪੰਡਿਤ ਮਨਸਾ ਸਿੰਘ ਕੌਮੀ

1857 ਦੇ ਪਹਿਲੇ ਸੁਤੰਤਰਤਾ ਸੰਗਰਾਮ, ਜਿਸ ਨੂੰ ਅੰਗਰੇਜ਼ ਸਿਪਾਹੀ ਵਿਦਰੋਹ ਲਿਖਦੇ ਸਨ ਤੋਂ ਵੀ ਇਕ ਮਹੀਨਾ ਪਹਿਲਾਂ ਪੰਜਾਬ ਵਿੱਚ, ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਹੇਠ, 12 ਅਪਰੈਲ 1857 ਤੋਂ ਸ੍ਰੀ ਭੈਣੀ ਸਾਹਿਬ ਤੋਂ' ਬਰਤਾਨਵੀ ਬਸਤੀਵਾਦੀਆਂ ਵਿਰੁੱਧ ਕੂਕਾ ਸੰਗਰਾਮ ਦਾ ਬਿਗੁਲ ਵਜਾ ਦਿੱਤਾ ਗਿਆ ਸੀ। ਪੂਰੀ ਅੱਧੀ ਸਦੀ 1907 ਈ. ਦੇ ਨਹਿਰੀ ਬਸਤੀਆਂ ਵਿਚ ਚੱਲੇ 'ਪਗੜੀ ਸੰਭਾਲ ਜੱਟਾ ਅੰਦੋਲਨ' ਤੱਕ, ਪੰਜਾਬ ਵਿੱਚ ਇਕ ਮਾਤਰ ਕੂਕਾ ਲਹਿਰ ਦੇ ਜਾਂਬਾਜ਼ ਹੀ ਵਿਦੇਸ਼ੀ ਹਾਕਮਾਂ ਨੂੰ ਆਪਣੇ ਨਿਵੇਕਲੇ ਢੰਗ ਨਾਲ ਵੰਗਾਰਦੇ ਰਹੇ ਸਨ। ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦੇ ਇਕੱਠ ਤੇ ਪਾਬੰਦੀ ਸੀ। ਉਹਨਾਂ ਵੱਲੋਂ ਗੁਰਬਾਣੀ ਦੇ ਪਾਠ ਕਰ ਕੇ ਭੋਗ ਪਾਉਣ ਤੇ ਰੋਕ ਸੀ। ਭੈਣੀ ਸਾਹਿਬ ਜਾਣ ਤੇ ਰੋਕ ਸੀ। ਰੰਗੂਨ', ਮਰਗੋਈ ਵਿਖੇ ਕੈਦ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਤੇ ਰੋਕ ਸੀ। ਪਰ ਕੂਕੇ ਇਹ ਬੰਦਸ਼ਾਂ ਵਾਰ ਵਾਰ ਤੋੜਦੇ। ਜਿਹਲ ਜਾਂਦੇ, ਜੁਰਮਾਨੇ ਭੁਗਤਦੇ ਅਤੇ ਕਈ ਵੇਰ ਜਿਹਲ ਦੇ ਕਸ਼ਟਾਂ ਕਾਰਨ ਸ਼ਹੀਦੀਆਂ ਵੀ ਪਾ ਜਾਂਦੇ ਸਨ। ਉਹ ਗੁਆਂਢੀ ਦੇਸ਼ ਰੂਸ ਦੇ ਇਸ ਆਸ ਨਾਲ ਸੁਪਨੇ ਲਿਆ ਕਰਦੇ ਸਨ ਕਿ ਕਦੇ ਨਾਂ ਕਦੇ ਰੂਸੀ ਫੌਜ ਦੇ ਸਹਿਯੋਗ ਨਾਲ ਕੂਕੇ, ਪੰਜਾਬ ਵਿੱਚੋਂ ਗੋਰਾਸ਼ਾਹੀ ਦਾ ਬਿਸਤਰਾ ਗੋਲ ਕਰ ਦੇਣਗੇ। ਇਹਨਾਂ ਸਮਿਆਂ ਵਿੱਚ ਹੀ ਭਾਈ ਚੰਦਾ ਸਿੰਘ ਝੱਬਰ ਦੇ ਬਾਰਾਂ ਮਾਹ ਦੀ ਇਕ ਤੁੱਕ- "ਜਦ ਰੂਸ ਪੰਜਾਬੇ ਆਵੈ", ਕੂਕਿਆਂ ਦਾ ਸਿੰਘ ਬੋਲਾ ਬਣ ਚੁੱਕਾ ਸੀ।

1907 ਦੇ ਸ੍ਰ. ਅਜੀਤ ਸਿੰਘ, ਲਾਲ ਚੰਦ ਫ਼ਲਕ ਅਤੇ ਲਾਲਾ ਲਾਜਪਤ ਰਾਇ ਦੁਆਰਾ ਵਿੱਢੇ ਇਸ ਅੰਦੋਲਨ ਵਿੱਚ, (ਜਿਸ ਦੇ ਬਾਅਦ ਛੇਤੀ ਹੀ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਢਾਹੇ ਜਾਣ ਦਾ ਮੋਰਚਾ ਵੀ ਭਖ ਉਠਿਆ ਸੀ) ਇਕ ਕੂਕਾ ਮਸਤਾਨਾ ਅਤੇ ਪਰਚਾਰਕ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਵੀ ਬਹੁਤ ਸਰਗਰਮ ਸੀ। ਪਹਿਲੀ ਆਲਮੀ ਜੰਗ ਵਿੱਚ ਜਦੋਂ ਪੰਜਾਬ ਜਾਂ ਦੇਸ਼ ਦੀਆਂ ਸਾਰੀਆਂ ਸਮਾਜੀ, ਧਾਰਮਿਕ ਅਤੇ ਸਿਆਸੀ ਧਿਰਾਂ ਇਸ ਆਸ ਤੇ ਅੰਗਰੇਜ਼ ਸਰਕਾਰ ਦੀ ਫੌਜੀ ਭਰਤੀ ਮੁਹਿੰਮ ਤੇ ਜੰਗੀ ਚੰਦਾ ਦੇਣ ਵਿੱਚ ਇਮਦਾਦੀ ਹੋ ਰਹੇ ਸਨ ਕਿ ਜੰਗ ਜਿੱਤ ਕੇ, ਸਾਨੂੰ

ਕੁਝ ਰਿਆਇਤਾਂ ਜ਼ਰੂਰ ਦੇਣਗੇ। ਸਤਿਗੁਰੂ ਪਰਤਾਪ ਸਿੰਘ ਜੀ ਜੋ ਹੁਣ ਕੂਕਾ-ਮੁਖੀ ਸਨ ਉਹਨਾਂ ਨੇ ਅੰਗਰੇਜ਼ਾਂ ਵੱਲੋਂ ਸਹਾਇਤਾ ਮੰਗੇ ਜਾਣ ਤੇ ਇਹ ਜੁਆਬ ਦਿੱਤਾ ਸੀ ਕਿ ਇਹ ਸਤਿਗੁਰੂ ਰਾਮ ਸਿੰਘ ਜੀ ਦੀ ਹੁਕਮ-ਅਦੂਲੀ ਹੋਏਗੀ, ਜੋ ਅਸੀਂ ਕਰ ਨਹੀਂ ਸਕਦੇ। ਅੰਗਰੇਜ਼ ਜੰਗ ਜਿੱਤ ਗਏ ਪਰ ਭਾਰਤੀਆਂ ਨੂੰ ਮਿਲਿਆ ਕੀ? ਰੌਲਟ ਐਕਟ, ਸਭ ਦੀ ਜ਼ੁਬਾਨ ਬੰਦੀ ਅਤੇ ਇਸ ਦੇ ਨਤੀਜੇ ਵਜੋਂ 13 ਅਪਰੈਲ 1919 ਨੂੰ ਅੰਮ੍ਰਿਤਸਰ ਵਿੱਚ ਜੱਲ੍ਹਿਆਂ ਵਾਲੇ ਬਾਗ ਦਾ ਨਰ ਸੰਘਾਰ।

ਇਸ ਤੋਂ ਬਾਅਦ ਪੰਜਾਬ ਵਿੱਚ ਅਕਾਲੀ, ਬੱਬਰ-ਅਕਾਲੀ ਅੰਦੋਲਨ ਉੱਭਰਦੇ ਹਨ। ਅਕਾਲੀ ਅੰਦੋਲਨ ਸ਼ਾਂਤਮਈ ਚੱਲਿਆ ਜਦੋਂ ਕਿ ਬੱਬਰ ਅਕਾਲੀ ਉਗਰ ਰੂਪ ਵਿੱਚ। ਮਹਾਰਾਜਾ ਨਾਭਾ ਨੂੰ ਗੱਦੀ ਤੋਂ ਲਾਹੁਣ ਦੇ ਖਿਲਾਫ ਜੈਤੋ ਵਿੱਚ ਮੋਰਚਾ ਭਖ ਉੱਠਿਆ। ਨਨਕਾਣਾ ਸਾਹਿਬ ਸਰਕਾਰ ਦੇ ਪਿੱਠੂ ਮਹੰਤ ਨੇ 130 ਸਿੰਘ ਬੇਦਰਦੀ ਨਾਲ ਸ਼ਹੀਦ ਕਰ ਦਿੱਤੇ। ਗੁਰੂ ਕੇ ਬਾਗ ਦੇ ਮੋਰਚੇ ਵਿੱਚ, ਸਿੱਖ ਕੁੱਟ ਖਾ ਕੇ ਵੀ ਸ਼ਾਂਤਮਈ ਰਹਿ ਸਕਦੇ ਹਨ, ਇਸ ਤੱਥ ਦੀ ਪੁਸ਼ਟੀ ਹੋ ਗਈ। ਨਾਮਧਾਰੀ ਸਿੰਘਾਂ ਦੀ ਨਿਰੀ ਹਮਦਰਦੀ ਹੀ ਇਹਨਾਂ ਮੋਰਚਿਆਂ ਨਾਲ ਨਹੀਂ ਸੀ, ਸਗੋਂ ਉਹ ਇਹਨਾਂ ਵਿੱਚ ਹਿੱਸੇਦਾਰ ਵੀ ਬਣੇ। ਸੰਤ ਨਿਧਾਨ ਸਿੰਘ ਆਲਿਮ ਤਦੋਕੇ ਸੰਪਾਦਕ ਸਤਿਜੁਗ ਨੇ ਨਨਕਾਣਾ ਸਾਹਿਬ ਵਿੱਚ ਸ਼ਹੀਦ ਹੋਣ ਵਾਲੇ 13 ਨਾਮਧਾਰੀ ਸਿੰਘਾਂ ਦੀ ਸੂਚੀ ਵੀ ਛਾਪੀ ਸੀ। ਜੈਤੋ ਦੇ ਮੋਰਚੇ ਵਿੱਚ ਭਾਗ ਲੈਣ ਵਾਲੇ ਭਾਈ ਧਰਮ ਸਿੰਘ ਨਾਮਧਾਰੀ, ਭਾਈ ਬੁੱਢਾ ਸਿੰਘ ਛੋਟੀ ਮੱਖੀ (ਲਾਹੌਰ) ਅਤੇ ਊਧਮ ਸਿੰਘ ਮਿਗਰੀਦਪੁਰੀ ਆਦਿ ਨਾਮਧਾਰੀਆਂ ਦਾ ਜ਼ਿਕਰ ਸੋਹਣ ਸਿੰਘ ਜੋਸ਼ ਕ੍ਰਿਤ- "ਅਕਾਲੀ ਮੋਰਚਿਆਂ ਦਾ ਇਤਿਹਾਸ' ਪੁਸਤਕ ਵਿੱਚ ਮਿਲਦਾ ਹੈ।

26 ਜਨਵਰੀ 1930 ਈ. ਨੂੰ ਕਾਂਗਰਸ ਦੇ ਲਾਹੌਰ ਮਹਾਂ ਸੰਮੇਲਨ ਵਿੱਚ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ। ਲਾਹੌਰ ਵਿੱਚ ਇਹ ਇਜਲਾਸ ਕਰਵਾਉਣ ਦੀ ਯੋਜਨਾ ਬਨਾਉਣ ਵਾਲਿਆਂ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਛੋਟੇ ਭਰਾਤਾ ਮਹਾਰਾਜ ਗੁਰਦਿਆਲ ਸਿੰਘ ਸ਼ਾਮਲ ਸਨ। ਪਰ ਉਹ ਸੰਮੇਲਨ ਤੋਂ ਚਾਰ ਕੁ ਮਹੀਨੇ ਪਹਿਲਾਂ ਹੁਕਮ ਸੱਤ ਹੋ ਗਏ ਸਨ। ਇਸ ਸੰਮੇਲਨ ਨੂੰ ਸਿਰੇ ਚੜ੍ਹਾਉਣ ਵਿੱਚ, ਲੰਗਰ ਅਤੇ ਕਾਂਗਰਸ ਪ੍ਰਧਾਨ, ਪੰਡਿਤ ਜਵਾਹਰ ਲਾਲ ਨਹਿਰੂ ਦੇ ਜਲੂਸ ਲਈ ਕੋਈ ਇਕ ਸੈਂਕੜਾ ਘੋੜਿਆਂ ਦਾ ਪਰਬੰਧ, ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਲਾਹੌਰ ਸ਼ਹਿਰ ਅਤੇ ਜ਼ਿਲ੍ਹੇ ਦੀ ਨਾਮਧਾਰੀ ਸੰਗਤ ਨੇ ਕੀਤਾ ਸੀ ਜਿਸ ਦੀ ਮੁਕਤ ਕੰਠ ਨਾਲ ਪਰਸੰਸਾ ਕਰਦੇ, ਬਾਬਾ ਗੁਰਦਿਤ ਸਿੰਘ ਕਾਮਾਗਾਟਾ

ਮਾਰੂ ਵਾਲੇ ਥੱਕਿਆ ਨਹੀਂ ਕਰਦੇ ਸਨ। ਇਸ ਤੋਂ ਬਾਅਦ ਸਤਿਗੁਰੂ ਜੀ ਦੇ ਇਕ ਹੋਰ ਭਾਈ ਮਹਾਰਾਜ ਨਿਹਾਲ ਸਿੰਘ ਕਾਂਗਰਸ ਦੇ ਅਸਹਿਯੋਗ ਅੰਦੋਲਨਾਂ ਵਿੱਚ ਅਕਸਰ ਜਿਹਲ ਯਾਤਰਾ ਕਰਿਆ ਕਰਦੇ ਸਨ। ਕਾਂਗਰਸ ਦੇ ਅੰਦੋਲਨਾਂ ਵਿੱਚ ਇਕ ਤੋਂ ਵੱਧ ਵੇਰ ਕੈਦ ਕੱਟਣ ਵਾਲੇ ਇਕ ਹੋਰ ਉੱਘੇ ਸੱਜਨ ਸਨ- ਪੰਡਿਤ ਮਨਸਾ ਸਿੰਘ ਕੌਮੀ, ਪਿੰਡ ਭਰਥਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ।

1881 ਈ. ਦੀ ਸਰਕਾਰੀ ਨਜ਼ਰਾਂ ਵਿੱਚ ਖ਼ਤਰਨਾਕ ਕੂਕਿਆਂ ਅਤੇ ਪੰਜਾਬ ਵਿੱਚ ਕੂਕਾ ਵੱਸੋਂ ਵਾਲੇ 786 ਪਿੰਡਾਂ (ਰਿਆਸਤਾਂ ਦੇ ਕੂਕਿਆਂ ਦੇ ਪਿੰਡ ਇਸ ਤੋਂ ਵੱਖਰੇ ਹਨ) ਵਿੱਚ ਭਰਥਲਾ ਪਿੰਡ, ਜ਼ਿਲ੍ਹਾ ਲੁਧਿਆਣੇ ਦੇ ਥਾਣਾ ਮਾਛੀਵਾੜਾ ਦੇ 15 ਪਿੰਡਾਂ ਦੀ ਸੂਚੀ ਵਿੱਚ ਪਹਿਲਾ ਪਿੰਡ ਹੈ।[1] ਮਨਸਾ ਸਿੰਘ ਜੀ ਜੱਟ ਜ਼ਿੰਮੀਦਾਰਾਂ ਦੇ ਪਰਿਵਾਰ ਵਿੱਚੋਂ ਸਨ। ਗੁਰਬਾਣੀ ਅਤੇ ਸੰਸਕ੍ਰਿਤ ਦੇ ਗਿਆਤਾ ਸਨ। ਇਸ ਲਈ ਉਹਨਾਂ ਨੂੰ ਪੰਡਿਤ ਲਕਬ ਨਾਲ ਸੰਬੋਧਿਤ ਕੀਤਾ ਜਾਂਦਾ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਮਰਿਆਦਾ ਤੇ ਚੱਲਣ ਵਾਲੇ ਕੱਟੜ ਨਾਮਧਾਰੀ ਸਨ। ਪੜ੍ਹੇ ਲਿਖੇ ਆਪਣੇ ਯਤਨਾਂ ਨਾਲ ਜਾਂ ਸਾਧੂਆਂ ਦੀ ਸੰਗਤ ਵਿੱਚੋਂ ਸਨ। ਦੇਸ਼ ਆਜ਼ਾਦੀ ਲਈ ਜਿਹਲ ਯਾਤਰਾ ਕਰਨ ਵਾਲੇ ਸੁਤੰਤਰਤਾ ਸੰਗਰਾਮੀਏ ਵੀ ਸਨ। ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਵਿਖੇ ਅਧਿਆਪਨ ਕਾਰਜ ਵੀ ਕਰਦੇ ਰਹੇ ਜਿੱਥੇ ਆਪ ਜੀ ਦੇ ਸ਼ਾਗਿਰਦਾਂ ਵਿੱਚ ਬਾਲਕ ਸਤਿਗੁਰੂ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਜੀ ਵੀ ਸਨ। ਉਹ ਚੰਗੇ ਲੇਖਕ ਵੀ ਸਨ। ਉਹਨਾਂ ਦੇ ਲੇਖ ਨਾਮਧਾਰੀ ਪਰਚੇ ਸਤਿਜੁਗ ਵਿੱਚ ਛਪਿਆ ਕਰਦੇ ਸਨ। ਦੁਖ ਨਾਲ ਲਿਖਣਾ ਪੈਂਦਾ ਹੈ ਕਿ ਪੰਡਿਤ ਜੀ ਆਪਣੇ ਮਾਤਾ-ਪਿਤਾ ਬਾਰੇ ਕੋਈ ਜਾਣਕਾਰੀ ਛੱਡ ਕੇ ਨਹੀਂ ਗਏ। ਘਰ ਪਰਿਵਾਰ ਤਾਂ ਉਹਨਾਂ ਨੇ ਵਸਾਇਆ ਹੀ ਨਹੀਂ ਸੀ। ਬਿਹੰਗਮ ਸਿੰਘ ਸਨ। ਅਸੀਂ ਉਹਨਾਂ ਦੇ ਘਰ ਪਰਿਵਾਰ ਬਾਰੇ ਜਾਣਕਾਰੀ, ਸੰਤ ਇੰਦਰ ਸਿੰਘ ਚੱਕਰਵਰਤੀ ਦੇ ਸ਼ਬਦਾਂ ਵਿੱਚ ਪੜ੍ਹਾਂਗੇ।

"ਪੰਡਿਤ ਮਨਸਾ ਸਿੰਘ ਜੀ ਮਹਾਰਾਜ ਮੇਰੇ ਸਹਿਪਾਠੀ, ਸਨੇਹੀ ਤੇ ਗੁਆਂਢੀ ਸੱਜਣ ਹਨ। ਆਪ ਜੀ ਪ੍ਰਸਿੱਧ ਦੇਸ਼ ਭਗਤ, ਵਿਦਵਾਨ ਅਤੇ ਹਿਮਾਲਾ ਜਿਹੇ ਉੱਚੇ ਆਚਰਣ ਦੇ ਮਾਲਕ ਹਨ। ਪੰਥਕ ਪ੍ਰਚਾਰ ਦੀ ਰੀਝ ਆਪ ਜੀ ਦੇ ਰੋਮ-ਰੋਮ ਵਿੱਚ ਭਰੀ ਪਈ ਹੈ। ਆਪ ਬੜੇ ਸਿੱਧੇ ਸਾਦੇ, ਨਿਰਛਲ, ਨਿਰਵੈਰ ਤੇ ਨਿਰਕਪਟ, ਅੰਦਰੋਂ ਬਾਹਰੋਂ ਇਕੋ ਜਿਹੀ ਸ਼ਖਸੀਅਤ ਦੇ ਮਾਲਕ, ਸਾਧੂ ਸੁਭਾਵ ਮਹਾਤਮਾ ਹਨ।

“ਪੰਡਿਤ ਜੀ ਦਾ ਜਨਮ ਨਗਰ ਭਰਥਲਾ, ਲੁਧਿਆਣਾ ਦੀ ਸਮਰਾਲਾ ਤਹਿਸੀਲ ਦੇ ਇੱਕ ਮੀਲ ਦੇ ਫਾਸਲੇ ਤੇ ਲਹਿੰਦੇ ਪਾਸੇ, ਮੇਰੇ ਆਪਣੇ ਪਿੰਡੋਂ (ਲੱਲ ਕਲਾਂ) ਚੜ੍ਹਦੇ ਬੰਨੇ ਦੋ ਮੀਲ ਤੇ ਵਾਕਿਆ ਹੈ। ਭਰਥਲੇ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਆਪਣੇ ਸਮੇਂ ਦੇ ਉੱਚ ਸਾਧੂ ਸੰਤ ਬੂਟਾ ਸਿੰਘ ਜੀ ਉਰਫ ਬਾਵਾ ਬੂਟਾ ਰਾਮ ਰਿਹਾ ਕਰਦੇ ਸਨ। ਇਹ ਪਹਿਲਾਂ ਉਦਾਸੀ ਸੰਤ ਸਨ, ਫਿਰ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿੱਚ ਆ ਕੇ ਸਿੰਘ ਸਜ ਗਏ। ਪਰ ਪੁਰਾਣੇ ਜਾਣਕਾਰ ਲੋਕੀਂ ਅਜੇ ਵੀ ਬਹੁਤ ਸਾਰੇ ਬਾਵਾ ਬੂਟਾ ਰਾਮ ਜੀ ਆਖ ਕੇ ਹੀ ਬੁਲਾਇਆ ਕਰਦੇ ਸਨ। ਆਪ ਕਿਉਂਕਿ ਹੱਦ ਦਰਜੇ ਦੇ ਸ਼ਾਂਤ ਚਿੱਤ ਮਹਾਤਮਾ, ਰਾਗ ਦੁੱਖ ਤੋਂ ਰਹਿਤ ਸਨ, ਇਸ ਲਈ ਦੋਹਾਂ ਨਾਵਾਂ ਤੋਂ ਹੀ ਬੋਲ ਪੈਂਦੇ ਸਨ, ਪਰ ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੂਰਨ ਸ਼ਰਧਾਲੂ ਤੇ ਕੱਟੜ ਕੂਕੇ ਸਨ। ਇਹ ਜਦ ਕਦੀ, ਮੇਰੇ ਪਿੰਡ ਦੇ ਗੁਰਦੁਆਰਾ ਗੁਰੂਸਰ ਦੇ ਮਹੰਤ ਮਾਘਾ ਸਿੰਘ ਜੀ, ਜੋ ਮੇਰੇ ਪਿੰਡ ਤੋਂ ਹੀ ਰਾਮਗੜ੍ਹੀਆ ਘਰਾਣੇ ਦੇ ਰਤਨ ਸਨ, ਜੋ ਆਈ ਗਈ ਸਾਧ ਸੰਗਤ ਨੂੰ ਚੱਕੀ ਪੀਹ ਕੇ ਪ੍ਰਸ਼ਾਦਿ ਪਕਾ ਕੇ ਛਕਾਇਆ ਕਰਦੇ ਸਨ, ਜਿਹਨਾਂ ਦੇ ਚਰਨਾਂ ਵਿੱਚ ਬੈਠ ਕੇ ਮੈਨੂੰ ਬਹੁਤ ਵਾਰ ਗੁਰੂ ਜੱਸ ਸਰਵਣ ਕਰਨ ਦਾ ਸਮਾਂ ਮਿਲਿਆ ਹੈ, ਇਹਨਾਂ ਨੂੰ ਮਿਲਣ ਸੰਤ ਬੂਟਾ ਸਿੰਘ ਜੀ ਆਇਆ ਕਰਦੇ ਸਨ ਤਾਂ ਮੈਨੂੰ ਉਹਨਾਂ ਦਾ ਇਸ਼ਨਾਨ ਕਰਾਉਣ ਦਾ ਸੁਭਾਗ ਕਈ ਵਾਰ ਹਾਸਲ ਹੋਇਆ ਸੀ। ਇਹ ਭਰਥਲੇ ਦੇ ਜ਼ਿੰਮੀਦਾਰ ਸਨ ਤੇ ਪੰਡਿਤ ਜੀ ਦੇ ਆਪਣੇ ਖਾਨਦਾਨ ਦੇ ਵਡਿੱਕੇ ਸਨ। ਇਹਨਾਂ ਦੀ ਸੰਗਤ ਨਾਲ ਹੀ ਪੰਡਿਤ ਜੀ ਨਾਮਧਾਰੀ ਮੰਡਲ ਵਿੱਚ ਪਰਵਿਰਸੇ ਸਨ। ਸ੍ਰੀ ਮਹੰਤ ਮਾਘਾ ਸਿੰਘ ਜੀ ਕੋਲ ਰਹਿ ਕੇ ਪੰਡਿਤ ਜੀ ਨੇ ਦਰਬਾਰ ਸਾਹਿਬ ਦਾ ਪਾਠ ਕੀਤਾ। ਇੱਥੋਂ ਆਪ ਪ੍ਰਸਿੱਧ ਵਿਦਵਾਨ ਯੋਗੀ ਰਾਜ, ਨਾਮਧਾਰੀ ਪੰਥ ਦੇ ਉੱਜਲ ਰਤਨ, ਸ੍ਰੀ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਣੇ ਵਾਲਿਆਂ ਦੀ ਸ਼ਰਨ ਵਿੱਚ ਜਾ ਰਹੇ। ਪੰਡਿਤ ਬਸੰਤ ਸਿੰਘ ਜੀ ਕੋਲ, ਸ੍ਰੀ ਪੰਡਿਤ ਅਮਰ ਸਿੰਘ ਜੀ, ਸੰਤ ਸੁਦਾਗਰ ਸਿੰਘ ਜੀ ਕੱਕੇ ਕੇ, ਸੰਤ ਭਗਤ ਸਿੰਘ ਜੀ, ਸ਼ਾਂਤ ਮੂਰਤ, ਮਹਾਨ ਆਤਮਾ ਨਾਮ ਰੱਸੀਏ ਸੰਤ ਜਗਤ ਸਿੰਘ ਖੰਡੂ ਵਾਲੀਏ ਦੇ ਛੋਟੇ ਭਰਾ, ਤੇ ਮੈਂ ਵੀ ਤਦੋਂ ਸੇਵਾ ਵਿੱਚ ਹੀ ਹੁੰਦਾ ਸਾਂ। ਇਨ੍ਹਾਂ ਤੋਂ ਆਪ ਜੀ ਨੇ ਵੇਦਾਂਤ ਪੜ੍ਹੀ, ਲਘੂ ਕੌਮ ਦੀ ਸੰਸਕ੍ਰਿਤ'' ਦਾ ਅਧਿਐਨ ਕੀਤਾ। ਫਿਰ ਸ੍ਰੀ ਅੰਮ੍ਰਿਤਸਰ ਜੀ ਜਾ ਕੇ ਆਦਿ, ਦਸਮ, ਸ੍ਰੀ ਗੁਰੂ ਗਰੰਥ ਸਾਹਿਬਾਂ ਦਾ ਅਰਥਾਂ ਨਾਲ ਪਾਠ ਕੀਤਾ।

“ਪੰਡਿਤ ਜੀ ਦੇਸ਼ ਭਗਤ, ਅੰਗਰੇਜ਼ ਵਿਰੋਧੀ, ਉਦਾਰ ਪ੍ਰਕਿਰਤੀ ਦੇ ਬੰਦੇ ਹਨ। ਕਾਂਗਰਸ ਲਹਿਰ ਵਿੱਚ ਆਪ ਨੇ ਪੂਰਾ-ਪੂਰਾ ਸਾਥ ਦਿੱਤਾ। ਤ੍ਰੈ ਵਾਰੀ

ਜਿਹਲ ਯਾਤਰਾ ਕੀਤੀ। ਅੰਗਰੇਜ਼ ਦਾ ਜ਼ਾਲਮ ਕਾਨੂੰਨ ਮੰਨਣ ਤੋਂ ਇਨਕਾਰ ਕਰਨ ਬਦਲੇ ਇਕ ਵਾਰੀ ਸੱਤ ਸਾਲ ਲੰਮੀ ਜਿਹਲ ਕੱਟੀ। ਮਹਾਰਾਜ ਨਿਹਾਲ ਸਿੰਘ ਪਿਛੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਡਿਕਟੇਟਰ ਦੀ ਹੈਸੀਅਤ ਵਿੱਚ 1937 ਵਿੱਚ ਸ਼ਰਾਬ ਦੀ ਦੁਕਾਨ ਅੱਗੇ ਪਿਕਟਿੰਗ ਕਰਦੇ ਹੋਏ ਗ੍ਰਿਫਤਾਰ ਹੋ ਕੇ ਸਾਲਾਂ-ਬੱਧੀ ਜਿਹਲ ਵਿੱਚ ਰਹੇ। ਮੁੜ ਪਰਤ ਕੇ ਸ੍ਰੀ ਭੈਣੀ ਸਾਹਿਬ ਵਿੱਚ ਨਾਮਧਾਰੀ ਵਿਦਿਆਲੇ ਦੇ ਅਚਾਰੀਆ ਦੀ ਸੇਵਾ ਕਈ ਸਾਲ ਨਿਬਾਹੀ। ਆਪ ਬੜੇ ਸੰਜਮੀ, ਕੌਮ ਪੂਜ, ਸੁਹਿਰਦ, ਸਨੇਹੀ ਸੱਜਣ ਹਨ। ਕਿਹਾ ਚੰਗਾ ਹੋਵੇ ਜੇ ਪੰਡਿਤ ਜੀ ਬਾਵਾ ਬੂਟਾ ਸਿੰਘ ਜੀ ਤੇ ਪੰਡਿਤ ਬਸੰਤ ਸਿੰਘ ਜੀ ਮਹਾਰਾਜ ਦਾ ਜੀਵਨ ਲਿਖਣ।"[2]

ਮਾਸਟਰ ਨਿਹਾਲ ਸਿੰਘ ਜੀ ਜੋ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ (ਸਿਰਸਾ) ਦੇ ਮੁੱਖ ਅਧਿਆਪਕ, ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਅਤੇ ਨਾਮਧਾਰੀ ਦਰਬਾਰ ਦੇ ਪਰਧਾਨ ਰਹੇ ਸਨ, ਸਤਿਜੁਗ ਦੇ ਵੀ ਬਹੁਤ ਪਹਿਲਾਂ ਸੰਪਾਦਕ ਰਹੇ ਸਨ, ਦਰਜਨਾਂ ਪੁਸਤਕਾਂ ਦੇ ਪੰਜਾਬੀ ਅੰਗਰੇਜੀ ਵਿੱਚ ਕਰਤਾ, ਪੰਡਿਤ ਜੀ ਬਾਰੇ ਬਹੁਤ ਸੁੰਦਰ ਸ਼ਬਦਾਂ ਵਿੱਚ ਲਿਖਦੇ ਹਨ। "ਪੰਡਿਤ ਮਨਸਾ ਸਿੰਘ, ਜਨਮ ਤੋਂ ਬ੍ਰਾਹਮਣ ਨਹੀਂ ਸਨ। ਉਨ੍ਹਾਂ ਦੇ ਮਾਤਾ-ਪਿਤਾ ਪੇਂਡੂ ਜੱਟ ਸਨ। ਮਨਸਾ ਸਿੰਘ ਪੜ੍ਹਿਆਂ ਲਿਖਿਆਂ ਦੀ ਸ਼ਰਨ ਲਈ, ਵਿਦਵਾਨ ਹੋਏ, ਪੰਡਿਤ ਜੀ ਕਰਕੇ ਪ੍ਰਸਿੱਧ ਹੋਏ। ਸ੍ਰੀ ਭੈਣੀ ਸਾਹਿਬ ਵਿਦਿਆਲੇ ਵਿੱਚ ਬੱਚਿਆਂ ਨੂੰ ਪੜ੍ਹਾਉਣ ਦੀ ਸੇਵਾ ਕੀਤੀ। ਉੱਚਾ ਆਚਰਨ ਸਿਖਿਆ। ਆਜ਼ਾਦੀ ਦੀ ਲਹਿਰ ਨੇ ਜ਼ੋਰ ਫੜਿਆ। ਲਾਹੌਰ ਗਏ, ਆਜ਼ਾਦੀ ਦੇ ਜੁਝਾਰੂਆਂ ਨਾਲ ਮੇਲ ਹੋਇਆ। ਮਹਾਰਾਜ ਨਿਹਾਲ ਸਿੰਘ, ਸੰਤ ਮੰਗਲ ਸਿੰਘ ਨੇ ਕੁੰਦਨ ਬਣਾ ਦਿੱਤਾ। ਅੰਗਰੇਜ਼ ਨੂੰ ਵੰਗਾਰਿਆ। ਉਹਨਾਂ ਦੀ ਲਗਨ ਤੇ ਸ਼ਰਧਾ ਵੇਖ ਉਹਨਾਂ ਨੂੰ ਵਾਰ-ਕੌਂਸਲ ਦਾ ਡਿਕਟੇਟਰ ਬਣਾ ਦਿੱਤਾ। ਅਗਲੇ ਦਿਨ ਹੀ ਫਰੰਗੀਆਂ ਨੂੰ ਪਾਣੀ ਪੀ-ਪੀ ਕੋਸਿਆ, ਨੌਜੁਆਨਾਂ ਨੂੰ ਉਭਾਰਿਆ। ਦਸ ਸਾਲ ਦੀ ਕੈਦ ਸੁਣਾਈ ਗਈ। ਗਾਂਧੀ ਇਰਵਨ ਪੈਕਟ ਹੋਇਆ ਤਾਂ ਆਮ ਰਿਹਾਈ ਹੋਈ। ਪੰਡਿਤ ਜੀ ਵੀ ਬਾਹਰ ਆ ਗਏ। ਮੁੜ ਦੇਸ਼ ਆਜ਼ਾਦ ਹੋਇਆ। ਵੱਸਦੇ ਲੋਕ ਉੱਜੜ ਗਏ। ਸਤਿਗੁਰੂ ਪਰਤਾਪ ਸਿੰਘ ਜੀ ਉੱਜੜਿਆਂ ਨੂੰ ਵਸਾਇਆ। ਪੰਡਿਤ ਜੀ ਵੀ ਭੈਣੀ ਸਾਹਿਬ ਆ ਡੇਰਾ ਲਾਇਆ। ਜੋ ਪੱਲੇ ਸੀ ਹਰਿ ਕੇ ਲੇਖੇ ਲਾਇਆ। ਮੰਦਰਾਂ ਦੀ ਉਸਾਰੀ ਵਿੱਚ ਯੋਗਦਾਨ ਪਾਇਆ।

"ਪੰਜਾਬ ਦੇ ਮੁੱਖ ਮੰਤਰੀ ਸ੍ਰੀ ਪਰਤਾਪ ਸਿੰਘ ਕੈਰੋਂ ਸ੍ਰੀ ਭੈਣੀ ਸਾਹਿਬ ਆਏ ਤੇ ਉਹਨਾਂ ਪੰਡਿਤ ਜੀ ਦੀ ਕੁਰਬਾਨੀ ਦੀ ਕਥਾ ਸੁਣੀ। ਬੜਾ ਪ੍ਰਭਾਵਿਤ ਹੋਏ। ਉਸ ਨੇ ਕਿਹਾ, "ਪੰਡਿਤ ਜੀ, ਸਰਕਾਰ ਨੇ ਸੁਤੰਤਰਤਾ

ਸੰਗਰਾਮੀਆਂ ਨੂੰ ਪੈਨਸ਼ਨਾਂ ਆਦਿ ਨਾਲ ਨਿਵਾਜਿਆ ਹੈ, ਤੁਹਾਡੀ ਕੁਰਬਾਨੀ ਦਾ ਮੁੱਲ ਨਹੀਂ ਪੈ ਸਕਦਾ। ਤੁਸੀਂ ਇਕ ਵੇਰ ਚੰਡੀਗੜ੍ਹ ਆਓ, ਪੈਨਸ਼ਨ ਮੈਂ ਲਾਵਾਂਗਾ। ਸਾਰੀ ਉਮਰ ਸੁਖ ਮਾਣੋਂਗੇ।" ਤਾਂ ਪੰਡਿਤ ਜੀ ਦਾ ਭੋਲਾ ਭਾਲਾ ਤੇ ਨਿਰਮਲ ਉੱਤਰ ਸੀ- "ਸਰਦਾਰਾ ! ਕੁਰਬਾਨੀ ਦਾ ਮੁੱਲ ਨਹੀਂ ਵੱਟਣਾਂ, ਜੇ ਜਿਹਲ ਗਏ ਤਾਂ ਕਿਸੇ ਸਿਰ ਅਹਿਸਾਨ ਨਹੀਂ ਕੀਤਾ, ਇਹ ਫ਼ਰਜ਼ ਸੀ। ਛਕਣ ਛਕਾਣ ਨੂੰ ਗੁਰੂ ਘਰੋਂ ਸਭ ਮਿਲ ਜਾਂਦਾ ਹੈ, ਤੁਹਾਡਾ ਬਹੁਤ-ਬਹੁਤ ਧੰਨਵਾਦ।

"ਕੂਕਿਆਂ ਦੇ ਘਰ ਇਕ ਮਨਸਾ ਸਿੰਘ ਨਹੀਂ ਇਹ ਸਾਰਾ ਪੰਥ ਮਨਸਾ ਸਿੰਘਾਂ ਦਾ ਹੈ। ਇਹ ਲੈਲਾ-ਇ-ਆਜ਼ਾਦੀ ਦੇ ਮਜਨੂੰ ਰਹੇ ਹਨ। ਇਹਨਾਂ ਦੇਸ਼ ਸੇਵਾ ਕੀਤੀ, ਜਿਹਲ ਵੀ ਗਏ ਪਰ ਕਿਸੇ ਨੂੰ ਜਣਾਇਆ ਨਹੀਂ। ਗੁਰੂ ਘਰ ਦੇ ਅਨਿੰਨ ਸੇਵਕਾਂ ਵਿੱਚੋਂ ਸਨ। ਜਦ ਨੌਂ ਵਜੇ ਤੋਂ ਉਪਰੰਤ ਕਿਸੇ ਕਮਰੇ ਵਿੱਚੋਂ ਰੋਸ਼ਨੀ ਨਜ਼ਰ ਆਵੇ ਤਾਂ ਕਮਰੇ ਵਿੱਚ ਬੈਠਿਆਂ ਹੀ ਕੜਕਣਾਂ- ਬਿਜਲੀ ਬੰਦ ਕਰੋ। ਇਹ ਗੁਰੂ-ਘਰ ਏ, ਵਾਧੂ ਖਰਚ ਨਾ ਕਰੋ। ਜਦ ਕਿਸੇ ਦੇ ਦਰਸ਼ਨਾਂ ਨੂੰ ਜਾਣਾ ਤਾਂ ਕਹਿਣਾ- ਇਹ ਜਨਮ ਅਮੋਲਕ ਹੈ। ਇਸ ਨੂੰ ਐਵੇਂ ਨਾ ਗਵਾਉ। ਨਾਮ ਜਪੋ। ਲਟ ਲਟ ਰਸਨਾ ਜਪੋ। ਫੇਰ ਵਕਤ ਹੱਥ ਨਹੀਂ ਆਉਣਾ।"[3]

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਬਾਰੇ ਚਰਚਿਤ ਪੁਸਤਕ-ਲੜੀ, ਬੀਤੇ ਦੀਆਂ ਪੈੜਾਂ ਦੇ ਲੇਖਕ, ਸਤਿਜੁਗ ਦੇ ਸੰਪਾਦਕ ਰਹੇ ਪ੍ਰੀਤਮ ਸਿੰਘ ਕਵੀ, ਪੰਡਿਤ ਮਨਸਾ ਸਿੰਘ ਕੌਮੀ ਜੀ ਦੇ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਵਿੱਚ ਸ਼ਾਗਿਰਦ ਰਹੇ ਸਨ। ਅਸੀਂ ਉਹਨਾਂ ਦੇ ਸ਼ਬਦਾਂ ਵਿੱਚੋਂ ਵੀ ਇਸ ਮਹਾਨ ਤਪੱਸਵੀ ਸੰਗਰਾਮੀਏ ਦੀਆਂ ਕੁਝ ਝਲਕਾਂ ਵੇਖਾਂਗੇ। ਜਿਸ ਦਾ ਪਰਸੰਗ ਤਾਂ ਪੰਡਿਤ ਕੌਮੀ ਜੀ ਦੁਆਰਾ, ਨਾਮਧਾਰੀ ਸਪਤਾਹਿਕ "ਸਤਿਜੁਗ ਦੇ ਗਾਹਕ ਬਣਾਉ ਮੁਹਿੰਮ" ਵਿੱਚ ਸ਼ਾਮਲ ਹੋਣਾ ਸੀ।

"ਸ੍ਰੀਮਾਨ ਪੰਡਿਤ ਮਨਸਾ ਸਿੰਘ ਜੀ ਕੌਮੀ : ਪਿੰਡ ਭਰਥਲਾ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਦੇ ਜੰਮਪਲ ਹਨ। ਬਚਪਨ ਤੋਂ ਹੀ ਵੇਦਾਂਤ ਵਿਦਿਆ ਤੇ ਦੇਸ਼ ਭਗਤੀ ਦੀ ਲਗਨ ਨਾਲ ਰੰਗੇ ਗਏ। ਸ੍ਰੀਮਾਨ ਪੰਡਿਤ ਬਸੰਤ ਸਿੰਘ ਜੀ ਤੋਂ ਵਿਦਿਆ ਪ੍ਰਾਪਤ ਕਰ ਕੇ ਕਾਂਗਰਸੀ ਲਹਿਰਾਂ ਵਿੱਚ ਤਿੰਨ ਵਾਰ ਬਰਤਾਨਵੀ ਸਰਕਾਰ ਦੀਆਂ ਜਿਹਲਾਂ ਨੂੰ ਵੀ ਨਿਵਾਜ ਆਏ। 1937 ਵਿੱਚ ਪੰਜਾਬ ਪਰਦੇਸ਼ ਕਾਂਗਰਸ ਦੇ ਡਿਕਟੇਟਰ ਹੋਣ ਦੇ ਨਾਤੇ ਸ਼ਰਾਬ ਦੀ ਦੁਕਾਨ ਅੱਗੇ ਪਿਕਟਿੰਗ ਕਰਦਿਆਂ ਜਿਹਲ ਬੰਦ ਕਰ ਦਿੱਤੇ ਗਏ। ਰਿਹਾਈ ਤੋਂ ਪਿੱਛੋਂ, ਕੁਝ ਸਮਾਂ ਬਾਅਦ ਆਪ ਨੇ ਆਪਣੀ ਸੇਵਾ ਸ੍ਰੀ

ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸਮਰਪਿਤ ਕਰ ਕੇ, ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਅਧਿਆਪਕ ਰਹੇ। ਮੈਨੂੰ ਮਾਣ ਹੈ ਕਿ ਆਪ ਦੇ ਦੇਸ਼ ਭਗਤਕ ਤੇ ਆਚਰਨਕ ਜੀਵਨ ਨੇ ਵਿਦਿਆ ਕਾਲ ਸਮੇਂ ਸ੍ਰੀ ਭੈਣੀ ਸਾਹਿਬ ਵਿੱਚ, ਮੈਨੂੰ ਵੀ ਕਾਫੀ ਪ੍ਰੇਰਨਾ ਦਿੱਤੀ।

"ਲਗਨ, ਉਦਮ, ਉਤਸ਼ਾਹ ਤੇ ਦ੍ਰਿੜ ਵਿਸ਼ਵਾਸ ਆਪ ਨੂੰ ਸਦਾ ਹੀ ਚੜ੍ਹਦੀ ਕਲਾ ਵਿੱਚ ਰਖਦਾ ਹੈ। ਅੱਜ ਕੱਲ੍ਹ (1960 ਈ.) ਆਪ ਬਾਜੇ ਕੇ (ਤਹਿਸੀਲ ਸਿਰਸਾ ਦੇ ਨਜ਼ਦੀਕ) ਨਿਵਾਸ ਰੱਖਦੇ ਹਨ, ਅਤੇ 'ਸਤਿਜੁਗ' ਨਾਲ ਪਿਆਰ ਦੇ ਸਬੂਤ ਵਿੱਚ ਆਪ ਨੇ 15 ਗ੍ਰਾਹਕ ਨਵੇਂ ਬਣਾਏ ਹਨ।

"ਆਪ ਜੀ ਅੱਜ ਕੱਲ੍ਹ 55-60 ਸਾਲ ਦੀ ਉਮਰ ਵਿੱਚ ਹੋਣਗੇ। ਜਦੋਂ ਵੀ ਮਿਲੋਗੇ ਮੁਸਕਰਾਂਦਾ ਮੁਖ ਆਪ ਦਾ ਸੁਆਗਤ ਕਰੇਗਾ।"[4]

ਮੈਨੂੰ ਯਾਦ ਹੈ ਕਿ ਅਪਰੈਲ 1959 ਵਿੱਚ ਜਦੋਂ ਮੈਂ ਛੇਵੀਂ ਜਮਾਤ ਦੀਆਂ ਕਿਤਾਬਾਂ ਕਾਪੀਆਂ ਖਰੀਦਣ, ਪਿੰਡ ਕਰੀਵਾਲਾ ਤੋਂ ਸਿਰਸੇ ਬਾਪੂ ਜੀ, ਜੱਥੇਦਾਰ ਗੁਰਮੁਖ ਸਿੰਘ ਝੱਬਰ ਨਾਲ ਆਇਆ ਸਾਂ ਤਾਂ ਉਹ ਮੈਨੂੰ ਸਿਰਸੇ ਸੋਹਣ ਸਿੰਘ ਜਲੇਬੀਆਂ ਵਾਲੇ ਦੀ ਦੁਕਾਨ ਤੇ ਬੈਠਾ ਕੇ, ਆਪ ਪੰਡਿਤ ਜੀ ਨੂੰ ਮਿਲਣ ਅਤੇ ਪਿੰਡੋਂ ਲਿਆਂਦੀ ਕੁਝ ਸ਼ੱਕਰ ਦੇਣ ਗਏ ਸਨ। ਕਿਉਂਕਿ ਦੋਵੇਂ ਭੈਣੀ ਸਾਹਿਬ ਗੁਰਦੁਆਰੇ ਵਿਖੇ ਇੱਕੋ ਸਮੇਂ ਰਹਿੰਦੇ ਰਹੇ ਸਨ। ਇਹ ਬਾਜੇਕਾਂ ਪਿੰਡ ਤੋਂ ਬਾਹਰ ਨਾਮਧਾਰੀ ਕੰਬੋਜ ਸਿੰਘਾਂ ਦਾ ਡੇਰਾ ਜਾਂ ਢਾਣੀ ਸੀ, ਜਿੱਥੇ ਉਸ ਸਮੇਂ ਪੰਡਿਤ ਜੀ ਬਾਜੇਕਾਂ ਦੇ ਨਾਮਧਾਰੀ ਕੰਬੋਜ਼ ਭਾਈ ਭਜਨ ਸਿੰਘ ਦੇ ਨਾਲ ਰਹਿੰਦੇ ਸਨ। ਉਹ ਬਹੁਤ ਸੇਵਾ ਭਾਵ ਵਾਲੇ ਸਿੰਘ ਸਨ। ਬਾਜੇਕਾਂ ਰਹਿੰਦਿਆਂ ਪੰਡਤ ਜੀ ਸੜਕਾਂ ਵੀ ਸਾਫ ਕਰਦੇ ਰਹਿੰਦੇ ਸਨ, ਵਿਹਲੇ ਨਹੀਂ ਰਹਿੰਦੇ ਸਨ। ਜਾਂ ਬਾਣੀ ਪੜ੍ਹਦੇ ਰਹਿੰਦੇ ਜਾਂ ਸੜਕਾਂ ਸਾਫ ਕਰਦੇ ਰਹਿੰਦੇ। ਉਮਰ ਦੇ ਆਖਰੀ ਡੇਢ ਦਹਾਕੇ ਵਿੱਚ, ਸਤਿਗੁਰੂ ਜਗਜੀਤ ਸਿੰਘ ਜੀ ਆਪ ਨੂੰ ਮੁੜ ਭੈਣੀ ਸਾਹਿਬ ਆਪਣੇ ਪਾਸ ਹੀ ਲੈ ਆਏ ਸਨ।

ਪ੍ਰੀਤਮ ਸਿੰਘ ਕਵੀ ਹੋਰਾਂ ਦੀ 'ਬੀਤੇ ਦੀਆਂ ਪੈੜਾਂ'' ਭਾਗ ਪਹਿਲਾ ਵਿੱਚ 16 ਅਕਤੂਬਰ 1977 ਨੂੰ ਪੰ. ਮਨਸਾ ਸਿੰਘ ਵਾਲੇ ਸਿਰਲੇਖ ਵਿੱਚ ਇਹ ਇੰਦਰਾਜ ਦਰਜ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਪੰਡਿਤ ਜੀ ਹੁਣ ਸ੍ਰੀ ਭੈਣੀ ਸਾਹਿਬ ਵਿਖੇ ਰਹਿ ਰਹੇ ਹਨ।

"ਪੁਰਾਣੇ ਦੇਸ਼ ਭਗਤ ਤੇ ਪੰਥ ਸੇਵਕ ਪੰ. ਮਨਸਾ ਸਿੰਘ ਕੌਮੀ, ਜਿੰਨ੍ਹਾਂ ਦੀ ਆਯੂ 85 ਸਾਲ ਦੀ ਹੈ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ। ਇਹ ਬਜ਼ੁਰਗ ਕਾਂਗਰਸ ਦੇ ਸਤਿਆਗ੍ਰਹਿ ਜ਼ਮਾਨੇ ਵਿੱਚ, ਨਾਮਧਾਰੀ ਹੁੰਦੇ

ਹੋਏ ਡਿਕਟੇਟਰ ਵੀ ਰਹੇ ਹਨ ਅਤੇ ਪੰਜਾਬ ਕਾਂਗਰਸ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲੇ ਵੀ। ਬਹੁਤ ਸਾਲ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਮੁੱਖ ਅਧਿਆਪਕ ਦੀ ਡਿਊਟੀ ਵੀ ਦਿੱਤੀ। ਬਿਰਧ ਅਵਸਥਾ ਵਿੱਚ ਹੋਣ ਕਰ ਕੇ ਇਹ ਸ੍ਰੀ ਭੈਣੀ ਸਾਹਿਬ ਹੀ ਆ ਟਿਕੇ ਹਨ ਅਤੇ ਇਨ੍ਹਾਂ ਦੀ ਸੇਵਾ ਦਾ ਪ੍ਰਬੰਧ ਹਰ ਪਰਕਾਰ ਕੀਤਾ ਗਿਆ ਹੋਇਆ ਹੈ। ਪੰ. ਮਨਸਾ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਮੱਥਾ ਟੇਕ ਹੱਥ ਜੋੜ ਕੇ ਅਰਜ਼ ਕੀਤੀ : "ਥਾਪੜਾ ਦਿਓ।" ਦੀਨ ਦਿਆਲ ਜੀ ਨੇ ਬਚਨ ਕੀਤਾ; "ਤੁਹਾਨੂੰ ਹੋਰ ਕੌਣ ਥਾਪੜਾ ਦੇਵੇ, ਜਦੋਂ ਸਤਿਗੁਰੂ (ਪਰਤਾਪ ਸਿੰਘ) ਜੀ ਨੇ ਪਹਿਲਾਂ ਹੀ ਬੜੀ ਕਿਰਪਾ ਕਰ ਰੱਖੀ ਹੈ।[5]

ਪ੍ਰੀਤਮ ਸਿੰਘ ਕਵੀ ਜੀ ਦੀ ਇਸ ਬਹੁ ਪਰਚਾਰਿਤ ਲਿਖਤ ਵਿੱਚੋਂ, ਸਾਨੂੰ ਪੰਡਿਤ ਜੀ ਬਾਰੇ ਕੁਝ ਹੋਰ ਵੱਡ-ਮੁੱਲੀਆਂ ਜਾਣਕਾਰੀਆਂ ਮਿਲਦੀਆਂ ਹਨ ਕਿ ਉਹਨਾਂ ਦੇ ਪ੍ਰੇਰਨਾ ਸਰੋਤ ਦੇਸ਼ ਭਗਤੀ ਦੇ ਪੈਂਡੇ ਪੈਣ ਦੇ ਭਾਂਵੇਂ ਉਨ੍ਹਾਂ ਦੇ ਵਿੱਦਿਆ ਗੁਰੂ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਣੇ ਵਾਲੇ ਸਨ ਪਰ ਸਤਿਗੁਰੂ ਪਰਤਾਪ ਸਿੰਘ ਜੀ ਦੀ ਪੂਜ ਮਾਤਾ ਜੀਵਨ ਕੌਰ ਵੀ ਉਹਨਾਂ ਦੇ ਪਰੇਰਨਾ ਸਰੋਤ ਸਨ। ਕਿੱਸਾ ਸੰਤ ਖਾਲਸਾ, ਅਰਥਾਤ ਤਵਾਰੀਖ ਨਾਮਧਾਰੀ ਦੇ ਲੇਖਕ, ਸ੍ਰ. ਹਰਨਾਮ ਸਿੰਘ ਬਗੁਲੀ ਕਲਾਂ ਨਾਲ ਹੋਈ ਮੁਲਾਕਾਤ ਵਿੱਚ ਇਹ ਕੁਝ ਵੀ ਦਰਜ ਹੈ। "ਬਗੁਲੀ ਵਾਲੇ ਸਰਦਾਰ ਨੇ, ਪੰਡਿਤ ਮਨਸਾ ਸਿੰਘ ਕੌਮੀ (ਅੱਜ ਕੱਲ੍ਹ ਭੈਣੀ ਸਾਹਿਬ ਦੇ ਬਿਰਧ ਘਰ ਵਿੱਚ) ਦੇ ਜਿਹਲ ਜਾਣ ਬਾਰੇ ਜ਼ਿਕਰ ਕਰਦਿਆਂ ਕਿਹਾ: ਮਾਤਾ ਜਿਊਣ ਕੌਰ ਜੀ ਕਹਿੰਦੇ ਸਨ ਕਿ ਨਾਮਧਾਰੀਆਂ ਵੱਲੋਂ ਵੀ (ਕਾਂਗਰਸ ਦੇ) ਪਿਕਟਿੰਗ ਵਿੱਚ ਆਹੂਤੀ ਪਾ ਦਿਓ। ਸ਼ਰਾਬ ਦੇ ਵਿਰੁਧ ਪਿਕਟਿੰਗ ਸਮੇਂ। ਸੋ ਪੰਡਿਤ ਮਨਸਾ ਸਿੰਘ ਤਾਂ ਹੀ ਗ੍ਰਿਫਤਾਰ ਹੋਏ। ਉਹ ਜਿਹਲ ਜਾਂਦਿਆਂ ਗਾਉਂਦੇ ਜਾਂਦੇ ਸਨ :

"ਨਹੀਂ ਰੱਖਣੀ ਸਰਕਾਰ, ਗੋਰੀ ਨਹੀਂ ਰੱਖਣੀ।"[6]

ਕਵੀ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਜੀ ਸੇਵਕ, ਸੰਤ ਮਹਿੰਦਰ ਸਿੰਘ ਪੂਰਬਾ ਬਾਰੇ (ਖਾਸ ਕਰ ਕੇ ਉਹ ਜਦੋਂ ਭੈਣੀ ਸਾਹਿਬ ਸੇਵਾ ਵਿੱਚ ਆਏ, 1970 ਦੇ ਅਨੰਦਪੁਰ ਸਾਹਿਬ ਦੇ ਸ਼ਤਾਬਦੀ ਹੋਲਾ ਮਹੱਲਾ ਸਮਾਗਮ ਤੋਂ ਬਾਅਦ ਵਿੱਚ ਵੀ) ਜੋ ਕੁਝ ਪੰਡਿਤ ਜੀ ਬਾਰੇ ਜਾਣਕਾਰੀਆਂ ਮਿਲਦੀਆਂ ਹਨ ਉਸ ਤੋਂ ਪਤਾ ਲੱਗਦਾ ਹੈ ਕਿ ਉਹ ਬਾਜੇਕਾਂ ਤੋਂ 1968-69 ਤੱਕ ਭੈਣੀ ਸਾਹਿਬ ਆ ਚੁੱਕੇ ਸਨ। ਪੰਡਿਤ ਜੀ ਦਾ ਪਿੰਡ ਭਰਥਲਾ ਵੀ ਪਿੰਡ ਪੂਰਬਾ ਦੇ ਨੇੜੇ ਹੀ ਹੈ। ਸੋ ਮਹਿੰਦਰ ਸਿੰਘ ਪੂਰਬਾ ਦੇ 1971 ਦੀ ਵੈਸਾਖੀ ਸਮੇਂ ਭੈਣੀ ਸਾਹਿਬ ਪੁੱਜਣ ਦਾ ਜ਼ਿਕਰ ਹੈ। "ਭੈਣੀ ਸਾਹਿਬ ਗਿਆ, ਮੈਨੂੰ ਮਾਤਾ

ਜੀ ਨੇ ਵੇਖ ਲਿਆ। ਪੰਡਿਤ ਮਨਸਾ ਸਿੰਘ ਜੀ ਵੀ ਮਿਲ ਪਏ। ਪੰਡਿਤ ਜੀ ਨੇ ਕੋਲ ਬਿਠਾਅ ਲਿਆ ! ਤੂੰ ਸਾਡੇ ਪਾਸ ਰਿਹਾ ਕਰ। ਸਾਡੇ ਪਿੰਡ ਵਾਲੇ ਤਾਰਾ ਸਿੰਘ ਨੇ ਵੀ ਮੈਨੂੰ ਪੰਡਿਤ ਜੀ ਦੀ ਸੇਵਾ ਤੇ ਲੱਗਾ ਵੇਖ ਖੁਸ਼ੀ ਪਰਗਟ ਕੀਤੀ ਅਤੇ ਅਰਜ਼ ਕਰ ਕੇ ਮਾਤਾ (ਚੰਦ ਕੌਰ) ਜੀ ਤੋਂ ਮਨਜ਼ੂਰੀ ਲੈ ਲਈ। ਸੱਚੇ ਪਾਤਸ਼ਾਹ ਜੀ ਨੇ ਵੀ ਹੁਕਮ ਕੀਤਾ : ਤੂੰ ਇਹਨਾਂ ਦੀ ਸੇਵਾ ਕਰਿਆ ਕਰ।

"ਜਦੋਂ ਸਤਿਗੁਰੂ ਜੀ ਆਇਆ ਕਰਨ, ਮੇਰਾ ਤੇ ਪੰਡਿਤ ਮਨਸਾ ਸਿੰਘ ਜੀ ਦਾ ਮੈਥੋਂ ਹਾਲ ਚਾਲ ਪੁੱਛਿਆ ਕਰਨ। ਮੈਂ ਦੋ ਸਾਲ ਪੰਡਿਤ ਜੀ ਦੀ ਸੇਵਾ ਤੇ ਰਿਹਾ।[7]

ਮਹਿੰਦਰ ਸਿੰਘ ਪੁਰਬਾ ਜੀ ਦੀ ਸੇਵਾ ਤੋਂ ਪੰਡਿਤ ਜੀ ਬਹੁਤ ਪਰਸੰਨ ਸਨ। ਭੈਣੀ ਸਾਹਿਬ ਰਹਿਣ ਦੀ ਆਗਿਆ ਪੰਡਿਤ ਜੀ ਨੇ ਹੀ ਪੂਰਬਾ ਜੀ ਨੂੰ ਦੁਆਈ ਸੀ ਅਤੇ ਫਿਰ ਪੰਡਿਤ ਜੀ ਦੇ ਕਹਿਣ ਤੇ ਹੀ ਹਜ਼ੂਰੀ ਸੇਵਾ ਵਿੱਚ ਸ਼ਾਮਲ ਕਰ ਲਏ ਗਏ ਸਨ। ਪਰ ਪਹਿਲਾਂ ਜਦੋਂ ਕਦੇ ਪੂਰਬਾ ਜੀ ਨੂੰ ਕਿਸੇ ਹੋਰ ਸੇਵਾ ਤੇ ਭੇਜਣਾ ਹੁੰਦਾ ਤਾਂ "ਸੱਚੇ ਪਾਤਸ਼ਾਹ ਕਹਿੰਦੇ ਸਨ : ਪੂਰਬੇ ਨੂੰ ਨਹੀਂ ਘੱਲਣਾ ਪੰ. ਮਨਸਾ ਸਿੰਘ ਉਸ ਨੂੰ ਨਹੀਂ ਛੱਡਦੇ।"[8]

ਸਤਿਗੁਰੂ ਜਗਜੀਤ ਸਿੰਘ ਜੀ ਪੰਡਿਤ ਮਨਸਾ ਸਿੰਘ ਜੀ ਸਮੇਤ ਜਿਤਨੇ ਵੀ ਬਿਰਧ ਸਿੱਖ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਰਹਿੰਦੇ ਸਨ, ਸ੍ਰੀ ਭੈਣੀ ਸਾਹਿਬ ਵਿਖੇ ਸਭ ਦੀ ਸੁੱਖ ਸੁਵਿਧਾ ਦਾ ਵਿਸ਼ੇਸ਼ ਧਿਆਨ ਰੱਖਿਆ ਕਰਦੇ ਸਨ। ਫਿਰ ਪੰਡਿਤ ਜੀ ਦੇ ਤਾਂ ਆਪ ਜੀ ਸ਼ਾਗਿਰਦ ਵੀ ਰਹੇ ਸਨ। ਪੰਡਿਤ ਜੀ ਦਾ ਜੀਵਨ ਬਹੁਤ ਹੀ ਸਾਦਾ ਸੀ। ਉਹ ਰਾਗ ਦਵੈਖ ਦੋਹਾਂ ਦੀ ਮਾਰ ਤੋਂ ਉੱਪਰ ਉਠ ਚੁੱਕੇ ਸਨ। ਉਹ ਨਾਮ ਬਾਣੀ ਵਿੱਚ ਹੀ ਆਪਣਾ ਸਮਾਂ ਬਤੀਤ ਕਰਿਆ ਕਰਦੇ ਸਨ। ਦੁਨਿਆਵੀ ਲੋਕਾਂ ਜਿਉਂ ਉਹ ਕਿਸੇ ਦੀ ਨਿੰਦਿਆ, ਚੁਗਲੀ ਜਾਂ ਪਰਸੰਸਾ ਵਿੱਚ ਆਪਣਾ ਸਮਾਂ ਵਿਅਰਥ ਨਹੀਂ ਕਰਦੇ ਸਨ। ਉਹਨਾਂ ਨੇ ਮਨ ਬਿਰਤੀਆਂ ਨੂੰ ਪੂਰੀ ਤਰ੍ਹਾਂ ਸੋਧਿਆ ਹੋਇਆ ਸੀ ਅਤੇ ਇੰਦਰੇ ਜਿੱਤ ਸਨ। ਆਪਣਾ ਸਮਾਂ ਉਹ ਸੁਆਸ-ਸੁਆਸ ਸਿਮਰਨ ਵਿੱਚ ਹੀ ਲਾਈ ਰੱਖਦੇ ਸਨ।

ਪੰਡਿਤ ਜੀ ਚੰਗੇ ਲੇਖਕ ਵੀ ਸਨ। ਸਤਿਜੁਗ ਦੇ ਸਪਤਾਹਿਕ ਅਤੇ ਬਸੰਤ ਅੰਕਾਂ ਵਿੱਚ ਉਹਨਾਂ ਦੇ ਕਈ ਲੇਖ ਪੜ੍ਹਨ ਨੂੰ ਮਿਲਦੇ ਹਨ। ਆਪਣੇ ਇਕ ਲੇਖ ਵਿੱਚ ਪੰਡਿਤ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਬਾਰੇ ਲਿਖਦੇ ਹਨ।

"ਉਸ ਸਮੇਂ ਗੁਰਸਿੱਖੀ ਰੂਪੀ ਸੁੱਕੇ ਬਗੀਚੇ ਨੂੰ ਸਰ ਸਬਜ਼ ਕਰਨ ਲਈ,

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਗਟ ਹੋ ਕੇ, ਨਾਮ ਦਾ ਤੇਲ ਅਤੇ ਸੁੱਚ ਸੰਜਮ ਦੀ ਵੱਟੀ ਪਾ ਕੇ, ਖਾਲਸਾ ਪੰਥ ਨਵੇਂ ਸਿਰੇ ਪ੍ਰਜਵਲਤ ਕੀਤਾ। ਉਹਨਾਂ ਸਰਦਾਰਾਂ ਨੂੰ ਜੋ ਸਿੱਖ ਅਖਵਾਉਂਦੇ ਅਤੇ ਵਾਸਤਵ ਵਿੱਚ ਸਿੱਖੀ ਦੀ ਸ਼ਾਨ ਨੂੰ ਵੱਟਾ ਲਾਉਣ ਵਾਲੇ ਕੁਕਰਮਾਂ ਦੀ ਨਦੀ ਵਿੱਚ ਗੋਤੇ ਲਾਉਂਦੇ ਹੋਏ ਡੁੱਬਣ ਨੂੰ ਤਿਆਰ ਸਨ, ਫੇਰ ਨਵੇਂ ਸਿਰੇ ਸਿੱਖੀ ਦੀ ਮਰਿਆਦਾ ਦੱਸੀ ਅਤੇ ਗੁਰੂ ਰਾਮ ਸਿੰਘ ਜੀ ਨੇ ਨਾਮ ਅਤੇ ਅੰਮ੍ਰਿਤ ਪਰਚਾਰ ਕੀਤਾ। ਯੱਗ ਹਵਨ ਅਤੇ ਜੋੜ ਮੇਲਿਆਂ ਨੂੰ ਨਵੇਂ ਸਿਰੇ ਤੋਂ ਕਰਨ ਦਾ ਰਿਵਾਜ ਕਾਇਮ ਕੀਤਾ। ਸਰਬਤ ਭਾਰਤ ਵਾਸੀਆਂ ਨੂੰ ਗੁਰਮੁਖੀ (ਪੰਜਾਬੀ) ਅਤੇ ਹਿੰਦੀ ਵਿੱਦਿਆ ਪ੍ਰਾਪਤ ਕਰਨ ਦਾ ਉਪਦੇਸ਼ ਦਿੱਤਾ।"

"ਆਪ ਨੂੰ ਜੀਵਾਂ ਦੇ ਰੂਹਾਨੀ ਤੇ ਜਿਸਮਾਨੀ ਦੁਖ ਦੀ ਨਵਿਰਤੀ ਦਾ ਬੜਾ ਹੀ ਖਿਆਲ ਸੀ। ਕਿਉਂਕਿ ਪੱਛਮੀ ਸੱਭਿਅਤਾ ਦਾ ਰੰਗ ਦਿਨ ਪਰ ਦਿਨ, ਜੋਰਾਂ ਵਿੱਚ ਚੜ੍ਹ ਰਿਹਾ ਸੀ, ਜਿਸ ਤੋਂ ਜੀਵਾਂ ਦਾ ਬਚਨਾ ਕਠਿਨ ਸੀ। ਅਖੀਰ ਆਪ ਨੇ ਵਿਦੇਸ਼ੀ ਹਕੂਮਤ ਤੋਂ ਬਚਨ ਦਾ ਇਕ ਸੋਹਣਾ ਤਰੀਕਾ ਸੋਚਿਆ। ਜਿਸ ਪ੍ਰੋਗਰਾਮ ਦੇ ਅਨੁਸਾਰ ਚੱਲਣ ਵਾਲਿਆਂ ਨੂੰ ਕੋਈ ਵੀ ਰੂਹਾਨੀ ਤੇ ਜਿਸਮਾਨੀ ਔਕੜ ਨਾ ਆਵੇ। ਆਪ ਨੇ ਧਾਰਮਿਕ ਉਪਦੇਸ਼ ਦੇ ਨਾਲ ਦੁਨੀਆਂ ਦੇ ਵਿੱਚ ਇਕ ਨਵਾਂ ਜੀਵਨ ਪੈਦਾ ਕਰ ਦਿੱਤਾ। ਆਪ ਨੇ ਕਿਰਤੀ ਲੋਕਾਂ ਦੇ ਦੁਖ ਨੂੰ ਅਨੁਭਵ ਕਰ ਕੇ ਇਹਨਾਂ ਦੇ ਖੂਨ-ਪਸੀਨੇ ਦੀ ਕਮਾਈ ਦੇ ਬਚਾਅ ਵਾਸਤੇ, ਕੁੱਲ ਵਿਦੇਸ਼ੀ ਮਾਲ ਦਾ, ਵਿਦੇਸ਼ੀ ਸੰਸਥਾਵਾਂ ਦਾ ਤੇ ਵਿਦੇਸ਼ੀ ਲਿਬਾਸ ਦਾ ਪੂਰਾ-ਪੂਰਾ ਬਾਈਕਾਟ ਕੀਤਾ।"

"ਜੇ ਭਾਰਤ ਵਰਸ਼ ਦੇ ਚੰਗੇ ਭਾਗ ਹੁੰਦੇ ਤਾਂ ਇਸ ਪਵਿੱਤਰ ਪ੍ਰੋਗਰਾਮ ਦੇ ਅਨੁਸਾਰ ਚੱਲਦੇ ਅਤੇ ਕਦੇ ਦੇ ਆਜ਼ਾਦ ਹੋਏ ਹੁੰਦੇ। ਹੁਣ ਦੁਬਾਰੇ ਬਿਪਤਾ ਦੇ ਘਾਟ ਨਾ ਉਤਰਨਾ ਪੈਂਦਾ।"[9]

ਪੰਡਿਤ ਜੀ ਜਦੋਂ ਵਿਦਿਆਲੇ ਦੀ ਸੇਵਾ ਨਿਬਾਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਰਿਹਾ ਕਰਦੇ ਸਨ ਤਾਂ ਉਸ ਸਮੇਂ ਰੋਜ਼ਨਾਮਚਾ ਵੀ ਲਿਖਿਆ ਕਰਦੇ ਸਨ। ਜੇ ਕਿਤੇ ਉਹ ਸਾਲਮ ਰੋਜ਼ਨਾਮਚਾ ਲੱਭ ਜਾਂਦਾ ਤਾਂ ਨਾਮਧਾਰੀ ਪੰਥ ਦੀ ਅਮੁੱਲ ਇਤਿਹਾਸਿਕ ਨਿਧੀ ਹੁੰਦੀ। ਇਸ ਦੇ ਕੁਝ ਵਰਕੇ ਹੀ ਭਾਈ ਹਰਪਾਲ ਸਿੰਘ ਸੇਵਕ ਹੋਰਾਂ ਦੇ ਹੱਥ ਆਏ ਸਨ, ਜੋ ਉਹਨਾਂ ਨੇ ਲੇਖਕ ਦੀ ਕਿਤਾਬ "ਅੱਖੀਂ ਡਿੱਠਾ ਕਿੱਸਾ ਕੀਤਾ" ਦੀ ਅੰਤਿਕਾ ਵਿੱਚ ਸ਼ਾਮਲ ਕਰਵਾ ਦਿੱਤੇ ਸਨ। ਇਸ ਵਿੱਚ ਆਪ ਦੀ ਨਿੱਖਰੀ ਹੋਈ ਲਿਖਤ ਦੇ ਦਰਸ਼ਨ ਹੁੰਦੇ ਹਨ। ਅਸੀਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੋ ਦਿਨਾਂ ਦੀਆਂ ਘਟਨਾਵਾਂ ਪਾਠਕਾਂ ਦੇ ਸਨਮੁਖ ਕਰ ਰਹੇ।

13 ਜੇਠ 1993 ਬਿਕਰਮੀ (ਮੁਤਾਬਿਕ 1936 ਈ.) : "ਸਤਿਗੁਰਾਂ ਨੇ ਦਿਨ ਦੇ ਦੋ ਵਜੇ ਸਭ ਸੰਗਤ ਨੂੰ ਹਰੀ ਮੰਦਰ ਵਿੱਚ ਸੱਦ ਕੇ ਹੁਕਮ ਕੀਤਾ ਕਿ ਪਹਿਲੀ ਹਾੜ ਤੱਕ ਦਿਨ ਦੇ 12 ਵਜੇ ਇਸ ਮੰਦਰ ਵਿੱਚ ਕਥਾ ਹੋਇਆ ਕਰੇਗੀ। ਸਭ ਦੀ ਹਾਜਰੀ ਹੋਵੇ। ਦੂਸਰਾ ਕੋਈ ਕਿਸੇ ਨਾਲ ਲੜੇ ਭਿੜੇ ਨਾ, ਇਤਨੇ ਦਿਨ ਤਕੜੇ ਹੋ ਕੇ ਭਜਨ ਪਾਠ ਕਰੇ, ਬੋਲੋ ਥੋਹੜਾ ਮਤਲਬ ਦਾ, ਵਿਹਾਰ ਮਾਤਰ। ਅਖੰਡ ਪਾਠਾਂ ਦਾ ਵੀ ਆਰੰਭ ਹੋਵੇਗਾ। ਸਾਰਾ ਪ੍ਰੋਗਰਾਮ ਇਸ ਤਰ੍ਹਾਂ ਹੈ। ਅੰਮ੍ਰਿਤ ਵੇਲੇ ਦੋ ਵਜੇ ਉਠਣਾ, ਤਿੰਨ ਵਜੇ ਆਸਾ ਦੀ ਵਾਰ ਵਿੱਚ ਆ ਜਾਣਾ। ਪੰਜ ਵਜੇ ਆਸਾ ਦੀ ਵਾਰ ਦਾ ਭੋਗ, ਫਿਰ ਨਿਤਨੇਮ, ਫੇਰ ਭਜਨ। 12 ਵਜੇ ਕਥਾ ਸਤਿਗੁਰੂ ਬਿਲਾਸ ਕ੍ਰਿਤ ਬਾਬਾ ਧਿਆਨ ਸਿੰਘ, ਇਕ ਵਜੇ ਸਮਾਪਤ।

(ਸ਼ਾਮ) 6 ਤੋਂ ਕਥਾ, ਰਹਿਰਾਸ, ਕੀਰਤਨ ਸੋਹਿਲਾ, 9 ਵਜੇ ਬਿਰਾਜਨਾ।"

26 ਜੇਠ : ਦਿਨ ਦੇ 12 ਵਜੇ ਹਰੀ ਮੰਦਰ ਵਿੱਚ ਕਥਾ ਕਰਦਿਆਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਮੁੰਦਰੋਂ ਪਾਰ ਜਾਣ ਦਾ ਪਰਸੰਗ ਆਇਆ। ਯਥਾ : (ਸਮੁੰਦ ਸਾਗਰ ਹੋਵੈ ਬਹੁ ਖਾਰਾ ਗੁਰਸਿਖ ਲੰਘ ਗੁਰੂ ਪਹਿ ਜਾਈ॥ ਸਤਿਗੁਰਾਂ ਆਖਿਆ, ਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਨਾ ਕੋਈ ਗੁਰੂ ਸਮੁੰਦਰ ਲੰਘ ਕੇ ਗਿਆ ਹੈ ਅਤੇ ਨਾ ਉਸ ਦੇ ਪਿੱਛੇ ਸਿੱਖ ਗਏ। ਐਸੇ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਹਨ ਜਿਨ੍ਹਾਂ ਦੇ ਪ੍ਰਥਾਇ ਇਹ ਪੰਗਤੀ ਘਟਦੀ ਹੈ। ਇਹ ਆਖਦਿਆਂ ਆਪ ਦੇ ਨੇਤਰਾਂ ਤੋਂ ਜਲ ਵਗ ਟੁਰਿਆ। ਗਲਾ ਰੁਕ ਗਿਆ। ਸਾਰੀ ਸੰਗਤ ਵਿੱਚ ਕਰੁਣਾ ਰਸ ਛਾ ਗਿਆ। ਕਈ ਸਿੰਘ ਮਸਤਾਨੇ ਹੋ ਗਏ। ਉੱਚੀ-ਉੱਚੀ ਭੁੱਬਾਂ ਮਾਰਨ ਲੱਗ ਪਏ। ਇਹ ਇਕ ਡਾਢਾ ਅਸਚਰਜ ਬਣ ਗਿਆ।"[10]

ਇਸੇ ਰੋਜ਼ਨਾਮਚੇ ਵਿੱਚ ਦਰਜ ਹੈ ਕਿ 31 ਜੇਠ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੰਡਿਤ ਮਨਸਾ ਸਿੰਘ ਜੀ ਨੂੰ ਸ਼ਹੀਦੀ ਬੁੰਗੇ ਡੇਰਾ ਲਾਉਣ ਦਾ ਹੁਕਮ ਕੀਤਾ ਤਾਂ ਕਿ ਜਰੂਰਤ ਪੈਣ ਤੇ ਆਪ ਅਖੰਡ ਪਾਠਾਂ ਵਿੱਚ ਵੀ ਲੱਗ ਸੱਕਣ। ਇਸੇ ਰੋਜ਼ਨਾਮਚੇ ਤੋਂ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਭੈਣੀ ਸਾਹਿਬ ਤੋਂ ਬਾਹਰ ਜਾਣ ਸਮੇਂ ਆਪ ਨੂੰ ਵੀ ਕਈ ਵੇਰ ਨਾਲ ਜਾਣ ਦਾ ਮਾਣ ਦਿਆ ਕਰਦੇ ਸਨ। ਸੰਨ 1936 ਵਿੱਚ ਆਪ ਨੇ ਸਤਿਗੁਰੂ ਜੀ ਨਾਲ ਔਰੰਗਾਬਾਦ, ਨਾਸਿਕ, ਅਜੰਤਾ ਅਲੋਰਾ ਦੀਆਂ ਗੁਫਾਵਾਂ ਦੀ ਯਾਤਰਾ ਵੀ ਕੀਤੀ ਸੀ।

ਇਉਂ ਪੰਡਿਤ ਜੀ ਦੇ ਜੀਵਨ ਦਾ ਵਡੇਰਾ ਹਿੱਸਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਬਤੀਤ ਹੋਇਆ। ਉਹਨਾਂ ਦੀ ਜਨਮ ਮਿਤੀ ਦਾ ਤਾਂ ਸਹੀ ਵੇਰਵਾ ਨਹੀਂ। ਪਰ ਉਹਨਾਂ ਦੇ ਜਨਮ ਸਾਲ ਬਾਰੇ ਵੀ ਵੱਖ ਵੱਖ ਅੰਦਾਜ਼ੇ ਹਨ।

ਚੱਕਰਵਰਤੀ ਜੀ ਦੇ ਕਥਨ ਅਨੁਸਾਰ ਉਹ 1900 ਈ. ਦੇ ਜੰਮ ਪਲ ਮਾਲੂਮ ਹੁੰਦੇ ਹਨ। ਪਰ ਬੀਤੇ ਦੀਆਂ ਪੈੜਾਂ ਮੁਤਾਬਿਕ ਜੋ 1977 ਵਿੱਚ 85 ਸਾਲ ਦੇ ਹਨ ਤਾਂ 1892 ਈ. ਦਾ ਜਨਮ ਹੈ। ਅਸੀਂ ਕਹਿ ਸਕਦੇ ਹਾਂ ਕਿ ਜਨਮ ਸਾਲ 1895-1900 ਦੇ ਵਿਚਾਲੇ ਹੈ। ਪ੍ਰੀਤਮ ਸਿੰਘ ਕਵੀ ਹੋਰਾਂ ਨੇ ਬੀਤੇ ਦੀਆਂ ਪੈੜਾਂ ਵਿੱਚ ਮਿਰਤੂ ਦੀ ਤਾਰੀਖ ਭੈਣੀ ਸਾਹਿਬ 17 ਜੁਲਾਈ 1984 ਦਿਨੇ 11 ਵੱਜ ਕੇ 55 ਮਿੰਟ ਲਿਖੀ ਹੈ। ਅੰਤਿਮ ਸੁਆਸਾਂ ਤੱਕ ਕੜਕਵੀਂ ਆਵਾਜ਼ ਰਹੀ। ਜਦੋਂ ਕਿਸੇ ਪੁੱਛਣਾ, ਪੰਡਿਤ ਜੀ ਕਦੋਂ ਤਿਆਰੇ ਹਨ? ਤਾਂ ਹੱਸ ਕੇ ਕਹਿਣਾ- "ਜਦੋਂ ਕਹੋਗੇ।" ਪ੍ਰੀਤਮ ਸਿੰਘ ਕਵੀ ਹੋਰਾਂ ਨੂੰ ਆਪਣੀ ਆਖਰੀ ਫਤੇਹ ਬੁਲਾਉਣ ਲਈ ਵੀ ਕਿਹਾ। ਮਾਤਾ ਚੰਦ ਕੌਰ ਜੀ ਸਿਆਲ ਵਿੱਚ ਆਪ ਦੇ ਛਕਣ ਛਕਾਉਣ ਦਾ ਬਹੁਤ ਧਿਆਨ ਰੱਖਿਆ ਕਰਦੇ ਸਨ। ਆਖਰੀ ਸਮੇਂ ਢਿੱਲੇ ਹੋਣ ਤੇ ਡਾ. ਹਰਦਾਸ ਮੱਲ ਕਟਾਣੀ ਤੋਂ ਦਵਾ ਦਾਰੂ ਚੱਲਿਆ।

ਮਹਿੰਦਰ ਸਿੰਘ ਪੂਰਬਾ ਨੇ ਕਵੀ ਜੀ ਨੂੰ ਦੱਸਿਆ ਕਿ ਵੈਸਾਖੀ 1970 ਈ. ਤੋਂ ਉਹ ਦੋ ਸਾਲ ਤੱਕ ਪੰਡਿਤ ਜੀ ਦਾ ਚੇਲਾ ਰਿਹਾ। ਪੰਡਿਤ ਜੀ ਨੇ ਉਸ ਨੂੰ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦਾ ਸ਼ੁੱਧ ਪਾਠ ਕਰਨਾ ਸਿਖਾਇਆ। ਗੁਰੂ ਘਰ ਨਾਲ ਪ੍ਰੇਮ ਦੀ ਸੰਥਾ ਦਿੱਤੀ। ਪੰਡਿਤ ਜੀ ਦਾ ਗੁਰੂ ਕੇ ਲੰਗਰ ਵੱਲ ਏਨਾ ਧਿਆਨ ਸੀ ਕਿ ਆਪਣੀ ਕਮਾਈ ਦੀ ਪਾਈ-ਪਾਈ ਉਹ ਗੁਰੂ ਕੇ ਲੰਗਰ ਦੀ ਭੇਟਾ ਕਰ ਦਿੰਦੇ। ਮੈਂ ਪੁੱਛਿਆ : ਏਨੀ ਮੁਸ਼ੱਕਤ ਕਿਉਂ, ਤੁਹਾਡਾ ਤਾਂ ਰੰਗ ਵੀ ਪੀਲਾ ਪੈ ਗਿਆ ਹੈ। ਹੱਸ ਕੇ ਕਹਿਣ ਲੱਗੇ : ਸਰੀਰ ਸਹੁਰੇ ਦਾ ਕੀ? ਇਹਦੀ ਵਰਤੋਂ ਜਿੰਨੀ ਕਰੀਏ ਥੋਹੜੀ। ਪਾਠ ਕਰ ਕੇ ਪੈਸੇ ਗੁਰੂ ਕੇ ਲੰਗਰ ਨੂੰ।"[11]

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿੱਖ ਬਾਬਾ ਲਾਲ ਸਿੰਘ ਲਤਾਲੀਆ ਆਪਣੇ ਆਖਰੀ ਸਮੇਂ ਮਰਿਆਦਾ ਦਾ ਪਰਸ਼ਾਦਾ ਨਾਂ ਮਿਲਣ ਕਾਰਨ ਕਈ ਦਿਨਾਂ ਤੋਂ ਨਿਰਾਹਾਰ ਸਨ। ਪੰਡਿਤ ਮਨਸਾ ਸਿੰਘ ਜੀ ਤਾਂ ਸਦਾ ਸੋਧ ਰੱਖਦੇ ਸਨ, ਪਤਾ ਲੱਗਣ ਤੇ ਲਤਾਲੇ ਪਹੁੰਚ ਗਏ। ਇਹਨਾਂ ਆਖਰੀ ਦਸ ਪੰਦਰਾਂ ਦਿਨਾਂ ਵਿੱਚ ਬਾਬਾ ਜੀ ਦੀ ਪਰਸ਼ਾਦ ਪਾਣੀ ਦੀ ਸੇਵਾ ਨਿਬਾਹੀ।

ਕੁਝ ਮਹੀਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਲਾਂਗਰੀ ਸਤਨਾਮ ਸਿੰਘ ਨੇ ਆਪ ਜੀ ਦੀ ਸੇਵਾ ਕੀਤੀ। ਜਿਆਦਾ ਸਮਾਂ ਪੂਰਬਾ ਪਿੰਡ ਦੇ ਤਾਰਾ ਸਿੰਘ ਅਤੇ ਬਿਧੀ ਸਿੰਘ, ਪੰਡਤ ਜੀ ਦੀ ਸੇਵਾ ਵਿੱਚ ਰਹੇ।

ਕਿਉਂਕਿ 1 ਅਗਸਤ ਤੋਂ 12 ਅਕਤੂਬਰ 1984 ਤੱਕ ਦੀਆਂ ਕਵੀ ਜੀ ਦੀਆਂ ਪੈੜਾਂ ਨਹੀਂ ਮਿਲਦੀਆਂ ਹਨ ਤੇਰ੍ਹਵੇਂ ਭਾਗ ਵਿੱਚ। ਪੰਡਿਤ ਮਨਸਾ

ਸਿੰਘ ਜੀ ਦੇ ਭੋਗ ਦੀ ਸਹੀ ਤਾਰੀਖ ਖੋਜ ਅਧੀਨ ਹੈ। ਉਂਜ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਤੇ ਪੰਡਿਤ ਜੀ ਦੀ ਸੰਖੇਪ ਜੀਵਨੀ ਬਾਰੇ ਪੈਂਫਲਟ, ਕਵੀ ਜੀ ਨੇ ਲਿਖਿਆ ਸੀ ਜੋ ਮਿਲਿਆ ਨਹੀਂ ਝ ਨਹੀਂ ਤਾਂ, ਕੁਝ ਹੋਰ ਜਾਣਕਾਰੀ ਮਿਲ ਸਕਦੀ ਸੀ। ਉਮਰ ਦੀ ਜੁਆਨੀ ਅੰਗਰੇਜ਼ ਸਰਕਾਰ ਦੀਆਂ ਜਿਹਲਾਂ ਵਿੱਚ ਅਤੇ ਬੁਢੇਪਾ ਆਪਣੇ ਸਤਿਗੁਰੂ ਦੇ ਲੇਖੇ ਲਾਉਣ ਵਾਲੇ ਬੇਗਰਜ਼, ਮਹਾਂ ਤਿਆਗੀ, ਸ਼ਾਂਤ ਮੂਰਤ, ਪਰਉਪਕਾਰੀ, ਪੰਡਿਤ ਮਨਸਾ ਸਿੰਘ ਕੌਮੀ ਨੂੰ ਸ਼ਤ-ਸ਼ਤ ਪਰਣਾਮ।

## -ਹਵਾਲੇ ਤੇ ਟਿੱਪਣੀਆਂ-


1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, (ਸੰ. ਜਸਵਿੰਦਰ ਸਿੰਘ), ਸਫਾ 3
2. ਸੰਤ ਇੰਦਰ ਸਿੰਘ ਚੱਕਰਵਰਤੀ, ਕੂਕਿਆਂ ਬਾਰੇ, ਸਫਾ 236-38
3. ਮਾਸਟਰ ਨਿਹਾਲ ਸਿੰਘ, ਕੂਕਿਆਂ ਦਾ ਪੰਥ ਨਿਰਾਲਾ ਵਿੱਚ ਅਧਿਆਇ, ਐਸੇ-ਐਸੇ ਹਨ ਨਾਮਧਾਰੀ ਵਿੱਚ ਰਚਨਾ- ਪੰਡਿਤ ਮਨਸਾ ਸਿੰਘ, ਸਵਤੰਤਰਤਾ ਸੰਗਰਾਮੀ, ਸਫਾ 84-85
4. ਪ੍ਰੀਤਮ ਸਿੰਘ ਕਵੀ, ਸਤਿਜੁਗ ਦਾ ਸਿਮਰਤੀ ਅੰਕ, ਸਤਿਜੁਗ ਸ੍ਰੀ ਜੀਵਨ ਨਗਰ, 12 ਚੇਤਰ 2016 ਬਿਕਰਮੀ, ਸਤਿਜੁਗ ਦੇ ਨਿਰਮਾਣ ਸਹਾਇਕ, ਸਫਾ 106
5. ਪ੍ਰੀਤਮ ਸਿੰਘ ਕਵੀ, ਬੀਤੇ ਦੀਆਂ ਪੈੜਾਂ, ਭਾਗ ਪਹਿਲਾ, ਇਹ ਅੰਦਰਾਜ 16 ਅਕਤੂਬਰ 1977 ਦਾ ਹੈ। ਸਫਾ 196
6. ਪ੍ਰੀਤਮ ਸਿੰਘ ਕਵੀ, ਬੀਤੇ ਦੀਆਂ ਪੈੜਾਂ ਭਾਗ ਤੀਜਾ, ਇਹ ਅੰਦਰਾਜ 11 ਸਤੰਬਰ 1978 ਦਾ ਹੈ, ਸਫਾ 135
7. ਪ੍ਰੀਤਮ ਸਿੰਘ ਕਵੀ, ਬੀਤੇ ਦੀਆਂ ਪੈੜਾਂ, ਭਾਗ-5, ਇੰਦਰਾਜ 14 ਦਸੰਬਰ 1979, ਸਫਾ 432
8. ਉਪਰੋਕਤ, ਸਫਾ 433
9. ਪੰਡਿਤ ਮਨਸਾ ਸਿੰਘ ਜੀ ਕੌਮੀ, ਸਤਿਜੁਗ ਦਾ ਬਸੰਤ ਅੰਕ, 8 ਮਾਘ 1990 ਬਿਕਰਮੀ, ਸ੍ਰੀ ਭੈਣੀ ਸਾਹਿਬ, ਲੇਖ- ਗਊ ਗਰੀਬ ਦਾ ਸਹਾਇਕ ਸਤਿਗੁਰੂ, ਸਫਾ 91
10. ਸਵਰਨ ਸਿੰਘ ਵਿਰਕ (ਸੰਪਾਦਕ) ਅੱਖੀਂ ਡਿੱਠਾ ਕਿੱਸਾ ਕੀਤਾ, ਰੋਜ਼ਨਾਮਚਾ ਪੰ. ਮਨਸਾ ਸਿੰਘ ਕੌਮੀ, ਸਫਾ 277-78
11. ਪ੍ਰੀਤਮ ਸਿੰਘ ਕਵੀ, ਬੀਤੇ ਦੀਆਂ ਪੈੜਾਂ, ਭਾਗ-13, ਸਫਾ 44-45

# ਉੱਚਿ ਸੁਰਤਿ, ਬਿਰਤ ਵਾਲਾ ਗੁਰਸਿੱਖ, ਸ. ਤੇਜਾ ਸਿੰਘ ਜੀ ਚੰਦੋਵਾਲੀਆ

ਸ੍ਰ. ਤੇਜਾ ਸਿੰਘ ਬਾਜਵਾ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਰੋਸਾਏ ਨਾਮਧਾਰੀ ਸਿੱਖ ਭਾਈਚਾਰੇ ਦੀ ਬਹੁਤ ਸਤਿਕਾਰਿਤ ਸ਼ਖਸੀਅਤ ਸਨ, ਉਹ 2 ਮਈ 1954 ਤੋਂ 26 ਅਪਰੈਲ, 1960 ਈ. ਤੱਕ, ਪੰਜਾਬ ਵਿਧਾਨ ਪਰਿਸ਼ਦ ਦੇ ਮੈਂਬਰ ਵੀ ਰਹੇ ਸਨ। ਉਹ ਨਾਮ ਬਾਣੀ ਦੇ ਰਸੀਏ, ਸ਼ਬਦ ਕੀਰਤਨ ਕਰਨ ਵਾਲੇ ਅਤੇ ਗੁਰਮਤਿ ਮਾਰਗ ਦੇ ਸੋਝੀਵਾਨ ਹੋਣ ਸਦਕਾ, ਇਸ ਬਾਰੇ ਵਿਚਾਰ ਚਰਚਾ ਵਿੱਚ ਭਾਗ ਲਿਆ ਕਰਦੇ ਸਨ। ਆਪਣੇ ਮੁਲਾਜ਼ਮਤ ਦੇ ਜੀਵਨ ਸਦਕਾ ਕਾਫੀ ਸਮਾਂ ਉਹਨਾਂ ਦਾ ਪੰਜਾਬ ਤੋਂ ਬਾਹਰ ਹੀ ਬੀਤਦਾ ਸੀ ਅਤੇ ਉਹ ਜਿੱਥੇ ਵੀ ਰਹਿੰਦੇ ਸਨ ਉੱਥੇ ਹੀ ਆਪਣੇ ਆਲੇ-ਦੁਆਲੇ ਸਤਿਸੰਗੀਆਂ ਦਾ ਇੱਕ ਮੰਡਲ ਉਸਾਰ ਲਿਆ ਕਰਦੇ ਸਨ। ਦੇਸ਼ ਬਟਵਾਰੇ ਤੋਂ ਬਾਅਦ ਉਹ ਸਤਿਗੁਰੂ ਪ੍ਰਤਾਪ ਸਿੰਘ ਦੇ ਮੁਖਤਿਆਰ ਇ ਆਮ ਦੇ ਨਾਤੇ ਸਰਕਾਰੇ ਦਰਬਾਰੇ ਨਾਮਧਾਰੀ ਸਮੁਦਾਇ ਦੀ ਪ੍ਰਤੀਨਿਧਤਾ ਕਰਿਆ ਕਰਦੇ ਸਨ। ਉਹ ਬੜੇ ਸ਼ਾਂਤ, ਸਹਿਜ, ਗਹਿਰ, ਗੰਭੀਰ ਅਤੇ ਮਿੱਠ ਬੋਲੜੇ ਸੱਜਣ ਸਨ ਜੋ ਆਪਣੇ ਜ਼ਿੰਮੇ ਲੱਗੀ ਸੇਵਾ ਨਿਬਾਹੁੰਦਿਆਂ ਹੋਇਆਂ ਹਮੇਸ਼ਾਂ ਆਪਣਾ ਸੰਤੁਲਨ ਕਾਇਮ ਰੱਖਿਆ ਕਰਦੇ ਸਨ। ਆਪਣੇ ਦਰ ਤੇ ਆਏ ਹਰ ਲੋੜਵੰਦ ਨੂੰ ਖਿੜੇ ਮੱਥੇ ਮਿਲਦੇ ਸਨ ਤੇ ਉਹਨਾਂ ਦਾ ਕੰਮ ਕਰਨ ਲਈ ਅੱਠੇ ਪਹਿਰ ਤਿਆਰ ਬਰ ਤਿਆਰ ਨਜ਼ਰ ਆਉਂਦੇ ਸਨ। ਉਹਨਾਂ ਦੀ ਹਲੀਮੀ, ਸ਼ਰਾਫਤ, ਨੇਕੀ ਅਤੇ ਸਾਊਪੁਣੇ ਕਾਰਨ ਸਿਰਸਾ ਸ਼ਹਿਰ ਅਤੇ ਸਾਰੇ ਇਲਾਕੇ ਵਿੱਚ ਸੰਪ੍ਰਦਾਇਕ ਸੀਮਾਵਾਂ ਤੋਂ ਉੱਪਰ ਉਠ ਕੇ, ਉਹਨਾਂ ਦਾ ਮਾਣ ਸਤਿਕਾਰ ਕੀਤਾ ਜਾਂਦਾ ਸੀ।

ਸਿਆਲਕੋਟ, ਪੱਛਮੀ ਪੰਜਾਬ ਦੀ 1947 ਤੋਂ ਪਹਿਲਾਂ ਦੀ ਨਾਰੋਵਾਲ ਤਹਿਸੀਲ ਜੋ ਅੱਜ ਕੱਲ੍ਹ ਪਾਕਿਸਤਾਨੀ ਪੰਜਾਬ ਦਾ ਇਕ ਜ਼ਿਲ੍ਹਾ ਬਣ ਚੁੱਕੀ ਹੈ, ਬਾਜਵੇ ਜੱਟਾਂ ਦੀ ਜ਼ਿਆਦਾ ਆਬਾਦੀ ਕਾਰਨ ਬਜਵੈਤ ਕਹਾਉਂਦੀ ਸੀ। ਇਸ ਤਹਿਸੀਲ ਦੇ ਪਿੰਡ ਚੰਦੋਵਾਲ ਵਿੱਚ, ਪਿਤਾ ਸ੍ਰ. ਗੰਡਾ ਸਿੰਘ ਬਾਜਵਾ ਅਤੇ ਮਾਤਾ ਰਤਨ ਕੌਰ ਦੇ ਘਰ, 15 ਅਪਰੈਲ 1888 ਈ. ਨੂੰ ਸ੍ਰ ਤੇਜਾ ਸਿੰਘ ਦਾ ਜਨਮ ਹੋਇਆ। ਮੁਢਲੀ ਵਿੱਦਿਆ ਪਿੰਡ ਦੇ ਨੇੜੇ ਤੇੜਿਉਂ ਪ੍ਰਾਪਤ ਕਰ ਕੇ ਮੈਟ੍ਰਿਕ ਖਾਲਸਾ ਕਾਲਿਜ ਅੰਮ੍ਰਿਤਸਰ ਦੇ ਨਾਲ ਜੁੜੇ ਹਾਈ ਸਕੂਲ ਵਿੱਚੋਂ ਪਾਸ ਕਰ ਲਈ। ਪੜ੍ਹਾਈ ਵਿੱਚ ਬਹੁਤ ਜ਼ਹੀਨ ਸਨ। ਉਹਨਾਂ

ਤੋਂ ਵੱਡਾ ਇਕ ਭਾਈ ਗੰਗਾ ਸਿੰਘ ਸੀ ਅਤੇ ਦੋ ਉਹਨਾਂ ਦੀਆਂ ਭੈਣਾਂ ਸਨ। ਵੱਡੀ ਭੈਣ ਬੀਬੀ ਜੱਸਾਂ ਚੇਲੇਕੇ (ਅੰਮ੍ਰਿਤਸਰ) ਦੇ ਸ੍ਰ. ਹਰਨਾਮ ਸਿੰਘ ਨਾਲ ਵਿਆਹੀ ਸੀ। ਉੱਥੋਂ ਇਹ ਪਰਿਵਾਰ ਨਾਨਕੀ ਢੇਰੀ ਤੇ ਇਸੇ ਜ਼ਿਲ੍ਹੇ ਦੇ ਪਿੰਡ ਕਾਮਲਪੁਰ ਜਾ ਵੱਸਿਆ ਸੀ। ਸ੍ਰ. ਜੀ ਦੀ ਛੋਟੀ ਭੈਣ ਦਾ ਨਾਂ ਵੀ ਲੱਛਮੀ ਸੀ, ਜਿਸ ਦੀ ਸ਼ਾਦੀ ਭਸੀਣ (ਜ਼ਿਲ੍ਹਾ ਲਾਹੌਰ) ਦੇ ਸ੍ਰ. ਮੰਗਲ ਸਿੰਘ ਨਾਲ ਹੋਈ ਸੀ, ਜਿਹਨਾਂ ਦੇ ਲੜਕੇ ਜਗਤਾਰ ਸਿੰਘ, ਵੱਸਣ ਸਿੰਘ ਆਦਿ ਸਿਰਸਾ ਦੇ ਨਜ਼ਦੀਕੀ ਪਿੰਡ ਕੰਗਣਪੁਰ ਵਿੱਚ ਬਟਵਾਰੇ ਤੋਂ ਬਾਅਦ ਆਬਾਦ ਹੋਏ ਸਨ। ਸ੍ਰ. ਜਗਤਾਰ ਸਿੰਘ ਹੋਰਾਂ ਦਾ ਲੜਕਾ ਅਨੂਪ ਸਿੰਘ, ਚੰਡੀਗੜ੍ਹ ਪੁਲੀਸ ਵਿੱਚ ਏ.ਐਸ.ਆਈ. ਹੈ ਅਤੇ ਗਾਹੇ ਬਗਾਹੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਸ੍ਰੀ ਭੈਣੀ ਸਾਹਿਬ ਵੀ ਤਤਪਰ ਰਹਿੰਦਾ ਹੈ। ਸ. ਤੇਜਾ ਸਿੰਘ ਜੀ ਦਾ ਪੜਦਾਦਾ ਹੀਰਾ ਸਿੰਘ ਸੀ, ਜਿਸ ਦੇ ਫੂਲਾ ਸਿੰਘ ਅਤੇ ਫ਼ਤਹਿ ਸਿੰਘ ਦੋ ਪੁੱਤਰ ਸਨ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੜਪ ਵਿੱਚ ਨਾਮਧਾਰੀ ਸਿੱਖੀ ਦਾ ਪਰਚਾਰ ਅਰੰਭਿਆ ਤਾਂ ਫੂਲਾ ਸਿੰਘ, ਦਾਦਾ ਸ੍ਰ. ਤੇਜਾ ਸਿੰਘ, ਨਾਮਧਾਰੀ ਸਜਣ ਵਾਲੇ ਵਡਭਾਗਿਆਂ ਵਿੱਚੋਂ ਇੱਕ ਸੀ। ਉਸ ਦੇ ਦੂਜੇ ਭਾਈ ਫ਼ਤਹਿ ਸਿੰਘ ਦੇ ਪਰਿਵਾਰ ਵਿੱਚ ਕੂਕਪੁਣਾ ਬਾਅਦ ਵਿੱਚ ਆਉਂਦਾ ਹੈ। ਫ਼ਤਹਿ ਸਿੰਘ ਦੇ ਕੇਸਰ ਸਿੰਘ, ਈਸ਼ਰ ਸਿੰਘ ਤੇ ਸੁਦਾਗਰ ਸਿੰਘ ਤਿੰਨ ਪੁੱਤਰ ਸਨ। ਕੇਸਰ ਸਿੰਘ ਦੇ ਪਾਲਾ ਸਿੰਘ, ਸਾਹਿਬ ਸਿੰਘ, ਲਾਭ ਸਿੰਘ ਤੇ ਮੱਖਣ ਸਿੰਘ ਚਾਰ ਪੁੱਤਰ ਹੋਏ। ਅੱਗੋਂ ਜਥੇਦਾਰ ਪਾਲਾ ਸਿੰਘ ਜੀ ਦੇ ਸੰਤੋਖ ਸਿੰਘ, ਹਰਭਜਨ ਸਿੰਘ ਅਤੇ ਪ੍ਰਸਿੱਧ ਪੰਜਾਬੀ ਕਵੀ ਅਤੇ ਸਾਹਿਤਕਾਰ, ਲਖਵਿੰਦਰ ਸਿੰਘ ਬਾਜਵਾ ਹਨ। ਇਹ ਪਰਿਵਾਰ ਜਗਜੀਤ ਨਗਰ-ਹਰੀਪੁਰਾ (ਸਿਰਸਾ) ਵਿੱਚ ਆਬਾਦ ਹੈ। ਸ੍ਰ. ਜੀ ਦੇ ਭਾਈ ਗੰਗਾ ਸਿੰਘ ਹੋਰਾਂ ਦੇ ਊਧਮ ਸਿੰਘ, ਦਲੀਪ ਸਿੰਘ, ਬਲਵੰਤ ਸਿੰਘ, ਕੁਲਵੰਤ ਸਿੰਘ ਚਾਰ ਪੁੱਤਰ ਸਨ। ਇਹ ਜਾਣਕਾਰੀ ਲਖਵਿੰਦਰ ਸਿੰਘ ਬਾਜਵਾ ਤੋਂ ਪ੍ਰਾਪਤ ਹੋਈ ਹੈ।

ਸਰਦਾਰ ਤੇਜਾ ਸਿੰਘ ਹੋਰਾਂ ਦੀ ਪਹਿਲੀ ਸੁਪਤਨੀ ਬੀਬੀ ਲੱਛਮੀ ਸੀ, ਜੋ ਸ਼ੋਰਕੋਟ (ਸਿਆਲਕੋਟ) ਦੇ ਸ੍ਰ. ਸਾਧਾ ਸਿੰਘ ਹੋਰਾਂ ਦੀ ਭੈਣ ਸੀ ਅਤੇ ਸ੍ਰ. ਹਜਾਰਾ ਸਿੰਘ, ਦੀਦਾਰ ਸਿੰਘ ਆਦਿ ਜੋ ਪ੍ਰਤਾਪ ਨਗਰ (ਸਿਰਸਾ) ਵਿਖੇ ਰਹਿੰਦੇ ਸਨ ਦੀ ਭੂਆ ਸੀ। ਪਰ ਕਾਫੀ ਸਮੇਂ ਤਕ ਜਦੋਂ ਇਸ ਬੀਬੀ ਵਿੱਚੋਂ ਕੋਈ ਬਾਲ ਨਾ ਹੋਇਆ ਤਾਂ ਫਿਰ ਦੁਬਾਰਾ ਕਈ ਸਾਲਾਂ ਬਾਅਦ ਬੀਬੀ ਬਸੰਤ ਕੌਰ ਨਾਲ ਅਨੰਦ ਕਾਰਜ ਕੀਤਾ ਗਿਆ। ਇਹ ਬੀਬੀ ਬੰਬਈ ਵਿੱਚ ਹੀ ਫਾਇਰ ਬਰਗੇਡ ਦੇ ਵੱਡੇ ਅਫਸਰ, ਸ੍ਰ. ਮੁਬਾਰਕ ਸਿੰਘ ਹੋਰਾਂ ਦੀ ਭੈਣ ਸੀ, ਜੋ ਦੇਸ਼ ਬਟਵਾਰੇ ਬਾਅਦ ਕੁਝ ਸਮਾਂ ਪ੍ਰਤਾਪ ਨਗਰ ਵੀ ਰਹਿੰਦੇ ਰਹੇ

ਹਨ। ਸੰਤਾਨ ਦੇ ਤੌਰ ਤੇ ਆਪ ਦੇ ਘਰ ਪਹਿਲਾਂ ਰਣਜੀਤ ਸਿੰਘ ਅਤੇ ਫਿਰ ਸੁਰਜੀਤ ਸਿੰਘ ਨਾਮ ਦੇ ਦੋ ਪੁੱਤਰ ਹੋਏ। ਪਰ ਇਹ ਦੋਵੇਂ ਜੁਆਨੀ ਚੜ੍ਹਦਿਆਂ ਹੀ ਹੁਕਮ ਸੱਤ ਹੋ ਗਏ ਸਨ। ਗੱਭਰੂ ਪੁੱਤਰਾਂ ਦੇ ਜਾਣ ਦੇ ਅਕਹਿ ਸਦਮੇ ਨੂੰ ਸ੍ਰ. ਤੇਜਾ ਸਿੰਘ ਹੋਰਾਂ ਨੇ ਜਿਸ ਤਰ੍ਹਾਂ ਗੁਰੂ ਦੇ ਭਾਣੇ ਵਿੱਚ ਅਡੋਲ ਰਹਿ ਕੇ ਮੰਨਿਆ ਹੈ ਉਹ ਆਪਣੀ ਮਿਸਾਲ ਆਪ ਬਣ ਚੁੱਕਾ ਹੈ। ਫਿਰ ਬੀਬੀ ਬਸੰਤ ਕੌਰ ਵਿੱਚੋਂ 1944 ਤੇ 49 ਈ. ਵਿੱਚ ਹਰਿਭਜਨ ਕੌਰ ਅਤੇ ਦਲਜੀਤ ਕੌਰ ਨਾਮੇ ਦੋ ਪੁੱਤਰੀਆਂ ਨੇ ਜਨਮ ਲਿਆ। ਬੀਬੀ ਹਰਿਭਜਨ ਕੌਰ ਦਾ ਅਨੰਦ ਸ੍ਰ. ਦਰਸ਼ਨ ਸਿੰਘ ਕੱਕੜ ਫੀਰੋਜ਼ਾਬਾਦ (ਸਿਰਸਾ) ਦੇ ਲੜਕੇ ਸ੍ਰ. ਦੀਦਾਰ ਸਿੰਘ ਗਿੱਲ ਐਡਵੋਕੇਟ ਨਾਲ ਹੋਇਆ ਜੋ ਸਿਰਸਾ ਨਿਵਾਸ ਰੱਖਦੇ ਹਨ। ਇਸ ਦੰਪਤੀ ਦੇ ਦੋ ਪੁੱਤਰ ਅਤੇ ਦੋ ਪੁੱਤਰੀਆਂ ਹਨ। ਬੀਬੀ ਦਲਜੀਤ ਕੌਰ ਜੋ ਗੁਰੂ ਨਾਨਕ ਕਾਲਜ ਕਿੱਲਿਆਂ ਵਾਲੀ ਤੋਂ ਸੇਵਾ ਮੁਕਤ ਹੋਈ ਹੈ ਉਸ ਦਾ ਵਿਆਹ ਸ੍ਰ ਰਵਿੰਦਰ ਸਿੰਘ ਖੈਹਰਾ, ਮਾਡਲ ਟਾਊਨ ਪਾਣੀਪੱਤ ਨਾਲ ਹੋਇਆ ਹੈ ਜੋ 2016 ਵਿੱਚ ਪਰਲੋਕ ਗਮਨ ਕਰ ਗਏ ਹਨ। ਇਸ ਬੀਬੀ ਦੇ ਦੋ ਲੜਕੇ ਹਨ।

ਉਹ 1909 ਤੋਂ 1922 ਤੱਕ ਭਾਰਤੀ ਸੈਨਾ ਵਿੱਚ ਜੂਨੀਅਰ ਕਮਿਸ਼ਨਡ ਆਫੀਸਰ, ਸੈਕੰਡ ਲਾਂਸਰਜ ਵਿੱਚ ਰਹੇ ਅਤੇ 1914 ਤੋਂ 1920 ਤੱਕ 6 ਸਾਲ ਸਮੁੰਦਰੋਂ ਪਾਰ ਫੀਲਡ ਸੇਵਾ ਵਿੱਚ ਵੀ ਰਹੇ। 7 ਸਾਲ ਰੂਸ, ਫਰਾਂਸ, ਸ਼ਾਂਮ ਦੀ ਲੜਾਈ ਵਿੱਚ ਰਹੇ। ਜਦੋਂ ਆਲਮੀ ਜੰਗ ਖ਼ਤਮ ਹੋ ਗਈ ਅਤੇ ਫੌਜੀਆਂ ਨੂੰ ਵਾਪਿਸ ਘਰਾਂ ਵਿੱਚ ਭੇਜ ਦਿੱਤਾ ਤਾਂ ਆਪ ਨੂੰ ਨੇਕ ਅਤੇ ਈਮਾਨਦਾਰ ਅਧਿਕਾਰੀ ਜਾਣ ਕੇ 20 ਸਾਲ ਤੱਕ ਬੰਬਈ ਕਸਟਮ ਦੀ ਰੋਕ ਥਾਮ ਵਾਲੇ ਮਹਿਕਮੇ ਵਿੱਚ ਲਾਈ ਰੱਖਿਆ ਸੀ। ਇਹਨਾਂ ਸਰਹੱਦਾਂ ਤੇ ਜੈਕਬਾਬਾਦ ਵੱਲੋਂ, ਈਰਾਨ, ਅਫਗਾਨਿਸਤਾਨ ਨੂੰ ਖੁਸ਼ਕੀ ਦੇ ਰਸਤੇ ਤੇ ਬੰਬਈ, ਕਰਾਚੀ ਵੱਲੋਂ ਸਮੁੰਦਰੀ ਰਸਤੇ ਤੇ ਸਰਕਾਰ ਨੇ ਉਚੇਚੇ ਤੌਰ ਤੇ ਟੈਕਸ ਦੀ ਚੋਰੀ ਫੜਨ ਤੇ ਆਪ ਨੂੰ ਤਾਇਨਾਤ ਕੀਤਾ ਸੀ। ਜੈਕਬਾਬਾਦ ਅਤੇ ਬੰਬਈ ਇਹਨਾਂ ਦੋਹਾਂ ਥਾਂਵਾਂ ਤੇ ਸਰਦਾਰ ਤੇਜਾ ਸਿੰਘ ਹੋਰਾਂ ਦੀ ਪਿਆਰ ਭਿੰਨੀ ਅਤੇ ਸੁਲਾਹਕੁਲ ਹਸਤੀ ਦੀ ਸ਼ੋਭਾ ਇਸ ਤਰ੍ਹਾਂ ਖਿੱਲਰਦੀ ਸੀ ਕਿ ਇੱਥੋਂ ਦੀਆਂ ਪ੍ਰਸਿੱਧ ਸਮਾਜਿਕ, ਧਾਰਮਿਕ, ਵਿਉਪਾਰਕ ਅਤੇ ਕਰਮਚਾਰੀ ਜਗਤ ਦੀਆਂ ਸਾਰੀਆਂ ਪ੍ਰਸਿੱਧ ਸ਼ਖਸੀਅਤਾਂ ਤਾਂ ਸਰਦਾਰ ਜੀ ਦੇ ਸਨੇਹ ਪਾਸ਼ ਵਿੱਚ ਬੱਝ ਚੁੱਕੀਆਂ ਸਨ। ਇਸ ਲਈ ਇਹਨਾਂ ਥਾਂਵਾਂ ਤੇ ਅਕਸਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਸ਼ਨ ਦਿਆ ਕਰਦੇ ਸਨ।

1918 ਈ. ਦੇ ਨਿਮਾਣੀ ਇਕਾਦਸ਼ੀ ਦੇ ਮੇਲੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ, ਅੰਮ੍ਰਿਤਸਰ ਦਰਬਾਰ

ਸਾਹਿਬ ਦੇ ਰਾਗੀ ਭਾਈ ਵੀਰੂ ਤੇ ਭਾਈ ਲਾਲ ਆਏ ਸਨ। ਉਹਨਾਂ ਦੇ ਰਸਮਈ ਕੀਰਤਨ ਨੂੰ ਭਾਂਪਦਿਆਂ ਸੰਤ ਲਾਲ ਸਿੰਘ ਜੀ ਭੂਰੇਗਿੱਲੀਆਂ ਨੇ ਉਚੇਚਾ ਭੋਗ ਦਾ ਸਮਾਂ ਉਹਨਾਂ ਨੂੰ, ਅਰਜ਼ ਕਰ ਕੇ ਸਤਿਗੁਰੂ ਜੀ ਨੂੰ, ਦੁਆਇਆ। ਉਹਨਾਂ ਨੇ ਸ਼ਬਦ ਪੜ੍ਹਿਆ ਸੀ :

ਸਤਿਗੁਰ ਮੈ ਬਲਿਹਾਰੀ ਤੋਰ॥

ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥

ਸਾਰੀ ਸੰਗਤ ਤੇ ਇਕ ਮਸਤੀ ਦਾ ਆਲਮ ਤਾਰੀ ਹੋ ਗਿਆ ਸੀ। ਉਸ ਸਮੇਂ ਜਦੋਂ ਲੋਕ ਆਨੇ ਦੁਆਨੀਆਂ ਹੀ ਦਰਬਾਰ ਸਾਹਿਬ ਦੇ ਰਾਗੀਆਂ ਨੂੰ ਮੱਥਾ ਟੇਕਦੇ ਸਨ ਅਤੇ ਉੱਥੇ ਇਹਨਾਂ ਦੀ ਭੇਟਾ ਕੁਝ ਕੁ ਰੁਪਏ ਹੀ ਹੁੰਦੀ ਸੀ। ਨਾਮਧਾਰੀ ਦੀਵਾਨ ਵਿੱਚ ਇਕ ਰੁਪੈ ਤੋਂ ਘੱਟ ਕੋਈ ਨਹੀਂ ਸੀ ਟੇਕਦਾ। ਤਿੰਨ ਚਾਰ ਸੌ ਰੁਪੈਆ ਭੇਟਾ ਹੋ ਗਈ। ਪੂਰੇ ਪਰਮਾਨ ਲਾ ਕੇ ਪੂਰੀ ਥਿਊਰੀ ਤੇ ਨਿਭਣ ਵਾਲਾ ਉਸ ਵੇਲੇ ਦਾ ਇਹੋ ਇਕ ਰਾਗੀ ਜਥਾ ਕਿਹਾ ਜਾ ਸਕਦਾ ਹੈ।

ਸੰਤ ਤਰਨ ਸਿੰਘ ਵਹਿਮੀ ਇਸ ਤਰ੍ਹਾਂ ਲਿਖਦੇ ਹਨ। "ਸ. ਤੇਜਾ ਸਿੰਘ ਜੀ ਚੰਦੋਵਾਲੀਏ ਹੁਣ ਸਿਰਸੇ ਹਨ, ਉਹਨਾਂ ਮੈਨੂੰ ਇਹ ਸਭ ਵਾਰਤਾ ਦੱਸੀ ਹੈ ਤੇ ਇਸ ਦਾ ਮੁੱਢ ਇਸ ਤਰ੍ਹਾਂ ਬੱਝਾ ਦੱਸਿਆ ਹੈ।"

"ਮੈਂ ਅੰਮ੍ਰਿਤਸਰ ਹਾਈ ਸਕੂਲ ਵਿੱਚ ਪੜ੍ਹਦੇ ਸਮੇਂ, ਕਦੇ ਕਦੇ ਸ਼ਬਦ ਪੜ੍ਹਦਾ ਤੇ ਰਸ ਬਣਦਾ ਸੀ। ਸ੍ਰ ਰਘੁਬੀਰ ਸਿੰਘ ਰਾਜਾ ਸਾਂਸੀ ਵਾਲੇ ਮੈਨੂੰ ਕਿਹਾ, ਤੂੰ ਸਾਡੇ ਪਿੰਡ ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ ਤੇ ਆ। ਮੈਂ ਕਿਹਾ ਸੰਤ ਲਾਲ ਸਿੰਘ ਜੀ ਭੂਰੇਗਿੱਲੀਏ ਜੇ ਆਉਣ ਤਾਂ ਮੈਂ ਭੀ ਆਵਾਂਗਾ। ਉਸ ਕਿਹਾ, ਉਹ ਤੇ ਮੇਰੇ ਸ਼ਿਕਾਰ ਖੇਡਣ ਦੇ ਸਮੇਂ ਦੇ ਯਾਰ ਹਨ। ਮੇਰੇ ਸੱਦੇ ਜ਼ਰੂਰ ਆਉਣਗੇ।"

"ਸੰਤ ਜੀ ਸ੍ਰ. ਦੇ ਸੱਦੇ ਤੇ ਆਏ ਤੇ ਕ੍ਰਿਸ਼ਨ ਸੁਦਾਮੇ ਦੀ ਤਰ੍ਹਾਂ ਪੁਰਾਣਾ ਸਮਾਂ ਯਾਦ ਕਰ ਜੱਫੀ ਪਾ ਮਿਲੇ ਤੇ ਕਿਹਾ, ਅੱਗੇ ਸ਼ਿਕਾਰ ਰਲ ਖੇਡਦੇ ਸਾਂ ਹੁਣ ਸ਼ਬਦ ਰਲ ਪੜ੍ਹਾਂਗੇ। ਕੱਤਕ ਦੇ ਮੇਲੇ ਦਾ ਰਸ ਬੜਾ ਦੇਖ ਰਾਜੇ ਸਾਂਸੀ ਦੇ ਸਰਦਾਰਾਂ ਕਿਹਾ, ਪੋਹ ਸੁਦੀ ਸਤਮੀ ਦੇ, ਮੇਲੇ ਭੀ ਆਉਣਾ। ਸੰਤ ਜੀ ਤੇ ਮੈਂ ਕਿਹਾ, ਜੇ ਅੰਮ੍ਰਿਤਸਰੋਂ ਵੀਰੂ ਤੇ ਲਾਲ ਰਾਗੀਆਂ ਨੂੰ ਸੱਦੋ, ਅਸੀਂ ਭੀ ਆਵਾਂਗੇ। ਭਾਈ ਵੀਰੂ ਹੋਰੀਂ ਪੋਹ ਸੁਦੀ ਸਤਮੀ ਤੇ ਰਾਜੇ ਸਾਂਸੀ (ਅੰਮ੍ਰਿਤਸਰ) ਗਏ ਤੇ ਸ਼ਬਦ ਦਾ ਰਸ ਬਣਿਆ। ਕਈ ਨਾਮਧਾਰੀ ਭੀ ਆਏ ਹੋਏ ਸੀ। ਸ਼ਬਦ ਸੀ ਭੈਰਵੀ ਵਿੱਚ : ਸੇਖ ਫਰੀਦੈ ਖੈਰੁ ਦੀਜੈ ਬੰਦਗੀ"। ਇੱਕੋ ਸ਼ਬਦ ਨੂੰ ਪ੍ਰਮਾਨ ਦੇ ਦੇ ਰਸ ਬਣਾ ਕਰ ਵੀਰੂ ਪੜ੍ਹੇ।

ਕਈ ਕੂਕੇ ਮਸਤਾਨੇ ਹੋਏ। ਭਾਈ ਹੋਰਾਂ ਨੂੰ ਬੜੇ ਭਰੇ ਹੋਏ ਦੀਵਾਨ ਵਿੱਚ ਅੰਮ੍ਰਿਤਸਰੋਂ ਦੋ ਤਿੰਨ ਰੁਪੈ ਹੁੰਦੇ ਸੀ, ਰਾਜੇ ਸਾਂਸੀ 32 ਰੁਪੈ ਹੋਏ ਇਕ ਸ਼ਬਦ ਵਿੱਚ। ਤਾਂ ਵੀਰੂ ਕਿਹਾ, ਸਾਨੂੰ ਪੁਜਾਰੀਆਂ ਤੇ ਸਿੰਘ ਸਭੀਆਂ ਐਵੇਂ ਹੀ ਭੁਲੇਖੇ ਵਿੱਚ ਪਾਈ ਰੱਖਿਆ ਹੈ ਕਿ ਕੂਕੇ ਸਿੱਖ ਨਹੀਂ ਤੇ ਗੁਰਬਾਣੀ ਨੂੰ ਨਹੀਂ ਮੰਨਦੇ। ਅਸਲ ਗੁਰਬਾਣੀ ਦੇ ਆਸ਼ਕ ਤੇ ਗੁਰੂ ਨਾਨਕ ਜੀ ਦੇ ਸਿੱਖ ਹੀ ਇਹ ਹਨ, ਸ਼ਬਦ ਦੀ ਸਮਝ ਤੇ ਕਦਰ ਵਾਲੇ।"

"ਸ੍ਰ. ਤੇਜਾ ਸਿੰਘ ਨਾਲ (ਭਾਈ) ਵੀਰੂ ਬੜਾ ਸੰਦੇਹ ਕਰੇ ਤੇ ਸੰਤ ਲਾਲ ਸਿੰਘ ਜੀ ਅੱਗੇ ਭੀ ਵੀਰੂ ਅਰਜ਼ ਕੀਤੀ, ਤੁਸੀਂ ਸਾਨੂੰ ਆਪਣੇ ਮੇਲਿਆਂ ਦਾ ਪਤਾ ਦਿਆ ਕਰੋ। ਸੰਤ ਜੀ ਭਾਈ ਵੀਰੂ ਨੂੰ ਕਿਹਾ ਤੂੰ ਭੈਣੀ ਸਾਹਿਬ ਅੱਗੋਂ ਨਿਮਾਣੀ ਦੇ ਮੇਲੇ ਤੇ ਆਉਣਾ। ਇਸ ਲਈ ਭਾਈ ਵੀਰੂ ਤੇ ਲਾਲ ਇਸ ਨਿਮਾਣੀ ਦੇ ਮੇਲੇ ਤੇ ਆਏ ਸੀ।"

ਸਤਿਗੁਰੂ ਪ੍ਰਤਾਪ ਸਿੰਘ ਜੀ ਦੱਸਦੇ ਸੀ ਮੈਂ ਇਹੋ ਜਿਹੇ ਰਾਗੀਆਂ ਤੋਂ ਹੀ ਰੀਤਾਂ ਤੇ ਰਾਗ ਸੁਣੇ, ਸਦਾ ਲਈ ਹਿਰਦੇ ਵਿੱਚ ਰੱਖੇ ਹੋਏ ਹਨ। ਕਦੀ ਦਾਅ ਲੱਗੇ ਹੀ ਇਹ ਭਾਈ ਵੀਰੂ ਹੋਰੀਂ ਸਤਿਗੁਰੂ ਜੀ ਦਾ ਦਰਸ਼ਨ ਮੇਲਾ ਕਰਦੇ ਤੇ ਸ਼ਬਦ ਸੁਣਾਂਦੇ ਸੀ, ਨਹੀਂ ਤੇ ਪੁਜਾਰੀ ਤੇ ਸਿੰਘ ਸਭੀਏ ਇਹਨਾਂ ਨੂੰ ਨਾ ਭੈਣੀ ਸਾਹਿਬ ਆਉਣ ਦਿੰਦੇ।[1]

ਬਾਅਦ ਵਿੱਚ ਜਦੋਂ ਸਰਦਾਰ ਜੀ ਜੈਕਬਾਬਾਦ ਅਤੇ ਬੰਬਈ 20 ਸਾਲ ਕਸਟਮ ਆਫੀਸਰ ਵਜੋਂ ਰਹਿੰਦੇ ਰਹੇ ਸਨ ਤਾਂ ਇਹਨਾਂ ਥਾਂਵਾਂ ਤੇ ਵੀ ਬਹੁਤ ਕੀਰਤਨੀ ਜੱਥੇ ਕਈ ਸੇਠ ਅਤੇ ਮਿਰਜ਼ਾ ਹਕੀਮ ਹੈਦਰ ਬੇਗ ਆਦਿ ਆ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰਿਆਂ ਸਮੇਂ, ਇੱਥੇ ਰਹਿ ਕੇ ਦਰਸ਼ਨ ਕਰਿਆ ਕਰਦੇ ਸਨ। ਸਰਦਾਰ ਜੀ ਦੀ ਮਿਕਨਾਤੀਸੀ ਸ਼ਖਸੀਅਤ ਸੀ ਅਤੇ ਆਪ ਦੇ ਸਦਗੁਣਾਂ ਦੇ ਕਦਰਦਾਨ ਅਕਸਰ ਆਪ ਦੀ ਸੰਗਤ ਮਾਨਣ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ। ਆਪ ਗੁਰਬਾਣੀ ਦਾ ਕੀਰਤਨ ਕਰਦਿਆਂ, ਸੁਣਦਿਆਂ ਅਕਸਰ ਵਜਦ ਵਿੱਚ ਆ ਜਾਇਆ ਕਰਦੇ ਸਨ।

ਭਾਦਰੋਂ 1993 ਸੰਬਤ ਬਿਕਰਮੀ ਮੁਤਾਬਿਕ ਅਗਸਤ, ਸਤੰਬਰ 1936 ਈ. ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਦਾ ਜਿਉਂ ਆਪਣੇ ਜਪ ਪ੍ਰਯੋਗ ਦਾ ਭੋਗ, ਸ੍ਰੀ ਭੈਣੀ ਸਾਹਿਬ ਵਿੱਚ ਪਾਇਆ। ਸ੍ਰ. ਤੇਜਾ ਸਿੰਘ ਜੀ ਜੋ ਉਹਨਾਂ ਦਿਨਾਂ ਵਿੱਚ ਬੰਬਈ ਕਸਟਮ ਅਫਸਰ ਸਨ, ਉਹਨਾਂ ਦੀ ਬੇਨਤੀ ਤੇ ਸਤਿਗੁਰੂ ਜੀ ਨੇ ਬੰਬਈ ਦਾ ਦੌਰਾ ਅੱਸੂ ਦੇ ਮਹੀਨੇ ਵਿੱਚ ਅਰੰਭਿਆ। ਸਤਿਗੁਰੂ ਜੀ ਦੇ ਨਾਲ ਹਜ਼ੂਰੀ ਸੇਵਕਾਂ ਤੋਂ ਇਲਾਵਾ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ, ਜਥੇਦਾਰ ਅਤਰ ਸਿੰਘ ਇੰਦਰ ਮੋਹਣੀਆਂ ਵਾਲਾ,

ਸੰਤ ਮੋਹਣ ਸਿੰਘ ਮਸਤਾਨਾ ਭਾਗੋਵਾਲੀਆ ਅਤੇ ਉਹਨਾਂ ਦੇ ਸਾਥੀ, ਸੇਵਕ ਤੇਜਾ ਸਿੰਘ, ਉਜਾਗਰ ਸਿੰਘ, ਹਜੂਰੀ ਰਾਗੀ ਜੱਥਾ ਭਾਈ ਦਰਸ਼ਨ ਸਿੰਘ ਖਜ਼ਾਨ ਸਿੰਘ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਆਦਿ ਬੰਬਈ ਨੂੰ ਪੜਾਉ ਪੜਾਈ ਰਵਾਨਾ ਹੋਏ। ਇਹ ਜੱਥਾ ਸਾਹਨੇਵਾਲ ਤੋਂ ਰੇਲ ਚੜ੍ਹਿਆ ਸੀ। ਜੱਥੇ ਦੇ ਬੰਬਈ ਪਹੁੰਚਣ ਤੇ ਸ੍ਰ. ਤੇਜਾ ਸਿੰਘ ਹੋਰਾਂ ਸਤਿਗੁਰੂ ਜੀ ਦਾ ਭਰਪੂਰ ਸੁਆਗਤ ਕੀਤਾ, ਬੰਬਈ ਦੀਆਂ ਸੰਗਤਾਂ ਸਮੇਤ ਅਤੇ ਸਾਰੇ ਜੱਥੇ ਦੇ ਥਾਉਂ ਥਾਈਂ ਡੇਰੇ ਵੱਖ ਵੱਖ ਘਰਾਂ ਵਿੱਚ ਲੁਆ ਦਿੱਤੇ ਗਏ। ਸਰਦਾਰ ਜੀ, ਦੋਵੇਂ ਸੁਪਤਨੀਆਂ, ਬੀਬੀ ਲਛਮੀ, ਬੀਬੀ ਬਸੰਤ ਕੌਰ ਅਤੇ ਕਾਕਾ ਸੁਰਜੀਤ ਸਿੰਘ, ਸਭ ਦੀਆਂ ਖੁਸ਼ੀਆਂ ਦਾ ਕੋਈ ਟਿਕਾਣਾ ਨਹੀਂ ਸੀ। ਸ਼ਾਮ ਦਾ ਦੀਵਾਨ ਲਾਲਾ ਸੇਠ ਗਿਆਨ ਚੰਦ ਦੀ ਬੇਨਤੀ ਤੇ ਦਸ ਮੀਲ ਦੂਰ ਉਸ ਦੇ ਘਰ ਲੱਗਾ। ਕਸਟਮ ਹਾਊਸ ਵਿੱਚ ਵੀ ਦੀਵਾਨ, ਆਸਾ ਦੀ ਵਾਰ ਲੱਗੀ। ਸਰਦਾਰ ਦੀ ਦੇ ਪਿਆਰ ਕਾਰਨ ਬੰਬਈ, ਸ੍ਰੀ ਗੁਰੂ ਸਿੰਘ ਸਭਾ ਜਿਸ ਦੇ ਸਰਦਾਰ ਜੀ ਕਈ ਸਾਲ ਪ੍ਰਧਾਨ ਵੀ ਰਹੇ ਸਨ, ਉਸ ਦੇ ਸਮੂਹ ਮੈਂਬਰ ਤੇ ਜ਼ਿੰਮੇਵਾਰ ਸੱਜਣ ਦੀਵਾਨ ਵਿੱਚ ਆਏ। ਸਰਦਾਰ ਜੀ ਦੇ ਗੁਰਮਤਿ ਪਰਚਾਰ ਦਾ ਬੰਬਈ ਨਿਵਾਸੀ ਕੇਸਾਧਾਰੀ ਅਤੇ ਸਹਿਜਧਾਰੀ ਸੰਗਤ ਤੇ ਬੜਾ ਹਾਂਦਰੂ ਪ੍ਰਭਾਵ ਸੀ। ਇਸ ਲਈ ਇਸ ਫਰਿਸ਼ਤਾ ਸੀਰਤ ਇਨਸਾਨ ਦੇ ਸਤਿਗੁਰੂ ਜੀ ਦੇ ਆਗਮਨ ਸਮੇਂ, ਇੱਥੋਂ ਦੀ ਸੰਗਤ ਹੁੰਮ ਹੁਮਾ ਕੇ ਆਈ। ਸੰਤ ਅਤਰ ਸਿੰਘ ਜੀ ਦੇ ਦੀਵਾਨ ਵਿੱਚ ਕਈ ਸਿੰਧੀ ਸਰੀਰਾਂ ਨੇ ਭਜਨ ਪੁੱਛਿਆ। ਤੇਜਾ ਸਿੰਘ ਜੀ ਦੇ ਪਰੇਰਨਾ ਸਦਕਾ ਇੱਥੇ ਕਈ ਹੋਰ ਸੱਜਣ ਵੀ ਮਾਸ ਸ਼ਰਾਬ ਛੱਡ ਕੇ ਨਾਮਧਾਰੀ ਸਿੱਖੀ ਮੰਡਲ ਵਿੱਚ ਆਏ ਸਨ।[2]

"ਸਤਿਗੁਰੂ ਜੀ ਵਾਪਸ ਦੇਸ ਨੂੰ ਤਿਆਰ ਹੋਏ ਤਾਂ ਸ੍ਰ. ਤੇਜਾ ਸਿੰਘ ਜੀ, ਲਛਮੀ, ਬਸੰਤ ਕੌਰ ਤੇ ਕਾਕੇ ਸੁਰਜੀਤ ਸਿੰਘ ਕਿਹਾ, ਅਸਾਂ ਤੇ ਅਜੇ ਰੱਜ ਕੇ ਆਪ ਦਾ ਦਰਸ਼ਨ ਭੀ ਨਹੀਂ ਕੀਤਾ। ਸਤਿਗੁਰੂ ਜੀ ਉੱਤਰ ਦਿੱਤਾ, ਜਿਵੇਂ ਜ਼ਿੰਦਗੀ ਦਾ ਆਸਰਾ ਅਨਾਜ ਹੈ ਤਿਵੇਂ ਹੀ ਰੂਹ ਆਤਮਾ ਦਾ ਆਧਾਰ ਪਿਆਰ ਹੈ। ਅਨਾਜ ਬਹੁਤਾ ਰੱਜ ਕੇ ਖਾਣ ਨਾਲ ਖਰਾਬੀ ਹੁੰਦੀ ਹੈ ਤਿਵੇਂ ਪਿਆਰ ਭੀ ਕੁਝ ਨੇਮ ਵਿੱਚ ਰਿਹਾਂ ਰਸਦਾਇਕ ਤੇ ਲਾਭਵੰਦ ਹੁੰਦਾ ਹੈ। ਤੇ ਸਦਾ ਮਿਲਣ ਦੀ ਚਾਹ ਬਣੀ ਰਹਿੰਦੀ ਹੈ। ਕਹਿ ਬੰਬਈ ਤੋਂ ਵਿਦਾ ਹੋਏ।"[3]

ਸ੍ਰ. ਤੇਜਾ ਸਿੰਘ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਹਾਸਾ ਠੱਠਾ ਵੀ ਕਰ ਲਿਆ ਕਰਦੇ ਸਨ। ਸ੍ਰ. ਜੀ ਕਈ ਤਰ੍ਹਾਂ ਦੇ ਸਾਂਗ ਬਨਾਉਣ ਅਤੇ ਨਕਲਾਂ ਕਰਨ ਵਿੱਚ ਵੀ ਮਾਹਰ ਸਨ। ਸਤਿਗੁਰੂ ਜੀ ਆਪ ਦੇ ਇਹਨਾਂ ਗੁਣਾਂ ਦੇ

ਵੀ ਕਦਰਦਾਨ ਸਨ। "ਏਕ ਸਮੇਂ ਸਤਿਗੁਰੂ ਜੀ ਮੌਜ ਮੇਲੇ ਦੇ ਸੁਭਾਉ ਸਰਦਾਰ ਤੇਜਾ ਸਿੰਘ ਜੀ ਨੂੰ ਕਿਹਾ, ਸੁਣਿਆ ਹੈ ਕਿ ਆਪ ਜੱਟ ਦਾ ਤੇ ਜੁਲਾਹੀ ਦਾ ਸਾਂਗ ਬੜਾ ਸੁਹਣਾ ਬਣ ਕੇ ਤੇ ਸਾਂਗ ਨਾਲ ਮਿਲਦਾ ਗੌਣ ਭੀ ਗਾਉਂਦੇ ਹੋ। ਤਾਂ ਸਰਦਾਰ ਜੀ ਸਤਿ ਬਚਨ ਕਹਿ ਕੇ, ਤੇੜ ਤਹਿਮਤ ਸਿਰ ਤੇ ਸ਼ਮਲੇ ਵਾਲੀ ਪੱਗ ਤੇ ਹੱਥ ਵਿੱਚ ਡਾਂਗ ਫੜ ਕੇ, ਕੰਨ ਤੇ ਹੱਥ ਰੱਖ, ਓ ਓ ਕਰ ਕੇ ਗੌਣ ਸੁਣਾਇਆ, "ਕੀੜੀ ਚੱਲੀ ਸਾਹੁਰੇ, ਮਣ ਸੁਰਮਾ ਪਾ। ਉਸ ਹਾਥੀ ਮੋਢੇ ਲਾ ਲਿਆ, ਊਂਠ ਲਿਆ ਲਮਕਾ। ਚੂਹੀ ਚੱਕੀ ਲੈ ਗਈ, ਕੋਹਲੂ ਲੈ ਗਿਆ ਕਾਂ। ਗਾਲ੍ਹੜ ਗਾਜਰਾਂ ਖਾ ਗਿਆ ਸਾਢੇ ਨੌਂ ਘੁਮਾਂ। ਪਿੱਸੂ ਪਾਣੀ ਪੀ ਗਿਆ, ਰਾਵੀ ਤੇ ਝਨਾਂ। ਸੰਗਤੇ ਗੁਰਾਂ ਦੀਏ ਮੈਂ ਤਾਂ ਝੂਠ ਬੋਲਿਆ ਨਾਂ।" ਤੇ ਫਿਰ ਝੱਟ ਹੀ ਪੱਗ ਲਾਹ, ਜੂੜਾ ਖੋਹਲ, ਵਾਲ ਲਟਕਾ, ਚਾਦਰ ਦੀ ਗਿਲਤੀ ਸਿਰ ਤੋਂ ਦੀ ਪਿੰਨੀਆਂ ਤੱਕ ਲਮਕਾ, ਹੱਥਾਂ ਵਿਚ ਦੋ ਸੋਟੀਆਂ ਫੜ ਜੁਲਾਹੀ ਬਣ, ਤਾਣਾ ਤਣਨ ਵਾਂਗੂੰ ਕਾਹਲੀ ਕਾਹਲੀ, ਓਧਰੋਂ ਏਧਰ ਸੋਟੀਆਂ ਨਾਲ ਤਾਣੀ ਤਣਨ ਲੱਗ ਪਏ ਤੇ ਗਾਉਣ ਲੱਗ ਪਏ-

"ਅਸੀਂ ਹੋਏ ਸੂਰ ਜੁਲਾਹੇ ਤਾਣਾ ਸਾਡਾ ਕੰਮ,

ਜਿਸ ਨੇ ਪਾਣ ਹੈ ਪੂਰੀ ਦੇਣੀ ਉਹ ਆਵੇ ਜੰਮ ਜੰਮ।"

ਕਹਿ ਏਧਰੋਂ ਓਧਰ ਫਿਰਦਿਆਂ ਸੋਟੀ ਤਾਣੇ ਵਾਲੀ ਦੀ ਹੁੱਝ ਕੋਲ ਖਲੇ ਨੂੰ ਮਾਰਨਾ ਤੇ ਫੇਰ ਪੜ੍ਹਨਾ-

"ਸ਼ਮਿਆਨੋ ਲਡਿੱਕੀਏ ਲਛਮਣ ਸ਼ਮੀਏ ਸ਼ੀਸ਼ਾ ਨਾ ਛਣਕਾ, ਅਸੀਂ ਜੁਲਾਹੇ ਕਾਸਬੀ ਕੁੱਤਾ ਸਾਡਾ ਬਾਸ਼ਾ। ਪਾਵਾਂਗੇ ਜੁਲਾਹੀਆਂ ਨੂੰ ਤੇ ਵੇਖਾਂਗੇ ਮਤਾਸ਼ਾ। ਜੁਲਾਹਿਆਂ ਦੇ ਘਰ ਜੁਲਾਹੇ ਆਏ, ਓਹਨਾਂ ਰਿੱਧੇ ਸ਼ੱਕ। ਖਾਣ ਪੀਣ ਦਾ ਵੇਲਾ ਆਇਆ ਲੜ ਗਿਓ ਨੇ ਸ਼ੱਪ।"

ਨਾਲੇ ਐਸ ਨੂੰ ਐਸ਼ ਕਹਿ ਸੋਟੀ ਦੀ ਹੁੱਝ ਲਾਉਣੀ ਤੇ ਏਧਰੋਂ ਓਧਰ ਤੁਰੀ ਜਾਣਾ ਤੇ ਹਸਾਣਾ।[4]

ਸ. ਤੇਜਾ ਸਿੰਘ ਜੀ ਦੇ ਘਰ ਦੇਸ਼ ਦੀ ਵੰਡ ਤੋਂ ਪਹਿਲਾਂ ਦੋ ਪੁੱਤਰ ਹੋਏ ਸਨ। ਵੱਡਾ ਰਣਜੀਤ ਸਿੰਘ ਜਦੋਂ ਆਪ ਬੰਬਈ ਰਹਿੰਦੇ ਸਨ ਤਾਂ ਗੁਜਰ ਗਿਆ ਸੀ। ਸਰਦਾਰ ਜੀ ਨੇ ਇਸ ਅਕਹਿ ਅਤੇ ਅਸਹਿ ਸਦਮੇ ਨੂੰ ਗੁਰੂ ਕੇ ਸਿੱਖਾਂ ਵਾਲੇ ਟਕਸਾਲੀ ਸਿੱਖੀ ਸਿਦਕ ਨਾਲ ਮੰਨਿਆ ਅਤੇ ਅਡੋਲ ਰਹੇ ਸਨ। ਸਰਦਾਰ ਜੀ ਨੇ ਗੁਰੂ ਦੇ ਹੁਕਮ ਵਿੱਚ ਰਹਿੰਦਿਆਂ ਬਿਨਾਂ ਅੱਥਰੂ ਕੇਰਿਆਂ, ਗੁਰਬਾਣੀ ਦੇ ਸ਼ਬਦ ਪੜ੍ਹਦਿਆਂ ਬੱਚੇ ਦੀਆਂ ਅੰਤਿਮ ਰਸਮਾਂ ਕੀਤੀਆਂ ਸਨ। ਇੱਥੋਂ ਤੱਕ ਕਿ ਜਦੋਂ ਰਾਗੀ ਸਿੰਘ ਮਾਰੂ ਦੇ ਸ਼ਬਦ ਪੜ੍ਹਨ ਲੱਗੇ ਤਾਂ ਉਹਨਾਂ ਨੂੰ ਵੀ ਕਿਹਾ ਸੀ ਕਿ ਤੁਸੀਂ ਰਜ਼ਾ ਵਿੱਚ ਰਹੋ, ਮਾਰੂ ਦੇ

ਸ਼ਬਦ ਨਾ ਪੜ੍ਹੋ। ਹੁਣ ਦੂਸਰਾ ਲੜਕਾ ਸੁਰਜੀਤ ਸਿੰਘ ਜੋ ਦਸਵੀਂ ਜਮਾਤ ਵਿੱਚ ਪੜ੍ਹਦਾ ਸੀ, ਉਹ ਫਰਵਰੀ 1943 ਵਿੱਚ ਹੁਕਮ ਸੱਤ ਹੋ ਗਿਆ ਸੀ। ਇਹ ਵੀ ਛੋਟਾ ਸਦਮਾ ਨਹੀਂ ਸੀ ਪਰ ਸਰਦਾਰ ਤੇਜਾ ਸਿੰਘ ਜੀ ਨੇ ਫਿਰ ਵੱਡੀ ਹਿੰਮਤ, ਹੌਂਸਲੇ ਨਾਲ ਇਸ ਜੁਆਨ ਲੜਕੇ ਦਾ ਚਲਾਣਾ ਵੀ ਬਰਦਾਸ਼ਤ ਕੀਤਾ। ਢੋਲਕੀ ਆਪਣੇ ਗਲ ਵਿੱਚ ਪਾ ਕੇ ਆਪ ਸ਼ਬਦ ਪੜ੍ਹਦਿਆਂ ਬਾਲਕ ਦਾ ਸਸਕਾਰ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਜਦੋਂ ਸਰਦਾਰ ਜੀ ਦੀ ਇਸ ਤਰ੍ਹਾਂ ਭਾਣੇ ਵਿੱਚ ਸਾਬਤ ਕਦਮ ਰਹਿਣ ਦੀ ਵਾਰਤਾ ਪੁੱਜੀ ਸੀ ਤਾਂ ਆਪ ਜੀ ਨੇ ਸਰਦਾਰ ਜੀ ਦੀ ਭਾਣਾ ਮੰਨਣ ਵਾਲੇ, ਪੰਜਵੇਂ ਪਾਤਸ਼ਾਹ ਦੇ ਸਿੱਖ ਭਾਈ ਭਿਖਾਰੀ ਨਾਲ ਤੁਲਨਾ ਕੀਤੀ ਸੀ।

3 ਫੱਗਣ, 1999 ਸੰਬਤ ਬਿਕਰਮੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰ. ਤੇਜਾ ਸਿੰਘ ਜੀ ਦੇ ਲੜਕੇ ਸੁਰਜੀਤ ਸਿੰਘ ਦੇ ਭੋਗ ਤੇ ਚੰਦੋਵਾਲ ਦਰਸ਼ਨ ਦਿੱਤੇ। ਸਰਦਾਰ ਜੀ ਸਮੇਤ ਸੁਪਤਨੀਆਂ ਸਾਧ ਸੰਗਤ ਨੂੰ ਹੌਂਸਲੇ ਵਿੱਚ ਹੀ ਜਾਪੇ। ਅੱਗੇ ਇੱਕ ਬੱਚਾ ਚੜ੍ਹਿਆ ਸੀ। ਇਹ ਹੁਣ ਜਵਾਨ ਦਸਵੀਂ ਵਿੱਚ ਪੜ੍ਹਦਾ ਇੱਕੋ ਸੀ, ਚੜ੍ਹ ਗਿਆ। ਜੈਕਬਾਬਾਦ, ਸਤਿਗੁਰੂ ਜੀ ਨੇ ਸਰਦਾਰ ਜੀ ਤੋਂ ਪ੍ਰੋਖੇ ਸਾਧ ਸੰਗਤ ਵਿੱਚ ਬਚਨ ਕੀਤੇ—"ਇਸ ਸਰਦਾਰ ਜਿਹਾ ਹੋਣਾ ਬੜਾ ਦੁਰਲਭ ਤੇ ਔਖਾ ਹੈ। ਏਡੇ ਅਫਸਰ ਹੁੰਦਿਆਂ ਨਿਰਲੋਭ, ਇਨਸਾਫ ਪਸੰਦ ਤੇ ਦਰਦਵੰਦ, ਭਗਤ ਪ੍ਰੇਮੀ ਹੋਣਾ ਕਠਿਨ ਹੈ। ਸਰਕਾਰ ਨੇ ਸਰਦਾਰ ਜੀ ਨੂੰ ਉੱਚੇ ਇਖਲਾਕ ਵਾਲੇ ਮੰਨ, ਸਮੁੰਦਰ ਆਰ ਪਾਰ ਹੋਣ ਵਾਲੇ ਮਾਲ ਤੇ ਲੋਕਾਂ ਦੀ ਨਿਗਰਾਨੀ, ਬੰਬਈ ਦੇਖਭਾਲ ਤੇ ਲਾਇਆ ਹੈ। ਇਹਨਾਂ ਦਾ ਸਭ ਮਜ਼੍ਹਬਾਂ ਨਾਲ ਪ੍ਰੇਮ ਭਾਵ ਤੇ ਵਰਤਣ, ਪਰਚਾਰ ਕਾਰਨ ਬੰਬਈ, ਜੈਕਬਾਬਾਦ ਵਿੱਚ ਨਾਮਧਾਰੀ ਸਾਧ ਸੰਗਤ ਦਾ ਤੇ ਮੇਰਾ ਬੜਾ ਸਤਿਕਾਰ ਤੇ ਆਦਰ ਮਾਨ ਕਰਦੇ ਹਨ। ਕਈ ਤੇ ਇਹਨਾਂ ਨੂੰ ਰੱਬੀ ਸੁਨੇਹਾ ਦੇਣ ਵਾਲੇ ਪੈਗੰਬਰ ਹੀ ਮੰਨਦੇ ਤੇ ਕਹਿੰਦੇ ਹਨ। ਸ਼ਬਦ ਕੀਰਤਨ, ਰਾਗ, ਰੀਤਾਂ ਦਾ ਧੜੱਲੇਦਾਰ ਪਰਚਾਰ ਕਰਨ ਵਾਲਾ ਐਸਾ ਕੋਈ ਵਿਰਲਾ ਹੀ ਹੁੰਦਾ ਹੈ। ਸਰਦਾਰ ਜੀ ਦੀ ਰੱਬ ਵਾਂਗੂ ਰਾਗ, ਪ੍ਰੇਮ ਤੇ ਸਫਾ-ਦਿਲੀ ਖੁਰਾਕ ਹੈ। ਇਹਦਾ ਪੁੱਤਰ ਮਰਨ ਤੇ ਸ਼ਬਦ ਪੜ੍ਹਦਿਆਂ ਸਸਕਾਰ ਕਰਨਾ ਦੇਖ, ਉੱਥੋਂ ਦੇ ਲੋਕ ਸਰਦਾਰ ਜੀ ਦੇ ਭਰੋਸੇ ਦੇ ਸਗੋਂ ਹੋਰ ਭੀ ਸ਼ਰਧਾਲੂ ਹੋ ਗਏ ਹਨ। ਸਾਨੂੰ ਤੇ ਇਹ ਸਰਦਾਰ (ਭਾਈ) ਭਿਖਾਰੀ ਹੀ ਜਾਪਦਾ ਹੈ। ਇਸ ਦੀ ਕੀ ਸਿਫਤ ਕਰੀਏ ਤੇ ਕੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੀ ਕਰੀਏ। ਲੱਧੇ ਪਰਉਪਕਾਰੀ ਲਾਹੌਰ ਵਾਲੇ ਵਾਂਗੂ ਦੇ ਕਈ ਬਾਬੇ ਜਵਾਹਰ ਸਿੰਘ ਜੀ (ਪ੍ਰਮੁੱਖ ਸੂਬਾ ਸਤਿਗੁਰੂ ਰਾਮ ਸਿੰਘ ਜੀ) ਵਰਗੇ ਹੋਏ ਹਨ। ਮੇਰੇ ਵੇਖਣ ਵੇਲੇ ਭੀ ਖੋਟਿਆਂ ਵਾਲੇ (ਸੂਬਾ) ਸਮੁੰਦ ਸਿੰਘ ਦਾ ਪੁੱਤਰ ਖਜ਼ਾਨ

ਸਿੰਘ ਸਿੱਖਾਂ ਨੂੰ ਬਖਸ਼ਾਣ ਵੇਲੇ ਅੱਗੇ ਹੋ ਮੇਰੇ ਝਿੜਕਦਿਆਂ ਵੈਰਾਗੀ ਹੋ ਕਹਿੰਦਾ ਸੀ—ਹੋਰ ਦੱਸੋ, ਸਤਿਗੁਰੂ ਰਾਮ ਸਿੰਘ ਜੀ ਦੇ ਦਰ ਬਿਨਾ ਜਾਈਏ ਕਿੱਥੇ?" ਧੰਨ ਸਤਿਗੁਰੂ ਜੀ ਤੇ ਧੰਨ ਸਤਿਗੁਰੂ ਜੀ ਦੇ ਸਿੱਖ ਕਹਿੰਦਿਆਂ, ਸਤਿਗੁਰੂ ਜੀ ਕਿਹਾ, "ਇਹ ਸਰਦਾਰ ਤੇ ਸਾਡਾ ਭਾਈ ਭਿਖਾਰੀ ਏ।"[5]

ਸਰਦਾਰ ਤੇਜਾ ਸਿੰਘ ਹੋਰਾਂ ਦੀ ਰਾਗ, ਸ਼ਬਦ ਵਿੱਚ ਜੁੜੀ ਲਿਵ ਦੇ ਦਰਸ਼ਨ, ਪ੍ਰਸਿੱਧ ਨਾਮਧਾਰੀ ਲੇਖਕ ਮਾਸਟਰ ਨਿਹਾਲ ਸਿੰਘ ਜੀ ਦੀ ਮਸਤਾਨੀ ਕਲਮ ਦੁਆਰਾ ਕਰੀਏ। ਸਮਾਂ ਉਹੋ 1936 ਈ. ਵਾਲਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬੰਬਈ ਦੇ ਦੌਰੇ ਵਾਲਾ ਸੀ।

"ਗਰਮੀ ਦੀ ਰੁੱਤ ਸੀ, ਸਤਿਗੁਰੂ ਜੀ, ਸੰਤ ਬਹਾਦਰ ਸਿੰਘ, ਵਜ਼ੀਰ ਸਿੰਘ, ਰਤਨ ਸਿੰਘ, ਮੁਹਕਮ ਸਿੰਘ, ਸੰਤ ਨਿਧਾਨ ਸਿੰਘ, ਇੰਦਰ ਸਿੰਘ ਚੱਕਰਵਰਤੀ, ਸੰਤ ਮੰਗਲ ਸਿੰਘ ਫਰਿਸ਼ਤੇ ਤੇ ਸੰਤ ਅਤਰ ਸਿੰਘ ਆਦਿ ਨਿਊ ਕਸਟਮ ਹਾਊਸ ਬੰਬਈ ਵਿੱਚ ਜਾ ਦਰਸ਼ਨ ਦਿੱਤੇ। ਸ੍ਰ. ਤੇਜਾ ਸਿੰਘ, ਮੁਬਾਰਕ ਸਿੰਘ, ਦਲੀਪ ਸਿੰਘ ਤੇ ਕੇਸਰ ਸਿੰਘ ਜਾਮਿਆਂ ਵਿੱਚ ਫੁੱਲੇ ਨਾ ਸਮਾਉਣ। ਦੁਪਹਿਰ ਉਪਰੰਤ ਸ੍ਰੀ ਆਲਿਮ ਜੀ, ਚੱਕਰਵਰਤੀ ਜੀ, ਫਰਿਸ਼ਤਾ ਜੀ, ਆਲਮਾਨਾ ਤੇ ਅਗੰਮੀ ਵਾਰਤਾਲਾਪ ਨਾਲ ਸ੍ਰੋਤਿਆਂ ਨੂੰ ਅਰਸ਼ਾਂ ਦੀਆਂ ਉਡਾਰੀਆਂ ਲਵਾਈਆਂ। ਰਾਤ ਨੂੰ ਇੰਦਰ ਮੋਹਣੀਆਂ (ਖੜਤਾਲਾਂ) ਨਾਲ ਸੰਤ ਅਤਰ ਸਿੰਘ ਦੀਵਾਨ ਲਾਇਆ, ਸਭ ਰੰਗ ਵਿੱਚ ਰੰਗੇ ਗਏ।"

"ਮੌਜ ਵਿੱਚ ਸੰਤ ਸ਼ਿਕਾਗੂ ਕੰਪਨੀ ਦੀ ਲਾਗੇ ਦੀ ਦੀਵਾਰ ਤੇ ਚੜ੍ਹ ਗਏ ਤੇ ਨਿਰਤਕਾਰੀ ਅਰੰਭ ਦਿੱਤੀ, ਦਰਸ਼ਕ ਹੈਰਾਨ ਸਨ। ਤੇ ਡਰ ਸੀ ਕਿ ਕਿਤੇ ਸੰਤ ਡਿੱਗ ਨਾ ਪੈਣ ਮਤਾਂ ਹੱਡੀ ਪਸਲੀ ਟੁੱਟ ਜਾਵੇ। ਹੋਸ਼ਾਂ ਵਾਲੇ ਆਲੇ ਦੁਆਲੇ ਚਾਦਰਾਂ ਪਕੜ ਖਲੋ ਗਏ। ਪਰ ਜਿਹੜੇ ਮਾਲਕ ਨਾਲ ਰੱਚੇ ਖੱਚੇ ਹੋਣ, ਉਹ ਡਿੱਗਦੇ ਨਹੀਂ ਤੇ ਜੇ ਡਿੱਗ ਪੈਣ ਤਾਂ ਪੱਥਰ ਫੁੱਲਾਂ ਵਿੱਚ ਬਦਲ ਜਾਂਦੇ ਹਨ। ਸੰਤਾਂ ਧਾਰਨਾ ਲਾਈ:

ਤਪ ਹੋ ਗਿਆ ਤਪੱਸੀਆ ਪੂਰਾ,

ਫੇਰਾ ਪਾ ਪੰਜਾਬ ਦੇਸ ਨੂੰ

"ਏਸ ਦੇ ਪ੍ਰਮਾਣ ਵਜੋਂ ਸੰਤਾਂ ਨੇ ਮਨ ਦੀ ਅਵਸਥਾ ਵਰਨਣ ਕਰਦਿਆਂ ਇਕ ਤੁਕ ਪੜ੍ਹੀ-

ਕਾਪੜ ਤਨ ਨ ਸੁਖਾਵੈ ਮਰੀਐ ਹਾਵੈ

ਦਾਮਨ ਚਮਕ ਡਰਾਵੈ......

ਫੇਰਾ ਪਾ ਪੰਜਾਬ ਦੇਸ ਨੂੰ। ਕਾਪੜ ਤਨ ਨ ਸੁਖਾਵੈ।

ਕਹਿਣ ਦੇ ਨਾਲ ਹੀ ਕੁੜਤੇ ਨੂੰ ਲੀਰੋ ਲੀਰ ਕਰ ਦਿੱਤਾ। ਇਸ ਦ੍ਰਿਸ਼ ਨੇ ਸ੍ਰ. ਤੇਜਾ ਸਿੰਘ ਦੇ ਅੰਦਰ ਵੈਰਾਗ ਦਾ ਕਟਕ ਚਾੜ੍ਹ ਦਿੱਤਾ ਤੇ ਉਹ ਵੀ ਲੱਗਾ ਬੰਨੇ ਚੰਨੇ ਤੋੜਨ। ਸ੍ਰ. ਪਤਲੂਣ ਕੋਟ ਉਤਾਰ ਕੇ ਜਾ ਮਸਤਾਨਿਆਂ ਵਿੱਚ ਸ਼ਾਮਲ ਹੋਏ। ਇਹਨਾਂ ਦੇ ਸੂਤਰੀ ਹੋਣ ਦੀ ਦੇਰ ਸੀ, ਕਿ ਨੀਲੀਆਂ ਪੀਲੀਆਂ ਪੱਗਾਂ ਹਿੱਲਣ ਲੱਗ ਪਈਆਂ। ਸ੍ਰ. ਜੀ ਬਿਰਹਾ ਕੁੱਠੇ ਹਾਲੋਂ ਬੇਹਾਲ ਹੋ ਕੰਨ ਤੇ ਹੱਥ ਧਰ ਸੰਗਤ ਨੂੰ ਸੰਬੋਧਨ ਕਰਦਿਆਂ ਸੂਫੀਆਂ ਦਾ ਇਹ ਕਲਾਮ ਸ਼ੁਰੂ ਕਰ ਦਿੱਤਾ:-

ਖਬਰਦਾਰ ਨਾਮ ਇਸ਼ਕ ਦਾ ਲੈ ਨ ਬਹੀਂ ਵੇ।
ਜੇ ਆਸ਼ਿਕ ਭੀ ਹੈਂ ਮੂੰਹੋ ਕਹਿ ਨਾ ਬਹੀਂ ਵੇ।
ਖਤਰਨਾਕ ਮੰਜ਼ਿਲ ਸਫਰ ਦੂਰ ਦਾ
ਇਰਾਦਾ ਬੁਰਾ ਤੇਰੇ ਦਸਤੂਰ ਦਾ
ਤੇਰੀ ਜ਼ਿੰਦਗੀ ਨਾਮ ਕਾਫੂਰ ਦਾ
ਤੂੰ ਬਚ ਹਿਰਸ ਦੇ ਸ਼ਹਿਰ 'ਚ ਬਹਿ ਨ ਰਹੀਂ ਵੇ
ਜਬਹ ਕਿਬਲ ਆਸ਼ਿਕ ਹੋਏ ਬਾਜਰਾਂ!
ਤੂੰ ਭੀ ਬਨ ਆਸ਼ਿਕ ਸਰ ਨੂੰ ਕਟਾ!
ਜੇ ਅਬਦੇ ਖੁਦਾ ਹੈਂ ਤਾਂ ਕਰਕੇ ਵਿਖਾ!
ਪਰ ਇਹ ਦੁਨੀਆਂ ਈ ਤਿਲਕਣੀਂ,
ਕਿਤੇ ਢਹਿ ਨ ਪਈਂ ਵੇ
ਜਿਵੇਂ ਤੇਰੀ ਗੁਜ਼ਰੇ ਤੂੰ ਸਦਕੇ ਲੰਘਾ
ਸਬਰ ਕਰ ਨ ਪਰਦਾ ਸੱਜਣ ਦਾ ਉਠਾ
ਇਹੀ ਫੱਕਰ ਦਰਵੇਸ਼ ਦਾ ਹੈ ਸਦਾ
ਤੂੰ ਬੱਚ ਝੂਠ ਤੋਂ ਸੱਚ ਵੀ ਕਹਿ ਨ ਬਹੀਂ ਵੇ
ਕੋਈ ਸ਼ਹਿਰ ਲੈਲਾ ਦੇ ਫਿਰਦਾ ਰਹਿਆ
ਕੋਈ ਹੈਦਰੀ ਸੂਲੀ ਤੇ ਰਹਿ ਗਿਆ।
ਖਬਰਦਾਰ ਨਾਮ ਇਸ਼ਕ ਦਾ ........

ਸ੍ਰ ਜੀ ਦੇ ਇਹ ਸ਼ਬਦ ਕੀ ਸਨ? ਪ੍ਰੇਮ ਚੰਗਾੜੇ ਸਨ ਜਿਸ ਨੇ ਰਾਮ

ਵਜੋਗੀਆਂ ਅੰਦਰ ਭਾਂਬੜ ਮਚਾ ਦਿੱਤੇ। ਕੋਈ ਰੂਹ ਹੋਵੇਗੀ ਜਿਹੜੀ ਇਹ ਨਜ਼ਾਰਾ ਤੱਕ ਪੁਕਾਰ ਨਾ ਉਠੀ ਹੋਵੇ। ਇਸ ਵੇਲੇ ਤਾਂ ਹੋਸ਼ਾਂ ਵਾਲਿਆਂ ਦੇ ਹੋਸ਼ ਗੁੰਮ ਸਨ, ਉਹ ਕੀ ਜਾਨਣ, ਇਹ ਕੀ ਮਾਜਰਾ ਹੈ? "

"ਲਾਗੇ ਹੀ ਪਾਰਸੀਆਂ ਦਾ ਬੰਗਲਾ ਸੀ। ਇਕ ਪਾਰਸਨ ਨਵਯੁਵਤੀ ਦੌੜੀ ਦੌੜੀ ਆਈ ਤੇ ਮਾਤਾ ਲੱਛਮੀ ਨੂੰ ਘਬਰਾਈ ਹੋਈ ਕਹਿਣ ਲੱਗੀ, "ਬਾਈ! ਬਾਈ!! ਢੋਲਕ ਬੰਦ ਕਰਾਓ, ਹਮਾਰੇ ਤੋ ਬੱਚੋਂ ਕੇ ਸਿਰ ਹਿਲਨੇ ਸ਼ੁਰੂ ਹੋ ਗਏ ਹੈਂ।"[6]

ਦੇਸ਼ ਬਟਵਾਰੇ ਤੋਂ ਥੋਹੜਾ ਸਮਾਂ ਪਹਿਲਾਂ ਸਰਦਾਰ ਜੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਵਾਪਿਸ ਆਪਣੇ ਪਿੰਡ ਚੰਦੋਵਾਲ ਆ ਗਏ ਸਨ। ਇਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੱਛਮੀ ਪੰਜਾਬ ਵਿੱਚ ਰਹਿਣ ਵਾਲੇ ਨਾਮਧਾਰੀ ਸਿੱਖਾਂ ਲਈ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਵਿੱਚ ਚੁਚਾਲ, ਜੱਗ ਮਲੇਰਾ, ਅਲੀਪੁਰ, ਕੰਜਰਵਾਲ ਆਦਿ ਸਾਢੇ ਕੁ ਤਿੰਨ ਪਿੰਡਾਂ ਦੀ ਜ਼ਮੀਨ ਚੁਰੂ ਦੇ ਸੇਠਾਂ ਤੋਂ ਖਰੀਦ ਲਈ ਸੀ। ਸਰਦਾਰ ਜੀ ਨੇ ਵੀ ਇਕ ਮੁਰੱਬੇ ਦੀ ਬਣਦੀ ਰਕਮ ਸਤਿਗੁਰੂ ਜੀ ਨੂੰ ਦਿੱਤੀ ਸੀ ਜਿਸ ਲਈ ਉਹਨਾਂ ਨੂੰ ਇਹ ਭੂਮੀ ਜੀਵਨ ਨਗਰ ਵਿੱਚ ਮਿਲੀ ਸੀ। ਉਹਨਾਂ ਨੂੰ ਆਪਣੀ ਜੱਦੀ ਜ਼ਮੀਨ ਅੰਮ੍ਰਿਤਸਰ ਕਲਾਂ ਦੇ ਕੋਲ ਪ੍ਰਤਾਪ ਨਗਰ ਵਿੱਚ ਅਲਾਟ ਹੋਈ ਸੀ ਜਿੱਥੇ ਸਿਆਲਕੋਟ ਜ਼ਿਲ੍ਹੇ ਤੋਂ ਆਏ ਹੋਰ ਨਾਮਧਾਰੀ ਪਰਿਵਾਰਾਂ ਦੀ ਅਲਾਟਮੈਂਟ ਸੀ। ਬਟਵਾਰੇ ਤੋਂ ਪਹਿਲਾਂ ਉੱਥਲ ਪੁੱਥਲ ਵਾਲੇ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ, ਨਵੀਂ ਖਰੀਦੀ ਜ਼ਮੀਨ ਦੇ ਨੇੜੇ ਬੀਕਾਨੇਰ ਰਿਆਸਤ ਦੇ ਸ਼ਹਿਰ ਨੌਹਰ ਵਿੱਚ 1940 ਤੋਂ ਹੀ ਮਾਤਾ ਜੀਵਨ ਕੌਰ ਜੀ ਸਮੇਤ 60-70 ਨਾਮਧਾਰੀ ਪਰਿਵਾਰ ਰਹਿ ਰਹੇ ਸਨ। ਇਸ ਲਈ ਜੂਨ ਜੁਲਾਈ 1947 ਤੱਕ ਸ. ਤੇਜਾ ਸਿੰਘ ਹੋਰੀਂ ਵੀ ਆਪਣਾ ਕੁਝ ਅਸਬਾਬ ਲੈ ਕੇ ਚੰਦੋਵਾਲ ਤੋਂ ਨੌਹਰ ਆ ਰਹੇ ਸਨ।" ਨੌਹਰ, ਸ਼ਹਿਰ ਕਰ ਰਾਸ਼ਨ ਕਾਰਡਾਂ ਤੇ ਛੋਲੇ ਮਿਲਦੇ ਸੀ। ਕੁਝ ਘਰ ਸ੍ਰ. ਤੇਜਾ ਸਿੰਘ ਜੀ ਚੰਦੋਵਾਲ, ਸੰਤ ਵਿਰਸਾ ਸਿੰਘ ਜੀ ਨੁਸ਼ਹਿਰਾ, ਤਰਨ ਸਿੰਘ (ਵਹਿਮੀ), ਮੱਘਰ ਸਿੰਘ, ਅਮਰ ਸਿੰਘ ਆਦਿਕ ਗਏ ਤੇ ਮਕਾਨ ਲੈ ਵੱਸਦੇ ਤੇ ਆਪਣਾ ਅੱਡ ਲੰਗਰ ਕਰ ਛਕਦੇ।[7]

"ਇਹਨਾਂ ਦਿਨਾਂ ਵਿੱਚ ਇੱਥੇ ਕਣਕ ਬਹੁਤ ਮੁਸ਼ਕਿਲ ਮਿਲਦੀ ਸੀ। ਛੋਲੇ ਖਾਣ ਦੇ ਪੱਛਮੀ ਪੰਜਾਬ ਵਿੱਚੋਂ ਆਏ ਸਿੱਖ ਆਦੀ ਨਹੀਂ ਸਨ। ਕਈ ਬੱਚਿਆਂ ਨੂੰ ਬੁਖਾਰ ਵੀ ਚੜ੍ਹਦਾ ਸੀ। ਫਿਰ ਇਹ ਹਾਲ ਮੱਘਰ ਸਿੰਘ ਨੁਸ਼ਹਿਰੇ ਵਾਲੇ ਤੋਂ ਸੁਣ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਨੌਹਰ ਜ਼ਿੰਮੇਵਾਰ

ਸਿੰਘ ਹੱਥ ਮਾਇਆ ਭੇਜ ਕੇ, ਕਣਕ ਮੰਗਵਾ ਕੇ, ਸਭ ਦਾ ਸਾਂਝਾ ਲੰਗਰ ਇੱਕੇ ਥਾਂ ਚਾਲੂ ਕਰਵਾ ਦਿੱਤਾ ਸੀ। ਪਹਿਲੋਂ ਜੋ ਬਾਣੀਏ ਸਿੱਖਾਂ ਨੂੰ ਪੰਜਾਬੋਂ ਨੱਸ ਆਏ ਜਾਣ ਮਿਹਣੇ ਮਾਰਦੇ ਸੀ, ਸੋ ਸ੍ਰ. ਤੇਜਾ ਸਿੰਘ ਜੀ ਦੇ ਜਾਣ ਕਰ ਸ਼ਬਦ ਕੀਰਤਨ ਸੁਣ ਸ਼ਰਧਾਲੂ ਹੋ ਗਏ ਤੇ ਕੁਝ ਪਾਕਿਸਤਾਨ ਬਣਨ ਦੀ ਅਫਵਾਹੋਂ, ਹਿੰਦੂ ਤੁਰਕਾਂ ਦੇ ਫਸਾਦਾਂ ਦੇ ਡਰੋਂ ਭੀ ਸਿੱਖਾਂ ਨਾਲ ਹਿਤ ਕਰਨ ਲੱਗੇ।"[8] ਇਉਂ ਸ੍ਰ. ਤੇਜਾ ਸਿੰਘ ਹੋਰਾਂ ਦੀ ਹਲੀਮੀ, ਸ਼ਰਾਫਤ, ਨੌਹਰ ਜਿਹੇ ਦੂਰ ਦਰਾਜ ਦੇ ਇਲਾਕੇ ਵਿੱਚ ਵੀ ਆਪਣਾ ਅਸਰ ਵਿਖਾਉਣ ਲੱਗੀ। ਸਰਦਾਰ ਜੀ ਦੇ ਅਸਰ ਕਾਰਨ ਨੌਹਰ ਦੇ ਹਿੰਦੂਆਂ ਨੇ, ਜਦੋਂ ਬੀਕਾਨੇਰ ਰਿਆਸਤ, ਸਿੱਖਾਂ ਨੂੰ ਇੱਥੋਂ ਵਾਪਸ ਪੰਜਾਬ ਭੇਜਣਾ ਚਾਹੁੰਦੀ ਸੀ ਕਿ ਇਹ ਲੋਕ ਕੋਈ ਦੰਗਾ ਫਸਾਦ ਨਾ ਕਰਨ, ਇਹ ਅਰਜ਼ੀਆਂ ਦਿੱਤੀਆਂ ਸੀ ਕਿ ਇਹ ਨਾਮਧਾਰੀ ਸਿੱਖ ਭਜਨ ਬੰਦਗੀ ਕਰਨ ਵਾਲੇ ਹਨ, ਲੜਾਈ ਝਗੜੇ ਵਾਲੇ ਨਹੀਂ। ਪਰ ਰਿਆਸਤ ਦੀ ਨੀਤੀ ਇਹੋ ਜਿਹੀ ਸੀ ਕਿ ਮਾਲ ਗੱਡੀਆਂ ਦੇ ਡੱਬਿਆਂ ਵਿੱਚ ਭਰ ਕੇ ਕੂਕੇ ਸਿੱਖਾਂ ਨੂੰ ਨੌਹਰ ਤੋਂ ਐਲਨਾਬਾਦ ਲਿਆ ਉਤਾਰਿਆ ਗਿਆ।[9] ਸ੍ਰ. ਤੇਜਾ ਸਿੰਘ ਹੋਰੀਂ ਕੁਝ ਦਿਨ ਚੁਚਾਲ ਕੋਠੀ ਵਿੱਚ ਰਹੇ ਅਤੇ ਫਿਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪ ਨੇ ਸਿਰਸਾ ਸ਼ਹਿਰ ਵਿੱਚ ਆਪਣਾ ਡੇਰਾ ਪਰਿਵਾਰ ਸਮੇਤ ਜਾ ਲਾਇਆ। ਇਸੇ ਸਮੇਂ ਸ੍ਰੀ ਸਤਿਗੁਰੂ ਜੀ ਨੇ ਸਰਕਾਰੇ ਦਰਬਾਰੇ ਅਤੇ ਜ਼ਮੀਨ ਜਾਇਦਾਦ ਦੇ ਕੰਮਾਂ ਲਈ ਆਪਣੇ ਵੱਲੋਂ ਸ੍ਰ. ਤੇਜਾ ਸਿੰਘ ਹੋਰਾਂ ਨੂੰ ਮੁਖਤਿਆਰੇ ਆਮ ਥਾਪਿਆ। ਸਰਦਾਰ ਜੀ ਨੇ ਇਸ ਦੀ ਵਰਤੋਂ ਕਰਦਿਆਂ ਪਹਿਲਾ ਕੰਮ ਕਰਦਿਆਂ ਚੁਚਾਲ, ਜੱਗ ਮਲੇਰਾ, ਦਮਦਮੇ ਆਦਿ ਪਿੰਡਾਂ ਵਿੱਚ ਕਰਮਵਾਰ ਆਸਾ ਸਿੰਘ ਕੰਬੋ, ਤਰਨ ਸਿੰਘ ਵਹਿਮੀ ਅਤੇ ਰਤਨ ਸਿੰਘ ਕੂਕੇ ਤੋਂ ਦਰਖਾਸਤਾਂ ਦੁਆ ਕੇ ਇਹਨਾਂ ਪਿੰਡਾਂ ਦੀਆਂ ਲੰਬੜਦਾਰੀਆਂ ਇਹਨਾਂ ਨੂੰ ਦੁਆਈਆਂ।[10]

ਸੰਨ 1948 ਵਿੱਚ ਸਰਕਾਰ ਵੱਲੋਂ ਉੱਜੜ ਕੇ ਆਏ ਲੋਕਾਂ ਨੂੰ ਕੁਝ ਸਹਾਇਤਾ ਤਕਾਵੀਆਂ, ਗਰਾਂਟਾਂ ਆਦਿ ਦਿੱਤੀਆਂ ਜਾਂਦੀਆਂ ਸਨ। ਕਿਉਂਕਿ ਪਹਿਲੇ ਛੇ ਮਹੀਨੇ ਤੱਕ ਬਹੁਤੀ ਸੰਗਤ ਦਾ ਲੰਗਰ ਚੁਚਾਲ ਕੋਠੀ ਵਿੱਚੋਂ ਹੀ ਚੱਲਦਾ ਰਿਹਾ ਸੀ। ਸੋ ਕਈ ਸਿੱਖ ਇਹ ਤਕਾਵੀਆਂ ਗਰਾਂਟਾਂ ਆਦਿ ਵੀ ਸਤਿਗੁਰੂ ਜੀ ਨੂੰ ਆਪਣੀ ਖੁਸ਼ੀ ਨਾਲ ਮੱਥਾ ਟੇਕ ਦਿੰਦੇ ਸਨ। "ਸੰਤ ਸਿੰਘ ਟਪਿਆਲੇ ਜ਼ਿਲ੍ਹੇ ਸਿਆਲਕੋਟ ਦੇ ਕੁਝ ਸਿੱਖਾਂ ਨੂੰ ਨਾਲ ਲੈ ਸਰਸੇ ਜਾ ਦਰਖਾਸਤ ਦਿੱਤੀ ਮਹਾਰਾਜ ਪ੍ਰਤਾਪ ਸਿੰਘ ਜੀ ਜੋ ਸਰਕਾਰੋਂ ਮਿਲਦਾ ਹੈ, ਸੋ ਭੀ ਸਾਥੋਂ ਲੈ ਲੈਂਦੇ ਹਨ। ਅਸੀਂ ਪਾਲੇ ਠਰਦੇ ਤੇ ਭੁੱਖੇ ਮਰਦੇ ਹਾਕਮਾਂ ਕੋਲ ਆਏ ਹਾਂ ਸਾਡੀ ਮੱਦਦ ਕਰੋ। ਸ੍ਰ. ਤੇਜਾ ਸਿੰਘ ਜੀ ਚੰਦੋਵਾਲੀਏ ਜੋ ਸਤਿਗੁਰੂ ਜੀ ਦਾ

ਮੁਖਤਿਆਰ ਸਰਕਾਰੇ ਕੰਮਾਂ ਜੋਗ ਕੀਤਾ ਸੀ ਨੇ ਉੱਤਰ ਦਿੱਤਾ, ਸਤਿਗੁਰੂ ਜੀ ਸਭ ਨਗਰਾਂ ਦੇ ਸਿੱਖਾਂ ਦੀ ਹਰ ਤਰ੍ਹਾਂ ਰੱਖਿਆ ਕੀਤੀ ਹੈ ਤੇ ਕਰਦੇ ਹਨ। ਏਹ ਸਰਾਪੇ ਹੋਏ ਇਲਾਕੇ ਦਾ ਝੂਠ ਬੋਲਦਾ। ਸਰਕਾਰ ਭੀ ਰੁਲਦੇ ਅਸਬਾਬ ਵੇਚ ਕੁਝ ਰਕਮ ਲੈ ਲਈ ਏ। ਏਧਰ ਦੇ ਲੋਕਾਂ ਭੀ ਲੁੱਟਿਆ ਏ; ਪਰ ਸਤਿਗੁਰੂ ਜੀ ਵੰਡਿਆ ਤੇ ਖੇਚਲ ਹੀ ਕੀਤੀ ਏ। ਸਰਦਾਰ ਜੀ ਦੇ ਕਹਿਣ ਤੇ ਸੰਤ ਸਿੰਘ ਦੇ ਨਾਲ ਦੇ ਸਿੱਖਾਂ ਵਿੱਚੋਂ ਇੱਕ ਨੇ ਹਾਕਮ ਨੂੰ ਕਿਹਾ, ਅੰਗੂਠਾ ਤੇ ਮੈਂ ਭੀ ਸੰਤ ਸਿੰਘ ਦੀ ਪੁੱਠੀ ਮੱਤ ਲੱਗ ਲਾ ਦਿੱਤਾ ਏ, ਪਰ ਸਤਿਗੁਰੂ ਜੀ ਵੱਲੋਂ ਮਿਲੇ ਬਿਸਤਰੇ ਕੱਪੜੇ ਅਸਾਂ ਬੁਚਕੇ ਬੱਧੇ ਹਨ। ਤੇ ਦਾਣੇ ਖਾਣ ਲਈ ਮਿਲੇ ਸਿਰਸੇ ਵੇਚ, ਭਾੜਾ ਕਿਤੇ ਜਾ ਧਾੜਾ ਮਾਰਨ ਲਈ ਬਣਾਇਆ ਹੈ। ਸਰਦਾਰ ਜੀ ਦਾ ਭੀ ਮੁੱਢ ਤੋਂ ਇਤਬਾਰੀ ਰਿਕਾਰਡ ਸੀ ਤੇ ਸਿੱਖ ਸਾਥੀ ਭੀ ਸੱਚ ਦੱਸ ਦਿੱਤਾ। ਹਾਕਮ ਸੰਤ ਸਿੰਘ ਨੂੰ ਝਿੜਕ ਕਮਰਿਉਂ ਕਢਾਇਆ।"[11]

ਸਤਿਗੁਰੂ ਜੀ ਫਰਵਰੀ 1949 ਵਿੱਚ ਸ੍ਰ. ਤੇਜਾ ਸਿੰਘ ਜੀ ਅਤੇ ਸ੍ਰ. ਅਵਤਾਰ ਸਿੰਘ ਝੱਬਰ ਕਰੀਵਾਲਾ ਨੂੰ ਆਪਣੇ ਨਾਲ ਲੈ ਕੇ, ਦਿੱਲੀ ਅਤੇ ਜਲੰਧਰ ਦੇ ਸਰਕਾਰੀ ਵਿਅਕਤੀਆਂ ਅਤੇ ਮਹਿਕਮਾ ਮਾਲ ਦੇ ਲੋਕਾਂ ਨੂੰ ਮਿਲ ਕੇ, ਰਾਣੀਆਂ ਤੋਂ ਕਰੀਵਾਲੇ ਤੱਕ ਘੱਗਰ ਨਾਲੀ ਦੇ ਦੋਹੀਂ ਬੰਨ੍ਹੀ ਨਾਮਧਾਰੀ ਸਿੱਖਾਂ ਨੂੰ ਇਹਨਾਂ ਪਿੰਡਾਂ ਵਿੱਚ ਪੱਕੀ ਤਰ੍ਹਾਂ ਵਸਾਉਣ ਦਾ ਪਰਬੰਧ ਕਰ ਆਏ ਸਨ।[12] ਇਸੇ ਸਾਲ 29-30 ਮਾਘ ਨੂੰ ਸਿਰਸੇ ਦੀ ਨਾਮਧਾਰੀ ਸੰਗਤ ਵੱਲੋਂ ਸ੍ਰ. ਤੇਜਾ ਸਿੰਘ ਹੋਰਾਂ ਦੇ ਉੱਦਮ ਨਾਲ ਬਸੰਤ ਦਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ। ਇਕ ਨਗਰ ਕੀਰਤਨ ਹਿੰਦੂ, ਸਿੱਖਾਂ, ਨਾਮਧਾਰੀਆਂ, ਅਕਾਲੀਆਂ ਦੀ ਸਾਂਝੀ ਸ਼ਮੂਲੀਅਤ ਵਾਲਾ, ਸਰਦਾਰ ਜੀ ਦੇ ਘਰੋਂ ਸ਼ੁਰੂ ਹੋ ਕੇ ਗੁਰਦੁਆਰਾ ਸਿੰਘ ਸਭਾ ਤੱਕ ਜਾ ਕੇ ਸਮਾਪਤ ਹੋਇਆ ਸੀ।[13]

16 ਜਨਵਰੀ 1950 ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਰਸੇ ਸ੍ਰ. ਤੇਜਾ ਸਿੰਘ ਪਾਸ ਗਏ ਇਹ ਜਾਨਣ ਲਈ ਕਿ ਕਲੇਮਾਂ ਵਾਲੀ ਸਿੱਖਾਂ ਦੀ ਅਜੇ ਕਿਤਨੀ ਜ਼ਮੀਨ ਜਲੰਧਰੋਂ ਆਉਣ ਵਾਲੀ ਹੈ, ਉਸ ਦਾ ਸਾਮਾ ਕੀਤਾ ਜਾਵੇ।[14] ਸ੍ਰ. ਤੇਜਾ ਸਿੰਘ ਜੀ ਕਈ ਵੇਰ ਦੀਵਾਨ ਲੱਗੇ ਵਿੱਚ ਮਸਤੀ ਵਿੱਚ ਆ ਕੇ ਅਲਾਮਾ ਇਕਬਾਲ ਦਾ ਇਹ ਸ਼ੇਅਰ ਝੂਮ ਝੂਮ ਕੇ ਪੜ੍ਹਿਆ ਕਰਦੇ ਸਨ :

"ਤੁਮਹਾਰੀ ਤਹਿਜ਼ੀਬ ਅਪਨੇ ਖੰਜਰ ਸੇ

ਆਪ ਹੀ ਖ਼ੁਦਕੁਸ਼ੀ ਕਰੇਗੀ।

ਜੋ ਸ਼ਾਖੇ ਨਾਜ਼ੁਕ ਪੇ ਆਸ਼ੀਆਨਾ ਬਨੇਗਾ

ਨਾ ਪਾਏਦਾਰ ਹੋਗਾ।

ਮੈਂ ਉਸਕਾ ਬੰਦਾ ਬਣੂੰਗਾ,

ਜਿਸ ਕੋ ਖੁਦਾ ਕੇ ਬੰਦੋਂ ਸੇ ਪਿਆਰ ਹੋਗਾ।"[15]

ਸ੍ਰ. ਤੇਜਾ ਸਿੰਘ ਅਤੇ ਅਵਤਾਰ ਸਿੰਘ ਝੱਬਰ ਹੋਰਾਂ 30 ਭਾਦਰੋਂ 2008 ਸੰਬਤ ਬਿਕਰਮੀ ਤੱਕ ਜ਼ਮੀਨ ਵਾਲੇ ਸਭ ਸਿੱਖਾਂ ਨੂੰ ਸਿਰਸਾ ਤਹਿਸੀਲ ਵਿੱਚੋਂ ਮਾਲਕੀ ਦੀਆਂ ਸਨਦਾਂ ਪਰਚੀਆਂ ਦਿਵਾ ਦਿੱਤੀਆਂ।[16] ਗਊ ਬੱਧ ਬੰਦ ਕਰਵਾਉਣ ਲਈ ਅਤੇ ਹੋਰਨਾਂ ਕੰਮਾਂ ਵਾਸਤੇ ਵੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰ. ਤੇਜਾ ਸਿੰਘ, ਪ੍ਰਧਾਨ ਮੰਤਰੀ ਪੰਡਿਤ ਜਵਾਹਰ ਨਾਲ ਨਹਿਰੂ ਨੂੰ ਅੰਗਰੇਜੀ ਵਿੱਚ ਪੱਤਰ ਲਿਖਿਆ ਕਰਦੇ ਸਨ। 1952 ਦੀਆਂ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ, ਸਤਿਗੁਰੂ ਜੀ ਦੀ ਨਾਰਾਜ਼ਗੀ ਇਲਾਕਾ ਜੀਵਨ ਨਗਰ ਦੀ ਸੰਗਤ ਨਾਲ ਬਣ ਗਈ ਸੀ। ਉਦੋਂ ਆਪ ਸ੍ਰ. ਤੇਜਾ ਸਿੰਘ ਜੀ ਦੇ ਘਰੋਂ, ਸਿਰਸਿਉਂ ਹੋ ਕੇ ਹੀ ਵਾਪਸ ਮੁੜ ਜਾਂਦੇ ਸਨ, ਜੀਵਨ ਨਗਰ ਨਹੀਂ ਜਾਇਆ ਕਰਦੇ ਸਨ। ਇਸ ਨਾਰਾਜ਼ਗੀ ਵਾਲਾ ਮਾਹੌਲ ਠੀਕ ਕਰਨ ਲਈ ਵੀ ਤੇਜਾ ਸਿੰਘ ਹੋਰਾਂ ਨੇ ਉਚਿਤ ਭੂਮਿਕਾ ਨਿਬਾਹੀ ਸੀ।[17]

5 ਮਈ 1958 ਨੂੰ ਪੰਜਾਬ ਦੀ ਚੀਫ ਮਨਿਸਟਰੀ ਦਾ ਫੈਸਲਾ ਹੋਣਾ ਸੀ। ਇਕ ਧੜਾ ਗੋਪੀ ਚੰਦ ਭਾਰਗੋ, ਗਿਆਨੀ ਕਰਤਾਰ ਸਿੰਘ, ਸ੍ਰ. ਸਵਰਨ ਸਿੰਘ ਤੇ ਸ੍ਰ. ਬਲਦੇਵ ਸਿੰਘ ਦਾ ਸੀ। ਦੂਜਾ ਧੜਾ ਸ੍ਰ. ਪ੍ਰਤਾਪ ਸਿੰਘ ਕੈਰੋਂ ਤੇ ਚੌ. ਦੇਵੀ ਲਾਲ ਦਾ ਸੀ। ਗਿਆਨੀ ਕਰਤਾਰ ਸਿੰਘ ਨੇ ਆਪਣੀਆਂ ਪਹਿਲੀਆਂ ਕਾਰਵਾਈਆਂ ਦੀ ਸਤਿਗੁਰੂ ਜੀ ਤੋਂ ਖਿਮਾ ਮੰਗ ਲਈ। ਉਪਰੋਂ ਪੰਡਿਤ ਨਹਿਰੂ ਦੀ ਮਦਦ ਕਾਰਨ ਜਿੱਤ ਕੈਰੋਂ ਧੜੇ ਦੀ ਹੋਈ। ਪਰ ਸ੍ਰ. ਤੇਜਾ ਸਿੰਘ ਜੀ ਨੇ ਡਟ ਕੇ ਆਪਣਾ ਵਿਧਾਨ ਪਰਿਸ਼ਦ ਦਾ ਵੋਟ ਗਿਆਨੀ ਕਰਤਾਰ ਸਿੰਘ ਦੇ ਹੱਕ ਵਿੱਚ ਹੀ ਦਿੱਤਾ ਸੀ।[18]

ਸ੍ਰ. ਤੇਜਾ ਸਿੰਘ ਜੀ ਨੇ 1957-58-59 ਈ. ਦੇ ਸਾਲਾਂ ਵਿੱਚ, ਜਦੋਂ ਸ੍ਰ. ਪ੍ਰਤਾਪ ਸਿੰਘ ਕੈਰੋਂ ਦੀ ਕਰੋਪੀ ਨਾਮਧਾਰੀਆਂ ਨੇ ਭੁਗਤੀ ਸੀ। ਬਹੁਤ ਜ਼ਿਆਦਾ ਨੱਸ ਭੱਜ ਕੀਤੀ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਵਿੱਚ ਵੀ ਸ੍ਰ. ਤੇਜਾ ਸਿੰਘ ਜੀ ਆਪਣੇ ਵਿੱਤ ਮੁਜਬ, ਗੁਰੂ ਘਰ ਅਤੇ ਸਾਧ ਸੰਗਤ ਦੀ ਸੇਵਾ ਕਰਦੇ ਰਹੇ ਸਨ। ਉਹਨਾਂ ਦੀ ਪਹਿਲੀ ਧਰਮ ਪਤਨੀ ਮਾਤਾ ਲੱਛਮੀ ਉਹਨਾਂ

ਦੇ ਹੁੰਦਿਆਂ ਹੀ ਚਲਾਣਾ ਕਰ ਗਏ ਸਨ, ਬੀਬੀ ਬਸੰਤ ਕੌਰ ਜੀ ਆਪ ਦੇ 15 ਨਵੰਬਰ 1974 ਵਿੱਚ ਹੁਕਮ ਸੱਤ ਹੋਣ ਦੇ ਕਈ ਵਰ੍ਹੇ ਬਾਅਦ ਸੁਰਗਵਾਸ ਹੋਏ ਸਨ।

ਸਰਦਾਰ ਜੀ ਆਪਣੇ ਤੋਂ ਵੱਡਿਆਂ ਦਾ ਆਦਰ ਕਰਿਆ ਕਰਦੇ ਸਨ ਅਤੇ ਆਪਣੇ ਤੋਂ ਛੋਟਿਆਂ ਦੇ ਨਾਲ ਹਮੇਸ਼ਾਂ ਬੜੇ ਮੋਹ ਅਤੇ ਖ਼ਲੂਸ ਨਾਲ ਪੇਸ਼ ਆਇਆ ਕਰਦੇ ਸਨ। ਉਹਨਾਂ ਦੇ ਨਿੱਘੇ ਸੁਭਾਉ ਅਤੇ ਉੱਚ ਚਰਿੱਤਰ ਦੀਆਂ ਕੁਝ ਵੰਨਗੀਆਂ, ਲਖਵਿੰਦਰ ਸਿੰਘ ਬਾਜਵਾ ਦੀ ਰਚਨਾ ਵਿੱਚੋਂ ਮਿਲਦੀਆਂ ਹਨ।

"ਤਾਇਆ ਵਿਚ ਸ਼ਰੀਕਿਉਂ ਤੇਜਾ ਸਿੰਘ ਸਰਦਾਰ।
ਕਸਟਮ ਅਫਸਰ ਲੱਗਿਆ ਬੜਾ ਦਿਆਨਤਦਾਰ।
ਲੱਗਾ ਵਿਚ ਬੰਬਈ ਦੇ, ਪਾਵੇ ਬਹੁਤਾ ਮਾਣ।
ਉਚਾ ਸੁੱਚਾ ਆਖਦੇ, ਧਰਮੀ ਪੁਰਸ਼ ਮਹਾਨ।
ਝੂਠ ਜ਼ਰਾ ਨਾ ਬੋਲਦਾ, ਰਿਸ਼ਵਤ ਲਏ ਨਾ ਮੂਲ।
ਸਤਿਗੁਰ ਅੰਦਰ ਵੱਸਿਆ, ਪੱਕੇ ਬੜੇ ਅਸੂਲ।
ਇੱਕ ਵਾਰ ਸਰਦਾਰ ਜੀ, ਸਰਗੋਧੇ ਦੀ ਬਾਰ।
ਮਿਲਣ ਆਏ ਪਰਿਵਾਰ ਨੂੰ, ਦਿਲ ਵਿਚ ਰੱਖ ਪਿਆਰ।
ਦਾਦੀ ਆਸ ਕੌਰ ਨੂੰ, ਕੀਤੀ ਨਿਮਸਕਾਰ।
ਦਾਦੀ ਜੀ ਨੇ ਆਖਿਆ ਨਾਲ ਬੜੇ ਸਤਿਕਾਰ।
ਰਾਜੀ ਹੋ ਸਰਦਾਰ ਜੀ, ਪੁੱਛਿਆ ਏਦਾਂ ਆਪ।
ਦੇ ਕੇ ਸੱਜੇ ਹੱਥ ਦੀ, ਮੋਢੇ ਉੱਤੇ ਥਾਪ।
ਮੱਥੇ ਪਾਉਣ ਤਿਉੜੀਆਂ, ਚੁੱਭੇ ਜਿਦਾਂ ਬੋਲ।
ਆਖਣ ਲੱਗੇ ਇਸ ਤਰ੍ਹਾਂ, ਹੋ ਕੇ ਉਸਦੇ ਕੋਲ।
ਲੋਕਾਂ ਲਈ ਸਰਦਾਰ ਹਾਂ, ਤੇਰੇ ਲਈ ਨਾ ਮੂਲ।
ਘਰ ਨਾ ਚੱਲਣ ਆਪਣੇ, ਏਹੋ ਜਿਹੇ ਅਸੂਲ।
ਤੇਜੂ ਆਖ ਬੁਲਾਏਂ ਜੇ, ਆਵੇ ਬੜਾ ਸੁਆਦ।
ਨਾਲੇ ਮਾਏ ਮੇਰੀਏ, ਬਚਪਨ ਰਹੇ ਨਾ ਯਾਦ।"[19]

ਸਰਦਾਰ ਜੀ ਜਦੋਂ ਕਦੇ ਵੀ ਛੁੱਟੀ ਕੱਟਣ ਪਿੰਡ ਚੰਦੋਵਾਲ ਆਉਂਦੇ, ਪਿੰਡ

ਦੇ ਕਿਰਤੀ ਕਾਮੇ, ਉਹਨਾਂ ਦੇ ਸੁਆਗਤ ਲਈ ਰੇਲਵੇ ਸਟੇਸ਼ਨ ਤੇ ਪੁੱਜ ਕੇ ਉਹਨਾਂ ਦਾ ਸਮਾਨ ਫੜ ਲੈਂਦੇ। ਕਈ ਵੈਸੇ ਹੀ ਨਾਲ ਨਾਲ ਘਰ ਨੂੰ ਤੁਰੇ ਆਉਂਦੇ। ਸਰਦਾਰ ਜੀ ਘਰ ਜਾ ਕੇ ਸਭ ਦੀ ਤਲੀ ਤੇ 1-1, ਜਾਂ ਡੇਢ ਡੇਢ ਰੁਪੈਆ ਰੱਖ ਦਿੰਦੇ ਸਨ। ਇਸ ਤਰ੍ਹਾਂ ਦਾ ਆਪ ਦਾ ਦਾਨੀ ਸੁਭਾਉ ਸੀ। ਕੰਮਾਂ ਕਾਰਾਂ ਲਈ ਸਿਰਸਾ ਆਪ ਪਾਸ ਆਉਣ ਵਾਲੇ ਸੱਜਣਾਂ ਨੂੰ ਜਲ ਪਾਣੀ, ਪਰਸ਼ਾਦਾ ਵੀ ਅਕਸਰ ਛਕਾ ਦਿਆ ਕਰਦੇ ਸਨ।

ਸੰਨ 1957 ਵਿੱਚ ਸਿਰਸਾ ਐਜੂਕੇਸ਼ਨ ਸੁਸਾਇਟੀ ਵੱਲੋਂ ਨੈਸ਼ਨਲ ਕਾਲਜ ਦਾ ਆਰੰਭ ਕੀਤਾ ਗਿਆ ਸੀ। ਸਰਦਾਰ ਜੀ ਵੀ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਵਿੱਚ ਲੰਮਾ ਸਮਾਂ ਮੈਂਬਰ ਰਹੇ। ਕਾਲਜ ਦੀ ਉਸਾਰੀ ਵਿੱਚ ਵੀ ਆਪ ਦਾ ਯੋਗਦਾਨ ਹੈ। ਕਾਲਜ ਪੜ੍ਹਣ ਵਾਲੇ ਗਰੀਬ ਬੱਚਿਆਂ ਦੀ ਆਪ ਅਕਸਰ ਫੀਸ ਮੁਆਫ ਕਰਵਾ ਕੇ ਉਹਨਾਂ ਨੂੰ ਹੋਰ ਸਹੂਲਤਾਂ ਵੀ ਦੁਆ ਦਿੰਦੇ ਸਨ। ਸੰਤ ਨਿਧਾਨ ਸਿੰਘ ਆਲਿਮ ਜੀ ਦੇ 1956 ਈ. ਵਿੱਚ ਦੇਹਾਂਤ ਬਾਅਦ, ਸ. ਤੇਜਾ ਸਿੰਘ ਜੀ ਵੀ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਦੇ ਪ੍ਰਧਾਨ ਰਹੇ ਸਨ।

ਸ੍ਰ. ਤੇਜਾ ਸਿੰਘ ਜੀ ਬੇਸ਼ਕ ਨਾਮਧਾਰੀ ਪੰਥ ਦੀ ਇਕ ਅਜ਼ੀਮ ਸ਼ਖਸੀਅਤ ਸਨ, ਪਰ ਉਹ ਜਿੱਥੇ ਵੀ ਰਹੇ ਉੱਥੋਂ ਦੇ ਹੀ ਲੋਕ, ਉਹਨਾਂ ਦੀ ਨੇਕੀ, ਹਲੀਮੀ, ਮਿਠਾਸ, ਨਿਮਰਤਾ ਅਤੇ ਮੇਲ ਮਿਲਾਪ ਵਾਲੇ ਵੱਡੇ ਗੁਣਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਸਨ ਰਹਿੰਦੇ। ਵਿਰਲੇ ਮਨੁੱਖ ਹੀ ਹੁੰਦੇ ਹਨ ਜੋ ਇਸ ਤਰ੍ਹਾਂ ਆਪਣੇ ਆਲੇ ਦੁਆਲੇ ਨੂੰ ਮਹਿਕਣ ਲਾ ਦਿੰਦੇ ਹਨ। ਉਹ ਮਾਣ ਤਾਣ ਹੁੰਦਿਆਂ ਵੀ ਅੱਤ ਦੇ ਨਿਰਮਾਣ ਸੱਜਣ ਸਨ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਪਹਿਲੀ ਛਾਪ, ਸਫਾ 199-200
2. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਦੂਜਾ, ਸਫਾ 402-03
3. ਉਪਰੋਕਤ, ਸਫਾ 404
4. ਉਪਰੋਕਤ, ਸਫਾ 436-37
5. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਤੀਜਾ, ਸਫਾ 265-66

6. ਮਾਸਟਰ ਨਿਹਾਲ ਸਿੰਘ ਜੀ ਰਚਨਾਵਲੀ, ਦਾਨੇ ਤੇ ਮਸਤਾਨੇ (ਜੀਵਨੀਆਂ-2) ਸੰ. ਤਾਰਾ ਸਿੰਘ ਅਨਜਾਣ, 2019, ਆਰਸੀ ਪਬਲਿਸ਼ਰਜ਼, ਦਿੱਲੀ, ਸਫਾ 90-91 7. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਚੌਥਾ, ਸਫਾ 76
7. ਉਪਰੋਕਤ, ਸਫਾ 77-78
8. ਉਪਰੋਕਤ, ਸਫਾ 115
9. ਉਪਰੋਕਤ, ਸਫਾ 120
10. ਉਪਰੋਕਤ, ਸਫਾ 143-44
11. ਉਪਰੋਕਤ, ਸਫਾ 231
12. ਉਪਰੋਕਤ, ਸਫਾ 231
13. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪੰਜਵਾਂ, ਸਫਾ 127
14. ਉਪਰੋਕਤ, ਸਫਾ 232
15. ਉਪਰੋਕਤ, ਸਫਾ 280
16. ਉਪਰੋਕਤ, ਸਫਾ 320
17. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਛੇਵਾਂ, ਸਫਾ 243-44
18. ਲਖਵਿੰਦਰ ਸਿੰਘ ਬਾਜਵਾ, ਕੈਸੀ ਕੂੰਜ ਉਡਾਰੀ (ਪ੍ਰਬੰਧ ਕਾਵਿ), ਸਫਾ 56

# ਰਾਜ–ਰਿਖੀ
# ਸ. ਆਤਮਾ ਸਿੰਘ ਰਾਵਲਪਿੰਡੀ

ਸ੍ਰ. ਆਤਮਾ ਸਿੰਘ ਰਾਵਲਪਿੰਡੀ ਅਤੇ ਬੀਬੀ ਲੀਲਾਵੰਤੀ ਦੀ ਜੋੜੀ ਨੇ ਲਗਪਗ ਤਿੰਨ ਦਹਾਕੇ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਵਿੱਚ ਆਪਣੇ ਕੀਰਤਨ, ਵਖਿਆਨਾਂ ਦੁਆਰਾ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਮਿਸ਼ਨ ਦਾ ਪਰਚਾਰ ਕੀਤਾ। ਬੀਬੀ ਲੀਲਾਵੰਤੀ ਤਾਂ ਸਰਦਾਰ ਜੀ ਦੇ ਚਲਾਣੇ ਤੋਂ ਬਾਅਦ ਵੀ ਜੀਵਨ ਪ੍ਰਯੰਤ ਇਹ ਸੇਵਾ ਨਿਬਾਹੁੰਦੇ ਰਹੇ। ਆਤਮਾ ਸਿੰਘ ਜੋ ਅਜ਼ਾਦ ਭਾਰਤ ਦੀ ਲੋਕ ਸਭਾ ਦੀਆਂ ਪਹਿਲੀਆਂ ਚੋਣਾਂ ਵਿੱਚ ‘ਫਾਜ਼ਿਲਕਾ–ਸਿਰਸਾ' ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਸਨ ਪਰ ਆਪਣੇ ਬੇਵਕਤ ਅਕਾਲ ਚਲਾਣੇ ਕਾਰਨ, ਉਹ ਲੋਕ ਸਭਾ ਦੀ 'ਟਰਮ' ਪੂਰੀ ਨਾ ਕਰ ਸਕੇ। ਇਸ ਸਰਦਾਰ ਜੀ ਦਾ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਬੜਾ ਭਾਵਨਾ ਅਤੇ ਸ਼ਰਧਾ ਭਰਪੂਰ ਰਿਸ਼ਤਾ ਸੀ। ਉਹਨਾਂ ਦਾ ਪਿਤਾ ਰਾਇ ਬਹਾਦਰ, ਸ੍ਰ. ਬੂਟਾ ਸਿੰਘ ਰਾਵਲਪਿੰਡੀ (ਪਾਕਿਸਤਾਨ) ਦਾ ਬਹੁਤ ਵੱਡਾ ਰਈਸ ਸੀ। ਉਸ ਦੀ ਸਰਕਾਰੇ ਦਰਬਾਰੇ ਚੋਖੀ ਪਹੁੰਚ ਸੀ। ਉਹ ਮਿਲਟਰੀ ਨੂੰ ਮਾਲ ਸਪਲਾਈ ਕਰਨ ਵਾਲਾ ਠੇਕੇਦਾਰ ਸੀ। ਤੰਬੂ, ਕਨਾਤਾਂ, ਛੌਲਦਾਰੀਆਂ ਆਦਿ ਬਨਾਉਣ ਦੇ ਰਾਵਲਪਿੰਡੀ ਅਤੇ ਦਿੱਲੀ ਵਿੱਚ ਕਈ ਕਾਰਖਾਨੇ ਸਨ ਜਿਹਨਾਂ ਵਿੱਚ, ਹਜ਼ਾਰਾਂ ਲੋੜਵੰਦ ਕੰਮ ਕਰਦੇ ਸਨ।

ਸ੍ਰ. ਬੂਟਾ ਸਿੰਘ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਜਲੌਅ ਦੀ ਪਹਿਲੀ ਝਲਕ, 1917 ਈ. ਵਿੱਚ ਜ਼ੈਲਦਾਰ ਸਾਉਣ ਸਿੰਘ ਵੱਲੋਂ ਕਰਵਾਏ, ਰੱਤੇ ਚੋਏ (ਲਾਇਲਪੁਰ ਹੁਣ ਫੈਸਲਾਬਾਦ–ਪਾਕਿਸਤਾਨ) ਦੇ ਹੋਲੇ ਮਹੱਲੇ ਸਮੇਂ ਮਿਲੀ। ਇਸ ਹੋਲੇ ਵਿੱਚ ਉਹ ਸਿੰਘ ਸਭਾ ਦੇ ਉੱਘੇ ਪਰਚਾਰਕ ਭਾਈ ਮੂਲ ਸਿੰਘ ਗਰਮੂਲਾ ਦੇ ਨਾਲ ਮਿਲ ਕੇ ਗਏ ਸਨ। ਭਾਂਵੇਂ ਇਹ ਦੋਵੇਂ ਅੰਗਰੇਜ਼ ਸਰਕਾਰ ਦੇ ਉਸ ਨੂੰ ਆਪਣੀਆਂ ਸੇਵਾਵਾਂ ਦੇਣ ਸਦਕਾ, ਖ਼ੈਰ ਖ਼ਾਹ ਗਿਣੇ ਜਾਂਦੇ ਸਨ ਅਤੇ ਕੂਕੇ ਅਜੇ ਵੀ ਸਰਕਾਰ ਨੂੰ ਰੜਕਦੇ ਸਨ। ਇਹਨਾਂ ਦੇ ਆਉਣ ਦਾ ਮਨੋਰਥ ਵੀ ਕੂਕਿਆਂ ਦੇ ਦੀਵਾਨਾਂ ਵਿੱਚ ਸਰਕਾਰ ਪ੍ਰਤੀ ਵਰਤੀ ਜਾਂਦੀ ਸੁਰ ਦੀ ਜਾਣਕਾਰੀ ਲੈਣੀ ਹੀ ਸੀ। ਮਾਤਾ ਜੀਵਨ ਕੌਰ ਜੀ ਨੇ ਇਹਨਾਂ ਦੋਹਾਂ ਦੀ ਟਹਿਲ ਸੇਵਾ ਕਰਨ ਕਰਾਉਣ ਵਿੱਚ, ਕੋਈ ਕੋਰ ਕਸਰ ਨਾ ਛੱਡੀ। ਜਦੋਂ ਬੂਟਾ ਸਿੰਘ ਨੂੰ ਆਪ ਬਾਬਤ ਪਤਾ ਲੱਗਾ ਕਿ

ਇਹ ਗੁਰੂ ਹਰੀ ਸਿੰਘ ਜੀ ਦੇ ਮਹਿਲ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਾਤਾ ਜੀ ਹਨ ਤਾਂ ਉਹ ਬਹੁਤ ਪ੍ਰਭਾਵਿਤ ਹੋਏ ਕਿ ਇਤਨੇ ਵੱਡੇ ਥਾਂ ਤੇ ਹੁੰਦਿਆਂ ਹੱਥੀਂ ਸੇਵਾ ਕਰ ਰਹੇ ਹਨ। ਸਵੇਰੇ ਆਸਾ ਦੀ ਵਾਰ ਵਿੱਚ, ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਬਾਅਦ, ਸਰਦਾਰ ਜੀ ਉਹਨਾਂ ਦੀ ਅਲੌਕਿਕ ਪ੍ਰਤਿਭਾ ਦੇ ਕਾਇਲ ਹੋ ਗਏ।[1]

ਸ੍ਰ. ਬੂਟਾ ਸਿੰਘ ਦੇ ਪਹਿਲੇ ਵਿਆਹ ਵਿੱਚੋਂ ਹਰਨਾਮ ਸਿੰਘ ਤੇ ਜੈ ਦੇਵ ਸਿੰਘ ਦੋ ਪੁੱਤਰ ਸਨ ਅਤੇ ਦੂਜੇ ਵਿੱਚੋਂ ਹਰਦਿਆਲ ਸਿੰਘ ਅਤੇ ਆਤਮਾ ਸਿੰਘ ਸਨ। ਹਰਦਿਆਲ ਸਿੰਘ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ। ਬੂਟਾ ਸਿੰਘ ਉਸ ਦੀ ਸਿਹਤਯਾਬੀ ਪ੍ਰਤੀ ਬਹੁਤ ਫ਼ਿਕਰਮੰਦ ਰਹਿੰਦੇ। ਡਾਕਟਰ, ਵੈਦ, ਹਕੀਮ, ਸਾਧੂ, ਸੰਤ, ਵੇਲੇ ਦੇ ਰਿਵਾਜ ਮੁਤਾਬਿਕ, ਅਨੇਕ ਥਾਂਵਾ ਤੋਂ ਉਹ ਨਿਰਾਸ਼ ਹੀ ਮੁੜੇ ਸਨ। ਬੂਟਾ ਸਿੰਘ ਦੇ ਘਰ ਹਰ ਭੇਖ ਦੇ ਸਾਧੂ ਸੰਤਾਂ ਦਾ ਉਤਾਰਾ ਹੁੰਦਾ ਰਹਿੰਦਾ। ਇਕ ਵੇਰ ਇੱਕ ਨਾਮਧਾਰੀ ਸੰਤ, ਲਾਲ ਸਿੰਘ ਜੀ ਮੁਬਾਰਕਪੁਰ, ਲਾਹੌਰੋਂ ਪਰ੍ਹੇ ਸ਼ਾਹਦਰੇ ਤੋਂ ਨਾਰੋਵਾਲ ਨੂੰ ਜਾਂਦਿਆਂ ਤੀਜਾ ਰੇਲਵੇ ਸਟੇਸ਼ਨ ਸੀ, ਦੇ ਰਹਿਣ ਵਾਲੇ, ਵਿਦਵਾਨ ਅਤੇ ਵੈਦ ਵੀ ਸਨ, ਬੂਟਾ ਸਿੰਘ ਪਾਸ ਜਾ ਰਹੇ। ਸ੍ਰ. ਜੀ ਨੇ ਹਰਦਿਆਲ ਸਿੰਘ ਦੀ ਬੀਮਾਰੀ ਬਾਰੇ ਗੱਲ ਕੀਤੀ। ਸੰਤ ਜੀ ਨੇ ਕਿਹਾ ਪਹਿਲਾਂ ਆਪਣੇ ਲੜਕੇ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਵਿੱਚ ਲਿਆਉ, ਫਿਰ ਸਤਿਗੁਰੂ ਠੀਕ ਵੀ ਕਰਨਗੇ। ਸੰਤ ਜੀ ਨੇ ਲੜਕੇ ਦੇ ਕੰਨ ਵਿੱਚ 'ਨਾਮ' ਦੇ ਦਿੱਤਾ। ਫਿਰ ਇਲਾਜ ਅਰੰਭਿਆ ਤੇ ਉਹ ਨੌਂ-ਬਰ-ਨੌਂ ਹੋ ਗਿਆ। ਹੁਣ ਜਦੋਂ ਹਰਦਿਆਲ ਸਿੰਘ ਦੇ ਵਿਆਹ ਦੀ ਗੱਲ ਚੱਲੀ ਤਾਂ ਸੰਤ ਲਾਲ ਸਿੰਘ ਦੀ ਰਜ਼ਾ ਨਾਲ 'ਖਾਲਸਾ ਧਰਮ ਸ਼ਾਸਤਰ' ਪੁਸਤਕ ਦੇ ਲੇਖਕ, ਭਾਈ ਅਵਤਾਰ ਸਿੰਘ ਦੇ ਪੁੱਤਰ ਖੁਸ਼ਹਾਲ ਸਿੰਘ ਦੀ ਪੁੱਤਰੀ ਨਾਲ, ਉਸਦਾ ਅਨੰਦ ਕਾਰਜ, ਸੰਤ ਲਾਲ ਸਿੰਘ ਜੀ ਨੇ ਵੇਲੇ ਦੇ ਉੱਘੇ ਨਾਮਧਾਰੀ ਸਾਧੂਆਂ, ਸੰਤ ਭਗਤ ਸਿੰਘ ਦਾਤੇਵਾਲ, ਸੰਤ ਟਹਿਲ ਸਿੰਘ ਸੱਦੋਵਾਲ, ਸੰਤ ਮੰਗਲ ਸਿੰਘ ਫਤੂਹੀ ਚੱਕ ਆਦਿ ਨੂੰ ਨਾਲ ਲਿਜਾ ਕੇ, ਨਾਮਧਾਰੀ ਮਰਿਆਦਾ ਅਨੁਸਾਰ ਕਰਵਾਇਆ ਸੀ। ਇਹਨਾਂ ਸੰਤ ਲਾਲ ਸਿੰਘ ਮੁਬਾਰਕਪੁਰ ਦੁਆਰਾ ਹੀ ਭਜਨ ਦੀ ਦਾਤ ਰਾਇ ਬਹਾਦਰ ਬੂਟਾ ਸਿੰਘ ਹੋਰਾਂ ਦੇ ਸਭ ਤੋਂ ਛੋਟੇ ਪੁੱਤਰ, ਸ੍ਰ. ਆਤਮਾ ਸਿੰਘ ਨੂੰ ਮਿਲੀ ਸੀ। ਪਰ ਇੱਕ ਝੋਰਾ ਸ੍ਰ. ਆਤਮਾ ਸਿੰਘ ਨੂੰ ਉਮਰ ਭਰ ਰਿਹਾ। ਉਹ ਕਿਹਾ ਕਰਦੇ ਸਨ ਕਿ ਭਜਨ ਸੰਤਾਂ ਨੇ ਆਪ ਕਿਰਪਾ ਕੀਤੀ ਤੇ ਮੈਨੂੰ ਢੰਗ ਲਿਆ ਸੀ, "ਜੇ ਮੈਂ ਸ਼ਰਧਾ ਨਾਲ ਭਜਨ ਪੁੱਛਦਾ ਤਾਂ ਇਸ ਤੋਂ ਹੋਰ ਭੀ ਉੱਚੀ ਮਸਤੀ ਦੀ ਦਾਤ ਪਰਾਪਤ ਹੁੰਦੀ।[2] ਇਹ ਸਾਖੀ ਇਸ ਤਰ੍ਹਾਂ ਘਟੀ ਸੀ। "ਇਕ ਦਿਨ ਸੰਤ ਲਾਲ ਸਿੰਘ ਜੀ

ਕਾਰਖਾਨੇ ਵਿੱਚ ਗੁਰ ਮਾਰਗ ਦੀ ਵਾਰਤਾਲਾਪ ਕਰ ਰਹੇ ਸੀ। ਸਕੂਲੋਂ ਆ ਸ੍ਰ. ਆਤਮਾ ਸਿੰਘ ਜੀ ਕੋਲ ਸੁਣਨ ਖਲੋ ਗਏ। ਸੰਤ ਜੀ ਕਿਹਾ, ਇਕ ਦਿਨ ਦਸਮ ਗੁਰੂ ਜੀ ਕਿਹਾ ਸੀ, ਕੋਈ ਸਿੱਖ ਐਸਾ ਹੈ ਜੋ ਆਦਿ (ਸ੍ਰੀ ਗੁਰੂ) ਗਰੰਥ ਸਾਹਿਬ ਦਾ ਸਾਰ, ਸਾਨੂੰ ਘੋੜੇ ਤੇ ਚੜ੍ਹਦਿਆਂ ਚੜ੍ਹਦਿਆਂ ਹੀ ਦੱਸ ਦੇਵੇ। ਇਕ ਸਿੱਖ ਹੱਥ ਜੋੜ ਕਿਹਾ, ਦਾਸ ਆਪ ਦੀ ਦਯਾ ਨਾਲ ਦੱਸ ਸਕਦਾ ਹੈ, ਜੇ ਆਪ ਹੁਕਮ ਕਰੋ। ਤਾਂ ਦਸਮ ਜੀ ਕਿਹਾ-ਦੱਸ ਦੇ ਭਾਈ ਸਿੱਖਾ' ਤਾਂ ਸਿੱਖ ਨੇ ਦਸਮ ਜੀ ਦੇ ਕੰਨ ਵਿੱਚ ਜਾਇ (ਕਹਿੰਦਿਆਂ) ਸੰਤ ਜੀ ਨੇ ਸ੍ਰ. ਆਤਮਾ ਸਿੰਘ ਦੇ ਕੰਨ ਵਿੱਚ ਚੌਅੱਖਰਾ ਭਜਨ ਦੱਸ ਦਿੱਤਾ ਤੇ ਮੁਖੋਂ ਕਿਹਾ ਸਿੱਖ ਨੇ ਇਹ ਅਰਜ਼ ਕੀਤਾ ਸੀ। ਸੰਤ ਜੀ ਨੇ ਕੋਈ ਰਹਿਤ ਨਾ ਦੱਸੀ। ਪਰ ਸਰਦਾਰ ਜੀ ਨੂੰ ਭਜਨ ਆਪੇ ਫੁਰੇ। ਰੰਗ, ਸਵਾਦ ਤੇ ਸੁਭਾਅ ਹੋਰ ਹੁੰਦਾ ਜਾਵੇ। ਸੰਤ ਜੀ ਕਿਹਾ-ਸਰਦਾਰ ਜੀ ਬਾਣੀ ਤੇ ਪੜ੍ਹਦੇ ਹੋ, ਜ਼ਰਾ ਇਸ ਦਾ ਸਵਾਦ ਭੀ ਚੱਖਣਾ। ਇਹ ਗੁਰਬਾਣੀ ਦਾ ਤੱਤ ਹੈ, ਸਾਰ ਹੈ।...

"ਸੰਤਾਂ ਦੀ ਸੰਗਤ ਦਾ ਐਸਾ ਅਸਰ ਹੋਇਆ, ਮਾਸ ਬਿਨਾਂ ਰੋਟੀ ਨਾ ਖਾਣ ਵਾਲੇ, ਸ੍ਰ. ਆਤਮਾ ਸਿੰਘ ਨੇ ਲਾਹੌਰ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਅਨੰਦ ਸਮੇਂ ਆ, ਸਤਿਗੁਰੂ ਪਰਤਾਪ ਸਿੰਘ ਜੀ ਦਾ ਦਰਸ਼ਨ ਕਰ, ਕੀਰਤਨ ਸੁਣ, ਇਕ ਸਾਧ ਸਦਾ ਕੋਲ ਰਹਿਣ ਤੇ (ਉਸਦੀ) ਸੰਗਤ ਦੀ ਮੰਗ ਕੀਤੀ। ਸਤਿਗੁਰੂ ਜੀ ਨੇ ਸੰਤ ਮਤਾਬ ਸਿੰਘ ਜੀ ਰਾਮਪੁਰ, ਜ਼ਿਲ੍ਹਾ ਗੁਜਰਾਂਵਾਲੇ ਦੇ ਰਾਮਗੜ੍ਹੀਏ, ਕਿੰਗ ਨਾਲ ਸ਼ਬਦ ਪੜ੍ਹਨ ਵਾਲੇ, ਬੜੇ ਸੰਜਮੀ ਤੇ ਜੁਗਤੀ ਵਾਲੇ ਸਾਧੂ ਦਿੱਤੇ। ਬੱਸ ਫੇਰ ਤੇ ਸਰਦਾਰ ਤੋਂ ਸਭ ਅਨਰਥ ਛੁੱਟ ਗਏ। ਤੇ ਸਾਧ ਸੰਗਤ ਦੀ ਲੁੱਟ ਪੈ ਗਈ। ਸਰਦਾਰ ਜੀ ਦੀ ਨਾਮ ਤੇ ਪ੍ਰਤੀਤ ਵਧੀ।"[3] ਇਸ ਲਾਹੌਰ ਹੋਏ ਮਹਾਰਾਜ ਜੀ ਦੇ ਅਨੰਦ ਕਾਰਜ ਸਮੇਂ ਸ੍ਰ. ਆਤਮਾ ਸਿੰਘ ਨੇ ਰਾਵਲਪਿੰਡੀ ਦੀਆਂ ਮਸ਼ਹੂਰ ਤਿੱਲੇ ਜ਼ਰੀ ਵਾਲੀਆਂ ਜੁੱਤੀਆਂ ਦੇ ਤਿੰਨ ਜੋੜੇ ਉਚੇਚੇ ਬਣਵਾ ਕੇ ਸਤਿਗੁਰੂ ਜੀ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ, ਤਿੰਨਾਂ ਭਾਈਆਂ ਨੂੰ ਅਰਜ਼ ਕਰ ਪਹਿਨਾਏ ਸੀ। ਇਹ ਅਨੰਦ ਕਾਰਜ ਲਾਹੌਰ ਵਿੱਚ ਅੱਸੂ ਦੀ ਪੂਰਨਮਾਸੀ ਬਿਕਰਮੀ 1978 ਮੁਤਾਬਿਕ 1921 ਈ. ਵਿੱਚ ਹੋਇਆ ਸੀ। ਸਰਦਾਰ ਜੀ ਦੇ ਇਹ ਦੱਸਣ ਤੇ ਕਿ ਉਹਨਾਂ ਨੇ ਭਜਨ ਸੰਤ ਲਾਲ ਸਿੰਘ ਹੋਰਾਂ ਤੋਂ ਲਿਆ ਹੈ, ਫਿਰ ਸਤਿਗੁਰੂ ਜੀ ਨੇ ਇਹ ਜੋੜਾ ਪਰਵਾਨ ਕੀਤਾ। ਕੁਝ ਲਿਖਤਾਂ ਵਿੱਚ ਇਹ ਵੀ ਜ਼ਿਕਰ ਹੈ ਕਿ ਸਤਿਗੁਰੂ ਜੀ ਨੇ ਇਸ ਸਮੇਂ ਸੰਤ ਭਗਤ ਸਿੰਘ ਦਾਤੇ ਵਾਲਿਆਂ ਤੋਂ ਭਜਨ ਦੁਆ ਦਿੱਤਾ ਸੀ। ਇਸ ਅਨੰਦ ਕਾਰਜ ਦੇ ਸਮਾਗਮ ਸਮੇਂ ਹੀ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ

ਦਰਸ਼ਨ ਅਤੇ ਬਚਨ ਬਿਲਾਸਾਂ ਦਾ ਵੀ ਸਰਦਾਰ ਆਤਮਾ ਸਿੰਘ ਤੇ ਇਕ ਵੱਖਰਾ ਰੰਗ ਚੜ੍ਹਿਆ ਤੇ ਉਸ ਆਪਣੀ ਤਕਦੀਰ ਮੁਕੰਮਲ ਤੌਰ ਤੇ ਨਾਮਧਾਰੀ ਸਿੱਖ ਪੰਥ ਨਾਲ ਜੋੜਨ ਦਾ ਫੈਸਲਾ ਕਰ ਲਿਆ। ਉਹ ਹੁਣ ਪੂਰਨ ਅਹਿੰਸਕ ਹੋ ਗਏ। ਸ਼ਰਾਬ ਤਾਂ ਪਹਿਲਾਂ ਵੀ ਨਹੀਂ ਸਨ ਵਰਤਦੇ, ਸਤਿਗੁਰੂ ਜੀ ਦਾ ਹੁਕਮ ਪਾ ਕੇ ਚਾਹ ਵੀ ਛੱਡ ਦਿੱਤੀ।[4]

ਸ੍ਰ. ਆਤਮਾ ਸਿੰਘ ਦਾ ਜਨਮ, ਰਾਇ ਬਹਾਦਰ ਸ੍ਰ. ਬੂਟਾ ਸਿੰਘ ਦੇ ਘਰ, 22 ਅਗਸਤ 1901 ਨੂੰ ਰਾਵਲਪਿੰਡੀ ਵਿਖੇ ਹੋਇਆ ਸੀ। ਰਾਇ ਬਹਾਦਰ ਰਾਵਲਪਿੰਡੀ ਦੇ ਕੁਝ ਕੁ ਧਨਾਢ ਵਿਅਕਤੀਆਂ ਵਿੱਚੋਂ ਸਨ। ਪਦਾਰਥਕ ਧਨ ਦੌਲਤ ਦੀ ਅਮੀਰੀ ਤੋਂ ਬਿਨਾਂ ਸ਼ਾਹ ਦਿਲ ਵੀ ਸਨ। ਸਾਧੂ, ਸੰਤਾਂ, ਯਤੀਮਾਂ ਅਨਾਥਾਂ, ਵਿਧਵਾਵਾਂ, ਬੇਸਹਾਰਿਆਂ ਤੇ ਹੋਰ ਲੋੜਵੰਦਾਂ ਲਈ ਆਪ ਦੇ ਬੂਹੇ ਸਦਾ ਖੁੱਲ੍ਹੇ ਰਹਿੰਦੇ। ਕੋਈ ਨਾ ਕੋਈ ਸਾਧੂ ਸੰਤ ਕਥਾ ਵਾਰਤਾ ਲਈ ਆ ਟਿਕਦਾ। ਇਕ ਜਾਂਦਾ ਤਾਂ ਚਾਰ ਆਉਂਦੇ। ਇਹਨਾਂ ਦਾ ਦਿਹਾਂਤ 15 ਅਗਸਤ 1920 ਨੂੰ ਹੋਇਆ ਸੀ। ਪਰ ਆਪ ਦੇ ਜਾਣ ਤੋਂ ਵਰ੍ਹਿਆਂ ਬਾਅਦ ਵੀ ਆਪ ਦੀ ਸਖਾਵਤ ਦੇ ਕਿੱਸੇ ਰਾਵਲਪਿੰਡੀ ਅਤੇ ਉੱਥੋਂ ਦੇ ਵਸਨੀਕਾਂ ਵਿੱਚ ਗੂੰਜਦੇ ਸਨ। ਇਹ ਆਹਲੂਵਾਲੀਆਂ ਦਾ ਖਾਨਦਾਨ ਸੀ। ਇਸ ਦੇ ਚਸ਼ਮਿ-ਚਿਰਾਗ, ਛੋਟੇ ਪੁੱਤਰ ਆਤਮਾ ਸਿੰਘ ਵਿੱਚ ਪਿਤਾ ਪੁਰਖੀ ਸਦ ਗੁਣਾਂ ਦਾ ਭੰਡਾਰ ਤਾਂ ਪਹਿਲਾਂ ਤੋਂ ਹੀ ਸੀ, ਹੁਣ ਸਤਿਗੁਰੂ ਪਰਤਾਪ ਸਿੰਘ ਜੀ ਦੀ ਮਿਹਰ ਨਜ਼ਰ ਨਾਲ ਉਹ ਆਤਮਿਕ ਮੰਜ਼ਿਲ ਦੇ ਪਾਂਧੀਆਂ ਨਾਲ ਛੋਹਲੇ ਪੈਰੀਂ ਚੱਲਦਾ ਨਜ਼ਰ ਆ ਰਿਹਾ ਸੀ। ਰਾਵਲਪਿੰਡੀ ਦੇ ਗੌਰਮਿੰਟ ਹਾਈ ਸਕੂਲ ਵਿੱਚ ਪੜ੍ਹਦਿਆਂ ਖੇਡਾਂ ਵਿੱਚ ਪੂਰੀ ਰੁਚੀ ਲੈਂਦਾ ਸੀ। ਰੱਸਾ-ਕਸੀ, ਫੁੱਟਬਾਲ, ਹਾਕੀ ਤੇ ਕ੍ਰਿਕਟ ਖੇਡਣ ਵਿੱਚ ਮਾਹਿਰ ਹੋਣ ਦੇ ਨਾਲ, ਪਹਿਲਵਾਨੀ ਲਈ ਅਖਾੜਿਆਂ ਵਿੱਚ ਵੀ ਗੇੜਾ ਮਾਰਦਾ। ਇਹਨਾਂ ਦੁਆਰਾ ਬਣਾਈ ਬੂਟਾ ਸਿੰਘ ਅਲੈਵਨ" ਟੀਮ ਨੇ ਹਾਕੀ ਦੇ ਕਈ ਵਕਾਰੀ ਮੁਕਾਬਲੇ ਜਿੱਤੇ ਸਨ।[5]

ਸ੍ਰ. ਆਤਮਾ ਸਿੰਘ ਦੀ ਸ਼ਾਦੀ ਅਕਤੂਬਰ 1919 ਵਿੱਚ ਰਾਵਲਪਿੰਡੀ ਵਿਖੇ ਹੀ ਰਹਿੰਦੇ ਭਗਤ ਸਾਂਈ ਦਾਸ ਦੀ ਸੁਸ਼ੀਲ ਸਪੁੱਤਰੀ, ਬੀਬੀ ਲੀਲਾਵੰਤੀ ਨਾਲ ਹੋਈ। ਸਾਂਈ ਦਾਸ, ਸ੍ਰੀ ਗੁਰੂ ਬਾਲਕ ਸਿੰਘ ਜੀ ਤੋਂ ਵਰੋਸਾਏ ਸਾਂਈ ਜਵਾਹਰ ਮੱਲ ਦੇ ਪੁੱਤਰ ਭਗਤ ਰਾਮ ਚੰਦ ਜੀ ਦੇ ਬੇਟੇ ਸਨ। ਬੀਬੀ ਲੀਲਾਵੰਤੀ ਦਾ ਜਨਮ ਮੁਹੱਲੇ ਸੈਦਪੁਰੀ ਦਰਵਾਜ਼ੇ, ਰਾਵਲਪਿੰਡੀ ਵਿਖੇ 13 ਫਰਵਰੀ 1904 ਨੂੰ ਮਾਤਾ ਦੈਆਵੰਤੀ ਦੇ ਉਦਰ ਤੋਂ ਹੋਇਆ। ਗੁਰੂ ਬਾਲਕ ਸਿੰਘ ਜੀ ਦੇ ਆਦੇਸ਼ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਸਾਂਈ ਜਵਾਹਰ ਮੱਲ ਜੀ ਦੇ ਦਰਸਨ ਪਰਸਨ ਕਰਨ, ਤਿੰਨ ਵੇਰ ਰਾਵਲਪਿੰਡੀ ਗਏ ਸਨ।[6]

1921 ਈ. ਵਿੱਚ ਨਾਮਧਾਰੀ ਸੰਗਤ ਦਾ ਹੋਲਾ ਮਹੱਲਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਮੁਕਤਸਰ ਵਿਖੇ ਮਨਾਇਆ ਗਿਆ। ਸਰਦਾਰ ਜੀ ਅਤੇ ਬੀਬੀ ਲੀਲਾਵੰਤੀ ਇਸ ਹੋਲੇ ਮਹੱਲੇ ਤੇ ਪੁੱਜੇ। ਇਸ ਹੋਲੇ ਤੇ ਬੀਬੀ ਨੇ ਮਾਤਾ ਭੁਪਿੰਦਰ ਕੌਰ ਅਤੇ ਬਾਲ ਸਾਹਿਬਜ਼ਾਦੇ, ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ) ਦੇ ਦਰਸ਼ਨ ਕੀਤੇ। ਬੀਬੀ ਆਪਣੇ ਸ੍ਵੈ ਕਥਨ ਵਿੱਚ ਲਿਖਦੀ ਹੈ ਕਿ ਉਹ ਇਸਾਈਆਂ ਦੇ ਸਕੂਲ ਵਿੱਚ ਪੜ੍ਹਦੀ ਸੀ। ਉੱਥੇ ਉਸਨੇ ਮਰੀਅਮ ਅਤੇ ਬਾਲ ਈਸਾ ਮਸੀਹ ਦੀ ਫੋਟੋ ਵੇਖੀ, ਪਰ ਉਹ ਸੋਚਦੀ ਸੀ ਕਿ ਇਹ ਕਲਪਿਤ ਤਸਵੀਰ ਹੀ ਹੈ ਕੋਈ ਮਾਂ ਬੱਚਾ ਇਤਨੇ ਸੁੰਦਰ ਥੋਹੜੇ ਹੋ ਸਕਦੇ ਹਨ। ਪਰ ਮੁਕਤਸਰ ਵਿਖੇ ਮਾਤਾ ਜੀ ਦੀ ਗੋਦੀ ਵਿੱਚ ਬੇਅੰਤ ਜੀ ਨੂੰ ਵੇਖ ਕੇ, ਉਹ ਮੰਤਰ ਮੁਗਧ ਹੋ ਗਈ ਕਿ ਮਾਨੋ ਮਰੀਅਮ ਤੇ ਈਸਾ ਦੀ ਉਹੋ ਮੂਰਤ ਸਾਕਾਰ ਹੋ ਗਈ ਹੋਵੇ। ਪ੍ਰਸਿੱਧ ਨਾਮਧਾਰੀ ਮਸਤਾਨੇ ਸੰਤ ਮਿਲਖਾ ਸਿੰਘ ਢੇ (ਸਿਆਲਕੋਟ) ਵਾਲੇ ਤੋਂ ਇਸੇ ਹੋਲੇ ਸਮੇਂ ਬੀਬੀ ਨੂੰ ਨਾਮ ਦੀ ਦਾਤ ਵੀ ਮਿਲ ਗਈ। ਹੋਲੇ ਦੇ ਭੋਗ ਤੇ ਜਦੋਂ ਅਗਲੇ ਸਾਲ ਸਤਿਗੁਰੂ ਜੀ ਪਾਸੋਂ ਹੋਲਾ ਮੰਗਣ ਵਾਲਿਆਂ ਦੀਆਂ ਅਰਜ਼ਾਂ ਆਈਆਂ ਤਾਂ ਸ੍ਰ. ਆਤਮਾ ਸਿੰਘ ਨੇ ਵੀ ਬੇਨਤੀ ਕੀਤੀ ਕਿ ਹੋਲਾ ਬਖਸ਼ੋ। ਅਰਜ਼ ਪਰਵਾਨ ਹੋਈ। ਸਤਿਗੁਰੂ ਜੀ ਨੇ ਉਸੇ ਵੈਸਾਖ ਦੇ ਅਖੀਰ, ਇਕ ਵੱਡਾ ਦੀਵਾਨ ਰਾਵਲਪਿੰਡੀ ਰੱਖ ਦਿੱਤਾ ਤਾਂ ਜੁ ਹੋਲੇ ਤੋਂ ਪਹਿਲਾਂ ਹੀ ਤਿਆਰੀ ਅਰੰਭੀ ਜਾਏ।

"ਝੱਟ ਹੀ ਵਕਤ ਬੀਤ ਗਿਆ। ਰਾਵਲਪਿੰਡੀ ਨੂੰ ਭਾਗ ਲੱਗਣੇ ਸ਼ੁਰੂ ਹੋ ਗਏ। ਅੱਜ ਸ੍ਰੀ ਬੇਲਾ ਸਿੰਘ ਜੀ ਦਾ ਜੱਥਾ ਆ ਰਿਹਾ ਹੈ। ਕੱਲ੍ਹ ਸੰਤ ਬੰਤਾ ਸਿੰਘ ਜੀ ਇਲਾਹੀ ਕੀਰਤਨ ਕਰਦੇ ਆ ਰਹੇ ਹਨ। ਸੰਤ ਲਾਲ ਜੀ ਰਾਗੀ, ਸੰਤ ਲਾਲ ਸਿੰਘ ਜੀ ਭੂਰੇ ਗਿੱਲੀਏ, ਚਵਿੰਡੇ ਵਾਲੇ ਸੰਤ ਕੇਸਰ ਸਿੰਘ ਜੀ, ਸੰਤ ਚੁੱਪ ਕੇਸਰ ਸਿੰਘ ਜੀ, ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ, ਸੰਤ ਮਿਲਖਾ ਸਿੰਘ ਜੀ ਮਸਤਾਨੇ, ਸੰਤ ਲਾਲ ਸਿੰਘ ਮੁਬਾਰਕਪੁਰੀਏ। ਕਿਸ ਕਿਸ ਦਾ ਜੱਸ ਵਰਣਨ ਕਰਾਂ. ਪੂਜ ਮਾਤਾ ਜੀਵਨ ਕੌਰ ਤੇ ਫਤਹਿ ਕੌਰ ਜੀ ਪੁੱਜੇ ਦੀਵਾਨ ਤੋਂ ਇਕ ਦਿਨ ਪਹਿਲਾਂ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਣ ਰਾਵਲਪਿੰਡੀ ਨੂੰ ਭਾਗ ਲਾਏ। ਮੇਰੀਆਂ ਅੱਖੀਆਂ ਨੂੰ ਠਾਰਨ ਲਈ ਸ੍ਰੀ ਮਾਤਾ ਭੁਪਿੰਦਰ ਕੌਰ ਜੀ ਚਮਕਦੇ ਹੀਰੇ ਨੂੰ ਗੋਦੀ ਲੈ ਪੁੱਜੇ। ਪੂਜਯ ਅੰਬੋ ਜੀ ( ਗੁਰੂਸਰ ਵਾਲੇ-ਬੇਅੰਤ ਜੀ ਦੇ ਨਾਨੀ ਜੀ) ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ, ਵੱਡੀ ਭੈਣ ਜੀ ਈਸ਼ਰ ਕੌਰ (ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਪੁੱਤਰੀ), ਸ੍ਰੀ ਬੇਬੇ ਸਤਵੰਤ ਕੌਰ ਜੀ (ਧਰਮ ਪਤਨੀ ਮਹਾਰਾਜ ਨਿਹਾਲ ਸਿੰਘ), ਸ੍ਰੀ ਬੇਬੇ ਕਰਤਾਰ ਕੌਰ ਜੀ

(ਧਰਮ ਪਤਨੀ ਮਹਾਰਾਜ ਗੁਰਦਿਆਲ ਸਿੰਘ), ਭਾਬੋ ਜੀ (ਮਹਾਰਾਜ ਨਿਹਾਲ ਸਿੰਘ ਗੁਰਦਿਆਲ ਸਿੰਘ ਹੋਰਾਂ ਦੀ ਸੱਸ), ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ, ਅਰਸ਼ੀ ਫਰਿਸ਼ਤਾ ਸੰਤ ਮੰਗਲ ਸਿੰਘ ਜੀ ਤੇ ਹੋਰ ਅਨੇਕਾਂ ਨਾਮਧਾਰੀ ਪੰਥ ਦੇ ਹੀਰੇ ਪੁੱਜੇ।

ਤਿੰਨ ਦਿਨ ਅਰਸ਼ੀ ਨਜ਼ਾਰੇ ਰਾਵਲਪਿੰਡੀ ਦੇ ਲੋਕ ਤੱਕਦੇ ਰਹੇ। ਕਈਆਂ ਨੇ ਭਜਨ ਪੁੱਛ ਕੇ ਜਨਮ ਸਫਲ ਕੀਤੇ। ਸ੍ਰੀ ਸੰਤ ਚੁੱਪ ਕੇਸਰ ਸਿੰਘ ਜੀ ਕਾਫੀ ਦੇਰ ਸਾਡੇ ਪਾਸ ਰਹੇ। ਸ੍ਰੀ ਸੰਤ ਚਵਿੰਡੇ ਵਾਲਿਆਂ ਦਾ ਸਰਦਾਰ ਜੀ ਉੱਤੇ ਖਾਸ ਅਸਰ ਸੀ। ਕਈ ਵਾਰ ਉਚੇਚੇ ਅਸੀਂ ਦੋਨੋਂ ਗੁਜਰਾਂਵਾਲੇ ਸੰਤਾਂ ਦੇ ਚਰਨ ਪਰਸਨ ਗਏ।"[7]

ਨਾਮਧਾਰੀ ਪੰਥ ਦਾ 1922 ਈ. ਦਾ ਹੋਲਾ ਮਹੱਲਾ ਰਾਵਲਪਿੰਡੀ ਵਿੱਚ ਬੜੀ ਸ਼ਾਨ ਨਾਲ ਹੋਇਆ। ਸੰਤ ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਪੰਡਿਤ ਬਸੰਤ ਸਿੰਘ ਗੜ੍ਹ ਪਧਾਣਾ, ਜੱਥੇਦਾਰ ਮਿਹਰ ਸਿੰਘ ਸਿਆਹੜ ਆਦਿ ਨੇ ਦੇਸ਼ ਵਿੱਚ ਅੰਗਰੇਜ਼ਾਂ ਦੁਆਰਾ ਸੰਪ੍ਰਦਾਇਕ ਸ਼ਕਤੀਆਂ ਨੂੰ ਹੱਲਾ ਸ਼ੇਰੀ ਦੇ ਕੇ, ਕੌਮੀ ਅੰਦੋਲਨ ਕਮਜ਼ੋਰ ਕਰਨ ਦੀ ਨੀਤੀ ਦਾ ਵਿਰੋਧ ਕਰਦਿਆਂ, ਸਵਦੇਸ਼ੀ ਦਾ ਪਰਚਾਰ ਕੀਤਾ। ਸੰਤ ਭਗਤ ਸਿੰਘ ਦਾਤੇਵਾਲੀਏ ਤਾਂ ਇਕ ਸ਼ਾਮ ਦੇ ਦੀਵਾਨ ਵਿੱਚ ਜਦੋਂ ਅੰਗਰੇਜ਼ ਡਿਪਟੀ ਕਮਿਸ਼ਨਰ, ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਇਆ-ਇਹ ਤੁਕ ਵਜਦ ਵਿੱਚ ਆ ਕੇ ਪੜ੍ਹਨੀ ਸ਼ੁਰੂ ਕੀਤੀ-

'ਭੱਜੇ ਜਾਣ ਫਰੰਗੀ ਵੱਜੇ ਘੁੰਗਰੂ'

ਸੰਤ ਕੇਸਰ ਸਿੰਘ ਚਵਿੰਡਾ ਨੇ ਇਸੇ ਹੋਲੇ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਕਿਹਾ ਸੀ-"ਸਤਿਗੁਰੂ ਰਾਮ ਸਿੰਘ ਦਾ ਬਖਸ਼ਸ਼ ਦਾ ਦਰ ਬੰਦ ਨਾ ਕਰਨਾ।" ਮਿਲਖਾ ਸਿੰਘ ਅਤੇ ਹੋਰ ਬਹੁਤ ਸਾਰੇ ਮਸਤਾਨਿਆਂ ਨੇ ਵੀ ਆਪਣੀ ਮਸਤੀ ਨਾਲ ਮੇਲੇ ਵਿੱਚ ਰੰਗ ਭਰਿਆ। ਸ੍ਰ. ਜੀ ਨੇ ਇਸ ਹੋਲੇ ਤੇ ਸੁਆਰੀਆਂ ਨੂੰ ਲਿਆਉਣ ਤੇ ਫਿਰ ਵਾਪਸ ਪੁਚਾਉਣ ਲਈ ਲਾਹੌਰ ਤੋਂ ਇਕ ਸਪੈਸ਼ਲ ਟਰੇਨ ਦਾ ਪ੍ਰਬੰਧ ਕੀਤਾ ਸੀ। ਇਉਂ ਰਾਵਲਪਿੰਡੀ ਦਾ ਇਹ ਹੋਲਾ ਜੋ ਦੂਲੇ ਸਰਦਾਰ ਨੇ ਕਰਵਾਇਆ, ਨਿਵੇਕਲੀਆਂ ਪੈੜਾਂ ਸਿਰਜ ਗਿਆ ਸੀ। ਇਸ ਵਿੱਚ ਕੂਕਿਆਂ ਦੀ ਰਾਜ ਭਗਤੀ ਦੇ ਮੁਕਾਬਲੇ ਲੋਕ-ਭਗਤੀ ਦੀ ਮਸਤੀ ਦੀ ਸਿਖਰ ਵੀ ਵੇਖਣ ਨੂੰ ਮਿਲੀ। ਸਤਿਗੁਰੂ ਜੀ ਦੇ ਦੋਵੇਂ ਭਰਾਤੇ ਅਤੇ ਬਹੁਤ ਸਾਰੇ ਨਾਮਧਾਰੀ ਸਿੱਖ, ਕੌਮੀ ਅੰਦੋਲਨ ਵਿੱਚ ਪੰਜਾਬ ਕਾਂਗਰਸ ਦੀ ਅਗੁਆਈ ਹੇਠ ਪੇਸ਼ ਪੇਸ਼ ਸਨ।

ਰਾਵਲਪਿੰਡੀ ਦੇ ਹੋਲੇ ਬਾਅਦ, ਮਹਾਰਾਜ ਅਸ਼ੋਕ ਦੇ ਪੁੱਤਰ ਅਤੇ ਪੁੱਤਰੀ

ਤਰ੍ਹਾਂ ਸਰਦਾਰ ਜੀ ਤੇ ਸਰਦਾਰਨੀ ਨੇ ਫਕੀਰੀ ਵੇਸ ਧਾਰਨ ਕਰ ਲਿਆ। ਦੇਸ ਪਰਦੇਸਾਂ ਵਿੱਚ ਨਾਮ ਬਾਣੀ ਦਾ ਪਰਚਾਰ ਕਰਨ ਲਈ ਘੁੰਮਣ ਲੱਗ ਪਏ। ਆਪ ਦੇ ਘਰ ਹਰ ਭੇਖ ਦੇ ਆਏ ਗਏ ਲੋੜਵੰਦ ਨੂੰ ਬਿਨਾਂ ਵਿਤਕਰਿਉਂ ਸਤਿਕਾਰ ਮਿਲਦਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਤੋਂ ਇਕ ਵੇਰ ਦੋਹਾਂ ਜੀਆਂ ਨੇ ਅਰਜ਼ ਕਰ ਕੇ, ਕੀਰਤਨ ਦੀ ਦਾਤ ਮੰਗੀ। ਇਹ ਰਾਜ ਰਿਖੀ ਕੀਰਤਨ ਕਰਦਾ ਵਜਦ ਵਿੱਚ ਆ ਕੇ, ਸੰਗਤ ਨੂੰ ਸੰਬੋਧਨ ਹੁੰਦਾ “ਇਹ ਦਾਤ ਮੈਂ ਮੰਗ ਕੇ ਲਈ ਹੈ, ਮੇਰੇ ਲਈ ਅਰਦਾਸ ਕਰੋ ਕਿ ਮੇਰਾ ਜੀਵਨ ਕੀਰਤਨ ਕਰਦਿਆਂ ਹੀ ਸਫਲ ਹੋਵੇ।”

ਸਰਦਾਰ ਜੀ ਨੇ ਹਜਾਰਾਂ ਵਿਦਿਅਕ ਅਦਾਰਿਆਂ ਅਤੇ ਖੈਰਾਇਤੀ ਜਾਂ ਹੋਰ ਹਸਪਤਾਲਾਂ ਨੂੰ ਮਾਇਆ ਦੇ ਬੜੇ ਗੱਫੇ ਦਿੱਤੇ। ਬੂਹੇ ਤੇ ਆਇਆ ਸਵਾਲੀ, ਖਾਲੀ ਨਹੀਂ ਮੋੜਿਆ। ਕਿਸੇ ਗਰੀਬ ਨੂੰ ਠਰਦਾ ਵੇਖਿਆ ਤਾਂ ਆਪਣੇ ਕੀਮਤੀ ਕੰਬਲ, ਫੜਾਉਂਦਿਆਂ ਸੰਕੋਚ ਨਹੀਂ ਕੀਤਾ। ਸਰਵ ਧਰਮ ਸਦਭਾਵ ਦੇ ਆਪ ਵੱਡੇ ਹਾਮੀ ਸਨ। ਇਸ ਲਈ ਲਾਹੌਰ ਵਿੱਚ ਹਿੰਦੂ, ਮੁਸਲਿਮ, ਸਿੱਖ, ਈਸਾਈ ਸਾਰੇ ਮਜ਼੍ਹਬਾਂ ਦੀ ਇਕ ਸਾਂਝੀ ਕਾਨਫਰੰਸ ਕਰਵਾ ਕੇ ਏਕਤਾ ਦਾ ਸੰਦੇਸ਼ ਦਿੱਤਾ। ਇਸ ਵਿੱਚ ਹਰ ਮਜ਼੍ਹਬ ਦੇ ਧੁਰੰਧਰ ਵਿਦਵਾਨਾਂ ਨੇ ਹਿੱਸਾ ਲਿਆ ਸੀ ਅਤੇ ਉਹ ਆਪੋ ਆਪਣੇ ਧਰਮ ਗ੍ਰੰਥਾਂ ਦੇ ਹਵਾਲਿਆਂ ਨਾਲ ਏਕ ਪਿਤਾ ਏਕਸ ਕੇ ਹਮ ਬਾਰਕ' ਦੇ ਨਤੀਜੇ ਤੇ ਅੱਪੜੇ। ਰੱਬ ਇਕ ਹੈ ਉਸਦੇ ਨਾਂ ਤੇ, ਮਜ਼੍ਹਬਾਂ ਦੇ ਨਾਂ ਤੇ ਵੰਡੀਆਂ ਪਾਉਣੀਆਂ ਸਾਡੀ ਨਾਸਮਝੀ ਹੈ।[8]

ਸ੍ਰੀ ਭੈਣੀ ਸਾਹਿਬ ਵਿੱਚ 1934 ਵਿੱਚ ਹੋਈ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਰਾਵਲਪਿੰਡੀ, ਗੁਜਰਾਂਵਾਲਾ, ਅੰਮ੍ਰਿਤਸਰ, ਲਾਹੌਰ ਆਦਿ ਕਈ ਸ਼ਹਿਰਾਂ ਵਿੱਚ ਇਸ ਕਾਨਫਰੰਸ ਦੇ ਸੰਦੇਸ਼ ਨੂੰ ਪਰਚਾਰਨ ਪ੍ਰਸਾਰਨ ਲਈ, ਦਰਜਨਾਂ ਕਾਨਫਰੰਸਾਂ ਹੁੰਦੀਆਂ ਰਹੀਆਂ ਸਨ। ਇਹਨਾਂ ਕਾਨਫਰੰਸਾਂ ਦੀ ਪ੍ਰਬੰਧ ਵਿਵਸਥਾ ਅਤੇ ਮੰਚ ਤੇ ਆਪਣੇ ਵਿਚਾਰ ਰੱਖਣ ਸਮੇਂ ਵੀ ਸ੍ਰ. ਆਤਮਾ ਸਿੰਘ ਹਮੇਸ਼ਾਂ ਆਗੂ ਭੂਮਿਕਾ ਵਿੱਚ ਹੁੰਦੇ ਸਨ।

ਸਰਦਾਰ ਜੀ ਦੇ ਨਖ ਸ਼ਿਖ ਦਾ ਵਰਣਨ, ਮਾ. ਨਿਹਾਲ ਸਿੰਘ ਜੀ ਦੇ ਸ਼ਬਦਾਂ ਵਿੱਚ ਇਸ ਪ੍ਰਕਾਰ ਹੈ: "ਸਰਦਾਰ ਜੀ ਦਾ ਲੰਮਾ ਕੱਦ, ਭਰਵਾਂ ਸਰੀਰ, ਮੋਟੇ ਗੋਲ ਨੇਤਰ, ਚੌੜੀ ਛਾਤੀ, ਅਨੋਖੀ ਘਾੜਤ ਦੇ ਘੜੇ ਡੌਲੇ, ਲੰਮੀਆਂ ਉਂਗਲੀਆਂ ਤੇ ਸੁੰਦਰ ਚਿਹਰਾ, ਇਹ ਪ੍ਰਗਟ ਕਰਦਾ ਸੀ ਕਿ ਉਹ ਮੂਰਤੀ ਇਕ ਅਲੌਕਿਕ ਮੂਰਤੀ ਸਨ।

“ਉਹ ਫੱਬਵੀਂ ਐਚਕਨ ਤੇ ਰੇਬ ਪਜਾਮੇ ਵਿੱਚ ਦੂਲੇ ਸਰਦਾਰ ਸਨ। ਫੌਜੀ ਸੂਟ ਵਿੱਚ ਦਰਸ਼ਨੀ ਜਰਨੈਲ ਸਨ। ਸਨਕੇਸੀਂ ਇਸ਼ਨਾਨ ਕਰ, ਧੁੱਸੇ ਦੀ ਬੁੱਕਲ ਮਾਰ, ਲੰਮੇ, ਭਾਰੇ, ਕਾਲੇ ਕੇਸਾਂ ਦੇ ਘੇਰੇ ਵਿੱਚ ਬੈਠੇ, ਬੱਬਰ ਸ਼ੇਰ ਸਨ। ਸਿੱਧੇ ਦਸਤਾਰੇ, ਗਲ ਮਾਲਾ ਤੇ ਚੋਗੇ ਵਿੱਚ ਉੱਚ ਤੇਜੱਸਵੀ ਸਾਧੂ ਸਨ। ਥੋਹੜੇ ਸ਼ਬਦਾਂ ਵਿੱਚ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਰਦਾਰ ਜੀ, ਸਪੋਰਟਸਮੈਨ ਸਨ, ਉਹ ਸਟੇਟਸਮੈਨ (ਨੀਤੀਵੇਤਾ) ਸਨ, ਉਹ ਰਿਸ਼ੀ ਸਨ, ਉਹ ਰਾਜੇ ਸਨ, ਉਹ ਸਿੱਖ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਭੌਰਿਆਂ ਵਿੱਚ ਨਾਮਧਾਰੀ ਸਨ।

ਸਰਦਾਰ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਪੂਰੀ ਮੇਹਰ ਸੀ, ਜਿਸ ਦਾ ਸਦਕਾ ਉਹਨਾਂ ਨੂੰ ਹਰ ਸਭਾ ਤੇ ਸੁਸਾਇਟੀ ਆਪਣਾ ਹੀ ਜਾਣਦੀ ਸੀ। ਮੁਸਲਮਾਨ, ਉਹਨਾਂ ਨੂੰ ਆਪਣੀ ਸੱਜੀ ਬਾਂਹ, ਤੇ ਹਿੰਦੂ ਵੀਰ ਖੱਬੀ ਬਾਂਹ ਜਾਣਦੇ ਸਨ। ਅਕਾਲੀ ਉਸਨੂੰ ਆਪਣਾ ਦਿਲ ਤੇ ਨਾਮਧਾਰੀ ਦਿਮਾਗ਼ ਸਮਝਦੇ ਸਨ। ਕਾਂਗਰਸ ਨੇ ਤਾਂ ਉਹਨਾਂ ਨੂੰ ਕੌਮੀ ਕੁਰਬਾਨੀ ਦਾ ਸੱਦਕਾ, ਆਪਣਾ ਟਿਕਟ ਦੇ ਕੇ, ਹਿੰਦ ਪਾਰਲੀਮੈਂਟ ਦਾ ਮੈਂਬਰ ਕਾਮਯਾਬ ਕਰਵਾਇਆ, ਮਗਰ ਅੰਗਰੇਜ਼ ਦੇ ਵੇਲੇ ਗਵਰਨਰ ਨੇ ਵੀ ਉਹਨਾਂ ਦੀ ਖੁਸ਼ੀ ਵਿੱਚ ਹੀ ਆਪਣੀ ਖੁਸ਼ੀ ਜਾਣੀ।”੭

ਹੁਣ ਉਹਨਾਂ ਦੇ ਘਰ ਵਿੱਚ ਜੋ ਜੀਅ ਆਵੈ ਸੋ ਰਾਜੀ ਜਾਵੇ ਦੇ ਅਨੁਸਾਰ, ਹਰ ਇਕ ਦੀ ਖਾਤਰਦਾਰੀ, ਬਿਨਾਂ ਕਿਸੇ ਵਿਤਕਰੇ ਤੋਂ ਕੀਤੀ ਜਾਂਦੀ ਸੀ।ਉਸੇ ਲੇਖ ਵਿੱਚ ਅੱਗੇ ਚੱਲ ਕੇ ਮਾਸਟਰ ਨਿਹਾਲ ਸਿੰਘ ਜੀ ਲਿਖਦੇ ਹਨ: “ਸ੍ਰ. ਜੀ ਦੇ ਗ੍ਰਹਿ ਵਿਖੇ ਕੋਈ ਹੀ ਦਿਨ ਹੋਵੇਗਾ, ਜਿਸ ਦਿਨ ਕੋਈ ਬਾਹਰੋਂ ਪਰਸ਼ਾਦ ਛਕਣ ਨਾ ਆਇਆ ਹੋਵੇ। ਨਾਮਧਾਰੀ ਤਾਂ ਆਪਣਾ ਘਰ ਹੀ ਜਾਣਦੇ ਸਨ, ਤੇ ਉਹਨਾਂ ਦੇ ਕਮਰਕੱਸੇ ਏਥੇ ਹੀ ਖੁੱਲ੍ਹਣੇ ਸਨ। ਮਗਰ ਦੂਸਰੇ ਭੇਖਾਂ ਵਾਲਿਆਂ ਦੀਆਂ ਮੰਡਲੀਆਂ ਦੀਆਂ ਮੰਡਲੀਆਂ ਵੀ ਏਥੇ ਉਤਾਰੇ ਕਰਦੀਆਂ ਸਨ। ਕੋਠੀ ਅੰਦਰ ਵੜ ਕੇ ਸੁਭਾਵਕ ਤੱਕਿਆ ਜਾਵੇ ਤਾਂ ਪਤਾ ਲੱਗਦਾ ਹੈ। ਇਹ ਕੌਣ ਹਨ ? ਭਗਵੇਂ ਹਨ ਆਹ ਕੌਣ ਹਨ ? ਤੱਪਾ ਬਨ ਦੇ ਸਾਧੂ ਹਨ। ਆਹ ਕੌਣ ਹਨ? ਭਾਈ ਚਾਂਦ ਦਾ ਜੱਥਾ ਹੈ। ਇਹ ਕਿੱਥੋਂ ਆਏ ਹਨ ? ਇਹ ਨੀਲੀਆਂ ਦਸਤਾਰਾਂ ਵਾਲੇ ਅਕਾਲੀ ਭਾਈ ਹਨ। ਇਹ ਕੁੱਲਿਆਂ ਵਾਲੇ ਕੌਣ ਹਨ ? ਇਹ ਗੋਲੜੇ ਪੀਰ ਦੇ ਚੇਲੇ ਹਨ।

“ਸਵਾਮੀ ਗਨੇਸ਼ ਦੱਤ ਜੀ ਨੂੰ ਸ੍ਰ. ਜੀ ਦੀ ਮੇਜ਼ ਤੇ ਭੋਜਨ ਛਕਦਿਆਂ ਮੈਂ ਆਪ ਵੇਖਿਆ। ਗਿਆਨੀ ਸ਼ੇਰ ਸਿੰਘ ਜਿਹਨਾਂ ਦਾ ਨਾਮਧਾਰੀਆਂ ਨਾਲ ਅਸੂਲੀ ਮੱਤਭੇਦ ਸੀ, ਕਈ ਵਾਰੀ ਉਹਨਾਂ ਦੇ ਮਹਿਮਾਨ ਸਨ। ਮਿਸਟਰ

ਮੁਹੰਮਦ ਅਲੀ ਜਿਨਾਹ (ਪਾਕਿਸਤਾਨ ਦਾ ਬਾਨੀ, ਕਾਇਦੇ-ਆਜ਼ਮ) ਅਤੇ ਦੱਖਣ ਦੇ ਸ੍ਰ. ਯਾਰ ਜੰਗ ਬਹਾਦਰ ਵੀ ਉਹਨਾਂ ਦੀ ਜ਼ਿਆਫ਼ਤ ਉਡਾਨ ਵਿੱਚ ਫ਼ਖਰ ਮਹਿਸੂਸ ਕਰਦੇ ਸਨ। ਠੀਕ ਏਸ ਘਰ ਵਿੱਚ ਦਸ ਆਏ ਚਾਰ ਗਏ ਵਾਲਾ ਹਿਸਾਬ ਸੀ। ਜਦ ਕੋਈ ਦਕਿਆਨੂਸੀ, ਸਰਦਾਰ ਜੀ ਨੂੰ ਪੁੱਛਦਾ ਤਾਂ ਉਹ ਹੱਸ ਕੇ ਉੱਤਰ ਦਿੰਦੇ'ਗੁਰੂ ਰਾਮ ਸਿੰਘ ਦਾ ਘਰ ਸਭ ਦਾ ਸਾਂਝਾ ਹੈ।[10]

ਸਤਿਗੁਰੂ ਜੀ ਦੀ ਹਜੂਰੀ ਵਿੱਚ ਹੋਣ ਵਾਲੇ ਵੱਡੇ ਵੱਡੇ ਜੋੜ ਮੇਲਿਆਂ ਵਿੱਚ, ਸ੍ਰੀ ਭੈਣੀ ਸਾਹਿਬ ਆ ਕੇ ਤੰਬੂ ਲੁਆਉਣ ਦੀ ਸੇਵਾ ਕਰਦੇ ਸਨ। ਕਿਸੇ ਵੇਲੇ ਸਿੰਘ ਥੋਹੜੇ ਹੋਣੇ ਤਾਂ ਆਪਣੇ ਭਾਰੇ ਮੋਢਿਆਂ ਤੇ ਤੰਬੂ ਤੰਬੋਟੀਆਂ ਚੁੱਕ ਚੁੱਕ ਕੇ ਪੁਚਾਉਂਦੇ। ਬਸਤਰਾਂ ਦੀ ਪਰਵਾਹ ਨਹੀਂ। ਜੇ ਕਿਸੇ ਸਰੀਰ ਨੇ ਘੱਟਾ ਮਿੱਟੀ ਵੇਖ ਕੇ ਪੁੱਛਣਾ-ਇਹ ਕੀ ਹੈ ? ਤਾਂ ਜੁਆਬ ਦੇਣਾ ਭਾਈ ਇਹ ਕੇਸਰ ਹੈ। ਐਸੇ ਸਨ ਰਾਜ-ਜੋਗੀ ਸ੍ਰ. ਆਤਮਾ ਸਿੰਘ ਜੀ ਰਾਵਲਪਿੰਡੀ ਵਾਲੇ।

1934 ਵਿੱਚ ਰਾਵਲਪਿੰਡੀ ਵਿਖੇ ਸਲਾਨਾ ਸਿੱਖ ਐਜੂਕੇਸ਼ਨਲ ਕਾਨਫਰੰਸ ਹੋਈ ਸੀ। ਇਸ ਵਿੱਚ ਕਾਨਫਰੰਸ ਪਰਧਾਨ ਦੇ ਜਲੂਸ ਲਈ ਸਰਦਾਰ ਜੀ ਨੇ ਲਾਹੌਰ ਅਤੇ ਸਿਆਲਕੋਟ ਜ਼ਿਲ੍ਹਿਆਂ ਤੋਂ ਸੂਬਾ ਲਾਭ ਸਿੰਘ ਡੱਫਰਕੇ, ਗੁਰਬਖਸ਼ ਸਿੰਘ ਉਰਫ ਗੋਧਾ ਸਿੰਘ ਜੱਟ, ਸੰਗ ਸਿੰਘ, ਜੰਗ ਸਿੰਘ ਜੀਆ ਬੱਗਾ ਆਦਿ ਗੁਣੀਜਨ ਬੁਲਾ ਕੇ, ਜਲੂਸ ਵਿੱਚ ਨਾਮਧਾਰੀ ਬਾਣਿਆਂ ਵਿੱਚ ਸ਼ਾਮਲ ਕਰਵਾਏ।

ਸ੍ਰ. ਜੀ ਦੀ ਸੁਲਹਾ ਕੁਲ ਹਸਤੀ ਦਾ ਸਾਰੇ ਮਜ਼੍ਹਬਾਂ ਅਤੇ ਫਿਰਕਿਆਂ ਦੁਆਰਾ ਸਤਿਕਾਰ ਕੀਤਾ ਜਾਂਦਾ ਸੀ। ਇਹੋ ਕਾਰਨ ਸੀ ਕਿ ਦੇਸ਼ ਦੇ ਬਟਵਾਰੇ ਬਾਅਦ ਜਿਸ ਵਕਤ ਆਪ ਰਾਵਲਪਿੰਡੀ ਨੂੰ ਛੱਡਣ ਲੱਗੇ ਤਾਂ "ਹਜ਼ਾਰਾਂ ਮੁਸਲਮਾਨ ਸੇਜਲ ਨੇਤਰਾਂ ਨਾਲ ਆਪ ਨੂੰ ਵਿਦਾ ਕਰਨ ਆਏ। ਗਲਵੱਕੜੀਆਂ ਪਾ ਪਾ ਮਿਲੇ, ਖ਼ਾਸ ਕਰਕੇ ਗੋਲੜੇ ਸ਼ਰੀਫ ਦੇ ਪ੍ਰਸਿੱਧ ਪੀਰ ਨੇ ਦਰਦ ਭਰੇ ਵਿਦਾਇਗੀ ਲਹਿਜ਼ੇ ਨਾਲ ਕਿਹਾ ਅੱਜ ਹਿੰਦੂ- ਮੁਸਲਮਾਨ ਏਕਤਾ ਦਾ ਸੱਚਾ ਅਲੰਮ ਬਰਦਾਰ ਵੀ ਅਸਾਂਥੋਂ ਵਿੱਛੜ ਚੱਲਿਆ ਹੈ।"[11]

ਰਾਵਲਪਿੰਡੀ ਤੋਂ ਆ ਕੇ ਆਪ ਨੇ ਦਿੱਲੀ ਮਹਿਲਦਾਰ ਖਾਨ ਬਾਗ, ਜੋ ਕਿ ਆਪ ਦੇ ਪਿਤਾ ਸ੍ਰ. ਬੂਟਾ ਸਿੰਘ ਨੇ ਖਰੀਦਿਆ ਸੀ, ਉਸ ਵਿੱਚ ਨਿਵਾਸ ਕਰ ਲਿਆ। ਇਸ ਦਾ ਨਾਮ ਸ੍ਰੀ ਪਰਤਾਪ ਬਾਗ ਰੱਖ ਦਿੱਤਾ, ਲੋਕ 'ਰਾਣਾ ਪਰਤਾਪ ਬਾਗ ਕਹਿਣ ਲੱਗੇ ਤਾਂ ਇਹੋ ਨਾਮ ਰਖਵਾ ਦਿੱਤਾ। 1946 ਵਿੱਚ ਸ੍ਰ. ਜੀ ਨੇ ਰਾਵਲਪਿੰਡੀ ਇਕ ਨਵੀਂ ਕੋਠੀ ਬਣਵਾਈ। ਦਸੰਬਰ ਮਹੀਨੇ

ਉਸ ਵਿੱਚ ਰਿਹਾਇਸ਼ ਕੀਤੀ। ਜਦੋਂ ਮਾਰਚ 1947 ਵਿੱਚ ਸ਼ੇਖ਼ੂਪੁਰੇ ਬੇਦਾਦ ਹੱਲੇ ਤੇ ਆਏ ਤਾਂ ਰਾਵਲਪਿੰਡੀ ਫਸਾਦ ਸ਼ੁਰੂ ਹੋ ਗਏ। ਸੋ ਸਰਦਾਰ ਦੰਪਤੀ, ਲਾਹੌਰ ਤੋਂ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ, ਦਿੱਲੀ ਆ ਗਏ। ਇੱਥੋਂ ਮਾਹੌਲ ਸ਼ਾਂਤ ਹੋਣ ਤੇ ਹਵਾਈ ਜਹਾਜ਼ ਰਾਹੀਂ ਰਾਵਲਪਿੰਡੀ ਆ ਗਏ। ਅਪਰੈਲ ਦੇ ਮਹੀਨੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਡਰਾਈਵਰ ਨਾਹਰ ਸਿੰਘ ਨੂੰ ਭੇਜਿਆ ਕਿ ਬੀਬੀ ਨੂੰ ਕਹਿਣਾ, ਨਵੀਂ ਕੋਠੀ ਵਿੱਚ ਨਾ ਫਸੀ ਰਹੇ। ਉਹ ਲੈ ਕੇ ਲਾਹੌਰ ਆ ਗਿਆ। ਇੱਥੋਂ ਜੋਗਿੰਦਰ ਨਗਰ ਕਿਰਾਏ ਦੀ ਕੋਠੀ ਵਿੱਚ ਰਹੇ ਤੇ ਫਿਰ ਦਸੰਬਰ 1947 ਵਿੱਚ ਦਿੱਲੀ ਆਪਣੇ ਬਾਗ ਵਿੱਚ ਪੁੱਜ ਗਏ।[12]

ਆਪ ਨੂੰ ਬਹੁਤ ਸਾਰੀਆਂ ਸੰਸਥਾਵਾਂ ਨਾਲ ਜੁੜ ਕੇ ਕਾਰਜ ਕਰਨ ਦਾ ਸਮਾਂ ਮਿਲਿਆ। 1934 ਤੋਂ 40 ਤੱਕ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। 1944 ਵਿੱਚ ਮਿਊਂਸਪਲ ਕਮੇਟੀ ਰਾਵਲਪਿੰਡੀ ਦੇ ਮੀਤ ਪ੍ਰਧਾਨ ਬਣੇ। 1942 ਵਿੱਚ ਸਰਬ ਧਰਮ ਸੰਮੇਲਨ ਲਾਹੌਰ ਦੇ ਚੇਅਰਮੈਨ, 1950 ਵਿੱਚ ਆਲ ਇੰਡੀਆ ਹਿੰਦੂ-ਸਿੱਖ ਮਿਲਾਪ ਕਾਨਫਰੰਸ ਹਰਦਵਾਰ ਦੇ ਪ੍ਰਧਾਨ, 1951 ਵਿੱਚ ਸਿੱਖ ਹਿਸਟਰੀ ਸੁਸਾਇਟੀ ਦਿੱਲੀ ਦੇ ਚੇਅਰਮੈਨ, ਟੈਕਸਟਾਈਲ ਐਡਵਾਇਜ਼ਰੀ ਬੋਰਡ', ਦਿੱਲੀ ਦੇ ਮੈਂਬਰ ਰਹੇ। ਆਪਣੇ ਬਾਗ ਦੇ ਵਿਸ਼ਾਲ ਅਹਾਤੇ ਵਿੱਚ ਆਪ ਨੇ ਪਾਕਿਸਤਾਨ ਤੋਂ ਉੱਜੜ ਕੇ ਆਏ, ਬਹੁਤ ਸਾਰੇ ਪਰਿਵਾਰਾਂ ਨੂੰ ਪਨਾਹ ਦਿੱਤੀ। ਵਿਸਥਾਪਤਾਂ ਦਾ ਸਹਾਰਾ ਬਣੇ। ਇਸੇ ਕਾਰਨ ਆਪ ਨੂੰ 'ਆਲ ਇੰਡੀਆ ਰਿਫਿਊਜੀ ਐਸੋਸੀਏਸ਼ਨ ਕਨਵੈਨਸ਼ਨ' ਦਾ ਪ੍ਰਧਾਨ ਥਾਪਿਆ ਗਿਆ। ਪਹਿਲੀਆਂ ਲੋਕ ਸਭਾ ਚੋਣਾਂ ਵਿੱਚ ਆਪ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਸ਼ੀਰਵਾਦ ਨਾਲ, ਕਾਂਗਰਸ ਟਿਕਟ ਅਤੇ ਲੋਕ ਸਭਾ ਲਈ ਸਫਲਤਾ ਮਿਲੀ। ਪਾਰਲੀਮੈਂਟ ਵਿੱਚ ਆਪ ਦੀਆਂ ਜਨਤਕ ਭਲਾਈ ਦੇ ਮੁੱਦਿਆਂ ਤੇ ਕੀਤੀਆਂ ਤਕਰੀਰਾਂ ਤੋਂ ਉਸ ਸਮੇਂ ਵਿਰੋਧੀ ਦਲ ਦੇ ਨੇਤਾ, ਕਾ. ਏ.ਕੇ. ਗੋਪਾਲਨ ਵੀ ਬਹੁਤ ਪ੍ਰਭਾਵਿਤ ਸਨ। ਭਾਰਤ ਸਰਕਾਰ ਨੇ ਆਪ ਨੂੰ ਪੱਛੜੀਆਂ ਜਾਤਾਂ ਦੇ ਕਮਿਸ਼ਨ ਦਾ ਮੈਂਬਰ ਵੀ ਚੁਣਿਆ। ਉਹ 1934 ਵਾਲੀ ਸਰਬ ਸੰਪ੍ਰਦਾਇ ਕਾਨਫਰੰਸ ਦੇ ਪਰਚਾਰ ਸਕੱਤਰ ਵੀ ਸਨ।

ਬਹੁਤ ਜ਼ਿਆਦਾ ਭੱਜ ਨੱਸ ਨਾਲ ਸਿਹਤ ਵਿਗੜ ਗਈ। ਬੀਮਾਰੀ ਦੇ ਬਿਸਤਰੇ ਤੇ ਪਏ ਵੀ ਆਉਣ ਵਾਲਿਆਂ ਦੀਆਂ ਸਮੱਸਿਆਵਾਂ ਸੁਣ ਕੇ, ਸਬੰਧਿਤ ਅਧਿਕਾਰੀਆਂ ਨੂੰ ਆਪਣੇ ਵੱਲੋਂ ਆਖਦੇ। ਤਕਲੀਫ ਵਧੀ ਤਾਂ ਸੁਰਤ ਨਾਮ ਬਾਣੀ ਨਾਲ ਜੋੜ ਲਈ। 7 ਜਨਵਰੀ 1954 ਨੂੰ ਸਾਰਾ ਦਿਨ ਗੁਰਬਾਣੀ ਸੁਣਦਿਆਂ, ਸ਼ਾਮ 7 ਵਜੇ ਅਕਾਲ ਚਲਾਣਾ ਕਰ ਗਏ। ਉਸੇ

ਦਿਨ ਸ਼ਾਮ ਨੂੰ ਸਤਿਗੁਰੂ ਜੀ ਵੀ ਆ ਗਏ। ਪ੍ਰਧਾਨ ਮੰਤਰੀ ਪੰਡਿਤ ਨਹਿਰੂ, ਡਾ. ਰਜਿੰਦਰ ਪ੍ਰਸਾਦ ਰਾਸ਼ਟਰਪਤੀ, ਹੋਰ ਮੰਤਰੀ, ਐਮ. ਪੀ., ਦੂਜੇ ਦੇਸਾਂ ਦੇ ਸਫੀਰ, ਦਰਸ਼ਨਾਂ ਨੂੰ ਆਏ। ਭੋਗ ਦੇ ਦਿਨ ਹਜ਼ਾਰਾਂ ਸੋਗਵਾਰ ਸੱਜਣਾਂ ਦੀ ਹਾਜ਼ਰੀ ਵਿੱਚ, ਸਤਿਗੁਰੂ ਜੀ ਨੇ ਗੋਦ ਲਏ ਲੜਕੇ ਰਾਮ ਰਤਨ ਸਿੰਘ ਨੂੰ ਦਸਤਾਰ ਸਜਾਈ।[13] ਸ੍ਰ. ਸਵਰਨ ਸਿੰਘ ਕੇਂਦਰੀ ਮੰਤਰੀ ਸਮੇਤ ਅਨੇਕਾਂ ਨੇ ਸ਼ਰਧਾ ਪੁਸ਼ਪ ਭੇਂਟ ਕੀਤੇ। ਸਰਦਾਰ ਜੀ ਦੇ ਚਲਾਣੇ ਤੋਂ ਇੱਕੀ ਵਰ੍ਹੇ ਬਾਅਦ, ਬੀਬੀ ਲੀਲਾਵੰਤੀ, 6 ਜਨਵਰੀ 1975 ਨੂੰ ਹੁਕਮ ਸੱਤ ਹੋ ਗਈ। ਇਸ ਸਰਦਾਰ ਨੇ ਰਾਵਲਪਿੰਡੀ ਵਿਖੇ ਰਾਮਗੜ੍ਹ ਅਤੇ ਪਰਤਾਪਗੜ੍ਹ ਨਾਮਧਾਰੀ ਸਿੱਖਾਂ ਲਈ ਸ਼ਹਿਰ ਵਿੱਚ ਦੋ ਧਰਮਸ਼ਾਲਾ ਵੀ ਬਣਵਾਈਆਂ ਸਨ। ਪੰਜਾਬ ਦੇ ਹੋਰ ਹਿੱਸਿਆਂ ਵਿੱਚੋਂ ਰਾਵਲਪਿੰਡੀ ਆ ਕੇ ਕੰਮ ਕਾਰ ਕਰਨ ਵਾਲੇ ਬਹੁਤ ਸਾਰੇ ਦਸਤਕਾਰ ਨਾਮਧਾਰੀ, ਪਹਿਲੋਂ ਪਹਿਲ ਇੱਥੋਂ ਆ ਟਿਕਦੇ। ਫਿਰ ਉਹ ਸੁਬਹਾ ਸ਼ਾਮ ਕੀਰਤਨ-ਸਿਮਰਨ ਲਈ ਵੀ ਇੱਥੇ ਜੁੜਦੇ।

ਸ੍ਰ. ਜੀ ਚਿੱਤ ਬਿਰਤੀ ਦੇ ਇਤਨੇ ਕੋਮਲ ਸਨ ਕਿ ਸ਼ਿਕਾਰੀਆਂ ਦੁਆਰਾ ਪਕੜੇ ਗਏ ਪਸ਼ੂ-ਪੰਛੀ, ਮੱਛੀਆਂ ਆਦਿ ਪੂਰੀ ਕੀਮਤ ਦੇ ਕੇ, ਛੁਡਾ ਲੈਂਦੇ ਅਤੇ ਉਹਨਾਂ ਨੂੰ ਮੁਕਤ ਕਰ ਦਿੰਦੇ। ਕਿਸੇ ਬਿਰਧ ਨੂੰ ਪੈਦਲ ਜਾਂਦਾ ਵੇਖਦੇ, ਗੱਡੀ ਵਿੱਚ ਸਮੇਤ ਸਾਮਾਨ ਬਿਠਾ ਦਿੰਦੇ ਤੇ ਉਸਦੀ ਮੰਜ਼ਿਲ ਤੇ ਪੁਚਾਉਂਦੇ। ਉਹਨਾਂ ਦੀ ਭਾਸ਼ਣ ਕਲਾ ਬਾਰੇ ਸਤਿਗੁਰੂ ਪਰਤਾਪ ਸਿੰਘ ਜੀ ਕਿਹਾ ਕਰਦੇ ਸਨ, ਇਹ ਬਚਨ ਹੀ ਗੌਣ ਸੁਣਨ ਤੋਂ ਵੱਧ ਅਨੰਦ ਦਿੰਦੇ ਹਨ। ਜੇ ਕੋਈ ਨੌਕਰ ਬਰਤਨ ਜਾਂ ਹੋਰ ਸਾਮਾਨ ਘਰੋਂ ਚੁਰਾ ਕੇ ਲੈ ਜਾ ਰਿਹਾ ਵੇਖਦੇ ਤਾਂ ਮੂੰਹ ਦੂਜੇ ਪਾਸੇ ਕਰ ਲੈਂਦੇ ਕਿ ਇਹ ਡਰ ਕੇ ਸ਼ੈਅ ਸੁੱਟ ਨਾ ਜਾਵੇ। ਦੋਹਾਂ ਜੀਆਂ ਦੀ ਜੋੜੀ ਨੇ ਨਾਮਧਾਰੀ ਸੰਗਤ ਵਿੱਚ ਕੀਰਤਨ ਕਰਦਿਆਂ ਸਰਬੋਤਮ ਖੁਸ਼ੀਆਂ ਲਈਆਂ। ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਦੇ ਮੱਦਾਹ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨ ਭੌਰੇ ਸਨ। ਉਹਨਾਂ ਦਾ ਗੋਦ ਲਿਆ ਬੇਟਾ ਰਾਮ ਰਤਨ ਸਿੰਘ 2021 ਵਿੱਚ ਚਲਾਣਾਂ ਕਰ ਗਿਆ ਹੈ। ਉਹ ਬੀਬੀ ਲੀਲਾਵੰਤੀ ਦਾ ਭਤੀਜਾ ਸੀ।

## -ਹਵਾਲੇ ਤੇ ਟਿੱਪਣੀਆਂ-


1. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਤੀਜਾ, ਸਫਾ 36-37
2. ਉਪਰੋਕਤ, ਸਫਾ 38
3. ਜੱਸ ਜੀਵਨ, ਭਾਗ ਦੂਜਾ, ਸਫਾ 337-38

4. ਪ੍ਰੋ. ਬਚਨ ਸਿੰਘ ਬਚਨ, ਗੁੱਜਰਖਾਨੀ ਦਾ ਲੇਖ, ਸੰਖੇਪ ਜੀਵਨ, ਸ੍ਰ. ਆਤਮਾ ਸਿੰਘ ਜੀ ਨਾਮਧਾਰੀ, ਸਤਿਜੁਗ, ਸ੍ਰੀ ਜੀਵਨ ਨਗਰ (ਹਿਸਾਰ) ਦਾ ਸਾਲਾਨਾ ਬਸੰਤ ਅੰਕ, ਮਾਘ ਫੱਗਣ 2010 ਬਿ., ਸਫਾ 189

5. ਉਪਰੋਕਤ, ਸਫਾ 188

6. ਮਾ. ਨਿਹਾਲ ਸਿੰਘ, ਪੁਸਤਿਕਾ 'ਮਾਤਾਵਾਂ' ਵਿੱਚ ਉਹਨਾਂ ਦਾ ਲੇਖ ਲੀਲਾਵੰਤੀ ਸਰਦਾਰਨੀ, ਉਸ ਲੇਖ ਵਿੱਚ ਬੀਬੀ ਲੀਲਾਵੰਤੀ ਦਾ ਸ੍ਵੈ ਕਥਨ, ਸਵਾ 60-62

7. ਉਪਰੋਕਤ, ਸਫਾ 67

8. ਪ੍ਰੋ. ਬਚਨ ਸਿੰਘ ਬਚਨ, ਸਫਾ 190-91

9. ਮਾਸਟਰ ਨਿਹਾਲ ਸਿੰਘ ਜੀ ਸਿਰਸਾ ਦਾ ਲੇਖ 'ਕੌਮ ਦੀ ਸ਼ਾਨ', ਸਤਿਜੁਗ ਦਾ 2010 ਬਿ. ਦਾ ਬਸੰਤ ਅੰਕ, ਸਫਾ 181-82

10. ਉਪਰੋਕਤ, ਸਫਾ 182

11. ਪ੍ਰੋ. ਬਚਨ ਸਿੰਘ ਬਚਨ ਦਾ ਲੇਖ, ਸਫਾ 192

12. ਮਾ. ਨਿਹਾਲ ਸਿੰਘ ਦਾ ਲੇਖ 'ਲੀਲਾਵੰਤੀ ਸਰਦਾਰਨੀ', ਮਾਤਾਵਾਂ, ਸਫਾ 75

13. ਪ੍ਰੋ. ਬਚਨ ਸਿੰਘ ਦਾ ਲੇਖ, ਸਫਾ 192-93

❊